# ਪਿਆਰ ਦੀ ਪਿਆਸ

ਮੁੰਜਲ ਲੜੀ ੨.

Sri Satguru Jagjit Singh Ji eLibrary NamdhariElibrary@gmail.com

# ਪੰਜਾਬ ਦਾ ਇਤਿਹਾਸ

ਕਰਤਾ—

ਮੁਹੰਮਦ ਲਤੀਫ

ਅਨੁਵਾਦਕ—

ਗੁਰਮੁਖ ਸਿੰਘ "ਗੁਰਮੁਖ"

( ਭਾਗ ਪਹਿਲਾ )

ਲਾਹੌਰ ਬੁਕ ਸ਼ਾਪ

ਘੰਟਾ ਘਰ, ਲੁਧਿਆਣਾ।

ਮੂਲ ੧੦—੦—੦

Sri Satguru Jagjit Singh Ji eLibrary NamdhariElibrary@gmail.com

# ਮੁਖ-ਬੰਧ

ਤੁਹਾਨੂੰ ਇਤਿਹਾਸ ਦੇ ਪੰਨਿਆਂ ਵਿਚ ਕੋਈ ਵੀ ਅਜੇਹੀ ਸ਼ਾਨਦਾਰ, ਰੋਮਾਂਚਿਕ ਤੇ ਦਿਲ ਹਿਲਾਊ ਘਟਨਾਵਾਂ ਦੀ ਲੜੀ ਵਾਰ ਵਿਥਿਆ ਨਹੀਂ ਲਭੇਗੀ, ਜਿਹੋ ਜਿਹੀ ਕਿ ਭਾਰਤ ਵਿਚ ਬਰਤਾਨਵੀ ਜਿੱਤਾਂ ਤੇ ਬਰਤਾਨਵੀ ਕੌਮ ਦੀ ਪਛਮ ਵਿਚ ਤਰੱਕੀ ਕਰਨ ਦੀ ਹੈ। ਇਸ ਵਿਚ ਉਹਨਾਂ ਦੀ ਸ਼ਾਨਦਾਰ ਬਹਾਦਰੀ, ਸ਼ਾਂਤ ਮਈ ਢੰਗ ਤੇ ਨਾ ਥਕਨ ਵਾਲਾ ਝੁਕਾ ਅਰਥਾਤ ਉਹਨਾਂ ਦੀ ਕਿਹੜੀ ਅਜੇਹੀ ਚੀਜ਼ ਹੈ, ਜਿਹੜੀ ਕਿ ਸ਼ਾਡੇ ਸਾਹਮਣੇ ਸਪਸ਼ਟ ਨਹੀਂ ਹੁੰਦੀ। ਉਹ ਕਿਹੜਾ ਅਜੇਹਾ ਕਿਲ੍ਹਾ ਹੈ, ਜਿਹੜਾ ਕਿ ਪਹਿਲਾਂ ਅਜਿੱਤ ਦਿਸਦਾ ਸੀ, ਤੇ ਜਿਸ ਤੇ ਹੁਣ ਇੰਗਲੈਂਡ ਦਾ ਜੇਤੂ ਝੰਡਾ ਨਾ ਲਹਿਰਾਇਆ ਹੋਵੇ। ਉਹ ਕਿਹੜੇ ਰਾਹ-ਰੋਕੂ ਪਹਾੜੀ ਰਸਤੇ ਹਨ, ਉਹ ਕਿਹੜੇ ਵਿੰਗ ਤੜਿੰਗੇ ਰਾਹ ਹਨ ਤੇ ਉਹ ਕਿਹੜੀਆਂ ਦਲਦਲਾਂ ਹਨ, ਜਿਨ੍ਹਾਂ ਨੇ ਇਸ ਦੇ ਗੂੰਜਦੇ ਬਿਗਲ ਦੀ ਅਵਾਜ਼ ਨਾ ਸੁਣੀ ਹੋਵੇ ਤੇ ਚਮਕੀਲੇ ਹਥਿਆਰਾਂ ਨੂੰ ਚਮਕਦਿਆਂ ਨਾ ਤਕਿਆ ਹੋਵੇ। ਉਹ ਕਿਹੜੇ ਸ਼ਾਹੀ ਮਹਲ, ਲਿਸ਼ਕਦੇ ਥੜ੍ਹੇ ਤੇ ਰਤਨਾਂ ਜੜੇ ਗੁੰਬਦ ਹਨ, ਜਿਨ੍ਹਾਂ ਨੇ ਕਿ ਇਸ ਦੇ ਲੜਾਈ-ਸੰਗੀਤ ਤੇ ਇਸ ਦੀਆਂ ਫੌਜਾਂ ਦੇ ਜੇਤੂ ਤੇ ਖੁਸ਼ੀ ਭਰੇ ਨਾਅਰਿਆਂ ਨੂੰ ਨਾ ਸੁਣਿਆ ਹੋਵੇ।

ਸੂਰਜ ਦੇ ਪੁਤਰ, ਕਨੌਜ ਤੇ ਅਜੁਧਿਆ ਜਿਹੀਆਂ ਮਹਾਨ ਤੇ ਤਾਕਤਵਰ ਹਕੂਮਤਾਂ ਦੇ ਸੰਚਾਲਕ, ਜਿਨ੍ਹਾਂ ਨੂੰ ਕਿ ਰਾਮ ਚੰਦਰ ਜੀ ਦੀਆਂ ਪੁਰਾਣਕ ਕਥਾਵਾਂ ਵਿਚ ਖਾਸ ਮਹਾਨਤਾ ਹਾਸਲ ਹੈ, ਉਹ ਵੀ ਇਸ ਦੀ ਮਹਾਨ ਹਸਤੀ ਅਗੇ ਆਪਣੇ ਆਪ ਨੂੰ ਪੇਸ਼ ਕਰਨ ਵਿਚ ਫਖਰ ਮਹਿਸੂਸ ਕਰਦੇ ਹਨ। ਇਸ ਦੀ ਮਹਾਨ ਤਾਕਤ ਅਗੇ, ਚੰਨ ਦੇ ਪੁਤਰ, ਇੰਦਰ ਪ੍ਰਸਤ ਤੇ ਪਾਟਲੀ ਪੁਤਰ ਵਰਗੀਆਂ ਵਡੀਆਂ ਹਕੂਮਤਾਂ ਨੂੰ ਸਥਾਪਤ ਕਰਨ ਵਾਲੇ, ਜਿਨ੍ਹਾਂ ਨੂੰ ਪਾਂਡਵਾਂ ਤੇ ਸ੍ਰੀ ਕ੍ਰਿਸ਼ਨ ਜੀ ਦੀ ਪੁਸਤਕ ਵਿਚ ਖਾਸ ਦਰਜਾ ਹਾਸਲ ਹੈ; ਉਹ ਵੀ ਇਸ ਅਗੇ ਆਪਣੇ ਸੀਸ ਨਿਵਾਉਂਦੇ ਹਨ। ਇਹ ਹਿੰਦੂ ਸੂਰਮਗਤੀ ਓਲ ਦੇ ਬਹਾਦਰ ਸਨ, ਜਿਹੜੇ ਕਿ ਅਜ ਦਿਨ ਤਕ ਵੀ ਰਾਜਪੂਤਾਂ ਦੇ ਨਾਂ ਨਾਲ ਯਾਦ ਕੀਤੇ ਜਾਂਦੇ ਹਨ ਜਾਂ

ਜਿਨ੍ਹਾਂ ਨੂੰ ਬਾਦਸ਼ਾਹਾਂ ਦੇ ਪੁਤਰ ਕਿਹਾ ਜਾਂਦਾ ਹੈ। ਏਸੇ ਹੀ ਤਰ੍ਹਾਂ ਇਹ ਲੜਾਕੇ ਮਰਹਟੇ, ਜਿਹੜੇ ਕਿ ਕਾਫੀ ਚਿਰਾਂ ਤੀਕ ਮੁਗਲ ਰਾਜ ਨੂੰ ਹੈਰਾਨ ਕਰਦੇ ਰਹੇ, ਤੇ ਹੈਂਕੜੀ ਅਫਗਾਨ ਜਿਨ੍ਹਾਂ ਨੇ ਇਕ ਸਦੀ ਤੋਂ ਪਹਿਲਾਂ ਕਰੜੇ ਨਾਦਰ ਨੂੰ ਲੜਾਈ ਦੇ ਮੈਦਾਨ ਵਿਚ ਵੰਗਾਰਿਆ ਸੀ, ਉਹ ਵੀ ਬੜੀ ਅਧੀਨਗੀ ਨਾਲ ਬਰਤਾਨਵੀ ਰਾਜ ਦੇ ਪੈਰਾਂ ਤੇ ਸੀਸ ਝੁਕਾਉਂਦੇ ਹਨ।

ਬਰਤਾਨਵੀ ਰਾਜ ਨੂੰ ਜੋ ਜੀ ਆਇਆਂ ਤੇ ਸਨਮਾਨ ਇਨ੍ਹਾਂ ਪੰਜਾਂ ਦਰਿਆਵਾਂ ਦੀ ਧਰਤੀ ਕੋਲੋਂ ਮਿਲਿਆ ਉਹ ਇਸ ਦੇਸ਼ ਦੇ ਕਿਸੇ ਵੀ ਹਿੱਸੇ ਵਿਚੋਂ ਨਹੀਂ ਮਿਲਿਆ ਹੋਣਾ। ਗੋਬਿੰਦ (ਸਿੰਘ) ਦੇ ਚੇਲਿਆਂ ਨੇ ਬੜੇ ਸੰਤੋਖ ਤੇ ਬਹਾਦਰੀ ਨਾਲ, ਜਿਹੜੇ ਕਿ ਲੜਾਈ ਵਿਚ ਹਾਰ ਖਾ ਚੁਕੇ ਸਨ, ਆਪਣੇ ਆਪ ਨੂੰ ਆਪਣੇ ਜੇਤੂਆਂ ਦੇ ਹਵਾਲੇ ਕਰ ਦਿਤਾ। ਰਾਜਪੂਤਾਂ ਵਾਂਗ ਸਿੱਖ ਆਪਣੇ ਆਪ ਨੂੰ ਸੂਰਜ ਜਾਂ ਚੰਦਰ ਬੰਸੀ ਖਾਨਦਾਨਾਂ ਨਾਲ ਮਿਲਣ ਵਿਚ ਕੋਈ ਖੁਸ਼ੀ ਮਹਿਸੂਸ ਨਹੀਂ ਕਰਦੇ ਤੇ ਨਾ ਹੀ ਜੋਸ਼ੀਲੇ ਮੁਸਲਮਾਨਾਂ ਵਾਂਗ ਉਹਨਾਂ ਨੂੰ ਕੋਈ ਅਭਿਮਾਨ ਹੈ ਕਿ ਉਹਨਾਂ ਦਿਆਂ ਬਜ਼ੁਰਗਾਂ ਨੇ ਕੋਈ ਮਾਰਾਂ ਮਾਰੀਆਂ ਹਨ ਜਿਨ੍ਹਾਂ ਨੇ ਕਿ ਧਰਮ ਦੇ ਆਸਰੇ ਸੰਸਾਰ ਦੀਆਂ ਵਡੀਆਂ ਵਡੀਆਂ ਤਾਕਤਾਂ ਨੂੰ ਉਥਲ ਪੁਥਲ ਦਿਤਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਆਪਣੇ ਗੁਰੂ ਦਾ ਸਿਘ (ਸ਼ੇਰ) ਸੀ, ਇਸ ਧਰਤੀ ਦਾ ਸਿੰਘ ਜਾਂ ਆਪਣੀ ਕੌਮ ਦਾ ਸ਼ੇਰ। ਸਿੱਖਾਂ ਨੇ ਆਪਣੇ ਹਥਿਆਰਾਂ ਸਮੇਤ ਹੀ ਉਸ ਤਾਕਤ ਅਗੇ ਆਪਣੇ ਆਪ ਨੂੰ ਪੇਸ਼ ਕਰ ਦਿਤਾ। ਜਿਸ ਧਰਤੀ ਤੇ ਉਹਨਾਂ ਦੀ ਹਕੂਮਤ ਸੀ, ਉਸ ਨੂੰ ਉਹਨਾਂ ਦੇ ਵਡੇ ਵਡੇਰੇ ਵਾਹੁੰਦੇ ਰਹੇ ਸਨ ਪਰ ਇਹ ਗਲ ਕੋਈ ਬਹੁਤ ਪੁਰਾਣੀ ਨਹੀਂ।

ਲੋਕਾਂ ਦੀ ਇਕ ਖਾਸ ਕੌਮ ਦੇ ਨਾਤੇ, ਉਹ ਵੀ ਇਕ ਖਾਸ ਦੇਸ਼ ਵਿਚ ਵਧੇ ਫੁਲੇ! ਇਸ ਪੰਜਾਂ ਦਰਿਆਵਾਂ ਦੀ ਧਰਤੀ ਨਾਲ ਸਦੀਆਂ ਤੋਂ ਹੀ ਖਾਸ ਘਟਨਾਵਾਂ ਦਾ ਸੰਬੰਧ ਜੁੜਿਆ ਹੋਇਆ ਹੈ। ਜਿਹੜਾ ਕਿ ਇਸ ਵੱਡੇ ਟਾਪੂ ਦੇ ਕਿਸੇ ਹੋਰ ਖੇਤਰ ਨਾਲ ਨਹੀਂ। ਕੁਦਰਤੀ ਤੌਰ ਤੇ, ਜਿਵੇਂ ਕਿ ਇਹ ਜਿਸ ਹਿੱਸੇ ਵਿਚ ਹੈ ਇਸ ਨੂੰ ਖਾਸ ਮਹੱਤਤਾ ਮਿਲਦੀ ਹੈ ਤੇ ਇਹ ਭਾਰਤ ਨੂੰ ਲੰਘਣ ਦਾ ਰਸਤਾ ਵੀ ਸੀ। ਜਿਹੜਾ ਵੀ ਹਮਲਾ ਆਵਰ ਉਤਰ (north) ਵਲੋਂ ਆਇਆ ਤੇ ਉਸ ਇਸ ਤੇ ਕਬਜ਼ਾ ਕਰ ਕੇ ਆਪਣੀ ਨਾਮਵਰੀ ਕਰਾਈ। ਪੂਰਵ ਇਤਿਹਾਸਕ ਸਮਿਆਂ ਵਿਚ, ਇਹ ਉਹੀ ਪੰਜਾਬ ਹੈ, ਜਿਹੜਾ ਕਿ ਆਰੀਆਂ ਦੇ ਹਮਲੇ ਦਾ ਸ਼ਿਕਾਰ ਹੋਇਆ, ਜਦੋਂ ਉਹ ਅੰਨ ਦੀ ਭਾਲ ਵਿਚ ਸੰਸਾਰ ਦੇ ਹੋਰ ਵਖੋ ਵਖ ਦੇਸਾਂ ਵਲ ਚਲ ਪਏ ਸਨ। ਏਥੇ ਹੀ ਫਿਰ ਪਵਿੱਤਰ ਵੇਦਾਂ ਦੀ ਰਚਨਾ ਕੀਤੀ ਗਈ। ਇਹੀ ਚੀਜ਼ ਆਰੀਆਂ ਦੇ ਏਥੇ ਵਸਣ ਦੀ ਇਕ ਖਾਸ ਸਾਹਿਤਕ ਦੇਣ ਹੈ। ਇਹ ਰਾਜਪੂਤ, ਬ੍ਰਾਹਮਣ ਤੇ ਬਾਣੀਏ; ਜਿਹੜੇ ਕਿ ਉਚ-ਜਾਤੀਏ ਬਣਦੇ ਹਨ, ਫੌਜੀ ਤੇ ਵਿਉਪਾਰਕ ਜਮਾਤਾਂ ਦੇ ਹਿੰਦੂ ਕਹਾਉਂਦੇ ਹਨ, ਇਹ ਸਾਰੇ ਹੀ ਉਹਨਾਂ ਆਰੀਆਂ ਵਿਚੋਂ ਹਨ। ਨੀਵੀਂ ਜਾਤੀ ਦੇ ਲੋਕ ਕਣਕ ਵੰਨੇ ਰੰਗ ਦੇ ਤੇ ਨੀਵੇਂ ਖਿਆਲਾਂ ਵਾਲੇ ਉਹ ਹਨ, ਜਿਹੜੇ ਕਿ ਇਨ੍ਹਾਂ ਆਪਣੇ ਅਧੀਨ ਕੀਤੇ।

ਪੰਜਾਬ ਦੇ ਜੇਤ ਆਰੀਏ, ਜਿਹੜੇ ਕਿ ਮਗਰੋਂ ਤੁਰਕਸਤਾਨ ਦੇ ਸਕਾਈਥੀਅਨ ਜਾਂ ਤਾਰਤਾਰ

Sri Satguru Jagjit Singh Ji eLibrary NamdhariElibrary@gmail.com

ਕਬੀਲੇ ਦੇ ਅਧੀਨ ਹੋ ਗਏ, ਜਿਨ੍ਹਾਂ ਦੇ ਗ੍ਰੋਹ ਏਸ਼ੀਆ ਦੇ ਵਖੋ ਵਖ ਭਾਗਾਂ ਵਿਚ ਤੁਰੇ ਫਿਰ ਰਹੇ ਸਨ। ਅਖੀਰ ਇਨ੍ਹਾਂ ਆਰੀਆਂ ਨੂੰ ਸਿੰਧ ਨਦੀ ਦੀ ਗੋਦ ਵਿਚ ਆ ਕੇ ਪਨਾਹ ਲੈਣੀ ਪਈ। ਇਨ੍ਹਾਂ ਸਕਾਈਥ ਲੋਕਾਂ ਨੇ ਮਹਾਰਾਜਾ ਅਸ਼ੋਕ ਦੇ ਬੁਧ ਧਰਮ ਨੂੰ ਮਾਤ ਪਾ ਕੇ ਨਵੀਨ ਬੁਧ ਧਰਮ ਦੀ ਸਥਾਪਨਾਂ ਕੀਤੀ। ਇਨ੍ਹਾਂ ਲੋਕਾਂ ਦੇ ਗਾਂ ਤੇ ਥੰਮਾਂ ਤੇ ਉੱਕਰੇ ਅੱਖਰ ਅਜ ਵੀ ਇਨ੍ਹਾਂ ਦੀ ਬੁਧ ਧਰਮ ਬਾਰੇ ਸ਼ਰਧਾ ਦੀ ਪਰਪੱਕਤਾ ਨੂੰ ਦਰਸਾਉਂਦੇ ਹਨ। ਇਹ ਇਕ ਇਤਿਹਾਸਕ ਸਚਾਈ ਸਿੱਧ ਹੈ ਕਿ ਸਕਾਈਥੀਅਨ ਲੋਕਾਂ ਨੇ ਪੰਜਾਬ ਤੇ ਕਾਫੀ ਪਰਭਾਵ ਪਾਇਆ। ਫਿਰ ਸਕੰਦਰ ਨੇ ਪੰਜਾਬ ਦੀ ਧਰਤੀ ਨੂੰ ਆਪਣੀਆਂ ਜਿੱਤਾ ਦਾ ਕੇਂਦਰ ਬਣਾਇਆ, ਤੇ ਏਥੋਂ ਤਕ ਹੀ ਬਸ ਨਹੀਂ, ਇਹ ਉਹੀ ਪੰਜਾਬ ਸੀ, ਜਿਥੇ ਕਿ ਇਸਲਾਮਕ ਫੌਜਾਂ, ਹੋਰਨਾਂ ਬਦੇਸ਼ੀ ਇਲਾਕਿਆਂ, ਏਸ਼ੀਆ, ਅਫਰੀਕਾ ਤੇ ਜਨੂਬੀ ਯੂਰਪ ਦੇ ਹਿਸਿਆਂ ਸਪੇਨ ਤੇ ਪੁਰਤਗਾਲ ਤਕ ਨੂੰ ਆਪਣੇ ਅਧੀਨ ਕਰਨ ਮਗਰੋਂ, ਆਪਣੇ ਪੈਰਾਂ ਹੇਠ ਲਤਾੜਦੀਆਂ ਹੋਈਆਂ ਅਗੇ ਲੰਘ ਗਈਆਂ ਸਨ। ਫਿਰ ਦੋ ਸਦੀਆਂ ਤੋਂ ਉਪਰ ਤਕ ਇਸ ਦੇਸ਼ ਦੇ ਹਿੰਦੂ ਵਸਨੀਕਾਂ ਨੂੰ ਮੁਸਲਮਾਨ ਧਾੜਵੀ ਹੈਰਾਨ ਤੇ ਤੰਗ ਕਰਦੇ ਰਹੇ। ਮਹਿਮੂਦ ਨੇ ਹਿੰਦੂਆਂ ਨੂੰ ਲੁਟਿਆ, ਉਹਨਾਂ ਦੇ ਘਰਾਂ ਨੂੰ ਤਬਾਹ ਕੀਤਾ, ਉਹਨਾਂ ਦੇ ਬੁਤਾਂ ਨੂੰ ਤੋੜਿਆ ਤੇ ਧਰਤੀ ਦੇ ਹਰ ਹਿੱਸੇ ਨੂੰ ਏਨਾ ਕਮਜ਼ੋਰ ਬਣਾ ਦਿਤਾ ਕਿ ਉਥੋਂ ਕੁਝ ਵੀ ਪ੍ਰਾਪਤ ਕਰਨ ਦੀ ਭਾਵਨਾ ਖਤਮ ਹੋ ਗਈ। ਏਥੋਂ ਤਕ ਕਿ ਏਥੋਂ ਕਈ ਹਜ਼ਾਰ ਲੋਕਾਂ ਨੂੰ ਬਿਨਾਂ ਹੀ ਕਿਸੇ ਕਾਰਨ ਦੇ ਗੁਲਾਮਾਂ ਦੇ ਰੂਪ ਵਿਚ ਹੱਕ ਕੇ ਆਪਣੇ ਨਾਲ ਲੈ ਤੁਰਿਆ। ਤਾਰਤਾਰ ਦੇ ਉਸ ਉਘੇ ਫਸਲੀ ਬਟੇਰੇ, ਚੰਗੇਜ਼ ਖਾਂ ਦੀਆਂ ਮਾਂਗਵੀਆਂ ਧਾੜਾਂ ਨੇ ਉਸ ਦੇ ਭਰਾ ਦੇ ਅਧੀਨ, ਪੰਜਾਬ ਵਿਚ ਉਹ ਉਧੜ ਧੁੰਮੀ ਮਚਾਈ, ਜਿਹੋ ਜਿਹੀ ਕਿ ਪਹਿਲਾਂ ਉਹਨਾਂ ਹੰਗਰੀ, ਰੂਸ, ਜਰਮਨੀ ਤੇ ਏਥੋਂ ਤਕ ਕਿ ਬਾਲਟਕ ਦੇ ਕੰਢਿਆਂ ਤੇ ਵੀ ਇਸ ਤੋਂ ਵੀ ਕਿਤੇ ਵਧ ਉਸ ਕੀਤਾ। ਤਮਰਲਿੰਗ (ਤਮਰਲੇਨ), ਜਿਹੜਾ ਕਿ ਸੰਸਾਰ ਵਜੇਤੂ ਸੀ ਤੇ ਜਿਹੜਾ ਆਪਣੀ ਔਲਾਦ ਲਈ ਸਤਾਈ ਤਾਜ ਛੱਡ ਮੋਇਆ ਸੀ ਤੇ ਸਮਰਕੰਦ ਨੂੰ ਏਸ਼ੀਆ ਦਾ ਸਭ ਤੋਂ ਸੋਹਣਾ ਸ਼ਹਿਰ ਬਣਾਉਣ ਲਈ, ਉਸ ਸੰਸਾਰ ਦੇ ਕਈ ਹੋਰ ਸ਼ਹਿਰਾਂ ਨੂੰ ਤਬਾਹ ਕੀਤਾ ਫਿਰ ਉਸ ਨੇ ਹੀ ਪੰਜਾਬ ਨੂੰ ਹੀ ਆਪਣੇ ਫੌਜੀ ਦਿਖਾਵੇ ਦਾ ਕੇਂਦਰ ਚੁਣਿਆ। ਇਸ ਤੋਂ ਇਲਾਵਾ ਬਾਬਰ, ਨਾਦਰ ਤੇ ਅਬਦਾਲੀ, ਆਪੋ ਆਪਣੀ ਵਾਰੀ ਸਿਰ, ਹਮੇਸ਼ਾ ਹੀ ਪੰਜਾਬ ਦੇ ਦਰਿਆਵਾਂ ਦੇ ਵਿਚਕਾਰੇ ਨੂੰ ਆਪਣੀਆਂ ਲੜਾਈਆਂ ਦਾ ਕੇਂਦਰ ਬਣਾਉਂਦੇ ਰਹੇ। ਸੰਖੇਪ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਸਕੰਦਰ ਦੇ ਹਲੇ ਤੋਂ ਲੈ ਕੇ ਸ਼ਾਹ ਜ਼ਮਾਨ ਦੇ ਧਾੜੇ ਤਕ, ਇਹ ਪੰਜਾਬ ਸਦੀਆਂ ਤੋਂ ਹਰ ਲੁਟੇਰੇ ਨੂੰ ਅਗੇ ਵਧਣ ਲਈ ਰਸਤਾ ਦਿੰਦਾ ਰਿਹਾ ਚਾਹੇ ਉਹ ਉਤਰ ਵਲੋਂ ਆਇਆ ਚਾਹੇ ਪਛਮ ਵਲੋਂ।

ਪੰਜਾਬ ਸਿੱਖਾਂ ਦਾ ਘਰ ਹੈ। ਇਹ ਉਹ ਸਿਖ ਹਨ ਜਿਨ੍ਹਾਂ ਦੇ ਧਰਮ ਦੀ ਨੀਂਹ (ਗੁਰੂ) ਨਾਨਕ ਨੇ ਰਖੀ। ਜਿਸ ਨੇ ਕਿ ਧਾਰਮਕ ਭਾਵਨਾਵਾਂ ਨੂੰ ਵਿਸਥਾਰ ਦੇਣ ਤੇ ਵੰਡਣ ਦੀ ਥਾਂ ਤੇ "ਰਬ ਇਕ ਹੈ" ਤੇ ਭਗਤੀ ਭਾਵਨਾਵਾਂ ਵੀ ਇਕ ਹਨ, ਦਾ ਪਰਚਾਰ ਕੀਤਾ ਤੇ ਮੁਲਾਣਿਆਂ ਤੇ ਪੰਡਤਾਂ ਨੂੰ ਦਸਿਆ ਕਿ

Sri Satguru Jagjit Singh Ji eLibrary NamdhariElibrary@gmail.com

"ਰਬ ਇਕ ਹੈ।" ਏਥੇ ਹੀ ਫਿਰ (ਗੁਰੂ) ਅਰਜਨ (ਦੇਵ ਜੀ) ਨੂੰ ਸ਼ਹੀਦ ਕੀਤਾ ਗਿਆ ਤੇ ਏਥੇ ਹੀ (ਗੁਰੂ) ਗੋਬਿੰਦ (ਸਿੰਘ ਜੀ) ਨੇ (ਗੁਰੂ) ਨਾਨਕ (ਦੇਵ) ਦੇ ਰਸਤੇ ਤੇ ਚਲਦਿਆਂ ਅੰਤਲੇ ਸਮੇਂ ਆਪਣੇ ਮਿਸ਼ਨ ਨੂੰ ਪੂਰੇ ਹੁੰਦਿਆਂ ਦਸਿਆ ਤੇ ਗੁਰ-ਗੱਦੀ ਖਾਲਸੇ ਨੂੰ ਸੌਂਪ ਦਿਤੀ* । ਏਥੇ ਹੀ ਫਿਰ ਸਿਖ ਮਿਸਲਾਂ ਆਪੋ ਆਪਣੇ ਬਹਾਦਰ ਆਗੂਆਂ ਦੇ ਅਧੀਨ ਉਪਜੀਆਂ । ਇਸ ਦਾ ਨਤੀਜਾ ਇਸ ਰੂਪ ਵਿਚ ਪਰਗਟ ਹੋਇਆ ਕਿ ਖਾਲਸੇ ਦਾ ਰਾਜ ਤੇ ਫੌਜਾਂ ਹੀ ਪੰਜਾਬ ਦੀ ਸਮੁਚੀ ਤਾਕਤ ਸਨ । ਰਣਜੀਤ ਸਿੰਘ ਜਿਹੜਾ ਕਿ ਸ਼ੁਕਰਚਕੀਆ ਮਿਸਲ ਦਾ ਸੀ ਨਮੂਦਾਰ ਹੋਇਆ ਤੇ ਫਿਰ ਉਸ ਪੰਜਾਬ ਵਿਚ ਸਿਖ ਰਾਜ ਦੀ ਨੀਂਹ ਰਖੀ । ਪਰ ਉਹਦੀ ਔਲਾਦ ਇਹਨਾਂ ਰਾਜਸੀ ਤੇ ਸਿਆਸੀ ਚਾਲਾਂ ਤੋਂ ਅਣਜਾਣ ਤੇ ਉਸ (ਰਣਜੀਤ ਸਿੰਘ) ਦੀ ਸਿਆਣਪ ਤੋਂ ਨਾਵਾਕਫ ਸੀ । ਇਸ ਅਣਗਹਿਲੀ ਕਾਰਨ ਉਹਨਾਂ ਸਿਖ ਰਾਜ ਨੂੰ ਪਲਾਂ ਵਿਚ ਖਤਮ ਕਰ ਦਿਤਾ, ਜਿਸ ਨੂੰ ਖੜਿਆਂ ਕਰਨ ਵਿਚ ਰਣਜੀਤ ਸਿੰਘ ਨੇ ਆਪਣਾ ਪੂਰਾ ਜ਼ੋਰ ਲਾ ਦਿਤਾ ਸੀ ।

ਸਿੱਖਾਂ ਨੇ ਜਿਹੜੀ ਹਿੰਦੁਸਤਾਨ ਦੀ ਵੱਡੀ ਤਾਕਤ ਲਈ ਵਿਰੋਧੀ ਨੀਤੀ ਧਾਰਨ ਕਰ ਰਖੀ ਸੀ, ਉਸ ਨੇ ਵੱਡੀ ਤਾਕਤ ਨੂੰ ਮਜਬੂਰ ਕਰ ਦਿਤਾ ਕਿ ਸਿੱਖਾਂ ਦੇ ਖਿਲਾਫ ਹਥਿਆਰ ਚੁਕੇ । ਇਲਾਕਾ ਫਤਹ ਕੀਤਾ ਗਿਆ, ਪਰ, ਉਹਨਾਂ ਨਰਮਾਈ ਦੀ ਨੀਤੀ ਧਾਰਨ ਕਰਦਿਆਂ, ਉਸ ਫਤਹ ਕੀਤੇ ਇਲਾਕੇ ਦੇ ਸਹੀ ਵਾਰਸ ਨੂੰ ਮੁੜ ਉਹੀ ਤਖਤ ਸੌਂਪ ਦਿਤਾ ਗਿਆ,ਜਿਥੇ ਕਿ ਉਹਨਾਂ ਦਾ ਕਬਜ਼ਾ ਹੋ ਚੁੱਕਾ ਸੀ । ਸਿਖ ਮੰਤਰੀਆਂ ਤੇ ਦਰਬਾਰੀਆਂ ਨੇ ਉਸ ਕੀਤੇ ਸੰਧੀ-ਨਾਮੇ ਨੂੰ ਤੋੜਿਆ ਤੇ ਖਾਲਸਈ ਫੌਜ ਬਾਗੀ ਹੋ ਕੇ ਆਪਣੀ ਹੀ ਕੌਮ ਦੇ ਸਖੀ ਦਾਤਿਆਂ ਨੂੰ ਖਤਮ ਕਰਨ ਲਈ ਤਿਆਰ ਹੋ ਪਈ ਤੇ ਸਿਰਫ਼ ਉਹਨਾਂ ਦੀ ਨਰਮਾਈ ਹੀ ਉਹਨਾਂ ਦੀ ਵਡੀ ਤਬਾਹੀ ਹੋਣ ਤੋਂ ਬਚਾ ਸਕੀ । ਸੰਧੀਨਾਮੇ ਨੂੰ ਤੋੜਨ ਵਾਲਿਆਂ ਨੂੰ ਸਜ਼ਾ ਦਿਤੀ ਗਈ ਤੇ ਪਰਾਂਤ ਬਰਤਾਨਵੀ ਰਾਜ ਦੇ ਨਾਲ ਮਿਲਾ ਲਿਆ । ਇਹ ਉਸ ਵੇਲੇ ਦੀ ਘਟਨਾ ਹੈ, ਜਦੋਂ ਕਿ ਲਾਰਡ ਡਲਹੌਜ਼ੀ ਬਰਤਾਨਵੀ ਰਾਜ ਦਾ ਗਵਰਨਰ ਜਨਰਲ ਸੀ । ਜਿਤੀ ਹੋਈ ਕੌਮ, ਜਿਸ ਦੀਆਂ ਆਪਣੀਆਂ ਕਰਨੀਆਂ ਸਦਕਾ ਹੀ ਆਪਣੇ ਰਾਜ ਨੂੰ ਖਤਮ ਕਰਨ ਦਾ ਕਾਰਨ ਬਣੀਆਂ, ਜੇਤੂ ਕੌਮ ਨੇ ਇਨ੍ਹਾਂ ਨਾਲ ਬੜੇ ਖੁਲ੍ਹੇ ਦਿਲ ਨਾਲ ਪੇਸ਼ ਆਈ । ਬਰਤਾਨਵੀ ਨੀਤੀਵਾਨਾਂ ਨੇ ਸਿੱਖਾਂ ਦੀ ਡਿਗਦੀ ਕਿਸਮਤ ਨੂੰ ਮਾਨ ਦਿਤਾ ਤੇ ਸਾਂਝੀ ਹੌਸਲਾ ਨੀਤੀ ਨਾਲ, ਅੰਗਰੇਜ਼ ਨੇ ਉਹ ਸ਼ਾਂਤੀ ਢੰਗ ਤੇ ਫਤਹ ਪਾਈ ਜਿਹੜਾ ਕਿ ਸਦਾ ਲਈ ਬਰਤਾਨਵੀ ਨਾਂ ਨੂੰ ਚਮਕਾਉਂਦੀ ਰਹੇਗੀ । ਉਹਨਾਂ ਲਾਰੰਸੀਆਂ ਦੇ ਮਸ਼ਹੂਰ ਨਾਂ, ਜਿਨ੍ਹਾਂ ਨੂੰ ਕਿ ਚੁਣਨ ਵਿਚ ਲਾਰਡ ਡਲਹੌਜ਼ੀ ਦੀ ਉਪਕਾਰੂ ਨੀਤੀ ਕੰਮ ਕਰਦੀ ਸੀ ਇਤਿਹਾਸ ਦੇ ਮੁਖ ਪੰਨਿਆ ਤੇ ਸੁਨਿਹਰੀ ਅਖਰਾਂ ਵਿਚ ਬਰਤਾਨੀਆਂ ਦੇ ਉਹਨਾਂ ਬਹਾਦਰਾਂ ਤੇ ਨੀਤੀਵਾਨਾਂ ਦੇ ਨਾਲ, ਜਿਨ੍ਹਾਂ ਨੇ ਕਿ ਬਰਤਾਨਵੀ ਰਾਜ ਨੂੰ ਤਰੱਕੀ ਦਿਵਾਉਣ ਵਿਚ ਵੱਧ ਚੜ੍ਹ ਕੇ

---

*ਖ਼ਾਲਸਾ ਮੇਰੋ ਰੂਪ ਹੈ ਖਾਸ, ਖਾਲਸਾ ਹੀ ਮੇਂ ਮੈਂ ਕਰੂੰ ਨਿਵਾਸ ।

Sri Satguru Jagjit Singh Ji eLibrary NamdhariElibrary@gmail.com

ਹਿੱਸਾ ਲਿਆ । ਲਾਰਸਾਂ ਮਗਰੋਂ ਇਨ੍ਹਾਂ ਦੀ ਥਾਂ ਲਈ ਯੋਗ ਵਿਅਕਤੀ ਮਿਲ ਗਏ ਜਿਵੇਂ ਸਰ ਰਾਬਰਟ ਮਿੰਟਗੁਮਰੀ ਤੇ ਸਰ ਡੌਨਲਡ ਮੈਕਲਿਊਡ, ਜਿਨ੍ਹਾਂ ਦੇ ਨਾਂ ਸਾਰੇ ਦੇਸ਼ ਵਿਚ ਉਘੇ ਹੋ ਗਏ। ਇਨ੍ਹਾਂ ਨੂੰ ਤੇ ਦੂਜੇ ਬਰਤਾਨਵੀ ਨੀਤੀਵਾਨਾਂ ਨੂੰ ਪੰਜਾਬ ਖਾਸ ਤੌਰ ਤੇ ਇਨ੍ਹਾਂ ਦੇ ਦੇਸ਼ ਲਈ ਯੋਗ ਕੰਮਾਂ ਤੇ ਸ਼ਰਧਾਂਜਲੀ ਭੇਟ ਕਰਦਾ ਹੈ। ਤੇ ਇਨ੍ਹਾਂ ਦੀ ਯਾਦ ਅਖੀਰੀ ਦਮ ਪੰਜਾਬੀਆਂ ਦੇ ਦਿਲਾਂ ਵਿਚ ਰਹੇਗੀ। ਬਰਤਾਨੀਆ ਵਲੋਂ ਸਥਾਪਤ ਕੀਤੀ ਹਕੂਮਤ ਦੇ ਇਹ ਲੋਕ ਮੋਢੀ ਸਨ। ਇਨ੍ਹਾਂ ਦੇ ਦਸੇ ਰਸਤੇ ਤੇ ਫਿਰ ਮੁਲਕ ਨੇ ਅਗੇ ਕਦਮ ਵਧਾਏ।

ਇਹ ਅਜੇਹੇ ਮੁਲਕ ਦਾ ਇਤਿਹਾਸ ਹੈ ਜਿਸ ਨੂੰ ਬਰਤਾਨੀਆਂ ਨੇ ਹਾਸਲ ਕੀਤਾ ਤੇ ਇਸ ਤੇ ਹਕੂਮਤ ਕੀਤੀ; ਜਿਸ ਬਾਰੇ ਮੈਂ ਹੇਠਾਂ ਦਰਜ ਕਰ ਰਿਹਾ ਹਾਂ। ਪੰਜਾਬ ਦੇ ਇਤਿਹਾਸ ਦੀ ਲੋੜ ਕਾਫੀ ਚਿਰ ਤੋਂ ਮਹਿਸੂਸ ਕੀਤੀ ਜਾ ਰਹੀ ਸੀ। ਜਾਣੇ ਪਛਾਣੇ ਤੇ ਚੰਗੇ ਇਤਿਹਾਸਕਾਰ, ਜਿਵੇਂ ਮੈਕਗਰੇਗਰ, ਕਨਿੰਘਮ, ਮੈਲਕਮ ਤੇ ਪਰਿੰਸਪ ਦੀਆਂ ਰਚਨਾਵਾਂ ਸਿੱਖ ਇਤਿਹਾਸ ਨਾਲ ਸੰਬੰਧਤ (ਗੁਰੂ) ਨਾਨਕ ਕਾਲ ਤੋਂ ਸ਼ੁਰੂ ਹੁੰਦੀਆਂ ਹਨ। ਉਹ ਤਾਂ ਸਿਰਫ ਸਿਖ ਕੌਮ ਦੀ ਉਤਪਤੀ ਵਿਕਾਸ਼ ਤੇ ਫਿਰਕੇ ਉਹਨਾਂ ਦੀਆਂ ਰਹੁ ਰੀਤਾਂ ਤੇ ਆਦਤਾਂ ਬਾਰੇ ਹੀ ਦਸਦੇ ਹਨ। ਇਸ ਤੋਂ ਇਲਾਵਾ ਉਹ ਇਹ ਵੀ ਦਸਦੇ ਹਨ ਕਿ ਸਿਖ ਕੌਮ ਨੇ ਕਿਵੇਂ ਸਿਆਸੀ ਤੌਰ ਤੇ ਤਰੱਕੀ ਕੀਤੀ। ਲਾਹੌਰ ਦਾ ਹਾਕਮ ਖਾਨਦਾਨ, ਜਿਸ ਨੂੰ ਮੇਜਰ ਕਾਰਮਾਈਕਲ ਸਮਿਥ ਨੇ ਲਿਖਿਆ ਹੈ, ਵਿਚ ਜੰਮੂੰ ਦੇ ਡੋਗਰਿਆਂ ਵਲੋਂ ਖੇਡੇ ਗਏ ਉਸ ਮਹਾਨ ਨਾਟ ਦਾ ਬਿਆਨ ਕੀਤਾ ਹੈ। ਇਸ ਰਾਹੀਂ ਸਿਖ ਦਰਬਾਰ ਦੀਆਂ ਲੁਕਵੀਆਂ ਗਲਾਂ ਦਾ ਪਤਾ ਲਗਦਾ ਹੈ ਤੇ ਸਿਖ ਰਾਜ ਦ ਅੰਤਲੇ ਸਮੇਂ ਨੂੰ ਚੰਗੀ ਤਰ੍ਹਾਂ ਉਘਾੜਦਾ ਹੈ। ਜਨਰਲ ਸਟੈਨਬੇਕ ਦੀ ਰਚਨਾਂ 'ਦੀ ਪੰਜਾਬ ਐਡਵੈਨਚਰਰ ਤੇ ਮੇਜਰ ਐਚ. ਐਮ. ਐਲ. ਲਾਰੰਸ ਤੇ ਮਹਾਰਾਜਾ ਰਣਜੀਤ ਸਿੰਘ ਦਾ ਕੈਂਪ ਤੇ ਦਰਬਾਰ (The Court and Camp of Ranjit Singh) ਲਿਖਤ ਜਰਨਲ ਔਸਬੋਰਨ, ਸਾਰੀਆਂ ਹੀ ਸਿੱਖ ਸਮੇਂ ਦਾ ਹੀ ਹਾਲ ਬਿਆਨਦੀਆਂ ਹਨ। ਸਰਲੈਪਲ ਗ੍ਰਿਫਨ ਦੀ ਪਰਸਿੱਧ ਰਚਨਾ ਪੰਜਾਬ ਦੇ ਰਾਜੇ ਤੇ ਪੰਜਾਬ ਦੇ ਮੁਖੀ (The Punjab Rajas & Punjab Chiefs) ਇਕ ਨਵੇਂ ਹੀ ਖਿਆਲਾਂ ਨੂੰ ਬਿਆਨ ਕਰਦੀ ਹੈ। ਇਨ੍ਹਾਂ ਵਿਚੋਂ ਕੋਈ ਵੀ ਰਚਨਾ ਸਾਨੂੰ ਸਿੱਖਾਂ ਤੋਂ ਪਹਿਲਾਂ ਦੇ ਇਤਿਹਾਸ ਬਾਰੇ ਕੁਝ ਨਹੀਂ ਦਸਦੀ। ਇਸ ਤੋਂ, ਇਲਾਵਾ ਥੋੜਾ ਜਿਹਾ ਹਿੰਦੂਆਂ ਬਾਰੇ ਤੇ ਪੁਰਾਣੇ ਹਿੰਦੂਆਂ ਬਾਰੇ। ਬਰਤਾਨੀਆਂ ਨਾਲ ਲੜਾਈਆਂ ਦਾ ਵੀ ਪੂਰਾ ਵੇਰਵਾ ਨਹੀਂ ਦਿਤਾ ਹੋਇਆ ਤੇ ਸਿੱਖਾਂ ਦੀ ਦੂਜੀ ਲੜਾਈ ਤੇ ਪੰਜਾਬ ਦਾ ਬਰਤਾਨਵੀ ਰਾਜ ਨਾਲ ਮਿਲਾਉਣ ਬਾਰੇ ਤਾਂ ਉੱਕਾ ਹੀ ਕੁਝ ਨਹੀਂ ਲਿਖਿਆ ਹੋਇਆ; ਇਸ ਦੇ ਨਾਲ ਨਾ ਹੀ ਬਰਤਾਨੀਆ ਬਾਰੇ ਕੁਝ ਦਸਿਆ ਹੈ। ਇਸ ਸਾਰੇ ਦਾ ਮੁਖ ਕਾਰਨ ਸਿਰਫ਼ ਇਹੀ ਹੈ ਕਿ ਜੋ ਵੀ ਰਚਨਾਵਾਂ ਕੀਤੀਆਂ ਗਈਆਂ ਇਹ ਸਾਰੀਆਂ ਹੀ ਸਿਖ ਰਾਜ ਦੇ ਖਾਤਮੇ ਤੇ ਪੰਜਾਬ ਨੂੰ ਮਿਲਾ ਲੈਣ ਤਕ ਲਿਖੀਆਂ ਜਾ ਚੁਕੀਆਂ ਸਨ। ਇਸ ਤੋਂ ਇਲਾਵਾ, ਇਨ੍ਹਾਂ ਰਚਨਾਵਾਂ ਵਿਚ ਸਿਖ ਰਾਜ ਸਮੇਂ ਦੇ ਕਈ ਹਾਲਾਤ ਠੀਕ ਠੀਕ ਨਹੀਂ ਮਿਲਦੇ ਕਿਉਂਕਿ ਕਈ ਲੇਖਕਾਂ ਨੇ ਸਰਕਾਰੀ ਰਿਕਾਰਡ ਨੂੰ ਦੇਖਣ ਦੀ

ਖਚਲ ਹੀ ਨਹੀਂ ਕੀਤੀ ਜਾਪਦੀ;ਉਥੇ ਉਹਨਾਂ ਸਿਰਫ ਲੋਕਾਂ ਪਾਸੋਂ ਸੁਣੀਆਂ ਸੁਣਾਈਆਂ ਗਲਾਂ ਤੇ ਇਤਬਾਰ ਕਰ ਕੇ ਲਿਖ ਦਿਤਾ ਹੈ। ਰਾਇ ਘਨਯਾ ਲਾਲ ਦੀ ਲਿਖੀ ਪੰਜਾਬ ਬਾਰੇ ਉਰਦੂ ਵਿਚ ਹਿਸਟਰੀ ਕਿਸੇ ਹਦ ਤਕ ਸਹੀ ਖਿਆਲ ਕੀਤੀ ਜਾਂਦੀ ਹੈ। ਸੋਹਣ ਲਾਲ ਸੂਰੀ ਦੀ ਫਾਰਸੀ ਵਿਚ ਲਿਖੀ ਮਹਾਰਾਜਾ ਰਣਜੀਤ ਸਿੰਘ ਦੀ ਡਾਇਰੀ ਹਵਾਲੇ ਦੇਣ ਲਈ ਇਕ ਯੋਗ ਪੁਸਤਕ ਸਿੱਧ ਹੋਵੇਗੀ, ਕਿਉਂਕਿ ਇਨ੍ਹਾਂ ਵਿਚ ਕੋਈ ਮਣ ਘੜਤ ਤੇ ਵਾਧੂ ਗਲਾਂ ਨੂੰ ਨਹੀਂ ਬਿਆਨਿਆ।

ਏਸੇ ਗਲ ਨੂੰ ਧਿਆਨ ਵਿਚ ਰਖਦਿਆਂ ਤੇ ਠੀਕ ਠੀਕ ਹਾਲਤ ਦਸਣ ਲਈ, ਇਸ ਹਥਲੀ ਕਿਤਾਬ ਦੇ ਲਿਖਣ ਦੀ ਲੋੜ ਭਾਸੀ। ਜਿਨ੍ਹਾਂ ਔਕੜਾਂ ਦਾ ਮੈਨੂੰ ਸਾਹਮਣਾ ਪਿਆ, ਉਹ ਬਹੁਤ ਜ਼ਿਆਦਾ ਸਨ। ਇਸ ਨਾਲ ਸਿਰਫ ਇਹੀ ਨਹੀਂ ਰਹਿ ਗਿਆ ਕਿ ਇਹ ਇਕ ਵਡਾ ਕੰਮ ਹੈ ਸਗੋਂ ਇਹ ਇਕ ਸੁਆਦਲਾ ਤੇ ਜ਼ੁਮੇਵਾਰੀ ਦਾ ਕੰਮ ਬਣ ਗਿਆ ਹੈ। ਆਪਣੀਆਂ ਘਾਟਾਂ ਤੋਂ ਭਲੀ ਭਾਂਤ ਜਾਣੂੰ ਹੁੰਦਿਆਂ ਵੀ ਮੈਂ ਕਦੀ ਇਸ ਬੁੜ ਨੂੰ ਵਧੇਰੇ ਗਹੁ ਨਾਲ ਨਹੀਂ ਸੀ ਪਰਖਿਆ ਜਿਸ ਨਾਲ ਮੇਰੇ ਦੇਸ਼ ਵੀਰਾਂ ਨੂੰ ਲਾਭ ਹੁੰਦਾ ਹੋਵੇ। ਬਰਤਾਨੀਆ ਦੇ ਆਉਣ ਤੋਂ ਪਹਿਲਾਂ ਏਥੇ ਕੋਈ ਵੀ ਇਤਿਹਾਸਕ ਰਸਤਾ ਨਹੀਂ ਲਭਦਾ, ਜਿਸ ਤੋਂ ਮੈਨੂੰ ਕੁਝ ਪਤਾ ਲਗ ਸਕੇ ਜਾਂ ਜਿਹੜਾ ਉਹ ਸਮਾਂ ਸੀ ਜਿਸ ਵੇਲੇ ਕਿ ਕੋਈ ਅਮਨ ਚੈਨ ਨਹੀਂ ਸੀ ਤੇ ਮਾਰ ਧਾੜ ਦਾ ਵੇਲਾ ਸੀ, ਫਿਰ ਉਸ ਮਗਰੋਂ ਅਸੀਂ ਅਮਨ ਚੈਨ ਤੇ ਸ਼ਾਂਤੀ ਜੋ ਬਰਤਾਨੀਆ ਵੇਲੇ ਹਾਸਲ ਕੀਤੀ, ਉਹ ਪਹਿਲੋਂ ਨਹੀਂ ਸੀ। ਇਸ ਤੋਂ ਸਿੱਧ ਹੁੰਦਾ ਹੈ ਕਿ ਭਾਰਤ ਨੇ ਜਿਹੜਾ ਕਿ ਪਹਿਲਾਂ ਕੰਡਿਆਂ ਤੇ ਝਾੜੀਆਂ ਦਾ ਦੇਸ ਸੀ, ਬਰਤਾਨਵੀ ਰਾਜ ਦੀਆਂ ਬਰਕਤਾਂ ਸਦਕਾ ਇਕ ਸਵਰਗੀ ਬਾਗ਼ ਦੇ ਰੂਪ ਵਿਚ ਵੱਟ ਗਿਆ, ਜਿਸ ਵਿਚ ਖੁਸ਼ਬੂਆਂ ਭਰੇ ਫੁੱਲਾਂ ਦੀ ਮਹਿਕ ਸਾਰੇ ਪਾਸੇ ਪਸਰ ਰਹੀ ਹੈ। ਮੈਨੂੰ ਇਸ ਚੀਜ਼ ਦੀ ਲੋੜ ਭਾਸੀ ਕਿ ਮੈਂ ਆਪਣੇ ਭਰਾਵਾਂ ਨੂੰ ਉਹਨਾਂ ਦੀ ਜਨਮ ਭੂਮੀ ਦੀ ਕਹਾਣੀ ਸਦੀਆਂ ਪੁਰਾਣੀ ਤੇ ਹੁਣ ਦੀ, ਜਿਹੜੀ ਕਿ ਇਤਿਹਾਸਕ ਸਚਾਈਆਂ ਨਾਲ ਭਰੀ ਹੋਈ ਤੇ ਬਿਨਾ ਕਿਸੇ ਫਿਰਕੇ ਦੇ ਪਖ ਲਏ ਦੇ, ਸੁਣਾਵਾਂ। ਕਰਨਲ ਗਰਵੁਡ ਆਪਣੀ ਮਹਾਨ ਰਚਨਾ ਡਿਊਕ ਵਲਿੰਗਟਨ ਦੀਆਂ ਚਿਠੀਆਂ (The Despatches of the Duke of Wellington) ਵਿਚ ਲਿਖਿਆ ਹੈ—ਇਤਿਹਾਸ ਦਾ ਵਡਾ ਅੰਤ ਸਿਰਫ ਵਾਪਰੀਆਂ ਘਟਨਾਵਾਂ ਦਾ ਸਹੀ ਹੋਣਾ ਹੀ ਹੈ। ਇਸ ਤੋਂ ਉਪਰੰਤ ਨਾ ਹੀ ਇਸ ਵਿਚ ਕੋਈ ਵਾਧਾ ਤੇ ਨਾ ਹੀ ਕੋਈ ਮਨੋਕਲਪਤ ਘਟਨਾ ਬਿਆਨੀ ਹੋਈ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਪੜ੍ਹਨ ਵਾਲੇ ਤੇ ਕੋਈ ਯੋਗ ਅਸਰ ਨਹੀਂ ਪੈਂਦਾ। ਇਤਿਹਾਸ ਵਿਚ ਸਿਰਫ ਸਚ, ਸਾਰਾ ਹੀ ਸਚ ਤੇ ਸਵਾਇ ਸਚਾਈ ਦੇ ਹੋਰ ਕੁਝ ਵੀ ਨਹੀਂ ਹੋਣਾ ਚਾਹੀਦਾ।" ਮੈਂ ਇਸ ਗੁਰ ਨੂੰ ਨਿਭਾਉਣ ਦੀ ਪੂਰੀ ਪੂਰੀ ਕੋਸ਼ਸ਼ ਕੀਤੀ ਹੈ। ਮੈਂ ਹਰ ਗਲ ਨੂੰ ਉਸੇ ਹੀ ਰੰਗ ਵਿਚ ਪੇਸ਼ ਕੀਤਾ ਹੈ, ਚਾਹੇ ਉਹ ਕਿਸੇ ਵੀ ਜ਼ਾਤ ਜਾਂ ਕੌਮ ਨਾਲ ਸੰਬੰਧ ਰਖਦੀ ਹੋਵੇ। ਮੇਰੇ ਰਸਤੇ ਵਿਚ ਦੂਹਰੀਆਂ ਮੁਸ਼ਕਲਾਂ ਹਨ। ਪਹਿਲੀ ਤਾਂ ਇਕ ਪ੍ਰਾਂਤਕ ਇਤਿਹਾਸ ਹੋਣ ਕਾਰਨ, ਮੈਨੂੰ ਇਸ ਦੇ ਇਤਿਹਾਸ ਨੂੰ ਲਿਖਣ ਲਈ

Sri Satguru Jagjit Singh Ji eLibrary NamdhariElibrary@gmail.com

ਵਡੀਆਂ ਵਡੀਆਂ ਕਿਤਾਬਾਂ ਨੂੰ ਪੜ੍ਹਨਾ ਪੈਂਦਾ ਹੈ, ਜਿਹੜੀਆਂ ਕਿ ਭਾਰਤ ਦੇ ਇਤਿਹਾਸ ਨਾਲ ਸੰਬੰਧ ਰਖਦੀਆਂ ਹਨ ਤੇ ਇਹ ਤਦੇ ਹੀ ਹੋ ਸਕਦਾ ਹੈ ਕਿ ਜੇ ਕਰ ਮੈਂ ਇਨ੍ਹਾਂ ਨੂੰ ਅੱਖਰ ਅੱਖਰ ਪੜ੍ਹਾਂ । ਦੂਜੀ ਗਲ ਇਹ ਹੈ ਕਿ ਆਪਣੇ ਬਿਆਨਾਂ ਨੂੰ ਸਹੀ ਜਾਨਣ ਲਈ ਪਹਿਲਾਂ ਦਿਤੇ ਹੋਏ ਅੰਕੜਿਆਂ ਨੂੰ ਪਰਖਦਾ ਹਾਂ । ਨਤੀਜਾ ਇਹ ਹੋਇਆ ਹੈ ਕਿ ਸਿਰਫ ਉਹੀ ਹਵਾਲੇ ਦਿਤੇ ਗਏ ਹਨ, ਜਿਹੜੇ ਕਿ ਮੈਨੂੰ ਠੀਕ ਠੀਕ ਜਚੇ। ਇਹ ਜਚਣਾ ਮੈਂ ਤਦ ਕਹਿ ਰਿਹਾ ਹਾਂ ਜਦੋਂ ਕਿ ਮੈਂ ਇਨ੍ਹਾਂ ਨੂੰ ਕਈ ਹੋਰਨਾਂ ਇਤਿਹਾਸਾਂ ਨਾਲ ਮਿਲਾਇਆ ਹੈ ਤੇ ਜਿਹੜੇ ਕਿ ਭਾਰਤ ਦੇ ਇਤਿਹਾਸ ਵਿਚ ਖਾਸ ਥਾਂ ਰਖਦੇ ਹਨ।

ਮੇਰਾ ਕੰਮ, ਭਾਵੇਂ ਕਿੰਨੀਆਂ ਹੀ ਔਕੜਾਂ ਭਰਿਆ ਹੈ, ਤੇ ਇਸ ਨੂੰ ਪੂਰਿਆਂ ਕਰਨ ਲਈ ਕਈ ਸਾਲ ਲਗ ਗਏ ਪਰ ਮੈਂ ਇਸ ਨੂੰ ਫਿਰ ਵੀ ਪਿਆਰ ਗੌਰਰਾ ਕਰ ਰਿਹਾ ਹਾਂ ਤੇ ਹੁਣ ਮੈਂ ਅਖੀਰ ਤੇ ਮਹਿਸੂਸ ਕਰਦਾ ਹਾਂ ਕਿ ਜਿਹੜਾ ਸਮਾਂ ਮੈਂ ਇਸ ਦੇ ਲਿਖਣ ਤੇ ਲਾਇਆ ਹੈ, ਉਹ ਇਸ ਨਾਲੋਂ ਹੋਰ ਕਿਸੇ ਯੋਗ ਕੰਮ ਤੇ ਨਹੀਂ ਸੀ ਲਾਇਆ ਜਾ ਸਕਦਾ । ਮੈਂ ਪੰਜਾਬ ਦੇ ਇਤਿਹਾਸ ਨੂੰ ਅਜੋਕੇ ਕਾਲ ਤਕ ਪੇਸ਼ ਕਰ ਸਕਿਆ ਹਾਂ, ਸਿਰਫ਼ ਇਸ ਆਸ ਤੇ ਕਿ ਇਸ ਪੁਸਤਕ ਨੂੰ ਤਹਿਜ਼ੀਬ ਵਾਲੇ ਲੋਕ ਪੜ੍ਹਨਗੇ ਤੇ ਆਮ ਕਰਕੇ ਅੰਗਰੇਜ਼ਾਂ ਦੇ ਦੇਸ਼ ਵਿਚ ਤਰੱਕੀ ਨੂੰ ਵੀ ਤੇ ਏਹਦੇ ਨਾਲ ਵਿਦਿਆਰਥੀਆਂ ਨੂੰ ਵੀ ਲਾਭ ਹੋਵੇਗਾ । ਇਸ ਦੇ ਨਾਲ ਹੀ ਮੈਂ ਇਹ ਵੀ ਖਿਆਲ ਕਰਦਾ ਹਾਂ ਕਿ ਪੜ੍ਹੀ ਲਿਖੀ ਜਨਤਾ ਵੀ ਸ਼ਾਇਦ ਇਸ ਵਿਚੋਂ ਆਪਣੇ ਦੇਸ਼ ਸੰਬੰਧੀ ਕੋਈ ਸੰਖੇਪ ਤੇ ਅਸਰ ਭਰਪੂਰ ਖਿਆਲ ਲਭ ਸਕੇ।

ਇਸ ਨੂੰ ਲਿਖਣ ਲਗਿਆਂ, ਇਸ ਵਿਚ ਹਰ ਇਤਿਹਾਸਕ ਘਟਨਾ ਨੂੰ ਲਿਖਦਿਆਂ, ਇਸ ਨਾਲ ਹੋਰਨਾਂ ਇਤਿਹਾਸਕ ਰਚਨਾਵਾਂ ਦੇ ਹਵਾਲੇ ਇਸ ਕਰਕੇ ਨਹੀਂ ਦਿਤੇ ਕਿ ਇਹ ਕਿਤਾਬ ਬਹੁਤ ਵੱਡੀ ਬਣ ਜਾਏਗੀ । ਇਸ ਨੂੰ ਲਿਖਦਿਆਂ ਬਹੁਤ ਸਾਰੀਆਂ ਪੂਰਬੀ ਇਤਿਹਾਸਕ ਰਚਨਾਵਾਂ ਨੂੰ ਪੜਤਾਲਿਆ ਗਿਆ ਹੈ । ਪਰ ਮੈਂ ਉਹਨਾਂ ਦਾ ਖਾਸ ਤੌਰ ਤੇ ਧੰਨਵਾਦੀ ਹਾਂ, ਜਿਨ੍ਹਾਂ ਦੀਆਂ ਰਚਨਾਂਵਾਂ ਦੇ ਹਵਾਲੇ ਮੈਂ ਦਿਤੇ ਹਨ—ਉਹ ਹਨ ਸਰ ਵਿਲੀਅਮ ਜੋਨਜ਼, ਬਰਿਗਜ਼ ਦੇ ਮਹਾਨ ਉਲਥੇ "ਫ਼ਰਿਸ਼ਤਾ" ਦਾ, ਸਰ ਐਚ. ਐਮ. ਇਲੀਅਟ ਦਾ ਭਾਰਤ ਦੇ ਇਤਿਹਾਸਕਾਰ, ਮਰੇ ਦੀਆਂ ਰਚਨਾਵਾਂ, ਟੇਲਰ; ਮਾਰਸ਼ਮੈਨ, ਮਿਲ, ਟਾਲ ਬੁਆਏਜ਼ ਵੀਲਰ, ਕੀਨ, ਫਰੇਜ਼ਰ, ਤੇ ਮੈਕਫਾਰਲੇਨ । ਇਤਿਹਾਸ ਦੇ ਪੁਰਾਣੇ ਹਿਸੇ ਲਈ ਮੈਂ ਇਨ੍ਹਾਂ ਸਜਨਾਂ ਦਾ ਧੰਨਵਾਦੀ ਹਾਂ—ਡਾਕਟਰ ਹੰਟਰ, ਜਨਰਲ ਕਨਿੰਘਮ, ਮੈਕਰਿੰਡਲ, ਡੰਕਰ, ਥਾਮਸ ਪੈਰੀਸ, ਲਡਲੋ, ਟੈਵਰਨੀਅਰ ਤੇ ਮਿਸਟਰ ਹੰਟਰ । ਮੁਸਲਮਾਨਾਂ ਦੇ ਸਮੇਂ ਨੂੰ ਲਿਖਣ ਲਗਿਆਂ ਮੈਂ ਇਨ੍ਹਾਂ ਕਿਤਾਬਾਂ ਨੂੰ ਘੋਖਿਆ ਤੇ ਹਵਾਲੇ ਲਏ ਹਨ:—ਸ਼ੇਖ ਅਬੁਲ ਫ਼ਜ਼ਲ ਦਾ ਅਕਬਰ ਨਾਮਾਂ, ਮੌਲਾਨਾਂ ਨਿਜ਼ਾਮ ਉਦ ਦੀਨ ਦੀ ਤਬਕਤੇ ਅਕਬਰੀ, ਆਇਨਾ ਅਕਬਰੀ, ਪ੍ਰੋਫੈਸਰ ਬਲੋਚਮਨ, ਸੀਰੁਅਲ ਮੁਤਾ ਅਮੀਰੀ ਮੀਰ ਗੁਲਾਮ ਹੁਸੈਨ ਦਾ, ਜਿਸ ਨੂੰ ਕਿ ਬਰਿਗਜ਼ ਨੇ ਉਲਥਾਇਆ, ਮੁਰਤਜ਼ਾ ਹੁਸੈਨ ਦਾ ਹਦੀਕਾ ਤੁਲ ਅਕਾਲਮ, ਮੁਲਾਂ ਅਬਦੁਲ ਹੁਸੈਨ ਲਾਹੌਰੀ ਦਾ ਬਾਦਸ਼ਾਹ ਨਾਮਾ, ਮੁਤਾਮਿਦ ਖਾਂ ਦਾ

Sri Satguru Jagjit Singh Ji eLibrary NamdhariElibrary@gmail.com

ਇਕਬਾਲ ਨਾਮਾ ਜਹਾਂਗੀਰੀ, ਮੁਹੰਮਦ ਕਾਜ਼ਿਮ ਦਾ ਆਲਮਗੀਰ ਨਾਮਾ ਤੇ ਮੁਹੰਮਦ ਸਾਕੀ ਦਾ ਮੁਅਸਰ-ਏ-ਆਲਮਗੀਰੀ, ਸਿਖ ਇਤਿਹਾਸ ਨਾਲ ਸੰਬੰਧਤ ਮੈਂ ਇਨ੍ਹਾਂ ਸਜਣਾਂ ਦਾ ਧੰਨਵਾਦੀ ਹਾਂ, ਜਿਨ੍ਹਾਂ ਦੀਆਂ ਰਚਨਾਵਾਂ ਨੂੰ ਪੜ੍ਹਿਆ ਤੇ ਯੋਗ ਸਹਾਇਤਾ ਲਈ ਹੈ-ਸਰ ਜੌਹਨ ਮੈਲਕਮ, ਮੈਕਗਰੇਗਰ, ਕਨਿੰਘਮ; ਪ੍ਰਿੰਸਪ, ਸਮਿਥ, ਸਰ ਲੈਪਲ ਗ੍ਰਿਫਨ ਦੇ ਪੰਜਾਬ ਦੇ ਰਾਜੇ ਤੇ ਪੰਜਾਬ ਦੇ ਮੁਖੀ, ਡਾਕਟਰ ਹੋਮਿੰਗ ਬਰਗਰ ਦੀ ਪੁਸਤਕ ਪੂਰਬ ਵਿਚ ਪੈਂਤੀ ਸਾਲ (Thirty five years in the East) ਮੂਰਕਰਾਫਟ ਦੇ ਸਫਰ, ਬਰਨ ਦੇ ਸਫਰ, ਮੈਸਨ ਤੇ ਜ਼ੈਕਵੈਮੈਂਟ ਦੇ ਸਫਰਾਂ ਦਾ ਹਾਲ ਤੇ ਡਾਕਟਰ ਟਰੰਪ ਦੇ ਗੁਰੂ ਗਰੰਥ ਸਾਹਿਬ ਦੇ ਉਲਥੇ ਲਈ। ਸਿਖ ਲੜਾਈਆਂ ਤੇ ਬਗਾਵਤ ਲਈ ਮੈਂ ਥੋਰਨਟਨ ਦੇ ਪੰਜਾਬ ਸੰਬੰਧੀ ਇਤਿਹਾਸ (The History of the Panjab) ਨੌਲਨ ਦੇ ਬਰਤਾਨਵੀ ਰਾਜ, ਕੇਈ ਦਾ ਸਿਪਾਹੀ ਲੜਾਈ, ਫਰੈਡਰਿਕ ਕੂਪਰ ਦਾ ਪੰਜਾਬ ਦੇ ਹਾਲਾਤ (The Crisis of the Panjab) ਜੇ.ਕੇਵਬਰਾਊਨ ਦਾ "ਪੰਜਾਬ ਤੇ ਦਿਲੀ ੧੮੫੭ ਵਿਚ" (The Panjab and Delhi in 1857) ਪੰਜਾਬ ਵਿਚ ਉਦਯੋਗ ਤੇ ਵਪਾਰ ਦੇ ਕਾਂਡ ਲਈ ਮੈਂ ਸਰਕਾਰੀ ਰਿਪੋਰਟਾਂ ਦਾ ਧੰਨਵਾਦੀ ਹਾਂ ਤੇ ਖਾਸ ਕਰਕੇ ਮਿਸਟਰ ਬੈਡਨ ਪਾਵਲ ਦਾ। ਪੰਜਾਬ ਦੇ ਅਸਲੀ ਵਸਨੀਕ ਤੇ ਹਿੰਦੂਆਂ ਦੀਆਂ ਰਹੁ ਰੀਤਾਂ ਦਸਣ ਤੇ ਇਤਿਹਾਸ ਦੇ ਅੰਕੜਿਆਂ ਦੇ ਹਿਸੇ ਨੂੰ ਦਸਣ ਦੇ ਯੋਗ ਮੈਂ ਨਹੀਂ ਸਾਂ ਹੋ ਸਕਦਾ, ਜੇ ਕਰ ਮੈਂ ਸਿਆਣੇ ਸਰਕਾਰੀ ਅਫਸਰ ਮਿਸਟਰ ਡੈਨਜ਼ਲ ਜੇ. ਐਬਟਸਨ ਦੀ ਰੀਪੋਰਟ ਦੀ ਸਹਾਇਤਾ ਨਾ ਲੈਂਦਾ। ਮੈਂ ਕਈ ਹੋਰ ਮਿਹਰਬਾਨ ਦੋਸਤਾਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਕਿ ਮੈਨੂੰ ਨਾ ਮਿਲਦੀਆਂ ਕਿਤਾਬਾਂ ਜਾਂ ਸਲਾਹਾਂ ਦੇ ਕੇ ਧੰਨਵਾਦੀ ਬਣਾਇਆ। ਦੀਵਾਨ ਰਾਮ ਨਾਥ ਨੇ ਬੜੀ ਕਿਰਪਾ ਨਾਲ ਆਪਣੇ ਪਿਤਾ ਦੀਵਾਨ ਰਾਮ ਨਾਥ ਦੇ ਹਥ ਲਿਖਤ ਖਰੜੇ ਨੂੰ ਵਰਤਨ ਦੀ ਪੂਰੀ ਪੂਰੀ ਖੁਲ੍ਹ ਦਿਤੀ, ਜਿਹੜਾ ਕਿ ਫਾਰਸੀ ਵਿਚ "ਖਾਲਸਾ ਦੀਵਾਨ" ਦੇ ਨਾਂ ਹੇਠ ਲਿਖਿਆ ਹੋਇਆ ਸੀ। ਇਸ ਤੋਂ ਇਲਾਵਾ ਮੈਂ ਮੁਨਸ਼ੀ ਗੁਲਾਮ ਫਰੀਦ ਖਾਂ ਦਾ ਧੰਨਵਾਦੀ ਹਾਂ, ਜਿਨ੍ਹਾਂ ਆਪਣੇ ਪਿਤਾ ਮੌਲਵੀ ਦੀਨ ਮੁਹੰਮਦ ਦੀ ਰਚਨਾ (ਖਰੜੇ ਰੂਪ ਵਿਚ) ਪੰਜਾਬ ਦਾ ਇਤਿਹਾਸ ਵਰਤਨ ਦੀ ਆਗਿਆ ਦਿਤੀ ਤੇ ਬਰਤਾਨਵੀ ਰਾਜ ਦਾ ਹਾਲ ਲਿਖਣ ਲਈ ਮੈਨੂੰ ਆਪਣੇ ਲਿਖੇ ਨੋਟਾਂ ਤੇ ਸਰਕਾਰੀ ਰਿਕਾਰਡ ਦੀ ਸਹਾਇਤਾ ਲੈਣੀ ਪਈ।

ਏਥੇ ਇਹ ਦਸ ਦੇਣਾ ਜ਼ਰੂਰੀ ਹੈ ਕਿ ਮੈਂ ਇਸ ਨੂੰ ਲਿਖਣ ਲਗਿਆਂ ਇਸ ਗਲ ਦਾ ਵਧੇਰੇ ਖਿਆਲ ਰਖਿਆ ਹੈ ਕਿ ਪੰਜਾਬ ਨਾਲ ਸੰਬੰਧਤ ਜ਼ਰੂਰੀ ਗਲਾਂ ਨੂੰ ਮੈਂ ਬਿਆਨਣ ਤੋਂ ਸੰਕੋਚ ਨਹੀਂ ਕੀਤਾ ਤੇ ਨਾ ਹੀ ਮੈਂ ਉਹ ਗਲਾਂ ਹੀ ਛਡੀਆਂ ਹਨ, ਜਿਹੜੀਆਂ ਕਿ ਇਤਿਹਾਸ ਦੇ ਵਿਦਿਆਰਥੀ ਲਈ ਜ਼ਰੂਰੀ ਸਨ। ਪਰ ਇਕ ਗਲ ਦਾ ਖਿਆਲ ਜ਼ਰੂਰ ਰਖਿਆ ਗਿਆ ਹੈ ਕਿ ਹਿੰਦੁਸਤਾਨ ਦੇ ਇਤਿਹਾਸ ਨੂੰ ਪੇਸ਼ ਕਰਨ ਤੇ ਉਸ ਬਾਰੇ ਪੜਚੋਲ ਕਰਨ ਤੋਂ ਸੰਕੋਚ ਜ਼ਰੂਰ ਕੀਤਾ ਹੈ। ਬਹੁਤ ਸਾਰੀਆਂ ਗਲਾਂ ਸਿਰਫ ਇਤਿਹਾਸਕ ਕੀਮਤ ਕਾਰਨ ਹੀ ਬਿਆਨੀਆਂ ਹਨ ਤੇ ਜਿਨ੍ਹਾਂ ਨਾਲ ਇਸ ਵਿਚ ਵਧੇਰੇ ਰੋਚਕਤਾ ਆਉਣੀ ਸੀ। ਉਦਾਹਰਣ ਵਜੋਂ, ਨਾਦਰ ਸ਼ਾਹ ਦੇ ਪੰਜਾਬ ਵਿਚਲੇ ਹਲੇ ਵੇਲੇ ਜਿਹੜੀਆਂ ਘਟਨਾਵਾਂ ਵਾਪਰੀਆਂ

Sri Satguru Jagjit Singh Ji eLibrary NamdhariElibrary@gmail.com

ਜਾਂ ਅਹਿਮਦ ਸ਼ਾਹ ਵੇਲੇ ਗਲਾਂ ਹੋਈਆਂ, ਮੈਂ ਇਨ੍ਹਾਂ ਗਲਾਂ ਨੂੰ ਤੇ ਖਾਸ ਕਰਕੇ ਦਿਲੀ ਦੀ ਲੁਟ ਮਾਰ ਤੇ ਉਥੋਂ ਦੇ ਵਾਸੀਆਂ ਦਾ ਆਮ ਕਤਲ ਪੇਸ਼ ਕਰਨੋਂ ਨਹੀਂ ਰਹਿ ਸਕਿਆ। ਦਿਲੀ, ਜਿਹੜੀ ਕਿ ਭਾਰਤ ਦੀ ਪੁਰਾਣੀ ਰਾਜਧਾਨੀ ਚਲੀ ਆਉਂਦੀ ਹੈ ਤੇ ਹੁਣ ਪੰਜਾਬ ਦਾ ਇਕ ਖਾਸ ਹਿੱਸਾ ਹੈ ਤੇ ਮੈਂ ਇਸ ਨੂੰ ਪੰਜਾਬ ਦਾ ਹੀ ਇਕ ਸ਼ਹਿਰ ਮਿਥਿਆ ਹੈ। ਇਸ ਲਈ ਉਥੇ ਜਿਹੜੀ ਵੀ ਘਟਨਾ ਬੀਤੀ, ਮੈਂ ਉਹ ਸਾਰੀ ਬਿਆਨ ਕਰ ਦਿਤੀ ਹੈ। ਜਿਵੇਂ; ਦਿਲੀ ਮੁਗਲ ਬਾਦਸ਼ਾਹਾਂ ਦੀ ਰਾਜਧਾਨੀ ਸੀ, ਇਸ ਲਈ ਜਿਹੜੀਆਂ ਘਟਨਾਵਾਂ ਉਥੇ ਦਰਬਾਰ ਵਿਚ ਹੋਈਆਂ, ਉਹਨਾਂ ਦਾ ਅਸਰ ਕੁਦਰਤੀ ਪੰਜਾਬ ਤੇ ਉਸ ਦੇ ਲੋਕਾਂ ਤੇ ਹੋਣਾ ਹੀ ਸੀ। ਪੰਜਾਬ ਦੇ ਇਤਿਹਾਸ ਦਾ ਉਹ ਸੁਆਦਲਾ ਹਿੱਸਾ ਖਤਮ ਹੋ ਜਾਏ ਜੇ ਕਰ ਹਕੂਮਤ ਦੀ ਸਿਆਸੀ ਹਾਲਤ ਨੂੰ ਨਾ ਪੜਚੋਲਿਆ ਜਾਏ; ਜਿਸ ਦਆਂ ਘਟਨਾਵਾਂ ਪੰਜਾਬ ਦੇ ਇਤਿਹਾਸ ਨਾਲ ਕੋਈ ਸੰਬੰਧ ਨਹੀਂ ਰਖਦੀਆਂ, ਤੇ ਉਹਨਾਂ ਦਾ ਵਰਣਨ ਵੀ ਜ਼ਰੂਰੀ ਹੈ; ਛਡ ਦਿਤੀਆਂ ਗਈਆਂ ਹਨ। ਜਿਵੇਂ, ਮਹਿਮੂਦ ਗਜ਼ਨਵੀ ਦਾ ਪੰਜਾਬ ਤੇ ਹਮਲੇ ਦਾ ਹਾਲ ਆਉਂਦਾ ਹੈ, ਤਾਂ ਇਸ ਦੇ ਨਾਲ ਹੀ ਸੋਮ ਨਾਥ ਦਾ ਹਮਲਾ, ਜਿਹੜਾ ਕਿ ਇਤਿਹਾਸ ਵਿਚ ਖਾਸ ਥਾਂ ਰਖਦਾ ਹੈ, ਲਿਖਣਾ ਜ਼ਰੂਰੀ ਸੀ, ਪਰ ਮੈਂ ਉਹ ਸਾਰਾ ਹੀ ਛਡ ਦਿਤਾ ਹੈ, ਇਸ ਤੋਂ ਬਿਨਾਂ ਉਹਨਾਂ ਬਦੇਸ਼ੀ ਜੇਤੂਆਂ ਤੇ ਹਮਲਾ ਆਵਰਾਂ ਦਾ ਪੂਰਾ ਪੂਰਾ ਜੀਵਨ ਤੇ ਹਾਲ ਪੇਸ਼ ਕੀਤਾ ਹੈ। ਜਿਹੜੇ ਕਿ ਹਿੰਦੁਸਤਾਨ ਦੇ ਇਤਿਹਾਸ ਨਾਲ ਖਾਸ ਸੰਬੰਧ ਰਖਦੇ ਹਨ ਤੇ ਜਿਨ੍ਹਾਂ ਨੇ ਪੰਜਾਬ ਦੀ ਸਿਆਸਤ ਵਿਚ ਖਾਸ ਰੋਲ ਅਦਾ ਕੀਤਾ ਹੈ। ਉਹਨਾਂ ਵਿਚੋਂ ਮਹਾਨ ਸਕੰਦਰ, ਅਕਬਰ, ਨਾਦਰ, ਜਹਾਂਗੀਰ ਤੇ ਮਲਕਾ ਨੂਰਜਹਾਨ। ਮਹਾਰਾਜਾ ਰਣਜੀਤ ਦਾ ਪੂਰਾ ਜੀਵਨ ਤੇ ਉਸ ਦੀ ਹਕੂਮਤ, ਜਿਹੜੀ ਕਿ ਅਜ ਤਕ ਪੂਰੀ ਤਰ੍ਹਾਂ ਨਹੀਂ ਛਪੀ, ਦਿਤੀ ਗਈ ਹੈ।

ਸਿਖ ਗੁਰੂਆਂ ਦੇ ਜੀਵਨ ਤੇ ਸਿਖ ਮਿਸਲਾਂ ਦੀ ਤਰੱਕੀ ਪਾਠਕ ਲਈ ਇਕ ਨਵੀਂ ਤੇ ਜ਼ਰੂਰੀ ਚੀਜ਼ ਹੈ। ਇਸ ਤੋਂ ਪਾਠਕ ਇਹ ਅੰਦਾਜ਼ਾ ਲਾ ਸਕੇਗਾ ਕਿ ਸਿਖ ਧਰਮ ਤੇ ਸਿਖ ਤਾਕਤ ਪੰਜਾਬ ਵਿਚ ਕਿਵੇਂ ਵਧੀ। ਹਰ ਮੁਸਲਮਾਨ ਬਾਦਸ਼ਾਹ ਦੀ ਹਕੂਮਤ ਤੇ ਜੀਵਨ ਵਖੋ ਵਖ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਦੇ ਨਾਲ ਹੀ ਉਹਨਾਂ ਬਾਦਸ਼ਾਹਾਂ ਦੇ ਸਮਿਆਂ ਵਿਚ ਪੰਜਾਬ ਵਿਚ ਵਾਪਰੀਆਂ ਘਟਨਾਵਾਂ, ਤਬਦੀਲੀਆਂ ਤੇ ਹਾਲਤਾਂ ਨੂੰ ਵਖੋ ਵਖ ਸਮੇਂ ਤੇ ਜਿਹੜੀਆਂ ਹੁੰਦੀਆਂ ਰਹੀਆਂ, ਵਰਣਨ ਕੀਤਾ ਹੈ। ਲੋਕਾਂ ਦਾ ਮੁਢਲਾ ਘਰ ਪੇਸ਼ ਕੀਤਾ ਗਿਆ ਹੈ, ਜਿਹੜਾ ਕਿ ਅਜੇ ਤਕ ਇਸ ਕੰਮ ਲਈ ਖਾਸ ਮਹਤਤਾ ਪੂਰਨ ਸੀ। ਨਾਲ ਹੀ ਲੋਕਾਂ ਦਾ ਧਰਮ ਵਲ ਝੁਕਾ, ਉਹਨਾਂ ਦੀਆਂ ਰਹੁ ਰੀਤਾਂ ਤੇ ਉਨ੍ਹਾਂ ਦੇ ਹਾਣ ਲਾਭ ਦਿਤੇ ਗਏ ਹਨ। ਸੰਖੇਪ ਵਿਚ ਮੈਂ ਇਕ ਪੰਜਾਬੀ ਨੂੰ ਬਿਆਨਣ ਦੀ ਕੋਸ਼ਿਸ਼ ਕੀਤੀ ਹੈ। ਇਸ ਬਾਰੇ ਮੈਂ ਚਿਰਕਾਲੀਨ ਤੋਂ ਲੈ ਕੇ ਅਜ ਤਕ ਖੋਜ ਪੂਰਨ ਪੜਚੋਲ ਕੀਤੀ ਹੈ ਤੇ ਇਸ ਦੇ ਅਜੋਕੇ ਤਰੱਕੀ ਕਰਨ ਦੇ ਹੱਕ ਨੂੰ ਇਸ ਲਈ ਸਹੀ ਸਹੀ ਮਿਥ ਕੇ ਇਸ ਦੀ ਮੰਗ ਇਸ ਨੂੰ ਸੌਂਪ ਦਿਤੀ ਹੈ। ਅਸਭਯ ਕਾਲ ਤੋਂ ਲੈ ਕੇ ਸਭਯ ਕਾਲ ਤਕ, ਜਿਵੇਂ ਤਾਜ ਦੇ ਅਧੀਨ ਹੋਰ ਜਨਤਾ ਖੁਸ਼ਹਾਲੀ ਮਾਨ ਰਹੀ ਹੈ, ਤਿਵੇਂ

Sri Satguru Jagjit Singh Ji eLibrary NamdhariElibrary@gmail.com

ਹੀ ਇਸ ਪੰਜਾਬੀ ਨੂੰ ਵੀ ਤਰਕੀ ਕਰਨ ਤੇ ਖੁਸ਼ਹਾਲ ਰਹਿਣ ਦੇ ਪੂਰੇ ਪੂਰੇ ਹਕ ਹਨ । ਇਕ ਯੋਗ ਤੇ ਸਭਯ ਸਰਕਾਰ ਦੇ ਥਲੇ ।

ਸਾਰੀ ਸਕੀਮ ਦਾ ਸਾਰੰਸ਼ ਇਹ ਹੈ ਕਿ ਮੇਰੀ ਵਿਚਾਰ ਅਨੁਸਾਰ ਇਸ ਨੂੰ ਸਾਰੇ ਹੀ ਪਾਸਿਆਂ ਤੋਂ ਸੰਖੇਪ ਕੀਤਾ ਜਾਏ, ਕਿਉਂਕਿ, ਜੇ ਕਰ ਮੈਂ ਆਮ ਗਲਾਂ ਨੂੰ ਵੀ ਇਸ ਵਿਚ ਪੇਸ਼ ਕਰਾਂ ਤਾਂ ਇਹ ਇਕ ਬਹੁਤ ਹੀ ਵਡਾ ਤੇ ਭਾਰੀ ਪੋਥਾ ਬਣ ਜਾਏ ਤੇ ਮੇਰੀ ਮਨਸ਼ਾ ਇਸ ਨੂੰ ਏਡਾ ਵਡਾ ਬਣਾਉਣ ਦੀ ਨਹੀਂ ਸੀ । ਸੰਖੇਪ ਵਿਚ, ਮੈਂ ਇਸ ਕੰਮ ਨੂੰ ਇਸ ਢੰਗ ਨਾਲ ਸਿਰੇ ਚਾੜ੍ਹਿਆ ਹੈ ਕਿ ਇਹ ਸਿਰਫ ਇਕ ਪਰਾਂਤਕ ਇਤਿਹਾਸ ਨਾਲ ਸੰਬੰਧਤ ਹੀ ਲੋੜੀਂਦੀਆਂ ਘਟਨਾਵਾਂ ਹੀ ਆ ਸਕਣ, ਹੋਰ ਵੀ ਵਾਧੂ ਘਾਟੂ ਮਸਾਲਾ ਇਸ ਵਿਚ ਨਹੀਂ ਸੀ ਲੋੜੀਂਦਾ ।

ਮੈਂ ਇਸ ਚੀਜ਼ ਨੂੰ ਖੁਲ੍ਹੇ ਤੌਰ ਤੇ ਸਵੀਕਾਰ ਕਰਦਾ ਹਾਂ ਕਿ ਇਕ ਅੰਗਰੇਜ਼ ਸਿਆਣਾ ਪੰਜਾਬ ਦੇ ਇਸ ਇਤਿਹਾਸ ਨੂੰ ਸੋਹਣੀ ਤਰ੍ਹਾਂ ਉਲੀਕ ਸਕਦਾ ਸੀ । ਨਾ ਹੀ ਮੈਂ ਆਪਣੀਆਂ ਤਰੁਟੀਆਂ ਤੋਂ ਸਗੋਂ ਚੰਗੀ ਤਰ੍ਹਾਂ ਜਾਣੂ ਹਾਂ, ਸਗੋਂ ਮੈਨੂੰ ਇਹ ਵੀ ਪਤਾ ਹੈ ਕਿ ਮੈਂ ਜੋ ਇਹ ਰਚਨਾ ਕੀਤੀ ਹੈ, ਇਸ ਵਿਚ ਵੀ ਬਹੁਤ ਸਾਰੇ ਘਾਟੇ ਹਨ । ਭਾਵੇਂ ਮੈਂ ਆਪਣੇ ਵਲੋਂ ਪੂਰੀ ਕੋਸ਼ਸ਼ ਕੀਤੀ ਹੈ ਕਿ ਲੋਕਾਂ ਲਈ ਲਿਖੇ ਜਾ ਰਹੇ ਇਸ ਇਤਿਹਾਸ ਨੂੰ ਲਿਖਣ ਲਗਿਆਂ ਮੈਂ ਖਾਸ ਗਹੁ ਰਖਾਂ, ਪਰ ਫਿਰ ਵੀ ਮੈਂ ਇਸ ਯੋਗ ਨਹੀਂ ਕਿ ਮੈਂ ਇਹ ਪੰਜਾਬ ਦਾ ਇਤਿਹਾਸ ਪੂਰਾ ਹੋਣ ਦਾ ਮਾਨ ਲੈ ਸਕਾਂ। ਇਹ ਮੁਮਕਿਨ ਹੈ ਕਿ ਇਸ ਵਿਚੋਂ ਕਈ ਗਲਤੀਆਂ ਲਭਣ ਤੇ ਮੈਂ ਆਪਣੇ ਪਾਠਕਾਂ ਪਾਸ ਬੇਨਤੀ ਕਰਦਾ ਹਾਂ, ਕਿ ਉਹ ਮੇਰੀਆਂ ਗਲਤੀਆਂ ਤੋਂ ਮੈਨੂੰ ਜਾਣੂ ਕਰਾਉਣ । ਇਹ ਵੀ ਮੁਮਕਿਨ ਹੈ ਕਿ ਬਹੁਤ ਸਿਆਣੀਆਂ ਅਖਾਂ ਮੇਰੀਆਂ ਉਹ ਗਲਤੀਆਂ ਫੜ ਲੈਣ, ਜਿਹੜੀਆਂ ਕਿ ਸ਼ਾਇਦ ਮੈਨੂੰ ਨਜ਼ਰ ਨਹੀਂ ਆਈਆਂ, ਪਰ ਫਿਰ ਵੀ ਮਿਲ ਦੇ ਕਹਿਣ ਅਨੁਸਾਰ, "ਮੈਂ ਉਸ ਪਾਸ ਫਿਰ ਅਪੀਲ ਕਰਨਾ ਚਾਹਾਂ ਗਾ, ਜਿਸ ਨੇ ਮੇਰੇ ਬਾਰੇ ਇਹ ਫੈਸਲਾ ਦਿਤਾ ਹੈ ਕਿ ਸਿਰਫ ਮੈਂ ਕੀ ਨਹੀਂ ਕੀਤਾ । ਇਕ ਅਜਿਹਾ ਤੇ ਸੱਚਾ ਸਬੂਤ ਤੇ ਫੈਸਲਾ ਦੇਣਾ ਹੋਵੇਗਾ ਇਸ ਅੰਦਾਜ਼ੇ ਤੇ ਕਿ ਮੈਂ ਕੀ ਕੀਤਾ ਹੈ ਤੇ ਮੈਂ ਕੀ ਨਹੀਂ ਕੀਤਾ—ਇਨ੍ਹਾਂ ਦੋਹਾਂ ਨੂੰ ਇਕਠਿਆਂ ਲੈ ਕੇ ।" ਜੇ ਕਰ ਭਾਰਤ ਦਾ ਇਹ ਮਸ਼ਹੂਰ ਇਤਿਹਾਸਕਾਰ ਆਪਣੇ ਅੰਦਰ ਪੂਰੀ ਪੂਰੀ ਸਿਆਣਪ ਰਖਦਾ ਹੋਇਆ, ਉਪਰਲੇ ਅਖਰ ਕਹਿ ਸਕਦਾ ਹੈ ਤਾਂ ਮੈਂ ਤਾਂ ਉਸ ਦੇ ਪਾਸਕੂ ਵੀ ਨਹੀਂ, ਮੇਰੀਆਂ ਤਾਂ ਤਰੁਟੀਆਂ ਬਹੁਤ ਹੀ ਹਨ । ਤੇ ਜੇਕਰ ਮੈਂ ਇਕ ਸਿਆਣੇ ਪਾਠਕ ਨੂੰ ਇਹ ਆਖ ਰਿਹਾ ਹਾਂ ਕਿ ਉਹ ਮੇਰੀ ਮਿਹਨਤ ਦੀ ਸਫਲਤਾ ਮੇਰੀਆਂ ਔਕੜਾਂ ਨੂੰ ਮੁਖ ਰਖਕੇ ਦੇਣ, ਮੈਂ ਕਹਿ ਸਕਦਾ ਹਾਂ, ਇਸ ਲਈ ਨਹੀਂ ਕਿ ਮੈਂ ਉਹਨਾਂ ਜਿਹੀ ਯੋਗਤਾ ਰਖਦਾ ਹਾਂ ਸਿਰਫ ਇਸ ਲਈ ਕਿ ਮੈਨੂੰ ਉਸ ਦੀ ਸਲਾਹ ਤੇ ਵਧੇਰੇ ਮਾਨ ਹੈ । ਮੇਰੇ ਇਹ ਕੰਮ ਕਰਨ ਦਾ ਸਿਰਫ ਇਹੀ ਕਾਰਨ ਹੈ । ਅਜ ਤਕ ਵੀ ਕਿਸੇ ਸਿਆਣੇ ਨੇ ਇਸ ਪਾਸੇ ਵਲ ਪੈ ਕੇ ਇਹ ਕੰਮ ਸਿਰੇ ਚਾੜ੍ਹਨ ਦੀ ਕੋਸ਼ਿਸ਼ ਨਹੀਂ ਕੀਤੀ, ਸੋ ਮੈਂ ਸੋਚਿਆ ਕਿ ਕਿਉਂ ਨਾ ਮੈਂ ਹੀ ਕੋਸ਼ਸ਼ ਕਰ ਵੇਖਾਂ,

Sri Satguru Jagjit Singh Ji eLibrary NamdhariElibrary@gmail.com

ਭਾਵੇਂ ਉਹ ਅਧੂਰਾ ਹੀ ਹੋਵੇ। ਇਸ ਖਿਆਲ ਨਾਲ ਕਿ ਜੋ ਕੁਝ ਮੈਂ ਪੇਸ਼ ਕਰਨਾ ਚਾਹੁੰਦਾ ਹਾਂ ਤੇ ਹੋਰ ਕਿਸੇ ਖਾਸ ਖਿਆਲ ਨਾਲ ਨਹੀਂ, ਪਰ ਸਿਰਫ ਲੋਕਾਂ ਨੂੰ ਸਹੀ ਗਲਾਂ ਤੋਂ ਜਾਣੂ ਕਰਾਉਣ ਲਈ ਤੇ ਦੂਜੇ ਹੋਰ ਲੋਕਾਂ ਨੂੰ ਇਹ ਉਤਸ਼ਾਹ ਦੇਣ ਲਈ ਕਿ ਜੋ ਮੈਂ ਅਧੂਰਾ ਕੰਮ ਕੀਤਾ ਹੈ, ਪੂਰਾ ਕਰਾਉਣ ਤੇ ਸਹੀ ਰੂਪ ਵਿਚ ਪੇਸ਼ ਕਰਾਉਣ ਲਈ।

ਤੇ ਹੁਣ ਮੇਰੇ ਦੇਸ਼ ਵੀਰੋ! ਇਸ ਤੋਂ ਪਹਿਲਾਂ ਕਿ ਮੈਂ ਇਸ ਰੀਵੀਊ ਨੂੰ ਬੰਦ ਕਰਾਂ, ਮੈਂ ਚਾਹੁੰਦਾ ਹਾਂ ਕਿ ਤੁਹਾਨੂੰ ਮੈਂ ਦੋ ਚਾਰ ਗਲਾਂ ਕਹਿ ਲਵਾਂ, ਜਿਹੜੀਆਂ ਕਿ ਮੇਰਾ ਖਿਆਲ ਹੈ, ਤੁਸੀਂ ਇਨ੍ਹਾਂ ਨੂੰ ਯੋਗ ਸਮਝੋਗੇ। ਜਦੋਂ ਕਿ ਤੁਸਾਂ ਮੇਰਾ ਲਿਖਿਆ ਇਤਿਹਾਸ ਪੜ੍ਹਿਆ ਹੈ, ਕੀ ਤੁਸੀਂ ਇਸ ਨੂੰ ਪੜ੍ਹ ਕੇ ਇਕ ਪਾਸੇ ਰਖ ਕੇ ਭੁਲ ਜਾਉਗੇ ਜਦੋਂ ਕਿ ਬਹੁਤ ਸਾਰੀਆਂ ਅਜਿਹੀਆਂ ਸੁਆਦਲੀਆਂ ਪੁਸਤਕਾਂ ਪੜ੍ਹਕੇ ਫਿਰ ਇਕ ਪਾਸੇ ਰਖ ਦਿਤੀਆਂ ਜਾਂਦੀਆਂ ਹਨ ਤੇ ਉਹਨਾਂ ਨੂੰ ਪੜ੍ਹਨ ਮਗਰੋਂ ਉਠੇ ਖਿਆਲ ਦਬ ਕੇ ਰਹਿ ਜਾਂਦੇ ਸਨ। ਜਾਂ ਕੀ ਤੁਸੀਂ ਇਸ ਨੂੰ ਇਕ ਨਾਵਲ ਦੇ ਰੂਪ ਵਿਚ ਹੀ ਪੜ੍ਹੋਗੇ ਜਾਂ ਇਕ ਭਾਰਤੀ ਕਹਾਣੀ ਦੇ ਰੂਪ ਵਿਚ, ਜਿਹੜੇ ਕਿ ਸਾਡੇ ਬਹੁਤ ਸਾਰੇ ਨੌਜਵਾਨ ਸਿਰਫ ਦਿਲ ਪਰਚਾਵੇ ਲਈ ਜਾਂ ਸਮਾਂ ਲੰਘਾਉਣ ਲਈ ਹੀ ਪੜ੍ਹਦੇ ਹਨ। ਪਰ ਮੈਨੂੰ ਤੁਹਾਡੇ ਤੇ ਪੱਕਾ ਯਕੀਨ ਹੈ ਕਿ ਤੁਸੀਂ ਅਜਿਹਾ ਨਹੀਂ ਕਰੋਗੇ ਕਿਉਂਕਿ ਮੇਰਾ ਇਹ ਲਿਖਣ ਦਾ ਭਾਵ ਇਹੋ ਨਹੀਂ। ਮੈਂ ਇਹ ਆਸ ਰਖਦਾ ਹਾਂ ਕਿ ਤੁਸੀਂ ਮੇਰੀਆਂ ਦਲੀਲਾਂ ਨੂੰ ਬੜੇ ਠਰੰਮੇ ਤੇ ਸ਼ਾਂਤ ਮਈ ਢੰਗ ਨਾਲ ਵਿਚਾਰਨ ਦੀ ਕੋਸ਼ਿਸ਼ ਕਰੋਗੇ। ਤੁਸੀਂ ਆਪਣੀ ਪੂਰੀ ਸਿਆਣਪ ਦਿਖਾਉਗੇ ਤੇ ਤਦ ਫਿਰ ਕਿਸੇ ਨਤੀਜੇ ਤੇ ਪੁਜਣ ਲਈ ਤੁਸੀਂ ਆਪਣੇ ਕਾਰਨਾਂ, ਆਪਣੇ ਖਿਆਲਾਂ ਤੇ ਚੰਗੇ ਝੁਕਾਵਾਂ ਨੂੰ ਅਪੀਲ ਕਰ ਸਕੋਗੇ। ਇਹ ਨਾ ਸੋਚੋ ਕਿ ਅਜੋਕਾ ਪੰਜਾਬ ਚਾਲੀ ਸਾਲ ਪਿਛਾਹਾਂ ਦਾ ਪੰਜਾਬ ਹੈ। ਇਹ ਨਾ ਭੁਲੋ ਕਿ ਤੁਹਾਡੇ ਦੇਸ਼ ਦੀ ਅਜ ਤੋਂ ਚਾਲੀ ਸਾਲ ਪਹਿਲਾਂ ਕੀ ਹਾਲਤ ਸੀ ਜਾਂ ਫਿਰ ਬਰਤਾਨਵੀ ਰਾਜ ਦੀਆਂ ਬਰਕਤਾਂ ਤੇ ਉਹਨਾਂ ਦੀ ਸਭਿਅਤਾ ਨੂੰ, ਜਿਹੜੀ ਕਿ ਉਹਨਾਂ ਤੁਹਾਨੂੰ ਤਰੱਕੀ ਕਰਨ ਵਿਚ ਸਹਾਇਤਾ ਰਾਹੀਂ ਦਿਤੀ ਹੈ, ਉਸ ਦਾ ਧੰਨਵਾਦ ਤੇ ਸਲਾਹੁਤਾ ਕਰਨੀ ਚਾਹੀਦੀ ਹੈ। ਲਾਰਡ ਮੈਕਾਲੇ ਲਈ ਇਹ ਬੜਾ ਚੰਗਾ ਮੌਕਾ ਸੀ, ਜਿਹੜੇ ਕਿ ਉਸ ਨੇ ਆਪਣੇ ਮਹਾਨ ਲੇਖਾਂ ਵਿਚ ਲਾਰਡ ਕਲਾਈਵ ਤੇ ਵਾਰਨ ਹੇਸਟਿੰਗਜ਼ ਸੰਬੰਧੀ ਲਿਖੇ ਹਨ, ਕਿ ਉਸ ਮੁਗਲ ਦਰਬਾਰ ਦੀਆਂ ਸ਼ਾਨਦਾਰ ਤੇ ਉਚੀਆਂ ਗਲਾਂ ਨੂੰ ਖਾਸ ਤੌਰ ਤੇ ਸਲਾਹਿਆ ਹੈ ਤੇ ਨਾਲ ਹੀ ਉਸ ਦੇ ਅਮੀਰਾਂ ਵਜ਼ੀਰਾਂ ਦੀ ਪ੍ਰਸੰਸਾ ਵੀ ਕੀਤੀ ਹੈ। ਉਹਨੇ ਸਚ ਹੀ ਤਾਂ ਕਿਹਾ ਹੈ—ਅਣਗਿਣਤ ਬੰਦੇ ਤੇ ਬਹੁ-ਮੁਲੀ ਤੇ ਕੀਮਤੀ ਸਜਾਵਟ, ਜਿਸ ਨੇ ਕਿ ਦਿਲੀ ਦੇ ਤਖਤ ਨੂੰ ਚੌਹੀਂ ਪਾਸੀਂ ਘੇਰ ਰਖਿਆ ਸੀ, ਉਸ ਨੇ ਉਹਨਾਂ ਅੱਖਾਂ ਨੂੰ ਵੀ ਚੁੰਧਿਆ ਦਿਤਾ, ਜਿਨ੍ਹਾਂ ਨੇ ਕਿ ਵਰਸੇਲਜ਼ ਦੀ ਸ਼ਾਨ ਸ਼ੌਕਤ ਦੇਖੀ ਹੋਈ ਸੀ। ਉਹ ਵੱਡੇ ਵੱਡੇ ਵਾਇਸਰਾਏ, ਜਿਨ੍ਹਾਂ ਨੂੰ ਕਿ ਮੁਗਲ ਹਕੂਮਤ ਵਲੋਂ ਉਹਨਾਂ ਦੇ ਗੁਣਾਂ ਕਾਰਨ ਚੰਗੇ ਅਹੁਦੇ ਮਿਲੇ ਹੋਏ ਸਨ, ਉਹਨਾਂ ਨੇ ਏਨੇ ਲੋਕਾਂ ਤੇ ਹਕੂਮਤ ਕੀਤੀ ਜਿੰਨਿਆਂ ਤੇ ਜਰਮਨ ਜਾਂ ਫਰਾਂਸ ਦੇ ਬਾਦਸ਼ਾਹਾਂ ਨੇ। ਇਨ੍ਹਾਂ ਮੁਖਤਿਆਰਾਂ ਦੇ ਅਧੀਨ ਮੁਖਤਿਆਰਾਂ

Sri Satguru Jagjit Singh Ji eLibrary NamdhariElibrary@gmail.com

ਨੇ, ਜਿਹੜੇ ਕਿ ਚੰਗੇ ਅਹੁਦਿਆਂ ਤੇ ਸਨ ਤੇ ਜਿਨ੍ਹੀ ਕੁ ਉਹਨਾਂ ਮਾਲੀਏ ਤੇ ਇਲਾਕੇ ਦੀ ਹਦ ਮਿਥੀ ਹੋਈ ਸੀ ਤੇ ਏਨੀ ਸ਼ਾਨ ਨਾਲ ਕਿ ਡਿਊਕ ਆਫ ਟਸਕਨੀ ਤੇ ਇਲੈਕਟਰ ਆਫ਼ ਸੈਕਸਨੀ।"

ਇਹ ਸਾਡੀ ਔਲਾਦ ਦੀ ਬਦਕਿਸਮਤੀ ਹੈ ਕਿ ਲਾਰਡ ਮੈਕਾਲੇ ਨੇ ਭਾਰਤ ਦਾ ਕੋਈ ਇਤਿਹਾਸ ਨਹੀਂ ਰਚਿਆ, ਇਹ ਕੰਮ ਉਸ ਲਈ ਏਨਾ ਸੋਹਣਾ ਤੇ ਸੁਆਦੀ ਸੀ ਕਿ ਉਹ ਇਸ ਨੂੰ ਕਰਨ ਲਈ ਆਪਣਾ ਪੂਰਾ ਪੂਰਾ ਉਤਸ਼ਾਹ ਇਸ ਵਿਚ ਲਾ ਦਿੰਦਾ। ਜੇ ਕਰ ਇਹ ਮਹਾਨ ਸਿਆਣਾ ਇਸ ਦੇਸ਼ ਦਾ ਇਤਿਹਾਸ ਲਿਖਣ ਲਈ ਕਲਮ ਚੁਕਦਾ ਤਾਂ ਇਹ ਕਦੀ ਵੀ ਨਹੀਂ ਸੀ ਹੋ ਸਕਦਾ ਕਿ ਉਹ ਸੰਸਾਰ ਦੇ ਸਾਹਮਣੇ ਤਸਵੀਰ ਦਾ ਦੂਜਾ ਪਾਸਾ ਨਾ ਰਖਦਾ। ਉਸ ਦਾ ਇਹ ਕੰਮ ਸੀ ਕਿ ਉਹ ਸਾਨੂੰ ਇਤਲਾਹ ਦੇਂਦਾ ਕਿ ਸ਼ਾਹੀ ਦਰਬਾਰ ਨੂੰ ਹਕੂਮਤ ਦਾ ਖਰਚ ਤੋਰਨ ਲਈ ਪੈਸਾ ਕਿਵੇਂ ਤੇ ਕਿਥੋਂ ਆਉਂਦਾ ਸੀ ਜਾਂ ਉਹਨਾਂ ਸੂਬਿਆਂ ਦੇ ਵਾਇਸਰਾਇਆਂ ਬਾਰੇ ਦਸਦਾ ਕਿ ਉਹ ਆਪਣੇ ਮਹਲਾਂ ਦੀ ਸਜਾਵਟ ਲਈ ਤੇ ਆਏ ਪ੍ਰਾਹੁਣਿਆਂ ਲਈ ਕਿਥੋਂ ਪੈਸਾ ਲਿਆਉਂਦੇ ਸਨ ਤੇ ਇਸ ਪੈਸੇ ਨੂੰ ਇਕੱਠਾ ਕਰਨ ਲਈ ਕਿਹੜੇ ਕਿਹੜੇ ਢੰਗ ਵਰਤੇ ਜਾਂਦੇ ਸਨ, ਜਿਨ੍ਹਾਂ ਨਾਲ ਕਿ ਸ਼ਾਹੀ ਘਰਾਣੇ ਤੇ ਦੂਜੇ ਗਵਰਨਰਾਂ ਦੇ ਖਰਚ ਚਲਦੇ ਸਨ। ਕੀ ਇਹ ਕਦੀ ਸ਼ਾਹੀ ਘਰਾਣੇ ਦੇ ਕੰਨਾਂ ਤਕ ਇਕ ਦੁਖੀ ਔਰਤ ਦੀ ਕਹਾਣੀ ਪੁਜੀ ਸੀ ਕਿ ਉਸ ਰਾਤ ਕਿਵੇਂ ਗੁਜ਼ਾਰੀ ਹੈ; ਜਿਹੜੀ ਕਿ ਮਹਲ ਤੋਂ ਸਿਰਫ਼ ਅੱਧ ਮੀਲ ਦੀ ਵਿਥ ਤੇ ਹੀ ਰਹਿੰਦੀ ਸੀ। ਕੀ ਇਹ ਕਦੀ ਪਤਾ ਲਗ ਸਕਿਆ ਸੀ ਕਿ ਉਹ ਬੁਢੀ ਇਸਤਰੀ ਸ਼ਾਹੀ ਨੌਕਰਾਂ ਹਥੋਂ ਸਤਾਈ ਗਈ ਸੀ। ਜਾਂ ਇਕ ਜਾਗੀਰਦਾਰ ਪਾਸੋਂ ਜਾਂ ਇਕ ਸਰਕਾਰੀ ਅਫਸਰ ਪਾਸੋਂ ? ਕੀ ਇਹੋ ਜਿਹੀਆਂ ਗਲਾਂ ਨਹੀਂ ਸਨ ਹੁੰਦੀਆਂ ਕਿ ਉਸ ਆਪਣੀ ਰਾਤ ਆਹਾਂ ਭਰਦਿਆਂ ਤੇ ਤਕਲੀਫ ਵਿਚ ਲੰਘਾਈ ? ਕੀ ਕਦੀ ਉਸ ਦੇ ਨਿਕੇ ਜਿਹੇ ਅੰਨ੍ਹੇਰੇ ਕਮਰੇ ਵਿਚ ਦੀਵਾ ਬਲਿਆ ਸੀ ਕਿ ਉਹ ਆਪਣੇ ਦੁਖੀ ਮਨ ਨੂੰ ਕੋਈ ਤਸੱਲੀ ਦੇ ਸਕਦੀ ? ਕੀ ਕਦੀ ਸ਼ਹਿਰ ਦੇ ਮੁਖੀ ਨੇ ਕਦੀ ਇਹ ਪੜਤਾਲਣ ਦੀ ਕੋਸ਼ਸ਼ ਕੀਤੀ ਸੀ ਕਿ ਉਸ ਤੋਂ ਥੋੜੀ ਹੀ ਦੂਰ ਇਕ ਕਿਸਾਨ ਦੀ ਝੌਂਪੜੀ ਵਿਚ ਕੀ ਕੁਝ ਬੀਤ ਰਿਹਾ ਹੈ। ਜਿਹੜਾ ਕਿ ਉਸ ਦੇ ਨੌਕਰਾਂ ਦੇ ਜ਼ੁਲਮਾਂ ਦਾ ਸ਼ਿਕਾਰ ਹੋਇਆ ਹੋਇਆ ਸੀ। ਕੁਝ ਅਜੇਹੀਆਂ ਉਦਾਹਰਣਾਂ ਸਾਡੇ ਪਾਸ ਹਨ, ਜਿਨ੍ਹਾਂ ਨੇ ਕਿ ਆਪਣੀ ਪਰਜਾ ਨੂੰ ਵਧ ਤੋਂ ਵਧ ਸੁਖ ਦੇਣ ਦੀ ਕੋਸ਼ਿਸ਼ ਕੀਤੀ ਤੇ ਉਹ ਹਨ, ਅਸ਼ੋਕ, ਬਿਕਰਮਾਜੀਤ ਤੇ ਅਕਬਰ ਜਿਨ੍ਹਾਂ ਦੇ ਰਾਜ-ਕਾਲ ਵਿਚ ਭਾਰਤ ਵਿਚ ਕਾਫ਼ੀ ਖੁਸ਼ਹਾਲੀ ਤੇ ਤਰੱਕੀ ਹੋਈ ਤੇ ਜਿਨ੍ਹਾਂ ਦੇ ਪਾਏ ਪੂਰਨਿਆਂ ਤੇ ਕਈ ਹੋਰਨਾਂ ਨੇ ਵੀ ਚਲਣ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਬਾਦਸ਼ਾਹਾਂ ਦੀ ਇਜ਼ਤ ਹਰ ਪਰਾਣੀ ਦੇ ਦਿਲ ਵਿਚ ਹੈ। ਇਨ੍ਹਾਂ ਦੇ ਮਹਾਨ ਨਾਂ ਹਮੇਸ਼ਾ ਹੀ ਲੋਕਾਂ ਦੇ ਦਿਲਾਂ ਵਿਚ ਉਕਰੇ ਰਹਿਣਗੇ ਕਿਉਂਕਿ ਇਨ੍ਹਾਂ ਰਾਹੀਂ ਹੀ ਦੇਸ਼ ਤੇ ਲੋਕਾਂ ਨੇ ਤਰੱਕੀ ਕੀਤੀ। ਪਰ ਅਜੇਹੀ ਕਿਸਮ ਦੇ ਬਾਦਸ਼ਾਹ ਬਹੁਤ ਹੀ ਘਟ ਹਨ ਤੇ ਜਿਹੜੇ ਹਨ, ਉਹ ਵੀ ਉਂਗਲਾਂ ਤੇ ਗਿਣੇ ਜਾ ਸਕਦੇ ਹਨ।

ਮੈਂ ਤੁਹਾਨੂੰ ਉਸ ਮਹਾਨ ਮੁਗਲ ਹਕੂਮਤ ਬਾਰੇ ਸਭ ਕੁਝ ਦਸਿਆ ਹੈ ਜਿਹੜੀ ਕਿ ਅਖੀਰ

Sri Satguru Jagjit Singh Ji eLibrary NamdhariElibrary@gmail.com

ਇਕ ਤਨਖਾਹਦਾਰ ਤੇ ਕਠ ਪੁਤਲੀ ਬਣ ਕੇ ਰਹਿ ਗਈ ਸੀ । ਇਸ ਤੋਂ ਸਾਨੂੰ ਕੀ ਪਤਾ ਲਗਦਾ ਹੈ ? ਸਿਰਫ ਇਹੀ ਕਿ ਉਸ ਵੇਲੇ ਰਿਸ਼ਵਤ ਖੋਰੀ, ਲੁਟ ਮਾਰ, ਧਕਾ ਜ਼ੋਰੀ ਦੇਸ਼ ਦੇ ਹਰ ਪਾਸੇ ਪਸਰਿਆ ਪਿਆ ਸੀ । ਹਰ ਕਿਸਮ ਦੀ ਬਦਅਮਨੀ ਤੇ ਰੌਲਾ ਸਾਰੇ ਦੇਸ਼ ਦੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਨਜ਼ਰ ਆ ਰਿਹਾ ਸੀ । ਦੇਸ਼ ਵਿਚ ਹਰ ਪਾਸੇ ਸੁੰਨ ਮਸੁੰਨ, ਪਾਪ, ਜ਼ੁਲਮ ਤੇ ਬਦਕਾਰੀ ਫੈਲੀ ਹੋਈ ਸੀ । ਲੜਾਈ ਝਗੜਾ ਵਧ ਚੁਕਾ ਸੀ ਤੇ ਬਗ਼ਾਵਤਾਂ ਹਰ ਪਾਸੇ ਆਪਣਾ ਸਿਰ ਉਠਾ ਰਹੀਆਂ ਸਨ । ਪੈਸਾ, ਜਿਹੜਾ ਕਿ ਅਮੀਰਾਂ ਤੇ ਬਾਦਸ਼ਾਹਾਂ ਦੇ ਮਹਲਾਂ ਵਿਚ ਪਾਣੀ ਵਾਂਗ ਖਰਚ ਕੀਤਾ ਜਾਂਦਾ ਸੀ, ਉਹ ਉਹਨਾਂ ਦੇਸ਼ ਅੰਦਰਲੇ ਗਰੀਬ ਤੇ ਅਧੀਨ ਲੋਕਾਂ ਪਾਸੋਂ ਖੋਹਿਆ ਜਾਂਦਾ ਸੀ । ਜ਼ਮੀਨ ਠੇਕੇਦਾਰਾਂ ਨੂੰ ਦੇ ਦਿਤੀ ਗਈ ਸੀ, ਜਿਹੜੇ ਕਿ ਆਪਣੇ ਲਾਲਚ ਨੂੰ ਪੂਰਿਆਂ ਕਰਨ ਲਈ ਹਰ ਤਰ੍ਹਾਂ ਦੇ ਯੋਗ ਅਯੋਗ ਜ਼ੁਲਮਾਂ ਦੀ ਵਰਤੋਂ ਕਰਨ ਤੋਂ ਸੰਕੋਚ ਨਹੀਂ ਸਨ ਕਰਦੇ ਤੇ ਇਸ ਦੇ ਬਦਲੇ ਵਿਚ ਉਹ ਠੇਕੇਦਾਰ ਸ਼ਾਹੀ ਘਰਾਣੇ ਦੇ ਸ਼ਾਹੀ ਖਰਚਾਂ ਲਈ ਆਪਣੀ ਲੁਟ ਮਾਰ ਵਿਚੋਂ ਇਕ ਖਾਸ ਹਿਸਾ ਦੇਂਦੇ ਸਨ ਜਿਹੜਾ ਕਿ ਉਸ ਵੇਲੇ ਤਖਤ ਦਾ ਵਾਰਸ ਹੁੰਦਾ ਸੀ । ਬੜੇ ਬੇਰਹਿਮੀ ਢੰਗ ਨਾਲ ਕਤਲ ਕੀਤਾ ਜਾਂਦਾ ਸੀ, ਡਕੈਤੀਆਂ ਹੁੰਦੀਆਂ ਸਨ ਪਰ ਕੋਈ ਵੀ ਪੁਛ ਪਰਤੀਤ ਨਹੀਂ ਸੀ ਹੁੰਦੀ । ਇਜ਼ਤਾਂ, ਇਨਸਾਫ ਤੇ ਅਹੁਦਿਆਂ ਨੂੰ ਵੇਚਿਆ ਤੇ ਖਰੀਦਿਆ ਜਾਂਦਾ ਸੀ । ਦੇਸ਼ ਦੇ ਹੁਕਮਰਾਨ ਭੋਗ ਵਿਲਾਸ ਤੇ ਬੁਰੇ ਕੰਮਾਂ ਵਿਚ ਪਏ ਹੋਏ ਸਨ ਤੇ ਉਹ ਬਹੁਤ ਹੀ ਡੂੰਘੇ ਤਬਾਹੀ ਦੇ ਟੋਏ ਵਿਚ ਡਿਗ ਰਹੇ ਸਨ । ਉਹਨਾਂ ਨੇ ਆਪਣੇ ਆਪ ਨੂੰ ਨਕੰਮੇ ਵਿਹਲੜ ਤੇ ਲੁਚੇ ਲਫੰਗੇ ਮੁਫਤ ਖੋਰਿਆਂ ਦੇ ਹੱਥਾਂ ਵਿਚ ਸੁਟ ਛਡਿਆ ਸੀ । ਜਿਹੜੇ ਕਿ ਆਪ ਵੀ ਭੈੜੀਆਂ ਆਦਤਾਂ ਦੇ ਅਧੀਨ ਹੋ ਚੁਕੇ ਸਨ । ਨਾਈ, ਸਾਰੰਗੀਏ, ਖੁਸਰੇ, ਬਾਜ਼ੀਗਰਾਂ ਆਦਿ ਨੇ ਥੋੜੀ ਜਿਹੀ ਤਾਕਤ ਫੜ ਲਈ ਤੇ ਬਦੋ ਬਦੀ ਸ਼ਾਹੀ ਹੱਕ ਅਪਣਾ ਲਏ । ਕਿਸੇ ਵੇਲੇ ਕੋਈ ਕਠ ਪੁਤਲੀ ਰਾਜਾ ਬਣਾ ਦਿਤਾ ਜਾਂਦਾ ਸੀ ਜਿਸ ਨਾਲ ਅਮੀਰਾਂ ਦਾ ਕੰਮ ਚਲਦਾ ਰਹੇ । ਜਾਂ ਤਾਂ ਉਹ ਨਾ ਤਜਰਬੇਕਾਰ ਨੌਜਵਾਨ ਹੁੰਦਾ, ਜਿਹੜਾ ਕਿ ਜ਼ਨਾਨ ਖਾਨੇ ਦਾ ਇਕ ਦਿਲ ਪਰਚਾਵਾ ਹੁੰਦਾ । ਫਿਰ ਉਹ ਮਹਿਲਾਂ ਦੇ ਅਰਾਮ ਵਿਚ ਗੁੰਮ ਹੋ ਜਾਂਦਾ ਤੇ ਜਿਸ ਨੂੰ ਹਕੂਮਤ ਦੇ ਮਾਮਲੇ ਨਾ ਭਾਉਂਦੇ ਤੇ ਜਾਂ ਫਿਰ ਕੋਈ ਕਬਰ ਕਿਨਾਰੇ ਬੁਢੜਾ ਜਿਹੜਾ ਕਿ ਸਿਰਫ ਆਪਣੀ ਕਮਜ਼ੋਰੀ ਵਿਚ ਹੀ ਮਸਤ ਹੁੰਦਾ ਸੀ । ਗਰੀਬ ਲੋਕਾਂ ਪਾਸੋਂ ਖੋਹੀ ਹੋਈ ਦੌਲਤ, ਸ਼ਾਹੀ ਖਾਣਿਆਂ, ਖੇਡਾਂ ਤੇ ਜਲਸਿਆਂ ਦੀ ਸ਼ਾਨ ਆਦਿ ਤੇ ਖਰਚ ਕੀਤੀ ਜਾਂਦੀ ਸੀ । ਇਸ ਨਾਲ ਘੋੜਿਆਂ ਦੀਆਂ ਕਾਠੀਆਂ ਜਾਂ ਹਾਥੀਆਂ ਦੇ ਹੁਦੇ ਸੋਨੇ ਆਦਿ ਦੇ ਬਣਾ ਕੇ ਸਜਾਏ ਜਾਂਦੇ ਸਨ । ਸੰਖੇਪ ਵਿਚ ਇਹ ਕਿ ਜਿਹੜੀ ਵੀ ਰਦੀ ਤੋਂ ਰਦੀ ਤੇ ਸ਼ਾਨਦਾਰ ਤੋਂ ਸ਼ਾਨਦਾਰ ਗਲ ਹੋ ਸਕਦੀ ਸੀ, ਅਰਥਾਤ, ਸ਼ਾਹੀ ਨਿੱਜੀ ਨੌਕਰਾਂ ਦੀ ਤਨਖਾਹ ਤੇ ਭਤਿਆਂ ਵਿਚ ਸ਼ਾਨਦਾਰ ਵਾਧਾ, ਗਾਇਕਾਂ ਦੀਆਂ ਟੋਲੀਆਂ, ਗਵਈਏ, ਨਾਚੀਆਂ, ਝੋਲੀ ਚੁੱਕਾਂ ਤੇ ਲੁਟੇਰਿਆਂ ਦਾ ਕੋਈ ਬਹੁ ਪਤਾ ਹੀ ਨਹੀਂ ਸੀ ਹੁੰਦਾ ਕਿ ਉਹ ਕਿਵੇਂ ਪੈਸੇ ਨੂੰ ਹਥਿਆ ਲਿਆਉਂਦੇ ਹਨ । ਬਾਦਸ਼ਾਹ ਦਾ ਦਰਬਾਰ ਸਾਰੀਆਂ ਚਾਲਾਂ ਦਾ ਕੇਂਦਰ ਹੁੰਦਾ ਸੀ ।

ਮੰਤਰੀ ਆਪੋ ਵਿਚ ਪਾਟੇ ਪਏ ਸਨ ਤੇ ਪਾਰਟੀ ਬਾਜ਼ੀ ਬੜੀ ਵੱਧ ਚੁੱਕੀ ਸੀ। ਸੂਬਿਆਂ ਦੇ ਰਾਜ ਪਾਲਾਂ ਤੇ ਉਹਨਾਂ ਦੇ ਅਧੀਨ ਅਮੀਰਾਂ ਨੇ, ਜਿਹੜੇ ਕਿ ਉਸ ਵੇਲੇ ਦੇਸ਼ ਦੇ ਵਖੋ ਵਖ ਸੂਬਿਆਂ ਦੇ ਮੁਖੀ ਸਨ, ਆਪਣੀ ਆਜ਼ਾਦ ਸਰਕਾਰ, ਸਿਰਫ ਲੁਟ ਮਾਰ ਤੇ ਧੋਖੇ ਬਾਜ਼ੀ ਤੇ ਸਥਾਪਤ ਕਰਨੀ ਚਾਹੀ। ਸਰਕਾਰ ਨੂੰ ਜ਼ਾਲਮ, ਲੁਟੇਰੀ ਦੇ ਨਾਂ ਨਾਲ ਪੁਕਾਰਿਆ ਤੇ ਨਫਰਤ ਨਾਲ ਦੇਖਿਆ ਜਾਂਦਾ ਸੀ। ਅੰਦਰੂਨੀ ਝਗੜੇ ਤੇ ਰੌਲੇ, ਲਗਾਤਾਰ ਮਾਰ ਧਾੜ ਤੇ ਬਦ ਅਮਨੀ ਨੇ ਅਖੀਰ ਤੈਮੂਰ ਦੀ ਵਡੀ ਹਕੂਮਤ ਨੂੰ ਮਲੀਆ ਮੇਟ ਕਰ ਹੀ ਦਿਤਾ। ਲਾਹੌਰ ਦਾ ਦਰਬਾਰ, ਜਦੋਂ ਕਿ ਉਥੇ ਰਣਜੀਤ ਸਿੰਘ ਵਰਗਾ ਸਿਆਣਾ ਰਾਜਾ ਹਕੂਮਤ ਕਰਨ ਯੋਗ ਨਾ ਰਿਹਾ, ਤਾਂ ਉਹ ਵੀ ਦਿਲੀ ਦਰਬਾਰ ਨਾਲੋਂ ਬੁਰੀ ਹਾਲਤ ਵਿਚ ਖਤਮ ਹੋ ਗਿਆ; ਜਦੋਂ ਕਿ ਬਹਾਦਰ ਸ਼ਾਹ ਦਿਲੀ ਦੇ ਤਖਤ ਤੇ ਔਰੰਗਜ਼ੇਬ ਦਾ ਵਾਰਸ ਸੀ। ਸਚਾਈ ਫਿਰ ਵੀ ਸਚਾਈ ਹੀ ਰਹਿੰਦੀ ਹੈ ! ਉਸ ਨੂੰ ਲੁਕਾ ਕੇ ਰਖਣਾ ਅਯੋਗ ਹੈ, ਤੇ ਮੁਮਕਿਨ ਹੈ ਕਿ ਇਸ ਲੁਕਾਉਣ ਨਾਲ ਲੋਕਾਂ ਨੂੰ ਕੋਈ ਮਹਾਨ ਨੁਕਸਾਨ ਪੁਜ ਸਕੇ। ਇਸ ਲਈ ਸਚਾਈ ਜ਼ਰੂਰ ਵਧਣੀ ਚਾਹੀਦੀ ਹੈ ਤੇ ਉਹ ਵੀ ਚੰਗੀ ਤਰ੍ਹਾਂ ਨੰਗੇ ਰੂਪ ਵਿਚ, ਤਾਕਿ ਹੋਰ ਲੋਕੀਂ ਇਤਿਹਾਸ ਨੂੰ ਪੜ੍ਹ ਕੇ ਕੁਝ ਸਿਖਿਆ ਹਾਸਲ ਕਰ ਸਕਣ। ਬਾਬਰ ਦੀ ਹਿੰਮਤ ਤੇ ਸਿਆਣਪ ਨਾਲ ਸਥਾਪਤ ਹੋਈ ਮੁਗ਼ਲ ਹਕੂਮਤ ਪਲਾਂ ਵਿਚ ਮਿਟੀ ਦਾ ਢੇਰ ਹੋ ਗਈ ਤੇ ਰਣਜੀਤ ਸਿੰਘ ਨੇ ਮੁਗ਼ਲਾਂ ਦੀਆਂ ਢਠੀਆਂ ਮਾੜੀਆਂ ਤੇ ਰਾਜ ਦਾ ਮਹਲ ਉਸਾਰਿਆਂ ਤਾਂ ਉਹ ਵੀ ਆਪਣੇ ਸਮੇਂ ਨਾਲ ਆਪ ਹੀ ਢਹਿ ਪਿਆ। ਹੁਣ ਉਹ ਵਡੇ ਵਡੇ ਵਿਅਕਤੀ ਕਿਥੇ ਗਏ ਜਿਨ੍ਹਾਂ ਦੇ ਸਾਹਮਣੇ ਵਡੇ ਵਡੇ ਅਮੀਰ ਵਜ਼ੀਰ ਕੰਬਦੇ ਸਨ ? ਉਹ ਵਡੇ ਮੁਗ਼ਲ ਕਿਥੇ ਹਨ, ਜਿਹੜੇ ਕਿ ਮੋਰ ਨਾਮੀਂ ਕੀਮਤੀ ਤਖਤ ਤੇ ਬੈਠ ਕੇ ਹਕੂਮਤ ਕਰਦੇ ਸਨ ਤੇ ਜਿਨ੍ਹਾਂ ਆਪਣੇ ਅਗੇ ਭਾਰਤ ਦੀਆਂ ਨਿਕੀਆਂ ਨਿਕੀਆਂ ਹਕੂਮਤਾਂ ਦੇ ਆਗੂਆਂ ਨੂੰ ਆਪਣੇ ਜ਼ੋਰ ਨਾਲ ਦਬਾ ਲਿਆ। ਅਜ ਉਹ ਬਹਾਦਰ ਕਿਥੇ ਹਨ ਜਿਨ੍ਹਾਂ ਦੇ ਹਥਾਂ ਵਿਚ ਸੋਨੇ ਦੀਆਂ ਮੁਠਾਂ ਵਾਲੇ ਡੰਡੇ ਸਨ ਤੇ ਜਿਨ੍ਹਾਂ ਨੇ ਮਸ਼ਹੂਰ ਸ਼ਿਵਾ ਜੀ ਮਰਹਟਾ ਨੂੰ ਔਰੰਗਜ਼ੇਬ ਸਾਹਮਣੇ ਝੁਕਾਇਆ ਸੀ, ਜਿਉਂ ਜਿਉਂ ਉਹ ਮਰਹਟਾ ਸਰਦਾਰ ਆਪਣਾ ਇਕ ਇਕ ਕਦਮ ਚੁਕਦਾ ਤੇ ਬਾਦਸ਼ਾਹ ਅਗੇ ਜਾਕੇ ਸਲਾਮ ਕਹਿਣੀ ਚਾਹੁੰਦਾ ਸੀ, ਤਿਉਂ ਤਿਉਂ ਉਹ ਉੱਚੀ ਉੱਚੀ ਬੋਲੀ ਜਾਂਦੇ ਸਨ–ਸੰਸਾਰ ਦਾ ਮੁਖੀ, ਕੌਮਾਂ ਦਾ ਆਗੂ, ਸੰਸਾਰ ਵਿਜੇਈ, ਸ਼ਾਹਾਂ ਦਾ ਸ਼ਾਹ ਬਾਦਸ਼ਾਹ ਸਲਾਮਤ ਆ ਰਹੇ ਹਨ। ਉਹ ਹੁਣ ਸਾਰੇ ਮਿਟੀ ਵਿਚ ਮਿਲ ਮਿਟੀ ਹੋ ਗਏ ਹਨ। ਬਾਕੀ ਹੁਣ ਕੁਝ ਨਹੀਂ ਰਹਿ ਗਿਆ, ਸਵਾਏ ਉਹਨਾਂ ਦੀਆਂ ਚੰਗਿਆਈਆਂ ਜਾਂ ਬੁਰਿਆਈਆਂ ਦੇ। ਇਕ ਸਭਯ ਤੇ ਸਿਆਣੀ ਕੌਮ ਪਛਮ ਵਿਚੋਂ ਉਠੀ, ਜਿਹੜੀ ਕੇ ਸੰਸਾਰ ਵਿਚ ਆਦਮੀਅਤ ਨਾਲ ਪਿਆਰ ਤੇ ਮਿਹਰ ਕਰਨ ਦੇ ਮਾਮਲੇ ਵਿਚ ਸਭ ਨਾਲੋਂ ਵਡੀ ਹੈ, ਤੇ ਕੁਦਰਤ ਦੇ ਹੁਕਮ ਨਾਲ, ਉਹ ਇਸ ਵਡੇ ਸਾਰੇ ਇਲਾਕੇ ਵਿਚ ਹਕੂਮਤ ਕਰਨ ਲਈ ਆਈ। ਇਸ ਦਾ ਏਥੇ ਆਉਣ ਦਾ ਮੁਖ ਕਾਰਨ ਸੀ, ਰਬ ਦੇ ਬੰਦਿਆਂ ਨੂੰ ਪਨਾਹ ਦੇਣੀ, ਕਮਜ਼ੋਰਾਂ ਦੀ ਰਖਿਆ ਕਰਨੀ, ਜ਼ਾਲਮ ਨੂੰ ਉਸ ਦੇ ਕੀਤੇ ਦਾ ਬਦਲਾ ਦੇਣਾ, ਅਨਪੜ੍ਹਤਾ ਤੇ ਅਸਭਿਅਤਾ ਨੂੰ ਦੂਰ ਕਰਕੇ ਪੜ੍ਹਾਈ

Sri Satguru Jagjit Singh Ji eLibrary NamdhariElibrary@gmail.com

ਤੇ ਸਿਖਿਆ ਦੇ ਚਾਨਣ ਨਾਲ ਇਨ੍ਹਾਂ ਲੋਕਾਂ ਦੇ ਦਿਮਾਗਾਂ ਨੂੰ ਚਮਕਾਉਣਾ। ਉਹ ਆਪਣਾ ਸੰਸਾਰ ਵਿਚ ਮੁਖ ਕਾਰਜ ਸਾਧਨ ਲਈ ਰਬੀ ਸਦੇ ਤੇ ਏਥੇ ਆ ਪੁਜੀ ਜਿਹੜਾ ਕਿ ਕੌਮਾਂ ਦੇ ਭਲੇ ਹਿਤ ਰਬ ਨੇ ਬਣਾਇਆ ਹੈ। ਜਿਹੜੀਆਂ ਮਹਾਂ ਨ੍ਹੇਰੀਆਂ ਇਸ ਦੇਸ਼ ਦੀ ਧਰਤੀ ਤੇ ਝੁਲਦੀਆਂ ਰਹੀਆਂ ਤੇ ਉਸ ਅੰਨ੍ਹੇਰੀ ਸਦਕਾ ਇਸ ਦੇ ਪਵਿੱਤਰ ਮੰਦਰਾਂ ਦਾ ਖੰਡਨ ਕੀਤਾ ਗਿਆ, ਸ਼ਾਹੀ ਮਹਲਾਂ ਨੂੰ ਢਾਹ ਦਿਤਾ ਗਿਆ, ਇਸ ਦੀਆਂ ਉਚੀਆਂ ਆਸ਼ਾਂ ਨੂੰ ਢਾਹੁੰਦਿਆਂ ਤੇ ਸਗੋਂ ਭੁਖ ਨੰਗ ਦਾ ਰਾਜ ਫੈਲਾ ਦਿਤਾ। ਚਾਰੇ ਪਾਸੇ ਤਬਾਹੀ ਹੀ ਤਬਾਹੀ ਨਜ਼ਰ ਆਉਂਦੀ ਸੀ। ਹੁਣ ਉਹ ਸਾਰਾ ਕੁਝ ਖਤਮ ਹੋ ਚੁਕਾ ਹੈ। ਤੇ ਹੁਣ ਇਕ ਮਨ ਭਾਉਣੀ ਠੰਡੀ ਸ਼ਾਂਤ ਹਵਾ, ਜਿਸ ਨਾਲ ਕਿ ਪਛਮ (West) ਵਲੋਂ ਤਾਜ਼ੇ ਤੇ ਠੰਡੇ ਠਾਰ ਛਿੱਟੇ ਵੀ ਰਲੇ ਹੋਏ ਹਨ, ਆਏ ਤੇ ਭਾਰਤ ਦੀ ਭੁਖੀ ਤਿਹਾਈ ਧਰਤੀ ਨੂੰ ਸ਼ਾਂਤ ਕਰ ਦਿਤਾ। ਇਸ ਨਾਲ ਦੇਸ਼ ਵਿਚ ਹਰ ਪਾਸੇ ਖੁਸ਼ਬੂਆਂ ਤੇ ਫੁਲ ਖਿਲ ਉਠੇ।

ਇਕ ਵਾਰੀ ਮੁੜ ਆਸਾਂ ਉਮੀਦਾਂ ਦੇ ਖਿੰਡੇ ਪੁੰਡੇ ਬਿਰਛਾਂ ਰਾਹੀਂ ਨਵੀਂ ਸਵੇਰ ਤੇ ਨਵਾਂ ਜੀਵਨ ਸੁਰਜੀਤ ਹੋ ਆਇਆ ਹੈ ਤੇ ਉਹਨਾਂ ਬਿਰਛਾਂ ਨਾਲ ਮਿਠੇ ਮਿਠੇ ਫਲ ਵੀ ਲਗ ਗਏ ਹਨ। ਹਿੰਦੂ ਆਪਣੇ ਮੰਦਰਾਂ ਵਿਚ "ਰਾਮ ਰਾਮ" ਉਚਾਰ ਉਠੇ ਹਨ ਤੇ ਉਸ ਪ੍ਰਭੂ ਦੀ ਅਪਾਰ ਕਿਰਪਾ ਜਾਣ ਆਪਣੇ ਦੇਵਤਿਆਂ ਅਗੇ ਝੁਕ ਗਏ ਹਨ। ਮੁਸਲਮਾਨ ਆਪਣੇ ਮੱਕੇ ਵਲ ਮੂੰਹ ਕਰੀ ਮਸੀਤ ਵਿਚ ਦੁਹਰਾ ਰਹੇ ਹਨ—ਅਲਾਹ; ਅਲਾਹ; ਬਤੌਰ ਇਕ ਸਚੇ ਤੇ ਪਾਕ ਮੁਸਲਮਾਨ ਹੋਣ ਦੇ ਨਾਤੇ ਤੇ ਸਿਖ, ਆਪਣੇ ਪਵਿਤਰ ਗਰੰਥ ਸਾਹਿਬ ਤੇ ਚੌਰੀ ਝੁਲਦਾ ਹੋਇਆ ਵਾਹਿਗੁਰੂ, ਵਾਹਿਗੁਰੂ ਦਾ ਜਾਪ ਜਪ ਰਿਹਾ ਹੈ ਤਾਂ ਕਿ ਉਹ, ਉਸ ਦੇ ਦੁਨਿਆਵੀ ਕੰਮਾਂ ਵਿਚ ਯੋਗ ਸਹਾਇਤਾ ਕਰ ਸਕੇ। ਸਾਡਾ ਹੁਣ ਦਾ ਸਮਾਂ ਕਿਡਾ ਅਮਨ ਤੇ ਖੁਸ਼ਹਾਲੀ ਵਾਲਾ ਸਮਾਂ ਹੈ। ਇਹ ਸਮਾਂ ਤਾਂ ਨੌਸ਼ੇਰਵਾਂ ਦੇ ਇਨਸਾਫ-ਕਾਲ ਨਾਲੋਂ ਵੀ ਵੱਡਾ ਹੈ ਤੇ ਹਾਰੂਨ ਅਲਰਸ਼ੀਦ ਦੀ ਸ਼ਾਨ ਨਾਲੋਂ ਉਚਾ ਹੈ ਤੇ ਹੁਣ ਅਸੀਂ ਪੂਰਬ ਦੇ ਇਤਿਹਾਸਕ ਦੇਸ਼ ਨਾਲੋਂ ਕਿਸੇ ਗਲੋਂ ਵੀ ਘਟ ਨਹੀਂ।

ਮੇਰੇ ਨੌਜਵਾਨ ਦੇਸ਼ ਵੀਰੋ! ਤੁਸੀਂ, ਜਿਹੜੇ ਕਿ ਵਿਦਿਅਕ ਸੰਸਥਾਵਾਂ ਦੇ ਫੁਲ ਹੋ, ਜਿਹੜੇ ਕਿ ਬਰਤਾਨਵੀ ਸਰਕਾਰ ਦੀ ਕਿਰਪਾ ਨਾਲ ਸਥਾਪਤ ਹੋਏ ਸਨ, ਤੁਸੀਂ ਜਿਹੜੇ ਕਿ, ਸਾਡੇ ਮਰਨ ਮਗਰੋਂ, ਸਾਡੀ ਥਾਂ ਲਵੋਗੇ ਤੇ ਜਿਨ੍ਹਾਂ ਵਿਚ ਸਾਡੇ ਭਵਿਖ ਦੀਆਂ ਉਮੀਦਾਂ ਲਗੀਆਂ ਹੋਈਆਂ ਹਨ, ਮੈਂ ਕਹਿੰਦਾ ਹਾਂ ਕੀ ਤੁਸੀਂ ਉਸ ਪ੍ਰਭੂ ਦਾ ਧੰਨਵਾਦ ਨਹੀਂ ਕਰੋਗੇ? ਇਸ ਮੇਰੀ ਪੁਸਤਕ ਨੂੰ ਪੜ੍ਹ ਕੇ ਤੁਹਾਡੇ ਉਹ ਦੁਖਾਂ ਭਰੇ ਦਿਨ ਹੁਣ ਲੰਘ ਗਏ ਹਨ। ਕੀ ਤੁਸੀਂ ਅਜੇ ਵੀ ਇਹ ਖਿਆਲ ਕਰਦੇ ਹੋ ਕਿ ਤੁਹਾਡਾ ਮੁਲਕ ਸਦਾ ਹੀ ਫੁੱਲਾਂ ਭਰਿਆ (ਖੁਸ਼ੀਆਂ ਭਰਪੂਰ) ਦੇਸ਼ ਸੀ ? ਜਿਹੋ ਜਿਹਾ ਹੁਣ ਤੁਸੀਂ ਦੇਖ ਰਹੇ ਹੋ ? ਤੁਹਾਡਾ ਮੁਲਕ, ਆਪਣੀ ਅਵਸਥਾ ਕਾਰਨ; ਬਾਹਰਲੇ ਖਤਰਿਆਂ ਤੋਂ ਖਾਲੀ ਨਹੀਂ ਸੀ, ਜਿਵੇਂ ਕਿ ਤੁਸੀਂ ਮੇਰੇ ਦਸਣ ਤੋਂ ਬਿਨਾਂ ਹੀ ਜਾਣਦੇ ਹੋ। ਕੀ ਇਹ ਹੁਣ ਬਚਿਆ ਹੋਇਆ ਨਹੀਂ ਤੇ ਕੀ ਹੁਣ ਇਹ ਹੋਰਨਾਂ ਦੇਸ਼ਾਂ ਦੇ ਟਾਕਰੇ ਤੇ ਜਿਹੜੇ ਕਿ ਬਰਤਾਨਵੀ ਰਾਜ ਦੇ ਅਧੀਨ

ਹਨ, ਖੁਸ਼ਹਾਲ ਤੇ ਵਧੇਰੇ ਤਰੱਕੀ ਕੀਤੀ। ਉਹੀ ਲੁਟੇਰੇ, ਧਾੜਵੀ ਤੇ ਡਾਕੂ ਚੋਰ, ਜਿਨ੍ਹਾਂ ਨੇ ਕਿ ਪਹਿਲਾਂ ਦੇਸ਼ ਵਿਚ ਉਧੜ ਧੁੰਮੀ ਚੁਕੀ ਹੋਈ ਸੀ, ਹੁਣ ਉਹ ਸ਼ਾਂਤ ਤੇ ਪੁਰਅਮਨ ਹਲ ਵਾਹਕ ਤੇ ਸ਼ਹਿਰੀ ਬਣ ਗਏ ਹਨ। ਉਹੀ ਧਰਤੀ ਜਿਹੜੀ ਕਿ ਪਹਿਲਾਂ ਬੇਗੁਨਾਹਾਂ ਦੇ ਲਹੂ ਨਾਲ ਭਰੀ ਰਹਿੰਦੀ ਸੀ ਜਾਂ ਜਿਹੜੀ ਚੀਤੇ ਤੇ ਸ਼ੇਰਾਂ ਦਾ ਅਸਥਾਨ ਬਣੀ ਹੋਈ ਸੀ; ਉਹੀ ਹੁਣ ਵਡੀਆਂ ਵਡੀਆਂ ਖੇਤੀਆਂ ਤੇ ਬਨਾਸਪਤੀ ਨਾਲ ਹੱਸ ਰਹੀ ਹੈ। ਉਹੀ ਘਰ, ਜਿਥੇ ਕਿ ਪਹਿਲਾਂ ਹਜ਼ਾਰਾਂ ਹੀ ਵਿਧਵਾ ਔਰਤਾਂ ਦੁਖਾਂ ਤੇ ਮੁਸੀਬਤਾਂ ਦੇ ਦਿਨ ਲੰਘਾ ਰਹੀਆਂ ਸਨ, ਜਿਵੇਂ ਕਿਤੇ ਉਹਨਾ ਦੇ ਪਤੀ ਮਾਰ ਦਿਤੇ ਜਾਂਦੇ ਸਨ ਜਾਂ ਉਹ ਦੁਖੀ ਮਾਵਾਂ, ਜਿਹੜੀਆਂ ਕਿ ਆਪਣੇ ਜਵਾਨ ਪੁਤਰਾਂ ਦੀਆਂ ਅਜਾਈਂ ਮੌਤਾਂ ਤੇ ਅਥਰੂ ਵਹਾਉਂਦੀਆਂ ਰਹਿੰਦੀਆਂ ਸਨ ਤੇ ਉਹ ਬੜੀ ਔਕੜਾਂ ਨਾਲ ਆਪਣੇ ਘਰ ਦਾ ਖਰਚ ਚਲਾਉਂਦੀਆਂ ਸਨ, ਉਹ ਹੁਣ ਜੀਵਨ ਦੀ ਕਿਸੇ ਅਨੋਖੀ ਖੁਸ਼ੀ ਵਿਚ ਲਹਿਰਾ ਝੂਮ ਰਹੀਆਂ ਹਨ। ਹੁਣ ਕਮਜ਼ੋਰ ਉੱਕਾ ਹੀ ਕਿਸੇ ਤਕੜੇ ਦੇ ਅਧੀਨ ਹੋ ਕੇ ਉਸ ਦੀਆਂ ਤਕਲੀਫਾਂ ਦਾ ਸ਼ਿਕਾਰ ਨਹੀਂ ਹੁੰਦਾ। ਇਨਸਾਫ ਹਰ ਥਾਂ ਪਰਧਾਨ ਹੈ। ਇਹ ਹਰ ਥਾਂ, ਚਾਹੇ ਉਹ ਅਮੀਰ ਦਾ ਮਹੱਲ ਹੈ, ਚਾਹੇ ਗਰੀਬ ਦੀ ਝੁਗੀ; ਇਕੋ ਹੀ ਰੂਪ ਵਿਚ ਪੁਜਦਾ ਹੈ। ਬਰਤਾਨਵੀ ਸਰਕਾਰ ਵਲੋਂ ਬਣਾਏ ਗਏ ਕਾਨੂੰਨ ਤੇ ਮਜ਼ਬੂਤ ਹੱਥ ਹਰ ਥਾਂ ਪਸਰੇ ਹੋਏ ਹਨ, ਪਰ ਉਹ ਹਥ ਤਬਾਹੀ ਲਈ ਨਹੀਂ ਸਗੋਂ ਬਚਾਉ ਲਈ ਹਨ; ਉਸ ਕਾਨੂੰਨ ਰਾਹੀਂ ਮਾੜਿਆਂ ਨੂੰ ਆਸਰਾ ਤੇ ਯੋਗ ਸਹਾਇਤਾ ਦਿਤੀ ਜਾਂਦੀ ਹੈ। ਜਨਤਾ ਖੁਸ਼ ਹੈ, ਸਬਰ ਉਸ ਦੇ ਚੌਂਹੀਂ ਪਾਸੀਂ ਪਸਰਿਆ ਪਿਆ ਹੈ, ਅਮਨ ਤੇ ਸ਼ਾਂਤੀ ਦੀ ਚਾਹਵਾਨ, ਖੁਸ਼ਹਾਲ ਤੇ ਹੁਕਮ ਵਿਚ ਚਲਣ ਵਾਲੀ ਹੈ। ਮੁਲਕ ਦੇ ਕਰ ਤੇ ਮਾਲੀਆ ਆਦਿ ਦੇਸ਼ ਦੀ ਤਾਕਤ ਨੂੰ ਪਕਿਆਂ ਕਰਦੇ ਹਨ ਤ ਇਸ ਨਾਲ ਸਰਕਾਰ ਵੀ ਪੱਕੀ ਹੁੰਦੀ ਹੈ। ਸਿਆਸੀ ਆਰਥਕਤਾ ਦੇ ਸਹੀ ਅਸੂਲ ਅਨੁਸਾਰ ਹੀ ਮਾਲ ਪਰਬੰਧ ਲਾਗੂ ਕੀਤਾ ਗਿਆ ਹੈ। ਦੇਸ਼ ਵਿਚ ਸੁਧਾਰ ਵਾਦੀ ਲਹਿਰ ਤੇ ਮਿਲ ਵਰਤੋਂ ਦੀ ਲਹਿਰ ਚਾਲੂ ਕਰਕੇ, ਇਸ ਪੰਜਾਂ ਦਰਿਆਵਾਂ ਦਾ ਦੇਸ਼ ਜਿਸ ਵਿਚ ਅਜ ਤੋਂ ਕੁਝ ਪਹਿਲਾਂ ਖਤਰਿਆਂ ਦਾ ਸਹਿਮ ਤੇ ਡਰ ਪਸਰਿਆਂ ਹੋਇਆ ਸੀ, ਹੁਣ ਭਾਰਤੀ ਸਰਕਾਰ ਲਈ ਸਹੀ ਅਰਥਾਂ ਵਿਚ ਇਕ ਖਾਸ ਤਾਕਤ ਬਣ ਗਿਆ ਹੈ। ਇਹਦੇ ਬਹਾਦਰ ਸਪੂਤਾਂ ਨੇ ਸਿਪਾਹੀ ਰੂਪ ਵਿਚ ਬਰਤਾਨਵੀ ਰਾਜ ਦੀਆਂ ਫੌਜਾਂ ਵਿਚ ਖਾਸ ਨਾਮਨਾ ਖਟਿਆ ਤੇ ਇਸ ਤਰ੍ਹਾਂ ਉਹਨਾਂ ਕਈ ਜਿੱਤਾਂ ਪਰਾਪਤ ਕੀਤੀਆਂ। ਲੋਕਾਂ ਦਾ ਸੰਤ ਸੁਭਾਈ ਜੀਵਨ ਨੇ ਸਹੀ ਤੌਰ ਤੇ ਅਮਨ ਨੂੰ ਬਣਾਈ ਰਖਣ ਵਿਚ ਸਰਕਾਰ ਦੀ ਖਾਸ ਸਹਾਇਤਾ ਕੀਤੀ ਹੈ। ਇਕੋ ਸ਼ਾਹੀ ਫੁਰਮਾਨ ਦੇ ਅਧੀਨ ਹੋ ਗਏ ਹਨ। ਭਾਰਤ ਦੀਆਂ ਵਖੋ ਵਖ ਕੌਮਾਂ ਤੇ ਜਾਤਾਂ ਨੇ ਆਪਣੇ ਆਪਣੇ ਧਰਮਾਂ ਦੇ ਵਿਤਕਰਿਆਂ ਨੂੰ ਲਾਂਭੇ ਰਖਕੇ, ਇਕ ਸਾਂਝੀ ਮਾਲਾ ਦੇ ਮਣਕੇ ਬਣ ਗਏ ਹਨ। ਉਹਨਾਂ ਨੂੰ ਵਰਾਸਤ ਦੇ ਪੂਰੇ ਪੂਰੇ ਹਕ ਦਿਤੇ ਗਏ ਹਨ ਜਿਹੜੇ ਕਿ ਉਹਨਾਂ ਨੂੰ ਮੁਢ ਕਦੀਮ ਤੋਂ ਮਿਲੇ ਹੋਏ ਹਨ। ਉਹਨਾਂ ਨੂੰ ਹਰ ਤਰ੍ਹਾਂ ਕਾਨੂੰਨ ਰਾਹੀਂ ਵਧਣ ਫੁਲਣ ਦਾ ਮੌਕ ਦਿਤਾ ਗਿਆ। ਉਹਨਾਂ ਨੂੰ ਜ਼ਿੰਦਗੀ ਦੇ ਮੋੜਾਂ ਤੇ ਚੰਗੇ ਤੇ ਯੋਗ ਅਸੂਲਾਂ ਨੂੰ ਅਪਣਾਉਣ ਵਿਚਾ

Sri Satguru Jagjit Singh Ji eLibrary NamdhariElibrary@gmail.com

# ਤਤਕਰਾ

## ਖੰਡ ਪਹਿਲਾ-ਪ੍ਰਾਚੀਨ ਸਮਾਂ-


| ਪਰਕਰਨ | | ਪੰਨਾ |
|---|---|---|
| ੧. | ਪੰਜਾਬ ਦੇ ਪਾਣੀਆਂ ਦਾ ਵਰਣਨ | ੩੪ |
| ੨. | ਦੇਸ਼ ਦੀ ਕੁਦਰਤੀ ਵਸ਼ੇਸ਼ਤਾ, ਇਸ ਦਾ ਰਕਬਾ ਵਸੋਂ, ਪੌਣ, ਪਾਣੀ, ਉਪਜ ਤੇ ਵਪਾਰ | ੪੨ |
| ੩. | ਪੰਜਾਬ ਦੇ ਮੁੱਢਲੇ ਵਸਨੀਕ | ੪੭ |
| ੪. | ਆਰੀਆਂ ਦਾ ਪੰਜਾਬ ਫ਼ਤਹ ਕਰਨਾ | ੫੪ |
| ੫. | ਪੁਰਾਤਨ ਹਿੰਦੂ | ੬੧ |
| ੬. | ਅਜਕਲ ਦੇ ਹਿੰਦੂ | ੬੯ |
| ੭. | ਪੰਜਾਬ ਵਿਚ ਬੁੱਧ ਧਰਮ | ੭੭ |
| ੮. | ਮਿਸਰ ਦੇ ਬਾਦਸ਼ਾਹ ਉਸੀਰੀਸ ਦਾ ਪੰਜਾਬ ਉਤੇ ਧਾਵਾ | ੭੯ |
| ੯. | ਮਕਦੂਨੀਆਂ ਦੇ ਬਾਦਸ਼ਾਹ—ਮਹਾਂ ਸਿਕੰਦਰ ਦੀ ਪੰਜਾਬ ਉਤੇ ਚੜ੍ਹਾਈ | ੮੬ |
| ੧੦. | ਸਕੰਦਰ ਦੀ ਮੌਤ ਤੋਂ ਲੈਕੇ ਮੁਸਲਮਾਨੀ ਹਮਲੇ ਤੀਕ | ੯੯ |


## ਖੰਡ ਦੂਜਾ—ਮੁਸਲਮਾਨੀ ਸਮਾਂ-


| | | |
|---|---|---|
| ੧. | ਸਿੰਧ ਵਿਚ ਆਏ ਪਹਿਲੇ ਮਸਲਮਾਨ ਧਾਵੇਕਾਰ | ੧੦੪ |
| ੨. | ਗਜ਼ਨਵੀ ਖਾਨਦਾਨ | ੧੦੬ |
| ੩. | ਗੌਰੀ ਖਾਨਦਾਨ | ੧੨੨ |
| ੪. | ਤਾਤਾਰੀ ਜਾਂ ਗੁਲਾਮ ਖਾਨਦਾਨ | ੧੨੪ |
| ੫. | ਤਾਤਾਰੀ ਜਾਂ ਖਿਲਜੀ ਪਰਿਵਾਰ | ੧੩੨ |
| ੬. | ਤੁਗਲਕ ਪਰਿਵਾਰ (੧੩੨੧ ਤੋਂ ੧੩੯੮) | ੧੩੬ |
| ੭. | ਤੈਮੂਰ ਦਾ ਹਮਲਾ | ੧੪੨ |
| ੮. | ਸਯਦ ਖਾਨਦਾਨ | ੧੪੫ |
| ੯. | ਲੋਧੀ ਖਾਨਦਾਨ | ੧੪੯ |
| ੧੦. | ਮੁਗਲ ਖਾਨਦਾਨ | ੧੫੧ |
| ੧੧. | ਸੂਰ ਖਾਨਦਾਨ | ੧੫੬ |
| ੧੨. | ਮੁਗਲ ਖਾਨਦਾਨ (ਪੁਨਰ ਸਥਾਪਣਾ) | ੧੬੦ |
| ੧੩. | ਜਲਾਲ ਉਦੀਨ ਅਕਬਰ | ੧੬੩ |

੧੪. ਨੂਰਉਦੀਨ ਜਹਾਂਗੀਰ ੧੭੭
੧੫. ਸ਼ਹਾਬ-ਉਦ-ਦੀਨ ਸ਼ਾਹਜਹਾਨ ੧੯੧
੧੬. ਮਹੀ-ਉਦ-ਦੀਨ ਔਰੰਗਜ਼ੇਬ ੨੦੧
੧੭. ਕੁਤਬ-ਉਦ-ਦੀਨ ਮੁਹੰਮਦ ਮੁਅਜ਼ਮ ਸ਼ਾਹ ਆਲਮ ਬਹਾਦਰ ਸ਼ਾਹ ੨੦੬
੧੮. ਮੁਹੰਮਦ ਮੌਜ-ਉਦ-ਦੀਨ ਜਹਾਨ ਦਾਰ ਸ਼ਾਹ ੨੦੯
੧੯. ਮੁਹੰਮਦ ਫਰਖਸੀਅਰ ੨੧੩
੨੦. ਸ਼ਮਸ-ਉਦ-ਦੀਨ ਅਬੁਲ ਬਰਕਤ ਰਫੀ-ਉਲ-ਦਰਜਾਤ ੨੧੬
੨੧. ਅਬੁਲ ਫਤਹ ਰੌਸ਼ਨ ਅਖਤਰ ਨਸੀਰ ਉਦ ਦੀਨ ਮੁਹੰਮਦ ਸ਼ਾਹ ੨੧੭
੨੨. ਨਾਦਰ ਸ਼ਾਹ ਦਾ ਹਮਲਾ ੨੨੧
੨੩. ਮੁਹੰਮਦ ਸ਼ਾਹ ਦਾ ਰਾਜ ੨੩੮
੨੪. ਮਜਾਹਦ-ਉਦ-ਦੀਨ ਅਬੁਲ ਨਾਸਿਰ ਅਹਿਮਦ ਸ਼ਾਹ ੨੪੭
੨੫. ਅਜ਼ੀ-ਉਦ-ਦੀਨ ਆਲਮਗੀਰ ਦੂਜਾ ੨੫੪


Sri Satguru Jagjit Singh Ji eLibrary NamdhariElibrary@gmail.com

ਸਹਾਇਤਾ ਦਿਤੀ ਗਈ। ਏਸੇ ਹੀ ਲਈ ਇਸ ਦੇਸ਼ ਦੇ ਲੋਕਾਂ ਤੇ ਰਿਆਸਤਾਂ ਦੇ ਮੁਖੀਆਂ ਨੂੰ ਚਾਹੀਦਾ ਹੈ ਕਿ ਉਹ ਬਰਤਾਨਵੀ ਸਰਕਾਰ ਦਾ ਲਖ ਲਖ ਸ਼ੁਕਰ ਕਰਨ, ਜਿਸ ਉਹਨਾਂ ਨੂੰ ਏਨੀਆਂ ਸਹੂਲਤਾਂ ਦਿਤੀਆਂ ਹਨ ਕਿ ਉਹ ਜੀਵਨ ਦੀ ਹਰ ਪੱਧਰ ਤੇ ਸਹੀ ਤੌਰ ਤੇ ਤਰੱਕੀ ਕਰ ਸਕਣ।

ਜਿਵੇਂ ਤੁਸਾਂ ਇਤਿਹਾਸ ਵਿਚ ਪੜ੍ਹਿਆ ਹੈ ਕਿ ਪੁਰਾਣੇ ਸਮਿਆਂ ਵਿਚ ਉਹੀ ਲੋਕ ਤਰੱਕੀ ਤੇ ਮਾਨ ਹਾਸਲ ਕਰ ਸਕਦੇ ਸਨ ਜਿਹੜੇ ਕਿ ਬਾਦਸ਼ਾਹ ਲਈ ਕੀਮਤੀ ਤੋਂ ਕੀਮਤੀ ਤੋਹਫੇ ਲਿਜਾ ਸਕਦੇ ਸਨ ਜਾਂ ਉਹ, ਜਿਹੜੇ ਕਿ ਅਮੀਰਾਂ ਵਜ਼ੀਰਾਂ ਨੂੰ ਖੁਸ਼ ਕਰਨ ਲਈ ਕੀਮਤੀ ਤੋਹਫੇ ਖੜਦੇ ਸਨ ਤੇ ਇਹ ਤੋਹਫੇ ਦੇਸ਼ ਦੀ ਅਮੋਲਕ ਵਸਤੂ ਹੁੰਦੇ ਸਨ ਕਿਉਂਕਿ ਇਹ ਸਾਰਾ ਕੁਝ ਗਰੀਬ ਲੋਕਾਂ ਦੀਆਂ ਜੇਬਾਂ ਵਿਚੋਂ ਹੀ ਕਢਿਆ ਜਾਂਦਾ ਸੀ। ਅਮੀਰ ਵੀ ਉਸੇ ਦੀ ਹੀ ਹਾਮੀ ਭਰਦੇ ਸਨ ਜਿਹੜੇ ਕਿ ਉਹਨਾਂ ਲਈ ਕੀਮਤੀ ਤੁਹਫੇ ਲਿਜਾਂਦੇ ਸਨ। ਬਾਦਸ਼ਾਹਾਂ ਦੇ ਤਖਤ ਤੇ ਬੈਠਣ ਦੀਆਂ ਸਾਲਾਨਾ ਖੁਸ਼ੀਆਂ ਤੇ ਸ਼ਾਹੀ ਘਰਾਣੇ ਦੇ ਲੋਕਾਂ ਦੀਆਂ ਸ਼ਾਦੀਆਂ ਆਦਿ ਤੇ ਕਈ ਢੰਗਾਂ ਨਾਲ ਲੁਟ ਮਾਰ ਕਰ ਕੇ ਤੁਹਫੇ ਭੇਟ ਕੀਤੇ ਜਾਂਦੇ ਸਨ। ਪਰ ਬਰਤਾਨਵੀ ਰਾਜ ਦੇ ਅਧੀਨ, ਰਾਜ ਦੇ ਕਰਮਚਾਰੀਆਂ ਨੂੰ ਕਿਸੇ ਵੀ ਕਿਸਮ ਦਾ ਕੋਈ ਵੀ ਤੁਹਫਾ ਕਬੂਲ ਕਰਨ ਤੋਂ ਰੋਕਿਆ ਗਿਆ ਹੈ, ਏਥੋਂ ਤਕ ਕਿ ਸਰਕਾਰ ਵੀ ਕੋਈ ਤੁਹਫਾ ਕਬੂਲ ਨਹੀਂ ਕਰਦੀ ਤੇ ਜੇ ਕਰ ਕੋਈ ਲੈਂਦੀ ਹੈ ਤਾਂ ਉਸ ਦੇ ਬਦਲੇ ਵਿਚ ਕੁਝ ਨਾ ਕੁਝ ਜ਼ਰੂਰ ਦਿਤਾ ਜਾਂਦਾ ਹੈ। ਜਦੋਂ ਦੇਸੀ ਰਾਜੇ ਜਾਂ ਨਵਾਬ ਬਰਤਾਨਵੀ ਹੁਕਮਰਾਨਾ ਦੇ ਜਾਂਦੇ ਹਨ ਤਾਂ ਉਹ ਕੀਮਤੀ ਤੁਹਫਿਆਂ ਦੇ ਲੈ ਜਾਣ ਨੂੰ ਬਿਲਕੁਲ ਹੀ ਬੰਦ ਕਰ ਦਿਤਾ ਗਿਆ ਹੈ ਤੇ ਇਸਤਰ੍ਹਾਂ ਨਾਲ ਕਿਸੇ ਨੂੰ ਵੀ ਅਯੋਗ ਢੰਗ ਨਾਲ ਜੀ ਆਇਆਂ ਨਹੀਂ ਆਖਿਆ ਜਾਂਦਾ। ਜਿਵੇਂ ਉਹ ਤਾਜ ਦੇ ਟਹਿਲੂਏ ਹੋਣ ਦਾ ਯਕੀਨ ਕਰਾਉਂਦੇ ਹਨ, ਉਹਨਾਂ ਦੀ ਹਰ ਤਰ੍ਹਾਂ ਦੀ ਯੋਗ ਤੇ ਲੋੜੀਂਦੀ ਆਉ ਭਗਤ ਤੇ ਇਜ਼ਤ ਕੀਤੀ ਜਾਂਦੀ ਹੈ ਤੇ ਅਮਪੀਰੀਅਲ ਸਰਕਾਰ ਉਹਨਾਂ ਦੇ ਪਦ ਦਾ ਹਰ ਖਿਆਲ ਰਖਦੀ ਹੈ ਤੇ ਉਹਨਾਂ ਦੇ ਵਰਾਸਤ ਦੇ ਹੱਕਾਂ ਤੇ ਸਹੂਲਤ ਨੂੰ ਕਾਇਮ ਰਖਣ ਵਿਚ ਹਰ ਵੇਲੇ ਤਿਆਰ ਰਹਿੰਦੀ ਹੈ।

ਅਸਾਂ ਦੇਖਿਆ ਹੈ ਕਿ ਬਰਤਾਨਵੀ ਸਰਕਾਰ ਖੁਸ਼ਹਾਲ ਹੈ ਤੇ ਉਸ ਦੇ ਅਧੀਨ ਲੋਕ ਵੀ ਸਬਰ ਸੰਤੋਖ ਵਾਲੇ ਤੇ ਖੁਸ਼ ਹਨ। ਕਿਉਂਕਿ ਇਹ ਸਰਕਾਰ ਆਪਣੇ ਖਾਸ ਅਸੂਲ—ਦੇਸ਼ ਦੀ ਤ੍ਰੱਕੀ ਤੇ ਖੁਸ਼ਹਾਲੀ ਹੀ ਸਿਰਫ ਧਨ ਉਪਜਾਊ ਢੰਗ ਹੈ—ਇਸ ਸਰਕਾਰ ਦਾ ਇਕੋ ਅਸੂਲ ਹੈ ਹਕੂਮਤਾਂ ਕਰਨ ਦਾ ਜਿਸ ਤੋਂ ਹਰ ਤਰ੍ਹਾਂ ਨਾਲ ਲੋਕਾਂ ਦੀ ਭਲਿਆਈ ਹੋਵੇ ਨਾ ਕਿ ਹੁਕਮਰਾਨਾ ਦੀਆਂ ਆਪਣੀਆਂ ਜੇਬਾਂ ਭਰਨ, ਆਪਣੇ ਬਾਲ ਬਚੇ ਪਲਣ।

ਟੈਵਰਨੀਅਰ ਨੇ ਸ਼ਾਹ ਜਹਾਨ ਬਾਰੇ ਕਿਹਾ ਹੈ (ਭਾਵੇਂ ਮੇਰੇ ਖਿਆਲ ਅਨੁਸਾਰ, ਅਕਬਰ ਅਜੇ ਵਧੇਰੇ ਇਜ਼ਤ ਦਾ ਹਕਦਾਰ ਸੀ) ਕਿ ਉਸ ਨੇ ਬਤੌਰ 'ਬਾਦਸ਼ਾਹ' ਲੋਕਾਂ ਤੇ ਹਕੂਮਤ ਨਹੀਂ ਕੀਤੀ ਸਗੋਂ ਇਕ ਪਿਤਾ ਦੇ ਤੌਰ ਤੇ, ਜਿਵੇਂ ਉਹ ਆਪਣੇ ਬਾਲ ਬੱਚੇ ਤੇ ਘਰ ਦਿਆਂ ਦਾ ਖਿਆਲ

ਰਖਦਾ ਹੈ । ਜੇਕਰ ਉਹ ਪਾਂਧੀ ਅਜ ਜਿਉਂਦਾ ਹੁੰਦਾ ਤਾਂ ਉਹ ਦੇਖਦਾ ਕਿ ਸ਼ਾਹ ਜਹਾਨ ਨੇ ਜੋ ਕੁਝ ਆਪਣੇ ਲੋਕਾਂ ਲਈ ਕੀਤਾ ਸੀ ਉਹ ਤਾਂ ਏਨਾ ਕੁ ਸੀ ਜਿਵੇਂ ਸਮੁੰਦਰ ਵਿਚ ਇਕ ਕਤਰਾ ਭਰ ਜਦੋਂ ਕਿ ਅਸੀਂ ਉਸ ਚੀਜ਼ ਦਾ ਟਾਕਰਾ ਅਜ ਦੀ ਬਰਤਾਨਵੀ ਸਰਕਾਰ ਦੇ ਲੋਕ-ਕੰਮਾਂ ਨਾਲ ਕਰਦੇ ਹਾਂ । ਭਾਰਤ ਦੇ ਵਖੋ ਵਖ ਹਿਸਿਆਂ ਵਿਚ ਜਿਹੜੇ ਕਾਰੀਗਰੀ ਦੇ ਵਧੀਆਂ ਨਮੂਨੇ (ਯਾਦਗਾਰਾਂ) ਹਨ ਉਹ ਤਾਂ ਉਸੇ ਹੀ ਤਰ੍ਹਾਂ ਖੜੀਆਂ ਆਪਣੀ ਉਚੱਤਾ ਦੀ ਯਾਦ ਦਿਵਾਉਂਦੀਆਂ ਰਹਿਣਗੀਆਂ, ਪਰ ਇਕ ਬਹੁਤ ਵਡੇ ਸਿਆਣੇ ਲਿਖਾਰੀ 'ਡੀ ਕਵੈਨਸੀ' ਦੇ ਕਥਨ ਅਨੁਸਾਰ, ਜਿਹੜਾ ਕਿ ਉਸ ਨੇ ਭਾਰਤ ਵਿਚ ਬਰਤਾਨਵੀ ਰਾਜ ਬਾਰੇ ਕੀਤਾ ਹੈ-ਮੁਗਲਾਂ ਦੇ ਸਮੇਂ ਨਾਲੋਂ ਕਿਤੇ ਵਧ ਮਹਿਫੂਜ਼ ਉਹ ਕਚੇ ਤੇ ਪਕੇ ਰਸਤੇ ਹਨ ਤੇ ਉਹ ਤਲਾਬ ਹਨ, ਜਿਹੜੇ ਕਿ ਮੁਗਲਾਂ ਵੇਲੇ ਖਤਰਨਾਕ ਸਨ । ਉਥੇ ਹਰ ਤਰ੍ਹਾਂ ਦਾ ਅਮਨ 'ਤੇ ਹਰ ਤਰ੍ਹਾਂ ਦਾ ਕਾਨੂੰਨ ਲਾਗੂ ਹੈ । ਤੇ ਜਦੋਂ ਕੋਈ ਨਿਰਪਖ ਹੋ ਕੇ ਆਪਣੇ ਆਸੇ ਪਾਸੇ ਦੇਖਦਾ ਤੇ ਪਰਖਦਾ ਹੈ ਤਾਂ ਝਟ ਪਟ ਉਸ ਨੂੰ ਇਸ ਲਿਖਾਰੀ ਦਾ ਲਿਖਿਆ ਹੋਇਆ ਸਾਫ ਤੇ ਸਪਸ਼ਟ ਤੌਰ ਤੇ ਪਤਾ ਲਗ ਜਾਂਦਾ ਹੈ ਕਿ ਉਸ ਜੋ ਕੁਝ ਵੀ ਲਿਖਿਆ ਹੈ, ਉਹ ਅਖਰ ਅਖਰ ਸਹੀ ਹੈ । ਗਵਾਹੀ ਲਈ ਤੁਸੀਂ ਦੇਖੋ ਵਡੇ ਵਡੇ ਰੇਲਵੇ ਸਟੇਸ਼ਨ ਤੇ ਵਰਕਸ਼ਾਪਾਂ, ਤੇ ਉਹ ਸੜਕਾਂ, ਜਿਹੜੀਆਂ ਕਿ ਵਡੇ ਵਡੇ ਸ਼ਹਿਰਾਂ ਨੂੰ ਇਕ ਦੂਜੇ ਨਾਲ ਮਿਲਾਉਂਦੀਆਂ ਹਨ ਤੇ ਜਿਨ੍ਹਾਂ ਰਾਹੀਂ ਦੇਸ਼ ਦਾ ਬਿਉਪਾਰ ਵਧਣ ਨਾਲ ਧਨ ਵਿਚ ਵੀ ਵਾਧਾ ਹੋ ਰਿਹਾ ਹੈ । ਇਸੇ ਹੀ ਵਿਚ ਉਹਨਾਂ ਬਰਤਾਨਵੀ ਹੁਕਮਰਾਨਾਂ ਦੀ ਮਸ਼ਹੂਰੀ ਹੈ ਕਿ ਉਹ ਜਨਤਾ ਲਈ ਜਿਹੜੀਆਂ ਯੋਜਨਾਵਾਂ ਬਣਾਉਂਦੇ ਹਨ ਉਹਨਾਂ ਵਿਚ ਲੋਕ-ਭਲਾਈ ਦਾ ਉਹ ਮਹਾਨ ਅੰਸ਼ ਲੁਕਿਆ ਪਿਆ ਹੁੰਦਾ ਹੈ । ਉਹਨਾਂ ਵਡੇ ਵਡੇ ਲੋਕ-ਕੰਮਾਂ ਨੂੰ ਤਕੋ, ਜਿਹੜੇ ਕਿ ਲੋਕ-ਭਲਾਈ ਲਈ ਕੀਤੇ ਜਾ ਰਹੇ ਹਨ । ਉਹਨਾਂ ਖੇਤੀ ਬਾੜੀ ਨੂੰ ਉਪਜਾਊ ਬਣਾਉਣ ਦੀਆਂ ਸਕੀਮਾਂ ਨੂੰ ਦੇਖੋ ਜਿਸ ਨਾਲ ਕਿ ਹਜ਼ਾਰਾਂ ਏਕੜ ਬੰਜਰ ਧਰਤੀ ਅਜ ਹਰਿਆਵਲੀ ਦਾ ਪਹਿਰਾਵਾ ਪਾ ਹਸ ਰਹੀ ਹੈ । ਦੇਸ਼ ਲਈ ਬਣਾਏ ਉਹਨਾਂ ਵਡੇ ਵਡੇ ਭਲਾਈ ਵਾਲੇ ਕੇਂਦਰਾਂ ਨੂੰ ਤਕੋ ਜਿਵੇਂ ਸਕੂਲ, ਕਾਲਜ ਤੇ ਹਸਪਤਾਲ । ਪੂਰਨ ਤੌਰ ਤੇ ਧਾਰਮਕ ਆਜ਼ਾਦੀ ਨੂੰ ਦੇਖੋ ਤੇ ਲੋਕਾਂ ਦੀ ਹਰ ਤਰ੍ਹਾਂ ਸਹੂਲਤ ਨੂੰ ਪਰਖੋ । ਅਰਥਾਤ ਕਿਸੇ ਵੀ ਮੁਲਕ ਨੂੰ ਜੋ ਸਹੂਲਤਾਂ ਮਿਲ ਸਕਦੀਆਂ ਹਨ, ਉਹਨਾਂ ਨਾਲੋਂ ਵਧ ਇਸ ਦੇਸ਼ ਨੂੰ ਹਾਸਲ ਹਨ; ਪ੍ਰੈਸ ਦੀ ਆਜ਼ਾਦੀ, ਭੈੜੀਆਂ ਤੇ ਖਤਰਨਾਕ ਬਿਮਾਰੀਆਂ ਨੂੰ ਰੋਕਣ ਦੀ ਕੋਸ਼ਸ਼, ਕਾਲ ਤੇ ਭੁਖ ਮਰੀ ਨੂੰ ਖਤਮ ਕਰਨ ਤੇ ਸ਼ਹਿਰਾਂ ਤੇ ਪਿੰਡਾਂ ਵਿਚਾਲੇ ਸੰਬੰਧ ਜੋੜਨ ਦੀ ਕੋਸ਼ਸ਼ । ਉਸ ਮਹਾਨ ਕਿਰਪਾ ਨੂੰ ਤਕੋ ਜਿਹੜੀ ਕਿ ਉਹਨਾਂ ਬੀਬਿਆਂ ਲੋਕਾਂ ਨੇ ਆਪਣੀ ਵਿਦਿਆ ਤੁਹਾਡੇ ਅਗੇ ਲਿਆ ਖਿਲਾਰੀ ਹੈ । ਉਹਨਾਂ ਯੋਜਨਾਵਾਂ ਨੂੰ ਤਕੋ, ਜਿਨਾਂ ਕਾਰਨ ਸਾਡੇ ਸ਼ਹਿਰਾਂ ਨੇ ਨਾਗਰਿਕ ਸਭਾਵਾਂ ਰਾਹੀਂ ਕੀਤੀ ਹੈ । ਉਸ ਫੌਜ ਵਲ ਤਕੋ ਜਿਹੜੀ ਕਿ ਦੇਸ਼-ਰਖਿਆ ਦੇ ਸਾਧਨਾਂ ਲਈ ਬਣਾਈ ਗਈ ਹੈ ਅਰਥਾਤ, ਉਹ ਤਾਂ ਸਿਰਫ ਤੁਹਾਡੀ ਆਜ਼ਾਦੀ ਤੇ ਇਜ਼ਤ ਨੂੰ ਸਥਾਪਤ

Sri Satguru Jagjit Singh Ji eLibrary NamdhariElibrary@gmail.com

ਰਖਣ ਜਾਇਦਾਦ ਤੇ ਜਿਊਂਦਿਆਂ ਰਖਣ ਲਈ ਨਿਯਤ ਕੀਤੀ ਗਈ ਹੈ ।

ਯਾਦ ਰਖੋ ਕਿ ਅਸੀਂ ਵਿਕਟੋਰੀਆ-ਰਾਜ ਦੇ ਅਧੀਨ ਰਹਿ ਰਹੇ ਹਾਂ, ਇਹ ਉਹ ਸ਼ਾਨਦਾਰ ਇਤਿਹਾਸਕ ਸਮਾਂ ਹੈ ਜਿਸ ਵਿਚ ਹਰ ਪਾਸਿਉਂ ਅਮਨ ਦੀ ਵਰਖਾ ਹੋ ਰਹੀ ਹੈ। ਸਾਨੂੰ ਮਲਕਾ ਵਿਕਟੋਰੀਆ ਦੇ ਆਗਿਆਕਾਰ ਰਹਿਣ ਵਿਚ ਮਹਾਨ ਤੇ ਪੂਰਨ ਤਸੱਲੀ ਹੈ। ਵੱਡੀ ਮਹਾਰਾਣੀ, ਜਿਸ ਨਾਲੋਂ ਕਿ ਕੋਈ ਸ਼ਹਿਨਸ਼ੀਲ ਹੁਕਮਰਾਨ ਇਕ ਪਵਿੱਤਰ ਔਰਤ, ਇਕ ਮਿਹਰਬਾਨ ਮਾਂ ਤੇ ਇਕ ਵਧ ਸਿਆਣੀ ਸ਼ਖਸੀਅਤ ਦੇ ਨਾਤੇ, ਇਸ ਜਿਹਾ ਹੋਰ ਕੋਈ ਵੀ ਹੁਕਮਰਾਨ ਇਸ ਸੰਸਾਰ ਵਿਚ ਨਹੀਂ ਮਿਲਦਾ। ਇਹੀ ਇਕ ਮਹਾਰਾਣੀ ਹੈ। ਜਿਸ ਦੇ ਝੰਡੇ ਸੰਸਾਰ ਦੇ ਹਰ ਪਾਸੇ ਲਹਿਰਾ ਰਹੇ ਹਨ, ਜਿਸ ਦੀ ਤਾਕਤ ਸਮੁੰਦਰਾਂ ਦੇ ਸਭ ਪਾਸੀਂ ਪਸਰੀ ਪਈ ਹੈ, ਜਿਸ ਦੀ ਬੋਲੀ ਸੰਸਾਰ ਦੇ ਸਭ ਸਭਯ ਦੇਸ਼ਾਂ ਵਿਚ ਮਾਨ ਨਾਲ ਬੋਲੀ ਤੇ ਵਰਤੀ ਜਾਂਦੀ ਹੈ। ਜਿਸ ਦਾ ਰਾਜ ਧਰਤੀ ਦੇ ਸਤਵੇਂ ਹਿਸੇ ਤਕ ਹੈ ਤੇ ਇਹ ਉਹ ਰਾਣੀ ਹੈ ਜਿਸ ਦੇ ਰਾਜ ਵਿਚ ਕਿਤੇ ਵੀ ਸੂਰਜ ਨਹੀਂ ਡੁਬਦਾ। ਇਹ ਉਹ ਮਲਕਾ ਹੈ, ਜਿਸ ਦੇ ਦਿਲ ਵਿਚ ਭਾਰਤੀ ਲੋਕਾਂ ਦੀ ਤਰੱਕੀ ਤੇ ਖੁਸ਼ਹਾਲੀ ਦੀ ਚਾਹਣਾ ਹੈ। ਇਸ ਬਾਰੇ ਇਕ ਪਿਛਲੇ ਵਾਇਸਰਾਏ ਨੇ ਆਪਣੇ ਤਜਰਬੇ ਅਨੁਸਾਰ ਕਿਹਾ ਸੀ—ਉਸ ਦੇ ਅਧੀਨ ਹੋਰਨਾਂ ਖੇਤਰਾਂ ਤੋਂ ਇਲਾਵਾ, ਏਥੇ ਹੋਰ ਕੋਈ ਵੀ ਅਜਿਹੇ ਇਲਾਕੇ ਦੇ ਵਾਸੀ ਰਾਣੀ ਦੇ ਦਿਲ ਵਿਚ ਏਨੀ ਇਜ਼ਤ ਨਹੀਂ ਰਖਦੇ, ਜਿਨੇ ਕਿ ਇਹ ਭਾਰਤੀ—ਈਸਾਈ, ਜੈਨੀ, ਹਿੰਦੂ, ਬੋਧੀ, ਮੁਸਲਮਾਨ ਤੇ ਸਿਖ, ਸਭ ਹੀ ਇਸ ਦੇ ਰਾਜ ਵਿਚ ਇਕੋ ਜਿਹੀ ਖੁਸ਼ੀ ਤੇ ਤਰੱਕੀ ਅਨੁਭਵ ਕਰ ਰਹੇ ਹਨ ਤੇ ਉਹਨਾਂ ਨੂੰ ਇਕੋ ਜਹੇ ਕਾਨੂੰਨਾਂ ਰਾਹੀਂ ਰਖਿਆ ਦੇ ਸਾਧਨ ਦਿਤੇ ਗਏ ਹਨ। ਰਾਣੀ ਵਿਕਟੋਰੀਆ ਦੇ ਰਾਜ ਵਿਚ ਉਸ ਦੀ ਆਲ ਔਲਾਦ ਖੁਸ਼ ਰਹੇ। ਆਉਣ ਵਾਲੀਆਂ ਨਸਲਾਂ ਉਸ ਦੇ ਪਵਿੱਤਰ ਨਾਂ ਲੈਣ ਵਿਚ ਖੁਸ਼ੀ ਅਨੁਭਵ ਕਰਨਗੀਆਂ। ਨੇਕੀ, ਫਰਜ਼, ਇਨਸਾਫ ਤੇ ਮਿਹਰ। ਇਹ ਸਾਰੀਆਂ ਹੀ ਸਿਫਤਾਂ ਉਸ ਮਲਕਾ ਰਾਣੀ ਦੇ ਰਾਜ-ਕਰਨ ਦੀਆਂ ਹਨ। ਢੇਰ ਚਿਰ ਪਿਛੋਂ, ਜਦੋਂ ਅਸੀਂ ਖਤਮ ਹੋ ਚੁਕੇ ਹੋਵਾਂਗੇ, ਉਹ ਨਾਂ ਅਜੇ ਤਕ ਵੀ ਲੋਕਾਂ ਦੇ ਦਿਲਾਂ ਤੇ ਰਾਜ ਕਰਦਾ ਹੋਵੇਗਾ। ਇਹ ਨਾਂ ਉਹਨਾਂ ਚਿਰ ਜ਼ਿੰਦਾ ਰਹੇਗਾ, ਜਿੰਨਾ ਚਿਰ ਕਿ ਹਲ ਵਾਹਕ ਭਾਰਤ ਦੀ ਧਰਤੀ ਤੇ ਹਲ ਵਾਹੁੰਦਾ ਤੇ ਚਲਾਉਂਦਾ ਰਹੇਗਾ। ਉਨਾਂ ਚਿਰ ਇਹ ਨਾਂ ਸਜੀਵ ਰਹੇਗਾ, ਜਿੰਨਾ ਚਿਰ ਕਿ ਥਕੇ ਹੋਏ ਪਾਂਧੀ, ਗਰਮ ਤੇ ਸੜਦੀ ਭਾਰਤੀ ਧੁਪ ਤੋਂ ਅਕ ਆਰਾਮ ਕਰਨ ਲਈ ਇਕ ਦਰਖਤ ਥਲੇ ਬਹਿ, ਸ਼ਾਂਤ ਤੇ ਤਾਜ਼ੇ ਹੋ ਫਿਰ ਅਗੇ ਹੀ ਅਗੇ ਤੁਰਦੇ ਰਹਿਣਗੇ। ਇਹ ਤਾਂ ਰਾਜ ਦੇ ਲੋਕਾਂ ਦੀ ਇਕ ਆਮ ਚਰਚਾ ਬਣ ਚੁਕੀ ਹੈ। ਸਚੀ ਮੁਚੀ, ਇਹ ਬਹਾਦਰ ਦਾ ਮਾਨ, ਕਮਜ਼ੋਰ ਦਾ ਰਾਖਾ ਤੇ ਭੈੜਿਆਂ ਦੀ ਮੌਤ ਹੈ। ਇਸ ਨਾਲ ਪਿਆਰ ਕੀਤਾ ਜਾਂਦਾ ਹੈ, ਇਜ਼ਤ ਕੀਤੀ ਜਾਂਦੀ ਹੈ ਤੇ ਇਸ ਨੂੰ ਮਾਨ ਦਿਤਾ ਜਾਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਮੈਂ ਤੁਹਾਨੂੰ ਇਸ ਦੇ ਲਿਖਣ ਦਾ ਮਨਸ਼ਾ ਦਸ ਹੀ ਚੁਕਾ ਹਾਂ, ਤੇ ਹੁਣ ਮੈਨੂੰ ਇਹ ਆਸ ਕਰਨੀ ਚਾਹੀਦੀ ਹੈ ਕਿ ਤੁਸੀਂ ਉਹਨਾਂ ਲੋਕਾਂ ਦੇ ਕੀਤੇ ਕੰਮਾਂ ਤੇ ਚਲੋਗੇ, ਜਿਨ੍ਹਾਂ ਨੇ ਕਿ ਆਪਣੀ ਕੌਮ ਤੇ ਦੇਸ਼ ਦੀ ਸੇਵਾ ਕਰ ਕੇ ਆਪਣਾ ਨਾਂ ਬਣਾਇਆ ਹੈ ਤੇ ਤੁਸੀਂ ਉਨ੍ਹਾਂ ਦੀਆਂ ਪਾਈਆਂ ਲੀਹਾਂ ਤੇ ਚਲੋਗੇ, ਜਿਨ੍ਹਾਂ ਨੇ ਕੌਮ ਨੂੰ ਉਚਿਆਉਣ ਲਈ ਸਭਯ ਰਸਤੇ ਨੂੰ ਅਪਨਾਇਆ। ਇਸ ਤੋਂ ਉਪਰ, ਮੈਨੂੰ ਇਹ ਉਮੀਦ ਕਰਨੀ ਚਾਹੀਦੀ ਹੈ ਕਿ ਤੁਸੀਂ ਆਪਣੇ ਸ਼ਹਿਨਸ਼ਾਹ ਵਲ ਆਪਣੇ ਫਰਜ਼ਾਂ ਨੂੰ ਪੂਰਿਆਂ ਕਰੋਗੇ। ਉਹਨਾਂ ਹੁਕਮਰਾਨਾਂ ਦੀ ਇਜ਼ਤ ਕਰੋ, ਜਿਹੜੇ ਕਿ ਤੁਹਾਡੇ ਮੁਲਕ ਦੀ ਭਲਿਆਈ ਚਾਹੁਣ ਵਾਲੇ ਹਨ ਤੇ ਉਹਨਾਂ ਨੂੰ ਮੌਕਾ ਦਿਓਗੇ ਕਿ ਉਹ ਤੁਹਾਡੇ ਚੜ੍ਹਾਏ ਅਹਿਸਾਨਾਂ ਨੂੰ ਸਮਝ ਸਕਣ। ਕਿਉਂਕਿ ਉਨ੍ਹਾਂ ਦੇ ਲਾਭ ਵਿਚ ਹੀ ਤੁਹਾਡੀ ਭਲਿਆਈ ਲੁਕੀ ਹੋਈ ਹੈ। ਚੰਗਿਆਈਆਂ ਰਾਹੀਂ ਉਹਨਾਂ ਦੇ ਇਤਬਾਰ ਨੂੰ ਹਾਸਲ ਕਰੋ। ਕਿਸੇ ਦਬਾ ਜਾਂ ਹੋਰ ਕਾਰਨ ਕਰਕੇ ਆਪਣੇ ਹੁਕਮਰਾਨਾਂ ਨਾਲ ਦੁਸ਼ਮਣੀ ਹੁੰਦਿਆਂ ਇਹ ਨਾ ਸਮਝੋ ਕਿ ਉਹ ਕਿਸੇ ਤਰ੍ਹਾਂ ਦਾ ਰਬੀ ਕਰੋਧ ਤੇ ਗੁਸਾ ਲਿਆ ਤੁਹਾਡੇ ਤੇ ਉਲਟਾਉਣਗੇ। ਇਹ ਯਾਦ ਰਖੋ ਕਿ ਤੁਸੀਂ ਅਜੇ ਤਰੱਕੀ ਦੇ ਰਸਤੇ ਦਾ ਕ, ਖ, ਹੀ ਸਿਖ ਰਹੇ ਹੋ, ਅਜੇ ਤੁਸਾਂ ਉਸ ਸ਼ਾਨਦਾਰ ਵਿਦਿਅਕ ਕੇਂਦਰ ਵਲ ਹੁਣੇ ਹੁਣੇ ਪਹਿਲਾ ਕਦਮ ਪੁਟਿਆ ਹੀ ਹੈ। ਤੁਸਾਂ ਅਜੇ ਪੌੜੀ ਦੇ ਉਸ ਪਹਿਲੇ ਡੰਡੇ ਤੇ ਹੀ ਕਦਮ ਰਖਿਆ ਹੈ ਜਿਹੜੀ ਕਿ ਮਨੁਖੀ ਖੁਸ਼ੀਆਂ ਦੇ ਸ਼ਾਨਦਾਰ ਮਹਲ ਤਕ ਜਾਂਦੀ ਹੈ ਤੇ ਅਜੇਹੇ ਹੀ ਕਈ ਹੋਰ ਚਮਕੀਲੇ ਸੁਪਨੇ ਤੁਹਾਡੇ ਵਿਚੋਂ ਕਈਆਂ ਦੇ ਦਿਮਾਗਾਂ ਵਿਚ ਲਹਿਰਾ ਰਹੇ ਹੋਣਗੇ। ਤੁਸੀਂ ਪੂਰਬ ਦੇ ਜੇਤੂਆਂ ਨਾਲ ਦੋਸਤੀ ਤੇ ਬਰਾਬਰਤਾ ਚਾਹੁੰਦੇ ਹੋ, ਭਾਵੇਂ ਤੁਸੀਂ ਇਹ ਕਿੰਨੇ ਵੀ ਨਰਮ ਤੇ ਹਲੀਮੀ ਭਰੇ ਢੰਗ ਨਾਲ ਦਸੋ, ਭਾਵੇਂ ਤੁਸੀਂ ਉਹਨਾਂ ਨੂੰ ਕਿਸੇ ਵੀ ਢੰਗ ਵਿਚ ਪੇਸ਼ ਕਰੋ ਪਰ ਅਖੀਰ ਤੇ ਇਹ ਤੁਹਾਡੀ ਹੀ ਦੁਰਗਤੀ ਤੇ ਤਕਲੀਫ ਦਾ ਕਾਰਨ ਬਣ ਕੇ ਉਲਟਾ ਤੁਹਾਡੇ ਤੇ ਹੀ ਇਹ ਪੈ ਜਾਇਗੀ। ਇਸ ਲਈ ਤੁਸੀਂ ਆਪਣੇ ਮਾਲਕਾਂ ਦੀ ਇਜ਼ਤ ਤੇ ਮਾਨ ਤਨੋਂ ਮਨੋਂ ਹੋ ਕੇ ਕਰਨੀ ਸਿਖੋ, ਤੇ ਉਹਨਾਂ ਦੇ ਇਸ ਕੰਮ ਨੂੰ ਤਕੋ ਕਿ ਉਹ ਕਿਵੇਂ ਤੁਹਾਡੇ ਰਖਿਅਕ ਬਣ ਕੇ ਤੁਹਾਡੇ ਮਾਲਕ ਵੀ ਬਣ ਗਏ ਹਨ। ਉਹਨਾਂ ਦੀ ਦਿਲੋਂ ਹੋ ਕੇ ਸੇਵਾ ਕਰੋ ਤੇ ਇਸ ਤਰ੍ਹਾਂ ਕਰਨ ਨਾਲ ਇਹ ਨਾ ਭੁਲੋ ਕਿ ਸ਼ੀਰਾਜ਼ ਕਵੀ ਨੇ ਕੀ ਕਿਹਾ ਹੈ:—

تو بندگی چو گدایان بشرط مزد مکن
که خواجه خود روش بنده پروری داند

ਇਸ ਦਾ ਭਾਵ ਇਹ ਹੈ—ਇਕ ਮੰਗਤੇ ਵਾਂਗ ਕਿਸੇ ਦੀ ਸੇਵਾ ਨਾ ਕਰੋ, ਜੇ ਕਰ ਤੁਸੀਂ ਉਸ ਪਾਸੋਂ ਇਸ ਸੇਵਾ ਦੇ ਬਦਲੇ ਵਿਚ ਕੁਝ ਲੈਣ ਦਾ ਖਿਆਲ ਰਖਦੇ ਹੋ। ਕਿਉਂਕਿ ਤੁਹਾਡਾ ਮਾਲਕ ਹੀ ਤੁਹਾਡੇ ਨਾਲੋਂ ਚੰਗਾ ਜਾਣਦਾ ਹੈ ਕਿ ਨੌਕਰ ਨੂੰ ਯੋਗ ਇਨਾਮ ਕੀ ਦਿਤਾ ਜਾ ਸਕਦਾ ਹੈ।"

Sri Satguru Jagjit Singh Ji eLibrary NamdhariElibrary@gmail.com

ਮੇਰੀ ਅੰਤਮ ਰਾਏ ਇਹੀ ਹੈ ਮੇਰੇ ਪਿਆਰੇ ਨੌਜਵਾਨ ਦੇਸ਼ ਭਰਾਵੋ ! ਰਬ ਪਾਸੋਂ ਡਰੋ, ਮਨੁੱਖਤਾ ਨਾਲ ਪਿਆਰ ਕਰੋ ਤੇ ਆਪਣੀ ਮਲਕਾ ਦਾ ਮਾਨ ਕਰੋ । ਇਹ ਗਲ ਸਿਰਫ ਤੁਹਾਡੇ ਮਨਾਂ ਅੰਦਰ ਹੀ ਨਹੀਂ ਵਸ ਜਾਣੀ ਚਾਹੀਦੀ, ਸਗੋਂ ਇਸ ਦਾ ਵਾਸਾ ਤੁਹਾਡੇ ਬਚਿਆਂ ਦੇ ਦਿਲਾਂ ਅੰਦਰ ਵੀ ਹੋ ਜਾਣਾ ਜ਼ਰੂਰੀ ਹੈ, ਤਦ ਤੁਸੀਂ, ਮੈਂ ਤੁਹਾਨੂੰ ਯਕੀਨ ਕਰਾਉਂਦਾ ਹਾਂ, ਆਪਣੀ ਵਾਰੀ ਤੇ ਇਸ ਸੰਸਾਰ ਵਿਚ ਤੇ ਆਉਣ ਵਾਲੇ ਸੰਸਾਰ ਵਿਚ ਮਾਨ ਪਰਾਪਤ ਕਰ ਸਕੋਗੇ ।

ਤੇ ਹੁਣ ਮੈਂ, ਮੇਰੇ ਪਿਆਰੇ ਦੇਸ਼ ਵੀਰੋ, ਰਬ ਪਾਸ ਅਰਦਾਸ ਕਰਦਾ ਹਾਂ, ਜਿਹੜਾ ਸਾਡੇ ਸਾਰਿਆਂ ਦਾ ਮਿਹਰਬਾਨ ਤੇ ਕਿਰਪਾਲੂ ਪਿਤਾ ਹੈ ਤੇ ਉਹ, ਜਿਹੜੇ ਸਾਰੇ ਇਸ ਨੂੰ ਪੜ੍ਹਣਗੇ ਜਾਂ ਸੁਣਨਗੇ; ਮੇਰੀ ਇਸ ਪ੍ਰਾਰਥਨਾ ਵਿਚ ਸ਼ਾਮਲ ਹੋ ਜਾਣ—

"ਸਾਡੀ ਦਿਆਲੂ ਰਾਣੀ ਸਦਾ ਜਿਉਂਦੀ ਰਹੇ, ਜਿਹੜੀ ਭਾਰਤ ਦੀ ਮਲਕਾ ਹੈ।"

ਝੰਗ, ਮਾਰਚ ੨੦, ੧੮੯੯

ਅਮੀਨ—

ਐਮ. ਐਲ.

(ਮੁਹੰਮਦ ਲਤੀਫ)

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਖੰਡ ਪਹਿਲਾ

## ਪਰਾਚੀਨ ਸਮਾ

Sri Satguru Jagjit Singh Ji eLibrary NamdhariElibrary@gmail.com

# ਖੰਡ ਪਹਿਲਾ–ਪਰਾਚੀਨ ਸਮਾ

# ਪਰਕਰਨ–੧

## ਪੰਜਾਬ ਦੇ ਪਾਣੀਆਂ ਦਾ ਵਰਨਣ

ਸ਼ਬਦ ਪੰਜਾਬ ਦਾ ਮੁੱਢ

ਪੰਜਾਬ–ਯੂਨਾਨੀ ਇਤਿਹਾਸਕਾਰਾਂ ਦਾ ਪੈਂਟਾ ਪੁਟਾਮੀਆ ਅਤੇ ਹਿੰਦੁਸਤਾਨ ਦੇ ਰਾਜ ਦਾ ਉੱਤਰ ਪੱਛਮੀ ਇਲਾਕਾ, ਦੋ ਫਾਰਸੀ ਸ਼ਬਦਾਂ ਦਾ ਜੋੜ ਹੈ, 'ਪੰਜ' ਅਤੇ 'ਆਬ' ਅਰਥਾਤ ਪੰਜ ਪਾਣੀ। ਇਸ ਸੰਯੁਕਤ ਨਾਮ ਵਿਚ ਦੇਸ ਦੇ ਪੰਜਾਂ ਦਰਿਆਵਾਂ ਵਲ ਇਸ਼ਾਰਾ ਹੈ।

ਹਦ ਬੰਦੀ

ਇਸ ਦੇ ਉੱਤਰ ਵਿਚ ਵਿਸ਼ਾਲ ਹਿਮਾਲਾ ਪਰਬਤਾਂ ਦੀ ਉਹ ਲੜੀ ਹੈ ਜੋ ਇਸ ਨੂੰ ਚੀਨ ਤਿਬੱਤ ਅਤੇ ਕਸ਼ਮੀਰ ਤੋਂ ਵੱਖ ਕਰਦੀ ਹੈ; ਪੂਰਬ ਵਲ ਦਰਿਆ ਜਮਨਾ, ਉੱਤਰ ਪੱਛਮੀ ਸੂਬੇ ਅਤੇ ਚੀਨ ਦਾ ਰਾਜ ਹੈ; ਦੱਖਣ ਵਿਚ ਸਿੰਧ ਤੇ ਦਰਿਆ ਸਤਲੁਜ ਹੈ ਜੋ ਇਸ ਨੂੰ ਬਹਾਵਲਪੁਰ ਤੇ ਰਾਜਪੂਤਾਨੇ ਤੋਂ ਵਖ ਕਰਦੇ ਹਨ; ਪੱਛਮ ਵਿਚ ਸੁਲੇਮਾਨ ਪਰਬਤਾਂ ਦੀ ਲੜੀ ਹੈ ਜੋ ਇਸ ਨੂੰ ਬਲੋਚਿਸਤਾਨ ਅਤੇ ਉਸ ਅਫਗਾਨਿਸਤਾਨ ਤੋਂ ਵਖ ਕਰਦੀ ਹੈ, ਜੋ ਖੈਬਰ ਨਾਲ ਜਾ ਮਿਲਦਾ ਹੈ। ਉੱਤਰੀ ਲਕੀਰ ਦੇ ਨਾਲ ਨਾਲ ਉੱਚੇ ਹਿਮਾਚਲ ਪਰਬਤਾਂ ਦੀ ਲੜੀ ਦਾ ਉਹ ਵੱਡਾ ਸਾਰਾ ਜਾਲ ਫੈਲਿਆ ਹੋਇਆ ਹੈ ਜਿਸ ਵਿਚ ਚੰਬਾ, ਮੰਡੀ, ਸੁਕੇਤ ਅਤੇ ਨਾਹਨ ਦੀਆਂ ਰਿਆਸਤਾਂ ਤੋਂ ਛੁਟ ਸ਼ਿਮਲੇ ਦੇ ਪਹਾੜੀ ਅਸਥਾਨ ਵੀ ਸ਼ਾਮਲ ਹਨ। ਇਹਨਾਂ ਦੇ ਨਾਲ ਹੀ ਛੋਟੀਆਂ ਛੋਟੀਆਂ ਪਹਾੜੀ ਰਿਆਸਤਾਂ, ਪ੍ਰਸਿਧ ਕਾਂਗੜਾ, ਅਬੁਲ ਫਜ਼ਲ ਦਾ ਨਗਰ ਕੋਟ, ਜਿਸ ਵਿਚ ਕੁਲੂ, ਸਿਉਰਾਜ, ਲਾਹੌਲ ਅਤੇ ਸਪਿਟੀ ਦੀਆਂ ਵਾਦੀਆਂ ਅਤੇ ਡਲਹੌਜ਼ੀ ਸ਼ਾਮਲ ਹਨ, ਦੂਰ ਉੱਤਰ ਵਿਚ ਵਿਦਮਾਨ ਹਨ। ਪੱਛਮੀ ਪਰਬਤ-ਲੜੀ ਦੇ ਨਾਲ ਗਦੀਆਂ ਮਾੜੀ ਦੀਆਂ ਪਹਾੜੀਆਂ ਅਤੇ ਲਹਿਲਹਾਉਂਦੀ ਹਜ਼ਾਰੇ ਦੀ ਵਾਦੀ ਸੁਲੇਮਾਨੀ ਪਹਾੜਾਂ ਦੀ ਸ਼ਾਨ ਨੂੰ ਚਾਰ ਚੰਨ ਲਾਉਂਦੀ ਹੈ। ਦੱਖਣ ਪੂਰਬ ਵਿਚਲੇ ਦਿੱਲੀ ਅਤੇ ਹਿਸਾਰ ਦੀਆਂ ਕਮਿਸ਼ਨਰੀਆਂ, ਜੋ ਪਹਿਲੇ ਆਗਰਾ ਸਰਕਾਰ ਦੇ ਮਾਤਹਿਤ ਇਲਾਕਿਆਂ ਵਿਚ ਸ਼ਾਮਲ ਸਨ ਸਥਾਨਕ ਰਾਜ ਪ੍ਰਬੰਧ ਦੀ ਆਸਾਨੀ ਨੂੰ ਮੁਖ ਰਖ ਕੇ ਸੰਨ ੧੮੫੭ ਦ ਬਗਾਵਤ ਮਗਰੋਂ ਪੰਜਾਬ ਵਿਚ ਸ਼ਾਮਲ ਕਰ ਦਿਤੀਆਂ ਗਈਆਂ ਸਨ।

ਦੇਸ਼ ਦੇ ਭੁਗੋਲ ਦੀਆਂ ਪਰਸਿਧ ਵਿਸ਼ਸ਼ਤਾਈਆਂ

ਦੇਸ਼ ਦੇ ਭੂਗੋਲ ਵਿਚ ਸਭ ਤੋਂ ਵੱਡੀ ਵਸ਼ੇਸ਼ਤਾ ਵਾਲੇ ਇਸ ਦੇ ਦਰਿਆ ਹਨ, ਜੋ ਮਹਾਨ ਵੱਡੇ ਦਰਿਆ ਸਿੰਧ ਦੀ ਆਬਿਆਰੀ ਕਰਦੇ ਹਨ ਹੋਏ ਉੱਚੇ ਹਿਮਾਚਲ ਪਰਬਤਾਂ ਦੇ ਸੈਂਕੜੇ ਮੀਲ ਇਲਾਕੇ ਵਿਚਦੀ ਲੰਘਕੇ ਮੈਦਾਨੀ ਇਲਾਕੇ ਵਿਚ ਉੱਤਰ ਆਉਂਦੇ ਹਨ। ਧਰਤੀ ਨੂੰ ਹਰਾ ਭਰਾ ਬਣਾਉਂਦੇ ਹੋਏ ਇਹ ਦਰਿਆ ਦੱਖਣ ਵਲ ਵਹਿੰਣ ਵਾਲੇ ਉਸ ਦਰਿਆ ਸਿੰਧ ਨਾਲ ਜਾ ਮਿਲਦੇ

Sri Satguru Jagjit Singh Ji eLibrary NamdhariElibrary@gmail.com

ਹਨ, ਜਿਸ ਨੂੰ ਹਿੰਦੁਸਤਾਨ ਦਾ ਨੀਲ ਆਖਿਆ ਜਾਂਦਾ ਹੈ। ਅੰਤ ਵਿਚ ਇਹ ਸਾਰੇ ਦਰਿਆ ਮਿਲ ਕੇ ਸਮੁੰਦਰ ਵਿਚ ਜਾ ਡਿਗਦੇ ਹਨ। ਇਹ ਸਾਰੇ ਦਰਿਆ ਸਿੰਧ ਅਤੇ ਜਮਨਾ ਵਿਚਲੇ ਇਲਾਕੇ 'ਚ ਵਹਿੰਦੇ ਹਨ।

ਪੰਜਾਬ ਦੇ ਪੰਜ ਦਰਿਆ

ਇਹਨਾਂ ਦਰਿਆਵਾਂ ਦੇ ਨਾਮ ਕ੍ਰਮਵਾਰ ਇਹ ਹਨ:—ਜਿਹਲਮ, ਚਨਾਬ, ਰਾਵੀ, ਬਿਆਸ ਅਤੇ ਸਤਲੁਜ। ਜਿਥੋਂ ਤੀਕ ਪੰਜਾਬ ਅਰਥਾਤ ਪੰਜ ਪਾਣੀਆਂ ਦੇ ਦੇਸ ਦੀ ਵਸ਼ੇਸਤਾ ਦਾ ਸੰਬੰਧ ਹੈ, ਇਹ ਗਲ ਵਰਨਣ ਯੋਗ ਹੈ ਕਿ ਏਥੇ ਪੰਜਾਂ ਦੀ ਬਜਾਇ ਛੇ ਦਰਿਆ ਹਨ। ਕਿਉਂਕਿ ਧਾਰਮਿਕ ਸ਼੍ਰੇਣੀਆਂ ਨੂੰ ਦਰਿਆ ਸਿੰਧ ਤੋਂ ਬੜਾ ਡਰ ਲਗਦਾ ਸੀ ਅਤੇ ਇਸ ਨੂੰ ਦੂਰ ਪੱਛਮ ਵਿਚ ਹਿੰਦੁਸਤਾਨ ਦੀ ਪਵਿਤ੍ਰ ਸਰਹਦ ਮੰਨ ਲਿਆ ਗਿਆ ਸੀ ਇਸ ਲਈ ਪੁਰਾਤਨ ਵਸਨੀਕਾਂ ਨੇ ਦੇਸ਼ ਦਾ ਨਾਮ ਰਖਣ ਲਗਿਆਂ ਇਸ ਨੂੰ ਨਜ਼ਰੋਂ ਪਰੋਖੇ ਕਰ ਦਿਤਾ ਜਾਪਦਾ ਹੈ। ਇਹਨਾਂ ਦਰਿਆਵਾਂ ਦੀ ਵਿਆਖਿਆ ਵੀ ਜ਼ਰੂਰੀ ਜਾਪਦੀ ਹੈ, ਇਸ ਲਈ ਨਹੀਂ ਕਿ ਇਹ ਸੂਬਾ ਫੌਜੀ ਅਤੇ ਰਾਜਸੀ ਤੇ ਵਪਾਰਕ ਦਰਿਸ਼ਟੀ ਕੋਣ ਤੋਂ ਬੜੀ ਵਸ਼ੇਸ਼ਤਾ ਰਖਦਾ ਹੈ ਸਗੋਂ ਇਸ ਲਈ ਵੀ ਕਿ ਸੂਬੇ ਦੇ ਭੂਗੋਲ ਵਿਚ ਇਸ ਨੂੰ ਬੜੀ ਮਹਤਤਾ ਪ੍ਰਾਪਤ ਹੈ ਅਤੇ ਇਸ ਦੀ ਇਸ ਵਸ਼ੇਸ਼ਤਾ ਨੂੰ ਪੁਰਾਤਨ ਸਮਿਆਂ ਤੋਂ ਲੈ ਕੇ ਵਰਤਮਾਨ ਸਮੇਂ ਤੀਕ ਬਰਾਬਰ ਮੰਨਿਆ ਜਾ ਰਿਹਾ ਹੈ।

ਸਿੰਧ

ਸਿੰਧ* ਭਾਵੇਂ ਪੰਜਾਬ ਦੇ ਪੰਜਾਂ ਦਰਿਆਵਾਂ ਵਿਚੋਂ ਕੋਈ ਇਕ ਵੀ ਨਹੀਂ ਫੇਰ ਵੀ ਇਹ ਸਾਡੇ ਧਿਆਨ ਦਾ ਸਭ ਤੋਂ ਪਹਿਲੇ ਹਕਦਾਰ ਹੈ ਕਿਉਂਕਿ ਇਹ ਵੀ ਦੂਜੇ ਦਰਿਆਵਾਂ ਵਾਂਗ ਹਿਮਾਲਾ ਦੀਆਂ ਚੋਟੀਆਂ ਵਿਚੋਂ ਨਿਕਲਦਾ ਅਤੇ ਉਸੇ ਸਾਗਰ ਦੀ ਸ਼ਾਖ ਹੈ ਜਿਸ ਵਿਚ ਕਾਬਲ ਅਤੇ ਪੰਜਾਬ ਦੇ ਦਰਿਆ ਜਾ ਡਿਗਦੇ ਹਨ।

ਉਤ੍ਰ ਪੱਛਮ ਵਿਚ ਭਾਰਤੀ ਸਰਹਦ

ਇਕ ਐਸੇ ਦੇਸ ਵਿਚ, ਜਿਥੇ ਬਹੁਤ ਕਰਕੇ ਨੀਮ ਵਹਿਸ਼ੀ ਕੌਮਾਂ ਦੀ ਵਸੋਂ ਹੋਵੇ, ਆਪਣੇ ਲੰਮੇ, ਥਕਾ ਦੇਣ ਵਾਲੇ ਅਤੇ ਟੇਢੇ ਮੇਢੇ ਰਸਤੇ ਦੇ ਕਾਰਨ ਇਸ ਨੂੰ ਉੱਤਰ ਪੱਛਮ ਵਿਚ ਮਹਾਨ ਵੱਡੀ ਹਿੰਦੀ ਸਰਹਦ ਮੰਨਿਆ ਜਾਂਦਾ ਹੈ। ਦੂਰ ਪੱਛਮੀ ਅਤੇ ਉਤਰੀ ਹਮਲਾ ਆਵਰ ਇਸ ਸਰਹੱਦ ਨੂੰ ਪਾਰ ਕਰਨਾ ਹਿੰਦੁਸਤਾਨ ਦੇ ਹਰੇ-ਭਰੇ ਇਲਾਕੇ ਨੂੰ ਫਤਹ ਕਰਨ ਲਈ ਮੁਢੱਲਾ ਜਤਨ ਸਮਝਦੇ ਰਹੇ ਹਨ। ਏਥੇ ਹੀ ਬਸ ਨਹੀਂ, ਸੈਲਾਨੀ ਅਤੇ ਇਤਿਹਾਸਕਾਰਾਂ ਨੇ ਵੀ ਜਿਥੋਂ ਤੀਕ ਇਸ ਦੇ ਪੂਰਬੀ ਤੇ ਪੱਛਮੀ ਦੇਸਾਂ ਦਾ ਸੰਬੰਧ ਹੈ ਇਸ ਦੀ ਵਸ਼ੇਸ਼ਤਾ ਦੀ ਹਾਮੀ ਭਰੀ ਹੈ। ਇਸ ਦੀਆਂ ਸ਼ੂਕਦੀਆਂ ਹੋਈਆਂ ਨਦੀਆਂ ਅਤੇ ਇਸ ਦੇ ਪਾਣੀਆਂ ਦੀ ਚੌੜਿਤਨ ਹਿੰਦੂਆਂ ਦੇ ਦਿਲਾਂ ਵਿਚ ਭੈ ਉਤਪਨ ਕਰਦੀ ਸੀ।

ਸਿੰਧ ਦਾ ਸੋਮਾ

ਹਿੰਦੂਆਂ ਦਾ ਨਿਸ਼ਚਾ ਸੀ ਕਿ ਇਹ ਦਰਿਆ ਸ਼ੇਰ ਦੇ ਮੂੰਹ ਵਿੱਚੋਂ† ਨਿਕਲਦਾ ਹੈ; ਏਸੇ ਲਈ ਉਹ ਇਸ ਦੇ ਸੋਮੇ ਨੂੰ ਸਿੰਧ ਦਾ ਬਾਬ ਅਰਥਾਤ ਸ਼ੇਰਾਂ ਦਾ ਮੁਖ ਆਖਦੇ ਸਨ। ਇਹ ਦਰਿਆ ਇਕ ਅਦਿਖ ਅਸਥਾਨ ਵਿਚੋਂ ਨਿਕਲਦਾ ਹੈ, ਜਿਸਨੂੰ ਕਾਨਰੇ, ਕਾਂਗੜੀ ਅਥਵਾ ਕਾਨਤੇਸੀ ਆਖਦੇ ਹਨ ਜੋ ਹਿਮਾਲਾ ਦੀ ਕੈਲਾਸ਼ ਪਰਬਤ-ਲੜੀ ਵਿਚ ਵਾਕਿਆ ਹੈ। ਹਿੰਦੂ ਮਿਥਿਹਾਸ ਅਨੁਸਾਰ ਇਹ ਅਸਥਾਨ ਦੇਵ-ਤਿਆਂ ਦਾ ਨਿਵਾਸ ਅਸਥਾਨ ਅਤੇ ਸ਼ਿਵ ਜੀ ਮਹਾਰਾਜ ਦਾ ਸੁਵਰਗ ਸਮੁੰਦਰ ਦੀ ਤਹਿ ਤੋਂ ੨੨੦੦੦ ਫੁਟ ਦੀ ਉਚਾਈ ਉਪਰ ਵਾਕਿਆ ਹੈ।

ਇਸ ਦਾ ਨਿਕਾਸ

ਇਸ ਦਾ ਨਿਕਾਸ ਕੈਲਾਸ਼ ਪਰਬਤ ਦੀ ਉਤਰੀ ਤਰਾਈ ਵਿਚ ਹੈ, ਜੋ ਚੀਨੀ ਸ਼ਹਿਰ ਗੋਰੇ ਟੋਪੇ ਅਰਥਾਤ ਗੋਰੀ ਤੋਂ ਨੇੜੇ ਹੀ ਝੀਲ ਰਾਵਨ ਹਰੋਡ ਤੋਂ ਚੰਦ ਮੀਲ ਦੇ ਅੰਦਰ ਵਾਕਿਆ ਹੈ। ਇਸ ਦਰਿਆ ਦੇ ਪਹਾੜਾਂ ਵਿਚਲੇ ਰਸਤੇ ਦੀ ਯੂਰਪੀਨ ਸੈਲਾਨੀ ਮੂਰਕਰਾਫਟ, ਟਰਾਬੇਕ, ਵਿਗਨੀ ਅਤੇ ਜੀਰਾਡ ਨੇ ਜਾਂਚ ਪੜਤਾਲ ਕੀਤੀ ਸੀ। ਇਸ ਸੰਬੰਧੀ ਬਹੁਤੀ ਤੇ ਕੀਮਤੀ ਵਾਕਫੀਅਤ ਲਈ ਜਨਤਾ ਸੈਲਾਨੀ ਅਲੈਗਜ਼ੰਡਰ ਬਰਨੀਜ਼ ਦੇ ਨਕਸ਼ੇ ਦੀ ਰਿਣੀ ਹੈ ਜਿਸ ਨੇ ਸਮੁੰਦਰ ਤੋਂ ਇਸ ਦੇ ਸੋਮੇਂ ਪੰਜਨਦ ਤੀਕ ਦਰਿਆਈ ਸਫਰ ਕੀਤਾ ਸੀ। ਹਿਮਾਲਾ ਦੀਆਂ ਵਿਸ਼ਾਲ ਪਹਾੜੀ ਕੰਧਾਂ ਦੇ ਪਿਛਲੇ ਪਾਸੇ ਇਹ ਦਰਿਆ ਤਿਬੱਤ ਵਿਚੋਂ ਨਿਕਲਦਾ ਹੈ। ਸ਼ੁਰੂ ਸ਼ੁਰੂ ਵਿਚ ਇਸ ਦਾ ਰਸਤਾ ੧੬੦ ਮੀਲ ਤੀਕ ਉੱਤਰ ਪੱਛਮ ਵਲ ਨੂੰ ਹੈ। ਆਪਣੇ ਮਾਰਗ ਦੇ ਇਸ ਭਾਗ ਵਿਚ ਇਸ ਦਰਿਆ ਦਾ ਨਾਮ ਸਿੰਘ ਕਾ ਬਾਬ ਹੈ। ਇਹ ਨਾਮ ਉਥੋਂ ਤੀਕ ਚਲਦਾ ਹੈ ਜਿਥੇ ਇਸ ਦੇ ਖੱਬੇ ਕਿਨਾਰੇ ਵਿਚ ਘਾਰ ਦਰਿਆ ਆਨ ਡਿਗਦਾ ਹੈ। ਇਸ ਦੇ ਥੋੜਾ ਕੁ ਥਲੇ ਵਲ ਨੂੰ ਜਾ ਕੇ ਇਹ ਕਸ਼ਮੀਰ ਦੀ ਵਾਦੀ ਵਿਚ ਦਾਖਲ ਹੋ ਜਾਂਦਾ ਅਤੇ ਉਥੋਂ ਉੱਤਰ-ਪੱਛਮੀ ਦਿਸ਼ਾ ਵਲ ਚਾਲ ਜਾਰੀ ਰਖਦਾ ਹੋਇਆ ਲੇਹ ਤੀਕ ਪਹੁੰਚਦਾ ਹੈ, ਜੋ ਲੱਦਾਖ ਦੀ ਰਾਜਧਾਨੀ ਹੈ। ਲੱਦਾਖ ਵਿਚਾਲੇ ਇਸ ਵਿਚ ਕਈ ਵੱਡੀਆਂ ਵੱਡੀਆਂ ਨਦੀਆਂ ਅਤੇ ਪਹਾੜੀ ਨਦੀ ਨਾਲੇ ਆਨ ਸ਼ਾਮਲ ਹੁੰਦੇ ਹਨ। ਇਸ ਦੇ ਮਗਰੋਂ ਇਹ ਉੱਤਰ ਪੱਛਮੀ ਕਸ਼ਮੀਰ ਵਿਚ ਇਸਕਰਦੂ ਦੇ ਪਰੇ ਜਾ ਕੇ ਇਕ ਖੱਡ ਨਾਲ ਜਾ ਟਕਰਾਉਂਦਾ ਹੈ। ਇਥੋਂ ਇਹ ਦਰਿਆ ਦਖਣ ਵਲ ਨੂੰ ਵਗ ਤੁਰਦਾ ਹੈ ਅਤੇ ਇਸ ਵਿਚ ਉੱਤਰ-ਪੱਛਮ ਵੱਲ ਗਿਲਗਿਤ ਨਾਮੀ ਵੱਡਾ ਦਰਿਆ ਵੀ ਆਨ ਮਿਲਦਾ ਹੈ। ਇਹ ਮੇਲ ਮਾਕਪਾਨੀ

---

*ਸਿੰਧੂ (ਭਾਵ ਸਾਗਰ) ਨੂੰ ਸੰਸਕ੍ਰਿਤ ਵਾਲੇ ਸਿੰਧੂ, ਯੂਨਾਨੀ ਸਿੰਥੁ, ਰੋਮਨ ਸਿੰਧਸ, ਚੀਨੀ ਸਿੰਟੋ ਅਤੇ ਈਰਾਨੀ ਆਬਿ ਸਿੰਧ ਆਖਦੇ ਹਨ। ਪਾਲਿਨੀ ਇਸਨੂੰ ਇੰਡਸ ਕਹਿੰਦਾ ਹੈ। ਅਬੁਲ ਫਜ਼ਲ ਇਸ ਬਾਰੇ ਆਈਨਿ ਅਕਬਰੀ ਵਿਚ ਐਉਂ ਲਿਖਦਾ ਹੈ:—ਕਈਆਂ ਦਾ ਵੀਚਾਰ ਹੈ ਕਿ ਸਿੰਧ ਕਾਸ਼ਗਰ ਵਿਚਾਲਿਉਂ ਨਿਕਲਦਾ ਹੈ ਜਦ ਕਿ ਦੂਜਿਆਂ ਦਾ ਮਤ ਹੈ ਕਿ ਇਸ ਦਾ ਸੋਮਾ ਖਤਾ ਹੈ। ਇਹ ਦਰਿਆ ਸਵਾਤ, ਅਟਕ, ਬਨਾਰਸ, ਚੰਨ ਪਾੜਰ, ਅਤੇ ਬਲੋਚੀਆਂ ਦੇ ਇਲਾਕਿਆਂ ਵਿਚਦੀ ਲੰਘਦਾ ਹੈ। ਏਥੇ ਜਿਸ ਬਨਾਰਸ ਦਾ ਵਰਨਣ ਹੈ ਉਹ ਮੁਸਲਮਾਨੀ ਇਤਿਹਾਸਕਾਰਾਂ ਦਾ ਅਟਕ ਬਾਨਾਰਸ ਹੈ ਜੋ ਰਾਜ ਦੇ ਦੂਜੇ ਪਾਸੇ ਦੀ ਸੀਮਾ ਉਪਰ ਹੈ। ਇਹ ਉੜੀਸੇ ਵਿਚਲਾ ਕਟਕ ਬਨਾਰਸ ਨਹੀਂ।

†ਤਿਬਤੀ ਵਿਚਾਰ ਧਾਰਾ, ਜੋ ਪ੍ਰਗਟ ਤੌਰ ਉਤੇ ਹਿੰਦੂਆਂ ਪਾਸੋਂ ਲਈ ਗਈ ਹੈ, ਦੇ ਅਨੁਸਾਰ ਭਾਰਤ ਦੇ ਦਰਿਆ ਵਖ ਵਖ ਪਸ਼ੂਆਂ ਦੇ ਮੂੰਹ ਵਿਚੋਂ ਨਿਕਲਦੇ ਹਨ। ਏਸ ਵਿਚਾਰ ਅਨੁਸਾਰ ਸਿੰਧ ਸ਼ੇਰ ਦੇ ਮੁਖ ਵਿਚੋਂ ਪਵਿਤਰ ਗੰਗਾ ਮੋਰ ਦੇ ਮੂੰਹ (ਮਾਹਚਾ ਦਾ ਬਾਬ) ਵਿਚੋਂ, ਸਤਲੁਜ ਹਾਥੀ ਦੇ ਮੂੰਹ (ਲੰਗਚਿਨ ਦਾ ਬਾਬ) ਵਿਚੋਂ ਅਤੇ ਦਰਿਆ ਤਿਬਤ ਘੋੜੇ ਦੇ ਮੂੰਹ (ਸਟਰੇਚਰ ਦਾ ਬਾਬ) ਵਿਚੋਂ ਨਿਕਲਦਾ ਹੈ,—ਮੂਰਕਰਾਫਟ ਦਾ ਸਫਰਨਾਮਾ ਜਿਲਦ ੧ ਸਫਾ ੨੬੧।

Sri Satguru Jagjit Singh Ji eLibrary NamdhariElibrary@gmail.com

ਸ਼ਾਗਾਰੋਨ ਦੇ ਦਖਣ ਵਲ ਲਗ ਪਗ ਤਿੰਨ ਮੀਲ ਦੇ ਫਾਸਲੇ ਉਤੇ ਹੁੰਦਾ ਹੈ। ਇਥੋਂ ਇਹ ਵਿਸ਼ਾਲ ਹਿੰਦੂਕੁਸ਼ ਲੜੀ ਦੀਆਂ ਹੇਠਲੀਆਂ ਪਹਾੜੀਆਂ ਵਿਚ ਜਾ ਦਾਖਲ ਹੁੰਦਾ ਹੈ। ਇਥੋਂ ੧੨੦ ਮੀਲ ਤੀਕ ਇਸਦਾ ਤੇਜ਼ ਤੁੰਦ ਪਾਣੀ ਪਹਾੜੀ ਖੱਡਾਂ ਅਤੇ ਡੂੰਘੀਆਂ ਤੇ ਤੰਗ ਵਾਦੀਆਂ ਵਿਚਦੀ ਸ਼ੂਕਾਂ ਮਾਰਦਾ ਜਾਂਦਾ ਹੈ ਇਥੇ ਇਸ ਨੂੰ ਪਾਰ ਕਰਨਾ ਅਤਿ ਕਠਨ ਹੈ। ਇਥੋਂ ਚਲ ਕੇ ਇਹ ਦਰਬੰਦ ਪਹੁੰਚਦਾ ਹੈ ਜੋ ਪੰਜਾਬ ਦਾ ਉੱਤਰ-ਪੱਛਮੀ ਕੋਣਾ ਹੈ। ਇਹ ਅਸਥਾਨ ਇਸ ਦੇ ਸੋਮੇਂ ਤੋਂ ੯੧੨ ਮੀਲ ਦੂਰ ਹੈ।

ਇਸ ਤੋਂ ਅਗੇ ਇਕ ਚੌੜੇ ਰਸਤੇ ਰਾਹੀਂ ਛਛ ਦੀ ਵਾਦੀ ਵਿਚ ਦਾਖਲ ਹੋ ਕੇ ਦਰਿਆ ਸਿੰਧ ਐਸੀ ਸ਼ਕਲ ਧਾਰਨ ਕਰ ਲੈਂਦਾ ਹੈ ਕਿ ਇਸ ਨੂੰ ਸ਼ਤੀਰੀਆਂ ਦੀ ਕਿਸ਼ਤੀ ਰਾਹੀਂ ਸਹਿਜੇ ਹੀ ਪਾਰ ਕੀਤਾ ਜਾ ਸਕਦਾ ਹੈ। ਇਸ ਦੀ ਡੂੰਘਾਈ ਘਟ ਹੋ ਜਾਂਦੀ ਹੈ ਅਤੇ ਇਸ ਵਿਚ ਕਈ ਰੇਤ ਦੇ ਟਿੱਲੇ ਅਤੇ ਟਾਪੂ ਬਣ ਜਾਂਦੇ ਹਨ। ਇਥੋਂ ੪੦ ਮੀਲ ਥਲੇ ਵਾਲੇ ਪਾਸੇ ਜਾ ਕੇ ਪੱਛਮ ਵਲੋਂ ਇਸ ਵਿਚ ਉਹ ਵੱਡਾ ਕਾਬਲ* ਦਰਿਆ ਆਣ ਸ਼ਾਮਲ ਹੁੰਦਾ ਹੈ; ਜੋ ਕਾਬਲ ਦੇ ਚੁਰੇੜੇ ਮੁਖ ਨੂੰ ਸਿੰਜਣ ਅਤੇ ਸਫੈਦ ਕੋਹ, ਹਿੰਦੂ ਕੁਸ਼ ਅਤੇ ਚਿਤਰਾਲ ਦੀਆਂ ਵਾਦੀਆਂ ਨੂੰ ਹਰਾ ਭਰਾ ਬਣਾਉਣ ਮਗਰੋਂ ਇਹਨਾਂ ਦੀਆਂ ਅਣਗਿਣਤ ਚਟਾਨਾਂ ਵਿਚਾਲੇ ਆ ਮਿਲਦਾ ਹੈ। ਦਰਿਆ ਕਾਬਲ ਦਾ ਪਾਣੀ ਵੀ ਓਨਾ ਹੀ ਹੈ ਜਿੰਨਾਂ ਦਰਿਆ ਸਿੰਧ ਦਾ। ਹੁਣ ਇਸ ਦਾ ਵੇਗ ਬੜਾ ਤੇਜ਼ ਹੋ ਜਾਂਦਾ ਅਤੇ ਦੋਵਾਂ ਦਾ ਸੰਗਮ ਬੇਹਦ ਤੂਫ਼ਾਨ ਤੇ ਸ਼ੋਰ ਪੈਦਾ ਕਰਦਾ ਹੈ। ਇਥੋਂ ਚਲ ਕੇ ਛੇਤੀ ਹੀ ਇਹ ਦਰਿਆ ਇਕ ਵਾਰ ਮੁੜ ਸੁਲੇਮਾਨ ਪਹਾੜਾਂ ਦੀ ਸੰਗਲੀ ਦੀਆਂ ਤੰਗ ਖੱਡਾਂ ਵਿਚ ਜਾ ਦਾਖਲ ਹੁੰਦਾ ਹੈ। ਗਰਮੀਆਂ ਦੀ ਰੁਤ ਵਿਚ ਇਹ ਕਈ ਥਾਵਾਂ ਤੋਂ ਪਾਰ ਕੀਤਾ ਜਾ ਸਕਦਾ ਹੈ ਭਾਵੇਂ ਇਸ-ਦੀਆਂ ਲਹਿਰਾਂ ਬੇਹਦ ਤੇਜ਼ ਤੇ ਤੂਫਾਨੀ ਅਤੇ ਪਾਣੀ ਬਰਫ ਵਰਗਾ ਠੰਡਾ ਹੁੰਦਾ ਹੈ। ਹੜ ਅਤੇ ਤੂਫਾਨ ਵੀ ਇਸ ਵਿਚ ਬਹੁਤ ਆਉਂਦੇ ਹਨ।

ਰਣਜੀਤ ਸਿੰਘ ਅਤੇ ਸ਼ਾਹ ਸ਼ੁਜਾਹ ਦਾ ਸਿੰਧ ਪਾਰ ਕਰਨਾ

ਇਸ ਦਰਿਆ ਦੇ ਇਕ ਪੱਤਨ ਨੂੰ ਪਾਰ ਕਰਨ ਲਗਿਆਂ ਮਹਾਰਾਜਾ ਰਣਜੀਤ ਸਿੰਘ ਦੀ ਘੁੜ ਸਵਾਰ ਫੌਜ ਜੋ ੧੨੦੦ ਤੋਂ ਲੈਕੇ ੭੦੦੦ ਤੀਕ ਦਸੀ ਜਾਂਦੀ ਹੈ ਇਸ ਦਰਿਆ ਦੀ ਭੇਟ ਹੋ ਗਈ ਸੀ। ਸੰਨ ੧੮੦੯ ਵਿਚ ਸ਼ਾਹ ਸ਼ੁਜਾਹ ਨੇ ਇਸ ਨੂੰ ਉਸ ਥਾਂ ਤੋਂ ਪਰਿਓਂ ਪਾਰ ਕੀਤਾ ਸੀ, ਜਿਥੇ ਇਹ ਕਾਬਲ ਦਰਿਆ ਨਾਲ ਸੰਗਮ ਬਣਾਉਂਦਾ ਹੈ। ਇਸ ਗਲ ਨੂੰ ਉਸ ਸਮੇਂ ਇਕ ਬੜਾ ਵੱਡਾ ਕਾਰਨਾਮਾਂ ਸਮਝਿਆ ਗਿਆ। ਇਹਨਾਂ ਦਰਿਆਵਾਂ ਦੇ ਸੰਗਮ ਅਤੇ ਇਹਨਾਂ ਦੇ ਚਟਾਨਾਂ ਵਿਚਲੇ ਤੇਜ਼ ਵੇਗ ਦਾ ਐਨਾ ਭੈ ਮੰਨਿਆ ਜਾਂਦਾ ਹੈ ਕਿ ਜਦ ਪਾਣੀ ਘਟ ਤੋਂ ਘਟ ਤਹਿ ਤੀਕ ਥਲੇ ਲਥ ਜਾਏ ਤਦ ਵੀ ਲਹਿਰਾਂ ਵਿਚ ਭੰਵਰ ਨਜ਼ਰ ਆਉਂਦੇ ਤੇ ਐਉਂ ਆਵਾਜ਼ ਪੈਦਾ ਕਰਦੇ ਹਨ ਜਿਵੇਂ ਕਿ ਸਮੁੰਦਰ; ਪਰ ਦਸ਼ਾ ਇਸ ਦੇ ਐਨ ਉਲਟ ਬਣ ਜਾਂਦੀ ਹੈ ਜਦ ਬਰਸਾਤ ਦੇ ਪਾਣੀ ਨਾਲ ਜਾਂ ਉੱਚੇ ਉੱਚੇ ਪਹਾੜਾਂ ਉਪਰਲੀ ਬਰਫ ਪੰਘਰਨ ਨਾਲ ਪਾਣੀ ਦਾ ਜ਼ੋਰ ਬਹੁਤ ਹੋ ਜਾਂਦਾ ਹੈ। ਐਨਾ ਭਿਆਣਕ ਭੰਵਰ ਉਠਦਾ ਹੈ ਕਿ ਉਸ ਦੀ ਗਰਜ ਕਰੋਪ ਹੋਏ ਸਮੁੰਦਰ ਦੀਆਂ ਲਹਿਰਾਂ ਨੂੰ ਵੀ ਮਾਤ ਪਾਉਂਦੀ ਹੈ। ਇਹ ਭਿਆਣਕ ਗਰਜ ਬੜੀ ਦੂਰ ਤੀਕ ਸੁਣਾਈ ਦੇਂਦੀ ਹੈ। ਜਿਹੜਾ ਸੈਲਾਨੀ ਇਹੋ ਜਿਹੇ ਦਰਿਸ਼ ਵੇਖਣ ਦਾ ਆਦੀ ਨ ਹੋਵੇ ਉਹ ਇਸ ਕੌਤਕ ਨੂੰ ਵੇਖ ਕੇ ਹੈਰਾਨ ਰਹਿ ਜਾਂਦਾ ਹੈ। ਉਛਾਲੇ ਖਾਂਦਾ ਹੋਇਆ ਇਹ ਦਰਿਆ ਬਹੁਤੀ ਵਾਰ ਕਿਸ਼ਤੀਆਂ ਨੂੰ ਆਪਣੀਆਂ ਲਹਿਰਾਂ ਵਿਚ ਜਕੜ ਲੈਂਦਾ ਅਥਵਾ ਉਹਨਾਂ ਨੂੰ ਚਟਾਨਾਂ ਨਾਲ ਟਕਰਾ ਟਕਰਾ ਕੇ ਚੂਰ ਚੂਰ ਕਰ ਦੇਂਦਾ ਹੈ।

ਕਮਾਲੀਆ ਅਤੇ ਜਲਾਲੀਆ ਚਿੱਟਾਨਾਂ

ਜਿੱਥੇ ਇਹ ਦਰਿਆ, ਕਾਬਲ ਦਰਿਆ ਨਾਲ ਮਿਲ ਕੇ ਸੰਗਮ ਬਣਾਉਂਦਾ ਹੈ ਉਥੇ ਕਮਾਲੀਆ ਅਤੇ ਜਲਾਲੀਆ ਨਾਮੀ ਦੋ ਕਾਲੀਆਂ ਚੱਟਾਨਾਂ ਹਨ ਜਿਨ੍ਹਾਂ ਬਾਰੇ ਵਚਿਤਰ ਦੰਤਕਥਾ ਪ੍ਰਸਿਧ ਹੈ। ਇਹ ਚਟਾਨਾਂ ਦਰਿਆ ਵਿਚ ਵਧੀਆਂ ਹੋਣ ਕਰਕੇ ਉਸ ਲਾਂਘੇ ਲਈ ਬੜੀਆਂ ਖਤਰਨਾਕ ਸਾਬਤ ਹੋਈਆਂ ਹਨ। ਸੋਲ੍ਹਵੀਂ ਸਦੀ ਦੇ ਮੱਧ ਵਿਚ ਮੁਸਲਮਾਨਾਂ ਦੇ ਰੋਸ਼ਨਾਈ ਫਿਰਕੇ ਦਾ ਮੁੱਢ ਪੀਰ ਰੋਸ਼ਨ ਨੇ ਬੱਧਾ ਸੀ। ਇਸ ਪੀਰ ਦੇ ਦੋ ਪੁਤ੍ਰ ਕਮਾਲ ਉਦ ਦੀਨ ਤੇ ਜਮਾਲ ਉਦ ਦੀਨ ਹੋਏ। ਇਹਨਾਂ ਦੋਵਾਂ ਭਰਾਵਾਂ ਦੇ ਨਾਮ ਉਤੇ ਹੀ ਇਹਨਾਂ ਦੋਵਾਂ ਕਾਲੀਆਂ ਚਿੱਟਾਨਾਂ ਦਾ ਨਾਮ ਕਮਾਲੀਆ ਤੇ ਜਮਾਲੀਆ ਪੈ ਗਿਆ। ਇਹਨਾਂ ਦੋਵਾਂ ਭਰਾਵਾਂ ਨੂੰ ਸ਼ਹਿਨਸ਼ਾਹ ਅਕਬਰ ਦੇ ਹੁਕਮ ਨਾਲ ਇਹਨਾਂ ਚਟਾਨਾਂ ਦੇ ਸਿਖਰ ਤੋਂ ਹੇਠਾਂ ਦਰਿਆ ਵਿਚ ਸੁਟਿਆ ਗਿਆ ਸੀ। ਇਸ ਫਿਰਕੇ ਦਾ ਇਹ ਈਮਾਨ ਸੀ ਕਿ ਸਵਾਏ ਈਸ਼ਵਰ ਦੇ ਕੋਈ ਸ਼ੈ ਸਥਾਈ ਨਹੀਂ ਤੇ ਉਸ ਦੀ ਪੂਜਾ ਵੀ ਜ਼ਰੂਰੀ ਨਹੀਂ। ਉਹ ਕੁਰਾਨ ਨੂੰ ਨਹੀਂ ਸਨ ਮੰਨਦੇ ਤੇ ਨ ਹੀ ਉਸ ਵਿਚ ਦਸੇ ਦੀਨ ਉਤੇ ਈਮਾਨ ਹੀ ਲਿਆਉਂਦੇ ਸਨ। ਕਿਉਂਕਿ ਰੋਸ਼ਨਾਈ ਰਵਾਇਤਾਂ ਦੇ ਇਹਨਾਂ ਦੋਵਾਂ ਹਾਮੀਆਂ ਨੇ ਰੂਹਾਂ ਦੀ ਸਖਤ ਤਬਾਹੀ ਮਚਾਈ ਸੀ ਇਸ ਲਈ ਸ਼ਰਈ ਮੁਸਲਮਾਨਾਂ ਨੇ ਇਹਨਾਂ ਚਿਟਾਨਾਂ ਦੇ ਨਾਮ ਉਹਨਾਂ ਦੇ ਨਾਮ ਉਤੇ ਰਖ ਦਿਤੇ ਅਤੇ ਰਖ ਦਿਤੇ ਇਸ ਲਈ ਕਿਉਂਕਿ ਆਪਣੀ ਖਤਰੇ ਭਰਪੂਰ ਪੁਜ਼ੀਸ਼ਨ ਦੇ ਕਾਰਨ ਆਪਣੀਆਂ ਘੁਮਣ ਘੇਰੀਆਂ ਨਾਲ ਇਹਨਾਂ ਨੇ ਅਨੇਕਾਂ ਇਨਸਾਨਾਂ ਦੀਆਂ ਜਾਨਾਂ ਲਈਆਂ ਸਨ। ਇਸ ਦੇ ਵੱਡੇ ਵੱਡੇ ਤੂਫਾਨਾਂ; ਇਸ ਦੀਆਂ ਭਿਆਣਕ ਛੱਲਾਂ ਅਤੇ ਅਮੁਕ ਬਰਫ ਦੇ ਤੋਦਿਆਂ ਨੇ; ਜੋ ਉਚੇ ਉਚੇ ਪਰਬਤਾਂ ਤੋਂ ਖਿਸਕ ਕੇ ਅਚਾਨਕ ਪਹਾੜ ਵਾਂਗ ਡਿਗਦੇ ਹਨ, ਦਰਿਆ ਸਿੰਧ ਨੂੰ ਅਤਿਅੰਤ ਤੇਜ਼ ਤੇ ਖਤਰਨਾਕ ਬਣਾ ਦਿਤਾ ਹੈ। ਕਦੇ ਕਦੇ ਤੇ ਧਰਤੀ ਦੇ ਟੁੱਟੇ ਹੋਏ ਟੁਕੜੇ ਤੇ ਬਰਫਾਨੀ ਪਹਾੜੀ ਚਟਾਨਾਂ ਦੇ ਫਟਣ ਨਾਲ ਅਤੇ ਇਕਤਰ ਹੋਏ ਪਾਣੀ ਇਕਠੇ ਹੋ ਕੇ ਐਨੇ ਤੇਜ਼ ਵੇਗ ਨਾਲ ਅਗੇ ਵਧਦੇ ਹਨ ਕਿ ਉਹਨਾਂ ਦੇ ਰਸਤੇ ਵਿਚ ਜੋ ਚੀਜ਼ ਵੀ ਆਵੇ ਕੱਖਾਂ ਕਾਨਿਆਂ ਵਾਂਗ ਵਹਾਕੇ ਲੈ ਜਾਂਦੇ ਹਨ।

ਸੰਨ ੧੯੪੧ ਵਿਚ ਪਹਾੜ ਟੁਟਣ ਨਾਲ ਜਿਹੜੀ ਚਿੱਟਾਨ ਅਥਵਾ ਰੋਕ ਪਈ ਉਸ ਨੇ

*ਵੇਖੋ ਸਟਰਾਬੋ ਦਾ ਕੋਫਾਸ ਅਤੇ ਏਰੀਅਨ ਦਾ ਕੋਫਨੀਜ਼

Sri Satguru Jagjit Singh Ji eLibrary NamdhariElibrary@gmail.com

**ਅਟਕ* ਤੀਕ ਦਰਿਆਈ ਰਸਤੇ ਦੇ ਨਾਲ ਨਾਲ ਬੜੀ ਸਖ਼ਤ ਤਬਾਹੀ ਮਚਾਈ। ੧੦ ਅਗਸਤ ੧੮੫੮ ਈਸਵੀ ਨੂੰ ਦਰਿਆ ਅਚਨਚੇਤ ੯੦ ਫੁਟ ਤੀਕ ਉੱਚਾ ਚੜ੍ਹ ਆਇਆ।**

# ਦਰਿਆ ਕਾਬਲ

**ਦਰਿਆ ਸਿੰਧ ਨਾਲੋਂ ਕਾਬਲ ਦਰਿਆ ਵਿਚ ਇਕ ਵਚਿਤਰ ਵਿਸ਼ੇਸ਼ਤਾ ਹੈ। ਦੋਵਾਂ ਦਰਿਆਵਾਂ ਦੇ ਸੰਗਮ ਤੋਂ ਉਪਰਲੇ ਪਾਸੇ ੪੦ ਮੀਲ ਤੀਕ ਤਾਂ ਇਹ ਜਹਾਜ਼ਰਾਨੀ ਦੇ ਬਿਲਕੁਲ ਯੋਗ ਹੈ ਪਰ ਸੰਗਮ ਦੇ ਠੀਕ ਉਪਰਲੇ ਪਾਸੇ ਤੁੰਦ ਦੇ ਤੇਜ਼ ਲਹਿਰਾਂ ਨੇ ਦਰਿਆ ਸਿੰਧ ਨੂੰ ਲਾਂਘੇ ਰਹਿਤ ਬਣਾ ਦਿਤਾ ਹੈ। ਦਰਿਆ ਦੇ ਉਪਰਲੇ ਰਸਤੇ ਦੇ ਨਾਲ ਨਾਲ ਅਟਕ ਤੇ ਇਸ ਦੇ ਨਾਲਿਆਂ ਦੇ ਇਰਦ ਗਿਰਦ ਵਖ ਵਖ ਅਸਥਾਨਾਂ ਉਤੇ ਸੋਨਾ ਪਾਇਆ ਜਾਂਦਾ ਹੈ। ੩੩° ੫੪ ਉਤ੍ਰੀ ਲੈਟੀਚੂਡ ਅਤੇ ੭੨° ੧੮′ ਪੂਰਬੀ ਲਾਂਗੀਚੂਡ ਵਿਚ ਪਹੁੰਚ ਕੇ ਅਟਕ* ਇਹ ਦਰਿਆ ਅਟਕ ਦਾ ਨਾਮ ਧਾਰਨ ਕਰ ਲੈਂਦਾ ਤੇ ਮੁੜ ਤੰਗ ਹੱਦਾਂ ਵਿਚ ਵੰਡੀ ਜਾਂਦਾ ਹੈ, ਜੋ ੨੬੦ ਗਜ਼ ਤੋਂ ਲੈ ਕੇ ੧੦੦ ਗਜ਼ ਤੀਕ ਚੌੜੀਆਂ ਹੁੰਦੀਆਂ ਹਨ। ਏਥੇ ਦਰਿਆ ਦਾ ਵਹਾ ਡੂੰਘਾ ਤੇ ਬਹੁਤ ਹੀ ਤੇਜ਼ ਹੈ।**

**ਖੁਸ਼ਕ ਮੌਸਮ ਵਿਚ ਦਰਿਆ ਸਿੰਧ, ਅਟਕ ਦੇ ਅਸਥਾਨ ਉਤੇ ਬੇੜੀਆਂ ਤੇ ਕਿਸ਼ਤੀਆਂ ਦੇ ਬਣੇ ਪੁਲ ਰਾਹੀਂ ਪਾਰ ਕੀਤਾ ਜਾ ਸਕਦਾ ਹੈ। ਪਸ਼ੌਰ ਅਤੇ ਅਫਗਾਨਿਸਤਾਨ ਨੂੰ ਜਾਣ ਵਾਲੀ ਵੱਡੀ ਸੜਕ ਵੀ ਏਸੇ ਅਸਥਾਨ ਉਤੋਂ ਹੋ ਕੇ ਲੰਘਦੀ ਹੈ। ਇਸ ਤੋਂ ਛੁਟ ਹੁਣ ਰੇਲ ਦਾ ਇਕ ਹੋਰ ਪੁਲ ਵੀ ਬੱਝ ਗਿਆ ਹੈ, ਜਿਸ ਉਪਰੋਂ ਰੇਲ ਲੰਘਦੀ ਹੈ। ਹੇਠਲੇ ਪਾਸੇ ਜਦ ਇਹ ਪਹਾੜੀਆਂ ਵਿਚ ਦਾਖਲ ਹੁੰਦਾ ਹੈ ਇਸ ਕੀ ਚੌੜਾਈ ਹੋਰ ਵੀ ਛੋਟੀ ਹੋ ਜਾਂਦੀ ਹੈ। ਇਥੋਂ ਤੀਕ ਕਿ ਅਟਕ ਤੋਂ ੧੫ ਮੀਲ ਹੇਠਲੇ ਪਾਸੇ ਨੀਲਬ ਮੁਕਾਮ ਉਤੇ ਤੇ ਇਸ ਦੀ ਚੌੜਾਈ ਕੇਵਲ ਐਨੀ ਰਹਿ ਜਾਂਦੀ ਹੈ ਕਿ ਮਨੁਖ ਪੱਥਰ ਪਾਰਲੇ ਪਾਸੇ ਸੁਟ ਸਕਦਾ ਹੈ; ਪਰ ਏਥੇ ਇਸ ਦਾ ਬਹਾਓ ਬੜਾ ਹੀ ਤੇਜ਼ ਹੈ। ਇਸ ਅਸਥਾਨ ਉਤੇ ਦਰਿਆ ਦਾ ਰੁਖ ਦਖਣ ਅਤੇ ਦਖਣ ਪੱਛਮ ਵਲ ਨੂੰ ਹੋ ਜਾਂਦਾ ਹੈ। ਇਥੋਂ ਇਹ ਸੁਲੇਮਾਨ ਪਹਾੜੀਆਂ ਅਤੇ ਪੰਜਾਬ ਦੇ ਪੱਛਮੀ ਪਾਸੇ ਦੇ ਮੁਤਵਾਜ਼ੀ ਵਗਦਾ ਹੈ। ਉਹੋ ਬਹਾਓ**

---

* ਇਹ ਮਹਾਨ ਵੱਡੀ ਤਬਾਹੀ ਮਹਾਰਾਜਾ ਸ਼ੇਰ ਸਿੰਘ ਦੇ ਰਾਜ ਸਮੇਂ ਮਚੀ। ਅਖੀਂ ਡਿਠੇ ਗਵਾਹ ਨੇ ਇਸ ਭਿਆਨਕ ਨਜ਼ਾਰੇ ਦਾ ਵਰਣਨ ਐਉਂ ਕੀਤਾ ਹੈ— ਅਟਕ ਦੇ ਉਪਰ ਵਾਲੇ ਪਾਸੇ ਕੁਝ ਵਿੱਥ ਉਤੇ ਕੋਈ ਅਟਕਾ ਪੈ ਜਾਣ ਨਾਲ ਕਈ ਹਫਤੇ ਤੀਕ ਦਰਿਆ ਦਾ ਵੇਗ ਬਹੁਤ ਹੀ ਘਟ ਗਿਆ। ਇਕ ਦਿਨ ਸ਼ਾਮ ਵੇਲੇ ਪਿੰਡ ਵਾਸੀਆਂ ਨੇ ਉੱਤਰ ਵਲ ਦੇ ਪਾਸੇ ਇਕ ਕਾਲੇ ਰੰਗ ਦਾ ਬੜਾ ਵੱਡਾ ਸਾਰਾ ਬਦਲ ਉਠਦਾ ਡਿੱਠਾ। ਇਹ ਬੱਦਲ ਅਕਾਸ਼ ਨਾਲ ਟਕਰਾਉਂਦਾ ਨਜ਼ਰ ਆਉਂਦਾ ਸੀ। ਉਹਨਾਂ ਨੇ ਸਮਝਿਆ ਇਹ ਕੋਈ ਹਵਾਈ ਤੂਫਾਨ ਹੈ। ਇਹ ਕਾਲਾ ਬੱਦਲ ਪਲੋ ਪਲੀ ਨੇੜੇ ਆਉਂਦਾ ਗਿਆ। ਇਥੋਂ ਤੀਕ ਕਿ ਸਾਰੀ ਧਰਤੀ ਇਕ ਝਟਕੇ ਨਾਲ ਹਿਲ ਗਈ। ਲੋਕਾਂ ਜਾਤਾ ਇਹ ਕੋਈ ਭੁਚਾਲ ਆਇਆ ਹੈ। ਨਾਲ ਹੀ ਇਕ ਭਿਆਨਕ ਤੁਫਾਨ ਮੱਚ ਉਠਿਆ। ਇਸ ਘਟਨਾ ਦੇ ਥੋੜਾ ਚਿਰ ਮਗਰੋਂ ਲੋਕਾਂ ਨੇ ਡਿੱਠਾ ਕਿ ਪਾਣੀ ਦੀ ਇਕ ਬੜੀ ਵਡੀ ਚਾਦਰ ਬੜੀ ਤੇਜ਼ੀ ਨਾਲ ਵਧੀ ਚਲੀ ਆ ਰਹੀ ਹੈ। ਪਾਣੀ ਦੀ ਇਹ ਚਾਦਰ ਕਈ ਮੀਲ ਦੇ ਘੇਰੇ ਵਿਚ ਸੀ। ਇਸ ਦੇ ਰਸਤੇ ਵਿਚ ਜੋ ਕੁਛ ਵੀ ਆਇਆ, ਸਭ ਦਾ ਸਫਾਇਆ ਕਰਦੀ ਗਈ। ਲੋਕਾਂ ਵਿਚ ਅਫਰਾ ਤਫਰੀ ਮਚ ਗਈ ਪਰ ਹੁਣ ਵੇਲਾ ਲੰਘ ਚੁਕਾ ਸੀ। ਕਈ ਲੋਕ ਜਾਨਾਂ ਬਚਾਉਣ ਲਈ ਦਰਖਤਾਂ ਦੀਆਂ ਟੀਸੀਆਂ ਉਤੇ ਜਾ ਚੜ੍ਹੇ। ਉਸ ਭਿਆਨਕ ਤੂਫਾਨ ਤੇ ਹੜ੍ਹ ਵਿਚ ਪੰਜ ਤੇ ਛੇ ਹਜ਼ਾਰ ਦੇ ਵਿਚਕਾਰ ਲੋਕ ਰੁੜ੍ਹ ਗਏ, ਸੈਂਕੜੇ ਪਿੰਡ ਗਰਕ ਹੋ ਗਏ ਅਤੇ ਹਜ਼ਾਰਾਂ ਲੋਕ ਘਰੋਂ ਬੇਘਰ ਹੋ ਗਏ। ਅਟਕ ਦੇ ਕਿਲ੍ਹੇ ਵਿਚ ਪਾਣੀ ਹੀ ਪਾਣੀ ਹੋ ਗਿਆ, ਜੋ ਬਹੁਤ ਸਾਰਾ ਜਾਨ ਮਾਲ ਦਾ ਨੁਕਸਾਨ ਕਰਨ ਮਗਰੋਂ ਤੀਜੇ ਦਿਨ ਜਾ ਕੇ ਥਲੇ ਲੱਥਾ।

*ਅਟਕ ਇਕ ਹਿੰਦੀ ਸ਼ਬਦ ਹੈ ਜਿਸ ਦਾ ਭਾਵ ਹੈ ਰੋਕ ਅਰਥਾਤ ਅਟਕਾ; ਇਸ ਤੋਂ ਭਾਵ ਇਹ ਪ੍ਰਗਟ ਕਰਨਾ ਹੈ ਕਿ ਪੱਛਮ ਵਲੇ ਇਹ ਦਰਿਆ ਹਿਦੁਸਤਾਨ ਦੀ ਪਵਿਤਰ ਹੱਦ ਹੈ। ਇਸ ਪਾਸੇ ਦਰਿਆ ਨੂੰ ਪਾਰ ਕਰਨ ਦੀ ਹਿੰਦੂਆਂ ਨੂੰ ਮਨਾਹੀ ਸੀ। ਅਟਕ ਦਾ ਕਿਲ੍ਹਾ ਬੜੀ ਉੱਚਾਈ ਉਤੇ ਦਰਿਆ ਸਿੰਧ ਦੇ ਖਬੇ ਅਥਵਾ ਪੂਰਬੀ ਕਿਨਾਰੇ ਉਤੇ ਵਾਕਿਆ ਹੈ ਅਤੇ ਇਹ ਦਰਿਆ ਵਲ ਨੂੰ ਝੁਕਿਆ ਹੋਇਆ ਹੈ। ਖੈਰਾਬਾਦ ਦਾ ਕਿਲ੍ਹਾ, ਜੋ ਕਈਆਂ ਦੇ ਕਹਿਣ ਅਨੁਸਾਰ ਅਕਬਰ ਨੇ, ਅਤੇ ਕਈਆਂ ਦੇ ਕਥਨ ਅਨੁਸਾਰ ਨਾਦਰ ਸ਼ਾਹ ਨੇ ਉਸਾਰਿਆ ਸੀ ਅਟਕ ਦੇ ਸਾਹਮਣੇ ਵਾਲੇ ਪਾਸੇ ਦਰਿਆ ਦੇ ਸਜੇ ਪਾਸੇ ਬਣਿਆ ਹੋਇਆ ਹੈ। ਅਟਕ ਦਾ ਕਿਲ੍ਹਾ ਸ਼ਹਿਨਸ਼ਾਹ ਅਕਬਰ ਨੇ ਸੰਨ ੧੮੫੩ ਵਿਚ ਦਰਿਆਈ ਰਸਤੇ ਉਤੇ ਕਬਜ਼ਾ ਰਖਣ ਲਈ ਬਣਾਇਆ ਸੀ। ਇਹ ਕਿਲ੍ਹਾ ਖ੍ਵਾਜਾ ਸ਼ਮਸ਼-ਉਦੀਨ ਖਵਾਫੀ ਦੀ ਨਿਗਰਾਨੀ ਤੇ ਹਦਾਇਤ ਅਨੁਸਾਰ ਉਸਾਰਿਆ ਗਿਆ, ਜੋ ਸਮਾਨ ਪਾਸਿਆਂ ਵਾਲਾ ਹੈ, ਇਸ ਦਾ ਮੱਥਾ ੪੦੦ ਗਜ਼ ਲੰਮਾ ਅਤੇ ਦੂਜਾ ਪਾਸਾ ਇਸ ਤੋਂ ਵੀ ਦੂਣਾ ਹੈ। ਇਸ ਦੀਆਂ ਕੰਧਾਂ ਪਾਲਸ਼ ਹੋਏ ਪੱਥਰ ਦੀਆਂ ਬਣੀਆਂ ਹੋਈਆਂ ਹਨ। ਇਹ ਕਿਲ੍ਹਾ ਬੜਾ ਮਨ-ਮੋਹਣਾ ਹੋਣ ਦੇ ਨਾਲ ਹੀ ਵਪਾਰਕ ਤੇ ਫੌਜੀ ਦਰਿਸ਼ਟੀ-ਕੋਣ ਤੋਂ ਵੀ ਬੜੀ ਮਹਾਨਤਾ ਰਖਦਾ ਹੈ। ਉੱਤਰ ਵਲੋਂ ਹਿੰਦ ਉੱਤੇ ਸਾਰੇ ਹਮਲਾ-ਆਵਰ ਏਸੇ

**(ਬਾਕੀ ਦੇਖੋ ਦੂਜਾ ਕਾਲਮ)**

**(ਦੂਜੇ ਕਾਲਮ ਦੀ ਬਾਕੀ)**

ਰਸਤੇ ਥਾਣੀਂ ਆਏ ਸਨ। ਇਹ ਉਹ ਅਸਥਾਨ ਹੈ ਜਿਥੋਂ ਸਿਕੰਦਰ ਆਜ਼ਮ, ਤੈਮੂਰ ਅਤੇ ਨਾਦਰ ਸ਼ਾਹ ਦੀਆਂ ਫੌਜਾਂ ਨੇ, ਤਿੰਨ ਵਖ ਵਖ ਸਮਿਆਂ ਵਿਚ, ਦਰਿਆ ਪਾਰ ਕੀਤਾ। ਇਸ ਰਸਤੇ ਨੂੰ ਮਲੂਮ ਕਰਨ ਦਾ ਸਿਹਰਾ ਵੀ ਮਹਾਂ ਸਿਕੰਦਰ ਦੇ ਸਿਰ ਹੈ, ਜਿਸ ਨੇ ਪਹਾੜਾਂ ਨੂੰ ਲੰਘ ਕ ਉਸ ਅਲੈਗਜ਼ੰਡਰੀਆ ਪਰੋਪਾਮਿਸਾਨਾਂ ਦੇ ਅਸਥਾਨ ਉਤੇ ਡੇਰੇ ਲਾਏ ਸਨ, ਜਿਸ ਨੂੰ ਅਜ ਕਲ ਕੰਧਾਰ ਸ਼ਹਿਰ ਆਖਦੇ ਹਨ। ਏਥੇ ਉਸ ਨੇ ਸਿੰਧ ਦੇ ਪੱਛਮ ਵਲ ਦੇ ਕਬੀਲਿਆਂ ਨੂੰ ਵਿਜੇ ਕਰਕੇ ਟੈਕਸਿਲਾ ਦੇ ਮੁਕਾਮ ਉਤੇ ਦਰਿਆ ਪਾਰ ਕੀਤਾ ਸੀ। ਇਹ ਅਸਥਾਨ ਵਰਤਮਾਨ ਸਮੇਂ ਦਾ ਅਟਕ ਅਤੇ ਇਕੋ ਇਕ ਉਹ ਅਸਥਾਨ ਹੈ, ਜਿਥੇ ਦਰਿਆ ਐਨਾ ਸ਼ਾਂਤ ਹੋ ਜਾਂਦਾ ਹੈ ਕਿ ਇਸ ਉਤੇ ਪੁਲ ਬਣਾਇਆ ਜਾ ਸਕੇ। ਇਸ ਦੇ ਸਾਹਮਣੇ ਪਾਸੇ ਖੈਰਾਬਾਦ ਦੇ ਨੇੜੇ ਇਕ ਬੜਾ ਸੁੰਦਰ ਰੋਦਬਾਰ ਹੈ, ਜੋ ਖਟਕ ਕਬੀਲੇ ਦੇ ਸਰਦਾਰ ਨੇ, ਪੁਰਾਤਨ ਸਮੇਂ ਨਾਲ ਲਗਦੀ ਜ਼ਮੀਨ ਦੀ ਸਿੰਜਾਈ ਲਈ ਬਣਾਇਆ ਸੀ। ਕਿਲ੍ਹੇ ਦੇ ਪੱਛਮ ਵਿਚ, ੫੦ ਗਜ਼ ਹੇਠਾਂ ਵਲ ਨੂੰ ਪੀਰ ਅਬਦੁਲ ਕਾਦਰ ਜੀਲਾਨੀ ਦੇ ਦੀਵਾਨ ਦਾ ਮਕਬਰਾ ਹੈ। ਮਕਬਰੇ ਦੇ ਸਿਰੇ ਵਾਲੇ ਪਥਰ ਉਤੇ ਜੋ ਸ਼ਿਲਾ ਲੇਖ ਤੁਗਰਾ ਅਖਰਾਂ ਵਿਚ ਦਰਜ ਹੈ ਉਸ ਵਿਚ ਸ਼ੇਖ ਅਬਦੁਲ ਰਹਿਮਾਨ ਦਾ ਨਾਮ ਤੇ ਤ੍ਰੀਕ ੧੧੩੨ ਹਿਜ਼ਰੀ ਅਥਵਾ ੧੭੧੩ ਈਸਵੀ ਦਰਜ ਹੈ। ਉੱਤਰ ਵਾਲੇ ਪਾਸੇ ਇਕ ਚਿੱਟੇ ਪੱਥਰ ਦੀ ਸਿਲ ਲਾਹੌਰੀ ਦਰਵਾਜ਼ੇ ਉਤੇ ਲਗੀ ਹੋਈ ਹੈ, ਉਸ ਉਤੇ ਹੇਠ ਲਿਖੇ ਫਾਰਸੀ ਲਫਜ਼ ਉਕਰੇ ਹੋਏ ਹਨ—

سر شاهان عالم شاه اکبر-تعالی شانه الله اکبر

"ਸਰ ਸ਼ਹਾਨਿ ਆਲਮ ਸ਼ਾਹ ਅਕਬਰ—ਤਆਲਾ ਸ਼ਾਨਾ ਅੱਲ੍ਹਾ ਅਕਬਰ"

ਅਰਥਾਤ ਅਕਬਰ ਬਾਦਸ਼ਾਹ ਦੁਨੀਆ ਦੇ ਸ਼ਾਹਾਂ ਦਾ ਸ਼ਾਹ ਹੈ। ਸਭ ਤੋਂ ਵੱਡਾ ਪ੍ਰਮਾਤਮਾ ਹੈ ਤੇ ਉਸੇ ਦੀ ਵਡੀ ਸ਼ਾਨ ਹੈ। ਇਸ ਸ਼ਿਲਾ ਲੇਖ ਦੀ ਤਰੀਕ ੯੯੧ ਹਿਜਰੀ ਅਥਵਾ ੧੫੮੩ ਈਸਵੀ ਹੈ।

ਮੁਗਲ ਬਾਦਸ਼ਾਹਾਂ ਦੇ ਸਮੇਂ ਕਿਲ੍ਹੇ ਵਿਚ ਸ਼ਾਹੀ ਫੌਜਾਂ ਦੀ ਛਾਉਣੀ ਹੁੰਦੀ ਸੀ। ਮਹਾਰਾਜਾ ਰਣਜੀਤ ਸਿੰਘ ਨੇ ਚਲਾਕੀ ਨਾਲ ੧੮੧੩ ਵਿਚ ਇਸ ਦਾ ਈ: ਕਬਜ਼ਾ ਅਫਗਾਨ ਗਵਰਨਰ ਨਾਲ ਸਾਜ਼ ਬਾਜ਼ ਕਰਕੇ ਆਪ ਪ੍ਰਾਪਤ ਕਰ ਲਿਆ ਅਤੇ ਇਹ ਕਿਲ੍ਹਾ ਸਿੱਖਾਂ ਦੇ ਕਬਜ਼ੇ ਵਿਚ ੧੮੦੯ ਵਿਚ ਬ੍ਰਿਟਿਸ਼ ਫੌਜਾਂ ਦੀ ਜਿੱਤ ਤੀਕ ਰਿਹਾ। ਸੰਨ ੧੮੪੮ ਵਿਚ ਲੈਫਟੀਨੈਂਟ ਹਰਬਰਟ ਨੇ ਬੜੀ ਸੂਰਬੀਰਤਾ ਨਾਲ ਇਸ ਦੀ ਰਖਿਆ ਕੀਤੀ। ਹੁਣ ਇਸ ਉਤੇ ਬੜੀ ਭਾਰੀ ਬ੍ਰਿਟਿਸ਼ ਫੌਜੀ ਦਸਤੇ ਤੇ ਤੋਪਖਾਨੇ ਦੀ ਬੈਟਰੀ ਦਾ ਕਬਜ਼ਾ ਹੈ।

(ਸੰਨ ੧੯੪੭ ਈਸਵੀ ਵਿਚ ਅੰਗਰੇਜ਼ਾਂ ਦੇ ਹਿੰਦ ਛਡ ਜਾਣ ਮਗਰੋਂ ਇਹ ਥਾਂ ਪਾਕਸਤਾਨ ਦੇ ਹਿਸੇ ਆਇਆ ਹੈ—ਉਲਥਾਕਾਰ)

Sri Satguru Jagjit Singh Ji eLibrary NamdhariElibrary@gmail.com

ਜਿਹੜਾ ਸਲੇਟੀ ਚਿਟਾਨਾਂ ਦੇ ਉਚੇ ਉਚੇ ਟਿਲਿਆਂ ਵਿਚਾਲੇ ਅਟਕ ਤੋਂ ਥਲੇ ਵਾਲੇ ਪਾਸੇ ੧੦ ਮੀਲ ਤੀਕ ਸ਼ਾਂਤ-ਡੂੰਘਾ ਅਤੇ ਤੇਜ਼ ਸੀ, ਬੜਾ ਤੇਜ਼ ਤੇ ਤੁੰਦ ਹੋ ਜਾਂਦਾ ਹੈ। ਜਿਸ ਸਮੇਂ ਇਹ ਗੋਲ ਉਚੀਆਂ ਤੇ ਸਿਧੀਆਂ ਚੀਰ ਚੱਟਾਨਾਂ ਉਦਾਲੇ ਹੋ ਕੇ ਤੇਜ਼ੀ ਨਾਲ ਲੰਘਦਾ ਹੈ, ਪਾਣੀ ਦੀ ਸਤਹ ਉਤੇ ਘੁੰਮਣ ਘੇਰੀਆਂ ਪੈਂਦੀਆਂ ਹਨ; ਜਿਹੜੀਆਂ ਬੇੜੀਆਂ ਵਾਸਤੇ ਬੜੀਆਂ ਖਤਰਨਾਕ ਹਨ। ਦਰਿਆ ਦੇ ਇਸ ਭਾਗ ਦਾ ਪਾਣੀ ਗਹਿਰੇ ਸੁਰਮਈ ਰੰਗ ਦਾ ਹੈ। ਕਿਉਂਕਿ ਇਹ ਦਰਿਆ ਨੀਲੀਆਂ ਚੂਨੇ ਦੀਆਂ ਪਹਾੜੀਆਂ ਵਿਚਦੀ ਲੰਘਦਾ ਹੈ ਇਸ ਲਈ ਇਸ ਨੂੰ ਨੀਲਾਬ* ਅਰਥਾਤ ਨੀਲੇ ਪਾਣੀ ਦਾ ਨਾਮ ਦਿਤਾ ਗਿਆ ਹੈ। ਅਟਕ ਤੋਂ ੧੨ ਮੀਲ ਦੂਰ ਦੇ ਇਕ ਨਗਰ ਦਾ ਨਾਮ ਵੀ ਇਹੋ ਪ੍ਰਸਿਧ ਹੈ। ਪਹਾੜੀਆਂ ਵਿਚ ਦੀ ਸਪ ਵਾਂਗ ਵਲ ਖਾਂਦਾ ਹੋਇਆ ਇਹ ਦਰਿਆ ਅਟਕ ਤੋਂ ੧੧੦ ਮੀਲ ਥਲੇ ਵਲ ਕਾਲਾਬਾਗ ਪਹੁੰਚ ਜਾਂਦਾ ਹੈ, ਅਤੇ ਇਥੋਂ ਮੁੜ ਡੂੰਘੀ, ਸਾਫ ਸ਼ਾਂਤ ਨਦੀ ਦੇ ਰੂਪ ਵਿਚ ਇਹ ਲੂਣ ਦੀਆਂ ਵੱਡੀਆਂ ਵੱਡੀਆਂ ਪਹਾੜੀਆਂ ਵਿਚਦੀ ਲੰਘਦਾ ਹੈ। ਕਾਲਾ ਬਾਗ ਤੋਂ ਮਿਠਣ ਕੋਟ ਦੇ ੩੫੦ ਮੀਲ ਦੇ ਫਾਸਲੇ ਤੀਕ ਦਖਣ ਵਲ ਦੇ ਕਿਨਾਰੇ ਨੀਵੇਂ ਹੋਣ ਕਰ ਕੇ ਇਰਦ ਗਿਰਦ ਦਾ ਸਾਰਾ ਇਲਾਕਾ ਪਾਣੀ ਵਿਚ ਲੁਕ ਜਾਂਦਾ ਹੈ ਤੇ ਜਿਥੋਂ ਤੀਕ ਦਰਿਸ਼ਟੀ ਕੰਮ ਕਰਦੀ ਹੈ ਪਾਣੀ ਹੀ ਪਾਣੀ ਵਿਖਾਈ ਦੇਂਦਾ ਹੈ। ਹਿਮਾਲਾ ਅਤੇ ਹਿੰਦੂਕੁਸ਼ ਵਿਚਲੀਆਂ ਬਰਫਾਂ ਦੇ ਪੰਘਰਨ ਨਾਲ ਉਤਪਨ ਹੋਣ ਵਾਲੇ ਇਹ ਹੜ ਬਹਾਰ ਰੁਤ ਵਿਚ ਸ਼ੁਰੂ ਹੁੰਦੇ ਅਤੇ ਪਤਝੜ ਵਿਚ ਜਾ ਕੇ ਘਟਦੇ ਤੇ ਮਧਮ ਪੈਂਦੇ ਹਨ।

## ਪੰਜ ਨਦ ਨਾਲ ਸਿੰਧ ਦਾ ਸੰਗਮ

ਮਿੱਠਣ ਕੋਟ ਤੋਂ ਦੋ ਤਿੰਨ ਮੀਲ ਹੇਠਲੇ ਪਾਸੇ ਇਸ ਦਰਿਆ ਵਿਚ ਪੰਜ ਨਦ (ਚਨਾਬ) ਵੀ ਆਣ ਮਿਲਦਾ ਹੈ। ਇਸ ਤਰ੍ਹਾਂ ਪੰਜ ਨਦ ਨਾਲ ਪੰਜਾਬ ਦੇ ਦਰਿਆਵਾਂ ਦਾ ਪਾਣੀ ਮਿਲ ਕੇ ਜੋ ਸੰਗਮ ਬਣਦਾ ਹੈ ਉਹ ਸਾਗਰ ਤੋਂ ੪੯੦ ਮੀਲ ਦੂਰ ਹੈ, ਜੋ ੧੬੫੦ ਮੀਲ ਦਾ ਰਸਤਾ ਮੁਕਾਉਣ ਮਗਰੋਂ ਬਣਦਾ ਹੈ। ਪੰਜਨਦ ਅਤੇ ਸਿੰਧ ਦੇ ਸੰਗਮ ਦੇ ਹੇਠਲਾ ਰੇਤਲਾ ਸਾਹਿਲ, ਬਹੁਤ ਸਾਰਾ ਪਾਣੀ ਜ਼ੀਰ ਲੈਂਦਾ ਤੇ ਇਸ ਨੂੰ ਸੁਕਾ ਦੇਂਦਾ ਹੈ। ਕਿਉਂਕਿ ਦਰਿਆ ਦਾ ਬਹਾਓ ਹੌਲੀ ਹੌਲੀ ਘਟਦਾ ਹੈ ਇਸ ਲਈ ਪਾਣੀ ਦਾ ਉਜਾੜਾ ਬਹੁਤ ਕਰ ਕੇ ਨਜ਼ਰ ਨਹੀਂ ਆਉਂਦਾ। ਅੰਤ ਵਿਚ ਇਹ ਦਰਿਆ ਆਪਣੇ ਕਈ ਦਹਾਨਿਆਂ (ਮੂੰਹਾਂ) ਰਾਹੀਂ ਅਰਬ ਸਾਗਰ ਵਿਚ ਡਿਗ ਕੇ ਸਖਣਾ ਹੋ ਜਾਂਦਾ ਹੈ।

## ਸਿੰਧ ਦੇ ਨਾਲ ਨਾਲ ਜਾਣ ਵਾਲੀ ਵਡੀ ਸੜਕ

ਇਸ ਦੇ ਪੱਛਮੀ ਕਿਨਾਰੇ ਦੇ ਨਾਲ ਨਾਲ ਕਈ ਮੀਲ ਤੀਕ ਸਿੰਧ ਤੋਂ ਬਨੂੰ ਤੀਕ ਇਕ ਬੜੀ ਵੱਡੀ ਸੜਕ ਜਾਂਦੀ ਹੈ। ਇਸ ਦੇ ਪੂਰਬੀ ਕਿਨਾਰੇ ਦੇ ਨਾਲ, ਮੁਲਤਾਨ ਤੋਂ ਰਾਵਲਪਿੰਡੀ ਨੂੰ ਜਾਣ ਵਾਲੀ ਸੜਕ ਹੈ। ਡੇਰਾ ਇਸਮਾਈਲ ਖਾਂ ਅਤੇ ਡੇਰਾ ਗਾਜ਼ੀ ਖਾਂ ਦੇ ਦੋ ਵੱਡੇ ਸਰਹਦੀ ਜ਼ਿਲਿਆਂ ਨੂੰ ਇਹੋ ਦਰਿਆ ਵੱਖ ਕਰਦਾ ਹੈ। ਇਹਨਾਂ ਵਿਚੋਂ ਇਕ ਪੂਰਬ ਵਲ ਅਤੇ ਦੂਜਾ ਪੱਛਮ ਵਲ ਹੈ। ਇਸ ਅਸਥਾਨ ਉਤੇ ਦਰਿਆ ਦੀ ਚੁੜਿਤਨ ੪੮੦ ਤੋਂ ਲੈ ਕੇ ੧੬੦੦ ਗਜ਼ ਤੀਕ ਹੈ। ਹੜਾਂ ਦੇ ਸਮੇਂ ਕਈ ਥਾਵਾਂ ਉਤੇ ਇਹ ਮੀਲ ਮੀਲ ਤੀਕ ਚੌੜਾ ਹੋ ਜਾਂਦਾ ਹੈ। ਇਸ ਦੀ ਡੂੰਘਾਈ ੪ ਫੁਟ ਤੋਂ ੨੪ ਫੁਟ ਤੀਕ ਹੈ।

---

*ਨਾਨਬੀਲਸ ਅਥਵਾ ਪਟੋਲਮੀ ਦਾ ਨਾਨਲਿਬੀ।

## ਸਿੰਧ ਸਭ ਤੋਂ ਵਧੀਕ ਸ਼ਾਨਦਾਰ ਦਰਿਆ

ਇਸ ਦੇ ਸਾਰੇ ਨੁਕਸਾਂ ਤੇ ਘਾਟਿਆਂ ਦੇ ਬਾਵਜੂਦ ਦਰਿਆ ਸਿੰਧ ਬੜਾ ਹੀ ਸ਼ਾਨਦਾਰ ਦਰਿਆ ਹੈ ਅਤੇ ਬਾਇਲ ਯੂ (Boileau) ਦੇ ਕਥਨ ਅਨੁਸਾਰ 'ਦਰਿਆਵਾਂ ਦਾ ਰਾਜਾ' ਹੈ। ਅਸਲ ਗਲ ਇਹ ਹੈ ਕਿ ਇਸ ਦੇ ਵਹਿਣ ਦੀ ਲੰਬਾਈ, ਇਸ ਦੇ ਵਿਸ਼ਾਲ ਪਾਣੀ ਅਤੇ ਇਸ ਦੀਆਂ ਕਈ ਹੋਰ ਵਿਸ਼ੇਸ਼ਤਾਈਆਂ ਨੂੰ ਮੁਖ ਰਖ ਕੇ ਇਹ ਦੁਨੀਆ ਦੇ ਸਭ ਤੋਂ ਵੱਡੇ ਦਰਿਆਵਾਂ ਵਿਚ ਗਿਣਿਆ ਜਾਂਦਾ ਹੈ। ਔਰੰਗਜ਼ੇਬ ਦੇ ਸਮੇਂ ਇਸ ਰਾਹੀਂ ਬੜੀ ਭਾਰੀ ਤਾਜਰਤ ਹੁੰਦੀ ਸੀ। ੧੭ਵੀ ਸਦੀ ਦੇ ਅੰਤ ਵਿਚ ਹਿਮਲਟ ਨੇ ਸਿੰਧ ਦਾ ਦੌਰਾ ਕੀਤਾ ਸੀ; ਉਸ ਦਾ ਕਥਨ ਹੈ ਕਿ ਇਸ ਦਰਿਆ ਰਾਹੀਂ ਬੜਾ ਭਾਰਾ ਵਪਾਰ ਹੁੰਦਾ ਹੈ। ਇਹ ਤਜਾਰਤ ਉਸ ਦੇ ਮਗਰੋਂ ਛੋਟੇ ਛੋਟੇ ਬੇਅੰਤ ਸਰਦਾਰਾਂ ਦੇ ਜ਼ੁਲਮਾਂ ਕਰ ਕੇ ਬੰਦ ਹੁੰਦੀ ਗਈ, ਕਿਉਂਕਿ ਉਹ ਇਸ ਦਰਿਆ ਦੇ ਨਾਲ ਲਗਦੇ ਇਲਾਕਿਆਂ ਉਤੇ ਆਪਣਾ ਅਧਿਕਾਰ ਜਮਾਉਣ ਦਾ ਜਤਨ ਕਰਦੇ ਰਹਿੰਦੇ ਸਨ। ਪਰ ਪਿਛੋਂ ਜਦ ਅੰਗਰੇਜ਼ੀ ਤਾਕਤ ਨੂੰ ਸਫਲਤਾ ਹੋਈ ਤਦ ਇਹ ਵਪਾਰ ਹੋਰ ਵੀ ਵਡੇ ਪੈਮਾਨੇ ਉਤੇ ਬਹਾਲ ਹੋ ਗਿਆ। ਇਸ ਦਰਿਆ ਵਿਚ ਸਭ ਤੋਂ ਪਹਿਲਾ ਸਟੀਮਰ ੧੮੩੫ ਵਿਚ ਜਲ ਅੰਦਰ ਉਤਾਰਿਆ ਗਿਆ। ਜਦ ਇੰਡਸ ਵੈਲੀ ਸਟੇਟ ਰੇਲਵੇ ਸੰਨ ੧੮੭੮ ਵਿਚ ਜਾਰੀ ਹੋਈ ਤਦ ਸਟੀਮਰਾਂ ਦੇ ਦੇਸੀ ਕਿਸ਼ਤੀਆਂ ਰਾਹੀਂ ਹੋਣ ਵਾਲੇ ਵਪਾਰ ਵਿਚ ਭਾਰੀ ਕਮੀ ਹੋ ਗਈ। ਅਜ ਕਲ ਰੇਲਵੇ ਦੇ ਮਹਿਕਮੇ ਵਲੋਂ ਇਕ ਕਿਸ਼ਤੀਆਂ ਦਾ ਬੇੜਾ ਬਰਕਰਾਰ ਰਖਿਆ ਜਾਂਦਾ ਹੈ।

## ਦਰਿਆ ਸਿੰਧ ਦੀਆਂ ਕਿਸ਼ਤੀਆਂ

ਸਿੰਧ ਵਿਚ ਵਰਤੀਆਂ ਜਾਣ ਵਾਲੀਆਂ ਕਿਸ਼ਤੀਆਂ ਜ਼ੌਰਕ ਯਾ ਚੌੜੀ ਤਹਿ ਦੀਆਂ ਕਿਸ਼ਤੀਆਂ ਅਥਵਾ ਡੂੰਡੀਆਂ ਯਾ ਭਾਰ ਲਦਣ ਵਾਲੀਆਂ ਬੇੜੀਆਂ ਅਤੇ ਮੁਸਾਫਰ ਢੋਣ ਵਾਲੀਆਂ ਕੌਂਨਥਾਹ ਕਿਸਮ ਦੀਆਂ ਹਨ। ਇਹਨਾਂ ਤੋਂ ਛੁਟ ਇਕ ਮੱਛੀਆਂ ਫੜਨ ਵਾਲੀਆਂ ਡੂੰਡਾਹ ਕਿਸਮ ਦੀਆਂ ਕਿਸ਼ਤੀਆਂ ਵੀ ਵਰਤੋਂ ਵਿਚ ਆਉਂਦੀਆਂ ਹਨ। ਮੀਰਾਂ ਦੀਆਂ ਸ਼ਾਹੀ ਕਿਸ਼ਤੀਆਂ ਅਰਥਾਤ ਝੰਪਟੀਆਂ ਸਾਗਵਾਨ ਦੀਆਂ ਬਣੀਆਂ ਹੋਈਆਂ ਹਨ ਅਤੇ ਇਹਨਾਂ ਦਾ ਆਕਾਰ ਵੀ ਬੜਾ ਵੱਡਾ ਹੁੰਦਾ ਹੈ। ਦੁਗੱਾਹ ਕਿਸਮ ਦੀਆਂ ਬੇੜੀਆਂ ਜੋ ਬੜੀਆਂ ਪੱਕੀਆਂ ਹੁੰਦੀਆਂ ਹਨ, ਆਮ ਤੌਰ ਉਤੇ ਕਾਲਾ ਬਾਗ ਦੇ ਉਪਰਲੇ ਭਾਗ ਵਿਚ ਤੂਫਾਨੀ ਤੇ ਤੇਜ਼ ਲਹਿਰਾਂ ਵਿਚ ਵਰਤੀਆਂ ਜਾਂਦੀਆਂ ਹਨ।

## ਸਿੰਧ ਦੀਆਂ ਮੱਛੀਆਂ

ਦਰਿਆ ਸਿੰਧ ਵਿਚ ਮੱਛੀਆਂ ਬੇਅੰਤ ਹਨ ਅਤੇ ਬੜੇ ਵਡੇ ਵਡੇ ਮਗਰ ਮੱਛਾਂ ਦੀ ਵੀ ਕੋਈ ਕਮੀ ਨਹੀਂ। ਮੱਛੀ ਬਹੁਤ ਕਰ ਕੇ ਸਾਹਿਲ ਦੇ ਨਾਲ ਨਾਲ ਪਾਈ ਜਾਂਦੀ ਹੈ। ਇਥੋਂ ਦੇ ਵਸਨੀਕ ਬਹੁਤੀ ਮਾਲਾ ਕਿਸਮ ਦੀ ਮੱਛੀ ਖਾਂਦੇ ਹਨ। ਇਹ ਮੱਛੀ ਸੁਕਾ ਕੇ ਬਾਹਰ ਵੀ ਭੇਜੀ ਜਾਂਦੀ ਹੈ। ਮਗਰਮੱਛ, ਘੜਿਆਲ ਅਤੇ ਕਛੂ ਵੀ ਇਸ ਦਰਿਆ ਵਿਚ ਬਹੁਤ ਹੁੰਦੇ ਹਨ। ਹੇਠਲੇ ਸਿੰਧ ਦੇ ਮਲਾਹ ਚੀਨੀਆਂ ਵਾਂਗ ਆਪਣੀਆਂ ਕਿਸ਼ਤੀਆਂ ਵਿਚ ਹੀ ਰਹਿੰਦੇ ਹਨ। ਨਿਚਲੇ ਸਿੰਧ ਵਿਚ ਪੁਲਾਜਾਰ ਕਿਸਮ ਦੀ ਕਿਸ਼ਤੀ ਮੁਸਾਫਰਾਂ ਨੂੰ ਦਰਿਆ ਤੋਂ ਪਾਰ ਤੇ ਉਰਾਰ ਕਰਦੀ ਹੈ। ਸੱਖਰ ਵਿਚ ਦਰਿਆ ਪਾਰ ਕਰਨ ਲਈ ਮਸ਼ਕਾਂ ਦੀ ਆਮ ਵਰਤੋਂ ਕੀਤੀ ਜਾਂਦੀ ਹੈ।

Sri Satguru Jagjit Singh Ji eLibrary NamdhariElibrary@gmail.com

# ਦਰਿਆ ਜਿਹਲਮ

ਦਰਿਆ ਜਿਹਲਮ* ਜਿਸ ਨੂੰ ਪ੍ਰਾਚੀਨ ਕਾਲ ਵਿਚ ਹਾਈਡਸਪਸ ਕਿਹਾ ਜਾਂਦਾ ਸੀ ਆਕਾਰ ਦੇ ਲਿਹਾਜ਼ ਨਾਲ ਦੂਜੇ ਦਰਜੇ ਉਤੇ ਹੈ। ਇਹ ਪੰਜਾਂ ਦਰਿਆਵਾਂ ਵਿਚੋਂ ਸਭ ਤੋਂ ਵਧੀਕ ਪੱਛਮੀ ਦਰਿਆ ਹੈ, ਜੋ ਪੰਜਾਬ ਨੂੰ ਸਿੰਧ ਦੇ ਪੂਰਬੀ ਭਾਗ ਨਾਲੋਂ ਵੱਖ ਕਰਦਾ ਹੈ।

## ਜਿਹਲਮ ਦਾ ਸੋਮਾਂ

ਇਹ ਦਰਿਆ ਉਹਨਾਂ ਪਹਾੜਾਂ ਵਿਚੋਂ ਨਿਕਲਦਾ ਹੈ ਜੋ ਵਾਦੀ ਕਸ਼ਮੀਰ ਦੀ ਉੱਤਰ-ਪੂਰਬੀ ਸਰਹਦ ਬਣਾਉਂਦੇ ਹਨ। ਇਸ ਦਾ ਸੋਮਾਂ ਪਰਬਤ ਲੜੀ ਦੇ ਅੰਤਲੇ ਸਿਰੇ ਅੰਦਰ ਲੀਦੂਰ ਵਿਚ ਹੈ। ਲੈਟੀਚੂਟ ੩੪°੮' ਲਾਂਗੀਚੂਡ ੭੫°੪੮'।

## ਇਸ ਦਾ ਰਸਤਾ

ਦਖਣ ਪੱਛਮ ਦੇ ਪਾਸੇ ਵਲ ਵਹਿਣ ਮਗਰੋਂ ਇਸ ਵਿਚ ਦਖਣ ਪੱਛਮ ਵਲੋਂ ਬਰਾਂਗ, ਸੈਂਡਰਨ ਅਤੇ ਵਿਸ਼ਨ ਤੇ ਕਈ ਹੋਰ ਉਹ ਨਦੀਆਂ ਆਣ ਮਿਲਦੀਆਂ ਹਨ, ਜਿਨ੍ਹਾਂ ਦਾ ਸੋਮਾ ਪੀਰ ਪੰਜਾਲ ਲੜੀ ਵਿਚ ਹੈ। ਇਹ ਦਰਿਆ ਕਾਂਗੜੇ ਜ਼ਿਲੇ ਦੇ ਕੁਲੂ ਵਿਚਲੇ ਬੁੰਗਾਲ ਪਰਬਤਾਂ ਵਿਚੋਂ ਉਪਰ ਉਠਦਾ ਹੈ, ਜੋ ਰੁਤਾਂਗ ਪਰਬਤ ਲਾਂਘੋ ਤੋਂ ਥੋੜੀ ਦੂਰ ਪੱਛਮ ਵਲ ਹੈ। ਲਗ ਪਗ ੩੨° ੩੬ ਲੈਟੀਚੂਡ ੭੭° ਲਾਂਗੀਚੂਡ। ਪਛਮੀ ਪਾਸੇ ਵਲ ਵਗਣ ਮਗਰੋਂ ਇਹ ਸਿਬਕਿਰੋਟਰ _ਸ ਨਦੀ ਵਿਚ ਜਾ ਡਿਗਦਾ ਹੈ, ਜੋ ਮਨੀਮੋਹੀ ਦੇ ਨੇੜੇ ਦਲਕੁੰਡ ਅਤੇ ਗੌਰੀਕੁੰਡ ਵਿਚਲੇ ਉਸ ਸੋਮੇ ਵਿਚੋਂ ਨਿਕਲਦੀ ਹੈ, ਜਿਸ ਨੂੰ ਹਿੰਦੂ ਪਵਿਤਰ ਸਮਝਦੇ ਹਨ।

## ਇਹਨਾਂ ਦਾ ਰਸਤਾ

ਇਹ ਦੋਵੇਂ ਇਕਠਿਆਂ ਹੋਕੇ ਪਹਾੜ ਦੇ ਬਰਫਾਨੀ ਪਾਣੀ ਵਿਚ ਸ਼ਾਮਲ ਹੋ ਕੇ ਬੜੀ ਤੇਜ਼ ਰਵਾਨੀ ਨਾਲ ਦੱਖਣ ਪੱਛਮ ਵਲ ਵਗ ਤੁਰਦੇ ਹਨ। ਇਹਨਾਂ ਪਹਾੜੀ ਇਲਾਕਿਆਂ ਵਿਚ ਲੋਕ ਇਸ ਨੂੰ ਰਾਇਣਾ ਕਹਿੰਦੇ ਹਨ। ਪਹਾੜੀ ਇਲਾਕਿਆਂ ਨੂੰ ਛਡਣ ਮਗਰੋਂ ਇਹ ਦਰਿਆ ਚੰਬੇ ਪਹੁੰਦਾ ਹੈ। ਚੰਬਾ ਇਸ ਦਰਿਆ ਦੇ ਸਜੇ ਕਿਨਾਰੇ ਉਤੇ ਹੈ। ਉਲਾਨ ਤੀਕ ਵਗਣ ਮਗਰੋਂ ਰਾਜਧਾਨੀ ਤੋਂ ੩੦ ਮੀਲ ਦੂਰ ਚੰਬਾ ਦੇਸ ਵਿਚਲੇ ਭੌਂਨਸੋ ਤੋਂ ਆਉਣ ਵਾਲੀ ਨਦੀ ਇਸ ਵਿਚ ਆਣ ਮਿਲਦੀ ਹੈ। ਏਥੇ ਇਸ ਦਾ ਨਾਮ ਰਾਵੀ* ਪੈ ਜਾਂਦਾ ਹੈ। ਫੇਰ ਇਸ ਵਿਚ ਤਵੀ ਆਣ ਮਿਲਦੀ ਹੈ, ਜੋ ਜਮੂੰ ਤੋਂ ੧੦ ਕੋਹ ਪਰੇ ਤਿਮੂੰ ਘਾਟ ਦੇ ਮੁਕਾਮ ਉਤੇ ਭਦਰਵਾਹ ਇਲਾਕੇ ਵਿਚ ਸਿਉਜ ਦੀਆਂ ਪਹਾੜੀਆਂ ਵਿਚੋਂ ਨਿਕਲਦੀ ਹੈ। ਦਰਿਆ ਰਾਵੀ ਉਪਰ ਸ਼ਾਹ ਦੌਲੇ ਦੇ ਮੁਕਾਮ ਉਤੇ ਇਕ ਪੁਲ ਹੈ, ਜੋ ੩੦ ਮੀਲ ਥਲੇ ਵਾਲੇ ਪਾਸੇ ਅਤੇ ਲਾਹੌਰ ਤੋਂ ੧੫ ਜਾਂ ੨੦ ਕੋਹ ਦੀ ਦੂਰੀ ਉਤੇ ਹੈ। ਇਥੋਂ ਇਹ ਦਰਿਆ ਰਾਜਪੁਰ ਦੇ ਪਾਸ ਮੈਦਾਨੀ ਇਲਾਕੇ ਵਿਚ ਦਾਖਲ ਹੁੰਦਾ ਹੈ। ਇਹ ਉਹੋ ਅਸਥਾਨ ਹੈ ਜਿਥੋਂ ਸ਼ਾਹ ਨਹਿਰ ਅਥਵਾ ਸ਼ਾਹੀ ਨਹਿਰ ਪੁਰਾਤਨ ਸਮੇਂ ਵਿਚ ਲਾਹੌਰ ਲਈ ਪੁਟੀ ਗਈ ਸੀ। ਲਾਹੌਰ ਦਾ ਪੰਧ ਇਥੋਂ ੮੦ ਮੀਲ ਹੈ। ਇਹ ਪੰਧ ਚਨਾਬ ਦਰਿਆ ਉਪਰਲੇ ਵਜ਼ੀਰਾਬਾਦ ਦੀ ਕਿਸ਼ਤੀ ਤੋਂ ਰਾਵੀ ਉਪਰਲੇ ਅਸਥਾਨ ਮਿਆਨੀ ਤੀਕ ੫੫ ਮੀਲ ਹੈ। ਮਿਆਨੀ ਦੇ ਆਸ ਪਾਸ ਦਰਿਆ ਵਿਚ ਕਈ ਜਿਲ੍ਹਣਾ ਹਨ ਅਤੇ ਇਸ ਦੇ ਕੰਢੇ ਵੀ ਨੀਵੇਂ ਹਨ, ਜਿਥੇ ਬੂਟਿਆਂ ਦੀ ਬਹੁਲਤਾ ਹੈ। ਗੁਰਦਾਸਪੁਰ ਜ਼ਿਲੇ ਵਿਚ ਬਾਰੀ ਦੁਆਬ ਨਹਿਰ ਦੇ ਹੈਡ ਵਰਕਸ ਮਾਧੋਪੁਰ ਦੇ ਅਸਥਾਨ ਉਤੋਂ ਕੱਢੀਆਂ ਗਈਆਂ ਨਹਿਰਾਂ ਦੇ ਕਾਰਨ ਦਰਿਆ ਦਾ ਪਾਣੀ ਥੋੜਾ ਰਹਿ ਗਿਆ ਹੈ। ਓਸੇ ਹੀ ਜ਼ਿਲੇ ਵਿਚ ਇਹ ਦਰਿਆ ਡੇਰਾ ਬਾਬਾ ਨਾਨਕ ਦੇ ਨਗਰ ਦੀਆਂ ਕੰਧਾਂ ਨੂੰ ਛੁਹੰਦਾ ਹੈ। ਸੰਨ ੧੮੭੦ ਈਸਵੀ ਵਿਚ ਇਹ ਦਰਿਆ ਸਿੱਖਾਂ ਦੇ ਪਵਿਤਰ ਗੁਰਦੁਆਰੇ ਟਾਲੀ ਸਾਹਿਬ ਨੂੰ ਰੋੜ੍ਹ ਕੇ ਲੈ ਗਿਆ ਸੀ। ਦਰਿਆ ਦੇ ਕੰਢੇ ਉਤੇ ਵਸੇ ਹੋਏ ਸਿੱਖਾਂ ਦੇ ਇਸ ਨਗਰ ਨੂੰ ਅਜੇ ਵੀ ਖਤਰਾ ਮੌਜੂਦ ਹੈ। ਪਹਾੜੀਆਂ ਨੂੰ ਪਿਛੇ ਛਡ ਆਉਣ ਮਗਰੋਂ ਦਰਿਆ ਦਾ ਵਹਾ ਦੱਖਣ ਪੱਛਮ ਵਲ ਹੋ ਜਾਂਦਾ ਹੈ, ਜੋ ਗੁਰਦਾਸਪੁਰ ਅੰਮ੍ਰਿਤਸਰ ਦੇ ਜ਼ਿਲਿਆਂ ਵਿਚ ਏਸੇ ਪਾਸੇ ਵਗ ਚੁਕਣ ਮਗਰੋਂ ਲਾਹੌਰ ਜ਼ਿਲੇ ਵਿਚ ਦਾਖਲ ਹੋ ਜਾਂਦਾ ਹੈ। ਲਾਹੌਰ ਸ਼ਹਿਰ ਦੇ ਨੇੜੇ ਇਸ ਦਰਿਆ ਦੀਆਂ ਤਿੰਨ ਸ਼ਾਖਾਂ ਹੋ ਜਾਂਦੀਆਂ ਹਨ, ਜਿਨ੍ਹਾਂ ਵਿਚੋਂ ਇਕ ਸ਼ਹਿਰ ਦੇ ਨਾਲ ਨਾਲ ਵਗਦੀ ਹੈ। ਇਥੋਂ ਇਹ ਦਰਿਆ ਦਖਣ ਪਛਮੀ ਪਾਸੇ ਵਲ ਪਰ ਬਹੁਤ ਕਰ ਕੇ ਪਛਮ ਵਲੇ ਵਹਿੰਦਾ ਹੈ। ਕੁਛ ਦੂਰ ਜਾ ਕੇ ਇਸ ਵਿਚ ਸਜੇ ਪਾਸਿਓਂ ਮਿੰਟਗੁਮਰੀ ਜ਼ਿਲੇ ਵਿਚ ਦੇਘ ਨਦੀ ਆਣ ਮਿਲਦੀ ਹੈ। ਇਥੋਂ ਇਹ ਦਰਿਆ ਮੁਲਤਾਨ ਜ਼ਿਲੇ ਵਿਚੋਂ ਲੰਘਕੇ ਅਹਿਮਦਪੁਰ ਦੇ ਨੇੜੇ ਚਨਾਬ ਤੇ ਜਿਹਲਮ ਦੇ ਪਾਣੀਆਂ ਨਾਲ ਜਾ ਮਿਲਦਾ ਹੈ। ਆਪਣੇ ਨਿਕਾਸ ਤੋਂ ੪੫੦ ਮੀਲ ਦੂਰ ਚਲਣ ਮਗਰੋਂ ਅਤੇ ਮੁਲਤਾਨ ਤੋਂ ੪੦ ਮੀਲ ਦਾ ਪੈਂਡਾ ਮੁਕਾ ਕੇ ਇਹ ਅਹਿਮਦਪੁਰ ਪੁਜਦਾ ਹੈ। ਇਸ ਅਸਥਾਨ ਤੋਂ ਪਰੇ ਜਾ ਕੇ ਦਰਿਆ, ਜੋ ਹੁਣ ਚਨਾਬ ਬਣ ਜਾਂਦਾ ਹੈ, ਦੀ ਰਵਾਨੀ ਤੇ ਚੁੜਾਈ ਦੀ ਪੜਤਾਲ ਸਿਕਦਰ ਤੇ ਤੈਮੂਰ ਦੇ ਇਤਿਹਾਸਕਾਰਾਂ ਨੇ ਵਿਸ਼ੇਸ਼ ਤੌਰ ਉਤੇ ਕੀਤੀ ਸੀ।

---

* ਇਸ ਦਾ ਸੰਸਕ੍ਰਿਤੀ ਨਾਮ ਵਿਦਾਸਤਾ ਹੈ। ਸਥਾਨਕ ਬੋਲੀ ਵਿਚ ਇਸ ਨੂੰ ਵਾਯਾਤ ਤੇ ਬੇਬੂਤ ਆਖਦੇ ਹਨ। ਜਲਾਲ ਪੁਰ–ਜਿਥੇ ਸਿਕੰਦਰ ਆਜ਼ਮ ਤੇ ਪੋਰਸ ਦੀ ਲੜਾਈ ਹੋਈ ਸੀ, ਦ ਨੇੜੇ ਆਈਨਿ ਅਕਬਰੀ ਦੇ ਕਥਨ ਅਨੁਸਾਰ ਇਸ ਨੂੰ ਬੇਤੂਸਤਾ ਆਖਦੇ ਹਨ। ਇਹ ਏਰੀਅਨ ਦਾ ਹਾਈਡਾਸਪਸ ਅਤ ਪਟੋਲਮੀ ਦਾ ਬਿਡਾਸਪਸ ਹੈ। ਤਮੂਰ ਦੇ ਸਮੇਂ ਦੇ ਇਤਿਹਾਸਕਾਰ ਸ਼ਰਫ਼ ਉਦੀਨ ਨੇ ਇਸ ਨੂੰ ਡੇਨਡਨ ਅਤੇ ਗਮਾਡ ਦਾ ਨਾਮ ਦਿਤਾ ਹੈ।

†ਸ਼ਹਿਨਸ਼ਾਹ ਜਹਾਂਗੀਰ ਆਪਣੀ ਯਾਦਾਸ਼ਤ (Memoirs) ਵਿਚ ਲਿਖਦਾ ਹ ਕਿ ਦਰਿਆ ਬੇਬੂਤ ਦਾ ਸੋਮਾ ਕਸ਼ਮੀਰ ਦੇ ਵੀਰ ਨਾਗ ਵਿਚ ਹੈ। ਇਸ ਨਾਮ ਦਾ ਹਿੰਦੀ ਭਾਵ ਹੈ ਨਾਗ ਅਰਥਾਤ ਸਪ। ਐਉਂ ਜਾਪਦਾ ਹੈ ਕਿ ਕਿਸੇ ਜ਼ਮਾਨੇ ਵਿਚ ਏਥੇ ਕਿਸੇ ਵਡੇ ਸਪ ਦਾ ਡਰ ਲੋਕਾਂ ਦੇ ਦਿਲਾਂ ਉਤੇ ਬੈਠਾ ਹੋਇਆ ਸੀ। ਆਪਣੇ ਬਾਪ ਦੇ ਜੀਉਂਦੇ ਜੀ ਮੈਂ ਇਸ ਦੇ ਸੋਮੇ ਨੂੰ ਦੋ ਵਾਰ ਵੇਖਿਆ। ਇਹ ਕਸ਼ਮੀਰ ਦੇ ਸ਼ਹਿਰ ਤੋਂ ੨੦ ਕੋਸ ਦੂਰ ਹੈ। ਇਹ ਚਸ਼ਮਾ ਅਠ ਨੁਕਰੀ ਸ਼ਕਲ ਦੇ ਦਹਾਨੇ ਵਿਚੋਂ ਨਿਕਲਦਾ ਹੈ। ਇਸ ਦੀ ਲੰਬਾਈ ੨੦ ਗਜ਼ ਅਤੇ ਚੁੜਾਈ ਵੀ ੨੦ ਗਜ਼ ਹੈ। ਇਹ ਦੇਵਤਿਆਂ ਦਾ ਨਿਵਾਸ ਅਸਥਾਨ ਹੋਣ ਕਰ ਕੇ ਇਸ ਦੇ ਆਸ ਪਾਸ ਪੱਥਰ ਤੇ ਬੈਂਤ ਦੀਆਂ ਅਨੇਕਾਂ ਝੌਂਪੜੀਆਂ ਮੌਜੂਦ ਹਨ। ਇਸ ਦਾ ਪਾਣੀ ਐਨਾ ਸਾਫ ਤੇ ਸ਼ੁਧ ਹੈ ਕਿ ਭਾਵੇਂ ਇਸ ਦੀ ਡੁਘਾਈ ਬੇਅੰਤ ਦਸੀ ਜਾਂਦੀ ਹੈ ਫੇਰ ਵੀ ਜੇ ਖਸਖਾਸ ਦਾ ਦਾਣਾ ਇਸ ਵਿਚ ਸੁਟਿਆ ਜਾਏ ਤਦ ਇਹ ਤਹਿ ਤੀਕ ਸਾਫ ਨਜ਼ਰ ਆਏਗਾ। ਇਸ ਵਿਚ ਬੜੀਆਂ ਨਫੀਸ ਮੱਛੀਆਂ ਵੇਖੀਆਂ ਜਾਂਦੀਆਂ ਹਨ। ਇਸ ਚਸ਼ਮੇ ਦੀ ਤਹਿ ਤੀਕ ਕੋਈ ਨਹੀਂ ਅਪੜ ਸਕਿਆ। ਮੈਂ ਇਕ ਰਸੇ ਨਾਲ ਪੱਥਰ ਬੰਨਕੇ ਸੁਟਿਆ ਤਦ ਪਤਾ ਲਗਾ ਕਿ ਇਸ ਦੀ ਡੂੰਘਾਈ ਡੇਢ ਮਰਦ ਜਿੰਨੀ ਹ। ਤਖ਼ਤ ਨਸ਼ੀਨ ਹੋਣ ਮਗਰੋਂ ਮੈਂ ਇਸ ਦੇ ਕਿਨਾਰੇ ਪੱਥਰ ਦੇ ਬਣਵਾਏ ਤੇ ਇਸ ਦੇ ਇਰਦ ਗਿਰਦ ਬਾਗ਼ ਲਵਾਇਆ। ਦਰਿਆ ਦੇ ਦੋਹੀਂ ਪਾਸੀਂ ਸਜਾਵਟ ਕੀਤੀ। ਦਹਾਨੇ ਦੇ ਦੋਹੀਂ ਪਾਸੀਂ ਐਡੇ ਸ਼ਾਨਦਾਰ ਕਮਰੇ ਤੇ ਮੁਨਾਰੇ ਖੜੇ ਕੀਤੇ ਗਏ ਕਿ ਜਿਨ੍ਹਾਂ ਦੀ ਮਿਸਾਲ ਦੁਨੀਆ ਵਿਚ ਨਹੀਂ ਮਿਲਦੀ। ਸ਼ਹਿਰ ਤੋਂ ੧੦ ਮੀਲ ਦੀ ਵਿਥ ਉਤੇ ਪਾਮਪੁਰ ਪਜ ਕੇ ਦਰਿਆ ਬਹੁਤ ਚੌੜਾ ਹੋ ਜਾਂਦਾ ਹੈ—ਈਲੀਅਟ

*ਸਭ ਤੋਂ ਪਹਿਲੇ ਵਿੱਗਨੇ ਨੇ ਇਸ ਅਸਥਾਨ ਨੂੰ ਡਿੱਠਾ ਸੀ। ਵੇਖੋ ਵਿਗਨੇ ਰਚਤ 'ਟਰੈਵਲਜ਼ ਇਨ ਕਸ਼ਮੀਰ' ਜਿਲਦ ੧ ਸਫ਼ਾ ੧੫੩ ਅਤੇ ਮੂਰਕਰਾਫਟ ਰਚਿਤ 'ਟਰੈਵਲਜ਼ ਇਨ ਹਿਮਾਲੀਅਨ ਪ੍ਰਾਵਿਨਸਿਜ਼ ਆਫ ਹਿਦੁਸਤਾਨ ਐਂਡ ਪੰਜਾਬ'। ਜਿਲਦ ੧ ਸਫ਼ਾ ੧੭੭

## ਦਰਿਆ ਦੇ ਕਈ ਪੱਤਨ

ਦਰਿਆ ਰਾਵੀ ਦਾ ਪਾਣੀ ਚਨਾਬ ਨਾਲੋਂ ਕਿਤੇ ਵਧੀਕ ਲਾਲ ਹੈ ਅਤੇ ਸਾਲ ਦੇ ੮ ਮਹੀਨੇ ਇਹ ਦਰਿਆ ਕਈ ਥਾਵਾਂ ਤੋਂ ਪਾਰ ਕੀਤਾ ਜਾ ਸਕਦਾ ਹੈ । ਇਸ ਦਰਿਆ ਦੀ ਤਹਿ ਹੇਠ ਦੂਜੇ ਸਾਰੇ ਦਰਿਆਵਾਂ ਨਾਲੋਂ ਵਧੀਕ ਚਿਕੜਾ ਹੈ ਪਰ ਕਿਨਾਰੇ ਉੱਚੇ ਅਤੇ ਮਜ਼ਬੂਤ ਹਨ । ਬਹੁਤ ਹੀ ਘਟ ਐਹੋ ਜਿਹੀਆਂ ਥਾਵਾਂ ਹਨ, ਜਿਥੇ ਦਰਿਆ ਦੀ ਚੌੜਾਈ ੧੫੦ ਗਜ਼ ਹੋਵੇ । ਇਸ ਦੇ ਵਲ ਵਿੰਗ ਸਭ ਦਰਿਆਵਾਂ ਤੋਂ ਵਧੇਰੇ ਹਨ, ਜਿਨ੍ਹਾਂ ਕਰ ਕੇ ਇਸ ਦੀ ਲੰਬਾਈ ਦਾ ਫਾਸਲਾ ਦੂਣਾ ਹੋ ਗਿਆ ਹੈ ਅਤੇ ਇਹੋ ਗਲ ਇਸ ਵਿਚ ਜਹਾਜ਼ਰਾਨੀ ਲਈ ਵੱਡੀ ਰੋਕ ਹੈ । ਦਰਿਆ ਰਾਵੀ ਦੇ ਨਿਕਾਸ ਤੋਂ ਲਾਹੌਰ ਦਾ ਫਾਸਲਾ ਕੇਵਲ ੧੭੫ ਮੀਲ ਹੈ ਪਰ ਇਹੋ ਫਾਸਲਾ ਦਰਿਆ ਦੇ ਰਸਤੇ ੩੮੦ ਮੀਲ ਤੋਂ ਵੀ ਵਧੀਕ ਹੋ ਜਾਂਦਾ ਹੈ । ਲਾਹੌਰ ਤੋਂ ਕਿਸ਼ਤੀਆਂ ਰਾਹੀਂ ਭਾਰੀ ਮਿਕਦਾਰ ਵਿਚ ਗ਼ੱਲਾ ਬ੍ਰਾਮਦ ਕੀਤਾ ਜਾਂਦਾ ਹੈ । ਭਾਰੀ ਹੜ੍ਹਾਂ ਦੇ ਮੌਸਮ ਵਿਚ ਚੰਬੇ ਦੇ ਜੰਗਲਾਂ ਵਿਚੋਂ ਦੇਓਦਾਰ ਦੀ ਲਕੜੀ ਦੇ ਗੱਠੇ ਵੀ ਇਸ ਰਾਹੀਂ ਭੇਜੇ ਜਾਂਦੇ ਹਨ ।

ਤਹਿ ਹੇਠ ਚਿਕੜ ਹੋਣ ਦੇ ਕਾਰਨ (ਕਿਉਂਕਿ ਇਸ ਦੀ ਤਹਿ ਵਿਚ ਪੰਜਵਾਂ ਹਿੱਸਾ ਚਿਕੜ ਤੇ ਬਾਕੀ ਹਿੱਸਾ ਰੇਤ ਹੈ) ਰਾਵੀ ਇਕ ਨਾਕਸ ਦਰਿਆ ਹੈ, ਜਿਸ ਕਰ ਕੇ ਇਸ ਵਿਚ ਬਹੁਤ ਸਾਰੇ ਟਿੱਬੇ ਬਣ ਗਏ ਹਨ ਜਿਨ੍ਹਾਂ ਵਿਚੋਂ ਕਈ ਬੜੇ ਖਤਰਨਾਕ ਹਨ । ਲਾਹੌਰ ਵਿਚ ਇਸ ਦੇ ਕੰਢੇ ਕਈ ਵਾਰ ਸਿਧੇ ਤੀਰ ੪੦ ਫੁਟ ਦੀ ਉੱਚਾਈ ਤੀਕ ਪਹੁੰਚ ਜਾਂਦੇ ਹਨ । ਬਾਕੀ ਥਾਵਾਂ ਉਤੇ ਕੰਢਿਆਂ ਦੀ ਉੱਚਾਈ ਇਸ ਤੋਂ ਅੱਧੀ ਹੈ, ਜਿਸ ਕਰ ਕੇ ਇਸ ਦਰਿਆ ਦੀ ਸ਼ਕਲ ਇਕ ਨਫੀਸ ਜਿਹੀ ਨਹਿਰ ਵਰਗੀ ਜਾਪਦੀ ਹੈ ।

## ਆਲਮਗੀਰੀ ਬੰਧ

ਸੰਨ ੧੬੬੧ ਈਸਵੀ ਵਿਚ ਦਰਿਆ ਦੀ ਸ਼ਹਿਰ ਵਲ ਦੀ ਢਾਹ ਦੇ ਕਾਰਨ ਬੜਾ ਡਰ ਫੈਲਿਆ । ਇਸ ਤੇ ਸ਼ਹਿਨਸ਼ਾਹ ਔਰੰਗਜ਼ੇਬ ਨੇ ਕੰਢੇ ਦੇ ਨਾਲ ਨਾਲ ਤਿੰਨ ਮੀਲ ਲੰਮਾ ਬੰਧ ਬਣਵਾਇਆ । ਸ਼ਹਿਰ ਦੇ ਉੱਤਰ ਪੱਛਮ ਵਲ ਅਜੇ ਤੀਕ ਇਸ ਸ਼ਾਨਦਾਰ ਬੰਧ ਦੇ ਚਿੰਨ੍ਹ ਮੌਜਦ ਹਨ ।

# ਦਰਿਆ ਬਿਆਸ

## ਨਿਕਾਸ

ਦਰਿਆ ਬਿਆਸ* ਅਥਵਾ ਬਿਆਹ, ਯੂਨਾਨੀ ਭੂਗੋਲਕਾਰਾਂ ਦਾ ਹਾਈਫੇਸਿਸ ਪੰਜਾਬ ਦੇ ਦਰਿਆਵਾਂ ਵਿਚ, ਜਿਨ੍ਹਾਂ ਵਿਚ ਅਟਕ ਵੀ ਸ਼ਾਮਲ ਹੈ, ਛੇਵਾਂ ਦਰਿਆ ਮਿਥਿਆ ਜਾਂਦਾ ਹੈ । ਇਹ ਦਰਿਆ ੩੨° ੨੪′ ਉਤਰੀ ਲੈਟੀਚੂਡ ਤੇ ੭੭° ੧੧′ ਪੂਰਬੀ ਲਾਂਗੀਚੂਡ ਵਿਚ ੧੩੩੨੬ ਫੁਟ ਸਮੁੰਦਰੀ ਪੱਧਰ ਤੋਂ ਉਪਰ, ਪੰਜਾਬ ਦੇ ਉੱਤਰ-ਪੂਰਬ ਵਲ ਲਾਹੌਰ ਦੀਆਂ ਬਰਫਾਂ ਵਿਚਾਲੇ ਰੀਟੰਕਾ ਲਾਂਘੇ ਦੇ ਦੱਖਣੀ ਢਲਵਾਨ ਵਿਚੋਂ ਨਿਕਲਦਾ ਹੈ । ਆਈਨਿ ਅਕਬਰੀ ਦਾ ਕਰਤਾ ਅਬੁਲਫਜ਼ਲ ਬਿਆਸ ਦੇ ਨਿਕਾਸ ਨੂੰ ਅਭੈ ਕੁੰਡ ਦਾ ਨਾਮ ਦੇਂਦਾ ਹੈ, ਇਹ ਅਕਬਰ ਦੇ ਸਮੇਂ ਦੇ ਸੁਲਤਾਨ ਪੁਰ ਪਰਗਨੇ ਅੰਦਰ ਕੁਲੂ ਦੇ ਪਹਾੜਾਂ ਵਿਚ ਨਿਕਲਦਾ ਹੈ ।

## ਇਸ ਦਾ ਪੈਂਡਾ

ਰਿਤਾਂਕਾ ਲਾਂਘੇ ਤੋਂ ਲਗ ਪਗ ੪੦ ਮੀਲ ਤੀਕ ਦਖਣੀ ਪੈਂਡਾ ਮੁਕਾਉਣ ਮਗਰੋਂ ਇਹ ਬੜੀ ਤੇਜ਼ੀ ਨਾਲ ਪੱਛਮ ਵਲ ਵਗਦਾ ਹੈ ਅਤੇ ਮੰਡੀ ਤੇ ਨਦੌਨ ਦੇ ਗਿਰਦ ਘੁੰਮਦਾ ਹੋਇਆ ਸੰਘੋਲ ਦੇ ਮੁਕਾਮ ਉਤੇ ਇਹ ਜ਼ਿਲਾ ਕਾਂਗੜਾ ਵਿਚ ਜਾ ਦਾਖਲ ਹੁੰਦਾ ਹੈ । ਇਹ ਅਸਥਾਨ ਸਤਹ ਸਮੁੰਦਰ ਤੋਂ ੧੯੨੦ ਫੁਟ ਉੱਚਾ ਹੈ ਅਤੇ ਕਾਂਗੜੇ ਦੀ ਸਿੰਜਾਈ ਲਈ ਵਡੀ ਸਾਰੀ ਖਾੜੀ ਦਾ ਰੂਪ ਧਾਰਨ ਕਰਦਾ ਹੈ । ਇਥੋਂ ਲਗ ਪਗ ਅਸੀਂ ਮੀਲ ਤੀਕ ਦਾ ਉਤਰ-ਪਛਮੀ ਰਸਤਾ ਮੁਕਾ ਕੇ ਇਹ ਮੀਰ ਥੋਟ ਘਾਟ ਦੇ ਮੁਕਾਮ ਉਤੇ ਪੰਜਾਬ ਦੇ ਮੈਦਾਨਾਂ ਵਿਚ ਜਾ ਦਾਖਲ ਹੁੰਦਾ ਹੈ । ਇਹ ਅਸਥਾਨ ਸਮੁੰਦਰ ਦੀ ਪੱਧਰ ਤੋਂ ੧੦੦੦ ਫੁਟ ਉਚਾ ਤੇ ੩੨° ੫′ ਉਤਰੀ ਲੈਟੀਚੂਡ ੭੦° ੨੫′ ਪੂਰਬੀ ਲਾਂਗੀਚੂਡ ਵਿਚ ਵਾਕਿਆ ਹੈ । ਹੁਸ਼ਿਆਰ ਪੁਰ ਜ਼ਿਲੇ ਵਿਚ ਸ਼ਿਵਾਲਕ ਦੀਆਂ ਪਹਾੜੀਆਂ ਦੇ ਪੈਰਾਂ ਦੇ ਗਿਰਦ ਪ੍ਰਕਰਮਾ ਕਰਦਾ ਹੋਇਆ ਇਹ ਦਰਿਆ ਪਹਿਲੇ ਦਖਣੀ ਤੇ ਫੇਰ ਦਖਣ-ਪੱਛਮੀ ਰਸਤਾ ਧਾਰਨ ਕਰਦਾ ਹੋਇਆ ੮੦ ਮੀਲ ਅਗੇ ਵਧ ਜਾਂਦਾ ਹੈ । ਇਥੋਂ ਹੁਸ਼ਿਆਰਪੁਰ ਤੇ ਗੁਰਦਾਸਪੁਰ ਦੇ ਜ਼ਿਲਿਆਂ ਵਿਚਾਲੇ ਵਗਣ ਮਗਰੋਂ ਕੁਝ ਮੀਲ ਤੀਕ ਅੰਮ੍ਰਿਤਸਰ ਜ਼ਿਲੇ ਨੂੰ ਛੁਹੰਦਾ ਹੋਇਆ ਅੰਮ੍ਰਿਤਸਰ ਤੇ ਕਪੂਰਥਲੇ ਵਿਚਾਲੇ ਹੱਦ-ਬੰਦੀ ਕਰਦਾ ਹੈ । ਇਸ ਦੇ ਮਗਰੋਂ ਇਹਦੇ ਚਿਟੇ ਨੀਲੇ ਪਾਣੀ, ਅੰਮ੍ਰਿਤਸਰ ਤੋਂ ੩੫ ਮੀਲ ਦਖਣ ਤੇ ਦਖਣ-ਪੂਰਬ ਵਲ ਹਰੀ ਕੇ ਪਤਨ ਤੋਂ ਤਿੰਨ ਮੀਲ ਉਪਰ ਸਤਲੁਜ ਵਿਚ ਜਾ ਮਿਲਦੇ ਹਨ । ਇਹ ਅਸਥਾਨ ਨਿਕਾਸ ਤੋਂ ੨੯੦ ਮੀਲ ਦੂਰ ਹੈ । ਵਜ਼ੀਰ ਭੁਲਰ ਘਾਟ ਦੇ ਅਸਥਾਨ ਉਤੇ ਦਰਿਆ ਉਪਰ ਰੇਲਵੇ ਪੁਲ ਬਣਿਆ ਹੋਇਆ ਹੈ, ਜਿਸ ਉਪਰੋਂ ਰੇਲ ਲੰਘਦੀ ਹੈ ।

ਇਹ ਦਰਿਆ ਬਹੁਤ ਕਰਕੇ ਚੜ੍ਹਦਾ ਤੇ ਲਥਦਾ ਰਹਿੰਦਾ ਹੈ । ਸਰਦੀਆਂ ਦੀ ਰੁਤੇ ਬਹੁਤ ਸਾਰੇ ਅਸਥਾਨਾਂ ਉਤੇ ਇਹ ਦਰਿਆ ਪਾਰ ਕੀਤਾ ਜਾ ਸਕਦਾ ਹੈ । ਇਸ ਦੀ ਤਹਿ ਵਿਚ ਬਹੁਤ ਸਾਰੇ ਰੇਤਲੇ ਟਿਬੇ ਹਨ । ਇਸ ਦਾ ਪਾਣੀ ਜਦ ਲਥਦਾ ਹੈ ਤਦ ਕਈ ਨਿਕੇ ਨਿਕੇ ਟਾਪੂ ਤੇ ਰੇਤਲੇ ਟਿਲੇ ਸਾਫ ਨਜ਼ਰ ਆਉਣ ਲਗ ਪੈਂਦੇ ਹਨ । ਸੰਗਮ ਦੇ ਅਸਥਾਨ ਉਤੇ ਬਿਆਸ ਅਤੇ ਸਤਲੁਜ ਦਾ ਆਕਾਰ ਲਗ ਪਗ ਇਕੋ ਜਿਹਾ ਹੈ । ਰਾਵੀ ਤੇ ਬਿਆਸ ਦੋਵਾਂ ਦਾ ਨਿਕਾਸ ਚਨਾਬ ਦੇ ਪੱਛਮ ਵਲ ਹੈ ਹਾਲਾਂਕਿ ਪੱਧਰੇ ਮੈਦਾਨਾਂ ਵਿਚ ਇਹ ਉਸ ਦਰਿਆ ਦੇ ਪੂਰਬ ਵਲ ਵਹਿੰਦੇ ਹਨ । ਬਿਆਸ ਅਤੇ ਸਤਲੁਜ ਦੇ ਸੰਗਮ ਦੇ ਪਾਸ ਹੀ ਬਿਆਸ ਦੀ ਸ਼ਾਖ਼ ਕਾਂਗੜ ਇਕ ਝੀਲ (ਛੰਬ) ਦਾ ਰੂਪ ਧਾਰਨ ਕਰ ਲੈਂਦੀ ਹੈ ।

## ਅਕਬਰ ਦਾ ਗਰਮਾਈ ਮਹਲ

ਇਹ ਉਹੋ ਅਸਥਾਨ ਹੈ ਜਿਥੇ ਸ਼ਹਿਨਸ਼ਾਹ ਅਕਬਰ ਨੇ ਇਕ ਬੜਾ ਰਮਣੀਕ ਤੇ ਸਰਦ ਮਹਲ ਬਣਾਇਆ ਸੀ । ਜਿਥੇ ਜ਼ਮੀਨ ਦੋਜ਼ ਕਮਰੇ ਬਣਾਏ ਗਏ ਸਨ । ਇਸ ਦੇ ਆਸ ਪਾਸ ਜਿਹੜਾ ਜੰਗਲ ਸੀ ਉਸ ਵਿਚ ਸ਼ੇਰ, ਚੀਤੇ, ਹਰਨ ਤੇ ਹੋਰ ਅਣਗਿਣਤ ਜੰਗਲੀ ਜਾਨਵਰ ਸ਼ਿਕਾਰ ਕਰਨ ਵਾਲੇ ਪਾਏ ਜਾਂਦੇ ਹਨ ।

## ਇਤਿਹਾਸਕ ਸੰਬੰਧ

ਇਹ ਪੁਰਾਤਨ ਇਤਿਹਾਸ ਦਾ ਯਾਦਗਾਰੀ ਦਰਿਆ ਹੈ

* ਪਟੋਲਮੀ ਦਾ ਬਿਹਾਸਿਸ, ਪਲੀਨੀ ਦਾ ਹਾਈਪਾਸਿਸ, ਏਰੀਅਨ ਦਾ ਹਾਈ-ਪਾਸਿਸ ਅਤੇ ਸੰਸਕ੍ਰਿਤ ਦਾ ਵਿਆਸ, ਅਸਲ ਵਿਚ ਇਕ ਰਿਸ਼ੀ ਦਾ ਨਾਮ ਹੈ, ਜੋ ਹਿੰਦੂਆਂ ਦੇ ਪੁਰਾਤਨ ਸਾਹਿਤ ਵਿਚ ਬੜਾ ਪ੍ਰਸਿਧ ਹੋਇਆ ਹੈ । ਸਥਾਨਕ ਨਾਮ ਹਨ ਬੇਪਾਸ਼ਾ, ਬਾਈਸ਼ਚਾ ਯਾ ਬਿਪਾਸਿਸ, ਬਿਅੰਦ ਅਤੇ ਬੇਆਹ ਅਥਵਾ ਵਿਆਹ ।

Sri Satguru Jagjit Singh Ji eLibrary NamdhariElibrary@gmail.com

ਕਿਉਂਕਿ ਮਕਦੂਨੀਆ ਦੇ ਮਹਾਨ ਵਡੇ ਵਿਜਈ ਦੀ ਪੂਰਬ ਵਿਰਲੀ ਪੇਸ਼ ਕਦਮੀ ਏਥੇ ਆ ਕੇ ਹੀ ਰੁਕੀ ਸੀ। ਇਥੇ ਹੀ ਉਸ ਨੇ ਆਪਣੀ ਵਿਜੇ ਦੀ ਯਾਦ ਵਿਚ ੧੨ ਮੁਨਾਰੇ ਖੜੇ ਕੀਤੇ ਸਨ ਤੇ ਇਥੋਂ ਹੀ ਉਸ ਨੂੰ ਪਿਛੇ ਪਰਤਨਾ ਪਿਆ। ਪਿਛਲੇ ਥੋੜੇ ਜਿਹੇ ਸਮੇਂ ਵਿਚ ਬਰਤਾਨਵੀ ਜਰਨੈਲ ਲਾਰਡ ਲੇਕ ਨੇ ਜਸਵੰਤ ਰਾਉ ਹੁਲਕਰ ਦਾ ਪਿੱਛਾ ਕਰਨ ਲਈ ਬਿਆਸ ਤੋਂ ਹੀ ਆਪਣਾ ਪ੍ਰਸਿਧ ਕੂਚ ਸ਼ੁਰੂ ਕੀਤਾ ਸੀ। ਅੰਤ ਉਸ ਨੇ ੧੮੦੫ ਈਸਵੀ ਵਿਚ ਸੁਲਹ ਦੀ ਮੰਗ ਕੀਤੀ ਤੇ ਉਸ ਨਾਲ ੨੪ ਦਸੰਬਰ ਦੀ ਸੰਧੀ ਹੋਈ।

# ਦਰਿਆ ਸਤਲੁਜ

## ਨਿਕਾਸ

ਸਤਲੁਜ*, ਜਿਸ ਨੂੰ ਪੁਰਾਤਨ ਸਮੇਂ ਵਿਚ ਹੇਸੂ ਡਰੂਸ ਕਿਹਾ ਜਾਂਦਾ ਸੀ, ਪੰਜਾਬ ਦੇ ਅਤਿਅੰਤ ਪੂਰਬੀ ਦਰਿਆਵਾਂ ਵਿਚੋਂ ਹੈ। ਦਰਿਆ ਸਿੰਧ ਵਾਂਗ ਇਹ ਵੀ ਪਵਿਤਰ ਕੈਲਾਸ਼ ਪਰਬਤ ਦੇ ਢਲਵਾਨਾਂ ਵਿਚੋਂ ਨਿਕਲਦਾ ਹੈ। ਇਸ ਦਾ ਦੂਰ ਦੁਰਾਡਾ ਨਿਕਾਸ ਅਸਥਾਨ ਉਹੋ ਪੂਰਬੀ ਨਦੀ ਨਾਲੇ ਹਨ ਜੋ ਮਹਾਨ ਵਡੇ ਛੰਭ ਮਾਨ-ਸਰੋਵਰ ਅਤੇ ਹਾਵਨ ਹਰੋਡ ਨੂੰ ਪਾਣੀ ਪਚੌਂਦੇ ਹਨ ਤੇ ਜੋ ੩੦°੮' ਲੈਟੀਚੂਡ ਤੇ ੮੧°੫੩' ਲਾਂਗੀਚੂਡ ਵਿਚ ਵਾਕਿਆ ਹੈ। ਸਤਲੁਜ ਦਾ ਨਿਕਾਸ ਵੀ ਸਿੰਧ ਅਤੇ ਬ੍ਰਹਮ ਪੁਤ੍ਰ ਦੇ ਨਿਕਾਸ ਦੇ ਪਾਸ ਹੀ ਹੈ। ਤਿਬਤ ਵਾਲੇ ਬ੍ਰਹਮ ਪੁਤ੍ਰ ਨੂੰ ਤਸਾਨ-ਪੂ ਆਖਦੇ ਹਨ। ਏਥੇ ਦੇ ਆਸ ਪਾਸ ਦੇ ਪਰਬਤਾਂ ਦੀਆਂ ਚੋਟੀਆਂ ਲਗ ਪਗ ੨੨੦੦੦ ਫੁਟ ਉਚੀਆਂ ਹਨ। ਅਬੁਲ ਫਜ਼ਲ ਨੇ ਸੰਨ ੧੫੮੨ ਵਿਚ ਲਿਖਿਆ ਸੀ ਕਿ ਇਸ ਦਾ ਪੁਰਾਤਨ ਨਾਮ ਸ਼ਤੂਦਰ ਹੈ ਅਤੇ ਇਸ ਦਾ ਨਿਕਾਸ ਚੀਨ ਰਾਜ ਵਿਚਲੇ ਘਾਬਲੋਰ ਦੇ ਚੋਟੀਆਂ ਵਾਲੇ ਪਰਬਤਾਂ ਵਿਚ ਹੈ। ਹਿੰਦੂ ਕੈਲਾਸ਼ ਨੂੰ ਸੁਵੱਰਗ ਅਤੇ ਸ਼ਿਵਜੀ ਮਹਾਰਾਜ ਦਾ ਨਿਵਾਸ ਅਸਥਾਨ ਮੰਨਦੇ ਹਨ।

## ਇਸ ਦਾ ਬਹਾਓ

ਪਹਾੜੀ ਉੱਚਾਈਆਂ ਵਿਚੋਂ ਆਰੰਭ ਹੋ ਕੇ ਸਤਲੁਜ ਪਹਿਲੇ ਗੋਜੇ ਦੀ ਵਿਸ਼ਾਲ ਜਿਲ੍ਹਣ ਵਿਚ ਦਾਖਲ ਹੁੰਦਾ ਹੈ। ਆਪਣੇ ਨਿਕਾਸ ਤੋਂ ੧੯੮ ਮੀਲ ਦੂਰ ਪੁਜ ਕੇ ਲੇਹ ਜਾਂ ਸਪਿਟੀ ਦੇ ਉੱਤਰ ਪੱਛਮ ਵਲੋਂ ਇਕ ਇਸ ਤੋਂ ਵੀ ਵਡੇ ਦਰਿਆ ਨੂੰ ਆਪਣੇ ਵਿਚ ਸਮਾ ਲੈਂਦਾ ਹੈ। ਇਹ ਅਸਥਾਨ ਸਮੁੰਦਰੀ ਪੱਧਰ ਤੋਂ ੮੫੯੨ ਫੁਟ ਉਚਾ ਹੈ। ਇਹਨਾਂ ਦੋਹਾਂ ਦਰਿਆਵਾਂ ਦੇ ਸੰਗਮ ਨੂੰ ਸੈਲਾਨੀਆਂ ਨੇ ਕੁਦਰਤ ਦਾ ਇਕ ਵਚਿਤਰ ਚਮਤਕਾਰ ਦਸਿਆ ਹੈ। ਇਹ ਸੰਸਾਰ ਦਾ ਇਕ ਸਭ ਤੋਂ ਵੱਡਾ ਤੇ ਸ਼ਾਨਦਾਰ ਅਜੂਬਾ ਮੰਨਿਆ ਜਾਂਦਾ ਹੈ। ਸਪਿਟੀ ਨਦੀ ਡੂੰਘੇ ਤੇ ਤੰਗ ਰਸਤੇ ਧਰਤੀ ਦੇ ਅੰਦਰੋਂ ਅੰਦਰ ਆਉਂਦੀ ਹੈ ਅਤੇ ਇਸ ਦੇ ਸ਼ਾਂਤ ਨੀਲੇ ਪਾਣੀ ਸਤਲੁਜ ਦੇ ਗੰਦਲੇ ਪਾਣੀ ਨਾਲ ਮਿਲ ਕੇ ਬੜਾ ਸ਼ੋਰ ਕਰਦੇ ਹਨ। ਸੰਗਮ ਦੇ ਥਲੇ ਵਾਲੇ ਪਾਸੇ ਦਰਿਆ ਐਨਾ ਡੂੰਘਾ ਤੇ ਤੇਜ਼ ਹੋ ਜਾਂਦਾ ਹੈ ਕਿ ਦਸ ਪੌਂਡ (ਲਗ ਪਗ ਪੰਜ ਸੇਰ) ਦੇ ਪੱਥਰ ਨਾਲ ਵੀ ਇਸ ਦੀ ਤੈਹ ਦਾ ਪਤਾ ਨਹੀਂ ਲਗ ਸਕਦਾ। ਇਸ ਤੋਂ ੮੦ ਮੀਲ ਅਗੇ ਚਲ ਕੇ ਲਿੰਗ ਦੇ ਅਸਥਾਨ ਉਤੇ ਇਸ ਦਰਿਆ ਉਤੇ ਲੋਹੇ ਦੇ ਜੰਜੀਰ ਦਾ ਪੁਲ ਬਣਿਆ ਹੋਇਆ ਹੈ, ਜਿਥੋਂ ਲੋਕ ਇਸ ਨੂੰ ਪਾਰ ਕਰ ਸਕਦੇ ਹਨ। ਇਥੇ ਇਸ ਦੀ ਚੌੜਾਈ ਐਨੀ ਵਧੀਕ ਹੈ ਕਿ ਰਸਿਆਂ ਦਾ ਪੁਲ ਬਝ ਹੀ ਨਹੀਂ ਸਕਦਾ। ਲਿੰਗ ਤੋਂ ਥੋੜਾ ਜਿਹਾ ਫਾਸਲਾ ਥਲੇ ਵਲੇ ਦਰਿਆ ਦੀ ਤਹਿ ਸਤਹ ਸਮੁੰਦਰ ਤੋਂ ੧੦੭੯੨ ਫੁਟ ਉੱਚੀ ਹੈ। ਇਥੋਂ ਦੇ ਵਸਨੀਕ ਇਸ ਦਰਿਆ ਨੂੰ ਏਥੇ ਲੰਗਜਿੰਗ ਖਾਂਪਾ ਆਖਦੇ ਹਨ। ਥਲੇ ਵਲ ਦੇ ਲੋਕ ਇਸ ਨੂੰ ਮੁਕਸੰਗ, ਸਾਨਪੂ ਅਤੇ ਜਿਉਂਗਤੀ ਕਹਿੰਦੇ ਹਨ। ਇਸ ਤੋਂ ਹੋਰ ਅਗੇ ਚਲ ਕੇ ਸਮਿਦਰੰਗ ਤੇ ਹੋਰ ਅਗੇਰੇ ਚਲ ਕੇ ਬਾਸਾਹਰ ਵਿਚ ਸਤੁਦਰਾ (ਸੌ ਰਾਹਾਂ ਵਾਲਾ) ਤੇ ਇਸ ਤੋਂ ਅਗਲੇ ਇਲਾਕੇ ਵਿਚ ਇਸ ਨੂੰ ਸਤਲੁਜ ਕਹਿੰਦੇ ਹਨ। ਇਸੇ ਨਾਮ ਨਾਲ ਇਹ ਸਿੰਧ ਨਾਲ ਸੰਗਮ ਤੀਕ ਪ੍ਰਸਿੱਧ ਹੈ। ਚੀਨੀ ਇਲਾਕੇ ਵਿਚ ਸ਼ਿਪਕੀ ਦੇ ਨੇੜੇ ਦਰਿਆ ਦੀ ਉਚਾਈ ੧੦,੦੦੦ ਫੁਟ ਸਤਹ ਸਮੁੰਦਰ ਤੋਂ ਉਚੀ ਹੈ। ਸ਼ਿਪਕੀ ਤੋਂ ਥਲੇ ਵਾਲੇ ਪਾਸੇ ਦਰਿਆ ਦਾ ਰਸਤਾ ਚੱਟਾਨਾਂ ਨੇ ਰੋਕ ਰਖਿਆ ਹੈ ਅਤੇ ਤੰਗ ਰਸਤਾ ਹੋਣ ਕਰ ਕੇ ਇਸ ਦਾ ਵੇਗ ਵੀ ਬੜਾ ਤੇਜ਼ ਹੋ ਜਾਂਦਾ ਹੈ। ਏਥੋਂ ਬੜੀ ਤੇਜ਼ੀ ਨਾਲ ਮੋੜਾ ਖਾ ਕੇ ਇਹ ੧੫੦ ਮੀਲ ਤੀਕ ਦਖਣ ਪੱਛਮ ਵਲ ਪਹਾੜਾਂ ਵਿਚ ਵਗਦਾ ਹੈ। ਏਥੇ ਕੋਈ ਆਦਮੀ ਇਸ ਨੂੰ ਪਾਰ ਨਹੀਂ ਕਰ ਸਕਦਾ। ਇਸ ਥਾਂ ਤੋਂ ਅਗੇ ਇਹ ਦਖਣ ਪੱਛਮ ਵਲ ਮੁੜ ਜਾਂਦਾ ਅਤੇ ਬਾਹਰਲੇ ਹਿਮਾਲਾ ਉਦਾਲੇ ਚੱਕਰ ਕਟਦਾ ਹੋਇਆ ਇਹ ਕਈ ਨਦੀਆਂ ਵਿਚ ਵੰਡਿਆ ਜਾਂਦਾ ਹੈ। ਇਹ ਸਾਰੀਆਂ ਨਦੀਆਂ ਸ਼ਿਵਾਲਕ ਪਰਬਤਾਂ ਦੀ ਲੜੀ ਵਿਚ ਪੁਜ ਕੇ ਇਕ ਤੰਗ ਰਸਤੇ ਵਿਚ ਫੇਰ ਮਿਲ ਜਾਂਦੀਆਂ ਹਨ। ਉਤਰ ਵਲ ਸਜੇ ਕੰਢੇ ਉਤੇ ਜੌੜੇ ਦੇ ਅਸਥਾਨ ਉਤੇ ਇਸ ਵਿਚੋਂ ਦੋ ਤੇ ਤਿੰਨ ਫੁਟ ਤੀਕ ਉਚੇ ਗਰਮ ਸੋਮੇ ਉਛਲਦੇ ਹਨ, ਜਿਨ੍ਹਾਂ ਦੀ ਗਰਮੀ ੧੩੦° ਫੈਰਨ ਹਾਈਟ ਹੁੰਦੀ ਹੈ। ਇਹਨਾਂ ਸੋਮਿਆਂ ਦੇ ਪਾਣੀ ਵਿਚੋਂ ਗੰਧਕ ਦੀ ਬੋ ਆਉਂਦੀ ਹੈ। ਸ਼ਿਪਕੀ ਤੋਂ ਲੈ ਕੇ ਬਾਸਾਹਰ ਵਿਚ ਰਾਮ ਪੁਰ ਤੀਕ ਸਤਲੁਜ ਦਾ ਪਤਨ (ਗਿਰਾ) ਲਗਪਗ ਇਕੋ ਜਿਹਾ ਤੇ ਫੀ ਮੀਲ ੬੦ ਫੁਟ ਹੈ।

## ਝੂਲਣਾ ਪੁਲ

ਰਾਮਪੁਰ ਦੇ ਅਸਥਾਨ ਉਤੇ ਸਰਦੀਆਂ ਦੀ ਰੁਤ ਵਿਚ ਇਸ ਦਰਿਆ ਨੂੰ ਲੋਕ ਫੁਲਾਈਆਂ ਹੋਈਆਂ ਮਸ਼ਕਾਂ ਉਤੇ ਪਾਰ ਕਰਦੇ ਹਨ। ਬਰਸਾਤ ਦੀ ਰੁਤੇ ਇਸ ਉਤੇ ਰਸਿਆਂ ਦਾ ਪੁਲ ਬਣਾ ਦਿਤਾ ਜਾਂਦਾ ਹੈ ਜਿਸ ਨੂੰ ਝੂਲਾ ਕਰਕੇ ਸਦਦੇ ਹਨ।

ਬਿਲਾਸ ਪੁਰ ਤੋਂ ਥੋੜਾ ਥਲੇ ਵਲ ਸਤਲੁਜ ਉਤਰ-ਪੱਛਮੀ ਰਸਤਾ ਧਾਰਨ ਕਰ ਲੈਂਦਾ ਹੈ। ਇਸ ਤੋਂ ਅਗੇ ਜਾ ਕੇ ਫੇਰ ਦੱਖਣ-ਪੱਛਮ ਵਲ ਵਗਦਾ ਹੋਇਆ ਦੱਖਣ ਪੂਰਬੀ ਰਸਤਾ ਧਾਰਨ ਕਰ ਲੈਂਦਾ ਹੈ। ਰੋਪੜ ਤੋਂ ਕੁਝ ਕੁ ਮੀਲ ਉਪਰ ਵਲ ੩੦°੫੮ ਲੈਟੀਚੂਡ ਤੇ ੭੬°੨੯ ਲਾਂਗੀਚੂਡ ਵਿਚ ਇਹ ਹਿਮਾਲਾ ਦੀ ਪਹਾੜੀ ਉਚਾਨ ਤੋਂ ਝੇਜਵਾਨ ਦੇ ਨਿਚਲੇ ਪਥਰੀਲੇ ਇਲਾਕੇ ਉਪਰ ਡਿਗਦਾ ਅਤੇ ਚੌੜੀ ਤੇ ਸ਼ੋਰ ਮਚੌਂਦੀ ਹੋਈ ਨਦੀ ਦੇ ਰੂਪ ਵਿਚ ਪੰਜਾਬ ਦੇ ਮੈਦਾਨਾਂ ਵਿਚ ਆ ਨਿਕਲਦਾ ਹੈ। ਇਸ ਥਾਂ ਉਤੇ ਇਸ ਦਾ ਨੀਲਾ ਪਨ ਤੇ ਪਹਾੜੀ ਰੰਗ ਖਤਮ ਹੋ ਜਾਂਦਾ ਹੈ। ਏਥੇ ਏਸ ਵਿਚ ਬੇੜੀ ਦੀ ਆਵਾਜਾਈ ਹੋ ਸਕਦੀ ਹੈ। ਰੋਪੜ ਤੋਂ ਫੇਰ ਇਹ ਪੱਛਮ ਵਲ ਵਗਣਾ ਸ਼ੁਰੂ ਹੁੰਦਾ ਅਤੇ ਦੋ ਸ਼ਾਖਾਂ ਵਿਚ ਵੰਡਿਆ ਜਾਂਦਾ ਹੈ। ਇਹ ਦੋਵੇਂ ਸ਼ਾਖ਼ਾਂ ਲੁਧਿਆਣਾ ਪਹੁੰਚਣ ਤੋਂ ਪਹਿਲੇ ਹੀ ਮੁੜ ਆਪੋ ਵਿਚ ਮਿਲ ਜਾਂਦੀਆਂ ਹਨ। ਫਲੌਰ ਤੋਂ, ਜਿਥੇ ਇਸ ਦੀ ਚੁੜਾਈ ੨੧੦੦ ਫੁਟ ਹੈ, ਦਰਿਆ ਸਤਲੁਜ ਵਿਚ ਸਾਰਾ ਮੌਸਮ ਬੇੜੀਆਂ

* ਇਸ ਦਰਿਆ ਦਾ ਨਾਮ ਏਰੀਅਨ ਨੇ ਸਾਰੰਜਿਜ, ਜ਼ਰਾਡਰੂਸ ਨੇ ਜ਼ੰਡਾਰੂ, ਪਟੋਲਮੀ ਨੇ ਜ਼ਪਾਡ ਪੋਸ, ਪਲਿਨੀ ਨੇ ਸਾਈਡਰੂਸ ਜਾਂ ਕੇਸੀ ਡਰੂਸ, ਸਟਰਾਬੋਨ ਹਾਈਪਾਨੀਸ, ਆਇਨਿ ਅਕਬਰੀ ਨੇ ਸੇਤਲੁਜ ਜਾਂ ਸ਼ੇਟਰੂਡਰ ਅਤੇ ਸੰਸਕ੍ਰਿਤ ਵਾਲਿਆਂ ਨੇ ਸਿਤੋਦਾ, ਸਤਾਦਰੂ ਅਥਵਾ ਸਤਰੁਦਾ ਲਿਖਿਆ ਹੈ। ਨਿਚਲੇ ਪਰਬਤ ਵਾਸੀ ਇਸ ਨੂੰ ਸਤਾਦਰੂ, ਖਾਨੋਵਰ ਦੇ ਵਸਨੀਕ ਜ਼ਗਤੀ ਅਤੇ ਤਾਤਾਰੀ ਲਾਨਿੰਗਕੰਪਾਂ ਆਖਦੇ ਹਨ। ਕੰਪਾ ਦਾ ਭਾਵ ਆਮ ਤੌਰ ਉਤੇ ਦਰਿਆ ਲਿਆ ਜਾਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਦੀ ਆਵਾਜਾਈ ਹੋ ਸਕਦੀ ਹੈ। ਇਥੋਂ ਚਲ ਕੇ ਇਹ ਹਰੀ ਕੇ ਪੱਤਨ ਪੁਜਦਾ ਤੇ ਪ੭੦ ਮੀਲ ਦਾ ਰਸਤਾ ਮੁਕਾ ਕੇ ਬਿਆਸ ਨਾਲ ਆ ਮਿਲਦਾ ਹੈ। ਇਥੋਂ ਮਿਲ ਕੇ ਇਹ ਦੋਵੇਂ ਦਰਿਆ ਘਾਰਾ ਦਾ ਨਾਮ ਧਾਰਨ ਕਰਦੇ ਤੇ ਸੰਗਮ ਤੋਂ ਹੇਠਲੇ ਪਾਸੇ ਊੱਚ ਦੇ ਮੁਕਾਮ ਉਤੇ ਚਨਾਬ ਨਾਲ ਮਿਲ ਜਾਂਦੇ ਅਤੇ ਸਿੰਧ ਦਰਿਆ ਨਾਲ ਸੰਗਮ ਬਣਾ ਕੇ ਪੰਜਨਦ ਬਣ ਜਾਂਦੇ ਹਨ।

ਸਤਲੁਜ ਵਿਚ ਮੱਛੀ ਬੇਅੰਤ ਹੁੰਦੀ ਹੈ। ਇਹ ਦਰਿਆ ਆਪਣੇ ਠੰਢੇ ਪਾਣੀ ਲਈ ਪ੍ਰਸਿਧ ਹੈ, ਜੋ ਉਸ ਦੀ ਉਚਾਈ ਤੇ ਦੂਰ ਦੁਰਾਡੇ ਨਿਕਾਸ ਦਾ ਸੂਚਕ ਹੈ। ਅੰਗਰੇਜ਼ਾਂ ਅਤੇ ਮਹਾਰਾਜਾ ਰਣਜੀਤ ਸਿੰਘ ਵਿਚਾਲੇ ਸੰਨ ੧੮੦੯ ਵਿਚ ਹੋਈ ਸੰਧੀ ਵਿਚ ਇਹੋ ਦਰਿਆ ਹੱਦ ਮੰਨੀ ਗਈ ਸੀ।

---

# ਪਰਕਰਨ—੨

## ਦੇਸ਼ ਦੀ ਕੁਦਰਤੀ ਵਸ਼ੇਸ਼ਤਾ, ਇਸ ਦਾ ਰਕਬਾ ਵਸੋਂ ਪੌਣ ਪਾਣੀ, ਉਪਜ ਤੇ ਵਪਾਰ

### ਦੇਸ਼ ਦਾ ਲੰਮ ਚੂੜਾ

ਪੰਜਾਬ ਅਤੇ ਇਸ ਦੀਆਂ ਰਿਆਸਤਾਂ* ਦਾ ਮਿਲਵਾਂ ਰਕਬਾ ੧੪੪,੪੩੬ ਵਰਗ ਮੀਲ ਹੈ।

### ਵੱਸੋਂ

ਫਰਵਰੀ ੧੯੨੧ ਦੀ ਆਦਮ-ਗਿਣਤੀ ਅਨੁਸਾਰ ਇਸ ਦੀ ਵਸੋਂ ੨,੭੭,੧੨,੧੨੦ ਹੈ ਅਰਥਾਤ ਹਿੰਦ ਰਾਜ ਦੇ ਰਕਬੇ ਦਾ 1/[illegible] ਅਥਵਾ ਭਾਰਤ ਦੀ ਕੁਲ ਵਸੋਂ ਦਾ $\frac{1}{11}$। ਸੂਬੇ ਦੀ ਕੁਲ ਵਸੋਂ ਵਿਚੋਂ ਅਧੇ ਮੁਸਲਮਾਨ ਹਨ, $\frac{2}{5}$ ਹਿੰਦੂ ਅਤੇ $\frac{1}{10}$ ਸਿੱਖ। ਪੰਜਾਬ ਦਾ ਸੂਬਾ ਲੈਫਟੀਨੈਂਟ ਗਵਰਨਰ ਦੇ ਮਾਤਹਿਤ ਹੈ ਅਤੇ ੨੭° ੩੯′ ਤੇ ੩੫° ੨′ ਉਤਰੀ ਲੈਟੀਚੂਡ ਅਤੇ ੬੯° ੩੫′ ਤੇ ੭੯° ੩੫′ ਪੂਰਬੀ ਲਾਂਗੀਚੂਡ ਵਿਚਾਲੇ ਵਾਕਿਆ ਹੈ। ਪੰਜਾਬ ਖਾਸ ਦੀ ਰੂਪ ਰੇਖਾ ਇਕ ਐਸੇ ਮੈਦਾਨੀ ਗੋਲੇ ਵਰਗੀ ਹੈ, ਜਿਸ ਦਾ ਕੇਂਦਰ ਪੰਜਨਦ ਤੇ ਸਿੰਧ ਦੇ ਸੰਗਮ ਉਪਰ, ਇੰਤਹਾਈ ਫਾਸਲਾ ਸੁਲੇਮਾਨ ਪਰਬਤਾਂ ਦੀ ਲੜੀ ਤੇ ਦਰਿਆ ਸਤਲੁਜ ਅਤੇ ਗੁਲਾਬੀ ੩੫ ਮੁਤਵਾਜ਼ੀ ਲਾਈਨ ਦੇ ਨੇੜੇ ਸਭ ਤੋਂ ਉੱਚੀ ਉਚਾਈ ਹੈ।

### ਲਾਹੌਰ

ਪੰਜਾਬ ਦੀ ਰਾਜਧਾਨੀ ਲਾਹੌਰ ਹੈ, ਜੋ ਲਗ ਪਗ ਸੂਬੇ ਦੇ ਐਨ ਮਧ ਵਿਚ ਹੈ ਤੇ ਜੋ ਮੁਗਲ ਰਾਜ ਦੇ ਸਮੇਂ ਲਾਹੌਰ ਸੂਬੇ ਦੇ ਨਾਮ ਨਾਲ ਪ੍ਰਸਿਧ ਸੀ। ਜਿਥੋਂ ਤੀਕ ਵਸੋਂ, ਆਰਟ ਤੇ ਵਪਾਰ ਦਾ ਸੰਬੰਧ ਹੈ ਇਸ ਤੋਂ ਵੀ ਵਧੀਕ ਪ੍ਰਸਿੱਧ ਹਿੰਦੁਸਤਾਨ ਦੀ ਪੁਰਾਤਨ ਰਾਜਧਾਨੀ ਦਿੱਲੀ ਹੈ।

### ਦੇਸ਼ ਦੀ ਕੁਦਰਤੀ ਬਣਤਰ

ਪੰਜਾਬ ਵਡਾ ਵਿਸ਼ਾਲ ਤੇ ਚੌੜਾ ਮੈਦਾਨੀ ਇਲਾਕਾ ਹੈ, ਜੋ ਉਤਰ ਤੇ ਪੱਛਮ ਵਲੋਂ ਉਚੇ ਉਚੇ ਪਹਾੜਾਂ ਨਾਲ ਘਿਰਿਆਂ ਹੋਇਆ ਅਤੇ ਦਖਣ ਤੇ ਪੂਰਬ ਵਲੋਂ ਖੁਲ੍ਹਾ ਹੈ। ਇਸ ਦੀ ਕੁਦਰਤੀ ਬਨਾਵਟ ਉਤਰੀ ਅਤੇ ਦੱਖਣੀ ਭਾਗ ਵਿਚ ਬਹੁਤ ਪ੍ਰਸਿੱਧ ਹੈ।

ਇਸ ਦੇ ਉਤਰ-ਪੂਰਬੀ ਕੋਨੇ ਵਿਚ ਕਾਂਗੜੇ ਦਾ ਪਹਾੜੀ ਇਲਾਕਾ ਅਤੇ ਉਤਰ-ਪੱਛਮੀ ਕੋਨੇ ਵਿਚ ਯੂਸਫਜ਼ਈ, ਪਿਸ਼ਾਵਰ, ਕੋਹਾਟ ਤੇ ਹਜ਼ਾਰਾ ਦੀਆਂ ਵਾਦੀਆਂ ਹਨ। ਇਹ ਵਡੇ ਵਡੇ ਉਹਨਾਂ ਦਰਿਆਵਾਂ ਦੇ ਸਰਸਬਜ਼ ਤੇ ਉਪਜਾਊ ਗੁਣ ਨੇ, ਜਿਨ੍ਹਾਂ ਦੀਆਂ ਮਜਲਾਂ ਤੇ ਵਿਸ਼ੇਸ਼ਤਾਈਆਂ ਉਪਰ ਦਸਿਆਂ ਗਈਆਂ ਹਨ। ਇਸ ਨੇ ਪਹਾੜ ਦੇ ਬਗਲੀ ਇਲਾਕੇ ਨੂੰ ਅਤਿਅੰਤ ਮਨ ਮੋਹਣਾ ਬਣਾ ਦਿਤਾ ਹੈ। ਇਸ ਦੇ ਦੁਪਾਸੀ ਹਰੀਆਂ ਵਾਦੀਆਂ ਅਤੇ ਚੁਗਿਰਦੇ ਬਰਫ ਢਕੇ ਪਹਾੜ ਹਨ। ਇਸ ਦਾ ਦਖਣੀ ਜਾਂ ਮੈਦਾਨੀ ਭਾਗ ਉਸੇ ਉਚਰੀ ਧਰਤੀ ਦਾ ਇਕ ਭਾਗ ਹੈ, ਜਿਸ ਨਾਲ ਕਿ ਰਾਜਪੂਤਾਨੇ ਦਾ ਖੁਸ਼ਕ ਮਾਰੂਥਲ ਅਤੇ ਸਿੰਧ ਦਾ ਰੇਤਲਾ ਦੇਸ ਸੰਬੰਧਤ ਹੈ।

### ਪੰਜਾਬ ਦੇ ਦੁਆਬੇ

ਇਹ ਮੈਦਾਨੀ ਇਲਾਕਾ ਦੁਆਬਿਆਂ ਵਿਚ ਵੰਡਿਆ ਹੋਇਆ ਹੈ ਤੇ ਇਹ ਦੁਆਬੇ ਹੀ ਦੇਸ਼ ਨੂੰ ਕੁਦਰਤੀ ਭਾਗਾਂ ਵਿਚ ਵੰਡਦੇ ਹਨ। ਦੁਆਬੇ ਅਜੇ ਤੀਕ ਉਹਨਾਂ ਹੀ ਹਰ-ਮਨ ਪਿਆਰੇ ਨਾਵਾਂ ਨਾਲ ਪ੍ਰਸਿਧ ਹਨ, ਜੋ ਇਹਨਾਂ ਨੂੰ ਮੁਗ਼ਲ ਰਾਜ ਦੇ ਸਮੇਂ ਦਿਤੇ ਗਏ ਸਨ ਅਤੇ ਉਹਨਾਂ ਹੀ ਦਰਿਆਵਾਂ ਦੇ ਨਾਮ ਨਾਲ ਪ੍ਰਸਿੱਧ ਹਨ ਜਿਨ੍ਹਾਂ ਵਿਚਾਲੇ ਇਹ ਘਿਰੇ ਹੋਏ ਹਨ। ਇਹ ਨਾਮ ਦੋਹਾਂ ਦਰਿਆਵਾਂ ਦੇ ਪਹਿਲੇ ਹਰਫਾਂ ਨੂੰ ਜੋੜ ਕੇ ਘੜੇ ਗਏ ਹਨ। ਇਹ ਗਲ ਸਿਕੰਦਰ ਆਜ਼ਮ ਦੇ ਇਤਿਹਾਸਕਾਰਾਂ ਨੇ ਨੋਟ ਕੀਤੀ, ਜੋ ਇਸ ਗਲ ਦਾ ਸਬੂਤ ਹੈ ਕਿ ਉਹ ਹਰ ਮਾਮਲੇ ਦੀ ਚੰਗੀ ਪੁਣ ਛਾਣ ਕਰਦੇ ਸਨ। ਏਰੀਅਨ ਲਿਖਦਾ ਹੈ—"ਦੇਸ਼ ਦਾ ਬਹੁਤ ਵੱਡਾ ਭਾਗ ਹਮਵਾਰ ਤੇ ਪੱਧਰਾ ਹੈ। ਕੁਛ ਲੋਕਾਂ ਦਾ ਕਿਆਸ ਹੈ ਤੇ ਇਹਦਾ ਕਾਰਨ ਦਰਿਆਵਾਂ ਦਾ ਉਹ ਚਿਕੜ ਹੈ ਜੋ ਹੜਾਂ ਸਮੇਂ ਜੰਮ ਗਿਆ। ਇਹੋ ਕਾਰਨ ਹੈ ਕਿ ਕੁਝ ਇਲਾਕਿਆਂ ਦਾ ਨਾਮ ਉਹਨਾਂ ਦਰਿਆਵਾਂ ਦੇ ਨਾਵਾਂ ਉਤੇ ਹੈ ਜਿਹੜੇ ਉਹਨਾਂ ਵਿਚੋਂ ਲੰਘਦੇ ਹਨ।" ਉਦਾਹਰਣ ਵਜੋਂ ਬਿਆਸ ਅਤੇ ਰਾਵੀ ਦਾ ਵਿਚਕਾ-

*ਕਸ਼ਮੀਰ, ਭਾਵੇ ਪੰਜਾਬ ਸਰਕਾਰ ਦੇ ਮਾਤਹਿਤ ਹੈ, ਇਸ ਵਿਚ ਸ਼ਾਮਲ ਨਹੀਂ ਕੀਤਾ ਗਿਆ—ਪੰਜਾਬ ਦੀ ਆਦਮ ਗਿਣਤੀ ਦੀ ਰਪੋਰਟ ੧੯੨੧ ਸਫਾ ੧

Sri Satguru Jagjit Singh Ji eLibrary NamdhariElibrary@gmail.com

ਰਲਾ ਇਲਾਕਾ ਬਾਰੀ ਦੁਆਬ ਕਹਾਉਂਦਾ ਹੈ (ਦੋ ਦਰਿਆਵਾਂ ਦੀ ਧਰਤੀ); ਰਾਵੀ ਤੇ ਚਨਾਬ ਵਿਚਲੀ ਧਰਤੀ ਨੂੰ ਰਚਨਾ ਦੁਆਬ ਅਤੇ ਚਨਾਬ ਤੇ ਜਿਹਲਮ ਨੂੰ ਚਜ ਦੁਆਬ ਆਖਦੇ ਹਨ। ਜਿਹਲਮ ਤੇ ਚਨਾਬ ਨਾਲ ਘਿਰੀ ਹੋਈ ਥਾਂ ਇਕ ਪਾਸੇ ਤੇ ਸਿੰਧ ਨਾਲ ਘਿਰੀ ਹੋਈ ਹੈ ਤੇ ਦੂਜੇ ਪਾਸੇ ਦੀ ਧਰਤੀ ਆਖਰੀ ਦਰਿਆ ਦੇ ਨਾਮ ਉਤੇ "ਸਿੰਧ ਸਾਗਰ" ਦੁਆਬ ਅਖਵਾਉਂਦੀ ਹੈ। ਪੰਜਾਬ ਦੇ ਅੰਤਮ ਦੋਹਾਂ ਦਰਿਆਵਾਂ ਅਰਥਾਤ ਬਿਆਸ ਤੇ ਸਤਲੁਜ ਨਾਲ ਘਿਰੀ ਹੋਈ ਧਰਤੀ ਬਿਸਤ ਜਾਲੰਧਰ ਅਖਵਾਉਂਦੀ ਹੈ; ਇਹ ਪੰਜਾਬ ਦੇ ਦੁਆਬਿਆਂ ਵਿਚੋਂ ਪੰਜਵਾਂ ਦੁਆਬਾ ਹੈ; ਜਿਸ ਵਿਚ ਬਰਤਾਨਵੀ ਜ਼ਿਲੇ ਹੁਸ਼ਿਆਰ-ਪੁਰ ਤੇ ਜਾਲੰਧਰ ਅਤੇ ਦੇਸੀ ਰਿਆਸਤ ਕਪੂਰਥਲਾ ਸ਼ਾਮਲ ਹੈ। ਇਹਨਾਂ ਦੁਆਬਿਆਂ ਵਿਚ ਬਾਰੀ ਦੁਆਬ ਸਭ ਦਾ ਸਰਦਾਰ ਹੈ, ਜਿਸ ਵਿਚ ਕੇਂਦਰੀ ਮਾਝਾ ਅਰਥਾਤ "ਸਿੱਖਾਂ ਦਾ ਘਰ" ਅਤੇ ਲਾਹੌਰ, ਅੰਮ੍ਰਿਤਸਰ ਤੇ ਮੁਲਤਾਨ ਦੇ ਵਡੇ ਵਡੇ ਸ਼ਹਿਰ ਸ਼ਾਮਲ ਹਨ।

## ਇਸ ਦੇ ਮੈਦਾਨ

ਪੰਜਾਬ ਸਮੁਚੇ ਤੌਰ ਉਤੇ ਥੋੜਾ ਢਲਵਾਨ ਮੈਦਾਨੀ ਦੇਸ ਹੈ, ਜੋ ਉੱਤਰ ਵਿਚ ਉਚੇ ਪਰਬਤਾਂ ਤੋਂ ਲੈ ਕੇ ਦਖਣ ਵਿਚਲੇ ਮਾਰੂਥਲਾਂ ਤੀਕ ਫੈਲਿਆ ਹੋਇਆ ਹੈ। ਇਹ ਢਲਵਾਨ ਨਿਯਮ ਅਨੁਸਾਰ ਅਤੇ ਦਰਜੇ ਵਾਰ ਹੈ; ਇਥੋਂ ਤੀਕ ਕਿ ਇਸ ਦੇ ਉਪਰਲੇ ਭਾਗ ਦੀ ਉਚਾਈ ਵੀ ਦਰਮਿਆਨੇ ਮੇਲ ਦੀ ਹੈ। ਇਸ ਸੂਬੇ ਦੇ ਵਡੇ ਸ਼ਹਿਰ ਲਾਹੌਰ ਅਤੇ ਅਮ੍ਰਿਤਸਰ ਸਮੁੰਦਰ ਦੀ ਪਧਰ ਤੋਂ ੯੦੦ ਫੁਟ ਉਚੇ ਹਨ; ਢਲਵਾਨ ਦੀ ਪੱਧਰ ਨਿਯਮ ਅਨੁਸਾਰ ਦਖਣ-ਪਛਮ ਵਲ ਹੈ, ਇਥੋਂ ਤੀਕ ਕਿ ਮਿਠਨ ਕੋਟ ਕੇਵਲ ੨੨੦ ਫੁਟ ਦੀ ਉਚਾਈ ਉਪਰ ਹੈ। ਪੱਧਰ ਦੀ ਅਟੁਟ ਇਕਸਾਰਤਾ ਦੇ ਕਾਰਨ ਇਸ ਦੇ ਵਡੇ ਦਰਿਆਵਾਂ ਦੇ ਰਸਤਿਆਂ ਵਿਚ ਮੁੜ ਮੁੜ ਤੇ ਵਡੀਆਂ ਵਡੀਆਂ ਅਦਲਾ ਬਦਲੀਆਂ ਹੁੰਦੀਆਂ ਰਹਿੰਦੀਆਂ ਹਨ। ਇਸ ਤਰ੍ਹਾਂ ਸਤਲੁਜ ਅਤੇ ਲੁਧਿਆਣੇ ਦੇ ਵਿਚਕਾਰਲੇ ਨਿਚਲੇ ਰੇਤਲੇ ਇਲਾਕੇ ਦਾ ਇਕ ਨਲਾ ਅਜ ਤੋਂ ਪੰਜਾਹ ਸਾਲ ਪਹਿਲੇ ਇਕ ਦਰਿਆ ਦੀ ਤਹਿ ਹੁੰਦਾ ਸੀ। ਸਤਲੁਜ ਤੇ ਖਾਸ ਤੌਰ ਉਤੇ ਆਪਣਾ ਰਸਤਾ ਬਦਲਦਾ ਹੀ ਰਹਿੰਦਾ ਹੈ। ਪੰਜਾਬ ਦੇ ਬਹੁਤੇ ਦਰਿਆਵਾਂ ਦੀ ਰੁਚੀ ਇਹ ਹੈ ਕਿ ਉਹ ਆਪਣੇ ਜਲੀ ਰਸਤਿਆਂ ਨੂੰ ਮਾਰੂ ਥਲ ਬਣਾਉਂਦੇ ਰਹਿੰਦੇ ਹਨ। ਸਾਰੇ ਦੇਸ਼ ਵਿਚ ਉਤਰ ਦਖਣ ਵਾਲੇ ਰੇਤ ਦੇ ਢਿਗਾਂ ਦੇ ਢਿਗ ਆਮ ਮਿਲਦੇ ਹਨ, ਜੋ ਇਸ ਗਲ ਦੇ ਸੂਚਕ ਹਨ ਕਿ ਪੁਰਾਣੇ ਸਮਿਆਂ ਵਿਚ ਏਥੇ ਦਰਿਆ ਵਗਦੇ ਸਨ। ਦਰਿਆ ਰਾਵੀ ਜੋ ਅਜ ਤੋਂ ਪੰਜਾਹ ਸਾਲ ਪਹਿਲੇ ਸ਼ਹਿਰ ਲਾਹੌਰ ਦੀਆਂ ਕੰਧਾਂ ਨਾਲ ਖਹਿਕੇ ਵਗਦਾ ਸੀ, ਹੁਣ ਤਿੰਨ ਮੀਲ ਉਤਰ ਵਲ ਵਹਿੰਦਾ ਹੈ। ਸਤਲੁਜ ਪਹਿਲੇ ਸਮਿਆਂ ਵਿਚ ਸ਼ਹਿਰ ਲੁਧਿਆਣੇ ਦੇ ਨੇੜੇ ਵਗਦਾ ਸੀ ਹੁਣ ਇਸ ਤੋਂ ੭ ਮੀਲ ਦੂਰ ਉੱਤਰ ਵਲ ਚਲਾ ਗਿਆ ਹੈ; ਦਰਿਆ ਚਨਾਬ ਜੋ ਰਾਮ ਨਗਰ ਦੇ ਨਾਲ ਵਹਿੰਦਾ ਸੀ ਹੁਣ ਇਸ ਤੋਂ ਚਾਰ ਮੀਲ ਦੂਰ ਚਲਾ ਗਿਆ ਹੈ; ਇਸੇ ਤਰ੍ਹਾਂ ਜਿਹਲਮ ਵਿਚ ਵੀ ਅਦਲਾ ਬਦਲੀ ਹੋ ਚੁਕੀ ਹੈ।

## ਹਰ ਪ੍ਰਕਾਰ ਦੀ ਕੁਦਰਤੀ ਬਣਤਰ

ਪੂਰਬ ਵਿਚ ਹੋਰ ਕੋਈ ਐਸਾ ਦੇਸ ਨਹੀਂ ਜਿਥੇ ਪੰਜ ਦਰਿਆਵਾਂ ਦੀ ਧਰਤੀ ਵਾਂਗ ਭਾਂਤ ਭਾਂਤ ਦੀ ਕੁਦਰਤੀ ਬਣਤਰ ਵੇਖਣ ਵਿਚ ਆਉਂਦੀ ਹੋਵੇ। ਹਰੀਆਂ ਭਰੀਆਂ ਤੇ ਲਹਿ ਲਹਾਉਂਦੀਆਂ ਖੇਤੀਆਂ ਦੇ ਇਲਾਕਿਆਂ ਅਤੇ ਹਰੇ ਭਰੇ ਮੈਦਾਨਾਂ ਤੋਂ ਲੈ ਕੇ, ਸੈਲਾਨੀ ਦੀਆਂ ਅੱਖਾਂ, ਖੁਸ਼ਕ ਮਾਰੂ ਥਲਾਂ ਤੋਂ ਝਾੜੀਦਾਰ ਜੰਗਲਾਂ ਤੀਕ ਵੇਖਦੀਆਂ ਹਨ! ਉਤਰੀ ਇਲਾਕਿਆਂ ਦਾ ਰਟਨ ਕਰਨ ਵਾਲਾ ਸੈਲਾਨੀ ਪੰਜਾਬ ਨੂੰ ਹਿੰਦੁਸਤਾਨ ਦਾ ਬਾਗ ਸਮਝੇਗਾ; ਪਰ ਜਦ ਉਹ ਦਖਣ ਵਿਚ ਅਪੜੇਗਾ ਤਦ ਦੱਖਣ-ਪੱਛਮ ਵਲ ਦੇ ਰੇਤਲੇ ਮੈਦਾਨ ਤੇ ਦਖਣ-ਪੂਰਬ ਵਲ ਦੇ ਹਿਸਾਰ ਦੇ ਬੀਆਬਾਨ ਅਤੇ ਚਜ ਦੁਆਬ ਦੀ ਬਾਰ ਉਸ ਦੀਆਂ ਅੱਖਾਂ ਅਗੇ ਇਕ ਵਚਿਤ੍ਰ ਹੀ ਦਰਿਸ਼ ਪੇਸ਼ ਕਰੇਗੀ।

## ਰੋਹੀਆਂ

ਉਸ ਨੂੰ ਨਜ਼ਰ ਆਉਣਗੀਆਂ ਅਮੁਕ ਰੋਹੀਆਂ ਤੇ ਜੰਗਲੀ ਚਰਾਂਦਾਂ, ਘਾਹ ਬੂਟ ਨਾਲ ਭਰਪੂਰ। ਦੁਆਬਿਆਂ ਦੇ ਕੇਂਦਰਾਂ ਵਿਚ ਜਿਥੇ ਕਦੇ ਨ ਮੁਕਣ ਵਾਲੀਆਂ ਚਰਾਂਦਾਂ ਹਨ ਚੰਗੇ ਤੋਂ ਚੰਗੇ ਡੰਗਰ, ਭੈਂਸਾਂ, ਭੇਡਾਂ ਤੇ ਬਕਰੀਆਂ ਪਲਦੀਆਂ ਹਨ। ਪੰਜਾਬ ਅਤੇ ਅਫਗਾਨਿਸਤਾਨ ਵਿਚਾਲੇ ਆਵਾਜਾਈ ਦਾ ਇਕੋ ਇਕ ਵਸੀਲਾ ਊਠ ਹਨ, ਜੋ ਇਹਨਾਂ ਅਮੁਕ ਚਰਾਂਦਾਂ ਵਿਚ ਪਲਦੇ ਹਨ। ਇਹਨਾਂ ਚਰਾਂਦਾਂ ਤੋਂ ਦੇਸ ਭਰ ਦੇ ਘੋੜਿਆਂ ਲਈ ਚਾਰਾ ਪ੍ਰਾਪਤ ਹੁੰਦਾ ਹੈ। ਰੇਲਵੇ ਲਈ, ਵਡੇ ਵਡੇ ਨਗਰਾਂ ਤੇ ਸ਼ਹਿਰਾਂ ਲਈ, ਅਤੇ ਅੰਗਰੇਜ਼ੀ ਛਾਉਣੀਆਂ ਲਈ ਉਥੋਂ ਹੀ ਲਕੜ ਦਾ ਬਾਲਣ ਪ੍ਰਾਪਤ ਹੁੰਦਾ ਹੈ।

## ਅਨੋਖੀ ਵਸ਼ੇਸ਼ਤਾ

ਜੰਗਲਾਂ ਤੇ ਬੀਆਬਾਨਾਂ ਵਿਚ ਕਿਧਰੇ ਕਿਧਰੇ ਛੰਨਾਂ ਵੀ ਨਜ਼ਰ ਆਉਂਦੀਆਂ ਹਨ, ਜਿਨ੍ਹਾਂ ਵਿਚ ਅਧ-ਜੰਗਲੀ ਲੋਕ ਵਸਦੇ ਹਨ, ਜੋ ਬਹੁਤਾ ਊਠਣੀਆਂ ਦੇ ਦੁਧ ਉਤੇ ਪਲਦੇ ਹਨ। ਇਹਨਾਂ ਜੰਗਲੀ ਇਲਾਕਿਆਂ ਵਿਚ, ਜੋ ਘੁਗ ਵਸਦੇ ਸ਼ਹਿਰਾਂ ਤੋਂ ਬਹੁਤ ਦੂਰ ਹਨ, ਪੁਰਾਤਨ ਸ਼ਹਿਰਾਂ, ਪਿੰਡਾਂ, ਮੰਦਰਾਂ, ਸਰੋਵਰਾਂ, ਖੂਹਾਂ ਅਤੇ ਬਾਉਲੀਆਂ ਦੇ ਥੇਹ ਮਿਲਦੇ ਹਨ। ਇਹ ਚੀਜ਼ਾਂ ਦਸਦੀਆਂ ਹਨ ਕਿ ਇਹ ਇਲਾਕੇ ਉਹਨਾਂ ਨਗਰਾਂ ਤੋਂ ਘਟ ਨਹੀਂ ਸਨ, ਜੋ ਅਜ ਕਲ ਲੋਕਾਂ ਦੇ ਮਨ ਪਸਿੰਦ ਸ਼ਹਿਰ ਬਣੇ ਹੋਏ ਹਨ।

## ਲੂਣ ਦੀਆਂ ਖਾਨਾਂ

ਪੰਜਾਬ ਦੀ ਮਹਾਨ ਵੱਡੀ ਲੂਣ ਪਰਬਤਾਂ ਦੀ ਲੜੀ ਸਫੈਦ ਕੋਹ ਪਰਬਤ ਦੇ ਪੈਰਾਂ ਵਿਚੋਂ ਉਠ ਕੇ ਪੂਰਬ ਵਲ ਸਿੰਧ ਤੀਕ ਫੈਲੀ ਹੋਈ ਹੈ, ਜੋ ਕਾਲਾਬਾਗ ਨੂੰ ਪਾਰ ਕਰਦੀ ਤੇ ਪੂਰਬੀ ਰਸਤਾ ਮੁਕਾਉਂਦੀ ਹੋਈ ਸਿੰਧ ਸਾਗਰ ਦੁਆਬ ਨੂੰ ਪਾਰ ਕਰ ਕੇ ਦਰਿਆ ਜਿਹਲਮ ਦੇ ਸਜੇ ਕਿਨਾਰੇ ਉਤੇ ਅਪੜ ਕੇ ਏਕਾ ਏਕ ਖਤਮ ਹੋ ਜਾਂਦੀ ਹੈ। ਇਹ ਪਰਬਤ ਲੜੀ ਬਹੁਤੀ ਉਚੀ ਨਹੀਂ। ਬਹੁਤ ਹੀ ਘਟ ਅਸਥਾਨ ਹਨ ਜਿਥੇ ਇਸ ਦੀ ਉਚਾਈ ਸਮੁੰਦਰ ਦੀ ਪਧਰ ਤੋਂ ੨੦੦੦ ਫੁਟ ਉਚੀ ਹੋਵੇ। ਇਸ ਪਰਬਤ-ਲੜੀ ਵਿਚ ਪਹਾੜੀ ਲੂਣ ਦਾ ਅਮੁਕ ਖਜ਼ਾਨਾ ਭਰਿਆ ਪਿਆ ਹੈ। ਇਸ ਵਿਚ ਸੱਜੀ, ਚੂਨੇ, ਰੇਤਲੇ ਪਥਰ, ਦੁਧ ਪਥਰੀ ਅਤੇ ਲਾਲ ਮਿੱਟੀ ਦੇ ਕਦੇ ਨਾ ਮੁਕਣ ਵਾਲੇ ਜ਼ਖੀਰੇ ਲੁਕੇ ਪਏ ਹਨ। ਦਖਣ ਵਲ ਦੇ ਪਾਸੇ ਰੇਤਲਾ ਖੁਲ੍ਹਾ ਦੇਸ ਫੈਲਿਆ ਪਿਆ ਹੈ ਜਦ ਕਿ ਇਸ ਦੇ ਉਤਰ ਵਲ ਉਘੜ ਦੁਗੜੀ ਪਹਾੜੀ ਤੇ ਪਥਰੀਲੀ ਉਚੇਰੀ ਧਰਤੀ ਹੈ। ਉਤਰ ਪੂਰਬੀ ਸਰਹਦ ਉਤੇ ਨਗਰ ਮੰਡੀ ਦੇ ਪਾਸ ਜੋ ਹਿਮਾਲਾ ਪਰਬਤਾਂ ਦੀ ਨਿਚਲੀ ਲੜੀ ਹੈ, ਉਸ ਵਿਚ ਲਾਲ ਰੰਗ ਦੇ ਮੋਂਗੇ ਦਾ ਅਖੁਟ ਖਜ਼ਾਨਾ ਭਰਿਆ ਪਿਆ ਹੈ। ਇਹਨਾਂ ਪਹਾੜਾਂ ਵਿਚ ਚੂਨੇ ਦੇ ਪਥਰ, ਰੇਤ ਦੇ ਪੱਥਰ, ਦੁਧ ਪਥਰੀ, ਸਲੇਟ ਪੱਥਰ ਆਦਕ ਦੀ ਵੀ ਕੋਈ ਕਮੀ ਨਹੀਂ। ਲੂਣ ਦੇ ਪਹਾੜਾਂ ਵਿਚ ਕੇਵਲ ਲੂਣ ਹੀ ਪੈਦਾ ਨਹੀਂ ਹੁੰਦਾ ਸਗੋਂ ਜਿਸਤ, ਫਟਕੜੀ ਤੇ ਗੰਧਕ ਵੀ ਮੌਜੂਦ ਹੈ। ਮੰਡੀ ਵਿਚ ਵੀ ਸਾਧਾਰਨ ਲੂਣ ਅਤੇ ਲੋਹਾ ਪਾਇਆ ਜਾਂਦਾ ਹੈ। ਮਖਡ ਦੇ ਨਮਕੀਨ ਪਹਾੜਾਂ ਵਿਚ ਸਿੰਧ ਦੇ ਖਬੇ ਕਿਨਾਰੇ ਕੋਇਲਾ ਪਾਇਆ ਜਾਂਦਾ ਹੈ। ਚਨਾਬ, ਕਾਰੋ ਅਤੇ ਸੁਆਂ

Sri Satguru Jagjit Singh Ji eLibrary NamdhariElibrary@gmail.com

ਦੀਆਂ ਤਹਿਆਂ ਵਿਚ ਸੋਨਾ ਵੀ ਪਰਾਪਤ ਹੁੰਦਾ ਹੈ, ਪਰ ਥੋੜੀ ਮਿਕਦਾਰ ਵਿਚ। ਪੀਰ ਪੰਜਾਲ ਦੇ ਪਹਾੜਾਂ ਵਿਚ ਸੁਰਮਾ ਮਿਲਦਾ ਹੈ।

## ਪੌਣ ਪਾਣੀ

ਪੰਜਾਬ ਵਿਚ ਹਦ ਦਰਜੇ ਦੀ ਗਰਮੀ ਤੇ ਸਰਦੀ ਪੈਂਦੀ ਹੈ। ਹਿਮਾਲਾ ਦੇ ਦਖਣੀ ਪੈਰਾਂ ਦੇ ਨਾਲ ਨਾਲ ਅਤੇ ਦਖਣੀ ਅਤੇ ਦਖਣ-ਪਛਮੀ ਇਲਾਕੇ ਵਿਚ ਮੌਸਮੀ ਹਵਾਵਾਂ ਚਲਦੀਆਂ ਤੇ ਬੜੇ ਜ਼ੋਰ ਦੇ ਮੀਂਹ ਪੈਂਦੇ ਹਨ। ਜਿਹੜੇ ਅਸਥਾਨ ਪਹਾੜਾਂ ਅਤੇ ਸਮੁੰਦਰਾਂ ਤੋਂ ਦੂਰ ਦੁਰਾਡੇ ਹਨ ਉਹਨਾਂ ਥਾਵਾਂ ਉਤੇ ਗਰਮੀ ਬਹੁਤ ਪੈਂਦੀ ਤੇ ਵਰਖਾ ਬਹੁਤ ਘਟ ਹੁੰਦੀ ਹੈ। ਹਿਮਾਲਾ ਦੇ ਨਾਲ ਲਗਦੇ ਇਲਾਕਿਆਂ ਵਿਚ ਸਾਲ ਅੰਦਰ ੭੦ ਤੋਂ ੧੨੦ ਇੰਚ ਤੀਕ ਵਰਖਾ ਹੁੰਦੀ ਹੈ; ਸਿਆਲਕੋਟ, ਗੁਰਦਾਸਪੁਰ, ਹੁਸ਼ਿਆਰਪੁਰ ਅਤੇ ਅੰਬਾਲੇ ਦੇ ਪ੍ਰਬਤੀ ਇਲਾਕੇ ਵਿਚ ਜੋ ਪਹਾੜਾਂ ਦੇ ਪੈਰਾਂ ਵਿਚ ਵਾਕਿਆ ਹਨ ੩੦ ਤੋਂ ੪੦ ਇੰਚ ਬਾਰਸ਼ ਹੁੰਦੀ ਹੈ। ਇਸੇ ਤਰ੍ਹਾਂ ਪੂਰਬੀ ਮੈਦਾਨਾਂ ਵਿਚ ੧੬ ਤੋਂ ੨੦ ਇੰਚ; ਉੱਤਰ-ਕੇਂਦਰੀ ਜ਼ਿਲਿਆਂ ਵਿਚ ੨੦ ਤੋਂ ੨੬ ਇੰਚ ਅਤੇ ਪੱਛਮੀ ਮੈਦਾਨਾਂ ਵਿਚ ੫ ਤੋਂ ੧੧ ਇੰਚ ਵਰਖਾ ਹੁੰਦੀ ਹੈ।

## ਰੁੱਤਾਂ

ਬਰਸਾਤ ਦੀ ਰੁਤ ਅਧ ਜੂਨ ਤੋਂ ਸਤੰਬਰ ਦੇ ਅੰਤ ਤੀਕ ਰਹਿੰਦੀ ਹੈ। ਪੱਤ ਝੜ ਅਤੇ ਬਹਾਰ ਰੁੱਤ ਦੀਆਂ ਫਸਲਾਂ ਦਾ ਨਿਰਭਰ ਇਹਨਾਂ ਬਾਰਸ਼ਾਂ ਉਤੇ ਹੀ ਹੈ। ਬਹਾਰ ਰੁੱਤ ਦੀ ਫਸਲ ਬਹੁਤੀ ਜਨਵਰੀ ਵਿਚਲੀ ਸਰਦੀਆਂ ਦੀ ਵਰਖਾ ਉਤੇ ਨਿਰਭਰ ਹੈ। ਅਸਲ ਗਰਮੀ ਦੀ ਰੁੱਤ ਅਪਰੈਲ ਵਿਚ ਅਰੰਭ ਹੁੰਦੀ ਹੈ। ਗਰਮੀਆਂ ਵਿਚ ਬੜੀ ਸਖ਼ਤ ਗਰਮੀ ਪੈਂਦੀ, ਲੂਹ ਦੇਣ ਵਾਲੀਆ ਲੂਆਂ ਚਲਦੀਆਂ, ਧਰਤੀ ਤਪਦੀ, ਹਰਿਆਵਲ ਸੁਕ ਜਾਂਦੀ ਅਤੇ ਬਹੁਤੇ ਦਰਖਤ ਪਤਿਆਂ ਤੋਂ ਖਾਲੀ ਹੋ ਜਾਂਦੇ ਹਨ। ਅਤਿਅੰਤ ਦੱਖਣ ਪੱਛਮ ਵਲੇ ਮੁਲਤਾਨ ਵਿਚ ਐਨੀ ਗਰਮੀ ਪੈਂਦੀ ਹੈ ਕਿ ਅਖੌਤ ਬਣ ਗਈ ਹੈ। ਲਾਹੌਰ ਦੇ ਅਸਥਾਨ ਉਤੇ ਠੰਢ ਪੁਚਾਊ ਜਤਨਾਂ ਦੇ ਬਾਵਜੂਦ ਤੰਬੂ ਵਿਚ ਥਰਮਾਮੀਟਰ ੧੧੨ ਡਿਗਰੀ ਤੇ ਸੀ। ਬਰਨ ਨੂੰ ਅਰਬੀ ਮਾਰੂ ਥਲ ਦੀ ਗਰਮੀ ਦਾ ਜ਼ਾਤੀ ਤਜਰਬਾ ਸੀ, ਉਹ ਵੀ ਲਾਹੌਰ ਅਤੇ ਕਸ਼ਮੀਰ ਵਿਚਾਲੇ ਦੇ ਪੌਣ ਪਾਣੀ ਨੂੰ ਇਸ ਮੌਸਮ ਵਿਚ ਬਹੁਤ ਹੀ ਦੁਖਦਾਈ ਬਿਆਨ ਕਰਦਾ ਹੋਇਆ ਲਿਖਦਾ ਹੈ ਕਿ ਸਵੇਰ ਤੋਂ ਸ਼ਾਮ ਤੀਕ ਮੈਨੂੰ ਗਰਮੀ ਐਨੀਂ ਸਤਾਉਂਦੀ ਰਹਿੰਦੀ ਕਿ ਮਰ ਜਾਣ ਦਾ ਖਤਰਾ ਲਗਾ ਰਹਿੰਦਾ ਹੈ। ਉਸ ਦੇ ਕਈ ਸਾਥੀ ਤੇ ਸੱਚ ਮੁੱਚ ਹੀ ਛਾਵੇਂ ਹੀ ਗਰਮੀ ਦੇ ਕਾਰਨ ਚਲਾਣਾ ਕਰ ਗਏ। ਬਹਾਵਲਪੁਰ ਤੇ ਬਲੋਚਿਸਤਾਨ ਦੇ ਮਾਰੂ ਥਲਾਂ ਵਿਚ ਇਕ ਪ੍ਰਕਾਰ ਦੀ ਸਖਤ ਲੂ ਚਲਦੀ ਹੈ ਜੋ ਬਹੁਤ ਕਰ ਕੇ ਸੈਲਾਨੀਆਂ ਲਈ ਮਾਰੂ ਸਾਬਤ ਹੁੰਦੀ ਹੈ ਸਗੋਂ ਉਹ ਵਸਨੀਕ ਵੀ ਨਹੀਂ ਬਚ ਸਕਦੇ ਜਿਨ੍ਹਾਂ ਨੂੰ ਕਿਸੇ ਕਾਰਨ-ਵਸ ਇਸ ਲੂ ਵਿਚ ਬਾਹਰ ਨਿਕਲਣਾ ਪੈ ਜਾਏ। ਗਰਮੀ ਦੀ ਰੁਤ ਦੀ ਅਤਿਅੰਤ ਗਰਮੀ ਸਤੰਬਰ ਦੇ ਅੱਧ ਵਿਚ ਜਾ ਕੇ ਕੁਛ ਨਰਮ ਹੋਣੀ ਸ਼ੁਰੂ ਹੁੰਦੀ ਹੈ ਅਤੇ ਅਕਤੂਬਰ ਦੇ ਆਰੰਭ ਵਿਚ ਜਾ ਕੇ ਕੁਝ ਕੁਝ ਮੌਸਮ ਬਦਲਦਾ ਅਤੇ ਰਾਤਾਂ ਕੁਝ ਕੁਝ ਠੰਢੀਆਂ ਹੁੰਦੀਆਂ ਹਨ; ਭਾਵੇਂ ਦਿਨੇ ਕਾਫੀ ਗਰਮੀ ਪੈਂਦੀ ਹੈ। ਜੂਨ ਦੇ ਮਹੀਨੇ ਜਦ ਕਿ ਸਖਤ ਗਰਮੀ ਪੈ ਰਹੀ ਹੁੰਦੀ ਹੈ ਕਾਲੇ ਕਾਲੇ ਬਦਲਾਂ ਦੀਆਂ ਘਨਘੋਰ ਘਟਾਵਾਂ ਆਕਾਸ਼ ਤੇ ਘੁਰ ਜਾਂਦੀਆਂ ਅਤੇ ਦਖਣ ਪੱਛਮੀ ਬਰਸਾਤੀ ਹਵਾਵਾਂ ਦੇ ਕਾਰਨ ਛਜੀਂ ਖਾਰੀਂ ਮੀਂਹ ਸ਼ੁਰੂ ਹੋ ਜਾਂਦਾ ਹੈ। ਬੱਦਲ ਗਜਦੇ, ਬਿਜਲੀ ਲਿਸ਼ਕਦੀ ਹੈ ਅਤੇ ਨਾਲ ਤੇਜ਼ ਹਵਾਈ ਤੂਫਾਨ ਸ਼ੁਰੂ ਹੋ ਜਾਂਦੇ ਹਨ; ਏਸ ਹਵਾਈ ਤੂਫਾਨ ਦੇ ਮਗਰੇ ਮਗਰ ਮੋਹਲੇ-ਧਾਰ ਮੀਂਹ ਸ਼ੁਰੂ ਹੋ ਜਾਂਦਾ ਹੈ, ਜਿਸ ਦੇ ਕਾਰਨ ਰੁੱਤ ਵਿਚ ਠੰਡਕ ਆ ਜਾਂਦੀ ਅਤੇ ਮੈਦਾਨਾਂ ਵਿਚ ਹਰਿਆਲੀ ਫੈਲ ਜਾਂਦੀ ਹੈ। ਇਹ ਸੁਹਾਵਣੀ ਬਰਸਾਤ ਦੀ ਬੂੰਦਾ ਬਾਂਦੀ ਤਿੰਨ ਮਹੀਨੇ ਤੀਕ ਜਾਰੀ ਰਹਿੰਦੀ ਹੈ। ਇਥੋਂ ਦੀਆਂ ਸਰਦੀਆਂ, ਜਿਸ ਨੂੰ ਅੰਗਰੇਜ਼ ਵੀ ਅਨੁਭਵ ਕਰਦੇ ਹਨ, ਮਾਰਚ ਦੇ ਅੰਤ ਤੀਕ ਜਾਰੀ ਰਹਿੰਦੀਆਂ ਹਨ। ਜਨਵਰੀ ਦੇ ਆਰੰਭ ਵਿਚ ਰੁਤ ਸਰਦ ਹੋ ਜਾਂਦੀ ਹੈ, ਕੋਹਰਾ ਆਮ ਹੁੰਦਾ ਹੈ ਅਤੇ ਜਿਹੜਾ ਪਾਣੀ ਰਾਤ ਨੂੰ ਬਾਹਰ ਰਹਿ ਜਾਵੇ ਉਹ ਜੰਮ ਜਾਂਦਾ ਹੈ। ਇਹੋ ਦਸ਼ਾ ਸਾਰੇ ਸੂਬੇ ਦੀ ਹੈ।

## ਕੁਦਰਤੀ ਪੈਦਾਵਾਰ

ਸਵਾਏ ਪਹਾੜੀਆਂ ਦੇ, ਪੰਜਾਬ ਵਿਚ ਬਨਾਸਪਤੀ ਬਹੁਤ ਹੀ ਥੋੜੀ ਹੈ। ਮੈਦਾਨੀ ਇਲਾਕੇ ਵਿਚ ਕੋਈ ਕੁਦਰਤੀ ਜੰਗਲ ਨਹੀਂ। ਧਰਤੀ ਦੇ ਵਿਸ਼ਾਲ ਟੁਕੜੇ ਘਾਹ ਬੂਟ ਤੇ ਝਾੜੀਆਂ ਨਾਲ ਭਰੇ ਪਏ ਹਨ ਪਰ ਬਹੁਤੀਆਂ ਕਿਕਰਾਂ ਹੀ ਹਨ। ਇਥੋਂ ਤੀਕ ਕਿ ਖਜੂਰ ਦੇ ਦਰਖਤ ਤੇ ਝਾੜੀਆਂ ਹੀ ਬਦੇਸੀ ਹੀ ਹਨ ਜੋ ਖਿਲਾਫਤ ਦੇ ਸਮੇਂ ਸਿੰਧ ਦੇ ਮੁਸਲਮਾਨ ਹਮਲਾ ਆਵਰਾਂ ਨੇ ਇਥੇ ਲਿਆ ਕੇ ਲਾਏ। ਜੰਗਲੀ ਖਜੂਰ ਜੋ ਕੋਈ ਫਲ ਨਹੀਂ ਦੇਂਦੀ ਅਤੇ ਪੀਲੂ ਜੋ ਫਲ ਦੇਂਦਾ ਹੈ ਤੇ ਜੋ ਬਾਰ ਦੇ ਜੰਗਲਾਂ ਦੇ ਵਸਨੀਕ ਖਾਂਦੇ ਹਨ ਰੇਤਲੇ ਇਲਾਕਿਆਂ ਵਿਚ ਬੇਹਿਸਾਬ ਹੁੰਦੇ ਹਨ। ਤੂਤ, ਪਿਪਲ ਅਤੇ ਕੇਲੇ ਦੀਆਂ ਵੀ ਕਈ ਕਿਸਮਾਂ ਹਨ। ਅੰਬ ਦੇ ਬੂਟੇ ਦਖਣ ਪੂਰਬੀ ਪੰਜਾਬ ਵਿਚ ਬੇਓੜਕ ਹੁੰਦੇ ਹਨ। ਮੁਲਤਾਨ ਤੇ ਹੁਸ਼ਿਆਰਪੁਰ ਵਿਚ ਤੇ ਇਹਨਾਂ ਦਾ ਕੋਈ ਹਦ ਹਿਸਾਬ ਨਹੀਂ ਰਹਿੰਦਾ। ਪਿੰਡਾਂ ਦੇ ਇਰਦ ਗਿਰਦ ਤੇ ਸ਼ਹਿਰਾਂ ਦੇ ਆਸ ਪਾਸ ਦਰਖਤਾਂ ਦੇ ਝੁੰਡਾਂ ਦੇ ਝੁੰਡ ਨਜ਼ਰ ਆਉਂਦੇ ਹਨ। ਕਿੱਕਰ ਅਤੇ ਟਾਹਲੀ ਜਿਸ ਨੂੰ ਪੂਰਬੀ ਪੰਜਾਬ ਵਿਚ ਸੀਸੂ ਯਾ ਸ਼ੀਸ਼ਮ ਵੀ ਆਖਦੇ ਹਨ ਬਹੁਤ ਕਰ ਕੇ ਇਮਾਰਤੀ ਕੰਮ ਵਿਚ ਵਰਤੀ ਜਾਂਦੀ ਹੈ। ਨਿੰਮ, ਤੁਲਸੀ, ਸਦਾਰ, ਕਰਮਲ, ਬੇਰ, ਕਰੀਰ ਅਤੇ ਜਵਾਸੀ ਦੇ ਬੂਟੇ ਬਹੁਤ ਨਜ਼ਰ ਆਉਂਦੇ ਹਨ।

## ਫਲਦਾਰ ਦਰਖਤ

ਲਾਏ ਹੋਏ ਫਲਦਾਰ ਬਿਰਛ ਬੇਅੰਤ ਹਨ। ਜਿਨ੍ਹਾਂ ਵਿਚ ਨਾਰੰਗੀ, ਸੇਬ, ਨਾਸ਼ਪਾਤੀ, ਅੰਜੀਰ, ਸ਼ਹਿਤੂਤ, ਬਾਦਾਮ ਬਹੁਤ ਪ੍ਰਸਿਧ ਹਨ। ਇਹ ਫਲ ਬਹੁਤ ਕਰ ਕੇ ਉਥੋਂ ਦੇ ਵਸਨੀਕ ਹੀ ਖਾ ਜਾਂਦੇ ਹਨ। ਬਾਲਣ ਵਾਲੇ ਦਰਖਤ ਲਾਉਣ ਲਈ ਸਰਕਾਰ ਨੇ ਬਹੁਤ ਕੁਝ ਕੀਤਾ ਹੈ। ਛਾਉਣੀਆਂ, ਸਰਕਾਰੀ ਬਿਲਡਿੰਗਾਂ ਅਤੇ ਦੂਜੇ ਅਸਥਾਨਾਂ ਦੇ ਇਰਦ ਗਿਰਦ ਬਾਗ ਬਗੀਚੇ ਲਾਏ ਗਏ ਹਨ। ਸੜਕਾਂ ਅਤੇ ਨਹਿਰਾਂ ਦੇ ਕਿਨਾਰਿਆਂ ਉਤੇ ਵੀ ਛਾਂ ਦੇਣ ਵਾਲੇ ਦਰਖਤ ਲਾਏ ਗਏ ਹਨ। ਮਹਿਕਮਾ ਜੰਗਲਾਤ ਨੇ ਦਰਖਤਾਂ ਨੂੰ ਬੀਜਣ ਤੇ ਨਵੇਂ ਬੂਟਿਆਂ ਦੀ ਤਿਆਰੀ ਲਈ ਬਹੁਤ ਜਤਨ ਕੀਤਾ ਹੈ ਹਾਲਾਂਕਿ ਅੰਗਰੇਜ਼ਾਂ ਵਲੋਂ ਪੰਜਾਬ ਦੇ ਇਲਹਾਕ (ਮੇਲ) ਤੋਂ ਪਹਿਲੇ ਇਹਨਾਂ ਗੱਲਾਂ ਵਲ ਬਹੁਤ ਹੀ ਘਟ ਧਿਆਨ ਦਿਤਾ ਗਿਆ ਸੀ।

## ਪਸ਼ੂ

ਸੂਬੇ ਦਾ ਪਸ਼ੂ ਧਨ ਇਸ ਦੇ ਬ੍ਰਿਛ-ਧਨ ਤੋਂ ਵੀ ਵਧੀਕ ਭਰਪੂਰ ਤੇ ਵਖ ਵਖ ਕਿਸਮਾਂ ਦਾ ਹੈ। ਹਾਥੀ ਕੁਦਰਤੀ ਹਾਲਤ ਵਿਚ ਨਹੀਂ ਮਿਲਦੇ। ਏਰੀਅਨ ਨੇ ਜਿਨ੍ਹਾਂ ਹਾਥੀਆਂ ਦਾ ਜ਼ਿਕਰ ਕੀਤਾ ਹੈ ਅਤੇ ਜਿਹੜੇ ਦਰਿਆ ਸਿੰਧ ਦੇ ਕਿਨਾਰੇ ਵੇਖੇ ਗਏ ਸਨ, ਮਲੂਮ ਹੁੰਦਾ ਹੈ ਉਹ ਹਿੰਦੀ ਫੌਜਾਂ ਨੇ ਓਦੋਂ ਖੁਲ੍ਹੇ ਛਡ ਦਿਤੇ ਸਨ ਜਦੋਂ ਉਹਨਾਂ ਨੂੰ ਮਕਦੂਨੀਆਂ ਦੀਆਂ ਫੌਜਾਂ ਅਗੇ ਹਾਰ ਖਾ ਕੇ ਨਸਣਾ ਪਿਆ।

Sri Satguru Jagjit Singh Ji eLibrary NamdhariElibrary@gmail.com

ਜੰਗਲਾਂ ਵਿਚ ਅਜੇ ਵੀ ਸ਼ੇਰ ਪਾਏ ਜਾਂਦੇ ਹਨ। ਕਦੇ ਸਮਾਂ ਸੀ ਕਿ ਬਬਰ ਸ਼ੇਰ ਵੀ ਜੰਗਲਾਂ ਵਿਚ ਆਮ ਹੁੰਦੇ ਸਨ। ਦੂਜੇ ਸ਼ਿਕਾਰੀ ਜਾਨਵਰ ਹਨ—ਚੀਤੇ, ਅਰਨੇ ਭੈਂਸੇ, ਬਘਿਆੜ, ਰਿੱਛ, ਗਿਦੜ, ਲੂਮੜ, ਭੇਡਾਂ, ਬਕਰੀਆਂ ਅਤੇ ਹੋਰ ਕਈ ਕਿਸਮ ਦੇ ਛੋਟੇ ਮੋਟੇ ਜਾਨਵਰ। ਇਹਨਾਂ ਪਸ਼ੂਆਂ ਤੋਂ ਛੁਟ ਏਥੇ ਨੀਲ ਗਾਂ ਅਤੇ ਬਾਰਾਂ ਸਿੰਙੇ ਵੀ ਹੁੰਦੇ ਹਨ। ਵੱਖ ਵੱਖ ਕਿਸਮ ਦੇ ਹਰਨ, ਬਕਰੇ, ਜੰਗਲੀ ਸੂਰ, ਗੈਂਡਾ, ਬਾਂਦਰ, ਵਡੇ ਵਡੇ ਆਕਾਰ ਦੇ ਫਨੀਅਰ ਸੱਪ, ਜੋ ਹਿੰਦੂਆਂ ਦੀਆਂ ਨਜ਼ਰਾਂ ਵਿਚ ਦੇਵਤੇ ਹਨ ; ਅਤੇ ਕਈ ਹੋਰ ਕਿਸਮ ਦੇ ਜਾਨਵਰ ਵੀ ਪਾਏ ਜਾਂਦੇ ਹਨ। ਪਰਾਂ ਵਾਲੀ ਕਿਸਮ ਦੇ ਜਨੌਰਾਂ ਵਿਚ ਹਨ—ਤੋਤਾ,ਬਤਖ਼,ਜੰਗਲੀ ਬਤਖ਼,ਬਟੇਰੇ,ਗਿੱਧ,ਬਾਜ਼,ਸ਼ਿਕਰੇ, ਵੱਖ ਵੱਖ ਕਿਸਮ ਦੇ ਕਬੂਤਰ, ਅਨੇਕਾਂ ਰਾਜ ਹੰਸ,ਕੂਲੰਗ, ਬਗਲੇ, ਸ਼ੁਤਰ ਮੁਰਗ, ਬੁਲਬੁਲ, ਨੀਲ ਕੰਠ ਅਤੇ ਘੁੱਗੀਆਂ। ਬੁਲਬੁਲ ਦੀ ਲੋਕ ਬੜੀ ਪ੍ਰਸੰਸਾ ਕਰਦੇ ਹਨ। ਈਰਾਨ ਦੇ ਰਾਸ਼ਟਰ ਕਵੀ ਹਾਫਜ਼ ਨੇ ਵੀ ਇਸ ਦੀ ਬੜੀ ਉਪਮਾ ਕੀਤੀ ਹੈ। ਜ਼ਹਿਰੀਲੇ ਸੱਪਾਂ ਵਿਚ ਫਨੀਅਰ ਅਤੇ ਛੋਟਾ ਜਿਹਾ ਸੰਗਚੂਰ ਵੀ ਹੁੰਦਾ ਹੈ ਜਿਸ ਦੇ ਕੱਟਣ ਨਾਲ ਫੌਰਨ ਮੌਤ ਹੋ ਜਾਂਦੀ ਹੈ। ਦਰਿਆਵਾਂ ਵਿਚ ਸੰਸਾਰ ਅਤੇ ਵੱਖ ਵੱਖ ਕਿਸਮ ਦੀਆਂ ਮੱਛੀਆਂ ਬੇਅੰਤ ਹਨ। ਰੇਸ਼ਮ ਦੇ ਕੀੜਿਆਂ ਦੀ ਬੜੀ ਹੁਸ਼ਿਆਰੀ ਨਾਲ ਪਾਲਣਾ ਕੀਤੀ ਜਾਂਦੀ ਹੈ। ਸ਼ਹਿਦ ਦੀਆਂ ਮੱਖੀਆਂ ਬਥੇਰਾ ਸ਼ਹਿਦ ਤੇ ਮੋਮ ਪੈਦਾ ਕਰਦੀਆਂ ਹਨ।

## ਊਠ, ਘੋੜੇ ਤੇ ਭੈਂਸਾਂ

ਗਰਮ ਦਖਣੀ ਮੈਦਾਨਾਂ ਵਿਚ ਊਠ ਬਹੁਤ ਹੁੰਦੇ ਹਨ। ਦਰਿਆਵਾਂ ਦੇ ਨਾਲ ਲਗਦੀਆਂ ਚਰਾਂਦਾਂ ਵਿਚ ਭੈਂਸਾਂ ਦੀਆਂ ਧਾੜਾਂ ਦੀਆਂ ਧਾੜਾਂ ਚਰਦੀਆਂ ਨਜ਼ਰ ਆਉਂਦੀਆਂ ਹਨ। ਉੱਤਰੀ ਇਲਾਕੇ ਵਿਚ ਵਧੀਆ ਨਸਲ ਦੇ ਘੋੜੇ ਪਾਲੇ ਜਾਂਦੇ ਹਨ। ਜਿਹੜੇ ਰਾਜੇ ਜਾਂ ਜਾਗੀਰਦਾਰ ਇਹਨਾਂ ਦੀ ਪਾਲਣਾ ਕਰਦੇ ਹਨ ਉਹ ਉਹਨਾਂ ਦੀ ਵਧੀਆ ਨਸਲ ਤੇ ਗੁਣਾਂ ਉਤੇ ਬੜਾ ਮਾਣ ਕਰਦੇ ਹਨ।

## ਜ਼ਰਾਇਤੀ ਪੈਦਾਵਾਰ

ਜ਼ਰਾਇਤੀ ਪੈਦਾਵਾਰ ਵਾਲੇ ਸਰਸਬਜ਼ ਇਲਾਕਿਆਂ ਵਿਚ ਹਰ ਥਾਂ ਗੰਨਾ ਬੀਜਿਆ ਜਾਂਦਾ ਹੈ। ਨਿਚਲੇ ਦਖਣੀ ਇਲਾਕੇ ਵਿਚ ਨੀਲ ਪੈਦਾ ਹੁੰਦਾ ਹੈ। ਇਹ ਚੀਜ਼ਾਂ ਸਿੰਧ ਤੇ ਕਾਬਲ ਨੂੰ ਬਹੁਤ ਜਾਂਦੀਆਂ ਹਨ। ਕਪਾਹ ਭਾਰੀ ਪੈਮਾਨੇ ਉਤੇ ਬੀਜੀ ਜਾਂਦੀ ਅਤੇ ਬਰਾਮਦ ਕੀਤੀ ਜਾਂਦੀ ਹੈ। ਕਣਕ ਅਤੇ ਮੱਕੀ ਵਧੀਆ ਕਿਸਮ ਦੀ ਬਹੁਤ ਪੈਦਾ ਹੁੰਦੀ ਹੈ ਜੋ ਨਾ ਕੇਵਲ ਸਥਾਨਕ ਤੌਰ ਉਤੇ ਹੀ ਖਪਤ ਕੀਤੀ ਜਾਂਦੀ ਹੈ, ਸਗੋਂ ਭਾਰੀ ਮਿਕਦਾਰ ਵਿਚ ਬਾਹਰ ਵੀ ਭੇਜੀ ਜਾਂਦੀ ਹੈ। ਇਹਨਾਂ ਤੋਂ ਛੁਟ ਵਧਾਣਕ ਚਾਵਲ, ਜੌਂ, ਜਵਾਰ, ਬਾਜਰਾ, ਮਕਈ, ਮੂੰਗ, ਸਰਸੋਂ, ਤੋਰੀਆ, ਤਿਲ, ਵਖ ਵਖ ਕਿਸਮ ਦੇ ਚਾਰੇ, ਗਾਜਰਾਂ, ਬੀਨ, ਪਿਆਜ਼, ਤਰ, ਗਾਜਰ,ਤਰਬੂਜ਼,ਅਤੇ ਵੱਖ ੨ ਕਿਸਮ ਦੀਆਂ ਸਬਜ਼ੀਆਂ ਤੇ ਭਾਜੀਆਂ। ਮੁਲਤਾਨ, ਮੁਜ਼ਫ਼ਰਗੜ੍ਹ, ਝੰਗ ਤੇ ਡੇਰਾਜਾਤ ਜ਼ਿਲਿਆਂ ਵਿਚ ਖਜੂਰਾਂ ਦੇ ਗੁੱਛਿਆਂ ਦੇ ਗੁੱਛੇ ਲਟਕਦੇ ਨਜ਼ਰ ਆਉਂਦੇ ਹਨ। ਨਹਿਰਾਂ ਰਾਹੀਂ ਵਡੇ ਪੈਮਾਨੇ ਉਤੇ ਸਿੰਜਾਈ ਹੁੰਦੀ ਹੈ ਅਤੇ ਖੂਹਾਂ ਵਿਚੋਂ ਪਾਣੀ ਕਢਣ ਲਈ ਹਰਟਾਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ।

## ਹਾੜੀ ਤੇ ਸੌਣੀ ਦੀਆਂ ਫਸਲਾਂ

ਕਣਕ, ਛੋਲੇ ਅਤੇ ਜੌਂ ਦੀਆਂ ਫਸਲਾਂ ਆਮ ਕਰ ਕੇ ਮੌਸਮ ਬਹਾਰ ਵਿਚ ਅਤੇ ਬਾਜਰਾ, ਜੁਆਰ, ਧਾਨ, ਚਾਵਲ, ਕਪਾਹ ਦਾਲਾਂ, ਨੀਲ, ਅਤੇ ਗੰਨਾ ਪਤਝੜ ਵਿਚ ਹੁੰਦਾ ਹੈ। ਕਣਕ ਦੀ ਬਹੁਤੀ ਪੈਦਾਵਾਰ ਲਾਹੌਰ ਅਮਰਿਤਸਰ, ਜਾਲੰਧਰ ਅਤੇ ਰਾਵਲਪਿੰਡੀ ਦੇ ਡਵੀਜ਼ਨਾਂ ਅਤੇ ਡੇਰਾਜਾਤ ਵਿਚ ਹੁੰਦੀ ਹੈ। ਕਪਾਹ ਦੀ ਕਾਸ਼ਤ ਦੇ ਵੱਡੇ ਵੱਡੇ ਰਕਬੇ ਲਾਹੌਰ, ਅੰਬਾਲਾ ਗੁੜਗਾਉਂ, ਰਾਵਲਪਿੰਡੀ ਅਤੇ ਡੇਰਾ ਗਾਜ਼ੀ ਖ਼ਾਂ ਦੇ ਜ਼ਿਲਿਆਂ ਵਿਚ ਹਨ। ਚੀਨੀ ਪੈਦਾ ਕਰਨ ਵਾਲੇ ਵਡੇ ਵਡੇ ਜ਼ਿਲੇ ਹਨ ਸਿਆਲਕੋਟ, ਗੁਰਦਾਸਪੁਰ, ਜਾਲੰਧਰ, ਹੁਸ਼ਿਆਰਪੁਰ ਅਤੇ ਅੰਬਾਲਾ। ਨੀਲ ਦੀ ਕਾਸ਼ਤ ਮੁਲਤਾਨ, ਮੁਜ਼ਫਰਗੜ ਅਤੇ ਡੇਰਾ ਗਾਜ਼ੀ ਖ਼ਾਂ ਦੇ ਜ਼ਿਲਿਆਂ ਵਿਚ ਹੁੰਦੀ ਹੈ। ਅੰਬਾਲਾ, ਸ਼ਾਹ ਪੁਰ ਅਤੇ ਕਾਂਗੜੇ ਵਿਚ ਪੋਸਤ ਦੀ ਕਾਸ਼ਤ ਬਹੁਤ ਹੁੰਦੀ ਹੈ। ਚਾਹ ਸ਼ਿਮਲੇ ਅਤੇ ਕਾਂਗੜੇ ਦੇ ਪਹਾੜੀ ਇਲਾਕਿਆਂ ਵਿਚ ਹੁੰਦੀ ਹੈ।

## ਬਾਗ਼ ਅਤੇ ਰੱਖਾਂ

ਸੰਨ ੧੯੯੨-੯੩ ਤੋਂ ਸੂਬੇ ਭਰ ਦੇ ਬਾਗ਼ ਅਤੇ ਰੱਖਾਂ ਗੌਰਮਿੰਟ ਦੇ ਸਿਧੇ ਪ੍ਰਬੰਧ ਹੇਠ ਆ ਗਈਆਂ ਹਨ ਅਤੇ ਕਮਿਸ਼ਨਰ ਆਬਾਦਕਾਰੀ ਤੇ ਜ਼ਰਾਇਤ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਕਾਇਮ ਕੀਤੀ ਗਈ ਹੈ; ਜਿਸ ਦੇ ਜ਼ਿੰਮੇ ਫਰਜ਼ ਲਾਇਆ ਗਿਆ ਹੈ ਕਿ ਉਹ ਸਰਕਾਰ ਵਲੋਂ ਤਜਰਬੇ ਕਰੇ, ਮਾਲੀਆਂ ਨੂੰ ਸਿਖਿਆ ਦੇਵੇ, ਅਤੇ ਹੈਡਕੁਆਰਟਰਜ਼ ਵਿਚ ਬਾਗ਼ਾਂ ਦੀ ਦੇਖ ਭਾਲ ਕਰੇ।

## ਪੰਜਾਬ ਦੇ ਜੰਗਲ

ਪੰਜਾਬ ਦੇ ਜੰਗਲ ਅਤੇ ਰੱਖਾਂ ਦਰਖਤਾਂ ਨਾਲ ਭਰੀਆਂ ਪਈਆਂ ਹਨ। ਹਜ਼ਾਰਾ, ਚੰਬਾ, ਕੁਲੂ ਅਤੇ ਬਾਸਹਿਰ ਦੇ ਉਚੇਰੇ ਹਿਮਾਲਾ ਪਰਬਤਾਂ ਦੀ ਲੜੀ ਵਿਚ ਦੇਉਦਾਰ; ਸ਼ਿਵਾਲਕ ਅਤੇ ਕਾਂਗੜੇ ਦੇ ਦੂਜੇ ਪਹਾੜੀ ਇਲਾਕਿਆਂ ਤੇ ਗੁਰਦਾਸਪੁਰ ਅਤੇ ਰਾਵਲਪਿੰਡੀ ਦੇ ਜ਼ਿਲਿਆਂ ਵਿਚ ਚੀਲ; ਅੰਬਾਲਾ ਜ਼ਿਲੇ ਦੇ ਕਾਲੇਸਰ ਅਸਥਾਨ ਉਤੇ ਸਾਲ; ਅਤੇ ਸੂਬੇ ਦਿਆਂ ਬਾਗ਼ਾਂ ਵਿਚ ਕਿੱਕਰ, ਜੰਡ, ਜਾਲ, ਫੁਲਾਹੀ ਕਰੀਰ, ਬੇਰ ਅਤੇ ਦਾਖ ਆਦਿਕ ਹੁੰਦੀ ਹੈ।

## ਦਸਤ ਕਾਰੀਆਂ

ਪੰਜਾਬ ਦੀਆਂ ਵੱਡੀਆਂ ਵੱਡੀਆਂ ਮੰਡੀਆਂ ਹਨ—ਲਾਹੌਰ, ਅਮ੍ਰਿਤਸਰ, ਮੁਲਤਾਨ, ਅਤੇ ਦਿੱਲੀ। ਇਥੋਂ ਦੀ ਅਸਲ ਦਸਤਕਾਰੀ ਆਮ ਕਰਕੇ ਰੇਸ਼ਮ, ਦਰੀਆਂ ਅਤੇ ਉਨ ਹੈ। ਤਰਖਾਣਾ ਕੰਮ, ਲੋਹੇ ਦਾ ਕੰਮ ਅਤੇ ਅਸਲ੍ਹਾ ਸਾਜ਼ੀ ਨੇ ਵੀ ਬੜੀ ਤਰੱਕੀ ਕੀਤੀ ਹੈ। ਪੰਜਾਬ ਵਿਚ ਅਜੇ ਤੀਕ ਸਟੀਮ ਨਾਲ ਚਲਣ ਵਾਲੇ ਕਾਰਖਾਨੇ ਜਾਰੀ ਨਹੀਂ ਹੋਏ ਅਤੇ ਸੂਬੇ ਦੀ ਸਾਰੀ ਦਸਤਕਾਰੀ ਹੱਥਾਂ ਨਾਲ ਹੀ ਹੁੰਦੀ ਹੈ। ਪੰਜਾਬ ਜਿਨ੍ਹਾਂ ਕਾਰਖਾਨਿਆਂ ਉਤੇ ਮਾਣ ਕਰ ਸਕਦਾ ਹੈ ਉਹ ਹਨ ਇਕ ਸਿਲਕ ਫੈਕਟਰੀ ਅਤੇ ਇਕ ਸ਼ੂਗਰ ਮਿਲ, ਪਰ ਇਹ ਵੀ ਯੂਰਪੀਨ ਸੌਦਾਗਰਾਂ ਦੇ ਅਧੀਨ ਤੇ ਯੂਰਪੀਨ ਪ੍ਰਬੰਧ ਹੇਠ ਹਨ।

## ਸੂਤੀ ਤੇ ਊਨੀ ਕਪੜੇ

ਪਸ਼ੌਰ ਅਤੇ ਲੁਧਿਆਣੇ ਵਿਚ ਬਹੁਤ ਵਧੀਆ ਸੂਤੀ ਕਪੜਾ ਤਿਆਰ ਹੁੰਦਾ ਹੈ। ਪਸ਼ੌਰ ਵਿਚ ਨਫੀਸ ਚਾਰਖਾਨੀ ਲੁੰਗੀਆਂ, ਰੰਗਦਾਰ ਤੇ ਤਿੱਲੇ ਦੇ ਕਿਨਾਰਿਆਂ ਵਾਲੀਆਂ, ਜੋ ਸਰਹਦੀ ਮੁਸਲਮਾਨ ਬਤੌਰ ਪਗੜੀ ਦੇ ਵਰਤਦੇ ਹਨ, ਤਿਆਰ ਹੁੰਦੀਆਂ ਹਨ। ਇਹਨਾਂ ਦੀ ਦੇਖਾ ਦੇਖੀ ਪੰਜਾਬ ਤੇ ਪੂਰਬ ਵਲ ਦੇ ਪਤਵੰਤੇ ਮੁਸਲਮਾਨ ਵੀ ਲੁੰਗੀਆਂ ਵਰਤਨ ਲਗ ਪਏ ਹਨ। ਲੁਧਿਆਣੇ ਦੇ ਵੱਖ ਵੱਖ ਕਿਸਮ

Sri Satguru Jagjit Singh Ji eLibrary NamdhariElibrary@gmail.com

ਦੇ ਪਟਕੇ, ਲੁੰਗੀਆਂ, ਖੇਸੀਆਂ, ਗਬਰੂਨ, ਟਵਿਲ, ਜ਼ੀਨ, ਕਈ ਕਿਸਮ ਦੀਆਂ ਚਿਕਾਂ ਅਤੇ ਚਿਟੀਆਂ ਮੋਟੀਆਂ ਦੁਤਹੀਆਂ ਤਿਆਰ ਹੁੰਦੀਆਂ ਹਨ। ਵਟਾਲੇ ਵਿਚ ਸੂਸੀ ਤਿਆਰ ਹੁੰਦੀ ਹੈ, ਜੋ ਬਹੁਤ ਕਰਕੇ ਜ਼ਨਾਨੀਆਂ ਦੀ ਪੁਸ਼ਾਕ ਲਈ ਵਰਤੀ ਜਾਂਦੀ ਹੈ। ਝੰਗ ਦੀ ਗਹਿਰੇ ਨੀਲੇ ਤੇ ਚਿਟੇ ਰੰਗ ਦੀ ਚੈਕ ਅਤੇ ਦਿੱਲੀ ਦੀ ਨਫੀਸ ਮਲਮਲ ਬਹੁਤ ਪ੍ਰਸਿਧ ਹੈ। ਘਟੀ ਰਾਹੋਂ ਜ਼ਿਲਾ ਜਾਲੰਧਰ ਵਿਚ ਬਣਦੀ ਹੈ। ਇਹ ਬੜਾ ਨਫੀਸ, ਚਮਕੀਲਾ ਤੇ ਸੰਘਣਾ ਉਣਿਆ ਚਿੱਟਾ ਕਪੜਾ ਹੁੰਦਾ ਹੈ। ਮੁਲਤਾਨ ਵਿਚ ਨਫੀਸ ਦਰੀਆਂ ਅਤੇ ਅੰਬਾਲੇ ਦੀਆਂ ਦਰੀਆਂ ਵੀ ਬਹੁਤ ਪ੍ਰਸਿੱਧ ਹਨ।

## ਸ਼ਾਲਾਂ

ਅਮ੍ਰਿਤਸਰ ਸ਼ਾਲਾਂ ਦਾ ਬਹੁਤ ਵੱਡਾ ਕੇਂਦਰ ਹੈ; ਭਾਵੇਂ ਇਥੋਂ ਦੀਆਂ ਸ਼ਾਲਾਂ ਓਨੀਆਂ ਵਧੀਆਂ ਨਹੀਂ ਹੁੰਦੀਆਂ ਜਿੰਨੀਆਂ ਕਿ ਕਸ਼ਮੀਰ ਦੀਆਂ। ਕਾਂਗੜੇ ਅਤੇ ਸ਼ਿਮਲੇ ਦੀਆਂ ਰਿਆਸਤਾਂ ਵਿਚ ਨਫੀਸ ਵਧੀਆ ਖਾਨੇਦਾਰ ਤੇ ਸਾਦੇ ਊਨੀ ਕੰਬਲ ਬਣਦੇ ਹਨ, ਜੋ ਬਹੁਤ ਕਰਕੇ ਰੰਗਦਾਰ ਬਾਰਡਰਾਂ (ਕਿਨਾਰਿਆਂ) ਵਾਲੇ ਹੁੰਦੇ ਹਨ। ਭੇਡਾਂ ਦੀ ਉਨ ਦੇ ਕਪੜੇ ਵੀ ਬਣਦੇ ਹਨ। ਪੱਟੂ ਇਕ ਕਿਸਮ ਦਾ ਊਨੀ ਗਰਮ ਕਪੜਾ ਹੁੰਦਾ ਹੈ। ਅਮ੍ਰਿਤਸਰ, ਸਿਆਲਕੋਟ, ਹੁਸ਼ਿਆਰਪੁਰ, ਗੁਜਰਾਂਵਾਲਾ, ਹਜ਼ਾਰਾ, ਰੋਹਤਕ, ਹਿਸਾਰ ਅਤੇ ਵਜ਼ੀਰੀ ਦੇਸ ਵਿਚ ਫੁਲਕਾਰੀਆਂ ਤਿਆਰ ਹੁੰਦੀਆਂ ਹਨ, ਜਿਨ੍ਹਾਂ ਉਤੇ ਰੇਸ਼ਮ ਤੇ ਪੱਟ ਨਾਲ ਬੇਲ ਬੂਟੇ ਕਢੇ ਹੁੰਦੇ ਹਨ। ਇਹਨਾਂ ਦੀ ਗਰਾਊਂਡ ਕਾਲੀ ਹੁੰਦੀ ਹੈ। ਇਹ ਫੁਲਕਾਰੀਆਂ ਤੀਵੀਆਂ ਉਪਰ ਲੈਂਦੀਆਂ ਹਨ। ਦਿੱਲੀ, ਲਾਹੌਰ ਅਤੇ ਅਮ੍ਰਿਤਸਰ ਦੇ ਤਿੱਲੇ ਦੇ ਰੰਗਦਾਰ ਸਿਲਕੀ ਕਢੇ ਹੋਏ ਕਪੜੇ ਬੜੇ ਪ੍ਰਸਿਧ ਹਨ।

## ਲਕੜੀ ਦਾ ਕੰਮ

ਅੰਮ੍ਰਿਤਸਰ, ਦਿੱਲੀ, ਭੇਰਾ, ਸਿਆਲਕੋਟ, ਝੰਗ, ਸ਼ਿਮਲਾ, ਹੁਸ਼ਿਆਰਪੁਰ ਅਤੇ ਭਿਵਾਨੀ ਵਿਚ ਨਫੀਸ ਲਕੜੀ ਦਾ ਕੰਮ ਹੁੰਦਾ ਹੈ। ਇਹਨਾਂ ਸ਼ਹਿਰਾਂ ਵਿਚ ਲਕੜੀ ਦੀ ਖੁਦਾਈ ਤੇ ਨਕਸ਼ ਨਿਗਾਰ ਦਾ ਕੰਮ ਵੀ ਹੁੰਦਾ ਹੈ। ਹੁਸ਼ਿਆਰਪੁਰ ਵਿਚ ਸ਼ੀਸ਼ਮ (ਟਾਹਲੀ) ਦੀ ਲਕੜੀ ਵਿਚ ਹਾਥੀ ਦੰਦ ਤੇ ਪਿਤਲ ਜੜਨ ਦਾ ਕੰਮ ਬੜਾ ਮਸ਼ਹੂਰ ਹੈ ਅਤੇ ਇਸ ਦੀ ਬੜੀ ਤਜਾਰਤ ਹੁੰਦੀ ਹੈ।

## ਪਿਤੱਲ ਦਾ ਕੰਮ

ਅੰਮ੍ਰਿਤਸਰ, ਪਿੰਡ ਦਾਦਨ ਖਾਂ, ਸ਼ਾਹੀਵਾਲ (ਸ਼ਾਹਪੁਰ) ਰੀਵਾੜੀ ਭਿਵਾਨੀ, ਜਗਾਧਰੀ, ਹੁਸ਼ਿਆਰਪੁਰ ਅਤੇ ਕਾਂਗੜੇ ਵਿਚ ਘਰਾਂ ਅੰਦਰ ਵਰਤੇ ਜਾਣ ਵਾਲੇ ਪਿਤੱਲ ਦੇ ਭਾਂਡੇ ਭਾਰੀ ਮਿਕਦਾਰ ਵਿਚ ਤਿਆਰ ਹੁੰਦੇ ਹਨ। ਕਸ਼ਮੀਰ ਦਾ ਨਈਲੋ, ਅੰਮ੍ਰਿਤਸਰ ਦਾ ਤਾਂਬੇ ਦਾ ਢਾਲਵਾਂ ਕੰਮ, ਸਿਆਲਕੋਟ ਦੇ ਚਾਕੂ ਛੁਰੀਆਂ ਤੇ ਤੋਪ ਸਾਜ਼ੀ, ਅਤੇ ਨਿਜ਼ਾਮਾਬਾਦ (ਨੇੜੇ ਵਜ਼ੀਰਾਬਾਦ) ਦੀ ਕੋਫਤ ਕਾਰੀ ਬਹੁਤ ਪ੍ਰਸਿੱਧ ਹੈ। ਸਿਆਲਕੋਟ, ਗੁਜਰਾਤ ਤੇ ਲਾਹੌਰ ਦਾ ਡੈਮਸੀ ਕੰਮ ਅਤੇ ਦਿੱਲੀ ਦੇ ਜ਼ੇਵਰਾਂ ਦਾ ਕੰਮ ਬਹੁਤ ਨਫੀਸ ਤੇ ਪ੍ਰਸਿਧ ਹੈ। ਕਸ਼ਮੀਰ ਦਾ ਅਨੈਮਲ ਦਾ ਕੰਮ ਜੋ ਚਾਂਦੀ ਸੋਨੇ ਤੇ ਤਾਂਬੇ ਉਤੇ ਨੀਲੇ ਤੇ ਸਬਜ਼ ਸ਼ੇਡ ਨਾਲ ਤਿਆਰ ਹੁੰਦਾ ਹੈ, ਵਧੀਆ ਕਾਰੀਗਰੀ ਦਾ ਨਮੂਨਾ ਪੇਸ਼ ਕਰਦਾ ਹੈ। ਮੁਲਤਾਨ ਵਿਚ ਵੀ ਇਨੈਮਲ ਦਾ ਬਹੁਤ ਚੰਗਾ ਕੰਮ ਹੁੰਦਾ ਹੈ।

## ਰੋਗਨੀ ਬਰਤਨ

ਪਸ਼ੌਰ ਵਿਚ ਬਣਨ ਵਾਲੇ ਮਜੋਲਿਕਾ ਕਿਸਮ ਦੇ ਮਿੱਟੀ ਦੇ ਬਰਤਨ ਉਸ ਅਸਥਾਨ ਦੀ ਸੁਗਾਤ ਹਨ। ਇਹ ਬਰਤਨ ਇਕ ਐਸੇ ਤਰੀਕੇ ਨਾਲ ਰੋਗਨ ਕੀਤੇ ਜਾਂਦੇ ਹਨ, ਜਿਸ ਦਾ ਕੇਵਲ ਇਹਨਾਂ ਬਰਤਨ ਬਨੌਣ ਵਾਲਿਆਂ ਨੂੰ ਹੀ ਪਤਾ ਹੈ। ਮੁਲਤਾਨ ਅਤੇ ਦਿੱਲੀ ਵਿਚ ਜਿਹੜੇ ਮਿੱਟੀ ਦੇ ਰੋਗਨੀ ਭਾਂਡੇ ਬਣਦੇ ਹਨ ਉਹਨਾਂ ਦਾ ਰੋਗਨ ਇਕ ਕਿਸਮ ਦੇ ਪੱਥਰ ਤੇ ਕਲੀ ਦੇ ਮੇਲ ਨਾਲ ਬਣਾਇਆ ਜਾਂਦਾ ਹੈ। ਸਖ਼ਤ ਕਿਸਮ ਦੇ ਰੋਗਨ ਅਤੇ ਟਾਇਲਾਂ ਦੇ ਪੁਖਤਾ ਸੋਹਣੇ ਸੋਹਣੇ ਰੰਗਾਂ ਦਾ ਗਿਆਨ ਕੇਵਲ ਜਾਲੰਧਰ ਦੇ ਕੁਛਕੁ ਉਨ੍ਹਾਂ ਲੋਕਾਂ ਨੂੰ ਹੀ ਹੈ ਜੋ ਉਹਨਾਂ ਕਾਰੀਗਰਾਂ ਦੇ ਵਾਰਸ ਹਨ, ਜਿਨ੍ਹਾਂ ਨੇ ਲਾਹੌਰ ਦੀ ਮਸੀਤ ਵਜ਼ੀਰ ਖਾਂ ਬਣਾਈ ਸੀ।

## ਪੱਥਰ ਘਾੜੇ

ਦਿੱਲੀ ਵਿਚ ਜਿਹੜੇ ਪਥਰ ਘਾੜੇ ਹਨ, ਉਹ ਉਹਨਾਂ ਖ਼ਾਨਦਾਨਾਂ ਦੀ ਔਲਾਦ ਹਨ ਜਿਨ੍ਹਾਂ ਨੇ ੧੪ ਵੀ ਸਦੀ ਵਿਚ ਕੁਤਬ ਮੀਨਾਰ ਦੀ ਮੀਨਾਕਾਰੀ ਕੀਤੀ ਸੀ। ਰੇਸ਼ਮੀ ਧਾਗੇ ਜਾਂ ਤਿਲੇ ਦਾ ਕਢਿਆ ਹੋਇਆ ਚਮੜੇ ਦਾ ਕੰਮ ਪਸ਼ੌਰ, ਡੇਰਾਜਾਤ ਤੇ ਹੁਸ਼ਿਆਰਪੁਰ ਵਿਚ ਹੁੰਦਾ ਹੈ। ਸਿਆਲਕੋਟ ਵਿਚ ਕਾਗਜ਼ ਬਣਦਾ ਹੈ ਪਰ ਇਹ ਕੇਵਲ ਕਾਈ ਦੀ ਕਲਮ ਨਾਲ ਲਿਖਣ ਦੇ ਦੇਸੀ ਕੰਮਾਂ ਲਈ ਹੀ ਵਰਤਿਆ ਜਾਂਦਾ ਹੈ।

## ਦਰਾਮਦ

ਇਥੋਂ ਦੀ ਵੱਡੀ ਦਰਾਮਦ ਹੈ ਬ੍ਰਿਟਿਸ਼ ਰੂੰ ਅਤੇ ਕਪੜਾ। ਬ੍ਰਿਟਿਸ਼ ਇੰਡੀਆਂ ਦੇ ਦੂਜੇ ਇਲਾਕਿਆਂ ਵਿਚੋਂ ਚੀਨੀ, ਮਸਾਲੇ ਤੇ ਹੋਰ ਖੁਰਾਕੀ ਚੀਜ਼ਾਂ, ਉਨ, ਰੂੰ ਅਤੇ ਸਿਲਕ ਦੇ ਕਪੜੇ, ਰੰਗ, ਧਾਤਾਂ, ਅਤੇ ਵੱਖ ਵੱਖ ਧਾਤਾਂ ਦੇ ਭਾਂਡੇ, ਕੀਮਤੀ ਪੱਥਰ, ਹਾਥੀ ਦੰਦ, ਸ਼ੀਸ਼ਾ, ਰੋਗਨੀ, ਬਰਤਨ ਅਤੇ ਚਾਕੂ ਛੁਰੀਆਂ ਆਦਿਕ ਦਰਾਮਤ ਕੀਤੀਆਂ ਜਾਂਦੀਆਂ ਹਨ। ਪੱਛਮੀ ਦੇਸਾਂ ਤੋਂ ਦਰਾਮਦ ਹੋਣ ਵਾਲੀਆਂ ਚੀਜ਼ਾਂ ਹਨ ਸੋਨਾ, ਚਾਂਦੀ, ਰੇਸ਼ਮ, ਨੀਲ, ਮਜੀਠ, ਗੰਦਾ ਬਰੋਜ਼ਾ, ਤਾਜ਼ੇ ਤੇ ਖ਼ੁਸ਼ਕ ਫਲ, ਕੇਸਰ, ਉਨ ਤੇ ਘੋੜੇ।

## ਬਰਾਮਦ

ਬਰਾਮਦ ਹੋਣ ਵਾਲੀਆਂ ਚੀਜ਼ਾਂ ਹਨ—ਅਨਾਜ, ਘਿਓ, ਖੱਲਾਂ, ਰੇਸ਼ਮ, ਉਨ, ਦਰੀਆਂ, ਸੂਤੀ ਕਪੜਾ, ਨੀਲ, ਰੂੰ, ਤਮਾਕੂ, ਲੂਣ, ਅਤੇ ਘੋੜੇ।

Sri Satguru Jagjit Singh Ji eLibrary NamdhariElibrary@gmail.com

# ਪਰਕਰਨ-੩

## ਪੰਜਾਬ ਦੇ ਮੁੱਢਲੇ ਵਸਨੀਕ

### ਪੁਰਾਤਨ ਜੰਗਲੀ ਕੌਮਾਂ ਦਾ ਘਰ

ਹਿੰਦ ਦੇ ਕੁਦਰਤੀ ਦਰ ਹੋਣ ਦੀ ਪੁਜ਼ੀਸ਼ਨ, ਇਸ ਦੇ ਸਾਹਲ ਤੇ ਪੌਣ ਪਾਣੀ ਦੀ ਵਸ਼ਿਸ਼ਤਾ, ਇਸ ਦੇ ਬੇਹਦ ਉਪਜਾਊ ਮੈਦਾਨਾਂ, ਇਸ ਦੀਆਂ ਸਰਸਬਜ਼ ਵਾਦੀਆਂ ਅਤੇ ਬੇਓੜਕ ਪਾਣੀ ਨੂੰ ਤੱਕ ਕੇ ਇਹ ਨਿਸ਼ਚਾ ਕਰਨਾ ਪੈਂਦਾ ਹੈ ਕਿ ਸਭ ਤੋਂ ਪਹਿਲੇ ਏਥੇ ਅਸਲ ਵਸਨੀਕਾਂ ਦੀ ਨਸਲ ਵੱਸੀ ਹੋਵੇਗੀ। ਇਸ ਨਿਸਚੇ ਦੀ ਪ੍ਰੋੜ੍ਹਤਾ ਨਵੀਨ ਖੋਜੀਆਂ ਦੀ ਇਸ ਤਸਦੀਕ ਤੋਂ ਵੀ ਹੋ ਜਾਂਦੀ ਹੈ ਕਿ ਉੱਤਰ ਪੱਛਮ ਵਲੋਂ ਆਉਣ ਵਾਲੇ ਵਿਜਈ ਸੀਥੀਆਂ ਜਾਂ ਆਰੀਆਂ ਨੇ ਸਭ ਤੋਂ ਪਹਿਲੇ ਜਿਨ੍ਹਾਂ ਲੋਕਾਂ ਉਤੇ ਵਿਜੇ ਪਾਈ, ਉਹ ਪੰਜਾਬ ਦੇ ਪ੍ਰਾਚੀਨ ਅਧਲ ਵਸਨੀਕ ਹੀ ਸਨ।

### ਵੇਦਾਂ ਦੀ ਗਵਾਹੀ

ਪੁਰਾਤਨ ਹਿੰਦੂਆਂ ਦੀ ਵੀਰ ਗਾਥਾ ਵਿਚ ਦਸਿਆ ਹੈ ਕਿ ਸਿੰਧੂ ਦੇ ਸੋਮੇ ਤੋਂ ਪਰੇ "ਕਾਲੇ ਸ਼ੂਦਰ" ਵਸਦੇ ਸਨ। ਗੰਗਾ ਦੀ ਵਾਦੀ ਵਿਚ ਆਰੀਆ ਲੋਕਾਂ ਨੇ ਪਿਛੋਂ ਜਿਸ ਵੱਸੋਂ ਉਤੇ ਵਿਜੇ ਪਾਈ, ਉਹਨਾਂ ਦਾ ਨਾਮ ਵੀ ਉਹਨਾਂ ਸ਼ੂਦਰ ਹੀ ਰਖ ਦਿਤਾ ਅਤੇ ਜਦੋਂ ਉਹ ਸਿੰਧ ਅਤੇ ਗੰਗਾ ਦੀ ਵਾਦੀ ਤੋਂ ਹੋਰ ਅਗੇ ਵਧ ਕੇ ਦੱਖਣ ਵਲ ਗਏ, ਤਦ ਉਹਨਾਂ ਨੂੰ ਉਥੇ ਵੀ ਉਹੋ ਜਿਹੀ ਵਸੋਂ ਦਾ ਹੀ ਸਾਹਮਣਾ ਕਰਨਾ ਪਿਆ।

### ਅਸਲ ਵਸਨੀਕ

ਇਥੋਂ ਦੇ ਅਸਲ ਵਾਸੀ ਜਿਨ੍ਹਾਂ ਇਲਾਕਿਆਂ ਵਿਚ ਵਸਦੇ ਸਨ ਉਥੇ ਉਹਨਾਂ ਦੀ ਰਖਿਆ ਦਾ ਕੋਈ ਸਾਮਾਨ ਨਹੀਂ ਸੀ, ਜਿਹਾ ਕਿ ਸਰਦ ਇਲਾਕਿਆਂ ਵਿਚ ਜ਼ਰੂਰੀ ਹੁੰਦਾ ਹੈ। ਜੋ ਮਕਾਨ ਜਾਂ ਟਪਰੀਆਂ ਉਹਨਾਂ ਨੇ ਬਣਾ ਰਖੀਆਂ ਸਨ ਉਹ ਉਦੜ ਗੁਦੜੀਆਂ ਅਤੇ ਅਪੂਰਨ ਜਿਹੀਆਂ ਸਨ। ਉਹ ਲੋਕ ਕੁਦਰਤੀ ਖੁੰਦਰਾਂ ਵਿਚ ਰਹਿੰਦੇ ਸਨ, ਜੋ ਆਕਾਰ* ਦੇ ਲਿਹਾਜ਼ ਨਾਲ ਕੁਝ ਕੁਝ ਗੋਲ ਜਿਹੀਆਂ ਹੁੰਦੀਆਂ ਸਨ।

### ਵੱਸੋਂ ਅਤੇ ਜੀਵਨ ਢੰਗ

ਫਲਾਂ ਤੇ ਸਬਜ਼ੀਆਂ ਦੀ ਅਧਿਕਤਾ ਅਤੇ ਕੰਦ ਮੂਲ ਤੇ ਸ਼ਿਕਾਰੀ ਜਾਨਵਰਾਂ ਦੀ ਹੋਂਦ ਦੇ ਕਾਰਨ ਉਹ ਸਹਿਜੇ ਹੀ ਜੀਵਨ ਨਿਰਬਾਹ ਕਰ ਸਕਦੇ ਸਨ। ਉਹਨਾਂ ਨੂੰ ਧਾਤਾਂ ਦੀ ਵਰਤੋਂ ਦਾ ਗਿਆਨ ਨਾ ਹੋਣ ਕਰ ਕੇ ਉਹਨਾਂ ਦੇ ਹਥਿਆਰ ਕੇਵਲ ਇਹ ਸਨ, ਪੱਥਰ, ਕੁਹਾੜੇ ਤੇ ਬਰਛੀਆਂ, ਜੋ ਸਖਤ ਲਕੜ ਨਾਲ ਸਿਰਿਆਂ ਉਤੇ ਜਾਨਵਰਾਂ ਦੇ ਸਿੰਙ ਲਾ ਕੇ ਬਣਾਈਆਂ ਜਾਂਦੀਆ ਸਨ। ਉਹਨਾਂ ਦੀ ਬੋਲੀ ਬੜੀ ਖਰ੍ਹਵੀ ਸੀ। ਉਹ ਆਪਣਾ ਨੰਗੇਜ ਜਾਨਵਰਾਂ ਦੀਆਂ ਖੱਲਾਂ ਨਾਲ ਕਜਦੇ ਸਨ। ਉਹ ਥੋੜੀ ਥੋੜੀ ਗਿਣਤੀ ਵਿਚ ਰਹਿੰਦੇ ਤੇ ਇਕੜ ਦੁਕੜ ਉਹਨਾਂ ਕਬੀਲਿਆਂ ਵਾਂਗ ਵਿਚਰਦੇ ਸਨ, ਜੋ ਪਹਿਲੇ ਪਹਿਲ ਯੂਨਾਨ, ਇਟਲੀ ਤੇ ਯੂਰਪ ਦੇ ਪੂਰਬੀ ਦੇਸਾਂ ਵਿਚ ਭੌਂਦੇ ਰਹਿੰਦੇ ਸਨ। ਉਹ ਲੋਕ ਮੂਰਖ ਅਤੇ ਜਾਂਗਲੀ ਹੀ ਰਹੇ।

### ਉਹਨਾਂ ਦੇ ਕਿੱਤੇ

ਇਹਨਾਂ ਜਾਂਗਲੀ ਲੋਕਾਂ ਦਾ ਸਭ ਤੋਂ ਪਹਿਲਾ ਕਿੱਤਾ ਸੀ ਸ਼ਿਕਾਰ, ਜੋ ਵਹਿਸ਼ੀਪਨ ਤੋਂ ਮਨੁਖਾ ਤਰੱਕੀ ਵਲ ਪਹਿਲਾ ਕਦਮ ਸੀ। ਜਦ ਇਹਨਾਂ ਦੀ ਗਿਣਤੀ ਵਧ ਗਈ ਤਦ ਇਹ ਕਬੀਲਿਆਂ ਵਿਚ ਵੰਡੇ ਗਏ ਅਤੇ ਰੇਵੜਾਂ ਦੇ ਮਾਲਕ ਬਣਦੇ ਗਏ। ਇਸ ਦੇ ਮਗਰੋਂ ਧਰਤੀ ਦੀ ਮਾਲਕੀ ਦੀ ਕਦਰ ਵਧ ਗਈ ਅਤੇ ਇਹੋ ਧਰਤੀ ਪਰਿਵਾਰ ਦੇ ਮੁਖੀਆਂ ਵਿਚਾਲੇ ਝਗੜੇ ਦਾ ਕਾਰਨ ਬਣ ਗਈ। ਹੁਣ ਉਹਨਾਂ ਨੂੰ ਆਪਣੀ ਰਖਿਆ ਦੇ ਸਾਧਨ ਸੋਚਣ ਤੇ ਧਾਰਨ ਕਰਨੇ ਪਏ।

### ਉਹਨਾਂ ਦੇ ਹਥਿਆਰ

ਜਦ ਕੁਝ ਹੋਰ ਸਮਾਂ ਲੰਘਿਆ ਤਦ ਉਹਨਾਂ ਨੂੰ ਧਾਤ ਦੀ ਵਰਤੋਂ ਦਾ ਗਿਆਨ ਹੋਇਆ। ਉਹਨਾਂ ਨੇ ਲੜਾਈਆਂ ਵਿਚ ਲੋਹੇ ਦੇ ਹਥਿਆਰਾਂ ਦੀ ਵਰਤੋਂ ਵੀ ਸ਼ੁਰੂ ਕਰ ਦਿਤੀ ਅਤੇ ਸਰੀਰਾਂ ਨੂੰ ਤਾਂਬੇ ਅਤੇ ਸੋਨੇ ਦੇ ਟੁਕੜਿਆਂ ਨਾਲ ਸਜਾਉਣਾ ਆਰੰਭ ਕੀਤਾ। ਉਹਨਾਂ ਨੇ ਬਰਤਨ ਬਣਾਉਣ ਦਾ ਕੰਮ ਵੀ ਸਿਖ ਲਿਆ ਪਰ ਜਿਹੜੇ ਬਰਤਨ ਉਹਨਾਂ ਬਣਾਏ ਉਹ ਕੋਈ ਚੰਗੀ ਕਾਰੀਗਰੀ ਦੇ ਨਮੂਨੇ ਨਹੀਂ ਸਨ।

### ਉਹਨਾਂ ਦਾ ਪਹਿਰਾਵਾ

ਹੈਰੋਡੋਟਸ ਇਹਨਾਂ ਜੰਗਲੀ ਲੋਕਾਂ ਬਾਰੇ ਸਾਨੂੰ ਦਸਦਾ ਹੈ ਕਿ ਉਹ ਦਰਿਆਵਾਂ ਦੇ ਕੰਢੇ ਟੋਏ ਟਿੱਬਿਆਂ ਵਿਚ ਰਹਿੰਦੇ ਮੱਛੀਆਂ ਅਤੇ ਕੱਚਾ ਮਾਸ ਖਾਕੇ ਗੁਜ਼ਾਰਾ ਕਰਦੇ ਸਨ। ਉਹਨਾਂ ਦੀਆਂ ਕਿਸ਼ਤੀਆਂ ਘਾਹ ਫੂਸ ਦੀਆਂ ਬਣੀਆਂ ਹੁੰਦੀਆਂ ਸਨ। ਉਹ ਦਰਖਤਾਂ ਦੀ ਛਿਲ ਦੇ ਕਪੜੇ ਪਾਉਂਦੇ ਸਨ। ਜਦ ਘਰ ਦਾ ਕੋਈ ਜੀਅ ਬੀਮਾਰ ਪੈ ਜਾਂਦਾ ਤਦ ਉਹ ਉਸ ਨੂੰ ਮਾਰਕੇ ਖਾ ਜਾਂਦੇ। ਜਿਹੜੇ ਲੋਕ ਬਹੁਤ ਬੁੱਢੇ ਹੋ ਜਾਂਦੇ ਉਹਨਾਂ ਨੂੰ ਵੀ ਇਹ ਲੋਕ ਮਾਰ ਕੇ ਉਸਦਾ ਮਾਸ ਖਾ ਲੈਂਦੇ। ਕੁਝ ਲੋਕ ਕੰਦ ਮੂਲ ਖਾ ਕੇ ਗੁਜ਼ਾਰਾ ਕਰਦੇ ਤੇ ਦੂਜੇ ਸ਼ਿਕਾਰ ਮਾਰਕੇ ਨਿਰਬਾਹ ਕਰ ਲੈਂਦੇ ਸਨ। ਹੈਰੋਡੋਟਸ ਲਿਖਦਾ ਹੈ ਕਿ ਨੀਲ ਤੋਂ ਛੁਟ ਸਿੰਧ ਹੀ ਇਕ ਐਸਾ ਦਰਿਆ ਹੈ, ਜਿਸ ਵਿਚ ਮਗਰ ਮੱਛ ਅਤੇ ਘੜਿਆਲਾਂ ਦੀ ਕੋਈ ਕਮੀ ਨਹੀਂ। ਮੈਗਸਥਨੀਜ਼ ਦਾ ਖਿਆਲ ਹੈ ਕਿ ਦਰਿਆ ਨੀਲ ਨੂੰ ਛਡ ਕੇ ਇਹ ਦੁਨੀਆਂ ਭਰ ਵਿਚ ਸਭ ਤੋਂ ਵੱਡਾ ਦਰਿਆ ਹੈ। ਕਟੇਸੀਆ ਇਸ ਨੂੰ ਭਾਰਤ ਦੀਆਂ ਜ਼ਮੀਨਾਂ ਦੀ ਸਿੰਜਾਈ ਕਰਨ ਵਾਲਾ ਵੱਡਾ ਦਰਿਆ ਆਖਦਾ ਹੈ, ਜਿਸ ਵਿਚ ਲੰਮੀ

* ਪੁਰਾਤਨ ਗਾਲਸ ਦੀਆਂ ਟਪਰੀਆਂ ਗੋਲਾਈ ਵਿਚ ਤੇ ਫੂਸ ਅਤੇ ਮਿੱਟੀ ਦੀਆਂ ਬਣੀਆਂ ਹੁੰਦੀਆਂ ਸਨ। ਸਵਿਟਜ਼ਰਲੈਂਡ ਦੀਆਂ ਛੰਨਾਂ ਦੀਆਂ ਪਾਲਾਂ ਵੀ ਉਸੇ ਕਿਸਮ ਦੀਆਂ ਸਨ।

Sri Satguru Jagjit Singh Ji eLibrary NamdhariElibrary@gmail.com

ਤੇ ਪੱਕੀ ਕਾਹੀ (ਪਲਛੀ) ਉਗਦੀ ਹੈ । ਉਸ ਨੇ ਪਹਿਲੋ ਪਹਿਲ ਯੂਨਾਨੀਆਂ ਨੂੰ ਹਾਥੀਆਂ ਤੋਂ ਜਾਣੂੰ ਕਰਾਇਆ ਅਤੇ ਉਸ ਨੇ ਐਸੇ ਹਿੰਦੀ ਪੰਛੀਆਂ ਦਾ ਵੇਰਵਾ ਵੀ ਦਿਤਾ ਜਿਨ੍ਹਾਂ ਦੇ ਸਿਰ ਲਾਲ, ਪੂਛਾਂ ਕਿਰਮਚੀ ਚੁੰਜਾਂ ਕਾਲੀਆਂ ਤੇ ਗਰਦਨਾਂ ਗਹਿਰੀਆਂ ਨੀਲੀਆਂ ਹੁੰਦੀਆਂ ਸਨ। ਉਹਨਾਂ ਪੰਛੀਆਂ ਵਿਚੋਂ ਕਈ ਹਿੰਦੀ ਬੋਲੀ ਬੋਲਦੇ ਅਤੇ ਜੇ ਉਨ੍ਹਾਂ ਨੂੰ ਸਿਖਿਆ ਦਿਤੀ ਜਾਏ ਤਦ ਯੂਨਾਨੀ ਬੋਲੀ ਵੀ ਬੋਲ ਸਕਦੇ ਸਨ।

## ਉਹਨਾਂ ਦੀ ਖ਼ੁਰਾਕ

ਮੇਗੈਸਥੀਨੀਜ਼ ਸਾਨੂੰ ਦਸਦਾ ਹੈ ਕਿ ਪ੍ਰਾਚੀਨ ਭਾਰਤੀ ਖਾਨਾਬਦੋਸ਼ ਸਨ ਅਤੇ ਸੀਥੀਅਨ ਲੋਕਾਂ ਵਾਂਗ ਉਹ ਵੀ ਖੇਤੀ ਬਾੜੀ ਨਹੀਂ ਸਨ ਕਰਦੇ; ਸਗੋਂ ਐਸੀਆਂ ਵਸਤਾਂ ਨਾਲ ਨਿਰਬਾਹ ਕਰਦੇ ਸਨ ਜੋ ਧਰਤੀ ਵਿਚ ਆਪਣੇ ਆਪ ਉਗਦੀਆਂ ਸਨ। ਇਹ ਲੋਕ ਦਰਖਤਾਂ ਦੀ ਛਿਲ, ਜਿਸ ਨੂੰ ਇਹ ਟਾਲਾ ਆਖਦੇ ਜਾਂ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰ ਕੇ ਖਾਂਦੇ, ਅਤੇ ਯੂਨਾਨੀਆਂ ਵਾਂਗ ਜਾਨਵਰਾਂ ਦੀਆਂ ਪੱਲਾਂ ਦੀ ਪੁਸ਼ਾਕ ਪਾਉਂਦੇ ਸਨ।

## ਡਿਯੋਨੀਸੋਸ ਨੇ ਹਲ ਦੀ ਵਰਤੋਂ ਸਿਖਾਈ

ਜਦ ਡਿਯੋਨੀਸੋਸ ਪਰਗਟ ਹੋਇਆ ਤਦ ਉਸ ਨੇ ਹਿੰਦੀ ਲੋਕਾਂ ਨੂੰ ਖੇਤੀ ਬਾੜੀ ਕਰਨ ਦੀ ਜਾਚ ਸਿਖਾਈ।

ਕਿਹਾ ਜਾਂਦਾ ਹੈ ਉਸ ਨੇ ਸਭ ਤੋਂ ਪਹਿਲੇ ਹਲ ਵਿਚ ਬੈਲਾਂ ਨੂੰ ਜੁਤਾ ਅਤੇ ਹਿੰਦੀਆਂ ਨੂੰ ਕਾਸ਼ਤਕਾਰੀ ਦੇ ਹਥਿਆਰਾਂ ਤੋਂ ਜਾਣੂੰ ਕੀਤਾ। ਉਸੇ ਨੇ ਹੀ ਹਿੰਦੀਆਂ ਨੂੰ ਯੂਨਾਨੀ ਨਾਚ ਤੇ ਪਗੜੀ ਦੀ ਵਰਤੋਂ ਦੀ ਜਾਚ ਸਿਖਾਈ।

## ਦੇਵਿਤਿਆਂ ਦੀ ਪੂਜਾ

ਉਸ ਨੇ ਭਾਰਤੀਆਂ ਨੂੰ ਢੋਲਕੀਆਂ ਤੇ ਛੈਣਿਆਂ ਨਾਲ ਦੇਵਤਿਆਂ ਦੀ ਪੂਜਾ ਦਾ ਵਲ ਸਿਖਾਇਆ। ਇਹਨਾਂ ਚੀਜ਼ਾਂ ਦੀ ਵਰਤੋਂ ਹਿੰਦੀਆਂ ਨੇ ਸਿਕੰਦਰ ਦੇ ਸਮੇਂ ਤੀਕ ਜਾਰੀ ਰਖੀ। ਉਸ ਸਮੇਂ ਤੀਕ ਬਿਗਲ ਦੀ ਕਾਢ ਨਹੀਂ ਸੀ ਹੋਈ। ਕਿਹਾ ਜਾਂਦਾ ਹੈ ਕਿ ਉਸ ਦੀ ਫੌਜ ਵਿਚ ਇਕ ਟੁਕੜੀ ਤੀਵੀਆਂ ਦੀ ਸੀ। ਯੂਨਾਨੀ ਇਤਿਹਾਸਕਾਰਾਂ ਦੇ ਕਥਨ ਅਨੁਸਾਰ ਜਦ ਸਿਕੰਦਰ ਅਸਵਾਕਾਂ ਦੇ ਦੇਸ਼ ਵਿਚ ਆਇਆ ਤਦ ਉਸ ਦੀ ਭੇਟ ਜੀਸਨਜ਼ ਦੇ ਦੂਤ ਨਾਲ ਹੋਈ, ਜਿਸ ਨੇ ਉਸ ਨੂੰ ਇਹ ਖ਼ਬਰ ਦਿਤੀ ਕਿ ਉਹਨਾਂ ਦਾ ਸ਼ਹਿਰ ਡਿਯੋਨੀਸੋਸ ਦਾ ਵਸਾਇਆ ਹੋਇਆ ਹੈ ਤੇ ਉਸ ਨੇ ਉਸ ਦਾ ਨਾਮ ਨੀਸਾ ਰਖਿਆ ਹੈ। ਇਸ ਦੇ ਗੁਵਾਂਢ ਵਿਚ ਜਿਹੜਾ ਪਰਬਤ ਮੈਰਨ ਹੈ, ਉਹ ਉਸੇ ਨਾਮ ਦੇ ਦੇਵਤੇ ਦੇ ਨਾਮ ਉਤੇ ਪ੍ਰਸਿਧ ਹੈ।

## ਕਾਲੀ ਨਸਲ ਦੇ ਅਸਲ ਵਸਨੀਕ

ਇਥੋਂ ਦੇ ਅਸਲ ਵਸਨੀਕ ਕਾਲੀ ਨਸਲ ਦੇ ਸਨ ਅਤੇ ਹਿੰਦੂਆਂ ਦੀ ਸਭ ਤੋਂ ਪੁਰਾਣੀ ਲਿਖਤ ਰਿਗ ਵੇਦ ਵਿਚ ਉਹਨਾਂ ਨੂੰ ਇਉਂ ਹੀ ਲਿਖਿਆ ਹੈ। ਇਸ ਤਰ੍ਹਾਂ ਇਕ ਅਸੁਰ ਦਾ ਜ਼ਿਕਰ ਕਰਦੇ ਹੋਏ, (ਕਿਉਂਕਿ ਅਸਲ ਵਸਨੀਕਾਂ ਦੀਆਂ ਕੌਮਾਂ ਦੇ ਲੋਕਾਂ ਨੂੰ ਇਸੇ ਨਾਮ ਨਾਲ ਸੰਬੋਧਨ ਕੀਤਾ ਜਾਂਦਾ ਸੀ), ਇਹ ਦਸਿਆ ਗਿਆ ਹੈ ਕਿ "ਇੰਦਰ ਨੇ ਹਮਲਾ ਆਵਰ ਦੀ ਕਾਲੀ ਚਮੜੀ ਨੂੰ ਫਿਟੀ ਫਿਟੀ ਕਰ ਦਿਤਾ।" ਇਕ ਹੋਰ ਥਾਂ ਉਤੇ ਦਰਜ ਹੈ ਕਿ "ਵਰਿਤਾ ਦੇ ਹਤਿਆਰੇ ਤੇ ਨਗਰਾਂ ਦੇ ਵਿਨਾਸ਼ਕ ਇੰਦਰ ਨੇ ਕਾਲੇ ਦਾਸਾਂ ਦੇ ਦਲਾਂ ਦਾ ਨਾਸ਼ ਕੀਤਾ।" ਇਹਨਾਂ ਨੂੰ ਕਦੇ ਕਦੇ ਨਗਰੀਟੋ ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਨਗੀਰੋ ਨਸਲ ਦੇ ਲੋਕਾਂ ਨਾਲ ਮਿਲਦੇ ਜੁਲਦੇ ਹਨ। ਇਹਨਾਂ ਦੇ ਵਾਲ ਕਰਖਤ ਤੇ ਖੜੇ ਖੜੇ, ਨਕ ਛੋਟੇ ਤੇ ਚਪਟੇ ਅਤੇ ਬੁਲ੍ਹ ਮੋਟੇ ਮੋਟੇ ਹੁੰਦੇ ਹਨ।

## ਇਹਨਾਂ ਦੀ ਗਿਣਤੀ

ਸੰਨ ੧ ੭੨ ਵਿਚ ਅਸਲ ਵਸਨੀਕਾਂ ਦੀ ਗਿਣਤੀ ਦੋ ਕਰੋੜ ਤੋਂ ਵਧੀਕ ਸੀ; ਜਿਨਾਂ ਵਿਚੋਂ ੯੫੯੭੨੦ ਪੰਜਾਬ ਵਿਚ ਸਨ। ਇਹਨਾਂ ਕੌਮਾਂ ਦੀ ਗਿਣਤੀ ੧੮੮੧ ਵਿਚ ਵਖਰੀ ਨਹੀਂ ਸੀ ਦਖਾਈ ਗਈ, ਸਗੋਂ ਇਹਨਾਂ ਨੂੰ ਹਿੰਦੂਆਂ ਦੀਆਂ ਨੀਚ ਕੌਮਾਂ ਵਿਚ ਹੀ ਸ਼ਾਮਲ ਕਰ ਦਿਤਾ ਗਿਆ ਸੀ। ਅਸਲ ਵਸਨੀਕਾਂ ਦੀ ਕੋਈ ਨਿਯਤ ਵਸਤੀ ਪੰਜਾਬ ਵਿਚ ਬਾਕੀ ਨਹੀਂ ਰਹਿ ਗਈ। ਜਾਪਦਾ ਐਉਂ ਹੈ ਕਿ ਉੱਤਰ ਪੱਛਮ ਵਲੋਂ ਆਏ ਆਰਿਆ ਵਿਜਈਆਂ ਨੇ ਇਹਨਾਂ ਨੂੰ ਦਖਣ ਪੂਰਬ ਵਲ ਧੱਕ ਦਿਤਾ ਸੀ।

## ਪੰਜਾਬ ਵਿਚ ਅਸਲ ਵਸਨੀਕਾਂ ਦੀ ਔਲਾਦ

ਪੰਜਾਬ ਵਿਚ ਉਹਨਾਂ ਪੁਰਾਤਨ ਅਸਲ ਵਸਨੀਕਾਂ ਦੀ ਔਲਾਦ ਸਾਂਸੀ ਅਥਵਾ ਟੱਪਰੀ ਵਾਸ ਹਨ। ਇਹਨਾਂ ਦੀਆਂ ਸ਼ਕਲਾਂ ਡਰਾਉਣੀਆਂ ਹਨ ਅਤੇ ਇਹ ਜੰਗਲਾਂ ਵਿਚ ਟੱਪਰੀਆਂ ਪਾ ਕੇ ਵੱਸ ਜਾਂਦੇ ਹਨ। ਇਹ ਲੋਕ ਚੂਹੇ ਤੇ ਸਹੇ ਮਾਰਕੇ ਅਥਵਾ ਹੋਰ ਹੋਰ ਜਾਨਵਰਾਂ ਦਾ ਸ਼ਿਕਾਰ ਕਰਕੇ ਆਪਣਾ ਝੱਟ ਤੋਰਦੇ ਹਨ। ਪੰਜਾਬ ਦੇ ਮੈਦਾਨਾਂ ਵਿਚ ਹੋਰ ਕੌਮਾਂ ਵੀ ਖਾਨਾ-ਬਦੋਸ਼ (ਟਪਰੀ ਵਾਸ) ਹਨ ਜਿਨ੍ਹਾਂ ਨੂੰ ਸੂਬੇ ਦੀਆਂ ਜਰਾਇਮ ਪੇਸ਼ਾ ਜਾਤਿਆਂ ਕਿਹਾ ਜਾਂਦਾ ਹੈ ਤੇ ਜਿਨ੍ਹਾਂ ਦੀ ਹੋਂਦ ਕਰੀਮਨਲ ਕਰਾਈਮਜ਼ ਐਕਟ ੧੮੭੧ ਵਿਚ ਵੀ ਮੰਨੀ ਗਈ ਹੈ।

## ਖ਼ਾਨਾ-ਬਦੋਸ਼ ਤੇ ਨੀਚ ਜਾਤੀਆਂ

ਪੰਜਾਬ ਦੀਆਂ ਕਈ ਨੀਚ ਤੇ ਖਾਨਾ-ਬਦੋਸ਼ ਜਾਤੀਆਂ ਬਾਰੇ ਇਹ ਨਿਸਚਾ ਪਾਇਆ ਜਾਂਦਾ ਹੈ ਕਿ ਉਹ ਪੁਰਾਤਨ ਅਸਲ ਨਸਲਾਂ ਵਿਚੋਂ ਨਿਕਲੀਆਂ ਹੋਈਆਂ ਹਨ। ਇਹੋ ਜਿਹੀਆਂ ਜਾਤੀਆਂ ਹਨ—ਚੂਹੜੇ, ਚਮਾਰ, ਪਹਾੜ ਦੇ ਲੁਹਾਰ ; ਜੋ ਉਥੇ ਨੀਚ ਕੰਮ ਕਰਦੇ ਹਨ, ਮਾਹਤਮ, ਬਾਵਰੀਏ, ਅਹੀਰ, ਥੋਰੀ, ਲਬਾਣੇ ਅਤੇ ਕਰਾਲ ਅਰਥਾਤ ਜਾਂਗਲੀ ਤੇ ਦਰਿਆਈ ਕੌਮਾਂ, ਸਾਂਸੀ, ਪੇਰਨੇ, ਨੱਟ, ਬਾਜ਼ੀਗਰ, ਪੱਖੀ ਵਾੜਾ, ਹਾਰਨੀ, ਗੰਦੀਲਾ, ਓਡ ਅਤੇ ਹੈਸੀ ਅਥਵਾ ਵੌਣੇ ਤੇ ਹੋਰ ਖਾਨਾ-ਬਦੋਸ਼ ਕੌਮਾਂ।

## ਜਾਦੂ ਅਤੇ ਟੂਣਿਆਂ ਉਤੇ ਨਿਸ਼ਚਾ

ਸੰਨ ੧੮੮੧ ਦੀ ਆਦਮ ਸ਼ੁਮਾਰੀ ਦੀ ਰਪੋਰਟ ਵਿਚ ਮਿਸਟਰ ਇਬਟਸਨ ਲਿਖਦੇ ਹਨ—"ਇਹਨਾਂ ਵਿਚੋਂ ਬਹੁਤ ਸਾਰਿਆਂ ਕੌਮਾਂ ਨਿਸ਼ਚੇ ਕਰ ਕੇ ਅਸਲ ਵਸਨੀਕ ਕੌਮਾਂ ਹਨ ਅਤੇ ਇਹਨਾਂ ਵਿਚੋਂ ਬਹੁਤੀਆਂ ਦੇ ਰਸਮੋ ਰਿਵਾਜ ਨਿਸ਼ਚੇ ਅਤੇ ਪੂਜਾ ਪਾਠ ਦੇ ਤੀਕ ਉਹਨਾਂ ਦੇ ਆਪਣੇ ਹੀ ਹਨ"। ਜਾਦੂ ਅਤੇ ਟੂਣੇ ਦਾ ਰਿਵਾਜ ਇਹਨਾਂ ਲੋਕਾਂ ਵਿਚ ਵੀ ਪਾਇਆ ਜਾਂਦਾ ਹੈ।

## ਮੁਰਦੇ ਦੱਬਣ ਦਾ ਰਿਵਾਜ

ਚੂਹੜੇ ਅਤੇ ਸਾਂਸੀ ਖਾਨਾ ਬਦੋਸ਼ ਆਪਣੇ ਮੁਰਦਿਆਂ ਨੂੰ ਮੂੰਹ ਪਰਨੇ ਕਰਕੇ ਦਬਦੇ ਹਨ। ਇਹ ਇਸ ਖਿਆਲ ਨਾਲ ਕੀਤਾ ਜਾਂਦਾ ਹੈ ਤਾਂ ਜੁ ਰੂਹ ਬਾਹਰ ਨਾ ਨਿਕਲ ਜਾਏ। ਕੁਛ ਹਿੰਦੂਆਂ ਦਾ ਇਹ ਨਿਸ਼ਚਾ ਹੈ ਕਿ ਚੂਹੜੇ ਅਤੇ ਕੁਛ ਹੋਰ ਨੀਚ ਜਾਤੀਆਂ ਦੇ ਲੋਕ

Sri Satguru Jagjit Singh Ji eLibrary NamdhariElibrary@gmail.com

ਮਰਕੇ ਭੂਤ ਪ੍ਰੇਤ ਬਣ ਜਾਂਦੇ ਹਨ ਅਤੇ ਬੁਖ਼ਾਰ ਤੇ ਹੋਰ ਰੋਗ* ਪੈਦਾ ਕਰ ਕੇ ਲੋਕਾਂ ਨੂੰ ਕਸ਼ਟ ਪੁਚਾਉਂਦੇ ਹਨ। ਇਹ ਸਾਰੀਆਂ ਕੌਮਾਂ ਹਿੰਦੂ ਸੁਸਾਇਟੀ ਦੇ ਦਾਇਰੇ ਵਿਚੋਂ ਬਾਹਰ ਸਮਝੀਆਂ ਜਾਂਦੀਆਂ ਹਣ।

## ਅਸਲ ਵਸਨੀਕ ਕੌਮਾਂ

ਅਸਲ ਵਸਨੀਕ ਆਮ ਤੌਰ ਉਤੇ ਹਿਮਾਲਾ ਪਰਬਤਾਂ ਦੇ ਪਲੂ ਦੇ ਨਾਲ ਨਾਲ ਉਹਨਾਂ ਘਣੇ ਜੰਗਲਾਂ ਵਿਚ ਪਾਏ ਜਾਂਦੇ ਹਨ ਜੋ, ਪੰਜਾਬ ਤੋਂ ਲੈ ਕੇ ਪੂਰਬੀ ਬੰਗਾਲ ਤੀਕ ਫੈਲੇ ਹੋਏ ਹਨ। ਇਹੋ ਜਿਹੀਆਂ ਹੋਰ ਕੋਈ ਕੌਮਾਂ ਉਨ੍ਹਾਂ ਪਹਾੜਾਂ ਵਿਚ ਨਹੀਂ ਮਿਲਦੀਆਂ, ਜਿਹੀਆਂ ਕਿ ਪੰਜਾਬ ਦੀਆਂ ਪੱਛਮ ਅਤੇ ਉੱਤਰ ਪੱਛਮੀ ਹਦਾਂ ਉਤੇ ਅਥਵਾ ਦਰਿਆ ਸਿੰਧ ਦੇ ਪੱਛਮ ਵਲ ਹਨ। ਛੋਟੇ ਹਿਮਾਲਾ ਪਰਬਤ ਵਿਚਲੀਆਂ ਅਸਲ ਵਸਨੀਕ ਵੱਡੀਆਂ ਵਡੀਆਂ ਕੌਮਾਂ ਹਨ ਗਾਰੋ, ਜੋ ਅਸਲ ਵਿਚ ਮੰਗੋਲ ਨਸਲਾਂ ਦੀ ਸਰਹਦ ਉਤੇ ਹੈਨ, ਨਾਗਾ, ਲੁਸ਼ਾਈ, ਕੂਕੀ, ਲੇਪਚਾ, ਥਾਰੂ, ਕਾਚਰੀ ਅਤੇ ਬੋਕਸਾ। ਇਹ ਤਿਬਤੀ, ਚੀਨੀ ਤੇ ਬਰਮੀ ਹੱਦਾਂ ਤੀਕ ਫੈਲੀਆਂ ਹੋਈਆਂ ਹਨ। ਇਹਨਾਂ ਤੋਂ ਛੁੱਟ ਅਸਲ ਪ੍ਰਾਚੀਨ ਕੌਮਾਂ ਕੇਂਦਰੀ ਤੇ ਪੱਛਮੀ ਹਿੰਦ ਦੇ ਨਾ ਪਾਰ ਹੋਣ ਵਾਲੇ ਇਲਾਕਿਆਂ ਤੇ ਦਖਣ ਵਿਚ ਵੀ ਫੈਲੀਆਂ ਹੋਈਆਂ ਹਨ। ਦੱਖਣ ਪੱਛਮੀ ਹਿੰਦ ਦੇ ਨਾਇਰਾਂ ਵਿਚ ਇਕ ਤੀਵੀਂ ਦੇ ਕਈ ਪਤੀ ਹੁੰਦੇ ਹਨ। ਇਹਨਾਂ ਵਿਚਾਲੇ ਜੈਦਾਦ ਦਾ ਵਾਰਸ ਪਤੀ ਦਾ ਲੜਕਾ ਨਹੀਂ ਸਗੋਂ ਭੈਣ ਦਾ ਲੜਕਾ ਹੁੰਦਾ ਹੈ। ਸੰਥਾਲਾਂ ਦੀ ਬੜੀ ਵੱਡੀ ਤੇ ਸ਼ਕਤੀ ਸ਼ਾਲੀ ਕੌਮ, ਜਿਹਦੀ ਬਗਾਵਤ ਨੇ ਪਿਛਲੇ ਕੁਝ ਸਾਲ ਹੋਏ ਗੌਰਮਿੰਟ ਨੂੰ ਫਿਕਰ ਪਾ ਦਿਤਾ ਸੀ; ਕਲਕਤੇ ਦੇ ਪਾਸ ਰਾਜ ਮਹਲ ਦੀਆਂ ਪਹਾੜੀਆਂ ਵਿਚ ਵਸਦੀ ਹੈ ਅਤੇ ਗੋਂਡ‡ ਜਿਹੜੇ ਅਜੇ ਪਿਛਲੇ ਦਿਨਾਂ ਤੀਕ ਖੌਫਨਾਕ ਮਨੁਖਾ ਸ਼ਿਕਾਰ ਦੇ ਆਦੀ ਸਨ ਉਹਨਾਂ ਪਹਾੜਾਂ ਵਿਚ ਵਸਦੇ ਹਨ, ਜੋ ਉੜੀਸੇ ਨੂੰ ਦਖਣ ਤੋਂ ਵਖ ਕਰਦੇ ਹਨ।

ਗੋਂਡ ਲੋਕਾਂ ਦਾ ਰੰਗ ਡੂੰਘਾ ਕਾਲਾ ਤੇ ਵਾਲ ਘਣੇ ਲੰਮੇ ਤੇ ਕਾਲੇ ਹੁੰਦੇ ਹਨ। ਉਹਨਾਂ ਦੀ ਬੋਲੀ ਵੀ ਵਚਿਤਰ ਹੈ। ਉਹ ਖਾਲਸ ਪੁਰਾਣੀ ਨਸਲ ਦੇ ਲੋਕ ਹਨ। ਉਹਨਾਂ ਨੇ ਆਪਣੇ ਵਸ਼ੇਸ਼ ਰਸਮ ਰਿਵਾਜ ਤੇ ਪੂਜਾ ਪਾਠ ਦੇ ਢੰਗ ਕਾਇਮ ਰਖੇ ਹਨ ਤੇ ਆਪਣੇ ਆਪ ਨੂੰ ਹਿੰਦੂਆਂ ਨਾਲ ਰਲਾ ਗੋਬਲਾ ਨਹੀਂ ਹੋਣ ਦਿਤਾ। ਕੋਲੀ*; ਭੀਲ ਅਤੇ ਗੋਂਡ ਮੱਧ ਭਾਰਤ ਵਿਚਲੇ ਵਿੰਧਿਆ, ਸਤ ਪੁੜਾ ਅਤੇ ਅਰਵਲੀ ਪਰਬਤਾਂ ਵਿਚ ਹੀ ਵਸਦੇ ਹਨ। ਗੋਂਡਾ ਦੇ ਵਧੀਕ ਜੰਗਲੀ ਕਬੀਲੇ ਅਜੇ ਵੀ ਜੰਗਲਾਂ ਵਿਚ ਹੀ ਰਹਿੰਦੇ ਅਤੇ ਸ਼ਕਾਰ ਉਤੇ ਜੀਵਨ ਬਤੀਤ ਕਰਦੇ ਹਨ। ਇਹਨਾਂ ਤੋਂ ਪਰੇ ਪੱਛਮ ਵਲ ਮੀਨੇ, ਵਾਘਰ ਤੇ ਮਹਾਰ ਵਸਦੇ ਹਨ। ਇਹਨਾਂ ਸਭਨਾਂ ਨੇ ਆਪਣੇ ਅਸਲ ਰਸਮ ਰਿਵਾਜ ਤੇ ਬੋਲੀ ਬਰਕਾਰ ਰਖੀ ਹੈ। ਮਹਾਰ, ਬੇਈਦਾਰ, ਮਾਂਗ ਵਾਲੀਆਂ, ਪੂਰੀਆਂ, ਵਡਾਰ ਤੇ ਦੂਜੀਆਂ ਜਾਤਾਂ, ਜੋ ਦੱਖਣ ਤੇ ਮੈਸੂਰ ਵਿਚ ਵਸਦੀਆਂ ਹਨ ਅਤੇ ਕੁਝ ਕੁ ਹੇਠ ਲਿਖੀਆਂ ਕੌਮਾਂ ਬਾਕੀ ਦੇ ਅਸਲ ਵਸਨੀਕਾਂ ਦੀ ਪ੍ਰਤੀਨਿਧਤਾ ਕਰਦੀਆਂ ਹਨ। ਭਾਵੇਂ ਇਹ ਥੋੜੀਆਂ ਬਹੁਤ ਹਿੰਦੂਆਂ ਨਾਲ ਰਲ ਮਿਲ ਗਈਆਂ ਹਨ ਫੇਰ ਵੀ ਇਹਨਾਂ ਨੇ ਆਪਣੇ ਭਰਮ ਤੇ ਵਹਿਮ ਨਹੀਂ ਛਡੇ; ਨਾ ਹੀ ਇਹਨਾਂ ਨੇ ਅਸੁਰਾਂ, ਭੈੜੀਆਂ ਆਤਮਾਵਾਂ, ਅਤੇ ਕੁਦਰਤੀ ਚੀਜ਼ਾਂ ਦੀ ਪੂਜਾ ਹੀ ਛੱਡੀ ਹੈ। ਕਰਾਮ ਬਰ, ਈਰੁਲਰ ਤੇ ਪਲਿਆਰ ਦਖਣੀ ਹਿੰਦ ਦੀ ਪਰਬਤ ਲੜੀ ਅਤੇ ਨੀਲਗਰੀ ਜੋ ਮਦਰਾਸ ਦੀ ਸਿਹਤਗਾਹ ਹੈ, ਦੇ ਪਹਾੜਾਂ ਵਿਚ, ਪਾਏ ਜਾਂਦੇ ਹਨ। ਇਹ ਲੋਕ ਘਣੇ ਜੰਗਲਾਂ ਵਿਚ ਰਹਿੰਦੇ ਅਤੇ ਅੰਡੇਮਾਨ ਦੇ ਟਾਪੂਆਂ ਦੇ ਆਦਮ ਖੋਰ ਲੋਕਾਂ ਵਰਗਾ ਜੰਗਲੀ ਜੀਵਨ ਜੀਉਂਦੇ ਹਨ।

## ਆਰੀਆਂ ਦਾ ਇਹਨਾਂ ਨੂੰ ਪੰਜਾਬ ਦੇ ਮੈਦਾਨ ਵਿਚੋਂ ਕਢਣਾ

ਉੱਤਰ ਪੱਛਮ ਵਲੋਂ ਆਏ ਹੋਏ ਆਰੀਆ ਨਸਲ ਦੇ ਲੋਕਾਂ ਨੇ ਹਿੰਦ ਦੀਆਂ ਅਸਲ ਜਾਤੀਆਂ ਨੂੰ ਫਤਹ ਕਰਨ ਮਗਰੋਂ ਪਹਾੜਾਂ, ਜੰਗਲਾਂ ਤੇ ਨੀਵੀਂ ਧਰਤੀ ਵਲੇ ਕੱਢ ਦਿਤਾ, ਜਿਥੇ ਕਿ ਇਹ ਹੁਣ ਆਬਾਦ ਹਨ! ਇਹਨਾਂ ਨਾਲ ਵੀ ਠੀਕ ਉਵੇਂ ਹੀ ਹੋਇਆ ਜਿਵੇਂ ਕਿ ਅਰਬਾਂ ਨੇ ਹਸਪਾਨਵੀ ਗੋਥਾਂ ਨੂੰ ਫਤਹ ਕਰਕੇ ਗੈਲੀਸੀਅਨ ਤੇ ਆਸਟਰੀਅਨ ਪਹਾੜਾਂ ਵਲ ਧਕੇਲ ਦਿਤਾ ਸੀ, ਅਥਵਾ ਜਰਮਨ ਦੀ ਫਤਹ ਮਗਰੋਂ ਸੈਕਸਨ ਲੁਟੇਰੇ ਦੂਰ ਪਹਾੜਾਂ ਤੇ ਦਲਦਲਾਂ ਵਿਚ ਚਲੇ ਗਏ ਸਨ। ਇਸ ਤਰ੍ਹਾਂ ਆਰੀਆ ਲੋਕ ਉਸ ਪੁਰਾਤਨ ਵਸੋਂ ਵਿਚ ਨਾ ਰਲੇ, ਜਿਸ ਨੂੰ ਉਹਨਾਂ ਨੇ ਫਤਹ ਕੀਤਾ। ਸਗੋਂ ਪ੍ਰਾਕ੍ਰਿਤ ਲੋਕਾਂ ਨੂੰ ਇਲਾਕੇ ਵਿਚੋਂ ਕੱਢ ਕੇ ਉਹਨਾਂ ਨੂੰ ਅਲੰਘ ਜੰਗਲਾਂ ਤੇ ਪਹਾੜਾਂ ਵਿਚ ਪਨਾਹ ਲੈਣ ਲਈ ਮਜਬੂਰ ਕਰ ਦਿਤਾ। ਜਿਨ੍ਹਾਂ ਲੋਕਾਂ ਨੇ ਉਹਨਾਂ ਦੀ ਸਭਿਅਤਾ ਧਾਰਨ ਕਰ ਲਈ ਉਹਨਾਂ ਨੂੰ ਆਪਣੇ ਮਾਤਹਿਤ ਕਰਕੇ ਰਹਿਣ ਦੀ ਖੁਲ੍ਹ ਦੇ ਦਿਤੀ ਗਈ। ਇਹ ਉਹੋ ਮਿਲਗੋਭਾ ਕੌਮਾਂ ਹਨ ਜੋ ਅਜ ਕਲ ਪੇਸ਼ਾਵਰ ਕਾਸ਼ਤਕਾਰ, ਕਾਰੀਗਰ, ਮਜ਼ਦੂਰ ਅਤੇ ਬਰਵਾਲੇ (ਪਹਿਰੇਦਾਰ) ਦੇ ਰੂਪ ਵਿਚ ਹਿੰਦੂ ਪਿੰਡਾਂ ਵਿਚ ਪਾਏ ਜਾਂਦੇ ਹਨ।

## ਹਿੰਦੂ

ਜਿਹੜੀ ਪੁਰਾਣੀ ਨਸਲ ਵਿਜਈ ਬਣ ਕੇ ਏਥੇ ਆਈ ਉਹ

---

*ਮਰਦੁਮ ਸ਼ੁਮਾਰੀ ਰਿਪਰੋਟ 1881 ਜਿਲਦ 1 ਸਫਾ 112 ਮਿਸਟਰ ਇਬਟਸਨ ਅਗੇ ਚਲ ਕੇ ਲਿਖਦਾ ਹੈ—"ਫਸਾਦ ਖੜਾ ਹੋ ਗਿਆ ਹੈ ਅਤੇ ਮੈਜਿਸਟਰੇਟ ਪਾਸ ਅਪੀਲ ਕੀਤੀ ਗਈ ਹੈ ਕਿ ਉਹ ਚੂਹੜੇ ਨੂੰ ਮੂੰਹ ਭਾਰ ਦੱਬਨ ਤੋਂ ਰੋਕ ਦੇਵੇ। ਜੇ ਚੂਹੜੇ ਨੂੰ ਦਫਨੋਣ ਦੀ ਬਜਾਇ ਸਾੜਿਆ ਜਾਏ ਤਦ ਵੀ ਉਸ ਦੀ ਲਾਸ਼ ਏਸੇ ਪੁਜ਼ੀਸ਼ਨ ਵਿਚ ਰਖੀ ਜਾਏ।"

‡ਇਹ ਲੋਕ ਬੱਚੇ ਅਤੇ ਬਾਲਗਾਂ ਨੂੰ ਜਬਰਨ ਉਠਾ ਲਿਜਾਂਦੇ ਅਤੇ ਉਹਨਾਂ ਨੂੰ ਡੰਗਰਾਂ ਵਾਂਗ ਰੱਸੇ ਨਾਲ ਨੂੜ ਕੇ ਕੁਰਬਾਨੀ ਦੇਣ ਲਈ ਕਤਲ ਕਰ ਦੇਂਦੇ ਹਨ। ਕੁਰਬਾਨ ਕੀਤਾ ਜਾਣ ਵਾਲਾ ਮਨੁਖ ਇਕ ਕਿੱਲੇ ਨਾਲ ਬੰਨ ਦਿਤਾ ਜਾਂਦਾ ਹੈ। ਮਗਰੋਂ ਪਰੋਹਤ ਉਸ ਨੂੰ ਕੁਹਾੜੇ ਨਾਲ ਹਲਕਾ ਜਿਹਾ ਫੱਟ ਲਾਉਂਦਾ ਹੈ। ਇਸ ਦੇ ਪਿਛੋਂ ਜਮਾ ਹੋਈ ਸਭ ਲੋਕਾਈ ਉਸ ਉਤੇ ਟੁੱਟ ਪੈਂਦੀ ਅਤੇ ਉਸ ਦਾ ਮਾਸ ਹੱਡੀਆਂ ਨਾਲੋਂ ਨੋਚ ਲੈਂਦੀ ਹੈ। ਇਹੋ ਜਿਹੀ ਬੋਟੀ ਬੜੀ ਪਵਿਤ੍ਰ ਸਮਝੀ ਜਾਂਦੀ ਹੈ। ਇਸ ਦੇ ਮਗਰੋਂ ਪਰੋਹਤ ਤਾੜ੍ਹੀ ਮਨੂੰ ਅਥਵਾ ਧਰਤੀ ਦੇਵੀ ਦੀ ਪੂਜਾ ਕਰਦਾ ਤੇ ਆਖਦਾ ਹੈ—ਐ ਦੇਵੀ! ਤੁਸਾਂ ਸਾਨੂੰ ਬੜਾ ਕਸ਼ਟ ਦਿਤਾ ਹੈ। ਸਾਡੇ ਬਚਿੱਆਂ ਤੇ ਸਾਡੇ ਬੈਲਾਂ ਵਿਚਾਲੇ ਮਰੀ ਪਾਈ ਅਤੇ ਸਾਡੀ ਫਸਲ ਦਾ ਵਨਾਹ ਕੀਤਾ ਹੈ; ਪਰ ਸਾਨੂੰ ਇਸ ਵਿਰੁਧ ਕੋਈ ਸ਼ਕੈਤ ਨਹੀਂ। ਤੁਹਾਡੀ ਇੱਛਾ ਹੈ ਕਿ ਤੁਹਾਨੂੰ ਕੁਰਬਾਨੀ ਦਿਤੀ ਜਾਏ, ਜਿਸ ਦੇ ਮਗਰੋਂ ਤੁਸੀਂ ਸਾਨੂੰ ਮਾਲਾ ਮਾਲ ਕਰ ਦਿਉਗੇ। ਕੀ ਤੁਸੀਂ ਹੁਣ ਸਾਨੂੰ ਮਾਲਾ ਮਾਲ ਕਰ ਦੇਓਗੇ? ਸਾਡੇ ਡੰਗਰ ਐਨੇ ਬੇ-ਅੰਤ ਹੋ ਜਾਣ ਕਿ ਉਹਨਾਂ ਨੂੰ ਰਖਣ ਜੋਗੀ ਥਾਂ ਨ ਲਭੇ। ਬੱਚੇ ਐਨੇ ਪੈਦਾ ਹੋਣ ਕਿ ਮਾਪੇ ਸਾਂਭ ਨ ਸਕਣ, ਜਿਹਾ ਕਿ ਉਹਨਾਂ ਦੇ ਜਲੇ ਹੋਏ ਹਥਾਂ ਤੋਂ ਪਤਾ ਲਗ ਜਾਏ। ਸਾਡੇ ਸਿਰ ਉਹਨਾਂ ਬੇਅੰਤ ਪਿੱਤਲ ਦੇ ਭਾਂਡਿਆਂ ਨਾਲ ਖਹਿੰਦੇ ਰਹਿਣ ਜੋ ਸਾਡੀਆਂ ਛੱਤਾਂ ਨਾਲ ਲਟਕਦੇ ਰਹਿੰਦੇ ਹਨ। ਚੂਹੇ ਆਪਣੀਆਂ ਖੁਡਾਂ ਲਾਲ ਕਪੜੇ ਤੇ ਰੇਸ਼ਮ ਦੇ ਟੁਕੜਿਆਂ ਨਾਲ ਭਰ ਲੈਣ॥ ਸਾਰੇ ਦੇਸ ਦੀਆਂ ਚੀਲਾਂ ਸਾਡੇ ਪਿੰਡ ਦੇ ਦਰਖਤਾਂ ਉਤੇ ਆਣ ਇਕਠੀਆਂ ਹੋਣ ਤੇ ਉਥੇ ਹਰ ਰੋਜ਼ ਜਾਨਵਰ ਝਟਕਾਏ ਜਾਣ। ਸਾਨੂੰ ਕੋਈ ਪਤਾ ਨਹੀਂ ਕਿ ਕਿਹੜੀ ਕਿਹੜੀ ਚੀਜ਼ ਮੰਗਣੀ ਲਾਭਦਾਇਕ ਹੈ। ਤੁਸੀਂ ਸਭ ਕੁਝ ਜਾਣਦੇ ਹੋ ਕਿ ਸਾਡਾ ਕਿਸ ਗਲੇ ਭਲਾ ਹੈ। ਸਾਨੂੰ ਉਹੋ ਚੀਜ਼ ਦਿਓ, ਜਿਸ ਨਾਲ ਸਾਡਾ ਭਲਾ ਹੋਵੇ—ਜਰਨਲ ਆਫ ਬੰਗਾਲ ਏਸ਼ੀਆਟਿਕ ਸਸਾਇਟੀ ੧੮੫੨।

*ਜਨਰਲ ਬ੍ਰਿਗ ਦਾ ਵਿਚਾਰ ਹੈ ਕਿ ਜਦੋਂ ਯੂਰਪੀਨ ਲੋਕਾਂ ਨ ਪਹਿਲੇ ਪਹਿਲ ਕੋਲੀਆਂ ਨੂੰ ਬਤੌਰ ਪੋਰਟਰ ਦੇ ਮੁਲਾਜ਼ਮ ਰਖਿਆ ਤਦ ਅੰਗਰੇਜ਼ਾਂ ਨੇ ਉਹਨਾਂ ਨੂੰ ਕੂਲੀ ਦੇ ਨਾਮ ਨਾਲ ਸੰਬੋਧਨ ਕੀਤਾ। ਇਹੋ ਨਾਮ ਅਜ ਕਲ ਸਾਰੇ ਹਿੰਦੁਸਤਾਨ ਵਿਚ ਸਭ ਨਸਲ ਦੇ ਪੋਰਟਰਾਂ ਨੂੰ ਦਿਤਾ ਜਾਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਏਥੇ ਹੀ ਹਿੰਦੂ ਨਾਮ ਨਾਲ ਵਸ ਗਈ ਤੇ ਹਿੰਦੂ ਕਹਾਉਣ ਲਗ ਪਈ।

## ਸੀਥੀਅਨ ਨਸਲ ਦੇ ਪੁਰਾਤਨ ਕਬੀਲੇ

ਇਤਿਹਾਸ ਤੋਂ ਵੀ ਪਹਿਲੇ ਸਮੇਂ ਦੀ ਯਾਦਗਾਰ ਇਹ ਅਸਲ ਵਸਨੀਕ ਕੌਣ ਹਨ ? ਉਹ ਜਿਨ੍ਹਾਂ ਨੂੰ ਅਜ਼ ਤੋਂ ਤਿੰਨ ਹਜ਼ਾਰ ਸਾਲ ਪਹਿਲੋਂ ਉੱਤਰ ਵਲੋਂ ਆਏ ਹਮਲਾ ਆਵਰਾਂ ਨੇ ਪ੍ਰਜਿਤ ਕੀਤਾ। ਨਿਰਸੰਦੇਹ ਇਹ ਲੋਕ ਕਿਸੇ ਇਕ ਸਾਂਝੀ ਨਸਲ ਵਿਚੋਂ ਸਨ ਅਤੇ ਉਹ ਸਾਂਝੀ ਨਸਲ ਸੀਥੀਅਨ* ਹੀ ਸਨ। ਅਤਿਅੰਤ ਪੁਰਾਤਨ ਯੁਗਾਂ ਤੋਂ ਇਹ ਲੋਕ ਮਧ ਏਸ਼ੀਆ ਦੇ ਉਸ ਮੈਦਾਨ ਵਿਚ ਰਹਿੰਦੇ ਸਨ, ਜੋ ਕਿ ਮੰਗੋਲ ਤੇ ਚੀਨੀ ਨਸਲ ਦਾ ਅਸਲ ਘਰ ਹੈ। ਇਹ ਗਲ ਕੇਵਲ ਉਹਨਾਂ ਦੇ ਚਿਹਰਿਆਂ ਦੇ ਰੰਗ ਰੂਪ ਤੋਂ ਹੀ ਨਹੀਂ ਸਗੋਂ ਉਹਨਾਂ ਦੀਆਂ ਉਨ੍ਹਾਂ ਬੋਲੀਆਂ ਦੀ ਸਾਂਝ ਤੋਂ ਵੀ ਸਿਧ ਹੈ, ਜੋ ਪੂਰਬੀ ਬੰਗਾਲ, ਚੀਨ ਅਤੇ ਆਸਾਮ ਵਿਚ ਬੋਲੀਆਂ ਜਾਂਦੀਆਂ ਹਨ। ਇਹਨਾਂ ਗਲਾਂ ਤੋਂ ਛੁਟ ਉਹਨਾਂ ਦੇ ਧਾਰਮਕ ਨਿਸ਼ਚੇ, ਰਸਮ ਰਿਵਾਜ ਤੇ ਵਰਤੋਂ ਵਿਹਾਰ ਵੀ ਇਕ ਦੂਜੇ ਨਾਲ ਬਹੁਤ ਹਦ ਤੀਕ ਮਿਲਦੇ ਜੁਲਦੇ ਹਨ।

## ਪੱਥਰ ਦੇ ਹਥਿਆਰ

ਦਖਣੀ ਹਿੰਦ ਦੇ ਵਖ ਵਖ ਭਾਗਾਂ ਵਿਚੋਂ ਪਥਰ ਦੇ ਬਣੇ ਹੋਏ ਔਜ਼ਾਰ ਤੇ ਹਥਿਆਰ, ਪਥਰ ਦੇ ਚਾਕੂ ਅਤੇ ਕੁਹਾੜੇ ਪ੍ਰਾਪਤ ਹੋਏ ਹਨ। ਪੁਰਾਤਨ ਸੰਸਕਰਿਤ ਸਾਹਿਤ ਵਿਚੋਂ ਵੀ ਇਹੋ ਗਲ ਸਿਧ ਹੁੰਦਾ ਹੀ ਹੈ ਕਿ ਯੂਰਪ ਦੇ ਦੂਜੇ ਦੇਸਾਂ ਵਾਂਗ ਹਿੰਦੁਸਤਾਨ ਨੇ ਵੀ ਪੱਥਰ ਯੁਗ, ਤਾਂਬਾ ਯੁਗ ਅਤੇ ਲੋਹਾ ਯੁਗ ਦੀਆਂ ਮਜਲਾਂ ਤੈ ਕੀਤੀਆਂ ਹਨ। ਰਾਮਾਯਣ ਵਿਚ ਸ੍ਰੀ ਰਾਮ ਚੰਦਰ ਜੀ ਦੇ ਯੋਧਿਆਂ ਬਾਰੇ ਦਰਜ ਹੈ ਕਿ ਉਹਨਾਂ ਨੇ ਆਪਣੇ ਵੈਰੀਆਂ ਵਿਰੁਧ ਜਿਹੜੇ ਹਥਿਆਰ ਵਰਤੋਂ ਵਿਚ ਲਿਆਂਦੇ, ਉਹ ਪੱਥਰ ਦੇ ਬਣੇ ਹੋਏ ਸਨ। ਇੰਦਰ ਦੀ ਬਿਜਲੀ ਦੀ ਚਮਕ ਨੂੰ ਧਨੁਸ਼ ਬਾਨ ਦਾ ਨਾਮ ਦਿਤ ਗਿਆ ਹੈ।

ਗੋਲ ਤੇ ਕੋਨਦਾਰ ਪੱਥਰਾਂ ਦੀਆਂ ਬਣੀਆਂ ਪੁਰਾਤਨ ਸਮਾਧਾਂ, ਵੱਡੀਆਂ ਵੱਡੀਆਂ ਚੱਟਾਨਾਂ ਅਥਵਾ ਮਿੱਟੀ ਦੇ ਦਮਦਮੇ, ਪੱਥਰ ਦੇ ਮੁਨਾਰੇ, ਸਮਾਧਾਂ, ਥੰਮਾਂ ਉਤੇ ਖੜੇ ਚਪਟੇ ਪੱਥਰ ਤੇ ਮਕਾਨ ਜੋ ਪੂਰਵ ਇਤਿਹਾਸ ਦੇ ਬਣੇ ਹੋਏ ਖਿਆਲ ਕੀਤੇ ਜਾਂਦੇ ਹਨ, ਕਈ ਅਸਥਾਨਾਂ ਉਤੇ ਮਿਲੇ ਹਨ। ਲੋਹੇ ਦੇ ਹਥਿਆਰ ਤੀਰਾਂ ਦੀਆਂ ਅੱਣੀਆਂ, ਬਰਛੀਆਂ ਅਤੇ ਉਹ ਬਰਤਨ ਵੀ ਧਰਤੀ ਵਿਚੋਂ ਦਬੇ ਹੋਏ ਮਿਲੇ ਹਨ ਜਿਨ੍ਹਾਂ ਵਿਤ ਮੁਰਦਿਆਂ ਦੀ ਰਾਖ ਤੇ ਹੱਡੀਆਂ ਸਨ।

## ਇਹ ਹਥਿਆਰ ਅਤੇ ਇਤਿਹਾਸ-ਯੁਗ ਤੋਂ ਪਹਿਲੇ ਦੀਆਂ ਯੂਰਪੀਨ ਯਾਦਗਾਰਾਂ ਇਕੋ ਜੇਹੀਆਂ ਹਨ।

ਇਹ ਸਾਰੇ ਹਥਿਆਰ ਸੀਥੀਅਨ ਅਥਵਾ ਤੁਰਾਨੀਅਨ ਨਮੂਨੇ ਦੇ ਹਨ ਜਿਥੋਂ ਤੀਕ ਇਸਦੀ ਕਾਰੀਗਰੀ ਦਾ ਸੰਬੰਧ ਹੈ ਇਹ ਉਹਨਾਂ ਯਾਦਗਾਰਾਂ ਨਾਲ ਮਿਲਦੇ ਜੁਲਦੇ ਹਨ ਜੋ ਇਤਿਹਾਸ ਦੇ ਸਮੇਂ ਤੋਂ ਵੀ ਪਹਿਲੇ ਦੇ ਇੰਗਲੈਂਡ ਤੇ ਯੂਰਪ ਦੇ ਵੱਖ ਵੱਖ ਅਲਾਕਿਆਂ ਵਿਚੋਂ ਪ੍ਰਾਪਤ ਹੋਏ। ਕਲਕਤੇ ਦੇ ਇੰਡੀਅਨ ਮਿਉਜ਼ੀਅਮ ਵਿਚ ਪੱਥਰ ਦੇ ਹਥਿਆਰ ਰਖੇ ਹੋਏ ਹਨ; ਜਿਨ੍ਹਾਂ ਵਿਚ ਬਹੁਤੇ ਚਾਕੂ, ਛੁਰੀਆਂ ਅਤੇ ਤੀਰਾਂ ਦੀਆਂ ਅਣੀਆਂ ਹਨ।

## ਇਸ ਘਟਨਾ ਤੋਂ ਕਢੇ ਗਏ ਸਿੱਟੇ

ਇਹ ਸਾਰੀਆਂ ਪੁਰਾਤਨ ਯਾਦਗਾਰਾਂ ਸਪਸ਼ਟ ਦਸਦੀਆਂ ਹਨ ਕਿ ਕਿਸੇ ਦੂਰ ਦੁਰਾਡੇ ਪੁਰਾਤਨ ਸਮੇਂ ਵਿਚ ਉਦੋਂ ਜਦੋਂ ਆਰੀਆ ਲੋਕ ਅਜੇ ਭਾਰਤ ਅੰਦਰ ਦਾਖਲ ਨਹੀਂ ਸਨ ਹੋਏ ਇਸ ਦੇਸ਼ ਵਿਚ ਮਨੁਖਾਂ ਦੀ ਇਕ ਐਸੀ ਪੁਰਾਣੀ ਨਸਲ ਰਹਿੰਦੀ ਸੀ,ਜੋ ਜਨਮ ਦੇ ਲਿਹਾਜ਼ ਨਾਲ ਤੁਰਾਨੀਅਨ ਯਾ ਸੀਥੀਅਨ ਸੀ। ਇਹ ਲੋਕ ਅਤਿਅੰਤ ਦਖਣੀ ਰਸਤੇ ਰਾਹੀਂ ਹਿੰਦ ਵਿਚ ਦਾਖਲ ਹੋਏ। ਇਹਨਾਂ ਨੂੰ ਪੰਜਾਬ ਦੇ ਉੱਤਰ ਪੱਛਮੀ ਅਸਲ ਵਸਨੀਕਾਂ ਨਾਲ ਰਲਾ ਗੋਬਲਾ ਨਹੀਂ ਕਰਨਾ ਚਾਹੀਦਾ।

## ਕੁਮਾਊ ਦੀਆਂ ਪਹਾੜੀ ਚੱਟਾਨਾਂ ਉਤੇ ਪਿਆਲੇ ਦੇ ਨਿਸ਼ਾਨ

ਕੁਮਾਊ ਦੀਆਂ ਪਹਾੜੀਆਂ ਵਿਚਲੀਆਂ ਚੱਟਾਨਾਂ ਉਤੇ ਪਿਆਲੀਆਂ ਦੇ ਨਿਸ਼ਾਨ ਮਿਲਦੇ ਹਨ ਅਥਵਾ ਚਿੱਟਾਨ ਦੇ ਮਥੇ ਉਤੇ ਡੇਢ ਇੰਚ ਤੋਂ ਲੈ ਕੇ ਛੀ ਇੰਚ ਗੋਲ ਅਤੇ ਅੱਧੀ ਇੰਚ ਤੋਂ ਇਕ ਇੰਚ ਤੀਕ ਡੂੰਘੇ ਛੇਕ ਕਢੇ ਹੋਏ ਹਨ।

## ਸਕਾਟਲੈਂਡ ਤੇ ਇੰਗਲੈਂਡ ਦੀਆਂ ਚਟਾਨਾਂ ਉਤੇ ਵੀ ਇਹੋ ਜਿਹੇ ਚਿਨ੍ਹ

ਸਰ ਜੇ ਸਿੰਮਸਨ ਦੀ ਕਿਰਤ ਆਰਚਟਿਕ ਸਕਲਪਚਰਿੰਗਸ (Archtics Sculpturings) ਵਿਚ ਵੀ ਇਹੋ ਜਿਹੇ ਪਿਆਲਿਆਂ ਅਤੇ ਗੋਲੀਆਂ ਦਾ ਵਰਨਣ ਆਉਂਦਾ ਹੈ, ਜੋ ਸਕਾਟਲੈਂਡ ਇੰਗਲੈਂਡ, ਅਤੇ ਯੂਰਪ ਦੇ ਦੂਜੇ ਦੇਸਾਂ ਦੀਆਂ ਪੱਥਰੀ ਚਟਾਨਾਂ ਉਤੇ ਪਾਏ ਗਏ।

## ਸਿੱਟੇ

ਸਥਾਨਕ ਰਵਾਇਤ ਦੇ ਮੁਤਾਬਕ ਕੁਮਾਊਂ ਦੀਆਂ ਚਿੱਟਾਨਾਂ ਦੇ ਚਿਨ੍ਹ ਗੁਆਲਿਆਂ ਦੀ ਕਾਰਾਗਰੀ ਸੀ। ਹਿੰਦ ਅਤੇ ਯੂਰਪ ਦੇ ਵਖ ਵਖ ਇਲਾਕਿਆਂ ਵਿਚਲੀਆਂ ਚੱਟਾਨਾਂ ਉਤੇ ਉਕਰੇ ਹੋਏ ਪਿਆਲਿਆਂ ਦੇ ਚਿੰਨਾਂ ਦੀ ਦਰਿਆਫਤ ਤੋਂ ਪੁਰਾਤਨ ਯਾਦਗਾਰਾਂ ਦੇ ਪੜਤਾਲੀਆਂ ਨੇ ਵਸ਼ੇਸ਼ ਨਤੀਜੇ ਕਢੇ ਹਨ। ਉਹ ਸਾਰੇ ਹੀ ਇਸ ਗਲ ਉਤੇ ਸਹਿਮਤ ਹਨ ਕਿ ਉਹ ਕੁਦਰਤੀ ਬਣਤਰ ਦੇ ਨਹੀਂ ਹਨ ਸਗੋਂ ਕਾਰਾਗਰੀ ਨਾਲ ਬਣਾਏ ਗਏ ਹਨ ਅਤੇ ਪੱਥਰ ਘਾੜਿਆਂ ਦੇ ਹੁਨਰ ਨੂੰ ਪ੍ਰਗਟ ਉਂਦੇ ਹਨ। ਮਿਸਟਰ ਰਿਵਟ ਕਾਰਨਕ ਨੇ ਕੁਮਾਊ ਪਹਾੜੀਆਂ ਦੇ ਚਿੰਨਾਂ ਦੀ ਬੜੀ ਗਹੁ ਨਾਲ ਪਰਖ ਕੀਤੀ ਸੀ। ਉਸ ਦੇ ਮਤਿ ਅਨੁਸਾਰ ਇਹ ਯਾਦਗਾਰਾਂ ਗੁਵਾਲਿਆਂ ਦਾ ਕੰਮ ਹੈ। ਇਹੋ ਖਿਆਲ ਇਥੋਂ ਸੈਂਕੜੇ ਮੀਲ ਦੱਖਣ ਵਿਚ ਮਧ ਹਿੰਦ ਅਤੇ ਕੁਮਾਊ ਦੇ ਲੋਕਾਂ ਵਿਚ ਪਾਏ ਜਾਂਦੇ ਹਨ। ਹਿਮਾਲਾ ਅਤੇ ਮਧ ਹਿੰਦ ਦੇ ਕਈ ਭਾਗਾਂ ਵਿਚ ਇਹ ਖਿਆਲ ਪਾਇਆ ਜਾਂਦਾ ਹੈ ਕਿ ਆਰੀਅਨ ਸਭਿਅਤਾ ਦੇ ਆਉਣ ਤੋਂ ਪਹਿਲੇ ਇਥੇ ਗੁਆਲਾ ਖਾਨਦਾਨ ਅਥਵਾ ਗਡਰੀਆ ਬਾਦਸ਼ਾਹਾਂ ਦਾ ਰਾਜ ਰਹਿ ਚੁਕਾ ਹੈ। ਮਿਸਟਰ ਕਾਰਨਕ ਇਸ ਗਲ ਨੂੰ ਸੰਭਵ ਸਮਝਦਾ ਹੈ ਕਿ "ਇਹ ਨਿਸ਼ਾਨੀਆਂ ਐਸੀ ਇਕ ਖਾਨਾਬਦੋਸ਼ ਨਸਲ ਦੇ ਉਟ ਪਟਾਂਗ ਰੀਕਾਰਡ ਹਨ, ਜਿਸ ਨੇ ਸੰਸਾਰ-ਇਤਿਹਾਸ ਦੇ ਸ਼ੁਰੂ ਜ਼ਮਾਨੇ ਵਿਚ ਮਧ ਏਸ਼ੀਆ ਵਿਚੋਂ ਨਿਕਲ ਕੇ ਵਖ ਵਖ ਦਿਸ਼ਾਵਾਂ ਵਿਚ ਸਫਰ ਕੀਤਾ ਅਤੇ ਆਪਣੀ ਹੋਂਦ ਦੀਆਂ ਉਹ ਨਿਸ਼ਾਨੀਆਂ ਯੂਰਪ ਤੇ ਹਿੰਦ ਵਿਚ ਛਡੀਆਂ, ਜੋ ਦੂਰ ਦੁਰਾਡੇ ਪਹਾੜੀ ਦੇਸਾਂ ਵਿਚ ਚੱਟਾਨਾਂ ਦੀ ਪੁਟਾਈ ਤੇ ਸਮਾਧਾਂ ਦੇ ਰੂਪ ਵਿਚ ਪਾਈਆਂ ਜਾਂਦੀਆਂ ਹਨ। ਆਪਣੇ ਤੋਂ ਵਧੀਕ ਸਭਯ ਅਤੇ ਵਧੀਕ ਸ਼ਕਤੀ

*ਜਨਰਲ ਬ੍ਰਿਗ ਦਾ ਮਤਿ ਹੈ ਕਿ ਇਹ ਲੋਕ ਸੀਥੀਅਨ ਅਥਵਾ ਮਧ ਏਸ਼ੀਆ ਦੀਆਂ ਕੌਮਾਂ ਵਿਚੋਂ ਇਕੋ ਨਸਲ ਦੇ ਮਨੁਖ ਹਨ। ਮਿਸਟਰ ਹਾਜਸਨ ਸਾਬਕ ਰੈਜ਼ੀਡੰਟ ਨੇਪਾਲ ਦੇ ਵੀਚਾਰ ਵੀ ਇਹੋ ਹਨ।

Sri Satguru Jagjit Singh Ji eLibrary NamdhariElibrary@gmail.com

ਸ਼ਾਲੀ ਨਸਲ ਮੂਹਰੇ ਉਹਨਾਂ ਨੂੰ ਪਿਛੇ ਹਟਣਾ ਪਿਆ। ਇਹਨਾਂ ਸ਼ਕਤੀ ਸ਼ਾਲੀ ਨਸਲਾਂ ਵਿਚੋਂ ਇਕ ਸੀਥੀਅਨ ਅਥਵਾ ਚਰਵਾਹੇ ਬਾਦਸ਼ਾਹ ਤੇ ਦੂਜੇ ਆਰੀਏ ਸਨ। ਇਹ ਦੋਵੇਂ ਇਕੋ ਪਿਓ ਦਾਦੇ ਦੀ ਔਲਾਦ ਸਨ, ਜਿਨ੍ਹਾਂ ਨੂੰ ਵਧਦੀ ਹੋਈ ਗਿਣਤੀ ਤੇ ਹੋਰ ਲੋੜਾਂ ਦੇ ਕਾਰਨ ਆਪਣਾ ਮਧ ਏਸ਼ੀਆ ਦਾ ਸਾਂਝਾ ਘਰ ਛਡਣਾ ਪਿਆ। ਆਪਣਾ ਵਤਨ ਛਡਣ ਮਗਰੋਂ ਇਹਨਾਂ ਨੇ ਪੱਛਮ ਅਤੇ ਦੱਖਣ ਵਲ ਦੇ ਦੂਰ ਦੁਰਾਡੇ ਤੇ ਉਪਜਾਊ ਦੇਸ਼ ਮਲੂਮ ਕੀਤੇ ਤੇ ਨਾਲ ਹੀ ਉਹਨਾਂ ਦੇਸ਼ਾਂ ਨੂੰ ਆਪਣੇ ਅਧੀਨ ਵੀ ਕੀਤਾ।"

## ਕਾਂਗੜੇ ਦੀਆਂ ਚਿੱਟਾਨਾਂ ਉਤੇ ਗੋਲ ਨਿਸ਼ਾਨਾਂ ਦੀ ਦਰਿਆਫ਼ਤ

ਮਿਸਟਰ ਕੈਂਪਬਲ ਨੇ ਪੰਜਾਬ ਵਿਚ ਕਾਂਗੜੇ ਦੀਆਂ ਚਿੱਟਾਨਾਂ ਉਖਰ ਉਕਰੇ ਹੋਏ ਉਹੋ ਜਿਹੇ ਗੋਲ ਨਿਸ਼ਾਨ ਵੇਖੇ, ਜਿਹੋ ਜਿਹੇ ਕਿ ਉਪਰ ਬਿਆਨੇ ਗਏ ਹਨ। ਡਾਕਟਰ ਏ. ਐਮ. ਵਾਰਚੀਅਰ ਨੇ ਵੀ ਦਰਿਆ ਸਿੰਧ ਉਪਰ ਜੱਬੀ ਤੇ ਨਿੱਕੀ ਵਿਚਾਲੇ ਵੱਡੇ ਵਡੇ ਪਹਾੜੀ ਟਿਲਿਆਂ ਉਤੇ ਛੋਟੇ ਛੋਟੇ ਛੇਕ ਅਥਵਾ ਪਿਆਲੀਆਂ ਦੇ ਨਿਸ਼ਾਨ ਦਰਿਆਫਤ ਕੀਤੇ ਸਨ।

## ਅਮਰੀਕਾ ਤੇ ਆਇਰਲੈਂਡ ਵਿਚ ਦੀ ਖੋਜ

ਡਾਕਟਰ ਚਾਰਲਸ ਰੇਸ ਨੇ ਅਮਰੀਕਾ ਅਤੇ ਆਇਰਲੈਂਡ ਵਿਚ ਵੀ ਇਹੋ ਜਿਹੇ ਨਿਸ਼ਾਨਾਂ ਦਾ ਪਤਾ ਲਾਇਆ ਸੀ। ਇਹ ਨਿਸ਼ਾਨੀਆਂ ਜਿਹੜੀਆਂ ਯੂਰਪ ਤੇ ਹਿੰਦ ਦੇ ਵੱਖ ਵੱਖ ਹਿਸਿਆਂ ਵਿਚ ਇਕੋ ਜਿਹੀਆਂ ਮਿਲੀਆਂ, ਇਹ ਪ੍ਰਗਟ ਕਰਦੀਆਂ ਹਨ ਕਿ ਕਦੇ ਬਹੁਤ ਪ੍ਰਾਚੀਨ ਸਮੇਂ ਵਿਚ ਇਹਨਾਂ ਦੇਸਾਂ ਵਿਚ ਇਕ ਜਾਂਗਲੀ ਕਿਸਮ ਦੇ ਲੋਕਾਂ ਦੀ ਨਸਲ ਵਸਦੀ ਸੀ; ਜਿਸ ਦਾ ਇਕ ਭਾਗ ਪੱਛਮ ਵਲ ਤੇ ਦੂਜਾ ਦੱਖਣ ਵਲ ਨਵੇਂ ਇਲਾਕੇ ਤੇ ਨਵੀਆਂ ਚਰਾਂਦਾਂ ਦੀ ਖੋਜ ਵਿਚ ਨਿਕਲ ਤੁਰਿਆ। ਇਸ ਦਾ ਭਾਵ ਇਹ ਹੈ ਕਿ ਖ਼ਾਨਾ ਬਦੋਸ਼ ਕੌਮਾਂ ਦੀ ਇਕ ਨਸਲ, ਜੋ ਪਹਿਲੇ ਸ਼ੁਰੂ ਸ਼ੁਰੂ ਵਿਚ ਉਤਰੀ ਯੂਰਪ ਵਿਚ ਫੈਲ ਚੁਕੀ ਸੀ, ਪੰਜਾਬ ਅਤੇ ਹਿੰਦੁਸਤਾਨ ਵਿਚ ਵੀ ਆਣ ਦਾਖਲ ਹੋਈ।

## ਉਤਰੀ ਪਹਾੜ ਹੀ ਅਨਾਰੀਆ ਨਸਲਾਂ ਦੇ ਦੇਵਤੇ ਸਨ

ਅਸਲ ਵਸਨੀਕਾਂ ਦੀਆਂ ਕਈ ਕੌਮਾਂ ਵਿਚ ਉਹਨਾਂ ਦੀਆਂ ਪੁਰਾਤਨ ਰਿਹਾਇਸ਼ਾਂ ਬਾਰੇ ਆਪਣੀਆਂ ਹੀ ਰਵਾਇਤਾਂ ਹਨ। ਇਹਨਾਂ ਦੀਆਂ ਠਾਹਰਾਂ ਉਨ੍ਹਾਂ ਉਚੀਆਂ ਪਹਾੜੀਆਂ ਵਿਚ ਸਨ, ਜਿਨ੍ਹਾਂ ਨੂੰ ਉਹ ਲੋਕ ਆਪਣੀ ਨਸਲ ਦੇ ਦੇਵੀ ਦੇਵਤੇ ਸਮਝਦੇ ਸਨ। ਡਾਕਟਰ ਹੰਟਰ ਲਿਖਦਾ ਹੈ, "ਅਜੇ ਕਲ ਤੀਕ ਗੌਂਡ ਲੋਕ ਆਪਣੇ ਮੁਰਦਿਆਂ ਦੇ ਪੈਰ ਉਤਰ ਵਲ ਕਰ ਕੇ ਦਬਦੇ ਸਨ, ਇਸ ਖ਼ਿਆਲ ਨਾਲ ਕਿ ਉਹ ਉਤਰ ਵਿਚਲ ਆਪਣੇ ਘਰ ਨੂੰ ਮੁੜ ਰਵਾਨਾ ਹੋ ਜਾਣ।

## ਅਨਾਰੀਆ ਨਸਲਾਂ ਦੇ ਤਿੰਨ ਭਾਗ

ਭਾਰਤ ਦੀਆਂ ਅਨਾਰੀਆ ਨਸਲਾਂ ਸਾਧਾਰਣ ਤੌਰ ਉਤੇ ਤਿੰਨਾਂ ਨਸਲਾਂ ਵਿਚ ਵੰਡੀਆਂ ਹੋਈਆਂ ਹਨ। ਪਹਿਲੀ ਨਸਲ ਵਿਚ ਉਹ ਤਿਬਤੀ ਬਰਮੀ ਕੌਮਾਂ ਹਨ ਜੋ ਹਿਮਾਲਾ ਦੇ ਪਲੂ ਵਿਚ ਟਿਕ ਗਈਆਂ। ਇਹ ਉਤਰ ਪੂਰਬੀ ਪਰਬਤੀ ਮਾਰਗਾਂ ਰਾਹੀਂ ਹਿੰਦ ਵਿਚ ਦਾਖਲ ਹੋਈਆਂ। ਦੂਜੀ ਨਸਲ, ਜਿਸ ਨੂੰ ਕੋਲਾਰੀਅਨ ਆਖਦੇ ਹਨ, ਉਹ ਵੀ ਉਤਰ ਪੂਰਬੀ ਪਰਬਤ-ਮਾਰਗਾਂ ਰਾਹੀਂ ਬੰਗਾਲ ਵਿਚ ਦਾਖ਼ਲ ਹੋਈ। ਦਰਾਵੜ ਅਰਥਾਤ ਤੀਜੀ ਨਸਲ ਉਤਰ ਪੱਛਮ* ਵਲੋਂ ਪੰਜਾਬ ਵਿਚ ਆਈ।

## ਦਰਾਵੜੀਆਂ ਦੀ ਤੁਰਾਨੀ ਬੋਲੀ ਨਾਲ ਇਕਸਾਰਤਾ

ਦਰਾਵੜ ਹੁਣ ਹਿੰਦ ਦੇ ਦਖਣ ਵਿਚ ਕੰਨਿਆ ਕੁਮਾਰੀ ਦੇ ਇਲਾਕੇ ਤੀਕ ਵਸ ਗਏ। ਬੋਲੀਆਂ ਦੇ ਮਾਹਰ ਪੜਤਾਲ ਮਗਰੋਂ ਇਸ ਸਿਟੇ ਉਤੇ ਪੁਜੇ ਹਨ ਕਿ ਇਹਨਾਂ ਦੀਆਂ ਬੋਲੀਆ ਦੀ ਪੁਰਾਤਨ ਤੁਰਾਨੀਆਂ ਅਥਵਾ ਸੀਥੀਅਨਾਂ ਦੀ ਬੋਲੀ ਨਾਲ ਪੂਰੀ ਪੂਰੀ ਸਾਂਝ ਹੈ। ਇਹ ਗਲ ਅਤੇ ਸੀਥੀਅਨ ਤਰਜ ਦੀਆਂ, ਇਤਿਹਾਸ ਤੋਂ ਪਹਿਲੇ ਦੀਆਂ, ਅਮਿਟ ਯਾਦਗਾਰਾਂ ਜਿਨ੍ਹਾਂ ਦਾ ਪਹਿਲੇ ਵਰਨਣ ਹੋ ਚੁਕਾ ਹੈ। ਇਸ ਗਲ ਨੂੰ ਸਿਧ ਕਰਦੀਆਂ ਹਨ ਕਿ ਆਰੀਆ ਲੋਕਾਂ ਦੇ ਇਸ ਦੇਸ ਨੂੰ ਫ਼ਤਹਿ ਕਰਨ ਤੋਂ ਵੀ ਬਹੁਤ ਸਮਾਂ ਪਹਿਲੇ ਭਾਰਤ ਦੇ ਦਖਣ ਵਿਚ ਤੁਰਾਨੀ ਅਥਵਾ ਸੀਥੀਅਨ ਲੋਕ ਆਬਾਦ ਹੋ ਚੁਕੇ ਸਨ। ਇਸ ਤੋਂ ਸਿਧ ਹੁੰਦਾ ਹੈ ਕਿ ਉਹਨਾਂ ਕੌਮਾਂ ਵਲੋਂ ਲਗਾਤਾਰ ਹਮਲੇ ਹੁੰਦੇ ਰਹੇ ਜੋ ਨਿਰਸੰਦੇਹ ਸੀਥੀਅਨ ਨਸਲ ਵਿਚੋਂ ਹੀ ਸਨ।

## ਵੇਦਕ ਸ਼ਲੋਕਾਂ ਵਿਚ ਪ੍ਰਾਚੀਨ ਕੌਮਾਂ ਲਈ ਘਿਰਣਾ

ਹਿੰਦੂਆਂ ਦੇ ਪਹਿਲੇ ਪਹਿਲ ਹਮਲੇ ਸਮੇਂ ਜਿਹੜੇ ਅਸਲ ਵਸਨੀਕ ਹਿੰਦ ਵਿਚ ਆਬਾਦ ਸਨ ਉਹਨਾਂ ਨੂੰ ਰਿਗਵੇਦ ਵਿਚ ਇਹਨਾਂ ਨਾਵਾਂ ਨਾਲ ਸੰਬੋਧਨ ਕੀਤਾ ਗਿਆ ਹੈ—ਅਸੁਰ, ਰਾਖ਼ਸ਼ਸ, ਸਯੂਮ, ਦਸਯੂ, ਦਾਸ ਅਥਵਾ ਗੁਲਾਮ। ਰਿਗਵੇਦ ਵਿਚ ਆਰੀਆ ਲੋਕ ਇਹ ਪ੍ਰਾਰਥਨਾ ਦੇਵਤਿਆਂ ਪਾਸ ਕਰਦੇ ਹਨ ਕਿ ਉਹਨਾਂ ਨੂੰ ਉਹਨਾਂ ਲੋਕਾਂ ਦੇ ਟਾਕਰੇ ਉਤੇ ਵਿਜੇ ਦਿਤੀ ਜਾਏ ਜਿਨ੍ਹਾਂ ਨੂੰ ਉਹ ਆਪਣੇ ਨਾਲੋਂ ਨਿਖੇੜਨ ਲਈ ਗਹਿਰੇ ਨੀਲੇ ਬਦਲ ਬਿਆਨਦੇ ਹਨ। ਦੇਵਤਿਆਂ ਤੋਂ ਮੰਗ ਮੰਗੀ ਗਈ ਹੈ ਕਿ ਦਸਯੂ ਲੋਕ ਉਹਨਾਂ ਦੇ ਖਬੇ ਹਥ ਰਹਿਣ, ਉਹਨਾਂ ਦੇ ਹਥਿਆਰ ਖੋਹ ਲਏ ਜਾਣ। ਆਰੀਆਂ ਦੇ ਐਸ਼ਵਰਜ਼ ਤੇ ਸ਼ਕਤੀ ਵਿਚ ਵਾਧਾ ਹੋਵੇ, ਵਿਰੋਧੀ ਦਸਯੂ ਲੋਕਾਂ ਦਾ ਨਾਸ਼ ਹੋਵੇ ਅਤੇ ਕਾਲੀਆਂ ਚਮੜੀਆਂ ਨੂੰ ਆਰੀਆਂ ਦੀ ਪਰਜਾ ਬਣਾਇਆ ਜਾਏ। ਦਸਯੂ ਲੋਕਾਂ ਨੂੰ "ਵੈਰੀ" ਅਤੇ "ਭੂਤਨੇ" ਆਖਿਆ ਗਿਆ ਹੈ। ਆਰੀਆ ਦੇਵਤਿਆਂ ਦਾ ਇਸ ਲਈ ਧੰਨਵਾਦ ਕੀਤਾ ਗਿਆ ਹੈ ਕਿ ਉਹਨਾਂ ਨੇ ਕਾਲੀ ਕਲੂਟੀ ਨਸਲ ਦੇ ਦਾਸ ਵੈਰੀਆਂ ਨੂੰ ਖਿੰਡਾ ਦਿਤਾ ਹੈ। ਦਸਯੂ ਲੋਕਾਂ ਬਾਰੇ ਦਸਿਆ ਹੈ ਕਿ ਉਹ ਨੱਕ ਚਪਟੇ ਵਾਲੇ, ਅਥਵਾ ਨੱਕ-ਹੀਣ ਅਯਗਰ ਹਨ। ਉਹਨਾਂ ਨੂੰ ਦੇਵਤੇ ਰਹਿਤ ਕਾਲੇ ਚਿਹਰਿਆਂ ਵਾਲੀ ਕੌਮ ਦਸਿਆ ਗਿਆ ਹੈ, ਜਿਨ੍ਹਾਂ ਦਾ ਨਾ ਕੋਈ ਰਸਮ ਰਿਵਾਜ ਹੈ, ਨਾ ਹੀ ਉਹ ਕੋਈ ਕੁਰਬਾਨੀ ਕਰਦੇ ਹਨ।

## ਸ਼ਹਿਰਾਂ ਵਿਚ ਵੱਸਣ ਵਾਲੇ

ਉਹਨਾਂ ਬਾਰੇ ਲਿਖਿਆ ਹੈ ਕਿ ਉਹ ਸ਼ਹਿਰਾਂ ਵਿਚ,, ਸੋਹਣੇ ਬਣੇ ਹੋਏ ਮਕਾਨਾਂ ਵਿਚ ਰਹਿੰਦੇ ਸਨ। ਇਹੋ ਇਕ ਗਲ ਸਪਸ਼ਟ ਦਸਦੀ ਹੈ ਕਿ ਅਤਿ ਪੁਰਾਤਨ ਸਮੇਂ ਵਿਚ ਹੀ ਅਸਲ ਵਸਨੀਕਾਂ ਨੇ ਸਭਿਅਤਾ ਵਿਚ ਚੋਖੀ ਉੱਨਤੀ ਕਰ ਲਈ ਸੀ ਪਰ ਹੁਣ ਉਹਨਾਂ ਦਾ

*ਹੰਟਰ ਦੇ ਮਤਿ ਅਨੁਸਾਰ ਉਤਰ-ਪੱਛਮੀ ਡਰਾਵੇਡੀਅਨ ਅਤੇ ਉਤਰ-ਪੂਰਬੀ ਕੋਲਾਰੀਅਨ ਦਾ ਸੰਗਮ ਮਧ ਭਾਰਤ ਵਿਚ ਹੋਇਆ। ਡਰਾਵੇਡੀਅਨ ਦੇ ਭਾਰੀ ਦਲ ਉਤਰ ਤੋਂ ਦੱਖਣ ਵਲ ਵਧ ਗਏ ਅਤੇ ਉਨ੍ਹਾਂ ਨੇ ਕੋਲਾਰੀਅਨ ਨੂੰ ਪੂਰਬ ਤੇ ਪੱਛਮ ਵਲ ਧੱਕ ਦਿਤਾ।

Sri Satguru Jagjit Singh Ji eLibrary NamdhariElibrary@gmail.com

ਬਹੁਤ ਪਤਨ ਹੋ ਚੁਕਾ ਹੈ। ਇਸੇ ਤਰ੍ਹਾਂ ਪੁਰਾਤਨ ਹਿੰਦੀ ਦੇਵਤੇ ਇੰਦਰ ਨੂੰ ਅਸੁਰਾਂ ਦੇ ਬਾਪ ਦਾਦੇ ਦੇ ਸ਼ਹਿਰਾਂ ਨੂੰ ਮਲੀਆ-ਮੇਟ ਕਰਨ ਵਾਲਾ ਅਤੇ ਸ਼ਹਿਰਾਂ ਦੇ ਰਾਖਿਆਂ ਦੀਆਂ ਜੜ੍ਹਾਂ ਪੁਟਣ ਵਾਲਾ ਦਸਿਆ ਗਿਆ ਹੈ, ਜੋ ਦਸਯੂ ਲੋਕਾਂ ਦੇ ਸ਼ਹਿਰ ਉਜਾੜਦਾ ਅਤੇ ਵੈਰੀ ਦੇ ਦੇਵਤੇ ਰਹਿਤ ਨਗਰਾਂ ਨੂੰ ਢਾਹੁੰਦਾ ਹੈ।" ਉਸ ਦੀ ਇਸ ਗਲ ਲਈ ਬੜੀ ਪ੍ਰਸੰਸਾ ਕੀਤੀ ਗਈ ਹੈ ਕਿ ਉਸ ਨੇ "ਧਰਮਾਤਮਾ ਦੇਵ ਦਾਸ ਲਈ ਪੱਥਰ ਦੇ ਬਣੇ ਹੋਏ ਸੌ ਸ਼ਹਿਰ ਬਰਬਾਦ ਕਰ ਦਿਤੇ।" ਏਸੇ ਤਰ੍ਹਾਂ ਅਗਨੀ ਦੇਵਤੇ ਬਾਰੇ ਦਸਿਆ ਹੈ ਕਿ ਉਸ ਨੇ "ਦਸਯੂ ਲੋਕਾਂ ਦੇ ਵਿਸ਼ਾਲ ਫ਼ੌਲਾਦੀ ਕੰਧਾਂ ਵਾਲੇ ਸ਼ਹਿਰਾਂ ਨੂੰ ਢਾਹ ਢੇਰੀ ਕੀਤਾ" ਅਤੇ ਉਹਨਾਂ ਨੂੰ ਕਤਲ ਕਰ ਦਿਤਾ। ਕਈ ਥਾਵਾਂ ਉਤੇ ਉਸ ਨੂੰ "ਸ਼ਹਿਰ ਤਬਾਹ ਕਰਨ ਵਾਲਾ" ਵਰਨਣ ਕੀਤਾ ਗਿਆ ਹੈ। ਉਸ ਦੀ ਇਸ ਗਲੇ ਬੜੀ ਪ੍ਰਸੰਸਾ ਕੀਤੀ ਗਈ ਹੈ ਕਿ "ਉਸ ਨੇ ਸ਼ਰੁਕਤਾ ਅਤੇ ਦੂਜੇ ਅਸੁਰਾਂ ਦੇ ਗੜ੍ਹ (ਕਿਲ੍ਹੇ) ਤੇ ਸਤ ਕੰਧਾਂ ਵਾਲੇ ਸ਼ਹਿਰਾਂ ਨੂੰ ਤਹਿਸ ਨਹਿਸ ਕਰ ਦਿਤਾ ਸੀ।' ਉਸ ਪਾਸ ਇਹ ਪ੍ਰਾਰਥਨਾ ਵੀ ਕੀਤੀ ਗਈ ਹੈ ਕਿ ਉਹ "ਉਹਨਾਂ ਸ਼ਹਿਰਾਂ ਦੀ ਮੁਰੰਮਤ ਕਰੇ ਜਿਥੇ ਪਹਿਲੇ ਰਾਖਸ਼ ਰਹਿੰਦੇ ਸਨ।" ਉਸ ਦੀ ਇਸ ਲਈ ਵਡਿਆਈ ਕੀਤੀ ਹੈ ਕਿਉਂਕਿ ਉਸ ਨੇ "ਅਪਵਿਤਰ ਅਸੁਰਾਂ ਦੇ ਧਨੁਸ਼ ਤੋੜ ਕੇ ਰਖ ਦਿਤੇ ਸਨ।" ਅਤੇ "ਆਪਣੇ ਅਤੁਟ ਗੁਰਜ ਦੀ ਸਹੈਤਾ ਨਾਲ ਸੰਭਾਗ ਦੇ ਸੌ ਪੁਰਾਤਨ ਸ਼ਹਿਰ ਢਹਿ ਢੇਰੀ ਕਰ ਦਿਤੇ ਸਨ।" ਸੰਭਾਗ ਇਕ ਅਸੁਰ ਅਰਥਾਤ ਅਸਲ ਵਸਨੀਕ ਸੀ। ਸਰਸਵਤੀ ਦੀ ਇਸ ਲਈ ਪ੍ਰਸੰਸਾ ਕੀਤੀ ਹੈ ਕਿ ਉਹ "ਐਨੀ ਸ਼ਕਤੀ ਸ਼ਾਲੀ ਹੈ ਜਿੰਨਾ ਫੌਲਾਦ ਦਾ ਬਣਿਆ ਹੋਇਆ ਨਗਰ।"

## ਕਿਲ੍ਹੇ ਤੇ ਮੁਨਾਰਿਆਂ ਵਾਲੇ

ਉਹਨਾਂ ਦੇ ਰਚੇ ਹੋਏ ਵੇਦ ਮੰਤਰਾਂ ਵਿਚ "ਧਨਵਾਨ ਰਾਖਸ਼ਾਂ" ਅਤੇ ਉਹਨਾਂ ਦੇ "ਸਤ ਮੁਨਾਰਿਆਂ" ਤੇ ਨਵੇਂ ਗੜ੍ਹਾਂ ਦਾ ਵਰਨਣ ਹੈ। ਇਹਨਾਂ ਦੇ ਸਦਾਚਾਰਕ ਤੇ ਧਾਰਮਿਕ ਪਤਨ ਦੇ ਸਹੀ ਸਮੇਂ ਨੂੰ ਜਾਣਨ ਦਾ ਕੋਈ ਸਾਧਨ ਨਹੀਂ। ਫੇਰ ਵੀ ਸੰਸਕਰਿਤ ਰਹਿਤ ਦਖਣੀ ਹਿੰਦ ਦੀ ਤਾਮਲ ਬੋਲੀ ਦੀ ਪੂਰਨਤਾ, ਜੋ ਸੰਸਕਰਿਤ ਦੇ ਆਰੰਭ ਤੋਂ ਪਹਿਲੇ ਤਰੱਕੀ ਦੇ ਸਿਖਰ ਤੇ ਪਹੁੰਚ ਚੁਕੀ ਸੀ, ਅਤੇ ਜੋ ਹੁਣ ਤੀਕ ਜ਼ਿੰਦਾ ਰਹੀ ਹੈ, ਇਹ ਗਲ ਸਪਸ਼ਟ ਕਰਦੀ ਹੈ ਕਿ ਮਹਾਨ ਆਰੀਆ ਨਸਲ ਦੇ ਆਉਣ ਸਮੇਂ, ਅਰਥਾਤ ਅਜ ਤੋਂ ਤਿੰਨ ਹਜ਼ਾਰ ਸਾਲ ਪਹਿਲੇ ਭਾਰਤ ਵਰਸ਼ ਦੇ ਅਸਲ ਵਸਨੀਕ ਸਭਿਯਤਾ ਦੀ ਉਸ ਟੀਸੀ ਉਤੇ ਅਪੜ ਚੁਕੇ ਸਨ; ਜੋ ਉਹਨਾਂ ਦੇ ਵਿਜਈਆਂ ਦੀ ਸਭਿਅਤਾ ਤੋਂ ਕਿਸੇ ਗਲੇ ਘਟ ਨਹੀਂ ਸੀ।

ਹਿੰਦੀ ਬੋਲੀ ਵਿਚ ਵਰਤੇ ਗਏ ਸ਼ਬਦਾਂ ਦਾ ਦਸਵਾਂ ਹਿੱਸਾ ਐਸੇ ਸ਼ਬਦ ਹਨ ਜੋ ਸੰਸਕਰਿਤ ਦੀ ਬਜਾਏ ਦੂਜੀਆਂ ਬੋਲੀਆਂ ਵਿਚੋਂ ਲਏ ਗਏ ਹਨ। ਮਰਹਟੀ ਦੇ ਸ਼ਬਦ ਕੋਸ਼ ਵਿਚ ਪੰਜਵਾਂ ਹਿਸਾ ਦੂਜੀਆਂ ਬੋਲੀਆਂ ਦਾ ਮੌਜੂਦ ਹੈ।

## ਤਲੇਗੂ ਆਦਿ ਵਿਚਲੇ ਅਸੰਸਕਿਰਤੀ ਲਫਜ਼ਾਂ ਦੀ ਤੁਰਾਨੀ ਬੋਲੀ ਨਾਲ ਇਕਸਾਰਤਾ

ਇਸ ਤੋਂ ਹੋਰ ਅਗੇ ਦਖਣ ਵਿਚ ਤਲੇਗੂ, ਕਨਾਰੀ, ਅਤੇ ਮਲਾਈ ਬੋਲੀਆਂ ਵਿਚ ਸੰਸਕਰਿਤ ਦੀ ਇਸ ਤੋਂ ਵੀ ਘਟ ਮਿਲਾਵਟ ਹੈ। ਇਹਨਾਂ ਬੋਲੀਆਂ ਵਿਚ ਅਸੰਸਕਰਿਤੀ ਸ਼ਬਦ ਤਾਤਾਰੀਆਂ ਅਥਵਾ ਤੁਰਾਨੀ ਬੋਲੀਆਂ ਨਾਲ ਬਿਲਕੁਲ ਮਿਲਦੇ ਜੁਲਦੇ ਹਨ ਅਤੇ ਇਹ ਸਬੂਤ ਹੈ ਇਸ ਗਲ ਦਾ ਕਿ ਹਿੰਦੁਸਤਾਨ ਉਤੇ ਵਿਜਈਆਂ ਦੀ ਪਹਿਲੀ ਚੜ੍ਹਾਈ ਸੀਥੀ ਅਥਵਾ ਮਧ ਏਸ਼ੀਆ ਦੇ ਵੀਰਾਨ ਇਲਾਕਿਆਂ ਦੇ ਲੋਕਾਂ ਵਲੋਂ ਹੋਈ।

## ਤੁਰਾਨੀ ਹਿੰਦੂਆਂ ਦੀਆਂ ਇਮਾਰਤੀ ਯਾਦਗਾਰਾਂ

ਤੁਰਾਨੀ ਹਿੰਦੂ ਹਿੰਦੁਸਤਾਨ ਦੇ ਵੱਡੇ ਮੰਦਰ ਉਸਰੀਏ ਬਣ ਗਏ। ਇਹਨਾਂ ਦੀਆਂ ਬਣਾਈਆਂ ਹੋਈਆਂ ਧਾਰਮਕ ਯਾਦਗਾਰਾਂ ਅਜ ਤੀਕ ਹਿੰਦ ਵਿਚ ਮੌਜੂਦ ਹਨ ਅਤੇ ਹਿੰਦੀ ਇਮਾਰਤਾਂ ਦਾ ਵਡਾ ਪ੍ਰਸੰਸਕ ਫਰਗੂਸਨ ਇਨ੍ਹਾਂ ਦੀ ਬੜੀ ਸਲਾਹੁਤਾ ਕਰਦਾ ਹੈ। ਅਲੌਰਾ ਦੇ ਅਸਥਾਨ ਉਤੇ ਪਹਾੜ ਵਿਚੋਂ ਕਟਕੇ ਬਣਿਆ ਹੋਇਆ ਕੈਲਾਸ਼ ਮੰਦਰ, ਤੰਜੌਰ ਦਾ ਮਹਾਨ ਵਡਾ ਪੈਗੋਡਾ; ਸਰਿੰਗਨ ਟਾ ਮੰਦਰ ਉਸੇ ਨਸਲ ਦੇ ਲੋਕਾਂ ਦੀ ਇਮਾਰਤੀ ਕਾਰੀਗਰੀ ਦਾ ਨਮੂਨਾ ਹਨ, ਜਿਨ੍ਹਾਂ ਨੂੰ ਬਰਾਹਮਣਾਂ ਨੇ ਫਤਹ ਕੀਤਾ ਸੀ।

## ਅਨਾਰੀਆਂ ਵਿਚ ਜ਼ਾਤ ਪਾਤ ਦੀ ਅਣਹੋਂਦ

ਜਿਥੋਂ ਤੀਕ ਜ਼ਿੰਦਗੀ ਦੇ ਰਹਿਣ ਬਹਿਣ ਅਤੇ ਧਾਰਮਿਕ ਨਿਸਚੇ ਦਾ ਸਬੰਧ ਹੈ ਭਾਰਤ ਦੇ ਅਸਲ ਵਸਨੀਕ ਆਪਣੇ ਹਿੰਦੂ ਵਿਜਈਆਂ ਤੋਂ ਉਕੇ ਹੀ ਅਡਰੇ ਸਨ। ਹਿੰਦੂਆਂ ਦੇ ਉਲਟ ਉਹਨਾਂ ਅੰਦਰ ਕੋਈ ਜ਼ਾਤ ਪਾਤ ਨਹੀਂ ਸੀ। ਸਗੋਂ ਇਹ ਗਲ ਸ਼ੱਕੀ ਹੈ ਕਿ ਸਭ ਤੋਂ ਪਹਿਲੇ ਆਉਣ ਵਾਲੇ ਹਿੰਦੂਆਂ ਵਿਚ ਵੀ ਕੋਈ ਭਿੰਨ ਭੇਦ ਸੀ। ਯੋਗੀਆਂ ਅਤੇ ਗੁਸਾਈਆਂ ਦੇ ਧਾਰਮਕ ਫਿਰਕੇ ਜ਼ਾਤ ਪਾਤ ਦੀ ਨਿਖੇਧੀ ਕਰਦੇ ਹਨ। ਇਥੋਂ ਤੀਕ ਕਿ ਜਿਹੜੇ ਬ੍ਰਾਹਮਣ ਵੀ ਇਹਨਾਂ ਵਿਚ ਸ਼ਾਮਲ ਹੋ ਜਾਣ ਉਹ ਲੋਕ ਵੀ ਜ਼ਾਤ ਪਾਤ ਨੂੰ ਨਹੀਂ ਮੰਨਦੇ।

## ਮੁਰਦੇ ਦਬੌਣ ਦਾ ਢੰਗ

ਹਿੰਦੂ ਆਪਣੇ ਮੁਰਦੇ ਸਾੜਦੇ ਹਨ ਪਰ ਅਸਲ ਵਸਨੀਕ ਇਹਨਾਂ ਨੂੰ ਧਰਤੀ ਵਿਚ ਦਬਾ ਦੇਂਦੇ ਸਨ! ਇਹ ਮੁਰਦੇ ਗੋਲ ਪੱਥਰਾਂ, ਥੜਿਆਂ ਅਤੇ ਸਿਧੀਆਂ ਪੱਥਰ ਦੀਆਂ ਸਿਲਾਂ ਹੇਠ ਠੀਕ ਓਵੇਂ ਹੀ ਦਬਾਏ ਜਾਂਦੇ ਸਨ ਜਿਵੇਂ ਕਿ ਯੂਰਪ ਦੇ ਪਹਿਲੇ ਵਸਨੀਕ ਦਬਾਉਂਦੇ ਸਨ। ਇਹੋ ਜਿਹੀਆਂ ਪੱਥਰਾਂ ਦੀਆਂ ਸਿਲਾਂ ਹੇਠੋਂ ਇਹਨਾਂ ਦੇ ਦੱਬੇ ਹੋਏ ਮੁਰਦਿਆਂ ਦੀਆਂ ਮਨੁੱਖਾ ਹੱਡੀਆਂ ਉਹਨਾਂ ਦੀਆਂ ਕਬਰਾਂ ਵਿਚੋਂ ਪੁਟੀਆਂ ਗਈਆਂ ਹਨ। ਇਹ ਲੋਕ ਆਪਣੇ ਮੁਰਦਿਆਂ ਦੇ ਨਾਲ ਹਥਿਆਰ, ਪੁਸ਼ਾਕਾਂ ਅਤੇ ਕਈ ਹਾਲਤਾਂ ਵਿਚ ਡੰਗਰ ਵੀ; ਜਿਹਾ ਕਿ ਸੀਥੀਅਨ ਦਾ ਰਿਵਾਜ ਸੀ, ਇਸ ਖਿਆਲ ਨਾਲ ਦਬਾ ਦੇਂਦੇ ਸਨ ਕਿ ਇਹ ਚੀਜ਼ਾਂ ਉਹਨਾਂ ਨੂੰ ਅਗਲੇ ਜਹਾਨ ਪਹੁੰਚ ਕੇ ਮਿਲ ਜਾਣਗੀਆਂ। ਹੈਰਡੋਟਸ ਨੇ ਇਕ ਥਾਂ ਲਿਖਿਆ ਹੈ ਕਿ ਪੁਰਾਤਨ ਸੀਥੀ ਵਸਨੀਕ ਆਪਣੇ ਸਿਪਾਹੀਆਂ ਦੇ ਨਾਲ ਹੀ ਉਹਨਾਂ ਦਾ ਅਸਲ੍ਹਾ ਵੀ ਦਬਾ ਦੇਂਦੇ ਸਨ। ਪੋਲੈਂਡ ਅਤੇ ਤਾਤਾਰੀ ਮੈਦਾਨਾਂ ਵਿਚ ਜੰਗੀ ਕੁਹਾੜੇ, ਲੋਹੇ ਦੇ ਧਨੁਸ਼ ਤੇ ਤੀਰ ਪਰਾਣੀਆਂ ਕਬਰਾਂ ਵਿਚੋਂ ਲਭੇ ਹਨ। ਨਾਗਪੁਰ (ਮਧ ਹਿੰਦ) ਵਿਚ ਵੀ ਇਹੋ ਜਹੀਆਂ ਦਰਿਆਫਤਾਂ ਮਿਲੀਆਂ ਹਨ। ਇਹ ਸਭ ਦਫਨਾਊ ਅਸਥਾਨ ਸੀਥੀ ਲੋਕਾਂ ਦੇ ਬਣਾਏ ਹੋਏ ਹਨ। ਇਹ ਚੀਜ਼ਾਂ ਸਪਸ਼ਟ ਕਰਦੀਆਂ ਹਨ ਕਿ ਮਹਾਨ ਹਿਮਾਲਾ ਪਰਬਤ ਲੜੀ ਦੇ ਉਤਰ ਅਤੇ ਦਖਣੀ ਪਾਸੇ ਦੇ ਲੋਕ ਵੀ ਸੀਥੀਅਨ ਅਥਵਾ ਮਧ ਏਸ਼ੀਆ ਦੇ ਵਸਨੀਕਾਂ ਦੀ ਸਾਂਝੀ ਨਸਲ ਵਿਚੋਂ ਸਨ। ਹਿੰਦੂ ਵਿਧਵਾ ਇਸਤਰੀਆਂ ਨੂੰ ਸ਼ਾਦੀ ਕਰਨ ਦੀ ਆਗਿਆ ਨਹੀਂ। ਅਸਲ ਵਸਨੀਕਾਂ ਦੀਆਂ ਵਿਧਵਾਵਾਂ ਨਾ ਕੇਵਲ ਸ਼ਾਦੀ ਹੀ ਕਰ ਲੈਂਦੀਆਂ ਸਗੋਂ ਸੀਥੀ ਕੌਮਾਂ ਦੀ ਪੈਰਵੀ ਕਰਦੀਆਂ ਹੋਈਆਂ ਆਮ ਤੌਰ ਉਤੇ ਆਪਣੇ ਸਵਰਗੀ ਪਤੀਆਂ ਦੇ ਛੋਟੇ ਭਾਈ ਨਾਲ ਹੀ ਵਿਆਹ

ਰਚਾਉਦੀਆਂ ਸਨ।

## ਅਸਲ ਵਸਨੀਕਾਂ ਦੀ ਖੁਰਾਕ-ਮਾਸ

ਅਜ ਕਲ ਦੇ ਹਿੰਦੂ, ਪੁਰਾਤਨ ਹਿੰਦੂਆਂ ਦੇ ਉਲਟ ਗਊ ਮਾਸ ਖਾਣ ਤੋਂ ਨਫਰਤ ਕਰਦੇ ਹਨ। ਅਸਲ ਵਸਨੀਕਾਂ ਦੀ ਖੁਰਾਕ ਮਾਸ ਸੀ। ਪੰਜਾਬ ਦੀ ਛੋਟੀ ਜਿਹੀ ਕੌਮ ਡਾਗੀ, ਜੋ ਅਸਲ ਵਸਨੀਕਾਂ ਦੀ ਨਸਲ ਦੀ ਯਾਦਗਾਰ ਖਿਆਲ ਕੀਤੀ ਜਾਂਦੀ ਹੈ, ਖੁਲ੍ਹੇ ਬੰਦ ਗਊ ਮਾਸ ਦੀ ਵਰਤੋਂ ਕਰਦੀ ਹੈ। ਸਾਂਮੀ ਅਥਵਾ ਖਾਨਾਬਦੋਸ਼ ਪੰਜਾਬ ਦੀਆਂ ਸ਼ਿਕਾਰੀ ਤੇ ਦਰਿਆਈ ਜਾਤੀਆਂ ਹਨ। ਇਹਨਾਂ ਬਾਰੇ ਨਿਸ਼ਚਾ ਹੈ ਕਿ ਇਹ ਪੁਰਾਤਨ ਨਸਲਾਂ ਵਿਚੋਂ ਹਨ। ਇਹ ਲੋਕ ਲੂਮੜ, ਗਿਦੜ ਅਤੇ ਕੋਹੜ ਕਿਰਲੀਆਂ ਤੇ ਹੋਰ ਕੀੜੇ ਮਕੌੜੇ ਖਾ ਜਾਂਦੇ ਹਨ।

## ਨਸ਼ੀਲੀ ਸ਼ਰਾਬ ਦੀ ਵਰਤੋਂ

ਵੇਦਕ* ਸਮੇਂ ਦੇ ਭਗਤਾਂ ਦੇ ਉਲਟ ਅਜ ਕਲ ਦੇ ਹਿੰਦੂ ਨਸ਼ੀਲੀ ਸ਼ਰਾਬ ਦੀ ਵਰਤੋਂ ਨਹੀਂ ਕਰਦੇ। ਸ਼ਾਸਤਰਾਂ ਵਿਚ ਸ਼ਰਾਬ ਦੀ ਵਰਤੋਂ ਨੂੰ ਪਾਪ ਦਸਿਆ ਗਿਆ ਹੈ। ਅਸਲ ਵਸਨੀਕਾਂ ਵਿਚਾਲੇ ਕੋਈ ਭਾਈ ਚਾਰਕ ਅਥਵਾ ਧਾਰਮਕ ਰਸਮ, ਸ਼ਰਾਬ ਪੀਣ ਤੇ ਨਾਚ ਰੰਗ ਤੋਂ ਬਗੈਰ ਪੂਰਨ ਹੀ ਨਹੀਂ ਮੰਨੀ ਜਾਂਦੀ। ਮਹਾ ਭਾਰਤ ਵਿਚ ਸ਼ਰਾਬ ਪੀਣ ਦੇ ਆਮ ਨਜ਼ਾਰੇ ਵਖਾਈ ਦੇਂਦੇ ਹਨ।

## ਉਹਨਾਂ ਦੇ ਭਾਈ ਚਾਰਕ ਰਿਵਾਜ

ਹਿੰਦੂਆਂ ਅੰਦਰ ਹਰ ਜ਼ਾਤ ਦੇ ਲੋਕ ਆਪਣਾ ਭੋਜਨ ਆਪ ਬਣਾਉਂਦੇ ਹਨ। ਇਹ ਲੋਕ ਆਪਣੀ ਜਾਤ ਜਾਂ ਉਚੀ ਜਾਤ ਦੇ ਲੋਕਾਂ ਹਥੋਂ ਤਿਆਰ ਕੀਤੇ ਭੋਜਨ ਤੋਂ ਬਿਨਾ ਹੋਰ ਕਿਸੇ ਦੂਜੇ ਦੇ ਹੱਥ ਦਾ ਪੱਕਾ ਖਾਣਾ ਨਹੀਂ ਖਾਂਦੇ। ਭਾਰਤ ਦੇ ਪੁਰਾਤਨ ਅਸਲ ਵਸਨੀਕਾਂ ਅੰਦਰ ਇਹੋ ਜਿਹੀ ਕੋਈ ਪਾਬੰਦੀ ਨਹੀਂ। ਹਿੰਦੂ ਜੀਵ ਹਤਿਆ ਦੇ ਵਿਰੋਧੀ ਹਨ ਪਰ ਅਸਲ ਵਸਨੀਕ ਜੀਉਂਦੇ ਮਨੁਖਾਂ ਦੀ ਬਲੀ ਚੜ੍ਹਉਂਦੇ ਸਨ। ਉਹ ਬਰਾਹਮਣਾਂ ਨੂੰ ਆਪਣਾ ਧਾਰਮਕ ਗੁਰੂ ਨਹੀਂ ਸਨ ਮੰਨਦੇ। ਉਹ ਆਪਣਾ ਪੂਜ ਆਪ ਚੁਣਦੇ ਸਨ ਤੇ ਚੁਣਦੇ ਸਨ ਉਸ ਮਨੁਖ ਨੂੰ, ਜਿਸ ਅੰਦਰ ਜਾਦੂਗਰੀ ਤੇ ਟੂਣੇ ਦੇ ਗੁਣ ਹੋਣ।

## ਇਹਨਾਂ ਕੌਮਾਂ ਦੇ ਪੁਰਾਤਨ ਨਾਮ ਜੋ ਹਿੰਦੂਆਂ ਨੇ ਪ੍ਰਵਾਨੇ

ਹਿੰਦੂਆਂ ਦੀਆਂ ਸ਼ਹਿਰੀ ਸੰਸਥਾਵਾਂ ਮਿਉਨੀਸੀਪਲ ਕਿਸਮ ਦੀਆਂ ਸਨ। ਇਸ ਦੇ ਉਲਟ ਪੁਰਾਤਨ ਅਸਲ ਵਸਨੀਕ ਖਾਨਦਾਨੀ ਵਡੇਰਿਆਂ ਦਾ ਹੁਕਮ ਮੰਨਦੇ ਸਨ।

ਭਾਰਤ ਦੇ ਲਗ ਪਗ ਹਰ ਭਾਗ ਵਿਚ ਅਸਲ ਵਸਨੀਕਾਂ ਨੂੰ ਗੁਲਾਮੀ ਲਈ ਮਜਬੂਰ ਕੀਤਾ ਜਾਂਦਾ ਸੀ। ਭਾਰਤ ਦੇ ਉਹ ਅਸਲ ਵਸਨੀਕ, ਜੋ ਜ਼ਿੰਦਾ ਬਚ ਗਏ ਜਾਂ ਜਿਹੜੇ ਪਹਾੜਾਂ ਤੇ ਮਾਰੂਥਲਾਂ ਵਲ ਨਾ ਨਸ ਸਕੇ ਉਹਨਾਂ ਸਭਨਾਂ ਨੂੰ ਹਿੰਦੂ ਮਾਲਕਾਂ ਲਈ ਕੰਮ ਕਰਨਾ ਪੈਂਦਾ ਸੀ। ਕਈ ਅਸਥਾਨਾਂ ਉਤੇ ਇਹ ਲੋਕ ਅਜੇ ਤੀਕ ਕਮੀਣ ਬਣ ਕੇ ਕੰਮ ਕਰਦੇ ਹਨ ਅਤੇ ਦੂਜੇ ਅਸਥਾਨਾਂ ਤੇ ਇਹਨਾਂ ਨੂੰ, ਹਿੰਦੂ ਮਾਲਕਾਂ ਨੂੰ ਭਾਰੀ ਟੈਕਸ ਦੇਣਾ ਪੈਂਦਾ ਹੈ। ਇਸ ਗਲ ਦੇ ਬਾਵਜੂਦ ਇਹਨਾਂ ਸਭ ਪੁਰਾਤਨ ਵਸਨੀਕਾਂ ਅੰਦਰ ਇਕ ਜ਼ਬਰਦਸਤ ਜਜ਼ਬਾ ਪਾਇਆ ਜਾਂਦਾ ਹੈ ਅਤੇ ਇਹ ਲੋਕ ਭਾਰਤ ਦੀ ਭੂਮੀ ਦੇ ਆਪਣੇ ਆਪ ਨੂੰ ਅਜੇ ਤੀਕ ਮਾਲਕ ਹੀ ਸਮਝਦੇ ਹਨ। ਰਾਜਪੂਤਾਨੇ ਦੇ ਮੀਨੇ ਹੇਠ ਲਿਖੀ ਅਖੌਤ ਨਾਲ ਆਪਣੇ ਅਧਿਕਾਰ ਇਕ ਦੂਜੇ ਨੂੰ ਜਤਾਉਂਦੇ ਹਨ :—

"ਭਾਗ ਦਾ ਧਨ ਰਾਜ ਹੈ-ਭੂਮ ਦਾ ਧਨ ਮਾਜ ਹੈ"

ਅਰਥਾਤ ਰਾਜਾ ਆਪਣੇ ਹਿਸੇ ਦਾ ਮਾਲਕ ਹੈ ਤੇ ਮੈਂ ਭੂਮੀ (ਧਰਤੀ) ਦਾ ਮਾਲਕ ਹਾਂ।

ਇਹਨਾਂ ਕੌਮਾਂ ਦੇ ਮਾਲਕੀ ਦੇ ਆਦੀ ਹੱਕ ਨੂੰ, ਹਿੰਦੂ ਅਜ ਤੀਕ ਇਕ ਵਚਿਤਰ ਢੰਗ ਨਾਲ ਮੰਨਦੇ ਆਏ ਹਨ। ਮੇਵਾੜ ਵਿਚ ਜੇ ਕੋਈ ਨਵਾਂ ਰਾਜਾ ਮਸਨਦ (ਗੱਦੀ) ਉਤੇ ਬੈਠਦਾ ਹੈ ਤਦ ਉਸ ਦੇ ਮਸਤਕ ਨੂੰ ਤਿਲਕ ਲਾਉਣ ਦੀ ਰਸਮ, ਜੋ ਉਸ ਦੇ ਰਾਜਾ ਹੋਣ ਦੀ ਨਿਸ਼ਾਨੀ ਹੋਂਦੀ ਹੈ, ਇਕ ਮੀਨਾ ਹੀ ਅਦਾ ਕਰਦਾ ਹੈ। ਉਹ ਰਾਜੇ ਦੇ ਮੱਥੇ ਉਤੇ ਲਾਲ ਰੰਗ ਦਾ ਟਿੱਕਾ ਲਾਉਂਦਾ ਹੈ। ਇਹ ਲਾਲ ਰੰਗ ਮੀਨੇ ਦੇ ਪੈਰ ਦੇ ਅੰਗੂਠੇ ਵਿਚੋਂ ਲਿਆ ਜਾਂਦਾ ਹੈ। ਹਿੰਦੂ ਰਾਜਿਆਂ ਵਿਚ ਸਭ ਤੋਂ ਪੁਰਾਤਨ ਉਦੇਪੁਰ ਦੇ ਰਾਜਪੂਤ ਰਾਜੇ ਦੀ ਗਦੀ ਨਸ਼ੀਨ ਸਮੇ ਵੀ ਇਕ ਭੀਲ ਇਹੋ ਰਸਮ ਅਦਾ ਕਰਦਾ ਹੈ! ਇਹ ਗਲ ਸਿੱਧ ਕਰਦੀ ਹੈ ਕਿ ਅਵਲ ਦਰਜੇ ਦੇ ਹਿੰਦੂ ਮਹਾਰਾਜੇ ਅਜੇ ਤੀਕ ਇਹਨਾਂ ਪੁਰਾਤਨ ਵਸਨੀਕਾਂ ਦੇ ਧਰਤੀ ਦੇ ਮਾਲਕ ਹੋਣ ਦੇ ਹੱਕ ਨੂੰ ਬਰਾਬਰ ਮੰਨਦੇ ਚਲੇ ਆ ਰਹੇ ਹਨ। ਇਹ ਲੋਕ ਉਦੋਂ ਤੀਕ ਆਪਣੀ ਮਹਾਰਾਜਗੀ ਦੇ ਅਧਿਕਾਰ ਨੂੰ ਪੂਰਨ ਨਹੀਂ ਸਮਝਦੇ ਜਦ ਤੀਕ ਕਿ ਧਰਤੀ ਦਾ ਅਸਲ ਮਾਲਕ ਉਹਨਾਂ ਲਈ ਆਪਣਾਂ ਲਹੂ ਵਹਾ ਕ ਉਸ ਨੂੰ ਆਪਣਾ ਰਾਜਾ ਨਹੀਂ ਮੰਨਦਾ।

## ਪ੍ਰਾਜਿਤ ਸਨਲ ਹੋਣ ਕਰਕੇ ਘਿਰਣਾ

ਬਤੌਰ ਪ੍ਰਾਜਿਤ ਨਸਲ ਦੇ ਇਹਨਾਂ ਲੋਕਾਂ ਪਾਸੋਂ ਘਿਰਣਾ ਕੀਤੀ ਜਾਂਦੀ ਅਤੇ ਇਹਨਾਂ ਦੀ ਕਿਸਮਤ ਵਿਚ ਵਿਜਈ ਮਾਲਕਾਂ ਦੀ ਗੁਲਾਮੀ ਤੇ ਸੇਵਾ ਲਿਖ ਦਿਤੀ ਗਈ ਹੈ। ਸੁਭਾਵਕ ਤੇ ਦਿਮਾਗੀ ਤੌਰ ਉਤੇ ਆਰੀਆ ਲੋਕ ਇਹਨਾਂ ਜਾਂਗਲੀ ਲੋਕਾਂ ਨਾਲੋਂ ਅਡਰੇ ਹਨ। ਉਹ ਇਸ ਫਰਕ ਨੂੰ ਬਹੁਤ ਬੁਰੀ ਤਰ੍ਹਾਂ ਅਨਭਵ ਕਰਦੇ ਹਨ।

## ਹਿੰਦੀ ਕਾਮਨਵੈਲਥ ਵਿਚੋਂ ਛੇਕੇ ਹੋਏ

ਹਿੰਦੂਆਂ ਨੇ ਬੜੀ ਸਫਾਈ ਨਾਲ ਇਹਨਾਂ ਨੂੰ ਹਿੰਦੀ ਕਾਮਨਵੈਲਥ ਵਿਚੋਂ ਛੇਕ ਦਿਤਾ ਹੋਇਆ ਹੈ। ਉਹ ਇਹਨਾਂ ਨੂੰ ਮਨੁਖ ਦੀ ਬਜਾਏ ਪਸ਼ੂ ਸਮਝਦੇ ਹਨ। ਮਨੂੰ ਸਿਮ੍ਰਿਤੀ ਦੇ ਦਸਵੇਂ ਅਧਿਆਇ ਵਿਚ ਇਹ ਹੁਕਮ ਦਿਤਾ ਗਿਆ ਹੈ ਕਿ (੧) ਇਹਨਾਂ ਦੇ ਘਰ ਨਗਰਾਂ ਤੋਂ ਦੂਰ ਬਾਹਰ ਹੋਣ (੨) ਇਹਨਾਂ ਦੀ ਜਾਇਦਾਦ ਕੇਵਲ ਕੁੱਤੇ ਤੇ ਖੋਤੇ ਹੋਣ। (੩) ਇਹਨਾਂ ਨੂੰ ਪਹਿਨਣ ਲਈ ਉਹ ਕਪੜੇ ਦਿਤੇ ਜਾਣ ਜੋ ਮੁਰਦਿਆਂ ਤੋਂ ਉਤਾਰੇ ਹੋਏ ਹੋਣ (੪) ਇਹ ਲੋਕ ਲੋਹੇ ਦੇ ਗਹਿਣੇ ਪਾਉਣ (੫) ਇਹ ਲੋਕ ਇਕ ਥਾਂ ਤੋਂ ਦੂਜੀ ਥਾਂ ਭੌਂਦੇ ਰਹਿਣੇ (੬) ਕੋਈ ਪਤਵੰਤਾ ਮਨੁਖ ਇਹਨਾਂ ਨਾਲ ਗਲ ਬਾਤ ਨਾ ਕਰੇ (੭) ਰਾਜਾ ਜਿਨ੍ਹਾਂ ਆਦਮੀਆਂ ਨੂੰ ਮੌਤ ਦੀ ਸਜ਼ਾ ਦੇਵੇ ਇਹ ਲੋਕ ਉਹਨਾਂ ਸੰਬੰਧੀ ਜਲਾਦੀ ਦਾ ਘਿਰਣਤ ਕੰਮ ਕਰਨ। ਇਸ ਸੇਵਾ ਬਦਲੇ ਇਹਨਾਂ ਨੂੰ ਮਰਨ ਵਾਲੇ ਦਾ ਬਿਸਤਰਾ, ਕਪੜੇ ਅਤੇ ਗਹਿਣੇ ਦੇ ਦਿਤੇ ਜਾਣ।

*ਨਾ ਕੇਵਲ ਵੇਦਕ ਸਮੇ ਦੇ ਭਗਤ ਹੀ ਸ਼ਰਾਬ ਦੀ ਵਰਤੋਂ ਕਰਦੇ, ਸਗੋਂ ਉਹਨਾਂ ਦੇ ਦੇਵਤੇ ਵੀ ਇਸੇ ਦਾ ਖੁਲ੍ਹਾ ਡੁਲ੍ਹਾ ਭੋਗ ਲਾਉਂਦੇ ਸਨ। ਇਕ ਆਰੀਆ ਭਗਤ ਦੇਵਤਾ ਇੰਦਰ ਦੀ ਪੂਜਾ ਕਰਦਾ ਹੋਇਆ ਆਖਦਾ ਹੈ- 'ਐ ਇੰਦਰ ਦੇਵਤਾ! ਪਵਿਤਰ ਕੁਸ਼ਾ ਆਸਨ ਉਤੇ ਬਰਾਜ ਜਾਓ ਅਤੇ ਸੋਮ ਰਸ ਪੀ ਕੇ ਘਰ ਨੂੰ ਜਾਓ।"

Sri Satguru Jagjit Singh Ji eLibrary NamdhariElibrary@gmail.com

### ਚੰਡਾਲ ਬਣ ਗਏ

ਇਹਨਾਂ ਦੀ ਦਸ਼ਾ ਸਦਾ ਲਈ ਗੁਲਾਮੀ ਦੀ ਬਣ ਗਈ। ਅਧਿਆਇ ੮ ਵਿਚ ਮਨੂੰ ਆਖਦਾ ਹੈ 'ਕੋਈ ਚੰਡਾਲ ਗੁਲਾਮੀ ਤੋਂ ਮੁਕਤ ਨਹੀਂ ਹੋ ਸਕਦਾ, ਭਾਵੇਂ ਉਸ ਦਾ ਮਾਲਕ ਉਸ ਨੂੰ ਆਜ਼ਾਦ ਵੀ ਕਰ ਦੇਵੇ। ਜਿਸ ਨੂੰ ਈਸ਼ਵਰ ਨੇ ਬਰਾਹਮਣ ਦਾ ਗੁਲਾਮ ਬਣਾ ਦਿਤਾ ਉਸ ਨੂੰ ਕੋਈ ਮਨੁਖ ਕਿਵੇਂ ਸੁਤੰਤਰ ਕਰ ਸਕਦਾ ਹੈ। ਨਵੇਂ ਬਣਾਏ ਜਾਣ ਵਾਲੇ ਮਕਾਨ ਦੇ ਅਸਥਾਨ ਨੂੰ ਮੁਰਦਾ ਜਾਨਵਰਾਂ ਦੀਆਂ ਹੱਡੀਆਂ ਤੋਂ ਅਤੇ ਖਾਸ ਕਰਕੇ ਚੰਡਾਲਾਂ ਦੀਆਂ ਹਡੀਆਂ ਤੋਂ ਚੰਗੀ ਤਰ੍ਹਾਂ ਸਾਫ ਕਰ ਲੈਣਾ ਚਾਹੀਦਾ ਹੈ, ਕਿਉਂਕਿ ਇਹ ਇਮਾਰਤ ਲਈ ਅੱਤਿਅੰਤ ਹਾਨੀ ਕਾਰਕ ਹੁੰਦੀਆਂ ਹਨ'।

————

# ਪਰਕਰਨ—੪

## ਆਰੀਆਂ ਦਾ ਪੰਜਾਬ ਫਤਹ ਕਰਨਾ

### ਆਰੀਆਂ ਦਾ ਅਸਲ ਘਰ

ਸਾਰੇ ਇਤਿਹਾਸਕਾਰ ਇਸ ਗਲ ਨੂੰ ਮੰਨਦੇ ਹਨ, ਕਿ ਵਧੀਕ ਗੋਰੀ ਅਤੇ ਵਧੀਕ ਸ਼ਕਤੀ ਸ਼ਾਲੀ ਨਸਲ, ਜੋ ਪੰਜਾਬ ਵਿਚ ਦਾਖ਼ਲ ਹੋਈ, ਉਸ ਦਾ ਅਸਲ ਘਰ ਉੱਤਰ ਪੱਛਮ ਵਿਚ ਹੈ। (ਹਿੰਦੂ ਕੁਸ਼ ਪਰਬਤਾਂ ਵਲ ਜੋ ਅਸਲ ਕੋਹਕਾਫ਼ ਹੈ) ਇਹਨਾਂ ਨਕਲ ਮਕਾਨੀ ਕਰਨ ਵਾਲਿਆਂ ਦੇ ਟੋਲੇ ਹਿਮਾਲਾ ਪਹਾੜ ਦੇ ਪਰਬਤੀ ਲਾਂਘਿਆਂ ਥਾਣੀ ਪੰਜਾਬ ਵਿਚ ਦਾਖ਼ਲ ਹੋਏ। ਸਰਦ ਉੱਤਰੀ ਦੇਸ ਵਿਚੋਂ ਨਵੇਂ ਨਵੇਂ ਆਉਣ ਕਰ ਕੇ ਉਹਨਾਂ ਦਾ ਰੰਗ ਗੋਰਾ ਸੀ। ਉਹ ਆਪਣੇ ਆਪ ਨੂੰ ਆਰੀਆ, ਅਰਥਾਤ ਪਤਵੰਤੇ, ਊਚ ਅਥਵਾ ਹਾਕਮ ਅਖਵਾਉਂਦੇ ਸਨ। ਇਹ ਲਫ਼ਜ਼ ਇਕ ਐਸੇ ਸ਼ਬਦ ਵਿਚੋਂ ਬਣਿਆ ਹੈ, ਜਿਸ ਦਾ ਭਾਵ ਹੈ 'ਵਾਹੀ ਕਰਨਾ'। ਇਸ ਤੋਂ ਇਹ ਸਿੱਟਾ ਵੀ ਨਿਕਲਦਾ ਹੈ ਕਿ ਇਹ ਲੋਕ ਖਤੀ-ਬਾੜੀ ਦਾ ਕੰਮ ਕਰਦੇ ਸਨ, ਇਸ ਲਈ ਇਹਨਾਂ ਨੇ ਆਪਣੇ ਲਈ ਇਹ ਨਾਮ ਤਜਵੀਜ਼ ਕਰ ਲਿਆ। ਰਿਗ ਵੇਦ ਵਿਚ ਲਫ਼ਜ਼ "ਆਰੀਆ" ਦਾ ਸਦਾ ਭਾਵ ਲਿਆ ਜਾਂਦਾ ਹੈ ਬ੍ਰਾਹਮਣੀ ਕੌਮਾਂ। ਇਹ ਲਫ਼ਜ਼ 'ਅਨਾਰੀਆ' ਦੇ ਐਨ ਉਲਟ ਹੈ, ਜਿਸ ਦਾ ਭਾਵ ਹੈ ਨੀਚ ਕੌਮ; ਜੋ ਆਰੀਆਂ (ਊਚ ਜਾਤੀ) ਦੇ ਆਲੇ ਦੁਆਲੇ ਵਸਦੀ ਸੀ।

### ਆਰੀਆਂ ਦਾ ਆਪਣੀ ਪਹਾੜੀ ਜਨਮ-ਭੂਮੀ ਨੂੰ ਚੇਤੇ ਰਖਣਾ

ਕੁਹਰਾ ਅਤੇ ਬਰਫ਼ ਉਹਨਾਂ ਦੇ ਦੇਸ ਦੀਆਂ ਵਿਸ਼ੇਸ਼ ਚੀਜ਼ਾਂ ਸਨ। ਇਹਨਾਂ ਦੀ ਯਾਦ ਉਹਨਾਂ ਦੇ ਦਿਲਾਂ ਉਤੇ ਉਕਰੀ ਹੋਈ ਸੀ। ਇਸ ਦੇਸ ਵਿਚ ਨਕਲ ਮਕਾਨੀ ਕਰਨ ਦੇ ਕਈ ਨਸਲਾਂ ਮਗਰੋਂ ਵੀ ਉਹ ਆਪਣੇ ਦੇਵਤਿਆਂ ਪਾਸੋਂ ਇਹੋ ਵਰ ਮੰਗਦੇ ਸਨ ਕਿ ਉਹਨਾਂ ਨੂੰ ਸੌ ਸਰਦੀਆਂ ਦੀ ਬਖ਼ਸ਼ਸ਼ ਦਿਤੀ ਜਾਏ। ਈਰਾਨ ਦੇ ਉੱਚੇ ਮੈਦਾਨਾਂ ਦੇ ਉਹਨਾਂ ਵਸਨੀਕਾਂ ਨਾਲ ਇਹ ਲੋਕ ਬਹੁਤ ਕੁਛ ਮਿਲਦੇ ਜੁਲਦੇ ਸਨ, ਜੋ ਆਪਣੇ ਆਪ ਨੂੰ ਆਰੀਆਂ ; ਏਰੀਆ ਅਥਵਾ ਆਰੀਆ ਅਖਵਾਉਂਦੇ ਸਨ। ਡੇਰੀਅਸ (ਦਾਰਾ ਗੁਸਤਾਪਸ) ਆਪਣੇ ਇਕ ਹੁਕਮ-ਨਾਮੇ ਵਿਚ ਆਪਣੇ ਆਪ ਨੂੰ ਏਰੀਅਨ ਤੇ ਏਰੀਅਨ ਨਸਲ ਵਿਚੋਂ ਆਖਦਾ ਹੈ। ਯੂਨਾਨੀ ਆਪਣੇ ਆਪ ਨੂੰ ਏਰੀਓਰੀ ਅਖਵਾਉਂਦੇ ਹਨ।

### ਏਰੀਅਨ ਤੇ ਤੂਰਾਨੀ ਜ਼ਬਾਨ ਦੀ ਇਕਸਾਰਤਾ

ਆਰੀਆਂ ਦੀ ਬੋਲੀ ਦਾ ਅਤੇ ਈਰਾਨ ਦੇ ਅਗਨੀ ਪੂਜਕਾਂ ਦੀ ਧਾਰਮਿਕ ਪੁਸਤਕ "ਅਵੇਸਤਾ" ਦੀ ਬੋਲੀ ਦਾ ਆਪੋ ਵਿਚ ਅਤਿ ਨੇੜ ਦਾ ਸੰਬੰਧ ਹੈ। ਉਸ ਦੇਸ ਦੇ ਪੱਛਮੀ ਅਧੇ ਭਾਗ ਵਿਚ ਡੇਰੀਅਸ (ਦਾਰਾ ਗੁਸਤਾਸਪ) ਅਤੇ ਜਰਕਸੀਜ਼ ਦੇ ਜੋ ਸ਼ਿਲਾਲੇਖ ਮਿਲਦੇ ਹਨ, ਉਹਨਾਂ ਦੀ ਬੋਲੀ ਵੀ ਇਹਨਾਂ ਵਰਗੀ ਹੀ ਹੈ। ਈਰਾਨੀਆਂ ਅਤੇ ਹਿੰਦੁਸਤਾਨੀਆਂ ਦੇ ਧਾਰਮਿਕ ਵੀਚਾਰ ਬਹੁਤ ਹੱਦ ਤੀਕ ਮਿਲਦੇ ਜੁਲਦੇ ਹਨ। ਦਬਿਸਤਾਨ ਮਜ਼ਾਹਬ ਦੇ ਕਰਤਾ*, ਜਿਸ ਦਾ ਹਵਾਲਾ ਸਰ ਵਿਲੀਅਮ ਜੋਨਜ਼ ਨੇ ਆਪਣੀ ਵਡ-ਮੁਲੀ ਪੁਸਤਕ ਵਿਚ ਕਈ ਥਾਂ ਦਿਤਾ ਹੈ, ਦੇ ਕਥਨ ਅਨੁਸਾਰ ਕਯੂਮਸ ਦੇ ਰਾਜ-ਤਿਲਕ ਤੋਂ ਪਹਿਲੇ ਈਰਾਨ ਵਿਚ ਇਕ ਸ਼ਕਤੀਸ਼ਾਲੀ ਰਾਜ ਕਾਇਮ ਹੋ ਚੁਕਾ ਸੀ। ਸ਼ਾਹੀ ਖ਼ਾਨਦਾਨ ਨੂੰ ਮਹਾਬਲ ਅਥਵਾ ਮਹਾਬੇਲੀ ਆਖਦੇ ਸਨ। ਇਹਨਾਂ ਨੇ ਈਰਾਨੀ ਰਾਜ ਨੂੰ ਮਨੁਖਾ ਐਸ਼ਵਰਜ ਦੀ ਟੀਸੀ ਤੀਕ ਪੁਚਾ ਦਿਤਾ। ਹੋਸ਼ੰਗ ਧਰਮ ਦੇ ਧਾਰਨੀ ਈਰਾਨੀ, ਜ਼ੋਰਾਤੁਸ਼ਟ ਤੋਂ ਉੱਕਾ ਹੀ ਅਡਰੇ ਹਨ। ਇਹਨਾਂ ਈਰਾਨੀਆਂ ਦਾ ਨਿਸ਼ਚਾ ਹੈ ਕਿ ਈਰਾਨ ਦਾ ਪਹਿਲਾ ਬਾਦਸ਼ਾਹ ਮਹਾਬਲ (ਸੰਸਕ੍ਰਿਤ ਦਾ ਲਫ਼ਜ਼ ਹੈ) ਹੀ ਸਾਰੀ ਦੁਨੀਆਂ ਦਾ ਬਾਦਸ਼ਾਹ ਸੀ ; ਜਿਸ ਨੇ ਉਹਨਾਂ ਦੇ ਨਿਸ਼ਚੇ ਅਨੁਸਾਰ ਲੋਕਾਂ ਨੂੰ ਚਾਰ ਸ਼੍ਰੇਣੀਆਂ ਵਿਚ ਵੰਡਿਆ। ਧਾਰਮਿਕ, ਫੌਜੀ, ਬਪਾਰੀ ਤੇ ਸੇਵਕ। ਇਹ ਠੀਕ ਉਸੇ ਤਰ੍ਹਾਂ ਦੀ ਵੰਡ ਹੈ ਜਿਸ ਤਰ੍ਹਾਂ ਦੀ ਵੰਡ ਕਿ ਬਹੁਤ ਚਿਰ ਪਿਛੋਂ ਭਾਰਤ ਵਿਚ ਮੰਨੀ ਗਈ ਸੀ।

### ਈਰਾਨ ਦਾ ਪੁਰਾਤਨ ਧਰਮ, ਬ੍ਰਾਹਮਣੀ ਸੀ

ਇਹਨਾਂ ਗੱਲਾਂ ਤੋਂ ਸਰ ਵਿਲਿਅਮ ਨੇ ਆਪਣਾ ਇਹ ਨਿਸ਼ਚਾ

*ਮੁਹੰਮਦ ਮੋਹਸਨ ਫ਼ਾਨੀ ਕਸ਼ਮੀਰ ਦਾ ਰਹਿਣ ਵਾਲਾ ਸੀ। ਉਸ ਨੇ ਆਪਣੀ ਵਡ-ਮੁਲੀ ਪੁਸਤਕ ਪੁਰਾਤਨ ਭਰੋਸੇ ਯੋਗ ਈਰਾਨੀ ਲਿਖਤਾਂ ਦੇ ਅਧਾਰ ਉਤੇ ਤਿਆਰ ਕੀਤੀ ਸੀ।

Sri Satguru Jagjit Singh Ji eLibrary NamdhariElibrary@gmail.com

ਪ੍ਰਗਟ ਕੀਤਾ ਹੈ ਕਿ ਬ੍ਰਾਹਮਣਾਂ (ਪੁਰਾਤਨ ਆਰੀਆਂ) ਦਾ ਧਰਮ ਉਸ ਕਯੂਮਸ ਦੇ ਰਾਜ ਤਿਲਕ ਤੋਂ ਵੀ ਪਹਿਲੇ ਫੈਲ ਚੁਕਾ ਸੀ, ਜਿਸ ਨੂੰ ਪਾਰਸੀ ਬੜੀ ਸ਼ਰਧਾ ਨਾਲ ਸਭ ਤੋਂ ਪਹਿਲਾ ਮਨੁਖ ਸਮਝਦੇ ਹਨ; ਹਾਲਾਂਕਿ ਉਹਨਾਂ ਦਾ ਇਹ ਵੀ ਨਿਸ਼ਚਾ ਹੈ ਕਿ ਉਸ ਰਾਜ ਤੋਂ ਪਹਿਲੇ ਸੰਸਾਰ ਵਿਚ ਪਾਣੀ ਹੀ ਪਾਣੀ ਸੀ। ਸੈਂਕੜੇ ਪਾਰਸੀ ਨਾਮ ਖਾਲਸ ਸੰਸਕਰਿਤ ਦੇ ਹਨ ਅਤੇ ਜ਼ੇਂਡੀਆਂ ਦੀ ਬੋਲੀ ਵੀ ਸੰਸਕਰਿਤ ਦੀ ਹੀ ਇਕ ਉਪਭਾਸ਼ਾ ਹੈ। ਪੁਰਾਤਨ ਫਾਰਸ ਦੀ ਰਾਜਧਾਨੀ ਇਸਤਖਾਰਬਾ ਜਾਂ ਪਰਸੀਪੋਲਸ ਜਿਸ ਨੂੰ ਅਜ ਕਲ ਤਖਤ ਜਮਸ਼ੇਦ ਆਖਦੇ ਹਨ, ਦੇ ਮਹਲਾਂ ਦੇ ਪੁਰਾਤਨ ਖੰਡਰਾਂ ਉਤੇ ਉਕਰੀ ਹੋਈ ਜ਼ਬਾਨ ਦੇ ਲਫਜ਼ ਅਤੇ ਬੰਬਈ ਵਿਚ ਅਲਫੈਂਟਾ ਦੇ ਚਿਤਰਾਂ ਅਤੇ ਦਿੱਲੀ ਵਿਚ ਫਿਰੋਜ਼ ਸ਼ਾਹ ਦੇ ਮੀਨਾਰ ਉਤੇ ਉਕਰੇ ਹੋਏ ਹਿੰਦੀ ਲਫਜ਼ਾਂ ਨਾਲ ਬਿਲਕੁਲ ਮਿਲਦੇ ਜੁਲਦੇ ਹਨ। ਇਹ ਅੱਖਰ ਜਾਂ ਤਾਂ ਦੇਵ ਨਾਗਰੀ ਦੇ ਹਨ ਯਾ ਉਹਨਾਂ ਨਾਲ ਮਿਲਦੇ ਜੁਲਦੇ। ਇਹ ਗਲ ਨਿਰਸੰਦੇਹ ਸਪਸ਼ਟ ਕਰਦੀ ਹੈ ਕਿ ਹਿੰਦ ਦੇ ਆਰੀਆ ਅਤੇ ਈਰਾਨ ਦੇ ਬਜ਼ੁਰਗ ਇਕੋ ਹੀ ਨਸਲ ਵਿਚੋਂ ਸਨ।

## ਪੁਰਾਤਨ ਆਰੀਆਂ ਦਾ ਅਸਥਾਨ ਪੰਜਾਬ

ਭਾਰਤ ਦੇ ਆਰੀਏ ਪਹਿਲੇ ਪਹਿਲ ਸਿੰਧ ਦੇ ਇਲਾਕੇ ਅਤੇ ਪੰਜਾਬ ਵਿਚ ਆ ਕੇ ਵਸੇ। ਉਹਨਾਂ ਦੇ ਪੁਰਾਣੇ ਗਰੰਥਾਂ ਵਿਚ ਦਰਿਆ ਗੰਗਾ ਦਾ ਨਹੀਂ ਸਗੋਂ ਦਰਿਆ ਸਿੰਧ ਦਾ ਵਾਰ ਵਾਰ ਵਰਨਣ ਆਇਆ ਹੈ। ਇਹੋ ਗਲ ਸਪਸ਼ਟ ਕਰਦੀ ਹੈ ਕਿ ਗੋਰੀਆਂ ਨਸਲਾਂ ਨੇ ਕੋਹ ਕਾਫ ਦੀਆਂ ਉੱਚਾਈਆਂ ਤੋਂ ਥਲੇ ਉਤਰ ਕੇ ਪਹਿਲੇ ਸਿੰਧ ਦੇ ਦੇਸ਼ ਅਤੇ ਇਸ ਦੀਆਂ ਪੰਜ ਨਦੀਆਂ ਦੇ ਇਲਾਕੇ ਉਤੇ ਅਧਿਕਾਰ ਜਮਾਇਆ।

## ਆਰੀਆਂ ਦਾ ਵੱਡਾ ਦਰਿਆ ਸਿੰਧ

ਆਰੀਆ ਲੋਕ ਆਪਣੇ ਵੇਦ ਮੰਤਰਾਂ ਵਿਚ ਇਹ ਪ੍ਰਾਰਥਨਾਂ ਕਰਦੇ ਸਨ-"ਐ ਧੰਨ ਦੇ ਦਾਤੇ ਸਿੰਧੂ! ਸਾਡੀ ਅਰਦਾਸ ਸੁਣ ਅਤੇ ਸਾਡੇ ਚੁਰੇੜੇ ਖੇਤਾਂ ਨੂੰ ਪਾਣੀ ਨਾਲ ਹਰੇ ਭਰੇ ਕਰ!" ਸਿੰਧ ਨੂੰ ਪਾਲਿਨੀ ਨੇ ਸਿੰਧਸ ਅਰਥਾਤ ਸਿਆਂਦ ਤੋਂ ਨਿਕਲਨ ਵਾਲਾ ਦਰਿਆ ਕਿਹਾ ਹੈ। ਯੂਨਾਨੀਆਂ ਨੇ ਆਪਣੇ ਵਡੇ ਦਰਿਆ ਦਾ ਨਾਮ ਆਰੀਆਂ ਪਾਸੋਂ ਲਿਆ ਤੇ ਇਹੋ ਨਾਮ ਪੱਛਮੀ ਯੂਰਪ ਨੂੰ ਪ੍ਰਦਾਨ ਕਰ ਦਿਤਾ। ਅਵੈਸਤਾ ਵਿਚ ਹਫਤ ਹਿੰਦੂ (ਸਤ ਨਦੀਆਂ ਦੀ ਧਰਤੀ) ਦਾ ਜ਼ਿਕਰ ਸਪਸ਼ਟ ਤੌਰ ਉਤੇ ਪੰਜਾਬ ਦੇ ਇਲਾਕੇ ਨੂੰ ਪ੍ਰਗਟ ਕਰਦਾ ਹੈ। ਡੇਰੀਅਸ (ਦਾਰਾ ਗੁਸਤਾਸਪ) ਦੀਆਂ ਲਿਖਤਾਂ ਵਿਚ ਸਿੰਧ ਉਪਰਲੀ ਵਸੋ ਨੂੰ ਇੰਦੂ ਆਖਿਆ ਗਿਆ ਹੈ। ਯੂਨਾਨੀਆਂ ਨੇ ਇਹਨਾਂ ਨਾਵਾਂ ਨੂੰ ਵਿਗਾੜ ਕੇ ਇੰਡਸ ਅਤੇ ਇੰਡੋਈ ਬਣਾ ਦਿਤਾ।

## ਹਿੰਦ ਵਿਚ ਆਉਣ ਦਾ ਸਮਾਂ

ਆਰੀਆ ਲੋਕ ਪਹਿਲੇ ਪਹਿਲ ਕਿਸ ਸਮੇਂ ਹਿੰਦ ਵਿਚ ਆ ਕੇ ਦਾਖਲ ਹੋਏ? ਇਸ ਬਾਰੇ ਕੋਈ ਗਲ ਨਿਸ਼ਚੇ ਨਾਲ ਕਹੀਂ ਨਹੀਂ ਜਾ ਸਕਦੀ। ਕੁਛ ਲੋਕਾਂ ਦਾ ਖਿਆਲ ਹੈ ਕਿ ਇਹ ਉਹੋ ਸਮਾਂ ਸੀ ਜਦੋਂ ਮੂਸਿਆਂ ਦੇ ਮਾਤਹਿਤ ਦੇਸ਼ ਨਿਕਾਲਾ ਸ਼ੁਰੂ ਹੋਇਆ।

ਰਿਗ ਵੇਦ ਅੰਦਰੋਂ ਜੋ ਗਵਾਹੀ ਮਿਲਦੀ ਹੈ, ਉਸ ਦੇ ਅਨੁਸਾਰ ਇਹ ਲੋਕ ੩੪੦੦ ਸਾਲ* ਪਹਿਲੇ ਅਰਥਾਤ ਅੰਗਰੇਜ਼ੀ ਸੰਨ ਤੋਂ ੧੫ ਸਦੀਆਂ ਪਹਿਲੇ ਹਿੰਦੁਸਤਾਨ ਦੇ ਉੱਤਰ-ਪੱਛਮ ਤੋਂ ਪਰੇ ਤੀਕ ਨਹੀਂ ਸਨ ਅਪੜੇ। ਸਰ ਵਿਲੀਅਮ ਜੋਨਜ਼ ਨੇ ਇਹ ਪਤਾ ਲਾਇਆ ਹੈ ਕਿ ਹਿੰਦੀ ਰਾਜ ਦੀ ਨੀਂਹ ਵਰਤਮਾਨ ਸਮੇਂ ਤੋਂ ੩੮੦੦ ਸਾਲ ਪਹਿਲੇ ਰਖੀ ਗਈ ਸੀ। ਡਾਕਟਰ ਵਿਲਸਨ ਆਪਣੀ ਵੱਡਮੁਲੀ ਕਿਤ "ਭਾਰਤ ਤਿੰਨ ਹਜ਼ਾਰ ਸਾਲ ਪਹਿਲੇ"(India Three Thousand Years Ago) ਵਿਚ ਇਹ ਸਮਾਂ ਸੰਨ ਈਸਵੀ ਤੋਂ ੧੫ ਸੌ ਸਾਲ ਪਹਿਲੇ ਦਸਦਾ ਹੈ। ਯਹੂਦੀ ਗਰੰਥਾਂ ਤੋਂ ਸਾਨੂੰ ਇਹ ਵੀ ਪਤਾ ਚਲਦਾ ਹੈ ਕਿ ਸੰਨ ਈਸਵੀ ਤੋਂ ਲਗ ਪਗ ਇਕ ਹਜ਼ਾਰ ਸਾਲ ਪਹਿਲੇ ਟਾਈਰੇ ਅਤੇ ਇਸਰਾਈਲ ਦੇ ਸੌਦਾਗਰ ਅਰਬ ਖਾੜੀ ਦੇ ਸਾਹਿਲ ਉਪਰਲੇ ਸ਼ਹਿਰ ਐਹਲਦਾਹ ਤੋਂ ਜਹਾਜ਼ਾਂ ਵਿਚ ਦੱਖਣੀ ਦੇਸਾਂ ਵਲ ਰਵਾਨਾ ਹੁੰਦੇ ਸਨ ਅਤੇ ਤਿੰਨ ਸਾਲ ਦੀ ਗੈਰ ਹਾਜ਼ਰੀ ਮਗਰੋਂ ਸੋਨਾ, ਚਾਂਦੀ, ਜਵਾਹਾਰਾਤ, ਹਾਥੀ ਦੰਦ, ਚੰਦਨ ਦੀ ਲਕੜੀ, ਮੋਰ ਅਤੇ ਬਾਂਦਰਾਂ ਨਾਲ ਲਦੇ ਹੋਏ ਵਾਪਸ ਮੁੜਦੇ ਸਨ। ਜਿਥੋਂ ਤੀਕ ਮੋਰਾਂ ਤੇ ਚੰਦਨ ਦਾ ਸੰਬੰਧ ਹੈ ਇਹ ਅਤੇ ਦੂਜੀਆਂ ਚੀਜ਼ਾਂ ਕੇਵਲ ਹਿੰਦ ਦੇ ਇਲਕਿਆਂ ਵਿਚ ਹੀ ਪਾਈਆਂ ਜਾਂਦੀਆਂ ਹਨ ਅਤੇ ਯਹੂਦੀ ਇਹਨਾਂ ਤੇ ਦੂਜੀਆਂ ਚੀਜ਼ਾਂ ਨੂੰ ਸੰਸਕ੍ਰਿਤ ਦੇ ਨਾਵਾਂ ਨਾਲ ਹੀ ਪ੍ਰਗਟ ਕਰਦੇ ਸਨ। ਉਪਰਲਾ ਸਿੰਧ ਅਤੇ ਹਿਮਾਲਾ ਦੀਆਂ ਉਚੇਰੀਆਂ ਵਾਦੀਆਂ ਸੋਨੇ ਨਾਲ ਭਰਪੂਰ ਹਨ ਜਿਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ, ਇਹ ਸਮਝ ਕੇ ਕਿ ਉਹ ਜਿਸ ਦੇਸ ਵੱਲ ਜਾਂਦੇ ਸਨ ਉਹ ਹਿੰਦੁਸਤਾਨ ਹੀ ਸੀ। ਆਰੀਆ ਲੋਕ ਇਸ ਦੇਸ ਉਤੇ ਸੰਨ ਈਸਵੀ ਤੋਂ ਇਕ ਹਜ਼ਾਰ ਸਾਲ ਪਹਿਲੇ ਅਧਿਕਾਰ ਜਮਾ ਚੁਕੇ ਸਨ। ਪਟੋਲਮੀ (Ptolemy) ਅਬੀਰੀਆ ਦੀ ਧਰਤੀ ਨੂੰ ਸਿੰਧ ਦੇ ਦਹਾਨੇ ਵਿਚ ਦਸਦਾ ਹੈ। ਆਰੀਆਂ ਦੀ ਇਕ ਕਵਿਤਾ ਦੇ ਕਥਨ ਅਨੁਸਾਰ ਇਸ ਕੌਮ ਪਾਸ ਗਊਆਂ, ਉਠ, ਭੇਡਾਂ ਅਤੇ ਬਕਰੀਆਂ ਬਹੁਤ ਸਨ। ਲਫਜ਼ ਅਬੀਰੀਆ ਯਹੂਦੀ ਲਫਜ਼ ਓਫੀਰ ਅਤੇ ਹਿੰਦੀ ਦੇ ਲਫਜ਼ ਅਹੀਰ ਨਾਲ ਮਿਲਦਾ ਜੁਲਦਾ ਹੈ, ਜਿਸ ਦਾ ਭਾਵ ਹੈ ਚਰਵਾਹਾ ਅਤੇ ਜੇ ਇਹ ਵਿਚਾਰ ਦਰੁਸਤ ਮੰਨ ਲਿਆ ਜਾਏ ਤਾਂ ਇਸ ਤੋਂ ਸਿੱਧ ਹੁੰਦਾ ਹੈ ਕਿ ਜਿਹੜੀ ਡੰਗਰਾਂ ਦੀ ਮਾਲਕ ਕੌਮ ਇਕ ਹਜ਼ਾਰ ਸਾਲ ਪਹਿਲੇ ਸਿੰਧ ਦੇ ਕੰਢਿਆਂ ਉਤੇ ਆ ਕੇ ਆਬਾਦ ਹੋਈ ਉਹ ਆਰੀਆ ਕੌਮ ਤੋਂ ਛੁਟ ਹੋਰ ਕੋਈ ਨਹੀਂ ਸੀ। ਇਸ ਤੋਂ ਅਤੇ ਦੂਜੀਆਂ ਗੱਲਾਂ ਤੋਂ ਪ੍ਰਸਿਧ ਜਰਮਨ ਵਿਦਵਾਨ ਮੈਕਸ ਡੰਕਰ ਇਹ ਸਿੱਟਾ ਕਢਦਾ ਹੈ ਕਿ ਆਰੀਆ ਲੋਕ ਸੰਨ ਈਸਵੀ ਤੋਂ ਲਗ ਪਗ ਦੋ ਹਜ਼ਾਰ ਸਾਲ ਪਹਿਲੇ ਸਿੰਧ ਦੀ ਵਾਦੀ ਵਿਚ ਆਏ ਸਨ। ਇਹ ਠੀਕ ਉਹੋ ਸਮਾਂ ਸੀ ਜਦੋਂ ਦਜਲਾ ਤੇ ਫਰਾਤ (Euphretes & Tigris) ਦੀ ਵਾਦੀ ਵਿਚ ਐਲਮ ਦੀ ਬਾਦਸ਼ਾਹਤ ਦਾ ਡੰਕਾ ਵਜ ਰਿਹਾ ਸੀ ਅਤੇ ਜਦੋਂ ਅਸੀਰੀਆ ਬਾਬਲ ਦੇ ਮਾਤਹਿਤ ਸੀ ਅਤੇ ਮੈਮਫੀ ਦੇ ਰਾਜ ਉਪਰ ਹਿਕਸੋਸ ਰਾਜ ਕਰਦਾ ਸੀ।"

## ਵਿਸ਼ਾਲ ਆਰੀਅਨ ਪਰਿਵਾਰ ਦਾ ਸੀਲੋਨ ਅਤੇ ਬਰਤਾਨੀਆ ਤੇ ਦੂਜੇ ਯੂਰਪੀ ਦੇਸਾਂ ਨਾਲ ਮਿਲਾਪ

ਠੀਕ ਉਸੇ ਸਮੇਂ ਜਦੋਂ ਆਰੀਆ ਲੋਕਾਂ ਨੇ ਹਿੰਦ ਵਲ ਧਾਵਾ ਕੀਤਾ, ਕੁਛ ਦੂਜੀਆਂ ਕੌਮਾਂ, ਜੋ ਇਹਨਾਂ ਦੀ ਹੀ ਬੋਲੀ ਬੋਲਦੀਆਂ ਸਨ, ਯੂਰਪ ਵਿਚ ਦਾਖਲ ਹੋਈਆਂ ਅਤੇ ਯੂਨਾਨ, ਸਕੈਂਡੇਨੇਵੀਆ ਦੇ ਵਖ ਵਖ ਇਲਾਕਿਆਂ, ਜਰਮਨੀ ਅਤੇ ਇਟਲੀ ਵਿਚ ਦਾਖਲ ਹੋਈਆਂ। ਇਹਨਾਂ ਪੱਛਮੀ ਸ਼ਾਖਾਂ ਵਿਚੋਂ ਹੀ ਇਕ ਨੇ ਈਰਾਨ ਵਿਚ ਬਾਦਸ਼ਾਹਤ ਕਾਇਮ ਕੀਤੀ ਅਤੇ ਇਕ ਦੂਜਾ ਕਬੀਲਾ ਹਸਪਾਨੀਆ ਅਤੇ ਪੁਰਾਤਨ ਇੰਗਲੈਂਡ ਵਿਚ ਵੱਸ ਗਿਆ। ਅਜ ਕਲ ਦੀਆਂ

*ਤਿੰਨ ਹਜ਼ਾਰ ਸਾਲ ਮਗਰੋਂ ਮੱਨੂ ਧਰਮ ਸ਼ਾਸਤਰ ਨੇ ਹਿੰਦੂਆਂ ਦੇ ਧਰਮ ਅਤੇ ਗੌਰਮਿੰਟ ਵਿਚ ਸੁਧਾਰ ਜਾਰੀ ਕੀਤੇ। ਪੁਰਾਨ ਇਸ ਜ਼ਮਾਨੇ ਤੋਂ ਬਹੁਤ ਚਿਰ ਮਗਰੋਂ ਲਿਖੇ ਗਏ।

Sri Satguru Jagjit Singh Ji eLibrary NamdhariElibrary@gmail.com

ਬੋਲੀਆਂ ਦੀ ਰੀਸਰਚ ਨੇ ਇਹ ਗਲ ਸਿੱਧ ਕਰ ਦਿਤੀ ਹੈ ਕਿ ਆਰੀਆਂ ਦਾ ਵਿਸ਼ਾਲ ਪਰਿਵਾਰ ਸੀਲੋਨ ਤੋਂ ਲੈ ਕੇ ਬਰਤਾਨੀਆ ਅਤੇ ਸਕੈਂਡੇਨੇਵੀਆ ਅਤੇ ਧੁਰ ਉੱਤਰ ਤੋਂ ਈਕੁਏਟਰ ਤੀਕ ਇਕੋ ਹੀ ਸੀ। ਬਰਾਹਮਣ, ਰਾਜਪੂਤ ਅਤੇ ਅੰਗਰੇਜ਼ ਪੁਰਾਤਨ ਆਰੀਆਂ ਦੇ ਇਕੋ ਜਿਹੇ ਹੀ ਵਾਰਸ ਹਨ । ਆਰੀਆ ਸ਼ਬਦ ਅਸਲ ਵਿਚ ਬਰਾਹਮਣਾਂ ਦੀ ਉਸ ਨਸਲ ਦਾ ਸੂਚਕ ਹੈ, ਜਿਸ ਦਾ ਨਿਵਾਸ ਅਸਥਾਨ ਵਿਸ਼ਾਲ ਕੋਹਕਾਫ ਪਰਬਤ ਲੜੀ ਦੇ ਪਾਸ ਸੀ । ਬਾਬਲ ਦੇ ਚੈਲਡੀਅਨ ਸਕੂਲ ਵਿਚੋਂ ਨਿਕਲੇ ਹੋਏ ਬਰਾਹਮਣਾਂ ਨੇ ਆਪਣੀ ਵਿਦਵਤਾ ਅਤੇ ਕਾਰੀਗਰੀ ਨੂੰ ਉੱਤਰ ਵਲੇ ਕੈਸਪੀਅਨ ਅਤੇ ਯੂਕਸੀਨ ਤੀਕ ਪਚਾਇਆ। ਕੁਝ ਸਮਾ ਮਗਰੋਂ ਇਹ ਮਿਸਰੀਆਂ ਦੀ ਵਿਦਵਾਨ ਵਸਤੀ ਨਾਲ ਮਿਲਜੁਲ ਗਏ ਅਤੇ ਸਾਇੰਸ ਦਾ ਚਾਨਣਾ ਉੱਤਰ ਤੇ ਪੂਰਬ ਦੇ ਉਹਨਾਂ ਦੇਸਾਂ ਤੀਕ ਪੁਚਾ ਦਿਤਾ, ਜਿਨ੍ਹਾਂ ਵਿਚ ਇਰਾਨ, ਬੈਕਟਰੀਆਂ, ਮੀਡੀਆ, ਸੋਗਡਿਆਨਾ, ਥਿਬਤ, ਅਤੇ ਖਾਤਾ ਵੀ ਸ਼ਾਮਲ ਸਨ।

## ਅੰਗਰੇਜ਼ਾਂ ਦੀ ਨਸਲ

ਆਰੀਆਂ ਦੇ ਵਿਸ਼ਾਲ ਪਰਿਵਾਰ ਦੀ ਇਕ ਧਾਰਾ ਟਯੂਟਨ ਸਨ। ਅਗਰੇਜ਼ ਇਹਨਾਂ ਟਯੂਟਨਾਂ ਦੀ ਔਲਾਦ ਹਨ। ਉਹ ਭਾਵੇਂ ਭਾਰਤ ਦੇ ਹਿੰਦੂਆਂ ਤੋਂ ਉੱਕਾ ਹੀ ਅੜਰੇ ਜਾਪਦੇ ਹਨ ਪਰ ਇਹਨਾਂ ਦੋਵਾਂ ਦੇ ਵਡਿਕੇ ਇਕੋ ਹੀ ਸਨ। ਹਿੰਦੂ ਅਤੇ ਯੂਨਾਨੀ ਸਭਿਅਤਾ ਦੇ ਆਰੰਭ ਤੋਂ ਬਹੁਤ ਦੇਰ ਮਗਰੋਂ ਜਾ ਕੇ ਜਾਂਗਲੀਪਨ ਦੀ ਦਸ਼ਾ ਵਿਚੋਂ ਨਿਕਲ ਕੇ ਅੰਗਰੇਜ਼ੀ ਕੌਮ ਦਾ ਜਨਮ ਹੋਇਆ।

## ਹਿੰਦ ਦੇ ਆਰੀਆ ਤੇ ਪੱਛਮੀ ਕੌਮਾਂ ਦੀ ਇਕ ਨੁਹਾਰ

ਜਿਥੋਂ ਤੀਕ ਨੁਹਾਰ ਅਥਵਾ ਚਿਹਰੇ ਮੁਹਰੇ ਦਾ ਸੰਬੰਧ ਹੈ ਭਾਰਤ ਦੇ ਆਰੀਏ ਆਪਣੇ ਪੱਛਮੀ ਭਰਾਵਾਂ ਨਾਲ ਬਹੁਤ ਹਦ ਤੀਕ ਮਿਲਦੇ ਜੁਲਦੇ ਹਨ । ਉਹਨਾਂ ਦੇ ਸਿਧੇ ਨਕ ਤੇ ਨਫੀਸ ਤਿਖੇ ਨਕਸ਼ ਅਤੇ ਉਹਨਾਂ ਦਾ ਹਲਕਾ ਰੰਗ, ਜਿਨ੍ਹਾਂ ਉਤੇ ਕੋਹਕਾਫੀ ਖਾਨਦਾਨ ਦੀ ਛਾਪ ਲੱਗੀ ਹੋਈ ਹੈ, ਪੱਛਮੀ ਕੌਮਾਂ ਦੇ ਲੋਕਾਂ ਨਾਲ ਇਕਸਾਰਤਾ ਰਖਦੇ ਹਨ। ਕਦੇ ਇਹ ਲੋਕ ਵੀ ਅਖੜ ਰੂਪ ਵਿਚ ਸੰਸਕ੍ਰਿਤ ਬੋਲੀ ਬੋਲਦੇ ਸਨ ਅਤੇ ਹਣ ਤੀਕ ਵੀ ਇਹ ਉਸ ਬੋਲੀ ਤੋਂ ਜਾਣੂੰ ਹਨ। ਨਵੀਨ ਬੋਲੀਆਂ ਦੇ ਮਾਹਰਾਂ ਨੇ ਪੱਛਮੀ ਦੇਸਾਂ ਦੀਆਂ ਬੋਲੀਆਂ ਤੇ ਸੰਸਕ੍ਰਿਤ ਦੀ ਸਾਂਝ ਸਾਬਤ ਕਰ ਵਖਾਈ ਹੈ।

## ਪੂਰਬ ਅਤੇ ਪੱਛਮ ਦੀਆਂ ਬੋਲੀਆਂ ਦੇ ਸ਼ਬਦਾਂ ਦੀ ਇਕਸਾਰਤਾ

ਆਰੀਆਈ, ਯੂਨਾਨੀ, ਲਾਤੀਨੀ, ਲੈਟੋ, ਸਕਲਵੋਨੀਅਨ, ਜਰਮਨਿਕ ਅਤੇ ਸੈਲਟਿਕ ਬੋਲੀਆਂ ਦੇ ਆਪੋ ਵਿਚਲੇ ਸੰਬੰਧ ਨਿਰਸੰਦੇਹ ਉਹਨਾਂ ਕੌਮਾਂ ਦੀ ਸਾਂਝ ਦਾ ਸਬੂਤ ਹਨ, ਜੋ ਇਹ ਬੋਲੀਆਂ ਬੋਲਦੀਆਂ ਹਨ। ਸ਼ਬਦ ਸਾਡੀ ਸਾਂਝੀ ਵਰਾਸਤ ਹਨ, ਪੁਰਾਤਨ ਯਾਦਗਾਰਾਂ ਜੋ ਸਾਨੂੰ ਪੁਰਾਤਨ ਸਮਿਆਂ ਵਿਚ ਸਾਡੇ ਬਜ਼ੁਰਗਾਂ ਪਾਸੋਂ ਵਿਰਸੇ ਵਿਚ ਮਿਲੀਆਂ, ਅਤੇ ਜਿਥੋਂ ਤੀਕ ਸਿਕਿਆਂ ਦੀ ਅਸੀਂ ਪਛਾਣ ਕਰ ਸਕੇ ਹਾਂ, ਉਹ ਜਿਵੇਂ ਪੁਰਾਤਨ ਇਤਿਹਾਸ ਦੇ ਚਿਨ੍ਹ ਹਨ, ਏਸੇ ਤਰ੍ਹਾਂ ਜ਼ਬਾਨਾਂ ਦੇ ਸ਼ਬਦ, ਜੋ ਸਿਕਿਆਂ ਵਾਂਗ ਅਪਣੀ ਰੋਜ਼ ਦੀ ਵਰਤੋਂ ਵਿਹਾਰ ਵਿਚ ਲੈਂਦੇ ਦੇਂਦੇ ਹਾਂ, ਵੀ ਸਾਡੀ ਸਾਂਝ ਨੂੰ ਦਰਸਾਉਂਦੇ ਹਨ।

## ਪੂਰਬ ਅਤੇ ਪੱਛਮ ਦੀਆਂ ਬੋਲੀਆਂ ਵਿਚ ਸਾਂਝੇ ਸ਼ਬਦ

ਪਰਿਵਾਰ ਦੇ ਜੀਆਂ ਲਈ, ਡੰਗਰਾਂ, ਗੱਡੀਆਂ, ਛਕੜਿਆਂ, ਬੇੜੀਆਂ, ਖੇਤੀ ਬਾੜੀ ਦੇ ਸਨਦਾਂ, ਭਾਂਡਿਆ, ਔਜ਼ਾਰਾਂ ਅਤੇ ਹਥਿਆਰਾਂ ਲਈ ਸਾਡੇ ਸਾਰਿਆਂ ਪਾਸ ਲਫਜ਼ਾਂ ਦਾ ਇਕ ਸਾਂਝਾ ਭੰਡਾਰ ਹੈ। ਅਜ ਕਲ ਦੀਆਂ ਨਵੀਨ ਹਿੰਦੀ ਜ਼ਬਾਨਾਂ ਦੀ ਤੇ ਪੱਛਮੀ ਦੇਸਾਂ ਦੀਆਂ ਜ਼ਬਾਨਾਂ ਦੀ ਇਕਸੁਰਤਾ ਬੜੀ ਹੈਰਾਨੀ ਦਾਇਕ ਹੈ। ਇਸ ਤਰ੍ਹਾਂ ਫਾਰਸੀ ਦਾ ਲਫਜ਼ ਪੰਜਾਬ, ਯੂਨਾਨ ਦਾ ਹੀਵਰੇ, ਵਰਤਮਾਨ ਵੇਲਜ਼ ਦਾ ਅਬੇਰ, (ਦੁਆਬ) ਯੂਨਾਨੀ ਈਵੇ, ਯਾ ਲੇਟਿਨ ਭੂਵੇ ਆਦ ਸਭ ਦਾ ਨਿਕਾਸ ਸਾਂਝਾ ਹੈ। ਸੰਸਕ੍ਰਿਤ ਦੇ ਲਫਜ਼ ਰਾਜਾ ਤੇ ਲਾਤੀਨੀ ਦੇ ਰੇਕਸ ; ਫਾਰਸੀ ਤੇ ਬਦਨਾਮ, ਤੇ ਅੰਗਰੇਜ਼ੀ ਦੇ ਬੈਡ ਨੇਮ ਵਿਚ ਤੇ ਬਹੁਤ ਹੀ ਘਟ ਅਦਲਾ ਬਦਲੀ ਦਿਸਦੀ ਹੈ। ਅੰਗਰੇਜ਼ੀ ਦਾ ਲਫਜ਼ ਵਾਰਮ (ਗਰਮ) ਪੁਰਾਣੀ ਜਰਮਨ ਦਾ ਵਾਰਾਮ, ਪੁਰਾਤਨ ਡਚ ਦਾ ਵਾਰਮ, ਫਾਰਸੀ ਦਾ ਗਰਮ, ਲਾਤੀਨੀ ਦਾ ਫਾਰਮਸ ਅਤੇ ਸੰਸਕ੍ਰਿਤ ਦਾ ਘਰਮਾ ਸਭ ਆਪੋ ਵਿਚ ਮਿਲਦੇ ਜੁਲਦੇ ਹਨ। ਪਿੰਤਾ ਅਥਵਾ ਬਾਪੂ ਨੂੰ ਅੰਗਰੇਜ਼ੀ ਵਿਚ ਫਾਦਰ, ਗੋਥਕ ਵਿਚ ਫਾਦੇਰ, ਡਚ ਜ਼ਬਾਨ ਵਿਚ ਵਡੇਰ, ਜਰਮਨ ਵਿਚ ਵਾਟੇਰ, ਲਾਤੀਨੀ ਵਿਚ ਪਟੇਰ, ਯੂਨਾਨੀ ਵਿਚ ਵਾਰਨੇ, ਫਾਰਸੀ ਵਿਚ ਪਿਦਰ, ਸੰਸਕ੍ਰਿਤ ਵਿਚ ਪਿਤਾ ਤੇ ਉਰਦੂ ਵਿਚ ਬਾਪ ਆਖਦੇ ਹਨ। ਮਾਤਾ ਅਥਵਾ ਮਾਂ ਨੂੰ ਅੰਗਰੇਜ਼ੀ ਵਿਚ ਮਦਰ, ਆਈਸਲੈਂਡ ਵਿਚ ਮੋਦਰ, ਡਨਮਾਰਕ ਤੇ ਸਵੀਡਨ ਵਿਚ ਮੋਡਰ, ਪੁਰਾਣੀ ਜਰਮਨ ਵਿਚ ਮੋਤਰ, ਲਾਤੀਨੀ ਵਿਚ ਮਟੇਰ, ਸੰਸਕ੍ਰਿਤ ਵਿਚ ਮਾਤਾ, ਫਾਰਸੀ ਵਿਚ ਮਾਦਰ, ਪੁਰਾਤਨ ਸਕਲਾਵੋਨਿਕ ਵਿਚ ਮਾਤੀ, ਰੂਸ ਵਿਚ ਮੈਟੀ, ਆਇਰਿਸ਼ ਵਿਚ ਮਥੈਰਾ, ਅਤਾਲਵੀ ਹਸਪਾਨਵੀ ਤੇ ਪੁਰਤਗਾਲੀ ਵਿਚ ਮਾਦਰੀ, ਫਰਾਂਸੀਸੀ ਵਿਚ ਮੇਰੇ ਤੇ ਉਰਦੂ ਵਿਚ ਮਾਂ ਆਖਦੇ ਹਨ। ਜਿਥੋਂ ਤੀਕ ਭਾਈ, ਭੈਣ ਦਾ ਸੰਬੰਧ ਹੈ ਇਹ ਅਤੇ ਕਈ ਹੋਰ ਲਫਜ਼ ਜੋ ਅਸੀਂ ਸਾਰੇ ਹੀ ਆਪਣੀ ਦੈਨਿਕ ਵਰਤੋਂ ਵਿਹਾਰ ਵਿਚ ਬੋਲਦੇ ਹਾਂ, ਸਭ ਦਾ ਨਿਕਾਸ ਇਕੋ ਹੈ। ਅੰਗਰੇਜ਼ੀ ਦਾ ਲਫਜ਼ ਵਿਡੋ, ਸੰਸਕ੍ਰਿਤ ਲਫਜ਼ ਵਿਧਵਾ ਵਿਚੋਂ ਲਿਆ ਗਿਆ ਹੈ, ਜਿਸ ਦਾ ਭਾਵ ਹੈ ਪਤੀ ਹੀਨ ਇਸਤ੍ਰੀ। ਜਰਮਨ ਵਿਚ ਇਸ ਨੂੰ ਵਡੀਵੀ, ਵਿਤੂਆਂ, ਵਤਾਵਾ ਵਿਤਵਾ, ਪਰੂਸ਼ੀਅਨ ਵਿਚ ਵਡੇਵਾ, ਲਾਤੀਨੀ ਵਿਚ ਵਿਡੂਆ, ਆਖਦੇ ਹਨ, ਜੋ ਲਫਜ਼ ਵਿਡੂਸ (ਪਤੀ) ਤੋਂ ਲਿਆ ਗਿਆ ਹੈ। ਏਸੇ ਤਰ੍ਹਾਂ ਧੀ ਨੂੰ ਅੰਗਰੇਜ਼ੀ ਵਿਚ ਡਾਟਰ ਤੇ ਸੰਸਕ੍ਰਿਤ ਵਿਚ ਦੁਹਿਤੀ ਆਖਦੇ ਹਨ। ਇਸ ਦਾ ਭਾਵ ਹੈ ਦੁਧ ਚੋਣ ਵਾਲੀ ; ਪੁਰਾਤਨ ਆਰੀਆਂ ਵਿਚ ਧੀਆਂ ਦੇ ਜ਼ਿੰਮੇ ਦੁਧ ਚੋਣ ਦਾ ਫਰਜ਼ ਲਾਇਆ ਗਿਆ ਸੀ। ਡਚ ਵਿਚ ਇਸਨੂੰ ਡਾਹਟਰ, ਡਾਚਟਰ, ਆਈਸ ਲੈਂਡੀ ਡੋਟਿਰ, ਸਵੀਡੀ ਡੋਟੇਰ ਅਤੇ ਡਾਟੀਰ, ਗੋਥਕ ਡੌਟਰ ਅਤੇ ਫਾਰਸੀ ਵਿਚ ਦੁਖਤਰ ਆਖਦੇ ਹਨ। ਡਚ ਅਤੇ ਫਾਰਸੀ ਦੇ ਸ਼ਬਦਾਂ ਦਾ ਨੇੜ ਤੇ ਖਾਸ ਕਰ ਕੇ ਕਮਾਲ ਦਾ ਹੈ। ਹਿੰਦੀ ਦਾ ਲਫਜ਼ ਦੀਵਾ, ਜੋ ਦਿਵ ਅਥਵਾ ਜਿਓਤੀ ਤੋਂ ਬਣਿਆ ਹੈ, ਲਾਤੀਨੀ ਡੇਟਾਸ ਹੀ ਹੈ ਜੋ ਡੀਉਸ ਦੇਵਤੇ ਤੋਂ ਲਿਆ ਗਿਆ ਹੈ, ਲਿਥੂਆਨੀਅਨ ਡੀਉਆਸ, ਫਰਾਂਸੀਸੀ ਡੇਈਟੀ, ਹਸਪਾਨਵੀ ਡੇਈਡਡ, ਪੁਰਤਗਾਲੀ ਡੇਈਡਾਡੀ, ਅਤਾਲਵੀ ਡੇਈਟਾ ਸਭ ਆਪੋ ਵਿਚ ਮਿਲਦੇ ਜੁਲਦੇ ਹਨ। ਇਹ ਲਫਜ਼ ਯੂਨਾਨ ਦੇ ਡਯੂਸ ਅਤੇ ਰੋਮਨਾਂ ਦੇ ਡਿਉਸ ਪਿਟਰ ਨਾਲ ਮਿਲਦਾ ਜੁਲਦਾ ਹੈ । ਸੀਣ ਪਰੋਣ ਨੂੰ ਅੰਗਰੇਜ਼ੀ ਵਿਚ ਸੀਵਿੰਗ, ਉਰਦੂ ਵਿਚ ਸੀਣਾ ਤੇ ਲਾਤੀਨੀ ਵਿਚ ਸਵੀਰਾ ਆਖਦੇ ਹਨ। ਚੰਦ ਦੇ ਹਿਸਾਬ ਨਾਲ ਸਾਲ ਦੀ ਵੰਡ, ਗਿਣਤੀ, ਗਜ਼, ਬਾਗ, ਕਿਲ, ਦੇਵਤੇ, ਕੁਰਬਾਨੀ ਅਤੇ ਰੀਤਾਂ ਰਸਮਾਂ ਆਦਿਕ ਸਭ ਇਕ ਦੂਜੇ ਨਾਲ ਮਿਲਦੇ ਜੁਲਦੇ ਹਨ । ਮਿਸਰੀਆਂ ਦੇ ਦੇਵਤੇ ਓਸਰੀਸ ਤੇ ਈਸੀਅਸ ਹਿੰਦੂਆਂ ਦੇ ਈਸ਼ਵਰ ਤੇ ਈਸ਼ਰ ਹਨ ਅਤੇ ਹਿੰਦੂਆਂ ਦੇ ਵੇਦਾਂ ਵਿਚਲਾ ਮਿਤਰ, ਈਰਾਨੀ ਵਿਚ ਮਿਥਰਾ ਬਣ ਗਿਆ ਹੈ। ਆਰੀਏ ਜਿਸ ਦੇਵਤੇ ਨੂੰ ਵਰੁਨ ਆਖਦੇ ਹਨ, ਯੂਨਾਨੀ ਉਸੇ ਨੂੰ ਔਓਰਾਨੋਸ ਆਖਦੇ ਹਨ।

Sri Satguru Jagjit Singh Ji eLibrary NamdhariElibrary@gmail.com

ਵਡੇ ਸ਼ੈਤਾਨ ਨੂੰ ਈਰਾਨੀ ਵਰੇਤਰਾ ਅਤੇ ਹਿੰਦੀ ਵਰਿਤਰਾ ਕਹਿੰਦੇ ਹਨ ।

## ਸ਼ਬਦਾਂ ਦੇ ਸੰਬੰਧ ਦਾ ਸਿੱਟਾ

ਇਕ ਦੂਜੇ ਤੋਂ ਦੂਰ ਦੁਰਾਡੇ ਵੱਸਣ ਵਾਲੀਆਂ ਵੱਖ ਵੱਖ ਕੌਮਾਂ ਵਿਚ ਬੋਲੇ ਜਾਣ ਵਾਲੇ ਸਾਂਝੇ ਸ਼ਬਦਾਂ ਦੇ ਨੇੜ ਤੋਂ ਕੀ ਸਿੱਟਾ ਨਿਕਲਦਾ ਹੈ ? ਇਹਨਾਂ ਤੋਂ ਦੋ ਗਲਾਂ ਸਪਸ਼ਟ ਹਨ-ਪਹਿਲੀ ਗਲ ਇਹ ਕਿ ਜਿਹੜੀਆਂ ਕੌਮਾਂ ਇਹੋ ਜਿਹੇ ਸਾਂਝੇ ਲਫਜ਼ਾਂ ਦੀ ਵਰਤੋਂ ਕਰਦੀਆਂ ਅਤੇ ਯੂਰਪ ਤੇ ਏਸ਼ੀਆ ਵਿਚ ਵਸਦੀਆਂ ਹਨ ਉਹ ਇਕੋ ਪਰਿਵਾਰ ਵਿਚੋਂ ਅਤੇ ਇਕੋ ਨਸਲ* ਵਿਚੋਂ ਹਨ । ਯੂਨਾਨੀ, ਲਾਤੀਨੀ ਤੇ ਟਯੂਟਾਨਿਕ ਬੋਲੀਆਂ ਦੀ ਸੰਸਕ੍ਰਿਤ ਨਾਲ ਅਤੇ ਪੁਰਾਤਨ ਈਰਾਨੀ ਜ਼ਬਾਨਾਂ ਨਾਲ ਉਹੋ ਜਿਹੀ ਹੀ ਨੇੜ ਦੀ ਸਾਂਝ ਹੈ, ਜਿਹੋ ਜਿਹੀ ਕਿ ਯੂਰਪੀਨ ਜ਼ਬਾਨਾਂ ਵਿਚ ਅਜ ਕਲ ਪਾਈ ਜਾਂਦੀ ਹੈ। ਇਸ ਦਾ ਸਪਸ਼ਟ ਭਾਵ ਇਹ ਹੈ ਕਿ ਇਹ ਆਪੋ ਵਿਚ ਭੈਣਾਂ ਭੈਣਾਂ ਹਨ। ਦੂਜੇ ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਇਹਨਾਂ ਕੌਮਾਂ ਦੇ ਵਖ ਵਖ ਹੋਣ ਤੋਂ ਪਹਿਲੇ ਵੀ ਉਹਨਾਂ ਨੇ ਕਿਸੇ ਹਦ ਤੀਕ ਸਭਿਅਤਾ ਵਿਚ ਤਰੱਕੀ ਕਰ ਲਈ ਸੀ। ਉਹ ਖੇਤ ਬੀਜਦੇ, ਡੰਗਰ ਚਾਰਦੇ, ਹਥਿਆਰ ਵਰਤਦੇ; ਮਕਾਨ ਉਸਾਰਦੇ ਅਤੇ ਬੇੜੀਆਂ ਤੇ ਬੇੜੇ ਬਣਾਂਉਦੇ ਸਨ।

## ਰਿਗ ਵੇਦ

ਰਿਗ ਵੇਦ (ਭਾਵ ਗਿਆਨ ਦਾ ਸੋਮਾ) ਨੂੰ ਹਿੰਦੂ ਸਭ ਤੋਂ ਉੱਚੀ, ਸਭ ਤੋਂ ਵਧ ਪਵਿਤ੍ਰ, ਅਤੇ ਸਭ ਤੋਂ ਪੁਰਾਤਨ ਬਾਣੀ ਮੰਨਦੇ ਹਨ । ਉਹ ਇਸ ਨੂੰ ਈਸ਼ਵਰੀ ਬਾਣੀ ਅਤੇ ਐਸਾ ਈਸ਼ਵਰੀ ਗਿਆਨ ਸਮਝਦੇ ਹਨ, ਜੋ ਸ੍ਵੈ-ਪੂਰਨ ਹੈ ਅਤੇ ਜਿਸ ਵਿਚ ਪੁਰਾਤਨ ਸੱਚਾਈ ਅੰਕਿਤ ਹੈ ।

## ਇਸ ਦੀ ਪੁਰਾਤਨਤਾਂ

ਪਾਰਸੀ ਪੂਜਾ ਅਤੇ ਚੀਨੀ ਫਿਲਾਸਫੀ ਵਾਂਗ ਇਹ ਵੀ ਦੁਨੀਆਂ ਵਿਚ ਸਭ ਤੋਂ ਪੁਰਾਤਨ ਚੀਜ਼ ਹੈ । ਸੰਨ ਇਸਵੀ ਤੋਂ ੭ ਹਜ਼ਾਰ ਸਾਲ ਪਹਿਲੇ ਜਿਹੜੇ ਆਰੀਆ ਲੋਕ ਸਿੰਧ ਦੇ ਇਲਾਕਿਆਂ ਵਿਚ ਆ ਕੇ ਵਸੇ, ਉਹਨਾਂ ਦੇ ਜੀਵਨ ਤੇ ਰਹਿਣੀ ਬਹਿਣੀ ਬਾਰੇ ਇਸ ਵਿਚ ਸਭ ਤੋਂ ਪੁਰਾਤਨ ਗੁਵਾਹੀ ਦਰਜ ਹੈ।

## ਚਾਰ ਵੇਦ

ਸਾਰੇ ਵੇਦਾਂ ਦੀ ਗਿਣਤੀ ਚਾਰ ਹੈ—ਰਿਗ ਵੇਦ, ਸਾਮ ਵੇਦ, ਯਜੁਰ ਵੇਦ ਅਤੇ ਅਥੁਰ ਵੇਦ, ਰਿਗ ਵੇਦ ੧੦੧੭ ਮੰਤਰਾਂ ਦਾ ਸਮੂਹ ਹੈ, ਜਿਨ੍ਹਾਂ ਵਿਚ ਪ੍ਰਾਰਥਨਾਵਾਂ ਦਰਜ ਹਨ । ਇਸ ਨੂੰ ਸੰਮੁਚੇ ਰੂਪ ਵਿਚ ਸੰਹਿਤਾ ਅਥਵਾ ਕਵਤਾ ਸਮੂਹ ਆਖਦੇ ਹਨ । ਅਸਲ ਵਿਚ ਇਹੋ ਅਸਲ ਤੇ ਸੱਚਾ ਵੇਦ ਹੈ। ਇਸ ਵਿਚ ੧੦੫੮੦ ਕਵਤਾਵਾਂ ਦਰਜ ਹਨ, ਜੋ ਸਭ ਦੀਆਂ ਸਭ ਦੇਵਤਿਆਂ ਦੀਆਂ ਪ੍ਰਾਰਥਨਾ ਨਾਲ ਭਰੀਆਂ ਪਈਆਂ ਹਨ। ਇੰਦਰ ਦੇਵਤੇ ਦੀ ਭੇਟ ਸਭ ਤੋਂ ਵਧੀਕ ਮੰਤਰ ਕੀਤੇ ਗਏ ਹਨ, ਕਿਉਂਕਿ ਇਹ ਵਰਖਾ ਦਾ ਦੇਵਤਾ ਹੈ, ਇਸ ਦਾ ਬਦਲਾਂ ਉਤੇ ਰਾਜ ਹੈ ਅਤੇ ਇਹੋ ਬਾਰਸ਼ ਕਰ ਸਕਦਾ ਹੈ,ਜਿਸ ਨਾਲ ਹਿਮਾਲਾ ਵਿਚੋਂ ਨਿਕਲਨ ਵਾਲੇ ਨਦੀ ਨਾਲੇ ਭਰਪਰ ਹੁੰਦੇ ਹਨ। ਅਗਨੀ (ਐਲ. ਇਗਨਿਸ) ਅੱਗ ਦਾ ਦੇਵਤਾ; ਜੋ ਲੋਕਾਂ ਦੀ ਅਗਵਾਈ ਕਰਦਾ ਹੈ, ਦੂਜੇ ਨੰਬਰ ਉਤੇ ਸਭ ਤੋਂ ਵਧ ਪ੍ਰਸੰਸਾ ਦਾ ਹਕਦਾਰ ਮੰਨਿਆ ਗਿਆ ਹੈ । ਸਾਮ ਵੇਦ ਵਿਚ ਰਿਗ ਵੇਦ ਦੀਆਂ ਤੁਕਾਂ ਦਰਜ ਹਨ । ਯਜੁਰ ਵੇਦ ਦੀ ਵੀ ਬਹੁਤ ਸਾਰੀ ਲਿਖਤ ਰਿਗ ਵੇਦ ਵਿਚੋਂ ਹੀ ਲਈ ਗਈ ਹੈ। ਅਥਰਵਨ ਵੇਦ, ਜੋ ਬ੍ਰਹਮਣ ਕਰਕੇ ਵੀ ਪ੍ਰਸਿਧ ਹੈ, ਰਿਗ ਵੇਦ ਨਾਲੋਂ ਬਹੁਤ ਸਮਾਂ ਪਿਛੋਂ ਦੀ ਲਿਖਤ ਹੈ। ਇਸ ਵਿਚ ਪਵਿਤ੍ਰ ਰਸਮਾਂ ਦੀ ਪੂਰਤੀ ਲਈ ਵੇਰਵਾ ਦਰਜ ਹੈ। ਇਹਨਾਂ ਅਨੁਸਾਰ ਪੋਹਤ ਪਰਿਵਾਰ ਦੇ ਉਹ ਵੇਦ ਮੰਤਰ ਉਚਾਰਦੇ ਸਨ, ਜੋ ਵਖ ਵਖ ਵਿਸ਼ਿਆਂ ਉਤੇ ਚਾਨਣ ਪਾਉਂਦੇ ਹਨ।

## ਵੇਦਾਂ ਵਿਚ ਚਿਤਰੇ ਗਏ ਜੀਉਂਦੇ ਚਿੱਤਰ

ਆਕਾਸ਼ ਦੇ ਵੱਖ ਵੱਖ ਮੌਸਮਾਂ ਦੇ ਨਜ਼ਾਰੇ, ਵੇਦ ਪੜ੍ਹਕੇ ਸਾਡੀਆਂ ਅੱਖਾਂ ਸਾਵ੍ਹੇਂ ਆ ਖੜੇਂਦੇ ਹਨ। ਇਹਨਾਂ ਵਿਚ ਕੁਦਰਤ ਦੇ ਕੰਮ ਕਰਨ ਦੇ ਮਨ-ਮੋਹਨੇ ਦਰਿਸ਼ ਦਰਸਾਏ ਗਏ ਹਨ। ਇਨ੍ਹਾਂ ਵਿਚ ਇਹ ਸਿਖਿਆ ਦਿਤੀ ਗਈ ਹੈ ਕਿ ਹਰ ਵੱਡੀ ਤੇ ਸ਼ਕਤੀ ਸ਼ਾਲੀ ਸ਼ੈ ਤੋਂ ਡਰਨਾ ਚਾਹੀਦਾ ਹੈ ।

## ਪਵਿਤਰ ਮੰਤਰ

ਵੇਦ ਮੰਤਰਾਂ ਦਾ ਸੰਬੰਧ ਵਖ ਵਖ ਸਮਿਆਂ ਨਾਲ ਹੈ। ਲਿਖਣ ਢੰਗ ਦੇ ਆਰੰਭ ਹੋਣ ਤੋਂ ਪਹਿਲੇ ਇਹ ਮੰਤਰ ਰਿਸ਼ੀਆਂ ਦੇ ਤੇ ਪ੍ਰੋਹਤਾਂ ਦੇ ਹਿਰਦਿਆਂ ਵਿਚ ਸੁਰਖਿਅਤ ਸਨ । ਖਿਆਲ ਕੀਤਾ ਜਾਂਦਾ ਹੈ ਇਹ ਸ਼ੈ ਉਹਨਾਂ ਨੂੰ ਧੁਰੋਂ (ਈਸ਼ਵਰ ਵਲੋਂ) ਪ੍ਰਾਪਤ ਹੋਈ ਸੀ। ਏਸੇ ਈ ਰੂਪ ਵਿਚ ਇਕ ਨਸਲ ਤੋਂ ਦੂਜੀ ਨਸਲ ਤੀਕ ਤੇ ਪਿਤਾ ਪਾਸੋਂ ਪੁਤਰ ਨੂੰ ਵਿਰਸੇ ਵਿਚ ਮਿਲਦੀ ਰਹੀ । ਵੇਦਾਂ ਦੇ ਕਈ ਮੰਤਰ ਅਤਿ-ਅੰਤ ਪ੍ਰਾਚੀਨ ਬੋਲੀ ਵਿਚ ਲਿਖੇ ਗਏ ਹਨ, ਜਿਨ੍ਹਾਂ ਨੂੰ ਸਭ ਤੋਂ ਵਡੇ ਸੰਸਕ੍ਰਿਤ ਦੇ ਵਿਦਵਾਨ ਹੀ ਪੜ੍ਹ ਸਕਦੇ ਹਨ। ਇਹ ਸਭ ਤੋਂ ਪਹਿਲੇ ਆਏ ਆਰੀਆਂ ਦੇ ਸਮੇਂ ਦੇ ਰਚੇ ਹੋਏ ਹਨ।

## ਇਹਨਾਂ ਦੀ ਬੋਲੀ

ਬਾਕੀ ਦੇ ਮੰਤਰ ਕੋਮਲ ਕਵਿਤਾਈ ਬੋਲੀ ਵਿਚ ਹਨ ਤੇ ਇਹ ਉਸ ਤੋਂ ਪਿਛਲੇਰੇ ਸਮੇਂ ਦੀ ਉਦੋਂ ਦੀ ਰਚਨਾ ਹਨ, ਜਦ ਕਿ ਆਰੀਆਂ ਨੇ ਸਭਿਅਤਾ ਵਿਚ ਬਹੁਤ ਸਾਰੀ ਉੱਨਤੀ ਕਰ ਲਈ ਸੀ। ਇਹਨਾਂ ਵਿਚ ਪੈਰ ਪੈਰ ਉਤੇ ਮਨੋਕਲਪਿਤ ਸ਼ਕਤੀ ਤੇ ਖਿਆਲੀ ਜੀਵਨ ਦੇ ਭੇਦ ਖੋਹਲੇ ਗਏ ਹਨ। ਇਹਨਾਂ ਅੰਦਰ ਕੋਈ ਇਤਿਹਾਸਕ ਮਸਲਾ ਦਰਜ ਨਹੀਂ,ਸਗੋਂ ਧਾਰਮਕ ਕਥਾਵਾਂ ਤੇ ਪੂਜਾ ਬਾਰੇ ਨਿਯਮ ਤੇ ਫਾਰਮੂਲੇ ਤੇ ਰੀਤਾਂ ਰਸਮਾਂ ਦਾ ਢੰਗ ਦਰਜ ਹੈ। ਬਹੁਤ ਸਾਰੇ ਮੰਤਰ ਪਰਿਵਾਰਕ ਪਰੋਹਤਾਂ ਲਈ ਰਾਖਵੇ ਕੀਤੇ ਗਏ ਹਨ। ਕੁਛ ਮੰਤਰ ਐਸੇ ਵੀ ਹਨ ਜਿਨ੍ਹਾਂ ਵਿਚ ਇਹਨਾਂ ਦੇ ਕਰਤਿਆਂ ਅਤੇ ਰਿਸ਼ੀਆਂ ਦੇ ਨਾਮ ਵੀ ਦਰਜ ਹਨ। ਇਕ ਥਾਂ ਉਤੇ ਇਉਂ ਦਰਜ ਹੈ:—"ਇਹ ਗੀਤ ਅੰਗੀਰਾ ਜਾਤੀ ਦੇ ਦੀਰਘਾਤਮਾ ਨੇ ਰਚਿਆ" ਅਥਵਾ ਇਹ ਨਵਾਂ ਮੰਤਰ ਨੋਧ ਨੇ ਰਚਿਆ, ਜੋ ਗੋਤਮ ਦਾ ਜਾ ਨਸ਼ੀਨ ਸੀ।" ਜਿਸ ਵੇਲੇ ਪਰੋਹਤ ਸਿੰਧ ਦੀ ਧਰਤੀ ਤੋਂ ਪੂਰਬ ਵਲ ਚਲੇ ਗਏ ਉਸ ਵੇਲੇ ਵੀ ਇਹ ਪਵਿਤਰ ਮੰਤਰ ਉਹਨਾਂ ਨੇ ਆਪਣੇ ਪਾਸ ਹੀ ਸੁਰਖਿਅਤ ਰਖੇ ।

ਸਭ ਤੋਂ ਪੁਰਾਤਨ ਮੰਤਰਾਂ ਵਿਚ ਉਸ ਨਸਲ ਦੇ ਆਦਮੀਆਂ ਦੇ ਪੁਰਾਤਨ ਵਸੇਬੇ ਤੇ ਉਹਨਾਂ ਦੀਆਂ ਪਹਿਲੀਆਂ ਜੀਵਨੀਆਂ ਬਾਰੇ ਕੋਈ ਚਾਨਣਾ ਨਹੀਂ ਪਾਇਆ ਗਿਆ; ਜੋ ਇਹਨਾਂ ਮੰਤਰਾਂ ਨੂੰ ਬੜੀ ਸ਼ਰਧਾ ਨਾਲ ਉਚਾਰਦੇ ਸਨ । ਹਾਂ ਇਹਨਾਂ ਵਿਚ ਦਰਜ ਵਖ ਵਖ ਸੰਕੇਤ ਤੇ ਦਿਤੀਆਂ ਗਈਆਂ ਤੁਲਨਾਵਾਂ ਤੋਂ ਅਸੀਂ ਇਹ ਅਨੁਮਾਨ

*ਪਰੋਫੈਸਰ ਮੈਕਸ ਮੂਲਰ ਲਿਖਦਾ ਹੈ ਅਜ ਕਲ ਅੰਗਰਜ਼ਾਂ ਵਿਚ ਇਹੋ ਜਿਹੀ ਕੋਈ ਸੰਮਤੀ ਜਾਂ ਧਿਰ ਨਹੀਂ ਜੋ ਬੋਲੀ ਦੀਆਂ ਲਿਖਤਾਂ ਨੂੰ ਪੜਤਾਲਨ ਮਗਰੋਂ ਇਸ ਦਾਅਵੇ ਨੂੰ ਝੁਠਲਾ ਸਕੇ ਕਿ ਹਿੰਦੂਆਂ, ਯੂਨਾਨੀਆਂ ਤੇ ਟਯੂਟਨਾਂ ਵਿਚਾਲੇ ਯੋਗ ਪਰਿਵਾਰਕ ਸਾਂਝ ਹੈ ।

Sri Satguru Jagjit Singh Ji eLibrary NamdhariElibrary@gmail.com

ਜ਼ਰੂਰ ਲਾ ਸਕਦੇ ਹਾਂ ਕਿ ਆਰੀਆ ਲੋਕ ਮੱਧ ਏਸ਼ੀਆ ਵਿਚ ਦੂਰ ਪੱਛਮ ਦੇ ਵਸਨੀਕਾਂ ਨਾਲ ਮਿਲ ਜੁਲ ਕੇ ਵਸਦੇ ਸਨ।

## ਆਰੀਏ ਖਾਨਾ ਬਦੋਸ਼ ਸੁਭਾ ਵਾਲੇ ਚਰਵਾਹੇ

ਇਹ ਲੋਕ ਹਲਾਂ ਨਾਲ ਵਾਹੀ ਕਰਨ ਨਾਲੋਂ ਡੰਗਰ ਚਾਰਨ ਤੇ ਪਾਲਨ ਦਾ ਕੰਮ ਵਧੇਰੇ ਚਾਅ ਨਾਲ ਕਰਦੇ ਸਨ ਉਂਵ ਭਾਵੇਂ ਇਹ ਲੋਕ ਖਾਨਾਬਦੋਸ਼ ਸੁਭਾਵ ਦੇ ਚਰਵਾਹੇ ਸਨ ਪਰ ਗੋਪ ਜਾਂ ਗੋਪਾਲਾਂ (ਗਊ ਪਾਲਕਾਂ) ਦੀ ਇਹ ਲੋਕ ਬੜੀ ਕਦਰ ਕਰਦੇ ਸਨ। ਉਸ ਸਮੇਂ ਗਊਆਂ ਚਾਰਨ ਵਾਲੇ ਚਰਵਾਹੇ ਨੂੰ ਸ਼ਾਹਜ਼ਾਦਾ (ਰਾਜ ਕੁਮਾਰ) ਆਖਿਆ ਜਾਂਦਾ ਸੀ। ਮੰਤਰਾਂ ਦੇ ਰਚਨਹਾਰੇ ਰਿਸ਼ੀ ਆਪਣੇ ਦੇਵਤਿਆਂ ਅਗੇ ਇਹ ਪ੍ਰਾਥਨਾ ਕਰਦੇ ਸਨ ਕਿ ਉਹਨਾਂ ਨੂੰ ਬਹੁਤ ਸਾਰੀਆਂ ਦੁਧ ਦੇਣ ਵਾਲੀਆਂ ਗਊਆਂ ਪ੍ਰਾਪਤ ਹੋਣ। ਚਰਾਂਦਾਂ ਨੂੰ ਹਰੀਆਂ ਭਰੀਆਂ ਰਖਣ, ਰੇਵੜਾਂ ਵਿਚ ਵਾਧਾ ਕਰਨ ਅਤੇ ਗਊਆਂ ਨੂੰ ਬਲਾਵਾਂ ਤੋਂ ਸੁਰਖਿਅਤ ਰਖਣ ਲਈ ਦੇਵਤਿਆਂ ਪਾਸ ਪ੍ਰਾਰਥਨਾਵਾਂ ਕੀਤੀਆਂ ਜਾਂਦੀਆਂ ਸਨ। ਜਿਵੇਂ ਅਜ ਕਲ ਦੇ ਸਮੇਂ ਚੀਜ਼ਾਂ ਦੇ ਤਬਾਦਲੇ ਲਈ ਸਿਕੇ ਵਰਤੇ ਜਾਂਦੇ ਹਨ, ਉਵੇਂ ਉਸ ਸਮੇਂ ਢੋਰਾਂ ਦਾ ਦੂਜੀਆਂ ਚੀਜ਼ਾਂ ਨਾਲ ਵਟਾਂਦਰਾ ਕੀਤਾ ਜਾਂਦਾ ਸੀ। ਅਦਾਇਗੀਆਂ ਅਤੇ ਜੁਰਮਾਨੇ ਜਿਨਸਾਂ ਰਾਹੀਂ ਵਸੂਲ ਕੀਤੇ ਜਾਂਦੇ ਸਨ। ਇਕ ਜੰਗੀ ਨਾਹਰੇ ਤੋਂ ਵੀ ਜਿਨਸਾਂ ਦੀ ਵਸ਼ੇਸਤਾ ਸਪਸ਼ਟ ਹੈ।

## ਗਊ ਲਈ ਸ਼ਰਧਾ

ਉਹਨਾਂ ਲੋਕਾਂ ਦੇ ਮਨ ਦਿਨ ਰਾਤ ਗਊਆਂ ਦੇ ਮਾਮਲਿਆਂ ਵਿਚ ਹੀ ਖਚਤ ਰਹਿੰਦੇ ਸਨ। ਗਊ ਨੂੰ ਈਸ਼੍ਵਰ ਦੀ ਪਿਆਰੀ ਕ੍ਰਿਤ ਸਮਝਿਆ ਜਾਂਦਾ ਸੀ। ਇਹ ਮਨੁਖਾਂ ਲਈ ਬੇਹਦ ਲਾਭ ਵੰਦ ਪਸ਼ੂ ਸੀ, ਇਸ ਲਈ ਇਸ ਦੀ ਰਖਿਆ ਤੇ ਪਾਲਣਾ ਧਰਮ ਸਮਝ ਲਿਆ ਗਿਆ। ਗਊ ਲਈ ਸ਼ਰਧਾ ਕੇਵਲ ਹਿੰਦੂਆਂ ਤੀਕ ਹੀ ਸੀਮਤ ਨਹੀਂ ਸੀ। ਪੁਰਾਤਨ ਮਿਸਰੀ ਤੇ ਫੋਨੀਸ਼ੀਅਨ (ਪਾਰਸੀ) ਵੀ ਇਸ ਲਾਭ ਵੰਦੇ, ਵੱਡ ਮੁਲੇ ਤੇ ਸਾਊ ਜਾਨਵਰ ਦੀ ਬੜੀ ਇਜ਼ਤ ਕਰਦੇ ਸਨ। ਮਿਸਰੀ ਮਿਥਿਹਾਸ ਵਿਚ ਬੈਲ ਏਪਸ ਦੀ ਪੂਜਾ ਨੂੰ ਬੜੀ ਮਹਾਨਤਾ ਪ੍ਰਾਪਤ ਹੈ। ਭੈਂਸਾਂ, ਭੇਡਾਂ ਤੇ ਬਕਰੀਆਂ ਤੋਂ ਛੁਟ ਵੇਦਾਂ ਵਿਚ ਘੋੜਿਆਂ ਦਾ ਵਰਨਣ ਵੀ ਮੌਜੂਦ ਹੈ ਅਤੇ ਦੇਵਤਿਆਂ ਲਈ ਘੋੜਿਆਂ (ਅਸ਼ਵ) ਦੀ ਕੁਰਬਾਨੀ ਸਮੇਂ ਇਸ ਆਸ ਨਾਲ ਖੁਸ਼ਕ ਅਨਾਜ ਛਿੜਕਿਆ ਜਾਂਦਾ ਸੀ ਕਿ ਇਸ ਤਰ੍ਹਾਂ ਕਰਨ ਨਾਲ ਘੋੜਿਆਂ ਦੀ ਨਸਲ ਵਿਚ ਵਾਧਾ ਹੋਵੇਗਾ। ਆਰੀਆਂ ਪਾਸ ਸਾਨ੍ਹ ਅਤੇ ਊਠ ਵੀ ਹੁੰਦੇ ਸਨ।

## ਤਿੰਨ ਸ਼੍ਰੇਣੀਆਂ ਵਿਚ ਵੰਡੇ ਗਏ

ਈਰਾਨੀਆਂ ਦੇ ਪਵਿਤ੍ਰ ਗ੍ਰੰਥ ਜ਼ੰਦਾਵੇਸਟਾ ਦੇ ਕਥਨ ਅਨੁਸਾਰ ਆਰੀਆ ਜਾਤੀ ਤਿੰਨਾਂ ਸ਼ਰੇਣੀਆਂ ਵਿਚ ਵੰਡੀ ਹੋਈ ਸੀ। ਇਕ ਸ਼ਰੇਣੀ ਸ਼ਿਕਾਰੀਆਂ ਦੀ ਸੀ। ਦੂਜੀ ਸ਼ਰੇਣੀ ਢੋਰ ਚਾਰ ਕੇ ਗੁਜ਼ਾਰਾ ਕਰਦੀ ਸੀ ਅਤੇ ਤੀਜੀ ਸ਼ਰੇਣੀ ਦੇ ਲੋਕ ਖੇਤੀ ਬਾੜੀ ਕਰਦੇ ਸਨ। ਇਹ ਉਸ ਸਮੇਂ ਦੀ ਦਸ਼ਾ ਹੈ ਜਦੋਂ ਉਹ ਸਾਊ ਬਣਕੇ ਵਸ ਚੁਕੇ ਸਨ।

## ਰਿਗ ਵੇਦ ਦੇ ਸ਼ਲੋਕ ਪੰਜਾਬ ਵਿਚ ਰਚੇ ਗਏ

ਰਿਗ ਵੇਦ ਦੇ ਮੰਤਰ ਪੰਜਾਬ ਵਿਚ ਅਤੇ ਸਿੰਧ ਦੇ ਨਾਲ ਲਗਦੀਆਂ ਵਸਤੀਆਂ ਵਿਚ ਰਚੇ ਗਏ। ਪੰਜਾਬ ਹੀ ਉਹ ਅਸਥਾਨ ਸੀ, ਜਿਥੇ ਉਹ ਵੇਦ ਮੰਤਰ ਗਾਏ ਜਾਂਦੇ ਸਨ, ਜਿਨ੍ਹਾਂ ਵਿਚ ਦੇਵਤਿਆਂ ਪਾਸ ਪ੍ਰਾਰਥਨਾ ਕੀਤੀ ਗਈ ਸੀ ਕਿ ਉਹਨਾਂ ਨੂੰ ਸਿਆਮ ਰੰਗ ਦੇ ਹਿੰਦੀਆਂ ਅਥਵਾ ਉਹਨਾਂ ਦੀ ਨਸਲ ਦੇ ਵੈਰੀਆਂ ਵਿਰੁਧ ਵਿਜੈ (ਜਿੱਤ) ਪ੍ਰਾਪਤ ਹੋਵੇ। ਧਨ ਧਾਨ ਨਾਲ ਮਾਲਾ ਮਾਲ ਕਰਨ ਵਾਲੇ ਸਿੰਧ (ਸਿੰਧ) ਦੀ ਵਸ਼ੇਸ਼ ਕਰ ਕੇ ਪ੍ਰਸੰਸਾ ਤੇ ਉਪਮਾ ਕੀਤੀ ਜਾਂਦੀ। 'ਸਪਤ ਸਿੰਧਵਾ'* ਅਰਥਾਤ ਉਹਨਾਂ ਸੱਤਾਂ ਦਰਿਆਵਾਂ ਦਾ ਵੀ ਵਰਨਣ ਹੈ, ਜਿਥੇ ਆਰੀਆ ਲੋਕ ਵਸਦੇ ਸਨ। ਉਹ ਦਰਿਆ ਹਨ ਸਿੰਧੂ (ਸਿੰਧ) ਵਿਤਸ਼ਤਾ (ਜਿਹਲਮ) ਅਸਿਸਣੀਸ (ਚਨਾਬ) ਐਰਾਵਤੀ (ਰਾਵੀ) ਵਿਪਾਸਾ (ਬਿਆਸ) ਸਤਾਦਰੂ (ਸਤਲੁਜ)। ਸਤਵਾਂ ਦਰਿਆ ਹੈ ਸਰਸਵਤੀ ਜੋ ਥਾਨੇਸਰ ਦੇ ਪਾਸ ਦੀ ਨਦੀ ਸਰਸਤੀ ਨਾਲ ਮਿਲਦੀ ਜੁਲਦੀ ਹੈ। ਇਹਨਾਂ ਦਾ ਵਰਨਣ ਵੇਦਾਂ ਵਿਚ 'ਸਤ-ਭੈਣਾਂ' ਕਰ ਕੇ ਆਇਆ ਹੈ। ਇਹ ਦੇਸ ਪਾਣੀ ਅਤੇ ਚਰਾਦਾਂ ਨਾਲ ਮਾਲਾ ਮਾਲ ਸੀ।

## ਇਸ ਸਿੱਟੇ ਦੇ ਕਾਰਨ

ਜਮਨਾ ਅਤੇ ਗੰਗਾ ਦੇ ਨਾਮ ਕਿਤੇ ਕਿਤੇ ਦਰਜ ਹਨ। ਜਿਥੋਂ ਤੀਕ ਵਿੰਧਿਆ ਪਰਬਤ ਅਤੇ ਨਰਮਦਾ (ਨਰਬਦਾ) ਦਾ ਸੰਬੰਧ ਹੈ ਇਹਨਾਂ ਦਾ ਉੱਕਾ ਹੀ ਕਿਸੇ ਥਾਂ ਵਰਨਣ ਨਹੀਂ ਆਉਂਦਾ। ਇਸ ਤੋਂ ਸਪਸ਼ਟ ਹੈ ਕਿ ਜਿਸ ਸਮੇਂ ਇਹ ਵੇਦ ਮੰਤਰ ਰਚੇ ਗਏ ਆਰੀਏ ਲੋਕ ਪੰਜਾਬ ਦੇ ਇਲਾਕਿਆਂ ਤੀਕ ਹੀ ਹਦਬੰਦ ਸਨ। ਬੀਰ ਰਸ ਗੀਤਾਂ ਦੇ ਯੁਗ ਵਿਚ ਉਹਨਾਂ ਨੇ ਜਿਹੜੀਆਂ ਪ੍ਰਸਿੱਧ ਵਸਤੀਆਂ ਬਣਾਈਆਂ ਉਹਨਾਂ ਵਿਚੋਂ ਇਕ ਵਸਤੀ ਸਰਸਵਤੀ (ਸਰਸੁਤੀ) ਅਤੇ ਦਰਿਸ਼ਦਵਤੀ (ਅਜ ਕਲ ਦੇ ਘਗਰ) ਦੇ ਵਿਚਕਾਰ ਸੀ।

## ਬ੍ਰਹਮ ਵਰਤ

ਇਹ ਧਰਤੀ ਦੇਵਤਿਆਂ ਦੀ ਬਣਾਈ ਹੋਈ ਹੋਣ ਕਰ ਕੇ ਉਹਨਾਂ ਨੇ ਇਸ ਦਾ ਨਾਮ "ਬਰਹਮ ਵਰਤ" ਅਰਥਾਤ ਪਵਿਤਰ ਗੀਤਕਾਰਾਂ ਦੀ ਧਰਤੀ ਰਖ ਦਿਤਾ। ਇਹ ਦੇਸ ਅਜ ਤੀਕ ਪਵਿਤਰ ਸਮਝਿਆ ਜਾਂਦਾ ਹੈ। ਇਥੋਂ ਹੀ ਆਰੀਆ ਲੋਕ ਹੌਲੀ ਹੌਲੀ ਜਮਨਾ ਅਤੇ ਗੰਗਾ ਦੇ ਸਰਸਬਜ਼ ਤੇ ਉਪਜਾਊ ਇਲਾਕਿਆਂ ਵਿਚ ਫੈਲੇ।

## ਪੁਰਾਤਨ ਆਰੀਆਂ ਅਤੇ ਪੁਰਾਚੀਨ ਭਾਰਤੀ ਜਾਤੀਆਂ ਵਿਚਾਲੇ ਖੂਨੀ ਜੰਗ

ਰਿਗ ਵੇਦ ਦੇ ਮੰਤਰਾਂ ਵਿਚੋਂ ਇਸ ਗਲ ਦੀ ਕਾਫੀ ਗਵਾਹੀ ਮਿਲਦੀ ਹੈ ਕਿ ਪੁਰਾਤਨ ਆਰੀਆਂ ਨੂੰ ਪੰਜਾਬ ਵਿਚ ਸਹਿਜੇ ਹੀ ਵੱਸ ਜਾਣ ਦੀ ਖੁਲ੍ਹ ਨਹੀਂ ਸੀ। ਜੰਗ ਜੂ ਰਾਖਸ਼ਾਂ, ਅਸੁਰਾਂ, ਅਤੇ ਭੂਰੇ ਰੰਗ ਦੇ ਪਿਸ਼ਾਚਾਂ ਨਾਲ ਉਹਨਾਂ ਨੂੰ ਲੰਮੇਰੇ ਅਤੇ ਲਹੂ-ਡੁਲ੍ਹਵੇਂ ਜੰਗ ਲੜਨੇ ਪਏ। ਇਥੋਂ ਦੇ ਅਸਲ ਵਸਨੀਕ ਪੱਥਰ ਦੇ ਬਣੇ ਹੋਏ ਸ਼ਹਿਰਾਂ ਵਿਚ ਵਸਦੇ ਅਤੇ ਘੋੜੀਆਂ, ਡੰਗਰਾਂ ਅਤੇ ਰੱਖਾਂ ਦੇ ਮਾਲਕ ਸਨ। ਉਹ ਆਪਣੇ ਘਰ ਬਚਾਣ ਲਈ ਜਾਨ ਹੀਲ ਕੇ ਲੜਦੇ ਸਨ। ਵੇਦ ਮੰਤਰਾਂ ਵਿਚ ਵਿਜੈ ਲਈ ਜੋ ਅਣ ਗਿਣਤ ਪ੍ਰਾਥਨਾਵਾਂ ਦਰਜ ਹਨ ਉਹ ਉਹਨਾਂ ਕਠਨਾਈਆਂ ਦੀਆਂ ਸੂਚਕ ਹਨ ਜੋ ਆਰੀਆਂ ਨੂੰ ਸ਼ਾਮ ਵਰਨ ਦੀ ਨਸਲ ਨੂੰ ਫਤਹ ਕਰਨ ਵਿਚ ਪੇਸ਼ ਆਈਆਂ।

## ਆਰੀਆਂ ਵਲੋਂ ਜਿੱਤ ਲਈ ਦੇਵਤਿਆਂ ਦਾ ਆਵਾਹਨ

ਵਰਖਾ ਤੇ ਤੂਫਾਨ ਲਿਔਣ ਵਾਲੇ, ਬਿਜਲੀ ਤੇ ਗਰਜਨਾਂ ਦੇ

*ਇਸਨੂੰ ਇਰਾਨੀਆਂ ਦੇ ਗਰੰਥ ਅਵਸਤਾ ਵਿਚ ਹਫਤ ਹਿੰਦ ਆਖਿਆਂ ਗਿਆ ਹੈ।

Sri Satguru Jagjit Singh Ji eLibrary NamdhariElibrary@gmail.com

ਮਾਲਕ ਤੇ ਕਾਲੇ ਬਦਲਾਂ ਦੀਆਂ ਫੌਜਾਂ ਵਾਲੇ ਕਮਾਂਡਰ, ਇੰਦਰ ਦੇਵਤਾ ਪਾਸ ਪ੍ਰਾਰਥਨਾ ਕੀਤੀ ਗਈ ਹੈ ਕਿ ਉਹ ਅਸੁਰਾਂ ਦੇ ਕਾਲੇ ਸਰੀਰਾਂ ਨੂੰ ਫੀਤੀ ਫੀਤੀ ਕਰੇ ਅਤੇ ਸਿਆਮ ਵਰਨ ਲੋਕਾਂ ਦੀਆਂ ਧਾੜਾਂ ਨੂੰ ਤਬਾਹ ਤੇ ਬਰਬਾਦ ਕਰੇ। ਦੇਵਤਿਆਂ ਪਾਸੋਂ ਵਰ ਮੰਗੇ ਗਏ ਹਨ ਕਿ ਉਹ ਵੈਰੀ ਦੇ ਧਨੁਸ਼ਾਂ ਦੀਆਂ ਤੰਦੀਆਂ ਨੂੰ ਤੋੜ ਦੇਣ। ਵੇਦ ਮੰਤਰਾਂ ਵਿਚ ਵੈਦਕ ਸੂਰਬੀਰਾਂ ਤੇ ਜੋਧਿਆਂ ਦੀ ਮੁਕਤ ਕੰਠ ਨਾਲ ਪ੍ਰਸੰਸਾ ਕੀਤੀ ਗਈ ਹੈ। ਰਣ ਭੂਮੀ ਵਿਚ ਅਗੇ ਵਧਣ ਵਾਲੇ ਹਥਿਆਰ ਬੰਦ ਸਿਪਾਹੀ ਜੋਧੇ ਨੂੰ ਬੱਦਲ ਦੀ ਚਮਕ ਨਾਲ ਤੁਲਨਾ ਦਿਤੀ ਗਈ ਹੈ।ਉਸ ਦੇ ਸ਼ਸਤਰਾਂ ਦੀ ਸ਼ਕਤੀ ਦੀ ਵੀ ਬੜੀ ਪ੍ਰਸੰਸਾ ਕੀਤੀ ਗਈ ਹੈ ਅਤੇ ਉਸ ਦੇ ਧਨੁਸ਼ ਬਾਰੇ ਲਿਖਿਆ ਹੈ ਕਿ ਉਹ ਬੜੇ ਚਮਤਕਾਰ ਦਿਖਾਉਂਦਾ ਤੇ ਇਰਦ ਗਿਰਦ ਦੇ ਸਾਰੇ ਇਲਾਕੇ ਨੂੰ ਫ਼ਤਹਿ ਕਰਦਾ ਹੈ। ਉਸ ਦੇ ਪਕੇ ਸੁੰਮਾਂ ਵਾਲੇ ਘੋੜੇ ਹਿਣਹਿਣਾਉਂਦੇ ਹੋਏ ਆਪਣੇ ਰੱਥਾਂ ਨੂੰ ਲੈ ਕੇ ਉਡਦੇ ਅਤੇ ਵੈਰੀ ਨੂੰ ਆਪਣੇ ਸੁੰਮਾਂ ਥਲੇ ਕੁਚਲ ਕੇ ਜਮ-ਪੁਰੀ ਪੁਚਾਉਂਦੇ ਹਨ।" ਆਰੀਏ ਲੋਕ ਜਿਨ੍ਹਾਂ ਰੱਥਾਂ ਵਿਚ ਖਲੋ ਕੇ ਲੜਦੇ ਉਹਨਾਂ ਨੂੰ ਘੋੜੇ ਖਿਚਦੇ ਸਨ। ਪੁਰਾਤਨ ਯੂਨਾਨੀਆਂ ਦਾ ਲੜਨ ਢੰਗ ਵੀ ਇਹੋ ਸੀ ਅਤੇ ਟਰੋਜਨ ਜੰਗ, ਜੋ ਸੰਨ ਈਸਵੀ ਤੋਂ ੧੦੫੦ ਸਾਲ ਪਹਿਲੇ ਲੜੀ ਗਈ ਤੇ ਜਿਸ ਨੂੰ ਹੋਮਰ ਦੀ ਰਚਨਾ ਨੇ ਅਮਰ ਬਣਾ ਦਿਤਾ, ਵਿਚ ਵੀ ਰਥਾਂ ਦੀ ਹੀ ਵਰਤੋਂ ਕੀਤੀ ਗਈ ਸੀ।

## ਜੰਗ ਕਰਨ ਦਾ ਢੰਗ

ਆਰੀਆਂ ਦੀ ਫ਼ੌਜ ਵਿਚ ਪੈਦਲ ਸਿਪਾਹੀ ਵੀ ਹੁੰਦੇ ਸਨ ਪਰ ਉਹ ਰਥ ਵਾਲੇ ਜੋਧਿਆਂ ਤੋਂ ਹਲਕੇ ਦਰਜੇ ਦੇ ਸਮਝੇ ਜਾਂਦੇ ਸਨ।

## ਜੰਗੀ ਸ਼ਸਤਰ

ਜੰਗੀ ਰੱਥ ਤੇ ਪੈਦਲ ਫ਼ੌਜ ਤੋਂ ਛੁੱਟ ਤਲਵਾਰਾਂ*, ਕੁਹਾੜੇ, ਧਨੁਸ਼ ਤੇ ਬਰਛੀਆਂ ਵਾਲਿਆਂ, ਬਿਗਲਚੀਆਂ ਤੇ ਝੰਡੇ ਬਰਦਾਰਾਂ ਦਾ ਵੀ ਵਰਨਣ ਆਉਂਦਾ ਹੈ। ਆਰੰਭਕ ਸਮੇਂ ਤੋਂ ਹੀ ਹਿੰਦੂ ਲੋਕ ਜੋਧਿਆਂ ਦੇ ਦਿਲਾਂ ਵਿਚ ਸੂਰਬੀਰਤਾ ਤੇ ਸ਼ਰਧਾ ਦੇ ਜਜ਼ਬਾਤ ਉਭਾਰਨ ਲਈ ਐਸ ਝੰਡੇ ਦੀ ਵਰਤੋਂ ਕਰਦੇ ਆਏ ਹਨ, ਜੋ ਆਮ ਤੌਰ ਉਤੇ ਫ਼ੌਜ ਦੇ ਵਿਚਕਾਰ ਹੁੰਦਾ ਸੀ।

## ਨਗਾਰੇ

ਸੂਰਬੀਰਤਾ ਦੇ ਕੰਮ ਕਰਨ ਲਈ ਤੇ ਸੂਰਮਿਆਂ ਦੇ ਦਿਲਾਂ ਨੂੰ ਉਛਾਲਾ ਦੇਣ ਲਈ ਬਿਗਲ ਤੇ ਢੋਲਾਂ ਦੀ ਵਰਤੋਂ ਵੀ ਕੀਤੀ ਜਾਂਦੀ ਸੀ। ਕਮਾਂਡਰਾਂ ਦੇ ਹੁਕਮ ਦਾ ਢੰਡੋਰਾ ਦੇਣ ਲਈ ਇਹਨਾਂ ਚੀਜ਼ਾਂ ਦੀ ਵਰਤੋਂ ਹੁੰਦੀ ਸੀ। ਰਿਗ ਵੇਦ ਦੇ ਕਥਨ ਅਨੁਸਾਰ ਢੋਲ ਸਭ ਤੋਂ ਪੁਰਾਤਨ ਸਾਜ਼ ਹੈ, ਜਿਸ ਨੂੰ ਹਿੰਦੂ ਵਰਤੋਂ ਵਿਚ ਲਿਆਉਂਦੇ ਸਨ। ਇਸ ਦੀ ਆਵਾਜ਼ ਯੋਧਿਆਂ ਵਿਚ ਜੰਗੀ ਸਪਿਰਟ ਭਰਦੀ ਸੀ। ਇਸ ਬਾਰੇ ਐਉਂ ਦਰਜ ਹੈ :—

"ਐ ਜੰਗੀ ਢੋਲ! ਆਪਣੀ ਆਵਾਜ਼ ਨਾਲ ਆਕਾਸ਼ ਅਤੇ ਧਰਤ ਉਪਰ ਐਸੀ ਗੂੰਜ ਪੈਦਾ ਕਰ ਕਿ ਹਿਲ ਤੇ ਅਹਿਲ ਸਭ ਚੀਜ਼ਾਂ ਨੂੰ ਪਤਾ ਲਗ ਜਾਏ। ਐ ਢੋਲ! ਤੂੰ, ਜਿਸ ਦਾ ਸੰਬੰਧ ਇੰਦਰ ਤ ਦੂਜੇ ਦੇਵਤਿਆਂ ਨਾਲ ਹੈ, ਸਾਡੇ ਵੈਰੀਆਂ ਨੂੰ ਦੂਰ, ਬਹੁਤ ਦੂਰ ਤੀਕ ਭਜਾ ਦੇ! ਵੈਰੀ ਦਲਾਂ ਦੇ ਟਾਕਰੇ ਉਤ ਖ਼ੂਬ ਗੱਜ! ਸਾਡੇ ਦਬ-ਦਬੇ ਵਿਚ ਵਾਧਾ ਕਰ। ਹੋਰ ਉੱਚੀ ਗਰਜਨ ਕਰ। ਰਾਖਸ਼ਾਂ ਦੇ ਦਿਲਾਂ ਵਿਚ ਡਰ ਉਤਪਨ ਕਰ; ਉਹਨਾਂ ਵੈਰੀਆਂ ਨੂੰ ਦੂਰ ਨਸਾ ਦੇ, ਜੋ ਸਾਨੂੰ ਹਾਨੀ ਪੁਚਾਕੇ ਖੁਸ਼ ਹੁੰਦੇ ਹਨ; ਤੂੰ ਇੰਦਰ ਦੇਵਤੇ ਦਾ ਸਭ ਤੋਂ ਪਹਿਲਾ ਸ਼ਸਤਰ ਹੈਂ; ਸਾਡੇ ਦਿਲਾਂ ਵਿਚ ਸੂਰਬੀਰਤਾ ਦਾ ਸੰਚਾਰ ਕਰ; ਐਂ ਇੰਦਰ ਦੇਵਤਾ! ਸਾਡੇ ਢੋਰ ਮੜ ਲਿਆ। ਢੋਲ ਬਾਰਮ-ਬਾਰ ਵਜ ਰਿਹਾ ਤੇ ਇਸ ਗਲ ਦੀ ਸੂਚਨਾ ਦੇ ਰਿਹਾ ਹੈ ਕਿ ਸਾਡੇ ਆਗੂ ਆਪਣੇ ਘੋੜਿਆਂ ਤੇ ਸਵਾਰ ਹ ਕੇ ਇਕਤਰ ਹੋ ਗਏ ਹਨ। ਐ ਇੰਦਰ ਦੇਵਤਾ! ਤੂੰ ਸਾਡੇ ਉਹਨਾਂ ਜੋਧਿਆਂ ਨੂੰ, ਜੋ ਰੱਥਾਂ ਉਤੇ ਸਵਾਰ ਹਨ ਜਿੱਤ ਦੇ!"

## ਜੰਗੀ ਨਾਹਰਾ

ਰਿਗ ਵੇਦ ਅਤੇ ਪੁਰਾਨਾਂ ਵਿਚ ਜੰਗੀ ਨਾਹਰੇ (ਜੈਕਾਰੇ) ਦਾ ਵੀ ਜ਼ਿਕਰ ਆਉਂਦਾ ਹੈ। ਇਸ ਅਵਸਰ ਤੇ ਜੋ ਸ਼ਬਦ ਵਰਤੇ ਜਾਂਦੇ ਹਨ ਉਹ ਧਾਰਮਿਕ ਅਖੌਤਾਂ ਹੁੰਦੀਆਂ ਹਨ ਜਾਂ ਆਗੂ ਦੇ ਨਾਮ ਦੇ ਨਾਲ ਜੈ ਲਾ ਕੇ ਪੁਕਾਰਿਆ ਜਾਂਦਾ ਹੈ, ਜਿਵੇਂ ਕਿ ਜੈ ਰਾਮ। 'ਜੈ ਅਸਤੂ ਪਾਂਡੂ ਪੁਤਰਨਮ।' ਇਹ ਉਹ ਸਮਾਂ ਸੀ ਜਦੋਂ ਅਜੇ ਜੰਗ ਵਿਚ ਹਾਥੀਆਂ ਦੀ ਵਰਤੋਂ ਸ਼ੁਰੂ ਨਹੀਂ ਸੀ ਹੋਈ; ਭਾਵੇਂ ਇਕ ਸਿਖੇ ਹੋਏ ਹਾਥੀ ਦਾ ਜ਼ਿਕਰ ਜ਼ਰੂਰ ਆਉਂਦਾ ਹੈ, ਜੋ ਇਕ ਅਸੁਰ ਨੇ ਪਾਲ ਰਖਿਆ ਸੀ।

## ਆਰੀਆਂ ਦੀ ਜਥੇਬੰਦੀ

ਸਿੰਧ ਦੇ ਆਰੀਏ ਆਪਣੀ ਰਾਜ ਬਣਤਰ ਵਿਚ ਸ਼ਹਿਰੀ ਨਹੀਂ ਸਨ। ਉਹਨਾਂ ਦੀਆਂ ਸਭ ਤੋਂ ਪਹਿਲੀਆਂ ਵਸਤੀਆਂ ਵਿਚ ਬੁੱਢਾ ਬਾਪ ਹੀ ਆਪਣੇ ਪਰਿਵਾਰ ਦਾ ਪ੍ਰੋਹਤ ਹੁੰਦਾ ਸੀ, ਪਰ ਜਿਥੋਂ ਤੀਕ ਕਿਸੇ ਜਾਤੀ ਦੀਆਂ ਕੁਰਬਾਨੀਆਂ ਦਾ ਸੰਬੰਧ ਹੈ ਵਿਸ਼ਪਤੀ ਅਰਥਾਤ ਆਬਾਦ-ਕਾਰਾਂ ਦਾ ਆਗੂ ਹੀ ਪ੍ਰਧਾਨ ਹੁੰਦਾ ਸੀ। ਵੇਦਕ ਸਮੇਂ ਦੀਆਂ ਜਾਤੀਆਂ ਵਿਚ ਹੌਲੀ ਹੌਲੀ ਦਰਜੇਵਾਰ ਸਰਦਾਰੀਆਂ ਤੇ ਬਾਦਸ਼ਾਹੀਆਂ ਕਾਇਮ ਹੁੰਦੀਆਂ ਗਈਆਂ। ਹਰ ਇਕ ਜਾਤੀ ਆਪਣ ਰਾਜੇ ਨੂੰ ਹੀ ਹੁਕਮਰਾਨ ਸਮਝਦੀ ਅਤੇ ਓਸੇ ਦਾ ਹੀ ਹੁਕਮ ਮਨਦੀ ਸੀ। ਰਾਜੇ ਪਿੰਡਾਂ ਅਤੇ ਪੁਰਿਆਂ* ਉਤੇ ਰਾਜ ਕਰਦੇ ਸਨ। ਪ੍ਰੋਹਤ ਤੇ ਗਵਈਏ ਇਹਨਾਂ ਦੇ ਦਰਬਾਰਾਂ ਦਾ ਇਕ ਅੰਗ ਹੁੰਦੇ ਸਨ। ਇਹ ਲੋਕ ਜੰਗਾਂ, ਜੱਧਾਂ ਤੇ ਜਿੱਤਾਂ ਦੀਆਂ ਸ਼ਾਨਦਾਰ ਵਾਰਾਂ ਗਾਉਂਦੇ ਸਨ। ਜੰਗ ਵਿਚ ਦਰਿਆਮਗੀ ਦਖੌਣ ਮਗਰੋਂ ਉਹ ਪ੍ਰਾਰਥਨਾ ਅਤੇ ਬਲੀਦਾਨ ਕਰਦੇ ਸਨ।

ਕਵਿਤਾ ਰਚਨ ਵਾਲਿਆਂ ਨੂੰ ਉਹਨਾਂ ਦੇ ਮਾਲਕ ਖੁਲ੍ਹ-ਦਿਲੀ ਨਾਲ ਇਨਾਮ ਦਿੰਦੇ ਸਨ। ਇਹ ਇਨਾਮ ਦਾਸਾਂ, ਤਾਵੀਆਂ, ਵਸਤਰਾਂ, ਗਊਆਂ, ਸੋਨੇ ਤੇ ਰਥਾਂ ਦੇ ਰੂਪ ਵਿਚ ਦਿਤੇ ਜਾਂਦੇ ਸਨ। ਇਹਨਾਂ ਵਿਚੋਂ ਹੀ "ਇਕ ਪ੍ਰੋਹਿਤ ਨੇ ਸਾਵਨਯਾ ਸਪੁਤਰ ਭਵਯਾ ਦੀ ਪ੍ਰਸੰਸਾ ਕਰਦੇ ਹੋਏ ਉਸ ਨੂੰ, ਸਿੰਧ ਉਪਰ ਵੱਸਣ ਵਾਲਾ ਅਜਿਤ ਰਾਜ-ਕੁਮਾਰ ਆਖਿਆ ਹੈ।"

## ਜੰਗਜੂ ਸੁਭਾ ਦਾ ਪੰਜਾਬ ਵਿਚ ਵਿਕਾਸ

ਆਰੀਆ ਲੋਕ ਪੰਜਾਬ ਵਿਚ ਸੂਰਬੀਰਤਾ ਵਾਲਾ ਤੇ ਮਰਦਊ-ਪਣੇ ਵਾਲਾ ਜੀਵਨ ਜੀਊਂਦੇ ਸਨ। ਏਥੇ ਹੀ ਉਹਨਾਂ ਅੰਦਰ ਜੰਗੀ ਸਪਿਰਟ ਦਾ ਵਿਕਾਸ਼ ਹੋਇਆ ਅਤੇ ਉਹਨਾਂ ਨੇ ਆਪਣੇ ਜੀਵਨ ਨੂੰ ਗਰਮ ਪੌਣ ਪਾਣੀ ਦੇ ਅਨੁਕੂਲ ਬਣਾ ਲਿਆ; ਭਾਵੇਂ ਉਹਨਾਂ ਨੂੰ ਆਪਣਾ ਉਹ ਉਤਰੀ ਵਤਨ ਭੁਲਾ ਨਹੀਂ ਸੀ, ਜਿਥੇ ਉਹਨਾਂ ਨੇ

*ਤਲਵਾਰ ਨਿਰਸੰਦੇਹ ਬੜਾ ਪੁਰਾਤਨ ਯੁਧ-ਸ਼ਸਤਰ ਹੈ। ਇਸ ਦਾ ਸਭ ਤੋਂ ਪਹਿਲਾ ਵਰਨਣ ਜੈਨਸਿਸ ਦੇ ਚੌਥੇ ਪ੍ਰਕਰਨ ਵਿਚ ਆਇਆ ਹੈ, ਜਿਥੇ ਯਾਕੂਬ ਦੇ ਪੁਤਰ ਨੇ ਇਸ ਦੀ ਵਰਤੋਂ ਸ਼ੇਚਮਾਈਆਂ ਵਿਰੁਧ ਕੀਤੀ।

*ਇਕ ਪ੍ਰਕਾਰ ਦੀ ਕੱਚੀ ਗੜ੍ਹੀ।

Sri Satguru Jagjit Singh Ji eLibrary NamdhariElibrary@gmail.com

ਹਿਮਾਲਾ ਦੀਆਂ ਬਰਫਾਨੀ ਚੋਟੀਆਂ ਉਤੇ ਅਤੇ ਇਸ ਦੀਆਂ ਵਿਸ਼ਾਲ ਕੰਧਾਂ ਪਿਛੇ ਆਪਣੇ ਦੇਵਤਿਆਂ ਅਤੇ ਸੂਰਬੀਰ ਯੋਧਿਆਂ ਦਾ ਸੁਵਰਗ ਥਾਪ ਰਖਿਆ ਸੀ। ਉਹ ਲੋਕ ਆਪਣੇ ਖੇਤਾਂ ਨੂੰ ਸਿੰਜਣ ਲਈ ਨਹਿਰਾਂ ਪੁਟਦੇ ਅਤੇ ਧਾਨ, ਜੌ ਤੇ ਸਰ੍ਹੋਂ ਬੀਜਦੇ ਸਨ।

## ਓਹਨਾਂ ਦੀ ਸਭਿਅਤਾ

ਉਹ ਲੋਕ ਕੱਤਨ, ਬੁਣਨ ਅਤੇ ਚਮੜੇ ਦੇ ਕਮਾਮ ਤੋਂ ਵੀ ਜਾਣੂੰ ਸਨ। ਉਹਨਾਂ ਵਿਚੋਂ ਲੁਹਾਰ, ਤਰਖਾਣ, ਗਡੀ ਸਾਜ਼, ਜਹਾਜ਼ ਸਾਜ਼, ਸੁਨਿਆਰੇ ਤੇ ਹੋਰ ਕਾਰੀਗਰ ਮੌਜੂਦ ਸਨ। ਉਹਨਾਂ ਨੂੰ ਕਿਸ਼ਤੀਆਂ ਚਲੌਣ ਦਾ ਵਲ ਸੀ ਅਤੇ ਉਹਨਾਂ ਅੰਦਰ ਵੈਦ (ਹਕੀਮ) ਵੀ ਹੁੰਦੇ ਸਨ, ਜੋ ਜੜੀਆਂ ਬੂਟੀਆਂ ਦੇ ਗੁਣਾਂ ਤੇ ਉਹਨਾਂ ਦੀ ਵਰਤੋਂ ਤੋਂ ਜਾਣੂੰ ਸਨ। ਇਹਨਾਂ ਵਿਚੋਂ ਕਈ ਜੜੀਆਂ ਬੂਟੀਆਂ ਦਾ ਵਰਨਣ ਵੇਦ ਮੰਤਰਾਂ ਵਿਚ ਵੀ ਆਇਆ ਹੈ। ਸ਼ਰਾਬ ਘਰਾਂ ਦਾ, ਜੂਏ ਖਾਨਿਆਂ ਦਾ, ਰਾਗੀਆਂ ਦਾ ਤੇ ਨਰਿਤਕਾਰਾਂ ਦਾ ਕਈ ਥਾਈਂ ਵਰਨਣ ਆਉਂਦਾ ਹੈ। ਭੜਕੀਲੀਆਂ ਤੇ ਚਮਕੀਲੀਆਂ ਪੁਸ਼ਾਕਾਂ ਵਾਲੀਆਂ ਤੀਵੀਆਂ, ਚਾਰ ਗੁੱਤਾਂ ਵਾਲੀਆਂ ਸਜੀਆਂ ਫਬੀਆਂ ਬੜੀਆਂ ਮਨ-ਮੋਹਨੀਆਂ ਲਗਦੀਆਂ ਸਨ। ਇਹਨਾਂ ਗਲਾਂ ਦੇ ਬਾਵਜੂਦ ਇਕੋ ਤੀਵੀ ਨਾਲ ਸ਼ਾਦੀ ਕਰਨ ਦਾ ਆਮ ਰਿਵਾਜ ਸੀ। ਹੋਰ ਤ ਹੋਰ ਰਾਜਿਆਂ ਤੇ ਰਾਜ ਕੁਮਾਰਾਂ ਨੂੰ ਵੀ ਇਕੋ ਪਤਨੀ ਨਾਲ ਗੁਜ਼ਾਰਾ ਕਰਨਾ ਪੈਂਦਾ ਸੀ।

## ਸਮਾਜ ਦੇ ਰਿਵਾਜ

ਕੁਵਾਰੀ ਕੰਨਿਆਂ ਨੂੰ ਆਪਣਾ ਪਤੀ ਚੁਣਨ ਦਾ ਅਧਿਕਾਰ ਪ੍ਰਾਪਤ ਸੀ। ਉਹ ਬੜੀ ਸੌਭਾਗਵਤੀ ਸਮਝੀ ਜਾਂਦੀ ਸੀ ਕਿਉਂਕਿ ਉਹ ਆਪਣਾ ਪਤੀ ਕੌਮ ਵਿਚੋਂ ਜਿਸ ਮਨੁਖ ਨੂੰ ਚਾਹੇ, ਉਸੇ ਨੂੰ ਚੁਣ ਸਕਦੀ ਸੀ। ਵਿਆਹ ਧਾਰਮਿਕ ਫਰਜ਼ ਸਮਝ ਕੇ ਕੀਤਾ ਜਾਂਦਾ ਸੀ। ਪਤੀ ਅਤੇ ਪਤਨੀ ਨੂੰ ਘਰ ਦੇ ਹੁਕਮਰਾਨ ਕਹਿ ਕੇ ਬਿਆਨਿਆ ਗਿਆ ਹੈ।

ਪੁਰਾਤਨ ਆਰੀਆਂ ਅਤੇ ਵਰਤਮਾਨ ਹਿੰਦੂਆਂ ਦੇ ਭਾਈ ਚਾਰਕ ਰਿਵਾਜ ਅਤੇ ਰਸਮਾਂ ਵਿਚ ਧਰਤੀ ਤੇ ਆਕਾਸ਼ ਜਿੰਨਾ ਫਰਕ ਹੈ। ਵੇਦਕ ਸਮੇ ਦੀਆਂ ਤੀਵੀਆਂ ਦਾ ਭਾਈ ਚਾਰਕ ਦਰਜਾ ਹੁਣ ਨਾਲੋਂ ਕਿਤੇ ਉਚੇਰਾ ਸੀ। ਤੀਵੀਂ ਨੂੰ ਉਦੋਂ "ਘਰ ਦਾ ਚਾਨਣ" ਆਖਿਆ ਤੇ ਸਮਝਿਆ ਜਾਂਦਾ ਸੀ। ਉਸ ਨੂੰ ਗਿਆਨ ਪ੍ਰਾਪਤ ਕਰਨ ਦਾ ਅਧਿਕਾਰ ਸੀ ਅਤੇ ਵੇਦਾਂ ਵਿਚ ਕਈ ਮੰਤਰ ਉਸ ਸਮੇ ਦੀਆਂ ਤੀਵੀਆਂ ਤੇ ਰਾਣੀਆਂ ਦੇ ਰਚੇ ਹੋਏ ਮਿਲਦੇ ਹਨ।

## ਜ਼ਾਤ ਪਾਤ ਦਾ ਅਭਾਵ

ਬਚਪਨ ਦੇ ਵਿਆਹ ਦੀ ਭਾਵੇਂ ਉੱਕਾ ਈ ਮਨਾਹੀ ਨਹੀਂ ਸੀ ਫੇਰ ਵੀ ਇਸ ਰਿਵਾਜ ਦੀ ਹੌਸਲਾ ਅਫਜ਼ਾਈ ਨਹੀਂ ਸੀ ਕੀਤੀ ਜਾਂਦੀ। ਜ਼ਾਤ ਪਾਤ ਦਾ ਭਿੰਨ ਭੇਦ ਕੋਈ ਨਹੀਂ ਸੀ। ਬਰਾਹਮਨਤਵ ਇਕ ਪੇਸ਼ਾ ਸੀ ਨ ਕਿ ਵਖਰੀ ਜ਼ਾਤ। ਬਰਾਹਮਣ ਨੂੰ ਉਸ ਸਮੇ ਵਖ ਵਖ ਕੰਮ ਕਰਨੇ ਪੈਂਦੇ ਸਨ। ਇਕੋ ਪਰਿਵਾਰ ਦੇ ਲੋਕ ਫੌਜੀ ਕੰਮ ਕਰਦੇ, ਸੌਦਾਗਰੀ ਦਾ ਕਾਰੋਬਾਰ ਚਲਾਉਂਦੇ ਜਾਂ ਵਿਹਲ ਸਮੇਂ ਖੇਤੀ ਬਾੜੀ ਕਰ ਲੈਂਦੇ ਸਨ।

## ਭਵਿਖ ਦੇ ਜੀਵਨ ਬਾਰੇ ਵਿਚਾਰ

ਵੇਦਾਂ ਨੇ ਆਵਾ ਗੌਣ ਦਾ ਅਸੂਲ ਨਹੀਂ ਸਿਖਾਇਆ, ਉਹਨਾਂ ਦਾ ਇਹ ਪੱਕਾ ਨਿਸ਼ਚਾ ਸੀ ਕਿ ਮਿਰਤ ਪ੍ਰਾਨੀ ਦੀ ਆਤਮਾ ਸੁਵਰਗ ਲੋਕ ਦੇ ਉਸ ਹਿਸੇ ਵਿਚ ਜਾਂਦੀ ਹੈ, ਜਿਥੇ ਕਿ ਉਸ ਤੋਂ ਪਹਿਲੇ ਦੇ ਸੂਰਬੀਰ ਗਏ ਸਨ। ਉਥੇ ਜਾ ਕੇ ਉਹਨਾਂ ਮਿਤਰਾਂ ਨਾਲ ਅਮਰ ਜੀਵਨ ਪ੍ਰਾਪਤ ਕਰਦੀ ਤੇ ਆਪਣੇ ਮਾਪਿਆਂ, ਪਤਨੀਆਂ ਤੇ ਬਚਿਆਂ ਨੂੰ ਵੇਖ ਸਕਦੀ ਸੀ। "ਉਸੇ ਪੁਰਾਣੇ ਪਥ ਤੇ ਚਲੋ ਜਿਸ ਉਤੇ ਸਾਡੇ ਵਡੇਰੇ ਚਲਦੇ ਰਹੇ ਹਨ। ਆਪਣੇ ਬਜ਼ੁਰਗਾਂ ਪਾਸ ਪੁਜੋ ਜੋ ਸਭ ਤੋਂ ਉਚੇਰੇ ਸੁਵਰਗ ਵਿਚ ਯਮ ਦੇ ਪਾਸ ਰਹਿੰਦੇ ਹਨ ਅਤੇ ਯਮ* ਦੇ ਲੋਕਾਂ ਵਿਚ ਵਿਚਰੋ! ਤੂੰ ਜਾ! ਤੂੰ ਜਾ ਉਸ ਸਚੀ ਦੁਨੀਆਂ ਵਿਚ, ਆਪਣੇ ਪੂਰਵਜਾਂ ਨੂੰ ਮਿਲ; ਯਮ ਨੂੰ ਮਿਲ" ਇਹ ਹੈ ਮਰਨ ਵਾਲੇ ਪ੍ਰਾਨੀ ਨੂੰ ਵੇਂਦਕ ਵਿਦਾਇਗੀ ਦੀ ਵੰਨਗੀ। ਅਗਨੀ ਦੇਵਤਾ ਦੀ ਪਰਾਰਥਨਾਂ ਵਿਚ ਇਕ ਥਾਂ ਦਰਜ ਹੈ—'ਐ ਅਗਨੀ ਦੇਵਤਾ! ਉਸ ਨੂੰ ਆਪਣੇ ਪੂਰਵਜਾਂ ਪਾਸ ਜਾਣ ਦੇ ਕਿਉਂਕਿ ਉਹ ਤੇਰੇ ਪਾਸੋਂ ਬਲੀਦਾਨ ਦਾ ਪਰਸ਼ਾਦ ਚੱਖ ਕੇ ਆਇਆ ਹੈ।" ਇਸ ਦੇ ਮਗਰੋਂ ਯਮ ਨੂੰ ਇਸ ਤਰ੍ਹਾਂ ਆਵਾਹਨ ਕੀਤਾ ਹੈ: "ਐ ਯਮ! ਉਸ ਨੂੰ ਰਖਿਆ ਵਿਚ ਲੈ ਅਤੇ ਉਸ ਨੂੰ ਆਪਣੀ ਰਖਿਆ ਕਰਨ ਵਾਲੇ ਤੇ ਆਪਣੇ ਰਸਤੇ ਦੇ ਰਾਖੇ ਸ਼ਿਕਾਰੀ ਕੁਤਿਆਂ ਤੋਂ ਬਚਾ! ਉਸ ਨੂੰ ਅਰੋਗਤਾ ਤੇ ਕਸ਼ਟ ਰਹਿਤ ਜੀਵਨ ਦਾਨ ਕਰ।"

## ਅਗਲਾ ਸੰਸਾਰ

ਅਗਲੀ ਦੁਨੀਆਂ ਬਾਰੇ ਦਸਿਆ ਹੈ ਕਿ ਉਹ ਅਮਿਟ, ਅਮਰ ਤੇ ਸਥਿਰ ਹੈ, ਜਿਥੇ ਸਦਾ ਦਾ ਜੀਵਨ ਤੇ ਸ਼ਾਨ ਕਾਇਮ ਰਹਿੰਦੀ ਹੈ; ਜਿਥੇ ਸੁਵਰਗ ਦੀ ਸ਼ਾਂਤੀ ਹੈ, ਜਿਥੇ ਜਲ ਦੀਆਂ ਨਦੀਆਂ ਵਹਿੰਦੀਆਂ ਨੇ। ਜਿਥੇ ਅੰਮ੍ਰਿਤ, ਅਤੇ ਆਨੰਦ ਦੀ ਫੁਹਾਰ ਪੈਂਦੀ ਹੈ ਤੇ ਜਿਥੇ ਮਨ ਦੀਆਂ ਸਭ ਅਭਿਲਾਸ਼ਾਂ ਪੂਰੀਆਂ ਹੁੰਦੀਆਂ ਹਨ।" ਵਖ ਵਖ ਜੂਨਾਂ ਬਦਲਨ ਦੀ ਤੇ ਅੰਤ ਨੂੰ ਈਸ਼ਵਰ ਵਿਚ ਲੀਨ ਹੋ ਜਾਣ ਦੀ ਹਿੰਦੀ ਫ਼ਿਲਾਸਫ਼ੀ ਵੇਦਕ ਸਮਿਆਂ ਵਿਚ ਕਿਤੇ ਨਜ਼ਰ ਨਹੀਂ ਆਉਂਦੀ। ਇਹ ਨਿਸ਼ਚਾ ਪੁਰਾਣੇ ਬਰਤਾਨੀਆਂ ਦੇ ਡਰੂਡਾਂ ਅਤੇ ਪੁਰਾਤਨ ਮਿਸਰੀ ਪ੍ਰੋਹਿਤਾਂ ਵਿਚ ਪ੍ਰਚਲਤ ਸੀ।

## ਵੇਦਕ ਸਮੇਂ ਸਤੀ ਪ੍ਰਥਾ ਦਾ ਅਭਾਵ

ਸਤੀ ਦਾ ਭਿਆਨਕ ਜੁਰਮ ਅਰਥਾਤ ਵਿਧਵਾ ਇਸਤਰੀ ਦੇ ਪਤੀ ਦੀ ਚਿੱਤਾ ਉੱਤੇ ਜਲ ਮਰਨ ਦੀ ਵੇਦਾਂ ਵਿਚ ਕੋਈ ਆਗਿਆ ਨਹੀਂ। ਇਸ ਦੇ ਉਲਟ ਵੇਦਾਂ ਵਿਚ ਵਿਧਵਾ ਨੂੰ ਆਗਿਆ ਦਿਤੀ ਗਈ ਹੈ ਕਿ 'ਮੁੜ ਜ਼ਿੰਦਗੀ ਵਿਚ ਪ੍ਰਵੇਸ਼ ਕਰੇ।' ਜਿਵੇਂ ਕਿ ਉਸ ਨੇ ਆਪਣੇ ਪ੍ਰਤੀ ਆਪਣੇ ਧਰਮ ਦੀ ਪਾਲਣਾ ਕੀਤੀ ਹੈ।

## ਗਊ ਮਾਸ ਦੀ ਖੁਲ੍ਹ

ਅਜ ਕਲ੍ਹ ਦੇ ਹਿੰਦਆਂ ਦੇ ਉਲਟ ਪੁਰਾਤਨ ਆਰੀਏ ਗਊ ਮਾਸ ਦਾ ਅਹਾਰ ਬੜੇ ਚਾਅ ਨਾਲ ਕਰਦੇ ਸਨ। ਇਕ ਸਮਾਂ ਤੇ ਐਸਾ ਵੀ ਸੀ ਜਦੋਂ ਦੇਵਤੇ ਵੀ ਤੇ ਪੁਜਾਰੀ ਵੀ ਗਊ ਭਖਅਕ ਹੋ ਗਏ ਸਨ। ਅਗਨੀ ਦੇਵਤੇ ਬਾਰੇ ਲਿਖਿਆ ਹੈ ਕਿ ਉਹ 'ਝਟ ਪਟ ਹੀ ੩੦੦ ਭੈਸੇ ਖਾ ਗਿਆ।' ਜਿਥੇ ਇੰਦਰ ਨੇ ਧਰਮਾਤਮਾ ਲੋਕਾਂ ਦੇ ਭੋਜਨ ਦੇ ਪਰਬੰਧ ਦਾ ਜ਼ਿਕਰ ਕੀਤਾ ਹੈ, ਉਥੇ ਹੀ ਗੋਰਾ ਤੇ ਗਵਾਯਾ (ਗਊਆਂ ਦੀਆਂ ਕਿਸਮਾਂ) ਦੀਆਂ ਝੌਂਪੜੀਆਂ ਦਾ ਵੀ ਵਰਨਣ ਹੈ।'

---

*ਯਮ ਬਾਰੇ ਨਿਸ਼ਚਾ ਇਹ ਹੈ ਕਿ ਉਹ ਪਹਿਲਾ ਆਦਮੀ ਸੀ ਜੋ ਮੌਤ ਨੂੰ ਜਿਤ ਕੇ ਅਮਰ ਹੋ ਗਿਆ। ਕਿਉਂਕਿ ਉਸ ਨੇ ਅਗਲੀ ਦੁਨੀਆ ਦਾ ਰਾਹ ਵੇਖ ਲਿਆ ਹੈ ਇਸ ਲਈ ਓਹ ਲੋਕਾਂ ਨੂੰ ਉਥੇ ਪੁਚੌਂਦਾ ਤੇ ਉਹਨਾਂ ਦੀ ਓਥ ਅਗਵਾਈ ਕਰਦਾ ਹੈ।

Sri Satguru Jagjit Singh Ji eLibrary NamdhariElibrary@gmail.com

## ਗਊ ਦੀ ਕੁਰਬਾਨੀ

ਵੇਦਾਂ ਵਿਚ ਇਕ ਰਸਮ ਦਾ ਵੀ ਜ਼ਿਕਰ ਹੈ, ਜਿਸ ਨੂੰ 'ਗਊਮੇਧ' ਅਰਥਾਤ ਗਊ ਦੀ ਕੁਰਬਾਨੀ ਕਿਹਾ ਜਾਂਦਾ ਹੈ ਅਤੇ ਇਹੋ ਜਿਹੀ ਕੁਰਬਾਨੀ ਦਾ ਜ਼ਿਕਰ ਮਹਾ-ਭਾਰਤ ਅਤੇ ਰਾਮਾਇਣ* ਵਿਚ ਵੀ ਆਉਂਦਾ ਹੈ। ਰਿਸ਼ੀਆਂ ਅਤੇ ਮਿੱਤਰਾਂ ਨੂੰ ਦਿਤੇ ਜਾਣ ਵਾਲੇ ਭੋਜ ਵਿਚ ਵੱਛੀ ਅਤੇ ਗਊ ਬੱਧ ਕੀਤੀ ਜਾਂਦੀ ਅਤੇ ਏਸੇ ਕਾਰਨ ਪਰਾਹੁਣੇ ਨੂੰ ਗਊਘਨਾ ਅਰਥਾਤ ਗਊ ਬਧ ਕਰਨ ਵਾਲਾ ਕਿਹਾ ਜਾਂਦਾ ਸੀ। ਪ੍ਰੋਫ਼ੈਸਰ ਕੋਲਬ੍ਰੁਕ 'ਏਸ਼ੀਆਟਿਕ ਰੀਸਰਚਿਜ਼' ਵਿਚ ਲਿਖਦੇ ਹਨ—"ਸੁਵਾਗਤ ਦਾ ਹਕਦਾਰ ਹੁੰਦਾ ਹੈ ਗੁਰੂ, ਪ੍ਰੋਹਤ, ਸਨਿਆਸੀ, ਰਾਜਾ, ਲਾੜਾ ਤੇ ਮਿੱਤਰ। ਮਤਲਬ ਕੀ ਕੋਈ ਵੀ ਪਰਾਨੀ ਹੋਵੇ ਉਸ ਦੇ ਅਉਣ ਦੀ ਖ਼ੁਸ਼ੀ ਵਿਚ ਉਹ ਗਊ ਬੰਨ੍ਹੀ ਜਾਂਦੀ ਜੋ ਕੁਰਬਾਨੀ ਲਈ ਰਾਖਵੀਂ ਹੁੰਦੀ ਸੀ; ਓਸੇ ਸਮੇਂ ਇਕ ਪਰਾਹੁਣੇ ਨੂੰ ਗਊਘਨਾ ਜਾਂ ਗੋਘਨਾ ਮਿਥਿਆ ਜਾਂਦਾ ਸੀ।" ਪੁਰਾਤਨ ਹਿੰਦੂ ਵੇਦਿਕ ਗਰੰਥਾਂ ਵਿਚ, ਜਿਹਾ ਕਿ ਚਰਕ ਸੰਘਿਤਾ, ਜੋ ਸੰਨ ਈਸਵੀ ਤੋਂ ਪੰਜਵੀ ਛੇਵੀਂ ਸਦੀ ਪਹਿਲੋਂ ਦੀ ਰਚਨਾ ਹੈ, ਗਰਭਵਤੀ ਇਸਤਰੀ ਲਈ ਗਊ ਮਾਂਸ ਦੀ ਵਰਤੋਂ ਦੀ ਸਫਾਰਸ਼ ਕੀਤੀ ਹੈ। ਉਪ੍ਰੋਕਤ ਗ੍ਰੰਥ ਅੰਦਰ ਭੋਜਨ ਸੰਬੰਧੀ ਪ੍ਰਕਰਨ ਵਿਚ ਲੇਖਕ ਨੇ ਸਫ਼ਾਰਸ਼ ਕੀਤੀ ਹੈ ਕਿ ਗਊ, ਭੈਂਸ ਅਤੇ ਸੂਅਰ ਦਾ ਮਾਸ ਹਰ ਰੋਜ਼ ਨਹੀਂ ਖਾਣਾ ਚਾਹੀਦਾ। ਇਸ ਤੋਂ ਸਪਸ਼ਟ ਹੈ ਕਿ ਉਸ ਜ਼ਮਾਨੇ ਵਿਚ ਗਊ ਮਾਸ ਵੀ ਖੁਰਾਕ ਦਾ ਇਕ ਭਾਗ ਸੀ, ਭਾਵੇਂ ਇਹ ਅਤਿ ਮਹਿੰਗਾ ਹੋਣ ਕਰ ਕੇ ਰੋਜ਼ਾਨਾ ਵਰਤੋਂ ਵਿਚ ਨਹੀਂ ਸੀ ਲਿਆਂਦਾ ਜਾਂਦਾ। ਮੱਛੀ, ਦਹੀਂ ਅਤੇ ਜੌ ਦੀਆਂ ਰੋਟੀਆਂ ਦੀ ਰੋਜ਼ਾਨਾ ਵਰਤੋਂ ਦੀ ਵੀ ਮਨਾਹੀ ਹੈ। ਗਊ ਦੀ ਕੁਰਬਾਨੀ ਦੀ ਰਸਮ ਨੂੰ ਗਵਮਿਆਨਾ ਆਖਦੇ ਸਨ।

## ਆਰੀਆਂ ਦੀ ਸ਼ਰਾਬ ਨੋਸ਼ੀ

ਭਾਰਤ ਵਿਚ ਆ ਕੇ ਵੱਸਣ ਵਾਲੇ ਆਰੀਆ ਲੋਕ ਸ਼ਰਾਬ ਪੀਣ ਵਾਲੀ ਜਾਤੀ ਵਿਚੋਂ ਸਨ ਅਤੇ ਉਹ ਸੋਮ ਰਸ ਤੇ ਸ਼ਰਾਬ ਦੀ ਆਮ ਵਰਤੋਂ ਕਰਦੇ ਸਨ। ਰਿਸ਼ੀ ਅਤੇ ਮੁਨੀ ਵੀ ਸੋਮ ਦੇ ਨਸ਼ੀਲੇ ਰਸ ਦੀ ਵਰਤੋਂ ਕਰਦੇ ਅਤੇ ਦੇਵਤਿਆਂ ਨੂੰ ਵੀ ਇਸ ਦਾ ਭੋਗ ਲੁਵਾਉਂਦੇ ਸਨ।

*ਮੇਰਾ ਕਿਆਸ ਇਹ ਹੇ ਕਿ ਪੁਰਾਤਨ ਆਰੀਆਂ ਵਲੋਂ ਆਪਣੇ ਦੇਵਤਿਆਂ ਮੂਹਰੇ ਗਊ ਦੀ ਕੁਰਬਾਨੀ ਉਸ ਪਵਿਤਰਤਾ (ਸ਼ਰਧਾ) ਦੇ ਕਾਰਨ ਕੀਤੀ ਜਾਂਦੀ ਜੋ ਇਸ ਜਾਨਵਰ ਲਈ ਉਹਨਾਂ ਦੇ ਦਿਲ ਵਿਚ ਹੁੰਦੀ ਸੀ।

## ਸੋਮ ਬਿਰਛ

ਸੋਮ ਇਕ ਕਿਸਮ ਦਾ ਬ੍ਰਿਛ ਹੈ ਜੋ ਵਿਸ਼ੇਸ਼ ਕਰ ਕੇ ਪੱਛਮੀ ਹਿੰਦ ਦੇ ਪਰਬਤਾਂ ਤੇ ਬੋਲਾਨ ਨਾਮ ਪਰਬਤ ਲਾਂਘੇ ਵਿਚ ਹੁੰਦਾ ਹੈ। ਇਸ ਬੂਟੇ ਰਾਹੀਂ ਬਣੀ ਹੋਈ ਸ਼ਰਾਬ ਸਭ ਤੋਂ ਪੁਰਾਣੀ ਕਿਸਮ ਦੀ ਹੁੰਦੀ ਹੈ। ਆਰੀਆ ਲੋਕ ਇਸ ਸ਼ਰਾਬ ਨੂੰ ਆਕਾਸ਼ੀ ਆਤਮਾਵਾਂ ਨੂੰ ਉਦੋਂ ਵੀ ਪੇਸ਼ ਕਰਦੇ ਸਨ ਜਦੋਂ ਉਹਨਾਂ ਨੇ ਅਜੇ ਸਿੰਧ ਦੀ ਧਰਤੀ ਉਤੇ ਪੈਰ ਨਹੀਂ ਸਨ ਧਰੇ। ਇਹੋ ਪੀਣ ਵਾਲੀ ਸ਼ਰਾਬ ਸੀ ਜਿਸ ਨੂੰ ਦੇਵਤੇ ਬਹੁਤ ਪਸਿੰਦ ਕਰਦੇ ਸਨ।

## ਵੇਦਾਂ ਵਿਚ ਸੋਮਰਸ ਦਾ ਜ਼ਿਕਰ

ਵੇਦਾਂ ਵਿਚ ਸੋਮ ਬਾਰੇ ਦਰਜ ਹੈ ਕਿ ਇਹ ਬੂਟਾ ਪਹਾੜਾਂ ਦੀਆਂ ਚੋਟੀਆਂ ਉਪਰੋਂ ਇਕ ਸਿਖੇ ਹੋਏ ਸ਼ਿਕਾਰੀ ਨੇ ਲਿਆਂਦਾ ਸੀ। ਇਸ ਦੇ ਰੋਗ ਦੂਰ ਕਰਨ ਦੇ ਗੁਣਾਂ ਦੀ ਬੜੀ ਪ੍ਰਸੰਸਾ ਕੀਤੀ ਗਈ ਹੈ। ਇਸ ਨੂੰ ਲੰਮੇਰੀ ਉਮਰ ਕਰਨ ਵਾਲਾ ਮੰਨਿਆ ਜਾਂਦਾ ਹੈ ਤੇ ਇਸੇ ਨੂੰ ਪੀ ਕੇ ਕਵੀ ਪਵਿਤਰ ਗੀਤ ਉਚਰਦੇ ਸਨ।

## ਪੁਰਾਤਨ ਆਰੀਆਂ ਦੀਆਂ ਮੁਰਦੇ ਦਫਨੌਣ ਦੀਆਂ ਰਸਮਾਂ

ਈਰਾਨ ਦੇ ਪੁਰਾਤਨ ਆਰੀਆਂ ਵਾਂਗ ਹਿੰਦ ਦੇ ਆਰੀਆ ਲੋਕ ਵੀ ਆਪਣੇ ਮੁਰਦਿਆਂ ਨੂੰ ਦਫਨਾਉਂਦੇ ਸਨ। ਕਮਾਨ, ਜੋ ਮਾਣ, ਸੂਰਬੀਰਤਾ ਤੇ ਪਰਭੁਤਾ ਦੀ ਨਸ਼ਾਨੀ ਸਮਝੀ ਜਾਂਦੀ ਸੀ, ਮੁਰਦੇ ਦੇ ਹੱਥ ਵਿਚੋਂ ਖੋਹ ਲਈ ਜਾਂਦੀ ਸੀ। ਮੁਰਦੇ ਅਤੇ ਸੰਬੰਧੀਆਂ ਤੇ ਮਿੱਤਰਾਂ ਦੇ ਹਲਕੇ ਉਦਾਲੇ ਅਲਹਿਦਗੀ ਦੀ ਇਕ ਕੰਧ ਖੜੀ ਕਰ ਦਿਤੀ ਜਾਂਦੀ ਸੀ। ਮਰਨ ਵਾਲੇ ਨੂੰ ਇਹ ਲੋਕ ਐਉਂ ਆਖਦੇ ਸਨ—"ਤੇਰੀ ਥਾਂ ਔਹ ਹੈ ਤੇ ਸਾਡੀ ਇਹ। ਅਸੀਂ ਇਹ ਵਖਰਤਾ ਦੀ ਕੰਧ ਉਹਨਾਂ ਲਈ ਖੜੀ ਕਰਦੇ ਹਾਂ ਜੋ ਜੀਉਂਦੇ ਹਨ ਤਾਂ ਜੁ ਕੋਈ ਛੇਤੀ ਨਾ ਮਰੇ। ਜੀਉਂਦੇ ਲੋਕ ਮੌਤ ਨੂੰ ਇਸੇ ਟਿਲੇ ਨਾਲ ਢਕ ਦੇਣ ਅਤੇ ਸੌ ਸਾਲ ਤੀਕ ਜੀਉਂਦੇ ਰਹਿਣ।" ਈਰਾਨ ਦੇ ਅਗਨੀ ਪੂਜਕਾਂ ਵਿਚਾਲੇ ਦਫਨਾਉਣ ਦਾ ਰਿਵਾਜ ਮਿਟ ਗਿਆ ਤੇ ਉਸ ਦੀ ਥਾਂ ਪਹਾੜਾਂ ਉਤੇ ਮੁਰਦੇ ਰਖ ਦੇਣ ਜਾਂ ਚੁਪ ਮੁਨਾਰਿਆਂ ਵਿਚ ਰੱਖ ਦੇਣ ਦਾ ਰਿਵਾਜ ਪੈ ਗਿਆ, ਜਿਥੋਂ ਕਿ ਜਾਨਵਰ ਉਹਨਾਂ ਦਾ ਮਾਸ ਨੋਚ ਕੇ ਖਾ ਜਾਂਦੇ। ਅਜ ਕਲ ਦੇ ਭਾਰਤੀ ਹਿੰਦੂ ਆਪਣੇ ਮੁਰਦੇ ਸਾੜਦੇ ਹਨ।

# ਪਰਕਰਨ-੫

## ਪੁਰਾਤਨ ਹਿੰਦੂ

ਦਰਿਆ ਜਮਨਾ ਅਤੇ ਦਰਿਆ ਗੰਗਾ ਦੇ ਇਲਾਕਿਆਂ ਵਿਚ ਜਾ ਕੇ ਵੱਸ ਜਾਣ ਮਗਰੋਂ ਆਰੀਆ ਲੋਕਾਂ ਨੇ ਵੱਡੀਆਂ ਵੱਡੀਆਂ ਵਸਤੀਆਂ ਵਸਾ ਲਈਆਂ ਅਤੇ ਨਵੇਂ ਪਰਾਪਤ ਕੀਤੇ ਹੋਏ ਇਲਾਕਿਆਂ ਵਿਚ ਵਡੇ ਵਡੇ ਨਗਰਾਂ ਦੀ ਨੀਂਹ ਰੱਖੀ। ਉਸ ਉਪਜਾਊ ਦੇਸ਼ ਵਿਚ ਉਹਨਾਂ ਦੀ ਨਕਲ ਮਕਾਨੀ ਦਾ ਸਮਾਂ ਸੰਨ ਈਸਵੀ ਤੋਂ ੧੫੦੦ ਸਾਲ ਪਹਿਲੇ ਦਾ ਨਿਯਤ ਕੀਤਾ ਜਾਂਦਾ ਹੈ। ਅਗੇਰੇ ਵਧਣ ਦੇ ਨਾਲ

Sri Satguru Jagjit Singh Ji eLibrary NamdhariElibrary@gmail.com

ਨਾਲ ਉਹਨਾਂ ਨੂੰ ਪੰਜਾਬ ਵਿਚਲੇ ਵੇਦਕ ਸੂਰਬੀਰਾਂ ਨਾਲੋਂ ਕਿਤੇ ਵਧੀਕ ਕਰੜੀ ਘਾਲ ਘਾਲਣੀ ਪਈ। ਉਹਨਾਂ ਨੂੰ ਨਾ ਕੇਵਲ ਪਰਾਣੀ ਵਸੋਂ ਨਾਲ ਹੀ ਨਿਪਟਨਾ ਪਿਆ, ਸਗੋਂ ਉਹਨਾਂ ਨੂੰ ਆਪਸ ਵਿਚ ਦੇ ਉਹਨਾਂ ਜੰਗਾਂ ਜੁੱਧਾਂ ਵਿਚ ਵੀ ਉਲਝਣਾ ਪੈ ਗਿਆ, ਜੋ ਉਹਨਾਂ ਨੂੰ ਚੰਗੇਰੇ ਇਲਾਕਿਆਂ ਦੀ ਪ੍ਰਾਪਤੀ ਲਈ ਕਰਨੇ ਪਏ।

## ਆਰੀਆ ਲੋਕ ਵੱਡੀਆਂ ਕੌਮਾਂ ਦੇ ਰੂਪ ਵਿਚ

ਸ਼ਕਤੀਸ਼ਾਲੀ ਬਣਨ ਦੇ ਇਸ ਸੰਗਰਾਮ ਵਿਚ ਨਕਲ ਮਕਾਨੀ ਕਰਨ ਵਾਲੇ ਆਰੀਆ ਲੋਕ ਆਪੋ ਆਪਣੇ ਆਗੂ ਜਾਂ ਰਾਜੇ ਦੇ ਝੰਡੇ ਹੇਠ ਇਕਠੇ ਹੋ ਗਏ ਤੇ ਇਸ ਤਰ੍ਹਾਂ ਉਹ ਵੱਡੀਆਂ ਜਾਤੀਆਂ ਤੇ ਕੌਮਾਂ ਦੇ ਰੂਪ ਵਿਚ ਵਟ ਗਏ। ਸਫਲ ਅਰਥਾਤ ਵਿਜਈ ਆਗੂਆਂ ਨੇ ਵਿਸ਼ਾਲ ਇਲਾਕਿਆਂ ਉਪਰ ਕਬਜ਼ਾ ਜਮਾ ਲਿਆ ਅਤੇ ਉਹਨਾਂ ਇਲਾਕਿਆਂ ਵਿਚ ਵੱਸਣ ਵਾਲੇ ਲੋਕਾਂ ਦੇ ਆਗੂ ਅਥਵਾ ਹੁਕਮਰਾਨ ਬਣ ਗਏ।

## ਜ਼ਾਤ ਪਾਤ ਦਾ ਵਿਕਾਸ਼

ਛੋਟੇ ਛੋਟੇ ਸਰਦਾਰ ਜਾਂ ਆਗੂ ਕੁਛ ਸਮੇਂ ਮਗਰੋਂ ਸ਼ਕਤੀਸ਼ਾਲੀ ਰਾਜਿਆਂ ਨਾਲ ਸ਼ਾਮਲ ਹੋ ਗਏ। ਇਸ ਦੇ ਮਗਰੋਂ ਅਮਨ ਦਾ ਲੰਮਾ ਸਮਾਂ ਆਇਆ, ਜਿਸ ਦੇ ਦੌਰਾਨ ਵਿਚ ਵਿਜਈ ਹੁਕਮਰਾਨ ਆਪਣੇ ਇਲਾਕੇ ਦੀ ਪਰਜਾ ਨੂੰ ਜਥੇਬੰਦ ਕਰਨ ਵਿਚ ਰੁਝ ਗਏ। ਬਸ ਇਸੇ ਸਮੇਂ ਤੋਂ ਜ਼ਾਤ ਪਾਤ ਦਾ ਰਿਵਾਜ ਸ਼ੁਰੂ ਹੋਇਆ। ਸਭ ਜਾਤਾਂ ਵਿਚੋਂ ਸਿਰ-ਕੱਢ ਬ੍ਰਾਹਮਣ* ਮੰਨ ਗਏ, ਜੋ ਵੱਖ ਵੱਖ ਰਾਜਿਆਂ ਦੇ ਮੰਤਰੀ (ਸਲਾਹਕਾਰ) ਬਣ ਗਏ। ਇਸ ਤੋਂ ਛੁੱਟ ਬਲੀਦਾਨ ਸਮੇਂ ਇਹ ਲੋਕ ਪ੍ਰੋਹਿਤ ਤੇ ਗੁਰੂ ਦਾ ਕੰਮ ਵੀ ਕਰਦੇ, ਵੇਦ ਮੰਤਰ ਉਚਾਰਦੇ ਤੇ ਦੇਵਤਿਆਂ ਦਾ ਆਵਾਹਨ ਕਰਦੇ ਸਨ।

## ਬ੍ਰਾਹਮਣਾਂ ਦੀ ਪ੍ਰਭੁਤਾਈ

ਬਰਾਹਮਣ ਦੂਜੇ ਸਭ ਮਨੁਖਾਂ‡ ਨਾਲੋਂ ਚੰਗੇਰਾ ਤੇ ਉਚੇਰਾ ਸਮਝਿਆ ਜਾਣ ਲੱਗਾ। ਉਸ ਨੂੰ ਨਾ ਕੇਵਲ ਲੋਕਾਂ ਉਤੇ ਸਗੋਂ ਰਾਜਿਆਂ ਉਤੇ ਵੀ ਪ੍ਰਭੁਤਾ ਪ੍ਰਾਪਤ ਹੋ ਗਈ। ਦੂਜੀਆਂ ਸਭ ਜਾਤਾਂ ਉਪਰ ਬਰਾਹਮਣ ਦੀ ਪ੍ਰਭੁਤਾਈ ਨਾਲ ਹਿੰਦੂਆਂ ਦੇ ਇਤਿਹਾਸ ਵਿਚ ਇਕ ਨਵੇਂ ਯੁਗ ਦਾ ਆਰੰਭ ਹੋਇਆ। ਉਹਨਾਂ ਦੀ ਫਿਲਾਸਫੀ ਦਾ ਸਿਸਟਮ ਸੰਨ ਈਸਵੀ ਤੋਂ ੮੦੦ ਸਾਲ ਪਹਿਲੇ ਚਾਲੂ ਸੀ। ਉਸ ਸਮੇ ਮਗਧ ਦੇਸ ਉਪਰ ਪ੍ਰਾਦਿਉਤਾ ਖਾਨਦਾਨ ਦਾ ਰਾਜ ਸੀ। ਮਗਧ ਦੇਸ ਦਰਿਆ ਗੰਗਾ ਦੇ ਦਖਣੀ ਕਿਨਾਰੇ ਉਤੇ ਸੀ। ਗੰਗਾ ਅਤੇ ਜਮਨਾ ਦੇ ਵਿਚਕਾਰਲਾ ਦੇਸ ਬਰਹਮਾਰਸ਼ੀ ਦੇਸ ਅਰਥਾਤ "ਪਵਿਤਰ ਰਿਸ਼ੀਆਂ ਦੀ ਧਰਤੀ" ਕਰ ਕੇ ਪ੍ਰਸਿਧ ਸੀ। ਇਹ ਉਹੋ ਇਲਾਕਾ ਹੈ ਜਿਥੇ ਦੋ ਪੁਰਾਤਨ ਹਿੰਦੂ ਕੌਮਾਂ ਅਰਥਾਤ ਕੌਰਵ ਤੇ ਪਾਂਡਵ ਹੋ ਚੁਕੀਆਂ ਹਨ,ਜਿਨ੍ਹਾਂ ਨੂੰ ਮਹਾਂਭਾਰਤ ਦੀ ਰਚਨਾ ਨੇ ਅਮਰ ਬਣਾ ਦਿਤਾ; ਇਹੋ ਉਹ ਇਲਾਕੇ ਹਨ ਜਿਨ੍ਹਾਂ ਵਿਚ ਪ੍ਰਾਚੀਨ ਪ੍ਰਸਿੱਧਤਾ ਵਾਲੇ ਸ਼ਹਿਰ ਹਸਤਨਾ ਪੁਰ, ਇੰਦਰ ਪ੍ਰਸਤ ਤੇ ਕਰਿਸ਼ਨ ਪੁਰਾ ਵਸਦੇ ਸਨ।

## ਚਾਰ ਜਾਤਾਂ

ਬਰਾਹਮਣਾਂ ਤੋਂ ਦੂਜੇ ਦਰਜੇ ਉਤੇ ਖਤਰੀ ਅਰਥਾਤ ਉਹ ਲੜਾਕੇ ਲੋਕ ਸਨ, ਜੋ ਵੈਰੀ ਪਾਸੋਂ ਲੋਕਾਂ ਦੀ ਰਖਿਆ ਕਰਦੇ। ਤੀਜੀ ਜਾਤ ਸੀ ਵੈਸ਼ਾਂ ਦੀ, ਜੋ ਡੰਗਰ ਚਾਰਦੇ, ਖੇਤ ਬੀਜਦੇ ਅਤੇ ਵਪਾਰ ਕਰਦੇ ਸਨ। ਚੌਥੀ ਜਾਤ ਸ਼ੂਦਰ ਅਰਥਾਤ ਮਿਹਨਤ ਤੇ ਸੇਵਾ ਕਰਨ ਵਾਲੇ ਸਨ। ਇਹ ਲੋਕ ਹਿੰਦ ਦੇ ਅਸਲ ਵਸਨੀਕਾ ਦੇ ਉਹ ਬਚੇ ਖੁਚੇ ਲੋਕ ਸਨ, ਜਿਨ੍ਹਾਂ ਨੂੰ ਬਾਕੀ ਦੀਆਂ ਤਿੰਨ ਜਾਤਾਂ ਦੀ ਸੇਵਾ ਕਰਨੀ ਪਈ।

## ਬ੍ਰਾਹਮਣਾਂ ਦੀ ਵਿਸ਼ੇਸ਼ਤਾ

ਸਭ ਤੋਂ ਪਹਿਲੇ ਬਰਾਹਮਣ ਜਾਤੀ ਦਾ ਜਨਮ ਹੋਇਆ। ਇਹ ਲੋਕ ਦੂਜਿਆਂ ਨਾਲੋਂ ਬਰਹਮਾ ਦੇ ਵਧੇਰੇ ਨਜ਼ਦੀਕੀ ਸਨ। ਸ੍ਰਿਸ਼ਟੀ ਨੂੰ ਰਚਨ ਸਮੇ ਬਰਹਮਾ ਨੇ ਆਪਣੇ ਮੁਖ ਵਿਚੋਂ ਬਰਾਹਮਣ, ਭੁਜਾਂ ਵਿਚੋਂ ਖਤਰੀ, ਆਪਣੇ ਪੇਟ ਵਿਚੋਂ ਵੈਸ਼ ਅਤੇ ਪੈਰਾਂ ਵਿਚੋਂ ਸ਼ੂਦਰ ਪੈਦਾ ਕੀਤੇ। ਖਤਰੀ ਦੇ ਜ਼ਿੰਮੇ ਤਲਵਾਰ ਚਲੌਣ ਦਾ ਕੰਮ ਲਗਾ। ਇਹਨਾਂ ਨੂੰ ਰਾਜ ਬੰਸੀ ਅਰਥਾਤ ਸ਼ਾਹੀ ਖਾਨਦਾਨ ਦੇ ਲੋਕ ਕਿਹਾ ਜਾਂਦਾ ਸੀ। ਇਹਨਾਂ ਦੇ ਜਾਨਸ਼ੀਨ ਅਜ ਕਲ ਰਾਜਪੂਤ (ਅਰਥਾਤ ਸ਼ਾਹੀ ਨਸਲ ਦੇ ਲੋਕ) ਹਨ। ਵੈਸ਼ ਹੌਲੀ ਹੌਲੀ ਦੂਜੀਆਂ ਜਾਤੀਆਂ ਨਾਲ ਰਲ ਮਿਲ ਗਏ ਅਤੇ ਹੁਣ ਬਤੌਰ ਜਾਤੀ ਦੇ ਖਤਮ ਹੋ ਚੁਕੇ ਹਨ।

## ਮੱਨੂ ਸਿਮਰਤੀ ਜਾਂ ਸ਼ਾਸਤਰ

ਰੀਤਾਂ ਰਸਮਾਂ ਦੇ ਕਾਨੂੰਨ ਦਾ ਮੱਨੂ ਨੇ ਜਿਹੜਾ ਧਰਮ ਸ਼ਾਸਤਰ ਰਚਿਆ ਉਸ ਵਿਚ ਵੀ ਬ੍ਰਾਹਮਣਾਂ ਦੀ ਸਮਾਜਕ ਪ੍ਰਭੁਤਾ ਕਾਇਮ ਰਖੀ ਗਈ। ਡੰਕਰ ਦੇ ਕਥਨ ਅਨੁਸਾਰ ਇਹ ਸ਼ਾਸ਼ਤਰ ਸੰਨ ਈਸਵੀ ਤੋਂ ੬੦੦ ਸਾਲ ਪਹਿਲੇ ਤਿਆਰ ਕੀਤਾ ਗਿਆ, ਭਾਵੇਂ ਦੂਜੇ ਲੋਕ ਇਸ ਨੂੰ ਕਿਤੇ ਪਛੇਤਰਾ ਦਸਦੇ ਹਨ।

## ਪ੍ਰਮਾਤਮਾ ਦੀ ਏਕਤਾ ਦਾ ਅਸੂਲ

ਮੱਨੂ ਦੇ ਧਰਮ ਸ਼ਾਸਤਰ ਵਿਚ ਥਾਂ ਪਰ ਥਾਂ ਈਸ਼ਵਰ ਦੀ ਏਕਤਾ ਨੂੰ ਪਰਵਾਨ ਕੀਤਾ ਗਿਆ ਹੈ। ਉਸ ਵਿਚ "ਇਕੋ ਵਡੇ ਈਸ਼ਵਰ" ਦੇ ਸਚੇ ਗਿਆਨ ਨੂੰ ਪ੍ਰਚਾਰਿਆ ਹੈ। ਮੱਨੂ ਧਰਮ ਸ਼ਾਸਤਰ ਦੇ ਆਰੰਭਕ ਸ਼ਬਦ ਇਉਂ ਹਨ :—

## ਈਸ਼ਵਰ, ਸੰਸਾਰ ਤੇ ਮਨੁੱਖਾਂ ਬਾਰੇ ਹਿੰਦੂ ਫ਼ਿਲਾਸਫ਼ੀ

"ਆਰੰਭ ਵਿਚ ਇਹ ਜਗਤ ਕੀ ਸੀ ? ਘੁਪ ਹਨੇਰਾ,ਅਦਰਿਸ਼ਟ ਅਕਹਿ, ਕਲਪਨਾ ਰਹਿਤ ਤੇ ਡੂੰਘੀ ਨੀਂਦ ਵਰਗੀ ਅਚੇਤ ਅਵਸਥਾ ਦਾ ਪਸਾਰ।"

"ਫੇਰ ਕਰਤਾ ਪੁਰਖ, ਅਕਾਲ ਨੇ, ਜੋ ਆਪ ਅਲਖ ਸੀ, ਇਹ ਲਖਿਆ ਜਾਣ ਵਾਲਾ ਜਗਤ ਪੰਜਾਂ ਤੱਤਾਂ ਨਾਲ ਰਚਿਆ, ਫੇਰ ਹੋਰ ਵਸਤੂ ਪ੍ਰਗਟਾਈਆਂ ਤੇ ਇਉਂ ਘੋਰ ਹਨੇਰ ਨੂੰ ਨੂਰ ਵਿਚ ਬਦਲ ਦਿਤਾ।"

"ਉਹ ਪ੍ਰਮਾਤਮਾ, ਜਿਸ ਨੂੰ ਬਿਆਨਿਆ ਨਹੀਂ ਜਾ ਸਕਦਾ ਤੇ ਜੋ ਕੇਵਲ ਦਿਲ ਨਾਲ ਅਨੁਭਵ ਕੀਤਾ ਜਾ ਸਕਦਾ ਹੈ, ਜੋ ਅੰਗ ਰਹਿਤ ਤੇ ਅਮਿਟ ਹੈ ਤੇ ਜੋ ਸਭ ਜੀਵਾਂ ਵਿਚ ਆਤਮਾ ਰੂਪ ਬਣ ਕੇ ਰਹਿੰਦਾ ਹੈ, ਤੇ ਜਿਸ ਨੂੰ ਕੋਈ ਜੀਵ ਲਖ ਨਹੀਂ ਸਕਦਾ, ਉਹ ਮਨੁਖ ਰੂਪ ਧਾਰਨ ਕਰਕੇ ਪ੍ਰਗਟ ਹੋਇਆ।"

"ਉਸ ਨੇ ਆਪਣੀ ਇੱਛਾ ਨਾਲ, ਆਪਣੀ ਪਵਿਤਰ ਕਲਾ ਨਾਲ ਵੱਖ ਵੱਖ ਜੀਵ ਜੰਤ ਉਪਾਏ। ਪਹਿਲੇ ਆਪਣੀ ਇੱਛਾ ਨਾਲ

*ਬ੍ਰਾਹਮਣ, ਲਫ਼ਜ਼ ਬ੍ਰਾਹ ਅਰਥਾਤ ਉੱਚਾ ਤੋਂ ਬਣਿਆ ਹੈ। ਇਹ ਲਫ਼ਜ਼ ਉੱਚੇ ਤੇ ਪਵਿਤਰ ਲੋਕਾਂ ਲਈ ਵਰਤਿਆ ਜਾਣ ਲੱਗਾ।

‡ਮਹਾਂ ਭਾਰਤ। (ਗੁਰਬਾਣੀ ਵਿਚ ਭੀ ਆਇਆ ਹੈ–'ਬਰਾਹਮਣ ਗੁਰ ਹੈ ਜਗਤ ਕਾ, ਭਗਤਨ ਕੋ ਗੁਰ ਨਾਹਿ'–ਉਲਥਾਕਾਰ)

Sri Satguru Jagjit Singh Ji eLibrary NamdhariElibrary@gmail.com

ਪਾਣੀ ਪੈਦਾ ਕੀਤਾ ਅਤੇ ਫੇਰ ਉਸ ਦੇ ਅੰਦਰ ਉਪਜਾਊ ਗੁਣ ਉਤਪਨ ਕੀਤਾ।"

"ਫੇਰ ਇਕ ਅੰਡਾ ਪੈਦਾ ਹੋਇਆ, ਸੋਨੇ ਵਰਗਾ ਚਮਕਦਾਰ ਤੇ ਬਿਜਲੀ ਵਰਗਾ ਰੋਸ਼ਨ, ਹਜ਼ਾਰਾਂ ਕਿਰਨਾਂ ਵਾਲਾ ਅਤੇ ਉਸ ਅੰਡੇ ਵਿਚ ਉਸ ਨੇ ਆਪ ਬ੍ਰਹਮਾ ਦੇ ਰੂਪ ਵਿਚ ਜਨਮ ਲਿਆ, ਇਹੋ ਬਰਹਮਾਂ ਸਭ ਜੀਵ ਜੰਤੂਆਂ ਦਾ ਵਡੇਰਾ ਅਖਵਾਇਆ।"

"ਪਾਣੀ ਨੂੰ ਨਾਰਾ ਕਿਹਾ ਜਾਂਦਾ ਹੈ ਕਿਉਂਕਿ ਇਹ ਨਾਰਾ ਦੀ ਪੈਦਾਵਾਰ ਹੈ, ਜੋ ਈਸ਼ਵਰ ਦੀ ਸ਼ਕਤੀ ਦਾ ਨਾਮ ਹੈ। ਇਹ ਉਸ ਦਾ ਪਹਿਲਾ ਰੂਪ ਸੀ ਜਦ ਉਹ ਹਰਕਤ ਵਿਚ ਆਈ। ਏਸੇ ਲਈ ਈਸ਼ਵਰ ਦਾ ਨਾਮ ਨਾਰਾਇਨ (ਜਲ ਚਰ) ਪੈ ਗਿਆ ਹੈ।"

"ਉਸ ਤੋਂ ਜੋ ਪਹਿਲੇ ਹੋਇਆ ਉਹ ਪਹਿਲਾ ਕਰਤਾ ਹੈ। ਸਦਾ ਦਰਿਸ਼ਟ ਤੇ ਅਦਰਿਸ਼ਟ ਹੈ ਜਿਸ ਦਾ ਨਾ ਕੋਈ ਆਦ ਹੈ ਨਾ ਅੰਤ, ਉਸੇ ਨੇ ਸਭ ਤੋਂ ਪਹਿਲਾ ਦੇਵਤਾ ਉਤਪਨ ਕੀਤਾ, ਜੋ ਸੰਸਾਰ ਵਿਚ ਬਰਹਮਾ ਦੇ ਨਾਮ ਨਾਲ ਪ੍ਰਸਿਧ ਹੈ।"

"ਉਸ ਆਂਡੇ ਵਿਚ ਮਹਾਨ ਸ਼ਕਤੀ ਸਥਿਰ ਰੂਪ ਵਿਚ ਇਕ ਸਾਲ ਬੈਠੀ ਰਹੀ। ਸਾਲ ਦੇ ਅੰਤ ਵਿਚ ਕੇਵਲ ਦਿਲੀ ਇੱਛਾ ਦੇ ਜਨਮ ਲੈਣ ਨਾਲ ਉਸ ਨੇ ਆਂਡੇ ਨੂੰ ਦੋ ਭਾਗਾਂ ਵਿਚ ਵੰਡ ਦਿਤਾ।"

"ਉਸ ਆਂਡੇ ਦੇ ਜਿਹੜੇ ਦੋ ਭਾਗ ਹੋਏ ਉਹਨਾਂ ਵਿਚੋਂ ਇਕ ਧਰਤੀ ਤੇ ਦੂਜਾ ਅਕਾਸ਼ ਬਣਿਆ। ਈਥਰ ਦੇ ਵਿਚਕਾਰ ਅਠ ਖੰਡ, ਜਲ ਤੇ ਥਲ ਕਾਇਮ ਹੋਏ।"

"ਮਹਾਨ ਆਤਮਾ ਵਿਚੋਂ ਉਸ ਨੇ ਮਨ ਪ੍ਰਾਪਤ ਕੀਤਾ, ਜਿਸ ਵਿਚ ਅਨੁਭਵ ਸ਼ਕਤੀ, ਅੰਤਰ-ਆਤਮਾ ਅਤੇ ਬਿਰਤੀ ਆਦਕ ਵਸਤੂਆਂ ਉਤਪਨ ਹੋਈਆਂ.....ਆਦਕ*

ਖਾਲਕ ਅਤੇ ਖਲਕ ਦੇ ਸੰਸਾਰ ਬਾਰੇ ਇਹੋ ਜਿਹੇ ਹਨ ਹਿੰਦੂਆਂ ਦੇ ਵੀਚਾਰ। ਈਸ਼ਵਰ ਨੂੰ ਅਭੁਲ ਤੇ ਸਤਯ ਮੰਨਿਆ ਗਿਆ ਹੈ।

ਹਿੰਦੂ ਲਿਟਰੇਚਰ ਨੇ ਦੋ ਕਮਾਲ ਦੀਆਂ ਜੰਗੀ ਰਚਨਾਂ ਰਾਮਾਇਣ ਅਤੇ ਮਹਾਭਾਰਤ ਸੰਸਾਰ ਨੂੰ ਦਿਤੀਆਂ। ਰਾਮਾਇਣ ਵਿਚ ਜੋ ਕਥਾ ਦਰਜ ਹੈ ਉਹ ਸੰਨ ਈਸਵੀ ਤੋਂ ਇਕ ਹਜ਼ਾਰ ਪਹਿਲੇ ਦੇ ਸਮੇਂ ਨਾਲ ਸੰਬੰਧ ਰਖਦੀ ਹੈ। ਪਰ ਇਸ ਗਰੰਥ ਦੀ ਰਚਨਾ ਬਹੁਤ ਚਿਰ ਪਿਛੋਂ ਦੀ ਹੈ। ਇਸ ਦਾ ਲੇਖਕ ਇਕ ਰਿਸ਼ੀ ਕਵੀ ਬਾਲਮੀਕ ਹੋਇਆ ਹੈ। ਇਸ ਵਿਚ ਅਵਧ ਦੇ ਰਾਜਾ ਰਾਮ (ਸ੍ਰੀ ਰਾਮ ਚੰਦਰ ਜੀ) ਦੀ ਸੀਲੋਨ ਦੇ ਰਾਜੇ ਰਾਵਣ ਉਤੇ ਚੜ੍ਹਾਈ ਦਾ ਵਰਨਣ ਹੈ। ਰਾਵਣ ਨੇ ਰਾਮ ਦੀ ਧਰਮ ਪਤਨੀ ਸੀਤਾ ਨੂੰ ਉਧਾਲ ਲਿਆ ਸੀ। ਉਹ ਸੀਲੋਨ ਦੇ ਅਸਲ ਵਸਨੀਕਾਂ ਦਾ ਰਾਜਾ ਸੀ। ਇਸ ਮੌਕੇ ਉਤੇ ਬੜੀ ਭਾਰੀ ਜੰਗ ਹੋਈ, ਜਿਸ ਦੇ ਫਲ ਰੂਪ ਸੀਤਾ ਵਾਪਸ ਲਿਆਂਦੀ ਗਈ।

ਮਹਾਭਾਰਤ ਦੇ ਵਾਕਿਆਤ ਦਾ ਸੰਬੰਧ ਸੰਨ ਈਸਵੀ ਤੋਂ ੧੨੦੦ ਸਾਲ ਪਹਿਲੇ ਦੇ ਸਮੇਂ ਨਾਲ ਹੈ। ਇਹ ਗਰੰਥ ਰਿਸ਼ੀ ਵਿਆਸ‡ ਦੀ ਰਚਨਾ ਆਖੀ ਜਾਂਦੀ ਹੈ, ਜੋ ਮਸੀਹ ਤੋਂ ਦੋ ਸੌ ਸਾਲ ਪਹਿਲੇ ਹੋਇਆ। ਇਸ ਗਰੰਥ ਵਿਚ ਪਾਂਡੂਆਂ ਅਰਥਾਤ ਸੂਰਜ ਬੰਸੀ ਲੋਕਾਂ ਅਤੇ ਕੌਰਵਾਂ ਅਰਥਾਤ ਚੰਦਰ ਬੰਸੀ ਲੋਕਾਂ ਵਿਚਾਲੇ ਹੋਏ ਜੁੱਧ ਦਾ ਹਾਲ ਦਰਜ ਹੈ। ਚੰਦਰ ਬੰਸੀ ਲੋਕਾਂ ਦਾ ਬਾਦਸ਼ਾਹ ਉਸ ਸਮੇਂ ਯੁਧਿਸ਼ਟਰ ਸੀ ਅਤੇ ਕੌਰਵਾਂ ਦਾ ਰਾਜਾ ਧਰਿਤਰਾਸ਼ਟਰ। ਪਾਂਡੂਆਂ ਦੀ ਰਾਜਧਾਨੀ ਜਮਨਾ ਦੇ ਕਿਨਾਰੇ ਇੰਦਰ ਪ੍ਰਸਤ (ਦਿੱਲੀ) ਅਤੇ ਕੌਰਵਾਂ ਦੀ ਹਸਤਨਾਪੁਰ ਵਿਚ ਸੀ, ਜੋ ਦਰਿਆ ਗੰਗਾ ਦੇ ਕਿਨਾਰੇ ਹੈ। ਯੁਧਿਸ਼ਟਰ ਆਪਣੇ ਵਿਰੋਧੀ ਰਾਜ ਦਾ ਦਾਅਵੇਦਾਰ ਬਣਿਆ ਅਤੇ ਇਸ ਝਗੜੇ ਦਾ ਨਬੇੜਾ ਕਰਨ ਲਈ ਸਾਰੇ ਸੂਰਜ ਬੰਸੀ ਰਾਜੇ ਕੁਰੂਛੇਤਰ ਦੇ ਮੈਦਾਨ ਵਿਚ ਇਕਤਰ ਹੋ ਗਏ। ਇਹ ਅਸਥਾਨ ਦਰਿਸ਼ਦਵਤੀ ਦੇ ਨੇੜੇ ਉਹ ਥਾਂ ਸੀ, ਜਿਥੇ ਅਜ ਕਲ ਥਾਨੇਸਰ ਦਾ ਨਗਰ ਵਸਦਾ ਹੈ। ਇਹ ਉਹੋ ਮੈਦਾਨਿ ਜੰਗ ਸੀ ਜੋ ਪਿਛੋਂ ਹਿੰਦ ਦੇ ਰਾਜ ਲਈ ਕਈ ਸੂਰਬੀਰਾਂ ਦੀ ਕਿਸਮਤ ਦਾ ਉਸਰੀਆ ਤੇ ਢਵੈਈਆ ਬਣਿਆ।

*ਸਤ ਵਿਲੀ ਅਮਜ਼ ਵਰਕਸ ਜਿਲਦ ੩

‡ਵਿਆਸ ਲਫ਼ਜ਼ ਦਾ ਭਾਵ ਹੈ ਇਕਠਾ ਕਰਨ ਵਾਲਾ। ਕੁਛ ਲੋਕਾਂ ਦਾ ਵਿਚਾਰ ਹੈ ਕਿ ਇਹ ਉਸ ਦਾ ਅਸਲ ਨਾਮ ਨਹੀਂ। ਜੇ ਇਹ ਵਿਚਾਰ ਠੀਕ ਮੰਨ ਲਈ ਜਾਏ ਤਦ ਇਸ ਗਰੰਥ ਦੇ ਅਸਲ ਕਰਤਾ ਜਾਂ ਕਰਤਿਆਂ ਦਾ ਨਾਮ ਵੀ ਸ਼ਕੀ ਬਣ ਜਾਂਦਾ ਹੈ।

## ਸ੍ਰੀ ਕ੍ਰਿਸ਼ਨ ਜੀ

ਸੁੰਦਰ ਸਲੋਨੇ ਸੂਰਬੀਰ ਸ੍ਰੀ ਕ੍ਰਿਸ਼ਨ ਨੇ, ਜਿਸ ਨੇ ਆਪਣੀ ਜਵਾਨੀ ਸਮੇਂ ਆਪਣੀ ਮਨੋਹਰ ਮੁਰਲੀ ਦੇ ਜਾਦੂ ਨਾਲ ਉਸ ਸਮੇਂ ਦੀਆਂ ਗੋਪੀਆਂ ਤੇ ਰਾਜਕੁਮਾਰੀਆਂ ਨੂੰ ਮੋਹਤ ਕਰ ਲਿਆ ਸੀ, ਪਾਂਡੂਆਂ ਦਾ ਪੱਖ ਲਿਆ। ਪੰਜਾਹ ਰਾਜੇ ਮਹਾਰਾਜੇ ਅਤੇ ਉਹਨਾਂ ਦੇ ਬਾਜਗੁਜ਼ਾਰ ਤੇ ਇਤਿਹਾਦੀ ਰਾਜੇ ਸਿੰਧ ਤੋਂ ਨਰਬਦਾ ਤੀਕ ਦੇ, ਤੇ ਹਿਮਾਲਾ ਪਰਬਤ ਦੇ ਪੈਰਾਂ ਤੋਂ ਬੰਗਾਲ ਤੇ ਬਿਹਾਰ ਤੀਕ ਦੇ ਮੈਦਾਨਿ ਜੰਗ ਵਿਚ ਇਕ ਦੂਜੇ ਦੇ ਆਹਮੋ ਸਾਹਮਣੇ ਆਣ ਖੜੇ ਹੋਏ। ਸਾਰੇ ਹਿੰਦੁਸਤਾਨ ਵਿਚ ਜੰਗ ਦੀ ਹਵਾ ਫੈਲ ਗਈ। ਯੁਧਿਸ਼ਟਰ ਆਪਣੀਆਂ ਫੌਜਾਂ ਲੈ ਕੇ ਰਣ ਵਿਚ ਨਿਤਰਿਆ। ਉਸ ਦੀ ਪੁਸ਼ਾਕ ਪੀਲੀ ਤੇ ਸੁਨਹਿਰੀ ਸੀ। ਉਹ ਆਪਣੇ ਰੱਥ ਵਿਚ ਸਵਾਰ ਸੀ।

## ਭੀਮ, ਅਰਜਨ ਤੇ ਭੀਸ਼ਮ

ਯੁਧਿਸ਼ਟਰ ਦੇ ਮਗਰ ਸੋਨੇ ਦੇ ਲੰਮੇ ਗੁਰਜ ਵਾਲਾ ਭੀਮ ਸੀ। ਉਸ ਦੇ ਨੇਤਰਾਂ ਵਿਚ ਬਿਜਲੀ ਵਰਗੀ ਚਮਕ ਸੀ। ਉਸ ਦੇ ਨਾਲ ਹੀ ਸੂਰਬੀਰ ਧਨਸ਼ਧਾਰੀ ਅਰਜਨ ਸੀ, ਜਿਸ ਦੇ ਝੰਡੇ ਉਤੇ ਹਨੂਮਾਨ ਦੀ ਮੂਰਤੀ ਦਾ ਨਿਸ਼ਾਨ ਸੀ। ਜਿਸ ਵੇਲੇ ਇਹ ਸਭ ਫੌਜਾਂ ਇਕਤਰ ਹੋ ਚੁਕੀਆਂ, ਤਾਂ ਕੌਰਵਾਂ ਦੀਆਂ ਫ਼ੌਜਾਂ ਦਾ ਜਰਨੈਲ ਭੀਸ਼ਮ ਆਪਣੇ ਸੁਨਹਿਰੀ ਰੱਥ ਵਿਚ ਸਵਾਰ ਹੋ ਕੇ ਆਪਣਾ ਝੰਡਾ ਝੁਲਾਉਂਦਾ ਹੋਇਆ, ਸਾਹਮਣਿਉਂ ਨਿਕਲਿਆ। ਉਸ ਨੇ ਆਪਣੇ ਜੋਧਿਆਂ ਨੂੰ ਲਲਕਾਰਦੇ ਹੋਏ ਆਖਿਆ, "ਅੱਜ ਸੂਰਬੀਰ ਜੋਧਿਆਂ ਲਈ ਸੁਵੱਰਗ ਦੇ ਦਵਾਰ ਖੁਲ੍ਹ ਗਏ ਹਨ। ਰਣਬੀਰੋ! ਜਾਓ ਉਸੇ ਰਸਤੇ ਉਤੇ ਚਲੋ, ਜਿਸ ਰਸਤੇ ਉਤੇ ਤੁਹਾਡੇ ਬਜ਼ੁਰਗ ਤੇ ਵਡੇਰੇ ਗਏ ਹਨ। ਉਹਨਾਂ ਦੀ ਸ਼ਾਨ ਨੂੰ ਕਾਇਮ ਰਖੋ। ਬੀਮਾਰ ਪੈ ਕੇ ਦਰਦ ਨਾਲ ਮੰਜੇ ਤੇ ਮਰਨ ਨਾਲੋਂ ਰਣ ਤਤੇ ਵਿਚ ਮਰਨਾ ਜੋਧੇ ਦਾ ਧਰਮ ਹੈ। ਸਚੇ ਛਤ੍ਰੀ ਦੀ ਮੌਤ ਸਦਾ ਮੈਦਾਨ ਜੰਗ ਵਿਚ ਹੁੰਦੀ ਹੈ।

## ਘਲੂ ਘਾਰਾ

ਇਹ ਕਹਿ ਕੇ ਉਸ ਨੇ ਆਪਣਾ ਨਰਸਿੰਘਾ ਵਜਾ ਦਿਤਾ। ਨਰਸਿੰਘੇ ਦੀ ਆਵਾਜ਼ ਸੁਣਦੇ ਸਾਰ ਫ਼ੌਜਾਂ ਇਕ ਦੂਜੇ ਉੱਤੇ ਟੁੱਟ ਪਈਆਂ। ਘਮਸਾਣ ਦੀ ਜੰਗ ਸ਼ੁਰੂ ਹੋ ਗਈ। ਮੈਦਾਨਿ-ਜੰਗ ਲੋਥਾਂ ਨਾਲ ਭਰ ਗਿਆ। ਸ਼ਿੰਗਾਰੇ ਹੋਏ ਮਸਤ ਹਾਥੀ ਬੇਕਾਬੂ ਹੋ ਗਏ ਅਤੇ ਆਪਣੇ ਜੋਸ਼ ਨੂੰ ਨਾ ਸੰਭਾਲਦੇ ਹੋਏ ਉਹਨਾਂ ਨੇ ਜੋਧਿਆਂ ਨੂੰ ਰੱਥਾਂ ਵਿਚੋਂ ਘਸੀਟਣਾ ਸ਼ੁਰੂ ਕਰ ਦਿਤਾ। ਲੜਨ ਵਾਲੇ ਜੋਧਿਆਂ ਨੇ ਇਕ ਦੂਜੇ ਉਤੇ ਤੀਰਾਂ ਦੀ ਬੁਛਾੜ ਕੀਤੀ। ਚਮੜੇ ਦੀਆਂ ਬਣੀਆਂ ਹੋਈਆਂ ਚਮਕਦਾਰ ਢਾਲਾਂ ਤੀਰਾਂ ਨਾਲ ਛਾਨਣੀ ਛਾਨਣੀ ਹੋ ਗਈਆਂ। ਇਸ ਦੇ ਮਗਰੋਂ ਲੜਾਕੇ ਸੂਰਬੀਰਾਂ ਨੇ ਭੁਖੇ ਸ਼ੇਰਾਂ ਵਾਂਗ ਹਥ ਪੜਥੀ ਲੜਾਈ ਸ਼ੁਰੂ ਕਰ ਦਿੱਤੀ।

Sri Satguru Jagjit Singh Ji eLibrary NamdhariElibrary@gmail.com

## ਕੌਰਵਾਂ ਦਾ ਨਾਸ

ਇਹ ਖ਼ੂਨੀ ਜੰਗ ਪੂਰੇ ੧੮ ਦਿਨ ਤੀਕ ਜਾਰੀ ਰਿਹਾ। ਫਲ ਰੂਪ ਕੌਰਵਾਂ ਨੂੰ ਭਾਰੀ ਹਾਰ ਹੋਈ। ਉਹਨਾਂ ਦੇ ਸਾਰੇ ਵਡੇ ਵਡੇ ਜਰਨੈਲ ਭੀਸ਼ਮ ਸਮੇਤ ਮੈਦਾਨ ਵਿਚ ਮਾਰੇ ਗਏ ਅਤੇ ਉਹਨਾਂ ਦੀਆਂ ਫ਼ੌਜਾਂ ਵੀ ਨਸ਼ਟ ਹੋ ਗਈਆਂ। ਵਿਜਈਆਂ ਨੇ ਜੈ ਜੈ ਕਾਰ ਕੀਤੀ ਅਤੇ ਪ੍ਰਸੰਤਾ ਦੇ ਨਰਸਿੰਘੇ ਵਜਾਏ। ਬੇਅੰਤ ਸੋਨਾ, ਚਾਂਦੀ, ਹੀਰੇ, ਜਵਾਹਰ, ਘੋੜੇ ਤੇ ਦਾਸੀਆਂ ਉਹਨਾਂ ਦੇ ਹੱਥ ਲਗੇ। ਹਾਰਿਆ ਹੋਇਆ ਬੁੱਢਾ ਰਾਜਾ ਧਰਿਤਰਾਸ਼ਟਰ ਆਪਣੀ ਪਤਨੀ ਗਾਂਧਾਰੀ ਸਮੇਤ ਦਰਿਆ ਗੰਗਾ ਦੇ ਜੰਗਲਾਂ ਵਿਚ ਚਲਾ ਗਿਆ ਅਤੇ ਉਥੇ ਹੀ ਸੜ ਮੋਇਆ।

## ਪਾਂਡੂਆਂ ਦਾ ਪੰਜਾਬ ਫਤਹ ਕਰਨਾ

ਪਾਂਡੂ ਫਤਹ ਦੇ ਵਾਜੇ ਵਜਾਉਂਦੇ ਹੋਏ ਹਸਤਨਾਪੁਰ ਵਿਚ ਦਾਖ਼ਲ ਹੋਏ, ਜਿਥੇ ਯੁਧਿਸ਼ਟਰ ਨੂੰ ਰਾਜ ਤਿਲਕ ਦਿਤਾ ਗਿਆ। ਹਾਰੇ ਹੋਏ ਰਾਜਿਆਂ ਨੇ ਆ ਕੇ ਉਸ ਨੂੰ ਨਜ਼ਰਾਨੇ ਭੇਟਾ ਕੀਤੇ। ਇਸ ਸਮੇਂ ਬੜਾ ਹੀ ਸ਼ਾਨਦਾਰ ਅਸ਼ਵਮੇਧ ਯਗ ਕੀਤਾ ਗਿਆ ਤੇ ਘੋੜਿਆਂ ਦੀ ਬਲੀ ਦਿਤੀ ਗਈ। ਇਸ ਸੁਭਾਗੇ ਜਸ਼ਨ ਵਿਚ ਸਾਰੇ ਇਤਿਹਾਦੀ ਰਾਜੇ ਸ਼ਾਮਲ ਹੋਏ। ਇਸ ਦੇ ਮਗਰੋਂ ਅਰਜਨ ਨੇ ਯੁਧਿਸ਼ਟਰ ਲਈ ਸਿੰਧਵਾ ਅਰਥਾਤ ਸਿੰਧ ਦਾ ਇਲਾਕਾ ਅਤੇ ਗਾਂਧਾਰ (ਕੰਧਾਰ) ਦਾ ਇਲਾਕਾ, ਜੋ ਉਸ ਦਰਿਆ ਤੋਂ ਪਾਰ ਸੀ ਫਤਹ ਕੀਤਾ। ਯੁਧਿਸ਼ਟਰ ਨੇ ੩੬ ਸਾਲ ਤੀਕ ਰਾਜ ਕੀਤਾ ਜਿਸ ਦੇ ਮਗਰੋਂ ਉਸ ਦੀ ਮੌਤ ਹੋ ਗਈ।

ਇਹ ਹੈ ਸੰਖੇਪ ਵਿਥਿਆ ਮਹਾਭਾਰਤ ਯੁਧ ਦੀ। ਇਸ ਕਥਾ ਦੇ ਅੰਤ ਵਿਚ ਦਸਿਆ ਗਿਆ ਹੈ ਕਿ "ਜਿਵੇਂ ਬਰਾਹਮਣ ਮਨੁਖ ਜਾਤੀ ਵਿਚ ਸਭ ਤੋਂ ਸਰੇਸ਼ਟ ਹੈ ਉਵੇਂ ਗਊ ਚਾਰ ਪਾਇਆਂ ਵਿਚੋਂ ਸਭ ਤੋਂ ਸਰੇਸ਼ਟ ਹੈ।

ਜਿਵੇਂ ਮਨੁਖ ਜਾਤੀ ਵਿਚ ਬਰਾਹਮਣ, ਚੌਪਾਇਆਂ ਵਿਚ ਗਊ, ਛਪੜਾਂ ਵਿਚ ਸਾਗਰ ਸਭ ਤੋਂ ਵੱਡਾ ਹੈ ਉਵੇਂ ਮਹਾਭਾਰਤ ਸੰਸਾਰ ਦੇ ਸਭ ਇਤਿਹਾਸਾਂ* ਵਿਚੋਂ ਸ਼੍ਰੋਮਣੀ ਹੈ। ਜਿਹੜਾ ਵੀ ਇਸ ਗਰੰਥ ਨੂੰ ਪੜ੍ਹੇ ਸੁਣੇਗਾ ਉਹ ਸਿੱਧਾ ਸੁਵਰਗ ਨੂੰ ਜਾਏਗਾ ਤੇ ਉਸ ਦੇ ਸਭ ਪਾਪ ਧੋਤੇ ਜਾਣਗੇ।

## ਪੰਜਾਬ ਦੇ ਸਾਊ ਘੋੜੇ

ਹਿੰਦੂ ਧਰਮ ਸ਼ਾਸਤਰ ਦੀ ਪੁਰਾਣੀ ਪੁਸਤਕ ਧੰਮ-ਪਦਮ ਵਿਚ ਸਾਊ ਸਿੰਧੂ ਘੋੜਿਆਂ ਦਾ ਵਰਨਣ ਆਉਂਦਾ ਹੈ। ਦਰਿਆ ਸਿੰਧ ਦੇ ਕੰਢਿਆਂ ਉਪਰ ਦੇ ਪਲੇ ਹੋਏ ਘੋੜੇ ਸਾਰੇ ਭਰਤ ਵਰਸ਼ ਵਿਚ ਵਧੀਆ ਸਮਝੇ ਜਾਂਦੇ ਹਨ। ਰਾਮਾਇਣ ਵਿਚ ਕੈਕਿਆ ਕੌਮ ਦਾ ਵਰਨਣ ਆਉਂਦਾ ਹੈ, ਜੋ ਈਰਾਵਤੀ (ਰਾਵੀ) ਅਤੇ ਵਿਪਾਸਾ (ਬਿਆਸ) ਦੇ ਉਪਰਲੇ ਪਾਸੇ ਵਲ ਵਸਦੀ ਸੀ। ਇਸ ਕੌਮ ਦਾ ਬਾਦਸ਼ਾਹ ਅਸ਼ਵਪਤੀ ਅਰਥਾਤ ਘੋੜਿਆਂ ਦਾ ਬਾਦਸ਼ਾਹ ਅਖਵਾਉਂਦਾ ਸੀ। ਇਹ ਬਾਦਸ਼ਾਹ ਸੰਨ ਈਸਵੀ ਤੋਂ ਚੌਥੀ ਸਦੀ ਪਹਿਲੇ ਰਾਜ ਕਰਦਾ ਸੀ। ਇਸ ਦੀ ਰਾਜਧਾਨੀ ਨੂੰ ਰਾਮਾਇਣ ਵਿਚ ਗਿਰਵਰਾਜ ਕਰ ਕੇ ਲਿਖਿਆ ਹੈ। ਸਿੰਧ ਦੇ ਖਬੇ ਕਿਨਾਰੇ ਉਪਰ ਟੈਕਸਲਾ ਦਾ ਪ੍ਰਸਿਧ ਸ਼ਹਿਰ ਸੀ, ਜਿਸ ਉਪਰ ਮਕਦੂਨੀਆਂ ਦੇ ਸਿਕੰਦਰ ਨੇ ਉਸੇ ਸਦੀ ਵਿਚ ਚੜ੍ਹਾਈ ਕੀਤੀ ਸੀ। ਉਹਨਾਂ ਇਲਾਕਿਆਂ ਵਿਚ ਬਰਾਹਮਣਾਂ ਦੇ ਬਣਾਏ ਹੋਏ ਕਾਨੂੰਨ ਹੀ ਚਲਦੇ ਸਨ ਅਤੇ ਚੰਡਾਲਾਂ ਅਥਵਾ ਅਸਲ ਵਸਨੀਕਾਂ ਦੇ ਜ਼ਿਮੇ ਦੋਸ਼ੀਆਂ ਨੂੰ ਫਾਂਸੀ ਲਾਉਣ ਜਾਂ ਮੁਰਦੇ ਜਲਾਉਣ ਦਾ ਕੰਮ ਲਾਇਆ ਗਿਆ ਸੀ।

ਕੁਛ ਚਿਰ ਪਿਛੋਂ ਗੰਗਾ ਵਾਦੀ ਦੇ ਬਰਾਹਮਣ, ਆਪਣੇ ਪੁਰਾਤਨ ਘਰ, ਪੰਜਾਬ ਦੇ ਲੋਕਾਂ ਤੋਂ ਘਿਰਣਾ ਕਰਨ ਲਗ ਪਏ। ਉਹ ਇਹਨਾਂ ਨੂੰ ਪਲੀਕਾ ਅਰਥਾਤ ਛੇਕੇ ਹੋਏ ਅਤੇ ਵਰਾਤਿਆ ਅਰਥਾਤ ਨਾਸਤਕ ਸਮਝਦੇ ਸਨ। ਉਹ ਆਖਦੇ ਸਨ "ਇਹਨਾਂ ਦੀਆਂ ਤੀਵੀਆਂ ਮਾਲਾ ਪਾ ਕੇ ਸ਼ਰਬੀ ਹੋਈਆਂ ਤੇ ਅਧਕਜੀਆਂ ਗਲੀਆਂ ਤੇ ਖੇਤਾਂ ਵਿਚ ਫਿਰਦੀਆਂ ਹਨ। ਘੋੜਿਆਂ ਵਾਂਗ ਹਿਣਕਦੀਆਂ ਹੋਈਆਂ ਇਹ ਅਸ਼ਨਾਨ ਅਸਥਾਨਾਂ ਵਲ ਦੌੜਦੀਆਂ ਹਨ।"

ਇਹਨਾਂ ਕਥਨਾਂ ਵਿਚ ਅਤਿਕਥਨੀ ਤੋਂ ਕੰਮ ਲਿਆ ਗਿਆ ਹੈ ਅਤੇ ਇਹਨਾਂ ਗਲਾਂ ਤੋਂ ਦਰਿਆ ਗੰਗਾ ਦੇ ਬ੍ਰਾਹਮਣਾਂ ਦੇ ਹੰਕਾਰ ਦਾ ਵੀ ਪਤਾ ਚਲਦਾ ਹੈ। ਜਾਪਦਾ ਇਉਂ ਹੈ ਕਿ ਉਹ ਲੋਕ ਪੰਜਾਬ ਦੀਆਂ ਹਿੰਦੂ ਕੌਮਾਂ ਨਾਲ ਆਪਣੀ ਸਾਂਝ ਨੂੰ ਅਖੋਂ ਪਰੋਖੇ ਕਰਨ ਦੇ ਇੱਛਾਵੰਦ ਸਨ।

## ੩੦੦ ਸਾਲ ਪਹਿਲੇ ਦਾ ਪੰਜਾਬ

ਪੱਛਮੀ ਲੇਖਕਾਂ ਨੇ ਪੰਜਾਬ ਦੇ ਜੋ ਹਾਲ ਲਿਖੇ ਹਨ ਉਹ ਸਭ ਇਸ ਗਲ ਦੀ ਹਾਮੀ ਭਰਦੇ ਹਨ ਕਿ ਸੰਨ ਈਸਵੀ ਤੋਂ ਤੀਜੀ ਸਦੀ ਪਹਿਲੇ ਦੇ ਦੂਜੇ ਅੱਧ ਵਿਚ ਪੰਜਾਂ ਦਰਿਆਵਾਂ ਦੇ ਦੇਸ ਵਿਚ ਬ੍ਰਾਹਮਣ ਫਲਸਫਾ ਹਰ ਥਾਂ ਛਾਇਆ ਹੋਇਆ ਸੀ। ਇਸ ਦੇਸ ਵਿਚ ਵਸੋਂ ਬੜੀ ਸੰਘਣੀ ਸੀ ਅਤੇ ਦੇਸ ਬਹੁਤ ਸਾਰੇ ਇਲਾਕਿਆਂ ਵਿਚ ਵੰਡਿਆ ਹੋਇਆ ਸੀ। ਹਰ ਇਕ ਇਲਾਕੇ ਉਤੇ ਜੰਗਜੂ ਰਾਜੇ ਜਾਂ ਜਾਗੀਰਦਾਰ ਘਰਾਣੇ ਰਾਜ ਕਰਦੇ ਸਨ। ਛਾਉਣੀਆਂ ਦੇ ਸੁਪਰਨਟੈਂਡੈਂਟ ਅਤੇ ਸ਼ਹਿਰਾਂ ਤੇ ਜ਼ਿਲਿਆਂ ਦੇ ਸਰਦਾਰ ਹੁੰਦੇ ਸਨ। ਅਜ਼ਾਦ ਕੌਮਾਂ ਦੇ ਗੜ੍ਹ ਵੀ ਸਨ। ਇਹ ਲੋਕ ੫੦,੦੦੦ ਜਵਾਨਾਂ ਦੀ ਫ਼ੌਜ ਮੈਦਾਨ ਵਿਚ ਉਤਾਰਨ ਦੇ ਸਮਰਥ ਸਨ। ਇਹਨਾਂ ਦੇ ਕਬਜ਼ੇ ਵਿਚ ਇਹੋ ਜਿਹੇ ਵਡੇ ਵਡੇ ਸ਼ਹਿਰ ਸਨ ਜਿਨ੍ਹਾਂ ਵਿਚ ੭੦,੦੦੦ ਜੰਗੀ ਕੈਦੀ ਕੈਦ ਰਖੇ ਜਾ ਸਕਦੇ ਸਨ। ਰਾਜਿਆਂ ਅਤੇ ਆਜ਼ਾਦ ਕੌਮਾਂ ਪਾਸ ਜੰਗਜੂ ਹਾਥੀ ਅਤੇ ਰੱਥ ਵੀ ਸਨ। ਸ਼ਹਿਰ ਇੱਟਾਂ ਅਤੇ ਪੱਥਰਾਂ ਦੀ ਚਾਰ ਦੀਵਾਰੀ ਅਤੇ ਮੁਨਾਰਿਆਂ ਨਾਲ ਸੁਰਖਿਅਤ ਬਣਾਏ ਗਏ ਸਨ। ਮੈਗਸਥਨੀਜ਼ ਦੇ ਕਥਨ ਅਨੁਸਾਰ ਕਈ ਨਗਰ ਤੇ ਚੌੜੀਆਂ ਅਤੇ ਡੂੰਘੀਆਂ ਪਾਣੀ ਦੀਆਂ ਖਾਈਆਂ ਨਾਲ ਕਿਲਾਬੰਦ ਸਨ। ਇਹਨਾਂ ਖਾਈਆਂ ਵਿਚ ਦਰਿਆਵਾਂ ਦਾ ਪਾਣੀ ਪੈਂਦਾ ਸੀ। ਸਭ ਤੋਂ ਵਧੀਕ ਸ਼ਕਤੀ ਸ਼ਾਲੀ ਰਾਜ ਉਸ ਸਮੇਂ ਕਸ਼ਮੀਰ ਦਾ ਸੀ ਜੋ ਅਭਿਸਾਰ ਦੇ ਦੇਸ ਦੀ ਹਦ ਤੀਕ ਫੈਲਿਆ ਹੋਇਆ ਸੀ। ਵਿਤਸਤਾ (ਬਿਆਸ) ਦੇ ਬਾਲਾਈ ਹਿਸੇ ਅਤੇ ਅਸੀਕਨੀ (ਚਨਾਬ) ਦੇ ਵਿਚਕਾਰਲੇ ਦੇਸ ਉਪਰ ਪੌਰਵਾਂ ਦਾ ਸ਼ਾਹੀ ਪਰਵਾਰ ਰਾਜ ਕਰਦਾ ਸੀ।

## ਬਾਦਸ਼ਾਹਾਂ ਦੀ ਸ਼ਾਨ ਸ਼ੌਕਤ

ਯੂਨਾਨੀਆਂ ਨੇ ਉਸ ਸਮੇਂ ਦੇ ਬਾਦਸ਼ਾਹਾਂ ਅਤੇ ਰਾਜਿਆਂ ਦੀ ਸ਼ਾਨ ਸ਼ੌਕਤ ਦਾ ਜ਼ਿਕਰ ਬੜੇ ਸ਼ਾਨਦਾਰ ਢੰਗ ਨਾਲ ਕੀਤਾ ਹੈ। ਉਹ ਵਡੇ ਵਡੇ ਸ਼ਾਨਦਾਰ ਮਹਿਲਾਂ ਵਿਚ ਰਹਿੰਦੇ, ਜਿਨ੍ਹਾਂ ਦੇ ਨਾਲ ਬਾਗ ਬਗੀਚੇ ਹੁੰਦੇ ਸਨ। ਦਾਸੀਆਂ ਅਤੇ ਬਾਡੀਗਾਰਡ ਹਰਲ ਹਰਲ ਕਰਦੇ ਫਿਰਦੇ ਸਨ। ਉਹਨਾਂ ਦੇ ਵਸਤਰ ਸੁਨਹਿਰੀ ਤਿਲੇ ਦੇ ਤੇ ਜਵਾਹਰਾਤ ਜੜਤ ਹੁੰਦੇ ਸਨ। ਉਹਨਾਂ ਦੇ ਕੰਨਾਂ ਵਿਚ ਵਾਲੇ ਵਾਲੀਆਂ ਸੋਭਦੇ ਸਨ, ਜਿਨ੍ਹਾਂ ਵਿਚ ਚਮਕਦਾਰ ਵਡਮੁਲੇ ਹੀਰੇ ਤੇ ਲਾਲ ਜੜੇ ਹੁੰਦੇ। ਉਹਨਾਂ ਦੀਆਂ ਜੁਤੀਆਂ ਵੀ ਸੋਨੇ ਜੜਤ ਹੁੰਦੀਆਂ। ਉਹਨਾਂ ਦੇ ਕੰਨਾਂ ਦੀ ਸਜਾਵਟ ਐਸੀਆਂ ਵਾਲੀਆਂ ਨਾਲ ਹੁੰਦੀ, ਜੋ ਚਮਕਦਾਰ ਤੇ

*ਵੇਖੋ ਡੈਕਰ

ਕੀਮਤੀ ਹੀਰਿਆਂ ਜੜਤ ਹੁੰਦੀਆਂ ਸਨ । ਉਹਨਾਂ ਦੇ ਗਲਾਂ ਵਿਚ ਮੋਤੀਆਂ ਦੀਆਂ ਮਾਲਾਂ ਸੋਭਦੀਆਂ ਅਤੇ ਉਹਨਾਂ ਦੀਆਂ ਬਾਹਵਾਂ ਅਤੇ ਛਾਤੀਆਂ ਨਾਲ ਲਿਸ਼ਕਦੇ ਹੀਰੇ ਬਝਦੇ ਸਨ । ਸੁਨਹਿਰੀ ਗੁਰਜ ਇਸ ਗਲ ਦੀ ਨਿਸ਼ਾਨੀ ਸੀ ਕਿ ਉਹ ਸ਼ਾਹੀ ਖਾਨਦਾਨ ਦੇ ਬੰਦੇ ਹਨ । ਉਹਨਾਂ ਦੇ ਹੁਕਮ ਨਾਮੇ ਲਿਖਤੀ ਹੁੰਦੇ ਸਨ ਜਿਨ੍ਹਾਂ ਉਤੇ ਹਾਥੀ ਦੰਦ ਦੀ ਮੋਹਰ ਲਗੀ ਹੁੰਦੀ ਸੀ ।

## ਲੋਕਾਂ ਦੇ ਦਿਲਾਂ ਵਿਚ ਰਾਜੇ ਲਈ ਅਤਿਅੰਤ ਸ਼ਰਧਾ

ਲੋਕਾਂ ਦੇ ਦਿਲਾਂ ਵਿਚ ਰਾਜੇ ਲਈ ਅਤਿਅੰਤ ਸ਼ਰਧਾ ਤੇ ਇਜ਼ਤ ਹੁੰਦੀ ਸੀ । ਉਹ ਰਾਜੇ ਦੇ ਮੂਹਰੇ ਗੋਡਿਆਂ ਪਰਨੇ ਹੋ ਜਾਂਦੇ । ਉਹਨਾਂ ਦੇ ਦਿਲਾਂ ਵਿਚ ਸ਼ਰਧਾ ਇਥੋਂ ਤੀਕ ਹੁੰਦੀ ਕਿ ਉਸ ਨੂੰ ਦੇਵਤਿਆਂ ਵਾਂਗ ਪੂਜਦੇ । ਖੁਸ਼ੀ ਅਤੇ ਸ਼ੁਭ ਅਵਸਰਾਂ ਉਤੇ ਜਿਹਾ ਕਿ ਜੰਗ ਵਿਚ ਫਤਹ, ਰਾਜ ਕੁਮਾਰ ਦਾ ਜਨਮ, ਯਗ, ਵਿਆਹ ਸ਼ਾਦੀ, ਪਰਾਹੁਣੇ ਦੀ ਆਮਦ ਸਮੇਂ ਘੰਟੀਆਂ ਵਜਾ ਕੇ ਲੋਕਾਂ ਨੂੰ ਖਬਰ ਦਿਤੀ ਜਾਂਦੀ ਸੀ । ਇਹੋ ਜਿਹੇ ਸ਼ੁਭ ਅਵਸਰਾਂ ਉਤੇ ਗਲੀਆਂ ਦੀ ਸਫਾਈ ਕੀਤੀ ਜਾਂਦੀ ਅਤੇ ਗਲੀਆਂ ਬਾਜ਼ਾਰਾਂ ਵਿਚ ਪੁਸ਼ਪ ਤੇ ਪੁਸ਼ਪਮਾਲਾਂ ਲਟਕਾਈਆਂ ਜਾਂਦੀਆਂ; ਸੜਕਾਂ ਉਤੇ ਸੰਦਲ ਜਲ ਦਾ ਛਿੜਕਾ ਕੀਤਾ ਜਾਂਦਾ, ਥਾਂ ਪਰ ਥਾਂ ਝੰਡੀਆਂ ਲਾਈਆਂ ਜਾਂਦੀਆਂ, ਫੁਲਾਂ ਦੇ ਗੁਲਦਸਤੇ, ਮਰਤਬਾਨਾਂ ਦੀ ਕਤਾਰ ਵਿਚ ਸਜਾਏ ਜਾਂਦੇ, ਤੇ ਸੁਗੰਧਤ ਧੂਪ ਨਾਲ ਵਾਯੂ ਨੂੰ ਸੁਗੰਧਿਤ ਕੀਤਾ ਜਾਂਦਾ ਸੀ ।

## ਰਣਵਾਸ

ਬਾਦਸ਼ਾਹ (ਰਾਜੇ) ਦੇ ਕਈ ਕਈ ਰਣਵਾਸ (ਮਹਨ) ਹੁੰਦੇ ਤੇ ਰਾਣੀਆਂ ਦਾ ਰਾਜ ਕਾਜ ਵਿਚ ਬੜਾ ਰਸੂਖ ਹੁੰਦਾ।ਜਿਹੜਾ ਆਦਮੀ ਰਾਣੀ ਵਲ ਅੱਖ ਉੱਚੀ ਕਰਕੇ ਤਕਦਾ ਉਸ ਦਾ ਘੋਗਾ ਚਿੱਤ ਕਰ ਦਿਤਾ ਜਾਂਦਾ। ਰਾਜੇ ਆਪਣੇ ਸਰੀਰ ਦੀ ਬੜੀ ਰਖਿਆ ਕਰਦੇ । ਉਹ ਸਾਜ਼ਸ਼ਾਂ ਤੋਂ ਆਪਣਾ ਬਚਾਅ ਰਖਦੇ ਕਿਉਂਕਿ ਇਹੋ ਜਿਹੀਆਂ ਸਾਜ਼ਸ਼ਾਂ ਉਦੋਂ ਆਮ ਹੁੰਦੀਆਂ ਸਨ । ਇਸ ਕੰਮ ਲਈ ਕੇਵਲ ਉਹੋ ਤੀਵੀਆਂ ਨਿਯਤ ਕੀਤੀਆਂ ਜਾਂਦੀਆਂ, ਜੋ ਉਹਨਾਂ ਦੇ ਮਾਪਿਆਂ ਤੋਂ ਮੁਲ ਖਰੀਦ ਲਈਆਂ ਜਾਂਦੀਆਂ । ਸ਼ਾਹੀ ਭੋਜਨ ਦੀ ਸੇਵਾ ਇਹੋ ਜਿਹੀਆਂ ਸੁੰਦਰ ਦਾਸੀਆਂ ਦੇ ਸਪੁਰਦ ਹੁੰਦੀ ।

## ਸੁੰਦਰੀਆਂ ਦੀ ਗਾਰਦ

ਇਹ ਸੁੰਦਰੀਆਂ ਰਾਜੇ ਦਾ ਭੋਜਨ ਤਿਆਰ ਕਰਦੀਆਂ, ਉਸ ਨੂੰ ਭੋਜਨ ਖੁਵਾਉਂਦੀਆਂ, ਰਾਜੇ ਲਈ ਸ਼ਰਾਬ ਲਿਆਉਂਦੀਆਂ ਤੇ ਉਸ ਨੂੰ ਰਣਵਾਸ ਵਿਚ ਪੁਚਾਂਦੀਆਂ ਸਨ । ਰਾਜੇ ਨੂੰ ਦਿਨੇ ਸੌਣ ਦਾ ਕਦੇ ਹੌਸਲਾ ਨਹੀਂ ਸੀ ਪੈਂਦਾ, ਸਗੋਂ ਸਾਜ਼ਸ਼ਾਂ ਨੂੰ ਅਸਫਲ ਬਨੌਣ ਲਈ ਉਸ ਨੂੰ ਰਾਤ ਵੇਲੇ ਵੀ ਕਈ ਕਈ ਸੌਣ ਕਮਰੇ ਬਦਲਨੇ ਪੈਂਦੇ ਸਨ । ਰਾਜੇ ਦੀਆਂ ਰਾਣੀਆਂ ਸਦਾ ਉਹਦੇ ਅੰਗ ਸੰਗ ਰਹਿੰਦੀਆਂ ; ਇਥੋਂ ਤੀਕ ਕਿ ਸ਼ਿਕਾਰ ਸਮੇਂ ਵੀ ਨਾਲ ਹੀ ਹੁੰਦੀਆਂ । ਇਹਨਾਂ ਦੀ ਰਖਿਆ ਲਈ ਵੀ ਸਿਪਾਹੀ ਨਿਯਤ ਹੁੰਦੇ ਸਨ । ਇਹ ਸੁਨੱਖੀਆਂ ਤੀਵੀਆਂ ਕੁਛ ਰੱਥਾਂ ਉਤੇ ਅਤੇ ਕੁਛ ਹਾਥੀਆਂ ਅਤੇ ਘੋੜਿਆਂ ਉਤੇ ਸਵਾਰ ਹੁੰਦੀਆਂ ਸਨ । ਇਹ ਵੱਖ ਵੱਖ ਕਿਸਮ ਦੇ ਹਥਿਆਰਾਂ ਨਾਲ ਹਥਿਆਰਬੰਦ ਹੁੰਦੀਆਂ, ਮਾਨੋ ਜੰਗ* ਕਰਨ ਜਾ ਰਹੀਆਂ ਹਨ ।

## ਸ਼ਿਕਾਰ-ਗਾਹ

ਰਾਜਾ ਅਥਵਾ ਬਾਦਸ਼ਾਹ ਚਾਰ-ਦੀਵਾਰੀ ਦੇ ਅੰਦਰ ਸ਼ਿਕਾਰ ਖੇਡਦਾ ਅਤੇ ਇਕ ਉਚੇ ਚੌਂਤੜੇ (ਪਲੇਟਫ਼ਾਰਮ) ਤੇ ਖੜ ਕੇ ਤੀਰ ਛਡਦਾ । ਉਸ ਦੇ ਇਰਦ ਗਿਰਦ ਦੋ ਜਾਂ ਤਿੰਨ ਹਥਿਆਰ ਬੰਦ ਤੀਵੀਆਂ ਖੜੀਆਂ ਰਹਿੰਦੀਆਂ । ਜੰਗ ਵਿਚ ਵੀ ਉਸ ਦੇ ਨਾਲ ਇਸਤਰੀਆਂ ਹੁੰਦੀਆਂ । ਰਾਜਾ ਕੇਵਲ ਜੰਗ ਵਿਚ ਜਾਣ ਸਮੇਂ, ਸ਼ਿਕਾਰ ਖੇਡਣ ਸਮੇਂ, ਯਗ ਕਰਨ ਸਮੇਂ ਜਾਂ ਕਿਸੇ ਤਿਉਹਾਰ ਵਿਚ ਸ਼ਰੀਕ ਹੋਣ ਸਮੇਂ ਹੀ ਮਹਲ ਵਿਚੋਂ ਬਾਹਰ ਨਿਕਲਦਾ ।

## ਰਾਜੇ ਦਾ ਜਲੂਸ

ਰਾਜੇ ਦਾ ਜਲੂਸ ਬੜਾ ਸ਼ਾਨਦਾਰ ਤੇ ਦਬਦਬੇ ਵਾਲਾ ਹੁੰਦਾ । ਪਹਿਲੇ ਜਾਨਵਰਾਂ ਉਤੇ ਅਸਵਾਰ ਢੰਡੋਰਚੀ ਅਤੇ ਨਕਾਰਚੀ ਆਉਂਦੇ, ਉਹਨਾਂ ਦੇ ਮਗਰ ਸੋਨੇ ਤੇ ਚਾਂਦੀ ਦੇ ਝੁਲਾਂ ਵਾਲੇ ਹਾਥੀ ਹੁੰਦੇ ਤੇ ਫੇਰ ਚਾਰ ਘੋੜਿਆਂ ਜਾਂ ਬੈਲਾਂ ਵਾਲੇ ਰੱਥ ਹੁੰਦੇ । ਇਹਨਾਂ ਦੇ ਮਗਰੋਂ ਸੁੰਦਰ ਤੇ ਸਜੇ ਹੋਏ ਸਿਪਾਹੀ । ਫੇਰ ਸ਼ਾਹੀ ਪੁਸ਼ਾਕਾਂ,ਸੋਨੇ ਤੇ ਚਾਂਦੀ ਦੇ ਬਰਤਨ, ਹੀਰੇ ਤੇ ਜਵਾਹਰਾਤ ਜੜੇ ਪਾਣੀ ਪੀਣ ਦੇ ਭਾਂਡੇ, ਕੁਰਸੀਆਂ ਮੇਜ਼ਾਂ ਆਦਿਕ ਚੀਜ਼ਾਂ ਹੁੰਦੀਆਂ । ਇਹਨਾਂ ਦੇ ਮਗਰੋਂ ਸ਼ੇਰ, ਚੀਤੇ, ਭੈਂਸੇ ਤੇ ਹੋਰ ਜੰਗਲੀ ਜਾਨਵਰ ਹੁੰਦੇ । ਕੁਛ ਵਡੇ ਵਡੇ ਪਿੰਜਰਿਆਂ ਵਿਚ ਤੇ ਬਾਕੀ ਬੰਨ੍ਹੇ ਹੋਏ, ਗੱਡੀਆਂ ਤੇ ਵੈਗਨਾਂ ਵਿਚ ਬੰਦ ਹੁੰਦੇ । ਇਹਨਾਂ ਦੇ ਮਗਰੋਂ ਚਾਰ ਪਹੀਆਂ ਵਾਲੇ ਗਡਿਆਂ ਉਤੇ ਬ੍ਰਿਛ ਹੁੰਦੇ, ਜਿਨ੍ਹਾਂ ਉੱਪਰ ਘਰੇਲੂ ਜਾਨਵਰ ਜਿਹਾ ਕਿ ਤੋਤੇ, ਕਬੂਤਰ, ਮੋਰ ਆਦਿਕ ਹੁੰਦੇ, ਜੋ ਆਪਣੀਆਂ ਸੁਰੀਲੀਆਂ ਮਿਠੀਆਂ ਤਾਨਾਂ ਅਥਵਾ ਸੁੰਦਰ ਖੰਭਾਂ ਤੇ ਕਲਗੀਆਂ ਲਈ ਪ੍ਰਸਿੱਧ ਹਨ । ਰਾਜਾ ਸ਼ਾਹਾਨਾ ਠਾਠ ਬਾਠ ਨਾਲ ਹਾਥੀ ਉਪਰ ਜਾਂ ਸ਼ਾਹੀ ਗੱਡੀ ਉਤੇ ਸਵਾਰ ਹੁੰਦਾ ਸੀ । ਇਤਰ ਫੁਲੇਲ ਤੇ ਧੂਪ ਦੇ ਧੂੰਏਂ ਦੀਆਂ ਲਾਟਾਂ ਚੁਗਿਰਦੇ ਨੂੰ ਸੁਗੰਧਤ ਕਰਦੀਆਂ ਸਨ । ਰਾਜੇ ਉਦਾਲੇ ਸੁੰਦਰ ਅਪੱਛਰਾਂ ਦਾ ਝੁਰਮਟ ਹੁੰਦਾ ਤੇ ਇਸ ਸ਼ਾਹੀ ਦਾਇਰੇ ਤੋਂ ਬਾਹਰ ਬਰਛੀਆਂ ਵਾਲੇ ਜਵਾਨ ਪਹਿਰਾ ਦੇਂਦੇ । ਸ਼ਾਹੀ ਸਵਾਰੀ ਦੇ ਮਗਰ ਦਰਬਾਰੀ ਤੇ ਵਜ਼ੀਰ ਹੁੰਦੇ ਤੇ ਰਾਗ ਰੰਗ ਦੀ ਮਹਿਫ਼ਲ ਗਰਮ ਰਹਿੰਦੀ । ਸ਼ਾਹੀ ਸਵਾਰੀ ਦੇ ਲੰਘਣ ਦਾ ਰਸਤਾ ਰਸਿਆਂ ਨਾਲ ਨਿਯਤ ਕੀਤਾ ਜਾਂਦਾ ਤੇ ਇਸ ਰਸਤੇ ਵਿਚ ਦਾਖਲ ਹੋਣ ਦੀ ਸਜ਼ਾ ਮੌਤ ਹੁੰਦੀ ਸੀ ।

## ਪ੍ਰਾਚੀਨ ਹਿੰਦ ਬਾਰੇ ਮੈਗਸਥਨੀਜ਼ ਦਾ ਬਿਆਨ

ਮੈਗਸਥਨੀਜ਼ ਸਲਯੂਕਸ ਨਿਕੇਟਰ ਦਾ ਰਾਜਦੂਤ ਸੀ, ਜਿਸ ਨੂੰ ਬਾਦਸ਼ਾਹ ਚੰਦਰ ਗੁਪਤ (ਸੇਂਡਰਾ ਕੋਟਾਸ) ਵਾਲੀਏ ਪਰਾਸੀ ਦੇ ਦਰਬਾਰ ਵਿਚ ਭੇਜਿਆ ਗਿਆ । ਚੰਦਰ ਗੁਪਤ ਦੀ ਰਾਜਧਾਨੀ ਪਾਲੀ ਬੋਥਰਾ (ਪਟਨਾ) ਸੀ । ਮੈਗਥਥਨੀਜ਼ ਨੇ ਭਾਰਤ ਦਾ ਸਵਿਸਥਾਰ ਹਾਲ ਲਿਖਿਆ ਹੈ । ਕਿਹਾ ਜਾਂਦਾ ਹੈ ਕਿ ਉਸ ਨੇ ਸੰਨ ਈਸਵੀ ਤੋਂ ੩੦੨ ਤੇ ੨੮੮ ਵਿਚਕਾਰ ਭਾਰਤ ਦਾ ਰਟਨ ਕੀਤਾ । ਕਲਿੰਟਨ ਦਾ ਕਥਨ ਹੈ ਉਹ ਸੰਨ ਈਸਵੀ ਤੋਂ ੩੦੨ ਸਾਲ ਪਹਿਲੇ ਹਿੰਦ ਦੇਸ਼ ਵਿਚ ਆਇਆ । ਉਸ ਨੇ ਆਪਣੇ ਸਫਰਨਾਮੇ ਵਿਚ ਦਰਿਆ ਕਾਬਲ ਤੇ ਪੰਜਾਬ ਦਾ ਜੋ ਵਿਸਥਾਰ ਦਿਤਾ ਹੈ ਉਸ ਤੋਂ ਸਪਸ਼ਟ ਹੈ ਕਿ ਉਹ ਉਪਰੋਕਤ ਦੇਸ਼ਾਂ ਵਿਚੋਂ ਲੰਘਿਆ ਸੀ ਤੇ ਉਹਨਾਂ ਵਿਚ ਕਾਫ਼ੀ ਚਿਰ ਰਹਿ ਵੀ ਚੁਕਾ ਸੀ । ਉਸ ਨੇ ਲਿਖਿਆ ਹੈ ਕਿ ਉਥੋਂ ਦੇ ਲੋਕ ਵਖ ਵਖ ਹੁਨਰਾਂ ਵਿਚ ਮਾਹਰ ਸਨ । ਧਰਤੀ ਉਤੇ ਹਰ ਕਿਸਮ ਦੇ ਫਲ ਪੈਦਾ ਹੁੰਦੇ ਤੇ ਨਾਲ ਹੀ ਸਭ ਕਿਸਮ ਦੀਆਂ ਸਬਜ਼ੀਆਂ ਜਿਨ੍ਹਾਂ ਦਾ

*ਸ਼ਕੁੰਤਲਾ ਨੇ ਰਾਜਾ ਦੁਸ਼ਯੰਤ ਬਾਰੇ ਲਿਖਿਆ ਹੈ ਕਿ ਉਹਦੇ ਨਾਲ ਯੁਵਕ ਤੀਵੀਆਂ ਹੁੰਦੀਆਂ ਸਨ, ਜਿਨ੍ਹਾਂ ਦੇ ਹੱਥਾਂ ਵਿਚ ਕਮਾਨਾਂ ਤੇ ਗਲਾਂ ਵਿਚ ਫੁਲਾਂ ਦੀਆਂ ਮਾਲਾ ਹੁੰਦੀਆਂ ਸਨ —ਐਮ. ਕਰਿੰਡਲੇ

Sri Satguru Jagjit Singh Ji eLibrary NamdhariElibrary@gmail.com

ਕਿ ਲੋਕਾਂ ਨੂੰ ਪਤਾ ਸੀ । ਇਸ ਧਰਤੀ ਹੇਠ ਬੇਅੰਤ ਕਿਸਮ ਦੀਆਂ ਧਾਤਾਂ, ਸੋਨਾ, ਚਾਂਦੀ, ਤਾਂਬਾ, ਲੋਹਾ, ਟੀਨ, ਆਦਿਕ ਦਾ ਖਜ਼ਾਨਾ ਸੀ, ਜਿਨ੍ਹਾਂ ਨਾਲ ਜ਼ੇਵਰ, ਬਰਤਨ ਤੇ ਜੰਗ ਦੇ ਹਥਿਆਰ ਬਣਾਏ ਜਾਂਦੇ ਸਨ ।

## ਉਸ ਦੇ ਬਿਆਨ ਦੀ ਏਰੀਅਨ ਵਲੋਂ ਪਰੋੜਤਾ

ਮੈਗਸਥਨੀਜ਼ ਅਤੇ ਏਰੀਅਨ ਦੋਵਾਂ ਨੇ ਹੀ ਯਾਦਾਸ਼ਤਾਂ ਵਿਚ ਸਿਕੰਦਰ ਦੀ ਮੁਹਿੰਮ ਦਾ ਹਾਲ ਲਿਖਿਆ ਹੈ। ਇਹ ਦੋਵੇਂ ਲਿਖਦੇ ਹਨ ਕਿ ਹਿੰਦ ਵਿਚ ਦੋ ਫਸਲਾਂ ਹੋਦੀਆਂ। ਇਕ ਸਰਦੀਆਂ ਵਿਚ ਜਦ ਕਿ ਦੂਜੇ ਦੇਸਾਂ ਵਾਂਗ ਕਣਕ, ਜੌ ਤੇ ਹੋਰ ਹੋਰ ਖਾਦ ਪਦਾਰਥਾਂ ਦੀ ਫਸਲ ਬੀਜੀ ਜਾਂਦੀ । ਦੂਜੀ ਫਸਲ ਗਰਮੀਆਂ ਵਿਚ ਹੁੰਦੀ ਜਦ ਕਿ ਕਪਾਹ, ਜਵਾਰ, ਸਰਹੋਂ ਤੇ ਚਾਵਲ ਬੀਜੇ ਜਾਂਦੇ । ਮੈਗਸਥਨੀਜ਼ ਲਿਖਦਾ ਹੈ—"ਹਿੰਦੁਸਤਾਨ ਵਿਚ ਕਦੇ ਕਾਲ ਨਹੀਂ ਪਿਆ, ਨਾ ਹੀ ਖੁਰਾਕੀ ਜਿਨਸਾਂ ਦੀ ਕਮੀ ਕਦੇ ਅਨੁਭਵ ਕੀਤੀ ਗਈ ।" ਜਿਹੜੇ ਲੋਕ ਖੇਤੀ ਬਾੜੀ ਕਰਦੇ ਉਹਨਾਂ ਉਤੇ ਜੰਗ ਦਾ ਕੋਈ ਅਸਰ ਨਹੀਂ ਸੀ ਪੈਂਦਾ । ਉਹ ਬਿਨਾਂ ਕਿਸੇ ਕਿਸਮ ਦੇ ਫਿਕਰ ਦੇ ਆਪਣਾ ਖੇਤੀ ਬਾੜੀ ਦਾ ਕੰਮ ਜਾਰੀ ਰਖਦੇ । ਵਿਜਈ ਫ਼ੌਜਾਂ ਕਦੇ ਵੀ ਬੀਜੀਆਂ ਹੋਈਆਂ ਫਸਲਾਂ ਦਾ ਉਜਾੜਾ ਨਹੀਂ ਸਨ ਕਰਦੀਆਂ । ਖੇਤੀ ਬਾੜੀ ਦੇ ਕੰਮ ਨੂੰ ਪਵਿਤਰ ਸਮਝਿਆ ਜਾਂਦਾ । ਹਲ ਵਾਹਕ ਜਨਤਾ ਦੇ ਹੇਤੂ ਸਮਝੇ ਜਾਂਦੇ ਤੇ ਉਹਨਾਂ ਦੀ ਹਰ ਤਰ੍ਹਾਂ ਨਾਲ ਰਖਿਆ ਕੀਤੀ ਜਾਂਦੀ । ਇਹੋ ਕਾਰਨ ਹੈ ਕਿ ਉਹਨਾਂ ਨੂੰ ਹਥਿਆਰ ਨਹੀਂ ਸਨ ਦਿਤੇ ਜਾਂਦੇ । ਨਾ ਹੀ ਉਹਨਾਂ ਉਤੇ ਫ਼ੌਜੀ ਕਰ ਯਾ ਕਾਰੋਬਾਰ ਦਾ ਟੈਕਸ ਲਾਇਆ ਜਾਂਦਾ ਸੀ ।

## ਪੁਰਾਤਨ ਹਿੰਦੂਆਂ ਵਿਚ ਦਾਸਤਾ ਦੀ ਅਣਹੋਂਦ

ਹਿੰਦੂ ਜਾਣਦੇ ਹੀ ਨਹੀਂ ਕਿ ਗੁਲਾਮੀ (ਦਾਸਤਾ) ਕੀ ਹੁੰਦੀ ਹੈ। ਉਹਨਾਂ ਦੇ ਕਾਨੂੰਨਾਂ ਵਿਚ ਦਰਜ ਸੀ ਕਿ ਕੋਈ ਕਿਸੇ ਦਾ ਦਬੈਲ ਨਹੀਂ ਰਹਿ ਸਕਦਾ । ਰਿਸ਼ੀ ਲੋਕ ਯਗ ਰਚਾਉਂਦੇ ਅਤੇ ਮੁਰਦਿਆਂ ਦੀਆਂ ਸਭ ਰਸਮਾਂ ਕਰਦੇ । ਇਹ ਲੋਕ ਜੰਤਰੀਆਂ (ਤਿਥ ਪੱਤਰੀਆਂ) ਬਣਾਉਂਦੇ ਅਤੇ ਯਗ ਲਈ ਤੇ ਲੋਕ ਤਿਉਹਾਰਾਂ ਲਈ ਤਰੀਕਾਂ ਨਿਯਤ ਕਰਦੇ ।

## ਹਿੰਦੂ ਰਿਸ਼ੀਆਂ ਤੇ ਫ਼ਲਾਸਫ਼ਰਾਂ ਦੀਆਂ ਪੇਸ਼ੀਨਗੋਈਆਂ

ਹਰ ਸਾਲ ਦੇ ਆਰੰਭ ਵਿਚ ਬਾਦਸ਼ਾਹ ਵਲੋਂ ਇਹਨਾਂ ਰਿਸ਼ੀਆਂ ਦਾ ਇਕੱਠ ਬੁਲਾਇਆ ਜਾਂਦਾ । ਇਸ ਇਕਤਰਤਾ ਵਿਚ ਉਹ ਲੋਕ ਦੇਸ਼ ਬਾਰੇ ਭਵਿਖ ਬਾਣੀਆਂ ਕਰਦੇ । ਸਾਲ ਦਾ ਵਰਸ਼ ਫਲ ਤਿਆਰ ਕਰਦੇ ਤੇ ਇਹ ਭੇਤ ਦਸਦੇ ਕਿ ਮੌਸਮ ਖੁਸ਼ਕ ਰਹੇਗਾ ਯਾ ਬਰਖਾ ਹੋਵੇਗੀ ਅਤੇ ਲੋਕਾਂ ਵਿਚਾਲੇ ਅਰੋਗਤਾ ਰਹੇਗੀ ਯਾ ਰੋਗ ਫੈਲਣਗੇ । ਸਮੇਂ ਦਾ ਬਾਦਸ਼ਾਹ ਅਤੇ ਲੋਕ ਇਹਨਾਂ ਭਵਿਖ ਬਾਣੀਆਂ ਦੇ ਚਾਨਣ ਵਿਚ ਯੋਗ ਉਪਾ ਕਰ ਲੈਂਦੇ । ਜੇ ਕੋਈ ਫਿਲਾਸਫਰ ਭਵਿਖ ਬਾਣੀ ਵਿਚ ਭੁੱਲ ਕਰ ਦੇਂਦਾ ਤਦ ਪਹਿਲੀਆਂ ਦੋ ਭੁੱਲਾਂ ਲਈ ਉਸ ਨੂੰ ਕੋਈ ਸਜ਼ਾ ਨ ਦਿਤੀ ਜਾਂਦੀ ।

## ਅਨੋਖਾ ਡੰਨ

ਤੀਜੀ ਵਾਰ ਭੁਲ ਕਰਨ ਵਾਲੇ ਨੂੰ ਡੰਨ ਦਿਤਾ ਜਾਂਦਾ । ਸਾਰੀ ਜ਼ਿੰਦਗੀ ਲਈ ਉਸ ਦਾ ਮੂੰਹ ਬੰਦ ਕਰ ਦਿਤਾ ਜਾਂਦਾ । ਦੁਨੀਆਂ ਦੀ ਕੋਈ ਸ਼ਕਤੀ ਉਸ ਮਨੁੱਖ ਨੂੰ ਜਿਸ ਨੂੰ, ਚੁਪ ਰਹਿਣ ਦੀ ਸਜ਼ਾ ਦਿਤੀ ਗਈ ਹੋਵੇ, ਇਕ ਬੋਲ ਬੋਲਣ ਲਈ ਵੀ ਮਜਬੂਰ ਨਹੀਂ ਸੀ ਕਰ ਸਕਦੀ ।

## ਪੁਰਾਤਨ ਹਿੰਦੂਆਂ ਦੀਆਂ ਆਦਤਾਂ ਤੇ ਰਸਮਾਂ

ਯੂਨਾਨੀਆਂ ਦਾ ਕਥਨ ਹੈ ਕਿ ਹਿੰਦੂਆਂ ਦਾ ਰਹਿਣ ਸਹਿਣ ਬਿਲਕੁਲ ਸਾਦਾ ਸੀ ਅਤੇ ਉਹ ਬੜਾ ਖੁਸ਼ਹਾਲ ਜੀਵਨ ਜੀਉਂਦੇ ਸਨ । ਸਵਾਏ ਯੱਗ ਦੇ ਅਵਸਰਾਂ ਦੇ ਉਹ ਸ਼ਰਾਬ ਨੂੰ ਕਦੇ ਮੂੰਹ ਨਹੀਂ ਸਨ ਲਾਉਂਦੇ । ਅਮੀਰ ਲੋਕ ਬੜੇ ਨਫਾਸਤ ਪਸੰਦ ਹੁੰਦੇ ਸਨ । ਉਹਨਾਂ ਦੀਆਂ ਪੁਸ਼ਾਕਾਂ ਤਿਲੇ ਜੜਤ ਹੁੰਦੀਆਂ ਤੇ ਉਹ ਹੀਰੇ ਮੋਤੀਆਂ ਵਾਲੇ ਜ਼ੇਵਰ ਪਹਿਨਦੇ ਸਨ । ਸੱਚਾਈ ਅਤੇ ਗੁਣਾਂ ਦੀ ਬੜੀ ਕਦਰ ਸੀ । ਲੋਕਾਂ ਦਾ ਵਪਾਰ ਬੜਾ ਸੱਚਾ ਤੇ ਸੁੱਚਾ ਸੀ ਅਤੇ ਉਹ ਲੋਕ ਕਦੇ ਕਦਾਈਂ ਹੀ ਕਚਹਿਰੀ ਵਿਚ ਜਾਂਦੇ ਸਨ । ਚੋਰੀ ਚਿਕਾਰੀ ਨਹੀਂ ਸੀ ਹੁੰਦੀ ਅਤੇ ਲਕ ਮਕਾਨਾਂ ਨੂੰ ਤਾਲੇ ਲਾਉਣ ਤੇ ਜੈਦਾਦ ਦੀ ਰਾਖੀ ਦੇ ਆਦੀ ਨਹੀਂ ਸਨ । ਸਭ ਚੀਜ਼ਾਂ ਖੁਲ੍ਹੀਆਂ ਛਡ ਜਾਂਦੇ । ਰੁਪਏ ਦੇ ਲੈਣ ਦੇਣ ਵਿਚ ਉਹ ਇਕ ਦੂਜੇ ਉਤੇ ਭਰੋਸਾ ਕਰਦੇ ਅਤੇ ਸੌਦਿਆਂ ਉਤੇ ਨਾ ਕੋਈ ਮੋਹਰ ਲਗਦੀ ਸੀ ਤੇ ਨਾ ਗਵਾਹੀ ਦੀ ਲੋੜ ਸਮਝੀ ਜਾਂਦੀ ਸੀ । ਨਾ ਹੀ ਕਦੇ ਜ਼ਮਾਨਤ ਮੰਗੀ ਜਾਂਦੀ ਸੀ । ਰੁਪਿਆ ਸੂਦੀ ਨਹੀਂ ਸੀ ਦਿਤਾ ਜਾਂਦਾ । ਜੇ ਕਿਸੇ ਨੂੰ ਰੁਪਿਆ ਵਸੂਲ ਨਾ ਹੁੰਦਾ ਜਾਂ ਆਮਾਨਤ ਵਾਪਸ ਨਾ ਮਿਲਦੀ ਤਦ ਵੀ ਉਹ ਕਦੇ ਮੁਕਦਮਾ ਨਾ ਲੜਦਾ, ਸਗੋਂ ਉਹ ਆਪਣੇ ਆਪ ਨੂੰ ਕੋਸਦਾ ਕਿ ਉਸ ਨੇ ਐਸੇ ਠੱਗ ਉਤੇ ਕਿਉਂ ਭਰੋਸਾ ਕੀਤਾ । ਉਹ ਰਬ ਦੀ ਰਜ਼ਾ ਸਮਝਕੇ ਨੁਕਸਾਨ ਸਹਾਰ ਲੈਂਦਾ । ਫਟੜ ਕਰਨ ਵਾਲੇ ਨੂੰ ਫ਼ਟੜ ਕੀਤਾ ਜਾਂਦਾ ਤੇ ਨਾਲ ਹੀ ਫਟੜ ਕਰਨ ਵਾਲਾ ਹੱਥ ਵੀ ਵੱਢ ਦਿਤਾ ਜਾਂਦਾ ਪਰ ਜਿਹੜਾ ਆਦਮੀ ਕਿਸੇ ਕਾਰੀਗਰ ਦੀ ਅੱਖ ਜਾਂ ਹੱਥ ਕਟਣ ਦਾ ਭਾਗੀ ਹੁੰਦਾ ਉਸ ਨੂੰ ਮੌਤ ਦੀ ਸਜ਼ਾ ਦਿਤੀ ਜਾਂਦੀ । ਜਾਅਲ ਸਾਜ਼ੀ ਕਰਨ ਵਾਲੇ ਦਾ ਹੱਥ ਜਾਂ ਪੈਰ ਵੱਢ ਦਿਤਾ ਜਾਂਦਾ ਅਤੇ ਘਿਣਾਉਣੇ ਜੁਰਮਾਂ ਲਈ ਕਸੂਰ ਵਾਰ ਦੀ ਬਾਦਸ਼ਾਹ ਦੇ ਹੁਕਮ ਨਾਲ ਖੱਲ ਉਧੜੀ ਜਾਂਦੀ ਸੀ । ਇਕ ਹੋਰ ਡੰਨ ਜੋ ਅਤਿ-ਅੰਤ ਸ਼ਰਮਨਾਕ ਸਮਝਿਆ ਜਾਂਦਾ ਉਹ ਸੀ ਕਿਸੇ ਦਾ ਸਿਰ ਮੁੰਨ ਦੇਣਾ ।

## ਉਹਨਾਂ ਦਾ ਇਨਸਾਫ

ਹਿੰਦੀਆਂ ਦੇ ਨਿਆਂ ਪ੍ਰਿਯ ਹੋਣ ਦੀ ਯੂਨਾਨੀਆਂ ਨੇ ਬੜੀ ਪ੍ਰਸੰਸਾ ਕੀਤੀ ਹੈ । ਇਹਨਾਂ ਦੇ ਮੈਜਿਸਟਰੇਟ ਅਤੇ ਜਜ ਬੜੇ ਪਵਿਤਰ ਆਤਮਾਂ ਹੁੰਦੇ ਤੇ ਸਭ ਨਾਲ ਇਕੋ ਜਿਹਾ ਨਿਆਂ ਕਰਦੇ ਸਨ । ਬਾਦਸ਼ਾਹ ਆਪ ਇਨਸਾਫ ਕਰਨ ਦਾ ਬੜਾ ਧਿਆਨ ਰਖਦਾ ਅਤੇ ਕਈ ਵਾਰ ਤੇ ਉਹ ਸਾਰਾ ਸਾਰਾ ਦਿਨ ਮੁਕਦਮੇ ਸੁਣਦਾ ਤੇ ਇਨਸਾਫ਼ ਕਰਦਾ ਰਹਿੰਦਾ । ਜਿਸ ਸਮੇਂ ਉਹ ਨਿਆਂ ਕਰਨ ਵਿਚ ਰੁੱਝਾ ਹੁੰਦਾ ਚਾਰ ਨੌਕਰ ਲਕੜ ਦੇ ਵੇਲਨੇ ਨਾਲ ਉਸ ਦੀ ਮਾਲਸ਼ ਕਰਦੇ ਕਿਉਂਕਿ ਸਰੀਰ ਨੂੰ ਮਾਲਸ਼ ਕਰਨ ਦਾ ਇਹ ਢੰਗ ਬਹੁਤ ਪਸੰਦ ਕੀਤਾ ਜਾਂਦਾ ਹੈ ।

## ਪੁਰਾਤਨ ਹਿੰਦੂਆਂ ਵਿਚ ਕਈ ਪਤਨੀਆਂ ਦਾ ਰਿਵਾਜ

ਸਾਨੂੰ ਦਸਿਆ ਗਿਆ ਕਿ ਹਿੰਦ ਵਾਸੀ ਕਈ ਪਤਨੀਆਂ ਨਾਲ ਵਿਆਹ ਰਚਾਉਂਦੇ ਹਨ । ਬੈਲ ਦੇ ਜੂਲੇ ਤੋਂ ਇਕ ਪਤਨੀ ਖਰੀਦੀ ਜਾ ਸਕਦੀ ਸੀ । ਐਨੇ ਘਟ ਮੁਲ ਦੇ ਬਾਵਜੂਦ ਉਹ ਬੜੀ ਵਫ਼ਾਦਾਰ

Sri Satguru Jagjit Singh Ji eLibrary NamdhariElibrary@gmail.com

ਅਤੇ ਪਤੀ ਵਰਤਾ ਹੁੰਦੀ ਸੀ। ਜਿੱਤਨ ਵਾਲਿਆਂ ਨੂੰ ਇਨਾਮ ਵਿਚ ਤੀਵੀਆਂ ਵੀ ਦਿਤੀਆਂ ਜਾਂਦੀਆਂ ,ਵਸ਼ੇਸ਼ ਕਰਕੇ ਜਿਹੜੇ ਲੋਕ ਤੀਰ ਅੰਦਾਜ਼ੀ; ਕੁਸ਼ਤੀ, ਮੁੱਕਾਬਾਜ਼ੀ, ਦੌੜ ਅਥਵਾ ਹੋਰ ਕਿਸੇ ਮਰਦਾਨਾ ਕਰਤਬ ਵਿਚ ਦੂਜਿਆਂ ਤੋਂ ਬਾਜ਼ੀ ਲੈ ਜਾਂਦੇ।

## ਜ਼ਾਤ ਪਾਤ ਦੀਆਂ ਪਾਬੰਦੀਆਂ

ਮੈਗਸਥਨੀਜ਼ ਇਸ ਗਲ ਦੀ ਨਖੇਧੀ ਕਰਦਾ ਹੈ ਕਿ ਹਿੰਦੀ ਲੋਕ ਨਿਯਤ ਸਮੇਂ ਉਤੇ ਭੋਜਨ ਨਹੀਂ ਕਰਦੇ ਅਤੇ ਕੇਵਲ ਇਕ ਖੁਰਾਕ ਹੀ ਖਾ ਕੇ ਗੁਜ਼ਾਰਾ ਕਰ ਲੈਂਦੇ ਸਨ। ਇਸ ਇਕ ਗਲ ਤੋਂ ਸਪਸ਼ਟ ਹੈ ਕਿ ਉਹ ਕਾਰੋਬਾਰ ਵਿਚ ਅਨੇ ਰੁਝੇ ਰਹਿੰਦੇ ਕਿ ਆਪਣੇ ਸਰੀਰ ਦੇ ਆਰਾਮ ਦਾ ਵੀ ਖਿਆਲ ਨਾ ਰਖਦੇ। ਆਮ ਜਨਤਾ ਵਿਚ ਨਾ ਖਾਣ ਦਾ ਕਾਰਨ ਪ੍ਰਗਟ ਤੌਰ ਉਤੇ ਉਹਨਾਂ ਅੰਦਰ ਜ਼ਾਤ ਪਾਤ ਦੀ ਹੋਂਦ ਸੀ; ਜਿਸ ਨੇ ਯੂਨਾਨੀ ਹਮਲੇ ਤੋਂ ਪਹਿਲੇ ਹੀ ਹਿੰਦ ਦੇਸ ਵਿਚ ਆਪਣੇ ਪੈਰ ਜਮਾ ਲਏ ਸਨ।

## ਦੇਸ ਦੀ ਸਰਕਾਰ

ਸਟਰਾਬੋ ਦੇ ਕਥਨ ਅਨੁਸਾਰ ਦੇਸ ਦਾ ਰਾਜ ਕਾਜ ਉਹ ਕਰਮ-ਚਾਰੀ ਕਰਦੇ ਜਿਨ੍ਹਾਂ ਦੇ ਜ਼ਿੰਮੇ ਇਹ ਕੰਮ ਸੌਂਪਿਆ ਜਾਂਦਾ ਸੀ।

## ਸਿਵਲ ਮਹਿਕਮਾ

ਇਹ ਕਰਮਚਾਰੀ ਦੋ ਕਿਸਮ ਦੇ ਹੁੰਦੇ ਸਨ, ਇਕ ਸਿਵਲ ਅਰਥਾਤ ਸ਼ਹਿਰੀ ਅਤੇ ਦੂਜੇ ਮਿਲਟਰੀ ਅਰਥਾਤ ਫ਼ੌਜੀ। ਪਹਿਲੀ ਸ਼੍ਰੇਣੀ ਵਿਚ ਧਰਤੀ ਟੈਕਸ ਉਗਰਾਹੁਣ ਵਾਲੇ, ਜ਼ਮੀਨਾਂ ਮਾਪਣ ਵਾਲੇ, ਮੰਡੀਆਂ ਦੇ ਸੁਪਰਨਟੈਂਡੈਂਟ, ਜੋ ਮਾਪ ਤੋਲ ਦੀ ਨਿਗਰਾਨੀ ਰਖਦੇ, ਸ਼ਹਿਰਾਂ ਦੇ ਨਿਗਰਾਨ ਅਤੇ ਕਿਸ਼ਤੀਆਂ ਤੇ ਸੰਜਾਈ ਕਰਨ ਵਾਲੀਆਂ ਨਹਿਰਾਂ ਦੇ ਕਰਮਚਾਰੀ। ਲੁਹਾਰਾਂ, ਤਰਖਾਣਾਂ, ਖਾਨਾਂ ਪੁਟਨ ਵਾਲਿਆਂ ਅਤੇ ਆਰਾ ਕਸ਼ਾਂ ਵਰਗੇ ਕਾਰੀਗਰਾਂ ਦੀ ਨਿਗਰਾਨੀ ਲਈ ਅਫ਼ਸਰ ਨਿਯਤ ਹੁੰਦੇ ਸਨ। ਤਜਾਰਤ, ਬਪਾਰ, ਬਣੀਆਂ ਹੋਈਆਂ ਚੀਜ਼ਾਂ ਅਤੇ ਦਸਤਕਾਰਕ ਹੁਨਰਾਂ ਦੀ ਨਿਗਾਹਬਾਨੀ ਕਰਨ ਵਾਲੇ ਅਫ਼ਸਰ ਪੈਦਾਇਸ਼ ਤੇ ਮੌਤ ਦੀਆਂ ਰਿਪੋਰਟਾਂ ਲਿਖਣ ਵਾਲੇ ਕਰਮਚਾਰੀ, ਸੜਕਾਂ ਦੇ ਅਫ਼ਸਰ ਨਿਯਤ ਹੁੰਦੇ ਸਨ। ਫ਼ਾਸਲੇ ਨੂੰ ਦਸਣ ਲਈ ਦਸ ਦਸ ਸਟਾਡੀਆਂ ਦੀ ਵਿੱਥ ਉਪਰ ਇਕ ਇਕ ਮੁਨਾਰਾ ਖੜਾ ਸੀ। ਰਾਮਾਯਣ ਅਤੇ ਮਹਾਭਾਰਤ ਵਿਚ ਸ਼ਹਿਰੀ ਸੜਕਾਂ ਦਾ ਜ਼ਿਕਰ ਆਉਂਦਾ ਹੈ, ਜੋ ਬੜੀਆਂ ਚੋੜੀਆਂ ਤੇ ਖੁਲ੍ਹੀਆਂ ਸਨ। ਇਹਨਾਂ ਸੜਕਾਂ ਦੇ ਦੋ ਤਰਫ਼ੀ ਤਾਜਰਾਂ, ਸੌਦਾਗਰਾਂ ਦੀਆਂ ਦੁਕਾਨਾਂ ਤੋਂ ਛੁੱਟ ਪ੍ਰਾਈਵੇਟ ਘਰ ਬੜੇ ਸੁੰਦਰ ਤੇ ਸ਼ਾਨਦਾਰ ਹੁੰਦੇ ਸਨ। ਘੱਟਾ ਬਠੌਣ ਲਈ ਸੜਕਾਂ ਉਪਰ ਛੜਕਾਉ ਹੁੰਦਾ ਅਤੇ ਝਾੜੂ ਨਾਲ ਇਹਨਾਂ ਦੀ ਸਫਾਈ ਹੁੰਦੀ ਸੀ। ਰਾਮਾਯਣ ਵਿਚ ਇਕ ਐਸੀ ਜਰਨੈਲੀ ਸੜਕ ਦਾ ਜ਼ਿਕਰ ਆਉਂਦਾ ਹੈ ਜੋ ਅਵਧ ਤੋਂ ਪੰਜਾਬ ਤੀਕ ਜਾਂਦੀ ਸੀ। ਇਹ ਸਭ ਚੀਜ਼ਾਂ ਇਸ ਗਲ ਦਾ ਸਬੂਤ ਹਨ ਕਿ ਪੁਰਾਤਨ ਹਿੰਦੂ ਸ਼ਹਿਰੀ ਅਤੇ ਸਭਿਅਕ ਜੀਵਨ ਜੀਉਂਦੇ ਸਨ।

## ਅਤਿੱਥੀ ਸਤਿਕਾਰ

ਪ੍ਰਦੇਸੀਆਂ ਦੇ ਸੁੱਖ ਆਰਾਮ ਦਾ ਯੋਗ ਖਿਆਲ ਰਖਿਆ ਜਾਂਦਾ ਅਤੇ ਉਹਨਾਂ ਦੇ ਠਹਿਰਾਉ ਲਈ ਵਿਸ਼ੇਸ਼ ਅਫ਼ਸਰ ਨਿਯਤ ਸਨ। ਇਹ ਅਫ਼ਸਰ ਬਦੇਸ਼ੀਆਂ ਦੀਆਂ ਸਰਗਰਮੀਆਂ ਦੀ ਨਿਗਰਾਨੀ ਵੀ ਕਰਦੇ ਸਨ।

## ਫ਼ੌਜੀ ਮਹਿਕਮਾ

ਫ਼ੌਜੀ ਮਹਿਕਮੇ ਵਿਚ ਇਹ ਲੋਕ ਹੁੰਦੇ ਅਫ਼ਸਰ, ਪੈਦਲ, ਸਿਪਾਹੀ ਅਤੇ ਰਥਵਾਨ। ਪੈਦਲ ਫ਼ੌਜੀਆਂ ਪਾਸ ਬੰਦੇ ਬੰਦੇ ਜਿਡੇ ਲੰਮੇ ਕਮਾਨ ਹੁੰਦੇ। ਇਹਨਾਂ ਧਨੁਖਾਂ ਨੂੰ ਪੈਰਾਂ ਦੇ ਅੰਗੂਠੇ ਨਾਲ ਦਬਾ ਕੇ ਇਸ ਵਿਚੋਂ ਤੀਰ ਛਡੇ ਜਾਂਦੇ। ਏਰੀਅਨ ਲਿਖਦਾ ਹੈ ਕਿ ਹਿੰਦੀ ਤੀਰ ਅੰਦਾਜ਼ ਦਾ ਚਲਾਇਆ ਹੋਇਆ ਤੀਰ ਮਜ਼ਬੂਤ ਤੋਂ ਮਜ਼ਬੂਤ ਢਾਲ ਅਤੇ ਨਿੱਗਰ ਤੋਂ ਨਿੱਗਰ ਛਾਤੀ ਦੀ ਪਲੇਟ ਨੂੰ ਵੀ ਵਿੰਨ੍ਹ ਕੇ ਰਖ ਦੇਂਦਾ। ਸਿਪਾਹੀ ਦੇ ਖਬੇ ਹੱਥ ਵਿਚ ਚਮੜੇ ਦੀ ਢਾਲ ਹੁੰਦੀ ਸੀ। ਸਭ ਸਿਪਾਹੀਆਂ ਪਾਸ ਤਲਵਾਰਾਂ ਹੁੰਦੀਆਂ; ਕੁਛ ਲੋਕਾਂ ਪਾਸ ਬਰਛੀਆਂ ਵੀ ਹੁੰਦੀਆਂ। ਘੋੜ ਸਵਾਰਾਂ ਪਾਸ ਨੇਜ਼ੇ ਅਤੇ ਛੋਟੇ ਸਾਈਜ਼ ਦੇ ਬਰਛੇ ਹੁੰਦੇ। ਉਹਨਾਂ ਦੇ ਖਬੇ ਹਥ ਵਲ ਰਥਵਾਨ ਅਤੇ ਉਨ੍ਹਾਂ ਦੇ ਨਾਲ ਦੋ ਲੜਾਕੇ ਜੋਧੇ ਸਵਾਰ ਹੁੰਦੇ। ਜੰਗੀ ਹਾਥੀ ਉਪਰ ਮਹਾਵਤ ਅਤੇ ਤੀਰ ਕਮਾਨਾਂ ਵਾਲੇ ਤਿੰਨ ਜੋਧੇ ਸਵਾਰ ਹੁੰਦੇ। ਰੱਥ ਬੜੀ ਚੰਗੀ ਤਰ੍ਹਾਂ ਸਜਾਏ ਹੋਏ ਹੁੰਦੇ।

## ਜੰਗੀ ਰੱਥ

ਰਿਗਵੇਦ ਵਿਚ ਇਕ "ਸੁਨਹਿਰੀ ਰੱਥ" ਦਾ ਵਰਨਣ ਆਉਂਦਾ ਹੈ। ਇਹ ਕਲਪਨਾ ਅਤੇ ਉਚ ਉਡਾਰੀ ਵੀ ਹੋ ਸਕਦੀ ਹੈ, ਪਰ ਇਸ ਗਲ ਵਿਚ ਕੋਈ ਸੰਦੇਹ ਨਹੀਂ ਕਿ ਵੇਦਕ ਸਮੇਂ ਦੇ ਰਥ ਮਾਲਕ ਦੀ ਸ਼ਾਨ ਦੇ ਮੁਤਾਬਕ ਹੀ ਸਜਾਏ ਜਾਂਦੇ ਸਨ।

## ਸੁਨਹਿਰੀ ਰੱਥ

ਰਾਮਾਇਣ ਅਤੇ ਮਹਾਭਾਰਤ ਉਸ ਸਮੇਂ ਤੋਂ ਬਹੁਤ ਪਿਛੋਂ ਦੀਆਂ ਲਿਖਤਾਂ ਹਨ। ਇਹਨਾਂ ਵਿਚ ਵਡੇ ਆਦਮੀਆਂ ਦੇ ਰਥਾਂ ਬਾਰੇ ਦਰਜ ਹੈ ਕਿ ਉਹ ਮੋਤੀਆਂ ਤੇ ਹੀਰਿਆਂ ਜੜਤ ਹੁੰਦੇ ਸਨ। ਪੁਰਾਤਨ ਹਿੰਦੀ ਰਥਾਂ ਦੀ ਸਜਾਵਟ ਬਾਰੇ ਜੋ ਵਰਨਣ ਹੈ ਉਸ ਵਿਚ ਤ ਹਦ ਹੀ ਮੁਕਾ ਦਿਤੀ ਗਈ ਹੈ। ਰਿਗਵੇਦ ਵਿਚ ਦਰਜ ਹੈ ਕਿ "ਸਾਵਿਤਰੀ ਆਪਣੇ ਉਸ ਉਚੇ ਰੱਥ ਉਤੇ ਸਵਾਰ ਸੀ, ਜੋ ਕਈ ਪਰਕਾਰ ਦੇ ਸੋਨੇ ਦੇ ਗਹਿਣਿਆਂ ਨਾਲ ਸ਼ਿੰਗਾਰਿਆ ਹੋਇਆ ਸੀ ਤੇ ਜਿਸ ਦੇ ਜੂਲੇ ਵੀ ਸੋਨੇ ਦੇ ਬਣੇ ਹੋਏ ਸਨ।' "ਬਰਕਤਾਂ ਦੇ ਦਾਤੇ ਇੰਦਰ ਦਾ, ਸੁਨਹਿਰੀ ਰੱਥ ਦੀ ਦਾਤ ਲਈ ਧੰਨਵਾਦ ਕੀਤਾ ਗਿਆ ਹੈ।" ਉਸ ਦਾ ਇਸ ਲਈ ਆਵਾਹਨ ਕੀਤਾ ਗਿਆ ਹੈ ਕਿ ਉਹ "ਸੋਹਣੇ ਸੁਨਹਿਰੀ ਰੱਥ ਬਖਸ਼ੇ।" ਪੁਰਾਨਾਂ ਵਿਚ ਸੁਨਹਿਰੀ ਗੱਦੀ, ਸੁਨਹਿਰੀ ਲਗਾਮ, ਸੁਨਹਿਰੀ ਤਖ਼ਤ, ਸੁਨਹਿਰੀ ਕੁਹਾੜੇ ਅਤੇ ਸੁਨਹਿਰੀ ਪਹੀਆਂ ਦਾ ਵਾਰ ਵਾਰ ਵਰਨਣ ਆਇਆ ਹੈ। ਪੁਰਾਤਨ ਹਿੰਦੂਆਂ ਵਿਚ ਹੀ ਰਥਾਂ ਦੀ ਤੀਬਰ ਇੱਛਾ ਨਹੀਂ ਸੀ ਪਾਈ ਜਾਂਦੀ ਸਗੋਂ ਅਸੀਰੀਅਨ ਲੋਕਾਂ ਪਾਸ ਵੀ ਸਜੇ ਹੋਏ ਵੱਡਮੁਲੇ ਰਥ ਹੁੰਦੇ ਸਨ। ਸੰਨ ਈਸਵੀ ਤੋਂ ੧੫ ਸਦੀਆਂ ਪਹਿਲੇ ਮਿਸਰੀਆਂ ਨੂੰ ਮੈਸੋਪੋਟੇਮੀਆਨਾਂ ਪਾਸੋਂ ਐਸੇ ਰੱਥ ਪ੍ਰਾਪਤ ਹੋਏ ਸਨ ਜੋ ਅੰਦਰੋਂ ਸੋਨੇ ਜੜਤ ਤੇ ਬਾਹਰੋਂ ਵੱਡਮੁਲੇ ਅਭੂਸ਼ਨਾਂ ਨਾਲ ਸਜੇ ਹੋਏ ਸਨ। ਰੱਥ ਭਾਰੀ ਗਿਣਤੀ ਵਿਚ ਜੰਗਾਂ ਯੁੱਧਾਂ ਵਿਚ ਵਰਤੇ ਜਾਂਦੇ। ੪੫੦ ਪੈਦਲ ਸਿਪਾਹੀਆਂ ਦੀ ਹਰ ਬਟਾਲੀਅਨ ਪਾਸ, ਅਮਰ ਕੋਸ਼ ਦੇ ਕਥਨ ਅਨੁਸਾਰ ੮੧ ਰੱਥ ਤੇ ੨੪੩ ਘੋੜੇ ਹੁੰਦੇ ਸਨ।

## ਪੁਰਾਤਨ ਹਿੰਦੂਆਂ ਦੀ ਯੁੱਧ ਕੁਸ਼ਲਤਾ

ਹੋਰੇਸ ਹੇਮੈਨ ਵਿਲਸਨ ਅਤੇ ਗੁਸਟਾਵ ਓਪਰਟ ਨੇ ਪੁਰਾਤਨ

Sri Satguru Jagjit Singh Ji eLibrary NamdhariElibrary@gmail.com

ਹਿੰਦੂਆਂ ਦੀ ਯੁੱਧ ਕੁਸ਼ਲਤਾ ਦੇ ਵਿਸ਼ੇ ਉਪਰ ਬੜੇ ਪ੍ਰਸੰਸਾ ਯੋਗ ਲੇਖ ਲਿਖੇ ਹਨ। ਗੁਸਟਾਵ ਉਪਰਟ ਨੇ ਪੁਰਾਤਨ ਹਿੰਦੂਆਂ ਦੇ ਹਥਿਆਰਾਂ, ਫ਼ੌਜੀ ਜਥੇਬੰਦੀ ਅਤੇ ਰਾਜਨੀਤੀ ਬਾਰੇ ਜੋ ਕੁਛ ਲਿਖਿਆ ਹੈ ਉਸ ਦਾ ਮਸਾਲਾ ਉਸ ਨੇ ਦੋ ਪੁਰਾਤਨ ਸੰਸਕ੍ਰਿਤ ਦੀਆਂ ਪੁਸਤਕਾਂ ਵੈਸ਼ਮਪਾਈਨ ਰਚਿਤ 'ਨੀਤੀ ਪ੍ਰਕਾਸ਼ਿਕਾ' ਅਤੇ ਉਸਾਨਾ ਜਾਂ ਸ਼ੁੱਕਰਾਚਾਰਯਾ ਰਚਿਤ 'ਸ਼ੁੱਕਰ ਨੀਤੀ' ਵਿਚੋਂ ਲਿਆ ਹੈ। 'ਨੀਤੀ ਪ੍ਰਕਾਸ਼ਿਕਾ' ਵਿਚ ਦਸਿਆ ਹੈ ਕਿ ਵੈਸ਼ੰਪਾਇਨ ਨੇ ਪੰਜਾਬ ਦੇ ਸ਼ਹਿਰ ਤਕਸ਼ਿਲਾ ਵਿਖੇ ਬਾਦਸ਼ਾਹ ਜਨਮੇਜੇ ਨੂੰ ਧਨੁਰਵੇਦ ਦੀ ਸਿਖਿਆ ਦਿਤੀ, ਅਰਥਾਤ ਉਸ ਨੂੰ ਧਨੁਸ਼ ਦੀ ਵਰਤੋਂ ਦਾ ਹੁਨਰ, ਹਥਿਆਰਾਂ ਦੀਆਂ ਵਸ਼ੇਸ਼ਤਾਈਆਂ ਅਤੇ ਜੰਗ ਸੰਬੰਧੀ ਤੇ ਦੇਸ਼ ਦੇ ਰਾਜ ਪ੍ਰਬੰਧ ਦੀ ਸਾਰੀ ਵਿਦਿਆ ਦੀ ਸਿਖਿਆ ਦਿਤੀ।

## ਫ਼ੌਜ ਦੇ ਕਰਮਚਾਰੀ

ਪੁਰਾਤਨ ਹਿੰਦਆਂ ਦੀਆਂ ਫ਼ੌਜਾਂ ਦੀ ਕਮਾਨ ਜਰਨੈਲ ਕਰਦੇ, ਜੋ ਬਹੁਤ ਕਰ ਕੇ ਬਾਦਸ਼ਾਹਾਂ ਦੇ ਮੰਤਰੀ ਹੀ ਹੋਇਆ ਕਰਦੇ ਸਨ। ਬਾਦਸ਼ਾਹ ਤੋਂ ਦੂਜੇ ਦਰਜੇ ਉਤੇ ਰਾਜ ਕੁਮਾਰ ਦਾ ਹੀ ਹੁਕਮ ਚਲਦਾ ਸੀ। ਸਾਰੇ ਫ਼ੌਜੀ ਕਰਮਚਾਰੀਆਂ ਨੂੰ ਤਨਖ਼ਾਹ ਹਰ ਮਹੀਨੇ ਬਾਕਾਇਦਾ ਮਿਲ ਜਾਂਦੀ। ਰਾਜ ਕੁਮਾਰ ਦੀ ਤਨਖ਼ਾਹ ੫੦੦੦ ਵਾਰਵਾ* ਮਾਸਕ ਹੁੰਦੀ ਤੇ ਕਮਾਂਡਰਿਨ ਚੀਫ਼ ਨੂੰ ੪੦੦੦ ਵਾਰਵਾ ਮਿਲਦੇ ਸਨ। ਸਭ ਤੋਂ ਪਹਿਲਾ ਰਥਵਾਨ ਅਤੀਰਥ ਆਮ ਤੌਰ ਉਤੇ ਕੋਈ ਸ਼ਾਹਜ਼ਾਦਾ (ਰਾਜ ਕੁਮਾਰ) ਹੁੰਦਾ, ਜਿਸ ਨੂੰ ੩੦੦੦ ਵਾਰਵਾ ਮਾਸਕ ਮਿਲਦੇ ਅਤੇ ਮਹਾਰਥੀ ਨੂੰ ੨੦੦੦ ਵਾਰਵਾ। ਹਿੰਦੂ ਲੋਕ ਆਪਣੇ ਹਥਿਆਰਾਂ ਤੇ ਅਸਲ੍ਹੇ ਨੂੰ ਕਿਸੇ ਦੈਵੀ ਸ਼ਕਤੀ ਦੀ ਦੇਣ ਸਮਝਦੇ ਸਨ।

## ਬੰਦੂਕਾਂ, ਤੋਪਾਂ ਤੇ ਬਰੂਦ ਦੀ ਵਰਤੋਂ

ਪ੍ਰੋਫ਼ੈਸਰ ਓਪਰਟ ਦਾ ਕਥਨ ਹੈ ਕਿ ਪੁਰਾਤਨ ਹਿੰਦੂਆਂ ਨੂੰ ਅਗਨ ਹਥਿਆਰਾਂ ਅਤੇ ਬਾਰੂਦ ਦੀ ਵਰਤੋਂ ਦੀ ਜਾਚ ਸੀ। ਉਹਨਾਂ ਪਾਸ ਧਾਤ ਅਥਵਾ ਪੱਥਰ ਦੀਆਂ ਬਣੀਆਂ ਹੋਈਆਂ ਜੰਗੀ ਮਸ਼ੀਨਾਂ ਸਨ, ਜਿਨ੍ਹਾਂ ਵਿਚੋਂ ਉਹ ਲੋਹੇ ਅਤੇ ਸਿਕੇ ਦੇ ਗੋਲੇ ਆਪਣੇ ਵੈਰੀਆਂ ਉਤੇ ਸੁਟਦੇ ਸਨ। ਧਾਤਾਂ ਨੂੰ ਪਿਘਲਾਉਣ ਤੇ ਢਾਲਣ ਦੇ ਹੁਨਰ ਵਿਚ ਵੀ ਪੁਰਾਤਨ ਹਿੰਦੂ ਬੜੇ ਮਾਹਰ ਸਨ। ਪੁਰਾਤਨ ਸਮਿਆਂ ਵਿਚ ਅਰਬੀ ਲੋਕਾਂ ਦੇ ਹਿੰਦੁਸਤਾਨ ਨਾਲ ਗੂਹੜੇ ਤਜਾਰਤੀ ਸੰਬੰਧ ਸਨ। ਉਹਨਾਂ ਨੂੰ ਸਭ ਤੋਂ ਪਹਿਲੇ ਬਾਰੂਦ ਦੀ ਸਪਲਾਈ ਹਿੰਦ ਪਾਸੋਂ ਹੀ ਮਿਲੀ ਸੀ। ਉਹਨਾਂ ਨੇ ਇਸ ਦੀ ਬਨਾਵਟ ਵਿਚ ਕੁਛ ਵਧੇਰੇ ਤਰੱਕੀ ਕਰ ਲਈ। ਸੰਨ ੧੭੯੮ ਵਿਚ ਐਮ. ਲਾਂਘ ਨੇ ਫ਼ਰੰਚ ਇਸਟੀਚਯੂਟ ਵਿਚ ਇਕ ਲੇਖ ਪੜ੍ਹਿਆ ਜਿਸ ਵਿਚ ਉਸ ਨੇ ਇਹ ਗਲ ਸਪਸ਼ਟ ਕੀਤੀ ਸੀ ਕਿ ਬਾਰੂਦ ਦੀ ਕਾਢ ਹਿੰਦ ਵਿਚ ਹੋਈ। ਬੈਕ ਮੈਨ ਨੇ ਸੰਨ ੧੮੧੧ ਈਸਵੀ ਵਿਚ ਆਪਣੀ ਕ੍ਰਿਤ "ਹਿਸਟਰੀ ਆਫ ਇਨਵੈਨਸ਼ਨਜ ਐਂਡ ਡਿਸਕਵਰੀਜ਼" ਵਿਚ ਵੀ ਇਹੋ ਸੰਮਤੀ ਪ੍ਰਗਟ ਕੀਤੀ ਹੈ। ਕਰਨਲ ਟਾਡ ਨੇ ਵੀ ਆਪਣੀ ਰਚਨਾ "ਐਨਲਜ਼ ਆਫ ਰਾਜਸਥਾਨ" ਵਿਚ ਲਿਖਿਆ ਹੈ—"ਹਿੰਦੂ ਕਵੀ ਚਾਂਦ (ਚੰਦਰ ਬਰਦਾਈ) ਦੀਆਂ ਕਵਿਤਾਵਾਂ ਵਿਚ ਅਗਨੀ-ਹਥਿਆਰਾਂ ਦਾ ਬਾਰ ਬਾਰ ਵਰਨਣ ਆਇਆ ਹੈ, ਵਸ਼ੇਸ਼ ਕਰ ਕੇ "ਮਾਲ ਗੋਲੇ" ਦਾ। ਸੰਨ ੧੦੦੮ ਈਸਵੀ ਵਿਚ ਸੁਲਤਾਨ ਮਹਿਮੂਦ ਗ਼ਜ਼ਨਵੀ ਦਾ ਜੰਗ ਲਾਹੌਰ ਦੇ ਰਾਜੇ ਅਨੰਦ ਪਾਲ ਨਾਲ ਹੋਇਆ ਤਦ ਫਰਿਸ਼ਤੇ ਦੇ ਕਥਨ ਅਨੁਸਾਰ ਤੋਪਾਂ ਅਤੇ ਬੰਦੂਕਾਂ (ਤੁਫੰਗਾਂ) ਦੀ ਵਰਤੋਂ ਸੁਲਤਾਨ ਵਲੋਂ ਕੀਤੀ ਗਈ ਸੀ। ਸਿਕੰਦਰ ਨੇ ਜਿਹੜੀ ਚਿੱਠੀ ਅਰਿਸਟਾਟਲ ਨੂੰ ਲਿਖੀ ਬਿਆਨੀ ਜਾਂਦੀ ਹੈ ਉਸ ਵਿਚ ਉਸ ਨੇ ਉਹਨਾਂ ਡਰਾਉਣੇ ਖਤਰਿਆਂ ਦਾ ਵਰਨਣ ਕੀਤਾ ਹੈ ਜਿਨ੍ਹਾਂ ਦਾ ਸਾਮ੍ਹਣਾ ਹਿੰਦ ਵਿਚ ਉਸ ਦੀਆਂ ਫੌਜਾਂ ਨੂੰ ਉਸ ਸਮੇਂ ਕਰਨਾ ਪਿਆ, ਜਦ ਵੈਰੀ ਨੇ ਉਹਨਾਂ ਉਪਰ ਅੱਗ ਉਗਲਛਣ ਵਾਲੇ ਗੋਲੇ ਵਰ੍ਹਾਏ।"

ਸੰਸਕ੍ਰਿਤ ਦੀ ਰਚਨਾ ਸ਼ੁੱਕ੍ਰ-ਨੀਤੀ, ਜਿਸ ਦਾ ਉਪਰ ਜ਼ਿਕਰ ਆ ਚੁਕਾ ਹੈ, ਵਿਚ ਦਰਜ ਹੈ ਕਿ "ਬਾਦਸ਼ਾਹ ਦੇ ਕਿਲੇ ਦੀਆਂ ਕੰਧਾ ਉਪਰ ਸਦਾ ਪਹਿਰੇ ਦਾਰ ਪਹਿਰਾ ਦੇਂਦੇ ਹਨ। ਇਹਨਾਂ ਪਹਿਰੇ ਦਾਰਾਂ ਪਾਸ ਬੰਦੂਕਾਂ ਤੇ ਦੂਜੇ ਅਗ ਵਰਹਾਊ ਹਥਿਆਰ ਹੁੰਦੇ ਅਤੇ ਇਹਨਾਂ ਕਿਲਿਆਂ ਵਿਚ ਮੋਰਚੇ ਅਤੇ ਖਾਈਆਂ ਹੁੰਦੀਆਂ।" ਸ਼ੁੱਕਰ-ਨੀਤੀ ਦੇ ਇਕ ਹੋਰ ਪੈਰੇ ਵਿਚ ਦਰਜ ਹੈ ਕਿ ਸ਼ਾਹੀ ਮਹਲਾਂ ਦੇ ਪਹਿਰੇ ਦਾਰਾਂ ਪਾਸ ਬੰਦੂਕਾਂ ਹੁੰਦੀਆਂ। ਨੀਤੀ ਸ਼ਾਸਤਰਾਂ ਵਿਚ ਸਭ ਤੋਂ ਪਹਿਲੀ ਰਚਨਾ ਕਾਮਾ ਓਕਲਾਕੀਯਾ ਮੰਨੀ ਜਾਂਦੀ ਹੈ। ਇਸ ਵਿਚ ਦਰਜ ਹੈ ਕਿ "ਜਿਹੜੇ ਭਰੋਸੇ ਯੋਗ ਕਰਮਚਾਰੀ ਬਾਦਸ਼ਾਹ ਦੇ ਪਾਸ ਰਹਿਣ ਉਹ ਉਸ ਨੂੰ ਚਾਲਾਕੀ ਨਾਲ ਬੰਦੂਕ ਦੀ ਠਾਹ ਠੂਹ ਨਾਲ ਅਤੇ ਹੋਰ ਹੋਰ ਢੰਗ ਨਾਲ ਉਸ ਵੇਲੇ ਚੌਕਨਾ ਕਰਨ ਜਦ ਉਹ ਸ਼ਰਾਬ ਪੀ ਰਿਹਾ ਹੋਵੇ, ਤੀਵੀਆਂ ਵਿਚ ਕ੍ਰੀੜਾ ਕਰ ਰਿਹਾ ਹੋਵ ਅਥਵਾ ਜੂਆ ਖੇਲ ਰਿਹਾ ਹੋਵੇ।"

## ਪੁਰਾਤਨ ਹਿੰਦੂਆਂ ਅੰਦਰ ਬੰਦੂਕ ਚਲੌਣ ਦਾ ਹੁਨਰ

ਉਪਰੋਕਤ ਗੱਲਾਂ ਤੋਂ ਪ੍ਰੋਫ਼ੈਸਰ ਉਪਰਟ ਨੇ ਇਹ ਸਿੱਟਾ ਕਢਿਆ ਹੈ ਕਿ ਪੁਰਾਤਨ ਹਿੰਦੂਆਂ ਵਿਚ ਤੋਪਾਂ ਬੰਦੂਕਾਂ ਚਲਾ ਕੇ ਸਿਗਨਲ ਕਰਨ ਦਾ ਰਿਵਾਜ ਆਮ ਸੀ। ਅੱਗ ਵਰਹਾਊ ਹਥਿਆਰ ਲਈ ਸੰਸਕ੍ਰਿਤ ਵਿਚ ਲਫ਼ਜ਼ ਅਗਨੀ ਅਸਤਰ ਆਉਂਦਾ ਹੈ, ਜਿਸ ਦਾ ਭਾਵ ਹੈ ਅੱਗ ਵਰ੍ਹਾਊ ਹਥਿਆਰ। ਉਹਨਾਂ ਪੁਰਾਤਨ ਸਮਿਆਂ ਵਿਚ ਵੀ ਜਿਨ੍ਹਾਂ ਦੀ ਪੜਤਾਲ ਨਹੀਂ ਹੋ ਸਕਦੀ, ਚੀਨ ਅਤੇ ਭਾਰਤ ਦੋਵਾਂ ਦੇਸਾਂ ਵਿਚ ਨਿਰਸੰਦੇਹ ਬਾਰੂਦ ਮੌਜੂਦ ਸੀ।

## ਕਮਿਸਰੇਟ ਤੇ ਸਮੁੰਦਰੀ ਮਹਿਕਮੇ

ਉਸ ਸਮੇਂ ਕਮਿਸਰੇਟ ਅਤੇ ਸਮੁੰਦਰੀ ਮਹਿਕਮੇ ਵੀ ਹੁੰਦੇ ਸਨ। ਇਹਨਾਂ ਵਿਚੋਂ ਕਮਿਸਰੇਟ ਤੇ ਜੰਗੀ ਸਾਜ਼ ਸਾਮਾਨ ਦੀ ਆਵਾਜਾਈ ਦੀ ਨਿਗਰਾਨੀ ਕਰਦਾ ਅਤੇ ਬੈਲ ਗੱਡੀਆਂ ਘੋੜਿਆਂ ਤੇ ਊਠਾਂ ਰਾਹੀਂ ਫੌਜੀਆਂ ਨੂੰ ਫੌਜੀ ਲੋੜਾਂ ਤੇ ਅਨਾਜ ਆਦਕ ਪੁਚਾਉਂਦਾ। ਦੂਜਾ ਮਹਿਕਮਾ ਸਮੁੰਦਰੀ ਫੌਜ ਦੇ ਐਡਮੀਰਲ ਨਾਲ ਮਿਲਵਰਤਨ ਕਰਦਾ। ਪਰਾਈਵੇਟ ਲੋਕਾਂ ਨੂੰ ਹਾਥੀ ਰਖਣ ਦੀ ਆਗਿਆ ਨਹੀਂ ਸੀ ਕਿਉਂਕਿ ਇਹ ਰਾਜ ਦੀ ਮਲਕੀਅਤ ਸਮਝੇ ਜਾਂਦੇ ਸਨ।

## ਪੁਰਾਤਨ ਹਿੰਦੂਆਂ ਦਾ ਪਹਿਰਾਵਾ

ਹਿੰਦੂ ਸੂਤੀ ਕਮੀਜ਼ਾਂ ਪਾਉਂਦੇ, ਜੋ ਗੋਡਿਆਂ ਤੀਕ ਲੰਮੀਆਂ ਹੁੰਦੀਆਂ, ਇਸ ਕਮੀਜ਼ ਦੇ ਉਪਰ ਇਕ ਪਟਕਾ ਹੁੰਦਾ ਜੋ ਖਬੇ ਮੋਢੇ ਦ ਉਪਰ ਤੇ ਸਜੇ ਮੋਢੇ ਦੇ ਹੇਠ ਕਰ ਕੇ ਬਨ੍ਹਿਆ ਹੁੰਦਾ। ਸਰੀਰ ਦਾ ਇਕ ਭਾਗ ਇਕ ਕਪੜੇ ਨਾਲ ਢਕਿਆ ਜਾਂਦਾ, ਜੋ ਅਧੀਆਂ ਲਤਾਂ ਤੀਕ ਅਪੜਦਾ। ਇਹੋ ਸਭ ਲੋਕਾਂ ਦੀ ਧੋਤੀ ਸੀ। ਮਾਲਦਾਰ ਲੋਕ ਮਾਲਾ ਤੇ ਮੁਰਕੀਆਂ (ਕੰਨਾਂ ਦੀਆਂ ਵਾਲੀਆਂ) ਸੋਨੇ ਜਾਂ ਹਾਥੀ ਦੰਦ ਦੀਆਂ ਪਾਉਂਦੇ। ਇਹ ਲੋਕ ਕੜੇ ਵੀ ਪਾਉਂਦੇ। ਇਹ ਲੋਕ ਚਾਰ ਘੋੜਿਆਂ ਵਾਲੇ ਰਥਾਂ ਵਿਚ ਸਵਾਰ ਹੁੰਦੇ ਅਤੇ ਨੌਕਰਾਂ ਚਾਕਰਾਂ ਤੋਂ ਬਗੈਰ ਘੋੜੇ ਉਤੇ ਸਵਾਰ ਹੋਣਾ ਅਪਮਾਨ ਸਮਝਦੇ ਸਨ। ਇਹਨਾਂ

*ਵਾਰਵਾ ਪੁਰਾਤਨ ਸਮੇਂ ਦੀ ਸੋਨੇ ਦੀ ਮੋਹਰ (ਅਸ਼ਰਫ਼ੀ) ਹੁੰਦੀ ਸੀ। ਦੇਸ਼ ਦੇ ਸਾਰੇ ਵਡੇ ਵਡੇ ਕਰਮਚਾਰੀਆਂ ਨੂੰ ਸੋਨੇ ਦੇ ਰੂਪ ਵਿਚ ਤਨਖ਼ਾਹ ਮਿਲਦੀ ਸੀ। ਇਸ ਤੋਂ ਸਪਸ਼ਟ ਹੈ ਕਿ ਪੁਰਾਤਨ ਸਮਿਆਂ ਵਿਚ ਹਿੰਦ ਵਿਚ ਸੋਨੇ ਦੀ ਕੋਈ ਕਮੀ ਨਹੀਂ ਸੀ।

Sri Satguru Jagjit Singh Ji eLibrary NamdhariElibrary@gmail.com

ਦੇ ਪਿਛੇ ਨੌਕਰ ਚਾਕਰ ਹੁੰਦੇ, ਜੋ ਉਹਨਾਂ ਦੇ ਸਿਰ ਉਤੇ ਛੱਤਰ ਝੁਲਾਉਂਦੇ । ਇਹਨਾਂ ਦੇ ਜਲੂਸ ਨੂੰ ਸ਼ਾਨ ਸ਼ੌਕਤ ਵਾਲਾ ਬਨਾਉਣ ਦਾ ਹਰ ਸੰਭਵ ਜਤਨ ਕੀਤਾ ਜਾਂਦਾ। ਮਰਦਾਂ ਦੀਆਂ ਲੰਮੀਆਂ ਲੰਮੀਆਂ ਦਾੜੀਆਂ ਹੁੰਦੀਆਂ,ਜਿਨ੍ਹਾਂ ਨੂੰ ਉਹ ਲਾਲ, ਸਬਜ਼ ਨੀਲੀਆਂ ਤੇ ਪੀਲੀਆਂ ਰੰਗ ਲੈਂਦੇ । ਤੀਵੀਆਂ ਕਪੜਿਆਂ ਨਾਲ ਸਜੀਆਂ ਹੁੰਦੀਆਂ। ਉਹ ਤੰਗ ਪੁਸ਼ਾਕ ਨਹੀਂ ਸਨ ਪਾਉਂਦੀਆਂ। ਉਹ ਆਪਣੇ ਹੱਥਾਂ ਤੇ ਪੈਰਾਂ ਨੂੰ ਮਹਿੰਦੀ, ਚੰਦਨ ਤੇ ਲਾਖ ਨਾਲ ਰੰਗਦੀਆਂ। ਉਹਨਾਂ ਦੇ ਭਰਵੱਟੇ ਤੇ ਮਥੇ ਕਸਤੂਰੀ ਨਾਲ ਰੰਗੇ ਹੁੰਦੇ ਤੇ ਉਹਨਾਂ ਦੇ ਕੇਸ ਫੁਲਾਂ ਨਾਲ ਸ਼ਿੰਗਾਰੇ ਜਾਂਦੇ ਸਨ। ਸਭ ਤੀਵੀਆਂ ਐਸੇ ਜ਼ੇਵਰ ਤੇ ਜਵਾਹਰਾਤ ਪਹਿਨਦੀਆਂ, ਜੋ ਪਾਉਣ ਵਾਲੀਆਂ ਦੀ ਹੈਸੀਅਤ ਤੇ ਪਦਵੀ ਦੇ ਅਨੁਸਾਰ ਵਖ ਵਖ ਕੀਮਤ ਦੇ ਹੁੰਦੇ।

### ਧਾਰਮਿਕ ਸੰਨਿਆਸੀ

ਯੂਨਾਨੀ ਲੇਖਕਾਂ ਨੇ ਧਾਰਮਿਕ ਸੰਨਿਆਸੀਆਂ ਦੀ ਬੜੀ ਚਰਚਾ ਕੀਤੀ ਹੈ । ਇਹ ਲੋਕ ਜੰਗਲਾਂ ਵਿਚ ਰਹਿੰਦੇ, ਬ੍ਰਿਛਾਂ ਦੀ ਛਿਲ ਨਾਲ ਆਪਣਾ ਸਰੀਰ ਢਕਦੇ ਅਤੇ ਕੰਦ ਮੂਲ ਖਾ ਕੇ ਗੁਜ਼ਾਰਾ ਕਰਦੇ ਸਨ। ਉਹ ਹਰ ਕਿਸਮ ਦੇ ਰਾਗ ਰੰਗ ਤੋਂ ਬਚਦੇ ਅਤੇ ਕਈ ਕਈ ਦਿਨ ਇਕੋ ਥਾਂ ਅਹਿਲ ਬੈਠੇ ਪੂਜਾ ਕਰਦੇ ਰਹਿੰਦੇ। ਇਹਨਾਂ ਦੇ ਜੋੜ ਸਖਤ ਤੇ ਨਹੁੰ ਲੰਮੇ ਲੰਮੇ ਹੋ ਜਾਂਦੇ। ਬਾਦਸ਼ਾਹ ਤੀਕ ਇਹਨਾਂ ਦੇ ਪਾਸ ਹਾਜ਼ਰ ਹੁੰਦੇ, ਮੁਰਾਦਾਂ ਮੰਗਦੇ ਤੇ ਰਾਜ ਕਾਜ ਦੇ ਮਾਮਲਿਆਂ ਵਿਚ ਇਹਨਾਂ ਦੀ ਸਲਾਹ ਲੈਂਦੇ ।

# ਪਰਕਰਨ—੬

## ਅਜਕਲ ਦੇ ਹਿੰਦੂ

ਪੰਜਾਬ ਦੇ ਹਿੰਦੂਆਂ ਅਤੇ ਭਾਰਤ ਦੇ ਦੂਜੇ ਸੂਬਿਆਂ ਵਿਚਲੇ ਹਿੰਦੂਆਂ ਵਿਚ ਕੋਈ ਬਹੁਤ ਵੱਡਾ ਫ਼ਰਕ ਨਹੀਂ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਜਿਥੋਂ ਤੀਕ ਧਾਰਮਿਕ ਰੀਤਾਂ ਰਸਮਾਂ ਦਾ ਸੰਬੰਧ ਹੈ ਇਹਨਾਂ ਵਿਚਾਲੇ ਹੁਣ ਕੁਝ ਕੁਝ ਫਰਕ ਪੈ ਗਿਆ ਹੈ।

### ਪੁਰਾਤਨ ਹਿੰਦੂਆਂ ਦੀ ਫ਼ਿਲਾਸਫ਼ੀ ਅਤੇ ਧਰਮ

ਹਿੰਦੂਆਂ ਦੇ ਧਰਮ ਦਾ ਸਾਰਾ ਸਿਸਟਮ ਵੇਦਾਂ ਉਪਰ ਹੀ ਨਿਰਭਰ ਹੈ ਅਤੇ ਵੇਦ ਮੰਤਰਾਂ ਵਿਚ ਜਿਸ ਨਿਸ਼ਾਨੇ ਨੂੰ ਮੁਖ ਰਖ ਕੇ ਪੂਜਾ ਕੀਤੀ ਜਾਂਦੀ ਹੈ ਉਹ ਹੈ ਇੰਦਰ, ਸੂਰਜ, ਸੋਮ ਅਰਥਾਤ ਚੰਦ ਦਾ ਦੇਵਤਾ ਅਗਨੀ ਦੇਵਤਾ, ਵਰੁਨ ਦੇਵਤਾ, ਜਲ, ਧਰਤੀ, ਅਕਾਸ਼ ਅਤੇ ਪ੍ਰੇਤ ਆਤਮਾ । ਤੱਤਾਂ ਅਤੇ ਸਿਤਾਰਿਆਂ ਨੂੰ ਵੀ ਦੇਵਤੇ ਮੰਨ ਕੇ ਪੂਜਿਆ ਗਿਆ ਹੈ । ਸਾਨੂੰ ਇਹ ਗਲ ਵੀ ਚੇਤੇ ਹੈ ਕਿ ਕਿਵੇਂ ਪੰਜਾਬ ਦੇ ਆਰੀਏ ਇਥੋਂ ਦੇ ਅਸਲ ਵਸਨੀਕਾਂ ਨਾਲ ਜੰਗ ਸਮੇਂ ਦੇਵਤਿਆਂ ਦਾ ਆਵਾਹਨ ਕਰਦੇ ਸਨ। ਇੰਦਰ ਨੇ,ਜੋ ਆਕਾਸ਼, ਬੱਦਲ, ਬਿਜਲੀ ਤੇ ਮੀਂਹ ਦਾ ਦੇਵਤਾ ਹੈ, ਆਰੀਆਂ ਦੇ ਵੈਰੀਆਂ ਦੇ ਗੜ੍ਹ ਅਤੇ ਮੁਨਾਰੇ ਤਬਾਹ ਕੀਤੇ ਸਨ । ਸਿੰਧ ਦੀ ਧਰਤੀ ਵਿਚ ਜੋਧਿਆਂ ਨੂੰ ਇੰਦਰ ਦੇ ਵਿਜਈ ਰੱਥ ਦੇ ਮਗਰ ਰਹਿਣ ਲਈ ਆਖਿਆ ਗਿਆ ਸੀ। ਇੰਦਰ ਦੇਵਤੇ ਦਾ ਇਸ ਲਈ ਆਵਾਹਨ ਕੀਤਾ ਗਿਆ ਤਾਂ ਜੁ ਉਹ ਜੋਧਿਆਂ ਨੂੰ ਬਲ ਬਖਸ਼ੇ, ਜਦ ਜੰਗ ਦਾ ਝੰਡਾ ਝੁਲੇ ਤਦ ਉਹ ਉਹਨਾਂ ਦੇ ਅੰਗ ਸੰਗ ਰਹੇ ਅਤੇ ਆਰੀਆਂ ਨੂੰ ਸਿਆਮ ਵਰਨ ਦੇ ਲੋਕਾਂ ਉਪਰ ਵਿਜੇ ਦਿਵਾਏ। ਮਿੱਤਰ ਦੇਵਤਾ ਜੋ ਰੌਸ਼ਨੀ ਦੇ ਦੇਵਤਿਆਂ ਵਿਚ ਸਭ ਤੋਂ ਉੱਚਾ ਹੈ, ਦੀ ਮੂਰਤੀ, ਅਕਾਸ਼ ਤੋਂ ਉੱਤਰ ਆਈ। ਉਸ ਨੇ ਧਰਤੀ ਤੇ ਆਕਾਸ਼ ਨੂੰ ਥੰਮ੍ਹ ਲਿਆ ਅਤੇ ਆਪਣੀਆਂ ਕਦੇ ਬੰਦ ਨਾ ਹੋਣ ਵਾਲੀਆਂ ਨਜ਼ਰਾਂ ਨਾਲ ਸਭ ਸੰਸਾਰ ਦੇ ਜੀਵਾਂ ਨੂੰ ਤਕਿਆ।' ਵਰੁਨ ਜੀਵਨ ਤੇ ਜਲ ਦਾ ਦੇਵਤਾ ਸੀ, ਜੋ ਆਕਾਸ਼ ਵਿਚੋਂ ਉਤਪਨ ਹੋਇਆ ! ਅਗਨੀ ਅਰਥਾਤ ਅੱਗ ਦਾ ਦੇਵਤਾ ਆਪਣੀ ਇਕ ਨਜ਼ਰ ਨਾਲ ਹੀ ਸੰਸਾਰ ਦੀ ਹਰ ਸ਼ੈ ਨੂੰ ਗਰਮਾ ਦੇਂਦਾ ਹੈ। ਵੇਦਾਂ ਨੇ ਸਭ ਤੋਂ ਵੱਡੀ ਸ਼ਕਤੀ ਵਾਲੇ ਉਸ ਇਕ (ਸਰਬ ਸ਼ਕਤੀਮਾਨ) ਵਿਚ ਭਰੋਸਾ ਕਰਨਾ ਸਿਖਾਇਆ, ਜੋ ਕਰਤਾ ਪੁਰਖ ਹੈ।' 'ਹਾਂ ਉਸ ਪਰੀ ਪੂਰਨ ਪਰਮਾਤਮਾ ਵਿਚ, ਜਿਸ ਨੂੰ ਕੇਵਲ ਮਨ ਦੀ ਬਿਰਤੀ ਹੀ ਅਨੁਭਵ ਕਰ ਸਕਦੀ ਹੈ ।"

### ਪਰਮਾਤਮਾ ਬਾਰੇ ਨਵੀਨ ਵਿਚਾਰ

ਹੌਲੀ ਹੌਲੀ ਹਿੰਦੂਆਂ ਵਿਚ ਦੈਵੀ ਸ਼ਕਤੀ ਵਾਲੇ ਸੂਰਬੀਰਾਂ ਦੀ ਪੂਜਾ ਚਲ ਪਈ, ਜਿਸ ਦਾ ਫਲ ਇਹ ਨਿਕਲਿਆ ਕਿ ਬੇਅੰਤ ਦੇਵੀ ਦੇਵਤੇ ਪੂਜੇ ਜਾਣ ਲਗ ਪਏ। ਸੰਨ ਈਸਵੀ ਦੀ ਦਸਵੀਂ ਸਦੀ ਦ ਲਗ ਪਗ ਪਰਮਾਤਮਾ ਬਾਰੇ ਲੋਕਾਂ ਦੇ ਵਿਚਾਰਾਂ ਵਿਚ ਮਹਾਨ ਵੱਡੀ ਤਬਦੀਲੀ ਆਈ । ਉਦੋਂ ਤੋਂ ਹਿੰਦੂਆਂ ਦੀ ਪੂਜਾ ਬਹੁਤ ਕਰਕੇ ਸ਼ਿਵ, ਵਿਸ਼ਨੂੰ, ਸ਼ਕਤੀ ਅਤੇ ਕੁਛ ਹੋਰ ਦੇਵਤਿਆਂ ਤੀਕ ਸੀਮਿਤ ਹੋ ਗਈ। ਰਾਮਾਇਣ ਦੇ ਹੀਰੋ ਰਾਮ, ਕ੍ਰਿਸ਼ਨ ਅਤੇ ਵਿਸ਼ਨੂੰ ਦੇ ਦੂਜੇ ਅਵਤਾਰ ਸੂਰਬੀਰ ਵੀ ਦੇਵਤਿਆਂ ਵਾਂਗ ਹੀ ਪੂਜੇ ਜਾਂਦੇ ਸਨ।

### ਦੇਵੀ ਦੇਵਤੇ

ਇਸ ਵੇਲੇ ਜਿਹੜੇ ਹਿੰਦੂ ਦੇਵਤੇ ਪੂਜੇ ਜਾਂਦੇ ਹਨ ਏਥੇ ਉਹਨਾਂ ਦਾ ਸੰਖੇਪ ਜਿਹਾ ਵਰਨਣ ਪਾਠਕਾਂ ਲਈ ਮਨੋਰੰਜਨ ਹੋਵੇਗਾ।

### ਬ੍ਰਹੱਮਾ

ਦੇਵਤਿਆਂ ਅਤੇ ਮਨੁੱਖ ਜਾਤੀ ਦਾ ਬਾਬਾ ਆਦਮ ਬਰਹੱਮਾ,

Sri Satguru Jagjit Singh Ji eLibrary NamdhariElibrary@gmail.com

ਪਰਮਾਤਮਾ ਦਾ ਸਭ ਤੋਂ ਵੱਡਾ ਅਵਤਾਰ ਸਮਝਿਆ ਜਾਂਦਾ ਹੈ, ਜਿਸ ਦੇ ਜ਼ਿੰਮੇ ਸੰਸਾਰ ਦੀ ਉੱਤਪਤੀ ਪਰਵਰਸ਼ ਤੇ ਸੰਘਾਰ ਲਾਇਆ ਗਿਆ ਹੈ। ਇਹੋ ਉਹ ਤਿੰਨ ਦੈਵੀ ਸ਼ਕਤੀਆਂ ਹਨ, ਜਿਨ੍ਹਾਂ ਰਾਹੀਂ ਕੁਦਰਤ ਆਪਣੇ ਚਮਤਕਾਰ ਪਰਗਟ ਕਰਦੀ ਹੈ। ਇਸ ਦੇ ਚਾਰ ਸੋਨੇ ਦੇ ਮੂੰਹ ਦਸੇ ਜਾਂਦੇ ਹਨ। ਇਸ ਦੀ ਪੁਸ਼ਾਕ ਸਫੈਦ ਤੇ ਸਵਾਰੀ ਗਰੜ ਦੀ ਦਸੀ ਜਾਂਦੀ ਹੈ। ਇਸ ਦੇ ਇਕ ਹੱਥ ਵਿਚ ਛੜੀ ਤੇ ਦੂਜੇ ਹੱਥ ਵਿਚ ਕਰਮੰਡਲ ਵਿਖਾਇਆ ਗਿਆ ਹੈ। ਇਹ ਉਸ ਸਵਰਗ ਦਾ ਮਾਲਕ ਹੈ, ਜਿਸ ਦੀ ਸੁੰਦਰਤਾ ਦਾ ਵਰਨਣ ਦੋ ਸੌ ਸਾਲ ਤੀਕ ਵੀ ਨਹੀਂ ਕੀਤਾ ਜਾ ਸਕਦਾ।

## ਇੰਦਰ

ਇੰਦਰ, ਜਿਸ ਤੋਂ ਪੁਰਾਤਨ ਸਮੇਂ ਦੇ ਆਰੀਆ ਲੋਕ ਬਹੁਤ ਭੈ ਭੀਤ ਰਹਿੰਦੇ ਸਨ, ਹੁਣ ਬਹੁਤਾ ਤੀਵੀਆਂ ਦੀ ਪੂਜਾ ਦਾ ਕੇਂਦਰ ਬਣ ਗਿਆ ਹੈ। ਇਹ ਪੁੱਤਰਾਂ ਦੀ, ਧਨ ਦੀ, ਮਕਾਨਾਂ ਦੀ ਬਖਸ਼ਸ਼ ਕਰਨ ਵਾਲਾ ਤੇ ਇਸ ਸੰਸਾਰ ਤੇ ਅਗਲੀ ਦੁਨੀਆਂ ਦੀਆਂ ਖੁਸ਼ੀਆਂ ਦਾ ਦਾਤਾ ਸਮਝਿਆ ਜਾਂਦਾ ਹੈ।

## ਸ਼ਿਵ

ਮੌਤ ਅਤੇ ਜੰਗ ਦੇ ਦੇਵਤਾ, ਸੰਘਾਰ ਸ਼ਕਤੀ ਦੇ ਮਾਲਕ ਸ਼ਿਵ ਦੇ ਪੰਜ ਮੁਖ ਤੇ ਚਾਹ ਭੁਜਾਂ ਦਿਖਾਈਆਂ ਗਈਆਂ ਹਨ। ਕਈ ਥਾਂ ਮਨੁੱਖਾਂ ਸ਼ਕਲ ਵੀ ਵਿਖਾਈ ਗਈ ਹੈ, ਪਰ ਉਹ ਵੀ ਵਾਧੂ ਅੱਖ ਵਾਲੀ। ਉਸ ਦੇ ਗਲ ਵਿਚ ਰੁੰਡ ਦੀ ਮਾਲਾ ਹੁੰਦੀ ਹੈ ਤੇ ਉਸ ਨੂੰ ਮਨੁੱਖ ਜਾਤੀ ਦਾ ਵੈਰੀ ਸਮਝਿਆ ਜਾਂਦਾ ਹੈ। ਉਹ ਫਟੜ ਲਾਸ਼ਾਂ ਉਪਰ ਨਰਿਤ ਕਰਦਾ ਅਤੇ ਮਾਰੇ ਗਏ ਮਨੁੱਖਾਂ ਦੇ ਖੋਪੜਾਂ ਵਿਚ ਲਹੂ ਪੀਂਦਾ ਹੈ। ਉਸ ਦੀ ਯਾਦ ਵਿਚ ਸਾਲਾਨਾ ਤਿਉਹਾਰ ਮਨਾਏ ਜਾਂਦੇ ਹਨ, ਜਿਨ੍ਹਾਂ ਵਿਚ ਆਪਣੇ ਆਪ ਨੂੰ ਫੱਟੜ ਕਰਨ ਦੀਆਂ ਦਿਲ ਕੰਬਾਊ ਰਸਮਾਂ ਕੀਤੀਆਂ ਜਾਂਦੀਆਂ ਹਨ। ਜਿਹਾ ਕਿ ਜੀਭ ਨੂੰ ਵਿਨ੍ਹਣਾ, ਜ਼ਖਮਾਂ ਵਿਚ ਲਕੜੀ ਦਾ ਟੁਕੜਾ ਠੋਕਣਾ ਆਦਿਕ। ਉਹ ਦੁਰਗਾ ਤੇ ਕਾਲੀ ਦਾ ਪਤੀ ਸਮਝਿਆ ਜਾਂਦਾ ਹੈ।

## ਵਿਸ਼ਨੂ

ਜਗਤ ਦੀ ਪਾਲਨਾ ਕਰਨ ਵਾਲੇ ਵਿਸ਼ਨੂ ਨੂੰ, ਸ਼ਿਆਮ ਰੰਗ ਦਾ ਤੇ ਚਾਰ ਭੁਜਾਂ ਵਾਲਾ ਵਖਾਇਆ ਗਿਆ ਹੈ, ਜਿਸ ਦੇ ਇਕ ਹੱਥ ਵਿਚ ਕੁਹਾੜਾ, ਦੂਜੇ ਵਿਚ ਸੰਖ; ਤੀਜੇ ਵਿਚ ਚੱਕਰ ਅਤੇ ਚੌਥੇ ਵਿਚ ਕੰਵਲ ਫੁਲ ਹੈ। ਉਸ ਦੀ ਪੁਸ਼ਾਕ ਕੇਸਰੀ ਹੈ ਅਤੇ ਉਹ ਇਕ ਐਸੇ ਜਾਨਵਰ ਦੀ ਸਵਾਰੀ ਕਰਦਾ ਹੈ ਜਿਸ ਦਾ ਅੱਧਾ ਧੜ ਮਨੁਖ ਦਾ ਤੇ ਅੱਧਾ ਪੰਛੀ ਦਾ ਹੁੰਦਾ ਹੈ। ਇਹ ਘਰ ਦਾ ਦੇਵਤਾ ਮੰਨਿਆ ਜਾਂਦਾ ਹੈ ਤੇ ਪਰਿਵਾਰ ਦੇ ਕਸ਼ਟ ਨਿਵਾਰਦਾ ਹੈ। ਇਹ ਦੋ ਪਤਨੀਆਂ ਦਾ ਮਾਲਕ ਹੈ। ਇਕ ਪਤਨੀ ਲਛਮੀ, ਧਨ ਤੇ ਖੁਸ਼ਹਾਲੀ ਦੀ ਦੇਵੀ ਅਤੇ ਦੂਜੀ ਸਰਸਵਤੀ, ਵਿਦਿਆ ਦੀ ਦੇਵੀ ਹੈ। ਲਛਮੀ ਦੀ ਪੁਸ਼ਾਕ ਕੇਸਰੀ ਹੈ। ਉਹ ਸ਼ੇਸ਼ਨਾਗ ਉਤੇ ਬਰਾਜਮਾਨ ਹੈ ਤੇ ਪੱਖੀ ਦੀ ਸਵਾਰੀ ਕਰਦੀ ਹੈ। ਉਸ ਦਾ ਵਸੇਬਾ ਜਲ ਸਾਗਰ ਵਿਚ ਦਖਾਇਆ ਗਿਆ ਹੈ; ਉਹ ਸਦਾ ਵਿਚਰਦੀ ਰਹਿੰਦੀ ਹੈ ਤੇ ਕਦੇ ਇਕ ਥਾਂ ਨਹੀਂ ਟਿਕਦੀ।

## ਗਨੇਸ਼

ਇਹ ਇਕ ਬੜਾ ਮੋਟਾ ਜਿਹਾ ਮਨੁੱਖ ਹੈ ਜਿਸ ਦਾ ਸਿਰ ਹਾਥੀ ਦਾ ਤੇ ਚਾਰ ਹੱਥ ਵਖਾਏ ਗਏ ਹਨ। ਇਸ ਦੀ ਸਵਾਰੀ ਚੂਹੇ ਦੀ ਹੈ। ਇਹ ਦੇਵੀ ਦੁਰਗਾ ਦਾ ਪੁੱਤਰ ਹੈ ਤੇ ਇਸ ਨੂੰ ਸ਼ਹਿਰੀ ਮਾਮਲਿਆਂ ਉਪਰ ਪੂਰੀ ਪੂਰੀ ਸ਼ਕਤੀ ਪ੍ਰਾਪਤ ਹੈ। ਕਿਸੇ ਸ਼ਾਹੂਕਾਰ ਪਾਸ ਜਾਓ ਉਸ ਦੇ ਦਰਵਾਜ਼ੇ ਉਤੇ ਗਨੇਸ਼ ਦੀ ਮੂਰਤੀ ਵਿਦਮਾਨ ਹੋਵੇਗੀ। ਕਿਸੇ ਬਾਣੀਏ ਦੀ ਦੁਕਾਨ ਉਪਰ ਜਾਓ ਸਾਹਮਣੀ ਕੰਧ ਉਪਰ ਗਨੇਸ਼ ਦੀ ਮੂਰਤੀ ਨਜ਼ਰ ਆਏਗੀ ਤੇ ਸਭ ਤੋਂ ਪਹਿਲੇ ਨਜ਼ਰ ਓਸੇ ਮੂਰਤੀ ਉਪਰ ਜਾਏਗੀ। ਸੌਦਾਗਰ ਤੇ ਕਾਰੋਬਾਰੀ ਮਨੁੱਖ ਇਸ ਦੀ ਮੂਰਤੀ ਰਖਦੇ ਤੇ ਇਸ ਨੂੰ ਸੁਰਖਿਅਤਾ ਦਾ ਚਿਨ੍ਹ ਸਮਝਦੇ ਹਨ। ਖਤ ਲਿਖਣ ਸਮੇਂ ਸਭ ਤੋਂ ਪਹਿਲੇ ਇਸ ਦਾ ਆਵਾਹਨ ਕੀਤਾ ਅਤੇ ਨਾਮ ਧਿਆਇਆ ਜਾਂਦਾ ਹੈ। ਹਿੰਦੂ ਲੋਕ ਕੋਈ ਵੀ ਲਿਖਤ ਪੜ੍ਹਤ ਕਰਨ ਲਗੇ ਸਭ ਤੋਂ ਪਹਿਲੇ ਇਸੇ ਨੂੰ ਨਮਸਕਾਰ ਕਰਦੇ ਹਨ। ਹਿਸਾਬ ਕਿਤਾਬ ਦੀਆਂ ਪੁਸਤਕਾਂ ਉਤੇ ਕੇਸਰ ਨਾਲ ਇਸ ਦੀ ਮੂਰਤੀ ਬਣਾਈ ਜਾਂਦੀ ਹੈ। ਸਫਰ ਤੇ ਰਵਾਨਗੀ ਤੋਂ ਪਹਿਲੇ ਮੁਸਾਫਰ ਗਨੇਸ਼ ਦਾ ਆਵਾਹਨ ਇਹਨਾਂ ਸ਼ਬਦਾਂ ਨਾਲ ਕਰਦਾ ਹੈ:—ਐ ਕਸ਼ਟ ਨਿਵਾਰਨ ਹਾਰ ! ਮੇਰੀ ਯਾਤਰਾ ਨੂੰ ਸਫਲ ਕਰ।

## ਦੁਰਗਾ

ਦੇਵੀ ਦੁਰਗਾ ਦੀਆਂ ਦਸ ਭੁਜਾਂ ਹੁੰਦੀਆਂ ਹਨ, ਜਿਨ੍ਹਾਂ ਵਿਚ ਉਸ ਨੇ ਵੱਖ ਵੱਖ ਜੰਗ ਦੇ ਸ਼ਸਤਰ ਫੜੇ ਹੋਏ ਹਨ। ਉਹ ਦੈਂਤਾਂ ਦਾ ਸੰਘਾਰ ਕਰਨ ਵਾਲੀ ਹੈ ਤੇ ਉਹਨਾਂ ਨੂੰ ਮਾਰਨ ਲਈ ਬਾਰ ਬਾਰ ਜਨਮ ਧਾਰਦੀ ਹੈ। ਉਸ ਨੂੰ ਸਤੀ ਅਤੇ ਪਾਰਬਤੀ ਵੀ ਆਖਦੇ ਹਨ। ਉਸ ਦੀ ਯਾਦ ਵਿਚ ਜੋ ਤਿਉਹਾਰ ਮਨਾਏ ਜਾਂਦੇ ਹਨ ਉਹ ਲੋਕਾਂ ਵਿਚ ਬੜੇ ਹਰ ਮਨ ਭਾਉਣੇ ਹਨ।

## ਕਾਲੀ

ਕਾਲੀ ਦੇਵੀ ਵੀ ਆਪਣੇ ਜੰਗੀ ਕਾਰਨਾਮਿਆਂ ਲਈ ਪ੍ਰਸਿੱਧ ਹੈ। ਉਹ ਆਪਣੇ ਪਤੀ ਸ਼ਿਵ ਦੀ ਸਯੋਗ ਪਤਨੀ ਹੈ। ਉਸ ਦਾ ਰੰਗ ਸ਼ਿਆਮ ਹੈ। ਕੇਸਾਂ ਦੀ ਥਾਂ ਕਾਲੇ ਨਾਗ ਹਨ ਤੇ ਉਸ ਦੇ ਹਾਵ ਭਾਵ ਤੋਂ ਡਰ ਤੇ ਦਹਿਸ਼ਤ ਟਪਕਦੀ ਹੈ। ਉਸ ਨੇ ਕਦੇ ਇਕ ਅਸੁਰ ਉਤੇ ਜਿੱਤ ਪਾਈ ਸੀ। ਇਸ ਫ਼ਤਹ ਨਾਲ ਉਹ ਐਨੀ ਖੀਵੀ ਹੋ ਉੱਠੀ ਕਿ ਨੱਚਨਾ ਸ਼ੁਰੂ ਕਰ ਦਿਤਾ। ਇਹ ਨਰਿਤ ਉਦੋਂ ਤੀਕ ਜਾਰੀ ਰਿਹਾ ਜਦ ਤੀਕ ਕਿ ਧਰਤੀ ਦੀਆਂ ਨੀਹਾਂ ਨਾ ਹਿਲ ਗਈਆਂ। ਨਰਿਤ ਨਾਲ ਅਨੇਕਾਂ ਜੀਵ ਘਾਇਲ ਹੋਏ ਤੇ ਮਰ ਗਏ। ਜਦ ਉਸ ਨੂੰ ਇਹ ਪਤਾ ਲੱਗਾ ਕਿ ਉਸ ਦੇ ਹਥੋਂ ਮਰਨ ਵਾਲਿਆਂ ਵਿਚ ਉਸ ਦਾ ਆਪਣਾ ਪਤੀ ਸ਼ਿਵਜੀ ਵੀ ਸ਼ਾਮਲ ਹੈ ਤਦ ਉਹ ਡਰ ਨਾਲ ਸਹਿਮ ਗਈ। ਉਸ ਨੇ ਆਪਣੀ ਜੀਭ ਬਹੁਤ ਲੰਮੀ ਕਰ ਲਈ ਅਤੇ ਬੁਤ ਬਣੀ ਬੇਹਿਸ ਖੜੀ ਰਹੀ। ਏਸੇ ਸ਼ਕਲ ਵਿਚ ਉਸ ਨੂੰ ਵਿਖਾਇਆ ਗਿਆ ਹੈ।

## ਸਰਸਵਤੀ

ਸਾਹਿੱਤ ਦੀ ਦੇਵੀ ਸਰਸਵਤੀ ਨੂੰ ਇਕ ਗੋਰੀ ਨਸ਼ੋਹ ਸੁੰਦਰੀ ਦੇ ਰੂਪ ਵਿਚ ਦਿਖਾਇਆ ਹੈ, ਜੋ ਕੰਵਲ ਫੁਲ ਉਤੇ ਖੜੀ ਸਿਤਾਰ ਵਜਾ ਰਹੀ ਹੈ। ਉਹ ਲੋਕਾਂ ਨੂੰ ਵਿਦਿਆ ਤੇ ਭਾਸ਼ਣ ਸ਼ਕਤੀ ਪ੍ਰਦਾਨ ਕਰਦੀ ਹੈ। ਉਸ ਦੀ ਯਾਦ ਵਿਚ ਤਿਉਹਾਰ ਮਨਾਏ ਜਾਂਦੇ ਤੇ ਖੁਸ਼ੀਆਂ ਕੀਤੀਆਂ ਜਾਂਦੀਆਂ ਹਨ।

## ਕ੍ਰਿਸ਼ਨ

ਜੰਗੀ ਦੇਵਤਿਆਂ ਵਿਚ ਸ੍ਰੀ ਕ੍ਰਿਸ਼ਨ ਦਾ ਨਾਮ ਵੀ ਲਿਆ ਜਾਂਦਾ ਹੈ। ਇਹ ਉਹੋ ਪ੍ਰਸਿੱਧ ਬੰਸੀ ਵਾਲਾ ਹੈ, ਜਿਸ ਨੇ ਬਰਿਜ ਦੀਆਂ

Sri Satguru Jagjit Singh Ji eLibrary NamdhariElibrary@gmail.com

ਗੋਪੀਆਂ ਤੇ ਸ਼ਹਿਜ਼ਾਦੀਆਂ ਤੀਕ ਨੂੰ ਮੋਹ ਲਿਆ ਸੀ। ਅਜੇ ਉਸ ਦੀ ਆਯੂ ਕੇਵਲ ਅਠ ਸਾਲ ਸੀ ਕਿ ਉਸ ਨੇ ਅਕਾਸ਼ ਦੇ ਦੇਵਤਿਆਂ ਨੂੰ ਚਕ੍ਰਿਤ ਕਰ ਦਿਤਾ। ਇਹਨਾਂ ਦੇਵਤਿਆਂ ਨੇ ਦੇਹਾਤੀਆਂ ਨਾਲ ਕਿਸੇ ਗਲੋਂ ਨਾਰਾਜ਼ ਹੋ ਕੇ ਭਿਆਨਕ ਵਰਖਾ, ਹਨੇਰੀ ਤੇ ਗੜਿਆਂ ਦਾ ਤੂਫਾਨ ਛਡ ਦਿਤਾ। ਇਸ ਝਖੜ ਨਾਲ ਮਨੁੱਖ ਤੇ ਮਵੇਸ਼ੀ ਮਰਨ ਲਗ ਪਏ। ਇਹ ਦੇਖ ਕੇ ਸ੍ਰੀ ਕ੍ਰਿਸ਼ਨ ਨੇ ਗੋਵਰਧਨ ਪਰਬਤ ਨੂੰ ਆਪਣੀ ਚੀਚੀ ਉਤੇ ਚੁਕ ਲਿਆ ਤੇ ਪਰਬਤ ਦੀ ਛਤਰੀ ਬਣਾ ਕੇ ਸਭ ਪਸ਼ੂਆਂ ਤੇ ਪੇਂਡੂਆਂ ਨੂੰ ਉਸ ਦੇ ਥਲੇ ਪਨਾਹ ਦਿਤੀ। ਇਸ ਤਰ੍ਹਾਂ ਕਰਨ ਨਾਲ ਉਹਨਾਂ ਲੋਕਾਂ ਦੀਆਂ ਜਾਨਾਂ ਬਚ ਗਈਆਂ। ਉਹ ੧੬ ਹਜ਼ਾਰ ਗੋਪੀਆਂ ਨਾਲ ਰਾਸ ਰਚਾਉਂਦਾ ਸੀ। ਇਹੋ ਜਿਹੇ ਸ੍ਰੀ ਕ੍ਰਿਸ਼ਨ ਦੀ ਮੌਤ ਅਚਾਨਕ ਪੈਰ ਵਿਚ ਤੀਰ ਲਗਣ ਨਾਲ ਉਸ ਸਮੇਂ ਹੋਈ ਜਦੋਂ ਉਹ ਇਕ ਦਰਖੱਤ ਹੇਠ ਬੈਠਾ ਸੀ। ਉਸ ਨੂੰ ਹਿੰਦੂ ਨਾ ਕੇਵਲ ਪਰਮਾਤਮਾ ਦਾ ਅਵਤਾਰ ਹੀ ਮੰਨਦੇ ਹਨ, ਸਗੋਂ ਉਸ ਨੂੰ ਸਾਖਿਆਤ ਵਿਸ਼ਨੂੰ ਭਗਵਾਨ ਹੀ ਮੰਨਿਆ ਜਾਂਦਾ ਹੈ। ਸਾਰੇ ਧਨਵਾਨ ਹਿੰਦੂ ਤੀਵੀਆਂ ਤੇ ਮਰਦ ਉਸ ਦੀ ਪੂਜਾ ਕਰਦੇ ਹਨ।

## ਰਾਮ

ਰਾਮ ਵੀ ਵਿਸ਼ਨੂੰ ਦਾ ਹੀ ਇਕ ਅਵਤਾਰ ਸਮਝਿਆ ਜਾਂਦਾ ਹੈ। ਇਹ ਰਾਮ ਹੀ ਰਾਮਾਇਣ ਦਾ ਹੀਰੋ ਹੈ। ਰਾਮ ਦਾ ਭਾਵ ਹੈ ਖੁਸ਼ੀ ਅਥਵਾ ਖੁਸ਼ੀ ਦਾਇਕ। ਇਸ ਦੇਵਤੇ ਨੂੰ ਹਿੰਦੂ ਦੈਵੀ-ਸ਼ਕਤੀ ਵਾਲਾ ਮੰਨਦੇ ਹਨ। ਇਸੇ ਦੇ ਨਾਮ ਤੇ ਹੀ ਹਿੰਦੂਆਂ ਦੀ ਨਮਸਕਾਰ 'ਰਾਮ ਰਾਮ' ਚਾਲੂ ਹੋਈ। ਜਿਸ ਦਾ ਮਤਲਬ ਹੈ ਖੁਸ਼ ਰਹੋ ਪ੍ਰਸੰਨ ਰਹੋ। ਰਾਮ ਅਤੇ ਬੰਦਰ ਦੇਵਤਾ ਹਨੂਮਾਨ ਦੇ ਕਈ ਕਾਰਨਾਮੇ ਪ੍ਰਸਿਧ ਹਨ।

## ਧਨੁਰਵੇਦ

ਧਨੁਰਵੇਦ ਅਰਥਾਤ ਅਸਤਰਾਂ ਸ਼ਸਤਰਾਂ ਦੇ ਗਿਆਨ ਨੂੰ ਵੀ ਦੇਵਤੇ ਦਾ ਰੂਪ ਦਿਤਾ ਹੈ। ਇਸ ਦੇ ਚਾਰ ਚਰਨ, ਅੱਠ ਭੁਜਾਂ ਤੇ ਤਿੰਨ ਨੇਤਰ ਹਨ। ਇਸ ਦੇ ਚਾਰ ਸੱਜੇ ਹੱਥਾਂ ਵਿਚ ਬਜੱਰ; ਖੜਗ, ਧਨੁਸ਼ ਤੇ ਚਕ੍ਰ ਅਤੇ ਖਬੇ ਚਾਰ ਹੱਥਾਂ ਵਿਚ ਸ਼ਤਾਗਨੀ (ਸੌ ਨੂੰ ਮਾਰਨ ਵਾਲੀ) ਗਦਾ, ਤਰਸੂਲ ਤੇ ਕੁਹਾੜਾ ਹਨ। ਇਸ ਦੀ ਕਲਗੀ ਜਾਦੂ, ਇਸ ਦਾ ਸਰੀਰ ਰਾਜ ਭਾਗ ਤੇ ਇਸ ਦੇ ਸ਼ਸਤਰ ਚਮਤਕਾਰ ਹਨ। ਇਸ ਦਾ ਦਿਲ ਤਾਵੀਤਾਂ ਤੇ ਜਾਦੂ ਦਾ ਹੈ। ਇਸ ਦੀਆਂ ਵਾਲੀਆਂ ਹਥਿਆਰ ਤੇ ਗੋਲੀਆਂ, ਇਸ ਦੇ ਗਹਿਣੇ ਜੰਗੀ ਚਾਲਾਂ ਤੇ ਇਸ ਦੇ ਨੇਤਰ ਪੀਲੇ ਹਨ। ਇਸ ਦਾ ਪਟਕਾ ਜਿੱਤਾਂ ਦੀ ਮਾਲਾ ਦਾ ਬਣਿਆ ਹੋਇਆ ਹੈ ਤੇ ਇਹ ਬੈਲ ਦੀ ਸਵਾਰੀ ਕਰਦਾ ਹੈ।

## ਹਿੰਦੂਆਂ ਦੀ ਪੂਜਾ ਦੇ ਨਿਸ਼ਾਨੇ

ਨਿਸ਼ਚੇ ਅਤੇ ਸੁਭਾਵ ਦੋਹਾਂ ਦੇ ਲਿਹਾਜ਼ ਨਾਲ ਹਿੰਦੂ ਸ਼ਾਂਤਮਈ ਹੋਣ ਕਰ ਕੇ ਉਹਨਾਂ ਦੇ ਈਸ਼ਵਰ ਸੰਬੰਧੀ ਖਿਆਲ ਜਾਂ ਤੇ ਕਿਸੇ ਡਰ ਤੇ ਦਹਿਸ਼ਤ ਪੈਦਾ ਕਰਨ ਵਾਲੀ ਸ਼ਕਤੀ ਦੇ ਦਿਲ ਉਪਰ ਪਏ ਪ੍ਰਭਾਵ ਤੋਂ ਅਥਵਾ ਅਤਿਅੰਤ ਸੁੰਦਰ ਵਸਤੂ ਤੋਂ ਜਾਂ ਕਿਸੇ ਵਿਸ਼ੇਸ਼ ਦੈਵੀ ਸ਼ਕਤੀ ਤੋਂ ਪ੍ਰਭਾਵਤ ਹੋ ਕੇ ਪ੍ਰਾਪਤ ਕੀਤੇ ਗਏ ਹਨ। ਇਹਨਾਂ ਗਲਾਂ ਨੂੰ ਮੁਖ ਰਖ ਕੇ ਉਹਨਾਂ ਨੇ ਸੂਰਜ, ਚੰਨ, ਸਿਤਾਰਿਆਂ ਅਤੇ ਦੂਜੀਆਂ ਕੁਦਰਤੀ ਚੀਜ਼ਾਂ, ਜਾਨਵਰਾਂ, ਪੰਛੀਆਂ, ਬਿਰਛਾਂ ਤੇ ਦਰਿਆਵਾਂ ਦੀ ਪੂਜਾ ਸ਼ੁਰੂ ਕੀਤੀ। ਸੂਰਜ ਦੇਵਤਾ ਨੂੰ ਖੁਸ਼ ਕਰਨ ਲਈ ਬਰਾਹਮਣਾਂ ਨੂੰ ਭੋਜਨ ਖੁਆਇਆ ਜਾਂਦਾ ਹੈ ਅਤੇ ਇਹ ਲੋਕ ਐਤਵਾਰ ਵਾਲੇ ਦਿਨ ਨਾ ਤੇ ਲੂਣ ਖਾਂਦੇ ਹਨ ਤੇ ਨਾ ਹੀ ਦੁਧ ਰਿੜਕ ਕੇ ਮਖਣ ਕਢਦੇ ਹਨ। ਧਰਮਾਤਮਾ ਹਿੰਦੂ ਜਦ ਸੂਰਜ ਦੀ ਧੁੱਪ ਵਿਚ ਅਸ਼ਨਾਨ ਕਰਦੇ ਹਨ ਤਦ ਉਹ ਪਾਣੀ ਦੇ ਬੁੱਕ ਭਰ ਕੇ ਸੂਰਜ ਵਲ ਸੁਟਦੇ ਹਨ; ਇਸ ਖਿਆਲ ਨਾਲ ਕਿ ਸੂਰਜ ਦੇਵਤਾ ਵਿਚ ਠੰਡਕ ਵਰਤੇ। ਇਹ ਲੋਕ ਜੰਗਲ ਦੇ ਬਾਦਸ਼ਾਹ ਸ਼ੇਰ ਦੀ ਪੂਜਾ ਵੀ ਕਰਦੇ ਹਨ। ਏਸੇ ਤਰ੍ਹਾਂ ਸੱਪਾਂ ਨੂੰ ਵੀ ਦੁੱਧ ਪਿਆਉਂਦੇ ਤੇ ਉਹਨਾਂ ਦੀ ਪੂਜਾ ਕਰਦੇ ਹਨ।। ਹਾਥੀ ਦੀ ਪੂਜਾ ਇਸ ਲਈ ਕੀਤੀ ਜਾਂਦੀ ਹੈ ਕਿ ਉਹ ਦੇਵਕਦ ਜਾਨਵਰ ਹੈ, ਹਾਲਾਂਕਿ ਊਠ ਦੇ ਕਦ ਕਾਠ ਦੇ ਉਚੇ ਹੋਣ ਤੇ ਵੀ ਉਸ ਦੀ ਕੋਈ ਪੂਜਾ ਨਹੀਂ ਕੀਤੀ ਜਾਂਦੀ, ਸ਼ਾਇਦ ਇਸ ਲਈ ਕਿ ਉਸ ਦਾ ਜਿਸਮ ਐਡਾ ਮੋਟਾ ਨਹੀਂ ਜਾਂ ਇਸ ਲਈ ਕਿ ਕਾਲੀ ਕਲੋਟੀ ਚਮੜੀ ਵਾਲੇ ਮੋਟੇ ਪਹਾੜ ਵਰਗੇ ਹਾਥੀ ਦੀ ਜੋ ਸ਼ਾਨ ਹੈ ਉਹ ਊਠ ਦੀ ਨਹੀਂ। ਸੁੰਦਰ ਮੋਰ ਦੀ ਬੜੀ ਕਦਰ ਕੀਤੀ ਜਾਂਦੀ ਹੈ ਅਤੇ ਉਸ ਦੇ ਪਰਾਂ ਨਾਲ ਦੇਵਤਿਆਂ ਦੀਆਂ ਕਲਗੀਆਂ ਬਣਾਈਆਂ ਜਾਂਦੀਆਂ ਹਨ। ਪਿੱਪਲ ਅਤੇ ਬੋਹੜ ਦੇ ਬਿਰਛਾਂ ਦੀ ਵੀ ਪੂਜਾ ਕੀਤੀ ਜਾਂਦੀ ਹੈ। ਕੇਵਲ ਇਸ ਲਈ ਕਿ ਇਹਨਾਂ ਦਾ ਕਦ ਬੜਾ ਵੱਡਾ ਹੈ ਤੇ ਇਹ ਆਉਂਦੇ ਜਾਂਦੇ ਮੁਸਾਫਰਾਂ ਨੂੰ ਛਾਂ ਦੇਂਦੇ ਹਨ। ਇਹਨਾਂ ਦੀਆਂ ਜੜ੍ਹਾਂ ਨੂੰ ਪਾਣੀ ਦਿਤਾ ਜਾਂਦਾ ਹੈ ਤੇ ਕਿਆਸ ਇਹ ਕੀਤਾ ਜਾਂਦਾ ਹੈ ਕਿ ਇਸ ਨਾਲ ਮਰ ਚੁਕੇ ਉਹਨਾਂ ਪਿਤਰਾਂ ਅਤੇ ਸੰਬੰਧੀਆਂ ਦੀ ਪਿਆਸ ਮੱਠੀ ਹੋਵੇਗੀ, ਜੋ ਸੁਵਰਗ ਵਿਚ ਪਹੁੰਚ ਚੁਕੇ ਹਨ।

## ਹਨੂਮਾਨ

ਹਨੂਮਾਨ ਦੇ ਨਾਮ ਹੇਠ ਬਾਂਦਰ ਦੀ ਪੂਜਾ ਕੀਤੀ ਜਾਂਦੀ ਹੈ। ਸੰਸਕ੍ਰਿਤ ਵਿਚ ਹਨੂ ਦਾ ਭਾਵ ਹੈ ਖਾਖ ਦੀ ਹੱਡੀ। (ਦਾੜ੍ਹ) ਸੂਰਜ ਦੇ ਕੇਂਦਰ ਤੋਂ ਥਲੇ ਡਿਗਣ ਨਾਲ ਬਾਂਦਰ ਦੀ ਦਾੜ੍ਹ ਟੁਟ ਗਈ ਅਤੇ ਉਸ ਦਾ ਨਾਮ ਹਨੂਮਾਨ, ਅਰਥਾਤ ਬਾਂਦਰ ਦੇਵਤਾ ਪੈ ਗਿਆ। ਇਹ ਅਮਰ ਸਮਝਿਆ ਜਾਂਦਾ ਹੈ, ਜੋ ਮਰਦਾਂ ਨੂੰ ਲੰਮੀ ਉਮਰ ਬਖਸ਼ਦਾ ਹੈ। ਏਸੇ ਲਈ ਜਨਮ ਦਿਨ ਉਪਰ ਇਸ ਦੀ ਪੂਜਾ ਹੁੰਦੀ ਹੈ।

## ਜਮਨਾ ਤੇ ਗੰਗਾ

ਹਿੰਦ ਦੇ ਵਡੇ ਦਰਿਆਵਾਂ ਨੂੰ ਪਵਿਤਰ ਸਮਝਿਆ ਜਾਂਦਾ ਹੈ। ਪੁਰਾਤਨ ਆਰੀਆ ਲੋਕ ਸਿੰਧੂ ਨਦੀ ਨੂੰ ਧਨ ਦਾਤੀ ਸਮਝਦੇ ਸਨ। ਅਜ ਕਲ ਦੇ ਹਿੰਦੂਆਂ ਵਲੋਂ ਜਮਨਾ ਅਤ ਗੰਗਾ ਦੇਵੀਆਂ ਸਮਝੀਆਂ ਜਾਂਦੀਆਂ ਹਨ। ਇਹਨਾਂ ਦੀ ਵੀ ਇਹ ਲੋਕ ਪੂਜਾ ਕਰਦੇ ਹਨ। ਗੰਗਾ ਮਾਈ ਤੇ ਜਮਨਾ ਮਈਆਂ ਨੂੰ ਪ੍ਰਸੰਨ ਕਰਨ ਲਈ ਬਰਾਹਮਣਾਂ ਨੂੰ ਭੋਜਨ ਖਵਾਇਆ ਜਾਂਦਾ ਹੈ। ਪੁਰਾਣਾਂ ਵਿਚ ਮਾਤ ਗੰਗਾ ਦੀ ਬੜੀ ਪ੍ਰਸੰਸਾ ਦਰਜ ਹੈ। ਕਿਹਾ ਜਾਂਦਾ ਹੈ ਇਹ ਸੁਵਰਗ ਵਿਚੋਂ ਉਤਰੀ ਅਤੇ ਧਰਤੀ ਦੇ ਜੀਵਾਂ ਦੀ ਕਲਿਆਣ ਕਰਨ ਮਗਰੋਂ ਮੁੜ ਸੁਵਰਗ ਵਿਚ ਹੀ ਪਹੁੰਚ ਜਾਂਦੀ ਹੈ। ਇਸ ਦੀਆਂ ਬਖਸ਼ਸ਼ਾਂ ਬੇਅੰਤ ਹਨ ਅਤੇ ਇਸ ਦੇ ਗੁਣਾਂ ਦਾ ਕੋਈ ਪਾਰਾਵਾਰ ਨਹੀਂ ਸਮਝਿਆ ਜਾਂਦਾ। ਹਿੰਦੂਆਂ ਦਾ ਨਿਸ਼ਚਾ ਹੈ ਕਿ ਗੰਗਾ ਅਸ਼ਨਾਨ ਕਰਨ ਨਾਲ ਸਭ ਪਾਪ ਦੂਰ ਹੋ ਜਾਂਦੇ ਹਨ ਭਾਵੇਂ ਉਹ ਕਿੰਨੇ ਵੀ ਘੋਰ ਕਿਸਮ ਦੇ ਕਿਉਂ ਨਾ ਹੋਣ। ਗੰਗਾ ਜਲ ਦੀ ਛੋਹ ਮਾਤਰ ਨਾਲ ਹੀ ਜੀਵ ਪਵਿਤਰ ਹੋ ਗਿਆ ਮੰਨਿਆ ਜਾਂਦਾ ਹੈ। ਤੁਸੀਂ ਭਾਵੇਂ ਕਿੰਨੀ ਦੂਰ ਬੈਠੇ ਹੋਵੋ ਉਸ ਦਾ ਚਿੰਤਨ ਤੇ ਸਿਮਰਨ ਕਰਨ ਮਾਤਰ ਨਾਲ ਤੁਹਾਡੇ ਸਾਰੇ ਕਸ਼ਟ ਨਵਿਰਤ ਹੋ ਜਾਣਗੇ। ਇਸ ਦੇ ਦਰਸ਼ਨ ਕਰਨ ਨਾਲ, ਨਾਮ ਲੈਣ ਨਾਲ ਤੇ ਸਿਮਰਨ ਕਰਨ ਨਾਲ ਹੀ ਗੰਗਾ ਮਾਈ ਬਖਸ਼ਸ਼ਾਂ ਦੀ ਝੜੀ ਲਾ ਦੇਂਦੀ ਹੈ। ਰੋਗੀ ਤੇ ਬਿਮਾਰ ਆਦਮੀਆਂ ਨੂੰ ਹਿੰਦੂ ਗੰਗਾ ਦੇ ਕਿਨਾਰੇ ਇਸ ਖਿਆਲ ਨਾਲ ਲਿਆ ਰਖਦੇ ਹਨ ਕਿ ਉਸ ਦੀ ਮੌਤ ਪਵਿਤਰ ਦਰਿਆ ਦੇ ਕੰਢੇ ਉਤੇ ਹੋਵੇ ਤੇ ਉਹ ਸਿੱਧਾ ਸੁਵਰਗ ਵਿਚ ਪਹੁੰਚ ਜਾਏ। ਇਹ ਮੁਰਦਿਆਂ ਦੀਆਂ ਹੱਡੀਆਂ ਦਾ ਬੜਾ ਵੱਡਾ ਕਬਰਿਸਤਾਨ ਹੈ। ਦੂਰ ਦੁਰਾਡੇ ਦੇਸਾਂ ਤੋਂ ਹਿੰਦੂ ਆਪਣੇ ਮੁਰਦਿਆਂ

Sri Satguru Jagjit Singh Ji eLibrary NamdhariElibrary@gmail.com

ਦੀਆਂ ਹੱਡੀਆਂ (ਫੁਲ) ਲਿਆ ਕੇ ਗੰਗਾ ਦੇ ਪਵਿਤਰ ਜਲ ਵਿਚ ਪਰਵਾਹ ਕਰਦੇ ਹਨ, ਕਿਉਂਕਿ ਇਸ ਤਰ੍ਹਾਂ ਕਰਨ ਨਾਲ ਮਰਨ ਵਾਲਿਆਂ ਦੀਆਂ ਆਤਮਾਵਾਂ ਦੀ ਕਲਿਆਣ ਹੋ ਜਾਂਦੀ ਹੈ। ਅਪਰੈਲ ਦੇ ਪਹਿਲੇ ਪਖਵਾੜੇ 'ਚ ਹਰਿਦਵਾਰ ਵਿਚ ਗੰਗਾ ਦੇ ਕਨਾਰੇ ਹਰ ਸਾਲ ਭਾਰੀ ਮੇਲਾ ਲਗਦਾ ਹੈ। ਇਸ ਅਵਸਰ ਉਤੇ ਭਾਰਤ ਦੇ ਹਰ ਹਿਸੇ ਤੋਂ ਹਿੰਦੂ ਯਾਤਰੀ ਆ ਕੇ ਅਸ਼ਨਾਨ ਕਰਦੇ ਅਤੇ ਆਪਣੇ ਪਾਪ ਧੋਂਦੇ ਹਨ।

## ਗਊ ਤੇ ਧਰਤੀ ਮਾਤਾ

ਗਊ ਨਾਲ ਬੜੀ ਸ਼ਰਧਾ ਪਰਗਟ ਕੀਤੀ ਜਾਂਦੀ ਹੈ ਅਤੇ ਧਰਤੀ ਮਾਤਾ ਨੂੰ ਵੀ ਦੇਵੀ ਸਮਝ ਕੇ ਉਸ ਦੀ ਪੂਜਾ ਕੀਤੀ ਜਾਂਦੀ ਹੈ। ਜਦ ਗਊ ਦਾ ਦੁੱਧ ਚੋਇਆ ਜਾਏ ਤਦ ਥਣਾਂ ਵਿਚੋਂ ਨਿਕਲੀ ਪਹਿਲੀ ਧਾਰ ਧਰਤੀ ਉਤੇ ਸੁੱਟੀ ਜਾਂਦੀ ਹੈ। ਇਹ ਧਰਤੀ ਦੇਵੀ ਦੇ ਨਮਿੱਤ ਸਮਝੀ ਜਾਂਦੀ ਹੈ। ਸ਼ਰਾਬ ਜਾਂ ਦਵਾਈ ਪੀਣ ਤੋਂ ਪਹਿਲੇ ਇਹਨਾਂ ਦੇ ਕੁਝ ਤੁਪਕੇ ਧਰਤੀ ਉਤੇ ਛਿੜਕ ਦਿਤੇ ਜਾਂਦੇ ਹਨ। ਮਲੂਮ ਹੁੰਦਾ ਹੈ ਕਿ ਪੁਰਾਤਨ ਈਰਾਨੀਆਂ ਵਿਚ ਵੀ ਇਹੋ ਰਿਵਾਜ ਸੀ, ਜਿਹਾ ਕਿ ਹੇਠ ਲਿਖੀ ਹਾਫਜ਼ ਸ਼ੀਰਾਜ਼ੀ ਦੀ ਕਵਿਤਾ ਤੋਂ ਪ੍ਰਗਟ ਹੈ :—

ਅਗਰ ਸ਼ਰਾਬ ਖੋਰੀ ਜ਼ਰ੍ਹਾਂ ਅਫਸ਼ਾਨਿ ਬਰ ਖ਼ਾਕ।
ਅਜ਼ ਗੁਨਾਹ ਕਿ ਨਫਈ ਰਸਦ ਬਗੈਰ ਚਹਿ ਬਾਕ।

ਅਰਥਾਤ ਜਦੋਂ ਸ਼ਰਾਬ ਪੀਣ ਲਗੋ ਤਦ ਥੋੜੀ ਜਿਹੀ ਜ਼ਮੀਨ ਉਤੇ ਸੁਟ ਦੇਓ, ਕਿਉਂਕਿ ਜਿਸ ਪਾਪ ਨਾਲ ਦੂਜੇ ਨੂੰ ਲਾਭ ਪੁਜੇ ਉਸ ਤੋਂ ਕੋਈ ਹਾਨੀ ਨਹੀਂ ਹੋ ਸਕਦੀ। ਕੁਝ ਤਲਾ ਤੇ ਸਰੋਵਰ ਵੀ ਪਵਿਤਰ ਸਮਝੇ ਜਾਂਦੇ ਹਨ ਅਤੇ ਉਹ ਯਾਤਰਾ ਦੇ ਅਸਥਾਨ ਮੰਨੇ ਗਏ ਹਨ।

## ਸੱਪ ਦੀ ਪੂਜਾ

ਪੰਜਾਬ ਵਿਚ ਸਪ-ਪੂਜਾ ਦਾ ਆਮ ਰਿਵਾਜ ਹੈ ਅਤੇ ਸੱਪ-ਦੇਵਤਾ ਦੀ ਯਾਦ ਵਿਚ ਨਾਗ ਪੰਚਮੀ ਦਾ ਤਿਉਹਾਰ ਵੀ ਮਨਾਇਆ ਜਾਂਦਾ ਹੈ। ਕੁਲੂ ਵਿਚ ਬਹੁਤ ਸਾਰੇ ਮੰਦਰ ਨਾਗ ਦੇ ਨਾਮ ਉਤੇ ਬਣੇ ਹੋਏ ਹਨ ਅਤੇ ਉਹਨਾਂ ਦੀਆਂ ਕਈ ਕਰਾਮਾਤਾ* ਦਸੀਆਂ ਜਾਂਦੀਆਂ ਹਨ। ਬਾਲਾਈ ਬਿਆਸ ਦੀ ਵਾਦੀ ਵਿਚ ਵੀ ਐਸੇ ਕਈ ਮੰਦਰ ਇਹਨਾਂ ਨਾਗਾਂ ਦੀਆਂ ਯਾਦਗਾਰਾਂ ਵਿਚ ਉਸਾਰੇ ਗਏ ਹਨ।

## ਬਿਰਛ ਪੂਜਾ

ਦੇਓਦਾਰ (ਪਵਿਤਰ ਦਾਰੂ) ਦਰਖਤ ਦੀ ਕੁਲੂ ਵਾਦੀ ਵਿਚ ਪੂਜਾ ਕੀਤੀ ਜਾਂਦੀ ਹੈ ਤੇ ਇਸ ਦੇ ਰੂਬਰੂ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ। ਲੋਹੇ ਦੇ ਟੁਕੜੇ ਪੇਸ਼ ਕਰ ਕੇ ਦੇਵਤੇ ਨੂੰ ਪ੍ਰਸੰਨ ਕੀਤਾ ਜਾਂਦਾ ਹੈ। ਇਹ ਦੇਵਤਾ-ਦਰਖਤ ਮਨੁੱਖਾਂ ਤੇ ਪਸ਼ੂਆਂ ਦੇ ਰੋਗ ਦੂਰ ਕਰਦਾ, ਚਰਵਾਹਿਆਂ ਦੇ ਇਜੜਾਂ ਦੀ ਰਾਖੀ ਕਰਦਾ ਅਤੇ ਕਿਸਾਨਾਂ, ਨੂੰ ਚੰਗੀ ਫਸਲ ਬਖਸ਼ਦਾ ਹੈ।

## ਜੰਡ ਦੀ ਪੂਜਾ

ਜੰਡ ਦੇ ਦਰਖਤ ਨੂੰ, ਜੋ ਬੰਜਰ ਧਰਤੀ ਦੀ ਪੈਦਾਵਾਰ ਹੈ, ਜੰਡੀ ਮਾਈ ਆਖਦੇ ਹਨ। ਇਹ ਲੋਕਾਂ ਨੂੰ ਪੁਤਰ ਬਖਸ਼ਦੀ ਹੈ। ਇਸ ਉਪਰ ਫੁੱਲਾਂ ਦੇ ਹਾਰ ਪਾਏ ਜਾਂਦੇ,ਪਖੇ ਝਲੇ ਜਾਂਦੇ ਤੇ ਇਸ ਨੂੰ ਮੁੱਠੀਆਂ ਭਰੀਆਂ ਜਾਂਦੀਆਂ ਹਨ ਤੇ ਇਹ ਸੇਵਾ ਕਈ ਕਈ ਘੰਟੇ ਤੀਕ ਚਾਲੂ ਰਹਿੰਦੀ ਹੈ ਤਾਂ ਜੁ ਮਾਤਾ ਜੰਡੀ ਪ੍ਰਸੰਨ ਹੋਵੇ। ਜੇ ਬਰਾਤ ਦੇ ਰਾਹ ਵਿਚ ਨੇੜੇ ਜੰਡੀ ਦਾ ਬਿਰਛ ਹੋਵੇ ਤਦ ਸਾਰੀ ਬਰਾਤ ਓਥੇ ਜਾ ਕੇ ਸੁਖਣਾ ਸੁਖਦੀ ਹੈ। ਜੇ ਜੰਡੀ ਦੂਰ ਹੋਵੇ ਤਦ ਵੀ ਉਸ ਵਿਚ ਮਰਦਾਂ ਤੇ ਤੀਵੀਆਂ ਨੂੰ ਪ੍ਰਸੰਨ ਰਖਣ ਦੀ ਸ਼ਕਤੀ ਮੰਨੀ ਜਾਂਦੀ ਹੈ। ਝੰਗ ਤੇ ਮੁਲਤਾਨ ਦੇ ਜ਼ਿਲਿਆਂ ਵਿਚ ਕਈ ਵਾਰ ਹਿੰਦੂ ਲੜਕੀ ਨੂੰ ਜੰਡੀ ਦੇ ਰੂਬਰੂ ਸਿਰ ਝੁਕਾਈ ਇਹ ਗਾਉਂਦੀ ਵੇਖਿਆ ਜਾਂਦਾ ਹੈ :—ਜੰਡੀ ਦੇ ਵਡੇ ਦਰਬਾਰ ਬਚੜਾ ਲੈਣ ਆਈ ਆਂ। ਅਰਥਾਤ ਜੰਡੀ ਦੇ ਦਰਬਾਰ ਵਿਚੋਂ ਮੈਂ ਬਚੜੇ ਦੀ ਬਖਸ਼ੀਸ਼ ਲੈਣ ਆਈ ਹਾਂ। ਇਕ ਹੋਰ ਲੜਕੀ ਜੰਡੀ ਦੇ ਰੂਬਰੂ ਖੜੀ ਇਹ ਗੀਤ ਗਾ ਰਹੀ ਹੈ :—

ਜੰਡੀ ਦੇ ਦਰਬਾਰ ਜੋਤਾਂ ਜਾਗਦੀਆਂ,
ਮੇਰੀ ਝੋਲੀ ਵੀਰ ਖਡਾ, ਜੋਤਾਂ ਜਾਗਦੀਆਂ।

## ਪੱਥਰ ਪੂਜਾ

ਜਿਨ੍ਹਾਂ ਪੱਥਰਾਂ ਵਿਚ ਕੋਈ ਵਿਸ਼ੇਸ਼ਤਾ ਹੁੰਦੀ ਹੈ ਉਸ ਦੀ ਪੂਜਾ ਕੀਤੀ ਜਾਂਦੀ ਹੈ। ਜ਼ਿਲਾ ਗੁਰਦਾਸ ਪੁਰ ਦੇ ਨਗਰ ਕਲਾਨੌਰ ਵਿਚ ਇਕ ਕਾਲੇ ਪੱਥਰ ਦੀ ਪਹਾੜੀ ਚਟਾਨ ਹੈ ਜਿਸ ਦੀ ਪੂਜਾ ਲਈ ਆਸ ਪਾਸ ਤੋਂ ਹਜ਼ਾਰਾਂ ਲੋਕ ਜਮ੍ਹਾਂ ਹੁੰਦੇ ਹਨ। ਇਸ ਚੱਟਾਨ ਉਤੇ ਇਕ ਵੱਡੀ ਸਾਰੀ ਮੂਰਤੀ ਉਕਰੀ ਹੋਈ ਹੈ ਅਤੇ ਇਸ ਨੂੰ ਮਹਾਂਦੇਓ ਦੀ ਗੱਦੀ ਆਖਦੇ ਹਨ।

## ਸੁਵਰਗੀ ਸੰਤਾਂ ਦੀ ਪੂਜਾ

ਜਿਹੜੇ ਸੰਤ ਮਹਾਤਮਾ ਸੁਵਰਗਵਾਸ ਹੋ ਜਾਂਦੇ ਹਨ, ਉਹਨਾਂ ਦੀ ਵੀ ਪੂਜਾ ਹੁੰਦੀ ਹੈ। ਇਹਨਾਂ ਸੰਤਾਂ ਦੀ ਪੂਜਾ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਵਿਚ ਆਮ ਹੈ। ਨਗਾਹੀਆ ਦੇ ਮੁਕਾਮ ਉਤੇ ਸੰਤ ਸਖ਼ੀ ਸਰਵਰ ਦੀ ਸਮਾਧ-ਜ਼ਿਲਾ ਮਲਤਾਨ ਵਿਚ ਬਾਬਾ ਫ਼ਰੀਦ ਸ਼ਕਰ ਗੰਜ ਦੀ, ਪਾਕਪਟਨ ਜ਼ਿਲਾ ਮਿੰਟਗੁਮਰੀ ਵਿਚ, ਬੂ ਅਲੀ ਕਲੰਦਰ ਦੀ ਪਾਨੀਪਤ ਜ਼ਿਲਾ ਕਰਨਾਲ ਵਿਚ ਅਤੇ ਮਾਈ ਹੀਰ ਦੀ ਝੰਗ ਵਿਚ ਐਸੀਆਂ ਮਿਸਾਲਾਂ ਹਨ ਜਿਥੇ ਹਿੰਦੂ ਤੇ ਮੁਸਲਮਾਨ ਦੋਵੇਂ ਇਕੱਠੇ ਹੁੰਦੇ ਤੇ ਯਾਤਰਾ ਕਰਦੇ ਹਨ। ਪੀਰ ਦਸਤਗੀਰ ਜੀਲਾਨੀ ਨਾਮੀ ਮੁਸਲਮਾਨ ਪੀਰ ਉਪਰ ਕਈ ਹਿੰਦੂਆਂ ਨੂੰ ਸ਼ਰਧਾ ਹੈ ਅਤੇ ਉਹ ਉਸ ਦੇ ਮਕਬਰੇ ਉਪਰ ਲਡੂ ਚੜ੍ਹਾਉਂਦੇ ਹਨ। ਮੁਸਲਮਾਨਾਂ ਦੇ ਨਿਸਚੇ ਅਨੁਸਾਰ ਖ਼ਵਾਜਾ ਖ਼ਿਜ਼ਰ ਦੇ ਸਪੁਰਦ ਮੁਸਾਫ਼ਰਾਂ ਤੇ ਦਰਿਆਵਾਂ ਦੀ ਰਖਿਆ ਦਾ ਕੰਮ ਹੈ। ਹਿੰਦੂ ਵੀ ਇਸ ਦੀ ਪੂਜਾ ਕਰਦੇ ਹਨ, ਹਿੰਦੂ ਇਸ ਨੂੰ ਜਲ ਦਾ ਦੇਵਤਾ ਮੰਨਦੇ ਹਨ ਅਤੇ ਇਸ ਦੀ ਯਾਦ ਵਿਚ ਦਰਿਆਵਾਂ ਤੇ ਨਹਿਰਾਂ ਦੇ ਕੰਢਿਆਂ ਉਤੇ ਅਥਵਾ ਖੂਹਾਂ ਦੀਆਂ ਮੁੰਡੇਰਾਂ ਉਪਰ ਦੀਵੇ ਜਗਾਏ ਜਾਂਦੇ ਹਨ।

## ਆਤਮਾ ਦੇ ਆਵਾਗਉਨ ਵਿਚ ਨਿਸ਼ਚਾ

ਆਤਮਾਵਾਂ ਦੇ ਆਵਾਗਉਨ ਦਾ ਨਿਸ਼ਚਾ ਹਿੰਦੂ ਧਰਮ ਦਾ ਵੱਡਾ

* "ਕੁਲੂ, ਲਾਹੂਲ ਅਤੇ ਸਪਿਟੀ ਦੇ ਪਰਬਤੀ ਜ਼ਿਲੇ" ਰਚਿਤ ਕੈਪਟਨ ਏ. ਐਫ. ਵੀ. ਹਾਰਕੋਰਟ, ਬੰਗਾਲ ਸਟਾਫ ਕੂਰ, ਅਸਿਸਟੈਂਟ ਕਮਿਸ਼ਨਰ ਪੰਜਾਬ। ਇਹਨਾਂ ਮੰਦਰਾਂ ਦਾ ਜ਼ਿਕਰ ਕਰਦੇ ਹੋਏ ਲੇਖਕ ਦਸਦਾ ਹੈ ਕਿ ਇਹਨਾਂ ਵਿਚ ਰਖੀਆਂ ਹੋਈਆਂ ਨਾਗ ਦੀਆਂ ਮੂਰਤੀਆਂ ਦਰਵਾਜ਼ਿਆਂ ਦੇ ਲਿੰਟਰਾਂ ਦੇ ਨਾਲ ਲਕੜ ਦੀਆਂ ਬਣਾਈਆਂ ਜਾਂ ਲੋਹੇ ਦੀਆਂ ਢਾਲੀਆਂ ਹੋਈਆਂ ਦਰਵਾਜ਼ਿਆਂ ਨਾਲ ਪੇਚਾਂ ਰਾਹੀਂ ਜੋੜੀਆਂ ਹੁੰਦੀਆਂ ਹਨ।

Sri Satguru Jagjit Singh Ji eLibrary NamdhariElibrary@gmail.com

ਅੰਗ ਸਮਝਿਆ ਜਾਂਦਾ ਹੈ। ਜਦ ਤੀਕ ਕਿ ਆਤਮਾ ਦੀ ਪੂਰਨ ਮੁਕਤੀ ਨਹੀਂ ਹੋ ਜਾਂਦੀ, ਜੀਵ ਨੂੰ ਮੁੜ ਮੁੜ ਓਦੋਂ ਤੀਕ ਜਨਮ ਲੈਣਾ ਪੈਂਦਾ ਹੈ, ਜਦ ਤੀਕ ਕਿ ਉਹ ਮੁਕਤੀ ਪ੍ਰਾਪਤ ਨਹੀਂ ਕਰ ਲੈਂਦਾ। ਮੁਕਤੀ ਪ੍ਰਾਪਤ ਕਰਨ ਲਈ ਮਨੂ ਨੇ ਆਪਣੇ ਧਰਮ ਸ਼ਾਸਤਰ ਵਿਚ ਕੁਝ ਨਿਯਮ ਨੀਯਤ ਕਰ ਦਿਤੇ ਹਨ। ਇਕ ਵੱਡਾ ਨਿਯਮ ਇਹ ਹੈ ਕਿ ਇਸ ਸਰੀਰ ਨੂੰ ਸਭ ਕਿਸਮ ਦੀਆਂ ਇੱਛਾਵਾਂ ਤੋਂ ਸਵਤੰਤਰ ਕੀਤਾ ਜਾਏ ਤੇ ਸਾਰੇ ਸੰਸਾਰਕ ਸੰਬੰਧਾਂ ਤੋਂ ਮੁਕਤੀ ਹਾਸਲ ਕਰ ਲਈ ਜਾਏ। ਧਰਮਾਤਮਾ ਲੋਕਾਂ ਦਾ ਧਰਮ ਹੈ ਕਿ ਉਹ ਕਿਸੇ ਜ਼ਿੰਦਾ ਜੀਵ ਨੂੰ ਨਾ ਤੇ ਦੁੱਖ ਦੇਣ ਤੇ ਨਾ ਹੀ ਉਸ ਨੂੰ ਜਾਨੋਂ ਮਾਰਨ ਕਿਉਂਕਿ ਸੰਭਵ ਹੈ ਕਿ ਮਾਰੇ ਜਾਣ ਵਾਲੇ ਜੀਵ ਵਿਚ ਕਿਸੇ ਐਸੇ ਪਰਾਨੀ ਦੀ ਆਤਮਾ ਹੋਵੇ, ਜਿਸ ਨੂੰ ਉਹ ਕਦੇ ਦੁੱਖ ਦੇਣਾ ਨਾ ਚਾਹੁੰਦੇ, ਜੇ ਉਹ ਉਹਨਾਂ ਵਾਂਗ ਜ਼ਿੰਦਾ ਹੁੰਦਾ। ਸਵਰਗ ਜਾਂ ਨਰਕ ਉਹਨਾਂ ਕਰਮਾਂ ਦੇ ਮੁਤਾਬਕ ਭੁਗਤਨਾ ਪੈਂਦਾ ਹੈ, ਜੋ ਮਨੁਖ ਏਥੇ ਕਰਦਾ ਹੈ। ਬਿਆਨ ਕੀਤਾ ਜਾਂਦਾ ਹੈ ਕਿ ਇਕ ਬਰਾਹਮਣ ਨੇ ਡਿੱਠਾ ਕਿ ਸ਼ਾਮ ਦੀ ਸੈਰ ਸਮੇਂ ਇਕ ਸੁੰਦਰ ਅੰਗਰੇਜ਼ ਲੇਡੀ ਨੇ ਇਕ ਸੁੰਦਰ ਬਿੱਲੀ ਨੂੰ ਕੁਛੜ ਚੁਕ ਰਖਿਆ ਹੈ। ਇਹ ਵੇਖ ਕੇ ਉਹ ਹੈਰਾਨੀ ਨਾਲ ਸੜਕ ਦੇ ਇਕ ਪਾਸੇ ਖੜਾ ਹੋ ਗਿਆ ਤੇ ਉਸ ਦੇ ਮੂੰਹੋਂ ਸੁਤੇ-ਸਿਧ ਨਿਕਲ ਗਿਆ ਰਾਮ ! ਰਾਮ !! ਇਸ ਜਾਨਵਰ ਨੇ ਪਿਛਲੇ ਜਨਮ ਵਿਚ ਕੋਈ ਚੰਗੇ ਕਰਮ ਕੀਤੇ ਹੋਣਗੇ ਕਿ ਹੁਣ ਫ਼ਰੰਗਣ ਦੀ ਗੋਦੀ ਵਿਚ ਮੌਜ ਲੁਟ ਰਿਹਾ ਹੈ।

## ਜ਼ਾਤ ਪਾਤ ਦਾ ਰਿਵਾਜ

ਹਿੰਦੂਆਂ ਦੇ ਸਮਾਜਕ ਜੀਵਨ ਵਿਚ ਜ਼ਾਤ ਪਾਤ ਦਾ ਰਿਵਾਜ ਐਨੀ ਡੂੰਘੀ ਜੜ੍ਹ ਫੜ ਗਿਆ ਹੈ ਕਿ ਹੁਣ ਇਸ ਨੂੰ ਹਿੰਦੂ ਧਰਮ ਦਾ ਹੀ ਇਕ ਅੰਗ ਸਮਝਿਆ ਜਾਂਦਾ ਹੈ। ਧਾਰਮਕ ਰੀਤਾਂ ਰਸਮਾਂ ਇਕ ਪਰਕਾਰ ਨਾਲ ਸੌਦੇ ਬਾਜ਼ੀ ਬਣ ਗਈਆਂ ਹਨ ਅਤੇ ਖ਼ਾਨਦਾਨੀ ਪ੍ਰੋਹਤੀ ਦਾ ਰਿਵਾਜ ਆਮ ਹੋ ਗਿਆ ਹੈ। ਇਸ ਨੂੰ ਅਸੀਂ ਨਵੀਨ ਹਿੰਦੂਪਨ ਆਖ ਸਕਦੇ ਹਾਂ ਜੋ ਕਿ ਵੇਦਕ ਜ਼ਮਾਨੇ ਤੋਂ ਉੱਕਾ ਹੀ ਅੱਡਰਾ ਹੈ।

## ਬਰਾਹਮਣ ਅਤੇ ਉਹਨਾਂ ਦੇ ਵਿਸ਼ੇਸ਼ ਅਧਿਕਾਰ

ਹੌਲੀ ਹੌਲੀ ਆਤਮਕ ਸ਼ਕਤੀ ਨੇ ਆਪਣਾ ਸਿਰ ਚੁਕਿਆ ਅਤੇ ਅਫਿਰਕੂ ਸ਼ਕਤੀ ਦਾ ਅੰਤ ਹੋ ਗਿਆ। ਬਰਾਹਮਣ ਲੋਕਾਂ ਦੇ ਖ਼ਿਆਲਾਂ ਉਪਰ ਐਨੇ ਛਾ ਗਏ ਕਿ ਉਹ ਸੁਸਾਇਟੀ ਦੇ ਸਰਗਰਮ ਤੇ ਲਾਭਵੰਦ ਮੈਂਬਰ, ਸਲਾਹਕਾਰ, ਮੈਜਿਸਟਰੇਟ ਅਤੇ ਫ਼ੌਜੀ ਕਮਾਂਡਰ ਹੋਣ ਦੀ ਥਾਂ ਸੁਸਤ, ਲਾਲਚੀ ਤੇ ਵਹਿਮੀ ਲੋਕਾਂ ਦਾ ਫ਼ਿਰਕਾ ਬਣ ਕੇ ਰਹਿ ਗਏ। ਦੂਜੇ ਬਹੁਤ ਸਾਰੇ ਟੈਕਸ ਉਗਰਾਹੁਣ ਵਾਲਿਆਂ ਵਾਂਗ ਉਹ ਵੀ ਉਹਨਾਂ ਅਣਗਿਣਤ ਰਸਮਾਂ ਲਈ ਰਿਵਾਜੀ ਟੈਕਸ ਉਗਰਾਹੁਣ ਦੇ ਆਦੀ ਹੋ ਗਏ ਜੋ ਕਿ ਚਾਲੂ ਹੋ ਗਈਆਂ ਸਨ। ਬਰਾਹਮਣਾਂ ਨੂੰ ਜਿਨ੍ਹਾਂ ਅਵਸਰਾਂ ਉਤੇ ਭੋਜਨ ਕਰਾਇਆ ਜਾਂਦਾ, ਉਹਨਾਂ ਦੀ ਗਿਣਤੀ ਥੋੜੀ ਨਹੀਂ। ਮਨੁੱਖ ਦੇ ਮਰਨ ਉਤੇ ਪਲੰਘ, ਘੋੜੇ, ਬਸਤਰ, ਬਰਤਨ, ਤੇ ਰੋਜ਼ਾਨਾ ਵਰਤੋਂ ਦੀਆਂ ਹੋਰ ਅਨੇਕਾਂ ਚੀਜ਼ਾਂ ਬਰਾਹਮਣਾਂ ਨੂੰ ਦਿਤੀਆਂ ਜਾਂਦੀਆਂ, ਕਿਉਂਕਿ ਇਹਨਾਂ ਤੋਂ ਬਗ਼ੈਰ ਮਰਨ ਵਾਲੇ ਨੂੰ ਅਗਲੇ ਜਹਾਨ ਬੜੀ ਔਕੜ ਪੇਸ਼ ਪੈਂਦੀ ਸਮਝੀ ਜਾਂਦੀ। ਚਾਰਪਾਈ ਦੇ ਨਾਲ ਹੀ ਸਿਰਹਾਨਾ, ਕੰਬਲ ਤੇ ਦੂਜੀਆਂ ਲੁੜੀਂਦੀਆਂ ਵਸਤਾਂ ਵੀ ਜ਼ਰੂਰ ਦਿਤੀਆਂ ਜਾਂਦੀਆਂ, ਕਿਉਂ ਜੁ ਉਹਨਾਂ ਦੇ ਨਿਸ਼ਚੇ ਅਨੁਸਾਰ ਜੋ ਸ਼ੈ ਬਰਾਹਮਣ ਨੂੰ ਇਸ ਸੰਸਾਰ ਵਿਚ ਦਿਤੀ ਜਾਏ, ਉਹੋ ਸ਼ੈ ਸੁਵੱਰਗ-ਵਾਸੀ ਨੂੰ ਅਗਲੇ ਜਹਾਨ ਮਿਲ ਜਾਂਦੀ ਹੈ। ਉਹ ਚਾਰਪਾਈ ਉਤੇ ਮਜ਼ੇ ਨਾਲ ਸੌਂਦਾ, ਘੋੜੇ ਉਤੇ ਸਵਾਰੀ ਕਰਦਾ ਅਤੇ ਉਹ ਸਭ ਪੁਸ਼ਾਕਾਂ ਪਾਉਂਦਾ ਹੈ ਜੋ ਬਰਾਹਮਣਾਂ ਨੂੰ ਦਿਤੀਆਂ ਜਾਣ। ਬਰਾਹਮਣ ਰਖਵਾਲਾ ਸਮਝਿਆ ਜਾਂਦਾ ਹੈ ਅਤੇ ਨਾਲ ਹੀ ਇਕ ਐਸਾ ਵਸੀਲਾ ਜਿਸ ਦੀ ਮਾਰਫ਼ਤ ਤੁਹਾਡੀਆਂ ਵਸਤਾਂ ਹਿਫ਼ਾਜ਼ਤ ਨਾਲ ਤੁਹਾਡੇ ਮਿੱਤਰਾਂ, ਸੰਬੰਧੀਆਂ ਨੂੰ ਅਗਲੇ ਜਹਾਨ ਪਹੁੰਚ ਜਾਂਦੀਆਂ ਹਨ। ਇਸ ਦੁਨੀਆਂ ਵਿਚ ਬਰਾਹਮਣ ਨੂੰ ਜਿੰਨਾ ਸੁਖੀ ਕੀਤਾ ਜਾਏ, ਅਗਲੇ ਜਹਾਨ ਉਹਨਾਂ ਹੀ ਮ੍ਰਿਤ ਮਿੱਤਰ ਜਾਂ ਸੰਬੰਧੀ ਨੂੰ ਸੁਖ ਪੁਜਦਾ ਹੈ। ਇਸ ਪਰਕਾਰ ਇਹ ਬਰਾਹਮਣ ਸਾਰੀ ਦੀ ਸਾਰੀ ਕੌਮ ਪਾਸੋਂ ਹੀ ਪੈਨਸ਼ਨਾਂ ਖਾਂਦੇ ਹਨ। ਜਿਹੜਾ ਮਨੁਖ ਬਰਾਹਮਣ ਨਾਲ ਕੀਤਾ ਕੌਲ ਇਕਰਾਰ ਤੋੜਦਾ ਹੈ ਅਥਵਾ ਬਰਾਹਮਣ ਨੂੰ ਹਾਨੀ ਪੁਚਾਉਂਦਾ ਹੈ, ਉਹ ਮਰਨ ਮਗਰੋਂ ਸ਼ੈਤਾਨ (ਪ੍ਰੇਤ-ਆਤਮਾ) ਦਾ ਜਨਮ ਧਾਰਦਾ ਹੈ, ਜੰਗਲਾਂ ਵਿਚ ਭਟਕਦਾ ਤੇ ਸਦਾ ਦੁੱਖ ਪਾਉਂਦਾ ਹੈ। ਬਿਆਨ ਕੀਤਾ ਜਾਂਦਾ ਹੈ ਕਿ ਲੂਮੜੀ ਨੂੰ ਮਾਸ ਖਾਂਦਿਆਂ ਤਕ ਕੇ ਇਕ ਬਾਂਦਰ ਦੇ ਮੂੰਹ ਵਿਚ ਪਾਣੀ ਭਰ ਆਇਆ ਅਤੇ ਉਸ ਨੇ ਇਉਂ ਕਲਿਆਨ ਕਰਨੀ ਸ਼ੁਰੂ ਕੀਤੀ :-

"ਪਿਆਰੀ ਭੈਣ ! ਤੇਰੀ ਇਸ ਔਕੜ ਵਿਚ ਮੈਨੂੰ ਬੜੀ ਹਮਦਰਦੀ ਹੈ ਤੇ ਮੈਨੂੰ ਤੇਰੇ ਉਤੇ ਬੜਾ ਤਰਸ ਆਉਂਦਾ ਹੈ। ਤੈਨੂੰ ਇਹੋ ਜਿਹੀ ਗੰਦੀ ਸ਼ੈ ਉਤੇ ਗੁਜ਼ਾਰਾ ਕਰਨਾ ਪੈਂਦਾ ਹੈ, ਤੂੰ ਜ਼ਰੂਰ ਆਪਣੇ ਪਿਛਲੇ ਜਨਮ ਵਿਚ ਕੋਈ ਬੱਜਰ ਪਾਪ ਕੀਤਾ ਹੈ।"

ਗ਼ਰੀਬ ਲੂਮੜੀ ਨੇ ਹੰਝੂ ਕੇਰਦਿਆਂ ਆਖਿਆ, "ਅਫ਼ਸੋਸ ਮੇਰੇ ਭਰਾਵਾ ! ਮੈਂ ਵੀ ਕਦੇ ਮਨੁਖ ਹੁੰਦੀ ਸਾਂ। ਬਰਾਹਮਣ ਨਾਲ ਇਕਰਾਰ ਕਰ ਕੇ ਪੂਰਾ ਨਾ ਕਰ ਸਕੀ। ਉਸੇ ਦੋਸ਼ ਦੀ ਸਜ਼ਾ ਹੁਣ ਭੁਗਤ ਰਹੀ ਹਾਂ। ਹੁਣ ਮੈਨੂੰ ਇਹੋ ਜਿਹਾ ਹੀ ਜੀਵਨ ਜੀਊਣਾ ਪੈਣਾ ਹੈ ਜਦ ਤੀਕ ਕਿ ਮੇਰੀ ਮੁਕਤੀ ਨਹੀਂ ਹੋ ਜਾਂਦੀ।"

ਜਨਮ ਦੀ ਘੜੀ ਤੋਂ ਲੈ ਕੇ ਸਰੀਰ ਵਿਚੋਂ ਆਤਮਾ ਦੇ ਨਿਕਲ ਜਾਣ ਤੀਕ ਧਰਮਾਤਮਾ ਲੋਕਾਂ ਦੇ ਦਿਲ ਦਿਮਾਗ਼ ਉਤੇ ਜਿਹੜਾ ਵਿਸ਼ਾ ਛਾਇਆ ਰਹਿੰਦਾ ਹੈ ਉਹ ਪਵਿਤਰ ਬਰਾਹਮਣ ਦਾ ਹੈ। ਬਰਾਹਮਣ ਦੇ ਪੈਰਾਂ ਦੀ ਚਰਨ ਧੂੜ ਰੋਗ ਹਟਾਉਂਦੀ, ਪ੍ਰੇਤ ਆਤਮਾਵਾਂ ਤੋਂ ਰਖਿਆ ਕਰਦੀ ਤੇ ਪਾਪ ਧੋਣ ਲਈ ਅੰਮ੍ਰਿਤ ਸਮਝੀ ਜਾਂਦੀ ਹੈ। ਇਹਨਾਂ ਦੀ ਪ੍ਰਸੰਨਤਾ ਵਿਚ ਦੇਵਤਿਆਂ ਦੀ ਪ੍ਰਸੰਨਤਾ ਤੇ ਇਹਨਾਂ ਦੇ ਕ੍ਰੋਧ ਨੂੰ ਈਸ਼ਵਰ ਦਾ ਕ੍ਰੋਧ ਸਮਝਿਆ ਜਾਂਦਾ ਹੈ। ਇਹ ਲੋਕ ਦੇਵਤਿਆਂ ਦੇ ਮੁਖ ਮੰਨੇ ਜਾਂਦੇ ਹਨ।"

## ਭਾਰਤੀ ਮੁਸਲਮਾਨਾ ਉਤੇ ਹਿੰਦੂ ਰੀਤਾਂ ਦਾ ਪ੍ਰਭਾਵ

ਭਾਰਤ ਦੇ ਮੁਸਲਮਾਨ ਵੀ ਆਪਣੀ ਕੌਮ ਵਿਚੋਂ ਜ਼ਾਤ ਪਾਤ ਦੇ ਅਸਰ ਨੂੰ ਮਿਟਾ ਨਹੀਂ ਸਕੇ, ਕਿਉਂਕਿ ਜਿਥੇ ਤੁਰਕੀ, ਅਰਬ, ਅਤੇ ਮਿਸਰ ਦੇ ਮੁਸਲਮਾਨ ਈਸਾਈਆਂ ਨਾਲ ਮਿਲਕੇ ਖਾਂਦੇ ਪੀਂਦੇ ਹਨ ਉਥੇ ਭਾਰਤ ਦੇ ਮੁਸਲਮਾਨ ਨਾ ਤੇ ਈਸਾਈਆਂ ਨਾਲ ਖਾਂਦੇ ਪੀਂਦੇ ਹਨ ਅਤੇ ਨਾ ਹੀ ਉਹਨਾਂ ਦਾ ਤਿਆਰ ਕੀਤਾ ਖਾਣਾ ਹੀ ਖਾਂਦੇ ਹਨ। ਜਿਥੋਂ ਤੀਕ ਆਮ ਜੰਨਤਾ ਦਾ ਸੰਬੰਧ ਹੈ ਭਾਰਤੀ ਮੁਸਲਮਾਨ ਇਕ ਵਖਰੀ ਹੀ ਕੌਮ ਹਨ। ਮੁਸਲਮਾਨਾਂ ਦੀਆਂ ਉੱਚੀਆਂ ਜਾਤੀਆਂ ਕੇਵਲ ਆਪਣੀ ਜਾਤ ਵਿਚ ਹੀ ਵਿਆਹ ਸ਼ਾਦੀਆਂ ਕਰਦੀਆਂ ਹਨ। ਉਹ ਆਪਣੀ ਲੜਕੀ ਦੀ ਸ਼ਾਦੀ ਕਿਸੇ ਹਲਕੀ ਜਾਤੀ ਦੇ ਮੁਸਲਮਾਨ ਨਾਲ ਕਰਨ ਲਈ ਤਿਆਰ ਨਹੀਂ ਤੇ ਨਾ ਹੀ ਆਪਣੇ ਤੋਂ ਘਟੀਆ ਜਾਤੀ ਦੀ ਲੜਕੀ ਲੈਣ ਲਈ ਹੀ ਤਿਆਰ ਹੁੰਦੇ ਹਨ। ਸਵਾਏ ਹਿੰਦੁਸਤਾਨ ਦੇ ਦੁਨੀਆਂ ਦੇ ਬਾਕੀ ਮੁਸਲਮਾਨੀ ਦੇਸਾਂ ਵਿਚ ਇਹੋ ਜਿਹੀਆਂ ਪਾਬੰਦੀਆਂ ਕਿਧਰੇ ਨਜ਼ਰ ਨਹੀਂ ਆਉਂਦੀਆਂ। ਸਦੀਆਂ ਦਾ ਜਾਤ ਪਾਤ ਦਾ ਤਅਸਬ ਲੋਕਾਂ ਦੀ ਵਰਾਸਤ ਬਣ ਗਿਆ ਹੈ। ਇਹ ਉਹਨਾਂ ਦਾ ਆਮ ਕਾਨੂੰਨ ਬਣ ਚੁਕਾ ਹੈ। ਬੁੱਧ ਧਰਮ ਨੇ ਮਨੁਖ ਜਾਤੀ ਵਿਚ ਸਾਂਝੇ ਭਰਾਤਰੀ ਭਾਵ ਨੂੰ ਪ੍ਰਚਲਤ ਕੀਤਾ। ਉਸ ਨੇ ਸਦੀਆਂ ਤੀਕ ਜਾਤ ਪਾਤ ਵਰੁਧ ਜਹਾਦ ਖੜਾ ਰਖਿਆ ਪਰ ਉਸ ਦਾ ਪ੍ਰਚਾਰ ਸਭ ਵਿਰਥਾ ਗਿਆ ਕਿਉਂਕਿ ਲੋਕ ਜਾਤ ਪਾਤ ਦੇ ਬੰਧਨਾਂ ਵਿਚ ਮੁੜ ਬੱਝ ਗਏ। ਸੀਲੋਨ ਵਿਚ ਬੁਧ ਧਰਮ ਬਾਕੀ

ਬਚਿਆ ਹੈ । ਉਥੇ ਵੀ ਇਸ ਧਰਮ ਦੇ ਨਾਲ ਹੀ ਨਾਲ ਜਾਤ ਪਾਤ ਮੌਜੂਦ ਹੈ । ਮਹਾਨ ਵਡੇ (ਗੁਰੂ) ਨਾਨਕ ਨੇ ਸਭ ਕੌਮਾਂ ਵਿਚਾਲੇ ਭਾਈਚਾਰਕ ਏਕਤਾ ਦਾ ਪ੍ਰਚਾਰ ਕੀਤਾ ਤੇ ਸਭ ਕੌਮਾਂ ਨੂੰ ਇਕ ਸਾਂਝੀ ਲੜੀ ਵਿਚ ਪਰੋ ਦਿਤਾ । ਉਹਨਾਂ ਦੇ ਪਿਛਲੱਗ ਸਦੀਆਂ ਤੀਕ ਆਪਣੇ ਗੁਰੂ ਦੀ ਸਿਖਿਆ ਨੂੰ ਕਾਇਮ ਰਖਣ ਲਈ ਜਤਨ ਕਰਦੇ ਰਹੇ। ਹੁਣ ਉਹਨਾਂ ਵੀ ਆਪਣੇ ਇਰਦ ਗਿਰਦ ਜਾਤ ਪਾਤ ਦੀ ਅਟੁਟ ਕੰਧ ਖੜੀ ਕਰ ਲਈ ਹੈ।

## ਹਿੰਦ ਵਿਚ ਜਾਤ ਪਾਤ ਨਵੀਂ ਚੀਜ਼ ਨਹੀਂ

ਜਾਤ ਪਾਤ ਦਾ ਰਿਵਾਜ ਕਹਿਣ ਮਾਤਰ ਨੂੰ ਬੁਰਾ ਹੈ । ਸਦਾਚਾਰਕ ਤੌਰ ਉਤੇ ਇਸ ਨੂੰ ਤਦ ਹੀ ਭੈੜਾ ਕਹਿਣਾ ਚਾਹੀਦਾ ਹੈ ਜੇ ਇਹ ਹੰਕਾਰ ਜਾਂ ਬਰਤਰੀ ਦੇ ਅਸਰ ਹੇਠ ਲੋਕਾਂ ਅੰਦਰ ਇਕ ਦੂਜੇ ਵਿਰੁਧ ਘਿਰਣਾ ਉਤਪਨ ਕਰੇ । ਜਿਥੋਂ ਤੀਕ ਆਮ ਵਰਤੋਂ ਦਾ ਸੰਬੰਧ ਹੈ ਹਿੰਦ ਵਿਚ ਇਸ ਦਾ ਇਹ ਅਸਰ ਨਹੀਂ । ਕੇਵਲ ਹਿੰਦੂਆਂ ਵਿਚ ਹੀ, ਜਿਹਨਾਂ ਨੂੰ ਉਚੇਰੀ ਸਿਖਿਆ ਪ੍ਰਾਪਤ ਕਰਨ ਦਾ ਮਾਣ ਹੈ, ਇਹੋ ਜੇਹੀਆਂ ਭਾਈਚਾਰਕ ਪਾਬੰਦੀਆਂ ਕਾਇਮ ਹਨ ਜਿਹੋ ਜਹੀਆਂ ਕਿ ਪੱਛਮੀ ਦੇਸਾਂ ਵਿਚ ਪਾਈਆਂ ਜਾਂਦੀਆਂ ਹਨ । ਪੁਰਾਤਨ ਰੋਮਨ ਲੋਕਾਂ ਵਿਚਾਲੇ ਪੈਟਰੀਸ਼ੀਅਨ ਤੇ ਪਲੈਬੀਅਨ ਦਾ ਜਿਹੜਾ ਪਾੜਾ ਸੀ ਉਹ ਵੀ ਲਾਜ਼ਮੀ ਤੌਰ ਉਤੇ ਜਾਤ ਪਾਤ ਦਾ ਹੀ ਪਾੜਾ ਸੀ । ਪੁਰਾਤਨ ਮਿਸਰੀ ਲੋਕਾਂ ਵਿਚ ਨੌਕਰੀਆਂ ਦੀ ਵਿਰਾਸਤੀ ਵੰਡ ਵੀ ਜਾਤ ਪਾਤ ਦੇ ਰਿਵਾਜ ਨਾਲ ਹੀ ਮਿਲਦੀ ਜੁਲਦੀ ਹੈ । ਹਿੰਦੁਸਤਾਨ ਵਿਚ ਜਿਸ ਚੀਜ਼ ਨੂੰ ਜਾਤ ਪਾਤ ਕਿਹਾ ਜਾਂਦਾ ਹੈ ਉਹ ਕੌਮਾਂ ਦਾ ਅਣ ਲਿਖਿਆ ਕਾਨੂੰਨ ਹੈ, ਜਿਸ ਦੀ ਰੂ ਨਾਲ ਉਹ ਭਾਈਚਾਰਕ ਤੇ ਧਾਰਮਿਕ ਮਾਮਲਿਆਂ ਵਿਚ ਇਕ ਦੂਜੇ ਨਾਲ ਗੰਢ ਜੋੜ ਕਰ ਲੈਂਦੇ ਹਨ । ਯੂਰਪ ਵਿਚ, ਅਰਬ ਵਿਚ ਤੇ ਈਰਾਨ ਵਿਚ ਹਰ ਕੋਈ ਆਪਣੀ ਵਖਰੀ ਹੀ ਮੇਜ਼ ਲਾ ਬੈਠਦਾ ਹੈ । ਸੁਸਾਇਟੀ ਵਿਚ ਇਕ ਵਸ਼ਸ਼ ਸ਼ਰੇਣੀ ਦੇ ਲੋਕ ਆਮ ਤੌਰ ਉਤੇ ਉਹਨਾਂ ਲੋਕਾਂ ਨਾਲ ਹੀ ਰਿਸ਼ਤੇ ਜੋੜਦੇ ਹਨ ਜਿਹੜੇ ਉਹਨਾਂ ਦੀ ਪੱਧਰ ਦੇ ਪਤਵੰਤੇ ਹੋਣ । ਜਿਹੜੇ ਲੋਕ ਭਾਈਚਾਰਕ ਤੌਰ ਉਤੇ ਉਹਨਾਂ ਨਾਲੋਂ ਘਟੀਆ ਦਰਜੇ ਦੇ ਹੋਣ ਉਹਨਾਂ ਨਾਲ ਸੰਬੰਧ ਕਾਇਮ ਕਰਨ ਤੋਂ ਸਗੋਂ ਉਹਨਾਂ ਨਾਲ ਮੇਲ ਮਿਲਾਪ ਰਖਣ ਤੋਂ ਵੀ ਲੋਕ ਨਕ ਬੁਲ੍ਹ ਵਟਦੇ ਹਨ । ਇਹ ਲੋਕ ਨਕ ਬੁਲ੍ਹ ਇਸ ਲਈ ਵਟਦੇ ਹਨ ਕਿ ਕਿਤੇ ਉਹਨਾਂ ਦਾ ਰਸੂਖ ਤੇ ਵਕਾਰ ਲੋਕਾਂ ਦੀਆਂ ਨਜ਼ਰਾਂ ਵਿਚ ਘਟ ਨਾ ਜਾਏ । ਇਹ ਵੀ ਇਕ ਕਿਸਮ ਦੀ ਜਾਤ ਪਾਤ ਹੀ ਹੈ, ਜੋ ਭਾਰਤ ਦੀ ਜਾਤ ਪਾਤ ਦੇ ਰਿਵਾਜ ਨਾਲ ਮਿਲਦੀ ਜੁਲਦੀ ਹੈ । ਕੇਵਲ ਏਨੇ ਫਰਕ ਨਾਲ ਕਿ ਹਿੰਦੂਆਂ ਨੇ ਜਾਤ ਪਾਤ ਦੇ ਸਿਸਟਮ ਵਿਚ ਹਦ ਬੰਨੇ ਨੂੰ ਹੱਥ ਲਾ ਦਿਤਾ ਹੈ । ਉਹਨਾਂ ਨੇ ਇਸ ਨੂੰ ਅਟੁਟ ਬਣਾ ਦਿਤਾ ਹੈ । ਇਸ ਲਿਹਾਜ਼ ਨਾਲ ਜ਼ਾਤ ਪਾਤ ਭਾਰਤ ਲਈ ਕੋਈ ਅਨੋਖੀ ਗਲ ਨਹੀਂ ।

## ਵੱਖ ਵੱਖ ਜਾਤਾਂ ਤੇ ਧਰਮਾਂ ਸੰਬੰਧੀ ਸਰਕਾਰ ਦੀ ਪਾਲਿਸੀ

ਹਿੰਦ ਦੀ ਗੌਰਮਿੰਟ,* ਸਭ ਧਰਮਾਂ ਨੂੰ ਬਰਦਾਸ਼ਤ ਕਰਦੀ ਹੈ । ਏਸੇ ਲਈ ਉਸ ਨੇ ਦੇਸ ਦੇ ਜਾਤ ਪਾਤ ਦੇ ਸਿਸਟਮ ਵਿਚ ਕੋਈ ਦਖਲ ਨਹੀਂ ਦਿਤਾ । ਜਿਥੋਂ ਤੀਕ ਉਸ ਦੇ ਆਪਣੇ ਕਾਰਜ ਦਾ ਸੰਬੰਧ ਹੈ ਉਸ ਨੇ ਜਾਤ ਪਾਤ ਨੂੰ ਲਾਂਭੇ ਹੀ ਰਖਿਆ ਹੈ । ਸ਼ਹਿਰ ਦੀਆਂ ਗਲੀਆਂ ਬਰਾਹਮਣਾਂ ਲਈ, ਸ਼ੂਦਰਾਂ ਲਈ ਅਤੇ ਚਮਾਰਾਂ ਤੇ ਭੰਗੀਆਂ ਲਈ, ਸਭ ਲਈ ਇਕੋ ਜਿਹੀਆਂ ਖੁਲ੍ਹੀਆਂ ਹਨ । ਸਕੂਲਾਂ ਵਿਚ ਜੋ ਵਿਦਿਆ ਦਿਤੀ ਜਾਂਦੀ ਹੈ ਉਹ ਰਾਜ ਕੁਮਾਰਾਂ ਲਈ ਬਾਣੀਏ ਦੇ ਪੁਤਰਾਂ ਲਈ, ਨਵਾਬਾਂ ਤੇ ਧੋਬੀਆਂ ਦੇ ਬੇਟਿਆਂ ਲਈ ਸਭ ਵਾਸਤੇ ਇਕੋ ਜਿਹੀ ਹੈ । ਸਾਰੇ ਇਕੋ ਬੈਂਚ ਉਤੇ ਜਾਂ ਫਰਸ਼ ਉਤੇ ਬੈਠ ਕੇ ਪੜ੍ਹਦੇ ਤੇ ਇਕੋ ਉਸਤਾਦ ਪਾਸੋਂ ਸੰਥਾ ਲੈਂਦੇ ਹਨ । ਜਲ੍ਹਾਂ ਵਿਚ, ਹਸਪਤਾਲਾਂ ਵਿਚ ਸਭ ਨਾਲ ਇਕੋ ਜਿਹਾ ਵਰਤਾ ਕੀਤਾ ਜਾਂਦਾ ਹੈ । ਕਿਸੇ ਇਕ ਜਾਤੀ ਨਾਲ ਕੋਈ ਵਸ਼ੇਸ਼ ਸਲੂਕ ਰਵਾ ਨਹੀਂ ਰਖਿਆ ਜਾਂਦਾ, ਜੋ ਦੂਜੀ ਜਾਤੀ ਤੋਂ ਚੰਗੇਰਾ ਹੋਵੇ । ਸਰਕਾਰੀ ਨੌਕਰੀਆਂ ਸਭ ਲਈ ਖੁਲ੍ਹੀਆਂ ਹਨ । ਇਕ ਦੁਕਾਨਦਾਰ ਜਾਂ ਤੇਲੀ ਦਾ ਪੁਤਰ ਜਿਸ ਵਿਚ ਲੋੜੀਂਦੀ ਯੋਗਤਾ ਹੋਵੇ ਵੱਡੀ ਤੋਂ ਵੱਡੀ ਨੌਕਰੀ ਉਪਰ ਉਵੇਂ ਹੀ ਲਗ ਸਕਦਾ ਹੈ ਜਿਵੇਂ ਕਿਸੇ ਨਵਾਬ ਜਾਂ ਰਾਜੇ ਦਾ ਰਾਜਕੁਮਾਰ । ਸੋਸ਼ਲ ਮਾਮਲਿਆਂ ਵਿਚ ਕੁਝ ਲੋਕਾਂ ਨੇ ਆਪਣੇ ਪੈਰ ਜਮਾ ਲਏ ਹਨ । ਜਿਉਂ ਜਿਉਂ ਵਿਦਿਆ ਫੈਲਦੀ ਜਾ ਰਹੀ ਹੈ ਤਿਉਂ ਤਿਉਂ ਲੋਕ ਗੌਰਮਿੰਟ ਦੇ ਨਿਰਪਖ ਸਿਸਟਮ ਦੀ ਸਲਾਹੁਤਾ ਕਰਦੇ ਹਨ ।

## ਹਿੰਦ ਦੀ ਜਾਤ ਪਾਤ ਦਾ ਭਵਿੱਖ

ਇਕ ਸਮਾਂ ਆਏਗਾ ਜਦ ਜਾਤ ਪਾਤ ਦੀਆਂ ਇਹ ਅਟੁੱਟ ਜ਼ੰਜੀਰਾਂ ਆਪ ਤੋਂ ਆਪ ਟੁੱਟ ਜਾਣਗੀਆਂ ; ਭਾਵੇਂ ਇਹ ਕਿਹਾ ਜਾ ਰਿਹਾ ਹੈ ਕਿ ਜਦ ਤੀਕ ਭਾਰਤ ਵਰਸ਼ ਉਤੇ ਸੂਰਜ ਚੜ੍ਹਦਾ ਹੈ, ਜਦ ਤੀਕ ਕਿਸਾਨ ਆਪਣੀ ਜ਼ਮੀਨ ਵਿਚ ਹਲ ਵਾਹੁੰਦਾ ਹੈ, ਜਦ ਤੀਕ ਫੁਲਾਂ ਵਿਚ ਬਾਗ ਅੰਦਰ ਸੁਗੰਧੀ ਫੈਲਾਉਣ ਦੀ ਸਮਰਥਾ ਹੈ, ਉਨਾਂ ਚਿਰ ਤੀਕ ਹਿੰਦ ਵਿਚ ਜਾਤ ਪਾਤ ਦੇ ਸਿਸਟਮ ਨੂੰ ਕੋਈ ਮਿਟਾ ਨਹੀਂ ਸਕਦਾ । ਇਹ ਉਹ ਪਵਿਤਰ ਪ੍ਰਣ ਹੈ ਜੋ ਮਹਾਨ ਵੱਡੀ ਹਿੰਦੀ ਕੌਮ ਦੇ ਮੈਂਬਰਾਂ ਨੇ ਇਕ ਦੂਜੇ ਨੂੰ ਦੇ ਰਖਿਆ ਹੈ । ਜਾਤ ਪਾਤ ਭਾਰਤੀ ਸੁਸਾਇਟੀ ਦੀ ਰੀੜ ਦੀ ਹੱਡੀ ਹੈ । ਇਹ ਬੜੀ ਵੱਡੀ ਵਿਰਾਸਤ ਹੈ ਜੋ ਇਹਨਾਂ ਦੇ ਵਡੇਰੇ ਇਹਨਾਂ ਲਈ ਛੱਡ ਗਏ ਹਨ । ਇਹ ਕੁਦਰਤ ਦੇ ਕਾਨੂੰਨ ਉਤੇ ਕਾਇਮ ਹੈ ਜੋ ਕਿ ਕੌਮਾਂ ਦਾ ਕਾਨੂੰਨ ਹੈ । ਇਕ ਈਰਾਨੀ ਕਵੀ ਨੇ ਆਖਿਆ ਹੈ —

ਕੁਨਿੰਦ ਹਮ ਜਿਨਸ ਬਾਹਮ ਜਿਨਸ ਪਰਵਾਜ਼
ਕਬੂਤਰ ਬਾ ਕਬੂਤਰ ਬਾਜ਼ ਬਾ ਬਾਜ਼

ਅਰਥਾਤ ਹਰ ਜਾਨਵਰ ਆਪਣੀ ਜਿਨਸ ਦੇ ਜਾਨਵਰਾਂ ਨਾਲ ਉਡਦਾ ਹੈ, ਕਬੂਤਰ ਕਬੂਤਰਾਂ ਨਾਲ ਅਤੇ ਬਾਜ਼ ਬਾਜ਼ਾਂ ਨਾਲ ਉਡਦੇ ਹਨ ।

## ਹਿੰਦੂਆਂ ਵਿਚ ਰਿਵਾਜਾਂ ਦੀ ਤਬਦੀਲੀ

ਅਜ ਕਲ ਦੇ ਹਿੰਦੂਆਂ ਅੰਦਰ ਕੁਝ ਕੁ ਰਿਵਾਜਾਂ ਦੀ ਜੋ ਤਬਦੀਲੀ ਆਈ ਹੈ ਉਹ ਵਰਨਣ ਯੋਗ ਹੈ । ਪੁਰਾਤਨ ਹਿੰਦੂ ਪਹਿਰਾਵਾ ਤਬਦੀਲ ਹੋ ਚੁਕਾ ਹੈ । ਹੁਣ ਕੇਵਲ ਬਰਾਹਮਣ ਹੀ ਪੁਰਾਤਨ ਪੁਸ਼ਾਕ ਦੇ ਧਾਰਨੀ ਬਾਕੀ ਰਹਿ ਗਏ ਹਨ । ਪੁਰਾਤਨ ਹਿੰਦੂਆਂ ਦੀ ਸਭਿਅਤਾ ਅਨੁਸਾਰ ਤੀਵੀਆਂ ਨੂੰ ਪੂਰੀ ਪੂਰੀ ਸੁਤੰਤਰਤਾ ਪ੍ਰਾਪਤ ਸੀ । ਉਹਨਾਂ ਨੂੰ ਘਰ ਦੀ ਚਾਰ-ਦੀਵਾਰੀ ਵਿਚ ਕੈਦ ਨਹੀਂ ਸੀ ਰਖਿਆ ਜਾਂਦਾ ਤੇ ਨਾ ਹੀ ਉਹਨਾਂ ਨਾਲ ਘਟੀਆ ਕਿਸਮ ਦਾ ਸਲੂਕ ਕੀਤਾ ਜਾਂਦਾ ਸੀ । ਤੀਵੀਂ ਨੂੰ ਕਵਿਤਾ ਵਿਚ "ਘਰ ਦਾ ਚਾਨਣ" ਆਖਿਆ ਜਾਂਦਾ ਸੀ । ਮਿਸਰੀ ਤੇ ਚੀਨੀ ਤੀਵੀਆਂ ਵਾਂਗ ਇਥੋਂ ਦੀਆਂ ਤੀਵੀਆਂ ਰੁਪਏ ਬਦਲੇ ਨਹੀਂ ਸੀ ਵਿਕਦੀਆਂ, ਸਗੋਂ ਉਹਨਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਪ੍ਰਾਪਤ ਸਨ । ਪੁਰਾਤਨ ਹਿੰਦੂ ਸ਼ਾਸਤਰਾਂ ਵਿਚ ਦਰਜ ਹੈ ਕਿ—"ਜਿਸ ਘਰ ਵਿਚ ਤੀਵੀਆਂ ਦਾ ਸਨਮਾਨ ਕੀਤਾ ਜਾਂਦਾ ਹੈ, ਉਸ ਘਰ ਉਤੇ ਦੇਵਤੇ ਪ੍ਰਸੰਨ ਰਹਿੰਦੇ

*ਪੁਸਤਕ ਦਾ ਕਰਤਾ ਉਸ ਸਮੇਂ ਦਾ ਜ਼ਿਕਰ ਕਰ ਰਿਹਾ ਹੈ ਜਦੋਂ ਭਾਰਤ ਵਿਚ ਅੰਗਰੇਜ਼ੀ ਰਾਜ ਸੀ, ਜੋ 1946 ਤੀਕ ਕਾਇਮ ਰਿਹਾ । ਸੰਨ 1947 ਈ: ਤੋਂ ਭਾਰਤ ਵਿਚ ਸੁਤੰਤਰ ਰਾਜ ਕੈਮ ਹੋ ਚੁਕਾ ਹੈ ਤੇ ਏਥੇ ਕਾਂਗਰਸੀ ਧੜੇ ਦੀ ਹਕੂਮਤ ਰਾਜ ਕਰ ਰਹੀ ਹੈ, ਜੋ ਜਾਤ ਪਾਤ ਦੇ ਵਿਰੁਧ ਹੈ—ਉਲਥਾਕਾਰ

Sri Satguru Jagjit Singh Ji eLibrary NamdhariElibrary@gmail.com

ਹਨ। ਜਿਥੇ ਉਹਨਾਂ ਦਾ ਅਪਮਾਨ ਕੀਤਾ ਜਾਂਦਾ ਹੈ, ਉਥੋਂ ਦਾ ਸਭ ਧਰਮ-ਕਰਮ ਨਸ਼ਟ ਹੋ ਜਾਂਦਾ ਹੈ।

## ਹਿੰਦੂ ਸਮਾਜ ਉਤੇ ਮੁਸਲਮਾਨੀ ਰਿਵਾਜਾਂ ਦਾ ਪ੍ਰਭਾਵ

ਮੁਸਲਮਾਨੀ ਰਿਵਾਜ ਤੋਂ ਪ੍ਰਭਾਵਤ ਹੋ ਕੇ ਕਈ ਹਿੰਦੂ ਘਰਾਣਿਆਂ ਦੀਆਂ ਤੀਵੀਆਂ ਨੂੰ ਘਰਾਂ ਵਿਚੋਂ ਬਾਹਰ ਨਹੀਂ ਨਿਕਲਣ ਦਿਤਾ ਜਾਂਦਾ, ਹਾਲਾਂਕਿ ਉਹਨਾਂ ਖ਼ਾਨਦਾਨਾਂ ਵਿਚ ਪੜਦੇ ਦੀ ਕਦੇ ਸਖ਼ਤ ਪਾਬੰਦੀ ਨਹੀਂ ਸੀ ਕੀਤੀ ਜਾਂਦੀ। ਵਿਧਵਾ ਵਿਆਹ ਦੀ ਕੋਈ ਮਨਾਹੀ ਨਹੀਂ ਸੀ। ਸਭ ਵਿਧਵਾਵਾਂ ਅਤੇ ਅਣ-ਵਿਆਹੀਆਂ ਤੀਵੀਆਂ ਦਾ ਰਾਖਾ ਬਾਦਸ਼ਾਹ ਹੁੰਦਾ ਸੀ। ਤੀਵੀਂ ਉਸ ਸਾਰੀ ਜਾਇਦਾਦ ਦੀ ਪੂਰਨ ਮਾਲਕ ਹੁੰਦੀ ਸੀ, ਜੋ ਉਹ ਆਪਣੇ ਪੇਕਿਆਂ ਦੇ ਘਰੋਂ ਲਿਆਉਂਦੀ। ਇਸ ਜਾਇਦਾਦ ਦੀ ਵਾਰਸ ਵੀ ਉਹਦੀ ਲੜਕੀ ਹੀ ਹੁੰਦੀ ਸੀ। ਇਸ ਇਸਤਰੀ-ਧਨ ਨੂੰ ਉਹ ਆਪਣੀ ਮਨ ਮਰਜ਼ੀ ਵੇਚ ਵੱਟ ਸਕਦੀ ਤੇ ਇਸ ਵਿਚ ਕੋਈ ਰੋਕ ਨਹੀਂ ਸੀ ਪਾ ਸਕਦਾ। ਪੁਰਾਤਨ ਸਮੇਂ ਵਿਚ ਹਿੰਦੂ ਕਦੇ ਲਾਭ ਹਿਤ ਰੁਪਿਆ ਸੂਦ ਨਹੀਂ ਸਨ ਦੇਂਦੇ। ਪਰ ਅਜ ਕਲ ਰੁਪਏ ਦੇ ਲੈਣ ਦੇਣ ਵਿਚ ਵਿਆਜ ਨੂੰ ਹੀ ਮੁਖ ਰਖਿਆ ਜਾਂਦਾ ਹੈ। ਮੁਸਲਮਾਨਾਂ ਦੇ ਰਿਵਾਜ ਦੀ ਪੈਰਵੀ ਕਰਦੇ ਹੋਏ ਧਨਾਢ ਹਿੰਦੂਆਂ ਅੰਦਰ ਇਕੋ ਸ਼ਾਦੀ ਦੇ ਨਿਯਮ ਵੀ ਢਿਲੇ ਹੋ ਗਏ ਹਨ।

## ਹਿੰਦੂਆਂ ਦੇ ਭਾਈ ਚਾਰਕ ਰਿਵਾਜ

ਹਰ ਹਿੰਦੂ ਦਾ ਧਾਰਮਿਕ ਫ਼ਰਜ਼ ਹੈ ਕਿ ਭੋਜਨ ਕਰਨ ਤੋਂ ਪਹਿਲੇ ਅਸ਼ਨਾਨ ਕਰੇ। ਅਸ਼ਨਾਨ ਕਰਨ ਵਾਸਤੇ ਖੜੇ ਪਾਣੀ ਨਾਲੋਂ ਵਗਦੀ ਨਦੀ ਨੂੰ ਵਿਸ਼ੇਸ਼ਤਾ ਦਿਤੀ ਜਾਂਦੀ ਹੈ। ਸਵੇਰੇ ਉਠਣ ਸਾਰ ਹੀ ਮਰਦ ਤੇ ਤੀਵੀਆਂ ਅਸ਼ਨਾਨ ਕਰਨ ਲਈ ਦਰਿਆ ਵਲ ਤੁਰ ਪੈਂਦੇ ਹਨ। ਅਸ਼ਨਾਨ ਕਰ ਕੇ ਵਾਪਸ ਆਉਣ ਲਗਿਆਂ ਪਿੱਤਲ ਦੀਆਂ ਗਾਗਰਾਂ ਵਿਚ ਪਾਣੀ ਭਰ ਲਿਆਉਂਦੇ ਹਨ। ਘਰ ਵਿਚ ਇਸ ਪਾਣੀ ਦੀ ਵਰਤੋਂ ਸ਼ੁਭ ਸਮਝੀ ਜਾਂਦੀ ਹੈ। ਜੇ ਬ੍ਰਿਧ ਅਵਸਥ, ਨਿਰਬਲਤਾ ਜਾਂ ਬੀਮਾਰੀ ਦੇ ਕਾਰਨ ਕੋਈ ਮਨੁਖ ਅਸ਼ਨਾਨ ਲਈ ਨਦੀ ਉਤੇ ਜਾਣ ਦੇ ਅਸਮਰਥ ਹੋਵੇ ਤਦ ਉਹ ਘਰ ਵਿਚ ਹੀ ਅਸ਼ਨਾਨ ਕਰ ਲੈਂਦਾ ਹੈ। ਹਿੰਦੂ ਲੋਕ ਆਪਣਾ ਮੂੰਹ ਪੂਰਬ ਵਲ ਕਰਕੇ ਪ੍ਰਾਰਥਨਾ ਕਰਦੇ ਹਨ।

## ਹਿੰਦੂ ਮਿਥਿਆਲੋਜੀ ਵਿਚ ਸੱਚਆਈਆਂ ਦਾ ਸੰਚਾਰ

ਮਿਸਰੀਆਂ ਵਾਂਗ ਹਿੰਦੂ ਮਿਥਿਆਲੋਜੀ ਦੁਨੀਆਂ ਵਿਚ ਸਭ ਤੋਂ ਪੁਰਾਣੀ ਹੈ ਅਤੇ ਸੰਸਾਰ ਦੇ ਗੁਝੇ ਭੇਦਾਂ ਦੀਆਂ ਅੰਤਮ ਡੂੰਘਾਈਆਂ ਤੀਕ ਪਹੁੰਚਦੀ ਹੈ। ਆਪਣੀ ਪਵਿਤਰਤਾ ਦੇ ਲਿਹਾਜ਼ ਨਾਲ ਇਸ ਵਿਚ ਉਚੇਰੇ ਦਰਜੇ ਦੀ ਭਗਤੀ ਤੇ ਈਸ਼ਵਰੀ ਪ੍ਰੇਮ ਦਾ ਜਜ਼ਬਾ ਪਾਇਆ ਜਾਂਦਾ ਹੈ। ਇਸ ਨਾਲ ਸੰਸਾਰੀ ਲੋਕਾਂ ਦਾ ਭਲਾ ਹੁੰਦਾ ਤੇ ਜੀਉਂਦੇ ਲੋਕਾਂ ਨੂੰ ਸਿਖਿਆ ਪ੍ਰਾਪਤ ਹੁੰਦੀ ਹੈ। ਇਸ ਤੋਂ ਛੁਟ ਇਸ ਅਸਾਰ ਸੰਸਾਰ ਤੋਂ ਉਪ੍ਰਾਮਤਾ ਤੇ ਸਵਾਰਥਹੀਨਤਾ ਦੀ ਸਿਖਿਆ ਵੀ ਮਿਲਦੀ ਹੈ। ਮਨੂੰ ਧਰਮ ਸ਼ਸਤਰ ਵਿਚ ਕੁਛ ਕੁ ਭਾਗ ਇਹੋ ਜਿਹੇ ਹਨ ਜਿਨ੍ਹਾਂ ਅੰਦਰ ਸੰਸਾਰੀ ਜੀਵਾਂ ਦਾ, ਦੁਨੀਆਂ ਦੇ ਦੁੱਖਾਂ ਤੇ ਕਸ਼ਟਾਂ ਦਾ ਅਤੇ ਅਗਲੇ ਸੰਸਾਰ ਦੇ ਸੁਖਾਂ ਦਾ ਬੜੇ ਸੁੰਦਰ ਢੰਗ ਨਾਲ ਨਿਰਨਾ ਕੀਤਾ ਗਿਆ ਹੈ। ਉਹਨਾਂ ਦਾ ਕੁਛ ਭਾਗ ਸਰ ਵਿਲਿਅਮ ਜੋਨਜ਼ ਦੀ ਰਚਨਾਂ ਵਿਚੋਂ ਏਥੇ ਅੰਕਿਤ ਕੀਤਾ ਜਾਂਦਾ ਹੈ। ਮਨੁਖਾਂ ਦੇ ਵਰਤਮਾਨ ਸਰੀਰ ਬਾਰੇ ਲੇਖਕ ਨੇ ਐਉਂ ਲਿਖਿਆ ਹੈ:—

"ਇਹ ਇਕ ਐਸਾ ਮਹਲ ਹੈ ਜੋ ਹੱਡੀਆਂ ਰੂਪੀ ਸ਼ਤੀਰਾਂ ਤੇ ਕੜੀਆਂ ਨਾਲ ਉਸਰਿਆ ਹੈ, ਜਿਸ ਵਿਚ ਪਠੇ ਅਤੇ ਲਹੂ ਦਾ ਗਾਰਾ ਲਾਇਆ ਗਿਆ ਹੈ; ਜੋ ਬਾਹਰੋਂ ਚਮੜੇ ਰੂਪੀ ਕਪੜੇ ਨਾਲ ਢਕਿਆ ਹੋਇਆ ਹੈ, ਇਹ ਦੁਰਗੰਧੀ ਦਾ ਖਜ਼ਾਨਾ ਵਿਸ਼ਟੇ ਨਾਲ ਭਰਿਆ ਹੈ।

ਇਹ ਸਰੀਰ ਬੁਢਾਪੇ ਤੇ ਦੁੱਖਾਂ ਦੀ ਖਾਣ ਹੈ, ਰੋਗਾਂ, ਦੁੱਖਾਂ ਤੇ ਅਗਿਆਨਤਾ ਦਾ ਘਰ ਹੈ; ਇਹ ਚਿਰ ਸਥਾਈ ਨਹੀਂ ਸਗੋਂ ਅਲਪ ਸਥਾਈ ਹੈ; ਆਤਮਾ ਦੇ ਵੱਸਣ ਵਾਲੇ ਇਸ ਸਰੀਰ ਰੂਪੀ ਮਹਲ ਨੂੰ ਖ਼ੁਸ਼ੀ ਖ਼ੁਸ਼ੀ ਤਿਆਗਣ ਲਈ ਸਦਾ ਤਿਆਰ ਰਹਿਣਾ ਚਾਹੀਦਾ ਹੈ।

ਇਹ ਸਰੀਰ ਕੀ ਹੈ ? ਨਦੀ ਕਿਨਾਰੇ ਰੁਖੜਾ, ਚਿੜੀਆਂ ਦਾ ਰੈਣ ਬਸੇਰਾ; ਜਿਹੜਾ ਇਸ ਸਰੀਰ ਨੂੰ ਤਿਆਗ ਕੇ ਜਾਂਦਾ ਹੈ ਉਹ ਸੰਸਾਰ ਨੂੰ ਖਾ ਜਾਣ ਵਾਲੇ ਕਾਲ ਤੋਂ ਮੁਕਤ ਹੋ ਜਾਂਦਾ ਹੈ।" ਏਸੇ ਵਿਸ਼ੇ ਉਪਰ ਲੇਖਕ ਅਗੇ ਚਲ ਕੇ ਫੇਰ ਲਿਖਦਾ ਹੈ :—

"ਮਨੁਖ ਦਾ ਧਰਮ ਹੈ ਉਹ ਕਿਸੇ ਜੀਵ ਨੂੰ ਦੁਖ ਨਾ ਦੇਵੇ, ਸਗੋਂ ਪਰਲੋਕ ਵਿਚ ਆਪਣੇ ਸਾਥੀ ਨੂੰ ਪ੍ਰਾਪਤ ਕਰਨ ਲਈ ਹੌਲੀ ਹੌਲੀ ਗੁਣਾਂ ਦਾ ਤੇ ਸਚਾਈ ਦਾ ਸੰਚਾਰ ਕਰੇ; ਠੀਕ ਉਵੇਂ ਹੀ ਜਿਵੇਂ ਘੁਰਕੀਨ ਆਪਣਾ ਘਰ ਬਣਾਉਂਦੀ ਹੈ।"

"ਪਰਲੋਕ ਵਿਚ ਉਸ ਦੇ ਨਾਲ ਨ ਮਾਤਾ, ਨ ਪਿਤਾ, ਨ ਇਸਤਰੀ, ਨ ਹੀ ਪੁਤਰ ਤੇ ਸਾਕ ਸਬੰਧੀ ਹੀ ਜਾਣਗੇ; ਉਸ ਦੇ ਨਾਲ ਜੋ ਕੋਈ ਚੀਜ਼ ਜਾਏਗੀ ਤਦ ਉਹ ਉਸ ਦੇ ਪੁੰਨ ਤੇ ਸ਼ੁਭ ਕਰਮ ਹੀ ਹੋਣਗੇ।"

"ਮਨੁਖ ਇਕੱਲਾ ਹੀ ਸੰਸਾਰ ਵਿਚ ਜੰਮਦਾ ਤੇ ਇਕੱਲਾ ਹੀ ਮਰਦਾ ਹੈ; ਪਾਪ ਅਤੇ ਪੁੰਨ ਦਾ ਭਾਗੀ ਵੀ ਉਹ ਇਕੱਲਾ ਈ ਹੋਵੇਗਾ।"

"ਜਦ ਮਨੁੱਖਾ ਸਰੀਰ ਵਿਚੋਂ ਆਤਮਾ ਨਿਕਲ ਜਾਂਦੀ ਤੇ ਪਿਛੇ ਮਿੱਟੀ ਰਹਿ ਜਾਂਦੀ ਹੈ ਤਦ ਸਾਕ ਸਬੰਧੀ ਵੀ ਉਸ ਤੋਂ ਦੂਰ ਨਸਦੇ ਹਨ, ਪਰ ਉਸ ਦੇ ਨੇਕ ਕੰਮ ਓਦੋਂ ਵੀ ਉਸ ਦਾ ਸਾਥ ਨਹੀਂ ਛਡਦ।"

"ਪ੍ਰਮਾਤਮਾ ਵਿਚ ਅਭੇਦ ਹੋਣ ਲਈ ਜ਼ਰੂਰੀ ਹੈ ਕਿ ਮਨੁਖ ਚੰਗੇ ਕਰਮ ਕਰੇ; ਕਿਉਂਕਿ ਉਸ ਦੇ ਪੁੰਨ ਹੀ ਉਸ ਦੇ ਹਨੇਰੇ ਰਾਹ ਵਿਚ ਚਾਨਣ ਕਰਨਗੇ।"

ਹੇਠ ਲਿਖੀਆਂ ਪੰਗਤੀਆਂ ਤੋਂ ਤਿਆਗ ਦਾ ਪਤਾ ਸਹਿਜੇ ਹੀ ਲਗ ਜਾਂਦਾ ਹੈ :—

"ਐ ਅੰਵਾਣ ਮਨੁਖ! ਧਨ ਪ੍ਰਾਪਤੀ ਦੀ ਲਾਲਸਾ ਤੋਂ ਬਚ, ਤਨ ਅਤੇ ਮਨ ਕਰ ਕੇ ਇਸ ਤੋਂ ਘਿਰਣਾ ਕਰ; ਜਿਹੜਾ ਵੀ ਧਨ ਤੂੰ ਇਕਤਰ ਕਰਨਾ ਚਾਹੇ ਉਹ ਨੇਕੀਆਂ ਨੂੰ ਇਕਤਰ ਕਰੇ; ਇਹਨਾ ਨੇਕੀਆਂ ਨਾਲ ਹੀ ਤੇਰੇ ਆਤਮਾ ਦੀ ਤ੍ਰਿਪਤੀ ਹੋਵੇਗੀ।"

"ਮਨੁੱਖ ਨੂੰ ਬਾਲ ਅਵਸਥਾ ਵਿਚ ਖੇਡ ਪਿਆਰੀ ਹੁੰਦੀ ਹੈ; ਜਵਾਨੀ ਵਿਚ ਪਿਆਰ ਚੰਗਾ ਲਗਦਾ ਹੈ ਤੇ ਬ੍ਰਿਧ ਅਵਸਥਾ ਵਿਚ ਗ਼ਮ ਦੂਰ ਕਰਨ ਦੀ ਚਿੰਤਾ ਲਗੀ ਰਹਿੰਦੀ ਹੈ; ਉਸ ਨੂੰ ਈਸ਼ਵਰ ਸਿਮਰਨ ਦਾ ਖ਼ਿਆਲ ਕਦੇ ਵੀ ਨਹੀਂ ਆਉਂਦਾ।"

"ਕੌਣ ਕਿਸੇ ਦੀ ਇਸਤਰੀ ਹੈ ਤੇ ਕੌਣ ਕਿਸੇ ਦਾ ਪੁਤ ? ਇਹ ਸੰਸਾਰ ਕਿੰਨਾ ਵਿਸ਼ਾਲ ਤੇ ਵਚਿਤਰ ਹੈ; ਤੂੰ ਕਿਸੇ ਦਾ ਕੀ ਲਗਦਾ ਏਂ ਤੇ ਕਿਥੋਂ ਆਇਆ ਏਂ ? ਮੇਰੇ ਭਾਈ! ਤੂੰ ਇਹਨਾਂ ਗਲਾਂ ਨੂੰ ਸੋਚ ਤੇ ਫੇਰ ਵਿਚਾਰ ਕਰ।"

"ਜਿਵੇਂ ਕੰਵਲ ਫੁਲ ਦੀ ਪੱਤੀ ਉਤੇ ਪਾਣੀ ਦੀ ਬੂੰਦ; ਇਵੇਂ ਹੀ ਇਹ ਮਨੁਖਾ ਜੀਵਨ ਅਲਪ ਸਥਾਈ ਹੈ। ਈਸ਼ਵਰ ਭਗਤਾਂ ਦੀ ਸੰਗਤ ਹੀ ਇਕ ਐਸਾ ਵਸੀਲਾ ਹੈ ਜੋ ਤੈਨੂੰ ਸੰਸਾਰ ਰੂਪੀ ਸਾਗਰ ਤੋਂ ਪਾਰ ਲੈ ਜਾਏਗਾ।"

"ਬਿਰਛ ਹੇਠ, ਦੇਵਤਿਆਂ ਦੀ ਝੌਂਪੜੀ ਵਿਚ ਰਹਿਣਾ, ਧਰਤੀ ਉਤੇ ਸਉਣਾ, ਘਰ ਬਾਰ ਤੇ ਸੰਬੰਧੀਆਂ ਦਾ ਤਿਆਗ ਕਰਨਾ,

Sri Satguru Jagjit Singh Ji eLibrary NamdhariElibrary@gmail.com

ਸੰਸਾਰ ਦੇ ਇਸ ਅਦੁਤੀ ਤਿਆਗ ਤੋਂ ਕੌਣ ਹੈ, ਜੋ ਖੁਸ਼ੀ ਅਨੁਭਵ ਨਹੀਂ ਕਰੇਗਾ ?"

"ਦਿਨ ਅਤੇ ਰਾਤ, ਸੰਝ ਅਤੇ ਸਵੇਰ, ਸਰਦੀ ਅਤੇ ਗਰਮੀ ਦੀ ਆਵਾ ਜਾਈ ਦਾ ਚੱਕਰ ਚਲਦਾ ਈ ਰਹਿੰਦਾ ਹੈ। ਸਮਾਂ, ਖੇਡਾਂ ਤੇ ਉਮਰ ਵਿਹਾਉਂਦੀ ਰਹਿੰਦੀ ਹੈ ; ਲਾਲਸਾ ਅਤੇ ਹਨੇਰੀ ਸਦਾ ਝੁਲਦੀ ਹੀ ਰਹਿੰਦੀ ਹੈ।"

"ਸਰੀਰ ਜਰਜਰਾ ਹੋ ਜਾਂਦਾ ਹੈ, ਸਿਰ ਦੇ ਕੇਸ ਧੌਲੇ ਹੋ ਜਾਂਦੇ ਹਨ; ਮੂੰਹ ਦੇ ਸਾਰੇ ਦੰਦ ਝੜ ਜਾਂਦੇ ਹਨ, ਹੱਥ ਵਿਚ ਫੜੀ ਛੜੀ ਵੀ ਕੰਬਣ ਲਗ ਪੈਂਦੀ ਹੈ; ਫੇਰ ਵੀ ਲਾਲਸਾ ਤੇ ਹਵਸ ਦਾ ਬੇੜਾ ਖਾਲੀ ਨਹੀਂ ਹੁੰਦਾ, ਇਹ ਵਧਦੀ ਈ ਜਾਂਦੀ ਏ।"

## ਸੂਤਕ ਪਾਤਕ

ਜਦ ਕਿਸੇ ਹਿੰਦੂ ਦੇ ਘਰ ਵਿਚ ਬੱਚਾ ਜਨਮ ਲੈਂਦਾ ਜਾਂ ਕਿਸੇ ਪ੍ਰਾਣੀ ਦੀ ਮੌਤ ਹੋ ਜਾਂਦੀ ਹੈ ਤਦ ਹਿੰਦੂ ਘਰ ਵਿਚ ਸੂਤਕ ਤੇ ਪਾਤਕ ਮੰਨਿਆ ਜਾਂਦਾ ਹੈ । ਉਹ ਘਰ ਅਪਵਿਤਰ ਹੋ ਜਾਂਦਾ ਹੈ। ਮੁਰਦੇ ਦੇ ਨਾਲ ਲਗਣ ਨਾਲ ਵੀ ਮਨੁਖ ਅਪਵਿਤਰ ਹੋ ਜਾਂਦਾ ਹੈ। ਬੀਮਾਰ ਪਿਆ ਮਨੁੱਖ ਵੀ ਸੁਵਛ ਨਹੀਂ ਸਮਝਿਆ ਜਾਂਦਾ। ਜਦ ਉਹ ਅਸ਼ਨਾਨ ਕਰ ਲਵੇ ਅਤੇ ਹਜਾਮਤ ਬਣਵਾ ਲਵੇ ਤਦ ਪਵਿਤਰ ਹੁੰਦਾ ਹੈ। ਜਿੰਨਾਂ ਚਿਰ ਉਹ ਅਪਵਿਤਰ ਰਹਿੰਦਾ ਹੈ ਉਸ ਨੂੰ ਧਾਰਮਕ ਰਸਮਾਂ ਕਰਨ ਦੀ ਖੁਲ੍ਹ ਨਹੀਂ ਹੁੰਦੀ ਸਗੋਂ ਉਸ ਨੂੰ ਹਜਾਮਤ ਕਰਨ ਤੇ ਨਹੁੰ ਲੁਹਾਉਣ ਦੀ ਵੀ ਮਨਾਹੀਂ ਹੁੰਦੀ ਹੈ। ਜਿਹੜਾ ਮਨੁਖ ਗਊ ਨੂੰ ਮਾਰ ਦੇਂਦਾ ਹੈ, ਭਾਵੇਂ ਉਸ ਦੀ ਮੌਤ ਅਚਾਨਕ ਹੀ ਹੋਈ ਹੋਵੇ, ਉਹ ਘੋਰ ਪਾਪੀ ਸਮਝਿਆ ਜਾਂਦਾ ਹੈ ਅਤੇ ਅਪਵਿਤਰ ਹੋ ਜਾਂਦਾ ਹੈ। ਜਦ ਤੀਕ ਉਹ ਹਰਦਵਾਰ ਜਾ ਕੇ ਗੰਗਾ ਅਸ਼ਨਾਨ ਨਹੀਂ ਕਰਦਾ ਅਤੇ ਉਥੇ ਜਾ ਕੇ ਪਾਪ ਦਾ ਪ੍ਰਾਸਚਿਤ ਨਹੀਂ ਕਰਦਾ ਤਦ ਤੀਕ ਉਹ ਪਵਿਤਰ ਹੀ ਨਹੀਂ ਸਮਝਿਆ ਜਾਂਦਾ। ਹਰਦਵਾਰ ਦਾ ਸਫਰ ਕਰਨ ਵਾਲੇ ਐਸੇ ਪਾਪੀ ਲਈ ਜ਼ਰੂਰੀ ਹੁੰਦਾ ਹੈ ਕਿ ਉਹ ਇਕ ਛੜੀ ਨਾਲ ਗਊ ਦੀ ਪੂਛ ਬੰਨ੍ਹੀ ਰਖੇ। ਇਹ ਨਿਸ਼ਾਨੀ ਹੁੰਦੀ ਹੈ ਇਸ ਗਲ ਦੀ ਕਿ ਉਹਦੇ ਨਾਲ ਕੋਈ ਨਾ ਛੋਹੇ। ਕੁਲੂ ਦੀਆਂ ਪਹਾੜੀਆਂ ਵਿਚ ਜਦ ਕਿਸੇ ਦੀ ਗਊ ਕਿਲੇ ਨਾਲ ਬੱਧੀ ਹੋਈ ਮਰ ਜਾਏ ਤਦ ਉਸ ਨੂੰ ਬੰਨ੍ਹਣ ਵਾਲਾ ਮਨੁਖ ਅਛੂਤ ਹੋ ਜਾਂਦਾ ਹੈ। ਕੋਈ ਮਨੁਖ ਉਸ ਦੇ ਹਥੋਂ ਕੋਈ ਸ਼ੈ ਲੈ ਕੇ ਓਨਾ ਚਿਰ ਨਹੀਂ ਖਾਏਗਾ ਜਦ ਤੀਕ ਉਸ ਪਾਪ ਦਾ ਪ੍ਰਾਸਚਿਤ ਨਾ ਕਰ ਲਵੇ।

## ਦੰਦਾਂ ਦੀ ਸਫਾਈ

ਮਾਤਾ ਜਾਂ ਪਿਤਾ ਦੇ ਵਰਹੀਣੇ ਉਪਰ ਪੁੱਤਰ ਨੂੰ ਦੰਦ ਸਾਫ ਕਰਨ ਦੀ ਮਨਾਹੀ ਹੈ । ਦਰਖਤ ਦੀ ਕਟੀ ਹੋਈ ਹਰੀ ਟਾਹਣੀ ਦੀ ਦਾਤਣ ਨਾਲ ਦੰਦ ਸਾਫ ਕੀਤੇ ਜਾਂਦੇ ਹਨ। ਦੰਦ ਸਾਫ ਕਰਨ ਸਮੇਂ ਇਹ ਪ੍ਰਾਰਥਨਾ ਕੀਤੀ ਜਾਂਦੀ ਹੈ—ਐ ਜੰਗਲ ਦੇ ਦੇਵਤਾ! ਦੰਦ ਸਾਫ ਕਰਨ ਲਈ ਮੈਂ ਤੇਰੀ ਇਕ ਟਾਹਣੀ ਵੱਢੀ ਹੈ। ਮੇਰੀ ਇਸ ਕਾਰਰਵਾਈ ਨਾਲ ਮੇਰੀ ਉਮਰ ਲੰਮੀ ਕਰੀਂ, ਮੈਨੂੰ ਸ਼ਕਤੀ, ਮਾਣ ਤੇ ਸੂਝ ਦੀ ਦਾਤ ਦੇਵੀਂ ਮੇਰੇ ਘਰ ਅਨੇਕਾਂ ਗਊਆਂ; ਮਾਲ ਧੰਨ, ਬੁੱਧੀ, ਨਿਆਂ ਸਿਮਰਨ ਸ਼ਕਤੀ ਤੇ ਬਲ ਦਾ ਵਾਧਾ ਹੋਵੇ।"

## ਲੋਕਾਂ ਵਿਚ ਭੂਤ ਪ੍ਰੇਤਾ ਦਾ ਮੂੜ੍ਹ ਨਿਸ਼ਚਾ

ਬੱਚੇ ਅਤੇ ਤੀਵੀਆਂ ਜਿੰਨਾਂ, ਭੂਤਾਂ, ਪ੍ਰੇਤਾਂ ਅਤੇ ਪਰੀਆਂ ਪਾਸੋਂ ਬਹੁਤ ਭੈ ਖਾਂਦੇ ਹਨ । ਚੂਹੜਿਆਂ ਭੰਗੀਆਂ ਬਾਰੇ ਇਹ ਖਿਆਲ ਪਾਇਆ ਜਾਂਦਾ ਹੈ ਕਿ ਉਹ ਮਰਨ ਮਗਰੋਂ ਭੂਤ ਪ੍ਰੇਤ ਬਣਦੇ ਹਨ। ਇਹੋ ਲੋਕ ਤਾਪ ਅਤੇ ਦੂਜੇ ਰੋਗਾਂ ਦੀ ਉਤਪੱਤੀ ਦਾ ਕਾਰਨ ਹੁੰਦੇ ਹਨ । ਪ੍ਰੇਤ ਆਤਮਾਵਾਂ ਦੇ ਪ੍ਰਭਾਵ ਨੂੰ ਫਕੀਰਾਂ ਅਤੇ ਭਗਤਾਂ ਦਾ ਜਾਦੂ ਈ ਦੂਰ ਕਰ ਸਕਦਾ ਹੈ। ਇਹੋ ਕਾਰਨ ਹੈ ਕਿ ਨਗਰਾਂ ਅਤੇ ਪਿੰਡਾਂ ਵਿਚ ਭੂਤ ਵਿਦਿਆ ਇਕ ਪ੍ਰਕਾਰ ਦਾ ਕਿੱਤਾ ਹੀ ਬਣ ਗਈ ਹੈ। ਤੀਵੀਆਂ ਅਤੇ ਬਚਿਆਂ ਨੂੰ "ਨਜ਼ਰ" ਤੋਂ ਬਚੌਣ ਲਈ ਤਵੀਤ ਉਹਨਾਂ ਦੇ ਗਲਾਂ ਵਿਚ ਬੰਨ੍ਹੇ ਜਾਂਦੇ ਹਨ। ਭੈੜੀ 'ਨਜ਼ਰ' ਦਾ ਇਕ ਇਲਾਜ ਇਹ ਵੀ ਸਮਝਿਆ ਜਾਂਦਾ ਹੈ ਕਿ ਸ਼ੇਰ ਦੇ ਨਹੁੰ ਨੂੰ ਸਿੱਪੀਆਂ ਨਾਲ ਪਰੋ ਕੇ ਗਲ ਵਿਚ ਪਾਇਆ ਜਾਂਦਾ ਹੈ। ਲੋਹੇ ਦੀ ਵਰਤੋਂ ਵੀ 'ਨਜ਼ਰ' ਤੋਂ ਬਚੌਣ ਲਈ ਇਕ ਅਸਰਦਾਰ ਇਲਾਜ ਸਮਝਿਆ ਜਾਂਦਾ ਹੈ । ਭੈੜੀ ਨਜ਼ਰ ਤੋਂ ਬਚਣ ਲਈ ਦਰਵਾਜ਼ਿਆਂ ਸਾਮ੍ਹਣੇ ਸਰੀਹਾਂ ਅਤੇ ਅੰਬਾਂ ਦੇ ਪਤੇ ਬੰਨ੍ਹੇ ਜਾਂਦੇ ਹਨ।

## ਜਨਮ ਸੰਸਕਾਰ

ਲੜਕੇ ਦੇ ਜਨਮ ਉਪਰ ਉਸ ਨੂੰ ਚੇਚਕ ਤੇ ਪ੍ਰੇਤ ਆਤਮਾਵਾਂ ਤੋਂ ਸੁਰਖਿਅਤ ਕਰਨ ਅਤੇ ਉਸ ਦੀ ਦੀਰਘ ਆਯੂ ਲਈ ਵੱਖ ਵੱਖ ਰੀਤਾਂ ਕੀਤੀਆਂ ਜਾਂਦੀਆਂ ਹਨ । ਕੰਧਾਂ ਨਾਲ ਟੂਣੇ ਬੰਨ੍ਹੇ ਜਾਂਦੇ ਹਨ ਅਤੇ ਪ੍ਰੇਤ ਆਤਮਾਵਾਂ ਦੀ ਰੋਕ ਥਾਮ ਲਈ ਦਿਨ ਰਾਤ ਅੱਗ ਬਾਲੀ ਜਾਂਦੀ ਹੈ ।

## ਦੀਵਾਲੀ ਦਾ ਤਿਉਹਾਰ

ਸਾਲ ਵਿਚ ਕਈ ਮੇਲੇ ਤੇ ਤਿਓਹਾਰ ਮਨਾਏ ਜਾਂਦੇ ਹਨ। ਦੀਵਾਲੀ ਦੇ ਤਿਹਾਰ ਸਮੇਂ ਕੋਈ ਦੁਕਾਨ ਜਾਂ ਮਕਾਨ ਐਸਾ ਨਹੀਂ ਰਹਿੰਦਾ ਜਿਸ ਦੀ ਲਪਾਈ ਪੁਤਾਈ ਨਾ ਕੀਤੀ ਜਾਏ ਤੇ ਜਿਸ ਨੂੰ ਕਲੀ ਨਾ ਫੇਰੀ ਜਾਏ ਜਾਂ ਜਿਥ ਦੀਵੇ ਨਾ ਬਾਲੇ ਜਾਣ। ਲੋਕਾਂ ਦਾ ਵੀਚਾਰ ਹੈ ਕਿ ਉਸ ਪਵਿਤਰ ਦਿਹਾੜੇ ਬਜ਼ੁਰਗਾਂ ਦੀਆਂ ਆਤ੍ਮਾਵਾਂ ਘਰਾਂ ਵਿਚ ਆਉਂਦੀਆਂ ਹਨ । ਉਹਨਾਂ ਦੇ ਸੁਖ ਲਈ ਹਰ ਸੰਭਵ ਜਤਨ ਕੀਤਾ ਜਾਂਦਾ ਹੈ। ਦੀਵਾਲੀ ਵਾਲੀ ਰਾਤ ਸ੍ਰੀ ਕ੍ਰਿਸ਼ਨ ਬੰਸਰੀ ਵਾਲੇ ਗੁਪਾਲ ਦੀ ਪੂਜਾ ਕਈ ਢੰਗਾਂ ਨਾਲ ਕੀਤੀ ਜਾਂਦੀ ਹੈ।

---

Sri Satguru Jagjit Singh Ji eLibrary NamdhariElibrary@gmail.com

# ਪਰਕਰਨ-੭

## ਪੰਜਾਬ ਵਿਚ ਬੁੱਧ ਧਰਮ

ਜਦ ਹਿੰਦੂ ਧਰਮ ਦੀ ਅਸਲ ਸ਼ੁਧਤਾਈ ਤੇ ਸਾਦਗੀ ਮੂਰਤੀ ਪੂਜਾ ਦੇ ਜਾਰੀ ਹੋਣ ਨਾਲ ਗੰਦਲੀ ਹੋ ਗਈ ; ਸੰਸਾਰ ਦੇ ਰਚਨ-ਹਾਰੇ ਇਕ ਪਰਮੇਸ਼ਰ ਦੀ ਪੂਜਾ ਦੀ ਥਾਂ ਦੇਵੀ ਦੇਵਤਿਆਂ ਦੀ ਅਰਾਧਨਾ ਨੇ ਮਲ ਲਈ ਅਤੇ ਜਾਤ ਪਾਤ ਤੇ ਬ੍ਰਾਹਮਣੀ ਮਤਿ ਦਾ ਪ੍ਰਭਾਵ ਪ੍ਰਬਲ ਹੋ ਗਿਆ ਤਦ ਇਕ ਐਸਾ ਸੁਧਾਰਕ ਸੰਸਾਰ ਉਤੇ ਆਇਆ ਜਿਸ ਦਾ ਆਦਰਸ਼ ਸੀ ਲੋਕਾਂ ਨੂੰ ਭੁਲੇਖਿਆਂ ਤੇ ਤਅੱਸਬ ਤੋਂ ਸੁਤੰਤਰ ਕਰਨਾ ਅਤੇ ਲੁਕਾਈ ਨੂੰ ਉਸ ਦੇ ਈਸ਼ਵਰ ਤੇ ਮਨੁਖਾਂ ਪ੍ਰਤੀ ਧਰਮ ਤੋਂ ਅਤੇ ਜ਼ਿੰਮੇਵਾਰੀ ਤੋਂ ਜਾਣੂੰ ਕਰਨਾ। ਇਹੋ ਜਿਹਾ ਸੁਧਾਰਕ ਸੀ ਮਹਾਤਮਾ ਬੁੱਧ ; ਜਿਸ ਦੇ ਧਰਮ ਨੂੰ ਪਿਛੋਂ ਸੰਸਾਰ ਦੀ ਅੱਧੀ ਵਸੋਂ ਨੇ ਧਾਰਨ ਕੀਤਾ। ਉਸ ਦਾ ਅਸਲ ਨਾਮ ਸੀ ਸਿੱਧਾਰਥ। ਉਹ ਕਪਲ ਵਸਤੂ, ਰਾਜਧਾਨੀ ਕਪਲ ਵਸਤੂ ਦੇ ਰਾਜੇ ਸਧੋਦਨ ਦਾ ਪੁੱਤਰ ਸੀ। ਇਹ ਰਾਜ ਨਿਪਾਲ ਦੇ ਪਹਾੜਾਂ ਦੇ ਠੀਕ ਪੈਰਾਂ ਵਿਚ ਸੀ।

### ਬੁੱਧ ਦਾ ਜਨਮ, ਈਸਾ ਤੋਂ ੬੨੨ ਸਾਲ ਪਹਿਲੇ

ਮਹਾਤਮਾ ਬੁਧ ਦਾ ਜਨਮ ਈਸਾ ਤੋਂ ੬੨੨ ਸਾਲ ਮਹਿਲੇ ਹੋਇਆ, ਉਹ ਸਾਕਿਆ ਪਰਿਵਾਰ ਵਿਚੋਂ ਸੀ। ਮਹਾਤਮਾ ਬੁਧ ਦੀ ਸਿਖਿਆ ਦੀਖਿਆ ਦਾ ਕੰਮ ਬਰਾਹਮਣ ਵਿਦਵਾਨਾਂ ਦੇ ਸਪੁਰਦ ਹਇਆ। ਸ਼ੁਰੂ ਤੋਂ ਹੀ ਉਸ ਬਾਲਕ ਵਿਚ ਸੋਚ ਵੀਚਾਰ ਦਾ ਸੁਭਾਵ ਪੈਦਾ ਹੋ ਗਿਆ। ਇਹ ਦਸ਼ਾ ਵੇਖ ਕੇ ਉਸ ਦੇ ਪਿਤਾ ਨੇ ੧੬ ਸਾਲ ਦੀ ਉਮਰ ਵਿਚ ਹੀ ਉਸ ਦਾ ਵਿਆਹ ਇਕ ਗੋਪਾ ਨਾਮੀ ਲੜਕੀ ਨਾਲ ਕਰ ਦਿਤਾ। ਗੋਪਾ ਬੜੀ ਸੁਘੜ ਤੇ ਸੂਝਵਾਨ ਰਾਜਕੁਮਾਰੀ ਸੀ।

### ਤਿਆਗ ਅਤੇ ਏਕਾਂਤ ਦੀ ਆਦਤ

ਗੋਪਾ ਤੋਂ ਛੁਟ ਉਸ ਦੀਆਂ ਦੋ ਹੋਰ ਇਸਤ੍ਰੀਆਂ ਅਤੇ ਕਈ ਰਖੇ-ਲੀਆਂ ਵੀ ਸਨ, ਜਿਨ੍ਹਾਂ ਨਾਲ ਉਹ ਮਹਲ ਵਿਚ ਐਸ਼ ਇਸ਼ਰਤ ਦਾ ਜੀਵਨ ਬਤੀਨ ਕਰਦਾ ਸੀ। ਰਾਜ ਮਹਲਾਂ ਦੇ ਰਾਗ ਰੰਗ ਦੇ ਬਾਵਜੂਦ ਉਹਦਾ ਮਨ ਸੋਚਾਂ ਵਿਚ ਰਹਿੰਦਾ। ਉਹ ਆਪਣੇ ਦਿਲ ਵਿਚ ਸੋਚਦਾ:—

"ਇਹ ਮਨੁਖਾ ਜੀਵਨ ਉਸ ਅੱਗ ਦੇ ਚੰਗਿਆੜੇ ਵਾਂਗ ਹੈ ਜੋ ਲਕੜ ਦੀ ਰਗੜ ਨਾਲ ਉਤਪਨ ਹੁੰਦਾ ਹੈ, ਇਹ ਬਲਦਾ ਤੇ ਬੁਝ ਜਾਂਦਾ ਹੈ।" ਉਹ ਜੀਵਨ ਦੀ ਅਸਥਿਰਤਾ ਅਤੇ ਆਤਮਾਂ ਦੀ ਮੁਕਤੀ ਬਾਰੇ ਬਹਿਸ ਕਰਨ ਲਗਦਾ।

### ਬੁਢਾਪਾ, ਗਰੀਬੀ ਤੇ ਮੌਤ ਬਾਰੇ ਵੀਚਾਰ

ਮਹਾਤਮਾ ਬੁੱਧ ਦੀ ਆਯੂ ੨੯ ਸਾਲ ਦੀ ਹੋ ਗਈ! ਇਕ ਦਿਨ ਉਹ ਸ਼ਾਹੀ ਰੱਥ ਵਿਚ ਸੈਰ ਲਈ ਜਾ ਰਿਹਾ ਸੀ ਕਿ ਉਸ ਨੇ ਇਕ ਨਿਰਬਲ ਬਿਰਧ ਨੂੰ ਡਿੱਠਾ, ਜਿਸ ਦੇ ਸਿਰ ਦੇ ਕੇਸ ਝੜ ਗਏ ਸਨ ਅਤੇ ਜਿਸ ਦਾ ਨਿਰਬਲ ਸਰੀਰ ਕੰਬ ਰਿਹਾ ਸੀ। ਉਹ ਅਸਾਧ ਜ਼ਖਮਾਂ ਨਾਲ ਨਿੱਢਾਲ ਸੀ। ਉਸ ਦੇ ਮਗਰੋਂ ਉਸ ਦੀ ਨਜ਼ਰ ਇਕ ਅਰਥੀ ਉਤੇ ਪਏ ਮਰਿਤ ਸ਼ਰੀਰ ਉਤੇ ਪਈ। ਮਰਨ ਵਾਲੇ ਦੇ ਸਾਕ ਸੰਬੰਧੀ ਉਸਦੇ ਉਦਾਲੇ ਬੈਠੇ ਰੋ ਪਿਟ ਰਹੇ ਸਨ। ਰਾਜਕੁਮਰ ਨੇ ਦਿਲ ਵਿਚ ਆਖਿਆ ਇਹੋ ਜਿਹੀ ਜਵਾਨੀ ਨੂੰ ਕੀ ਕਰਨਾ, ਜਿਸ ਨੂੰ ਐਨੇ ਰੋਗ ਲਗੇ ਹੋਣ ਤੇ ਜੋ ਅੰਤ ਬੁਢਾਪੇ ਤੇ ਮੌਤ ਦਾ ਗਰਾਸ ਬਣ ਜਾਣੀ ਹੈ? ਇਹੋ ਜਿਹੇ ਦੁੱਖਾਂ ਤੇ ਕਸ਼ਟਾਂ ਦੇ ਜੀਵਨ ਉਤੇ ਲਾਹਨਤ ਹੈ। ਇਹ ਜ਼ਿੰਦਗੀ ਕੀ ਹੈ ਇਕ ਸੁਪਨਾ ਹੈ। ਇਹ ਸੰਸਾਰ ਦੁੱਖਾਂ ਦੀ ਖਾਣ ਹੈ ਅਤੇ ਹਰ ਪਾਸੇ ਕਸ਼ਟ ਹੀ ਕਸ਼ਟ ਹਨ। ਇਹ ਸੋਚ ਕੇ ਸਿੱਧਾਰਥ ਨੇ ਸੰਸਾਰ ਦੇ ਤਿਆਗ ਦਾ ਸੰਕਲਪ ਧਾਰ ਲਿਆ।

### ਸੰਸਾਰ ਤਿਆਗ

ਰਾਜ ਮਹਲ, ਪਤਨੀਆਂ ਅਤੇ ਬੱਚਿਆਂ ਨੂੰ (ਜਿਨ੍ਹਾਂ ਵਿਚ ਇਕ ਨਵਾਂ ਜੰਮਿਆਂ ਪੁਤਰ ਸੀ) ਨੂੰ ਸੁਤੇ ਛਡ ਕੇ, ਅਤੇ ਪਹਿਰੇ ਦਾਰਾਂ ਤੋਂ ਅੱਖ ਬਚਾ ਕੇ ਉਹ ਘਰੋਂ ਨਿਕਲ ਤੁਰਿਆ। ਜੰਗਲ ਵਿਚ ਜਾ ਕੇ ਉਸ ਨੇ ਕਰੜੀ ਤਪਸਿਆ ਕੀਤੀ, ਭੁੱਖ, ਪਿਆਸ, ਗਰਮੀ, ਸਰਦੀ ਤੇ ਝਖੜਾਂ ਦੀ ਰਤਾ ਪਰਵਾਹ ਨ ਕੀਤੀ। ਇਸ ਤਰ੍ਹਾਂ ਪੂਰੇ ਛੀ ਸਾਲ ਤੀਕ ਉਸ ਨੇ ਸੱਚ ਦੀ ਢੂੰਡ ਵਿਚ ਬਿਤਾਏ। ਜਦ ਫੇਰ ਵੀ ਉਸ ਨੂੰ ਸੱਚ ਦੀ ਪ੍ਰਾਪਤੀ ਨ ਹੋਈ ਤਦ ਉਸ ਨੇ ਤਪਸਿਆ ਕਰਨੀ ਆਰੰਭੀ। ਕੁਛ ਸਮਾਂ ਮਗਰੋਂ ਉਸ ਨੂੰ ਐਉਂ ਪ੍ਰਤੀਤ ਹੋਇਆ ਕਿ ਉਸ ਨੂੰ ਉਹ ਗਿਆਨ ਪ੍ਰਾਪਤ ਹੋ ਚੁਕਾ ਹੈ ਜਿਸ ਨਾਲ ਉਹ ਮਨੁਖਾ-ਬੁਰਾਈਆਂ ਉਤੇ ਵਿਜੈ ਪਾ ਸਕਦਾ ਹੈ।

### ਬੁਧ ਦੀ ਸਿਖਿਆ

ਉਸ ਨੇ ਗਿਆਨ ਦਵਾਰਾ ਇਹ ਚਾਰ ਵੱਡੀਆ ਸੱਚਾਈਆਂ ਮਲੂਮ ਕੀਤੀਆਂ ਦੁੱਖ ਕੀ ਹੈ? ਦੁੱਖ ਕਿਉ ਹੁੰਦਾ ਹੈ? ਦੁੱਖਾਂ ਤੋਂ ਮੁਕਤੀ ਅਤੇ ਕਸ਼ਟਾਂ ਦਾ ਨਿਵਾਰਨ ਅਰਥਾਤ ਨਿਰਵਾਨ ਦੀ ਪ੍ਰਾਪਤੀ। ਬੁੱਧ ਨੇ ਦਸਿਆ ਕਿ ਹਰ ਇਕ ਜ਼ਿੰਦਾ ਜੀਵ ਨੂੰ ਦੁੱਖ ਤੇ ਕਸ਼ਟ ਅਵਸ਼ ਉਠਾ-ਉਣੇ ਪੈਂਦੇ ਹਨ। ਜੇ ਉਸ ਨੂੰ ਪਾਪਾਂ ਦੀ ਹੋਂਦ ਦਾ ਗਿਆਨ ਹੋ ਜਾਏ ਤਾਂ ਉਹ ਇਹਨਾਂ ਪਾਪਾਂ ਤੋਂ ਮੁਕਤ ਹੋਣ ਦਾ ਜਤਨ ਜ਼ਰੂਰ ਕਰੇਗਾ।

### ਬੁਧ

ਗਿਆਨ ਪ੍ਰਾਪਤ ਕਰਨ ਮਗਰੋਂ ਉਸ ਨੇ ਆਪਣੇ ਆਪ ਨੂੰ ਬੁੱਧ ਕਹਾਉਣਾ ਸ਼ੁਰੂ ਕੀਤਾ। ਬੁਧ ਬਣ ਕੇ ਉਸ ਨੇ ਆਪਣੀ ਸਿਖਿਆ ਦਾ ਪ੍ਰਚਾਰ ਮਨੁਖ ਜਾਤੀ ਵਿਚ ਸ਼ੁਰੂ ਕਰ ਦਿਤਾ। ਐਉਂ ੩੬ ਸਾਲ ਦੀ ਉਮਰ ਵਿਚ ਉਸ ਨੇ ਆਪਣੇ ਨਵੇਂ ਧਰਮ ਦਾ ਪ੍ਰਚਾਰ ਆਰੰਭਿਆ। ਉਸ ਨੇ ਘਸਮੈਲੇ ਪੀਲੇ ਰੰਗ ਦੇ ਕਪੜੇ ਪਾ ਲਏ, ਭੱਦਨ ਕਰਾ ਲਿਆ ਤੇ ਹੱਥ ਵਿਚ ਕਰਮੰਡਲ ਫੜ ਲਿਆ। ਜਿਸ ਪ੍ਰਕਾਰ ਈਸਾਈਆਂ ਦੇ ਵਡੇ ਪ੍ਰਚਾਰਕ ਸੈਂਟ ਪਾਲ ਨੇ ਸਾਰੇ ਰੋਮਨ ਰਾਜ ਦਾ ਪੈਦਲ ਚੱਕਰ ਲਾਇਆ ਸੀ ਉਵੇਂ ਹੀ ਬੁੱਧ ਨੇ ੪੪ ਸਾਲ ਤੀਕ ਦੂਰ ਦਰਾਡੇ ਦੇਸਾਂ ਦੀ ਯਾਤਰਾ ਕੀਤੀ ਅਤੇ ਲੋਕਾਂ ਨੂੰ ਤੇ ਰਾਜਿਆਂ ਨੂੰ ਆਪਣੇ ਚੇਲੇ ਬਣਾਇਆ।

ਆਪ ਦੇ ਜੀਵਨ ਦੇ ਵੱਡੇ ਵੱਡੇ ਚਰਿਤਰ ਅਜੁਧਿਆ, ਗਯਾ ਅਤੇ

Sri Satguru Jagjit Singh Ji eLibrary NamdhariElibrary@gmail.com

ਰਾਜਗਿਰ ਵਿਚ ਹੋਏ । ਹੁਣ ਇਹੋ ਅਸਥਾਨ ਬੋਧੀਆਂ ਲਈ ਤੀਰਥ ਅਸਥਾਨ ਬਣ ਗਏ ਹਨ ।

## ਅੰਤਮ ਸਿਖਿਆ ਤੇ ਚਲਾਣਾ

ਅੰਤਮ ਰਾਤ ਉਹਨਾਂ ਨੇ ਆਪਣੇ ਧਰਮ ਦਾ ਪ੍ਰਚਾਰ ਕਰਨ ਵਿਚ ਬਤੀਤ ਕੀਤੀ । ਫੇਰ ਆਪਣੇ ਚੇਲਿਆਂ ਤੋਂ ਵਿਦਾਅ ਲੈ ਕੇ ਪ੍ਰਾਰਥਨਾ ਵਿਚ ਰੁਝ ਗਏ ਅਤੇ ਸਾਲ ਦੇ ਬਿਰਛ ਹੇਠ ਸ਼ਾਂਤੀ ਨਾਲ ਚਲਾਣਾ ਕਰ ਗਏ । ਉਹਨਾਂ ਦਾ ਚਲਾਣਾ ੮੦ ਸਾਲ ਦੀ ਉਮਰ ਵਿਚ ਉਸ ਬਿਸਤਰ ਉਤੇ ਹੋਇਆ, ਜੋ ਉਹਨਾਂ ਦੇ ਅਨਿਨ ਭਗਤ ਆਨੰਦ ਨੇ ਤਿਆਰ ਕੀਤਾ ਸੀ । ਮਹਾਤਮਾ ਬੁਧ ਦੇ ਮੁਖਾਰ ਬਿੰਦ ਤੋਂ ਜਿਹੜੇ ਅੰਤਮ ਲਫ਼ਜ਼ ਨਿਕਲੇ ਉਹ ਸਨ, "ਕੋਈ ਚੀਜ਼ ਅਸਥਿਰ ਨਹੀਂ ।" ਇਹਨਾਂ ਲਫ਼ਜ਼ਾਂ ਤੋਂ ਆਪ ਨੇ ਦਸਿਆ ਕਿ ਮੌਤ ਤੋਂ ਪਰੇ ਕੋਈ ਚੀਜ਼ ਨਹੀਂ । ਮਰ ਕੇ ਮਨੁਖ ਉਸੇ ਈਸ਼ਵਰੀ ਸ਼ਕਤੀ ਵਿਚ ਸਮਾ ਜਾਂਦਾ ਹੈ ਜਿਥੋਂ ਕਿ ਉਪਜਿਆ ਸੀ । ਉਹਨਾਂ ਦੀ ਰਾਖ ਤੇ ਅਸਥੀਆਂ ਗੋਰਖ ਪੁਰ ਜ਼ਿਲੇ ਦੇ ਕਸੀਆ (ਕੁਸ਼ੀ ਨਗਰ) ਅਸਥਾਨ ਤੇ ਦਬਾਈਆਂ ਗਈਆਂ, ਜਿਥੇ ਬਹੁਤ ਸਾਰੇ ਬੋਧੀ ਮਾਤਮ ਮਨਾਉਣ ਲਈ ਇਕਤਰ ਹੋਏ ।

## ਹਿੰਦੂ ਧਰਮ ਉਤੇ ਬੁੱਧ ਧਰਮ ਦਾ ਅਸਰ

ਮਹਾਤਮਾ ਬੁੱਧ ਨੇ ਹਿੰਦੂਆਂ ਦੀਆਂ ਰਸਮਾਂ ਬੰਦ ਕਰ ਦਿਤਿਆਂ । ਬਰਾਹਮਣ ਦੀ ਬਰਤਰੀ ਖ਼ਤਮ ਕਰ ਦਿਤੀ, ਜੀਵਾਂ ਦੀ ਕੁਰਬਾਨਾ ਦਾ ਅੰਤ ਕਰ ਦਿਤਾ, ਅਤੇ ਦੇਵੀ ਦੇਵਤਿਆਂ ਦਾ ਜਾਲ ਤੋੜ ਦਿਤਾ । ਉਹਨਾਂ ਨੇ ਤਰਿਸ਼ਨਾਂ ਨੂੰ ਮਾਰਨ ਦਾ ਉਪਦੇਸ਼ ਦਿਤਾ ਅਤੇ ਸਰੀਰ ਨੂੰ ਆਤਮਾ ਦੇ ਕਬਜ਼ੇ ਵਿਚ ਰਖਣ ਲਈ ਕਰੜੀ ਤਪਸਿਆ ਦਾ ਰਿਵਾਜ ਤੋਰਿਆ । ਉਹਨਾਂ ਦੇ ਜੀਵਨ ਦਾ ਮਨੋਰਥ ਸੀ ਸਰਬ ਲਈ ਗਿਆਨ ਤੇ ਆਤਮਕ ਮੁਕਤੀ । ਉਹਨਾਂ ਦਾ ਚਲਾਇਆ ਹੋਇਆ ਧਰਮ ਸਾਰੇ ਭਾਰਤ ਵਿਚ ਫੈਲ ਗਿਆ । ਪਰ ਪੰਦਰਾਂ ਸੌ ਸਾਲ ਦੀ ਕਰੜੀ ਜਦੋ ਜਿਹਦ ਮਗਰੋਂ ਇਸ ਨੂੰ ਬਰਾਹਮਣੀ ਧਰਮ ਨੇ ਮਾਤ ਦੇ ਦਿਤੀ, ਤੇ ਆਪ ਮੁੜ ਜ਼ਿੰਦਾ ਹੋ ਗਿਆ । ਸੰਖੇਪ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਬੁਧ ਧਰਮ ਇਕ ਕਿਸਮ ਦਾ ਸੰਨਿਆਸ ਹੈ ਜਿਸ ਵਿਚ ਆਪਾ ਮਾਰਨ ਦੇ ਕਠਨ ਵਰਤ ਨੂੰ ਸ਼ਾਮਲ ਕੀਤਾ ਗਿਆ ਹੈ। ਇਹ ਭਵਿੱਖ ਦੀ ਹੋਂਦ ਦੇ ਵਿਰੁਧ ਹੈ ਅਤੇ ਇਸ ਦਾ ਮੁਖ ਮੰਤਵ ਹੈ ਨਿਰਵਾਨ ਪ੍ਰਾਪਤ ਕਰਨਾ ਅਰਥਾਤ ਆਪੇ ਨੂੰ ਖ਼ਤਮ ਕਰ ਕੇ ਮੌਤ ਦੇ ਮੂੰਹ ਵਿਚ ਜਾ ਪੈਣਾ । ਇਹੋ ਜਿਹਾ ਧਰਮ ਜਿਸ ਦਾ ਸਿੱਟਾ ਕੁਛ ਨਾ ਹੋਵੇ ਹਿੰਦ ਦੇ ਸੂਝਵਾਨ ਲੋਕਾਂ ਲਈ ਕਿਵੇਂ ਪਰਵਾਨ ਹੋ ਸਕਦਾ ਸੀ। ਸੁ ਹਿੰਦ ਵਾਸੀਆਂ ਨੇ ਇਸ ਧਰਮ ਦਾ ਤਿਆਗ ਕਰ ਦਿਤਾ।

## ਹਿੰਦੂਆਂ ਵਲੋਂ ਬੁਧ ਧਰਮ ਦਾ ਤਿਆਗ

ਸਨਿਆਸ ਨਾ ਕਦੇ ਧਰਮ ਬਣਿਆ ਹੈ ਅਤੇ ਨਾ ਕਦੇ ਬਣ ਸਕੇਗਾ । ਫੇਰ ਵੀ ਅਸੀਂ ਵੇਖਦੇ ਹਾਂ ਕਿ ਆਪਣੇ ਅਸਲ ਵਤਨ ਤੋਂ ਜਲਾਵਤਨ ਹੋ ਕੇ ਬੁਧ ਧਰਮ ਬਤੌਰ ਧਰਮ ਦੇ ਜਲਾਵਤਨੀ ਵਿਚ ਖ਼ੂਬ ਫਲਿਆ ਫੁਲਿਆ ਸੀ। ਉਹ ਸਾਰੇ ਏਸ਼ਿਆ ਵਿਚ ਫੈਲ ਗਿਆ ਵਸ਼ੇਸ਼ ਕਰ ਕੇ ਸੀਲੋਨ, ਬਰਮਾ, ਸਿਆਮ, ਜਾਪਾਨ, ਚੀਨ, ਕੋਚੀਨੀ ਚੀਨ, ਮੰਗੋਲੀਆ, ਤਿੱਬਤ ਤੇ ਹੋਰ ਪੂਰਬੀ ਟਾਪੂ। ਸੰਸਕ੍ਰਿਤ, ਚੀਨੀ, ਪਾਲੀ ਤੇ ਹੋਰ ਹੋਰ ਬੋਲੀਆਂ ਵਿਚ ਬੁਧ ਧਰਮ ਦਾ ਬਹੁਤ ਸਾਰਾ ਸਾਹਿਤ ਹੁਣ ਵੀ ਮਿਲਦਾ ਹੈ।

## ਚੀਨੀ ਸੈਲਾਨੀ ਪੰਜਾਬ ਵਿਚ

ਆਪਣੇ ਧਰਮ ਦੀ ਮਾਤ-ਭੂਮੀ ਦੇ ਦਰਸ਼ਨ ਕਰਨ ਲਈ ਕਈ ਚੀਨੀ ਸੈਲਾਨੀ ਮਧ ਏਸ਼ਿਆ ਦਾ ਕਠਨ ਪੈਂਡਾ ਕਰ ਕੇ ਭਾਰਤ ਪਹੁੰਚੇ। ਇਹਨਾਂ ਵਿਚੋਂ ਸਭ ਤੋਂ ਪਹਿਲਾ ਸੈਲਾਨੀ ਫਾਹੀਆਨ ਸੀ, ਜੋ ਸੰਨ ੩੯੯ ਈ: ਵਿਚ ਅਫਗਾਨਿਸਤਾਨ ਦੇ ਰਸਤੇ ਪੰਜਾਬ ਵਿਚ ਦਾਖਲ ਹੋਇਆ। ਉਸ ਨੇ ਆ ਕੇ ਵੇਖਿਆ ਕਿ ਬੋਧੀ ਭਿਖਸ਼ੂ ਤੇ ਮੰਦਰ, ਹਿੰਦੂ ਮੰਦਰਾਂ ਦੇ ਨਾਲ ਨਾਲ ਵਿਦਮਾਨ ਹਨ। ਇਕ ਹੋਰ ਚੀਨੀ ਸੈਲਾਨੀ ਹਿਯੂਆਨ ਸਿਆਂਗ ਮਧ ਏਸ਼ਿਆਂ ਦੇ ਰਸਤੇ ਚਲ ਕੇ ਪੰਜਾਬ ਪੁਜਾ। ਇਹ ਸੈਲਾਨੀ ਸਤਵੀਂ ਸਦੀ ਦੇ ਪਹਿਲ ਅਧ ਵਿਚ ਆਇਆ। ਉਸ ਨੇ ਡਿੱਠਾ ਕਿ ਬੋਧੀ ਮੰਦਰ ਤੇ ਭਿਖਸ਼ੂ ਸਾਰੇ ਦੇਸ ਵਿਚ ਫੈਲੇ ਹੋਏ ਹਨ। ਕਸ਼ਮੀਰ ਵਿਚ ਓਥੋਂ ਦਾ ਬਾਦਸ਼ਾਹ ਤੇ ਲੋਕ ਸਭ ਕਟਰ ਬੋਧੀ ਸਨ; ਅਫਗਾਨਿਸਤਾਨ ਦਾ ਬਾਦਸ਼ਾਹ ਵੀ ਇਕ ਬੋਧੀ ਸੀ। ਅਸ਼ੋਕ ਅਤੇ ਕਨਿਸ਼ਕ ਨਾਮ ਦੇ ਦੋ ਪ੍ਰਸਿਧ ਬੋਧੀ ਬਾਦਸ਼ਾਹਾਂ ਦੀਆਂ ਯਾਦਗਾਰਾਂ ਪੰਜਾਬ ਦੀਆਂ ਸਰਹਦਾਂ ਉਤੇ ਮਜੂਦ ਸਨ। ਉਸ ਨੇ ਚੀਨਾਪਤੀ ਦੇ ਪੁਰਾ-ਤਨ ਸ਼ਹਿਰ ਵਿਚ ੧੪ ਮਹੀਨੇ ਬਤਾਏ। ਇਹ ਸ਼ਹਿਰ, ਜਨਰਲ ਕਨਿੰਘਮ ਦੇ ਕਥਨ ਅਨੁਸਾਰ, ਬਿਆਸ ਦੇ ਪਛਮ ਵਲ ਨੂੰ ਹੈ; ਜਿਥੇ ਉਤ੍ਰੀ ਬੁਧ ਧਰਮ ਦਾ ਮੋਢੀ ਬਾਦਸ਼ਾਹ ਕਨਿਸ਼ਕ ਆਪਣੇ ਚੀਨੀ ਯਰਗ਼ਮਾਲਾਂ ਨੂੰ ਰਖਿਆ ਕਰਦਾ ਸੀ। ਉਸ ਚੀਨੀ ਸੈਲਾਨੀ ਨੇ ਪੰਜਾਬ ਨੂੰ ਪਾਰ ਕਰਕੇ ਦਰਿਆ ਗੰਗਾ ਦੇ ਦਹਾਨੇ (ਨਿਕਾਸ)ਤੀਕ ਸਫਰ ਕੀਤਾ। ਉਸ ਨੇ ਆਪਣੇ ਸਫਰ ਦਾ ਸੰਪੂਰਨ ਵਰਵਾ ਲਿਖਿਆ ਹੈ, ਜੋ ਬੜਾ ਸਵਾਦਲਾ ਹੈ। ਉਸ ਨੇ ਬੋਧ ਅਤੇ ਹਿੰਦੂ ਮੰਦਰ ਵੀ ਵੇਖੇ ਸਨ। ਉਸ ਦੇ ਮਗਰੋਂ ਬੁਧ ਧਰਮ ਦੇ ਵਿਰੋਧੀ ਹਿੰਦੂ ਸੁਧਾਰਕਾਂ ਨੇ ਹੌਲੀ ਹੌਲੀ ਬੁੱਧ ਧਰਮ ਉਤੇ ਕਾਬੂ ਪਾ ਲਿਆ ਅਤੇ ੭੦੦ ਤੇ ੯੦੦ ਸੰਨ ਈਸਵੀ ਵਿਚਕਾਰ ਉਸ ਨੂੰ ਹੌਲੀ ਹੌਲੀ ਖ਼ਤਮ ਕਰ ਕੇ ਰਖ ਦਿਤਾ।

## ਪੰਜਾਬ ਵਿਚ ਬੁੱਧ ਧਰਮ ਦਾ ਅੰਤ

ਜ਼ਿਲਾ ਕਾਂਗੜਾ ਦਾ ਇਕ ਨਗਰ ਸਪਿਟੀ ਹੈ। ਇਸ ਸਮੇਂ ਇਸ ਨਗਰ ਦੇ ਸਾਰੇ ਦੇ ਸਾਰੇ ਵਸਨੀਕ ਬੋਧੀ ਹਨ। ਲਾਹੁਲ ਵਿਚ ਵੀ ਬਹੁਤੇ ਲੋਕ ਬੁੱਧ ਧਰਮ ਦੇ ਪਿਛਲੱਗ ਹਨ ਅਤੇ ਓਥੇ ਬੋਧੀ ਮੱਠ ਵੀ ਹੁਣ ਤੀਕ ਮਜੂਦ ਹਨ। ਚੰਬੇ ਰਿਆਸਤ ਵਿਚ ਪਾਗੀ ਦੇ ਪਰਲੇ ਉਚੇਰੇ ਇਲਾਕੇ ਵਿਚ ਤਿੱਬਤ ਦੇ ਲਾਮਿਆਂ ਦਾ ਹੀ ਮਤ ਚਾਲੂ ਹੈ। ਭਾਗਾ ਅਤੇ ਚੰਦਰਾ ਦੀਆਂ ਵਾਦੀਆਂ ਵਿਚ ਸਭ ਤੋਂ ਵਧੀਕ ਵਸੋਂ ਬੋਧੀਆਂ ਦੀ ਹੈ। ਇਹਨਾਂ ਪਹਾੜੀ ਇਲਾਕਿਆਂ ਨੂੰ ਛਡ ਕੇ ਪੰਜਾਬ ਵਿਚ ਬੁਧ ਧਰਮ ਹੁਣ ਖ਼ਤਮ ਹੋ ਚੁਕਾ ਹੈ।

## ਬੋਧੀ ਬਾਦਸ਼ਾਹ ਅਸ਼ੋਕ

ਅਸ਼ੋਕ ਦੇ ਖੁਸ਼ਹਾਲ ਸਮੇਂ ਭਾਰਤ ਵਿਚ ਬੁਧ ਧਰਮ ਉਨੱਤੀ ਦੇ ਸਿਖਰ ਉਤੇ ਜਾ ਪੁਜਾ ਸੀ। ਅਸ਼ੋਕ ਨੂੰ ਪ੍ਰਿਆਦਾਸੀ ਵੀ ਆਖਦੇ ਹਨ। ਉਹ ਉਸ ਚੰਦਰ ਗੁਪਤ ਦਾ ਪੋਤਾ ਸੀ, ਜੋ ਮਗਧ ਦੇ ਤਖ਼ਤ ਉਤੇ ਸੰਨ ਈਸਵੀ ਤੋਂ ੨੭੫ ਸਾਲ ਪਹਿਲੇ ਬੈਠਾ ਸੀ। ਉਸ ਦਾ ਰਾਜ ਪੂਰਬ ਵਿਚ ਦਰਿਆ ਗੰਗਾ ਦੇ ਨਿਕਾਸ ਤੋਂ ਲੈ ਕੇ ਪੱਛਮ ਵਿਚ ਦਰਿਆ ਸਿੰਧ ਤੀਕ ਪਸਰਿਆ ਹੋਇਆ ਸੀ। ਉਹ ਬੜਾ ਹੀ ਸਯੋਗ ਪੁਰਸ਼ ਸੀ ਅਤੇ ਵਾਪਰਨ ਵਾਲੀਆਂ ਘਟਨਾਵਾਂ ਨੂੰ ਪਹਿਲੇ ਹੀ ਤਾੜ ਲੈਂਦਾ ਸੀ। ਉਸ ਨੇ ਹਿੰਦੂ ਮਤ ਦਾ ਤਿਆਗ ਕਰ ਕੇ ਬੁਧ ਧਰਮ ਧਾਰਨ ਕਰ ਲਿਆ।

## ਧਰਮ ਪ੍ਰਚਾਰ ਦੇ ਜਤਨ

ਅਸ਼ੋਕ ਅੰਦਰ ਬੁੱਧ ਧਰਮ ਲਈ ਅਗਾਧ ਪ੍ਰੇਮ ਤੇ ਜੋਸ਼ ਸੀ।

Sri Satguru Jagjit Singh Ji eLibrary NamdhariElibrary@gmail.com

ਉਸ ਨੇ ਨਵੇਂ ਧਰਮ ਦੇ ਪਰਚਾਰ ਲਈ ਚੀਨ, ਤਿੱਬਤ, ਸਿਆਮ, ਸੀਲੋਨ, ਕੰਬੋਦੀਆ ਅਤੇ ਜਾਵਾ ਵਰਗੇ ਦੂਰ ਦੁਰਾਡੇ ਦੇਸ਼ਾਂ ਵਿਚ ਪੁਲੀਟੀਕਲ ਮਿਸ਼ਨ ਭੇਜੇ। ਯੂਨਾਨ, ਸ਼ਾਮ ਅਤੇ ਮਿਸਰ ਦੇ ਬਾਦਸ਼ਾਹਾਂ ਨਾਲ ਵੀ ਉਸ ਦੇ ਮਿਤਰਾਂ ਵਾਲੇ ਸੰਬੰਧ ਸਨ। ਅਸ਼ੋਕ ਨੇ ਉਹਨਾਂ ਦੇਸ਼ਾਂ ਦੇ ਲਾਭਵੰਦੇ ਹੁਨਰ ਤੇ ਕੰਮ ਧੰਦੇ ਆਪਣੇ ਦੇਸ਼ ਵਿਚ ਚਾਲੂ ਕੀਤੇ ਸਨ।

### ਅਸ਼ੋਕ ਦੇ ਸ਼ਿਲਾਲੇਖ

ਅਸ਼ੋਕ ਨੂੰ ਸ਼ਾਨਦਾਰ ਇਮਾਰਤਾਂ ਤੇ ਯਾਦਗਾਰਾਂ ਕਾਇਮ ਕਰਨ ਦਾ ਬੜਾ ਚਾਅ ਸੀ। ਉਸ ਦੀਆਂ ਬਣਾਈਆਂ ਯਾਦਗਾਰਾਂ ਚਿੱਟਾਨਾਂ, ਗਾਰਾਂ (ਕੰਦਰਾਂ) ਮੰਦਰ, ਮੱਠ ਅਤੇ ਮੁਨਾਰੇ ਅਜ ਤੀਕ ਕਾਇਮ ਹਨ ਜੋ ਉਸ ਦੇ ਉਚੇਰੇ ਚਲਨ, ਉਸ ਦੀ ਲੋਕ ਸੇਵਾ ਦੇ ਜਜ਼ਬੇ ਤੇ ਉਸ ਦੀ ਸੂਝ ਨੂੰ ਪ੍ਰਗਟ ਕਰਦੇ ਹਨ। ਬੋਲੀਆਂ ਦੇ ਮਾਹਰ, ਪੁਰਾਣੀਆਂ ਯਾਦਗਾਰਾਂ ਦੇ ਜਾਣਕਾਰ ਅਤੇ ਇਤਹਾਸ ਕਾਰ ਇਹਨਾਂ ਯਾਦਗਾਰਾਂ ਦੀ ਬੜੀ ਪਰਸੰਸਾ ਕਰਦੇ ਹਨ; ਕਿਉਂਕਿ ਇਹਨਾਂ ਚੀਜ਼ਾਂ ਨੇ ਉਹਨਾਂ ਲਈ ਇਤਿਹਾਸ ਦੇ ਭਲੇ ਹੋਏ ਅਧਿਆਏ ਖੋਲ੍ਹ ਕੇ ਰਖ ਦਿਤੇ ਹਨ। ਅਸ਼ੋਕ ਦੀਆਂ ਇਹ ਇਤਿਹਾਸਕ ਯਾਦਗਾਰਾਂ ਬੰਗਾਲ ਦੀ ਖਾੜੀ ਅਤੇ ਵਿੰਧਿਆਚਲ ਦੇ ਪਰਬਤਾਂ ਦੇ ਦਖਣੀ ਢਲਵਾਨਾਂ ਤੋਂ ਲੈ ਕੇ ਦਰਿਆ ਸਿੰਧ (ਅਟਕ) ਦੇ ਪਾਰ ਖੈਬਰ-ਲਾਂਘੇ ਤੀਕ ਪਾਏ ਜਾਂਦੇ ਹਨ। ਇਹਨਾਂ ਵਿਚੋਂ ਹੀ ਇਕ ਚਿੱਟਾਨ ਪਸ਼ੌਰ ਤੋਂ ੪੦ ਮੀਲ ਦੂਰ ਯੂਸਫਜ਼ਈ ਇਲਾਕੇ ਵਿਚ ਹੈ। ਉਸ ਚਿਟਾਨ ਨੂੰ ਕਪੂਰ ਦੀ ਗੜ੍ਹੀ ਆਖਦੇ ਹਨ। ਇਸ ਦਾ ਪਤਾ ਜਨਰਲ ਕੋਰਟ ਨੇ ਲਾਇਆ ਸੀ ਅਤੇ ਇਸ ਦੀ ਸ਼ਿਲਾਲੇਖ ਸੈਲਾਨੀ ਮੇਸਨ ਨੇ ਅਜ ਤੋਂ ੫੦ ਸਾਲ ਪਹਿਲੇ ਪੜ੍ਹੀ ਤੇ ਸਮਝੀ ਸੀ। ਮਹਾਂ ਅਸ਼ੋਕ ਨੇ ਹਿੰਦੂ ਧਰਮ ਵਿਚ ਵੀ ਕੋਈ ਦਖਲ ਨਾ ਦਿਤਾ। ਉਸ ਨੇ ਸਭ ਲੋਕਾਂ ਅੰਦਰ ਅਮਨ ਤੇ ਭਗਤੀ ਭਾਵ ਦਾ ਹੀ ਪ੍ਰਚਾਰ ਕੀਤਾ। ਉਸ ਦੇ ਸ਼ਿਲਾ ਲੇਖ ਦਿਲਚਸਪੀ ਤੇ ਸਪਤਰ ਡੇਰੀਅਸ ਤੋਂ ਵਧੀਕ ਚੰਗੇਰੇ ਤੇ ਸੁਆਦਲੇ ਹਨ। ਇਹਨਾਂ ਵਿਚ ਸਦਾਚਾਰ ਦੇ ਤੱਤ ਤੇ ਨਿਸਵਾਰਥ ਉਤੇ ਜ਼ੋਰ ਦਿਤਾ ਗਿਆ ਹੈ। ਇਹ ਸ਼ਿਲਾ ਲੇਖ, ਲਿਖਣ ਵਾਲੇ ਦੇ ਨੇਕ ਦਿਲੀ ਪ੍ਰਗਟ ਕਰਦੇ ਹਨ। ਇਕ ਸ਼ਿਲਾ-ਲੇਖ ਦਾ ਭਾਵ ਇਉਂ ਹੈ: ਜਿਹੜੇ ਲੋਕ ਉਸ ਦੇ ਧਰਮ ਤੋਂ ਕਿਸੇ ਵਖਰੇ ਧਰਮ ਦੇ ਪਿਛਲੱਗ ਹਨ ਉਹ ਵੀ ਉਹਦੇ ਨੇਕ ਕੰਮ ਦੀ ਪੈਰਵੀ ਕਰ ਕੇ ਮੁਕਤੀ ਪ੍ਰਾਪਤ ਕਰ ਸਕਦੇ ਹਨ।" ਇਕ ਹੋਰ ਸ਼ਿਲਾ ਲੇਖ ਵਿਚ ਇਹ ਆਗਿਆ ਦਰਜ ਹੈ:— ਮੇਰੀ ਇੱਛਾ ਹੈ ਕਿ ਨਾਸਤਕ ਵੀ ਹਰ ਥਾਂ ਨਿਝੱਕ ਹੋ ਕੇ ਵੱਸਣ ਕਿਉਂਕਿ ਉਹ ਵੀ ਸਦਾਚਾਰ ਅਤੇ ਮਨ ਦੀ ਸੁਵੱਛਤਾ ਦੇ ਇੱਛਾਵੰਦ ਹਨ। ਹਰ ਮਨੁਖ ਦੀ ਬਣਤਰ ਅਤੇ ਵੀਚਾਰ ਅੱਡ ਅੱਡ ਹੁੰਦੀ ਹੈ।

### ਪੰਜਾਬ ਵਿਚ ਜੈਨ ਧਰਮ

ਜੈਨ ਮਤਿ ਅਸਲ ਵਿਚ ਹਿੰਦੂ ਧਰਮ ਅਤੇ ਬੁੱਧ ਮਤ ਦੀ ਵਿਚਕਾਰਲੀ ਦਸ਼ਾ ਹੈ, ਕਿਉਂਕਿ ਇਕ ਪਾਸੇ ਤੇ ਇਹ ਬਲੀਦਾਨ ਦੀ ਨਿਖੇਧੀ ਕਰਦਾ ਤੇ ਵੇਦਾਂ ਦੇ ਈਸ਼ਵਰ ਕ੍ਰਿਤ ਹੋਣ ਤੋਂ ਇਨਕਾਰੀ ਹੈ। ਓਹ ਇਸ ਗਲ ਨੂੰ ਵੀ ਪਰਵਾਨ ਨਹੀਂ ਕਰਦਾ ਕਿ ਦਾਨ ਪੁੰਨ ਤੇ ਦੇਵਤਿਆਂ ਦੀ ਪੂਜਾ ਕਰ ਕੇ ਕਰਮ ਭੋਗ ਤੋਂ ਮਨੁੱਖ ਬਚ ਸਕਦਾ ਹੈ, ਨਾ ਹੀ ਉਹ ਮ੍ਰਿਤਕ ਲੋਕਾਂ ਦੀਆਂ ਆਤਮਾਂ ਦੇ ਕਲਿਆਨ ਹਿਤ ਕੀਤੀਆਂ ਜਾਣ ਵਾਲੀਆਂ ਰੀਤਾਂ ਨੂੰ ਹੀ ਕੋਈ ਵਸ਼ੇਸ਼ਤਾ ਦੇਂਦਾ ਹੈ। ਪਰ ਦੂਜੇ ਪਾਸੇ ਇਹ ਬਰਾਹਮਣੀ ਧਰਮ ਅਨੁਸਾਰ ਬਰਾਹਮਣਾਂ ਦੀ ਬਰਤਰੀ ਅਤੇ ਹਿੰਦੂਆਂ ਦੀ ਜਾਤ ਪਾਤ ਨੂੰ ਮੰਨਦਾ ਹੈ, ਹਾਲਾਂਕਿ ਇਹ ਚੀਜ਼ ਬੁਧ ਧਰਮ ਦੇ ਵਿਰੁਧ ਹੈ। ਜੈਨ ਮਤ ਦੇ ਬੁਤ, ਸ਼ਾਦੀ, ਮੌਤ, ਵਰਾਸਤ ਤੇ ਦੇਵਤਿਆਂ ਦੀ ਪੂਜਾ ਬਾਰੇ ਆਪਣੇ ਹੀ ਨਿਯਮ ਹਨ ਅਤੇ ਇਹ ਨਿਯਮ ਹਿੰਦੂਆਂ ਦੇ ਨਿਯਮਾਂ ਨਾਲ ਹੀ ਮਿਲਦੇ ਜੁਲਦੇ ਹਨ। ਜੈਨੀ ਗਊ ਮਾਤਾ ਦੀ ਪੂਜਾ ਕਰਦੇ, ਬੁਤ ਰਖਦੇ ਅਤੇ ਜੀਵ ਹਤਿਆ ਨੂੰ ਨਾ ਬਖ਼ਸ਼ਿਆ ਜਾਣ ਵਾਲਾ ਪਾਪ ਸਮਝਦੇ ਹਨ। ਪੰਜਾਬ ਦੇ ਜੈਨੀ ਵਸਾਯਾ ਅਰਥਾਤ ਬਪਾਰੀ ਜਾਤੀ ਨਾਲ ਸੰਬੰਧ ਰਖਦੇ ਹਨ। ਇਹ ਆਮ ਕਰ ਕੇ ਪੜ੍ਹੇ ਲਿਖੇ ਹਨ। ਇਹਨਾਂ ਵਿਚ ਵੀ ਦੋ ਜਾਤੀਆਂ ਹਨ, ਸਰਾਉਗੀ ਅਤੇ ਅਸਵਾਲ। ਜੈਨ ਵਸੋਂ ਦੀ ਬਹੁਤੀ ਗਿਣਤੀ ਦਿੱਲੀ, ਰੋਹਤਕ ਅਤੇ ਹਿਸਾਰ ਦੇ ਪੂਰਬੀ ਜ਼ਿਲਿਆਂ ਵਿਚ ਪਾਈ ਜਾਂਦੀ ਹੈ।

---

# ਪਰਕਰਨ ੮

## ਮਿਸਰ ਦੇ ਬਾਦਸ਼ਾਹ ਉਸੀਰੀਸ ਦਾ ਪੰਜਾਬ ਉਤੇ ਧਾਵਾ

### ਪੁਰਤਾਨ ਹਿੰਦੂਆਂ ਦਾ ਮਿਸਰ-ਅਸਥਾਨ

ਪੁਰਾਤਨ ਹਿੰਦੂ ਮਿਸਰ ਨੂੰ ਮਿਸਰਾਸਥਾਨ* ਆਖਦੇ ਸਨ। ਕਿਉਂਕਿ ਸਭ ਤੋਂ ਪਹਿਲੇ ਇਸ ਨੂੰ ਹਾਮ ਦੇ ਪੁੱਤਰ ਮਿਸ਼ਰਾਇਮ ਨੇ ਵਸਾਇਆ ਸੀ। ਧਰਮ ਗਰੰਥ ਵਿਚ ਇਸ ਨੂੰ ਇਹੋ ਹੀ ਨਾਮ ਦਿਤਾ ਗਿਆ ਹੈ। ਮਿਸਰ ਨਾਮ ਹੁਣ ਤੀਕ ਦੇਸ਼ ਦੀ ਰਾਜਧਾਨੀ ਕਾਹਰਾ ਵਿਚ ਵਿਦਮਾਨ ਹੈ। ਜਿਥੋਂ ਤੀਕ ਪੁਰਾਤਨਤਾ ਦਾ ਸੰਬੰਧ ਹੈ ਮਿਸਰ ਸਭ ਏਸ਼ਿਆਈ ਦੇਸਾਂ ਵਿਚੋਂ ਪੁਰਾਣਾ ਦੇਸ ਹੈ।

### ਇਸ ਦੀ ਪੁਰਾਤਨਤਾ

ਇਸ ਦਾ ਆਰੰਭਕ ਰਾਜ-ਕਰਮਚਾਰੀ ਮੀਨੀਜ਼ ਮਨੁੱਖਾ ਨਸਲ ਦਾ ਸਭ ਤੋਂ ਪਹਿਲਾ ਬਾਦਸ਼ਾਹ ਸਮਝਿਆ ਜਾਂਦਾ ਹੈ। ਹਿੰਦੁਸਤਾਨ

*ਸ਼ਾਸਤਰੀ ਵਿਚ ਸਥਾਨ ਥਾਂ ਨੂੰ ਆਖਦੇ ਹਨ। ਇਸ ਅਨੁਸਾਰ ਮਿਸਰ ਸਥਾਨ ਦਾ ਭਾਵ ਹੈ ਮਿਸਰਾਇਨ ਦੀ ਥਾਂ। ਮਿਸਰ ਦਾ ਇਬਰਾਨੀ ਭਾਵ ਹੈ ਵੱਡਾ ਸ਼ਹਿਰ। ਪੁਰਾਨਾਂ ਵਿਚ ਵੱਡੇ ਵੱਡੇ ਨਗਰਾਂ ਦੇ ਨਾਮ ਦੇ ਅੰਤ ਵਿਚ ਸਥਾਨ ਲਫ਼ਜ਼ ਆਉਂਦਾ ਹੈ, ਜੋ ਅਜ ਕਲ ਦੇ ਪੁਰਵਾ ਪੁਰਾ ਵਾਂਗ ਹੈ। ਮਕੇ ਨੂੰ ਮੋਛ ਸਥਾਨ ਅਤੇ ਬੈਕਟਰੀਆ (ਅਜ ਕਲ ਦੇ ਬਲਖ) ਨੂੰ ਵਾਨਿਰਸਥਾਨ (ਵਾਨਰਾ ਸਥਾਨ) ਆਖਦੇ ਹਨ।

Sri Satguru Jagjit Singh Ji eLibrary NamdhariElibrary@gmail.com

ਉਤੇ ਸਭ ਤੋਂ ਪਹਿਲਾ ਹਮਲਾਆਵਰ ਹੋਣ ਦਾ ਮਾਣ ਵੀ ਇਸ ਦੇ ਸਭ ਤੋਂ ਪਹਿਲੇ ਬਾਦਸ਼ਾਹ ਨੂੰ ਹੀ ਹੈ।

## ਓਸੀਰੀਜ਼ ਅਸਲ ਵਿਚ ਡਾਯੋਨੀਸੱਸ ਜਾਂ ਬਕੂਸ ਸੀ

ਉਸ ਬਾਦਸ਼ਾਹ ਦਾ ਨਾਮ ਓਸੀਰੀਜ਼ ਸੀ। ਪੁਰਾਤਨ ਯਾਦਗਾਰਾਂ ਦੇ ਲਿਖਾਰੀਆਂ ਦਾ ਖਿਆਲ ਹੈ ਕਿ ਉਹ ਅਸਲ ਵਿਚ ਡਾਯੋਨੀਸਸ ਅਥਵਾ ਬਕੂਸ ਹੀ ਸੀ। ਉਸ ਦੀ ਪਰਿਵਾਰ ਪਰਨਾਲੀ ਕਥਾ ਕਹਾਣੀਆਂ ਵਿਚ ਹੀ ਗੁੰਮ ਹੋ ਚੁਕੀ ਹੈ। ਇਹ ਗਲ ਮੰਨ ਲਈ ਗਈ ਹੈ ਕਿ ਉਹ ਯੂਨਾਨੀਆਂ ਦੇ ਵਹਿਸ਼ੀਪਨ ਛਡਣ ਤੋਂ ਵੀ ਬਹੁਤ ਸਮਾਂ ਪਹਿਲੇ ਹੋਇਆ ਹੈ। ਉਸ ਦੀ ਇਕ ਸੂਰਬੀਰ ਸੂਰਮੇ ਦੇ ਰੂਪ ਵਿਚ ਹੀ ਪ੍ਰਸੰਸਾ ਨਹੀਂ ਕੀਤੀ ਜਾਂਦੀ ਸਗੋਂ ਇਸ ਲਈ ਵੀ ਕਿ ਉਸ ਨੇ ਲਾਭਵੰਦ ਹੁਨਰਾਂ ਨੂੰ ਬੜੀ ਤਰੱਕੀ ਦਿਤੀ ਸੀ। ਹਿੰਦ ਵਿਰੁਧ ਉਸ, ਦੀ ਯਾਦਗਰੀ ਮੁਹਿੰਮ ਦਾ ਵਿਸਥਾਰ ਹੈਰੋਡੋਟਸ, ਡਾਯੋਡੋਰਸ, ਸਿਕੂਲਸ, ਸਟਰਾਬੋ ਨੇ ਲਿਖਿਆ ਹੈ। ਇਹ ਸਾਰੇ ਲਿਖਾਰੀ ਆਪ ਮਿਸਰ ਗਏ ਸਨ। ਉਥੋਂ ਦੇ ਪੁਜਾਰੀਆਂ ਅਤੇ ਪਲੂਟਰਡ ਪਾਸੋਂ ਹੀ ਇਹਨਾਂ ਨੇ ਇਹ ਸਾਰੀ ਜਾਣਕਾਰੀ ਪ੍ਰਾਪਤ ਕੀਤੀ ਸੀ।

## ਪੂਰਬ ਵਿਚ ਪ੍ਰਸਿੱਧ ਮੁਹਿੰਮ

ਰਵਾਇਤ ਇਹ ਹੈ ਕਿ ਥੀਬਸ ਸ਼ਹਿਰ ਦੀ ਨੀਂਹ ਰਖਣ ਅਤੇ ਮਿਸਰ ਨੂੰ ਸਭਯਤਾ ਦਾ ਦਾਨ ਦੇਣ ਮਗਰੋਂ ਉਸ ਨੇ ਆਪਣੇ ਮਨ ਦੀਆਂ ਬਿਰਤੀਆਂ ਪੂਰਬ ਨੂੰ ਵਿਜੈ ਕਰਨ ਵਲ ਮੋੜੀਆਂ। ਆਖਿਆ ਜਾਂਦਾ ਹੈ ਕਿ ਉਸ ਦੇ ਨਾਲ ਮੁਹਿੰਮ ਵਿਚ ਜਿਥੇ ਉਹਦੇ ਫੌਲਾਦੀ ਵੇਸ ਵਾਲੇ ਬੇਟੇ ਐਨੂਲੂਸ ਅਤੇ ਮਸੇਡੋ ਸਨ ਓਥੇ ਨਾਲ ਹੀ ਅਪਾਲੋ ਅਤੇ ਪੈਨ* ਟਰਿੰਪਟੋਲੇਮਸ ਵਰਗੇ ਅਰਥ ਸ਼ਾਸਤ੍ਰੀ, ਮਾਰੋ ਵਰਗੇ ਅੰਗੂਰਾਂ ਦੇ ਮਾਹਰ ਅਤੇ ਮੂਸਿਸ ਵਰਗੇ ਰਾਗਾਂ ਦੇ ਮਾਹਰ ਵੀ ਸਨ। ਉਸ ਨੇ ਹਬਸ਼ ਅਤੇ ਅਰਬ ਦੇਸ਼ ਵੀ ਜਿਤ ਲਏ ਅਤੇ ਇਹਨਾਂ ਦੇਸਾਂ ਵਿਚ ਵੱਖ ਵੱਖ ਪ੍ਰਕਾਰ ਦੇ ਸੁਧਾਰ ਜਾਰੀ ਕੀਤੇ; ਜਿਹਾ ਕਿ ਦਰਿਆ ਨੀਲ ਦਾ ਬੰਦ ਬਨ੍ਹਿਆ, ਜਿਸ ਦਾ ਫਲ ਇਹ ਹੋਇਆ ਕਿ ਇਰਦ ਗਿਰਦ ਦਾ ਦੇਸ ਹੜ੍ਹਾਂ ਦੀ ਤਬਾਹੀ ਤੋਂ ਬਚ ਗਿਆ।

## ਹਿੰਦ ਵਲ ਕੂਚ

ਇਨ੍ਹਾਂ ਇਲਾਕਿਆਂ ਵਿਚ ਆਪਣੀ ਵਿਜੈ ਪੂਰਨ ਕਰ ਚੁਕਣ ਮਗਰੋਂ ਉਹ ਆਪਣੀਆਂ ਫ਼ੌਜਾਂ ਲੈ ਕੇ ਹਿੰਦ ਵਲ ਵਧਿਆ ਅਤੇ ਈਰਾਨੀ ਸਰਹਦ ਵਲੋਂ ਹੋ ਕੇ ਪੰਜਾਬ ‡ ਵਿਚ ਦਾਖਲ ਹੋਇਆ। ਜਿਨ੍ਹਾਂ ਇਤਿਹਾਸਕਾਰਾ ਦਾ ਉਪਰ ਜ਼ਿਕਰ ਆਇਆ

*ਇਨ੍ਹਾਂ ਨੂੰ ਪਿਛੋਂ ਲੋਕਾਂ ਨੇ ਪੂਜਣਾ ਸ਼ੁਰੂ ਕਰ ਦਿਤਾ ਅਤੇ ਇਹ ਲੋਕਾਂ, ਦੇ ਦੇਵਤੇ ਮੰਨੇ ਗਏ।

‡ਯੂਨਾਨੀ ਇਤਹਾਸਕਾਰਾਂ ਨੇ ਸਪਸ਼ਟ ਤੌਰ ਉਤੇ ਇਹ ਵਰਨਣ ਨਹੀਂ ਕੀਤਾ ਕਿ ਮਿਸਰੀ ਬਾਦਸ਼ਾਹ ਨੇ ਸਿੰਧ ਦੇ ਇਲਾਕੇ ਉਤੇ ਵੀ ਹਮਲਾ ਕੀਤਾ; ਪਰ ਇਸ ਗਲ ਨੇ ਕਿ ਉਹ ਖਲੀਜ ਫਾਰਸ ਦੇ ਰਸਤੇ ਭਾਰਤ ਵਿਚ ਦਾਖਲ ਹੋਇਆ, ਇਹ ਗਲ ਖੋਲ੍ਹ ਦਿਤੀ ਹੈ ਕਿ ਉਸ ਨੇ ਪਹਿਲੇ ਪਹਾੜਾਂ ਨੂੰ ਪਾਰ ਕੀਤਾ ਤੇ ਅੰਗੂਰੀ ਖੇਤਾਂ ਦੇ ਇਲਾਕੇ ਵਿਚ ਗਿਆ। ਇਸ ਤੋਂ ਸਪਸ਼ਟ ਹੈ ਕਿ ਉਸ ਦੀਆਂ ਸਰਗਰਮੀਆਂ ਦਾ ਵਡਾ ਕੇਂਦਰ ਸਿੰਧ ਦਾ ਇਲਾਕਾ ਹੀ ਬਣਿਆ ਰਿਹਾ। ਫੇਰ ਯੂਨਾਨੀ ਸਾਨੂੰ ਇਹ ਵੀ ਦਸਦੇ ਹਨ ਕਿ ਉਸ ਨੇ ਆਪਣੀਆਂ ਜਿਤਾਂ ਨੂੰ ਇਥੋਂ ਤੀਕ ਵਧਾਇਆ ਕਿ ਗੰਗਾ ਦੇ ਨਿਕਾਸ ਤੀਕ ਅਪੜ ਗਿਆ। ਕੁਝ ਲੋਕਾਂ ਦਾ ਕਥਨ ਹੈ ਕਿ ਉਸ ਦੇ

(ਬਾਕੀ ਦੂਜੇ ਕਾਲਮ ਦੇ ਥਲੇ)

ਹੈ ਉਨ੍ਹਾਂ ਦੇ ਕਥਨ ਅਨੁਸਾਰ ਉਸ ਨੇ ਡਿੱਠਾ ਕਿ ਭਾਰਤੀ ਲੋਕ ਮੁੱਢਲੇ ਵਸਨੀਕਾਂ ਦਾ ਜੀਵਨ ਬਤੀਤ ਕਰਦੇ, ਮਾਲ ਡੰਗਰ ਚਾਰਦੇ, ਮੈਦਾਨਾਂ ਤੇ ਪਹਾੜਾਂ ਵਿਚ ਚੱਕਰ ਲਾਉਂਦੇ ਫਿਰਦੇ ਹਨ। ਉਨ੍ਹਾਂ ਨੂੰ ਖੇਤੀ ਬਾੜੀ ਦੀ ਜਾਚ ਹੀ ਨਹੀਂ। ਨਾ ਹੀ ਉਹ ਫ਼ੌਜੀ ਵਿਦਿਆ ਵਿਚ ਹੀ ਨਿਪੁੰਨ ਹਨ। ਆਪਣੇ ਦੇਸ਼ ਦੀ ਰਖਿਆ ਲਈ ਹਿੰਦੀ ਲੋਕ ਅਣਗਿਣਤ ਇਕਠੇ ਹੋ ਗਏ। ਉਨ੍ਹਾਂ ਨੇ ਆਪਣੇ ਖੁੰਢ ਹਥਿਆਰਾਂ ਨਾਲ ਹਮਲਾ ਆਵਰ ਫ਼ੌਜ ਨੂੰ ਰੋਕਿਆ। ਡਯੋਨੀਸੀਅਸ ਦੇ ਮੁਸਾਹਿਬਾਂ ਵਿਚ ਕੁਝ ਤੀਵੀਆਂ ਵੀ ਸਨ ਜੋ ਪ੍ਰੋਹਤਾਣੀਆਂ ਦਾ ਕੰਮ ਕਰਦੀਆਂ ਸਨ। ਇਹਨਾਂ ਨੇ ਧਾਰਮਿਕ ਜੋਸ਼ ਵਿਚ ਆ ਕੇ ਨਾਹਰੇ ਲਾਇ "ਵਿਜੈ ਯਾ ਸੁਵਰਗ!" ਇਹਨਾਂ ਦੇ ਜੋਸ਼ੀਲੇ ਜੈਕਾਰਿਆਂ ਨਾਲ ਸਾਰਾ ਮੈਦਾਨ ਗੂੰਜ ਉਠਿਆ। ਇਹਨਾਂ ਨੂੰ ਅਤੇ ਫੌਜ ਦੇ ਦੂਜੇ ਸਿਪਾਹੀਆਂ ਨੂੰ ਨੇਜ਼ੇ ਅਤੇ ਬਰਛੇ ਦਿਤੇ ਗਏ ਸਨ।

## ਪਰਦੇਸੀਆਂ ਨੇ ਪੰਜਾਬ ਜਿੱਤ ਲਿਆ

ਹਿੰਦੀ ਲੋਕਾਂ ਨੇ ਟਾਕਰਾ ਤੇ ਜ਼ਰੂਰ ਕੀਤਾ ਪਰ ਉਹ ਬਹੁਤ ਚਿਰ ਤੀਕ ਅੜ ਨ ਸਕੇ। ਉਹਨਾਂ ਦੀ ਕਤਾਰ ਬੰਦੀ ਟੁਟ ਗਈ। ਫਲ ਇਹ ਹੋਇਆ ਕਿ ਪੰਜਾਬ ਦੇ ਮੈਦਾਨਾਂ ਉਪਰ ਪਹਿਲੀ ਵਾਰ ਪਰਦੇਸੀ ਜੇਤੂਆਂ ਨੇ ਕਬਜ਼ਾ ਕਰ ਲਿਆ। ਜੇਤੂਆਂ ਨੇ ਆਪਣੀ ਜਿੱਤ ਜਾਰੀ ਰਖੀ ਅਤੇ ਗੰਗਾ ਦੇ ਨਿਕਾਸ ਤੀਕ ਅਪੜ ਗਏ। ਇਹ ਜੇਤੂ ਲੋਕ ਤਿੰਨ ਸਾਲ ਤੀਕ ਹਿੰਦੂਸਤਾਨ ਵਿਚ ਰਹਿਣ ਮਗਰੋਂ ਆਪਣੇ ਅਸਲੀ ਵਤਨ ਵਲ ਮੁੜੇ। ਕਿਹਾ ਜਾਂਦਾ ਹੈ ਕਿ ਓਰੀਸੀਜ਼ ਨੇ ਆਪਣੀ ਜਿੱਤ ਦੀ ਯਾਦਗਾਰ ਵਿਚ ਮੁਨਾਰੇ ਖੜੇ ਕੀਤੇ ਸਨ। ਉਹ ਆਪਣੀ ਫ਼ਤਹ ਦੇ ਲਿਖੇ ਹੋਏ ਸ਼ਿਲਾ ਲੇਖ ਵੀ ਪਿਛੇ ਛੱਡ ਗਿਆ, ਪਰ ਇਹ ਸਭ ਚੀਜ਼ਾਂ ਹੁਣ ਸਮੇਂ ਨੇ ਨਸ਼ਟ ਕਰ ਦਿਤੀਆਂ ਹਨ।

## ਓਸੀਰੀਜ਼ ਦਾ ਹਿੰਦੀਆਂ ਨੂੰ ਵਾਹੀ ਸਿਖਾਉਣਾ

ਮੈਂ ਪਹਿਲੇ ਹੀ ਦਸ ਚੁਕਾ ਹਾਂ ਕਿ ਜਦ ਡਿਯੋਨੀਸੀਅਸ ਹਿੰਦ ਵਿਚ ਦਾਖ਼ਲ ਹੋਇਆ ਤਦ ਉਸ ਨੇ ਇਥੋਂ ਦੇ ਲੋਕਾਂ ਨੂੰ ਅਗਿਆਨ ਤੇ ਵਹਿਸ਼ੀ ਪਨ ਦੀ ਦਸ਼ਾ ਵਿਚ ਡਿੱਠਾ। ਉਸ ਨੇ ਇਹਨਾਂ ਨੂੰ ਧਰਤੀ ਕਾਸ਼ਤ ਕਰਨ ਦਾ ਕਮਾਮ ਸਿਖਾਇਆ ਅਤੇ ਨਾਲ ਹੀ ਦੇਵਤਿਆਂ ਦੀ ਪੂਜਾ ਦਾ ਚਸਕਾ ਵੀ ਲਾਇਆ। ਉਸ ਨੇ ਭਾਰਤ ਦੇ ਲੋਕਾਂ ਨਾਲ ਜੋ ਉਪਕਾਰ ਕੀਤਾ ਉਸ ਲਈ ਦੇਸ ਵਾਸੀਆਂ ਨੇ ਉਸ ਨੂੰ ਅਮਰ ਬਣਾ ਦਿਤਾ ਅਤੇ ਉਸ ਦੀ ਦੇਵਤੇ ਦੇ ਰੂਪ ਵਿਚ ਪੂਜਾ ਆਰੰਭ ਹੋ ਗਈ। ਉਸ ਦੇ ਨਾਮ ਉਤੇ ਸ਼ਹਿਰ ਵਸਾਏ ਗਏ। ਮੈਗਸਥੀਨੀਜ਼ ਦਸਦਾ ਹੈ ਕਿ ਉਸ ਨੂੰ ਦੇਸ ਵਿਚ ਉਹ ਅਸਥਾਨ ਵਖਾਏ ਗਏ, ਜਿਥੇ ਕਿ ਮਨੁੱਖਾ ਨਸਲ ਦੇ ਹਮਦਰਦ ਉਸ ਵਿਯਕਤੀ ਨੇ ਪੈਰ ਪਾਏ ਸਨ। ਈਸਸ ਤੇ ਓਸੀਰੀਸ ਸੰਬੰਧੀ ਆਪਣੀ ਪੁਸਤਕ ਵਿਚ ਪਲੂਟਰਚ ਲਿਖਦਾ ਹੈ ਕਿ ਹਿੰਦ ਵਿਚ ਡਯੋਨੀਸੀਅਸ ਦੀ ਪ੍ਰਸਿੱਧ ਮੁਹਿੰਮ ਦੀ ਯਾਦ ਮਨਾਉਣ ਲਈ ਉਹ ਖੇਡਾਂ ਜਾਰੀ ਕੀਤੀਆਂ ਗਈਆਂ, ਜਿਨ੍ਹਾਂ ਨੂੰ ਮਿਸਰ ਵਿਚ ਪਾਮੀਲੀਆ, ਯੂਨਾਨ ਵਿਚ ਡਿਯੋਨੀਸੀਆ, ਅਤੇ ਰੋਮ ਵਿਚ ਬਕਚਾਨੇਲੀਆ ਆਖਦੇ ਹਨ। ਉਸ ਦੀਆਂ ਲਿਖਤਾਂ ਵਿਚ ਨਿਰਸੰਦੇਹ ਇਹ ਗਲ ਸਿੱਧ ਕੀਤੀ ਗਈ ਹੈ ਕਿ ਮਿਸਰੀ ਇਸਸ ਅਤੇ

(ਪਹਿਲੇ ਕਾਲਮ ਦੀ ਬਾਕੀ)

ਕੂਚ ਨੂੰ ਕੇਵਲ ਸਮੁੰਦਰ ਨੇ ਹੀ ਡੱਕਾ ਲਾਇਆ। ਇਸ ਤੋਂ ਸਪਸ਼ਟ ਹੈ ਕਿ ਉਹ ਉਤਰ ਵਲੋਂ ਆਇਆ ਅਤ ਪੰਜਾਬ ਦੇ ਉਪਜਾਊ ਮੈਦਾਨਾਂ ਵਿਚ ਉਤਰ ਪਿਆ। ਅੰਗੂਰਾਂ ਦੀ ਖੇਤੀ ਦੀ ਕਾਸ਼ਤ ਦਾ ਮੋਢੀ ਡਯੋਨੀਸਸ ਦਸਿਆ ਜਾਂਦਾ ਹੈ ਹਾਲਾਂਕਿ ਨਿਰਸੰਦੇਹ ਅੰਗੂਰ ਕਾਬਲ ਅਤੇ ਉਹਨਾਂ ਹਿਮਾਲੀ ਇਲਾਕਿਆਂ ਦੀ ਪੈਦਾਵਾਰ ਹਨ ਜੋ ਪੰਜਾਬ ਦੇ ਉਤਰ-ਪਛਮ ਵਲ ਹਨ।

Sri Satguru Jagjit Singh Ji eLibrary NamdhariElibrary@gmail.com

ਓਸੀਰੀਜ਼ ਹਿੰਦੂਆਂ ਦੇ ਈਸੂ ਅਤੇ ਈਸ਼ਵਰ ਈ ਹਨ। ਉਸ ਦੀ ਪੂਜਾ ਦੂਰ ਦੂਰ ਤੀਕ ਫੈਲ ਗਈ। ਉਸ ਦੀ ਯਾਦ ਰਾਗ ਅਤੇ ਗੀਤਾਂ ਨਾਲ ਮਨਾਈ ਜਾਂਦੀ ਹੈ।

# ਅਸੀਰੀਆ ਦੀ ਮਲਕਾ ਸਮੀਰਾਮੀਸ ਦਾ ਪੰਜਾਬ ਉਤੇ ਹਮਲਾ

## ਸੇਮੀਰਾਮੀਸ ਦਾ ਰਾਜ ਤਿਲਕ ੯੦੦ ਪੂਰਵ ਈਸਵੀ

ਜਦ ਬੈਬੀਲੋਨੀਆ (ਬਾਬਲ) ਦਾ ਪੁਰਾਤਨ ਰਾਜ ਅਸੀਰੀਆਂ ਦੇ ਰਾਜ ਵਿਚ ਸ਼ਾਮਲ ਕੀਤਾ ਗਿਆ ਤਦ ਨਿਨਵੇ ਦਾ ਮੋਢੀ ਨੀਨਸ ਇਸ ਨਵੇਂ ਸੰਯੁਕਤ ਰਾਜ ਦਾ ਪਹਿਲਾ ਸ਼ਹਿਨਸ਼ਾਹ ਥਾਪਿਆ ਗਿਆ। ਉਸ ਦੀ ਮੌਤ ਉਪਰ, ਜੋ ਨੌਵੀਂ ਸਦੀ ਪੂਰਬ ਈਸਾ ਵਿਚ ਹੋਈ, ਉਸ ਦੀ ਮਲਕਾ ਸੇਮੀਰਾਮੀਸ ਉਸ ਵਿਸ਼ਾਲ ਰਾਜ ਦੀ ਮਾਲਕਣ ਬਣੀ, ਜੋ ਨੀਨਸ ਨੇ ਆਪਣੇ ਬਾਹੂ ਬਲ ਨਾਲ ਪ੍ਰਾਪਤ ਕੀਤਾ ਸੀ। ਇਹ ਮਲਕਾ ਸੈਣਕ ਗੁਣਾਂ ਅਤੇ ਸੁੰਦਰਤਾ ਦੀ ਦੇਵੀ ਸੀ। ਭਾਰਤ ਦੀ ਬੇਅੰਤ ਦੌਲਤ, ਇਸ ਦੇ ਬੇਜੋੜ ਕੁਦਰਤੀ ਦਰਿਸ਼ਾਂ ਅਤੇ ਧਰਤੀ ਦੀ ਉਪਜਾਊ ਸ਼ਕਤੀ ਨੂੰ ਵੇਖ ਕੇ, ਉਸ ਦੇ ਮੂੰਹ ਵਿਚ ਪਾਣੀ ਭਰ ਆਇਆ

## ਹਿੰਦ ਵਿਰੁਧ ਮੁਹੰਮ

ਉਸ ਨੇ ਹਿੰਦ ਵਿਰੁਧ ਆਪਣੀ ਉਹ ਪ੍ਰਸਿਧ ਮੁਹਿੰਮ ਸ਼ੁਰੂ ਕਰ ਦਿਤੀ ਜੋ ਅਤਿਕਥਨੀ ਵਾਲੇ ਇਤਹਾਸਕਾਰਾਂ ਦੇ ਕਥਨ ਅਨੁਸਾਰ ਰੁਮਾਨ ਭਰਪੂਰ ਤੇ ਅਤਿ ਖਰਚੀਲੀ ਸੀ। ਇਤਿਹਾਸ ਕਾਰਾਂ ਨੇ ਇਸ ਮੁਹਿੰਮ ਦੇ ਜੋ ਹਾਲ ਲਿਖੇ ਹਨ ਉਨ੍ਹਾਂ ਵਿਚ ਅਤਿ ਕਥਨੀ ਤੋਂ ਕੰਮ ਲਿਆ ਹੈ। ਫੇਰ ਵੀ ਇਸ ਸੰਬੰਧੀ ਡਾਇਓਡੋਰਸ ਲਿਖਦਾ ਹੈ ਕਿ ਇਸ ਮੁਹਿੰਮ ਦਾ ਵਿਸਥਾਰ ਬਬੇਲੋਨ (ਬਾਬਲ) ਦੇ ਅਜੈਬ ਘਰ ਵਿਚੋਂ ਕਟੇਸੀਆਸ ਨੇ ਪ੍ਰਾਪਤ ਕੀਤਾ ਸੀ। ਇਸ ਤੋਂ ਛੁੱਟ ਪਰਾਤਨ ਲਿਖਾਰੀਆਂ ਨੇ ਇਸ ਨੂੰ ਜਿਵੇਂ ਵੱਖ ਵੱਖ ਢੰਗ ਨਾਲ ਬਿਆਨਿਆ ਹੈ ਪੁਰਾਤਨ ਸਮੇਂ ਤੋਂ ਹੀ ਇਸ ਦੀ ਚਲੀ ਆ ਰਹੀ ਪ੍ਰਸਿਧਤਾ ਨੂੰ ਮੁਖ ਰਖ ਕੇ ਜਦ ਇਸ ਨੂੰ ਨਵੀਨ ਖੋਜ ਦੇ ਚਾਨਣੇ ਵਿਚ ਦੇਖਿਆ ਜਾਏ ਤਦ ਇਸ ਸਚਾਈ ਦਾ ਪਤਾ ਲਗ ਜਾਂਦਾ ਹੈ ਕਿ ਸਚ ਮੁਚ ਹੀ ਇਹ ਮੁਹਿੰਮ ਸ਼ੁਰੂ ਹੋਈ ਸੀ।

## ਮਲਕਾ ਤੇ ਪੁਰਾਨਾਂ ਦਾ ਸਾਮੀ ਰਾਮ ਇਕੋ ਚੀਜ਼ ਸਨ

ਸੇਮੀਰਾਮੀ ਬਾਰੇ ਇਹ ਨਿਸ਼ਚਾ ਪਾਇਆ ਜਾਂਦਾ ਹੈ ਕਿ ਉਹ ਹਿੰਦ ਦੇ ਪੁਰਾਨਾਂ ਦਾ ਸਾਮੀ ਰਾਮ ਹੀ ਸੀ,ਜਿਸ ਨੂੰ ਹਿੰਦੂ ਦੇਵਤੇ ਦੇ ਰੂਪ ਵਿਚ ਪੂਜਦੇ ਹਨ। ਉਸ ਦੀ ਮਨ ਭਾਉਂਦੀ ਰਿਹਾਇਸ਼ ਸੋਮ ਬ੍ਰਿਛ ਹੈ ਜਿਸ ਦੀ ਅਗਨੀ ਉਦਾਲੇ ਦੇਵਤੇ ਬੈਠ ਕੇ ਬੜੇ ਪ੍ਰਸੰਨ ਹੁੰਦੇ ਹਨ। ਉਸ ਮਲਕਾ ਬਾਰੇ ਕਿਹਾ ਜਾਂਦਾ ਹੈ ਕਿ ਸਭ ਤੋਂ ਪਹਿਲੇ ਉਹ ਸ਼ਾਮ ਵਿਚ ਅਸਚਲਨ ਸਥਾਨ ਉਪਰ ਪ੍ਰਗਟ ਹੋਈ। ਪੂਰਬ ਦੇ ਪੁਰਾਤਨ ਲਿਖਾਰੀ ਲਿਖਦੇ ਹਨ ਕਿ ਉਸ ਦੀ ਪਾਲਣਾ ਮਾਰੂਥਲ ਵਿਚ ਇਕ ਕਬੂਤਰੀ ਨੇ ਕੀਤੀ। ਪੁਰਾਨਾਂ ਦੇ ਕਥਨ ਅਨੁਸਾਰ ਇਹ ਕਬੂਤਰੀ ਆਪ ਹੀ ਸਾਮੀ ਰਾਮ ਦਾ ਅਵਤਾਰ ਸੀ। ਕਬੂਤਰੀ ਅਸੀਰਾ ਦਾ ਜੰਗੀ ਨਿਸ਼ਾਨ ਹੈ। ਇਸੇ ਤਰ੍ਹਾਂ ਹਿੰਦੁਸਤਾਨ ਅੰਦਰ ਇਹ ਅਮਨ ਤੇ ਖੁਸ਼ਹਾਲੀ ਦਾ ਚਿਨ੍ਹ ਸਮਝਿਆ ਜਾਂਦਾ ਹੈ, ਭਾਵੇਂ ਇਸ ਦਾ ਨਾਮ ਮਹਾਭਾਗ ਅਰਥਾਤ ਖੁਸ਼ਹਾਲੀ ਦੀ ਦੇਵੀ ਰਖਿਆ ਹੋਇਆ ਹੈ। ਸਾਮੀ ਰਾਮੀ ਦਾ ਤਿਹਾਰ ਹੁਣ ਵੀ ਹਿੰਦ ਵਿਚ ਅਕਤੂਬਰ ਦੇ ਮਹੀਨੇ ਮਨਾਇਆ ਜਾਂਦਾ ਹੈ। ਉਸ ਦਿਨ ਸੋਮ ਦਰਖਤ ਹੇਠ ਦੀਵੇ ਬਾਲੇ ਜਾਂਦੇ ਹਨ ਅਤੇ ਚਾਵਲਾਂ, ਫੁਲਾਂ ਤੇ ਸ਼ਰਾਬ ਦੀ ਅਹੁਤੀ ਦਿਤੀ ਜਾਂਦੀ ਹੈ। ਦੇਵੀ ਨੂੰ ਪ੍ਰਸੰਨ ਕਰਨ ਲਈ ਗੀਤ ਗਾਏ ਜਾਂਦੇ ਹਨ। ਨਾ ਕੇਵਲ ਦੇਵੀ ਦੀ ਸਗੋਂ ਉਸ ਦੇ ਨਿਵਾਸ ਅਸਥਾਨ ਵਾਲੇ ਬਿਰਛ ਦੀ ਵੀ ਪੂਜਾ ਕੀਤੀ ਜਾਂਦੀ ਹੈ।

## ਉਹ ਹਿੰਦ ਦੇ ਬਾਦਸ਼ਾਹ ਵੀਰ ਸੈਨ ਦੀ ਸਮਕਾਲਿਨ ਸੀ

ਜਿਸ ਸਮੇਂ ਸੇਮੀਰਾਮੀ ਅਸੀਰੀਆ ਵਿਚ ਰਾਜ ਕਰਦੀ ਸੀ, ਠੀਕ ਉਸ ਸਮੇਂ ਭਾਰਤ ਵਿਚ ਤਰਸਵਾਨ ਬਾਦਸ਼ਾਹ ਵੀਰ ਸੈਨ ਦਾ ਰਾਜ ਸੀ। ਉਸ ਨੇ ਮੋਛ ਅਸਥਾਨ (ਮਕੇ) ਦੀ ਯਾਤਰਾ ਕੀਤੀ ਸੀ ਤਾਂ ਜੁ ਮੋਛ ਈਸ਼ਵਰ ਪਾਸੋਂ ਅਸੀਸ ਪ੍ਰਾਪਤ ਕਰੇ, ਜੋ ਓਦੋਂ ਮਥਾਵੇਣਾ ਕਰ ਕੇ ਪ੍ਰਸਿੱਧ ਸੀ। ਚਿਰ ਕਾਲ ਦੀ ਘੋਰ ਤਪਸਿਆ ਮਗਰੋਂ ਦੇਵਤੇ ਨੇ ਪ੍ਰਸੰਨ ਹੋ ਕੇ ਉਸ ਨੂੰ ਸਥਾਵਰ ਦਾ ਬਾਦਸ਼ਾਹ ਥਾਪ ਦਿਤਾ। ਇਸ ਦੇ ਮਗਰੋਂ ਉਸ ਦਾ ਨਾਮ ਸਥਾਵਰ ਪਤੀ (ਯੂਨਾਨੀਆਂ ਦਾ ਸਟੌਰਾਬੇਟਸ) ਪ੍ਰਸਿੱਧ ਹੋ ਗਿਆ। ਉਸ ਦੇ ਅਧੀਨ ਪਰਬਤ, ਧਰਤੀ, ਬਿਰਛ, ਬੂਟੇ ਅਤੇ ਘਾਹ ਫੂਸ ਸਭ ਆ ਗਏ। ਉਸ ਦਾ ਰਾਜ ਸਾਗਰ ਦੇ ਨੇੜੇ ਸੀ। ਸਪਸ਼ਟ ਹੈ ਕਿ ਉਹ ਸਿੰਧ ਹੀ ਹੋ ਸਕਦਾ ਹੈ। ਵਾਹਿਨ ਸਥਾਨ ਦੀ ਮਲਕਾ ਸਾਮੀ ਰਾਮਾ ਹਥੋਂ ਅਪਮਾਨ ਸਹਿ ਕੇ ਸਥਾਵਰ ਪਤੀ ਨੇ ਉਸ (ਮਲਕਾ) ਦੇ ਦੇਸ਼ ਉਤੇ ਹੱਲਾ ਬੋਲ ਦਿਤਾ। ਉਸ ਦੀਆਂ ਅਣਗਿਣਤ ਫ਼ੌਜਾਂ ਨੇ ਬੈਕਟਰੀਅਨ ਫ਼ੌਜਾਂ ਦਾ ਸਤਿਆਨਾਸ ਕਰ ਦਿਤਾ। ਹੰਕਾਰੀ ਹੋਈ ਅਸੀਰੀਆ ਦੀ ਮਲਕਾ ਦਾ ਸਭ ਹੰਕਾਰ ਟੁਟ ਗਿਆ। ਉਸ ਨੇ ਹਿੰਦ ਦੇ ਜ਼ਬਰਦਸਤ ਬਾਦਸ਼ਾਹ ਨੂੰ ਖ਼ਰਾਜ ਦੇਣਾ ਪ੍ਰਵਾਨ ਕੀਤਾ ਅਤੇ ਨਾਲ ਹੀ ਉਸ ਨੂੰ ਮਹਾਦੇਵ ਦਾ ਪੁਤ ਵੀ ਪ੍ਰਵਾਨ ਕਰ ਲਿਆ।

## ਹਿੰਦੂਆਂ ਦਾ ਬਿਆਨ

ਸ਼ਾਸਤਰਾਂ ਵਿਚ ਦਰਜ ਉਪਰੋਕਤ ਕਥਾ ਵਿਚ ਬਹੁਤ ਸਾਰੀ ਅਤਿਕਥਨੀ ਹੈ। ਜਦ ਇਸ ਦਾ ਟਾਕਰਾ ਯੂਨਾਨੀ ਕਥਾਵਾਂ ਨਾਲ ਕੀਤਾ ਜਾਂਦਾ ਹੈ, ਤਦ ਇਉਂ ਜਾਪਦਾ ਹੈ ਇਹ ਇਤਿਹਾਸਕ ਸਚਾਈ ਦੀਆਂ ਨੀਹਾਂ ਉਤੇ ਘੜੀ ਗਈ ਹੈ; ਫ਼ਰਕ ਕੇਵਲ ਏਨਾ ਹੈ ਕਿ ਪੱਛਮੀ ਲੇਖਕਾਂ ਦੇ ਕਥਨ ਅਨੁਸਾਰ ਜਿਥੇ ਅਸੀਰੀਆ ਦੀ ਮਲਕਾ ਨੂੰ ਹਿੰਦੁਸਤਾਨ ਉਤੇ ਹਮਲਾ ਕਰਨ ਵਾਲੀ ਦਰਸਾਇਆ ਹੈ, ਉਥੇ ਹਿੰਦੀ ਲੇਖਕਾਂ ਨੇ ਹਿੰਦੁਸਤਾਨ ਦੇ ਬਾਦਸ਼ਾਹ ਨੂੰ ਹਮਲਾ ਆਵਰ ਦਿਖਾਇਆ ਹੈ। ਜਿਥੋਂ ਤੀਕ ਸੰਬੰਧਤ ਬਾਦਸ਼ਾਹੀਆਂ ਦਾ ਸੰਬੰਧ ਹੈ ਸੰਬੰਧਤ ਪਾਰਟੀਆਂ, ਘਟਣਾ ਸਥਲ ਅਤੇ ਲੜਾਈ ਦੇ ਸਿਟੇ ਬਾਰੇ ਦੋਵੇਂ ਬਿਆਨ ਪੂਰਨ ਤੌਰ ਉਤੇ ਸਹਿਮਤ ਹਨ।

## ਮੁਹਿੰਮ ਬਾਰੇ ਪੁਰਾਤਨ ਲੇਖਕਾਂ ਦਾ ਵਿਸਥਾਰ

ਪਰਾਚੀਨ ਲੇਖਕਾਂ ਨੇ ਇਸ ਮੁਹਿੰਮ ਦਾ ਜੋ ਵਿਸਥਾਰ ਲਿਖਿਆ ਹੈ, ਉਸ ਤੋਂ ਇਹ ਪ੍ਰਗਟ ਨਹੀਂ ਹੁੰਦਾ ਕਿ ਅਸੀਰੀਆ ਵਾਲੇ ਪੰਜਾਬ ਦੀਆਂ ਪੱਛਮੀ ਸਰਹੱਦਾਂ ਤੋਂ ਪਰੇ ਗਏ ਹੋਣ। ਉਹਨਾਂ ਦੀ ਯਾਦਗਾਰੀ ਮੁਹਿੰਮ ਦਾ ਘਟਣਾ-ਸਥਲ ਸਿੰਧ ਦੀ ਸੀਮਾ ਉਪਰਲਾ ਇਲਾਕਾ ਸੀ। ਪੱਛਮੀ ਏਸ਼ੀਆ ਵਿਚ ਆਪਣਾ ਵਿਸ਼ਾਲ ਰਾਜ ਕਾਇਮ ਕਰ ਕੇ ਮਹਾਨ ਵੱਡੀ ਮਲਕਾ ਸੇਮੀਰਾਮੀ ਨੇ ਭਾਰਤ ਨੂੰ ਵਿਜੈ ਕਰਨ ਦਾ ਦਰਿੜ ਨਿਸ਼ਚਾ ਧਾਰ ਲਿਆ। ਭਾਰਤ ਉਦੋਂ ਵੀ ਆਪਣੇ ਧਨ ਅਤੇ ਵਸੋਂ ਲਈ ਪ੍ਰਸਿਧ ਸੀ। ਉਸ ਦੇ ਰਾਹ ਵਿਚ ਦੋ ਵੱਡੀਆਂ ਰੁਕਾਵਟਾਂ ਸਨ। ਭਾਰਤ ਦੇ ਉੱਤਰ ਪੱਛਮ ਵਲ ਚੌੜੀ ਤੇ ਤੁੰਦ ਤੇਜ਼ ਨਦੀ ਦੀ ਹੋਂਦ, ਜੋ ਉਸ ਪਾਸੇ

Sri Satguru Jagjit Singh Ji eLibrary NamdhariElibrary@gmail.com

ਵੱਡੀ ਸਰਹਦੀ ਰੋਕ ਸੀ। ਦੂਜੇ ਭਾਰਤੀਆਂ ਪਾਸ ਹਾਥੀਆਂ ਦੀ ਮੌਜੂਦਗੀ, ਜਿਨ੍ਹਾਂ ਨੇ ਉਹਨਾਂ ਨੂੰ ਦੂਜਿਆਂ ਤੋਂ ਚੰਗੇਰਾ ਬਣਾ ਰਖਿਆ ਸੀ। ਇਹ ਹਾਥੀ ਬੜੇ ਕਦਆਵਰ ਤੇ ਭਿਆਨਕ ਹੋਣ ਕਰ ਕੇ ਮੈਦਾਨ ਜੰਗ ਵਿਚ ਦਹਿਸ਼ਤ ਤੇ ਹੁਲੜ ਮਚਾ ਦੇਂਦੇ ਸਨ। ਇਹਨਾਂ ਕਠਨਾਈਆਂ ਉਤੇ ਕਾਬੂ ਪਾਉਣ ਲਈ ਉਸ ਵੀਰਾਂਗਣਾ ਨੇ ਆਪਣੇ ਸਾਰੇ ਰਾਜ ਦੇ ਵਸੀਲਿਆਂ ਦੀ ਵਰਤੋਂ ਕੀਤੀ।

## ਨਕਲੀ ਹਾਥੀ

ਉਸ ਨੇ ਖੱਲਾਂ ਮੜ੍ਹ ਮੜ੍ਹ ਕੇ ਬਹੁਤ ਸਾਰੇ ਨਕਲੀ ਹਾਥੀ ਤਿਆਰ ਕਰਵਾਏ। ਇਹ ਨਕਲੀ ਹਾਥੀ ਊਠਾਂ ਉਤੇ ਖੱਲਾਂ ਮੜ੍ਹ ਕੇ ਬਣਾਏ ਗਏ ਸਨ। ਦਰਿਆ ਸਿੰਧ ਨੂੰ ਪਾਰ ਕਰਨ ਲਈ ਬਾਖ਼ਤਰ ਵਿਚ ਬਹੁਤ ਸਾਰੀਆਂ ਕਿਸ਼ਤੀਆਂ ਤੇ ਜਹਾਜ਼ ਤਿਆਰ ਕਰਵਾਏ ਗਏ। ਇਹਨਾਂ ਜਹਾਜ਼ਾਂ ਦੀ ਤਿਆਰੀ ਵਿਚ ਫੋਨੇਸ਼ੀਆ, ਸਾਈਪ੍ਰਸ ਅਤੇ ਦੂਜੇ ਸਮੁੰਦਰੀ ਇਲਾਕਿਆਂ ਦੇ ਕਾਰੀਗਰਾਂ ਦੀ ਵੀ ਸਹਾਇਤਾ ਲਈ ਗਈ। ਇਸ ਤੋਂ ਛੁਟ ਫੌਜਾਂ ਦੀ ਸੁਖੈਨਤਾ ਲਈ ਸਾਰਾ ਜੰਗਲ ਕਟ ਦਿਤਾ ਗਿਆ।

## ਮੁਹਿੰਮ ਲਈ ਜ਼ਬਰਦਸਤ ਤਿਆਰੀਆਂ

ਇਹ ਜ਼ਬਰਦਸਤ ਫੌਜੀ ਤਿਆਰੀਆਂ ਤਿੰਨ ਸਾਲ ਤੀਕ ਜਾਰੀ ਰਹੀਆਂ। ਬੇਹਿਸਾਬ ਜੰਗ ਦਾ ਸਾਮਾਨ ਤੇ ਕਿਸ਼ਤੀਆਂ ਬਾਖ਼ਤਰ ਤੋਂ ਖੁਸ਼ਕੀ ਦੇ ਰਸਤੇ ਲਿਆਂਦੀਆਂ ਗਈਆਂ। ਅਸੀਰੀਆ ਦੀ ਫੌਜ ਵਿਚ ਸਭ ਤੋਂ ਵਧੀਕ ਸੂਰਮੇ, ਤਜਰਬੇ ਕਾਰ ਸਿਪਾਹੀ ਤੇ ਸਮੁੰਦਰੀ ਮਾਹਰ ਸ਼ਾਮਲ ਸਨ। ਇਸ ਤਰ੍ਹਾਂ ਦੀ ਸੂਰਮਿਆਂ ਦੀ ਭਾਰੀ ਫੌਜ ਨੇ ਹਿੰਦੁਸਤਾਨ ਦੀ ਸਰਹਦ ਉਤੇ ਚੜ੍ਹਾਈ ਕੀਤੀ। ਉਸ ਫੌਜ ਦੀ ਕਮਾਨ ਮਲਕਾ ਨੇ ਅਤੇ ਉਸ ਦੇ ਪਰਸਿਧ ਜਰਨੈਲ ਡੇਰਸੀਟੀਅਸ ਨੇ ਕੀਤੀ।

ਹਿੰਦੁਸਤਾਨ ਦਾ ਸੂਰਜ ਬੰਸੀ ਬਾਦਸ਼ਾਹ, ਸਟੌਰਬੇਟਸ ਹਮਲਾ ਆਵਰ ਫੌਜ ਨਾਲ ਲਹਾ ਲੈਣ ਲਈ ਆਪਣੀ ਅਣਗਿਣਤ ਫੌਜ ਤੇ ਹਾਥੀਆਂ ਦੇ ਭਾਰੀ ਝੁੰਡ ਲੈ ਕੇ ਰਣ ਵਿਚ ਨਿਤਰਿਆ। ਉਸ ਨੇ ਦਰਿਆ ਸਿੰਧ ਵਿਚ ਵਾਂਸ ਤੇ ਬੈਂਤ ਦੀਆਂ ਬਣੀਆਂ ਹੋਈਆਂ ਬਹੁਤ ਸਾਰੀਆਂ ਬੇੜੀਆਂ ਵੀ ਲਿਆ ਉਤਾਰੀਆਂ।

## ਹਿੰਦੀਆਂ ਦੀ ਹਾਰ

ਫੋਨੀਸ਼ੀਅਨਾਂ ਦੇ ਚੰਗੇਰੇ ਸਮੁੰਦਰੀ ਪ੍ਰਬੰਧ ਅਤੇ ਸਮੁੰਦਰੀ ਬੇੜੇ ਨੂੰ ਚਲੌਣ ਦੀ ਮਹਾਰਤ ਤੇ ਕਾਰੀਗਰੀ ਨੇ ਉਨ੍ਹਾਂ ਨੂੰ ਇਸ ਯੋਗ ਬਣਾ ਦਿਤਾ ਕਿ ਉਹ ਭਾਰਤੀ ਫੌਜਾਂ ਨੂੰ ਬਹੁਤ ਬੁਰੀ ਹਾਰ ਦੇਣ ਵਿਚ ਸਫਲ ਹੋ ਗਏ। ਹਿੰਦੁਸਤਾਨੀਆਂ ਦੀਆਂ ਇਕ ਹਜ਼ਾਰ ਤੋਂ ਵਧੀਕ ਬੇੜੀਆਂ ਡੋਬ ਦਿਤੀਆਂ ਅਤੇ ਬਹੁਤ ਸਾਰੇ ਹਿੰਦੀ ਕੈਦ ਕਰ ਲਏ ਗਏ। ਇਸ ਗਲ ਦੇ ਬਾਵਜੂਦ ਭਾਰਤ ਦਾ ਬਾਦਸ਼ਾਹ ਆਪਣੀਆਂ ਬਚੀਆਂ ਫੌਜਾਂ ਨੂੰ ਇਕਤਰ ਕਰ ਕੇ ਦਰਿਆ ਤੋਂ ਕੁਛ ਦੂਰ ਫਾਸਲੇ ਉਤੇ ਲੈ ਜਾਣ ਵਿਚ ਸਫਲ ਹੋ ਗਿਆ।

## ਇਕ ਹੋਰ ਲਹੂ ਡੋਲਵ੍ਹੀ ਜੰਗ

ਜੰਗ ਵਿਚ ਪ੍ਰਾਪਤ ਹੋਈ ਜਿਤ ਤੋਂ ਹੌਸਲਾ ਫੜ ਕੇ ਸੇਮੀਰਾਮੀ ਨੇ ਦਰਿਆ ਸਿੰਧ ਉਪਰ ਪੁਲ ਬਣੌਉਣ ਦਾ ਹੁਕਮ ਦੇ ਦਿਤਾ। ਪੁਲ ਬਣ ਜਾਣ ਤੇ ਉਸ ਨੇ ਪੁਲ ਰਾਹੀਂ ਦਰਿਆ ਸਿੰਧ ਨੂੰ ਪਾਰ ਕੀਤਾ ਤੇ ਨਕਲੀ ਹਾਥੀਆਂ ਨੂੰ ਮੈਦਾਨ ਜੰਗ ਵਿਚ ਲਿਆ ਖੜਾ ਕੀਤਾ। ਹਿੰਦੀ ਐਨੇ ਹਾਥੀਆਂ ਨੂੰ ਤਕ ਕੇ ਹੈਰਾਨ ਰਹਿ ਗਏ। ਅਸੀਰੀਆ ਦੀ ਫੌਜ ਵਿਚੋਂ ਜਿਹੜੇ ਲੋਕ ਭਗੌੜੇ ਹੋ ਗਏ ਸਨ ਉਨ੍ਹਾਂ ਨੇ ਹਿੰਦੀਆਂ ਨੂੰ ਸਾਰਾ ਭੇਦ ਦਸ ਦਿਤਾ ਕਿ ਇਹ ਹਾਥੀ ਨਕਲੀ ਊਠਾਂ ਉਤੇ ਖੱਲਾਂ ਪਾ ਕੇ ਬਣਾਏ ਗਏ ਹਨ। ਇਹ ਗਲ ਸੁਣ ਕੇ ਹਿੰਦੀਆਂ ਦੀ ਹੈਰਾਨੀ ਘਿਰਣਾ ਵਿਚ ਤਬਦੀਲ ਹੋ ਗਈ। ਅਸਲ ਵਿਚ ਇਹ ਕਾਢ ਅਸੀਰੀਆ ਦੀ ਮਲਕਾ ਦੇ ਦਿਮਾਗ ਦੀ ਸੀ। ਹਿੰਦੁਸਤਾਨ ਦਾ ਬਾਦਸ਼ਾਹ ਦ੍ਰਿੜ ਨਿਸ਼ਚੇ ਨਾਲ ਆਪਣੀ ਫੌਜ ਲੈ ਕੇ ਅਗੇ ਵਧਿਆ ਦੋਵਾਂ ਫੌਜਾਂ ਵਿਚਾਲੇ ਲਹੂ ਡੋਲ੍ਹਵੀਂ ਜੰਗ ਸ਼ੁਰੂ ਹੋ ਗਈ। ਇਸ ਲੜਾਈ ਵਿਚ ਅਸੀਰੀ ਫੌਜਾਂ ਦੀ ਬੜੀ ਤਬਾਹੀ ਮਚੀ। ਹਿੰਦੀ ਫੌਜ ਦੇ ਅਸਲੀ ਹਾਥੀਆਂ ਨੇ ਉਹਨਾਂ ਦੇ ਨਕਲੀ ਹਾਥੀਆਂ ਨੂੰ ਪੈਰਾਂ ਹੇਠ ਲਿਤਾੜ ਸੁਟਿਆ। ਉਹਨਾਂ ਦੀ ਫੌਜ ਦੇ ਬਹੁਤ ਸਾਰੇ ਜੁਵਾਨ ਮੈਦਾਨ ਜੰਗ ਵਿਚ ਮਾਰੇ ਗਏ।

## ਅਸੀਰੀਅਨ ਮਲਕਾ ਦੀ ਵਰਿਆਮਗੀ

ਕਿਹਾ ਜਾਂਦਾ ਹੈ ਕਿ ਮਲਕਾ ਸੇਮੀਰਾਮੀ ਇਸ ਜੰਗ ਵਿਚ ਬੜੀ ਵੀਰਤਾ ਨਾਲ ਲੜੀ। ਮਲਕਾ ਨੇ ਫੌਜੀ ਬਸਤਰ ਸਜਾ ਕੇ ਫੌਜ ਦੀ ਅਗਵਾਈ ਕੀਤੀ ਤੇ ਆਪਣੀ ਸੂਰਬੀਰਤਾ ਨਾਲ ਆਪਣੇ ਸਿਪਾਹੀਆਂ ਦੇ ਹੌਸਲੇ ਵਧਾਉਂਦੀ ਰਹੀ। ਜੰਗ ਦੇ ਹਰ ਪੜਾ ਉਤੇ ਉਹ ਸਭ ਤੋਂ ਮੂਹਰੇ ਨਜ਼ਰ ਆਉਂਦੀ ਸੀ। ਸਗੋਂ ਏਥੋਂ ਤੀਕ ਲਿਖਿਆ ਹੈ ਕਿ ਇਕ ਵਾਰ ਤੇ ਉਹ ਆਪਣੇ ਮਰਦ-ਵੈਰੀ ਭਾਰਤੀ ਬਾਦਸ਼ਾਹ ਨਾਲ ਹੱਥ ਪੜਥੀ ਹੋ ਕੇ ਤਲਵਾਰ ਨਾਲ ਵੀ ਲੜੀ। ਬਾਦਸ਼ਾਹ ਹਥੋਂ ਉਹ ਦੋ ਵਾਰ ਫਟੜ ਹੋਈ। ਪਹਿਲੀ ਵਾਰ ਇਕ ਤੀਰ ਨਾਲ, ਜੋ ਉਸ ਦੀ ਕੋਮਲ ਬਾਂਹ ਵਿਚ ਲਗਾ ਅਤੇ ਦੂਜੀ ਵਾਰ ਇਕ ਬਰਛੀ ਨਾਲ ਜਿਸ ਨੇ ਉਸ ਦੇ ਮੋਢੇ ਜ਼ਖ਼ਮੀ ਕਰ ਦਿਤੇ। ਇਸ ਤਰ੍ਹਾਂ ਤਨ ਅਤੇ ਮੰਨ ਕਰ ਕੇ ਫਤਹ ਹੋਈ ਹੋਈ ਮਲਕਾ ਨੇ ਆਪਣੀਆਂ ਫੌਜਾਂ ਨੂੰ ਆਪਣੇ ਦੇਸ਼ ਵਲ ਮੋੜੇ ਪਾ ਦੇਣ ਦੀ ਆਗਿਆ ਦੇ ਦਿਤੀ। ਭਾਵੇਂ ਉਸ ਦੀ ਫੌਜ ਪਸਪਾ ਹੋ ਕੇ ਵਾਪਸ ਮੁੜ ਗਈ ਫੇਰ ਵੀ ਉਸ ਨੂੰ ਭਾਰਤੀ ਸੈਨਾ ਹਥੋਂ ਸਖ਼ਤ ਹਾਨੀ ਪੁੱਜੀ। ਦਰਿਆ ਨੂੰ ਪਾਰ ਕਰਦੇ ਹੋਏ ਉਸ ਦੇ ਹਜ਼ਾਰਾਂ ਫੌਜੀ ਜਵਾਨ ਦਰਿਆ ਦੀ ਭੇਟ ਹੋ ਗਏ। ਹਜ਼ਾਰਾਂ ਜਵਾਨ ਹਿੰਦੀ ਫੌਜ ਨੇ ਮੌਤ ਦੇ ਘਾਟ ਉਤਾਰ ਦਿਤੇ।

## ਅੰਤਮ ਤਬਾਹੀ

ਕੁਛ ਲੋਕਾਂ ਦਾ ਅਖਾਣ ਹੈ ਕਿ ਸੇਮੀਰਾਮੀ ਆਪ ਵੀ ਜੰਗ ਵਿਚ ਲੜਦੀ ਹੋਈ ਮਾਰੀ ਗਈ। ਜੋ ਕੁਛ ਵੀ ਹੋਵੇ ਇਹ ਗਲ ਨਿਸ਼ਚੇ ਹੈ ਕਿ ਇਸ ਤਬਾਹੀ ਤੇ ਹਾਰ ਦੇ ਮਗਰੋਂ ਅਸੀਰੀਆ ਵਾਲਿਆਂ ਨੇ ਮੁੜ ਹਿੰਦੁਸਤਾਨ ਨੂੰ ਫਤਹ ਕਰਨ ਦਾ ਨਾਮ ਵੀ ਨਾ ਲਿਆ।

# ਮਿਸਰ ਦੇ ਬਾਦਸ਼ਾਹ ਸੇਸਾਤਰੀ ਦਾ ਪੰਜਾਬ ਉਤੇ ਹਮਲਾ

ਧਾਰਮਿਕ ਇਤਹਾਸ ਦੇ ਜਨਮ ਦਾਤਾ ਯੂਸੇਬੀਅਸ*ਦੇ ਕਥਨ ਅਨੁਸਾਰ ਸੇਸਾਤਰੀ ਸੰਨ ਈਸਵੀ ਤੋਂ ਪਹਿਲੇ ਅਠਾਰਵੀਂ ਸਦੀ ਵਿਚ

*ਉਹ ਫਲਸਤੀਨ ਵਿਚ ਸੰਨ ੨੬੪ ਈਸਵੀ ਨੂੰ ਜੰਮਿਆ ਸੀ। ਉਸ ਨੇ ਆਪਣਾ ਨਾਮ ਆਪਣੇ ਮਿਤਰ ਪੈਂਫੀਲੀਅਸ ਦੇ ਨਾਮ ਉਤੇ ਪੈਂਫੀਲੀ ਰਖਿਆ। ਪੈਂਫੀਲੀਅਸ ਕੈਸਰੀਆ ਦਾ ਪਾਦਰੀ (ਪਰੋਹਿਤ) ਸੀ, ਜਿਸ ਨਾਲ ਕਿ ਉਸ ਦੀ ਗੂੜ੍ਹੀ ਮਿਤਰਾ-ਚਾਰੀ ਸੀ

Sri Satguru Jagjit Singh Ji eLibrary NamdhariElibrary@gmail.com

ਮਿਸਰ ਦੇ ਤਖ਼ਤ ਉਤੇ ਰਾਜ ਕਰਦਾ ਸੀ। ਧਰਤੀ ਅਤੇ ਸਮੁੰਦਰ ਉਤੇ ਉਹ ਜ਼ਬਰਦਸਤ ਬਾਦਸ਼ਾਹ ਮੰਨਿਆਂ ਗਿਆ ਸੀ। ਉਸ ਨੇ ਕੇਵਲ ਆਪਣੇ ਰਾਜ ਦੀਆਂ ਹੱਦਾਂ ਹੀ ਚੌੜੀਆਂ ਨਹੀਂ ਕੀਤੀਆਂ ਸਗੋਂ ਸ਼ਾਨਦਾਰ ਇਮਾਰਤਾਂ ਅਤੇ ਵਿਦਿਅਕ ਸੰਸਥਾਵਾਂ ਰਾਹੀਂ ਮਿਸਰ ਦੀ ਸ਼ਾਨ ਨੂੰ ਵੀ ਉਜਲਾਇਆ। ਏਸ਼ਿਆ ਦੇ ਸਾਰੇ ਸੂਬੇ ਨੂੰ ਅਤੇ ਉਚੇਰੇ ਏਸ਼ਿਆ ਦੇ ਚੁਰੇੜੇ ਸੂਬਿਆਂ ਨੂੰ ਫਤਹ ਕਰ ਕੇ ਅਤੇ ਕੋਹਕਾਫ ਦੀਆਂ ਅਮੁਕ ਬਰਫਾਂ ਨੂੰ ਲੰਘਕੇ ਤੇ ਸੀਥੀਆ ਤੇ ਕਰੇਜ ਦੇ ਮਾਰੂ ਥਲਾਂ ਨੂੰ ਪਾਰ ਕਰਨ ਮਗਰੋਂ ਇਸ ਮਹਾਨ ਰਾਜ ਪ੍ਰਬੰਧਕ, ਜੋਧੇ ਤੇ ਵਿਜਈ ਨੇ ਆਪਣੀਆਂ ਵਾਗਾਂ ਹਿੰਦੁਸਤਾਨ ਨੂੰ ਫਤਹ ਕਰਨ ਵਲ ਮੋੜੀਆਂ। ਕਿਹਾ ਜਾਂਦਾ ਹੈ ਕਿ ਉਸ ਨੇ ਆਪਣੀਆਂ ਫੌਜਾਂ ਉਤਰੀ ਹਿੰਦ ਅਰਥਾਤ ਪੰਜਾਬ ਵਿਚ ਸਾਧਾਰਨ ਰਸਤੇ ਥਾਣੀਂ ਦਾਖ਼ਲ ਕੀਤੀਆਂ। ਆਪਣੇ ਕੂਚ ਨੂੰ ਪੂਰਬ ਦੇ ਪਾਸੇ ਵਲ ਜਾਰੀ ਰਖਿਆ। ਅੰਤ ਉਸ ਨੇ ਆਪਣੇ ਰਾਜ ਨੂੰ ਦਰਿਆ ਸਿੰਧ ਤੀਕ ਕਾਇਮ ਕਰ ਲਿਆ। ਡਾਇਓਡੋਰਸ ਅਤੇ ਭੂਗੋਲ ਵਿਦਿਆ ਦੇ ਮਾਹਰ ਡਾਇਓਨੀਸੀਅਸ ਦੇ ਕਥਨ ਅਨੁਸਾਰ ਓਥੇ ਉਸ ਨੇ ਵਡੇ ਵਡੇ ਮੀਨਾਰ ਉਸਾਰੇ, ਜੋ ਉਸ ਦੀ ਜਿੱਤ ਤੇ ਸ਼ਾਨ ਦੇ ਸੂਚਕ ਸਨ। ਉਹਨਾਂ ਉਤੇ ਐਸੇ ਚਿੰਨ੍ਹ ਵੀ ਸਨ ਜਿਨ੍ਹਾਂ ਤੋਂ ਪ੍ਰਾਜਿਤ ਲੋਕਾਂ ਦੇ ਦੇਸ ਦੇ ਬਚਾਉ ਸਮੇਂ ਧਾਰਨ ਕੀਤੇ ਗਏ ਰਵਈਏ ਦਾ ਵੀ ਪਤਾ ਚਲਦਾ ਸੀ। ਕਿਹਾ ਜਾਂਦਾ ਹੈ ਕਿ ਦੂਜੇ ਹਰ ਇਕ ਦੇਸ ਵਿਚ ਵੀ ਵਿਜਈਆਂ ਨੇ ਏਸੇ ਪ੍ਰਕਾਰ ਦੇ ਮੁਨਾਰੇ ਉਸਾਰੇ ਸਨ। ਇਹਨਾਂ ਵਿਚੋਂ ਕਈ ਮਨਾਰੇ ਤੇ ਹੈਰੋਡੋਟਸ ਦੇ ਸਮੇ ਤੀਕ ਹੋਂਦ ਵਿਚ ਸਨ, ਜਿਸ ਨੇ ਇਹੋ ਜਿਹੇ ਮੁਨਾਰੇ ਫਲਸਤੀਨ ਵਿਚ ਡਿੱਠੇ। ਇਹੋ ਜਿਹੇ ਹੋਰ ਮੁਨਾਰੇ ਸਟਰਾਬੋ ਨੇ ਐਥੋਪੀਆ ਤੇ ਅਰਬ ਵਿਚ ਵੀ ਵੇਖੇ ਸਨ। ਆਪਣੇ ਵਿਸ਼ਾਲ ਰਾਜ ਦੇ ਹਰ ਇਕ ਸ਼ਹਿਰ ਵਿਚ ਉਸ ਨੇ ਮੰਦਰ ਉਸਾਰੇ ਅਤੇ ਓਥੋਂ ਦੇ ਦੇਵਤੇ ਦੇ ਨਾਮ ਹੀ ਲਾ ਦਿਤੇ।

ਸਰ ਵਿਲਿਅਮ ਜੋਨਜ਼ ਏਸ਼ੀਆਟਿਕ ਰੀਸਰਚ ਵਿਚ ਲਿਖਦੇ ਹਨ ਕਿ ਗ੍ਰਹਿ ਚਾਲ ਵੇਖਣ ਦੀ ਪਥਾ ਉਸ ਦੇਸ ਦੀ ਸਿਵਲ ਸੁਸਾਇਟੀ ਵਿਚ ਆਰੰਭ ਹੋਈ, ਜਿਸ ਨੂੰ ਅਸੀਂ ਚੈਲਡੀਅਨ ਆਖਦੇ ਹਾਂ। ਫੇਰ ਇਥੋਂ ਇਹ ਵਿਦਿਆ ਮਿਸਰ, ਹਿੰਦ, ਯੂਨਾਨ, ਇਟਲੀ ਅਤੇ ਸਕੰਡੇਨੇਵੀਆਂ ਵਿਚ ਦੇ ਰਾਜ ਤੋਂ ਪਹਿਲੇ ਹੀ ਪ੍ਰਚਾਰੀ ਜਾ ਚੁਕੀ ਸੀ। ਸਾਸਾ (ਜੋ ਸੇਸੋਸਤਰੀਸ ਦਾ ਹੀ ਦੂਜਾ ਨਾਮ ਹੈ) ਨੇ ਆਪਣੀ ਜਿੱਤ ਦੇ ਨਾਲ ਹੀ ਨਾਲ ਦਰਿਆਂ ਨੀਲ ਤੋਂ ਲੈ ਕੇ ਦਰਿਆ ਗੰਗਾ ਤੀਕ ਧਰਮ ਅਤੇ ਫਿਲਾ-ਸਫੀ ਦਾ ਨਵਾਂ ਹੀ ਕਾਰਯ ਕਰਮ ਜਾਰੀ ਕੀਤਾ। ਸਰ ਵਿਲੀਅਮ ਨੇ ਜਿਸ ਸਿਸਟਮ ਦਾ ਵਰਣਨ ਕੀਤਾ ਹੈ ਉਹ ਅਵਸ਼ ਕਰ ਕੇ ਉਹੋ ਸੀ ਜੋ ੧੨ ਸੌ ਸਾਲ ਮਗਰੋਂ ਭਾਰਤ ਵਿਚ ਮਹਾਤਮਾ ਬੁੱਧ ਨੇ ਅਤੇ ਉਸ ਦੇ ਪਿੱਛਲਗਾਂ ਨੇ ਪਰਚਾਰਿਆ।

# ਪੁਰਾਤਨ ਸੀਥੀਅਨ ਜਾਂ ਤਾਤਾਰੀਆਂ ਦਾ ਪੰਜਾਬ ਵਿਚ ਦਾਖਲਾ

## ਸੀਥੀਅਨ ਦਾ ਪਹਿਲਾ ਬਾਦਸ਼ਾਹ

ਤਾਤਾਰੀਆਂ ਦੇ ਭਰੋਸੇ ਯੋਗ ਇਤਿਹਾਸਕਾਰ ਅਬੁਲ ਗਾਜ਼ੀ ਦੇ ਕਥਨ ਅਨੁਸਾਰ ਜਿਹਾ ਕਿ ਸਰ ਵਿਲੀਅਮ ਜੋਨਜ਼ ਦਸਦੇ ਹਨ, ਉਸ ਕੌਮ ਦਾ ਇਤਿਹਾਸ ਓਘਾਸ ਨਾਲ ਉਵੇਂ ਹੀ ਆਰੰਭ ਹੁੰਦਾ ਹੈ ਜਿਵੇਂ ਕਿ ਹਿੰਦੂਆਂ ਦਾ ਰਾਮ ਨਾਲ ਸ਼ੁਰੂ ਹੁੰਦਾ ਹੈ। ਉਹ ਪਾਸ਼ਦਾਦੀਆਂ ਪਰਿਵਾਰ ਦੇ ਨਿਯਮ ਅਨੁਸਾਰ ਈਰਾਨੀ ਬਾਦਸ਼ਾਹਾਂ ਵਿਚੋਂ ਸਭ ਤੋਂ ਪ੍ਰਥਮ ਬਾਦਸ਼ਾਹ ਅਤੇ ਕਾਯੂਮੀਰਾ ਦਾ ਸਮਕਾਲੀ ਸੀ। ਉਹ ਜਾਫੇਟ* ਬੰਸ ਵਿਚੋਂ ਮੁਗ਼ਲ ਅਥਵਾ ਮੁਗ਼ਲ ਖਾਨ ਦਾ ਪੋਤਾ ਸੀ! ਕਿਹਾ ਜਾਂਦਾ ਹੈ ਕਿ ਇਹ ਸੂਰਮਾ ਅਤੇ ਸੀਥੀਅਨ ਦਾ ਬਜ਼ੁਰਗਾਂ ਬੜੀ ਲੰਮੀ ਆਯੂ ਭੋਗਣ ਵਾਲਾ ਸੀ। ਜਵਾਨੀ ਦੇ ਸਮੇਂ ਉਸ ਨੇ ਤਿੱਬਤ, ਤਾਨਗਟ ਅਤੇ ਕਿਟਾਈ ਵਿਚ ਜਾਫੇਟ ਦੇ ਧਰਮ ਦੇ ਮੁੜ ਪ੍ਰਚਾਰ ਲਈ ਬਹੁਤ ਜਤਨ ਕੀਤਾ ਇਸ ਦੇ ਮਗਰੋਂ ਉਸ ਨੇ ਕਾਯੂਮੀਰਾ ਦੇ ਪੋਤੇ ਹੁਸ਼ਿੰਗ ਦੀ ਨਾਬਲਗੀ ਸਮੇ ਈਰਾਨ ਉਤੇ ਹੱਲਾ ਬੋਲਿਆ। ਉਸ ਹਲੇ ਵਿਚ ਉਸ ਨੇ ਖੁਰਾਸਾਨ ਦਾ ਘੇਰਾ ਘਤ ਕੇ ਉਸਨੂੰ ਫਤਹ ਕਰ ਲਿਆ।

## ਉੱਤਰੀ ਹਿੰਦ ਨੂੰ ਫਤਹ ਕਰਨਾ

ਇਸ ਦੇ ਮਗਰੋਂ ਉਸ ਨੇ ਇਰਾਕ, ਆਜਰ ਬਾਇਜਾਨ ਅਤੇ ਆਰਮੀਨੀਆਂ ਦੇ ਦੇਸਾਂ ਉਤੇ ਹੱਲਾ ਬੋਲਿਆ ਅਤੇ ਓਹਨਾਂ ਨੂੰ ਆਪਣਾਂ ਬਾਜਗੁਜ਼ਾਰ ਬਣਾ ਲਿਆ। ਇਹ ਇਲਾਕੇ ਜਿੱਤ ਚੁਕਣ ਮਗਰੋਂ ਉਹ ਕਾਬਲ ਤੇ ਗ਼ਜ਼ਨੀ ਵਲ ਵਧਿਆ। ਉਸ ਨੇ ਉੱਤਰੀ ਹਿੰਦ ਵੀ ਫਤਹ ਕਰ ਲਿਆ। ਉਤਰੀ ਹਿੰਦ ਦੇ ਨਾਲ ਹੀ ਕਸ਼ਮੀਰ ਵੀ ਉਹਦੇ ਹਥ ਆ ਗਿਆ। ਕਸ਼ਮੀਰ ਦੇ ਰਾਜੇ ਨੇ, ਜੋ ਪੁਰਾਤਨ ਹਿਦੂ ਬਾਦਸ਼ਾਹ ਦੀ ਔਲਾਦ ਵਿਚੋਂ ਸੀ, ਬੜਾ ਸਖਤ ਟਾਕਰਾ ਕੀਤਾ ਪਰ ਉਘਾਜ਼ ਦੀ ਦਰਿੜਤਾ ਤੇ ਵਰਿਆਮਗੀ ਨੇ ਸਭ ਰੋਕਾਂ ਉਤੇ ਕਾਬੂ ਪਾ ਲਿਆ। ਇਕ ਸਾਲ ਦੇ ਸਖ਼ਤ ਜੰਗਾਂ ਮਗਰੋਂ ਕਸ਼ਮੀਰ ਫਤਹ ਹੋ ਗਿਆ। ਜਾਗਮਾ ਮਾਰਿਆ ਗਿਆ ਅਤੇ ਕਸ਼ਮੀਰ ਦੇ ਵਸਨੀਕ ਭਾਰੀ ਗਿਣਤੀ ਵਿਚ ਤਲਵਾਰ ਦੇ ਘਾਟ ਉਤਾਰੇ ਗਏ।

ਇਉਂ ਸ਼ਾਨਦਾਰ ਜਿੱਤਾਂ ਪ੍ਰਾਪਤ ਕਰਨ ਮਗਰੋਂ ਓਘਾਜ਼ ਬਦਖਸ਼ਾਂ ਦੀ ਰਾਹ ਆਪਣੇ ਵਤਨ ਨੂੰ ਵਾਪਸ ਮੁੜ ਗਿਆ। ਇਹ ਇਲਾਕਾ ਪੁਰਾਤਨ ਮਸਾਗੇਟੀ ਅਤੇ ਸੋਗਡਿਆਨਾ ਦਾ ਦੇਸ ਸੀ। ਵਤਨ ਵਿਚ ਵਾਪਸ ਪਹੁੰਚ ਕੇ ਉਸ ਨੇ ਬਦੇਸਾਂ ਵਿਚ ਸ਼ਾਨਦਾਰ ਜਿੱਤਾਂ ਪ੍ਰਾਪਤ ਕਰਨ ਦੀ ਖੁਸ਼ੀ ਵਿਚ ਇਕ ਸ਼ਾਨਦਾਰ ਪ੍ਰੀਤੀ ਭੋਜਨ ਦਿਤਾ। ਉਹ ਪ੍ਰੀਤੀ ਭੋਜਨ ਐਸੇ ਤੰਬੂਆਂ ਵਿਚ ਦਿਤਾ ਗਿਆ ਜਿਥੇ ਸੋਨੇ ਦੇ ਅਖਰੋਟ ਅਤੇ ਜਵਾਹਾਰਾਤ ਦੇ ਗੁੱਛੇ ਟੰਗੇ ਹੋਏ ਸਨ। ਤਾਤਾਰੀ ਲੋਕ ੯ ਦੇ ਅੰਕ ਨੂੰ ਪਵਿਤਰ ਸਮਝਦੇ ਹਨ। ਇਸ ਕੌਮੀ ਭੋਜ ਵਿਚ ੯ ਹਜ਼ਾਰ ਭੇਡਾਂ ਅਤੇ ੯ ਸੌ ਘੋੜੇ ਕਟੇ ਗਏ। ਏਸੇ ਤਰ੍ਹਾਂ ਸ਼ਰਾਬ ਦੀਆਂ ਬੋਤਲਾਂ (ਕਿਉਂਕਿ ਤਾਤਾਰੀ ਲੋਕ ਸ਼ਰਾਬ ਦੇ ਬੜੇ ਸ਼ੁਕੀਨ ਸਨ) ਅਤੇ ਘੋੜੀ ਦੇ ਦੁਧ ਦੇ ਕੁਜੇ (ਮਰਤਬਾਨ) ਵੀ ੯ ਦੇ ਅੰਕੜਿਆਂ ਦੇ ਹਿਸਾਬ ਨਾਲ ਹੀ ਵਰਤੇ ਗਏ।

## ਜਿੱਤਾਂ ਦੀ ਵਿਸ਼ਾਲਤਾ

ਇਹ ਗਲ ਨਿਸ਼ਚੇ ਨਾਲ ਨਹੀਂ ਕਹੀ ਜਾ ਸਕਦੀ ਕਿ ਤਾਤਾਰੀਆਂ ਦੀ ਔਲਾਦ ਨੇ ਓਘਾਜ਼ ਦੀ ਕਮਾਨ ਹੇਠ ਪੰਜਾਬ ਅੰਦਰ ਕਿੰਨੇ ਕੁ ਇਲਾਕੇ ਉਤੇ ਕਬਜ਼ਾ ਕੀਤਾ। ਇਹਨਾਂ ਦੀ ਯਲਗਾਰ ਦੇ ਰਾਹ ਵਿਚ ਹਾਈਡਾਸਾਸਿ ਅਰਥਾਤ ਜਿਹਲਮ ਵੀ ਆਇਆ ਸੀ ਕਿਉਂਕਿ ਇਸ ਚੜ੍ਹਾਈ ਦਾ ਮੰਤਵ ਦੇਸ ਜਾਂ ਇਲਾਕੇ ਉਤੇ ਸਥਾਈ ਕਬਜ਼ੇ ਨਾਲੋਂ ਲੁਟ ਮਾਰ ਵਧੇਰੇ ਸੀ, ਇਸ ਲਈ ਇਹਨਾਂ ਦੀਆਂ ਜਿੱਤਾਂ ਦਾ ਕੋਈ ਨਿਸ਼ਾਨ ਪਿਛੇ ਨਹੀਂ ਰਿਹਾ।

## ਪੰਜਾਬ ਵਿਚ ਤਾਤਾਰੀਆਂ ਦਾ ਅਗਲਾ ਹਮਲਾ

## ੬੫੦ ਪੂਰਵ ਈਸਵੀ

ਤਾਤਾਰੀ ਧਾੜਾਂ ਦਾ ਪੰਜਾਬ ਵਿਚ ਅਗਲਾ ਵਸ਼ੇਸ਼ਤਾ ਵਾਲਾ ਹਮਲਾ ਸਿਆਕਸਾਰੀਜ਼ ਦੇ ਸਮੇਂ ਵਿਚ ਹੋਇਆ, ਜਿਹੜਾ ਕਿ ਮੀਡੀਆ ਦਾ ਪਹਿਲਾ ਸ਼ਕਤੀਸ਼ਾਲੀ ਬਾਦਸ਼ਾਹ ਸੀ। ਮੀਡੀਆ ਦਾ

* ਗੋਹਾ ਅਤੇ ਮਗੋਹਾ ਅਰਥਾਤ ਅਰਬੀ ਇਤਿਹਾਸ ਕਾਰਾਂ ਦੇ ਯਾਜੂਜ਼ ਅਤੇ ਮਾਜੂਜ਼ ਜਾਫੇਟ ਦੀ ਅੰਸ ਹਨ। ਮਗੋਹਾਂ ਜਾਫੇਟ ਦਾ ਦੂਜਾ ਪੁਤਰ ਸੀ, ਜੋ ਸ਼ਬਦ ਮੁਗ਼ਲ ਦੇ ਆਰੰਭ ਨੂੰ ਸਪਸ਼ਟ ਕਰਦਾ ਹੈ।

Sri Satguru Jagjit Singh Ji eLibrary NamdhariElibrary@gmail.com

ਅਤਿਅੰਤ ਸ਼ਕਤੀਸ਼ਾਲੀ ਰਾਜ ਉਸ ਪੁਰਾਤਨ ਅਸੀਰੀਅਨ ਸਲਤਨਤ ਦੀ ਬਰਬਾਦੀ ਵਿਚੋਂ ਉਤਪਨ ਹੋਇਆ, ਜਿਸ ਦੀ ਆਰਬੇਸਾਂ ਨੇ ਇੱਟ ਨਾਲ ਇੱਟ ਖੜਕਾਈ ਸੀ। ਇਹ ਹਮਲਾ ਲਗਪਗ ਸਤਵੀਂ ਸਦੀ ਪੂਰਬ ਈਸਵੀ ਦੇ ਮਧ ਵਿਚਕਾਰ ਹੋਇਆ ਸੀ। ਕੋਹਕਾਫ਼ ਦੀਆਂ ਪਹਾੜੀਆਂ ਅਤੇ ਇਸ ਦੇ ਆਸ ਪਾਸ ਤੋਂ ਜੰਗਲੀ ਮਨੁੱਖਾਂ ਦੇ ਵਡੇ ਵਡੇ ਟੋਲੇ ਹੇਠਾਂ ਉਤਰ ਆਏ ਅਤੇ ਬਾਲਾਈ ਏਸ਼ੀਆ ਦੇ ਜਿਨ੍ਹਾਂ ਦੇਸਾਂ ਵਿਚ ਫੈਲੇ ਉਹਨਾਂ ਵਿਚ ਦਰਿਆ ਸਿੰਧ ਉਪਰਲੀ ਸਰਹੱਦ ਦੇ ਪੰਜਾਬ ਦੇ ਇਲਾਕੇ ਵੀ ਸ਼ਾਮਲ ਸਨ। ਸਿਆਕਸਾਰੀਸ ਨੇ ਇਹਨਾਂ ਉਤਰੀ ਹਮਲਾਆਵਰ ਦਰਿੰਦਿਆਂ ਦਾ ਬੇਦਰੇਗ ਕਤਲ ਆਮ ਕੀਤਾ ਅਤੇ ਇਹਨਾਂ ਨੂੰ ਬੁਰੀ ਤਰ੍ਹਾਂ ਪਿਛਾਂਹ ਮੋੜਿਆ। ਸੀਥੀਅਨ ਹਮਲਾ-ਆਵਰਾਂ ਦੀ ਹਾਰੀ ਹੋਈ ਫ਼ੌਜ ਦਾ ਕੁਛ ਭਾਗ ਪੰਜਾਬ ਵਿਚ ਹੀ ਵੱਸ ਗਿਆ। ਇਸ ਪ੍ਰਕਾਰ ਨੋਮਾਰਡੀ ਅਖਾਉਣ ਵਾਲੀ ਜਾਤੀ ਦੀ ਇਕ ਨਸਲ ਸਿੰਧ ਦੇ ਪੱਛਮੀ ਕੰਢੇ ਵਾਲੇ ਇਲਾਕੇ ਵਿਚ ਵੱਸ ਗਈ। ਇਹਨਾਂ ਲੋਕਾਂ ਨੂੰ ਇਕ ਐਸੀ ਖਾਨਾ-ਬਦੋਸ਼ ਕੌਮ ਬਿਆਨ ਕੀਤਾ ਗਿਆ ਹੈ, ਜੋ ਲਕੜੀ ਦੇ ਘਰਾਂ ਵਿਚ, ਜਿਹਾ ਕਿ ਪੁਰਾਤਨ ਸੀਥੀਅਨ ਦਾ ਢੰਗ ਸੀ, ਰਹਿੰਦੀ ਅਤੇ ਜਿਥੇ ਵੀ ਚਰਾਂਦ ਮਿਲ ਜਾਂਦੀ ਉਥੇ ਹੀ ਵੱਸ ਜਾਂਦੀ ਸੀ।

## ਜਾਟਾਂ ਦਾ ਮੁੱਢ

ਇਹਨਾਂ ਆਬਾਦ ਹੋਣ ਵਾਲੇ ਲੋਕਾਂ ਦਾ ਇਕ ਭਾਗ, ਜੋ ਮਸਾਜੇਟੀ ਦੀ ਔਲਾਦ ਸਨ ਜੇਟੀ ਅਖਵਾਉਣ ਲੱਗ ਪਏ। ਇਹੋ ਲਫ਼ਜ਼ ਪਿਛੋਂ ਵਿਗੜ ਕੇ ਜਾਟ ਬਣ ਗਿਆ। ਇਹਨਾਂ ਸੀਥੀਅਨ ਵਹਿਸ਼ੀ ਲੋਕਾਂ ਨੂੰ ਪੰਜਾਬ ਵਿਚ ਹੂਨ ਦੇ ਨਾਮ ਨਾਲ ਪ੍ਰਸਿਧਤਾ ਪ੍ਰਾਪਤ ਹੋਈ। ਹਿੰਦੀਆਂ ਅਤੇ ਹੂਨਾਂ ਵਿਚਾਲੇ ਬੜੇ ਕਰੜੇ ਜੰਗ ਤੇ ਟਾਕਰੇ ਹੋਏ। ਇਸ ਗੱਲ ਦੀ ਸ਼ਾਹਦੀ ਨ ਕੇਵਲ ਸੰਸਕ੍ਰਿਤ ਦੇ ਲਿਖਾਰੀਆਂ ਨੇ ਹੀ ਭਰੀ ਹੈ, ਸਗੋਂ ਇਸ ਦਾ ਸਬੂਤ ਉਹਨਾਂ ਮੁਨਾਰਿਆਂ ਉਤੇ ਉਕਰੇ ਹੋਏ ਸ਼ਿਲਾਲੇਖਾਂ ਤੋਂ ਵੀ ਮਿਲਦਾ ਹੈ, ਜੋ ਸੰਸਕ੍ਰਿਤ ਦੀ ਅਰਵਾਚੀਨ ਭਾਸ਼ਾ ਵਿਚ ਲਿਖੇ ਹੋਏ ਮਿਲਦੇ ਹਨ। ਬੁਢਾਲ ਦੇ ਪਾਸ ਮਿਲੇ ਥੰਮ ਉਤੇ ਜੋ ਸ਼ਿਲਾਲੇਖ ਸੀ, ਉਸ ਨੂੰ ਮਿਸਟਰ ਵਿਲੀਅਮ ਨੇ ਪੜ੍ਹ ਕੇ ਉਸ ਦਾ ਭਾਵ ਸਮਝਿਆ ਸੀ। ਉਹ ਸ਼ਿਲਾਲੇਖ ਇਉਂ ਹੈ—

> "ਆਪਣੀ ਦਾਨਸ਼ਮੰਦੀ ਉਤੇ ਭਰੋਸਾ ਰਖ ਕੇ ਗੌੜ (ਬੰਗਾਲ) ਦੇ ਬਾਦਸ਼ਾਹ ਨੇ ਬਹੁਤ ਕਾਲ ਤੀਕ, ਉਟਕਲ (ਉੜੀਸਾ) ਦੀ ਮਰ ਮਿੱਟੀ ਨਸਲ ਦੇ, ਹਾਰੇ ਹੋਏ ਹੂਨਾਂ ਦੇ; ਦਰਾਵੜ (ਕਰਨਾਟਕ ਦੇ ਦੱਖਣੀ ਦੇਸ) ਦੇ ਬਾਦਸ਼ਾਹ ਨੇ; ਆਪਣੀ ਸ਼ਾਨ ਨੂੰ ਮਿਟਾ ਚੁਕੇ ਗੁਜਰ (ਗੁਜਰਾਤ) ਦੇ ਦੇਸਾਂ ਅਤੇ ਸਾਗਰ ਨਾਲ ਘਿਰੇ ਹੋਏ ਤਖਤ ਉਤੇ ਨਚਿੰਤ ਹੋ ਕੇ ਰਾਜ ਕੀਤਾ।"

## ਪੰਜਾਬ ਵਿਚ ਜਾਟਾਂ ਦੀ ਅਸਲ ਆਬਾਦਕਾਰੀ

ਪੁਰਾਤਨ ਸਮਿਆਂ ਅੰਦਰ ਜੈਟੀਸ ਅਰਥਾਤ ਅਜ ਕਲ ਦੇ ਜਾਟ ਦਰਿਆ ਸਿੰਧ ਤੀਕ ਫੈਲੀ ਹੋਈ ਸਾਰੀ ਸਿੰਧ ਦੀ ਵਾਦੀ ਵਿਚ ਵੱਸ ਗਏ ਸਨ। ਪਲਿਨੀ ਅਤੇ ਪਟੋਲਮੀ ਦੀਆਂ ਪੁਸਤਕਾਂ ਵਿਚ ਉਹਨਾਂ ਨੂੰ ਜਾਟੀ ਅਤੇ ਸਟਰਾਬੋ ਨੇ ਜ਼ਾਮਠੀ ਲਿਖਿਆ ਹੈ। ਡਾਕਟਰ ਹੰਟਰ ਦੇ ਕਥਨ ਅਨੁਸਾਰ ਇਹਨਾਂ ਸੀਥੀਅਨ ਟੋਲਿਆਂ ਦੀ ਇਕ ਸ਼ਾਖ਼ਾ ਨੇ ੬੨੫ ਪੂਰਬ ਈਸਵੀ ਵਿਚ ਏਸ਼ੀਆ ਨੂੰ ਲੁਟ ਪੁਟ ਕੇ ਦਰਿਆ ਸਿੰਧ ਦੇ ਇਲਾਕਾ ਪਟਾਲਾ ਉਤੇ ਜਾ ਕਬਜ਼ਾ ਜਮਾਇਆ। ਪੁਰਾਤਨ ਪਟਾਲੇ ਨੂੰ ਅਜ ਕਲ ਹੈਦਰਾਬਾਦ (ਸਿੰਧ) ਆਖਦੇ ਹਨ। ਇਹ ਸਭ ਹਮਲਾ ਆਵਰ ਪਿਛੋਂ ਜਾਟ ਅਖਵਾਏ। ਇਹ ਲੋਕ ਅਜ ਕਲ ਭਾਰੀ ਗਿਣਤੀ ਵਿਚ ਵਿਦਮਾਨ ਹਨ ਅਤੇ ਪੰਜਾਬ ਦੀ ਕ੍ਰਿਸ਼ਕ ਵਸੋਂ ਦਾ ਵਿਸ਼ੇਸ਼ ਅੰਗ ਮੰਨੇ ਜਾਂਦੇ ਹਨ।

## ਟਾਕਾ ਕੌਮ ਵੀ ਸੀਥੀਅਨ ਹੈ

ਚੌਥੀ ਸਦੀ ਈਸਵੀ ਤੋਂ ਪਹਿਲੇ ਜਦ ਮਹਾਂ-ਸਿਕੰਦਰ ਨੇ ਪੰਜਾਬ ਉਤੇ ਹੱਲਾ ਬੋਲਿਆ ਤਦ ਉਸ ਨੇ ਡਿੱਠਾ ਕਿ ਰਾਵਲਪਿੰਡੀ ਜ਼ਿਲੇ ਵਿਚ ਇਕ ਐਸੀ ਕੌਮ (ਜਾਤੀ) ਵੀ ਵਸਦੀ ਹੈ, ਜਿਸ ਨੂੰ ਟਾਕਾ ਅਥਵਾ ਤਕਸ਼ਕ ਆਖਦੇ ਹਨ। ਇਹਨਾਂ ਦਾ ਸੰਬੰਧ ਵੀ ਉਹਨਾਂ ਸੀਥੀਅਨ ਹਮਲਾ-ਆਵਰਾਂ ਨਾਲ ਸੀ, ਜੋ ਛੇਵੀਂ ਸਦੀ ਪੂਰਵ ਈਸਵੀ ਵਿਚ ਪੰਜਾਬ ਵਿਚ ਵੱਸ ਗਏ ਸਨ। ਹਿੰਦ ਦੇ ਮਹਾਨ ਵਡੇ ਸ਼ਹਿਰ ਨੂੰ ਟੈਕਸਲਾ ਦਾ ਨਾਮ ਵੀ ਉਹਨਾਂ ਵਲੋਂ ਹੀ ਮਿਲਿਆ ਸੀ। ਇਹ ਉਹੋ ਸ਼ਹਿਰ ਹੈ, ਜਿਸ ਉਤੇ ਮਹਾਂ ਸਿਕੰਦਰ ਨੇ ਹਮਲਾ ਕੀਤਾ ਸੀ ਅਤੇ ਜਿਹੜਾ ਉਸ ਸਮੇਂ ਪੰਜਾਬ ਦੀ ਰਾਜਧਾਨੀ ਸੀ। ਇਸ ਦੀ ਹੋਂਦ ਬਾਰੇ ਜੋ ਖੋਜ ਕੀਤੀ ਗਈ ਹੈ, ਉਸ ਤੋਂ ਸਪਸ਼ਟ ਹੁੰਦਾ ਹੈ ਕਿ ਇਹ ਸ਼ਹਿਰ ਸਿੰਧ ਅਤੇ ਜਿਹਲਮ ਦੇ ਵਿਚਕਾਰ ਸੀ। ਤਕਸ਼ਲਾ ਦਾ ਵਿਗੜਿਆ ਹੋਇਆ ਨਾਮ ਤਾਕੀ, ਜਿਸ ਦੀ ਸ਼ਨਾਖ਼ਤ ਜਨਰਲ ਕਨਿੰਘਮ ਨੇ ਅਜ ਕਲ ਦੇ ਅਸਰੂਰ ਨਾਮੀ ਸ਼ਹਿਰ ਤੋਂ ਕੀਤੀ ਹੈ, ਉਹ ਲਾਹੌਰ ਤੋਂ ੪੫ ਮੀਲ ਪੱਛਮ ਵਲ ਨੂੰ ਹੈ। ਇਹ ਸ਼ਹਿਰ ਹੀ ਸਤਵੀਂ ਸਦੀ ਵਿਚ ਪੰਜਾਬ ਦੀ ਰਾਜਧਾਨੀ ਸੀ। ਟਾਕਾ ਕੌਮ ਅਥਵਾ ਜਾਤੀ ਅਜ ਤੀਕ ਪੰਜਾਬ, ਦਿੱਲੀ ਅਤੇ ਕਰਨਾਲ ਦੇ ਜ਼ਿਲ੍ਹਿਆਂ ਵਿਚ ਪਾਈ ਜਾਂਦੀ ਹੈ।

## ਗੋਰੇ ਹੂਨ

ਸੰਨ ਈਸਵੀ ਦੀ ਪਹਿਲੀ ਸਦੀ ਵਿਚ ਸਿੰਧ ਦੇ ਨਾਲ ਲਗਦੇ ਪੰਜਾਬ ਵਿਚ ਤੁਈਚੇ ਅਰਥਾਤ ਗੋਰੇ ਹੂਨਾਂ ਦੀ ਇਕ ਕੌਮ ਵੱਸ ਗਈ ਸੀ। ਇਸ ਬਿਆਨ ਦੀ ਪ੍ਰੋੜਤਾ ਨਾ ਕੇਵਲ ਪੁਰਾਤਨ ਇਤਿਹਾਸਕਾਰ ਏਰੀਅਨ, ਸਟਰਾਬੋ ਅਤੇ ਪਟੋਲਮੀ ਨੇ ਹੀ ਕੀਤੀ, ਸਗੋਂ ਇਸ ਦਾ ਸਬੂਤ ਉਹਨਾਂ ਸੀਥੀਅਨਾਂ ਦੀ ਮੁਦਰਾ (ਸਿਕਿਆਂ) ਤੋਂ, ਜੋ ਹੁਣੇ ਜਿਹੇ ਮਿਲੇ ਹਨ ਅਤੇ ਹਿੰਦੀ ਕੌਮਾਂ ਦੇ ਸਾਕਾ, ਹੂਨ ਤੇ ਨਾਗਾ ਨਾਵਾਂ ਤੋਂ ਵੀ ਹੁੰਦੀ ਹੈ, ਜੋ ਸਾਰੇ ਦੇ ਸਾਰੇ ਸੀਥੀਅਨ ਨਸਲ ਵਿਚੋਂ ਸਨ। ਹਿੰਦੁਸਤਾਨੀ ਬਾਦਸ਼ਾਹਾਂ ਵਿਚੋਂ ਸਭ ਤੋਂ ਵਧ ਪ੍ਰਸਿੱਧ ਤੇ ਦਾਨਸ਼ਵੰਦ ਬਾਦਸ਼ਾਹ ਵਿਕਰਮਾਦਿਤ ਨੇ ਹੂਨਾਂ ਨੂੰ ਇਕ ਮਹਾਨ ਵੱਡੀ ਜੰਗ ਵਿਚ ਹਾਰ ਦਿਤੀ ਸੀ। ਇਹ ਬਾਦਸ਼ਾਹ ਮਗਧ, ਮਾਲਵਾ ਅਤੇ ਮਧ ਭਾਰਤ ਦੇ ਇਲਾਕਿਆਂ ਉਤੇ ਸੰਨ ੫੬ ਪੂਰਵ ਈਸਵੀ ਵਿਚ ਰਾਜ ਕਰਦਾ ਸੀ। ਇਸ ਦੇ ਰਾਜ ਨੂੰ ਹਿੰਦੂ ਸਾਹਿਤ ਵਿਚ ਸੁਨਹਿਰੀ ਸਮਾਂ ਬਿਆਨ ਕੀਤਾ ਗਿਆ ਹੈ। ਭਾਵੇਂ ਜੰਗ ਵਿਚ ਹੂਨਾਂ ਨੂੰ ਹਾਰ ਹੋਈ ਸੀ, ਪਰ ਉਹ ਦੇਸ ਵਿਚੋਂ ਉੱਕਾ ਹੀ ਨਿਕਲ ਨਹੀਂ ਸਨ ਗਏ, ਸਗੋਂ ਉਹ ਪਿਛੋਂ ਵੀ ਢਾਈ ਸੌ ਸਾਲ ਤੀਕ ਪੱਛਮੀ ਭਾਰਤ ਉਤੇ ਰਾਜ ਕਰਦੇ ਰਹੇ। ਸੰਨ ਈਸਵੀ ਦੀਆਂ ਪਹਿਲੀਆਂ ੬ ਸਦੀਆਂ ਦੇ ਸਮੇਂ ਵਿਚ ਇਹ ਕਦੇ ਉਪਰ ਉਠਦੇ ਅਤੇ ਕਦੇ ਥਲੇ ਡਿਗਦੇ ਰਹੇ। ਮੁਲਤਾਨ ਦੇ ਆਸ ਪਾਸ ਲੜੀ ਗਈ ਕਰੂੜ ਦੀ ਮਹਾਨ ਵੱਡੀ ਜੰਗ, ਜਿਸ ਵਿਚ ਸੀਥੀਅਨਾਂ ਨੂੰ ਬਹੁਤ ਬੁਰੀ ਤਰ੍ਹਾਂ ਹਾਰ ਹੋਈ, ਛੇਵੀਂ ਸਦੀ ਦੇ ਅਧ ਵਿਚਕਾਰ ਲੜੀ ਗਈ ਸੀ। ਕਿਹਾ ਜਾਂਦਾ ਹੈ ਕਿ ਇਸ ਜੰਗ ਮਗਰੋਂ ਹਿੰਦੁਸਤਾਨ ਹੂਨਾਂ ਤੋਂ ਸੁਤੰਤਰ ਹੋ ਗਿਆ ਸੀ।

ਸੀਥੀਅਨ ਲੁਟੇਰਿਆਂ ਅਤੇ ਵਿਜਈਆਂ ਦੀ ਪੰਜਾਬ ਸਗੋਂ ਬੰਗਾਲ ਤੇ ਬਿਹਾਰ ਤੀਕ ਸਾਰੇ ਭਾਰਤ ਵਿਚ ਨਕਲ ਮਕਾਨੀ ਨੇ ਖ਼ਾਨਦਾਨਾਂ ਤੇ ਧਰਮਾਂ ਨੂੰ ਵੀ ਪ੍ਰਭਾਵਤ ਕੀਤਾ।

## ਪੰਜਾਬ ਵਿਚ ਸੀਥੀਅਨ ਪਰਿਵਾਰ ਦਾ ਵਾਸਾ

ਕਨਿਸ਼ਕ ਨੇ ਪੰਜਾਬ ਵਿਚ ਸੀਥਕ ਰਾਜ ਕਾਇਮ ਕੀਤਾ। ਉਸ ਨੇ ੪੦ ਸੰਨ ਈਸਵੀ ਵਿਚ ਚੌਥੀ ਬੋਧੀ ਕੌਂਸਲ ਬੁਲਾਈ ਅਤੇ ਦੇਸ

ਵਿਚ ਬੁੱਧ ਪਰਮ ਦੇ ਉਤਰੀ ਅਥਵਾ ਤਿੱਬਤੀ ਰੂਪ ਨੂੰ ਚਾਲੂ ਕੀਤਾ। ਇਹ ਧਰਮ ਅਸ਼ੋਕ ਦੇ ਬੁੱਧ ਧਰਮ ਤੋਂ, ਜੋ ਦਖਣੀ ਹਿੰਦ ਵਿਚ ਜ਼ੋਰਾਂ ਤੇ ਸੀ, ਅਡਰੀ ਕਿਸਮ ਦਾ ਸੀ। ਸੀਥੀਅਨ ਅਸਰ ਰਸੂਖ਼ ਤੇ ਸਭਿਅਤਾ ਇਸ ਤੋਂ ਵੀ ਪਹਿਲੇ ਪੈਰ ਜਮਾ ਚੁਕੀ ਸੀ ਅਤੇ ਪੰਜਾਬ ਵਿਚ ਬੋਧੀ ਰਾਜ ਦੀ ਕਾਇਮੀ, ਜੋ ਚੀਨੀ ਕਥਨ ਅਨੁਸਾਰ ਸੰਨ ਈਸਵੀ ਦੀ ਪਹਿਲੀ ਸਦੀ ਵਿਚ ਹੋਈ, ਉਸ ਟਾਕਰੇ ਦਾ ਫਲ ਸੀ, ਜੋ ਕਈ ਸਾਲ ਪਹਿਲੇ ਤੋਂ ਹਿੰਦੂ ਧਰਮ ਅਤੇ ਉਤਰੀ ਬੁੱਧ ਧਰਮ ਵਿਚਾਲੇ ਚਲਾ ਆ ਰਿਹਾ ਸੀ।

# ਈਰਾਨੀਆਂ ਦਾ ਪੰਜਾਬ ਨੂੰ ਫ਼ਤਹ ਕਰਨਾ

## ਫ਼ਰੀਦੂੰ

ਸਰ ਵਿਲੀਅਮ ਜੋਨਜ਼ ਨੇ ਆਪਣੇ ਈਰਾਨੀ ਇਤਿਹਾਸ ਵਿਚ ਈਰਾਨੀ ਇਤਿਹਾਸਕਾਰ ਮੀਰ ਖੋਂਡ ਦੇ ਹਵਾਲੇ ਨਾਲ ਲਿਖਿਆ ਹੈ ਕਿ ਹਿੰਦੁਸਤਾਨ ਉਤੇ ਪਹਿਲਾ ਈਰਾਨੀ ਹਮਲਾ ਮਹਾਂ ਜਮਸ਼ੈਦ* ਦੇ ਪੁਤਰ ਫ਼ਰੀਦੂੰ ਦੀ ਕਮਾਨ ਹੇਠ ਹੋਇਆ। ਮਹਾਂ ਜਮਸ਼ੈਦ ਇਸਥਾਕਰ ਅਥਵਾ ਪਰਸੀਪੋਲੀਸ ਦਾ ਮੋਢੀ ਅਤੇ ਉਸ ਪਾਸ਼ਾਦਾਦੀਆ ਖਾਨਦਾਨ ਦਾ ਪੰਜਵਾਂ ਬਾਦਸ਼ਾਹ ਸੀ, ਜੋ ਲਗਪਗ ੭੫੦ ਪੂਰਵ ਈਸਵੀ ਵਿਚ ਜ਼ੋਰਾਂ ਤੇ ਸੀ। ਬਿਰਧ ਅਵਸਥਾ ਹੋ ਜਾਣ ਕਰ ਕੇ ਉਸ ਨੇ ਆਪਣਾ ਵਿਸ਼ਾਲ ਰਾਜ ਆਪਣੇ ਤਿੰਨਾਂ ਪੁੱਤਰਾਂ ਵਿਚਾਲੇ ਵੰਡ ਦਿਤਾ। ਸਭ ਤੋਂ ਵਡੇ ਪੁੱਤਰ ਲਾਲੂੰ ਨੂੰ ਸੀਰੀਆ, ਦੂਜੇ ਪੁੱਤਰ ਤੂਰ ਨੂੰ ਔਕਸਸ ਤੇ ਜੈਕਸਾਰਟਸ ਵਿਚਾਲੇ ਦਾ ਦੇਸ ਅਤੇ ਸਭ ਤੋਂ ਛੋਟੇ ਪੁੱਤਰ ਈਰੇਜ਼ ਨੂੰ ਖ਼ੁਰਾਸਾਨ ਦਾ ਇਲਾਕਾ ਦਿਤਾ। ਅਜ ਕਲ ਜਿਹੜਾ ਦੇਸ ਈਰਾਨ ਤੇ ਤੌਰਾਨ ਅਖਵਾਉਂਦਾ ਹੈ ਉਹ ਅਸਲ ਵਿਚ ਫਰੀਦੂੰ ਦੇ ਬੇਟੇ ਤੂਰ ਅਤੇ ਈਰੇਜ ਦੇ ਨਾਮ ਉਤੇ ਹੀ ਰਖਿਆ ਗਿਆ ਹੈ।

## ਫਰੀਦੂੰ ਦੇ ਰਾਜ ਵਿਚ ਪੰਜਾਬ ਸ਼ਾਮਲ ਸੀ

ਫਰੀਦੂੰ ਦਾ ਰਾਜ ਹਿੰਦੁਸਤਾਨ ਵਿਚ ਕਿਥੋਂ ਤੀਕ ਫੈਲਿਆ ਇਸ ਬਾਰੇ ਕੋਈ ਵੇਰਵਾ ਨਹੀਂ ਮਿਲਦਾ ਪਰ ਇਹ ਗੱਲ ਨਿਸ਼ਚੇ ਹੈ ਕਿ ਉਸ ਦੇ ਰਾਜ ਵਿਚ ਪੰਜਾਬ ਸ਼ਾਮਲ ਸੀ, ਕਿਉਂਕਿ ਮਹਾਭਾਰਤ ਵਿਚ ਦਰਜ ਹੈ ਕਿ ੫੨੯ ਸਾਲ ਪੂਰਵ ਈਸਾ ਵਿਚ ਸਾਈਰਸ ਮੋਇਆ। ਉਸ ਤੋਂ ਵੀ ਬਹੁਤ ਸਮਾ ਪਹਿਲੇ ਹਿੰਦੁਸਤਾਨ ਢੇਰ ਚਿਰ ਤੀਕ ਸ਼ਾਹ ਈਰਾਨ ਦੀ ਪਰਜਾ ਰਿਹਾ।

## ਸਾਈਰਸ ਦਾ ਰਾਜ ਸਿੰਧ ਤੀਕ

ਜ਼ੇਨੋਫੋਨ ਆਪਣੀ ਰਚਨਾ ਸਾਈਰੋਪੀਡੀਆ ਵਿਚ ਸਾਨੂੰ ਦਸਦਾ ਹੈ ਕਿ ਸਾਈਰਸ ਦੇ ਰਾਜ ਦੀ ਪੂਰਬੀ ਸੀਮਾ ਸਿੰਧ ਦਰਿਆ ਸੀ। ਦੂਜੇ ਇਤਿਹਾਸ-ਕਾਰਾਂ ਦਾ ਵੀ ਇਹ ਕਥਨ ਹੈ ਕਿ ਸਾਰਾ ਹੀ ਪੰਜਾਬ ਈਰਾਨੀਆਂ ਦੇ ਮਾਤਹਿਤ ਸੀ ਅਤੇ ਇਸ ਦਾ ਪੂਰਬੀ ਦਰਿਆ ਉਸ ਦੀ ਸੀਮਾ ਸੀ।

## ਅਫਰਾਸਿਆਬ ਦਾ ਹਿੰਦ ਉਤੇ ਹਮਲਾ

ਫਰੀਦੂੰ ਦੇ ਸਮੇਂ ਤੋਂ ਹੀ ਹਿੰਦੁਸਤਾਨੀ, ਈਰਾਨੀ ਬਾਦਸ਼ਾਹਾਂ ਨੂੰ ਖਰਾਜ ਦੇਣ ਦੇ ਆਦੀ ਸਨ। ਉਹਨਾਂ ਦਾ ਰਾਜਾ ਸਾਂਗਲ, ਜਿਸ ਨੂੰ ਫ਼ਰਿਸ਼ਤੇ ਨੇ ਸ਼ਿੰਖੋਲ ਕਰ ਕੇ ਲਿਖਿਆ ਹੈ, ਕਨੌਜ ਵਿਚ ਰਾਜ ਕਰਦਾ ਸੀ। ਉਸ ਨੇ ਖਰਾਜ ਦੇਣਾ ਬੰਦ ਕਰ ਦਿਤਾ। ਇਸ ਗੱਲ ਉਤੇ ਈਰਾਨ ਦਾ ਬਾਦਸ਼ਾਹ ਅਫਰਾਸਿਆਬ ਬੜਾ ਲੋਹਾ ਲਾਖਾ ਹੋਇਆ ਅਤੇ ਉਸ ਨੇ ਆਪਣੇ ਜਰਨੈਲ ਪਾਇਰਨ ਨੂੰ ਪੰਜਾਹ ਹਜ਼ਾਰ ਘੋੜ ਸਵਾਰਾਂ ਦੀ ਫ਼ੌਜ ਦੇ ਕੇ ਹਿੰਦੁਸਤਾਨ ਦੇ ਬਾਦਸ਼ਾਹ ਉਤੇ ਚਾੜ੍ਹ ਭੇਜਿਆ। ਹਿੰਦੁਸਤਾਨੀ ਫ਼ੌਜਾਂ ਨੇ ਈਰਾਨੀ ਜਰਨੈਲ ਨੂੰ ਹਾਰ ਦਿਤੀ ਅਤੇ ਉਸ ਨੂੰ ਪਹਾੜਾਂ ਵਿਚ ਸ਼ਰਨ ਲੈਣ ਲਈ ਮਜਬੂਰ ਕਰ ਦਿਤਾ। ਈਰਾਨੀ ਬਾਦਸ਼ਾਹ ਨੇ ਆਪਣੇ ਜਰਨੈਲ ਦੀ ਹਾਰ ਦੀ ਖਬਰ ਸੁਣ ਕੇ ਇਕ ਲੱਖ ਫ਼ੌਜ ਜਮਾਂ ਕੀਤੀ ਤੇ ਪਾਇਰਨ ਦੀ ਸਹਾਇਤਾ ਲਈ ਆਪ ਚੜ੍ਹਾਈ ਕਰ ਕੇ ਆਇਆ। ਹਿੰਦੀ ਅਤੇ ਈਰਾਨੀ ਫ਼ੌਜਾਂ ਵਿਚਾਲੇ ਬੜੀ ਭਿਆਨਕ ਜੰਗ ਹੋਈ ਜਿਸ ਵਿਚ ਹਿੰਦੀਆਂ ਨੂੰ ਬੁਰੀ ਤਰ੍ਹਾਂ ਹਾਰ ਹੋਈ। ਅਫਰਾਸਿਆਬ ਨੇ ਵੈਰੀ ਦਾ ਪਿੱਛਾ ਕੀਤਾ ਅਤੇ ਹਜ਼ਾਰਾਂ ਹਿੰਦੀਆਂ ਨੂੰ ਤਲਵਾਰ ਦੇ ਘਾਟ ਉਤਾਰਿਆ। ਸ਼ਿੰਖੋਲ ਬੰਗਾਲ ਵਲ ਨੱਸ ਗਿਆ। ਫੇਰ ਉਥੋਂ ਉਹ ਤਿਰਹੁਤ ਦੇ ਪਹਾੜਾਂ ਵਿਚ ਜਾ ਛੁਪਿਆ। ਇਸ ਦੇ ਕੁਝ ਚਿਰ ਪਿਛੋਂ ਸ਼ਿੰਖੋਲ ਨੇ ਆਪਣੇ ਦੂਤ ਅਫਰਾਸਿਆਬ ਪਾਸ ਭੇਜ ਕੇ ਬੇਨਤੀ ਕੀਤੀ ਕਿ ਦੇਸਾਂ ਦਾ ਬਾਦਸ਼ਾਹ ਉਸ ਨੂੰ ਕਦਮ ਬੋਸੀ ਦੀ ਆਗਿਆ ਦੇਵੇ। ਉਸ ਦੀ ਬੇਨਤੀ ਪਰਵਾਨ ਹੋ ਗਈ। ਸ਼ਿੰਖੋਲ ਨੂੰ ਈਰਾਨੀ ਬਾਦਸ਼ਾਹ ਦੀ ਸੇਵਾ ਵਿਚ ਹਾਜ਼ਰ ਹੋਣ ਦੀ ਆਗਿਆ ਮਿਲ ਗਈ। ਉਹ ਤਲਵਾਰ ਤੇ ਖਫਣ ਲੈ ਕੇ ਬਾਦਸ਼ਾਹ ਦੀ ਸੇਵਾ ਵਿਚ ਹਾਜ਼ਰ ਹੋਇਆ। ਅਫਰਾਸਿਆਬ ਨੇ ਸ਼ਿੰਖੋਲ ਦੇ ਪੁੱਤਰ ਰੋਹਤ ਨੂੰ ਹਿੰਦ ਦੇ ਤਖ਼ਤ ਉਤੇ ਬਿਠਾ ਦਿੱਤਾ ਅਤੇ ਹਾਰੇ ਹੋਏ ਬਾਦਸ਼ਾਹ ਨੂੰ ਸ਼ਾਹੀ ਕੈਦੀ ਬਣਾ ਕੇ ਆਪਣੇ ਨਾਲ ਤੂਰਾਨ ਲੈ ਗਿਆ। ਰੋਹਤ ਨੇ ਨਿਯਤ ਖਿਰਾਜ ਤੋਂ ਛੁਟ ਬਹੁਤ ਸਾਰਾ ਧਨ ਆਪਣੇ ਪਿਤਾ ਦੇ ਖਰਚ ਲਈ ਈਰਾਨ ਭੇਜਿਆ।

ਹਸਤਾਸਪੇਸ ਦਾ ਪੁੱਤਰ ਦਾਰਾ ਗੁਸਤਾਸਪ ਪ੍ਰਥਮ ਸੰਨ ੫੨੧ ਪੂਰਬ ਈਸਾ ਈਰਾਨ ਦਾ ਬਾਦਸ਼ਾਹ ਚੁਣਿਆ ਗਿਆ। ਉਸ ਦੇ ਅਗਲੇ ਈਰਾਨੀ ਬਾਦਸ਼ਾਹ ਨੇ ਹਿੰਦੁਸਤਾਨ ਨੂੰ ਫਤਹਿ ਕਰਨ ਦਾ ਜਤਨ ਕੀਤਾ। ਇਕ ਬਹੁਤ ਵੱਡੀ ਸਮੁੰਦਰੀ ਫ਼ੌਜ ਤਿਆਰ ਕਰ ਕੇ ਉਸ ਨੇ ਕਰਿੰਡਰੀਆ (ਯੂਨਾਨ ਦੇ ਸੂਬਾ ਕਾਰੀਆ ਦੇ ਸ਼ਹਿਰ) ਨੂੰ ਸਾਈਲਾਕਸ ਦੇ ਹਵਾਲੇ ਕੀਤਾ। ਇਸ ਮੁਹਿੰਮ ਦੇ ਮੰਤਵ ਇਹ ਸੀ ਕਿ ਉਹ ਅਸਥਾਨ ਮਲੂਮ ਕੀਤਾ ਜਾਏ, ਜਿਥੇ ਜਾ ਕੇ ਸਿੰਧ ਦਾ ਪਾਣੀ, ਸਮੁੰਦਰ ਵਿਚੋਂ ਜਾ ਡਿਗਦਾ ਹੈ।

## ਸਾਈਲੈਕਸ ਦੀ ਸਮੁੰਦਰੀ ਮੁਹਿੰਮ, ਦਾਰਾ ਗੁਸਤਾਸਪ ਪਹਿਲੇ ਦੇ ਮਾਤਹਿਤ

ਮੁਹਿੰਮ ਦਾ ਦੂਜਾ ਮੰਤਵ ਸੀ, ਹਿੰਦੁਸਤਾਨ ਦੇ ਪੱਛਮੀ ਸੂਬਿਆਂ ਦਾ ਪਤਾ ਲਾਉਣਾ। ਉਸ ਸਮੇਂ ਦੇ ਨਾਮੀ ਸਮੁੰਦਰੀ ਕਮਾਂਡਰ ਸਾਈਲੈਕਸ ਨੇ ਢਾਈ ਸਾਲ ਦੇ ਜਾਨ ਲੇਵਾ ਤੂਫ਼ਾਨੀ ਪੈਂਡੇ ਮਗਰੋਂ ਇਸ ਕਰੜੇ ਕੰਮ ਨੂੰ ਸਿਰੇ ਚਾੜ੍ਹਿਆ। ਢਾਈ ਸਾਲ ਮਗਰੋਂ ਉਹ ਸੂਸਾ ਦੇ ਦਰਬਾਰ ਵਿਚ ਵਾਪਸ ਮੁੜਿਆ ਅਤੇ ਲੋੜੀਂਦੀ ਜਾਨਕਾਰੀ ਦਾਰਾ ਗੁਸਤਾਸਪ ਨੂੰ ਪੁਚਾਈ। ਇਸ ਪ੍ਰਸਿੱਧ ਸਮੁੰਦਰੀ ਮੁਹਿੰਮ ਦਾ ਸਵਿਸਥਾਰ ਵੇਰਵਾ, ਅਥਵਾ ਈਰਾਨੀ ਬਾਦਸ਼ਾਹ ਨੇ ਹਿੰਦ ਦੇ ਜੋ ਪੱਛਮੀ ਇਲਾਕੇ ਫ਼ਤਹ ਕੀਤੇ ਉਸ ਦਾ ਵਿਸਥਾਰ ਕਿਤੇ ਦਰਜ ਨਹੀਂ ਮਿਲਦਾ।

ਹਾਂ ਇਹ ਗਲ ਜ਼ਰੂਰ ਦਰਜ ਹੈ ਕਿ ਉਸ ਨੂੰ ਹਿੰਦੁਸਤਾਨ ਵਿਚੋਂ ਜਿੰਨਾ ਰੈਵੇਨੀਊ ਪਹੁੰਚਦਾ ਸੀ ਉਤਨਾ ਪਹਿਲੇ ਕਿਸ ਵੀ ਈਰਾਨੀ ਬਾਦਸ਼ਾਹ ਨੂੰ ਕਦੇ ਨਹੀਂ ਸੀ ਮਿਲਿਆ। ਦਾਰਾ ਗੁਸਤਾਸਪ ਦੇ ਸਮੇਂ

*ਜਮਸ਼ੈਦ ਨੇ ਹੀ ਪਹਿਲੇ ਪਹਿਲ ਈਰਾਨੀਆਂ ਵਿਚ ਸ਼ਮਸੀ ਸਾਲ ਜਾਰੀ ਕੀਤਾ। ਇਸ ਦੀ ਯਾਦ ਵਿਚ ਉਸ ਨੇ ਨੌਰੋਜ਼ ਦਾ ਤਿਉਹਾਰ ਚਾਲੂ ਕੀਤਾ ਸੀ।

Sri Satguru Jagjit Singh Ji eLibrary NamdhariElibrary@gmail.com

ਹਿੰਦੁਸਤਾਨ ਤੋਂ ਇਲਾਵਾ ਕਈ ਹੋਰ ਦੇਸ ਵੀ ਈਰਾਨ ਦੇ ਬਾਜ਼ਗੁਜ਼ਾਰ ਸਨ। ਪਰ ਇਸ ਨਵੇਂ ਫਤਹ ਕੀਤੇ ਦੇਸ ਦਾ ਖਿਰਾਜ ਉਹਨਾਂ ਬਾਕੀ ਦੇ ੨੦ ਦੇਸਾਂ ਦੇ ਕੁਲ ਖਿਰਾਜ ਦਾ ਇਕ ਤਿਹਾਈ ਭਾਗ ਸੀ। ਹੈਰੋਡੋਟਸ ਲਿਖਦਾ ਹੈ ਕਿ ਇਹ ਖਿਰਾਜ ਸੋਨੇ ਦੇ ਰੂਪ ਵਿਚ ਹੁੰਦਾ ਸੀ। ਇਸ ਦਾ ਕਾਰਨ ਮਿਸਟਰ ਰੇਨੇਲ ਨੇ ਆਪਣੀ ਲਿਖਤ ਵਿਚ ਇਹ ਦਸਿਆ ਹੈ ਕਿ "ਸਿੰਧ ਦੀਆਂ ਪੂਰਬੀ ਨਦੀਆਂ ਅਤੇ ਉੱਤਰੀ ਪਹਾੜਾਂ ਵਿਚੋਂ ਆਉਣ ਵਾਲੀਆਂ ਦੂਜੀਆਂ ਨਦੀਆਂ ਪੁਰਾਣੇ ਸਮੇਂ ਵਿਚ ਸੋਨੇ ਦੇ ਕਿਣਕਿਆਂ ਨਾਲ ਭਰਪੂਰ ਸਨ।"

### ਦਾਰਾ ਗੁਸਤਾਸਪ ਦੇ ਜਿੱਤੇ ਹੋਏ ਇਲਾਕੇ

ਹੈਰੋਡੋਟਸ ਨੇ ਦੇਸ ਦਾ ਜੋ ਵਿਸਥਾਰ ਲਿਖਿਆ ਹੈ ਉਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਦਾਰਾ ਗੁਸਤਾਸਪ ਨੇ ਜਿਹੜੇ ਇਲਾਕੇ ਫਤਹ ਕੀਤੇ ਉਹਨਾਂ ਵਿਚ ਅਜ ਕਲ ਦੇ ਮੁਲਤਾਨ ਤੇ ਲਾਹੌਰ ਦੇ ਸੂਬੇ ਅਤੇ ਸੰਭਵਤਾ ਗੁਜਰਾਤ ਵੀ ਸ਼ਾਮਲ ਸਨ। ਇਹ ਗਲ ਸਪਸ਼ਟ ਹੋ ਚੁਕੀ ਹੈ ਕਿ ਇਹ ਸੂਬੇ ਉਸ ਜ਼ਮਾਨੇ ਵਿਚ ਵੀ ਬੜੇ ਘੁਘ ਵਸੋਂ ਵਾਲੇ ਅਤੇ ਸਾਊ ਮੰਨੇ ਜਾਂਦੇ ਸਨ।

### ਨੌਸ਼ੇਰਵਾਨ

ਨੌਸ਼ੇਰਵਾਨ ਈਰਾਨ ਵਿਚ ਉਦੋਂ ਰਾਜ ਕਰਦਾ ਸੀ ਜਦੋਂ ਅਰਬ ਦੇ ਪੈਗੰਬਰ ਹਜ਼ਰਤ ਮੁਹੰਮਦ ਦਾ ਜਨਮ ਹੋਇਆ। ਉਹ ਆਪਣੇ ਆਪ ਨੂੰ "ਈਰਾਨ ਅਤੇ ਹਿੰਦੁਸਤਾਨ ਦਾ ਬਾਦਸ਼ਾਹ" ਲਿਖਦਾ ਸੀ। ਬਚੇ ਹੋਏ ਰਿਕਾਰਡ ਤੋਂ ਇਹ ਪਤਾ ਨਹੀਂ ਚਲਦਾ ਕਿ ਉਸ ਨੇ ਕਦੇ ਸਿੰਧ ਨੂੰ ਪਾਰ ਕੀਤਾ ਹੋਵੇ। ਇਹ ਗਲ ਸੰਭਵ ਹੈ ਕਿ ਉਸ ਦੀ ਪਰਧਾਨਤਾ ਨੂੰ ਹਿੰਦੁਸਤਾਨ ਦੇ ਬਾਦਸ਼ਾਹ ਵੀ ਮੰਨਦੇ ਹੋਣ, ਕਿਉਂਕਿ ਸਰ ਐਡਵਰਡ ਸੂਲੀਵਾਨ ਇਸ ਗਲ ਨੂੰ ਸੱਚ ਮੰਨਦਾ ਹੈ ਕਿ ਜਦ ਬਹਿਰਾਮ ਗੋਰ, ਸ਼ਾਹ ਈਰਾਨ ੩੩੦ ਸੰਨ ਵਿਚ ਭੇਸ ਬਦਲ ਕੇ ਹਿੰਦੁਸਤਾਨ ਵਿਚਲੇ ਦੇਸ ਦੇ ਚੰਗੇ ਕਾਨੂੰਨ ਦਾ ਪਤਾ ਲਾਉਣ ਆਇਆ ਤਦ ਉਸ ਦੀ ਸ਼ਨਾਖਤ ਵਚਿਤਰ ਢੰਗਾਂ ਨਾਲ ਹੋਈ ਸੀ। ਉਸ ਨੇ ਇਕ ਹਾਥੀ ਦੇ ਸਿਰ ਵਿਚ ਤੀਰ ਮਾਰ ਕੇ ਮਾਰ ਦਿਤਾ। ਜਿਸ ਤੋਂ ਉਸ ਦੀ ਸ਼ਨਾਖਤ ਹੋ ਗਈ ਤੇ ਕਨੌਜ ਦੇ ਬਾਦਸ਼ਾਹ ਵਾਸ ਦੇਵ ਨੇ ਉਸ ਦਾ ਯਥਾ ਯੋਗ ਸੁਵਾਗਤ ਕੀਤਾ।

---

# ਪਰਕਰਨ-੯

## ਮਕਦੂਨੀਆ ਦੇ ਬਾਦਸ਼ਾਹ - ਮਹਾ ਸਿਕੰਦਰ ਦੀ ਪੰਜਾਬ ਉਤੇ ਚੜ੍ਹਾਈ

ਪਰਾਚੀਨ ਸਮਿਆਂ ਤੋਂ ਲੈ ਕੇ ਅਜ ਤੀਕ ਜਿੰਨੀ ਸੰਸਾਰ ਵਿਆਪੀ ਪ੍ਰਸਿੱਧਤਾ ਮਹਾ ਸਿਕੰਦਰ ਨੂੰ ਪ੍ਰਾਪਤ ਹੋਈ ਓਨੀ ਹੋਰ ਕਿਸੇ ਵੀ ਬਾਦਸ਼ਾਹ ਨੂੰ ਨਸੀਬ ਨਹੀਂ ਹੋਈ। ਵਿਜਈ ਦੇ ਰੂਪ ਵਿਚ ਉਸ ਦੀ ਪ੍ਰਸਿੱਧਤਾ ਯੂਰਪ ਅਤੇ ਏਸ਼ੀਆ ਦੋਵਾਂ ਹੀ ਮਹਾ ਦਵੀਪਾਂ ਵਿਚ ਪਸਰ ਗਈ ਅਤੇ ਇਤਿਹਾਸ ਦਾ ਹਰ ਜਾਣਕਾਰ ਅਤੇ ਸਕੂਲ ਦਾ ਹਰ ਵਿਦਿਆਰਥੀ ਉਸ ਦੇ ਨਾਂ ਤੋਂ ਭਲੀ ਪ੍ਰਕਾਰ ਜਾਣੂੰ ਹੈ।

### ਸਿਕੰਦਰ ਦਾ ਜਨਮ ਸੰਨ: ੩੫੬ ਪੂਰਵ ਈਸਵੀ

ਉਹ ਮਕਦੂਨੀਆ (ਮੈਸੇਡੋਨ) ਦੇ ਫਿਲਪਸ ਅਤੇ ਨਿਉਪਟੋਲੀਮਸ ਸ਼ਾਹ ਐਪੀਰਸ ਦੀ ਪੁਤਰੀ ਓਲਿੰਪੀਅਸ ਦਾ ਬੇਟਾ ਸੀ, ਜੋ ੩੫੬ ਸਾਲ ਪੂਰਵ ਈਸਵੀ ਮੇਲਾ ਦੇ ਅਸਥਾਨ ਉਤੇ ਜਨਮਿਆ। ਉਸ ਦੇ ਦੋ ਸਾਥੀਆਂ ਨੇ ਉਸ ਦੇ ਬੋਹੜ ਚਿਰੇ ਪ੍ਰੰਤੂ ਵਸ਼ੇਸ਼ਤਾ ਭਰਪੂਰ ਜੀਵਨ ਨੂੰ ਲੇਖਣੀ ਅੰਕਿਤ ਕੀਤਾ ਹੈ, ਪਰ ਇਹਨਾਂ ਦੋਵਾਂ ਦੀ ਲਿਖੀ ਹੋਈ ਜੀਵਨੀ ਗੁਆਚ ਚੁਕੀ ਹੈ। ਫੇਰ ਵੀ ਉਸ ਦੇ ਜੀਵਨ ਨੂੰ ਮਕਦੂਨੀਆ ਦਾ ਹਰ ਵਸਨੀਕ ਚੰਗੀ ਤਰ੍ਹਾਂ ਜਾਣਦਾ ਸੀ। ਨਾ ਕੇਵਲ ਮਕਦੂਨੀਆ ਵਿਚ ਹੀ ਸਗੋਂ ਉਸ ਦੇ ਨਾਲ ਲਗਦੇ ਦੇਸਾਂ ਦੇ ਵਿਦਵਾਨ ਤੇ ਪੜ੍ਹੇ ਲਿਖੇ ਮਨੁਖ ਵੀ ਉਸ ਦੀ ਜੀਵਨੀ ਤੋਂ ਜਾਣੂੰ ਸਨ। ਜਿਨ੍ਹਾਂ ਲੋਕਾਂ ਨੇ ਉਪਰੋਕਤ ਜੀਵਨੀਆਂ ਨੂੰ ਪੜ੍ਹਿਆ ਉਹਨਾਂ ਸਜਨਾਂ ਵਿਚ ਏਰੀਅਨ ਅਤੇ ਕੁਇੰਟਸ ਕਰਟੀਅਸ ਵੀ ਸਨ। ਸੰਸਾਰ ਇਹਨਾਂ ਇਤਿਹਾਸਕਾਰਾਂ ਦਾ ਧੰਨਵਾਦੀ ਹੈ ਕਿ ਉਹਨਾਂ ਨੇ ਉਸ ਪ੍ਰਸਿੱਧ ਹਸਤੀ ਦੇ ਜੀਵਨ ਦਾ ਪੂਰਨ ਇਤਿਹਾਸ, ਜੋ ਉਹਨਾਂ ਨੇ ਉਸ ਦੀ ਮੌਤ ਤੋਂ ਪੰਜ ਸਦੀਆਂ ਮਗਰੋਂ ਲਿਖਿਆ, ਉਸ ਤੀਕ ਪੁਚਾਇਆ ਹੈ। ਇਹਨਾਂ ਮਹਾਨ ਲਿਖਾਰੀਆਂ ਅੰਕਿਤ ਜੀਵਨ ਤੋਂ ਛੁੱਟ ਸਾਡਾ ਗਿਆਨ ਹਿੰਦੁਸਤਾਨ ਦੀ ਦੀ ਉਸ ਦੱਸ਼ਾ ਦਾ ਵੀ ਰਿਣੀ ਹੈ ਜੋ ਇਸ ਦੀ ੨੧ ਸਦੀਆਂ ਪਹਿਲੇ ਸੀ। ਇਹ ਜਾਣ ਕੇ ਹੈਰਾਨੀ ਹੁੰਦੀ ਹੈ ਕਿ ਸੰਨ ਈਸਵੀ ਤੋਂ ੩੦੦ ਸਾਲ ਪਹਿਲੇ ਜਦੋਂ ਅਜੇ ਪੱਛਮੀ ਯੂਰਪ ਆਪਣੀ ਪਸ਼ੂ-ਅਵਸਥਾ ਤੋਂ ਵੀ ਉਪਰ ਨਹੀਂ ਸੀ ਉਠਿਆ ਮਹਾ ਸਿਕੰਦਰ ਨੇ ਦਰਿਆ ਸਿੰਧ ਦੇ ਕੰਢਿਆਂ ਉਤੇ ਐਸੀਆਂ ਜਾਤੀਆਂ ਡਿੱਠੀਆਂ ਜਿਨ੍ਹਾਂ ਨੇ ਵਿਦਿਆ, ਹੁਨਰ ਤੇ ਸਾਇੰਸ ਵਿਚ ਬੜੀ ਉੱਨਤੀ ਕੀਤੀ ਸੀ।

### ਸਿਖਿਆ

ਮਹਾ ਸਿਕੰਦਰ ਦੀ ਸਿਖਿਆ ਦੀਖਿਆ ਦਾ ਕੰਮ ਪਹਿਲੇ ਉਸ ਦੇ ਨਾਨਕੇ ਦੇ ਸੰਬੰਧੀ ਲਿਉਨੀਡਸ ਦੇ ਮਗਰੋਂ ਲਿਸੀ ਮਾਕਸ ਅਤੇ ਅੰਤ ਵਿਚ ਅਰਸਤੂ (Aristotle) ਦੇ ਸਪੁਰਦ ਹੋਇਆ। ਅਰਸਤੂ ਬਾਰੇ ਇਹ ਠੀਕ ਹੀ ਕਿਹਾ ਜਾਂਦਾ ਹੈ ਕਿ ਗੁਰੂ, ਸਿਖਿਆਰਥੀ ਦੇ ਯੋਗ ਸੀ ਅਤੇ ਸਿਖਿਆਰਥੀ, ਗੁਰੂ ਦੇ ਯੋਗ। ਸ਼ਾਹੀ ਦਰਬਾਰ ਤੋਂ ਦੂਰ ਰਖ ਕੇ ਇਕ ਮਹਾਨ ਵੱਡੇ ਫਿਲਾਸਫ਼ਰ ਨੇ ਆਪਣੇ ਹੋਣਹਾਰ ਵਿਦਿਆਰਥੀ ਨੂੰ

Sri Satguru Jagjit Singh Ji eLibrary NamdhariElibrary@gmail.com

ਹਰ ਪਰਕਾਰ ਦੀ ਸਿਖਿਆ ਵਿਚ ਨਿਪੁੰਨ ਕੀਤਾ। ਵਸ਼ੇਸ਼ ਕਰ ਕੇ ਉਸ ਨੂੰ ਰਾਜ ਪ੍ਰਬੰਧ ਅਤੇ ਜੰਗ ਦੇ ਹੁਨਰ ਵਿਚ ਪੂਰਾ ਪੂਰਾ ਤਾਕ ਬਣਾ ਦਿਤਾ। ਉਸ ਨੇ ਫ਼ੌਜੀ ਕਰਤਬਾਂ ਨਾਲ ਉਸ ਦੇ ਮਨ ਵਿਚ, ਅਤੇ ਕਸਰਤੀ ਖੇਲਾਂ ਨਾਲ ਉਸ ਦੇ ਸਰੀਰ ਵਿਚ ਅਛੁਤੀ ਉਤਸ਼ਾਹ ਭਰ ਦਿਤਾ। ਕੁਮਾਰ ਅਵਸਥਾ ਵਿਚ ਹੀ ਸਿਕੰਦਰ ਨੇ ਥੀਬਨਾਂ ਵਿਰੁਧ ਜੰਗ ਵਿਚ ਬੜੀ ਨਾਮਵਰੀ ਖੱਟੀ। ਉਸ ਜੰਗ ਵਿਚ ਫਤਹ ਪਾਉਣ ਮਗਰੋਂ ਉਸ ਦੇ ਪਿਤਾ ਫਿਲਪ ਨੇ ਉਸ ਨੂੰ ਗਲਵਕੜੀ ਵਿਚ ਲੈ ਕੇ ਆਖਿਆ:-"ਮੇਰੇ ਸੂਰਬੀਰ ਬੇਟੇ। ਤੂੰ ਆਪਣੇ ਲਈ ਹੋਰ ਰਾਜ ਢੂੰਡ ਕਿਉਂਕਿ ਮੇਰਾ ਰਾਜ ਤੇਰੇ ਲਈ ਬਹੁਤ ਸੌੜਾ ਹੈ।"

## ਪਿਤਾ ਨਾਲ ਝਗੜਾ

ਸਿਕੰਦਰ ਦੇ ਪਿਤਾ ਵਲੋਂ ਉਲਿੰਪੀਅਸ ਨੂੰ ਤਾੜਨਾਂ ਕਰਨ ਉਤੇ ਪਿਤਾ ਪੁੱਤਰ ਵਿਚਾਲੇ ਝਗੜਾ ਹੋ ਗਿਆ। ਸਿਕੰਦਰ ਨੇ ਆਪਣੀ ਮਾਤਾ ਦਾ ਪੱਖ ਲਿਆ ਅਤੇ ਆਪਣੇ ਪਿਤਾ ਦੇ ਇੰਤਕਾਮ ਤੋਂ ਬਚਣ ਲਈ ਉਹ ਐਪੀਰਸ ਵਲ ਨਸ ਗਿਆ। ਪਰ ਪਿੱਛੋਂ ਛੇਤੀ ਹੀ ਦੋਵਾਂ ਧਿਰਾਂ ਵਿਚਾਲੇ ਮਨ ਮਨੌਤੀ ਹੋ ਗਈ ਅਤੇ ਟਰੀਹਾਲੀ ਵਰੁਧ ਮੁਹਿੰਮ ਵਿਚ ਸਿਕੰਦਰ ਨੇ ਆਪਣੇ ਪਿਤਾ ਦਾ ਸਾਥ ਦਿਤਾ। ਨ ਕੇਵਲ ਪਿਤਾ ਦਾ ਸਾਥ ਦਿਤਾ ਸਗੋਂ ਮੈਦਾਨਿ ਜੰਗ ਵਿਚ ਆਪਣੇ ਪਿਤਾ ਦੀ ਜ਼ਿੰਦਗੀ ਨੂੰ ਬਚਾਉਣ ਦਾ ਵੀ ਕਾਰਨ ਬਣਿਆ।

## ਸਿਕੰਦਰ ਦਾ ਰਾਜ ਤਿਲਕ ੩੩੬ ਪੂਰਵ ਈਸਾ

ਸੰਨ ੩੩੬ ਪੂਰਵ ਈਸਾ ਵਿਚ ਫਿਲਪ ਦੇ ਕਤਲ ਹੋ ਜਾਣ ਉਤੇ ਸਿਕੰਦਰ ੨੦ ਸਾਲ ਦੀ ਕੁਮਾਰ ਅਵਸਥਾ ਵਿਚ ਆਪਣੇ ਪਿਤਾ ਦੀ ਥਾਂ ਗੱਦੀ ਨਸ਼ੀਨ ਹੋਇਆ। ਸਵਾਏ ਯਹੂਦੀਆਂ ਦੇ, ਸੰਸਾਰ ਦੀਆਂ ਸਭ ਕੌਮਾਂ ਉਸ ਸਮੇਂ ਮੂਰਤੀ ਪੂਜਕ ਸਨ।

## ਈਰਾਨੀ ਰਾਜ

ਮਹਾਨ ਸਾਈਰਸ ਨੇ ਜਿਸ ਈਰਾਨੀ ਰਾਜ ਦੀ ਨੀਂਹ ਰੱਖੀ ਉਸ ਵਿਚ ਮਿਸਰ ਤੋਂ ਛੁਟ,ਉਸ ਸਮੇਂ ਦਾ ਸਾਰਾ ਏਸ਼ੀਆ ਵੀ ਸ਼ਾਮਲ ਸੀ। ਇਸ ਵਿਸ਼ਾਲ ਰਾਜ ਉਪਰ ਦਾਰਾ ਗੁਸਤਾਸਪ (Darius) ਰਾਜ ਕਰਦਾ ਸੀ,ਜੋ ਰਾਜ ਤਿਲਕ ਤੋਂ ਪਹਿਲੇ ਕੋਡੋਮੈਨਸ ਦੇ ਨਾਮ ਨਾਲ ਪ੍ਰਸਿੱਧ ਸੀ। ਉਹ ਦਾਰਾ ਗੁਸਤਾਸਪ ਦੂਜੇ ਦਾ ਪੋਤਾ ਸੀ ਅਤੇ ਆਮ ਤੌਰ ਤੇ ਨੋਥੋਸ ਦੇ ਨਾਮ ਨਾਲ ਪ੍ਰਸਿੱਧ ਸੀ। ਇਸ ਮਹਾਨ ਵਡੇ ਰਾਜ ਵਿਚ ੧੨੦ ਸੂਬੇ (ਛੋਟੇ ਰਾਜ) ਸ਼ਾਮਲ ਸਨ, ਜਿਨ੍ਹਾਂ ਉਤੇ ਸੂਬਾਈ ਗਵਰਨਰਾਂ ਦਾ ਰਾਜ ਸੀ।

## ਉਸ ਦੇ ਰਾਜ ਦਾ ਇਕ ਭਾਗ–ਪੰਜਾਬ

ਉਸ ਰਾਜ ਵਿਚ ਪੰਜਾਬ ਦੀਆਂ ਉਹ ਹੱਦਾਂ ਵੀ ਸ਼ਾਮਲ ਸਨ, ਜਿਹੜੀਆਂ ਸਿੰਧ ਦੇ ਦੋਹੀਂ ਪਾਸੀਂ ਵਾਕਿਆ ਹਨ; ਭਾਵੇਂ ਇਹ ਗਲ ਠੀਕ ਹੈ ਕਿ ਪੰਜਾਬ ਦਾ ਸਾਰਾ ਦੇਸ ਕਦੇ ਵੀ ਪੂਰਨ ਤੌਰ ਉਤੇ ਉਸ ਦੀ ਮਾਤਹਿਤੀ ਵਿਚ ਨਹੀਂ ਆਇਆ। ਈਰਾਨ ਦੇ ਲੋਕ ਜ਼ਰਤੁਸ਼ਤ (zoroaster) ਨੂੰ ਮੰਨਣ ਵਾਲੇ ਸਨ। ਯੂਨਾਨ ਦਾ ਨਿੱਕਾ ਜਿਹਾ ਪਰੰਤੂ ਸ਼ਕਤੀ ਸ਼ਾਲੀ ਦੇਸ ਕਈ ਰਾਜਾਂ (ਸਟੇਟਸ) ਵਿਚ ਵੰਡਿਆ ਹੋਇਆ ਸੀ। ਇਹ ਛੋਟੇ ਛੋਟੇ ਰਾਜ ਆਪੋ ਵਿਚ ਹੀ ਲੜਦੇ ਰਹਿੰਦੇ ਸਨ। ਰਾਜ ਗੱਦੀ ਉਪਰ ਬੈਠਣ ਦੇ ਥੋੜਾ ਈ ਸਮਾਂ ਮਗਰੋਂ ਸਿਕੰਦਰ ਨੇ ਥਰੇਸ ਨੂੰ ਫਤਹ ਕਰ ਲਿਆ ਅਤੇ ਛੇਤੀ ਹੀ ਥੀਬਸ ਨੂੰ ਵੀ ਆਪਣੇ ਕਬਜ਼ੇ ਵਿਚ ਲੈ ਆਂਦਾ। ਕਿਉਂਕਿ ਇਸ ਰਾਜ ਨੇ ਸਿਕੰਦਰ ਦੀ ਈਨ ਮੰਨਣ ਤੋਂ ਸਿਰ ਫੇਰ ਦਿਤਾ ਸੀ ਇਸ ਲਈ ਸਿਕੰਦਰ ਨੇ ਉਸ ਰਾਜ ਦੀ ਇੱਟ ਨਾਲ ਇੱਟ ਵਜਾ ਦਿਤੀ। ਉਸ ਸ਼ਹਿਰ ਦੇ ਛੀ ਹਜ਼ਾਰ ਵਸਨੀਕ ਤਲਵਾਰ ਦੀ ਘਾਟ ਉਤਾਰੇ ਗਏ ਅਤੇ ੩੦ ਹਜ਼ਾਰ ਲੋਕਾਂ ਨੂੰ ਵਿਜਈ, ਗੁਲਾਮ ਬਣਾਕੇ ਲੈ ਗਿਆ। ਥੀਬਸ ਦਾ ਸ਼ਹਿਰ ਵੀ ਧਰਤੀ ਨਾਲ ਪੱਧਰ ਕਰ ਦਿਤਾ ਗਿਆ।

## ਹੈਲਸਪਾਂਟ ਦੇ ਪਾਰ ਸਿਕੰਦਰ ਦਾ ਪ੍ਰਸਿੱਧ ਕੂਚ

ਹੈਲਸਪਾਂਟ ਦੇ ਪਾਰ ਉਸ ਨੇ ਇਤਿਹਾਸਕ ਕੂਚ ਬੋਲਿਆ। ਉਸ ਹਮਲੇ ਰਾਹੀਂ ਉਸ ਨੇ ਗਰਾਨੀਕਸ ਦੇ ਅਸਥਾਨ ਉਤੇ ਆਪਣੀ ੫੫ ਹਜ਼ਾਰ ਫੌਜ ਨਾਲ ੧ ਲਖ ੧੦ ਹਜ਼ਾਰ ਈਰਾਨੀ ਫੌਜ ਨੂੰ ਹਾਰ ਦਿਤੀ। ਇਸ ਖੂਨੀ ਜੰਗ ਵਿਚ ਸਿਕੰਦਰ ਨੇ ਆਪਣੇ ਭਾਲੇ ਨਾਲ ਦਾਰਾ ਗੁਸਤਾਸਪ ਦੇ ਜਵਾਈ ਨੂੰ ਜਾਨੋਂ ਮਾਰ ਮੁਕਾਇਆ। ਇਸ ਦੇ ਮਗਰੋਂ ਉਸ ਨੇ ਏਸ਼ਿਆ ਕੋਚਕ ਵਿਚ ਕਈ ਸ਼ਹਿਰ ਇਕ ਇਕ ਕਰ ਕੇ ਆਪਣੇ ਅਧੀਨ ਕਰ ਲਏ।

## ਈਸਸ ਉਪਰ ਈਰਾਨੀਆ ਦੀ ਹਾਰ

ਉਸ ਨੇ ਈਸਸ ਦੇ ਅਸਥਾਨ ਉਤੇ ਈਰਾਨੀਆਂ ਨੂੰ ਬੜੀ ਭਾਰੀ ਹਾਰ ਦਿਤੀ। ਇਸ ਜੰਗ ਵਿਚ ਦਾਰਾ ਗੁਸਤਾਸਪ ਦਾ ਸਾਰਾ ਖਜ਼ਾਨਾ ਅਤੇ ਪਰਿਵਾਰ ਉਸ ਦੇ ਕਬਜ਼ੇ ਵਿਚ ਆ ਗਿਆ। ਸਿਕੰਦਰ ਨੇ ਦਾਰਾ ਗੁਸਤਾਸਪ ਦੇ ਪਰਿਵਾਰ ਨਾਲ ਬੜਾ ਨਰਮ ਸਲੂਕ ਰਵਾ ਰਖਿਆ। ਪਿਛੋਂ ਦਾਰਾ ਗੁਸਤਾਸਪ ਨੇ ਦੋ ਵਾਰ ਸਿਕੰਦਰ ਨਾਲ ਸੁਲਹ ਕਰਨ ਦਾ ਜਤਨ ਕੀਤਾ ਅਤੇ ਆਪਣੀ ਪੇਸ਼ਕਸ਼ ਵਿਚ ਉਸ ਨੇ ਫਰਾਤ ਤੀਕ ਦਾ ਸਾਰਾ ਏਸ਼ਿਆਈ ਇਲਾਕਾ ਵਿਜਈ ਨੂੰ ਦੇਣਾ ਵੀ ਪਰਵਾਨ ਕੀਤਾ ਪਰ ਸਿਕੰਦਰ ਨੇ ਇਹ ਕਹਿ ਕੇ ਉਸ ਦੀਆਂ ਸ਼ਰਤਾਂ ਪਰਵਾਨ ਕਰਨ ਤੋਂ ਇਨਕਾਰ ਕਰ ਦਿਤਾ ਕਿ 'ਦਾਰਾ ਗੁਸਤਾਸਪ ਉਸ ਨੂੰ ਏਸ਼ੀਆ ਦਾ ਹੁਕਮਰਾਨ ਤੇ ਉਸ ਦੀ ਸਾਰੀ ਪਰਜਾ ਦਾ ਮਾਲਕ ਪਰਵਾਨ ਕਰੇ।" ਇਸ ਤੇ ਸਿਕੰਦਰ ਦੇ ਇਕ ਜਰਨੈਲ ਪਾਰਮੀਨੀਓ ਨੇ ਈਰਾਨੀ ਪੇਸ਼ਕਸ਼ ਨੂੰ ਪਰਵਾਨ ਕਰਨ ਦੀ ਸਲਾਹ ਦੇਂਦੇ ਹੋਏ ਆਖਿਆ "ਜੇ ਕਦੇ ਮੈਂ ਸਿਕੰਦਰ ਹੁੰਦਾ ਤਦ ਇਸ ਪੇਸ਼-ਕਸ਼ ਨੂੰ ਜ਼ਰੂਰ ਪਰਵਾਨ ਕਰ ਲੈਂਦਾ। ਸ਼ਾਹ ਸਿਕੰਦਰ ਨੇ ਤੁਰਤ ਉਤਰ ਦਿਤਾ—"ਜੇ ਮੈਂ ਪਾਰਮੀਨੀਓ ਹੁੰਦਾ ਤਦ ਮੈਂ ਵੀ ਇਸ ਨੂੰ ਪਰਵਾਨ ਕਰ ਲੈਂਦਾ।"

## ਟਾਇਰੇ ਦੀ ਫ਼ਤਹ

ਸਿਕੰਦਰ ਨੇ ਹੁਣ ਆਪਣੀਆਂ ਵਾਗਾਂ ਸੀਰੀਆ ਅਤੇ ਫੋਨੀਸ਼ੀਆ ਵਲ ਮੋੜੀਆਂ। ਉਸ ਨੇ ਪਹਿਲੇ ਸ਼ਹਿਰ ਦਮਿਸ਼ਕ ਨੂੰ ਫਤਹ ਕੀਤਾ ਤੇ ਫੇਰ ਭੂਮਧ ਸਾਗਰ ਦੇ ਸਾਹਿਲਾਂ ਉਪਰਲੇ ਸਭ ਸ਼ਹਿਰ ਆਪਣੇ ਅਧੀਨ ਕਰ ਲਏ। ਇਹਨਾਂ ਵਿਚੋਂ ਵਪਾਰ ਦੇ ਪੱਛਮੀ ਕੇਂਦਰ,ਸ਼ਹਿਰ ਟਾਇਰੇ ਨੇ ਉਸ ਦਾ ਹਥਿਆਰਾਂ ਨਾਲ ਟਾਕਰਾ ਕੀਤਾ। ਸਿਕੰਦਰ ਨੇ ਸਤ ਮਹੀਨੇ ਦੇ ਘੇਰੇ ਮਗਰੋਂ ਉਸ ਸ਼ਹਿਰ ਨੂੰ ਫਤਹ ਕਰ ਕੇ ਉਸ ਦੀ ਇੱਟ ਨਾਲ ਇੱਟ ਖੜਕਾ ਦਿਤੀ। ਇਸ ਸ਼ਹਿਰ ਦੇ ਵਪਾਰ ਦੀ ਅਜਾਰਾਦਾਰੀ ਪ੍ਰਾਪਤ ਕਰ ਕੇ ਸਿਕੰਦਰ ਦੁਨੀਆ ਦੀਆਂ ਕਿਸਮਤਾਂ ਦਾ ਮਾਲਕ ਬਣ ਬੈਠਾ।

## ਫਲਸਤੀਨ ਦੀ ਹਾਰ

ਇਸ ਦੇ ਮਗਰੋਂ ਉਸ ਨੇ ਯੋਰੋਸ਼ਲਮ ਉਪਰ ਚੜ੍ਹਾਈ ਕੀਤੀ ਅਤੇ ਫਲਸਤੀਨ ਨੂੰ ਵੀ ਈਨ ਮਨਾਈ। ਐਨਾ ਕੁਛ ਕਰ ਲੈਣ ਮਗਰੋਂ ਸਿਕੰਦਰ ਨੇ ਮਿਸਰ ਨੂੰ ਈਰਾਨੀ ਗੁਲਾਮੀ ਤੋਂ ਮੁਕਤ ਕੀਤਾ ਅਤੇ

Sri Satguru Jagjit Singh Ji eLibrary NamdhariElibrary@gmail.com

ਇਸ ਦੇ ਪੁਰਾਣੇ ਆਸ਼ਰਮਾਂ (ਇਨਸਟੀਟਯੂਸ਼ਨਾਂ) ਨੂੰ ਨਵੇਂ ਸਿਰੇ ਜਾਰੀ ਕੀਤਾ । ਉਸ ਨੇ ਭੂਮਧ ਸਾਗਰ ਦੇ ਕਿਨਾਰੇ ਉਪਰ ਅਸਕੰਦਰੀਆ ਦਾ ਪਰਸਿੱਧ ਸ਼ਹਿਰ ਵਸਾਇਆ । ਏਥੇ ਉਸ ਨੇ ਆਪਣਾ ਸ਼ਾਨਦਾਰ ਸ਼ਸਤਰ ਘਰ ਵੀ ਬਣਾਇਆ । ਇਸ ਦੇ ਮਗਰੋਂ ਉਸ ਨੇ ਲਿਬਿਅਨ ਮਾਰੂ ਥਲ ਵਲ ਚੜ੍ਹਾਈ ਕੀਤੀ ! ਏਥੇ ਪੁਜ ਕੇ ਉਸ ਨੇ ਜੂਪੀਟਰ ਐਮੋਨ ਮੰਦਰ ਦੀ ਯਾਤਰਾ ਕੀਤੀ। ਮੰਦਰ ਦੇ ਸਭ ਤੋਂ ਵਡੇ ਪੁਜਾਰੀ ਨੇ ਉਸ ਨੂੰ ਰੱਬ ਦਾ ਪੁਤਰ ਮੰਨ ਕੇ ਪਰਨਾਮ ਕੀਤਾ । ਇਥੋਂ ਸਿਕੰਦਰ ਨੇ ਆਪਣੀਆਂ ਵਾਗਾਂ ਉਤਰ ਵਲ ਮੋੜ ਲਈਆਂ ਅਤੇ ਮੈਸੋਪੋਟਾਮੀਆ ਵਿਚ ਜਾ ਦਾਖਲ ਹੋਇਆ, ਜੋ ਸਭ ਤੋਂ ਪਹਿਲੇ ਰਾਜ ਦੀ ਰਾਜਧਾਨੀ ਸੀ । ਇਥੋਂ ਦਰਿਆ ਟਿਗਰਿਸ ਨੂੰ ਪਾਰ ਕਰ ਕੇ ਅਸੀਰੀਆ ਵਿਚ ਜਾ ਦਾਖਲ ਹੋਇਆ। ਅਰਬੇਲਾ ਦੇ ਮੈਦਾਨ ਵਿਚ ਸਿਕੰਦਰ ਅਤ ਦਾਰਾ ਗੁਸਤਾਸਪ ਵਿਚਾਲੇ ਇਕ ਮਹਾਨ ਵੱਡਾ ਜੰਗ ਹੋਇਆ । ਇਸ ਜੰਗ ਵਿਚ ਦਾਰਾ ਨੂੰ ਹਾਰ ਹੋਈ ਅਤੇ ਉਸ ਦੀ ਫੌਜ ਬੁਰੀ ਤਰ੍ਹਾਂ ਮਾਰੀ ਗਈ। ਅਰਬੇਲਾ ਦੇ ਅਸਥਾਨ ਨੂੰ ਪੱਛਮ ਵਲੋਂ ਦਰਿਆ ਟਿਗਰਿਸ ਛੂੰਹਦਾ ਹੈ ਅਤੇ ਇਹ ਪ੍ਰਸਿਧ ਨੈਨਵਾ ਦੇ ਖੰਡਰਾਂ (ਖੋਲਿਆਂ) ਦੇ ਪੂਰਬ ਵਲ ੬੦ ਮੀਲ ਦੀ ਦੂਰੀ ਉਤੇ ਵਾਕਿਆ ਹੈ।ਸਿਕੰਦਰ ਦੀ ਦਿਲੀ ਇਛਾ ਸੀ ਕਿ ਉਹ ਆਪਣੇ ਵੈਰੀ ਨੂੰ ਜੀਉਂਦਾ ਗ੍ਰਿਫਤਾਰ ਕਰੇ ਪਰ ਉਹ ਹਮਲਾ ਆਵਰਾਂ ਦੇ ਬਰਛੇ ਨਾਲ ਬੁਰੀ ਤਰ੍ਹਾਂ ਘਾਇਲ ਹੋ ਗਿਆ ਅਤੇ ਬਰਛੇ ਦੇ ਫੱਟਾਂ ਨਾਲ ਹੀ ਚਲਾਣਾ ਕਰ ਗਿਆ । ਇਸ ਵੇਲੇ ਸਿਕੰਦਰ ਦੀ ਉਮਰ ੫੦ ਸਾਲ ਦੀ ਹੋ ਚੁਕੀ ਸੀ। ਉਸ ਦੀ ਦਾਰਾ ਨੂੰ ਜੀਉਂਦੇ ਫੜਨ ਦੀ ਅਭਿਲਾਸ਼ਾ ਪੂਰੀ ਨ ਹੋਈ ! ਵਿਜਈ ਸਿਕੰਦਰ ਨੇ ਆਪਣੇ ਸੂਰਬੀਰ ਵੈਰੀ ਦਾ ਮਾਤਮ ਮਨਾਇਆ ਅਤੇ ਉਸ ਦਾ ਮਿਰਤਕ ਸਰੀਰ ਈਰਾਨ ਵਿਚ ਭੇਜ ਦਿਤਾ; ਜਿਥੇ ਉਹ ਸ਼ਾਹੀ ਬਜ਼ੁਰਗਾਂ ਦੇ ਮਕਬਰੇ ਵਿਚ ਦਫਨਾਇਆ ਗਿਆ । ਉਸ ਨੇ ਬੈਕਾਰੀਆਨਾਂ ਦੇ ਸ਼ਕਤੀ ਸ਼ਾਲੀ ਗਵਰਨਰ ਬੇਸਸ ਦਾ ਪਿਛਾ ਕੀਤਾ ਕਿਉਂਕਿ ਉਹ ਈਰਾਨ ਦੇ ਤਖ਼ਤ ਦਾ ਦਾਵੇਦਾਰ ਬਣ ਬੈਠਾ ਸੀ। ਪਰ ਸੋਗਡਿਆਨਾ (ਬੁਖ਼ਾਰਾ) ਦੇ ਗਵਰਨਰ ਸਪਿਟਾਮੇਨਜ਼ ਨੇ ਉਸ ਨੂੰ ਫੜ ਕੇ ਸਿਕੰਦਰ ਦੇ ਹਵਾਲੇ ਕਰ ਦਿਤਾ। ਕੋਰਟਸ਼ ਦੇ ਕਥਨ ਅਨੁਸਾਰ ਬੇਸਸ ਨੂੰ ਬਿਲਕੁਲ ਨੰਗਾ ਕਰ ਕੇ ਤੇ ਉਸ ਦੇ ਗਲ ਵਿਚ ਸੰਗਲ ਪਾ ਕੇ ਮਕਦੂਨੀਆਂ ਦੇ ਬਾਦਸ਼ਾਹ ਦੇ ਰੂਬਰੂ ਪੇਸ਼ ਕੀਤਾ ਗਿਆ। ਕਿਹਾ ਇਹ ਗਿਆ ਕਿ ਇਹ ਵਹਿਸ਼ੀ, ਮਨੁਖਾ ਪੁਸ਼ਾਕ ਦੇ ਯੋਗ ਨਹੀਂ । ਸਿਕੰਦਰ ਨੇ ਉਸ ਦਾ ਨਕ ਅਤੇ ਉਸ ਦੇ ਕੰਨ ਕਟਵਾ ਦਿਤੇ ਅਤੇ ਫੇਰ ਉਸ ਨੂੰ ਤੀਰਾਂ ਨਾਲ ਵਿਨ੍ਹਕੇ ਜਾਨੋਂ ਮਾਰ ਦਿਤਾ ।

## ਪਰਸੀਪੋਲਿਸ ਦਾ ਦਾਹ

ਸ਼ਰਾਬ ਦੇ ਨਸ਼ੇ ਵਿਚ ਮਦਹੋਸ਼ ਹੋ ਕੇ ਅਤੇ ਥਾਈਸ ਨਾਮੀ ਏਥਨ ਦੇ ਦਰਬਾਰੀ ਦੀ ਉਕਸਾਹਟ ਨਾਲ ਸਿਕੰਦਰ ਨੇ ਸੰਸਾਰ ਦੇ ਅਜੂਬੇ ਤੇ ਈਰਾਨ ਦੀ ਸੰਸਾਰ ਪ੍ਰਸੱਧਿ ਰਾਜਧਾਨੀ ਪਰਸੀਪੋਲੀਸ ਨੂੰ ਅਗ ਲਾ ਕੇ ਉਸ ਸ਼ਾਨਦਾਰ ਸ਼ਹਿਰ ਨੂੰ ਰਾਖ ਦਾ ਢੇਰ ਬਣਾ ਦਿਤਾ। ਇਸ ਦੇ ਮਗਰੋ ਉਸ ਨੇ ਸੀਥੀਅਨਾਂ ਨੂੰ ਬੇਦਖਲ ਕਰ ਕੇ ਸੋਗਡਿਆਨਾਂ (ਬੁਖਾਰਾ) ਨੂੰ ਵੀ ਫਤਹ ਕਰ ਲਿਆ। ਏਥੇ ਹੀ ਉਸ ਨੇ, ਦਾਰਾ ਗੁਸ-ਤਾਸਪ ਦੇ ਭਾਈ ਔਕਸਿਆਰਟਸ ਦੀ ਸੁਹਣੀ ਸਪੁਤ੍ਰੀ ਰੋਕਸਾਨਾ ਨਾਲ ਵਿਆਹ ਰਚਾਇਆ। ਕਿਹਾ ਜਾਂਦਾ ਹੈ ਉਸ ਸਮੇਂ ਰੋਕਸਾਨਾ ਸਾਰੇ ਏਸ਼ੀਆ ਵਿਚ ਸਭ ਤੋਂ ਵਧੀਕ ਹੁਸੀਨ ਕੁੜੀ ਮੰਨੀ ਜਾਂਦੀ ਸੀ।

## ਏਸ਼ਿਆਈ ਦੇਸ਼ਾਂ ਤੇ ਅਧਿਕਾਰ

ਇਸ ਦੇ ਮਗਰੋਂ ਉਸ ਨੇ ਸ਼ਹਿਰ ਸੂਜ਼ਾ ਫਤਹ ਕੀਤਾ,ਜਿਥੋਂ ਉਸ ਨੂੰ ਬੜਾ ਵੱਡਾ ਖਜ਼ਾਨਾ ਹਥ ਲਗਾ। ਇਥੋਂ ਉਹ ਹਿਰਕਾਨੀਆਂ (ਮਜ਼ਿੰ-ਦਰਾਨ) ਵਿਚ ਜਾ ਦਾਖਲ ਹੋਇਆ ਅਤੇ ਖੁਰਾਸਾਨ ਵਿਚ ਦੀ ਮਾਰਚ ਕਰ ਕੇ ਬੈਕਟਰੀਆ ਨੂੰ ਜਾ ਅਧੀਨ ਕੀਤਾ। ਇਸ ਦੇ ਮਗਰੋਂ ਮਾਰਕੰਡੇ ਦੇ ਰਾਜ (ਅਜ ਕਲ ਦੇ ਸਮਰਕੰਦ) ਉਤੇ ਜਾ ਕਬਜ਼ਾ ਕੀਤਾ। ਜਿਧਰ ਵੀ ਸਿਕੰਦਰ ਚੜ੍ਹਾਈ ਕਰਦਾ, ਕੌਮਾਂ ਤੇ ਦੇਸਾਂ ਨੂੰ ਅਧੀਨ ਕਰ ਲੈਂਦਾ; ਮਜ਼ਬੂਤ ਕਿਲੇ ਉਸਾਰਦਾ ਅਤੇ ਨਵੇਂ ਨਵੇਂ ਸ਼ਹਿਰ ਆਬਾਦ ਕਰਦਾ ਸੀ। ਭਾਵੇਂ ਉਹਦੇ ਬਣਾਏ ਹੋਏ ਕਿਲੇ ਤੇ ਵਸਾਏ ਹੋਏ ਕਈ ਸ਼ਹਿਰਾਂ ਦਾ ਬੜੀ ਮੁਸ਼ਕਲ ਨਾਲ ਵੀ ਅਜ ਤੀਕ ਪਤਾ ਨਹੀਂ ਲਗ ਸਕਿਆ।

## ਹਿੰਦੁਸਤਾਨ ਬਾਰੇ ਉਸ ਦੀ ਵਾਕਫੀ

ਸਿਕੰਦਰ ਨੇ ਡਰਾਂਗਿਆਨਾ, ਆਰਚੋਸੀਆ ਗੇਡਰੋਸੀਆ ਅਤੇ ਸੀਸਤਾਨ ਨੂੰ ਅਧੀਨ ਕਰ ਕੇ ਕਾਬਲ ਦੇ ਉਸ ਪੱਛਮੀ ਭਾਗ ਉਤੇ ਜਾ ਕਬਜ਼ਾ ਕੀਤਾ, ਜਿਹੜਾ ਗਜ਼ਨੀ ਅਤੇ ਕੰਧਾਰ ਵਿਚਾਲੇ ਵਾਕਿਆ ਹੈ। ਸਿਕੰਦਰ ਨੇ ਹਿੰਦੂ ਕੁਸ਼ ਨੂੰ ਦਸ ਦਿਨਾਂ ਦੇ ਅੰਦਰ ਅੰਦਰ ਉਸੇ ਹੀ ਰਸਤੇ ਪਾਰ ਕਰ ਲਿਆ, ਜਿਸ ਰਸਤੇ ਰਾਹੀਂ ਉਸ ਨੇ ਬਾਗੀ ਗਵਰਨਰ ਬੇਸਸ ਦਾ ਪਿੱਛਾ ਕੀਤਾ ਸੀ। ਉਸ ਨੇ ਪਹਿਲੇ ਤੋਂ ਹੀ ਬੈਕਟਰੀਆ ਵਿਚ ਉਹਨਾਂ ਹਿੰਦੀ ਸ਼ਰਨਾਰਥੀਆਂ ਪਾਸੋਂ, ਜਿਹੜੇ ਉਸ ਦੇਸ ਵਿਚ ਗਏ ਸਨ, ਹਿੰਦੁਸਤਾਨ ਬਾਰੇ ਲੜੀਂਦੀ ਵਾਕਫੀ ਪਰਾਪਤ ਕਰ ਲਈ। ਉਹਨਾਂ ਹਿੰਦੁਸਤਾਨੀਆਂ ਨੇ ਸਿਕੰਦਰ ਨੂੰ ਦਸਿਆ ਕਿ ਹਮਲਾ ਆਵਰ ਲਈ ਹਿੰਦ ਨੂੰ ਫਤਹ ਕਰਨ ਦੀ ਕਿੰਨੀ ਕੁ ਸੰਭਾਵਨਾ ਹੈ। ਇਸ ਤਰ੍ਹਾਂ ਉਸ ਨੂੰ ਹਿੰਦ ਦੇ ਵੈਭਵ,ਇਸ ਦੇ ਸੋਨੇ, ਹੀਰੇ ਤੇ ਜਵਾਹਰਾਤ ਬਾਰੇ ਕਾਫੀ ਜਾਣਕਾਰੀ ਪ੍ਰਾਪਤ ਹੋ ਗਈ ਸੀ। ਮਕਦੂਨੀਆਂ ਦੇ ਸ਼ਹਿਨ ਸ਼ਾਹ (ਸਿਕੰਦਰ) ਨੂੰ ਦਸਿਆ ਗਿਆ ਕਿ ਭਾਰਤੀ ਸਿਪਾਹੀਆਂ ਦੀਆਂ ਢਾਲਾਂ ਵੀ ਸੋਨੇ ਤੇ ਹਾਥੀ ਦੰਦ ਨਾਲ ਲਿਸ਼ਕਦੀਆਂ ਹਨ।

ਉਹ ਈਰਾਨ ਦੇ ਪੁਰਾਣੇ ਬਾਦਸ਼ਾਹਾਂ ਦੇ ਖਾਨਦਾਨ ਨੂੰ ਹਰਾ ਚੁਕਾ ਸੀ ਅਤੇ ਏਸੇ ਗਲੇ ਹਿੰਦੁਸਤਾਨ ਦੀ ਸਲਤਨਤ ਦਾ ਵੀ ਦਾਅਵੇਦਾਰ ਬਣ ਬੈਠਾ ਸੀ। ਦੋ ਹਜ਼ਾਰ ਸਾਲ ਪਹਿਲੇ ਪੰਜਾਬ ਵਿਚ ਅਤੇ ਇਸ ਦੀਆਂ ਉੱਤਰ ਪੱਛਮੀ ਸਰਹਦਾਂ ਅੰਦਰ ਜੋ ਘਟਨਾਵਾਂ ਵਾਪਰੀਆਂ ਉਹਨਾਂ ਦਾ ਪਤਾ ਲਾਉਣਾ ਇਕ ਬੜਾ ਸੁਵਾਦਲਾ ਵਿਸ਼ਾ ਹੈ। ਸਿਕੰਦਰ ਨੇ ਹਿੰਦੁਸਤਾਨ ਉਤੇ ਜਿਹੜੀ ਮਹਾਨ ਵੱਡੀ ਚੜ੍ਹਾਈ ਕੀਤੀ, ਉਸ ਵਿਚਕਾਰ ਉਸ ਦੀਆਂ ਫੌਜਾਂ ਜਿਹੜੇ ਜਿਹੜੇ ਅਸਥਾਨਾਂ ਉਤੇ ਗਈਆਂ ਉਹਨਾਂ ਦੇ ਨਾਮ ਹੁਣ ਵਟ ਚੁਕੇ ਹਨ; ਫੇਰ ਵੀ ਬਰਜਨ, ਵੂਡ, ਮੋਰੀਅਰ, ਸਮਿਥ ਐਬਟ, ਆਰਚਡੀਕਨ ਵਿਲਿਅਮਸ, ਜਨਰਲ ਕਨਿੰਘਮ, ਰੇਨਲ ਡੀ. ਐਨ. ਵਿਲੀ, ਵਿਲਸਨ ਅਤੇ ਦੂਜੇ ਸਿਰਕਢ ਵਿਦਵਾਨਾਂ ਤੇ ਸੈਲਾਨੀਆਂ ਨੇ ਉਹਨਾਂ ਨਾਵਾਂ ਦੇ ਵੱਟੇ ਹੋਏ ਵਰਤਮਾਨ ਨਾਮ ਮਲੂਮ ਕਰਨ ਲਈ ਕਰੜੀ ਮਿਹਨਤ ਕੀਤੀ ਹੈ। ਸਿਕੰਦਰੀ ਫੌਜਾਂ ਦੇ ਸਮੇਂ ਦੇ ਦੇਸਾਂ ਦੇ ਨਿਰਾਲੇ ਚਲਨ ਤੋਂ ਅਤੇ ਯੂਨਾਨੀ ਲਿਖਾਰੀਆਂ ਦੇ ਬਿਆਨ ਕੀਤੇ ਹੋਏ ਦੇਸਾਂ ਦੇ ਹਾਲ ਪੜ੍ਹਕੇ ਉਹਨਾਂ ਅਸਥਾਨਾਂ ਦੇ ਨਵੇਂ ਨਾਵਾਂ ਦੀ ਪਛਾਣ ਵਿਚ ਕੋਈ ਸ਼ਕ ਨਹੀਂ ਰਹਿ ਜਾਂਦਾ, ਭਾਵੇਂ ਉਹਨਾਂ ਇਤਿਹਾਸਕ ਘਟਨਾਵਾਂ ਨੂੰ ਬੀਤਿਆਂ ਕਿੰਨਾ ਹੀ ਸਮਾ ਲੰਘ ਚੁਕਾ ਹੈ।

## ਪੰਜਾਬ ਦੇ ਉੱਤਰ ਪੱਛਮ ਦੇ ਸਰਹਦੀ ਕਬੀਲੇ

ਪੰਜਾਬ ਦੀ ਸਰਹੱਦ ਅਤੇ ਕਾਬਲ ਦੇ ਆਸ ਪਾਸ ਵੱਸਣ ਵਾਲੇ ਕਬੀਲੇ ਉਦੋਂ ਵੀ ਉਨੇ ਈ ਵਹਿਸ਼ੀ ਤੇ ਅਖੜ ਸਨ ਜਿੰਨੇ ਕਿ ਅਜ ਕਲ ਦੇ। ਪੰਜਾਬ ਦੇ ਉਪਜਾਊ ਮੈਦਾਨਾਂ ਵਿਚ ਦਾਖਲ ਹੋਣ ਤੋਂ ਪਹਿਲੇ ਸਿਕੰਦਰ ਨੂੰ ਇਹਨਾਂ ਸੂਬੀਰ ਲੋਕਾਂ ਨਾਲ ਲੋਹਾ ਲੈ ਕੇ ਪਹਿਲੇ ਇਹਨਾਂ ਨੂੰ ਹਰਾਉਣਾ ਪਿਆ ਸੀ। ਕੋਫੀਨੀਜ਼ (ਦਰਿਆ ਕਾਬਲ) ਉਪਰ ਅਪੜਕੇ ਉਸ ਨੇ ਆਪਣੇ ਜਰਨੈਲ ਹੈਫੀਸ਼ਨ (Hephaes-tion) ਅਤੇ ਪਰਡਿਕਾਸ (Perdiccas) ਨੂੰ ਵੱਡੀ ਸਾਰੀ ਫੌਜ ਦੇ ਕੇ ਭੇਜਿਆ ਤਾਂ ਜੁ ਆਸ ਪਾਸ ਦੇ ਇਲਾਕੇ ਦੀ ਸਰਵੇ (ਜਾਚ

Sri Satguru Jagjit Singh Ji eLibrary NamdhariElibrary@gmail.com

ਰਾਜਧਾਨੀ ਪੂਸਲਾ ਅਥਵਾ ਪਿਉਸਲੋਟੀ ਵਲ ਕੂਚ ਬੋਲ ਦਿਤਾ। ਸਿਕੰਦਰ ਦੇ ਪਹੁੰਚਣ ਤੋਂ ਪਹਿਲੇ ਉਸ ਦੇ ਜਰਨੈਲ ਪੂਰੇ ੩੦ ਦਿਨ ਤੀਕ ਉਸ ਸ਼ਹਿਰ ਨੂੰ ਫਤਹ ਕਰਨ ਲਈ ਜੰਗ ਲੜਦੇ ਰਹੇ ਪਰ ਉਹਨਾਂ ਨੂੰ ਜਿੱਤ ਪ੍ਰਾਪਤ ਨਾ ਹੋਈ । ਸਿਕੰਦਰ ਦੇ ਪਹੁੰਚਣ ਸਾਰ ਹਿੰਦੀਆਂ ਨੇ ਹਾਰ ਮੰਨ ਲਈ ਅਤੇ ਵਿਜਈ ਨੂੰ ਆਪਣਾ ਖਿਰਾਜ ਭਰ ਦਿਤਾ । ਇਸ ਤੇ ਸਿਕੰਦਰ ਨੇ ਉਹਨਾਂ ਦਾ ਜਿਤਿਆ ਹੋਇਆ ਇਲਾਕਾ ਉਹਨਾਂ ਨੂੰ ਵਾਪਸ ਮੋੜ ਦਿਤਾ।

ਭਾਰਤੀ ਜਾਤੀਆਂ ਦੀਆਂ ਰੀਤਾਂ ਰਸਮਾਂ ਦਾ ਹੋਰ ਗਿਆਨ ਪ੍ਰਾਪਤ ਕਰਨ ਲਈ ਸਿਕੰਦਰ ਨੇ ਨੀਅਰਚਸ ਅਤੇ ਐਂਤੀਓਚਸ ਨੂੰ ਇਕ ਵੱਡੀ ਸਾਰੀ ਫੌਜ ਦੇ ਕੇ ਇਸ ਲਈ ਭੇਜਿਆ ਕਿ ਉਹ ਦੇਸ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਅਤੇ ਕੁਛ ਕੁ ਵਸਨੀਕਾਂ ਨੂੰ ਕੈਦ ਕਰ ਕੇ ਲਿਔਣ, ਜਿਹਨਾਂ ਦੀ ਸਹਾਇਤਾ ਨਾਲ ਯੂਨਾਨੀ ਫੌਜਾਂ ਦੇਸ਼ ਦੇ ਅੰਦਰ ਕੂਚ ਕਰ ਸਕਣ । ਇਸ ਸਮੇਂ ਵਿਚ ਸਿਕੰਦਰ ਨੇ ਆਪਣੀਆਂ ਫੌਜਾਂ ਸਿੰਧ ਵਲ ਭੇਜ ਦਿਤੀਆਂ ਤਾਂ ਜੁ ਫੌਜ ਨੂੰ ਲੰਘਾਉਣ ਲਈ ਉਹ ਲੋਕ ਸੜਕ ਪੱਧਰੀ ਕਰ ਲੈਣ ।

## ਨੀਸਾ ਦਾ ਪ੍ਰਾਚੀਨ ਸ਼ਹਿਰ

ਇਹਨਾਂ ਸਭ ਤਿਆਰੀਆਂ ਮਗਰੋਂ ਸਿਕੰਦਰ ਦਰਿਆ ਸਿੰਧ ਦੇ ਪਰੇ ਪੱਛਮੀ ਪੰਜਾਬ ਵਿਚ ਅਸਾਸੇਨੀ ਦੇਸ ਦੇ ਉਸ ਇਲਾਕੇ ਵਿਚ ਜਾ ਦਾਖ਼ਲ ਹੋਇਆ, ਜਿਸ ਨੂੰ ਸੰਸਕ੍ਰਿਤ ਵਿਚ ਨਿਸ਼ਾਦ ਦੇਸ ਆਖਦੇ ਹਨ ਤੇ ਜੋ ਡਾਯੋਨੀਸਸ ਜਾਂ ਬਾਚਸ ਲਈ ਪਵਿਤਰ ਸੀ। ਜਿਸ ਵੇਲੇ ਨੀਸੀਅਨ ਲੋਕਾਂ ਨੂੰ ਸਿਕੰਦਰ ਦੀ ਪਹੁੰਚ ਦਾ ਪਤਾ ਲਗਾ, ਉਹਨਾਂ ਨੇ ਆਪਣੇ ਰਾਜੇ ਅਕੋਨਫਸ ਅਤੇ ੩੦ ਹੋਰ ਬਜ਼ੁਰਗਾਂ ਦਾ ਡੈਪੂਟੇਸ਼ਨ ਉਸ ਪਾਸ ਰਖਿਆ ਦੀ ਪ੍ਰਾਪਤੀ ਲਈ, ਭੇਜਿਆ। ਇਹਨਾਂ ਪ੍ਰਤੀਨਿਧਾਂ ਨੇ ਆਪਣੇ ਇਸ ਨਿਸ਼ਚੇ ਨੂੰ ਪ੍ਰਗਟ ਕੀਤਾ ਕਿ ਸ਼ਾਹ ਸਿਕੰਦਰ ਡਾਇਓਨੀਸਸ ਦੀ ਪਵਿਤਰਤਾ ਦੇ ਵਿਚਾਰ ਨੂੰ ਮੁਖ ਰਖ ਕੇ ਉਹਨਾਂ ਨੂੰ ਰਖਿਆ ਦੇਣਾ ਪਰਵਾਨ ਕਰ ਲਏਗਾ। ਕਿਉਂਕਿ ਉਹ ਸ਼ਹਿਰ ਡਾਇਓਨੀਸਸ ਦਾ ਹੀ ਵਸਾਇਆ ਹੋਇਆ ਸੀ ਅਤੇ ਉਸ ਦੀਆਂ ਜਿੱਤਾਂ ਦੀ ਯਾਦਗਾਰ ਹੋਣ ਤੋਂ ਛੁਟ ਉਹਨਾਂ ਬਜ਼ੁਰਗਾਂ ਦਾ ਨਿਵਾਸ ਅਸਥਾਨ ਸੀ, ਜਿਹੜੇ ਬੁਢਾਪੇ ਜਾਂ ਨਿਰਬਲਤਾ ਦੇ ਕਾਰਨ ਮੁੜ ਕੇ ਵਾਪਸ ਨਹੀਂ ਸਨ ਗਏ, ਸਗੋਂ ਏਥੇ ਹੀ ਵੱਸ ਗਏ ਸਨ। ਸ਼ਹਿਰ ਦੇ ਇਰਦ ਗਿਰਦ ਦੇ ਦੇਸ ਨੂੰ ਵੀ ਨੀਸਾ ਆਖਦੇ ਸਨ। ਸ਼ਹਿਰ ਨੀਸਾ ਵਿਜਈ ਦੀ ਦਾਈ ਦੇ ਨਾਮ ਦੀ ਯਾਦ ਵਿਚ ਵਸਾਇਆ ਗਿਆ ਸੀ ।

## ਡੈਪੂਟੇਸ਼ਨ ਦੀ ਸਿਕੰਦਰ ਨਾਲ ਮੁਲਾਕਾਤ

ਡੈਲੀਗੇਟਾਂ ਨੇ ਸਿਕੰਦਰ ਨੂੰ ਦਸਿਆ ਕਿ ਆਸ ਪਾਸ ਦੇ ਪਹਾੜਾਂ ਦਾ ਨਾਮ ਡਾਇਓਨੀਸਸ ਨੇ ਇਸ ਲਈ ਮੇਰੋਸ ਰਖਿਆ ਸੀ ਕਿਉਂਕਿ ਉਹ ਜੂਪੀਟਰ ਦੇ ਪੱਟਾਂ ਵਿਚੋਂ ਉਤਪਨ ਹੋਏ ਸਨ।

## ਕਰੀਸੀਅਨ ਦੀ ਅਜ਼ਾਦੀ ਦੀ ਬਹਾਲੀ

ਡਿਪਟੀਆਂ ਦੀ ਗਲ ਬਾਤ ਸੁਣ ਕੇ ਸਿਕੰਦਰ ਬੜਾ ਖੁਸ਼ ਹੋਇਆ ਤੇ ਉਹਨਾਂ ਦੀ ਬੇਨਤੀ ਪ੍ਰਵਾਨ ਕਰ ਲਈ। ਉਸ ਨੇ ਇਸ ਸ਼ਰਤ ਨਾਲ ਉਹਨਾਂ ਦੀ ਸੁਤੰਤਰਤਾ ਦੀ ਬਹਾਲੀ ਪਰਵਾਨ ਕਰ ਲਈ ਕਿ ਉਹ ਸਿਕੰਦਰ ਨੂੰ ਤਿੰਨ ਹਜ਼ਾਰ ਘੋੜ ਚੜ੍ਹਿਆਂ ਦੀ ਫੌਜ ਦੇਣ ਤੇ ਨਾਲੇ ਆਪਣੇ ਇਕ ਸੌ ਸ਼ਹਿਰੀਆਂ ਨੂੰ ਵੀ ਯਰਗਮਾਲ (ਜ਼ਮਾਨਤ) ਵਜੋਂ ਹਵਾਲੇ ਕਰਨ । ਇਸ ਅੰਤਮ ਮੰਗ ਨੂੰ ਸੁਣ ਕੇ ਅਕੋਨਫਸ ਹੱਸ ਪਿਆ । ਸਿਕੰਦਰ ਨੇ ਉਸ ਦੀ ਹਾਸੀ ਦਾ ਕਾਰਨ ਪੁਛਿਆ ਤਦ ਉਸ ਨੇ ਉੱਤਰ ਦਿਤਾ—"ਜਿੰਨੇ ਆਦਮੀਆਂ ਦੀ ਤੁਸਾਂ ਮੰਗ ਕੀਤੀ ਹੈ ਓਨੇ ਅਸੀਂ ਦੇ ਸਕਦੇ ਹਾਂ, ਸਗੋਂ ਨੀਸਾ ਦੇ ਭੈੜੇ ਬੰਦੇ ਇਸ ਤੋਂ ਦਣੇ ਵੀ ਦਿਤੇ ਜਾ ਸਕਦੇ ਹਨ, ਪਰ ਤੁਸੀਂ ਆਪ ਦਸੋ ਜਿਸ ਸ਼ਹਿਰ ਦੇ ਸੌ ਚੰਗੇਰੇ ਸ਼ਹਿਰੀ ਕੱਢ ਲਏ ਜਾਣ ਉਸ ਸ਼ਹਿਰ ਦਾ ਰਾਜ ਪ੍ਰਬੰਧ ਕਿਵੇਂ ਚਲ ਸਕਦਾ ਹੈ? ਇਹ ਉੱਤਰ ਸੁਣ ਕੇ ਸਿਕੰਦਰ ਖੁਸ਼ ਹੋ ਗਿਆ ਅਤੇ ਸੌ ਯਰਗੁਮਾਲਾਂ ਦੀ ਮੰਗ ਵਾਪਸ ਲੈ ਲਈ।

## ਹਿੰਦੀ ਬਾਦਸ਼ਾਹ ਟੈਕਸਾਈਲਸ ਦਾ ਈਨ ਮੰਨਣਾ

ਸਿੰਧ ਅਤੇ ਜਿਹਲਮ (ਹਾਈਡਸਪੇਸ) ਦੇ ਵਿਚਕਾਰਲੇ ਇਲਾਕੇ ਉਤੇ ਟੈਕਸਾਈਲਸ ਨਾਮੀ ਹਿੰਦੀ ਰਾਜੇ ਦਾ ਰਾਜ ਸੀ। ਉਹ ਉਸ ਪੁਰਾਤਨ ਤੁਰਾਨੀ ਨਸਲ ਵਿਚੋਂ ਸੀ ਜੋ ਉਸ ਸਮੇਂ ਰਾਵਲਪਿੰਡੀ ਦੇ ਜ਼ਿਲੇ ਵਿਚ ਵਸਦੀ ਸੀ । ਦਰਿਆ ਕਾਬਲ (ਕੋਫੀਨਸ) ਉਪਰ ਪੁਜ ਕੇ ਸਿਕੰਦਰ ਨੇ ਆਪਣਾ ਦੂਤ ਟੈਕਸਾਈਲ ਪਾਸ ਅਤੇ ਸਿੰਧ ਦੇ ਪੱਛਮ ਵਲ ਦੇ ਦੂਜੇ ਹਿੰਦੀ ਰਾਜਿਆਂ ਵਲ ਭੇਜਿਆ। ਸਿਕੰਦਰ ਨੇ ਆਪਣੇ ਦੂਤ ਹੱਥ ਉਹਨਾਂ ਨੂੰ ਸੁਨੇਹਾ ਭੇਜਿਆ ਕਿ ਉਹ ਉਸ ਨੂੰ ਆਪੋ ਆਪਣੀਆਂ ਹੱਦਾਂ ਉਪਰ ਆ ਕੇ ਮਿਲਣ ਅਤੇ ਉਸ ਦੀ ਈਨ ਮੰਨਣ । ਇਸ ਆਗਿਆ ਦੀ ਪੂਰਨਤਾ ਵਿਚ ਟੈਕਸਾਈਲਸ ਨੇ ਸਿੰਧ ਪਾਰ ਕੀਤਾ ਅਤੇ ਸਿਕੰਦਰ ਨੂੰ ਦੋ ਸੌ ਚਾਂਦੀ ਦੇ ਸਿਕੇ, ਤਿੰਨ ਹਜ਼ਾਰ ਬੈਲ, ਦਸ ਹਜ਼ਾਰ ਤੋਂ ਅਧਿਕ ਭੇਡਾਂ ਬਕਰੀਆਂ ਅਤੇ ੩੦ ਹਾਥੀ ਨਜ਼ਰਾਨਾ ਪੇਸ਼ ਕਰ ਕੇ ਉਸ ਦੀ ਬਾਜ-ਗੁਜ਼ਾਰੀ ਪਰਵਾਨ ਕਰ ਲਈ । ਇਸ ਤੋਂ ਛੁਟ ਉਸ ਨੇ ਸਿਕੰਦਰ ਨੂੰ ੭੦੦ ਭਾਰਤੀ ਸਿਪਾਹੀਆਂ ਦੀ ਕੁਮਕ ਦੇਣ ਦੀ ਵੀ ਪੇਸ਼ਕਸ ਕੀਤੀ। ਹਿੰਦੁਸਤਾਨ ਬਾਰੇ ਸਿਕੰਦਰ ਦੇ ਜੋ ਇਰਾਦੇ ਸਨ ਉਹਨਾਂ ਦੀ ਪੂਰਨਤਾ ਲਈ ਉਸ ਨੇ ਆਪਣੀ ਨਿੱਜੀ ਸੇਵਾ ਵੀ ਪੇਸ਼ ਕੀਤੀ।

## ਹਿੰਦੀ ਬਾਦਸ਼ਾਹ ਅਤੇ ਸਿਕੰਦਰ ਵਿਚਾਲੇ ਵਾਰਤਾਲਾਪ

ਇਹਨਾਂ ਦੋਵਾਂ ਬਾਦਸ਼ਾਹਾਂ ਵਿਚਾਲੇ ਹੋਈ ਪਹਿਲੀ ਮੁਲਾਕਾਤ ਸਮੇਂ ਜੋ ਵਾਰਤਾ-ਲਾਪ ਹੋਈ ਉਸ ਦਾ ਸੁਵਾਦਲਾ ਵਿਸਥਾਰ ਪਲੂਟਰਚ ਨੇ ਲਿਖਿਆ ਹੈ । ਜੋ ਵਾਰਤਲਾਪ ਇਹਨਾਂ ਵਿਚਾਲੇ ਹੋਇਆ ਉਸ ਦਾ ਸਾਰ ਇਹ ਹੈ—"ਹਿੰਦੀ ਬਾਦਸ਼ਾਹ ਨੇ ਆਪਣੇ ਦੂਰ ਪੱਛਮੀ ਸਮਕਾਲੀ ਤੋਂ ਪੁੱਛ ਕੀਤੀ, ਕਿ ਜੇ ਤੁਸੀਂ ਸਾਨੂੰ ਰੋਟੀ ਤੇ ਜੀਵਨ ਦੀਆਂ ਹੋਰ ਲੋੜਾਂ ਤੋਂ ਵਾਜੇਂ ਕਰਨਾ ਨਹੀਂ ਚਾਹੁੰਦੇ ਤਦ ਤੁਹਾਡੇ ਤੇ ਸਾਡੇ ਵਿਚਕਾਰ ਜੰਗ ਦਾ ਹੋਰ ਕੀ ਕਾਰਨ ਹੈ ? ਕੀ ਇਹੋ ਹੀ ਚੀਜ਼ਾਂ ਨਹੀਂ ਜੋ ਮਨੁਖ ਨੂੰ ਜੰਗ ਲਈ ਤਿਆਰ ਕਰਦੀਆਂ ਹਨ ? ਜੇ ਤੇ ਮੈਂ ਤੁਹਾਡੇ ਪਾਸੋਂ ਅਧਿਕ ਮਾਲਦਾਰ ਹਾਂ ਤਦ ਮੈਂ ਆਪਣੇ ਸੋਨੇ ਚਾਂਦੀ ਤੇ ਹੋਰ ਮਾਲ ਮਿਲਖ ਵਿਚੋਂ ਕੁਛ ਭਾਗ ਤੁਹਾਨੂੰ ਦੇਣ ਲਈ ਤਿਆਰ ਹਾਂ ਅਤੇ ਜੇ ਮੈਂ ਤੁਹਾਥੋਂ ਗਰੀਬ ਹਾਂ ਤਦ ਤੁਹਾਨੂੰ ਆਪਣੇ ਮਾਲ ਮਿਲਖ ਵਿਚੋਂ ਮੈਨੂੰ ਹਿੱਸਾ ਦੇਣ ਵਿਚ ਕੋਈ ਇਤਰਾਜ ਨਹੀਂ ਹੋਣਾ ਚਾਹੀਦਾ।" ਹਿੰਦੀ ਬਾਦਸ਼ਾਹ ਦੀ ਸਾਫ ਦਿਲੀ ਅਤੇ ਗਲ ਬਾਤ ਦੇ ਢੰਗ ਤੋਂ ਖੁਸ਼ ਹੋ ਕੇ ਸਿਕੰਦਰ ਨੇ ਇਹ ਉਤਰ ਦਿਤਾ:—"ਤਦ ਤੇਰੇ ਵਰਗੇ ਸੂਝਵਾਨ ਲਈ ਦਾਨਸ਼ਵੰਦੀ ਇਹੋ ਹੈ ਕਿ ਤੂੰ ਲੜਾਈ ਤੋਂ ਸੰਕੋਚ ਕਰੇਂ ! ਜੇ ਤੁਸੀਂ ਇਹ ਕਰੋ ਤਦ ਤੁਹਾਨੂੰ ਵੱਡਾ ਫਰੇਬ ਲਗੇਗਾ। ਮੈਂ ਤੁਹਾਡੇ ਨਾਲ ਆਖਰੀ ਦਮ ਤੀਕ ਝਗੜਾ ਕਰਾਂਗਾ ਪਰ ਇਹ ਝਗੜਾ ਤੁਹਾਨੂੰ ਰਿਆਇਤਾਂ ਤੇ ਲਾਭ ਪੁਚੌਣ ਦਾ ਹੋਵੇਗਾ ਕਿਉਂਕਿ ਮੈਂ ਤੁਹਾਨੂੰ ਕਿਸੇ ਗਲ ਵਿਚ ਵੀ ਖੁਲ੍ਹ ਦਿਲੀ ਵਿਚ ਆਪਣੇ ਤੋਂ ਵਧਣ ਨਹੀਂ ਦਿਆਂਗਾ।" ਸਿਕੰਦਰ ਨੇ ਆਪਣਾ ਦਿਤਾ ਬਚਨ ਪੂਰਾ ਕੀਤਾ। ਹਿੰਦੀ ਇਤਿਹਾਦੀ ਪਾਸੋਂ ਉਸ ਨੂੰ ਜੋ ਨਜ਼ਰਾਨਾ ਮਿਲਿਆ ਸੀ ਉਸ ਤੋਂ ਕਿਤੇ ਵਧੀਕ ਵੱਡ-ਮੁਲੀਆਂ ਸੁਗਾਤਾਂ ਸਿਕੰਦਰ ਨੇ ਹਿੰਦੀ ਬਾਦਸ਼ਾਹ ਨੂੰ ਭੇਟਾ ਕੀਤੀਆਂ । ਇਸ ਤੋਂ ਛੁਟ ਸਿਕੰਦਰ ਨੇ ਹਿੰਦੀ ਬਾਦਸ਼ਾਹ ਨੂੰ ਹੋਰ ਸ਼ਾਹੀ ਰਿਆਇਤਾਂ ਨਾਲ ਵੀ ਮਾਲਾ ਮਾਲ ਕਰ ਦਿਤਾ। ਉਸ ਦੇ ਰਾਜ

Sri Satguru Jagjit Singh Ji eLibrary NamdhariElibrary@gmail.com

ਪੜਤਾਲ) ਕਰ ਕੇ ਦਰਿਆ ਸਿੰਧ ਉਪਰ ਬੇੜੀਆਂ ਦਾ ਪੁਲ ਬਣਵਾਉਣ, ਜਿਸ ਰਾਹੀਂ ਉਸ ਦੀ ਫੌਜ ਦੀ ਆਵਾ ਜਾਈ ਹੋ ਸਕੇ। ਇਸ ਦੇ ਮਗਰੋਂ ਅਧੀ ਫੌਜ ਅਤੇ ਤੀਰ ਅੰਦਾਜ਼ਾਂ ਦੀ ਇਕ ਟੁਕੜੀ ਲੈ ਕੇ ਉਹ ਉਤਰ-ਪੂਰਬੀ ਪਾਸੇ ਵਲ ਅਗੇ ਵਧਿਆ।

## ਅਸਪਈ ਨਾਲ ਜੰਗ

ਚੋਆਂ ਨੂੰ ਪਾਰ ਕਰ ਕੇ ਉਸ ਨੇ ਅਸਪਈ ਅਥਵਾ ਅਪਾਸੀ ਕੌਮ ਵਿਰੁਧ ਚੜ੍ਹਾਈ ਕਰ ਦਿਤੀ। ਇਹ ਭਾਰੀ ਗਿਣਤੀ ਵਾਲਾ ਕਬੀਲਾ ਪੈਰੋਪੀਮੀਸੀਡੀਆ ਅਰਥਾਤ ਅਜ ਕਲ ਦੇ ਹਿੰਦ ਕੁਸ਼ ਪਰਬਤਾਂ ਦੇ ਪਲੂ ਵਿਚ ਵਸਦਾ ਸੀ। ਏਥੇ ਦੇ ਪਰਬਤ ਸਿਕੰਦਰ ਦੀ ਫੌਜ ਅਗੇ ਰੋਕ ਸਨ ਇਸ ਲਈ ਉਸ ਨੇ ਇਕ ਬਹੁਤ ਵੱਡੀ ਫੌਜ ਦੇ ਕੇ ਪਟੋਲਮੀ ਨੂੰ ਇਸ ਕਬੀਲੇ ਦਾ ਟਾਕਰਾ ਕਰਨ ਲਈ ਭੇਜਿਆ। ਇਸ ਕਬੀਲੇ ਦੇ ਸੂਰਬੀਰ ਲੋਕਾਂ ਨੇ ਜਦ ਡਿਠਾ ਕਿ ਉਹ ਸਿਕੰਦਰ ਦੀਆਂ ਵਿਜਈ ਫੌਜਾਂ ਦਾ ਟਾਕਰਾ ਨਹੀਂ ਕਰ ਸਕਦੇ ਤਦ ਉਹਨਾਂ ਨੇ ਆਪਣੀ ਰਾਜਧਾਨੀ ਦਾ ਤਿਆਗ ਕਰ ਦਿਤਾ। ਪਰ ਉਸ ਸ਼ਹਿਰ ਨੂੰ ਖਾਲੀ ਕਰਨ ਤੋਂ ਪਹਿਲੇ ਉਹਨਾਂ ਨੇ ਉਸ ਨੂੰ ਅਗ ਲਾ ਦਿਤੀ। ਇਹ ਕਾਰਾ ਕਰ ਕੇ ਉਹ ਉਚੇ ਉਚੇ ਪਰਬਤਾਂ ਉਪਰ ਚੜ੍ਹ ਗਏ ਅਤੇ ਓਥੇ ਜਾ ਕੇ ਮੋਰਚੇ ਗਡ ਲਏ। ਯੂਨਾਨੀ ਜਰਨੈਲ ਨ ਉਹਨਾਂ ਨੂੰ ਇਸ ਪੁਜੀਸ਼ਨ ਤੋਂ ਹਟਾ ਦੇਣ ਦਾ ਜਤਨ ਕੀਤਾ। ਅਗੋਂ ਉਹ ਪਹਾੜੀ ਕਬੀਲੇ ਵੀ ਟਾਕਰੇ ਲਈ ਤਿਆਰ ਸਨ। ਉਹ ਜੰਗੀ ਹਥਿਆਰਾਂ ਨਾਲ ਲੈਸ ਹੋ ਕੇ ਅੰਗੇ ਵਧੇ। ਦੋਵਾਂ ਧਿਰਾਂ ਦੀਆਂ ਫੌਜਾਂ ਆਪੋ ਵਿਚ ਟਕਰਾਈਆਂ। ਏਥੇ ਜਿਹੜੀ ਜੰਗ ਲੜੀ ਗਈ ਉਹ ਬੜੀ ਹੀ ਲਹੂ ਡੋਲਵੀਂ ਸੀ ਮਟੋਲਮੀ ਨੇ ਆਪਣਾ ਬਰਛਾ ਕਬਾਇਲੀ ਸਰਦਾਰ ਦੀ ਛਾਤੀ ਵਿਚ ਜ਼ੋਰ ਦੀ ਮਾਰਿਆ, ਪਰ ਕਬਾਇਲੀ ਸਰਦਾਰ ਨੇ ਛਾਤੀ ਉਤੇ ਨਿਗਰ ਪਲੇਟ ਬੰਨ੍ਹ ਰਖੀ ਸੀ। ਇਸ ਲਈ ਪਟੋਲਮੀ ਦਾ ਬਰਛਾ ਉਸ ਦੀ ਛਾਤੀ ਦੀ ਨਿਗਰ ਪਲੇਟ ਨੂੰ ਵਿੰਨ੍ਹ ਨਾ ਸਕਿਆ। ਇਸ ਦੇ ਮਗਰੋਂ ਯੂਨਾਨੀ ਜਰਨੈਲ ਨੇ ਦੁਬਾਰਾ ਆਪਣਾ ਬਰਛਾ ਐਨੇ ਜ਼ੋਰ ਨਾਲ ਵੈਰੀ ਨੂੰ ਮਾਰਿਆ ਕਿ ਉਹ ਉਥੇ ਹੀ ਢਹਿ ਢੇਰੀ ਹੋ ਗਿਆ ਇਸ ਵੱਡੇ ਸਰਦਾਰ ਦੀ ਮਿਰਤਕ ਦੇਹ ਦੀ ਪ੍ਰਾਪਤੀ ਲਈ ਬੜ ਭਿਆਣਕ ਲੜਾਈ ਸ਼ੁਰੂ ਹੋ ਗਈ। ਪਹਾੜੀ ਲੋਕ ਮਿਰਤਕ ਲੋਥ ਨੂੰ ਆਪਣੇ ਕਬਜ਼ੇ ਵਿਚ ਲੈਣ ਲਈ ਬੜੇ ਜੋਸ਼ ਤੇ ਰੋਹ ਨਾਲ ਲੜੇ। ਇਹ ਦੇਖ ਕੇ ਸਿਕੰਦਰ ਆਪ ਬੜੀ ਭਾਰੀ ਕੁਮਕ ਲੈ ਕੇ ਆਪਣੇ ਜਰਨੈਲ ਦੀ ਸਹਾਇਤਾ ਲਈ ਪੁਜ ਗਿਆ, ਤਦ ਜਾ ਕੇ ਪਹਾੜੀ ਫੌਜ ਪਿਛੇ ਹਟੀ। ਏਰੀਅਨ ਦੇ ਕਥਨ ਅਨੁਸਾਰ ਪਹਾੜੀ ਕਬੀਲੇ ਦੇ ੪੦ ਹਜ਼ਾਰ ਜਵਾਨ ਇਸ ਜੰਗ ਵਿਚ ਮਾਰੇ ਗਏ।

## ਗਜ਼ਨੀ ਦੀ ਫ਼ਤਹ

ਇਸ ਦੇ ਮਗਰੋਂ ਸਿਕੰਦਰ ਨੇ ਗੁਰਾਈ (ਗਜ਼ਨੀ) ਦੇ ਇਲਾਕੇ ਉਪਰ ਧਾਵਾ ਬੋਲਿਆ। ਗਜ਼ਨੀ ਦੇ ਲੋਕ ਅਸਪਈ ਦਾ ਅੰਤ ਵੇਖ ਚੁਕੇ ਸਨ, ਇਸ ਲਈ ਉਹਨਾਂ ਡਰਦੇ ਮਾਰੇ ਬਿਨਾ ਜੰਗ ਦੇ ਹੀ ਵਿਜਈ ਸਿਕੰਦਰ ਦੀ ਈਨ ਮੰਨ ਲਈ।

## ਅਸਾਸੇਨੀ ਦੀ ਹਾਰ

ਫੇਰ ਸਿਕੰਦਰ ਨੇ ਜਿਨ੍ਹਾਂ ਲੋਕਾਂ ਉਤੇ ਵਿਜੈ ਪ੍ਰਾਪਤ ਕੀਤੀ ਉਹ ਅਸਾਸੇਨੀ ਸਨ। ਉਹ ਸਿੰਧ ਦੇ ਪੱਛਮ ਵਲ ਵਸਦੇ ਸਨ ਤੇ ਓਨ੍ਹਾਂ ਦੀ ਰਾਜਧਾਨੀ ਸੀ ਮਗਾਸਾ। ਇਸ ਸ਼ਹਿਰ ਦੇ ਪੂਰਬ ਵਲ ਦਰਿਆ ਵਗਦਾ ਸੀ ਅਤੇ ਇਸ ਦੇ ਪੱਛਮ ਤੇ ਦੱਖਣ ਵਲ ਬੜੇ ਉਚੇ ਉਚੇ ਪਰਬਤ ਖੜੇ ਅਕਾਸ਼ ਨੂੰ ਛੋਹ ਲਾ ਰਹੇ ਸਨ। ਇਸ ਕਬੀਲੇ ਦੇ ਬਾਦਸ਼ਾਹ ਨੂੰ ਮੋਇਆਂ ਅਜੇ ਥੋੜਾ ਹੀ ਸਮਾ ਹੋਇਆ ਸੀ ਇਸ ਲਈ ਉਸ ਦੇ ਅੰਞਾਣ ਲੜਕੇ ਵਲੋਂ ਉਸ ਦੀ ਮਾਂ ਹੀ ਰਾਜ ਦਾ ਕੰਮ ਚਲਾਉਂਦੀ ਸੀ। ਸਿਕੰਦਰ ਨੇ ਉਨਾਂ ਦੇ ਸ਼ਹਿਰ ਦਾ ਘੇਰਾ ਘਤ ਲਿਆ। ਉਹ ਓਥੋਂ ਦੀ ਕਿਲੇਬੰਦੀ ਦੀ ਜਾਂਚ ਪੜਤਾਲ ਕਰ ਰਿਹਾ ਸੀ ਕਿ ਕਿਲੇ ਤੋਂ ਇਕ ਤੀਰ ਆ ਕੇ ਉਸਦੀ ਲਤ ਉਤੇ ਲਗਾ, ਇਸ ਤੀਰ ਨਾਲ ਜੋਧੇ ਵਿਜਈ ਨੂੰ ਸਖਤ ਪੀੜ ਹੋਈ ਅਤੇ ਉਹ ਐਉਂ ਚਿੱਲਾ ਉਠਿਆ-"ਭਾਵੇਂ ਮੈਨੂੰ ਦੇਵਤਾ ਤੇ ਜੂਪੀਟਰ ਦਾ ਬੇਟਾ ਆਖਿਆ ਜਾਂਦਾ ਹੈ ਪਰ ਇਸ ਫਟ ਦੀ ਪੀੜ ਸਪਸ਼ਟ ਦਸਦੀ ਹੈ ਕਿ ਮੈਂ ਅਜੇ ਤੀਕ ਇਕ ਸਾਧਾਰਨ ਜਿਹਾ ਮਨੁਖ ਹਾਂ।" ਸਿਕੰਦਰ ਨੇ ਆਪਣੇ ਲੜਾਈ ਦੇ ਜੰਤਰਾਂ ਨੂੰ ਅਗੇ ਲਿਆਂਦਾ ਅਤੇ ਇਹਨਾਂ ਦੀਆਂ ਛੱਤਾਂ ਉਤੇ ਚੜ ਕੇ ਉਸ ਦੇ ਯੋਧਿਆਂ ਨੇ ਘਿਰੇ ਹੋਏ ਲੋਕਾਂ ਉਤੇ ਤੀਰਾਂ ਦੀ ਵਾਛੜ ਕੀਤੀ। ਇਹ ਜੰਗ ਪੂਰੀ ਤੇਜ਼ੀ ਨਾਲ ਤਿੰਨ ਦਿਨ ਤੀਕ ਜਾਰੀ ਰਿਹਾ। ਚੌਥੇ ਦਿਨ ਘਿਰੇ ਹੋਏ ਲੋਕਾਂ ਨੇ ਯੋਗ ਸ਼ਰਤਾਂ ਨਾਲ ਹਾਰ ਮੰਨ ਲਈ। ਮਲਕਾ ਆਪਣੀਆਂ ਸਹੇਲੀਆਂ ਤੇ ਦਾਸੀਆਂ ਸਮੇਤ ਦਰਵਾਜ਼ੇ ਤੋਂ ਬਾਹਰ ਨਿਕਲ ਆਈ। ਉਸ ਦੀਆਂ ਦਾਸੀਆਂ ਨੇ ਸ਼ਰਾਬ ਦੇ ਮਟਕੇ ਚੁਕੇ ਹੋਏ ਸਨ। ਇਹ ਮਟਕੇ ਸਿਕੰਦਰ ਨੂੰ ਭੇਟਾ ਕੀਤੇ ਗਏ ਜਿਵੇਂ ਕਿ ਉਹ ਕੋਈ ਦੇਵਤਾ ਹੁੰਦਾ ਹੈ। ਕਰਟੀਅਸ ਮਲਕਾ ਦੇ ਸੁਹਣਪ ਦੀ ਪ੍ਰਸੰਸਾ ਕਰਦਾ ਹੋਇਆ ਲਿਖਦਾ ਹੈ ਕਿ ਉਹਨੇ ਆਪਣੇ ਨਿਕੇ ਜਿਹੇ ਪੁਤਰ ਨੂੰ ਆਪ ਸਿਕੰਦਰ ਦੇ ਰੂਬਰੂ ਪੇਸ਼ ਕੀਤਾ।

ਅਸਾਸੇਨੀ ਨੂੰ ਵਿਜੇ ਕਰਨ ਮਗਰੋਂ ਸਿਕੰਦਰ ਨੇ ਓਰਾ ਅਤੇ ਬਾਜ਼ੀਰਾ ਉਤੇ ਚੜ੍ਹਾਈ ਕੀਤੀ। ਇਹ ਅਸਥਾਨ ਉਹੋ ਹੈ ਜਿਸ ਨੂੰ ਅਜ ਕਲ ਬਜੌਰ ਆਖਦੇ ਹਨ। ਓਰਾ ਉਤੇ ਇਕ ਸ਼ਕਤੀ ਸ਼ਾਲੀ ਹਿੰਦੀ ਰਾਜਾ ਅਬੀਸਾਰਸ ਨਾਮੀ ਰਾਜ ਕਰਦਾ ਸੀ, ਜਿਸ ਨੇ ਆਪਣੇ ਜੰਗਜੂ ਜੋਧਿਆਂ ਨਾਲ ਹਮਲਾ ਆਵਰ ਦੀ ਪੇਸ਼ਕਦਮੀ ਨੂੰ ਰੋਕਿਆ।

## ਬਜੌਰ ਦੀ ਫਤਹ

ਸਿਕੰਦਰ ਦੀਆਂ ਫੌਜਾਂ ਨੇ ਇਸ ਸ਼ਹਿਰ ਦੇ ਹੁਣ ਤੀਕ ਅਜਿਤ ਕਹੇ ਜਾਂਦੇ ਕਿਲ੍ਹੇ ਦੀਆਂ ਬਾਹੀਆਂ ਬੜੀ ਹੁਨਰ-ਵੰਦੀ ਨਾਲ ਤੋੜੀਆਂ ਅਤੇ ਤੂਫਾਨੀ ਹੱਲਾ ਬੋਲ ਕੇ ਕਿਲ੍ਹੇ ਦੇ ਅੰਦਰ ਜਾ ਵੜੇ। ਇਸ ਦੇ ਮਗਰੋਂ ਉਹਨਾਂ ਬਿਜੌਰ ਨੂੰ ਫਤਹ ਕੀਤਾ। ਇਸ ਲੜਾਈ ਵਿਚ ਹਿੰਦੀਆਂ ਦਾ ਬੜਾ ਨੁਕਸਾਨ ਹੋਇਆ।

## ਔਰਨਸ ਦੇ ਕਿਲ੍ਹੇ ਉਤੇ ਕਬਜ਼ਾ

ਅਗਲਾ ਪ੍ਰਸਿੱਧ ਅਸਥਾਨ ਜੋ ਸਿਕੰਦਰੀ ਫ਼ੌਜਾਂ ਨੇ ਅਧੀਨ ਕੀਤਾ ਉਹ ਸੀ ਸਿੰਧ ਦੇ ਸਜੇ ਕਿਨਾਰੇ ਉਤੇ ਔਰਨਸ ਦਾ ਕਿਲ੍ਹਾ, ਜੋ ਮੇਜਰ ਐਬਟ ਦੇ ਕਥਨ ਅਨੁਸਾਰ, ਅਜ ਕਲ ਦੇ ਹਿੰਦੂਆਂ ਦਾ ਮਹਾਬਾਦ ਹੈ। ਕਿਹਾ ਜਾਂਦਾ ਹੈ ਕਿ ਇਹ ਅਸਥਾਨ ਯੂਸਫ਼ ਜ਼ਈ ਇਲਾਕੇ ਵਿਚ ਨਗਰ ਅੰਬ ਦੇ ਪਾਸ ਹੀ ਹੈ। ਬੜੀ ਜਾਨ ਹੀਲਵੀਂ ਲੜਾਈ ਲੜਨ ਮਗਰੋਂ ਇਸ ਅਸਥਾਨ ਉਤੇ ਵੀ ਕਬਜ਼ਾ ਕਰ ਲਿਆ। ਸਾਰੀ ਪਹਾੜੀ ਵਿਜਈਆਂ ਦੇ ਨਾਹਰਿਆਂ ਨਾਲ ਗੂੰਜ ਉੱਠੀ। ਇਸ ਪ੍ਰਸਿੱਧ ਪਹਾੜੀ ਉਤੇ ਕਬਜ਼ਾ ਕਰਨ ਮਗਰੋਂ ਸਿਕੰਦਰ ਨੇ ਏਥੇ ਬੜਾ ਭਾਰੀ ਯਗ ਰਚਾਇਆ ਅਤੇ ਮਿਨਰਵਾ ਤੇ ਵਿਜੇ ਦੀ ਦੇਵੀ ਦੇ ਰੂਬਰੂ ਕੁਰਬਾਨੀ ਵੀ ਚੜ੍ਹਾਈ।

## ਪਾਖਲੀ ਦੀ ਵਿਜੇ

ਇਸ ਦੇ ਮਗਰੋਂ ਸਿਕੰਦਰ ਨੇ ਆਪਣੀਆਂ ਮੁਹਾਰਾਂ ਉੱਤਰ ਪੂਰਬ ਵਲ ਮੋੜੀਆਂ ਅਤੇ (ਵਰਤਮਾਨ) ਪਾਖਲੀ ਦੇ ਇਲਾਕੇ ਦੀ

Sri Satguru Jagjit Singh Ji eLibrary NamdhariElibrary@gmail.com

ਨਾਲ ਹੋਰ ਕਈ ਨਵੇਂ ਇਲਾਕੇ ਸ਼ਾਮਲ ਕਰ ਦਿਤੇ ਜਿਸ ਨਾਲ ਉਸ ਦੇ ਰਾਜ ਭਾਗ ਵਿਚ ਬੜਾ ਵਾਧਾ ਹੋਇਆ। ਇਸ ਦੇ ਮਗਰੋਂ ਸਿਕੰਦਰ ਨੇ ਜੋ ਮਾਰਚ ਸਿੰਧ ਵਲ ਕੀਤਾ ਉਸ ਵਿਚ ਟੈਕਸੀਲਸ ਅਤੇ ਭਾਰਤ ਦੇ ਦੂਜੇ ਰਾਜੇ ਵੀ ਉਸ ਦੇ ਨਾਲ ਸਨ, ਜਿਨ੍ਹਾਂ ਨੇ ਸਿਕੰਦਰ ਦੇ ਹੁਕਮਾਂ ਦੀ ਬੜੀ ਵਫ਼ਾਦਾਰੀ ਨਾਲ ਪਾਲਣਾ ਕੀਤੀ।

## ਪੈਨਸੀਲੋਟੀ ਦੇ ਬਾਦਸ਼ਾਹ ਦੀ ਹਾਰ ਤੇ ਮੌਤ

ਪੈਨਸੀਲੋਟੀ ਦੇ ਬਾਦਸ਼ਾਹ ਐਸਟਿਸ ਨੇ ਸਿਕੰਦਰ ਦਾ ਡਟ ਕੇ ਟਾਕਰਾ ਕੀਤਾ ਪਰ ਹਾਰ ਗਿਆ। ਉਸ ਨੂੰ ਗਿਰਫਤਾਰ ਕਰ ਕੇ ਕਤਲ ਕੀਤਾ ਗਿਆ ਤੇ ਉਸ ਦਾ ਸਾਰਾ ਦੇਸ ਵੀ ਫਤਹ ਕਰ ਲਿਆ ਗਿਆ ਭਾਵੇਂ ਇਸ ਦੇਸ ਨੂੰ ਫਤਹ ਕਰਨ ਲਈ ਬੜੀ ਭਿਆਣਕ ਜੰਗ ਲੜਨੀ ਪਈ। ਇਹ ਲੜਾਈ ਪੂਰਾ ਇਕ ਮਹੀਨਾ ਜਾਰੀ ਰਹੀ। ਦਰਿਆ ਸਿੰਧ ਉਪਰ ਪੁਜਣ ਮਗਰੋਂ ਸਿਕੰਦਰ ਉਸ ਘਣੇ ਜੰਗਲ ਵਿਚ ਪੁਜਾ ਜੋ ਉਸ ਦੇ ਕਿਨਾਰਿਆਂ ਉਪਰ ਉਗ ਆਇਆ ਸੀ। ਇਸ ਜੰਗਲ ਵਿਚੋਂ ਬਹੁਤ ਸਾਰੀ ਲਕੜੀ ਕਟ ਕੇ ਉਸ ਨਾਲ ਦੋ ਵਡੇ ਜਹਾਜ਼ ਤਿਆਰ ਕੀਤੇ ਗਏ। ਹਰ ਇਕ ਜਹਾਜ ੩੦ ਚਪੂਆਂ ਨਾਲ ਚਲਦਾ ਸੀ। ਇਸ ਤੋਂ ਛੁਟ ਸਾਮਾਨ ਤੇ ਰਸਦ ਢੋਣ ਲਈ ਕਈ ਬਜੜੇ ਵੀ ਤਿਆਰ ਕੀਤੇ ਗਏ। ਇਸ ਅਸਥਾਨ ਉਤੇ ਸਿਕੰਦਰ ਦੀ ਫੌਜ ਨੇ ਪੂਰੇ ਤੀਹ ਦਿਨ ਤੀਕ ਡੇਰਾ ਕੀਤਾ। ਇਹਨਾਂ ਤੀਹਾਂ ਦਿਨਾਂ ਵਿਚ ਉਹ ਲੋਕ ਮਨ ਪਰਚਾਵੇ ਲਈ ਦੇਵਤਿਆਂ ਦੀ ਪੂਜਾ ਪਾਠ ਅਤੇ ਕਸਰਤ ਵਿਚ ਰੁਝੇ ਰਹੇ। ਹੇਫਾਸ਼ਨ ਅਤੇ ਪਰਡਿਕਾਸ ਹੁਣ ਤੀਕ ਬੇੜੀਆਂ ਦਾ ਪੁਲ ਵੀ ਤਿਆਰ ਕਰ ਚੁਕੇ ਸਨ, ਜਿਨ੍ਹਾਂ ਨੂੰ ਇਸ ਮਤਲਬ ਲਈ ਪਹਿਲੇ ਹੀ ਨਿਯਤ ਕੀਤਾ ਜਾ ਚੁਕਾ ਸੀ।

## ਮਕਦੂਨੀ ਫੌਜ ਦਾ ਅਟਕ ਤੋਂ ਸਿੰਧ ਪਾਰ ਕਰਨਾ–੩੨੭ ਪੂਰਵ ਈਸਵੀ

ਦੇਵੀ ਦੇਵਤਿਆਂ ਦੀ ਕੁਰਬਾਨੀ ਦੇਣ ਮਗਰੋਂ ਫੌਜ ਦਰਿਆ ਦੇ ਪਾਰ ਉਤਾਰੀ ਗਈ। ਇਹ ਘਟਣਾ ਮਈ ੩੨੭, ਪੂਰਵ ਈਸਾ ਦੀ ਹੈ। ਫੌਜ ਉਤਾਰਨ ਸਮੇਂ ਨਾ ਤੇ ਕੋਈ ਟਾਕਰਾ ਹੋਇਆ ਅਤੇ ਨਾ ਹੀ ਕਿਸੇ ਧਿਰ ਨੂੰ ਕੋਈ ਨੁਕਸਾਨ ਹੀ ਪੁਜਾ। ਸਿਕੰਦਰ ਦੀ ਕਮਾਨ ਹੇਠ ਜਿਹੜੀ ਫੌਜ ਸਿੰਧ ਤੋਂ ਪਾਰ ਹੋਈ ਉਸ ਦੀ ਗਿਣਤ ੧,੩੫,੦੦੦ ਸੀ। ਇਸ ਵਿਚ ੧੫੦੦੦ ਘੋੜ ਚੜੇ ਅੰਬੀਸਾਰਾ ਸਰਦਾਰ ਦੇ ਮਾਤਹਿਤ ਵੀ ਸਨ ਜੋ ਪੱਛਮੀ ਸਿੰਧ ਦੀਆਂ ਪਹਾੜੀਆਂ ਵਿਚੋਂ ਮਦਦ ਲਈ ਪੁਜਾ ਸੀ ਅਤੇ ੫੦੦੦ ਹਿੰਦੀ ਇਮਦਾਦੀ ਫੌਜ ਵੀ ਸ਼ਾਮਲ ਸੀ ਜੋ ਟੈਕਸਿਲਾ ਦੇ ਮੋਢੀ ਸਰਦਾਰਾਂ ਦੀ ਕਮਾਨ ਹੇਠ ਸੀ। ਮਕਦੂਨਵੀ ਫੌਜ ਨੇ ਸਿੰਧ ਨੂੰ ਅਟਕ ਦੇ ਉਸੇ ਅਸਥਾਨ ਤੋਂ ਪਾਰ ਕੀਤਾ ਜਿਥੇ ਪਿਛੋਂ ਅਕਬਰ ਨੇ ਏਸੇ ਨਾਮ ਦਾ ਉਹ ਕਿਲਾ ਸਥਾਪਨ ਕੀਤਾ, ਜੋ ਇਸ ਦਰਿਆਈ ਰਸਤੇ ਦੀ ਨਿਗਰਾਨੀ ਕਰਦਾ ਹੈ।

## ਦੇਵਤਿਆਂ ਨੂੰ ਕੁਰਬਾਨੀ

ਜਦ ਸਾਰੀ ਫੌਜ ਸਹੀ ਸਲਾਮਤ ਦੂਜੇ ਕੰਢੇ ਉਪਰ ਪੁਜ ਗਈ ਤਦ ਸਿਕੰਦਰ ਨੇ ਆਪਣੇ ਦਸਤੂਰ ਮੂਜਬ ਸਭ ਤੋਂ ਪਹਿਲਾ ਕੰਮ ਜੋ ਕੀਤਾ ਉਹ ਸੀ ਜੰਗ ਤੇ ਵਿਜੈ ਦੇ ਦੇਵਤਿਆਂ ਨੂੰ ਕੁਰਬਾਨੀ ਦੇਣਾ। ਕੁਰਬਾਨੀ ਮਗਰੋਂ ਜੰਗੀ ਖੇਡਾਂ ਆਦਕ ਵੀ ਹੋਈਆਂ।

## ਪੰਜਾਬ ਵਿਚ ਤਿੰਨ ਵੱਡੀਆਂ ਬਾਦਸ਼ਾਹੀਆਂ

ਸਿਕੰਦਰ ਦੇ ਹਮਲੇ ਸਮੇਂ ਸਿੰਧ ਦੇ ਪੂਰਬੀ ਦੇਸਾਂ ਉਪਰ ਤਿੰਨ ਹਿੰਦੂ ਬਾਦਸ਼ਾਹਾਂ ਦਾ ਰਾਜ ਸੀ। ਪਹਿਲਾ ਰਾਜ ਸੀ ਟੈਕਸਿਲਾ ਦਾ, ਜੋ ਸਿੰਧ ਤੇ ਜਿਹਲਮ ਵਿਚਕਾਰ ਸੀ। ਦੂਜੀ ਬਾਦਸ਼ਾਹਤ ਸੀ ਪੋਰਸ ਦੀ, ਜਿਸ ਨੂੰ ਸੰਸਕ੍ਰਿਤ ਵਿਚ ਪਾਨਰਾਵਾ ਤੇ ਸਿਕੰਦਰ ਨਾਮੇ ਵਿਚ ਈਰਾਨੀਆਂ ਨੇ ਫੂਰ ਕਰ ਕੇ ਲਿਖਿਆ ਹੈ। ਇਹ ਰਾਜ ਜਿਹਲਮ ਤੋਂ ਚਨਾਬ (ਅਸੈਸਿਨਜ਼) ਤੀਕ ਫੈਲਿਆ ਹੋਇਆ ਸੀ ਅਤੇ ਤੀਜਾ ਰਾਜ ਅਬੀਸਾਰਸ ਦਾ ਸੀ ਜੋ ਬਹੁਤ ਕਰ ਕੇ ਪਹਾੜਾਂ ਵਿਚ ਹੀ ਸੀ। ਇਹ ਸਾਰੇ ਰਾਜੇ ਮਗਧ ਦੇ ਚਕਰਵਰਤੀ ਮਹਾਰਾਜੇ ਦੇ ਅਧੀਨ ਸਨ। ਮਗਧ ਦਾ ਰਾਜ ਦਰਿਆ ਗੰਗਾ ਦੇ ਦਖਣੀ ਕਿਨਾਰੇ ਉਪਰ ਸੀ। ਉਸ ਮਹਾਰਾਜੇ ਦਾ ਨਾਮ ਸੀ ਚੰਦਰ ਗੁਪਤ, ਜਿਸ ਨੂੰ ਯੂਨਾਨੀਆਂ ਨੇ ਸੰਡਰਾਕੋਟਸ ਲਿਖਿਆ ਹੈ। ਇਸ ਨੂੰ ਮਗਧ ਦੇ ਤਖਤ ਉਪਰ ਚਣਕ ਨਾਮੀ ਗੁਸੈਲ ਤੇ ਹੱਠੀ ਬਰਾਹਮਣ ਨੇ ਰਾਜਾ ਨੰਦ ਨੂੰ ਕਤਲ ਕਰਨ ਮਗਰੋਂ ਬਠਾਇਆ। ਰਾਜਾ ਨੰਦ ਬਿਹਾਰ ਦੇ ਉਹਨਾਂ ਰਾਜਿਆਂ ਦੇ ਪਰਿਵਾਰ ਵਿਚੋਂ ਅੰਤਮ ਰਾਜਾ ਸੀ ਜਿਨ੍ਹਾਂ ਨੇ ਢੇਰ ਚਿਰ ਤੀਕ ਮਗਧ ਦੇ ਰਾਜ ਉਪਰ ਰਾਜ ਕੀਤਾ।

## ਟੈਕਸਿਲਾ ਰਾਜਧਾਨੀ

ਅੰਤ ਕੂਚ ਕਰਦਾ ਹੋਇਆ ਸਿਕੰਦਰ ਟੈਕਸਿਲਾ ਦੇ ਅਸਥਾਨ ਉਪਰ ਪੁਜਾ। ਇਹ ਟੈਕਸਿਲਾ ਦੇ ਰਾਜੇ ਦੀ ਰਾਜਧਾਨੀ ਸੀ ਅਤੇ ਉਸ ਸਮੇ ਸਿੰਧ ਤੇ ਜਿਹਲਮ ਵਿਚਕਾਰ ਦਾ ਬੜਾ ਮਾਲਦਾਰ ਤੇ ਘੁਗ ਵਸੋਂ ਵਾਲਾ ਸ਼ਹਿਰ ਮੰਨਿਆ ਜਾਂਦਾ ਸੀ। ਟੈਕਸਿਲਾ ਦੇ ਰਾਜੇ ਤੇ ਉਸ ਦੀ ਪਰਜਾ ਨੇ ਮਕਦੂਨਵੀ ਬਾਦਸ਼ਾਹ ਦਾ ਮਿਤਰਾਂ ਵਾਂਗ ਸੁਵਾਗਤ ਕੀਤਾ। ਇਸ ਸੁਵਾਗਤ ਤੋਂ ਪ੍ਰਭਾਵਤ ਹੋ ਕੇ ਸਿਕੰਦਰ ਨੇ ਉਸ ਨੂੰ ਨਾਲ ਲਗਦੇ ਦੇਸ ਦਾ ਬਹੁਤ ਵੱਡਾ ਭਾਗ ਬਖਸ਼ ਦਿਤਾ। ਯੂਨਾਨੀਆਂ ਨੇ ਲਿਖਿਆ ਹੈ ਕਿ ਇਹ ਦੇਸ ਮਿਸਰ ਤੋਂ ਵੀ ਵਧੇਕ ਉਪਜਾਊ ਸੀ। ਟੈਕਸਿਲਾ ਦੀ ਸ਼ਨਾਖਤ ਬਾਰੇ ਵਖ ਵਖ ਤਜਵੀਜ਼ਾਂ ਪੇਸ਼ ਕੀਤੀਆਂ ਗਈਆਂ ਹਨ। ਵਿਲਸਨ ਇਸ ਨੂੰ ਹਿੰਦੂਆਂ ਦੇ ਤਕਸ਼ਿਲਾ ਨਾਲ ਜੋੜਦਾ ਹੈ, ਸਮਿਥ ਦਾ ਵਿਚਾਰ ਹੈ ਕਿ ਇਹ ਸ਼ਹਿਰ ਮਾਨਕਿਆਲਾ ਦੇ ਖੋਲਿਆਂ ਵਾਲੇ ਥਾਂ ਉਪਰ ਸੀ।

## ਟੈਕਸਿਲਾ ਦਾ ਸਥਾਨ ਡੇਰੀ ਸ਼ਾਹਾਨ

ਜਨਰਲ ਕਨਿੰਘਮ ਨੇ ਵਧੇਰੇ ਨਿਸ਼ਚੇ ਨਾਲ ਇਸ ਦੀ ਸ਼ਨਾਖਤ ਕੀਤੀ ਹੈ ਤੇ ਦਸਿਆ ਹੈ ਕਿ ਇਹ ਅਸਥਾਨ ਉਸੇ ਥਾਂ ਤੇ ਸੀ ਜਿਥੇ ਡੇਰੀ ਸ਼ਾਹਾਨ ਦੇ ਖੋਲੇ ਹਨ। ਟੱਕੀ (ਅਜ ਕਲ ਦਾ ਅਸਰੂਰ) ਜੋ ਲਾਹੌਰ ਤੇ ਪਿੰਡੀ ਭਟੀਆਂ ਵਿਚਕਾਰ ਹੈ, ਸੰਨ ੬੩ ਈਸਵੀ ਵਿਚ ਪੰਜਾਬ ਦੀ ਰਾਜਧਾਨੀ ਸੀ। ਟੈਕਸਿਲਾ ਦੇ ਅਸਥਾਨ ਉਤੇ ਸਿਕੰਦਰ ਨੇ ਆਸ ਪਾਸ ਦੇ ਦੇਸਾਂ ਦੇ ਰਾਜਦੂਤਾਂ ਨਾਲ ਮੁਲਾਕਾਤ ਕੀਤੀ। ਇਹਨਾ ਦੂਤਾਂ ਵਿਚ ਅਬੀਸਰਾਸ ਦੇ ਦੂਤ ਵੀ ਸਨ। ਅਬੀਸਰਾਸ ਉਹਨਾਂ ਉਤਰੀ ਪਹਾੜਾਂ ਦਾ ਬੜਾ ਸ਼ਕਤੀ ਸ਼ਾਲੀ ਰਾਜਾ ਸੀ ਜਿਨ੍ਹਾਂ ਵਿਚ ਗਖੜ ਅਤੇ ਡੋਕਸਾਰਿਨ ਵਰਗੀਆਂ ਜੰਗਜੂ ਪਹਾੜੀ ਜਾਤੀਆਂ ਵਸਦੀਆਂ ਹਨ। ਅਬੀਸਰਾਸ ਪਾਸ ਇਕ ਮੈਦਾਨੀ ਇਲਾਕਾ ਵੀ ਸੀ ਜਿਥੇ ਉਸ ਦਾ ਰਾਜ ਚਲਦਾ ਸੀ। ਮਕਦੂਨਵੀ ਬਾਦਸ਼ਾਹ ਨੇ ਇਹਨਾਂ ਸਭਨਾਂ ਦੇ ਨਜ਼ਰਾਨੇ ਪਰਵਾਨ ਕੀਤੇ ਅਤੇ ਇਹਨਾਂ ਦੀਆਂ ਪੇਸ਼ ਕੀਤੀਆਂ ਨਜ਼ਰਾਂ ਦੇ ਬਦਲੇ ਵਿਚ ਉਹਨਾਂ ਨੂੰ ਸ਼ਾਹੀ ਸੁਗਾਤਾ ਨਾਲ ਮਾਲਾ ਮਾਲ ਕਰ ਦਿਤਾ।

## ਪੋਰਸ ਦਾ ਈਨ ਮੰਨਣੋਂ ਇਨਕਾਰ

ਪਰ ਪੋਰਸ ਨੇ, ਜੋ ਬੜੀ ਭਾਰੀ ਫੌਜੀ ਸ਼ਕਤੀ ਦਾ ਮਾਲਕ ਸੀ ਤੇ ਜਿਸ ਬਾਰੇ ਸਭ ਨੂੰ ਤੌਖਲਾ ਸੀ, ਪਰਦੇਸੀ ਹਮਲਾਆਵਰ ਅਗੇ

Sri Satguru Jagjit Singh Ji eLibrary NamdhariElibrary@gmail.com

ਸਹਿਜੇ ਹੀ ਹਥਿਆਰ ਸੁਟਣਾ ਪਰਵਾਨ ਨਾ ਕੀਤਾ। ਉਸ ਨੇ ਆਪਣੇ ਦੇਸ਼ ਦੀ ਤੇ ਕੌਮ ਦੀ ਸੁਤੰਤਰਤਾ ਨੂੰ ਬਚਾਈ ਰਖਣ ਦਾ ਦਰਿੜ ਸੰਕਲਪ ਧਾਰ ਲਿਆ। ਮਕਦੂਨਵੀ ਵਿਜਈ ਨੇ ਉਸ ਪਾਸੋਂ ਖਰਾਜ ਦੀ ਮੰਗ ਕਰਨ ਲਈ ਜੋ ਦੂਤ ਭੇਜਿਆ ਅਤੇ ਸਰਹਦ ਉਤੇ ਮੁਲਾਕਾਤ ਕਰਕੇ ਈਨ ਮੰਣ ਦੀ ਜੋ ਮੰਗ ਕੀਤੀ ਇਸ ਦੇ ਉਤਰ ਵਿਚ ਕਰਟੀਅਸ ਦੇ ਕਥਨ ਅਨੁਸਾਰ ਪੋਰਸ ਨੇ ਇਹ ਆਖਿਆ "ਮੈਂ ਸਿਕੰਦਰ ਨਾਲ ਸਰਹਦ ਉਪਰ ਅਵਸ਼ ਮੁਲਾਕਾਤ ਕਰਾਂਗਾ ਪਰ ਇਹ ਮੁਲਾਕਾਤ ਬਤੌਰ ਈਨ ਮੰਨਣ ਵਾਲੇ ਰਾਜੇ ਦੇ ਨਹੀਂ ਹੋਵੇਗੀ ਸਗੋਂ ਜੰਗੀ ਟਾਕਰਾ ਹੋਵੇਗਾ; ਕਿਉਂਕਿ ਇਹੋ ਇਕ ਢੰਗ ਹੈ ਜਿਸ ਨਾਲ ਰਾਜਾਂ ਦੀ ਕਿਸਮਤ ਦੇ ਫ਼ੈਸਲੇ ਹੁੰਦੇ ਹਨ। ਟੈਕਸਿਲਾ ਵਿਚ ਰਖਿਆ ਜਾਣ ਵਾਲਾ ਮਕਦੂਨਵੀ ਸਿਪਾਹੀਆਂ ਦਾ ਦਸਤਾ ਅਤੇ ਉਸ ਸੂਬੇ ਦਾ ਹੋਣ ਵਾਲਾ ਗਵਰਨਰ ਫਿਲਪ ਨਿਯਤ ਕਰ ਕੇ ਸਿਕੰਦਰ ਜਿਹਲਮ ਦੇ ਪੂਰਬੀ ਕਿਨਾਰੇ ਵਲ ਅਗੇ ਵਧਿਆ, ਕਿਉਂਕਿ ਸਿਕੰਦਰ ਨੂੰ ਖਬਰ ਮਿਲੀ ਸੀ ਕਿ ਉਸ ਥਾਂ ਉਪਰ ਪੋਰਸ ਤੇ ਉਸ ਦੀ ਫੌਜ ਦਰਿਆਈ ਰਸਤਾ ਰੋਕੀ ਖੜੀ ਹੈ। ਇਸ ਲੜਾਈ ਲਈ ਪੋਰਸ ਨੇ ਜਿਹੜੀ ਫੌਜ ਮੈਦਾਨ ਵਿਚ ਲਿਆਂਦਾ ਉਸ ਵਿਚ ਸਟਰਾਬੋ ਦੇ ਕਥਨ ਅਨੁਸਾਰ ੩੦ ਹਜ਼ਾਰ ਪੈਦਲ ੭ ਹਜ਼ਾਰ ਘੋੜ ਚੜੇ, ੩੦੦ ਹਥਿਆਰ ਬੰਦ ਰਥ ਅਤੇ ਦੋ ਸੌ ਜੰਗੀ ਹਾਥੀ ਸਨ। ਇਹ ਦੇਵ ਕਦ ਵਡੇ ਵਡੇ ਜਾਨਵਰ ਜੋ ਉੱਚੇ ਮੁਨਾਰਿਆਂ ਸਮਾਨ ਦਿਸਦੇ ਸਨ, ਸਾਹਮਣੇ ਦੇ ਕਿਨਾਰੇ ਇਕ ਕਤਾਰ ਵਿਚ ਖੜੇ ਕੀਤੇ ਗਏ ਸਨ।

## ਸਿਕੰਦਰ ਤੇ ਪੋਰਸ ਦੀ ਜੰਗ

ਸਿਕੰਦਰ ਦੇ ਇਤਿਹਾਸਕਾਰ ਪਲੂਟਰਚ (Plutarch) ਨੇ ਇਸ ਇਤਿਹਾਸਕ ਜੰਗ ਦਾ ਭਰੋਸੇਯੋਗ ਤੇ ਵਿਸਥਾਰ ਸਹਿਤ ਹਾਲ ਸਿਕੰਦਰ ਦੇ ਆਪਣੇ ਲਿਖੇ ਖਤਾਂ ਦੇ ਅਧਾਰ ਉਤੇ ਲਿਖਿਆ ਹੈ। ਉਹ ਲਿਖਦਾ ਹੈ—ਯੂਨਾਨੀ ਫੌਜ ਅਟਕ ਤੋਂ ਜਲਾਲ ਪੁਰ ਜਾਣ ਵਾਲੀ ਜਰਨੈਲੀ ਸੜਕ ਦੇ ਨਾਲ ਨਾਲ ਅਗੇ ਵਧੀ। ਇਹ ਉਹ ਸਮਾਂ ਸੀ ਜਦੋਂ ਬੜੇ ਜ਼ੋਰ ਦੀਆਂ ਬਾਰਸ਼ਾਂ ਹੋ ਰਹੀਆਂ ਸਨ ਅਤੇ ਪਹਾੜੀ ਚੋਟੀਆਂ ਦੀ ਬਰਫ਼ ਪਿਘਲਨ ਕਰ ਕੇ ਦਰਿਆਵਾਂ ਵਿਚ ਬੜੇ ਜ਼ੋਰ ਦੇ ਹੜ ਆਏ ਹੋਏ ਸਨ। ਇਹ ਦੇਖ ਕੇ ਕਿ ਦਰਿਆ ਵਿਚ ਬੜਾ ਹੜ ਆਇਆ ਹੋਇਆ ਹੈ ਸਿਕੰਦਰ ਨੇ ਸਿੰਧ ਉਪਰਲੀਆਂ ਬੇੜੀਆਂ ਨੂੰ ਤੋੜ ਕੇ ਖੁਸ਼ਕੀ ਦੇ ਰਸਤੇ ਦਰਿਆ ਜਿਹਲਮ ਤੀਕ ਪੁਚਾਇਆ। ਇਸ ਸਾਰੇ ਸਮੇਂ ਦੇ ਵਿਚਕਾਰ ਉਹ ਪੋਰਸ ਨੂੰ ਧੋਖਾ ਦੇਣ ਲਈ ਆਪਣੀਆਂ ਫੌਜਾਂ ਦੀ ਲਗਾਤਾਰ ਨੁਮਾਇਸ਼ ਤੇ ਤਿਆਰੀ ਕਰਦਾ ਰਿਹਾ ਤਾਂ ਜੁ ਪੋਰਸ ਇਹੋ ਸਮਝਦਾ ਰਹੇ ਕਿ ਉਹ ਨਾ ਤੇ ਸਿੰਧ ਨੂੰ ਪਾਰ ਕਰਨਾ ਚਾਹੁੰਦਾ ਹੈ ਤੇ ਨਾ ਹੀ ਸਿੰਧ ਪਾਰ ਕਰਨ ਦੇ ਉਸ ਪਾਸ ਵਸੀਲੇ ਹੀ ਹਨ। ਪੋਰਸ ਨੇ ਦਰਿਆਂ ਦੇ ਸਭ ਲਾਂਘਿਆਂ ਉਪਰ ਜ਼ਬਰਦਸਤ ਪਹਿਰੇ ਲਾ ਦਿਤੇ।

## ਸਿਕੰਦਰ ਦੇ ਫੌਜੀ ਹਥਕੰਡੇ

ਸਿਕੰਦਰ ਨੇ ਵੈਰੀ ਦੇ ਦਲਾਂ ਵਿਚ ਇਹ ਖਬਰ ਵੀ ਫੈਲਾ ਦਿਤੀ ਕਿ ਉਸ ਨੇ ਬਰਸਾਤ ਦੇ ਖਤਮ ਹੋਣ ਤੀਕ ਹਮਲਾ ਕਰਨ ਦਾ ਇਰਾਦਾ ਮੁਲਤਵੀ ਕਰ ਦਿਤਾ ਹੈ। ਇਹਨਾਂ ਹਥ ਕੰਡਿਆਂ ਤੋਂ ਧੋਖਾ ਖਾ ਕੇ ਪੋਰਸ ਨੇ ਆਪਣੀਆਂ ਨਿਗਰਾਨੀਆਂ ਢਿਲੀਆਂ ਕਰ ਦਿਤੀਆਂ। ਸਿਕੰਦਰ ਨੇ ਹਨੇਰੀਆਂ ਰਾਤਾਂ ਦਾ ਲਾਭ ਉਠਾ ਕੇ ਦਰਿਆ ਨੂੰ ਉਸ ਅਸਥਾਨ ਤੋਂ ਪਾਰ ਕਰ ਲਿਆ ਜੋ ਅਜ ਕਲ ਚੇਲਿਆ ਵਾਲੇ ਦੇ ਮੈਦਾਨਿ ਜੰਗ ਤੋਂ ੧੪ ਮੀਲ ਪਛਮ ਵਲ ਨੂੰ ਅਤੇ ਨਗਰ ਜਿਹਲਮ* ਤੋਂ ੩੦ ਮੀਲ ਦਖਣ ਪੱਛਮ ਵਿਚ ਹੈ। ਜਦ ਪੋਰਸ ਨੂੰ ਇਸ ਫੌਜੀ ਨਕਲ ਹਰਕਤ ਦਾ ਪਤਾ ਲਗਾ ਤਦ ਉਸ ਨੇ ਆਪਣੇ ਬੇਟੇ ਨੂੰ ਇਕ ਤਕੜੀ ਫੌਜ ਦੇ ਕੇ ਹਮਲਾਆਵਰ ਦਾ ਰਸਤਾ ਰੋਕਣ ਦਾ ਹੁਕਮ ਦਿਤਾ ਪਰ ਨੌਜਵਾਨ ਸ਼ਾਹਜ਼ਾਦੇ ਦੇ ਨਿਯਤ ਅਸਥਾਨ ਉਪਰ ਪਹੁੰਚਣ ਤੋਂ ਪਹਿਲੇ ਹੀ ਸਿਕੰਦਰ ਆਪਣੀ ਸਾਰੀ ਫੌਜ ਨੂੰ ਸਹੀ ਸਲਾਮਤ ਦਰਿਆ ਪਾਰ ਕਰਨ ਵਿਚ ਸਫਲ ਹੋ ਚੁਕਾ ਸੀ। ਉਸ ਦੀਆਂ ਸਾਰੀਆਂ ਫੌਜਾਂ ਪੂਰਬੀ ਕਿਨਾਰੇ ਉਪਰ ਉਤਰ ਚੁਕੀਆਂ ਸਨ।

*ਹੰਟਰ ਲਿਖਤ 'ਇੰਡੀਅਨ ਐਂਪਾਇਰ' ਐਡੀਸ਼ਨ ੧੮੮੯ ਸਫ਼ਾ ੧੮੪

## ਜੰਗ ਵਿਚ ਪੋਰਸ ਦੇ ਪੁਤਰ ਦਾ ਕਤਲ

ਸਿਕੰਦਰ ਨੇ ਆਪਣੀ ਘੁੜ ਸਵਾਰ ਫੌਜ ਨਾਲ ਹਿੰਦੀ ਫੌਜ ਉਤੇ ਤੁਰਤ ਫੁਰਤ ਹਮਲਾ ਕਰ ਦਿਤਾ ਅਤੇ ਹਿੰਦੀ ਫੌਜ ਨੂੰ ਹਾਰ ਦਿਤੀ। ਜੰਗ ਵਿਚ ਪੋਰਸ ਦਾ ਬੇਟਾ ਕਤਲ ਹੋ ਗਿਆ ਅਤੇ ਉਸ ਦੇ ਨਾਲ ੪੦੦ ਹੋਰ ਜਵਾਨ ਵੀ ਜੰਗ ਵਿਚ ਮਾਰੇ ਗਏ।

## ਘਲੂ ਘਾਰਾ

ਆਪਣੇ ਸੂਰਬੀਰ ਪੁਤਰ ਦੀ ਮੌਤ ਦਾ ਪੋਰਸ ਦੇ ਦਿਲ ਉਤੇ ਬੜਾ ਡੂੰਘਾ ਪ੍ਰਭਾਵ ਪਿਆ। ਉਹ ਆਪਣੀ ਫੌਜ ਲੈ ਕੇ ਯੂਨਾਨੀ ਫੌਜ ਦੇ ਟਾਕਰੇ ਉਤੇ ਨਿਕਲਿਆ। ਦੋਵਾਂ ਫੌਜਾਂ ਵਿਚਕਾਰ ਬੜਾ ਘਮਸਾਨ ਦਾ ਜੰਗ ਮਚਿਆ।

## ਪੋਰਸ ਦੀ ਹਾਰ

ਇਸ ਘਲੂ ਘਾਰੇ ਵਿਚ ਹਿੰਦੀ ਫੌਜਾਂ ਨੂੰ ਪਰਨ ਹਾਰ ਹੋਈ। ਏਰੀਅਨ ਦੇ ਕਥਨ ਅਨੁਸਾਰ ਹਿੰਦੀ ਫੌਜ ਦੇ ੨੦ ਹਜ਼ਾਰ ਪੈਦਲ ਅਤੇ ੩ ਹਜ਼ਾਰ ਘੋੜ ਚੜੇ ਜਵਾਨ ਜੰਗ ਵਿਚ ਮਾਰੇ ਗਏ। ਉਹਨਾਂ ਦੇ ਸਾਰੇ ਰਥ ਤਬਾਹ ਹੋ ਗਏ। ਹਾਥੀ ਜਾਂ ਤੇ ਮਾਰੇ ਗਏ ਜਾਂ ਫਟੜ ਹੋ ਕੇ ਨਸ ਗਏ। ਰਣ-ਤਤੇ ਵਿਚ ਪੋਰਸ ਆਪ ਵੀ ਬੁਰੀ ਤਰ੍ਹਾਂ ਫ਼ਟੜ ਹੋਇਆ। ਦਸਿਆ ਜਾਂਦਾ ਹੈ ਕਿ ਪੋਰਸ ਬੜਾ ਪਰਤਾਪੀ ਤੇ ਦਰਸ਼ਨੀ ਜਵਾਨ ਸੀ। ਉਸ ਦਾ ਕਦ ੭ ਫੁਟ ੬ ਇੰਚ ਸੀ, ਸਰੀਰ ਦਾ ਹਠੀਲਾ ਤੇ ਸੁਭਾ ਦਾ ਹਸਮੁਖ ਤੇ ਮਿਲਨਸਾਰ ਸੀ।

## ਦੋਹਾਂ ਬਾਦਸ਼ਾਹਾਂ ਦੀ ਮੁਲਾਕਾਤ

ਹਾਰੇ ਹੋਏ ਬਾਦਸ਼ਾਹ ਨੂੰ ਉਸ ਦੀ ਪਦਵੀ ਦੇ ਅਨੁਸਾਰ ਯੋਗ ਇਜ਼ਤ ਤੇ ਮਾਣ ਨਾਲ ਉਸ ਦੇ ਤੰਬੂ ਵਿਚ ਲਿਆਵਨ ਲਈ ਸਿਕੰਦਰ ਨੇ ਆਪਣੇ ਨਿਕਟਵਰਤੀ ਮੀਰੋ (Meroe) ਨੂੰ ਵਿਸ਼ੇਸ਼ ਤੌਰ ਉਤੇ ਭੇਜਿਆ। ਜਦ ਭਾਰਤੀ ਬਾਦਸ਼ਾਹ ਸ਼ਾਹੀ ਤੰਬੂ ਦੇ ਪਾਸ ਅਪੜਿਆ ਤਦ ਸਿਕੰਦਰ ਆਪਣੇ ਵਡੇ ਵਡੇ ਅਫਸਰਾਂ ਸਮੇਤ ਸੁਆਗਤ ਲਈ ਅਗੇ ਵਧਿਆ। ਹਿੰਦੀ ਬਾਦਸ਼ਾਹ ਦੀ ਸ਼ਾਨ ਸ਼ੌਕਤ ਤੇ ਜਲਾਲ ਦਾ ਸਿਕੰਦਰ ਉਤੇ ਬੜਾ ਪ੍ਰਭਾਵ ਪਿਆ। ਉਸ ਦੀ ਸੁਭਾਵਕ ਵਡਿਆਈ ਤੇ ਸ਼ਾਨ ਇਸ ਹਾਰ ਤੇ ਤਬਾਹੀ ਸਮੇਂ ਵੀ ਬਰਾਬਰ ਕਾਇਮ ਸੀ। ਸਿਕੰਦਰ ਨੇ ਪ੍ਰਾਜਿਤ ਬਾਦਸ਼ਾਹ ਪਾਸੋਂ ਪੁੱਛ ਕੀਤੀ ਕਿ ਉਹ ਕੀ ਚਾਹੁੰਦਾ ਹੈ ਕਿ ਉਹ (ਸਿਕੰਦਰ) ਉਸ (ਪੋਰਸ) ਨਾਲ ਕਿਹੋ ਜਿਹਾ ਵਰਤਾ ਕਰੇ? ਪੋਰਸ ਨੇ ਉਤਰ ਦਿਤਾ—"ਮੇਰੇ ਨਾਲ ਸਲੂਕ; ਜਿਵੇਂ ਇਕ ਬਾਦਸ਼ਾਹ ਨਾਲ ਹੋਣਾ ਚਾਹੀਦਾ ਹੈ। ਸਿਕੰਦਰ ਨੇ ਮੁਸਕਰਾਉਂਦੇ ਹੋਏ ਆਖਿਆ—"ਇਹ ਗਲ ਤੇ ਮੈਂ ਆਪਣੇ ਲਾਭ ਹਿਤ ਕਰਾਂਗਾ ਈ, ਤੁਸੀਂ ਮੈਨੂੰ ਇਹ ਦਸੋ ਮੈਂ ਤੁਹਾਡੇ ਲਈ ਕੀ ਕੁਛ ਕਰਾਂ?"

"ਮੇਰੀਆਂ ਸਭ ਇਛਾਵਾਂ ਮੇਰੇ ਪਹਿਲੇ ਉਤਰ ਵਿਚ ਆ ਜਾਂਦੀਆਂ ਹਨ—ਹਿੰਦੀ ਸ਼ਹਿਨ ਸ਼ਾਹ ਨੇ ਉੱਤਰ ਦਿਤਾ।

Sri Satguru Jagjit Singh Ji eLibrary NamdhariElibrary@gmail.com

## ਸਿਕੰਦਰ ਵਲੋਂ ਪੋਰਸ ਦੀ ਬਹਾਲੀ

ਪੋਰਸ ਦਾ ਉੱਤਰ ਸੁਣ ਕੇ ਸਿਕੰਦਰ ਐਨਾ ਖੁਸ਼ ਹੋਇਆ ਕਿ ਉਸ ਨੇ ਪੋਰਸ ਨੂੰ ਆਪਣਾ ਨਿਕਟ ਵਰਤੀ ਮਿੱਤਰ ਬਣਾ ਲਿਆ ਅਤੇ ਨਾ ਕੇਵਲ ਉਸ ਨੂੰ ਉਸ ਦੇ ਤਖ਼ਤ ਉਤੇ ਹੀ ਬਹਾਲ ਰਖਿਆ ਸਗੋਂ ਉਸ ਦਾ ਰਾਜ ਵੀ ਵਾਪਸ ਮੋੜ ਦਿਤਾ ਅਤੇ ਉਸ ਦੇ ਪਹਿਲੇ ਰਾਜ ਵਿਚ ਬਹੁਤ ਸਾਰੇ ਇਲਾਕੇ ਦਾ ਹੋਰ ਵਾਧਾ ਵੀ ਕਰ ਦਿਤਾ।

## ਯੂਨਾਨੀ ਸਿਪਾਹੀਆਂ ਦਾ ਮਿਰਤਕ ਸੰਸਕਾਰ

ਯੂਨਾਨ ਦੇ ਜਿਹੜੇ ਸੂਰਬੀਰ ਸਿਪਾਹੀ ਮੈਦਾਨਿ ਜੰਗ ਵਿਚ ਮਾਰੇ ਗਏ ਉਹਨਾਂ ਦਾ ਬੜੇ ਸ਼ਾਨਦਾਰ ਤਰੀਕੇ ਨਾਲ ਮਿਰਤਕ ਸੰਸਕਾਰ ਕੀਤਾ ਗਿਆ। ਇਸ ਫ਼ਤਹ ਦੀ ਯਾਦ ਵਿਚ ਦੇਵਤਿਆਂ ਨੂੰ ਵੱਡਮੁਲੀ ਬਲੀ ਦਿਤੀ ਗਈ।

## ਫ਼ਤਹ ਦੀ ਯਾਦ ਵਿਚ ਵਸਾਏ ਗਏ ਸ਼ਹਿਰ

ਇਸ ਜਿੱਤ ਦੀ ਯਾਦ ਮਨੌਣ ਲਈ ਦੋ ਨਵੇਂ ਸ਼ਹਿਰ ਵਸਾਏ ਗਏ। ਇਹਨਾਂ ਵਿਚੋਂ ਇਕ ਸ਼ਹਿਰ ਚਨਾਬ ਦੇ ਪੱਛਮੀ ਕਿਨਾਰੇ ਉਪਰ ਉਸ ਥਾਂ ਤੇ ਵਸਾਇਆ ਗਿਆ ਜਿਥੇ ਯੂਨਾਨੀ ਫੌਜ ਦਾ ਡੇਰਾ ਸੀ। ਇਸ ਸ਼ਹਿਰ ਦਾ ਨਾਮ ਸਿਕੰਦਰ ਨੇ ਯੂਸੇਫਾਲਸ ਰਖਿਆ। ਇਹ ਨਾਮ ਉਸ ਦੇ ਬੁਢੇ ਚਾਰਜਰ ਸਾਥੀ ਦੇ ਨਾਮ ਉਤੇ ਰਖਿਆ ਗਿਆ, ਜੋ ਉਸ ਦੀਆਂ ਸਭ ਜੰਗਾਂ ਵਿਚ ਸ਼ਾਮਲ ਸੀ। ਦੂਜਾ ਸ਼ਹਿਰ ਨੀਸ਼ੀਆ, ਮੈਦਾਨਿ ਜੰਗ ਦੇ ਪੂਰਬ ਵਲ ਵਸਾਇਆ ਸੀ। ਯੂਸੇਫਾਲਸ ਦੇ ਖੋਲਿਆਂ ਦਾ ਪਤਾ ਲਾਇਆ ਗਿਆ ਤੇ ਉਹ ਨਗਰ ਜਲਾਲ ਪੁਰ ਦੇ ਨੇੜੇ ਪਾਏ ਗਏ ਨੀਸ਼ੀਆ ਨਗਰ ਚਨਾਬ* ਦੇ ਪੂਰਬ ਵਲ ਉਸ ਅਸਥਾਨ ਉਤੇ ਸੀ ਜਿਥੇ ਅਜ ਕਲ ਮੂੰਗ ਦਾ ਨਗਰ ਅਬਾਦ ਹੈ।

## ਜਿਹਲਮ ਤੇ ਚਨਾਬ ਵਿਚਲਾ ਦੇਸ

ਆਪਣੀ ਫ਼ੌਜ ਨੂੰ ਥੋੜਾ ਚਿਰ ਅਰਾਮ ਕਰਾਉਣ ਅਤੇ ਉਪਰੋਕਤ ਦਸੇ ਹੋਏ ਨਵੇਂ ਸ਼ਹਿਰਾਂ ਦੀ ਉਸਾਰੀ ਦੀ ਨਿਗਰਾਨੀ ਕਰਨ ਲਈ ਕਰੇਟਰਸ ਨੂੰ ਨਿਯਤ ਕਰਨ ਮਗਰੋਂ ਸਿਕੰਦਰ ਨੇ ਜਿਹਲਮ ਅਤੇ ਚਨਾਬ ਵਿਚਲੇ ਉਸ ਸਾਰੇ ਦੇਸ ਦੀ ਪੜਤਾਲ ਕੀਤੀ, ਜੋ ਕੁਛ ਸਮਾ ਮਗਰੋਂ ਚਿਨਿਓਟ ਦੁਆਬ ਦੇ ਨਾਂ ਨਾਲ ਪ੍ਰਸਿਧ ਹੋਇਆ। ਇਸ ਇਲਾਕੇ ਬਾਰੇ ਯੂਨਾਨੀਆਂ ਨੇ ਲਿਖਿਆ ਹੈ ਕਿ ਇਹ ਇਲਾਕਾ ਚੌੜਾ ਮੈਦਾਨ ਅਤੇ ਬੜਾ ਸੁੰਦਰ ਸੀ। ਇਸ ਦੀ ਵਸੋਂ ਬੜੀ ਘੁਗ ਅਤੇ ਇਲਾਕਾ ਬੜਾ ਹੀ ਉਪਜਾਊ ਸੀ। ਏਰੀਅਨ ਲਿਖਦਾ ਹੈ ਕਿ ਇਸ ਦੁਆਬੇ ਵਿਚ ੩੭ ਸ਼ਹਿਰ ਵਸਦੇ ਸਨ ਅਤੇ ਇਹਨਾਂ ਵਿਚੋਂ ਸਭ ਤੋਂ ਛੋਟੇ ਸ਼ਹਿਰ ਦੀ ਵਸੋਂ ਪੰਜ ਹਜ਼ਾਰ ਸੀ। ਇਸ ਇਲਾਕੇ ਦੇ ਪਿੰਡਾਂ ਦੀ ਗਿਣਤੀ ਵੀ ਬਹੁਤ ਸਾਰੀ ਸੀ। ਇਹੋ ਇਤਿਹਾਸਕਾਰ ਅਗੇ ਜਾ ਕ ਲਿਖਦਾ ਹੈ ਕਿ ਸਿਕੰਦਰ ਨੇ ਇਕ ਤੀਸਰਾ ਸ਼ਹਿਰ ਚਨਾਬ (ਅਸੈਸਨੀਸ) ਦੇ ਕਿਨਾਰੇ ਆਬਾਦ ਕੀਤਾ ਸੀ। ਚਨਾਬ ਨੂੰ ਵਿਜਈ ਨੇ ਬੇੜੀਆਂ ਤੇ ਫੁਲੀਆਂ ਹੋਈਆਂ ਖੱਲਾਂ (ਮਸ਼ਕਾਂ) ਦੀ ਸਹਾਇਤਾ ਨਾਲ ਪਾਰ ਕੀਤਾ।

## ਪੋਰਸ ਦੂਜਾ

ਦਰਿਆ ਚਨਾਬ ਅਤੇ ਰਾਵੀ(ਹਾਈਡਰੇਟਸ)ਦੇ ਵਿਚਕਾਰਲੇ ਦੇਸ ਉਤੇ ਇਕ ਐਸੇ ਰਾਜੇ ਦਾ ਰਾਜ ਸੀ, ਜਿਸ ਦਾ ਨਾਮ ਪੋਰਸ ਸੀ। ਇਹ ਪੋਰਸ ਆਪਣੇ ਸਿਰਨਾਵੇਂ ਪੋਰਸ ਨਾਲ ਸਦਾ ਲੜਦਾ ਰਹਿੰਦਾ ਸੀ।

## ਦੂਜੇ ਪੋਰਸ ਦੀ ਫਰਾਰੀ

ਇਹ ਦੂਜਾ ਪੋਰਸ ਸਿਕੰਦਰ ਦੇ ਪਹੁੰਚਣ ਦੀ ਖਬਰ ਸੁਣ ਕੇ ਡਰਦਾ ਮਾਰਾ ਹਾਈਡਰੋਟਸ (ਰਾਵੀ) ਤੋਂ ਪਾਰ ਨਸ ਗਿਆ। ਵਿਜਈ ਨੇ ਉਸ ਦਾ ਸਾਰਾ ਇਲਾਕਾ ਕਬਜ਼ੇ ਵਿਚ ਕਰ ਕੇ ਪਹਿਲੇ ਪੋਰਸ ਨੂੰ ਬਖਸ਼ ਦਿਤਾ।

## ਸਿਕੰਦਰ ਦਾ ਲਾਹੌਰ ਪਾਸੋਂ ਰਾਵੀ ਪਾਰ ਕਰਨਾ

ਉਸ ਨੇ ਦਰਿਆ ਹਾਈਡਰੋਟਸ (ਰਾਵੀ) ਨੂੰ ਬਿਨਾ ਕਿਸੇ ਕਠਨਾਈ ਦੇ ਪਾਰ ਕਰ ਲਿਆ। ਮੇਜਰ ਰੇਨਲ ਦੇ ਕਥਨ ਅਨੁਸਾਰ (ਇਸ ਦੇ ਕਥਨ ਦੀ ਪ੍ਰੋੜ੍ਹਤਾ ਦੂਜੇ ਇਤਿਹਾਸਕਾਰਾਂ ਨੇ ਵੀ ਕੀਤੀ ਹੈ) ਸਿਕੰਦਰ ਨੇ ਦਰਿਆ ਰਾਵੀ ਨੂੰ ਉਸ ਅਸਥਾਨ ਦੇ ਨੇੜਿਉਂ ਪਾਰ ਕੀਤਾ ਸੀ ਜਿਥੇ ਕਿ ਅਜ ਕਲ ਲਾਹੌਰ ਦਾ ਸ਼ਹਿਰ ਵਸਿਆ ਹੋਇਆ ਹੈ। ਇਸ ਦਰਿਆ ਦੇ ਖੱਬੇ ਕਿਨਾਰੇ ਵਲ ਜਿਹੜਾ ਇਲਾਕਾ ਹੈ ਉਥੇ ਬੜੀ ਜ਼ਬਰਦਸਤ ਅਤੇ ਜੰਗਜੂ ਜਾਤੀ, ਕੈਥਾਈ* ਨਾਮੀ ਵਸਦੀ ਸੀ।

## ਕਾਥੀਆ ਦੀ ਰਾਜਧਾਨੀ ਸੰਘਾਲਾ

ਜੋ ਰਿਆਸਤ ਅਜ ਕਲ ਕਾਥੀਆ ਅਖਵਾਉਂਦੀ ਹੈ ਤੇ ਜਿਸ ਦੀ ਰਾਜਧਾਨੀ ਸੰਘਾਲਾ ਹੈ, ਉਹ ਇਕ ਮਜ਼ਬੂਤ ਤੇ ਕਿਲੇਬੰਦ ਸ਼ਹਿਰ ਦਸਿਆ ਜਾਂਦਾ ਹੈ।

## ਸੰਘਾਲੇ ਦੀ ਅਸਥਿਤਵ

ਰੇਨਲ ਲਿਖਦਾ ਹੈ ਕਿ ਸੰਘਾਲਾ ਲਾਹੌਰ ਦੇ ਦਖਣ ਪੱਛਮ ਵਲ ਤਿੰਨ ਦਿਨ ਦੇ ਫਾਸਲੇ ਉਪਰ ਸੀ। ਬਰਨਜ਼ ਨੇ ਪਤਾ ਲਾਇਆ ਹੈ ਕਿ ਸੰਘਾਲਾ ਪੰਜਾਬ ਦੀ ਅਜ ਕਲ ਦੀ ਰਾਜਧਾਨੀ ਦੇ ਪਾਸ ਹੀ ਦੱਖਣ ਪੂਰਬ ਵਲ ਨੂੰ ਹੈ। ਮਿਸਟਰ ਕਸਟ ਆਪਣੀ ਰਚਨਾ "ਨੋਟਸ ਆਨ ਇੰਡੀਅਨ ਲਾਈਫ" ਵਿਚ ਲਿਖਦਾ ਹੈ "ਇਸ ਸ਼ਹਿਰ ਦੇ ਅਸਥਿਤਵ ਦਾ ਕੁਛ ਪਤਾ ਨਹੀਂ ਲਗਦਾ, ਪਰ ਇਹ "ਬਾਰੀ ਦੁਆਬ" ਵਿਚ ਕਿਤੇ ਨਾ ਕਿਤੇ ਜ਼ਰੂਰ ਹੋਵੇਗਾ। ਵਿਲਫੋਰਡ ਨੇ ਇਹ ਸ਼ਨਾਖਤ ਕੱਢੀ ਹੈ ਕਿ ਉਹ ਸ਼ਹਿਰ ਗੁਰਦਾਸ ਪੁਰ ਜ਼ਿਲੇ ਦਾ ਨਗਰ ਕਲਾਨੌਰ ਹੈ। ਮੇਸਨ ਦਾ ਕਥਨ ਹੈ ਕਿ ਹੜਪੇ ਵਾਲੀ ਥਾਂ ਸੀ। ਜੋ ਕੁਛ ਵੀ ਹੋਵੇ, ਅਸਲ ਅਸਥਾਨ ਦਾ ਕੁਛ ਪਤਾ ਨਹੀਂ ਲਗਦਾ। ਇਹਨਾਂ ਗਲਾਂ ਦੇ ਬਾਵਜੂਦ ਮਿਸਟਰ ਥਾਰੌਟਨ ਆਪਣੀ ਰਚਨਾ "ਲਾਹੌਰ ਦੀਆਂ ਪੁਰਾਤਨ ਯਾਦਗਾਰਾਂ" ਵਿਚ ਲਿਖਦਾ ਹੈ ਕਿ "ਸਿਕੰਦਰ ਨੇ ਦਰਿਆ ਰਾਵੀ ਲਾਹੌਰ ਦੇ ਨੇੜਿਉਂ ਪਾਰ ਕੀਤਾ। ਸੰਭਵਤਾ ਉਸ ਥਾਂ ਤੋਂ ਜਿਥੇ ਅਜ ਕਲ ਦਾ ਸ਼ਹਿਰ ਵਸਦਾ ਹੈ।"

## ਪੰਜਾਬ ਦੀਆਂ ਜ਼ਾਤੀਆ ਦਾ ਸਿਕੰਦਰ ਵਿਰੁਧ ਗਠ ਜੋੜ

ਕਾਥੀਆਨਾਂ, ਮਾਲੀਆਂ ਅਥਵਾ ਮੁਲਤਾਨੀਆਂ (ਹਿੰਦੂਆਂ ਦੇ ਮਾਲਿਸਥਾਨੀਆਂ) ਅਤੇ ਔਕਸੀ ਡਰਾਕਾਂ (ਅਜ ਕਲ ਦੇ ਊਰ ਦੇ ਲੋਕਾਂ) ਨੇ ਮਿਲ ਕੇ ਸਿਕੰਦਰ ਵਿਰੁਧ ਗਠ ਜੋੜ ਬਣਾ ਲਿਆ। ਇਹ ਤਿੰਨੇ ਹੀ ਜਾਤੀਆਂ ਬੜੀਆਂ ਜੰਗਜੂ ਸੂਰਬੀਰ ਅਤੇ ਜੰਗ ਦੀਆਂ ਪਰੇਮੀ ਸਨ ਇਹਨਾਂ ਦੀ ਵਰਿਆਮਗੀ ਦੀ ਪ੍ਰਸਿਧਤਾ ਹੀ ਸੀ ਜਿਸ ਨੇ ਸਿਕੰਦਰ ਨੂੰ ਇਹਨਾਂ ਦੇ ਹਰਾਉਣ ਵਲ ਸਾਰਾ ਧਿਆਨ ਲਾਉਣ ਦੀ ਪਰੇਰਨਾ

---

*ਸਿਕੰਦਰ ਨੇ ਆਪਣੇ ਪਿਆਰੇ ਕੁਤੇ ਪੈਰੀਟਸ ਦੀ ਯਾਦ ਵਿਚ ਇਕ ਸ਼ਹਿਰ ਪੰਜਾਬ ਵਿਚ ਵਸਾਇਆ ਸੀ ਪਰ ਉਸ ਦੀ ਹੋਂਦ ਦਾ ਕਈ ਪਤਾ ਨਹੀਂ ਲਗ ਸਕਿਆ

*ਕੁਛ ਵਿਦਵਾਨਾਂ ਦਾ ਕਥਨ ਹੈ ਕਿ ਉਹ ਖਛਤਰੀਆਂ ਦੀ ਹੀ ਇਕ ਸ਼ਾਖਾ ਦੇ ਖਛਤਰੀ ਸਨ ਜੋ ਇਕ ਲੜਾਕੀ ਜਾਤੀ ਹੈ। ਵੇਖੋ ਰੇਨਲਜ਼ ਮੈਮਾਇਰਜ਼ ਅਤੇ ਮਿਸਟਰ ਆਰ. ਐਨ. ਕਸਟ ਦੀ ਰਚਨਾ "ਦੀ ਪਿਕਚਰ ਆਫ ਇੰਡੀਅਨ ਲਾਈਫ" ਪਰਕਾਸ਼ਤ ੧੮੮੧

Sri Satguru Jagjit Singh Ji eLibrary NamdhariElibrary@gmail.com

ਦਿਤੀ। ਸ਼ਹਿਰ ਸੰਘਾਲਾ ਬਾਰੇ ਏਰੀਅਨ ਇਉਂ ਲਿਖਦਾ ਹੈ—"ਇਹ ਸ਼ਹਿਰ ਉੱਚੀ ਥਾਂ ਉਤੇ ਸੀ ਭਾਵੇਂ ਇਹ ਥਾਂ ਬਹੁਤ ਉੱਚੀ ਨਹੀਂ ਸੀ। ਇਸ ਦੇ ਇਕ ਪਾਸੇ ਵਲ ਬੜੀ ਵੱਡੀ ਝੀਲ (ਛੰਭ) ਅਤੇ ਦੂਜੇ ਪਾਸੇ ਇਸ ਦੀ ਰਖਿਆ ਲਈ ਉਚੀਆਂ ਉਚੀਆਂ ਪੰਜ ਪਾਸੀਆਂ ਕਿਲੇ ਵਰਗੀਆਂ ਕੰਧਾਂ ਸਨ।" ਸਿਕੰਦਰ ਨੇ ਤੁਰਤ ਫੁਰਤ ਇਸ ਸ਼ਹਿਰ ਵਲ ਆਪਣੀਆਂ ਫੌਜਾਂ ਲੈ ਆਂਦੀਆਂ। ਛੰਭ ਦੀ ਹਦ ਉਤੇ ਉਸ ਨੇ ਬਹੁਤ ਸਾਰੀ ਘੁੜ ਸਵਾਰ ਫੌਜ ਨਿਯਤ ਕਰ ਦਿਤੀ। ਉਸ ਦੇ ਕੰਧਾਂ ਤੋੜੂ ਯੰਤਰਾਂ ਨੇ ਸ਼ਹਿਰ ਦੀਆਂ ਕੰਧਾਂ ਨੂੰ ਨੀਹਾਂ ਤੋਂ ਹਿਲਾ ਦਿਤਾ। ਇਸ ਦੇ ਮਗਰੋਂ ਯੂਨਾਨੀ ਫੌਜ ਨੇ ਸ਼ਹਿਰ ਉਤੇ ਤੁਫਾਨੀ ਹੱਲਾ ਬੋਲਿਆ। ਇਸ ਲੜਾਈ ਵਿਚ ਹਿੰਦੀਆਂ ਨੇ ਜਿਨ੍ਹਾਂ ਜੰਗੀ ਹਥਿਆਰਾਂ ਦੀ ਵਰਤੋਂ ਕੀਤੀ ਉਹ ਸਨ ਤੀਰ ਕਮਾਨ (ਧਨਸ਼ ਬਾਨ) ਅਤੇ ਦਸਤੀ ਗੋਲੇ ਜਿਨ੍ਹਾਂ ਦਾ ਚੰਗੇ ਜ਼ਬਤ ਵਾਲੇ ਵੈਰੀ ਉਤੇ ਕੋਈ ਅਸਰ ਨ ਪਿਆ ਕਿਉਂਕਿ ਉਹਨਾਂ ਜ਼ਿਰਾ ਬਕਤਰ ਪਾਏ ਹੋਏ ਸਨ। ਏਰੀਅਨ ਦੇ ਕਥਨ ਅਨੁਸਾਰ ਇਸ ਦਾ ਫਲ ਇਹ ਹੋਇਆ ਕਿ ਜੰਗ ਵਿਚ ੧੭ ਹਜ਼ਾਰ ਹਿੰਦੀ ਮਾਰੇ ਅਤੇ ੭੦ ਹਜ਼ਾਰ ਕੈਦ ਕੀਤੇ ਗਏ।

## ਸੰਘਾਲਾ ਉਤੇ ਕਬਜ਼ਾ

ਇਸ ਤੋਂ ਛੁਟ ਵਿਜਈਆਂ ਦੇ ਹਥ ਬਹੁਤ ਸਾਰਾ ਲੁਟ ਦਾ ਮਾਲ ਲਗਾ। ਇਸ ਲੁਟ ਦੇ ਮਾਲ ਵਿਚ ਤਿੰਨ ਸੌ ਰਥ ਅਤੇ ਪੰਜ ਸੌ ਘੋੜੇ ਵੀ ਸਨ। ਸੰਘਾਲਾ ਸ਼ਹਿਰ ਢਹਿ ਢੇਰੀ ਕਰ ਦਿਤਾ ਗਿਆ ਤੇ ਇਸ ਦੀ ਇੱਟ ਨਾਲ ਇੱਟ ਖੜਕਾਈ ਗਈ। ਇਸ ਤਰ੍ਹਾਂ ਸਿਕੰਦਰ ਨੇ ਜੋ ਅਲਾਕਾ ਫ਼ਤਹ ਕੀਤਾ, ਉਹ ਸਾਰਾ ਪੋਰਸ ਦੇ ਹਵਾਲੇ ਕੀਤਾ ਗਿਆ ਜੋ ਆਪਣੀ ਪੰਜ ਹਜ਼ਾਰ ਸਹਾਇਕ ਫੌਜ ਲੈ ਕੇ ਸਿਕੰਦਰ ਦੀ ਮਦਦ ਲਈ ਆਇਆ ਹੋਇਆ ਸੀ। ਸੰਘਾਲਾ ਦੇ ਨਾਲ ਲਗਦੇ ਦੋ ਹੋਰ ਸ਼ਹਿਰ ਵੀ ਲੋਕੀ ਖਾਲੀ ਕਰ ਕੇ ਨਸ ਗਏ। ਜਿਹੜੇ ਪੰਜ ਹਜ਼ਾਰ ਵਸਨੀਕ ਪਿਛੇ ਰਹਿ ਗਏ ਉਹਨਾਂ ਨੂੰ ਮਕਦੂਨੀ ਸਿਪਾਹੀਆਂ ਨੇ ਬੜੀ ਨਿਰਦਇਤਾ ਨਾਲ ਕਤਲ ਕਰ ਦਿਤਾ।

## ਰਾਵੀ ਤੇ ਬਿਆਸ ਵਿਚਲਾ ਦੇਸ

ਸਿਕੰਦਰ ਨੇ ਰਾਵੀ ਅਤੇ ਬਿਆਸ ਵਿਚਕਾਰਲਾ ਸਾਰਾ ਦੇਸ ਫਤਹ ਕਰ ਲਿਆ। ਕਰਟੀਅਸ ਦੇ ਕਥਨ ਅਨੁਸਾਰ ਬਿਆਸ ਦੇ ਨਾਲ ਲਗਦੇ ਅਲਾਕੇ ਵਿਚ ਵਸਣ ਵਾਲੇ ਲੋਕ ਆਪਣੀ ਸੁੰਦਰਤਾ ਲਈ ਬੜੇ ਪ੍ਰਸਿਧ ਸਨ। ਲੇਖਕ ਨੇ ਉਹਨਾਂ ਦੀ ਕਾਨੂੰਨ ਸਾਜ਼ੀ ਦੀ, ਅਕਲ ਵੰਦੀ ਦੀ ਤੇ ਉਹਨਾਂ ਦੇ ਉਚੇ ਚਲਣ ਦੀ ਬੜੀ ਪ੍ਰਸੰਸਾ ਕੀਤੀ ਹੈ।

## ਉਹਨਾਂ ਦਾ ਬਾਦਸ਼ਾਹ

ਉਹਨਾਂ ਦੇ ਬਾਦਸ਼ਾਹ ਦਾ ਨਾਮ ਸੋਫਾਈਟਸ ਸੀ, ਜਿਸ ਨੇ ਸਿਕੰਦਰ ਦੇ ਆਉਣ ਤੇ ਆਪਣੇ ਵਡੇ ਸ਼ਹਿਰ ਦੇ ਦਰਵਾਜ਼ੇ ਖੁਲ੍ਹੇ ਛਡ ਦਿਤੇ ਅਤੇ ਆਪਣੇ ਦੋ ਅਤਿ-ਅੰਤ ਸੁੰਦਰ ਸ਼ਾਹਜ਼ਾਦਿਆਂ ਨੂੰ ਲੈ ਕੇ ਉਸ ਨਾਲ ਮੁਲਾਕਾਤ ਲਈ ਬਾਹਰ ਨਿਕਲ ਆਇਆ। ਉਹਨਾਂ ਦੇ ਨਾਲ ਬਾਦਸ਼ਾਹ ਦੇ ਬਹੁਤ ਸਾਰੇ ਦਰਬਾਰੀ ਤੇ ਵਜ਼ੀਰ ਵੀ ਸਨ।

## ਬਾਦਸ਼ਾਹ ਦਾ ਈਨ ਮੰਨਣਾ

ਵਿਜਈ ਸਿਕੰਦਰ ਨੂੰ ਵੇਖਦੇ ਸਾਰ ਬਾਦਸ਼ਾਹ ਨੇ ਸ਼ਾਹੀ ਤਾਜ ਉਸ ਦੇ ਪੈਰਾਂ ਵਿਚ ਰਖ ਦਿਤਾ। ਇਹ ਸ਼ਾਹੀ ਤਾਜ ਹੀਰਿਆਂ ਜੜਤ ਸੀ। ਬਾਦਸ਼ਾਹ ਨੇ ਉਹ ਲੰਮਾ ਚੋਗਾ ਪਾਇਆ ਹੋਇਆ ਸੀ ਜਿਸ ਦੇ ਕਿਨਾਰੇ ਤਿਲੇ ਨਾਲ ਕਢੇ ਹੋਏ ਸਨ ਤੇ ਜੋ ਉਸ ਦੇ ਪੈਰਾਂ ਤੀਕ ਲਮਕਿਆ ਹੋਇਆ ਸੀ। ਉਸ ਦੇ ਸੈਂਡਲ (ਜੁਤੇ) ਸੁਨਹਿਰੀ ਤਿਲੇ ਦੇ ਕਢੇ ਹੋਏ ਤੇ ਹੀਰੇ ਮੋਤੀਆਂ ਜੜਤ ਸਨ ਤੇ ਉਸ ਦੇ ਕੰਨਾਂ ਵਿਚ ਵਡੇ ਵਡੇ ਮੋਤੀਆਂ ਜੜਤ ਲਟਕਨ ਪਏ ਹੋਏ ਸਨ। ਸਿਕੰਦਰ ਨੇ ਬਾਦਸ਼ਾਹ ਦਾ ਬੜੇ ਸਤਕਾਰ ਨਾਲ ਸੁਵਾਗਤ ਕੀਤਾ ਅਤੇ ਆਪਣੇ ਹਥ ਨਾਲ ਸ਼ਾਹੀ ਪੇਟੀ ਉਸ ਦੇ ਗਲ ਵਿਚ ਪਾਈ।

## ਸਿਕੰਦਰ ਦਾ ਬਿਆਸ ਵਲ ਧਾਵਾ

ਇਸ ਰਾਜੇ ਦੀ ਰਾਜਧਾਨੀ ਵਿਚ ਆਪਣੀ ਫੌਜ ਨੂੰ ਸਾਹ ਦਵਾ ਕੇ ਸਿਕੰਦਰ ਨੇ ਆਪਣਾ ਕੂਚ ਹਾਈਫੇਸਸ (ਬਿਆਸ) ਵਲ ਸ਼ੁਰੂ ਕਰ ਦਿਤਾ। ਡਿਓਡਰਸ ਦੇ ਕਥਨ ਅਨੁਸਾਰ ਇਥੋਂ ਦੇ ਰਾਜੇ ਦਾ ਨਾਮ ਫੇਗਸ ਸੀ। ਉਹ ਰਾਜਾ ਇਸ ਦਰਿਆ ਦੇ ਪੱਛਮੀ ਕਿਨਾਰੇ ਦੇ ਦੇਸ ਉਤੇ ਰਾਜ ਕਰਦਾ ਸੀ। ਰਾਜਾ ਕੀਮਤੀ ਸੁਗਾਤਾਂ ਲੈ ਕੇ ਵਿਜਈ ਸਿਕੰਦਰ ਨੂੰ ਆਣ ਮਿਲਿਆ। ਸਿਕੰਦਰ ਨੂੰ ਰੋਜ਼ਾਨਾ ਖੁਫੀਆਂ ਖਬਰਾਂ ਪੁਜਦੀਆਂ ਸਨ ਕਿ ਦਰਿਆ ਗੰਗਾ ਦੇ ਇਲਾਕੇ ਬੜੇ ਸਰ ਸਬਜ਼ ਹਨ ਤੇ ਉਥੇ ਬੇਅੰਤ ਧਨ ਮੌਜੂਦ ਹੈ। ਇਥੋਂ ਦੀਆਂ ਬਾਦਸ਼ਾਹੀਆਂ ਮਾਲਾ ਮਾਲ ਹਨ ਤੇ ਉਨ੍ਹਾਂ ਦੇ ਖਜ਼ਾਨੇ ਸਦੀਆਂ ਤੋਂ ਭਰਪੂਰ ਹੁੰਦੇ ਚਲੇ ਆ ਰਹੇ ਹਨ। ਇਹ ਖਬਰਾਂ ਸੁਣ ਸੁਣ ਕੇ ਸਿਕੰਦਰ ਦੇ ਮਨ ਵਿਚ ਲੋਭ ਦੀ ਜਵਾਲਾ ਭੜਕਦੀ ਸੀ। ਸਿਕੰਦਰ ਦੀ ਇੱਛਾ ਸੀ ਕਿ ਮਕਦੂਨੀਆਂ ਦੀ ਵਿਜੇ ਪਤਾਕਾ ਏਸ਼ੀਆ ਦੀ ਉਸ ਅੰਤਮ ਪੂਰਵੀ ਸੀਮਾਂ ਉਤੇ ਝੁਲਾਏ, ਜੋ ਸਾਗਰ ਨਾਲ ਘਿਰੀ ਹੋਈ ਹੈ। ਉਹ ਹੁਣ ਬਿਆਸ ਦਰਿਆ ਦੇ ਉਸ ਅਸਥਾਨ ਉਤੇ ਪੁਜ ਗਿਆ ਜੋ ਇਸ ਦੇ ਸਤਲੁਜ ਨਾਲ ਸੰਗਮ ਤੋਂ ਥਲੇ ਵਲ ਕਿਆਸ ਕੀਤਾ ਜਾਂਦਾ ਹੈ। ਸਿਕੰਦਰ ਦੇ ਇਤਿਹਾਸ ਕਾਰਾਂ ਨੇ ਦਰਿਅ ਸਤਲੁਜ ਦਾ ਕੋਈ ਵਰਨਣ ਨਹੀਂ ਕੀਤਾ, ਹਾਲਾਂਕਿ ਉਹਨਾਂ ਬਿਆਸ ਤੋਂ ਪਰੇ ਉਸ ਮਾਰੂ ਥਲ ਦਾ ਜ਼ਿਕਰ ਕੀਤਾ ਹੈ ਜੋ ਬਿਆਸ ਤੇ ਸਤਲੁਜ ਦੇ ਸੰਗਮ ਤੋਂ ਥਲੇ ਵਲ ਸੀ। ਇਹੋ ਉਹ ਅਸਥਾਨ ਸੀ ਜਿਥੇ ਸਿਕੰਦਰ ਦੀ ਫੌਜ ਨੂੰ ਇਹ ਗਲ ਦਸੀ ਗਈ ਕਿ ਗੰਗਾ ਰਾਈਡਸ ਅਤੇ ਪਰਾਸੀਆ ਦੇ ਬਾਦਸ਼ਾਹ ਨੇ ਮਿਲ ਕੇ ਉਸ ਦੇ ਟਾਕਰੇ ਲਈ ਬੜੀ ਭਾਰੀ ਫੌਜ ਇਕਠੀ ਕਰ ਲਈ ਹੈ, ਜਿਸ ਵਿਚ ੮੦ ਹਜ਼ਾਰ ਘੁੜ ਸਵਾਰ, ਦੋ ਲਖ ਪੈਦਲ, ਦੋ ਹਜ਼ਾਰ ਜੰਗੀ ਰਥ ਅਤੇ ਤਿੰਨ ਹਜ਼ਾਰ ਜੰਗੀ ਹਾਥੀ ਸ਼ਾਮਲ ਹਨ। ਉਹਨਾਂ ਨੇ ਭਾਰਤੀ ਬੈਬੀਲੋਨ ਪਾਲੀਬੋਥਰਾ ਦੇ ਜੰਗੀ ਵਸੀਲਿਆਂ, ਮਗਧ ਦੇ ਚੰਦਰਬੰਸੀ ਸਮਰਾਟ ਦੀ ਅਪਾਰ ਸ਼ਕਤੀ ਅਤੇ ਹਿੰਦੂਆਂ ਦੇ ਗੜ੍ਹ ਇੰਦਰ ਪ੍ਰਸਥ,ਹਸਤਨਾ ਪੁਰ ਅਤੇ ਮਥਰਾ ਦੀ ਫ਼ੌਜੀ ਸ਼ਕਤੀ ਬਾਰੇ ਵੀ ਸੁਣਿਆ।

## ਗੰਗਾ ਦੇ ਇਲਾਕੇ ਦੀ ਸ਼ਕਤੀ ਸੁਣ ਕੇ ਯੂਨਾਨੀ ਸਿਪਾਹੀਆਂ ਦੇ ਹੌਸਲੇ ਢਹਿ ਗਏ

ਉਹਨਾਂ ਨੂੰ ਇਹ ਗਲ ਵੀ ਦਸੀ ਗਈ ਕਿ ਦਰਿਆ ਬਿਆਸ ਤੋਂ ਪਰੇ ਉਹਨਾਂ ਨੂੰ ਇਕ ਐਸੇ ਰੇਤਲੇ ਮਾਰੂ ਥਲ ਵਿਚ ਦੀ ਲੰਘਣਾ ਪਏਗਾ, ਜੋ ੧੧ ਦਿਨ ਦਾ ਸਫਰ ਹੈ। ਇਸ ਨਿਰਜੀਵ ਮਾਰੂ ਥਲ ਨੂੰ ਪਾਰ ਕਰ ਕੇ ਹੀ ਉਹ ਦਰਿਆ ਗੰਗਾ ਉਪਰ ਪੁਜਣਗੇ ਜਿਸ ਨੂੰ ਬੜਾ ਚੌੜਾ, ਡੂੰਘਾ, ਤੇ ਤੇਜ਼ ਵਗਣ ਵਾਲਾ ਦਸਿਆ ਗਿਆ ਸੀ।

## ਯੂਨਾਨੀ ਸਿਪਾਹੀਆਂ ਦਾ ਅਗੇ ਜਾਣ ਤੋਂ ਇਨਕਾਰ

ਇਹੋ ਜਿਹੀਆਂ ਡਰੌਣੀਆਂ ਗੱਲਾਂ ਸੁਣ ਕੇ ਯੂਨਾਨੀ ਸਿਪਾਹੀਆਂ ਦੇ ਦਿਲ ਵਿਚ ਦਹਿਸ਼ਤ ਬੈਠ ਗਈ ਅਤੇ ਉਹਨਾਂ ਨੇ ਇਹ ਕਹਿ ਕੇ ਅਗੇ ਕੂਚ ਕਰਨ ਤੋਂ ਇਨਕਾਰ ਕਰ ਦਿਤਾ ਕਿ ਉਹ ਪਿਛਲੇ ਉਹਨਾਂ ਜੰਗਾਂ ਦੇ ਕਾਰਨ ਬਹੁਤ ਥਕ ਗਏ ਹਨ, ਜੋ ਉਹਨਾਂ ਨੂੰ ਕਠਨ ਇਲਾਕਿਆਂ ਵਿਚ ਆਪਣੇ ਵਤਨ ਤੋਂ ਐਡੀ ਦੂਰ ਆ ਕੇ ਲੜਨੇ ਪਏ ਹਨ। ਇਸ ਤੋਂ ਛੁਟ ਸਿਕੰਦਰ ਦੀ ਲਾਲਸਾ ਦਾ ਵੀ ਕੋਈ ਹਦ ਬੰਨ ਨਹੀਂ ਸੀ ਅਤੇ ਉਹਨਾਂ ਨੂੰ ਕੋਈ ਪਤਾ ਨਹੀਂ ਸੀ ਕਿ ਉਹ ਉਹਨਾਂ ਨੂੰ ਕਿਥੋਂ ਤੀਕ ਅਪੜਾਉਣਾ ਚਾਹੁੰਦਾ ਹੈ।

Sri Satguru Jagjit Singh Ji eLibrary NamdhariElibrary@gmail.com

## ਸਿਕੰਦਰ ਨੇ ਸਿਪਾਹੀਆਂ ਨੂੰ ਹੌਸਲਾ ਦਿਤਾ

ਸਿਕੰਦਰ ਨੇ ਮਕਦੂਨਵੀ ਸਿਪਾਹੀਆਂ ਦੇ ਜੋਸ਼ ਤੇ ਸੂਰਬੀਰਤਾ ਨੂੰ ਬਤੇਰਾ ਵੰਗਾਰਿਆ ਪਰ ਸਭ ਵਿਅਰਥ। ਉਸ ਨੇ ਉਹਨਾਂ ਨੂੰ ਅਰਬੇਲਾ ਤੇ ਬੈਕਟਰੀਆ ਦੇ ਮੈਦਾਨ ਵਿਚ ਸੋਗਡਿਆਨਾ ਤੇ ਦੂਜੀਆਂ ਥਾਵਾਂ ਉਤੇ ਪ੍ਰਾਪਤ ਕੀਤੀਆਂ ਸ਼ਾਨਦਾਰ ਜਿੱਤਾਂ ਦਾ ਵਾਸਤਾ ਪਾਇਆ ਅਤੇ ਅਗੇ ਨੂੰ ਉਹਨਾਂ ਤੋਂ ਵਧੀਕ ਸ਼ਾਨਦਾਰ ਜਿੱਤਾਂ ਦਾ ਸੁਨਹਿਰੀ ਭਵਿਖਤ ਵਖਾਇਆ। ਉਸ ਨੇ ਆਪਣੇ ਜੋਧਿਆਂ ਨੂੰ ਇਹ ਵੀ ਦਸਿਆ ਕਿ ਇਥੋਂ ਸਾਡੀ ਪਸਪਾਈ ਨਾ ਕੇਵਲ ਬੇ-ਮੌਕਾ ਸਗੋਂ ਸ਼ਰਮਨਾਕ ਹੋਵੇਗੀ। ਹੁਣ ਉਹ ਆਪਣੀ ਮਜ਼ਲ ਵਲ ਐਨਾ ਅਗੇ ਵਧ ਚੁਕੇ ਹਨ ਕਿ ਉਹਨਾਂ ਨੂੰ ਇਹਨਾਂ ਪ੍ਰਾਪਤ ਕੀਤੀਆਂ ਜਿੱਤਾਂ ਦਾ ਫਲ ਵਿਚੇ ਅਧੂਰਾ ਛਡ ਕੇ ਪਿਛੇ ਮੁੜਨਾ ਨਹੀਂ ਚਾਹੀਦਾ।

## ਸਿਪਾਹੀ ਵਾਪਸੀ ਲਈ ਡੱਟ ਗਏ

ਸਿਕੰਦਰ ਦੀਆਂ ਇਹਨਾਂ ਅਪੀਲਾਂ, ਲਾਲਚਾਂ ਤੇ ਸਬਜ਼ ਸੁਨਹਿਰੀ ਬਾਗਾਂ ਦਾ ਥੱਕੇ ਹੁਟੇ ਹੋਏ ਸਿਪਾਹੀਆਂ ਉਤੇ ਕੋਈ ਅਸਰ ਨਾ ਹੋਇਆ ਉਹਨਾਂ ਦੀ ਹੁਣ ਇਹ ਨਿਸ਼ਚਿਤ ਇੱਛਾ ਸੀ ਕਿ ਉਹ ਆਪਣੇ ਦੇਸ ਨੂੰ ਵਾਪਸ ਮੁੜ ਜਾਣ। ਸਿਕੰਦਰ ਨੂੰ ਉਹਨਾਂ ਦੇ ਰਵੀਏ ਤੋਂ ਐਨੀ ਨਿਰਾਸਤਾ ਹੋਈ ਕਿ ਉਹ ਸਿੱਧਾ ਆਪਣੇ ਤੰਬੂ ਵਿਚ ਆ ਗਿਆ ਅਤੇ ਆਪਣੇ ਆਪ ਨੂੰ ਤਿੰਨ ਦਿਨ ਤੀਕ ਤੰਬੂ ਵਿਚ ਹੀ ਬੰਦ ਰਖਿਆ। ਉਹਨਾਂ ਤਿੰਨਾਂ ਦਿਨਾਂ ਵਿਚ ਕਿਸੇ ਨਾਲ ਗਲ ਬਾਤ ਵੀ ਨਾ ਕੀਤੀ ਅਤੇ ਆਪਣੇ ਗੂਹੜੇ ਮਿਤਰਾਂ ਤੇ ਭਰੋਸੇ ਯੋਗ ਜਰਨੈਲਾਂ ਤੀਕ ਨੂੰ ਮਿਲਣ ਤੋਂ ਨਾਂਹ ਕਰ ਦਿਤੀ।

## ਸਿਕੰਦਰ ਨੂੰ ਝੁਕਣਾ ਪਿਆ

ਤਿੰਨਾਂ ਦਿਨਾਂ ਮਗਰੋਂ ਜਦ ਉਹ ਮੁੜ ਆਪਣੇ ਸਿਪਾਹੀਆਂ ਦੇ ਸਾਹਮਣੇ ਆਇਆ ਤਦ ਵੀ ਉਹਦੇ ਸਿਪਾਹੀ ਆਪਣੇ ਇਰਾਦੇ ਉਪਰ ਡਟੇ ਹੋਏ ਸਨ। ਇਸ ਤੇ ਦੁਨੀਆ ਦੇ ਵਿਜਈ ਨੇ, ਇਸ ਡਰ ਨਾਲ ਕਿ ਇਹ ਜਜ਼ਬਾ ਕਿਤੇ ਬਗ਼ਾਵਤ ਦਾ ਹੀ ਰੂਪ ਨ ਧਾਰ ਲਏ, ਅੰਤ ਨੂੰ ਦਿਲ ਉਤੇ ਪੱਥਰ ਰਖ ਕੇ ਵਾਪਸੀ ਦੀ ਪਰਵਾਨਗੀ ਦੇ ਦਿਤੀ।

## ਸਿਕੰਦਰ ਦੇ ਯਾਦਗਾਰੀ ਮੁਨਾਰੇ

ਵਾਪਸੀ ਮਾਰਚ ਸ਼ੁਰੂ ਕਰਨ ਤੋਂ ਪਹਿਲੇ ਸਿਕੰਦਰ ਨੇ ਪੱਥਰ ਦੇ ੧੨ ਵਡੇ ਵਡੇ ਮੁਨਾਰੇ, ਜੋ ਪੰਜਾਹ ਪੰਜਾਹ ਫੁਟ ਉਚੇ ਸਨ, ਦਰਿਆ ਬਿਆਸ ਦੇ ਪੂਰਬੀ ਕਿਨਾਰੇ ਉਤੇ ਬਣਵਾਏ। ਇਹ ਮੁਨਾਰੇ ਬਿਆਸ ਤੇ ਸਤਲੁਜ ਦੇ ਸੰਗਮ ਤੋਂ ਥਲੇ ਵਲ ਨੂੰ ਸਨ, ਅਤੇ ਇਹ ਉਸ ਦੀਆਂ ਜਿੱਤਾਂ ਦੀ ਯਾਦ ਵਿਚ ਖੜੇ ਕੀਤੇ ਗਏ ਸਨ। ਇਹਨਾਂ ਮੁਨਾਰਿਆਂ ਉਪਰ ਦੇਵਤਿਆਂ ਨੂੰ ਬਲੀ ਦਿਤੀ ਗਈ ਅਤੇ ਦਸਤੂਰ ਮੂਜਬ ਖੂਬ ਜਸ਼ਨ ਮਨਾਏ ਗਏ ਤੇ ਫੌਜੀ ਖੇਡਾਂ ਖੇਡੀਆਂ ਗਈਆਂ। ਏਰੀਅਨ ਲਿਖਦਾ ਹੈ ਕਿ ਇਹ ਮੁਨਾਰੇ ਕਿਲ੍ਹੇਬੰਦ ਬੁਰਜਾਂ ਦੀ ਉਚਾਈ ਦੇ ਬਰਾਬਰ ਸਨ, ਪਰ ਆਕਾਰ ਵਿਚ ਉਹਨਾਂ ਤੋਂ ਵੀ ਵਡੇ ਸਨ। ਪਲੂਟਰਚ ਆਪਣੀ ਰਚਨਾ 'ਵਿਟਾ ਅਲੈਗਜ਼ੈਂਡਰੀਸ' (Vita Alexandris) ਵਿਚ ਸਾਨੂੰ ਦਸਦਾ ਹੈ ਕਿ ਇਹ ਮੁਨਾਰੇ ਉਸ ਦੇ ਸਮੇਂ ਤਕ ਕਾਇਮ ਰਹੇ ਅਤੇ "ਗੰਗਾ ਤੋਂ ਪਾਰਲੇ ਹਿੰਦੀ ਏਥੇ ਆਉਂਦੇ ਤੇ ਬਲੀ ਚੜ੍ਹਾਉਂਦੇ ਹੁੰਦੇ ਸਨ।" ਮਿਸਟਰ ਪ੍ਰਿਨਸਿਪ ਨੇ ਸਿਕੰਦਰ ਦੀ ਮੁਹਿੰਮ ਦੇ ਵਿਸ਼ੇ ਉਪਰ "ਜਰਨਲ ਆਫ ਦੀ ਏਸ਼ਿਆਟਿਕ ਸੁਸਾਇਟੀ ਆਫ ਬੰਗਾਲ" ਵਿਚ ਇਉਂ ਲਿਖਿਆ ਹੈ—"ਅਪੋਲੀਨੀਬਸ ਟਿਆਨੀਅਸ ਨੇ ਸੰਨ ਈਸਵੀ ਦੀ ਪਹਿਲੀ ਸਦੀ ਵਿਚ ਇਹਨਾਂ ਮੁਨਾਰਿਆਂ ਨੂੰ ਉਸ ਸਮੇਂ ਡਿੱਠਾ ਜਿਸ ਸਮੇਂ ਯੂਨਾਨੀ ਨਸਲ ਦਾ ਬਾਦਸ਼ਾਹ ਫਰਉਟਸ (Pharaotes) ਪੰਜਾਬ ਵਿਚ ਰਾਜ ਕਰਦਾ ਸੀ। ਬਰਨਜ਼ ਨੇ ਬਿਆਸ ਤੇ ਸਤਲੁਜ ਦੇ ਸੰਗਮ ਦੇ ਥਲੇ ਵਾਲੇ ਪਾਸੇ ਇਹਨਾਂ ਮੁਨਾਰਿਆਂ ਦੀ ਹੋਂਦ ਦਾ ਪਤਾ ਲਾਉਣ ਦਾ ਭਰਪੂਰ ਜਤਨ ਕੀਤਾ ਪਰ ਉਹ ਕੋਈ ਪਤਾ ਨਾ ਲਾ ਸਕਿਆ।

## ਸਿਕੰਦਰ ਦੀ ਬਿਆਸ ਤੇ ਰਾਵੀ ਨੂੰ ਵਾਪਸੀ

ਸਿਕੰਦਰ ਨੇ ਬਿਆਸ ਅਤੇ ਰਾਵੀ ਨੂੰ ਮੁੜ ਪਾਰ ਕੀਤਾ ਅਤੇ ਜਿਹਲਮ ਦੇ ਪੂਰਬੀ ਸਾਹਿਲ ਉਤੇ ਪੁਜਾ, ਜਿਥੇ ਇਕ ਬਹੁਤ ਵੱਡਾ ਬੇੜਾ ਫੌਜ ਨੂੰ ਸਿੰਧ ਪਾਰ ਕਰਨ ਲਈ ਤਿਆਰ ਕੀਤਾ ਗਿਆ। ਪਹਾੜੀ ਜੰਗਲਾਂ ਦੀ ਲਕੜ ਨਾਲ ਵੱਖ ਵੱਖ ਅਕਾਰ ਦੀਆਂ ਦੋ ਹਜ਼ਾਰ ਬੇੜੀਆਂ ਤਿਆਰ ਕੀਤੀਆਂ ਗਈਆਂ। ਇਹਨਾਂ ਬੇੜੀਆਂ ਦੀ ਤਿਆਰੀ ਵਿਚ ਫਰ, ਪਾਈਨ ਦੇਓਦਾਰ ਤੇ ਕਈ ਹੋਰ ਕਿਸਮ ਦੇ ਦਰਖਤਾਂ ਦੀ ਵਰਤੋਂ ਕੀਤੀ ਗਈ। ਆਪਣੀ ਵੱਡੀ ਬੇੜੀ ਵਿਚ ਸਵਾਰ ਹੋਣ ਸਮੇਂ ਸਿਕੰਦਰ ਨੇ ਸਾਗਰ ਦੇ ਦੇਵਤਿਆਂ ਨੂੰ ਕੁਰਬਾਨੀ ਦਿਤੀ। ਕਿਸ਼ਤੀ ਦੇ ਸਿਰੇ ਉਤੇ ਖੜੇ ਹੋ ਕੇ ਉਸ ਨੇ ਸੁਨਹਿਰੀ ਪਿਆਲੇ ਵਿਚੋਂ ਪੂਜਾ ਦਾ ਪਾਣੀ ਦਰਿਆ ਦੀ ਭੇਟ ਕੀਤਾ ਅਤੇ ਦਰਿਆ ਦੇ ਦੇਵਤੇ ਦੀ ਪੂਜਾ ਵੀ ਕੀਤੀ।

## ਸਿਕੰਦਰੀ ਫੌਜ ਦਾ ਪਿਛਾਂਹ ਨੂੰ ਮੋੜਾ

ਉਸ ਦੀ ਫੌਜ ੪ ਡਵੀਯਨਾਂ ਵਿਚ ਵੰਡੀ ਗਈ। ਪਹਿਲੇ ਡਵੀਯਨ ਨੇ ਕਰੇਟਰਸ ਦੀ ਕਮਾਨ ਹੇਠ ਸਜੇ ਕਿਨਾਰੇ ਦੇ ਨਾਲ ਨਾਲ ਅਤੇ ਦੂਜੇ ਡਵੀਯਨ ਨੇ ਜੋ ਹੇਫਾਸ਼ਨ ਦੇ ਮਾਤਹਿਤ ਸੀ ਖਬੇ ਕਿਨਾਰੇ ਦੇ ਨਾਲ ਨਾਲ ਮਾਰਚ ਆਰੰਭ ਕੀਤਾ। ਨੀਰਚਸ ਦਰਿਆਈ ਬੇੜੇ ਦਾ ਅਮੀਰ ਉਲ ਬਹਿਰ ਸੀ। ਬਾਕੀ ਫੌਜ ਦੀ ਅਗਵਾਈ ਫਿਲਪ ਕਰ ਰਿਹਾ ਸੀ। ਸਿਕੰਦਰ ਦੀ ਨਿਚੱਲੀ ਸਪਿਰਿਟ ਅਤੇ ਨਵੀਆਂ ਜਿੱਤਾਂ ਤੇ ਗਿਆਨ ਪ੍ਰਾਪਤੀ ਦੀ ਕਦੇ ਨਾ ਮੱਠੀ ਹੋਣ ਵਾਲੀ ਇੱਛਾ ਦੇ ਪ੍ਰਭਾਵ ਹੇਠ ਉਹ ਬਾਰ ਬਾਰ ਬੇੜੇ ਤੋਂ ਉਤਰਦਾ ਅਤੇ ਉਹਨਾਂ ਲੋਕਾਂ ਨੂੰ ਈਨ ਮੰਨਣ ਲਈ ਮਜਬੂਰ ਕਰਦਾ ਜਿਨ੍ਹਾਂ ਨੇ ਆਪਣੇ ਆਪ ਉਸ ਦੀ ਈਨ ਨਹੀਂ ਸੀ ਮੰਨੀ।

## ਮਾਲੀਆਂ ਵਿਰੁਧ ਜੰਗ

ਜਿਨ੍ਹਾਂ ਕਬੀਲਿਆਂ ਨੇ ਉਸ ਦੀ ਸਰਦਾਰੀ ਪਰਵਾਨ ਕਰਨ ਤੋਂ ਇਨਕਾਰ ਕੀਤਾ ਉਹਨਾਂ ਵਿਚੋਂ ਸਭ ਤੋਂ ਜ਼ਬਰਦਸਤ ਕਬੀਲਾ ਮਾਲੀ ਅਰਥਾਤ ਮੁਲਤਾਨ ਦੇ ਲੋਕ ਸਨ। ਮੁਲਤਾਨ ਨੂੰ ਹਿੰਦੂ ਲੋਕ ਮਾਲਿਸਥਾਨ ਆਖਦੇ ਹਨ ਜਿਸ ਵਿਚ ਬਰਾਹਮਣਾਂ ਦੀ ਵਸੋਂ ਹੈ। ਮਲਤਾਨ ਦੇ ਆਸ ਪਾਸ ਉਚ ਦੇ ਲੋਕ ਵਸਦੇ ਸਨ, ਜਿਨ੍ਹਾਂ ਨੂੰ ਔਕਸੀ ਡਰੇਕੀ ਆਖਦੇ ਹਨ। ਵਿਚਕਾਰਲੇ ਮਾਰੂ ਥਲ ਨੂੰ ਪਾਰ ਕਰ ਕੇ ਸਿਕੰਦਰ ਨੇ ਦਰਿਆ ਅਸੈਸਿਨ ਦੇ ਖਬੇ ਕਿਨਾਰੇ ਦੇ ਨਾਲ ਨਾਲ ਕੂਚ ਜਾਰੀ ਰਖਿਆ। ਕੂਚ ਕਰਦਾ ਹੋਇਆ ਉਹ ਉਸ ਨਦੀ ਤੀਕ ਜਾ ਪਹੁੰਚਾ, ਜੋ ਦਰਿਆ ਨੂੰ ਮਾਲੀ ਤੋਂ ਵਖ ਕਰਦੀ ਹੈ। ਮਾਲੀਆਂ ਦੇ ਕਈ ਸ਼ਹਿਰਾਂ ਉਤੇ ਸਿਕੰਦਰ ਨੇ ਕਬਜ਼ਾ ਕਰ ਲਿਆ ਤੇ ਉਹਨਾਂ ਸ਼ਹਿਰਾਂ ਦੇ ਵਸਨੀਕਾਂ ਨੂੰ ਵੀ ਯੂਨਾਨੀਆਂ ਨੇ ਕਤਲ ਕਰ ਦਿਤਾ। ਹਾਈਡਰੋਟਸ (ਰਾਵੀ) ਦੇ ਦੱਖਣੀ ਕਿਨਾਰੇ ਉਪਰ ਇਸ ਦੇ ਅਸੈਸਨਜ ਨਾਲ ਸੰਗਮ ਤੋਂ ਕਾਫੀ ਵਿਥ ਉਤੇ ਮਾਲੀ ਦਾ ਸ਼ਹਿਰ ਆਬਾਦ ਸੀ, ਜਿਸ ਬਾਰੇ ਕਿਹਾ ਗਿਆ ਹੈ ਕਿ "ਹੁਨਰ ਤੇ ਕੁਦਰਤ ਨੇ ਉਸ ਨੂੰ ਬੜਾ ਮਜ਼ਬੂਤ ਗੜ੍ਹ ਬਣਾ ਦਿਤਾ ਸੀ।" ਇਸ ਦੀ ਸਾਰੀ ਦੀ ਸਾਰੀ ਵਸੋਂ ਬਰਾਹਮਨ ਸੀ।

## ਗੜ੍ਹ ਘੇਰੇ ਵਿਚ

ਦਰਿਆ ਪਾਰ ਕਰਨ ਮਗਰੋਂ ਮਕਦੂਨੀ ਸਿਪਾਹੀਆਂ ਨੇ ਇਸ ਸ਼ਹਿਰ ਦੀ ਬਹੁਤ ਸਾਰੀ ਵਸੋਂ ਨੂੰ ਕਤਲ ਕਰ ਦਿਤਾ ਅਤੇ ਕਈਆਂ ਨੂੰ ਕੈਦ ਕਰ ਲਿਆ। ਗੜ੍ਹ ਵਿਚ ਘਿਰੇ ਹੋਏ ਲੋਕਾਂ ਨੇ

Sri Satguru Jagjit Singh Ji eLibrary NamdhariElibrary@gmail.com

ਹਮਲਾਆਵਰਾਂ ਦਾ ਡਟ ਕੇ ਟਾਕਰਾ ਕੀਤਾ ਅਤੇ ਯੂਨਾਨੀ ਫੌਜਾਂ ਦੇ ਪਹਿਲੇ ਹਲੇ ਨੂੰ ਬੜੀ ਵੀਰਤਾ ਨਾਲ ਨਿਹਫਲ ਕਰ ਦਿਤਾ। ਇਸ ਤੇ ਸਿਕੰਦਰ ਨੇ ਤੂਫਾਨੀ ਫੌਜ ਦੀ ਕਮਾਨ ਆਪਣੇ ਹੱਥ ਵਿਚ ਲਈ। ਉਹ ਸਭ ਤੋਂ ਪਹਿਲੇ ਪੌੜੀ ਲਾ ਕੇ ਆਪ ਕਿਲ੍ਹੇ ਦੀ ਕੰਧ ਉਪਰ ਚੜ੍ਹਿਆ। ਆਪਣੇ ਸਰਦਾਰ ਦੇ ਜੋਸ਼ ਤੇ ਮਿਸਾਲ ਨੂੰ ਵੇਖ ਕੇ ਯੂਨਾਨੀ ਸਿਪਾਹੀਆਂ ਨੇ ਹੌਸਲਾ ਫੜਿਆ ਅਤੇ ਇਕ ਇਕ ਕਰ ਕੇ ਕੰਧ ਉਤੇ ਚੜ੍ਹਨੇ ਸ਼ੁਰੂ ਹੋ ਗਏ। ਬਰਾਹਮਣਾਂ ਨੇ ਇਹ ਦੇਖ ਕੇ ਕਿ ਹੁਣ ਉਹਨਾਂ ਦੀ ਕੋਈ ਪੇਸ਼ ਨਹੀਂ ਜਾਣੀ ਆਪਣੇ ਬਚਿਆਂ ਤੇ ਤੀਵੀਆਂ ਨੂੰ ਇਕ ਥਾਂ ਇਕਠੇ ਕੀਤਾ ਅਤੇ ਪੁਰਾਣੇ ਰਿਵਾਜ ਅਨੁਸਾਰ ਉਸ ਮਕਾਨ ਨੂੰ ਅਗ ਲਾ ਕੇ ਉਸ ਵਿਚ ਸੜ ਮੋਏ। ਬਾਕੀ ਦੇ ਹਜ਼ਾਰਾਂ ਬ੍ਰਾਹਮਣ ਮਾਰੂ ਥਲ ਵਲ ਨਸ ਗਏ। ਕਈਆਂ ਨੇ ਪ੍ਰਦੇਸੀ ਹਮਲਾ ਆਵਰ ਦੀ ਈਨ ਮੰਨਣ ਦੀ ਥਾਂ ਘਣੇ ਜੰਗਲਾਂ ਵਿਚ ਜਾ ਕੇ ਛੁਪ ਜਾਣ ਵਿਚ ਹੀ ਸਲਾਮਤੀ ਸਮਝੀ। ਮਾਲੀ ਹਿੰਦ ਦੀ ਆਜ਼ਾਦ ਕੌਮ ਸੀ। ਇਹ ਲੋਕ ਬਚੂਆਂ ਦੇ ਹਿੰਦ ਫਤਹ ਕਰਨ ਦੇ ਸਮੇਂ ਤੋਂ ਹੀ ਸੁਤੰਤਰ ਚਲੇ ਆ ਰਹੇ ਸਨ। ਪੰਜਾਬ ਦੀ ਹੋਰ ਕੋਈ ਕੌਮ ਪਰਦੇਸੀ ਗੁਲਾਮੀ ਦੀ ਵਿਰੋਧਤਾ ਕਰਨ ਵਿਚ ਮਾਲੀ ਕੌਮ ਦਾ ਟਾਕਰਾ ਨਹੀਂ ਕਰ ਸਕਦੀ।

## ਰਾਜਧਾਨੀ ਉਤੇ ਤੂਫਾਨੀ ਹਮਲਾ

ਇਥੋਂ ਹਟ ਕੇ ਸਿਕੰਦਰ ਨੇ ਮਾਲੀ ਕੌਮ ਦੀ ਰਾਜਧਾਨੀ ਵਿਰੁਧ ਕੂਚ ਬੋਲਿਆ 'ਕਿਉਂਕਿ ਏਥੇ ਹੀ ਆਸ ਪਾਸ ਦੇ ਇਲਾਕਿਆਂ ਦੇ ਲੋਕਾਂ ਨੇ ਆ ਕੇ ਪਨਾਹ ਲਈ ਸੀ। ਏਥੇ ਮਾਲੀਆਂ ਨੂੰ ਫੈਸਲਾ ਕਰੂ ਹਾਰ ਦੇਣ ਮਗਰੋਂ ਸਿਕੰਦਰ ਨੂੰ ਆਸ ਸੀ ਕਿ ਉਹ ਇਸ ਬਹੁ-ਗਿਣਤੀ ਵਾਲੀ ਸੂਰਬੀਰ ਜਾਤੀ ਉਤੇ ਵਿਜੇ ਪਾ ਸਕੇਗਾ। ਸਿਕੰਦਰ ਨੇ ਆਪਣੀ ਫੌਜ ਦੇ ਦੋ ਭਾਗ ਕੀਤੇ। ਇਕ ਦੀ ਅਗਵਾਈ ਪਰਡਿਕਾਸ ਨੂੰ ਸੌਂਪੀ ਗਈ ਤੇ ਦੂਜੇ ਭਾਗ ਦੀ ਕਮਾਨ ਸਿਕੰਦਰ ਨੇ ਆਪ ਸੰਭਾਲੀ। ਸਿਕੰਦਰ ਦੀ ਕਮਾਨ ਹੇਠ ਫੌਜ ਨੇ ਸ਼ਹਿਰ ਦੀਆਂ ਪੱਕੀਆਂ ਕੰਧਾਂ ਉਪਰ ਤੂਫਾਨੀ ਹੱਲਾ ਬੋਲਿਆ। ਹਮਲਾ ਆਵਰ ਫੌਜ ਸ਼ਹਿਰ ਦਾ ਇਕ ਦਰਵਾਜ਼ਾ ਤੋੜਨ ਵਿਚ ਸਫਲ ਹੋ ਗਈ। ਹਿੰਦੀਆਂ ਨੇ ਡਿੱਠਾ ਕਿ ਉਹ ਸ਼ਹਿਰ ਨੂੰ ਬਚਾ ਨਹੀਂ ਸਕਦੇ। ਇਹ ਵੇਖ ਕੇ ਉਹ ਕਿਲ੍ਹੇ ਦੇ ਅੰਦਰ ਜਾ ਵੜੇ ਅਤੇ ਇਥੋਂ ਵੈਰੀ ਦਾ ਟਾਕਰਾ ਕਰਨ ਲਗੇ। ਸਿਕੰਦਰੀ ਫੌਜਾਂ ਨੇ ਕਿਲ੍ਹੇ ਦਾ ਘੇਰਾ ਘਤ ਲਿਆ ਅਤੇ ਫ਼ੌਜ ਨੂੰ ਕਿਲ੍ਹੇ ਦੀਆਂ ਕੰਧਾਂ ਉਤੇ ਤੁਰਤ ਹਮਲੇ ਦਾ ਹੁਕਮ ਮਿਲ ਗਿਆ।

## ਸਿਕੰਦਰ ਦੀ ਬੇਪਨਾਹ ਵਰਿਆਮਗੀ

ਸਿਕੰਦਰ ਜਿੰਨੀ ਤੇਜ਼ੀ ਨਾਲ ਕੰਧਾਂ ਉਤੇ ਚੜ੍ਹਨਾ ਚਾਹੁੰਦਾ ਸੀ ਫੌਜ ਉਨੀ ਛੇਤੀ ਕੰਧਾਂ ਉਤੇ ਹੱਲਾ ਨਾ ਬੋਲ ਸਕੀ, ਇਹ ਵੇਖ ਕੇ ਸਿਕੰਦਰ ਨੇ ਇਕ ਸਿਪਾਹੀ ਪਾਸੋਂ ਪੌੜੀ ਖੋਹ ਲਈ ਅਤੇ ਆਪ ਕਿਲੇ ਦੀ ਕੰਧ ਨੂੰ ਪੌੜੀ ਜਾ ਲਾਈ। ਆਪਣੀ ਢਾਲ ਨੂੰ ਢਾਲ ਬਣਾ ਕੇ ਤੁਰਤ ਕੰਧ ਉਤੇ ਚੜ੍ਹ ਗਿਆ। ਉਸ ਦੇ ਮਗਰ ਮਗਰ ਉਹਦੇ ਤਿੰਨ ਚੋਣਵੇਂ ਅਫਸਰ ਵੀ ਕੰਧ ਉਤੇ ਜਾ ਚੜ੍ਹੇ। ਕਿਲੇ ਦੀ ਟੀਸੀ ਉਤੇ ਚੜ੍ਹ ਕੇ ਸਿਕੰਦਰ ਨੇ ਆਪਣੇ ਵੈਰੀਆਂ ਨਾਲ ਲੜਾਈ ਸ਼ੁਰੂ ਕਰ ਦਿਤੀ। ਸਿਕੰਦਰ ਦੀ ਚਮਕਦਾਰ ਫੌਲਾਦੀ ਵਰਦੀ ਤੋਂ ਉਸ ਦੀ ਸ਼ਨਾਖਤ ਹੋ ਗਈ। ਬਾਦਸ਼ਾਹ ਨੇ ਉਹਨਾਂ ਤੀਰ ਅੰਦਾਜ਼ਾਂ ਨੂੰ ਇਸ਼ਾਰਾ ਦਿਤਾ ਜੋ ਨਾਲ ਦੀ ਛਤ ਉਤੇ ਠਹਿਰਾਏ ਗਏ ਸਨ। ਆਪਣੇ ਕੁਛ ਹਮਲਾਆਵਰਾਂ ਨੂੰ ਉਸ ਨੇ ਆਪਣੀ ਤਲਵਾਰ ਦੇ ਘਾਟ ਉਤਾਰਿਆ ਬਾਕੀਆਂ ਨੂੰ ਉਸ ਨੇ ਕਿਲੇ ਦੀ ਕੰਧ ਤੋਂ ਥਲੇ ਸੁਟ ਦਿਤਾ। ਉਸ ਦੇ ਸਿਪਾਹੀਆਂ ਨੇ ਆਪਣੇ ਬਾਦਸ਼ਾਹ ਨੂੰ ਖਤਰੇ ਵਿਚ ਵੇਖ ਕੇ ਪੌੜੀਆਂ ਲਾ ਕੇ ਕੰਧ ਉਤੇ ਚੜ੍ਹਨ ਦਾ ਜਤਨ ਕੀਤਾ। ਪਰ ਉਹਨਾਂ ਉਤੇ ਐਨਾ ਸਖਤ ਦਬਾ ਪਿਆ ਕਿ ਉਹ ਠਹਿਰ ਨਾ ਸਕੇ ਤੇ ਉਹਨਾਂ ਵਿਚ ਅਫੜਾ ਤਫੜੀ ਮਚ ਗਈ। ਏਸੇ ਵਿਚਕਾਰ ਸਿਕੰਦਰ ਦੇ ਭਿਆਣਕ ਤੇ ਨਿਧੜਕ ਸੁਭਾ ਨੇ ਉਸ ਨੂੰ ਅਤਿ-ਦਲੇਰਾਨਾ ਕਾਰਰਵਾਈ ਕਰਨ ਲਈ ਉਤਸਾਹ ਦਿਤਾ।

## ਅਦੁਤੀ ਕਾਰਨਾਮਾ

ਇਹ ਗਲ ਵੇਖ ਕੇ ਕਿ ਉਹ ਕਿਲੇ ਦੀ ਛੱਤ ਉਪਰ ਆਪਣੀ ਵਰਤਮਾਨ ਪੁਜੀਸ਼ਨ ਨੂੰ ਬਰਕਾਰ ਨਹੀਂ ਰਖ ਸਕਦਾ ਉਹਨੇ ਦਲੇਰੀ ਕਰ ਕੇ ਕਿਲੇ ਦੇ ਵਿਚਕਾਰ ਛਾਲ ਮਾਰ ਦਿਤੀ। ਉਸ ਦੇ ਮਗਰੇ ਮਗਰ ਤਿੰਨੇ ਅਫਸਰ ਵੀ ਕੁਦ ਪਏ। ਹੁਣ ਇਹ ਤਿੰਨੇ ਵੈਰੀ ਦੀਆਂ ਕਤਾਰਾਂ ਨਾਲ ਲੜਾਈ ਵਿਚ ਜੁਟ ਪਏ। ਉਹਨਾਂ ਨੇ ਦਿਲ ਵਿਚ ਇਹ ਦ੍ਰਿੜ ਨਿਸ਼ਚਾ ਧਾਰ ਲਿਆ ਸੀ ਕਿ ਜਾਂ ਤੇ ਫਤਹ ਪਾ ਕੇ ਹਟਾਂਗੇ ਜਾਂ ਸੂਰਬੀਰਾਂ ਦੀ ਮੌਤ ਮਰਾਂਗੇ। ਹਿੰਦੀ ਫੌਜ ਦੇ ਕਮਾਂਡਰ ਨੇ ਇਹ ਹਾਲਤ ਵੇਖੀ ਤਦ ਉਹ ਹੱਥ ਵਿਚ ਖੜਗ ਲੈ ਕੇ ਸਿਕੰਦਰ ਉਤੇ ਵਾਰ ਕਰਨ ਲਈ ਅਗੇ ਵਧਿਆ ਪਰ ਸਿਕੰਦਰ ਦੇ ਬਰਛੇ ਨੇ ਉਸ ਦਾ ਸਰੀਰ ਵਿੰਨ੍ਹ ਦਿਤਾ। ਹੋਰ ਵੀ ਜਿਹੜੇ ਹਿੰਦੀ ਸੂਰਮਿਆਂ ਨੇ ਇਹਨਾਂ ਉਤੇ ਹਮਲੇ ਕੀਤੇ ਉਹਨਾਂ ਦਾ ਵੀ ਇਸ ਕਮਾਂਡਰ ਵਰਗਾ ਹੀ ਅੰਤ ਹੋਇਆ। ਸਿਕੰਦਰ ਅਤੇ ਉਸ ਦੇ ਸਾਥੀ ਕੰਧ ਨਾਲ ਪਿਠਾਂ ਜੋੜ ਕੇ ਖੜ ਗਏ ਅਤੇ ਇਸ ਤਰ੍ਹਾਂ ਹਰ ਹਮਲੇ ਦਾ ਟਾਕਰਾ ਕਰਨ ਵਿਚ ਸਫ਼ਲ ਹੋਏ। ਸਿਕੰਦਰ ਤੇ ਉਹਦੇ ਸਾਥੀਆਂ ਦੀਆਂ ਅੱਖਾਂ ਜੋਸ਼ ਨਾਲ ਲਾਲ ਸੂਹੀਆਂ ਹੋ ਗਈਆਂ। ਇਸ ਸਮੇਂ ਸਿਕੰਦਰ ਦੇ ਚਿਹਰੇ ਉਤੇ ਐਨੀ ਭਿਆਣਕਤਾ ਟਪਕਣ ਲਗੀ ਕਿ ਕਿਸੇ ਵੈਰੀ ਨੂੰ ਉਹਦੇ ਸਾਹਮਣੇ ਹੋਣ ਦਾ ਹੌਸਲਾ ਨਾ ਪੈਂਦਾ। ਸੂਰਬੀਰ ਐਬਰੀਆਸ ਵੀ ਬੜੀ ਬੇਜਿਗਰੀ ਨਾਲ ਆਪਣੇ ਬਾਦਸ਼ਾਹ ਦੇ ਨਾਲ ਹੀ ਹਮਲਿਆਂ ਦਾ ਟਾਕਰਾ ਕਰਦਾ ਰਿਹਾ। ਏਸੇ ਲੜਾਈ ਦੇ ਸਮੇਂ ਉਸ ਦੇ ਮਥੇ ਵਿਚ ਇਕ ਤੀਰ ਵੱਜਾ ਜਿਸ ਨਾਲ ਉਹ ਉਥੇ ਹੀ ਆਪਣੇ ਬਾਦਸ਼ਾਹ ਦੇ ਕਦਮਾਂ ਵਿਚ ਢਿਤ ਹੋ ਗਿਆ।

## ਸਿਕੰਦਰ ਫਟੜ ਹੋਇਆ

ਇਕ ਹੋਰ ਤੀਰ ਆਇਆ, ਜੋ ਸਿਕੰਦਰ ਦੀ ਛਾਤੀ ਦੀ ਫੌਲਾਦੀ ਪਲੇਟ (Breast plate) ਨੂੰ ਵਿਨ੍ਹਦਾ ਹੋਇਆ ਉਸ ਦੇ ਸਰੀਰ ਵਿਚ ਧਸ ਗਿਆ। ਇਸ ਤੀਰ ਨਾਲ ਸਿਕੰਦਰ ਦੀ ਛਾਤੀ ਵਿਚ ਜ਼ਖਮ ਹੋ ਗਿਆ। ਜ਼ਖਮ ਵਿਚੋਂ ਬਹੁਤ ਹੀ ਲਹੂ ਵਗਿਆ, ਪਰ ਸਿਕੰਦਰ ਨੇ ਦਿਲ ਨਾ ਛਡਿਆ ਅਤੇ ਮੌਤ ਨੂੰ ਮਖੌਲ ਕਰਦੇ ਹੋਏ ਨੇ ਪੂਰੇ ਜੋਸ਼ ਨਾਲ ਲੜਾਈ ਜਾਰੀ ਰਖੀ। ਅੰਤ ਨੂੰ ਉਸ ਦੀ ਸ਼ਕਤੀ ਜਵਾਬ ਦੇ ਗਈ, ਉਸ ਦੀਆਂ ਅੱਖਾਂ ਅਗੇ ਹਨੇਰਾ ਛਾ ਗਿਆ ਅਤੇ ਉਹ ਮੂੰਹ ਦੇ ਭਾਰ ਆਪਣੀ ਢਾਲ ਉਤੇ ਡਿਗ ਪਿਆ। ਇਸ ਤੇ ਉਸ ਦੇ ਦੋਵਾਂ ਸੂਰਬੀਰ ਸਾਥੀਆਂ ਨੇ ਉਸ ਦੇ ਸਰੀਰ ਨੂੰ ਆਪਣੀਆਂ ਢਾਲਾਂ ਨਾਲ ਕਜ ਲਿਆ। ਇਹ ਦੋਵੇਂ ਸਾਥੀ ਵੀ ਬੁਰੀ ਤਰਾਂ ਫਟੜ ਹੋਏ। ਪਰ ਦੋਵੇਂ ਸੂਰਮੇ ਆਪਣੇ ਸ਼ਾਹੀ ਮਾਲਕ ਦੀ ਔਕੜ ਨੂੰ ਵੇਖ ਕੇ ਆਪਣੇ ਸਭ ਦੁੱਖ ਭੁਲ ਗਏ।

## ਯੂਨਾਨੀ ਸਿਪਾਹੀਆਂ ਵਿਚਾਲੇ ਜੋਸ਼

ਇਹ ਹਾਲਤ ਵੇਖ ਕੇ ਕੰਧ ਦੇ ਦੂਜੇ ਪਾਸੇ ਖੜੀ ਯੂਨਾਨੀ ਫੌਜ ਵਿਚ ਬੜੀ ਬੇਚੈਨੀ ਤੇ ਜੋਸ਼ ਫੈਲਿਆ। ਪੌੜੀਆਂ ਦੀ ਸਹਾਇਤਾ ਨਾਲ ਕੰਧਾਂ ਉਪਰ ਚੜ੍ਹਨ ਦੀ ਸਭ ਆਸ ਜਾਂਦੀ ਰਹੀ ਇਸ ਲਈ ਉਹਨਾਂ ਨੇ ਕੰਧਾਂ ਵਿਚ ਫੌਲਾਦੀ ਕਿਲ ਠੋਕਣੇ ਸ਼ੁਰੂ ਕੀਤੇ। ਇਸ ਤਰ੍ਹਾਂ ਯੂਨਾਨੀ ਸਿਪਾਹੀ ਇਕ ਦੂਜੇ ਦੇ ਮੋਢਿਆਂ ਉਤੇ ਚੜ੍ਹ ਕੇ ਇਹਨਾਂ ਕਿੱਲਾਂ ਦੀ ਸਹਾਇਤਾ ਨਾਲ ਕਿਲ੍ਹੇ ਉਪਰ ਜਾ ਚੜ੍ਹੇ। ਜਿਸ ਵੇਲੇ ਉਹਨਾਂ ਡਿੱਠਾ ਕਿ ਉਹਨਾਂ ਦਾ ਬਾਦਸ਼ਾਹ (ਸਿਕੰਦਰ) ਬੁਰੀ ਤਰ੍ਹਾਂ ਫਟੜ ਹੋਇਆ ਪਿਆ ਹੈ ਤਦ ਉਹਨਾਂ ਦੇ ਜੋਸ਼ ਦਾ ਕੋਈ ਪਾਰਾਵਾਰ ਨਾ ਰਿਹਾ। ਉਹ ਭਿਆਣਕ ਨਾਹਰੇ

Sri Satguru Jagjit Singh Ji eLibrary NamdhariElibrary@gmail.com

ਲਾਉਂਦੇ ਹੋਏ ਕਿਲੇ ਦੇ ਅੰਦਰ ਜਾ ਵੜੇ ਅਤੇ ਉਹਨਾਂ ਨੇ ਆਪਣੇ ਫਟੜ ਬਾਦਸ਼ਾਹ ਦੇ ਗਿਰਦ ਘੇਰਾ ਘਤ ਲਿਆ। ਏਨੇ ਨੂੰ ਕਿਲੇ ਦੀ ਇਕ ਕੰਧ ਭੇਗਣ ਵਿਚ ਵੀ ਵੈਰੀਆਂ ਨੂੰ ਸਫਲਤਾ ਹੋ ਗਈ। ਉਸ ਮਘੋਰੇ ਰਾਹੀਂ ਬਹੁਤ ਸਾਰੀ ਯੂਨਾਨੀ ਫੌਜ ਕਿਲੇ ਦੇ ਅੰਦਰ ਜਾ ਵੜੀ ।

## ਕਤਲਿ ਆਮ

ਸਿਕੰਦਰੀ ਸਿਪਾਹੀਆਂ ਨੇ ਮਾਲੀਆਂ ਦਾ ਕਤਲਿ ਆਮ ਸ਼ੁਰੂ ਕਰ ਦਿਤਾ। ਰੋਹ ਵਿਚ ਭਰੇ ਹੋਏ ਸਿਪਾਹੀਆਂ ਨੇ ਕਿਸੇ ਨੂੰ ਜੀਉਂਦਾ ਨਾ ਛਡਿਆ । ਇਸ ਕਤਲ ਆਮ ਸਮੇਂ ਉਹਨਾਂ ਨੇ ਬੁੱਢੇ, ਬਚੇ ਤੇ ਤੀਵੀਆਂ ਤੀਕ ਨੂੰ ਵੀ ਮਾਫ ਨਾ ਕੀਤਾ। ਫਟੜ ਹੋਏ ਸਿਕੰਦਰ ਨੂੰ ਢਾਲ ਉਤੇ ਪਾ ਕੇ ਉਸ ਦੇ ਤੰਬੂ ਵਿਚ ਪੁਚਾਇਆ। ਉਹਨਾਂ ਨੂੰ ਸਿਕੰਦਰ ਦੀ ਜਾਨ ਦਾ ਬੜਾ ਤੌਖਲਾ ਲਗ ਗਿਆ। ਜਿਹੜਾ ਤੀਰ ਉਸ ਦੀ ਛਾਤੀ ਵਿਚ ਖੁਬਿਆ ਸੀ ਉਸ ਦੇ ਕਾਰਨ ਉਹਦੇ ਸਰੀਰ ਵਿਚੋਂ ਬਹੁਤ ਸਾਰਾ ਲਹੂ ਨਿਕਲ ਚੁਕਾ ਸੀ। ਤੀਰ ਨੂੰ ਸਰੀਰ ਵਿਚੋਂ ਬੜੀ ਮੁਸ਼ਕਲ ਨਾਲ ਬਾਹਰ ਕਢਿਆ ਗਿਆ। ਇਹ ਕੰਮ ਕੁਸ ਦੇ ਹਕੀਮ ਕਰੀਟੋਡੇਮਸ (Critodemus) ਨੇ ਬੜੀ ਹੁਸ਼ਿਆਰੀ ਨਾਲ ਕੀਤਾ । ਏਨੇ ਨੂੰ ਇਹ ਅਫਵਾਹ ਫੈਲ ਗਈ ਕਿ ਸਿਕੰਦਰ ਮਰ ਗਿਆ । ਇਸ ਅਫਵਾਹ ਦੇ ਕਾਰਨ ਕੈਂਪ ਵਿਚ ਬੜੀ ਤਸ਼ਵੀਸ਼ ਤੇ ਉਦਾਸੀ ਫੈਲੀ । ਜਦ ਸਿਕੰਦਰ ਨੂੰ ਇਸ ਗਲ ਦਾ ਪਤਾ ਲਗਾ ਤਦ ਉਹ ਆਪਣੇ ਸਿਪਾਹੀਆਂ ਦੀ ਤਸ਼ਵੀਸ਼ ਨੂੰ ਦੂਰ ਕਰਨ ਲਈ ਆਪਣੇ ਸਿਪਹੀਆਂ ਦੇ ਰੂ ਬਰੂ ਆਣ ਖੜਾ ਹੋਇਆ ਅਤੇ ਸਜੇ ਹੱਥ ਨਾਲ ਆਪਣੇ ਵਫਾਦਾਰ ਸਿਪਾਹੀਆਂ ਨੂੰ ਸਲਾਮੀ ਦਿਤੀ। ਉਸ ਨੇ ਹੁਕਮ ਦਿਤਾ ਕਿ ਮੇਰਾ ਘੋੜਾ ਹਾਜ਼ਰ ਕਰੋ। ਘੋੜੇ ਉਤੇ ਸਵਾਰ ਹੋ ਕੇ ਉਹਨੇ ਸਭ ਪਲਟਨਾਂ ਦਾ ਚਕਰ ਲਾਇਆ। ਉਸ ਨੂੰ ਸਹੀ ਸਲਾਮਤ ਵੇਖ ਕੇ ਯੂਨਾਨੀ ਸਿਪਾਹੀਆਂ ਦੀ ਖੁਸ਼ੀ ਦਾ ਟਿਕਾਣਾ ਨ ਰਿਹਾ । ਉਹਨਾਂ ਨੇ ਖੁਸ਼ੀ ਵਿਚ ਆ ਕੇ ਨਾਹਰੇ ਲਾਏ—"ਸਿਕੰਦਰ ਜ਼ਿੰਦਾਬਾਦ ! ਏਸ਼ੀਆ ਦੇ ਵਿਜਈ ਦੀ ਸਿਹਤ ਤੇ ਖੁਸ਼ਹਾਲੀ ਜ਼ਿੰਦਾਬਾਦ!!" ਇਹਨਾਂ ਆਕਾਸ਼ ਗੂੰਜਾਊ ਨਾਹਰਿਆਂ ਨਾਲ ਆਸ ਪਾਸ ਦਾ ਸਾਰਾ ਜੰਗਲ ਗੂੰਜ ਉਠਿਆ।

## ਮਾਲੀ ਤੇ ਉੱਚ ਦੇ ਲੋਕਾਂ ਦਾ ਈਨ ਮੰਨਣਾ

ਮਾਲੀਆਂ ਨੇ ਅਤੇ ਉਚ ਦੇ ਲੋਕਾਂ ਨੇ ਆਪਣੇ ਦੂਤ ਸਿਕੰਦਰ ਦੀ ਸੇਵਾ ਵਿਚ ਭੇਜੇ, ਜਿਨ੍ਹਾਂ ਨੇ ਬਿਨਾਂ ਸ਼ਰਤ ਹਾਰ ਮੰਨ ਲਈ। ਸਿਕੰਦਰ ਨੇ ਦੋਵਾਂ ਦੇ ਪ੍ਰਤੀਨਿਧਾਂ ਦੇ ਕਹਿਣ ਤੇ ਉਹਨਾਂ ਦੀ ਬੇਨਤੀ ਮੰਨ ਲਈ ਅਤੇ ਉਹਨਾਂ ਦੇ ਇਲਾਕੇ ਦਾ ਗਵਰਨਰ ਫਿਲਪ ਨੂੰ ਨਿਯਤ ਕਰ ਦਿਤਾ। ਉੱਚ ਦੇ ਲੋਕਾਂ ਨੇ ਆਪਣੇ ਸਭ ਤੋਂ ਵਧ ਸੂਰਬੀਰ ਤੇ ਕੌਮ ਦੇ ਸਿਰਕੱਢ ਇਕ ਹਜ਼ਾਰ ਜਵਾਨ ਯਰਗਮਾਲ ਵਜੋਂ ਸਿਕੰਦਰ ਦੇ ਹਵਾਲੇ ਕਰ ਦਿਤੇ। ਇਸ ਤੋਂ ਛੁਟ ਪੰਜ ਸੌ ਜੰਗੀ ਰੱਥ, ਰਥਵਾਨਾਂ ਸਮੇਤ ਅਤੇ ਘੋੜੇ ਵੀ ਦਿਤੇ। ਉਚ ਦੇ ਲੋਕਾਂ (ਔਕਸੀਡਰਾਕੀਆਂ) ਦੇ ਇਸ ਰਵਈਏ ਨਾਲ ਸਿਕੰਦਰ ਦੀ ਤਸੱਲੀ ਹੋ ਗਈ । ਉਸ ਨੇ ਯਰਗਮਾਲ ਦੇ ਬੰਦੇ ਸਭ ਵਾਪਸ ਮੋੜ ਦਿਤੇ ਪਰ ਜੰਗੀ ਰੱਥ ਤੇ ਉਹਨਾਂ ਦੇ ਰਥਵਾਨ ਤੇ ਘੋੜੇ ਪਰਵਾਨ ਕਰ ਲਏ। ਇਕ ਪਾਸੇ ਸਿਕੰਦਰ ਦੇ ਫੱਟਾਂ ਦਾ ਅਜੇ ਇਲਾਜ ਹੋ ਰਿਹਾ ਸੀ ਤੇ ਦੂਜੇ ਪਾਸੇ ਉਸ ਦੀ ਫੌਜ ਨਵੇਂ ਜਹਾਜ਼ ਬਣਾ ਕੇ ਉਸ ਦੇ ਬੇੜੇ ਵਿਚ ਵਾਧਾ ਕਰ ਰਹੀ ਸੀ । ਜਹਾਜ਼-ਸਾਜ਼ੀ ਦਾ ਕੰਮ ਹਾਈਡਰੌਤਸ (ਰਾਵੀ) ਅਤੇ ਅਸੈਸੀਨਜ (ਚਨਾਬ) ਦੇ ਸੰਗਮ ਦੇ ਨੇੜੇ ਹੋ ਰਿਹਾ ਸੀ।

## ਸਿਕੰਦਰ ਦਾ ਸਮੁੰਦਰੀ ਤੇ ਤਜਾਰਤੀ ਪ੍ਰਬੰਧ

ਪੰਜਾਬ ਦੇ ਬਿਲਕੁਲ ਦਖਣ ਵਿਚ ਪੰਜਨਦ ਦੇ ਅਸਥਾਨ ਉਤੇ ਉਸ ਨੇ ਇਕ ਨਵਾਂ ਸ਼ਹਿਰ ਵਸਾਇਆ ਜਿਸ ਦਾ ਨਾਮ ਰਖਿਆ ਗਿਆ ਸਕੰਦਰੀਆ। ਏਥੇ ਗੋਦੀਆਂ (Docks) ਵੀ ਇਸ ਮੰਤਵ ਲਈ ਬਣਾਈਆਂ ਗਈਆਂ ਕਿ ਇਕ ਤੇ ਤਜਾਰਤ ਤੇ ਸਮੁੰਦਰੀ ਆਵਾਜਾਈ ਦੀ ਸਹੂਲਤ ਹੋਵੇਗੀ ਦੂਜੇ ਆਸ ਪਾਸ ਵੱਸਣ ਵਾਲੀਆਂ ਕੌਮਾਂ ਦੇ ਸਿਰ ਉਤੇ ਕੁੰਡਾ (ਦਬਦਬਾ) ਰਹੇਗਾ। ਇਹ ਸ਼ਹਿਰ ਤੇ ਗੋਦੀਆਂ ਕਿਥੇ ਬਣਾਈਆਂ ਸਨ ਇਸ ਦਾ ਹੁਣ ਖੁਰਾ ਖੋਜ ਵੀ ਮਿਟ ਚੁਕਾ ਹੈ। ਮੁੜ ਸਮੁੰਦਰੀ ਯਲਗਾਰ ਸਮੇਂ ਅਲਾਸਟੇਨ ਜਾਂ ਅਵਸਥਾਨਾਂ ਨਾਮੀ ਉਸ ਆਜ਼ਾਦ ਹਿੰਦੀ ਕੌਮ ਨੇ ਸਿਕੰਦਰ ਦੀ ਈਨ ਮੰਨੀ ਜਿਸ ਨੂੰ ਉਸ ਦੇ ਜਰਨੈਲ ਪਰਡਿਕਾਸ ਨੇ ਫਤਹ ਕੀਤਾ ਸੀ। ਇਸ ਤੋਂ ਛੁਟ ਸਿਕੰਦਰ ਨੇ ਓਸਾਡੀਅਨਜ ਨੂੰ ਵੀ ਆਪਣੇ ਤਹਿਤ ਵਿਚ ਕਰ ਲਿਆ।

## ਭਖੜ ਦੇ ਬਾਦਸ਼ਾਹ ਦਾ ਈਨ ਮੰਨਣਾ

ਇਸ ਦੇ ਮਗਰੋਂ ਉਸ ਦਾ ਬੇੜਾ ਸ਼ੋਗਧੀ ਦੀ ਰਾਜਧਾਨੀ ਵਲ ਰਵਾਨਾ ਹੋਇਆ, ਜਿਸ ਨੂੰ ਅਜ ਕਲ ਭਖੜ ਆਖਦੇ ਹਨ। ਇਥੋਂ ਦੇ ਬਾਦਸ਼ਾਹ ਮੂਸੀ ਕੇਨਸ* ਨੇ ਸਿਕੰਦਰ ਦੀ ਬਾਜ ਗੁਜ਼ਾਰੀ ਪਰਵਾਨ ਕਰ ਲਈ ਅਤੇ ਉਸ ਨੇ ਸਿਕੰਦਰ ਨੂੰ ਬਹੁਤ ਸਾਰੇ ਹਾਥੀ ਅਤੇ ਵਡ ਮੁਲੀਆਂ ਸੁਗਾਤਾਂ ਭੇਟਾ ਕੀਤੀਆਂ । ਸਿਕੰਦਰ ਉਸ ਦੀ ਰਾਜਧਾਨੀ ਵਿਚ ਦਾਖਲ ਹੋਇਆ ਤੇ ਉਸ ਸ਼ਹਿਰ ਦੀ ਸੁੰਦਰਤਾ, ਸੁਹਪਣ ਤੇ ਸ਼ਾਨ ਦੀ ਬੜੀ ਪਰਸੰਸਾ ਕੀਤੀ । ਮੂਸੀਕੇਨਸ ਦਾ ਦੇਸ਼ ਉਸੇ ਦੇ ਕਬਜ਼ੇ ਵਿਚ ਰਹਿਣ ਦਿਤਾ। ਉਸ ਦੀ ਰਾਜਧਾਨੀ ਵਿਚ ਕਰੇਟਰਸ ਦੀ ਨਿਗਰਾਨੀ ਵਿਚ ਇਕ ਕਿਲੇ ਦੀ ਉਸਾਰੀ ਕੀਤੀ ਗਈ ਜਿਥੇ ਮਕਦੂਨੀ ਫੌਜ ਦਾ ਇਕ ਦਸਤਾ ਰਖਿਆ ਗਿਆ।

## ਸਿੰਧ ਦੇ ਨਾਲ ਨਾਲ ਫੌਜੀ ਚੌਕੀਆਂ ਤੇ ਨਗਰਾਂ ਦੀ ਆਬਾਦਕਾਰੀ

ਸਿਕੰਦਰ ਦੀ ਇਹ ਤੀਬਰ ਇੱਛਾ ਸੀ ਕਿ ਸਿੰਧ ਦੇ ਸਾਰੇ ਕੰਢੇ ਦੇ ਨਾਲ ਨਾਲ ਕਿਲਿਆਂ ਦੀ ਇਕ ਲੜੀ ਉਸਾਰੀ ਜਾਏ। ਇਹ ਕੰਮ ਉਹ ਤਜਾਰਤੀ ਤੇ ਰਾਜਸੀ ਲਾਭ ਨੂੰ ਮੁਖ ਰਖ ਕੇ ਕਰਨਾ ਚਾਹੁੰਦਾ ਸੀ । ਇਸ ਸਕੀਮ ਦੀ ਪੂਰਤੀ ਲਈ ਉਸ ਨੇ ਸਿੰਧ ਦੇ ਕੰਢਿਆਂ ਦੇ ਨਾਲ ਨਾਲ ਨਵੀਆਂ ਫੌਜੀ ਚੌਕੀਆਂ ਤੇ ਨਗਰ ਵਸਾਏ। ਪੱਛਮੀ ਸਿੰਧ ਦੇ ਨਾਲ ਵੀ ਜਿਥੇ ਜਿਥੇ ਨਦੀਆਂ ਨਹਿਰਾਂ ਦਾ ਸੰਗਮ ਸੀ ਉਥੇ ਵੀ ਫੌਜੀ ਚੌਕੀਆਂ ਕਾਇਮ ਕੀਤੀਆਂ ਗਈਆਂ ਤੇ ਨਗਰ ਵਸਾਏ ਗਏ। ਬਰਨਜ਼ ਸਾਨੂੰ ਦਸਦਾ ਹੈ ਕਿ ਭਖੜ ਦੀ ਪੁਰਾਤਨ ਰਾਜਧਾਨੀ ਅਲੋਰ (Alore) ਦੇ ਅਸਥਾਨ ਉਤੇ ਸੀ ਜੋ ਅਜ ਕਲ ਦੇ ਭਖੜ ਸ਼ਹਿਰ ਤੋਂ ਚਾਰ ਮੀਲ ਦੀ ਵਿਥ ਉਤੇ ਹੈ।

ਇਸ ਦੇ ਮਗਰੋਂ ਸਿਕੰਦਰ ਆਪਣੇ ਜਹਾਜ਼ ਉਤੇ ਸਵਾਰ ਹੋ ਕੇ ਅਤੇ ਆਪਣੇ ਨਾਲ ਸਾਰੀ ਫੌਜ ਨੂੰ ਲੈ ਕੇ ਨਾਲ ਦੇ ਦੇਸ ਔਕਸੀਕੈਨਸ ਵਲ ਵਧਿਆ । ਇਸ ਦੇਸ ਦੇ ਰਾਜੇ ਨੇ ਸਿਕੰਦਰ ਦੇ ਦੇਸ ਵਿਚ ਦਾਖਲੇ ਸਮੇਂ ਨਾ ਤੇ ਆਪਣੇ ਰਾਜਦੂਤ ਭੇਜੇ ਸਨ ਤੇ ਨਾ ਹੀ ਤੋਹਫੇ। ਉਸ ਦੇ ਦੋ ਵਡੇ ਸ਼ਹਿਰਾਂ ਉਤੇ ਹਮਲੇ ਕਰ ਕੇ ਉਹਨਾਂ ਨੂੰ ਲੁਟਿਆ।

*ਮਿਸਟਰ ਥੌਰੰਟਨ ਦਾ ਖਿਆਲ ਹੈ ਕਿ ਨਾਮ ਦੇ ਅੰਤਲਾ 'ਕੇਨਸ' ਉਵੇਂ ਹੀ ਹੈ ਜਿਵੇਂ। "ਖਾਨ" ਮੂਸੀਕੇਨਸ ਸ਼ਾਇਦ ਮੂਸਾ ਖਾਨ ਸੀ ਪਰ ਯੂਨਾਨੀ ਤੇ ਦੇਸੀ ਇਤਿਹਾਸ ਕਾਰ ਦਸਦੇ ਹਨ ਕਿ ਮਾਲੀ ਤੇ ਸਿੰਧੋਮਾਨੀ ਉਪਰ ਬਰਾਹਮਣਾਂ ਦਾ ਰਾਜ ਸੀ । ਇਸ ਲਈ ਮੂਸਾ ਖਾਨ ਕਦੇ ਵੀ ਹਿੰਦੂ ਨਾਮ ਨਹੀਂ ਹੋ ਸਕਦਾ

Sri Satguru Jagjit Singh Ji eLibrary NamdhariElibrary@gmail.com

ਸਿਕੰਦਰੀ ਫੌਜਾਂ ਨੇ ਇਥੋਂ ਦੇ ਬਾਦਸ਼ਾਹ ਨੂੰ ਕੈਦ ਕਰ ਲਿਆ ਤੇ ਫੇਰ ਉਸ ਨੂੰ ਜਾਨੋਂ ਮਾਰ ਦਿਤਾ । ਇਸ ਦੇ ਪਿਛੋਂ ਉਸ ਨੇ ਸਿੰਧੋਮਨਾ ਦੇ ਰਾਜੇ ਸੈਬਸ ਵਿਰੁਧ ਚੜ੍ਹਾਈ ਕੀਤੀ। ਸਿੰਧੋਮਨਾ ਅਜ ਕਲ ਦੇ ਸਿੰਧ ਸੂਬੇ ਦਾ ਹੀ ਨਾਮ ਸੀ।

ਯੂਨਾਨੀ ਫੌਜਾਂ ਦੇ ਪਹੁੰਚਣ ਉਤੇ ਉਥੋਂ ਦਾ ਬਾਦਸ਼ਾਹ ਐਨਾ ਬਦਹਵਾਸ ਹੋਇਆ ਕਿ ਡਰਦਾ ਮਾਰਿਆ ਪਹਾੜਾਂ ਵਿਚ ਜਾ ਲੁਕਿਆ । ਪਰ ਸ਼ਹਿਰ ਦੇ ਪਤਵੰਤੇ ਲੋਕਾਂ ਨੇ ਸਿਕੰਦਰ ਦੇ ਦਾਖਲੇ ਲਈ ਸ਼ਹਿਰ ਦੇ ਦਰਵਾਜ਼ੇ ਖੋਹਲ ਦਿਤੇ ਅਤੇ ਆਪਣੀ ਵਲੋਂ ਸ਼ਾਨਦਾਰ ਸੁਗਾਤਾਂ ਭੇਟ ਕਰ ਕੇ ਸਿਕੰਦਰ ਦੇ ਗੁਸੇ ਨੂੰ ਸ਼ਾਂਤ ਕੀਤਾ। ਇਸ ਤਰ੍ਹਾਂ ਉਹਨਾਂ ਨੇ ਆਪਣੇ ਸ਼ਹਿਰ ਨੂੰ ਲੁਟ ਮਾਰ ਤੋਂ ਬਚਾ ਲਿਆ।

## ਬਰਾਹਮਣਾਂ ਦਾ ਇਤਿਹਾਸ

ਇਸ ਦੌਰਾਨ ਵਿਚ ਪਰਦੇਸੀ ਹਮਲਾ ਆਵਰਾਂ ਨੂੰ ਦੇਸ ਵਿਚੋਂ ਬਾਹਰ ਕਢਣ ਲਈ ਬਰਾਹਮਣਾਂ ਨੇ ਆਪੋ ਵਿਚ ਗਠ ਜੋੜ ਕਰ ਲਿਆ । ਉਹ ਸਾਰੇ ਮਿਲ ਕੇ ਆਪਣੇ ਦੇਸ ਨੂੰ ਗੈਰਾਂ ਦੇ ਕਬਜ਼ੇ ਤੋਂ ਛੁਡਾਉਣਾ ਚਾਹੁੰਦੇ ਸਨ । ਇਸ ਗਠ ਜੋੜ ਵਿਚ ਸੌਗਦੀ ਦਾ ਬਾਦਸ਼ਾਹ ਮੁਸੀਕੌਨਸ ਵੀ ਸ਼ਾਮਲ ਹੋ ਗਿਆ, ਹਾਲਾਂਕਿ ਸਿਕੰਦਰ ਨੇ ਉਸ ਨੂੰ ਆਪਣੀ ਵਲੋਂ ਬੜਾ ਮਾਨ ਦਿਤਾ ਸੀ

## ਹਾਰ ਤੇ ਸਜ਼ਾ

ਇਹਨਾਂ ਬਾਗੀਆਂ ਨੂੰ ਕੁਚਲ ਦੇਣ ਲਈ ਸਿਕੰਦਰ ਨੇ ਪੇਈਥੋਨ ਨਾਮੀ ਜਰਨੈਲ ਨੂੰ ਨਿਯਤ ਕੀਤਾ। ਇਸ ਯੂਨਾਨੀ ਜਰਨੈਲ ਨੇ ਬਾਗ਼ੀ ਜਾਤੀਆਂ ਨੂੰ ਹਾਰ ਦੇ ਕੇ ਬੜਾ ਕਤਲ ਆਮ ਮਚਾਇਆ । ਮੁਸੀਕੇਨਸ ਨੂੰ ਬੇੜੀਆਂ ਪਵਾ ਕੇ ਸਿਕੰਦਰ ਦੇ ਪੇਸ਼ ਕੀਤਾ ਗਿਆ। ਸਿਕੰਦਰ ਨੇ ਉਸ ਨੂੰ ਅਤੇ ਬਹੁਤ ਸਾਰੇ ਉਹਨਾਂ ਲੀਡਰਾਂ ਤੇ ਬਰਾਹਮਣਾਂ ਨੂੰ ਫਾਂਸੀ ਉਤੇ ਲਟਕਾ ਦਿਤਾ ਜਿਨ੍ਹਾਂ ਨੇ ਇਸ ਸਾਜ਼ਸ਼ ਨੂੰ ਭੜਕੌਣ ਵਿਚ ਸਰਗਰਮ ਭਾਗ ਲਿਆ ਸੀ। ਇਹਨਾਂ ਘਟਨਾਵਾਂ ਦੇ ਮਗਰੋਂ ਉਸ ਨੇ ਆਪਣਾ ਸਮੁੰਦਰੀ ਸਫਰ ਫੇਰ ਸ਼ੁਰੂ ਕਰ ਦਿਤਾ। ਉਸ ਦੀ ਸਮੁੰਦਰੀ ਫੌਜ ਉਸ ਦਹਾਨੇ ਵਿਚ ਜਾ ਪੁਜੀ ਜਿਥੋਂ ਦਰਿਆ ਸਿੰਧ ਦੇ ਦੋ ਵਡੇ ਭਾਗ ਬਣ ਜਾਂਦੇ ਹਨ।

## ਪਾਟਲਾ ਰਾਜੇ ਦੀ ਹਾਰ

ਇਸ ਇਲਾਕੇ ਦੀ ਰਾਜਧਾਨੀ ਪਾਟਲਾ ਸੀ ਅਤੇ ਏਥੇ ਮੋਕਰਸ ਨਾਮੀ ਰਾਜੇ ਦਾ ਰਾਜ ਸੀ। ਇਹ ਰਾਜਾ ਆਪ ਚਲ ਕੇ ਸਿਕੰਦਰ ਦੇ ਕੈਂਪ ਵਿਚ ਆਇਆ ਅਤੇ ਆਪਣਾ ਸਾਰਾ ਖਜ਼ਾਨਾ ਤੇ ਰਾਜ ਉਸ ਦੇ ਚਰਨਾਂ ਵਿਚ ਭੇਟ ਕਰ ਦਿਤਾ । ਸਿਕੰਦਰ ਨੇ ਉਸ ਦਾ ਸਾਰਾ ਖਜ਼ਾਨਾ ਤੇ ਦੇਸ ਜੋ ਉਸ ਨੇ ਭੇਟ ਕੀਤਾ ਉਸੇ ਨੂੰ ਬਖਸ਼ ਦਿਤਾ ਅਤੇ ਬੜੀ ਇਜ਼ਤ ਨਾਲ ਉਸ ਨੂੰ ਵਾਪਸ ਮੋੜਿਆ। ਜਨਰਲ ਕਨਿੰਘਮ ਲਿਖਦਾ ਹੈ ਪਾਟਲਾ ਉਹੋ ਅਸਥਾਨ ਸੀ ਜਿਥੇ ਅਜ ਕਲ ਹੈਦਰਾਬਾਦ (ਸਿੰਧ) ਹੈ । ਇਹ ਸ਼ਹਿਰ ਕਿਲੇਬੰਦ ਸੀ । ਏਥੇ ਬੰਦਰਗਾਹ ਤੇ ਗੋਦੀਆਂ ਵੀ ਬਣਾਈਆਂ ਗਈਆਂ ਜਿਥੇ ਇਕ ਵੱਡਾ ਸਮੁੰਦਰੀ ਬੇੜਾ ਠਹਿਰ ਸਕਦਾ ਸੀ ।

## ਸਿਕੰਦਰ ਦੀ ਹਿੰਦ ਤੋਂ ਰਵਾਨਗੀ ੩੨੬ ਪੂਰਵ ਈਸਾ

ਆਪਣੇ ਸਮੁੰਦਰੀ ਬੇੜੇ ਨੂੰ ਨੀਰਚਸ ਦੇ ਹਵਾਲੇ ਕਰ ਕੇ ਸਿਕੰਦਰ ਨੇ ਆਪਣੀ ਫੌਜ ਸਮੇਤ ਈਰਾਨ ਤੇ ਸੂਸਾ ਵਲ ਮੁਹਾਰਾਂ ਮੋੜੀਆਂ। ਇਹ ਸਫਰ ਉਸ ਨੇ ੩੨੬ ਪੂਰਵ ਈਸਾ ਗੇਡਰੋਸ਼ੀਆ (ਮੇਕਰਾਨ) ਅਤੇ ਕਾਰਮਾਨੀਆ (ਕਰਮਾਨ) ਦੇ ਰਸਤੇ ਧਾਰਨ ਕੀਤਾ। ਅੰਦਾਜ਼ਾ ਲਾਇਆ ਗਿਆ ਹੈ ਕਿ ਮਕਦੂਨੀਆਂ ਦੀ ਰਾਜਧਾਨੀ ਪੇਲਾ ਤੋਂ ਰਵਾਨਗੀ ਦੇ ਸਮੇਂ ਤੋਂ ਲੈ ਕੇ ਉਸ ਦੇ ਬਾਬਲ ਵਿਚ ਪਹੁੰਚਣ ਤੀਕ ਉਸ ਨੇ ਜਿੰਨਾ ਸਫਰ ਕੀਤਾ ਉਹ ੧੯ ਹਜ਼ਾਰ ਅੰਗਰੇਜ਼ੀ ਮੀਲਾਂ ਤੋਂ ਵਧੀਕ ਸੀ। ਉਹਨਾਂ ਦਿਨਾਂ ਵਿਚ ਐਨਾ ਸਫ਼ਰ ਕਰ ਲੈਣਾ ਇਕ ਕਰਾਮਾਤ ਤੋਂ ਘਟ ਨਹੀਂ । ਉਸ ਸਮੇਂ ਜਿੰਨੀ ਦੁਨੀਆਂ ਦਾ ਮਨੁਖ ਨੂੰ ਪਤਾ ਲਗ ਚੁਕਾ ਸੀ ਉਹਨੇ ਉਹ ਸਾਰੀ ਹੀ ਫਤਹ ਕਰ ਲਈ ਸੀ। ਉਸ ਦੀਆਂ ਫੌਜਾਂ ਦੁਨੀਆਂ ਦੇ ਜਿਸ ਹਿਸੇ ਵਿਚ ਵੀ ਪਹੁੰਚੀਆਂ ਉਥੇ ਹੀ ਉਸ ਨੇ ਸ਼ਾਨਦਾਰ ਸ਼ਹਿਰਾਂ ਦੀ ਨੀਂਹ ਰਖੀ, ਵਡੇ ਵਡੇ ਸਮੁੰਦਰੀ ਬੇੜੇ ਕਾਇਮ ਕੀਤੇ, ਤਜਾਰਤੀ ਆਵਾ ਜਾਈ ਤੇ ਮੇਲ ਜੋਲ ਦੀ ਉੱਨਤੀ ਦੇ ਸਾਧਨਾਂ ਨੂੰ ਤਰੱਕੀ ਦਿਤੀ । ਉਸ ਨੇ ਸਭ ਤੋਂ ਵਧੀਕ ਸ਼ਕਤੀ ਸ਼ਾਲੀ ਕੌਮਾਂ ਨੂੰ ਵੀ ਈਨ ਮਨਾਈ ਅਤੇ ਤਾਕਤਵਰ ਤੋਂ ਤਾਕਤਵਰ ਬਾਦਸ਼ਾਹੀਆਂ ਤੇ ਰਾਜਾਂ ਨੂੰ ਫਤਹ ਕੀਤਾ। ਉਸ ਨੇ ਵਡੇ ਵਡੇ ਸ਼ਹਿਰਾਂ ਦਾ ਹੰਕਾਰ ਤੋੜਿਆ ਤੇ ਉਹਨਾਂ ਨੂੰ ਸਾੜ ਕੇ ਸਵਾਹ ਕਰ ਦਿਤਾ। ਉਸ ਨੇ ਉਹਨਾਂ ਦੇ ਅਜਿਤ ਕਿਲਿਆਂ ਤੇ ਮਹਲਾਂ ਦੀ ਇੱਟ ਨਾਲ ਇੱਟ ਖੜਕਾ ਦਿਤੀ।

## ਫਤਹ ਅਤੇ ਸਭਿਅਤਾ ਦੀਆਂ ਵਿਸ਼ਾਲ ਸਕੀਮਾਂ

ਦੁਨੀਆ ਵਿਚ ਸਿਕੰਦਰ ਦਾ ਹੁਣ ਕੋਈ ਵਿਰੋਧੀ ਬਾਕੀ ਨਹੀਂ ਸੀ ਰਿਹਾ। ਇਸ ਗਲ ਦੇ ਬਾਵਜੂਦ ਉਹ ਅਜੇ ਵੀ ਫਤਹ ਤੇ ਸਭਿਅਤਾ ਦੀਆਂ ਹੋਰ ਹੋਰ ਸਕੀਮਾਂ ਲਈ ਤਿਆਰੀ ਕਰ ਰਿਹਾ ਸੀ। ਇਹਨਾਂ ਸਕੀਮਾਂ ਵਿਚੋਂ ਇਕ ਸਕੀਮ ਸਾਰੇ ਭਾਰਤ ਵਰਸ਼ ਨੂੰ ਆਪਣੇ ਮਾਤਹਿਤ ਕਰਨ ਦੀ ਸੀ। ਉਹ ਅਜੇ ਇਹ ਸਕੀਮਾਂ ਘੜ ਹੀ ਰਿਹਾ ਸੀ ਕਿ ਮੌਤ ਦੇ ਜ਼ਬਰਦਸਤ ਹਥ ਨੇ ਉਸ ਨੂੰ ਗਲੋਂ ਆਨ ਦਬਾਇਆ !

## ਸਿਕਦਰ ਦੀ ਮੌਤ ੩੨੩ ਪੂਰਵ ਈਸਾ

੧੩ ਜੂਨ ਸੰਨ ੩੨੩ ਪੂਰਵ ਈਸਵੀ ਵਾਲੇ ਦਿਨ ਬਾਬਲ (Babylon) ਵਿਚ ਸਿਕੰਦਰ ਦਾ ਚਲਾਣਾ ਹੋ ਗਿਆ। ਮਰਨ ਸਮੇਂ ਉਸ ਦੀ ਆਯੂ ਕੇਵਲ ੩੨ ਸਾਲ ਦੀ ਸੀ ਤੇ ਉਸ ਨੇ ਕੇਵਲ ੧੨ ਬਰਸ ੮ ਮਹੀਨੇ ਰਾਜ ਕੀਤਾ ਸੀ। ਉਸ ਦੀ ਮੌਤ ਦਾ ਕਾਰਨ ਇਹ ਸੀ ਕਿ ਉਹਨੇ ਤੇਜ਼ ਸ਼ਰਾਬਾਂ ਪੀਣ ਤੇ ਹੋਰ ਗਰਮ ਭੋਜਣਾਂ ਮਗਰੋਂ ਦਰਿਆ ਵਿਚ ਹਦੋਂ ਵਧ ਅਸ਼ਨਾਨ ਕੀਤਾ ਜਿਸ ਕਰ ਕੇ ਉਸ ਨੂੰ ਬੁਖਾਰ ਨੇ ਆਨ ਘੇਰਿਆ। ਅਸਕੰਦਰੀਆ ਦੇ ਅਸਥਾਨ ਉਤੇ ਉਸ ਦੀ ਮ੍ਰਿਤਕ ਦੇਹ ਨੂੰ ਸੁਨਹਿਰੀ ਖਫਨ ਵਿਚ ਦਫਨ ਕੀਤਾ ਗਿਆ। ਮਿਸਰ ਤੇ ਹੋਰ ਦੂਜੇ ਦੇਸ਼ਾਂ ਵਿਚ ਉਸ ਦੀ ਦੇਵਤਿਆਂ ਵਾਂਗ ਇਜ਼ਤ ਕੀਤੀ ਗਈ। ਮਰਨ ਤੋਂ ਪਹਿਲੇ ਉਸ ਨੇ ਆਪਣੇ ਐਡੇ ਵਿਸ਼ਾਲ ਰਾਜ ਦਾ ਕੋਈ ਵਾਰਸ ਨਿਯਤ ਨ ਕੀਤਾ। ਪਰ ਜਦ ਉਸ ਤੋਂ ਪੁਛ ਕੀਤੀ ਗਈ ਕਿ ਉਹਦੇ ਪਿਛੋਂ ਵਾਰਸ ਕੌਣ ਬਣੇਗਾ ਤਦ ਉਸ ਨੇ ਇਸ ਪੁਛ ਦਾ ਇਹ ਉਤਰ ਦਿਤਾ - "ਜਿਹੜਾ ਸਭ ਤੋਂ ਵਧੀਕ ਯੋਗ ਹੋਵੇ।" ਇਸ ਮਹਾਨ ਵਡੇ ਵਿਜਈ ਦੀ, ਐਨੀ ਛੋਟੀ ਉਮਰ ਵਿਚ ਮੌਤ ਇਕ ਯਾਦ ਰਖਣ ਵਾਲੀ ਮਿਸਾਲ ਹੈ ਕਿ ਮਨੁਖਾ ਜੀਵਨ ਤੇ ਮਨੁਖੀ ਵਡਿਆਈ ਨਾਲ ਸਬੰਧ ਰਖਣ ਵਾਲੀ ਹਰ ਸ਼ੈ ਕਿੰਨੀ ਖਿਣ ਭੰਗਰ ਹੁੰਦੀ ਹੈ। ਉਸ ਦੀ ਮੌਤ ਦੇ ਥੋੜੇ ਹੀ ਦਿਨਾਂ ਦੇ ਅੰਦਰ ਅੰਦਰ ਉਸ ਦੀਆਂ ਪਤਨੀਆਂ, ਉਸ ਦਾ ਬੱਚਾ, ਅਤੇ ਉਸ ਦੀ ਮਾਂ, ਸਭ ਮਾਰੇ ਗਏ ਅਤੇ ਉਸ ਦਾ ਵਿਸ਼ਾਲ ਰਾਜ ਉਸ ਦੇ ਜਰਨੈਲਾਂ ਨੇ ਆਪੋ ਵਿਚ ਵੰਡ ਲਿਆ। ਛੁਟ ਨਾਮ ਦੇ ਉਸ ਦੀ ਪੈਦਾ ਕੀਤੀ ਹੋਈ ਕੋਈ ਵੀ ਸ਼ੈ ਬਾਕੀ ਨ ਰਹਿ ਗਈ।

Sri Satguru Jagjit Singh Ji eLibrary NamdhariElibrary@gmail.com

## ਪੰਜਾਬ ਵਿਚ ਉਸ ਦੀ ਪਾਲਿਸੀ

ਉਪਰੋਕਤ ਵਾਰਤਾ ਤੋਂ ਇਹ ਗਲ ਸਪਸ਼ਟ ਹੋ ਜਾਂਦੀ ਹੈ ਕਿ ਸਿਕੰਦਰ ਨੇ ਪੰਜਾਬ ਵਿਚ ਕੋਈ ਰਾਜ ਪ੍ਰਬੰਧ ਕਾਇਮ ਨਾ ਕੀਤਾ। ਇਸ ਦੇਸ ਬਾਰੇ ਉਸ ਨੇ ਜਿਹੜੀ ਪਾਲਿਸੀ ਧਾਰਨ ਕੀਤੀ ਉਹ ਸੀ ਦੇਸ ਦੇ ਬਾਦਸ਼ਾਹਾਂ ਨਾਲ ਮਿਤਰਤਾ ਕਰਨਾ, ਆਪਣੇ ਵੈਰੀਆਂ ਨੂੰ ਫੌਜਾਂ ਦੇ ਬਲ ਨਾਲ ਈਨ ਮਨੌਣਾਂ, ਉਹਨਾਂ ਦੇ ਇਲਾਕਿਆਂ ਨੂੰ ਆਪਣੇ ਮਿਤਰ ਰਾਜਿਆਂ ਵਿਚ ਵੰਡਣਾ, ਉਸ ਨੇ ਕਈ ਨਵੇਂ ਸ਼ਹਿਰਾਂ ਦੀ ਨੀਂਹ ਰਖੀ। ਪੰਜਾਬ ਵਿਚ ਦਰਿਆ ਸਿੰਧ ਦੇ ਨਾਲ ਨਾਲ ਫੌਜੀ ਅਤੇ ਸਮੁੰਦਰੀ ਚੌਕੀਆਂ ਕਾਇਮ ਕੀਤੀਆਂ। ਪੰਜਾਬ ਅਤੇ ਸਿੰਧ ਵਿਚ ਉਹ ਵਖ ਵਖ ਥਾਵਾਂ ਉਪਰ ਆਪਣੇ ਪਿਛੇ ਆਪਣੀਆਂ ਫੌਜਾਂ ਛਡ ਗਿਆ, ਜਿਸ ਤੋਂ ਮਲੂਮ ਹੁੰਦਾ ਹੈ ਉਸ ਦਾ ਇਰਾਦਾ ਛੇਤੀ ਹੀ ਵਾਪਸ ਮੁੜਨ ਦਾ ਸੀ, ਪਰ ਕਿਸਮਤ ਨੇ ਉਸ ਨੂੰ ਆਪਣੇ ਇਰਾਦੇ ਪੂਰੇ ਕਰਨ ਦਾ ਅਵਸਰ ਹੀ ਨਾ ਦਿਤਾ।

———

# ਪਰਕਰਨ-੧੦

## ਸਿਕੰਦਰ ਦੀ ਮੌਤ ਤੋਂ ਲੈ ਕੇ ਮੁਸਲਮਾਨੀ ਹਮਲੇ ਤੀਕ

### ਸਿਲੀਯੁਕਸ ਨਿਕੇਟਰ

ਮਹਾ ਸਿਕੰਦਰ ਦੀ ਮੌਤ ਮਗਰੋਂ ਉਸ ਦੇ ਵਿਸ਼ਾਲ ਰਾਜ ਦੀਆਂ ਵੰਡੀਆਂ ਪੈ ਚੁਕਣ ਤੇ ਬਾਬਲ ਦੇ ਗਵਨਰ ਸਲੀਯੂਕਸ ਨਿਕਟਰ ਨੇ ਨਾ ਕੇਵਲ ਉਸ ਦੇਸ ਤੇ ਬਾਖਤਰ (Bactria) ਨੂੰ ਹੀ ਮੁੜ ਆਪਣੇ ਅਧੀਨ ਕਰ ਲਿਆਂ ਸਗੋਂ ਫਰਾਤ (Euphates) ਦੇ ਪਾਰਲਾ ਸਾਰਾ ਦੇਸ ਫਤਹ ਕਰ ਕੇ ੩੦੫ ਪੂਰਬ ਈਸਵੀ ਵਿਚ ਦਰਿਆ ਸਿੰਧ ਪਾਰ ਕੀਤਾ ਤਾਂ ਜੁ ਮਗਧ [ਬਿਹਾਰ] ਦੇ ਬਾਦਸ਼ਾਹ ਚੰਦਰ ਗੁਪਤ [ਸੈਂਦਰਾ ਕੋਟਾਸ) ਉਪਰ ਹਮਲਾ ਕਰੇ, ਕਿਉਂਕਿ ਉਸ ਨੇ ਪੰਜਾਬ ਦੇ ਇਲਾਕਿਆਂ ਵਿਚੋਂ ਯੂਨਾਨੀ ਦਸਤਿਆਂ ਨੂੰ ਪਹਿਲੇ ਹੀ ਬਾਹਰ ਨਸਾ ਦਿਤਾ ਸੀ ਅਤੇ ਪੰਜਾਬ ਵਾਸੀਆਂ ਨੂੰ ਆਪਣੇ ਅਧੀਨ ਕਰ ਲਿਆ ਸੀ।

### ਯੁਨਾਨੀਆਂ ਵਿਰੁਧ ਹਿੰਦੀਆਂ ਦੀ ਬਗਾਵਤ

ਸਿਕੰਦਰ ਦੇ ਭਾਰਤੀ ਧਰਤੀ ਤੋਂ ਰਵਾਨਾ ਹੁੰਦੇ ਸਾਰ ਹੀ ਹਿੰਦੀਆਂ ਨੇ ਉਸ ਵਿਰੁਧ ਬਗਾਵਤ ਖੜੀ ਕਰ ਦਿਤੀ। ਸਿਕੰਦਰ ਆਪਣੇ ਪਿਛੇ ਜਿਸ ਮਕਦੂਨੀ ਗਵਨਰ ਨੂੰ ਛਡ ਗਿਆ ਉਸ ਨੂੰ ਕਤਲ ਕਰ ਦਿਤਾ ਗਿਆ ਅਤੇ ਉਸ ਦੀ ਯੂਨਾਨੀ ਤੇ ਹਿੰਦੀ ਮਿਲੀ ਜੁਲੀ ਫੌਜ ਜਾਂ ਤੇ ਤਲਵਾਰ ਦੇ ਘਾਟ ਉਤਾਰੀ ਗਈ ਜਾਂ ਮਾਰ ਮਾਰ ਕੇ ਨਸਾ ਦਿਤੀ। ਇਸ ਕਾਰਵਾਈ ਦਾ ਸਿੱਟਾ ਇਹ ਹੋਇਆ ਕਿ ਮਕਦੂਨੀ ਫੌਜ ਨੇ ਹਿੰਦੀਆਂ ਦੀ ਕਤਲਿ ਆਮ ਮਚਾ ਦਿਤੀ, ਸਿਕੰਦਰ ਦੇ ਭੇਜੇ ਹੋਏ ਨਵੇਂ ਗਵਰਨਰ ਨੇ ਸ਼ਾਹ ਪੋਰਸ ਪਹਿਲੇ ਨੂੰ ਮੌਤ ਦੇ ਘਾਟ ਉਤਾਰ ਦਿਤਾ ਅਤੇ ਇਸ ਗਲ ਦਾ ਕੋਈ ਲਿਹਾਜ਼ ਨ ਕੀਤਾ ਕਿ ਸਿਕੰਦਰ ਦੇ ਹਮਲੇ ਸਮੇ ਉਸ ਨੇ ਮਕਦੂਨੀਆ ਦੀ ਫੌਜ ਨਾਲ ਕਈ ਅਵਸਰਾਂ ਉਤੇ ਮਿਤਰਤਾ ਦਾ ਸਬੂਤ ਦਿਤਾ ਸੀ।

### ਚੰਦਰ ਗੁਪਤ ੩੨੬ ਪੂਰਬ ਈਸਾ

ਪਰ ਗਰਵਰ ਨੂੰ ਵੀ ਆਪਣਾ ਬੋਰੀਆ ਬਿਸਤਰਾ ਚੰਦਰ ਗੁਪਤ ਦੇ ਆਉਣ ਤੇ ਗੋਲ ਕਰਨਾ ਪਿਆ। ਚੰਦਰ ਗੁਪਤ ਨੇ ਭਾਰਤ ਵਿਚ ਆਪਣੀ ਨਵੀਂ ਬਾਦਸ਼ਾਹੀ ਕਾਇਮ ਕਰ ਲਈ ਸੀ। ਇਹ ਉਹੋ ਮਨਚਲਾ ਨੌਜਵਾਨ ਸੀ ਜੋ ਗੰਗਾ ਦੀ ਵਾਦੀ ਤੋਂ ਜਲਾਵਤਨ ਹੋਣ ਮਗਰੋਂ ਸਿਕੰਦਰ ਨੂੰ ਪੰਜਾਬ ਵਿਚ ਇਸ ਆਸ ਤੇ ਮਿਲਣ ਗਿਆ ਸੀ ਕਿ ਆਪਣੇ ਰਾਜ ਨੂੰ ਮੁੜ ਪ੍ਰਾਪਤ ਕਰਨ ਲਈ ਉਸ ਪਾਸੋਂ ਸਹਾਇਤਾ ਦੀ ਮੰਗ ਕਰੇ। ਸਿਕੰਦਰ ਦੇ ਇਥੋਂ ਚਲੇ ਜਾਣ ਮਗਰੋਂ ਉਸ ਨੇ ਨਾ ਕੇਵਲ ਗੰਗਾ ਵਾਦੀ ਦਾ ਇਲਾਕਾ ਹੀ ਮੁੜ ਪ੍ਰਾਪਤ ਕਰ ਲਿਆ ਸਗੋਂ ਪੁਰਾਣੇ ਨੰਦ ਪਰਿਵਾਰ ਨੂੰ ਦੇਸੋਂ ਬਾਹਰ ਕਢ ਕੇ ਪਾਲੀ ਪੁਤਰ (ਪਾਟਲੀ ਪੁਤਰ) ਉਪਰ ਕਬਜ਼ਾ ਕਰ ਲਿਆ ਸੀ। ਪਾਟਲੀ ਪੁਤਰ ਉਹੋ ਸ਼ਹਿਰ ਸੀ ਜਿਸ ਨੂੰ ਅਜ ਕਲ ਪਟਨਾ ਆਖਿਆ ਜਾਂਦਾ ਹ। ਸਲਯੂਕਸ ਨੇ ਦਰਿਆ ਸਿੰਧ ਪਾਰ ਕਰ ਕੇ ਚੰਦਰ ਗੁਪਤ ਨੂੰ ਕਈ ਹਾਰਾਂ ਦਿਤੀਆਂ। ਏਨੇ ਨੂੰ ਬਾਬਲ ਵਿਚ ਬਗਾਵਤ ਉਠ ਖੜੀ ਹੋਈ ਜਿਸ ਕਰ ਕੇ ਉਸ ਨੂੰ ਮਜਬੂਰਨ ਪੰਜਾਬ ਛਡਣਾ ਪੈ ਗਿਆ ਤਾਂ ਜੁ ਪਿਛੇ ਜਾ ਕੇ ਆਪਣ ਰਾਜ ਨੂੰ ਬਚਾ ਸਕੇ।

### ਯੂਨਾਨੀ ਤੇ ਹਿੰਦੀ ਬਾਦਸ਼ਾਹ ਵਿਚਾਲੇ ਸੰਧੀ

ਪਿਛਾਂਹ ਵਾਪਸ ਮੁੜਨ ਤੋਂ ਪਹਿਲੇ ਉਸ ਨੇ ਇਕ ਅਮਨ ਸੰਧੀ ਉਤੇ ਦਸਖਤ ਕਰ ਦਿਤੇ। ਇਸ ਸੰਧੀ ਦੇ ਅਨੁਸਾਰ ਸਿੰਧ ਦੀ ਵਾਦੀ ਸਮੇਤ ਪਸ਼ਵਰ ਤੀਕ ਦਾ ਸਾਰਾ ਪੰਜਾਬ ਹਿੰਦੀ ਬਾਦਸ਼ਾਹ (ਚੰਦਰ ਗੁਪਤ) ਦੇ ਹਵਾਲੇ ਕੀਤਾ ਗਿਆ, ਜਿਸ ਨੇ ਇਸ ਦੇ ਬਦਲੇ ਯੂਨਾਨੀ ਜਰਨੈਲ ਨੂੰ ੫੦੦ ਹਾਥੀ ਤੇ ੧੦੦ ਜੰਗੀ ਰਥ ਭੇਟਾ ਕੀਤੇ। ਭਾਰਤੀ ਬਾਦਸ਼ਾਹ ਨਾਲ ਆਪਣੇ ਸੰਬੰਧ ਹੋਰ ਗੂਹੜੇ ਕਰਨ ਲਈ ਸਲਯੂਕਸ ਨੇ ਆਪਣੀ ਪੁਤਰੀ ਦੀ ਸ਼ਾਦੀ ਚੰਦਰ ਗੁਪਤ ਨਾਲ ਕਰ ਦਿਤੀ। ਉਸ ਨੇ ਇਕ ਯੂਨਾਨੀ ਵਿਦਵਾਨ ਮੈਗਸਥੇਨੀਜ਼ ਨੂੰ ਮਗਧ ਦੇ ਦਰਬਾਰ ਵਿਚ ਆਪਣਾ ਰਾਜ ਦੂਤ ਬਣਾ ਕੇ ਭੇਜਿਆ। ਇਸੇ ਮੈਗਸਥੇਨੀਜ਼ ਨੇ ਪਿਛੋਂ ਹਿੰਦ ਦਾ ਹਾਲ ਬੜੇ ਵਿਸਥਾਰ ਨਾਲ ਲਿਖਿਆ ਸੀ। ਭਾਵੇਂ ਇਸ ਸਮੇਂ ਤੋਂ ਮਗਰੋਂ ਪੰਜਾਬ ਵਿਚ

Sri Satguru Jagjit Singh Ji eLibrary NamdhariElibrary@gmail.com

ਯੂਨਾਨੀਆਂ ਦਾ ਗਲਬਾ ਖਤਮ ਹੋ ਗਿਆ ਫੇਰ ਵੀ ਨਿਰਸੰਦੇਹ ਦੋਹਾਂ ਵਿਚਾਲੇ ਕੁਛ ਨਾ ਕੁਛ ਤਜਾਰਤੀ ਤੇ ਵਪਾਰਕ ਸੰਬੰਧ ਕਾਇਮ ਰਹੇ । ਬਲਖ਼ ਅਤੇ ਬੁਖ਼ਾਰੇ ਵਿਚੋਂ ਸਲਯੂਕਸ ਨਿਕੇਟਰ ਦੇ ਸਿਕੇ ਪਰਾਪਤ ਹੋਏ ਹਨ ।

## ਐਂਟੀਓਕਸ ਦਾ ਪੰਜਾਬ ਉਤੇ ਹਮਲਾ
## ੨੦੬ ਪੂਰਵੀ ਈਸਾ

ਯੂਨਾਨੀ ਤੇ ਰੋਮਨ ਇਤਿਹਾਸਕਾਰ ਲਿਖਦੇ ਹਨ ਕਿ ੨੦੬ ਪੂਰਬ ਈਸਾ ਵਿਚ ਪੰਜਾਬ ਉਤੇ ਸਲਯੁਕਸ ਨਿਕੇਟਰ ਦੇ ਪੋਤੇ ਐਂਟੀਓਕਸ ਨੇ ਹਮਲਾ ਕੀਤਾ ਸੀ । ਹਿੰਦੀ ਉਸ ਨੂੰ ਐਂਟੀਯਾਕੋ ਯੋਨਾਂ ਰਾਜਾ* ਆਖਦੇ ਸਨ । ਉਸ ਸਮੇਂ ਪੰਜਾਬ ਉਪਰ ਚੰਦਰ ਗੁਪਤ ਦਾ ਪੋਤਾ ਅਸ਼ੋਕ ਰਾਜ ਕਰਦਾ ਸੀ । ਅਸ਼ੋਕ ਬੁਧ ਮਤ ਦਾ ਜੋਸ਼ੀਲਾ ਪੈਰੋਕਾਰ ਸੀ । ਪੱਥਰ ਉਤੇ ਲਿਖੇ ਹੋਏ ਉਸ ਦੇ ਹੁਕਮ ਨਾਮੇ (ਸ਼ਿਲਾ ਲੇਖ) ਸ਼ਾਹਬਾਜ਼ ਗੜ੍ਹੀ (ਜ਼ਿਲਾ ਪਸ਼ਾਵਰ) ਵਿਚੋਂ ਮਿਲੇ ਹਨ, ਜਿਸ ਦਾ ਪੁਰਾਤਨ ਨਾਮ ਸੁਧਾਨਾ ਸੀ ਤੇ ਜੋ ਬੜਾ ਪੁਰਾਤਨ ਬੋਧੀ ਸ਼ਹਿਰ ਸੀ । ਇਹ ਸ਼ਹਿਰ ਬੋਧੀ ਰਾਜੇ ਦੇ ਨਾਮ ਉਪਰ ਵਸਾਇਆ ਗਿਆ ਸੀ । ਉਸ ਦੇ ਉਸਾਰੇ ਹੋਏ ਸ਼ਿਲਾ ਮੁਨਾਰੇ ਤੇ ਚੂਨੇ ਦੇ ਥੰਮ ਜਿਨ੍ਹਾਂ ਉਤੇ ਪਾਲੀ ਜ਼ਬਾਨ ਵਿਚ ਉਸ ਦੇ ਹੁਕਮ ਨਾਮੇ ਦਰਜ ਹਨ ਉੜੀਸੇ ਤੇ ਕੱਛ ਤੋਂ ਲੈ ਕੇ ਕਾਬਲ ਦੇ ਪਰੇ ਤੀਕ ਦੇ ਇਲਾਕੇ ਵਿਚੋਂ ਮਿਲੇ ਹਨ । ਇਹਨਾਂ ਦਾ ਪਤਾ ਲਾਉਣ ਵਾਲਾ ਤੇ ਪਾਲੀ ਜ਼ਬਾਨ ਨੂੰ ਪੜ੍ਹਨ ਵਾਲਾ ਵਿਦਵਾਨ ਮਿਸਟਰ ਜੇਮਜ਼ ਪ੍ਰਿਨਸਪ ਨਾਮੀ ਪ੍ਰਸਿਧ ਪੂਰਬੀ ਜ਼ਬਾਨਾਂ ਦਾ ਮਾਹਰ ਹੈ । ਏਸੇ ਨੇ ਸਭ ਤੋਂ ਪਹਿਲੇ ਪੁਰਾਤਨ ਪਾਲੀ ਬੋਲੀ ਨੂੰ ਪੜ੍ਹਨ ਦੀ ਕੁੰਜੀ ਦਾ ਪਤਾ ਲਾਇਆ ਸੀ । ਐਂਟੀਉਕਸ ਨੇ ਅਸ਼ੋਕ ਨਾਲ ਸੰਧੀ ਕੀਤੀ ਸੀ ਜਿਸ ਕਰ ਕੇ ਪੰਜ਼ਾਬ ਵਿਚ ਯੂਨਾਨੀ ਅਸਰ ਬਰਕਰਾਰ ਰਿਹਾ । ਇਸ ਦਾ ਹੋਰ ਸਬੂਤ ਉਹਨਾਂ ਯੂਨਾਨੀ ਸਿਕਿਅ (ਮੁਦਰਾ) ਤੋਂ ਮਿਲਦਾ ਹੈ ਜੋ ਪੰਜਾਬ ਅਤੇ ਅਫਗਾਨਿਸਤਾਨ ਦੀ ਸਰਹਦ ਉਤੋਂ ਪ੍ਰਾਪਤ ਹੋਏ ਹਨ ।

## ਅਸ਼ੋਕ ਦੇ ਸ਼ਿਲਾਲੇਖ

ਵਰਤਮਾਨ ਪਿੰਡ ਸ਼ਾਹਬਾਜ਼ ਗੜ੍ਹੀ ਦੇ ਉੱਤਰ ਪੱਛਮ ਵਲ ਜਿਹੜੀ ਬੜੀ ਵੱਡੀ ਸਾਰੀ ਚਿਟਾਨ ਹੈ ਉਸ ਉਤੇ ਅਸ਼ੋਕ ਦਾ ਬੜਾ ਵੱਡਾ ਸ਼ਿਲਾ-ਲੇਖ ਦਰਜ ਹੈ । ਉਸ ਵਿਚ ਪੰਜ ਯੂਨਾਨੀ ਬਾਦਸ਼ਾਹਾਂ ਦੇ ਨਾਮ ਦਰਜ ਹਨ ਯਥਾ ਸ਼ਾਮ ਦਾ ਐਂਟੀਓਕਸ, ਕੀਰੀਨੀ ਦਾ ਮਾਗਸ, ਐਪੀਰਸ ਦਾ ਸਿਕੰਦਰ ਦੂਜਾ । ਸੁਕਾਨਾ (ਸ਼ਾਹਬਾਜ਼ ਗੜ੍ਹੀ) ਦਾ ਸਾਰਾ ਦਾਇਰਾ, ਏਰੀਅਨ ਦੇ ਬਾਜ਼ਾਰੀ ਸਮੇਤ ਚਾਰ ਮੀਲ ਹੈ । ਅਜ ਦਿਨ ਤੀਕ ਲੋਕ ਦਸਦੇ ਹਨ ਕਿ ਉਹ ਅਸਥਾਨ ਸ਼ਹਿਰ ਦੇ ਪੂਰਬੀ ਦਰਵਾਜ਼ੇ ਦੇ ਬਾਹਰ ਵਾਰ ਹੈ ਜਿਥੇ ਅਸ਼ੋਕ ਨੇ ਆਪਣੀ ਪੁਤਰੀ ਤੇ ਪੁਤਰ ਇਕ ਬਰਾਹਮਣ ਨੂੰ ਦਾਨ ਕੀਤੇ ਸਨ ਤੇ ਜਿਨ੍ਹਾਂ ਨੂੰ ਬਰਾਹਮਣ ਨੇ ਦਾਸ ਬਣਾ ਕੇ ਵੇਚ ਦਿਤਾ ਸੀ । ਚੀਨੀ ਸੈਲਾਨੀ ਫਾਹੀਅਨ ਅਤੇ ਹਿਊਨ ਸਾਂਗ ਨੇ ਇਸ ਅਸਥਾਨ ਨੂੰ ਜਨਰਲ ਕਨਿੰਘਮ ਦੇ ਕਥਨ ਅਨੁਸਾਰ ਪੋਲੂਸ਼ਾ ਅਥਵਾ ਫ਼ੋਸ਼ਾ ਲਿਖਿਆ ਹੈ ।

## ਬਾਖਤਰੀ ਬਾਦਸ਼ਾਹ ਅਨੇਰਾਡਾਈਟਸ ਦਾ ਪੰਜਾਬ ਉਤੇ ਹਮਲਾ ੧੯੫ ਪੂਰਵ ਈਸਾ

ਬਾਖਤਰ (ਬੈਕਟਰੀਆ) ਦੇ ਮਹਾਨ ਵੱਡੇ ਬਾਦਸ਼ਾਹ ਅਨੇਰਾਡਾਈਟਸ ਨੇ ੧੯੫ ਪੂਰਵ ਈਸਾ ਵਿਚ ਪੰਜਾਬ ਉਤੇ ਹਮਲਾ ਕੀਤਾ ਅਤੇ ਪਟਾਲਾ ਤੀਕ ਦਾ ਇਲਾਕਾ ਆਪਣੇ ਕਬਜ਼ੇ ਵਿਚ ਕਰ ਲਿਆ । ਪਾਟਾਲਾ ਉਹੋ ਸ਼ਹਿਰ ਹੈ ਜਿਸ ਨੂੰ ਅਜ ਕਲ ਹੈਦਰਾਬਾਦ ਆਖਦੇ ਹਨ ਤੇ ਜੋ ਸਿੰਧ ਵਿਚ ਹੈ । ਕਿਹਾ ਜਾਂਦਾ ਹੈ ਉਸ ਬਾਦਸ਼ਾਹ ਨੇ ਕੱਛ ਅਤੇ ਗੁਜਰਾਤ ਵਿਚ ਵੀ ਇਕ ਮੁਹਿੰਮ ਭੇਜੀ ਸੀ ਉਸ ਦੀ ਔਲਾਦ ਮੇਨਾਂਦਰ ਅਤੇ ਅਪੋਲੋਡੋਟਸ ਨੇ ਪੰਜਾਬ ਉਤੇ ੧੨੯ ਪੂਰਬ ਈਸਾ ਤੋਂ ੧੧੦ ਪੂਰਬ ਈਸਾ ਤੀਕ ਰਾਜ ਕੀਤਾ । ਮੇਨਾਂਦਰ ਦੇ ਸਿਕੇ ਕਾਬਲ ਤੋਂ ਲੈ ਕੇ ਮਥਰਾ ਤੀਕ ਮਿਲੇ ਹਨ ਜੋ ਦਰਿਆ ਜਮਨਾ ਦੇ ਕਿਨਾਰੇ ਵਸਦਾ ਹੈ । ਯੂਨਾਨੀ—ਬੈਕਟਰੀਆ ਰਾਜ ਦਾ ਅੰਤ ੧੨੭ ਪੂਰਬ ਈਸਾ ਵਿਚ ਹੋਇਆ ਸੀ । ਇਸ ਗਲ ਦੇ ਬਾਵਜੂਦ ਉਸ ਰਾਜ ਦੀਆਂ ਸ਼ਾਖਾਂ ਪੰਜਾਬ, ਸਿੰਧ ਦੀ ਵਾਦੀ ਅਤੇ ਕਾਬਲ ਉਪਰ ਰਾਜ ਕਰਦੀਆਂ ਰਹੀਆਂ ਅਤੇ ਉਹਨਾਂ ਦਾ ਇਹ ਰਾਜ ਸੰਨ ੧੨੭ ਪੂਰਬ ਈਸਾ ਤੀਕ ਜਾਰੀ ਰਿਹਾ, ਜਿਹਾ ਕੇ ਪਿਛੋਂ ਪ੍ਰਾਪਤ ਹੋਏ ਉਸ ਯੂਨਾਨੀ ਟਕਸਾਲ ਦੇ ਸਿਕਿਆਂ ਤੋਂ ਪਤਾ ਚਲਦਾ ਹੈ ਜਿਸ ਦੇ ਦੂਜੇ ਪਾਸੇ ਆਰੀਆਈ ਜ਼ਬਾਨ ਅੰਕਿਤ ਹੈ ।

ਪੰਜਾਬ ਵਿਚੋਂ ਪ੍ਰਾਪਤ ਹੋਏ ਪਾਰਥੀਅਨ ਬਾਦਸ਼ਾਹਾਂ ਦੇ ਸਿਕਿਆਂ ਉਪਰ ਦਰਜ ਲਿਖਤ ਤੋਂ ਪਰੋਫੈਸਰ ਲਾਸਨ ਅਤੇ ਵਿਲਸਨ ਨੇ ਜੋ ਸਿਟੇ ਕਢੇ ਉਹਨਾਂ ਤੋਂ ਸਪਸ਼ਟ ਹੈ ਕਿ ਪੰਜਾਬ ਉਪਰ ਉਹਨਾਂ ਬਾਦਸ਼ਾਹਾਂ ਦਾ ਰਾਜ ਸੰਨ ੯੦ ਤੋਂ ੬੦ ਪੂਰਬ ਈਸਾ ਤੀਕ ਰਿਹਾ ।

## ਪਾਰਥੀ ਬਾਦਸ਼ਾਹ ਮਿਥਰੀਡੇਟਸ ਦਾ ਹਮਲਾ

ਇਸ ਗਲ ਦੀ ਪਰੋਢਤਾ ਇਤਿਹਾਸ ਵਿਚ ਦਰਜ ਇਸ ਗਲ ਤੋਂ ਵੀ ਹੁੰਦੀ ਹੈ ਕਿ ਮਹਾਨ ਵਡੇ ਐਨਰੇਡਾਈਟਸ ਦੇ ਵਿਸ਼ਾਲ ਰਾਜ ਦੀਆਂ ਵੰਡੀਆਂ ਸਮੇਂ, ਜੋ ਉਸ ਦੀ ਮੌਤ ਦੇ ਤੁਰਤ ਮਗਰੋਂ ਪੈ ਗਈਆਂ ਸਨ, ਭਾਰਤ ਉਤੇ ਮਿਥਰਾਡੇਟਸ ਨਾਮੀ ਇਕ ਪਾਰਥੀ ਬਾਦਸ਼ਾਹ ਨੇ ਸੰਨ ੧੪੦ ਪੂਰਬ ਈਸਵੀ 'ਵਿਚ ਹਮਲਾ ਕੀਤਾ ।

## ਪੰਜਾਬ ਵਿਚ ਸੀਥੀਅਨਜ਼ ਦਾ ਪਰਭਾਵ ੧੧੦ ਪੂਰਬ ਈਸਾ

ਸੰਨ ੧੧੦ ਪੂਰਵ ਈਸਾ ਦੇ ਲਗ ਪਗ ਪੰਜਾਬ ਵਿਚ ਸੀਥੀਅਨਜ਼ ਪ੍ਰਭਾਵ ਦਾ ਗਲਬਾ ਸੀ । ਚੀਨੀ ਇਤਿਹਾਸ ਕਾਰ ਯਊ-ਤੀ (ਗੀਟਸ ਅਥਵਾ ਜੀਤਸ) ਜਿਸ ਦਾ ਚੀਨ ਤੇ ਤੀਨਸ਼ਾਨ (ਪਵਿਤਰ ਪਰਬਤਾਂ) ਵਿਚਲੇ ਵਿਸ਼ਾਲ ਇਲਾਕੇ ਵਿਚ ਰਾਜ ਸੀ, ਨੂੰ ਹੂਨਾਂ ਨਾਲ ਕਈ ਖੂਨੀ ਲੜਾਈਆਂ ਮਗਰੋਂ ਆਪਣੇ ਦੇਸ ਤੋਂ ਜਲਾਵਤਨ ਹੋਣਾ ਪਿਆ । ਇਹ ਹੂਨ ਵਡੇ ਵਡੇ ਟੋਲਿਆਂ ਵਿਚ ਅਫਗਾਨਿਸਤਾਨ ਅਤੇ ਪੰਜਾਬ ਦੀਆਂ ਸਰਹਦਾਂ ਵਿਚ ਦਾਖਲ ਹੋਏ ਅਤੇ ਦੇਸ ਦੇ ਉਹਨਾਂ ਇਲਾਕਿਆਂ ਵਿਚ ਪੱਕੀ ਤਰ੍ਹਾਂ ਪੈਰ ਜਮਾ ਕੇ ਬੈਠ ਗਏ । ਸੰਨ ੧੦੫ ਪੂਰਬ ਈਸਵੀ ਵਿਚ ਇਹਨਾਂ ਨੇ ਮਾਨਾਸਾਂ ਪਾਸੋਂ ਟੈਕਸਲਾ ਦਾ ਰਾਜ ਖੋਹ ਲਿਆ ਸੀ । ਉਹਨਾਂ ਨੇ ਬਾਦਸ਼ਾਹ ਆਇਸ ਅਤੇ ਅਜੀਲੀਸੇਸ ਪੰਜਾਂ ਦਰਿਆਵਾਂ ਦੇ ਸਾਰੇ ਦੇਸ਼ ਦੇ ਮਾਲਕ ਬਣ ਗਏ ਸਨ, ਜਿਹਾ ਕਿ ਹੁਣੇ ਹੁਣੇ ਪ੍ਰਾਪਤ ਹੋਏ ਸਿਕਿਆਂ ਤੋਂ ਪਤਾ ਚਲਦਾ ਹੈ ।

## ਹਿੰਦ ਦਾ ਚਕਰਵਰਤੀ ਰਾਜਾ ਵਿਕਰਮਾ ਦਿਤ
## ੫੬ ਪੂਰਵ ਈਸਾ

ਸੰਨ ੫੬ ਪੂਰਬ ਈਸਾ ਵਿਚ ਮਹਾਨ ਵਡੇ ਭਾਰਤੀ ਬਾਦਸ਼ਾਹ

*ਅਰਥਾਤ ਐਂਟੀਓਕਸ ਸ਼ਾਹ ਯੂਨਾਨ

Sri Satguru Jagjit Singh Ji eLibrary NamdhariElibrary@gmail.com

ਵਿਕਰਮਾਦਿਤ ਨੇ ਸੀਥੀਅਨ ਬਾਦਸ਼ਾਹਾਂ ਨੂੰ ਪੰਜਾਬ ਵਿਚੋਂ ਬਾਹਰ ਕਢ ਮਾਰਿਆ, ਪਰ ਉਸ ਦੀ ਮੌਤ ਮਗਰੋਂ ਸੀਥੀਅਨ ਲੋਕਾਂ ਦੇ ਨਵੇਂ ਟੋਲੇ ਦੇਸ਼ ਉਪਰ ਛਾ ਗਏ ਅਤੇ ਉਹਨਾਂ ਨੇ ਇਸ ਦੇਸ ਵਿਚ ਬਾਦਸ਼ਾਹਾਂ ਦਾ ਇਕ ਖਾਨਦਾਨ ਕਾਇਮ ਕਰ ਦਿਤਾ ਜੋ ਕਾਡਫੀਸਸ ਦੇ ਨਾਮ ਨਾਲ ਪ੍ਰਸਿਧ ਹੋਏ । ਇਹਨਾਂ ਦੇ ਮਗਰੋਂ ਸੀਥੀਆਨਾਂ ਦਾ ਇਕ ਹੋਰ ਵੱਡਾ ਟੋਲਾ ਆਇਆ ਜਿਸ ਨੇ ਇਹਨਾਂ ਦੀ ਥਾਂ ਕਾਨਿਸ਼ਕੀ ਬਾਦਸ਼ਾਹਾਂ ਦਾ ਪਰਿਵਾਰ ਤੋਰਿਆ ।

## ਕਾਡਫੀਸੀ ਤੇ ਕਾਨਿਸ਼ਕੀ ਪਰਿਵਾਰਾਂ ਦੇ ਬਾਦਸ਼ਾਹ ਸੰਨ ੫੦੦ ਈਸਵੀ ਵਿਚ

ਇਹਨਾਂ ਦੋਹਾਂ ਪਰਿਵਾਰਾਂ ਨੇ ਪੰਜਾਬ ਉਤੇ ਸੀਥੀਅਨ ਬਾਦਸ਼ਾਹਾਂ ਦਾ ਸੰਨ ੫੦੦ ਈਸਵੀ ਤੀਕ ਆਪਣਾ ਰਾਜ ਜਾਰੀ ਰਖਿਆ । ਇਹ ਗਲ ਉਹਨਾਂ ਸਿਕਿਆਂ ਤੋਂ ਸਪਸ਼ਟ ਹੋਈ ਜੋ ਪੰਜਾਬ, ਬਾਮੀਆਂ ਅਤੇ ਕਾਬਲ ਵਿਚੋਂ ਪ੍ਰਾਪਤ ਹੋਏ ਹਨ । ਇਸ ਗਲ ਦੀ ਪਰੋੜ੍ਹਤਾ ਚੀਨੀ ਸੈਲਾਨੀ ਫਾ-ਹੀਅਨ ਜਿਸ ਨੇ ਪੰਜਵੀਂ ਸਦੀ ਵਿਚ ਪੰਜਾਬ ਦੇ ਪੰਜਾਂ ਦਰਿਆਵਾਂ ਨੂੰ ਪਾਰ ਕੀਤਾ, ਦੇ ਬਿਆਨ ਤੋਂ ਅਤੇ ਇਕ ਮੰਦਰ ਉਪਰਲੀ ਉਸ ਲਿਖਤ ਤੋਂ ਵੀ ਹੁੰਦੀ ਹੈ ਜੋ ਰਾਜਪੂਤਾਨੇ ਦੇ ਕੋਟਾਹ ਪਾਸ ਹੈ ਤੇ ਜਿਸ ਦੀ ਲਿਖਤ ਦਾ ਸੰਨ ੪੦੯ ਈਸਵੀ ਹੈ । ਇਹ ਮੰਦਰ ਸਾਲਪੁਰੇ ਦੇ ਜ਼ੀਤ ਬਾਦਸ਼ਾਹ ਦੀ ਯਾਦ ਵਿਚ ਉਸਾਰਿਆ ਗਿਆ ਸੀ । ਐਨਲਜ਼ ਆਫ ਰਾਜਪੂਤਾਨਾ ਦੀ ਲਿਖਤ ਵੀ ਉਪਰੋਕਤ ਗਲ ਦੀ ਹਾਮੀ ਭਰਦੀ ਹੈ । ਡਾਇਰੀ (ਐਨਲਜ਼) ਦਾ ਲਿਖਾਰੀ ਕਰਨਲ ਟਾਡ ਜੀਤ ਬਾਦਸ਼ਤ ਦਾ ਜ਼ਿਕਰ ਕਰਦਾ ਹੋਇਆ ਲਿਖਦਾ ਹੈ ਕਿ "ਪੰਜਾਬ ਵਿਚਲੇ ਸਾਲ-ਪੁਰੇ ਦੇ ਇਹ ਜੀਤ ਰਾਜੇ ਉਸ ਯਾਦਗਾਰ ਦੇ ਸਮੇਂ ਤੋਂ ਹੀ ਯੂਤੀ ਨੌਆਬਾਦੀ ਦੇ ਲੀਡਰ ਚਲੇ ਆਉਂਦੇ ਸਨ ਜਿਸ ਨੇ ਗੁਹਾਨਿਸ ਦੇ ਬਿਆਨ ਅਨੁਸਾਰ ਪੰਜਵੀਂ ਸਦੀ ਵਿਚ ਸਿੰਧ ਨੂੰ ਪਾਰ ਕਰਕੇ ਪੰਜਾਬ ਉਪਰ ਆਪਣਾ ਰਾਜ ਸਥਾਪਨ ਕਰ ਲਿਆ ਸੀ ।"

ਯੂਨਾਨੀ-ਸੀਥੀਅਨ ਕਿਸਮ ਦੇ ਕਾਨੇਸ਼ਕੀ ਤੇ ਕਾਡਟੀਸਸ ਬਾਦਸ਼ਾਹ ਦੇ ਸੋਨੇ, ਚਾਂਦੀ ਤੇ ਤਾਂਬੇ ਦੇ ਸਿਕੇ, ਤੀਜੀ ਤੇ ਚੌਥੀ ਸੱਦੀ ਦੇ ਸਾਮਾਨੀ ਬਾਦਸ਼ਾਹਾਂ ਦੇ ਸਿਕਿਆਂ ਨਾਲ ਮਿਲੇ ਜੁਲੇ ਮਾਨਕਿਆਲਾਂ* ਦੇ ਖੰਡਰਾਂ ਵਿਚੋਂ ਮਿਲੇ ਹਨ । ਮਾਨਕਿਆਲਾਂ ਅਟਕ ਤੇ ਜਿਹਲਮ ਦੇ ਅਧ ਵਿਚਕਾਰ ਹੈ । ਜਨਰਲ ਵੈਨਤੂਰਾ ਅਤੇ ਜਨਰਲ ਕੋਰਟ ਨੇ ਸੰਨ ੧੮੩੦ ਵਿਚ ਇਹ ਸਿਕੇ ਲਭੇ ਸਨ । ਇਹ ਦੋਵੇਂ ਜਰਨੈਲ ਉਦੋਂ ਮਹਾਰਾਜਾ ਰਣਜੀਤ ਸਿੰਘ ਦੇ ਮੁਲਾਜ਼ਮ ਸਨ ।

ਕਿਹਾ ਜਾਂਦਾ ਹੈ ਕਿ ਯੂਸਫਜ਼ਈ ਇਲਾਕੇ ਦੇ ਉਤਰੀ ਭਾਗ ਵਿਚ ਬਹੁਤ ਸਾਰੀਆਂ ਪੁਰਾਤਨ ਕੀਮਤੀ ਚੀਜ਼ਾਂ ਮੌਜੂਦ ਹਨ । ਵਡੇ ਵਡੇ ਥੇਹ ਇਹ ਹਨ । ਸ਼ਾਹਬਾਜ਼ ਗੜ੍ਹੀ, ਤਖ਼ਤੀ ਬਾਈ, ਸ਼ਹਿਰੀ ਬਹਿਲੋਲ, ਜਮਾਲ ਗੜ੍ਹੀ, ਖਾਰਕਈ, ਸਵਾਲ ਢੇਰ ਅਤੇ ਰਾਮੀ ਗਾਤ ਜੋ ਮਰਦਾਨ ਦੇ ਪੂਰਬ ਵਲ ਹੈ ।

## ਗੋਰਾ ਹੂਨਾਂ ਉਤੇ ਤੁਰਕਾਂ ਦੀ ਜਿੱਤ ਸੰਨ ੫੫੫

ਪੰਜਵੀ ਸਦੀ ਦੇ ਆਰੰਭ ਵਿਚ ਗੋਰੇ ਹੂਨਾਂ ਨੇ ਕਾਡਚੀਸਸ ਪਰਿਵਾਰ ਨੂੰ ਹਾਰ ਦੇ ਕੇ ਏਥੋਂ ਬਾਹਰ ਕੱਢ ਦਿਤਾ । ਪਰ ਸੰਨ ੫੫੫ ਈਸਵੀ ਵਿਚ ਇਹਨਾਂ ਗੋਰੇ ਹੂਨਾਂ ਉਤੇ ਵੀ ਤੁਰਕਾਂ ਨੇ ਫਤਹ ਪਾ ਲਈ ।

*ਇਕ ਬੜਾ ਵਡਾ ਟੋਪਾ (ਮੁਨਾਰਾ) ਜੋ ੮੦ ਫੁਟ ਉਚਾ ਅਤੇ ਲਗ ਪਗ ੩੨੦ ਫੁਟ ਗੋਲਾਈ ਵਿਚ ਹੈ । ਕਈ ਲੋਕ ਇਸ ਨੂੰ ਟੈਕਸਲਾ ਦੇ ਦੇਸ ਦੀ ਰਾਜਧਾਨੀ ਖਿਆਲ ਕਰਦੇ ਹਨ । ਇਸ ਦੇ ਆਸ ਪਾਸ ੧੫ ਛੁਟੇਰੇ ਟੋਪੇ ਵੀ ਹਨ । ਇਹਨਾਂ ਸਭਨਾਂ ਵਿਚੋਂ ਇਹ ਸਿਕੇ ਮਿਲੇ ਸਨ ।

## ਕਸ਼ਮੀਰੀ ਬਾਦਸ਼ਾਹ ਦਾ ਪੰਜਾਬ ਉਤੇ ਰਾਜ ੬੧੩ ਈ:

ਕਸ਼ਮੀਰ ਦੇ ਬਾਦਸ਼ਾਹ ਵੀ ਕਦੇ ਕਦੇ ਪੰਜਾਬ ਦਾ ਕੋਈ ਨਾ ਕੋਈ ਭਾਗ ਫਤਹ ਕਰ ਲੈਂਦੇ ਸਨ ।

ਸੰਨ ੬੧੨ ਈਸਵੀ ਵਿਚ ਚੀਨੀ ਸੈਲਾਨੀ ਹਿਯੂਨ ਸਾਂਗ ਜਦ ਪੰਜਾਬ ਵਿਚ ਆਇਆ ਤਦ ਉਸ ਨੇ ਵੇਖਿਆ ਕਿ ਸਿੰਧ ਅਤੇ ਜਿਹਲਮ ਵਿਚਕਾਰਲੇ ਦੇਸ ਉਤੇ ਨਾਗਾਂ ਅਥਵਾ ਕਾਰਕੋਟਾ ਪਰਿਵਾਰ ਦਾ ਕਸ਼ਮੀਰੀ ਬਾਦਸ਼ਾਹ ਰਾਜ ਕਰਦਾ ਸੀ ।

## ਸ਼ਹਿਨਸ਼ਾਹ ਰੋਮ ਦੇ ਦਰਬਾਰ ਵਿਚ ਭਾਰਤੀ ਰਾਜਦੂਤ ੨੦-੨੨ ਪੂਰਬ ਇਸਵੀ

ਓਰੋਸ਼ੀਅਸ ਲਿਖਦਾ ਹੈ ਕਿ ਸੰਨ ੨੦-੨੨ ਪੂਰਬ ਈਸਵੀ ਵਿਚ ਭਾਰਤੀ ਬਾਦਸ਼ਾਹ ਪੋਰਸ ਨੇ ਆਪਣਾ ਇਕ ਰਾਜਦੂਤ ਰੋਮ ਦੇ ਸਹਿਨਸ਼ਾਹ ਅਗਸਟਸ ਪਾਸ ਮਿਤਰਤਾ ਕਾਇਮ ਕਰਨ ਲਈ ਭੇਜਿਆ ਸੀ । ਰੋਮਨ ਸ਼ਹਿਨਸ਼ਾਹ ਨੇ ਹਿੰਦੀ ਰਾਜਦੂਤ ਨਾਲ ਸਪੇਨ ਵਿਚ ਮੁਲਾਕਾਤ ਕੀਤੀ । ਉਹਦੀ ਗਲ ਬਾਤ ਦੇਰ ਚਿਰ ਤੀਕ ਕਿਸੇ ਸਿਟੇ ਉਤੇ ਨਾ ਅਪੜੀ ਇਸ ਲਈ ਇਕ ਦੂਜਾ ਰਾਜਦੂਤ ਭੇਜਿਆ ਗਿਆ ਤਾਂ ਜੁ ਉਹ ਰੋਮਨ ਸ਼ਹਿਨਸ਼ਾਹ ਨਾਲ ਗਲ ਬਾਤ ਸਿਰੇ ਚਾੜ੍ਹੇ । ਇਸ ਸਿਫਾਰਤੀ ਅਮਲੇ ਵਿਚੋਂ ਕੇਵਲ ਤਿੰਨ ਜ਼ਿੰਦਾ ਬਚੇ ਬਾਕੀ ਸਭ ਲੋਕ ਐਂਟੀਓਕ ਵਿਚ ਥਕਾਨ ਨਾਲ ਮਰ ਗਏ । ਦਮਿਸ਼ਕ ਦਾ ਨਿਕੋਲਸ ਨੇ ਇਹਨਾਂ ਨਾਲ ਮੁਲਾਕਾਤ ਕੀਤੀ ਅਤੇ ਇਹਨਾਂ ਨੂੰ ਮਿਤਰਾਚਾਰੀ ਦੇ ਖਤ ਦਿਤਾ ਜੋ ਯੂਨਾਨੀ ਬੋਲੀ ਵਿਚ ਚਮੜੇ (ਖਲ) ਉਤੇ ਲਿਖਿਆ ਹੋਇਆ ਸੀ ।

ਕਿਹਾ ਜਾਂਦਾ ਹੈ ਕਿ ਪੋਰਸ ਦੇ ਮਾਤਹਿਤ ੬੦੦ ਬਾਦਸ਼ਾਹ ਸਨ । ਉਹ ਕੈਸਰ ਨਾਲ ਮਿਤਰਤਾ ਗੰਢਣਾ ਚਾਹੁੰਦਾ ਸੀ ਅਤੇ ਇਸ ਦੇ ਬਦਲੇ ਉਹ ਉਸਦੀ ਹਰ ਸੰਭਵ ਸੇਵਾ ਕਰਨ ਲਈ ਤਿਆਰ ਸੀ । ਇਹਨਾਂ ਰਾਜ ਦੂਤਾਂ ਦੇ ਨਾਲ ਬਹੁਤ ਸਾਰਾ ਅਮਲਾ ਵੀ ਸੀ ਅਤੇ ਉਹ ਆਪਣੇ ਬਾਦਸ਼ਾਹ ਵਲੋਂ ਵਡਮੁਲੀਆਂ ਸੁਗਾਤਾਂ ਲੈ ਕੇ ਗਏ ਸਨ । ਇਹਨਾਂ ਨਾਲ ਇਕ ਬ੍ਰਾਹਮਨ ਜ਼ਰਮਾਨੋ ਚਾਗੋਸ ਨਾਮੀ ਵੀ ਸੀ । ਜਿਸ ਨੇ ਪਿਛੋਂ ਏਥਨ ਦੇ ਅਸਥਾਨ ਉਤੇ ਚਿਤਾ ਵਿਚ ਪੈ ਕੇ ਜਾਨ ਦੇ ਦਿਤੀ । ਉਸ ਤੋਂ ਪਹਿਲੇ ਕਲਾਨੋਸ ਨੇ ਵੀ ਫਾਰਸ ਦੇ ਪੁਰਾਤਨ ਸ਼ਹਿਰ ਪਸਾਰਗਡੀ ਵਿਚ ਏਸੇ ਤਰ੍ਹਾਂ ਜਾਨ ਦਿਤੀ ਸੀ । ਇਸ ਬ੍ਰਾਹਮਨ ਦੀ ਯਾਦ ਵਿਚ ਜਿਹੜੀ ਯਾਦਗਾਰ ਬਣਾਈ ਗਈ ਉਸ ਉਤੇ ਇਹ ਲਿਖਤ ਦਰਜ ਸੀ— "ਏਥੇ ਬਾਰਗੋਸਾ ਦਾ ਜ਼ੁਰਮਾਨੋ ਚਾਗੋਸ ਨਾਮੀ ਹਿੰਦੀ ਦਬਿਆ ਪਿਆ ਹੈ ਜਿਸ ਨੇ ਆਪਣੇ ਦੇਸ ਦੇ ਰਿਵਾਜ ਅਨੁਸਾਰ ਆਪਣੀ ਜ਼ਿੰਦਗੀ, ਆਪਣੀ ਮਨ-ਮਰਜ਼ੀ ਨਾਲ ਖਤਮ ਕਰ ਲਈ ਸੀ"

## ਪੰਜਾਬ ਵਿਚ ਯੂਨਾਨੀ ਅਸਰ ਰਸੂਖ

ਇਹ ਗਲ ਕਿ ਹਿੰਦੀ ਬਾਦਸ਼ਾਹ ਦੀ ਜਾਣ ਪਛਾਣ ਚਮੜੇ ਦੇ ਖਤ ਉਤੇ ਲਿਖੀ ਹੋਈ ਸੀ ਸਪਸ਼ਟ ਕਰਦੀ ਹੈ ਕਿ ਹਿੰਦੂ ਵਿਚਾਰਾਂ ਉਤੇ ਕਿਵੇਂ ਯੂਨਾਨੀ ਪਰਭਾਵ ਅਸਰ ਕਰ ਚੁਕਾ ਸੀ । ਪੰਜਾਬ ਵਿਚ, ਜਿਥੇ ਕਿ ਯੂਨਾਨੀ ਭਾਰੀ ਗਿਣਤੀ ਵਿਚ ਵਸ ਗਏ ਸਨ ਉਹਨਾਂ ਦਾ ਵਸ਼ੇਸ਼ ਪ੍ਰਭਾਵ ਸੀ । ਇਸ ਦੇਸ ਦੀ ਉਸਾਰੀ ਕਲਾ ਉਤੇ ਵੀ ਯੂਨਾਨ ਆਰਟ ਦਾ ਸਭ ਤੋਂ ਪਹਿਲੇ ਪ੍ਰਭਾਵ ਪਿਆ । ਬੁਧ ਮਠਾਂ ਵਿਚ ਅਨੇਕਾਂ ਮੂਰਤੀਆਂ ਐਸੀਆਂ ਹਨ ਜੋ ਯੂਨਾਨੀ ਫੈਸ਼ਨ ਦੇ ਅਨੁਸਾਰ ਘੜੀਆਂ ਹੋਈਆਂ ਹਨ । ਬੋਧ-ਯੂਨਾਨੀ ਆਰਟ ਦੀਆਂ ਇਹੋ ਜਿਹੀਆਂ ਯਾਦਗਾਰਾਂ ਪੰਜਾਬ ਦੇ ਕਈ ਸਰਹੱਦੀ ਇਲਾਕਿਆਂ ਵਿਚੋਂ ਖੁਦਾਈ ਕਰਨ ਤੇ ਮਿਲੀਆਂ ਹਨ ਅਤੇ ਉਹ ਯਾਦਗਾਰਾਂ ਹੁਣ ਲਾਹੌਰ (ਪੰਜਾਬ) ਦੇ ਅਜਾਇਬ-ਘਰ ਵਿਚ ਵੇਖੀਆਂ ਜਾ ਸਕਦੀਆਂ ਹਨ ।

Sri Satguru Jagjit Singh Ji eLibrary NamdhariElibrary@gmail.com

# ਖੰਡ ਦੂਜਾ

## ਮੁਸਲਮਾਨੀ ਸਮਾਂ

Sri Satguru Jagjit Singh Ji eLibrary NamdhariElibrary@gmail.com

# ਖੰਡ ਦੂਜਾ—ਮੁਸਲਮਾਨੀ ਸਮਾਂ

# ਪਰਕਰਨ—੧

## ਹਿੰਦ ਵਿਚ ਪਹਿਲੇ ਆਏ ਮੁਸਲਮਾਨ ਧਾਵੇਕਾਰ

ਜਿਸ ਸਮੇਂ ਜਹਾਲਤ ਤੇ ਵਹਿਸ਼ੀਪਨ ਦੇ ਤੂਫਾਨ ਨੇ ਪਛਮੀ ਦੁਨੀਆ ਨੂੰ ਆਪਣੀ ਲਪੇਟ ਵਿਚ ਲੈ ਰਖਿਆ ਸੀ, ਜਦੋਂ ਏਸ਼ੀਆ, ਸੀਰੀਆ ਅਤੇ ਮਿਸਰ ਦੀਆਂ ਪੂਰਬੀ ਕੌਮਾਂ ਆਪਣੀ ਸੂਰਬੀਰਤਾ ਨੂੰ ਛਡ ਕੇ ਜ਼ੁਲਮਾਂ ਬੁਰਾਈਆਂ, ਨਿਰਦਾਇਤਾ ਤੇ ਆਚਰਨ ਹੀਨਤਾ ਦਾ ਸ਼ਿਕਾਰ ਹੋ ਗਈਆਂ, ਜਿਸ ਸਮੇਂ ਰੋਮ-ਰਾਜ ਆਪਣੀ ਸ਼ਾਹੀ ਸ਼ਾਨ ਗਵਾ ਚੁਕਾ ਅਤੇ ਈਰਾਨ ਦੀ ਬਾਦਸ਼ਾਹਤ ਤੇ ਸ਼ਾਹੀ ਸ਼ਕਤੀ ਉਸ ਦੇ ਹਥੋਂ ਨਿਕਲ ਗਈ, ਭਾਵ ਕਿ ਜਦ ਉਸ ਸਮੇਂ ਦੀ ਦੁਨੀਆ ਦੇ ਬਹੁਤ ਵਡੇ ਭਾਗ ਵਿਚ ਹਨੇਰਾ ਤੇ ਜਹਾਲਤ ਛਾਈ ਹੋਈ ਸੀ, ਤਦ ਸੰਸਾਰ ਵਿਚ ਇਕ ਐਸੇ ਧਰਮ ਨੇ ਜਨਮ ਲਿਆ ਜੋ ਕੌਮਾਂ ਦੇ ਰਾਜਸੀ ਇਤਿਹਾਸ ਵਿਚ ਬੜਾ ਵਡਾ ਇਨਕਲਾਬ ਲਿਆਵਨ ਵਾਲਾ ਸਾਬਤ ਹੋਇਆ।

### ਇਸਲਾਮ ਦਾ ਆਰੰਭ

ਇਹ ਨਵਾਂ ਧਰਮ ਇਸਲਾਮ ਦਾ ਧਰਮ ਸੀ। ਇਸ ਧਰਮ ਦੇ ਮੋਢੀ ਹਜ਼ਰਤ ਮੁਹੰਮਦ ਸਾਹਿਬ, ਅਰਬੀ ਕਬੀਲੇ ਕੁਰੈਸ਼ ਨਾਲ ਸੰਬੰਧ ਰਖਦ ਸਨ। ਉਸ ਮਹਾਨ ਵਿਯਕਤੀ ਨੇ ਆਪਣੇ ਵਤਨ ਦੇ ਲੋਕਾਂ ਨੂੰ ਆਖਿਆ ਕਿ ਉਸ ਉਪਰ ਵਹੀ ਨਾਜ਼ਲ ਹੋਈ ਹੈ ਕਿ ਤਲਵਾਰ ਦੇ ਜ਼ੋਰ ਨਾਲ ਰਬੀ ਹੁਕਮ ਦੀ ਪਾਲਣਾ ਕਰਾਵੇ। ਮਦੀਨੇ ਪੁਜ ਕੇ ਉਸ ਨੇ ਆਪਣੇ ਪੈਗੰਬਰ ਹੋਣ ਦਾ ਦਾਹਵਾ ਕੀਤਾ। ਇਕ ਸਾਧਾਰਨ ਜਿਹੀ ਮਸੀਤ ਦੇ ਮਿੰਬਰ ਉਤੇ ਬੈਠ ਕੇ ਅਤੇ ਖਜੂਰ ਦੇ ਬਿਰਛ ਵਲ ਆਪਣੀ ਪਿਠ ਕਰਕੇ ਉਸ ਨੇ ਆਪਣੇ ਮੂਰਤੀ ਪੂਜਕ ਵਤਨੀਆਂ ਨੂੰ ਅਲ੍ਹਾ ਤਾਅਲ੍ਹਾ ਦੀ ਪੂਜਾ ਕਰਨ ਦਾ ਹੁਕਮ ਦਿਤਾ। ਉਸ ਨੇ ਮਕੇ ਤੋਂ ਆਏ ਦੂਤਾਂ ਨਾਲ ਇਕ ਐਸੇ ਕੈਂਪ ਵਿਚ ਮੁਲਾਕਾਤ ਕੀਤੀ ਜੋ ਸੰਧਾ ਤੋਂ ਵੀ ਰਹਿਤ ਸੀ। ਇਹ ਮਾਣ ਪਹਿਲੇ ਈਰਾਨ ਦੇ ਖੁਸਰੋ ਜਾਂ ਕਸਤਨਤੂਨੀਆਂ ਦੇ ਕੈਸਰ ਨੂੰ ਵੀ ਨਸੀਬ ਨਹੀਂ ਸੀ ਹੋਇਆ। ਉਸ ਨੇ ਅਰਬ ਲੋਕਾਂ ਦੇ ਦਬੇ ਹੋਏ ਜੋਸ਼ ਅਤੇ ਯੋਗਤਾ ਨੂੰ ਵਰਤੋਂ ਵਿਚ ਲਿਆਂਦਾ ਅਤੇ ਉਹਨਾਂ ਅੰਦਰ ਇਕ ਨਵੀਂ ਹੀ ਰੂਹ ਫੂਕ ਦਿਤੀ। ਕੁਰਾਨ ਅਤੇ ਤਲਵਾਰ ਨਾਲ ਹਥਿਆਰਬੰਦ ਹੋ ਕੇ ਤੇ ਆਪਣੇ ਜੋਸ਼ੀਲੇ ਪਿਛਲਗਾਂ ਦੀ ਹਿਮਾਇਤ ਪ੍ਰਾਪਤ ਕਰਨ ਮਗਰੋਂ ਉਸ ਨੇ ਦੁਨੀਆ ਦੇ ਨਾਗਰਕ ਤੇ ਧਾਰਮਿਕ ਇਨਸਟੀਟਯੂਸ਼ਨਾ ਵਿਰੁਧ ਜਹਾਦ ਖੜਾ ਕਰ ਦਿਤਾ। ਉਸ ਨੇ ਨਵੇਂ ਰਾਜਸੀ ਵਿਚਾਰ ਅਤੇ ਨਵੇਂ ਤੌਰ ਤਰੀਕੇ ਜਾਰੀ ਕਰ ਕੇ ਲੋਕਾਂ ਦੀ ਰਾਜਸੀ ਤੇ ਇਖਲਾਕੀ ਦਸ਼ਾ ਹੀ ਪਲਟ ਦਿਤੀ। ਆਪਣੇ ਜ਼ੋਰਦਾਰ ਭਾਸ਼ਨਾਂ ਅਤੇ ਅਸਾਧਾਰਨ ਜੋਸ਼ ਤੇ ਮਿਹਨਤ ਦੀ ਸ਼ਕਤੀ ਨਾਲ ਉਸ ਮਹਾਨ ਵੱਡੇ ਅਰਬੀ ਸੁਧਾਰਕ ਨੇ ਖਾਨਾ ਬਦੋਸ਼ ਗਡਰੀਆਂ ਦੀ ਸਾਰੀ ਦੀ ਸਾਰੀ ਨਸਲ ਨੂੰ ਸ਼ਕਤੀ ਸ਼ਾਲੀ ਰਾਜਾਂ ਦੇ ਮੋਢੀ ਬਣਾ ਦਿਤਾ ਅਤੇ ਸੰਸਾਰ ਦੀ ਇਕ ਚੌਥਾਈ ਤੋਂ ਵਧੀਕ ਵਸੋਂ ਦੇ ਦਿਲਾਂ ਅੰਦਰ ਨਵੇਂ ਜਜ਼ਬਿਆਂ ਤੇ ਨਵੀਆਂ ਆਸ਼ਾਵਾਂ ਦੀ ਜਵਾਲਾ ਲਟ ਲਟ ਬਾਲ ਦਿਤੀ।

### ਇਸਲਾਮ ਦੀ ਤੇਜ਼ ਤਰੱਕੀ

ਕੌਮਾਂ ਦੇ ਇਤਿਹਾਸ ਵਿਚ ਅਦੁਤੀ ਤੇਜ਼ੀ ਨਾਲ ਸਾਰਾਸੀਨਜ਼ ਦੀ ਸਲਤਨਤ ਭਾਰਤ ਦੇ ਪੱਛਮ ਵਿਚ ਖਲੀਜ ਜਬਰਾਲਟਰ ਤੋਂ ਲੈ ਕੇ



Sri Satguru Jagjit Singh Ji eLibrary NamdhariElibrary@gmail.com

ਅਤੇਲਾਂਤਕ ਸਾਗਰ ਤੇ ਉਸ ਦੇ ਕੰਢਿਆਂ ਤੋਂ ਚੀਨ ਦੀਆਂ ਹੱਦਾਂ ਤੀਕ ਫੈਲੀ ਸੀ । ਉਹ ਲੋਕ ਜਿਸ ਦੇਸ਼ ਤੇ ਕੌਮ ਉਤੇ ਫਤਿਹ ਪਾਉਂਦੇ ਉਥੇ ਹੀ ਆਪਣੇ ਇਲਮ ਤੇ ਹੁਨਰ ਦਾ ਸੋਮਾ ਜਾਰੀ ਕਰ ਦੇਂਦੇ ਸਨ । ਮੁਸਲਮਾਨੀ ਸੰਮਤ‡ ਦੀ ਕਾਇਮੀ ਤੋਂ ਇਕ ਸਦੀ ਦੇ ਅੰਦਰ ਅੰਦਰ ਇਸਲਾਮ ਦੇ ਜੋਧੇ ਪੱਛਮ ਵਲ ਮਿਸਰ, ਸ਼ਾਮ, ਉਤਰੀ ਅਫਰੀਕਾ ਤੇ ਹਸਪਾਨੀਆ ਦੇ ਇਕ ਵਡੇ ਭਾਗ ਉਪਰ ਅਤੇ ਪੂਰਬ ਵਿਚ ਈਰਾਨ ਤੇ ਮਧ ਏਸ਼ੀਆ ਦੇ ਉਪਰ ਪੂਰੀ ਤਰ੍ਹਾਂ ਛਾ ਗਏ । ਈਰਾਨ ਦੇ ਵਿਜਈ ਅਲ-ਮਨਸੂਰ ਨੇ, ਜੋ ਅਬਾਸ ਤੇ ਖਾਨਦਾਨ ਵਿਚੋਂ ਸੀ, ਬਗ਼ਦਾਦ ਨੂੰ ਆਪਣੀ ਰਾਜਧਾਨੀ ਬਣਾਇਆ । ਇਸ ਨੇ ੪੦ ਸਾਲ ਮਗਰੋਂ ਹਾਰੂੰ-ਅਲਰਸ਼ੀਦ ਨੇ ਬਗ਼ਦਾਦ ਨੂੰ ਸੁਦਾਗਰੀ ਤੇ ਤਜਾਰਤ ਦੀ ਮੰਡੀ ਬਣਾ ਦਿਤਾ । ਇਹ ਤਜਾਰਤ ਪੂਰਬੀ ਤੇ ਪੱਛਮੀ ਏਸ਼ੀਆ ਵਿਚਾਲੇ ਹੁੰਦੀ ਸੀ । ਉਸ ਨੇ ਆਪਣਾ ਰਾਜ ਮਧ ਭੂਸਾਗਰ ਤੋਂ ਲੈ ਕੇ ਹਿੰਦੁਸਤਾਨ ਦੀਆਂ ਸਰਹਦਾਂ ਤੀਕ ਚੌੜਾ ਕਰ ਲਿਆ ।

## ਮਜ਼ਬੀ ਜਹਾਦ

ਹਜ਼ਰਤ ਮੁਹੰਮਦ ਨੇ ਆਪਣੇ ਮਜ਼ਬ ਨੂੰ ਤਲਵਾਰ ਦੇ ਜ਼ੋਰ ਨਾਲ ਪ੍ਰਚਾਰਿਆ । ਉਸ ਦਾ ਕਥਨ ਹੈ ਕਿ "ਤਲਵਾਰ ਜਨਤ (ਸੁਵੱਰਗ) ਤੇ ਜਹਮਨ (ਨਰਕ) ਦੀ ਕੁੰਜੀ ਹੈ । ਖੁਦਾ ਦੇ ਰਾਹ ਉਤੇ ਵਹਾਇਆ ਹੋਇਆ ਲਹੂ ਦਾ ਇਕ ਕਤਰਾ ਕਿਸੇ ਈਮਾਨ ਵਾਲੇ ਲਈ ਦੋ ਮਹੀਨੇ ਦੇ ਰੋਜ਼ੇ ਤੇ ਨਿਮਾਜ਼ਾਂ ਤੋਂ ਵਧੀਕ ਮੁਲ ਰਖਦਾ ਹੈ । ਜਿਹੜਾ ਵੀ ਮੈਦਾਨ ਜੰਗ ਵਿਚ ਮਰੇਗਾ ਉਹਦੇ ਸਭ ਪਾਪਾਂ (ਗੁਨਾਹ) ਬਖਸ਼ੇ ਜਾਣਗੇ ਅਤੇ ਕਿਆਮਤ ਦੇ ਰੋਜ਼ ਉਸ ਦੇ ਸਾਰੇ ਜ਼ਖਮ ਕਸਤੂਰੀ (ਨਾਫੇ) ਵਾਂਗ ਖੁਸ਼ਬੂਦਾਰ ਹੋ ਜਾਣਗੇ ਅਤੇ ਕਟੇ ਹੋਏ ਅੰਗਾਂ ਦੀ ਥਾਂ ਫਰਿਸ਼ਤਿਆਂ ਦੇ ਪਰ ਲਗ ਜਾਣਗੇ ।" ਜਿਹੜਾ ਮਨੁਖ ਮਜ਼ਬੀ ਜਹਾਦ ਵਿਚ ਮਰੇਗਾ ਉਹ ਸਿਧਾ ਜਨਤ (ਸੁਵੱਰਗ) ਵਿਚ ਜਾ ਦਾਖਲ ਹੋਵੇਗਾ; ਜਿਥੇ ਅਤਿਅੰਤ ਸੁਹਣੀਆਂ ਸੁਹਣੀਆਂ ਹੂਰਾਂ ਬੜੇ ਚਾਅ ਨਾਲ ਉਸ ਦੀ ਉਡੀਕ ਕਰ ਰਹੀਆਂ ਹੋਣਗੀਆਂ । ਇਹ ਸੂਰਮੇ ਸ਼ਹੀਦ ਸੁਵੱਰਗ ਵਿਚ ਸਾਰਾ ਜੀਵਨ ਖੁਸ਼ੀਆਂ ਤੇ ਰਾਗ ਰੰਗਾਂ ਵਿਚ ਬਿਤਾ ਦੇਣਗੇ ਅਤੇ ਗ਼ਮ ਤੇ ਰੰਜ ਉਹਨਾਂ ਦੇ ਕੋਲ ਨਹੀਂ ਢੁਕੇਗਾ, ਨਾ ਹੀ ਉਹਨਾਂ ਉਤੇ ਕੋਈ ਸਖਤੀ ਹੀ ਕਰ ਸਕੇਗਾ। ਉਹਨਾਂ ਨੂੰ ਸੇਵਾ ਲਈ ਹਜ਼ਾਰਾਂ ਹੁਸੀਨ ਗੁਲਾਮ ਮਿਲਣਗੇ ਅਤੇ ਬਾਗ ਬਗੀਚਿਆਂ ਵਾਲੇ ਸਜੇ ਸਜਾਏ ਮਕਾਨ ਅਤੇ ਜ਼ਿੰਦਗੀ ਦੇ ਐਸ਼ ਇਸ਼ਰਤ ਉਹਨਾਂ ਨੂੰ ਪ੍ਰਾਪਤ ਹੋਣਗੇ । ਅਰਬ ਦੀ ਸਹਿਰਾਈ ਵਸੋਂ ਦੇ ਜੋਸ਼ ਨੂੰ ਉਭਾਰਨ ਲਈ ਆਕਬਤ ਵਿਚ ਖੁਸ਼ੀਆਂ ਤੇ ਐਸ਼ ਦੇ ਇਹੋ ਜਿਹੇ ਖੁਲ੍ਹ-ਦਿਲੇ ਇਕਰਾਰ ਅਤੇ ਅਗਲੇ ਜਹਾਨ ਦੀਆਂ ਦੌਲਤ ਤੇ ਨਿਆਮਤਾਂ ਦੇ ਭਰੋਸੇ ਹੀ ਕਾਫੀ ਸਨ । ਇਹਨਾਂ ਇਕਰਾਰਾਂ ਨਾਲ ਉਹਨਾਂ ਦੀ ਅੰਦਰਲੀ ਫੌਜੀ ਰੂਹ ਜਾਗ ਉਠੀ ਅਤੇ ਉਹਨਾਂ ਦਾ ਜੋਸ਼ ਉਬਾਲੇ ਖਾਣ ਲਗ ਪਿਆ । ਹਿਜਰੀ ਦੇ ੩੧ਵੇਂ ਸਾਲ ਤੇ ਸੰਨ ੫੯੯ ਈਸਵੀ ਵਿਚ ਮੁਸਲਮਾਨ ਖੁਰਾਸਾਨ ਦੇ ਵਿਸ਼ਾਲ ਸੂਬੇ ਵਿਚ ਜਾ ਦਾਖਲ ਹੋਏ । ਇਸ ਸੂਬੇ ਵਿਚ ਗਜ਼ਨੀ ਦੇ ਸ਼ਾਹੀ ਖਾਨਦਾਨ ਦੇ ਉਹ ਅਸਲ ਇਲਾਕੇ ਵੀ ਸ਼ਾਮਲ ਸਨ ਜੋ ਅਮੀਰ ਦੇ ਪੁਤਰ ਅਬਦੁਲਾ ਦੇ ਮਾਤਹਿਤ ਸਨ । ਅਮੀਰ, ਖਲੀਫਾ ਉਸਮਾਨ ਦਾ ਇਕ ਜਰਨੈਲ ਸੀ ।

## ਸਿੰਧ ਤੇ ਬਲੋਚਿਸਤਾਨ ਵਿਰੁਧ ਮੁਹਿਮਾਂ

ਇਸ ਦੇ ਠੀਕ ੧੩ ਸਾਲ ਮਗਰੋਂ ਉਹਨਾਂ ਨੇ ਈਰਾਨ ਦੇ ਦਖਣ ਵਿਚ ਕਾਬਲ ਨੂੰ ਫਤਹਿ ਕਰ ਲਿਆ । ਖਲੀਫਾ ਉਮਰ ਨੇ ਬਸਰੇ ਸ਼ਹਿਰ ਦੀ ਨੀਂਹ ਰਖੀ । ਇਹ ਉਹ ਸ਼ਹਿਰ ਸੀ ਜਿਥੇ ਸਿੰਧ ਅਤੇ ਬਲੋਚਿਸਤਾਨ ਵਿਰੁਧ ਮੁਹਿੰਮਾਂ ਭੇਜੀਆਂ ਗਈਆਂ ।

ਮਾਵਰਉਲ ਨਹਿਰ, ਜਿਸ ਨੂੰ ਪੁਰਾਤਨ ਸਮਿਆਂ ਵਿਚ ਟਰਾਂਸੋਕਸਿਆਨਾ ਆਖਦੇ ਸਨ, ਦੇ ਵਿਸ਼ਾਲ ਤੇ ਉਪਜਾਊ ਇਲਾਕੇ ਉਤੇ ਭਾਵੇਂ ਗਵਰਨਰ ਬਸਰਾ ਪ੍ਰਸਿਧ ਜ਼ਿਆਦ ਦੇ ਬੇਟੇ ਅਬਦੁਲਾ ਨੇ ਸੰਨ ਹਿਜਰੀ ਦੇ ੫੩ਵੇਂ ਸਾਲ ਵਿਚ ਖਲੀਫਾ ਮੁਆਵੀਆ ਦੇ ਸਮੇਂ ਹਮਲਾ ਕੀਤਾ ਸੀ ਪਰ ਇਸ ਇਲਾਕੇ ਨੂੰ ਮੁਸਲਮਾਨ ਸੰਨ ਹਿਜਰੀ ਦੇ ੯੩ਵੇਂ ਸਾਲ ਤੀਕ ਵੀ ਪੂਰਨ ਤੌਰ ਉਤੇ ਫਤਹ ਨ ਕਰ ਸਕੇ, ਜਦ ਤੀਕ ਕਿ ਅਰਬੀ ਜਰਨੈਲ ਕਾਤਿਬਾ ਨੇ ਬੁਖਾਰਾ ਤੇ ਸਮਰਕੰਦ ਦੇ ਪ੍ਰਸਿਧ ਸ਼ਹਿਰ ਨੂੰ ਫਤਹਿ ਨ ਕਰ ਲਿਆ ।

## ਅਰਬੀ ਜਰਨੈਲ ਕਾਸਿਮ

ਸੰਨ ੭੧੧ ਈਸਵੀ ਵਿਚ ਗਵਰਨਰ ਹਿਜਾਜ਼ ਨੇ ਆਪਣੇ ਭਤੀਜੇ ਕਾਸਿਮ ਦੀ ਕਮਾਨ ਹੇਠ ਇਕ ਬਹੁਤ ਵਡੀ ਫੌਜ ਇਸ ਮਤਲਬ ਲਈ ਭੇਜੀ ਕਿ ਉਹ ਇਕ ਬਾਜ਼ਗੁਜ਼ਾਰ ਨੂੰ ਰਿਹਾ ਕਰਵਾਏ ਜਿਸ ਨੂੰ ਉਸ ਦੇਸ ਦੇ ਰਾਜਾ ਦਾਹੂ ਨੇ ਸਿੰਧ ਦੇ ਦਹਾਨੇ ਵਿਚ ਕੈਦ ਕਰ ਰਖਿਆ ਸੀ । ਹਿੰਦੂ ਰਾਜੇ ਨੇ ਵੀ ਬਹੁਤ ਸਾਰੀ ਫ਼ੌਜ ਇਕਤਰ ਕਰ ਲਈ, ਪਰ ਕਾਸਮ ਨੇ ਉਸ ਪ੍ਰਸਿਧ ਮੰਦਰ ਉਤੇ ਤੂਫਾਨੀ ਹੱਲਾ ਬੋਲ ਦਿਤਾ ਜੋ ਬ੍ਰਹਮਣਾਂ ਦੀਆਂ ਨਜ਼ਰਾਂ ਵਿਚ ਬੜਾ ਹੀ ਪਵਿਤ੍ਰ ਸੀ । ਇਸ ਮੰਦਰ ਵਿਚ ਮੁਸਲਮਾਨ ਹਮਲਾਆਵਰਾਂ ਦੇ ਹਥ ਬਹੁਤ ਸਾਰਾ ਧਨ ਲਗਾ । ਹਿੰਦੂ ਭੈ ਭੀਤ ਹੋ ਕੇ ਨਸ ਗਏ ਅਤੇ ਉਹਨਾਂ ਦਾ ਰਾਜਾ ਮੈਦਾਨ ਜੰਗ ਵਿਚ ਮਾਰਿਆ ਗਿਆ । ਇਸ ਫਤਹਿਯਾਬੀ ਤੋਂ ਹੌਸਲਾ ਪਾ ਕੇ ਨੌਜਵਾਨ ਅਰਬੀ ਜਰਨੈਲ ਦਾਹੂ ਦੀ ਰਾਜਧਾਨੀ ਬ੍ਰਹਮਣਬਾਦ ਵਲ ਵਧਿਆ । ਇਥੇ ਹਿੰਦੂ ਰਾਣੀ ਨੇ ਉਸ ਦਾ ਡਟ ਕੇ ਟਾਕਰਾ ਕੀਤਾ । ਮੁਸਲਮਾਨਾਂ ਨੇ ਇਕ ਜ਼ੋਰ ਦਾ ਹਲਾ ਬੋਲਿਆ । ਇਸ ਹਲੇ ਨੂੰ ਰੋਕਦੀ ਹੋਈ ਉਹ ਰਾਣੀ ਤੇ ਉਸ ਦੀ ਰਾਖੀ ਗਾਰਦ ਤਬਾਹ ਹੋ ਗਈ । ਇਸ ਤਰ੍ਹਾਂ ਸਾਰੇ ਦੇਸ ਉਤੇ ਹਮਲਾਆਵਰਾਂ ਦਾ ਰਾਜ ਹੋ ਗਿਆ ।

## ਸਿੰਧ ਤੇ ਮੁਲਤਾਨ ਉਤੇ ਪਹਿਲੀ ਵਿਜੈ

ਇਸ ਦੇ ਮਗਰੋਂ ਕਾਸਮ ਨੇ ਮੁਲਤਾਨ ਉਤੇ ਹੱਲਾ ਬੋਲ ਦਿਤਾ । ਇਸ ਨੂੰ ਫਤਹ ਕਰਕੇ ਛੋਟੀਆਂ ਛੋਟੀਆਂ ਲੜਾਈਆਂ ਮਗਰੋਂ ਸਿੰਧ ਨੂੰ ਵੀ ਜਿਤ ਲਿਆ । ਇਹਨਾਂ ਜਿੱਤਾਂ ਮਗਰੋਂ ਵਿਜਈ ਨੇ ਆਪਣਾ ਧਿਆਨ ਫਤਹ ਕੀਤੇ ਹੋਏ ਰਾਜ ਨੂੰ ਪਕਿਆਂ ਕਰਨ ਤੇ ਲੋਕਾਂ ਦਾ ਦਿਲ ਜਿਤਣ ਵਲ ਲਾ ਦਿਤਾ । ਠੀਕ ਇਸ ਸਮੇਂ ਇਕ ਐਸੀ ਘਟਨਾਂ ਵਾਪਰੀ ਜਿਸ ਦੇ ਕਾਰਨ ਉਸ ਦੇ ਸਭ ਇਰਾਦੇ ਧਰੇ ਦੇ ਧਰੇ ਰਹਿ ਗਏ । ਮਾਰੇ ਜਾ ਚੁਕੇ ਰਾਜੇ ਦੀਆਂ ਦੋ ਸੁੰਦਰ ਲੜਕੀਆਂ ਸਨ । ਰਾਜੇ ਦੇ ਮਰ ਜਾਣ ਮਗਰੋਂ ਕਾਸਮ ਨੇ ਉਹ ਦੋਵੇਂ ਆਪਣੇ ਬਾਦਸ਼ਾਹ ਖਲੀਫ ਦੇ ਹਰਮ ਲਈ ਧਮਿਸ਼ਕ ਭੇਜ ਦਿਤੀਆਂ । ਇਹ ਦੋਵੇਂ ਸੁੰਦਰੀਆਂ ਜਦ ਖਲੀਫੇ ਨੂੰ ਪੇਸ਼ ਕੀਤੀਆਂ ਗਈਆਂ ਤਦ ਉਹਨਾਂ ਵਿਚੋਂ ਇਕ ਨੇ ਉੱਚੀ ਉੱਚੀ ਰੋਣਾ ਸ਼ੁਰੂ ਕਰ ਦਿਤਾ । ਪੁਛਣ ਤੇ ਉਸ ਨੇ ਦਸਿਆ ਕਿ ਉਹ ਬਾਦਸ਼ਾਹ ਦੇ ਹਰਮ ਦੇ ਲਾਇਕ ਨਹੀਂ ਰਹੀਆਂ ਕਿਉਂਕਿ ਹਿੰਦੁਸਤਾਨ ਵਿਚੋਂ ਤੋਰਨ ਤੋਂ ਪਹਿਲੇ ਕਾਸਮ ਨੇ ਉਹਨਾਂ ਦੀ ਪਵਿਤਰਤਾ ਭੰਗ ਕਰ ਦਿਤੀ ਸੀ ।

## ਕਾਸਮ ਦੀ ਮੌਤ

ਇਹਨਾਂ ਦੀ ਦਰਦਨਾਕ ਵਿਥਿਆ ਸੁਣ ਕੇ ਬਾਦਸ਼ਾਹ ਗੁਸੇ ਨਾਲ ਅਗ ਭਬੂਕਾ ਹੋ ਗਿਆ । ਉਸੇ ਵੇਲੇ ਸ਼ਾਹੀ ਹੁਕਮ ਜਾਰੀ ਕਰ ਦਿਤਾ ਕਿ ਸਿੰਧ ਦੇ ਵਿਜਈ ਨੂੰ ਜੀਉਂਦਿਆਂ ਹੀ ਗਊ ਦੀ ਖਲ ਵਿਚ ਸਿਲਾਈ

‡ਮੁਸਲਮਾਨੀ ਸੰਮਤ ਸੰਨ ੬੨੨ ਈਸਵੀ ਨੂੰ ਉਸ ਤਾਰੀਖ ਦੀ ਯਾਦ ਵਿਚ ਸ਼ੁਰੂ ਹੋਇਆ ਜਦੋਂ ਹਜ਼ਰਤ ਮੁਹੰਮਦ ਨੇ ਮੱਕੇ ਤੋਂ ਮਦੀਨੇ ਨੂੰ ਹਿਜਰਤ ਕੀਤੀ । ਇਸ ਨੂੰ ਸੰਨ ਹਿਜਰੀ ਆਖਦੇ ਹਨ, ਜੋ ਹਿਜਰਤ ਦੀ ਯਾਦ ਵਿਚ ਕਾਇਮ ਹੋਇਆ ਸੀ ।

Sri Satguru Jagjit Singh Ji eLibrary NamdhariElibrary@gmail.com

ਕਰਕੇ ਦਮਿਸ਼ਕ ਲਿਆਂਦਾ ਜਾਏ। ਜਿਸ ਸਮੇਂ ਉਸ ਦਾ ਮੁਰਦਾ ਸਰੀਰ ਦਮਿਸ਼ਕ ਪਹੁੰਚ ਗਿਆ ਉਸ ਵੇਲੇ ਹਿੰਦੂ ਸ਼ਾਹਜ਼ਾਦੀਆਂ ਨੇ ਕਾਸਮ ਬਾਰੇ ਦਸਿਆ ਕਿ ਉਹ ਨਿਰਦੋਸ਼ ਸੀ। ਉਨ੍ਹਾਂ ਨੂੰ ਉਸ ਦੀ ਮੌਤ ਤੇ ਖੁਸ਼ੀ ਸੀ ਕਿਉਂਕਿ ਉਨ੍ਹਾਂ ਨੇ ਆਪਣੇ ਬਾਪ ਦੇ ਕਤਲ ਦਾ ਬਦਲਾ ਲੈ ਲਿਆ ਸੀ! ਇਹ ਜਾਣ ਕੇ ਖਲੀਫੇ ਨੇ ਹੁਕਮ ਦਿਤਾ ਕਿ ਇਹਨਾਂ ਦੋਹਾਂ ਸ਼ਾਹਜ਼ਾਦੀਆਂ ਨੂੰ ਮੇਰੇ ਸਾਹਮਣੇ ਕਤਲ ਕੀਤਾ ਜਾਏ। ਖਲੀਫ ਨੂੰ ਆਪਣੇ ਸੂਰਮੇ ਜਰਨੈਲ ਦੀ ਮੌਤ ਦਾ ਬੜਾ ਰੰਜ ਹੋਇਆ ਪਰ ਹਣ ਕੀ ਬਣ ਸਕਦਾ ਸੀ। ਕਾਸਮ ਦੀ ਮੌਤ ਨਾਲ ਸਿੰਧ ਦੀ ਮੁਸਲਮਾਨ ਹਕੂਮਤ ਨੂੰ ਏਹ ਸਟ ਵਜੀ ਜਿਸ ਨਾਲ ਉਹ ਕਿੰਨਾ ਚਿਰ ਪਿਛੋਂ ਤੀਕ ਉਠ ਨ ਸਕੀ। ਉਸ ਦੇ ਜਾਨਸ਼ੀਨ ੪੦ ਸਾਲ ਤੀਕ ਦੇਸ ਉਤੇ ਰਾਜ ਕਰਦੇ ਰਹੇ, ਜਿਸ ਦੇ ਮਗਰੋਂ ਸੁਮੇਰਾ ਦੀਆਂ ਰਾਜਪੂਤ ਜਾਤੀਆਂ ਨੇ ਉਹਨਾਂ ਨੂੰ ਬਾਹਰ ਕਢ ਕੇ ਦੇਸ਼ ਉਤੇ ਆਪਣਾ ਅਧਿਕਾਰ ਜਮਾ ਲਿਆ।

# ਪਰਕਰਨ—੨

## ਗਜ਼ਨਵੀ ਖਾਨਦਾਨ

### ਅਲਪਤਗੀਨ

ਮੁਆਵੀਆ ਦੇ ਸ਼ਾਹੀ ਖਾਨਦਾਨਾਂ ਅਤੇ ਅਬਾਸੀ ਘਰਾਣੇ ਦੇ ਉਹਨਾਂ ਬਾਦਸ਼ਾਹਾਂ ਦ ਜੋ ਖਿਲਾਫਤ ਦ ਜਾਨਸ਼ੀਨ ਬਣੇ ਲਗਾਤਾਰ ਰਾਜ ਸਮੇਂ, ਅਰਬ-ਰਾਜ ਆਪਣੀ ਪੂਰੀ ਸ਼ਾਨ ਵਿਚ ਰਿਹਾ ਪਰ ਮਹਾਨ ਹਾਰੂੰ ਉਲ-ਰਸ਼ੀਦ ਦੀ ਮੌਤ ਪਿਛੋਂ ਉਸ ਮਜ਼ਬੀ ਰਾਜ ਵਿਚ ਹੌਲੀ ਹੌਲੀ ਪਤਨ ਦੇ ਚਿਨ੍ਹ ਪ੍ਰਗਟ ਹੋਣੇ ਸ਼ੁਰੂ ਹੋਏ।

### ਖਿਲਾਫਤ ਦਾ ਪਤਨ

ਵੱਖ ਵੱਖ ਸੂਬਿਆਂ ਦੇ ਗਵਰਨਰਾਂ ਨੇ ਆਪਣੇ ਸੰਬੰਧ ਉਸ ਨਾਲੋਂ ਤੋੜ ਲਏ ਅਤੇ ਖੁਦ ਮੁਖਤਿਆਰ ਬਾਦਸ਼ਾਹ ਬਣ ਬੈਠੇ ਜਿਸ ਕਰਕੇ ਖਿਲਾਫਤ ਦੀ ਸਰਕਾਰ ਸੂਬਾ ਬਗਦਾਦ ਤੀਕ ਸੀਮਤ ਰਹਿ ਗਈ। ਕੇਵਲ ਮਜ਼ਬ ਦੇ ਮਾਮਲਿਆਂ ਵਿਚ ਹੀ ਖਲੀਫੇ ਦੇ ਵਡੇ ਅਧਿਕਾਰ ਮੰਨੇ ਜਾਂਦੇ ਸਨ। ਤਾਹਰ ਦੇ ਜਾਨਸ਼ੀਨ ਤਾਹਿਰੀ, ਜਿਹਨਾਂ ਨ ਸਭ ਤੋਂ ਪਹਿਲੇ ਸੁਤੰਤਰਤਾ ਪ੍ਰਾਪਤ ਕੀਤੀ, ਖੁਰਾਸਾਨ ਤੇ ਟਰਾਂਸੇ ਕਸਿਆਨ ਦੇ ਵਡੇ ਸੂਬਿਆਂ ਦੇ ਮਾਲਕ ਬਣ ਗਏ। ਸੰਨ ੯੭੨ ਈਸਵੀ ਵਿਚ ਸੁਫਰੀਦੀ ਖਾਨਦਾਨ ਦਾ ਰਾਜ ਸ਼ੁਰੂ ਹੋਇਆ। ਉਸ ਖਾਨਦਾਨ ਦਾ ਮੋਢੀ ਸੀਸਤਾਨ ਦਾ ਕਸੇਰਾ (ਪਿਤਲ ਦਾ ਕੰਮ ਕਰਨ ਵਾਲਾ) ਯਾਕੂਬ ਨਾਮੀ ਸੀ; ਜੋ ਆਪਣੇ ਫੌਜੀ ਕਾਰਨਾਮਿਆਂ ਲਈ ਬੜਾ ਪ੍ਰਸਿਧ ਹੋਇਆ ਹੈ। ਸੰਨ ੯੦੩ ਈਸਵੀ ਵਿਚ ਉਹਨਾਂ ਦੀ ਥਾਂ ਸਾਮਾਨੀਆ ਦੇ ਆਣ ਮਲੀ। ਇਸ ਖਾਨਦਾਨ ਦਾ ਮੋਢੀ ਇਕ ਇਸਮਾਈਲ ਨਾਮੀ ਹੋਇਆ ਜਿਸ ਨੇ ੨੬੩ ਹਿਜਰੀ ਵਿਚ ਸ਼ਾਹੀ ਪਦਵੀ ਪ੍ਰਾਪਤ ਕੀਤੀ।

### ਸਾਮਾਨੀਆਂ ਖਾਨਦਾਨ

ਇਸਮਾਈਲ ਇਨਸਾਫ ਤੇ ਮਨੁਖਾ ਹਮਦਰਦੀ ਲਈ ਬੜਾ ਪ੍ਰਸਿਧ ਸੀ। ਉਸ ਦਾ ਰਾਜ ਬੁਖਾਰਾ, ਮਾਵਰੁਲ ਨਹਿਰ, ਖੁਰਾਸਾਨ ਅਤੇ ਇਰਾਨੀ ਰਾਜ ਦੇ ਬਹੁਤ ਵਡੇ ਭਾਗ ਉਪਰ ਸੀ। ਸਾਮਾਨੀਆ ਖਾਨਦਾਨ ੧੨੦ ਸਾਲ ਤੀਕ ਬੜੀ ਸ਼ਾਂਤੀ ਨਾਲ ਰਾਜ ਕਰਦਾ ਰਿਹਾ। ਇਸ ਖਾਨਦਾਨ ਦਾ ਪੰਜਵਾਂ ਬਾਦਸ਼ਾਹ ਅਬਦੁਲ ਮਲਿਕ ਆਪਣੇ ਪਿਛੇ ਆਪਣਾ ਇਕ ਨਾਬਾਲਗ ਪੁਤ੍ਰ ਮਨਸੂਰ ਛਡਕੇ ਮਰ ਗਿਆ।

### ਤੁਰਕੀ ਗੁਲਾਮ ਅਲਪਤਗੀਨ

ਸੁਵਰਗੀ ਬਾਦਸ਼ਾਹ ਦੇ ਅਲਪਤਗੀਨ ਨਾਮੀ ਤੁਰਕੀ ਗੁਲਾਮ ਨੇ ਜੋ ਖੁਰਾਸਾਨ ਦੇ ਵਿਸ਼ਾਲ ਸੂਬੇ ਦਾ ਗਵਰਨਰ ਸੀ, ਸ਼ਾਹਜ਼ਾਦੇ ਦੇ ਚਾਚੇ ਦੇ ਹਕ ਵਿਚ ਐਲਾਨ ਕਰ ਦਿਤਾ ਪਰ ਵਿਰੋਧੀ ਧੜੇ ਨੇ ਮਨਸੂਰ ਨੂੰ ਤਖਤ ਨਸ਼ੀਨ ਕਰ ਦਿਤਾ। ਅਲਪਤਗੀਨ ਨਾਲ ਖੁਵਸ ਖਾ ਕੇ ਨੌਜਵਾਨ ਬਾਦਸ਼ਾਹ ਨੇ ਉਸ ਨੂੰ ਬੁਖਾਰੇ ਹਾਜ਼ਰ ਹੋਣ ਦਾ ਹੁਕਮ ਜਾਰੀ ਕੀਤਾ, ਪਰ ਗਵਰਨਰ ਭਾਰੀ ਲਸ਼ਕਰ ਲੈ ਕੇ ਖੁਰਾਸਾਨ ਦੀ ਰਾਜਧਾਨੀ ਨੀਸ਼ਾਪੁਰ ਤੋਂ ਕੂਚ ਕਰਦਾ ਹੋਇਆ ਗਜ਼ਨੀ ਵਲ ਰਵਾਨਾ ਹੋਇਆ। ਉਸ ਨੇ ਕਈ ਥਾਵਾਂ ਉਤੇ ਸ਼ਾਹੀ ਫੌਜਾਂ ਨੂੰ ਹਾਰ ਦਿਤੀ ਅਤੇ ਆਪਣੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿਤਾ।

### ਉਸ ਦਾ ਜਰਨੈਲ ਸਬੁਕਤਗੀਨ

ਅਲਪਤਗੀਨ ਨੇ ਸੂਬਾ ਮੁਲਤਾਨ ਅਤੇ ਲਮਘਾਨ ਦੇ ਸੂਬਿਆਂ ਨੂੰ ਜ਼ੇਰ ਕਰਨ ਲਈ ਕਈ ਵਾਰ ਆਪਣੀਆਂ ਫੌਜਾਂ ਭੇਜੀਆਂ। ਇਹਨਾਂ ਫੌਜਾਂ ਦੀ ਕਮਾਨ ਉਸ ਦਾ ਜਰਨੈਲ ਸਬੁਕਤਗੀਨ ਕਰਦਾ ਸੀ। ਇਹਨਾਂ ਸੂਬਿਆਂ ਦੇ ਹਜ਼ਾਰਾਂ ਲੋਕ ਫੜ ਕੇ ਗੁਲਾਮ ਬਣਾ ਲਏ, ਜੋ ਗਜ਼ਨੀ ਜਾ ਕੇ ਵੇਚੇ ਗਏ।

### ਰਾਜਾ ਜੈਪਾਲ ਲਾਹੌਰੀ

ਲਾਹੌਰ ਦੇ ਰਾਜਾ ਜੈਪਾਲ ਨੇ ਇਹ ਵੇਖ ਕੇ ਕਿ ਉਸ ਦੀ ਫੌਜ ਉੱਤਰੀ ਹਮਲਾਆਵਰਾਂ ਦਾ ਟਾਕਰਾ ਨਹੀਂ ਕਰ ਸਕਦੀ। ਭਟੀਆ()

---

()ਭਟੀਆ ਅਜ ਕਲ ਦੇ ਭਟਨੇਰ ਦੇ ਨਾਂ ਨਾਲ ਪ੍ਰਸਿੱਧ ਹੈ। ਹਿੰਦੂ ਰਾਜ ਦੇ ਸਮੇਂ ਇਹ ਦੇਸ ਲਾਹੌਰ ਦੇ ਰਾਜੇ ਦਾ ਬਾਜ-ਗੁਜ਼ਾਰ ਸੀ।

Sri Satguru Jagjit Singh Ji eLibrary NamdhariElibrary@gmail.com

ਦੇ ਰਾਜੇ ਨਾਲ ਮੇਲ ਕਰ ਲਿਆ। ਪਰ ਇਹਨਾਂ ਦੀ ਮਿਲਵੀਂ ਫੌਜ ਵੀ ਹਮਲਾਆਵਰਾਂ ਨੂੰ ਉਹ ਲੁਟ ਦਾ ਮਾਲ ਲਿਜਾਣੋ ਰੋਕ ਨਾ ਸਕੀ ਜੋ ਉਹ ਹਰ ਹਮਲੇ ਸਮੇਂ ਲੈ ਜਾਂਦੇ ਸਨ।

## ਅਲਪਤਗੀਨ ਦੀ ਮੌਤ

ਅਲਪਤਗੀਨ ਨੇ ੧੫ ਸਾਲ ਬੜੇ ਅਮਨ ਤੇ ਸ਼ਾਂਤੀ ਨਾਲ ਰਾਜ ਕੀਤਾ। ਸੰਨ ੯੭੬ ਵਿਚ ਉਸ ਦੀ ਮੌਤ ਹੋ ਗਈ। ਉਸ ਦੇ ਮਰਨ ਪਿਛੋਂ ਉਸਦਾ ਲੜਕਾ ਅਬੂ ਇਸਹਾਕ ਗਦੀ ਉਤੇ ਬੈਠਾ ਉਹ ਵੀ ਦੋ ਸਾਲ ਦੇ ਅੰਦਰ ਅੰਦਰ ਮਰ ਗਿਆ। ਇਸ ਤੇ ਅਲਪਤਗੀਨ ਦਾ ਜਰਨੈਲ ਸਬੁਕਤ-ਗੀਨ ਜੋ ਅਸਲ ਵਿਚ ਗੁਲਾਮ ਸੀ ਤੇ ਜਿਸ ਨੇ ਉਸ ਦੀ ਲੜਕੀ ਨਾਲ ਸ਼ਾਦੀ ਕੀਤੀ ਹੋਈ ਸੀ, ਫ਼ੌਜ ਦੀ ਸਹਾਇਤਾ ਨਾਲ ਗਜ਼ਨੀ ਦੇ ਤਖ਼ਤ ਉਤੇ ਬੈਠ ਗਿਆ।

## ਅਮੀਰ ਨਸੀਰ ਓਦੀਨ ਸਬੁਕਤਗੀਨ
## ਸਬੁਕਤਗੀਨ ਦਾ ਖਾਨਦਾਨ

ਮਿਨਹਾਜੁਸ ਸੋਰਾਜ ਦੇ ਕਥਨ ਅਨੁਸਾਰ ਸਬੁਕਤਗੀਨ ਇਕ ਤੁਰਕੀ ਗੁਲਾਮ* (ਦਾਸ) ਸੀ। ਅਜੇ ਉਹ ਲੜਕਾ ਹੀ ਸੀ ਕਿ ਨੁਸਾਰ ਹਾਜੀ ਨਾਮਾ ਸੌਦਾਗਰ ਨੇ ਉਸ ਨੂੰ ਮੁਲ ਖਰੀਦ ਲਿਆ ਤੇ ਤੁਰਕਿਸਤਾਨ ਵਿਚ ਬੁਖਾਰੇ ਲੈ ਆਇਆ। ਏਥੇ ਆ ਕ ਉਸ ਨੂੰ ਅਲਪਤਗੀਨ ਪਾਸ ਵੇਚ ਦਿਤਾ। ਸਬੁਕਤਗੀਨ ਨੂੰ ਅਲਪਤਗੀਨ ਦੂਜੇ ਗੁਲਾਮਾਂ ਦੇ ਨਾਲ ਹੀ ਵਿਦਿਆ ਪੜ੍ਹਾਈ ਗਈ ਤੇ ਹਥਿਆਰਾਂ ਦੀ ਵਰਤੋਂ ਦੀ ਸਿਖਿਆ ਦਿਤੀ ਗਈ। ਪਹਿਲੇ ਪਹਿਲ ਉਹ ਪ੍ਰਾਈਵੇਟ ਘੋੜ ਚੜ੍ਹਾ ਬਣਾਯਾ ਗਿਆ। ਕਿਉਂਕਿ ਉਹ ਬੜਾ ਦਲੇਰ ਤੇ ਫੁਰਤੀਲਾ ਸੀ ਇਸ ਲਈ ਜੰਗਲ ਵਿਚ ਉਹ ਬਾਦਸ਼ਾਹ ਲਈ ਸ਼ਿਕਾਰ ਖੇਡਦਾ ਸੀ। ਛੋਟੀ ਉਮਰ ਵਿਚ ਹੀ ਉਸ ਦੇ ਹੋਣਹਾਰ ਹੋਣ ਦੇ ਚਿਨ੍ਹ ਪ੍ਰਗਟ ਸਨ। ਉਸ ਦਾ ਮਾਲਕ ਉਹਦੀ ਯੋਗਤਾ ਦੀ ਬੜੀ ਸਲਾਹੁਤਾ ਕਰਦਾ ਸੀ। ਹੌਲੀ ਹੌਲੀ ਉਸ ਨੇ ਉਸ ਨੂੰ ਫੌਜੀ ਮੁਹਿੰਮਾਂ ਵਿਚ ਭਾਗ ਲੈਣ ਦੀ ਖੁਲ੍ਹ ਕਰ ਦਿਤੀ। ਫੇਰ ਉਸ ਨੂੰ ਫੌਜ ਵਿਚ ਜ਼ਿੰਮੇਵਾਰੀ ਦਾ ਔਹਦਾ ਸੌਂਪ ਦਿਤਾ। ਜਿਸ ਸਮੇਂ ਉਸ ਨੂੰ ਗਜ਼ਨੀ ਵਿਚ ਰਾਜ ਤਿਲਕ ਮਿਲਿਆ ਤਦ ਉਸ ਨੇ ਆਪਣੇ ਪਿਛਲਗ ਨੂੰ ਅਮੀਰ ਉਲ ਉਮਰਾ ਅਤੇ ਵਕੀਲ-ਇ-ਮੁਤਲਕ ਦੀ ਉਪਾਧੀ ਦਿਤੀ।

## ਸ਼ਾਹੀ ਅਧਿਕਾਰ ਦੀ ਪ੍ਰਾਪਤੀ

ਗਦੀ ਨਸ਼ੀਨ ਹੋਣ ਮਗਰੋਂ ਸਬੁਕਤਗੀਨ ਨੇ ਨਸੀਰ ਉਦੀਨ ਅਥਵਾ ਦੀਨ ਦੇ ਵਿਜਈ ਦੀ ਉਪਾਧੀ ਪ੍ਰਾਪਤ ਕੀਤੀ ਅਤੇ ਆਪਣੇ ਆਪ ਨੂੰ ਅਮੀਰ ਅਖਵਾਉਣਾ ਵੀ ਸ਼ੁਰੂ ਕਰ ਦਿਤਾ। ਕੰਧਾਰ ਨੂੰ ਜਿਤ ਕੇ ਆਪਣੇ ਰਾਜ ਨਾਲ ਮਿਲਾਉਣ ਮਗਰੋਂ ਉਸ ਨੇ ਜ਼ਬੁਲਸਤਾਨ ਦੀ ਰਾਜਧਾਨੀ ਕਿਲ੍ਹਾ ਬੁਸਤ ਨੂੰ ਜਾ ਪ੍ਰਾਪਤ ਕੀਤਾ, ਜਿਥੇ ਉਸਦੀ ਮੁਲਾਕਾਤ ਅਬੁਲਫਤਹ ਨਾਲ ਹੋਈ, ਜਿਸ ਨੂੰ ਉਸ ਨੇ ਨਾਮੀ ਵਿਦਵਾਨ ਤੇ ਦਾਨਸ਼ਵੰਦ ਹੋਣ ਕਰਕੇ ਆਪਣਾ ਚੀਫ ਸੈਕਰੇਟਰੀ ਥਾਪ ਲਿਆ।

ਉਸ ਨੇ ਐਲਾਨ ਕੀਤਾ ਕਿ ਉਹ ਹਿੰਦੁਸਤਾਨ ਦੇ ਉਹਨਾਂ ਮੂਰਤੀ ਪੂਜਕਾਂ ਵਿਰੁਧ ਜਹਾਦ ਕਰੇਗਾ ਜੋ ਕਿ ਅਜੇ ਤੀਕ ਬ੍ਰਹਮਾ ਅਤੇ ਬੁਧ ਦੀ ਪੂਜਾ ਕਰਦੇ ਸਨ। ਉਸ ਸਮੇਂ ਲਾਹੌਰ ਵਿਚ ਹਸਪਾਲ ਦਾ ਪੁਤਰ ਜੈਪਾਲ ਨਾਮੀ ਰਾਜਾ ਰਾਜ ਕਰਦਾ ਸੀ, ਜਿਸ ਦਾ ਰਾਜ ਦਰਿਆ ਸਿੰਧ ਤੋਂ ਲੈ ਕ ਲਘਮਾਨ ਤੀਕ ਇਕ ਪਾਸੇ ਅਤੇ ਕਸ਼ਮੀਰ ਤੋਂ ਮੁਲਤਾਨ ਤੀਕ ਦੂਜੇ ਪਾਸੇ ਪਸਰਿਆ ਹੋਇਆ ਸੀ।

## ਉਸ ਦੀ ਪੰਜਾਬ ਦੀ ਸੀਮਾ ਉਤੇ ਚੜ੍ਹਾਈ

ਸੰਨ ੯੭੭ ਈਸਵੀ ਨੂੰ ਇਕ ਬੜੀ ਭਾਰੀ ਫ਼ੌਜ ਲੈ ਕੇ ਉਸ ਨੇ ਪੂਰਬ ਵਲ ਕੂਚ ਸ਼ੁਰੂ ਕੀਤਾ। ਉਸ ਨੇ ਕਈ ਗੜ੍ਹ (ਕਿਲ੍ਹੇ) ਫਤਹ ਕੀਤੇ, ਕਈ ਮਸੀਤਾਂ ਉਸਾਰੀਆਂ ਅਤੇ ਬਹੁਤ ਸਾਰਾ ਲੁਟ ਦਾ ਸਾਮਾਨ ਲੈ ਕੇ ਗਜ਼ਨੀ ਨੂੰ ਵਾਪਸ ਮੁੜ ਗਿਆ।

ਰਾਜਾ ਜੈਪਾਲ ਉਸ ਸਮੇਂ ਬਠਿੰਡੇ ਕਿਲ੍ਹੇ ਦੇ ਵਿਚ ਰਹਿੰਦਾ ਸੀ। ਉਸ ਨੇ ਅਨੁਭਵ ਕੀਤਾ ਕਿ ਮੁਸਲਮਾਨਾਂ ਦੇ ਲਗਾਤਾਰ ਹਮਲਿਆਂ ਨੇ ਦੇਸ ਦਾ ਅਮਨ ਤਬਾਹ ਕਰ ਦਿਤਾ ਹੈ। ਇਹਨਾਂ ਹਮਲਿਆਂ ਨੂੰ ਰੋਕਣ ਲਈ ਉਸ ਨੇ ਬਹੁਤ ਵਡੀ ਫੌਜ ਜਮਾਂ ਕਰ ਲਈ ਅਤੇ ਅਣਗਿਣਤ ਹਾਥੀ ਮੰਗਾ ਲਏ ਤਾਂ ਜੁ ਮੁਸਲਮਾਨਾਂ ਉਪਰ ਉਹਨਾਂ ਦੀ ਧਰਤੀ ਉਪਰ ਹੀ ਹਮਾਲਾ ਕੀਤਾ ਜਾਏ।

## ਜੈਪਾਲ ਨਾਲ ਲੜਾਈ

ਲਾਹੌਰ ਦੇ ਰਾਜੇ ਜੈਪਾਲ ਨੇ ਫੌਜ ਸਮੇਤ ਸਿੰਧ ਪਾਰ ਕਰ ਕੇ ਲਘਮਾਨ ਵਲ ਕੂਚ ਬੋਲ ਦਿਤਾ। ਇਸ ਅਸਥਾਨ ਉਤੇ ਉਹਦੀ ਟੱਕਰ ਸਬੁਕਤਗੀਨ ਨਾਲ ਹੋਈ। ਸਬੁਕਤਗੀਨ ਓਦੋਂ ਭਾਵੇਂ ਅਜੇ ਅਲ੍ਹੜ ਮੁੰਡਾ ਹੀ ਸੀ ਫੇਰ ਵੀ ਉਸ ਨੇ ਆਪਣੀ ਵਰਿਆਮਗੀ ਦਾ ਚੰਗਾ ਸਬੂਤ ਦਿਤਾ। ਠੀਕ ਰਾਤ ਦੇ ਸਮੇਂ ਉਸ ਇਲਾਕੇ ਵਿਚ ਗੜ੍ਹੇ ਮਾਰ ਹੋਈ ਤੇ ਹਵਾਈ ਤੂਫਾਨ ਝੁਲ ਪਏ ਜਿਸ ਨਾਲ ਚਾਰੇ ਪਾਸੇ ਡਰ ਤੇ ਤਬਾਹੀ ਮਚ ਗਈ।

## ਰਾਜੇ ਦੀ ਸੁਲਹ ਲਈ ਮੰਗ

ਇਸ ਤੂਫਾਨ ਨਾਲ ਲਾਹੌਰ ਦੇ ਰਾਜਾ ਜੈਪਾਲ ਦੀਆਂ ਫੌਜਾਂ ਨੂੰ ਬੜਾ ਨੁਕਸਾਨ ਪੁਜਾ। ਉਸ ਦੇ ਬਹੁਤ ਸਾਰੇ ਜਾਨਵਰ ਮਾਰੇ ਗਏ। ਰਾਜਾ ਇਹ ਵੇਖ ਕੇ ਕਿ ਉਸ ਦੀ ਫੌਜ ਖਿਲਰ ਪੁਲਰ ਗਈ ਹੈ, ਦੂਜੀ ਭਲਕ ਹੀ ਸੁਲਾਹ ਕਰਨ ਉਤੇ ਉਤਰ ਆਇਆ। ਸਬੁਕਤਗੀਨ ਚਾਹੁੰਦਾ ਸੀ ਕਿ ਉਹ ਹਿੰਦੂ ਰਾਜੇ ਨਾਲ ਸੁਲਾਹ ਕਰ ਲਵੇ, ਪਰ ਨੌਜਵਾਨ ਮਹਿਮੂਦ ਨੇ, ਜੋ ਬੜਾ ਮਨ-ਚਲਾ ਸਿਪਾਹੀ ਸੀ, ਉਸ ਨੂੰ ਪੇਸ਼ ਕੀਤੀਆਂ ਸ਼ਰਤਾਂ ਤੇ ਸੁਲਾਹ ਕਰਨ ਤੋਂ ਰੋਕ ਦਿਤਾ। ਇਸ ਤੇ ਜੈਪਾਲ ਨੇ ਫੇਰ ਦੂਜੇ ਦੂਤ ਭੇਜੇ ਤਾਂ ਜੁ ਉਹ ਬਾਦਸ਼ਾਹ ਨੂੰ ਇਹ ਹਾਲ ਖੋਲ੍ਹ ਕ ਦਸ ਦੇਣ ਕਿ ਰਾਜਪੂਤਾਂ ਵਿਚ ਇਹ ਰਿਵਾਜ ਹੈ ਕਿ ਜਦ ਉਹਨਾਂ ਨੂੰ ਬਚਾ ਦੀ ਕੋਈ ਆਸ ਨਾ ਰਹਿ ਜਾਏ, ਤਦ ਉਹ ਆਪਣੀਆਂ ਪਤਨੀਆਂ ਤੇ ਬਚਿਆਂ ਨੂੰ ਆਪ ਕਤਲ ਕਰ ਦੇਂਦੇ, ਆਪਣੇ ਘਰ ਘਾਟ ਨੂੰ ਫੂਕ ਸੁਟਦੇ ਅਤੇ ਆਪਣੇ ਕੇਸ ਖੋਹਲ ਕੇ ਬਦਲੇ ਦੀ ਅਗ ਵਿਚ ਪੈ ਕੇ ਲਹੂ ਦੀਆਂ ਨਦੀਆਂ ਵਗਾ ਦੇਂਦੇ ਹਨ।" ਸਬੁਕਤਗੀਨ ਨਹੀਂ ਸੀ ਚਾਹੁੰਦਾ ਕਿ ਰਾਜੇ ਨੂੰ ਇਸ ਹਦ ਤੀਕ ਨਿਰਾਸ਼ ਕੀਤਾ ਜਾਵੇ ਇਸ ਲਈ ਉਸ ਨੇ ਸੁਲਹ ਦੀਆਂ ਸ਼ਰਤਾਂ ਪੇਸ਼ ਕਰਨਾ ਪਰਵਾਨ ਕਰ ਲਿਆ।

## ਸੁਲਹ ਦੀਆਂ ਸ਼ਰਤਾਂ

ਰਾਜੇ ਨੇ ਸੁਲਹ ਦੇ ਮੁਲ ਵਜੋਂ ੧੦ ਲਖ ਦਿਰਮ ਅਤੇ ਪੰਜਾਹ ਹਾਥੀ ਦੇਣੇ ਪਰਵਾਨ ਕਰ ਲਏ। ਕਿਉਂਕਿ ਮੌਕੇ ਉਤੇ ਕੈਂਪ ਵਿਚ ਰਾਜਾ ਇਹ

*ਤੁਰਕੀ ਗੁਲਾਮ ਹੋਣ ਦੇ ਬਾਵਜੂਦ ਸਬਕਤਗੀਨ ਦਾਵੇਦਾਰ ਸੀ ਕਿ ਉਹ ਜਯੀਦੀ ਖਾਨ ਦੇ ਸ਼ਾਹੀ ਖਾਨਦਾਨ ਵਿਚੋਂ ਹੈ। ਇਹ ਖਾਨਦਾਨ ਈਰਾਨ ਦੇ ਅੰਤਮ ਬਾਦ ਸ਼ਾਹ ਦਾ ਸੀ ਜਿਸਦੀਆਂ ਫੌਜਾਂ ਨੂੰ ਖਲੀਫਾ ਉਸਮਾਨ ਦੇ ਰਾਜ ਵਿਚ ਬੁਰੀ ਤਰ੍ਹਾਂ ਹਾਰ ਹੋਈ ਸੀ, ਤੇ ਜੋ ਸ਼ਹਿਰ ਮਰਵ ਦੇ ਨੇੜੇ ਪਨਚਕੀ ਉਪਰ ਕਤਲ ਕਰ ਦਿਤਾ ਗਿਆ। ਉਸਦਾ ਪਰਿਵਾਰ ਤੁਰਕਿਸਤਾਨ ਵਿਚ ਜਾ ਵਸਿਆ ਅਤੇ ਉਥੇ ਦੇ ਲੋਕਾਂ ਨਾਲ ਮੇਲ ਜੋਲ ਰਖਣ ਕਰ ਕੇ ਤੁਰਕੀ ਬਣ ਗਿਆ—ਫਰਿਸ਼ਤਾ

Sri Satguru Jagjit Singh Ji eLibrary NamdhariElibrary@gmail.com

ਸਾਰੀ ਰਕਮ ਨਹੀਂ ਸੀ ਤਾਰ ਸਕਦਾ ਇਸ ਲਈ ਮੋਹਤਬਿਰ ਆਦਮੀ ਉਹਦੇ ਨਾਲ ਲਾਹੌਰ ਭੇਜੇ ਗਏ ਤਾਂ ਜੁ ਬਾਕੀ ਰਕਮ ਵਸੂਲ ਕਰ ਲਿਆ-ਵਨ। ਇਸ ਸਮੇਂ ਵਿਚਕਾਰ ਕਈ ਪਤਵੰਤੇ ਬਰਗਮਾਲ ਵਜੋਂ ਸਬੁਕਤਗੀਨ ਦੇ ਪਾਸ ਰਖੇ ਗਏ। ਪਰ ਆਪਣੀ ਰਾਜਧਾਨੀ ਲਾਹੌਰ ਵਿਚ ਪਹੁੰਚ ਕੇ ਤੇ ਆਪਣੇ ਆਪ ਨੂੰ ਸੁਰਖਿਅਤ ਪਾਕੇ, ਬ੍ਰਹਮਣ ਸਲਾਹਕਾਰਾਂ ਦੀ ਸਲਾਹ ਨਾਲ ਰਾਜੇ ਨੇ ਸੰਧੀ ਦੀ ਉਲੰਘਣਾ ਕਰਕੇ, ਮੁਸਲਮਾਨ ਅਫਸਰਾਂ ਨੂੰ ਕੈਦ ਕਰ ਲਿਆ। ਇਸ ਸਮੇਂ ਤੀਕ ਸਬੁਕਤਗੀਨ ਗਜ਼ਨੀ ਪਹੁੰਚ ਚੁਕਾ ਸੀ। ਉਹ ਇਹ ਖਬਰ ਸੁਣਕੇ ਹੱਕਾ ਬੱਕਾ ਰਹਿ ਗਿਆ। ਉਸੇ ਵਲੋਂ ਇਕ ਬਹੁਤ ਵਡੀ ਫ਼ੌਜ ਲੈ ਕੇ ਮੁੜਦੀ ਪੈਰੀਂ ਲਘਮਾਨ ਵਲ ਕੂਚ ਕਰ ਦਿਤਾ ਤਾਂ ਜੁ ਹਿੰਦੂ ਰਾਜੇ ਪਾਸੋਂ ਇਸ ਅਪਮਾਨ ਦਾ ਬਦਲਾ ਲਏ।

## ਹਿੰਦੂ ਰਾਜਿਆਂ ਦਾ ਸਾਂਝਾ ਫਰੰਟ

ਜੈਪਾਲ ਨੇ ਵੀ ਆਉਣ ਵਾਲੇ ਝਖੜ ਦਾ ਟਾਕਰਾ ਕਰਨਾ ਲਈ ਪੂਰੀ ਤਰ੍ਹਾਂ ਤਿਆਰੀ ਕਰ ਲਈ। ਉਸ ਨੇ ਦਿਲੀ, ਅਜਮੇਰ, ਕਾਲਿੰਜਰ ਅਤੇ ਕਨੌਜ ਦੇ ਰਾਜਿਆਂ ਨੂੰ ਆਪਣੇ ਨਾਲ ਮਿਲਾ ਲਿਆ। ਇਸ ਪਰਕਾਰ ਸਾਰਿਆਂ ਦੀ ਸਾਂਝੀ ਫੌਜ ਜਿਸ ਵਿਚ ੧੦ ਹਜ਼ਾਰ ਘੁੜ ਸਵਾਰ ਤੇ ਚੋਣਵੇਂ ਸੂਰਬੀਰ ਲੜਾਕੇ ਪੈਦਲ ਸਿਪਾਹੀ ਸਨ, ਲਘਮਾਨ ਦੀਆਂ ਹਦਾਂ ਵਿਚ ਇਕਤਰ ਹੋਈ ਤਾਂ ਜੋ ਮੁਸਲਮਾਨ ਹਮਲਾਆਵਰਾਂ ਨੂੰ ਉਥੇਂ ਹੀ ਪਿਛਾਂਹ ਧਕੇਲ ਦਿਤਾ ਜਾਏ। ਸਬੁਕਤਗੀਨ ਨੇ ਇਕ ਪਹਾੜੀ ਉਤੇ ਚੜ੍ਹਕੇ ਹਿੰਦੀ ਫ਼ੌਜਾਂ ਦੀ ਵਸ਼ਾਲਤਾ ਦਾ ਇੰਦਾਜ਼ਾ ਲਾਇਆ ਜੋ ਅਥਾਹ ਸਾਗਰ ਵਾਂਗ ਠਾਠਾਂ ਮਾਰ ਰਿਹਾ ਸੀ। ਉਸ ਨੇ ਆਪਣੇ ਸਰਦਾਰਾਂ ਨੂੰ ਜਿੱਤ ਦਾ ਭਰੋਸਾ ਦਵਾ ਕੇ ਉਹਨਾਂ ਦਾ ਹੌਂਸਲਾ ਵਧਾਇਆ ਅਤੇ ਉਹਨਾਂ ਦੀ ਸੂਰਮਤਾਈ ਨੂੰ ਟੁੰਬ ਕੇ ਹਰ ਇਕ ਨੂੰ ਫੌਜੀ ਦਸਤੇ ਦੀ ਕਮਾਨ ਸਪੁਰਦ ਕੀਤੀ। ਉਸ ਨੇ ਆਪਣੀ ਫੌਜ ਦੇ ਪੰਜ ਪੰਜ ਸੌ ਦੇ ਸੁਕਵਾਡਰਨ ਬਣਾਏ।

## ਸਬੁਕਤਗੀਨ ਦੀ ਚਤੁਰਾਈ ਭਰੀ ਨਕਲ ਹਰਕਤ

ਸਬੁਕਤਗੀਨ ਨੇ ਆਪਣੇ ਕਮਾਂਡਰਾਂ ਨੂੰ ਹੁਕਮ ਦਿਤਾ ਕਿ ਉਹ ਹਿੰਦੂ ਫੌਜ ਦੇ ਕਮਜ਼ੋਰ ਪੱਖ ਉਤ ਤਾਬੜ ਤੋੜ ਹਮਲੇ ਕੀਤੇ ਜਾਣ। ਇਸ ਨੁਮਾਇਸ਼ ਤੋਂ ਇਹ ਗੱਲ ਪ੍ਰਗਟ ਹੁੰਦੀ ਸੀ ਕਿ ਥੱਕੀ ਹੋਈ ਹਿੰਦੂ ਘੁੜ ਸਵਾਰ ਫੌਜ ਵਿਰੁਧ ਤਾਜ਼ਾਂ ਦਮ ਫੌਜਾਂ ਅਗੇ ਵਧ ਰਹੀਆਂ ਹਨ। ਹਿੰਦੂ ਫੌਜਾਂ ਦੀ ਸਫਬੰਦੀ ਟੁਟ ਗਈ ਜਿਸ ਨਾਲ ਉਹਨਾਂ ਵਿਚਾਲੇ ਅਫਰਾ ਤਫਰੀ ਤੇ ਖਿੰਡਾਰ ਪੈਦਾ ਹੋ ਗਿਆ।

## ਉਸ ਦੀ ਫਤਹ

ਇਸ ਬੇਤਰਤੀਬੀ ਤੇ ਖਿੰਡਾਰ ਤੋਂ ਲਾਭ ਉਠਾ ਕੇ ਸਬੁਕਤਗੀਨ ਨੇ ਵਡੇ ਹਮਲੇ ਦਾ ਹੁਕਮ ਦੇ ਦਿਤਾ। ਇਸ ਤਰ੍ਹਾਂ ਹਰ ਥਾਂ ਤੋਂ ਹਿੰਦੂਆਂ ਦੇ ਪੈਰ ਉਖੜ ਗਏ ਤੇ ਉਹ ਨਸ ਉਠ। ਮੁਸਲਮਾਨਾਂ ਦੀਆਂ ਵਿਜ਼ਈ ਫੌਜਾਂ ਨੇ ਹਿੰਦੂਆਂ ਦਾ ਨੀਲਾਬ ਦੇ ਕਿਨਾਰਿਆਂ ਤੀਕ ਪਿੱਛਾ ਕੀਤਾ। ਵਿਜਈ ਸਬੁਕਤਗੀਨ ਨੇ ਸਿੰਧ ਦੇ ਪਛਮੀ ਦੇਸਾਂ ਉਤੇ ਤਾਵਾਨ ਪਾਇਆ।

## ਗਜ਼ਨੀ ਨੂੰ ਵਾਪਸੀ

ਉਸ ਨੇ ਪਿਸ਼ਾਵਰ ਤੇ ਲਘਮਾਨ ਨੂੰ ਆਪਣੇ ਰਾਜ ਦੀ ਪੂਰਬੀ ਹਦ ਨਿਯਤ ਕਰਕੇ ਆਪਣੇ ਇਕ ਅਫਸਰ ਨੂੰ ਇਕ ਹਜ਼ਾਰ ਘੋੜ ਸਵਾਰ ਦੇ ਕੇ ਆਪਣੇ ਜਿਤੇ ਹੋਏ ਇਲਾਕੇ ਦਾ ਗਵਰਨਰ ਥਾਪਿਆ ਅਤੇ ਆਪ ਗਜ਼ਨੀ ਨੂੰ ਵਾਪਸ ਮੁੜ ਗਿਆ।

## ਉਸ ਦੀ ਮੌਤ ੯੯੭ ਈਸਵੀ

ਆਪਣੇ ਬਾਕੀ ਜੀਵਨ ਵਿਚ ਸਬੁਕਤਗੀਨ ਆਪਣੇ ਰਾਜ ਦੇ ਉਤਰ ਪੱਛਮ ਵਲ ਫੌਜੀ ਮੁਹਿਮਾਂ ਵਿਚ ਰੁੱਝਾ ਰਿਹਾ। ਅਗਸਤ ੯੯੭ ਈਸਵੀ ਨੂੰ ਆਪਣੀ ਆਯੂ ਦੇ ਪਚਵੰਵੇਂ ਸਾਲ ਵਿਚ ੨੦ ਸਾਲ ਰਾਜ ਕਰਨ ਮਗਰੋਂ ਬਲਖ਼ ਦੇ ਨੇੜੇ ਤਾਮਟੂਜ਼ ਦੇ ਅਸਥਾਨ ਉਪਰ ਮਰ ਗਿਆ। ਉਸ ਦੀ ਲਾਸ਼ ਗਜ਼ਨੀ ਵਿਚ ਲਿਜਾ ਕੇ ਦਫਨਾਈ ਗਈ।

## ਉਸ ਦਾ ਚਲਨ

ਸਬੁਕਤਗੀਨ ਇਕ ਐਸਾ ਬਾਦਸ਼ਾਹ ਸੀ ਜਿਸ ਵਿਚ ਅਸਾਧਾਰਨ ਵਰਿਆਮਗੀ ਅਤੇ ਅਕਲਵੰਦੀ ਤੋਂ ਛੁਟ ਇਨਸਾਫ ਤੇ ਨਰਮੀ ਦਾ ਮਾਦਾ ਵੀ ਕਾਫੀ ਸੀ। ਉਸ ਦਾ ਵਜ਼ੀਰ ਅਬੁਲਅਬਾਸ ਫਜ਼ਲ ਰਾਜ ਪ੍ਰਬੰਧ ਦੇ ਤੇ ਆਪਣੀ ਅਕਲਵੰਦੀ ਲਈ ਬੜਾ ਪ੍ਰਸਿਧ ਸੀ।

## ਦੰਦ ਕਥਾਵਾਂ

ਸਬੁਕਤਗੀਨ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਹ ਇਕ ਦਿਨ ਬਾਹਰ ਸ਼ਿਕਾਰ ਖੇਡ ਰਿਹਾ ਸੀ ਕਿ ਉਸ ਨੇ ਜੰਗਲ ਵਿਚ ਇਕ ਹਿਰਨੀ ਅਤੇ ਉਸ ਦਾ ਛੋਟਾ ਬੱਚਾ ਡਿੱਠਾ, ਉਸਨੇ ਆਪਣੇ ਘੋੜੇ ਨੂੰ ਅੱਡੀ ਲਾਈ ਤੇ ਉਹਨਾਂ ਨੂੰ ਜਾ ਫੜਿਆ ਹਿਰਨੀ ਤੇ ਬੱਚੇ ਨੂੰ ਫੜ ਕੇ ਉਸ ਦੀਆਂ ਮੁਸ਼ਕਾਂ ਕੱਸ ਲਈਆਂ ਤੇ ਉਸ ਨੂੰ ਬੰਨ੍ਹਕੇ ਘੋੜੇ ਉਤੇ ਲਦ ਕੇ ਪੂਰੀ ਤੇਜ਼ੀ ਨਾਲ ਘਰ ਨੂੰ ਮੁੜਿਆ। ਜਦ ਉਸ ਨੇ ਮੁੜ ਕੇ ਪਿਛੇ ਵਲ ਤਕਿਆ ਤਦ ਸਨੇਹ-ਵਸ ਹਿਰਨੀ ਪੂਰੀ ਤੇਜ਼ੀ ਨਾਲ ਉਸ ਦੇ ਮਗਰ ਦੌੜੀ ਆ ਰਹੀ ਸੀ। ਸਬੁਕਤਗੀਨ ਨੂੰ ਮਾਂ ਦੀ ਮਮਤਾ ਵੇਖ ਕੇ ਬੜਾ ਤਰਸ ਆਇਆ ਤੇ ਉਸ ਨੇ ਹਰਨੀ ਦੇ ਬਚੇ ਨੂੰ ਛਡ ਦਿਤਾ। ਇਹ ਦੇਖ ਤੇ ਹਰਨੀ ਬੜੀ ਖੁਸ਼ ਹੋ ਗਈ। ਉਹ ਚੁੰਘੀਆਂ ਭਰਦੀ ਬਚੇ ਨਾਲ ਜਾ ਰਹੀ ਸੀ ਤੇ ਮੁੜ ਮੁੜ ਉਹਦੇ ਵਲ ਵੇਖ ਰਹੀ ਸੀ। ਉਹਦੀਆਂ ਅੱਖਾਂ ਵਿਚੋਂ ਖੁਸ਼ੀ ਦੇ ਹੰਝੂ ਕਿਰ ਰਹੇ ਸਨ। ਕਿਹਾ ਜਾਂਦਾ ਹੈ ਕਿ ਉਸੇ ਰਾਤ ਉਸ ਨੂੰ ਸੁਫਨੇ ਵਿਚ ਰੱਬੀ ਪੈਗੰਬਰ ਨੇ ਦਰਸ਼ਨ ਦਿਤਾ ਅਤੇ ਉਸ ਨੂੰ ਆਖਿਆ, "ਤੂੰ ਅੱਜ ਇਕ ਦੁਖੀ ਜਾਨਵਰ ਉਪਰ ਤਰਸ ਖਾਧਾ ਹੈ, ਉਸ ਨਾਲ ਰੱਬ ਤੇਰੇ ਉਤੇ ਪ੍ਰਸੰਨ ਹੋਇਆ ਹੈ। ਉਸ ਦੇ ਬਦਲੇ ਵਿਚ ਤੈਨੂੰ ਗਜ਼ਨੀ ਦਾ ਰਾਜ ਬਖਸ਼ਿਆ ਗਿਆ ਹੈ। ਵੇਖੀਂ ਵਡੇ ਬਣਕੇ ਇਸ ਗੁਣ ਨੂੰ ਭੁਲ ਨਾ ਜਾਈਂ ਸਗੋਂ ਮਨੁਖ ਜਾਤੀ ਲਈ ਵੀ ਆਪਣਾ ਦਾਨ ਜਾਰੀ ਰਖੀਂ।"

ਨਸੀਰ ਉਲ ਮੁਲਕ ਦਾ ਲੇਖਕ ਲਿਖਦਾ ਹੈ ਕਿ ਸਬੁਕਤਗੀਨ ਦੇ ਪੁਤਰ ਮਹਿਮੂਦ ਨੇ ਆਪਣੇ ਐਸ਼ ਬਾਗ ਵਿਚ ਬੜਾ ਸ਼ਾਨਦਾਰ ਮਹੱਲ ਉਸਾਰਿਆ। ਇਸ ਵਿਚ ਪਰਵੇਸ਼ ਦੀ ਰਸਮ ਸਮੇਂ ਉਸ ਨੇ ਬੜੀ ਸ਼ਾਨਦਾਰ ਦਾਅਵਤ ਦਿਤੀ ਜਿਸ ਵਿਚ ਆਪਣੇ ਪਿਤਾ ਨੂੰ ਵੀ ਸਦਿਆ ਸ਼ਾਹੀ ਮਹਲ ਦੀ ਉਸਾਰੀ ਵਿਚ ਇਸ ਸੁਹਜ ਸਵਾਦ ਸੁੰਦਰਤਾ ਤੇ ਹੁਨਰ ਦੀ ਵਰਤੋਂ ਕੀਤੀ ਗਈ ਉਸ ਬਾਰੇ ਨੌਜਵਾਨ ਸ਼ਾਹਜ਼ਾਦੇ ਨੇ ਆਪਣੇ ਪਿਤਾ ਦੀ ਰਾਏ ਪੁਛੀ। ਸਬੁਕਤਗੀਨ ਨੇ ਆਪਣੇ ਪੁਤਰ ਨੂੰ ਉਤਰ ਦਿਤਾ ਉਹਦੀ ਰਾਏ ਵਿਚ ਇਹ ਇਕ ਐਸੀ ਜ਼ਾਹਰੀ ਯਾਦਗਾਰ ਹੈ ਜੋ ਉਸ ਦੀ ਪਰਜਾ ਦਾ ਹਰ ਮਨੁਖ ਦੌਲਤ ਨਾਲ ਉਸਾਰ ਸਕਦਾ ਹੈ। ਬਰਖੁਰਦਾਰ ਸ਼ਾਹਜ਼ਾਦੇ ਨੂੰ ਚਾਹੀਦਾ ਹੈ ਕੋਈ ਐਸੀ ਸਿਆਣੀ ਯਾਦਗਾਰ ਕਾਇਮ ਕਰੇ ਜੋ ਉਸ ਦੇ ਨਾਮ ਨੂੰ ਸਦਾ ਉਜਾਗਰ ਕਰਦੀ ਰਹੇ। ਇਹ ਯਾਦਗਾਰ ਇਟਾਂ ਚੂਨੇ ਦੀ ਨਹੀ ਸਗੋਂ ਨੇਕ ਅਮਲਾਂ ਦੀ ਹੋਵੇ ਜਿਸ ਦੀ ਬਾਕੀ ਦੇ ਲੋਕ ਵੀ ਰੀਸ ਕਰਨ, ਪਰ ਇਹੋ ਜਿਹੀ ਯਾਦਗਾਰ ਕੋਈ ਆਪ ਨ ਬਣਾ ਸਕੇ। ਇਸ ਬਾਰੇ ਕਵੀ ਨਜ਼ਾਮੀ ਉਰਜ਼ੋਇ ਸਮਰਕੰਦੀ ਨੇ ਐਉਂ ਲਿਖਿਆ ਹੈ :- ਮਹਿਮੂਦ ਨੇ ਜਿੰਨੇ ਵੀ ਸ਼ਾਨਦਾਰ ਮਹਲ ਉਸਾਰੇ

ਉਹਨਾਂ ਦੀ ਹੁਣ ਇਕ ਇਟ ਵੀ ਨਜ਼ਰ ਨਹੀਂ ਆਉਂਦੀ ਪਰ ਉਸਦੀ ਪ੍ਰਸਿਧਤਾ ਦੀ ਯਾਦਗਾਰ ਸਦੀਆਂ ਮਗਰੋਂ ਵੀ ਬਰਾਬਰ ਕਾਇਮ ਹੈ ਤੇ ਉਸ ਦੀ ਵਡਿਆਈ ਦੀ ਸਥਾਈ ਯਾਦਗਾਰ ਹੈ।

## ਸੁਲਤਾਨ ਮਹਿਮੂਦ ਗਜ਼ਨਵੀ[]

ਸਬੁਕਤਗੀਨ ਦੇ ਮਰਨ ਪਿਛੋਂ ਉਸਦਾ ਸਭ ਤੋਂ ਵਡਾ ਲੜਕਾ ਮਹਿਮੂਦ ਨਿਸ਼ਾਪੁਰ ਵਿਚ ਸੀ। ਦੂਜਾ ਪੁਤਰ ਇਸਮਾਈਲ ਆਖਰੀ ਸਮੇਂ ਆਪਣੇ ਪਿਤਾ ਪਾਸ ਹੋਣ ਕਰਕੇ ਪਿਤਾ ਤੋਂ ਆਪਣੀ ਗਦੀ ਨਸ਼ੀਨ ਦੀ ਪਰਵਾਨਗੀ ਲੈਣ ਵਿਚ ਸਫਲ ਹੋਗਿਆ। ਉਸ ਦੇ ਪਿਤਾ ਦੇ ਮਰਨ ਪਿਛੋਂ ਬਲਖ਼ ਵਿਚ ਉਸੇ ਨੂੰ ਰਾਜ-ਤਿਲਕ ਦਿਤਾ ਗਿਆ।

## ਮਹਿਮੂਦ ਤੇ ਇਸਮਾਈਲ ਵਿਚਾਲੇ ਤਾਜ ਲਈ ਲੜਾਈ

ਦੂਜੇ ਪਾਸੇ ਮਹਿਮੂਦ ਨੇ ਤਾਜ ਤਖਤ ਉਤੇ ਆਪਣਾ ਹਕ ਜਤਾਇਆ ਉਸ ਨੇ ਇਹ ਵੀ ਐਲਾਨ ਕੀਤਾ ਕਿ ਉਹ ਬਲਖ਼ ਤੇ ਖੁਰਾਸਾਨ ਵਿਚ ਆਪਣੇ ਛੋਟੇ ਭਾਈ ਦੀ ਖੁਦ ਮੁਖਤਾਰੀ ਪਰਵਾਨ ਕਰ ਲਏਗਾ ਜੇ ਉਹ ਬਾਕੀ ਇਲਾਕੇ ਤੋਂ ਆਪਣਾ ਦਾਅਵਾ ਛਡ ਦੇਵੇ, ਪਰ ਇਸਮਾਈਲ ਨੇ ਇਹ ਪੇਸ਼ਕਸ਼ ਪਰਵਾਨ ਨਾ ਕੀਤੀ। ਇਸ ਤੇ ਮਹਿਮੂਦ ਨ ਇਸਮਾਈਲ ਉਪਰ ਚੜ੍ਹਾਈ ਕਰ ਦਿਤੀ। ਉਸ ਨੂੰ ਆਪਣੇ ਚਾਚੇ ਬੋਘਰਾਜ਼ ਅਤੇ ਆਪਣੇ ਛੋਟੇ ਭਾਈ ਅਮੀਰ ਨਸ਼ੀਰ ਉਦੀਨ ਯੂਸਫ ਦੀ ਹਮਾਇਤ ਪਰਾਪਤ ਸੀ। ਇਸਮਾਈਲ ਦੀ ਫੌਜ ਨਾਲ ਹਾਥੀਆਂ ਦੀ ਕਤਾਰ ਵੀ ਸੀ। ਦੋਵਾਂ ਫੌਜਾਂ ਵਿਚਾਲੇ ਗਜ਼ਨੀ ਦੇ ਨੇੜੇ ਸਖਤ ਲੜਾਈ ਹੋਈ।

## ਇਸਮਾਈਲ ਦੀ ਹਾਰ

ਇਸ ਘਮਸਾਨ ਵਿਚ ਇਸਮਾਈਲ ਨੂੰ ਹਾਰ ਹੋਈ। ਉਸ ਨੇ ਕਿਲ੍ਹੇ ਤੇ ਖਜ਼ਾਨੇ ਦੀਆਂ ਚਾਬੀਆਂ ਆਪਣ ਭਰਾ ਦੇ ਹਵਾਲੇ ਕਰ ਦਿਤੀਆਂ ਇਸ ਦੇ ਬਦਲੇ ਮਹਿਮੂਦ ਨੇ ਉਸ ਨੂੰ ਬਾਕੀ ਦਾ ਸਾਰਾ ਜੀਵਨ ਸੁਖੀ ਰਖਿਆ।

## ਮਹਿਮੂਦ ਗਜ਼ਨੀ ਦੇ ਤਖਤ ਉਤੇ

ਮਹਿਮੂਦ ਭਰ ਜਵਾਨੀ ਸਮੇਂ ਪੂਰੇ ੩੦ ਸਾਲ ਦੀ ਉਮਰ ਵਿਚ ਤਖ਼ਤ ਉਤੇ ਬੈਠਾ। ਆਪਣੇ ਬਾਪ ਦੀਆਂ ਸਭ ਫੌਜੀ ਮੁਹਿੰਮਾਂ ਵਿਚ ਸ਼ਾਮਲ ਰਹਿਣ ਅਤੇ ਸੁਤੰਤਰ ਤੌਰ ਉਤੇ ਮੁਹਿੰਮਾਂ ਦੀ ਕਮਾਨ ਕਰ ਕੇ ਉਸ ਨੇ ਜੰਗ ਦੇ ਹੁਨਰ ਵਿਚ ਚੋਖਾ ਅਨੁਭਵ ਪਰਾਪਤ ਕਰ ਲਿਆ ਸੀ। ਜਿਥੋਂ ਤੀਕ ਅਮਨ ਤੇ ਹੁਨਰ ਦਾ ਸੰਬੰਧ ਹੈ ਉਸ ਵਿਚ ਬਾਦਸ਼ਾਹ ਹੋਣ ਦੇ ਸਾਰੇ ਗੁਣ ਸਨ। ਰਾਜ ਗਦੀ ਉਤੇ ਬੈਠਣ ਮਗਰੋਂ ਉਸ ਨੇ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ਸਮਾਨੀ ਦੇ ਸ਼ਾਹੀ ਪਰਵਾਰ ਨਾਲ ਵਫਾਦਾਰੀ ਜਤੌਣ ਲਈ ਬੁਖਾਰਾ ਦੇ ਦਰਬਾਰ ਵਿਚ ਆਪਣਾ ਰਾਜ ਦੂਤ ਭੇਜਿਆ।

## ਆਪਣੀ ਸੁਤੰਰਤਾ ਦਾ ਐਲਾਨ

ਉਸ ਦੇ ਥੋੜੀ ਦੇਰ ਮਗਰੋਂ ਹੀ ਉਸ ਨੇ ਇਸ ਵਫਾਦਾਰੀ ਨੂੰ ਗਲੋਂ ਲਾਹ ਸੁਟਿਆ ਅਤੇ ੯੯੯ ਈਸਵੀ ਵਿਚ ਆਪਣੀ ਸੁਤੰਤਰਤਾ ਦਾ ਐਲਾਨ ਕਰ ਦਿਤਾ। ਫੇਰ ਉਸ ਨੇ ਬਲਖ ਤੇ ਖੁਰਾਸਾਨ ਦੇ ਸੂਬਿਆਂ ਵਿਚ ਅਮਨ ਕਾਇਮ ਕਰਨ ਵਲ ਧਿਆਨ ਦਿਤਾ।

## ਖਲੀਫਾ ਬਗਦਾਦ ਵਲੋਂ ਖ਼ਤਾਬ ਤੇ ਖਿਲਅਤ

ਉਸ ਦੀ ਪ੍ਰਸਿਧੀ ਬਗਦਾਦ ਦੇ ਦਰਬਾਰ ਵਿਚ ਵੀ ਪਹੁੰਚੀ। ਅਬਾਸੀਆ ਖਾਨਦਾਨ ਦੇ ਖਲੀਫਾ ਅਲਕਾਦਰ ਬਿਲਾਹ ਨੇ ਉਸ ਨੂੰ ਵਡਮੁਲਾ ਖਿਲਅਤ ਭੇਟਾ ਕਰਨ ਦੇ ਨਾਲ ਹੀ ਉਸ ਨੂੰ 'ਅਮੀਨ-ਉਲ ਮਿਲੇਤ' ਤੇ 'ਯਮੀਨ-ਉਲ ਦੌਲਤ' ਦੇ ਖਿਤਾਬ (ਉਪਾਧੀ) ਨਾਲ ਨਿਵਾਜਿਆ।

## ਸੁਲਤਾਨ ਹੋਣ ਦਾ ਐਲਾਨ

ਹੁਣ ਉਸ ਨੇ ਸੁਲਤਾਨ ਹੋਣ ਦਾ ਐਲਾਨ ਵੀ ਕਰ ਦਿਤਾ। ਸਾਮਾਨੀ ਪਰਿਵਾਰ ਉਤੇ ਜਬਰੀ ਕਬਜ਼ਾ ਕਰਨ ਵਾਲੇ ਸ਼ਹਿਨਸ਼ਾਹ ਬੁਖਾਰਾ ਅਲਿਕਹਾਨ ਨੇ ਆਪਣੀ ਸ਼ਾਹਜ਼ਾਦੀ ਦਾ ਨਿਕਾਹ ਵੀ ਉਸ ਨਾਲ ਕਰ ਦਿਤਾ।

ਆਪਣੀਆਂ ਪੂਰਬੀ ਹਦਾਂ ਵਲ ਦੇ ਦੇਸ਼ਾਂ ਦੀ ਦੌਲਤਵੰਦੀ ਤੇ ਸ਼ਾਨ ਸ਼ੌਕਤ ਦੀਆਂ ਕਥਾਵਾਂ ਮਹਿਮੂਦ ਮੁਦਤ ਤੋਂ ਸੁਣਦਾ ਰਿਹਾ ਸੀ। ਉਸ ਨੇ ਇਹ ਪ੍ਰਣ ਧਾਰਿਆ ਕਿ ਜੇ ਉਸ ਦੇ ਦੇਸ਼ ਵਿਚ ਅਮਨ ਰਿਹਾ ਤਦ ਉਹ ਹਿੰਦੁਸਤਾਨ ਦੇ ਬੁਤ ਪੂਜਕਾਂ ਦੇ ਵਿਰੁਧ ਜਹਾਦ ਖੜਾ ਕਰਗਾ ਅਤੇ ਉਸ ਦੇਸ਼ ਵਿਚੋਂ ਬੁਤ ਪੂਜਾ ਦਾ ਖੁਰਾ ਖੋਜ ਮਿਟਾ ਦੇਵੇਗਾ। ਇਸ ਦੀ ਥਾਂ ਇਕ ਰਬ ਦੀ ਪੂਜਾ ਨੂੰ ਜਾਰੀ ਕਰੇਗਾ।

## ਇਸਲਾਮ ਦੇ ਪ੍ਰਚਾਰ ਲਈ ਜੋਸ਼

ਦਰਿਆ ਸਿੰਧ ਦੇ ਕੰਢਿਆਂ ਉਪਰਲੇ ਹਿੰਦ ਦੇ ਉਹਨਾਂ ਇਲਾਕਿਆ ਤੋਂ ਜਿਹੜੇ ਉਸ ਦੀ ਸਰਹਦ ਨਾਲ ਲਗਦੇ ਸਨ ਮਹਿਮੂਦ ਪਹਿਲੇ ਹੀ ਵਾਕਫ ਸੀ। ਉਸ ਦੇ ਅੰਦਰ ਹੀ ਇਸਲਾਮ ਦੇ ਪ੍ਰਚਾਰ ਦਾ ਬੇਪਨਾਹ ਜੋਸ਼ ਤੇ ਆਪਣੇ ਫੌਜੀ ਜਵਾਨਾਂ ਦੀ ਸੂਰਬੀਰਤਾ ਉਪਰ ਉਸ ਨੂੰ ਪੂਰਾ ਪੂਰਾ ਭਰੋਸਾ ਸੀ। ਉਹਨਾਂ ਦੋਹਾਂ ਦੇ ਸਦਕੇ ਹੀ ਉਸ ਨੇ ਹਿੰਦੁਸਤਾਨ ਉਪਰ ਹੀ ਚੜ੍ਹਾਈ ਕਰਨ ਦਾ ਨਿਸ਼ਚਾ ਧਾਰਿਆ।

## ਮਹਿਮੂਦ ਦਾ ਪਹਿਲਾ ਹਮਲਾ ੧੦੦੧ ਈਸਵੀ

ਆਪਣੇ ਦ੍ਰਿੜ ਇਰਾਦੇ ਦੀ ਪੂਰਨਤਾ ਲਈ ਉਸ ਨੇ ਸੰਨ ੧੦੦੧ ਈਸਵੀ ਦੇ ਅਗਸਤ ਮਹੀਨੇ ਵਿਚ ਉਸ ਨੇ ਗਜ਼ਨੀ ਤੋਂ ਪਿਸ਼ਾਵਰ ਵਲ ਕੂਚ ਬੋਲਿਆ। ਉਸ ਦੀ ਕਮਾਨ ਹੇਠ ੧੦ ਹਜ਼ਾਰ ਘੋੜ ਸਵਾਰ ਜਹਾਦੀ ਸਨ।

## ਜੈ ਪਾਲ ਰਾਜਾ ਲਾਹੌਰ ਨਾਲ ਜੰਗ

ਮਹਿਮੂਦ ਦੇ ਟਾਕਰੇ ਲਈ ਜੇਪਾਲ ਰਾਜਾ ਲਾਹੌਰ ਮੈਦਾਨ ਵਿਚ ਨਿਕਲਿਆ। ਉਸ ਦੇ ਪਾਸ ੧੨ ਹਜ਼ਾਰ ਘੋੜ ਸਵਾਰ ਤੇ ੩੦ ਹਜ਼ਾਰ ਪੈਦਲ ਫ਼ੌਜ ਸੀ। ੩੦੦ ਹਾਥੀ ਵੀ ਸਨ। ਦੋਹਾਂ ਧਿਰਾਂ ਵਿਚਾਲੇ ਬੜਾ ਘਮਸਾਨ ਮਚਿਆ। ਹਿੰਦੂ ਫ਼ੌਜਾਂ ਜਾਨ ਤੋੜ ਕੇ ਲੜੀਆਂ ਪਰ ਅੰਤ ਵਿਚ ਉਹ ਮਹਿਮੂਦ ਦੀਆਂ ਜ਼ਬਤ ਵਾਲੀਆਂ ਸਵਾਰ ਫ਼ੌਜਾਂ ਅਗੇ ਨਾ ਟਿਕ ਸਕੀਆਂ। ਉਹਨਾਂ ਨੂੰ ਬਹੁਤ ਬੁਰੀ ਤਰ੍ਹਾਂ ਦੀ ਹਾਰ ਹੋਈ।

## ਮਹਿਮੂਦ ਦੀ ਜਿੱਤ

ਇਸ ਜੰਗ ਵਿਚ ਹਿੰਦੂਆਂ ਦੀ ਪੰਜ ਹਜ਼ਾਰ ਫ਼ੌਜ ਮਾਰੀ ਗਈ।

[]ਮਹਿਮੂਦ ਦਾ ਉਪਨਾਮ 'ਬੁਤ ਸ਼ਿਕਨ' ਅਰਥਾਤ ਮੂਰਤੀ ਨਾਸ਼ਕ ਸੀ। ਉਸਦਾ ਖਤਾਬ ਸੀ ਅਮੀਨ ਉਲਮਿਲਤ (ਮਜ਼ਬ ਦਾ ਰਾਖਾ) ਅਤੇ ਯਮੀਨ ਉਲ ਦੌਲਤ (ਰਾਜ ਦੀ ਸਜੀ ਬਾਂਹ)

Sri Satguru Jagjit Singh Ji eLibrary NamdhariElibrary@gmail.com

ਰਾਜਾ ਜੈਪਾਲ ਤੇ ਉਸ ਦੇ ੧੫ ਵਡੇ ਵਡੇ ਸਰਦਾਰ ਕੈਦੀ ਬਣਾਏ ਗਏ। ਇਸ ਫਤਹ ਨਾਲ ਮਹਿਮੂਦ ਦੀ ਨਾਮਵਰੀ ਅਤੇ ਦੌਲਤ ਵਿਚ ਬੜਾ ਵਾਧਾ ਹੋਇਆ। ਇਸ ਥਾਂ ਤੋਂ ਉਸ ਨੂੰ ਜੋ ਲੁਟ ਦਾ ਮਾਲ ਮਿਲਿਆ ਉਸ ਵਿਚ ਹੀਰੇ ਜਵਾਹਰਾਤ ਜੜੇ ਉਹ ੧੬ ਨੈਕਲੇਸ (ਮਾਲਾ) ਵੀ ਸਨ ਜੋ ਜੈਪਾਲ ਪਾਉਂਦਾ ਸੀ ਤੇ ਜਿਸ ਦੀ ਕੀਮਤ ੮੨ ਹਜ਼ਾਰ ਪੌਂਡ ਲਾਈ ਗਈ ਸੀ। ਏਥੇ ਫਤਹ ਪ੍ਰਾਪਤ ਕਰ ਚੁਕਣ ਮਗਰੋਂ ਮਹਿਮੂਦ ਨੇ ਬਠਿੰਡੇ ਵਲ ਕੂਚ ਕੀਤਾ। ਬਠਿੰਡੇ ਦੇ ਕਿਲ੍ਹੇ ਉਤੇ ਹਲਾ ਬੋਲਕੇ ਉਸ ਨੂੰ ਅਧੀਨ ਕਰ ਲਿਆ। ਅਗਲੀ ਬਹਾਰ ਰੁਤ ਵਿਚ ਉਸ ਨੇ ਜੈਪਾਲ ਦ ਸਾਲਾਨਾ ਬਾਜ਼ ਗੁਜਾਰੀ ਦੇਣੀ ਪਰਵਾਨ ਕਰਨ ਉਤ ਉਸ ਨੂੰ ਰਿਹਾ ਕਰ ਦਿਤਾ। ਪਰ ਉਸ ਨੇ ਉਹਨਾਂ ਅਫਗਾਨ ਸਰਦਾਰਾਂ ਨੂੰ ਤਲਵਾਰ ਦੇ ਘਾਟ ਉਤਾਰ ਦਿਤਾ ਜਿਹਨਾਂ ਨ ਉਸ ਦੀ ਪੰਜਾਬ ਉਪਰ ਚੜ੍ਹਾਈ ਦੀ ਵਿਰੋਧਤਾ ਕੀਤੀ ਸੀ।

## ਜੈ ਪਾਲ ਦਾ ਰਾਜ ਤਿਆਗ ਤੇ ਚਿਤਾ ਤੇ ਸੜ ਮਰਨਾ

ਬਿਰਧ ਹਿੰਦੂ ਬਾਦਸ਼ਾਹ ਨੇ ਹਾਰਾਂ ਤੋਂ ਬੜੀ ਸ਼ਰਮ ਅਨੁਭਵ ਕੀਤੀ ਅਤੇ ਆਪਣੇ ਆਪ ਨੂੰ ਰਾਜ ਦੇ ਅਯੋਗ ਸਮਝ ਕੇ ਰਾਜ ਤਿਆਗ ਦਿਤਾ। ਗਦੀ ਉਤੇ ਆਪਣੇ ਪੁਤਰ ਅਨੰਗ ਪਾਲ† ਨੂੰ ਬਿਠਾ ਕੇ ਉਹ ਉਸ ਚਿਤਾ ਵਿਚ ਸੜ ਮੋਇਆ ਜੋ ਉਸ ਨੇ ਆਪਣੇ ਹਥ ਨਾਲ ਆਪ ਤਿਆਰ ਕੀਤੀ। ਉਹ ਅਣਖ ਲਈ ਕੁਰਬਾਨ ਹੋ ਗਿਆ।

## ਦੂਜਾ ਹਮਲਾ ੧੦੦੪ ਈਸਵੀ

ਸੰਨ ੧੦੦੪ ਈਸਵੀ ਵਿਚ ਸੀਸਤਾਨ ਦੀ ਫ਼ੌਜੀ ਮੁਹਿੰਮ ਤੋਂ ਵਾਪਸੀ ਉਪਰ ਮਹਿਮੂਦ ਨੂੰ ਪਤਾ ਲਗਾ ਕਿ ਹਿੰਦੁਸਤਾਨ ਨੇ ਪੂਰਾ ਖਰਾਜ ਨਹੀਂ ਦਿਤਾ। ਅਨੰਗ ਪਾਲ ਰਾਜਾ ਲਾਹੌਰ ਨੇ ਤੇ ਆਪਣੀ ਬਾਜ ਦੇ ਦਿਤੀ ਹੈ ਪਰ ਰਾਜਾ ਬਠਿੰਡਾ ਬਿਜੇ ਰਾਏ ਨੇ ਅਪਣਾ ਹਿਸਾ ਰੋਕ ਲਿਆ ਹੈ। ਉਹ ਮੁਸਲਮਾਨਾਂ ਦੇ ਸਖਤ ਵਿਰੁਧ ਹੈ ਅਤੇ ਹਿੰਦੁਸਤਾਨ ਵਿਚ ਮਹਿਮੁਦ ਜਿਹੜੇ ਵੀ ਗਵਰਨਰ ਭੇਜਦਾ ਉਹਨਾਂ ਸਭ ਨੂੰ ਤੰਗ ਕਰਦਾ ਹੈ।

## ਰਾਜਾ ਬਠਿੰਡਾ ਨਾਲ ਲੜਾਈ

ਮਹਿਮੂਦ ਫ਼ੌਜ ਲੈ ਕੇ ਮੁਲਤਾਨ ਦੇ ਰਸਤੇ ਰਾਜੇ ਦੇ ਇਲਾਕੇ ਵਿਚ ਦਾਖਲ ਹੋਇਆ। ਬਠਿੰਡਾ ਉਚੀਆਂ ਉਚੀਆਂ ਕੰਧਾਂ ਨਾਲ ਗੜ੍ਹ ਹੋਇਆ ਹੈ ਅਤੇ ਸ਼ਹਿਰ ਦੇ ਇਰਦ ਗਿਰਦ ਚੌੜੀ ਤੇ ਡੂੰਘੀ ਪਾਣੀ ਦੀ ਖਾਈ ਪੁਟੀ ਹੋਈ ਹੈ। ਰਾਜ ਨੇ ਵੀ ਆਪਣੀ ਰਾਜਪੂਤੀ ਫ਼ੌਜ ਨੂੰ ਜੰਗ ਲਈ ਤਿਆਰ ਕਰ ਲਿਆ। ਹਿੰਦੁਸਤਾਨੀਆਂ ਨੇ ਮੁਸਲਮਾਨਾਂ ਉਤੇ ਐਨੇ ਜ਼ੋਰ ਦਾ ਹੱਲਾ ਬੋਲਿਆ ਕਿ ਲਗਾਤਾਰ ਤਿੰਨ ਦਿਨ ਤੀਕ ਮੁਸਲਮਾਨਾਂ ਨੂੰ ਕਈ ਲੜਾਈਆਂ ਵਿਚ ਪਸਪਾ ਹੋਣਾ ਪਿਆ।

ਸਭ ਪਕੀਆਂ ਪੁਜ਼ੀਸ਼ਨਾਂ ਹਿੰਦੂਆਂ ਦੇ ਕਬਜ਼ੇ ਵਿਚ ਸਨ। ਮੁਸਲਮਾਨੀ ਫੌਜਾਂ ਦਾ ਭਾਰੀ ਨੁਕਸਾਨ ਹੋਇਆ ਤੇ ਉਹ ਮੈਦਾਨਿ-ਜੰਗ ਵਿਚੋਂ ਨਸਣ ਲਈ ਤਿਆਰ ਹੋ ਗਏ। ਅੰਤ ਚੌਥੇ ਦਿਨ ਮਹਿਮੂਦ ਨੇ ਮਕੇ ਵਲ ਮੂੰਹ ਕਰਕੇ ਸਿਜਦਾ ਕੀਤਾ ਅਤੇ ਸਾਰੀ ਫੌਜ ਦੇ ਸਾਹਮਣੇ ਨਿਮਾਜ਼ ਪੜ੍ਹਨ ਮਗਰੋਂ ਜ਼ੋਰ ਦਾ ਨਾਹਰਾ ਲਾਇਆ ਕਿ ਪੈਗੰਬਰ (ਹਜ਼ਰਤ ਮੁਹੰਮਦ ਸਾਹਿਬ) ਨੇ ਉਸ ਨੂੰ ਫਤਹ ਦਿਤੀ ਹੈ। ਇਹ ਕਹਿ ਕੇ ਉਸ ਨੇ ਆਪ ਵਡਾ ਹਮਲਾ ਸ਼ੁਰੂ ਕਰ ਦਿਤਾ।

## ਭਿਆਨਕ ਹਮਲਾ

ਉਸ ਦੇ ਸਿਪਾਹੀਆਂ ਨੇ ਉਚੇ ਉਚੇ ਨਾਹਰਿਆਂ ਨਾਲ ਆਕਾਸ਼ ਗੂੰਜਾ ਦਿਤਾ ਅਤੇ ਮੁਸਲਮਾਨੀ ਫ਼ੌਜ ਐਨੇ ਜੋਸ਼ ਨਾਲ ਅਗਾਂਹ ਵਧੀ ਕਿ ਵਿਰੋਧੀ ਦਲਾਂ ਨੂੰ ਸ਼ਹਿਰ ਦੇ ਦਰਵਾਜ਼ੇ ਤੀਕ ਧਕ ਕੇ ਲੈ ਗਈ। ਅਗਲੀ ਸਵੇਰ ਨੂੰ ਬਠਿੰਡੇ ਦੇ ਕਿਲ੍ਹੇ ਦਾ ਘੇਰਾ ਘਤ ਲਿਆ। ਥੋੜੇ ਦਿਨਾਂ ਵਿਚ ਹੀ ਕਿਲ੍ਹੇ ਦੇ ਬਾਹਰਲੀ ਖਾਈ ਸਬ ਪੂਰ ਦਿਤੀ। ਬਾਜੀ ਰਾਉ ਨੇ ਡਿਠਾ ਕਿ ਉਹ ਆਪਣੀ ਪੁਜ਼ੀਸ਼ਨ ਕਾਇਮ ਨਹੀਂ ਰਖ ਸਕਦਾ। ਉਸ ਨੇ ਕਿਲ੍ਹਾ ਛਡ ਦਿਤਾ। ਕਿਲ੍ਹੇ ਵਿਚ ਥੋੜੀ ਜਿਹੀ ਫ਼ੌਜ ਦਾ ਇਕ ਦਸਤਾ ਰਖਿਆ ਲਈ ਛਡ ਕੇ ਉਹ ਬਾਕੀ ਫੌਜ ਨਾਲ ਸਿੰਧ ਦੇ ਕਿਨਾਰਿਆਂ ਉਤੇ ਜੰਗਲ ਵਿਚ ਜਾ ਛੁਪਿਆ। ਮਹਿਮੂਦ ਦੀ ਫ਼ੌਜ ਦੇ ਇਕ ਦਸਤੇ ਨੇ ਉਸਦਾ ਜੰਗਲ ਵਿਚ ਵੀ ਪਿੱਛਾ ਕੀਤਾ ਅਤੇ ਉਸ ਦੀ ਬੁਰੀ ਗਤ ਬਣਾਈ। ਇਸ ਬਿਪਤਾ ਵਿਚ ਉਸ ਦੇ ਨਿਕਟ ਵਰਤੀ ਮਿੱਤਰ ਵੀ ਉਹਦਾ ਸਾਥ ਛਡ ਗਏ।

## ਰਾਜੇ ਦਾ ਆਤਮ ਘਾਤ

ਇਹੋ ਜਿਹੀ ਪਰੇਸ਼ਾਨੀ ਦੀ ਹਾਲਤ ਵਿਚ ਉਸਦਾ ਫੜੇ ਜਾਣਾ ਅਵੱਸ਼ ਸੀ। ਇਹ ਦਸ਼ਾ ਵੇਖ ਕੇ ਉਸ ਨੇ ਆਪਣੀ ਤਲਵਾਰ ਨਾਲ ਹੀ ਆਪਣਾ ਗਲਾ ਕਟ ਲਿਆ। ਉਸ ਦੇ ਉਹਨਾਂ ਪਿਛਲਗਾਂ ਨੇ ਜਿਨ੍ਹਾਂ ਨੇ ਆਪਣੇ ਮਾਲਕ ਦੀ ਮੌਤ ਦਾ ਬਦਲਾ ਲੈਣਾ ਚਾਹਿਆ ਉਹਨਾਂ ਵਿਚੋਂ ਬਹੁਤ ਸਾਰੇ ਤਲਵਾਰ ਦੇ ਘਾਟ ਉਤਾਰੇ ਗਏ। ਵੈਰੀ ਨੇ ਬਠਿੰਡੇ ਦੇ ਗੜ੍ਹ ਉਤੇ ਹਲਾ ਬੋਲ ਕੇ ਉਸ ਨੂੰ ਫਤਹ ਕਰ ਲਿਆ ੨੯੦ ਹਾਥੀ ਬਹੁਤ ਸਾਰੀ ਗਿਣਤੀ ਵਿਚ ਕੈਦੀ (ਦਾਸ) ਅਤੇ ਬੇਓੜਕ ਲੁਟ ਦਾ ਮਾਲ ਮਹਿਮੂਦ ਦੇ ਹਥ ਲਗਾ। ਇਸ ਤਰ੍ਹਾਂ ਉਹ ਜਿਤ ਦੇ ਢੋਲ ਵਜਾਉਂਦਾ ਹੋਇਆ ਗਜ਼ਨੀ ਨੂੰ ਵਾਪਸ ਮੁੜਿਆ।

## ਤੀਜਾ ਹਮਲਾ

ਮੁਲਤਾਨ ਦੇ ਪਹਿਲੇ ਮੁਸਲਮਾਨ ਹੁਕਮਰਾਨ ਸ਼ੇਖ ਹਮੀਦ ਸਾਦੀ ਨੇ ਅਮੀਰ ਸਬੁਕਤਗੀਨ ਦੀ ਤਾਬੇਦਾਰੀ ਕਬੂਲ ਕੀਤੀ ਅਤੇ ਆਪਣਾ ਖਰਾਜ ਉਸ ਨੂੰ ਭਰਿਆ। ਉਸਦੇ ਮਗਰੋਂ ਉਹਦੇ ਪੋਤੇ ਅਬੁਲ ਫਤਹ ਦਾਊਦ ਨੇ ਜੋ ਨਾਸਰ ਦਾ ਪੁਤਰ ਸੀ, ਗਜ਼ਨੀ ਦੇ ਸੁਲਤਾਨ ਦਾ ਬਾਜ਼ਗੁਜ਼ਾਰ ਹੋਣਾ ਪਰਵਾਨ ਕੀਤਾ। ਪਰ ਉਸ ਨੇ ਸੰਨ ੧੫੦੦ ਈਸਵੀ ਵਿਚ ਲਾਹੌਰ ਦੇ ਅਨੰਗ ਪਾਲ ਨਾਲ ਮਿਲ ਕੇ ਗਜ਼ਨੀ ਨਾਲੋਂ ਸੰਬੰਧ ਤੋੜ ਲਿਆ। ਹੁਣ ਮਹਿਮੂਦ ਨੇ ਮੁਲਤਾਨ ਨੂੰ ਮੁੜ ਫਤਹ ਕਰਨ ਦੀ ਤਿਆਰੀ ਕੀਤੀ ਅਤੇ ਬਹਾਰ ਰੁਤ ਵਿਚ ਬੜੀ ਵਡੀ ਫੌਜ ਲੈ ਕੇ ਮੁਲਤਾਨ ਉਪਰ ਚੜ੍ਹਾਈ ਕਰ ਦਿਤੀ। ਪਿਸ਼ਾਵਰ ਦੀਆਂ ਪਹਾੜੀਆਂ ਵਿਚ ਉਸ ਦੀਆਂ ਅਨੰਗ ਪਾਲ ਦੀਆਂ ਫੌਜਾਂ ਨਾਲ ਕਈ ਝੜਪਾਂ ਹੋਈਆਂ। ਇਹਨਾਂ ਛੋਟੀਆਂ ਛੋਟੀਆਂ ਲੜਾਈਆਂ ਵਿਚ ਅਨੰਗ ਪਾਲ ਦੀਆਂ ਫੌਜਾਂ ਨੂੰ ਹਾਰ ਹੋਈ। ਗਜ਼ਨੀ ਦੀ ਫੌਜ ਨੇ ਹਾਰੀ ਹੋਈ ਫੌਜ ਦਾ ਪਿਛਾ ਸੋਡਰੇ() ਤੀਕ ਕੀਤਾ ਜੋ ਦਰਿਆ ਚਨਾਬ ਦੇ ਕੰਢੇ ਉਤੇ ਸੀ।

## ਮੁਲਤਾਨ ਦੀ ਜਿਤ

ਅਨੰਗ ਪਾਲ ਆਪਣੀ ਰਾਜਧਾਨੀ ਛਡ ਕੇ ਕਸ਼ਮੀਰ ਨੂੰ ਦੌੜ ਗਿਆ। ਮਹਿਮੂਦ ਨੇ ਇਥੋਂ ਬਠਿੰਡੇ ਦੇ ਰਸਤੇ ਮੁਲਤਾਨ ਵਲ ਕੂਚ ਬੋਲਿਆ। ਉਸ ਨੇ ਮੁਲਤਾਨ ਪੁਜ ਕੇ ਕਿਲ੍ਹੇ ਦਾ ਘੇਰਾ ਘਤ ਲਿਆ, ਜੋ ਸਤ ਦਿਨ ਤੀਕ ਜਾਰੀ ਰਿਹਾ। ਅੰਤ ਦਾਊਦ ਨੂੰ ਈਨ ਮੰਨਣੀ ਪਈ। ੨੦ ਹਜ਼ਾਰ ਸੋਨੇ ਦੇ ਦਿਰਮ ਸਾਲਾਨਾ ਖਰਾਜ ਮੰਨਣ ਤੇ ਮਹਿਮੂਦ ਨੇ ਉਸ ਨੂੰ ਮਾਫ ਕਰ ਦਿਤਾ। ਮਹਿਮੂਦ ਸ਼ਾਇਦ ਵਧੇਰੇ ਚਿਰ ਤੀਕ ਹਿੰਦੁਸਤਾਨ

---

†ਫਰਿਸ਼ਤੇ ਨੇ ਉਸ ਦਾ ਨਾਮ ਆਨੰਦ ਪਾਲ ਲਿਖਿਆ ਹੈ ਪਰ ਰਾਜਪੁਤਾਨਾ ਕਰਾਨੀਕਲ ਅਤੇ ਪੁਰਾਨਾਂ ਵਿਚ ਉਸ ਦਾ ਨਾਮ ਅਨੰਗ ਪਾਲ ਹੀ ਦਰਜ ਹੈ।

()ਇਹ ਅਸਥਾਨ ਵਰਤਮਾਨ ਵਜ਼ੀਰਾ ਬਾਦ ਹੈ ਜੋ ਦਰਿਆ ਚਨਾਬ ਦੇ ਖਬੇ ਕਿਨਾਰੇ ਉਤੇ ਵਾਕਿਆ ਹੈ।

Sri Satguru Jagjit Singh Ji eLibrary NamdhariElibrary@gmail.com

ਵਿਚ ਟਿਕਦਾ ਪਰ ਉਸ ਨੂੰ ਖਬਰ ਪਹੁੰਚ ਗਈ ਕਿ ਉਸ ਦੇ ਸਹੁਰੇ ਅਲੈਕ ਖਾਂ ਨੇ, ਜੋ ਕਾਸ਼ਗਰ ਦਾ ਬਾਦਸ਼ਾਹ ਸੀ, ਉਸ ਦੇ ਪਛਮੀ ਇਲਾਕੇ ਉਤੇ ਚੜ੍ਹਾਈ ਕਰ ਦਿਤੀ ਹੈ। ਇਸ ਖਬਰ ਨੇ ਉਸ ਨੂੰ ਹਿੰਦੁਸਤਾਨ ਛਡਣ ਲਈ ਮਜਬੂਰ ਕਰ ਦਿਤਾ। ਇਥੋਂ ਦਾ ਰਾਜ ਕਾਜ ਇਕ ਹਿੰਦੂ ਰਾਜੇ ਸੇਵਕ ਪਾਲ ਨੂੰ ਸੌਂਪ ਕੇ ਉਹ ਤੁਰਦਾ ਹੋਇਆ। ਸੇਵਕ ਪਾਲ ਨੇ ਅਬੂ ਅਲੀ ਗਵਰਨਰ ਪਿਸ਼ਾਵਰ ਦੇ ਅਸਰ ਰਸੂਖ ਨਾਲ ਮੁਸਲਮਾਨੀ ਧਰਮ ਧਾਰਨ ਕਰ ਲਿਆ ਸੀ।

## ਚੌਥਾ ਹਮਲਾ ੧੦੦੫-੬ ਈ:

ਮਹਿਮੂਦ ਦੇ ਡਿਪਟੀ ਸੇਵਕ ਪਾਲ ਨੇ ਬਗਾਵਤ ਕਰ ਦਿਤੀ ਅਤੇ ਸੁਲਤਾਨ ਦੇ ਨਿਯਤ ਕੀਤੇ ਸਭ ਅਫਸਰਾਂ ਨੂੰ ਇਕ ਇਕ ਕਰਕੇ ਬਾਹਰ ਕਢ ਦਿਤਾ। ਇਹ ਹਾਲਤ ਵੇਖਕੇ ਮਹਿਮੂਦ ਮੁੜ ਸੰਨ ੧੦੦੫-੬ ਵਿਚ ਫ਼ੌਜ ਲੈ ਕੇ ਹਿੰਦੁਸਤਾਨ ਵਿਚ ਆਇਆ।

## ਸੇਵਕ ਪਾਲ ਦੀ ਬਗਾਵਤ

ਮਹਿਮੂਦ ਨੇ ਆਪਣੇ ਰਿਸਾਲੇ ਦੇ ਇਕ ਭਾਗ ਨੂੰ ਹਰਾਵਲ ਦਸਤਾ ਬਣਾਕੇ ਅਗੇ ਰਵਾਨਾ ਕੀਤਾ। ਇਸ ਦਸਤੇ ਦਾ ਸਾਹਮਣਾ ਅਚਾਨਕ ਹਿੰਦੂ ਫ਼ੌਜ ਨਾਲ ਹੋ ਗਿਆ। ਇਸ ਨੇ ਉਸ ਨੂੰ ਲੜਾਈ ਵਿਚ ਹਾਰ ਦਿਤੀ ਤੇ ਸੇਵਕ ਪਾਲ ਨੂੰ ਕੈਦ ਕਰ ਲਿਆ। ਉਸ ਪਾਸੋਂ ੪ ਲਖ ਦਿਰਮ ਹਰਜਾਨਾ ਵਸੂਲ ਕੀਤਾ ਅਤੇ ਉਸ ਨੂੰ ਸਾਰੀ ਉਮਰ ਲਈ ਨਜ਼ਰ ਬੰਦ ਕਰ ਦਿਤਾ।

## ਪੰਜਵਾਂ ਹਮਲਾ ੧੦੦੮ ਈਸਵੀ

ਮੁਲਤਾਨ ਦੀ ਬਗਾਵਤ ਸਮੇਂ ਰਾਜਾ ਅਨੰਗ ਪਾਲ ਨੇ ਜੋ ਵਿਰੋਧੀ ਵਤੀਰਾ ਧਾਰਨ ਕੀਤਾ ਉਹ ਮਹਿਮੂਦ ਦੀ ਛਾਤੀ ਵਿਚ ਕੰਡਾ ਬਣ ਕੇ ਰੜਕਦਾ ਸੀ। ਉਸ ਨੇ ਨਿਸ਼ਚਾ ਧਾਰ ਲਿਆ ਕਿ ਇਸ ਗਦਾਰੀ ਦੀ ਉਸ ਨੂੰ ਕਰੜੀ ਸਜ਼ਾ ਦਿਤੀ ਜਾਏ। ਸੰਨ ੨੦੦੮ ਈਸਵੀ ਦੀ ਬਸੰਤ ਰੁਤ ਉਹ ਇਕ ਵਡੀ ਮੁਹਿਮ ਲੈ ਕੇ ਹਿੰਦੁਸਤਾਨ ਉਤੇ ਚੜ੍ਹ ਆਇਆ। ਅਨੰਗ ਪਾਲ ਮੁਸਲਮਾਨਾਂ ਦੀ ਸ਼ਕਤੀ ਤੋਂ ਚੰਗੀ ਤਰ੍ਹਾਂ ਜਾਣੂੰ ਸੀ। ਉਸ ਨੂੰ ਆਪਣੀਆਂ ਪਹਿਲੀਆਂ ਹਾਰਾਂ ਭੁਲੀਆਂ ਨਹੀਂ ਸਨ। ਇਸ ਲਈ ਉਸ ਨੇ ਹਿੰਦੀ ਰਾਜਿਆਂ ਦੇ ਧਾਰਮਕ ਜੋਸ਼ ਨੂੰ ਉਭਾਰਨ ਲਈ ਅਪੀਲ ਕੀਤੀ ਕਿ ਉਹ ਭਾਰਤ ਦੀ ਪਵਿਤਰ ਧਰਤੀ ਤੋਂ ਸਾਂਝੇ ਵੈਰੀ ਨੂੰ ਦਰ ਰਖਣ ਲਈ ਮਿਲਵੀਂ ਕਾਰਵਾਈ ਕਰਨ।

## ਹਿੰਦੂ ਰਾਜਿਆਂ ਪਾਸ ਅਪੀਲ

ਇਸ ਅਪੀਲ ਦਾ ਚੰਗਾ ਅਸਰ ਹੋਇਆ। ਉਜੈਨ, ਗਵਾਲੀਅਰ ਕਨੌਜ, ਦਿਲੀ, ਅਜਮੇਰ ਅਤੇ ਕਾਲਿੰਜਰ ਦੇ ਰਾਜਿਆਂ ਨੇ ਆਪੋ ਆਪਣੀਆਂ ਫੌਜਾਂ ਲੈ ਕੇ ਸਿੰਧ ਵਲ ਕੂਚ ਬੋਲ ਦਿਤਾ। ਪੰਜਾਬ ਵਿਚ ਇਸ ਤੋਂ ਵਡੀ ਫੌਜ ਪਹਿਲੇ ਕਦੇ ਇਕਤਰ ਨਹੀਂ ਸੀ ਹੋਈ। ਇਹ ਮਹਾਨ ਵਡੀ ਫੌਜ ਨੇ ਪਿਸ਼ਾਵਰ ਦੇ ਖੁਲ੍ਹੇ ਮੈਦਾਨਾਂ ਵਿਚ ਡੇਰੇ ਲਾ ਦਿਤੇ। ਦਿਨੋ ਦਿਨ ਇਸ ਲਸ਼ਕਰ ਵਿਚ ਵਾਧਾ ਹੁੰਦਾ ਗਿਆ। ਇਸ ਮੁਹਿੰਮ ਲਈ ਭਾਰਤ ਦੇ ਕੋਨੇ ਕੋਨੇ ਵਿਚੋਂ ਆਰਥਕ ਸਹਾਇਤਾ ਪੁਜੀ। ਇਸ ਸਮੇਂ ਹਿੰਦੂਆਂ ਦੇ ਦਿਲ ਵਿਚ ਦੇਸ਼ ਭਗਤੀ ਦਾ ਅਥਾਹ ਸਮੁੰਦਰ ਠਾਠਾਂ ਮਾਰਦਾ ਸੀ। ਇਥੋਂ ਤੀਕ ਕਿ ਹਿੰਦੂਆਂ ਤੀਵੀਆਂ ਨੇ ਜੋ ਭਾਰਤ ਦੇ ਦੂਰ ਦੁਰਾਡੇ ਦੇਸ਼ਾਂ ਵਿਚ ਬੈਠੀਆਂ ਸਨ ਉਹਨਾਂ ਵੀ ਆਪਣੇ ਗਹਿਣੇ ਉਤਾਰ ਕੇ ਇਸ ਕੰਮ ਲਈ ਦੇ ਦਿਤੇ ਇਸ ਤਰ੍ਹਾਂ ਇਸ ਕੌਮੀ ਮੰਤਵ ਲਈ ਬੇਅੰਤ ਸੋਨਾ ਤੇ ਚਾਂਦੀ ਪਰਾਪਤ ਹੋਇਆ।

## ਅਪੀਲ ਦਾ ਅਸਰ

ਪੰਜਾਬ ਦੇ ਉਤਰ ਪਛਮ ਵਲ ਵਸਣ ਵਾਲੀ ਜੰਗ ਜੂ ਪਹਾੜੀ ਜਾਤੀ ਗਖੜ ਵੀ ਰਾਜਿਆ ਦੀ ਫੌਜ ਨਾਲ ਸ਼ਾਮਲ ਹੋ ਗਈ। ਇਸ ਜਾਤੀ ਨੇ ੩੦ ਹਜ਼ਾਰ ਲੜਾਕੇ ਜਵਾਨ ਜੰਗ ਲਈ ਦਿਤੇ। ਹਿੰਦ ਦੀਆਂ ਫੌਜਾਂ ਨੇ ਮੁਸਲਮਾਨੀ ਫੌਜ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ। ਉਹਨਾਂ ਨੂੰ ਡਰ ਸੀ ਕਿ ਭਾਰਤੀ ਫੌਜਾਂ ਵਡਾ ਹਮਲਾ ਨਾ ਕਰ ਦੇਣ, ਇਸ ਲਈ ਉਹ ਮੋਰਚੇ ਬੰਦ ਹੋ ਕੇ ਬੈਠ ਗਈ।

ਪੂਰੇ ੪੦ ਦਿਨ ਤੀਕ ਦੋਵੇਂ ਫੌਜਾਂ ਆਮੋ ਸਾਹਮਣੇ ਖੜੀਆਂ ਰਹੀਆਂ। ਅਗੇ ਵਧ ਕੇ ਹਮਲਾ ਕਰਨ ਤੋਂ ਦੋਵੇਂ ਧਿਰਾਂ ਸੰਕੋਚ ਕਰਦੀਆਂ ਰਹੀਆਂ। ਅੰਤ ਹਿੰਦੂਆਂ ਨੇ ਇਹ ਚੁਪ ਉਦੋਂ ਤੋੜੀ ਜਦ ਮੁਸਲਮਾਨਾਂ ਦੇ ੬ ਹਜ਼ਾਰ ਤੀਰ ਅੰਦਾਜ਼ ਮੈਦਾਨ ਜੰਗ ਵਿਚ ਅਗੇ ਵਧੇ। ਉਹ ਚਾਹੁੰਦੇ ਸਨ ਕਿ ਭਾਰਤੀ ਫੌਜ ਉਹਨਾਂ ਦੇ ਮੋਰਚਿਆਂ ਵਲ ਵਧੇ। ਜੰਗਲੀ ਗਖੜਾਂ ਨੇ ਇਹਨਾਂ ਤੀਰ ਅੰਦਾਜ਼ਾਂ ਉਤੇ ਹਲਾ ਬੋਲ ਦਿਤਾ।

ਭਾਵੇਂ ਸੁਲਤਾਨ ਉਹਨਾਂ ਵਿਚ ਸ਼ਾਮਲ ਸੀ ਤੇ ਉਹਨਾਂ ਨੂੰ ਹਲਾ ਸ਼ੇਰੀ ਦੇ ਰਿਹਾ ਸੀ ਪਰ ਇਸ ਗਲ ਦੇ ਬਾਵਜੂਦ ਉਹਨਾਂ ਨੂੰ ਪਿਛੇ ਹਟਣਾ ਪਿਆ। ਹਿੰਦੂ ਬੜੀ ਤੇਜ਼ੀ ਨਾਲ ਮੁਸਲਮਾਨ ਪੁਜੀਸ਼ਨਾਂ ਵਿਚ ਘੁਸ ਗਏ। ਇਸ ਮੌਕੇ ਬੜੀ ਭਿਆਣਕ ਕਟਾ ਵਢ ਹੋਈ। ਥੋੜੇ ਜਿਹੇ ਸਮੇਂ ਦੇ ਅੰਦਰ ਹੀ ਅੰਦਰ ਪੰਜ ਹਜ਼ਾਰ ਮੁਸਲਮਾਨ ਮਾਰੇ ਗਏ। ਇਸ ਤੇ ਮੁਸਲਮਾਨਾਂ ਨੇ ਇਕਠੇ ਹੋਕੇ ਟਾਕਰਾ ਕਰਨਾ ਸ਼ੁਰੂ ਕੀਤਾ ਤਦ ਜਾ ਕੇ ਉਹ ਹਿੰਦੂਆਂ ਦੀ ਪੇਸ਼ਕਦਮੀ ਨੂੰ ਰੋਕ ਸਕੇ। ਹਿੰਦੂ ਵੀ ਭਾਰੀ ਗਿਣਤੀ ਵਿਚ ਕਤਲ ਹੋਏ। ਇਸ ਦੌਰਾਨ ਵਿਚ ਇਕ ਐਸੀ ਘਟਨਾ ਵਾਪਰੀ ਜੋ ਹਿੰਦੂਆਂ ਲਈ ਬਰਬਾਦੀ ਦਾ ਕਾਰਨ ਸਾਬਤ ਹੋਈ। ਲਾਹੌਰ ਦਾ ਰਾਜਾ ਇਕ ਹਾਥੀ ਉਤੇ ਸਵਾਰ ਹੋ ਕੇ ਫ਼ੌਜਾਂ ਦੀ ਕਮਾਨ ਕਰ ਰਿਹਾ ਸੀ। ਤੀਰਾਂ ਦੀ ਵਾਛੜ ਅਤੇ ਆਤਸ਼ੀ ਗੋਲਿਆਂ ਦੀ ਆਵਾਜ਼ ਤੋਂ ਡਰਕੇ ਉਸ ਦਾ ਹਾਥੀ ਮੈਦਾਨ ਵਿਚੋਂ ਨਸ ਗਿਆ।

## ਹਿੰਦੂਆਂ ਵਿਚ ਦਹਿਸ਼ਤ

ਇਹ ਵੇਖ ਕੇ ਹਿੰਦੂ ਫੌਜਾਂ ਵਿਚ ਦਹਿਸ਼ਤ ਅਤੇ ਹਫੜਾ-ਦਫੜੀ ਫੈਲ ਗਈ। ਉਹਨਾਂ ਨੇ ਸਮਝਿਆ ਰਾਜਾ ਉਹਨਾਂ ਨੂੰ ਮੈਦਾਨਿ ਜੰਗ ਵਿਚ ਛਡਕੇ ਨਸ ਗਿਆ ਹੈ। ਇਹ ਸਮਝਕੇ ਉਹ ਵੀ ਮੈਦਾਨ ਛਡਕੇ ਨਸ ਤੁਰੇ। ਇਸ ਤਰ੍ਹਾਂ ਜੋ ਹਫੜਾ ਦਫੜੀ ਮਚੀ ਉਸਤੋਂ ਲਾਭ ਉਠਾ ਕੇ ਅਬਦੁਲਾ ਤਾਈ ੬੦੦੦ ਅਰਬੀ ਘੋੜ ਸਵਾਰ ਅਰਸਲਾ ਜਜ਼ੀਬ ੧੦੦੦੦ ਤੁਰਕ ਅਫਗਾਨ ਅਤੇ ਖਿਲਜੀ ਲੈਕੇ ਆਪਣੇ ਮੋਰਚਿਆ ਵਿਚੋਂ ਬਾਹਰ ਨਿਕਲ ਆਏ ਅਤੇ ਨਸਦੇ ਹੋਏ ਹਿੰਦੂਆਂ ਦਾ ਪਿਛਾ ਕੀਤਾ।

## ਹਿੰਦੂਆਂ ਦੀ ਹਾਰ

ਉਹਨਾਂ ਨੇ ਭਜਦੀ ਹੋਈ ਹਿੰਦੂ ਫ਼ੌਜ ਵਿਚ ਕਤਲ ਆਮ ਮਚਾ ਦਿਤਾ। ਵਿਜਈਆਂ ਨੇ ਬੇਅੰਤ ਲੁਟ ਦਾ ਮਾਲ ਲੁਟਿਆ ਅਤੇ ਨਾਲ ਹੀ ੩੦ ਹਾਥੀ ਵੀ ਉਹਨਾਂ ਦੇ ਹਥ ਲਗੇ।

ਦੀਨ ਇਸਲਾਮ ਨੂੰ ਫੈਲਾਉਣ ਅਤੇ ਹਿੰਦੂ ਮੂਰਤੀਆਂ ਨੂੰ ਤਬਾਹ ਕਰਨ ਦਾ ਮਹਿਮੂਦ ਦੇ ਦਿਲ ਵਿਚ ਬੇਪਨਾਹ ਜੋਸ਼ ਸੀ। ਇਸ ਫਤਹ ਦੇ ਮਗਰੋਂ ਉਸ ਦੇ ਨਗਰ ਕੋਟ ਦੇ ਪਵਿਤ੍ਰ ਸ਼ਹਿਰ ਵਲ ਕੂਚ ਬੋਲ ਦਿਤਾ ਅਤੇ ਪਹਿਲੀ ਵਾਰ ਉਸ ਮੰਦਰ ਦੀਆਂ ਮੂਰਤੀਆਂ ਨੂੰ ਤੋੜਿਆ ਅਤੇ ਉਹਨਾਂ ਦੇ ਮੰਦਰ ਨੂੰ ਢਾ ਕੇ ਪਧਰ ਕੀਤਾ।

## ਭੀਮ ਕਿਲ੍ਹੇ ਦੀ ਫਤਹ

ਇਸ ਇਲਾਕੇ ਦੇ ਇਰਦ ਗਿਰਦ ਦੇ ਦੇਸ ਨੂੰ ਅਗ ਅਤੇ ਤਲਵਾਰ

Sri Satguru Jagjit Singh Ji eLibrary NamdhariElibrary@gmail.com

ਦੇ ਜ਼ੋਰ ਨਾਲ ਤਬਾਹ ਕਰਕੇ ਉਸ ਨੇ ਭੀਮ ਦੇ ਪ੍ਰਸਿਧ ਗੜ੍ਹ (ਕਿਲ੍ਹੇ) ਦਾ ਘੇਰਾ ਘਤ ਲਿਆ। ਇਹ ਪੰਜਾਬ ਵਿਚ ਬੜਾ ਪਵਿਤਰ ਅਸਥਾਨ ਮੰਨਿਆ ਜਾਂਦਾ ਸੀ। ਇਹ ਗੜ੍ਹ ਇਕ ਪਹਾੜ ਉਤੇ ਸੀ ਅਤੇ ਇਸ ਵਿਚ ਬੜਾ ਧਨ ਜਮ੍ਹਾ ਦਸਿਆ ਜਾਂਦਾ ਸੀ। ਇਹ ਅਸਥਾਨ ਓਹੋ ਹੈ ਜਿਥੇ ਅੱਜ ਕਲ ਜਵਾਲਾਮੁਖੀ ਦਾ ਮੰਦਰ ਹੈ ਤੇ ਜਿਥੋਂ ਹਰ ਵੇਲੇ ਅੱਗ ਨਿਕਲਦੀ ਰਹਿੰਦੀ ਹੈ। ਉਸ ਸਮੇਂ ਹਿੰਦੁਸਤਾਨ ਦੇ ਉਤਰ ਵਿਚ ਇਹ ਸਭ ਤੋਂ ਵਧ ਮਜ਼ਬੂਤ ਗੜ੍ਹ ਮੰਨਿਆ ਜਾਂਦਾ ਸੀ। ਏਥੇ ਇਕ ਬੜਾ ਪਵਿਤ੍ਰ ਮੰਦਰ ਸੀ। ਜਿਸ ਦੀਆਂ ਛਤਾਂ ਸੋਨੇ ਤੇ ਹੀਰਿਆਂ ਜੜ੍ਹਤ ਸਨ। ਏਥੇ ਸ਼ਾਸਤਰ ਦੀ ਪੜ੍ਹਾਈ ਲਈ ਇਕ ਕਾਲਜ ਵੀ ਹੁੰਦਾ ਸੀ। ਇਸ ਕਿਲ੍ਹੇ ਦੀ ਫੌਜ ਮੁਹਿੰਮ ਵਿਚ ਸ਼ਾਮਲ ਹੋਣ ਲਈ ਗਈ ਹੋਈ ਸੀ। ਕਿਲ੍ਹੇ ਦੇ ਅੰਦਰ ਜਿਹੜੇ ਬ੍ਰਾਹਮਣ ਸਨ ਉਹ ਵਿਚਾਰੇ ਜੰਗ ਤੇ ਖੂਨ ਖਰਾਬੇ ਦੇ ਆਦੀ ਨਹੀਂ ਸਨ।

## ਬੇਅੰਤ ਲੁਟ ਦਾ ਮਾਲ

ਉਹਨਾਂ ਨੇ ਪਹਿਲੇ ਹੀ ਦਿਲ ਛਡ ਦਿਤਾ। ਮੰਦਰ ਦੇ ਦਰਵਾਜ਼ੇ ਵਿਜਈ ਲਈ ਖੁਲ੍ਹੇ ਛਡ ਦਿਤੇ ਅਤੇ ਸਾਸ਼ਟਾਂਗ ਹੋ ਕੇ ਰਹਿਮ ਦੀ ਭਿਖਿਆ ਮੰਗਣ ਲਗੇ। ਵਿਜਈ ਨੇ ਉਹਨਾਂ ਦੀ ਰਹਿਮ ਦੀ ਮੰਗ ਪਰਵਾਨ ਕਰ ਲਈ। ਲੁਟ ਦਾ ਬੇਅੰਤ ਧਨ ਜਿਸ ਵਿਚ ਸੋਨੇ ਤੇ ਚਾਂਦੀ ਦੀਆਂ ਸਲਾਖਾਂ (ਰੋਣੀਆਂ) ਜਵਾਹਰਾਤ, ਮੋਤੀ, ਹੀਰੇ, ਨੀਲਮ ਸਨ ਤੇ ਜੋ ਭੀਮ ਦੇ ਜ਼ਮਾਨੇ ਤੋਂ ਹੀ ਮੰਦਰ ਵਿਚ ਗਵਾਂਢੀ ਰਾਜਾਂ ਤੋਂ ਜਮਾਂ ਹੁੰਦੇ ਰਹੇ ਸਨ, ਸਭ ਵਿਜਈ ਦੇ ਹਥ ਲਗੇ। ਉਹ ਸਾਰਾ ਧਨ ਪਦਾਰਥ ਲੈ ਕੇ ਗਜ਼ਨੀ ਵਲ ਮੁੜ ਗਿਆ। ਸੰਨ ੧੦੦੯ ਈਸਵੀ ਵਿਚ ਸੁਲਤਾਨ ਨੇ ਆਪਣੀ ਰਾਜਧਾਨੀ ਦੇ ਬਾਹਰ ਖੁਲ੍ਹੇ ਮੈਦਾਨ ਵਿਚ ਇਕ ਬੜੀ ਇਕਤਰਤਾ ਸਦੀ; ਜਿਸ ਵਿਚ ਉਸ ਨੇ ਆਪਣੇ ਅਮੀਰਾਂ ਵਜ਼ੀਰਾਂ ਤੇ ਇਕਤਰ ਹੋਏ ਲੋਕਾਂ ਨੂੰ ਉਹ ਬੇਅੰਤ ਧਨ ਦਖਾਇਆ ਜਿਸ ਵਿਚ ਸੋਨੇ ਦੇ ਤਖਤਾਂ, ਵਡਮੁਲੇ ਹੀਰੇ ਤੇ ਜਵਾਹਰਾਤ ਤੇ ਕੀਮਤੀ ਜ਼ੇਵਰ ਸਨ ਜੋ ਉਹ ਪੰਜਾਬ ਵਿਚੋਂ ਲੁਟ ਕੇ ਲਿਆਇਆ ਸੀ। ਉਸ ਨੇ ਆਪਣੇ ਕਰਮਚਾਰੀਆਂ ਵਿਚਾਲੇ ਸ਼ਾਹੀ ਸੁਗਾਤਾਂ ਵੰਡੀਆਂ, ਜੋ ਉਹਨਾਂ ਦੀ ਸ਼ਾਨ ਦੇ ਲਾਇਕ ਸਨ।

## ਛੇਵਾਂ ਹਮਲਾ ੧੦੧੧

ਸੰਨ ੧੦੧੧ ਈਸਵੀ ਵਿਚ ਮਹਿਮੂਦ ਨੇ ਥਾਨੇਸਰ ਨੂੰ ਫਤਹ ਕਰਨ ਦਾ ਨਿਸ਼ਚਾ ਧਾਰਿਆ। ਇਹ ਉਹੋ ਅਸਥਾਨ ਸੀ ਜਿਸ ਨੂੰ ਹਿੰਦੂ ਉਵੇਂ ਹੀ ਪਵਿਤਰ ਤਪ ਅਸਥਾਨ ਮੰਨਦੇ ਸਨ ਜਿਵੇਂ ਮੁਸਲਮਾਨ ਮਕੇ ਨੂੰ।

## ਥਾਨੇਸਰ ਦੇ ਮੰਦਰ ਦੀ ਲੁਟ

ਅਨੰਗ ਪਾਲ ਨੇ ਸੁਲਤਾਨ ਨੂੰ ਥਾਨੇਸਰ ਦੇ ਸਾਰੇ ਮਾਲੀਏ ਦੀ ਪੇਸ਼ਕਸ਼ ਕੀਤੀ ਤੇ ਇਹਨੂੰ ਭਰੋਸਾ ਦਵਾਇਆ ਕਿ ਇਹ ਖਰਾਜ ਹਰ ਸਾਲ ਸ਼ਾਹੀ ਖਜ਼ਾਨੇ ਵਿਚ ਭੇਜਿਆ ਜਾਏਗਾ ਪਰ ਸਭ ਵਿਅਰਥ। ਇਸ ਤੋਂ ਛੁਟ ਮੁਹਿੰਮ ਦੇ ਸਾਰੇ ਖਰਚ ਤੇ ੫੦ ਹਾਥੀ ਤੇ ਬਹੁਤ ਸਾਰੇ ਹੀਰੇ ਜਵਾਹਰਾਤ ਦੇਣ ਦੀ ਵੀ ਪੇਸ਼ਕਸ਼ ਕੀਤੀ ਪਰ ਮਹਿਮੂਦ ਨੇ ਇਹ ਪੇਸ਼ਕਸ਼ ਪਰਵਾਨ ਨਾ ਕੀਤੀ ਕਿਉਂਕਿ ਉਹ ਤੇ ਸਾਰੇ ਹਿੰਦੁਸਤਾਨ ਵਿਚੋਂ ਬੁਤ ਪ੍ਰਸਤੀ (ਮੂਰਤੀ ਪੂਜਾ) ਦਾ ਅੰਤ ਕਰਨਾ ਚਾਹੁੰਦਾ ਸੀ। ਉਸ ਨੇ ਹਮਲਾ ਕਰ ਕੇ ਸ਼ਹਿਰ ਉਤੇ ਕਬਜ਼ਾ ਕਰ ਲਿਆ। ਲੋਕਾਂ ਨੂੰ ਲੁਟਿਆ, ਇਥੋਂ ਦਾ ਪਵਿਤਰ ਮੰਦਰ ਤਬਾਹ ਕਰ ਕੇ ਇਸ ਦੀਆਂ ਸਭ ਮੂਰਤੀਆਂ ਤੋੜ ਭੰਨ ਦਿਤੀਆਂ। ਸਭ ਤੋਂ ਮੁਖ ਮੂਰਤੀ ਜਗਸੂਮ ਦੀ ਸੀ ਜਿਸ ਬਾਰੇ ਖਿਆਲ ਕੀਤਾ ਜਾਂਦਾ ਸੀ ਕਿ ਉਹ ਸੰਸਾਰ ਦੇ ਆਰੰਭ ਤੋਂ ਹੀ ਵਿਦਮਾਨ ਹੈ। ਇਸ ਮੂਰਤੀ ਨੂੰ ਤੋੜ ਕੇ ਟੁਕੜੇ ਟੁਕੜੇ ਕੀਤਾ ਤੇ ਇਸ ਨੂੰ ਗਜ਼ਨੀ, ਮਕੇ, ਤੇ ਬਗਦਾਦ ਵਿਚ ਉਹਨਾਂ ਗਲੀਆਂ ਵਿਚ ਸੁਟਵਾ ਦਿਤਾ ਜਿਥੇ ਲੋਕ ਇਹਨਾਂ ਨੂੰ ਪੈਰਾਂ ਨਾਲ ਲਿਤਾੜਦੇ ਸਨ। ਕਿਹਾ ਜਾਂਦਾ ਹੈ ਕਿ ਮਹਿਮੂਦ ਇਸ ਸਮੇਂ ਹਿੰਦ ਵਿਚੋਂ ੨ ਲਖ ਲੋਕਾਂ ਨੂੰ ਕੈਦ ਕਰ ਕੇ ਗਜ਼ਨੀ ਲੈ ਗਿਆ। ਇਹਨਾਂ ਕੈਦੀਆਂ ਦਾ ਕੈਂਪ ਐਉਂ ਦਿਖਾਈ ਦਿੰਦਾ ਸੀ ਜਿਵੇਂ ਕੋਈ ਭਾਰਤੀ ਨਗਰ ਵਸਿਆ ਹੋਵੇ। ਜੋ ਲੁਟ ਦਾ ਮਾਲ ਮਹਿਮੂਦ ਨੇ ਖੜਿਆ ਉਸ ਦਾ ਕੋਈ ਅੰਤ ਹਿਸਾਬ ਹੀ ਨਹੀਂ ਸੀ।

## ਸਤਵਾਂ ਹਮਲਾ ੧੦੧੩ ਈਸਵੀ

ਸੰਨ ੧੦੧੩ ਈਸਵੀ ਨੂੰ ਮਹਿਮੂਦ ਨੇ ਆਪਣੀ ਫੌਜ ਨਾਲ ਕੂਚ ਕੀਤਾ ਤੇ ਨੰਦੂਨਾ ਉਤੇ ਜਾ ਹੱਲਾ ਬੋਲਿਆ। ਇਹ ਬੁਲ੍ਹਆਤ ਦੇ ਪਹਾੜਾਂ ਵਿਚ ਵਾਕਿਆ ਸੀ। ਉਸ ਨੇ ਸ਼ਹਿਰ ਦਾ ਘੇਰਾ ਘਤ ਕੇ ਇਥੋਂ ਦੀ ਫੌਜ ਨੂੰ ਹਾਰ ਮੰਨਣ ਲਈ ਮਜਬੂਰ ਕਰ ਦਿਤਾ। ਅਨੰਗਪਾਲ ਦੂਜੇ ਨੇ, ਜੋ ਆਪਣੇ ਪਿਤਾ ਅਨੰਗਪਾਲ ਦੀ ਗਦੀ ਉਤੇ ਬੈਠਾ ਸੀ, ਆਪਣੇ ਆਪ ਨੂੰ ਸੁਲਤਾਨ ਦੇ ਟਾਕਰੇ ਦੇ ਯੋਗ ਨਾ ਸਮਝ ਕੇ ਆਪਣੀਆਂ ਫੌਜਾਂ ਸਮੇਤ ਕਸ਼ਮੀਰ ਵਿਚ ਜਾ ਪਨਾਹ ਲਈ।

## ਕਸ਼ਮੀਰ ਦੀ ਤਬਾਹੀ

ਮਹਿਮੂਦ ਨੇ ਪਹਾੜੀ ਇਲਾਕੇ ਵਿਚ ਆਪਣਾ ਗਵਰਨਰ ਨਿਯਤ ਕਰ ਦਿਤਾ ਅਤੇ ਆਪ ਫੌਜ ਲੈ ਕੇ ਕਸ਼ਮੀਰ ਵਲ ਵਧਿਆ। ਸੁਲਤਾਨ ਦੀ ਪੇਸ਼ਕਦਮੀ ਦੀ ਖਬਰ ਸੁਣ ਕੇ ਕਸ਼ਮੀਰ ਦਾ ਰਾਜਾ ਸੂਬਾ ਛਡ ਕੇ ਪਹਾੜਾਂ ਵਲ ਨਸ ਗਿਆ। ਮਹਿਮੂਦ ਨੇ ਕਸ਼ਮੀਰ ਦੀ ਸਾਰੀ ਦੌਲਤ ਲੁਟ ਲਈ ਅਤੇ ਓਥੋਂ ਦੇ ਵਸਨੀਕਾਂ ਨੂੰ ਜਬਰਨ ਮੁਸਲਮਾਨ ਬਣਾਕੇ ਤੇ ਮਾਲਾ ਮਾਲ ਹੋ ਕੇ ਆਪਣੀ ਰਾਜਧਾਨੀ ਵਲ ਵਾਪਸ ਮੁੜ ਗਿਆ।

## ਅਠਵਾਂ ਹਮਲਾ ੧੦੧੫ ਈ:

ਇਸਦੇ ਦੋ ਸਾਲ ਮਗਰੋਂ ਸੁਲਤਾਨ ਮਹਿਮੂਦ ਮੁੜ ਕਸ਼ਮੀਰ ਵਿਚ ਆਇਆ। ਇਸ ਵਾਰ ਉਸ ਦੇ ਆਉਣ ਦਾ ਮੰਤਵ ਸੀ ਕੁਛ ਬਾਗੀ ਸਰਦਾਰਾਂ ਨੂੰ ਸਜ਼ਾ ਦੇਣਾ, ਅਤੇ ਉਹਨਾਂ ਕਿਲ੍ਹਿਆਂ ਨੂੰ ਫਤਹ ਕਰਨਾ ਜੋ ਪਿਛਲੇ ਹਮਲੇ ਵਿਚ ਸਰ ਹੋਣੋਂ ਬਚ ਗਏ ਸਨ। ਉਹਨਾਂ ਵਿਚੋਂ ਵਡਾ ਗੜ੍ਹ ਲੋਕੋਟ (ਲੋਹਕੋਟ) ਸੀ ਜੋ ਆਪਣੀ ਉਚਾਈ ਅਤੇ ਪਕਿਆਈ ਲਈ ਬੜਾ ਪ੍ਰਸਿਧ ਸੀ।

## ਲੋਕੋਟ ਤੇ ਅਸਫਲ ਹਮਲਾ

ਬਹਾਰ ਰੁਤ ਵਿਚ ਲੋਕੋਟ ਨੂੰ ਫਤਹ ਕਰਨ ਤੇ ਸੁਲਤਾਨ ਦੇ ਸਾਰੇ ਜਤਨ ਅਸਫਲ ਰਹੇ। ਉਸ ਨੂੰ ਮਜਬੂਰਨ ਅਪਣੀ ਮੁਹਿਮ ਸਰਦੀਆਂ ਉਤੇ ਮੁਲਤਵੀ ਕਰਨੀ ਪਈ ਤੇ ਉਹ ਗਜ਼ਨੀ ਨੂੰ ਵਾਪਸ ਮੁੜ ਗਿਆ।

## ਨਾਵਾਂ ਹਮਲਾ ੧੦੧੭ ਈਸਵੀ

ਸੰਨ ੧੦੧੭ ਈਸਵੀ ਦੀ ਬਸੰਤ ਰੁਤ ਵਿਚ ਸੁਲਤਾਨ ਮਹਿਮੂਦ ਨੇ ਇਕ ਲਖ ਫੌਜ ਘੁੜ ਸਵਾਰ ਤੇ ੨੦ ਹਜ਼ਾਰ ਪੈਦਲ ਫੌਜ ਨਾਲ ਕਨੌਜ ਵਲ ਕੂਚ ਕੀਤਾ। ਇਹ ਕੂਚ ਕਸ਼ਮੀਰ ਦੇ ਉਤਰ ਵਲੋਂ ਪਹਾੜੀ ਰਸਤੇ ਥਾਨੀਂ ਹੋਇਆ ਸੀ। ਕਨੌਜ ਦਾ ਰਾਜਾ ਕਮਾਰ ਰਾਏ ਨੇ ਬਹੁਤ ਕੁਛ ਦਖਾਵਾ ਕੀਤਾ ਪਰ ਬਚਾਅ ਲਈ ਤਿਆਰੀ ਨਾ ਹੋਣ ਕਰਕੇ ਉਸ ਨੇ ਸੁਲਹ ਲਈ ਬੇਨਤੀ ਕੀਤੀ।

Sri Satguru Jagjit Singh Ji eLibrary NamdhariElibrary@gmail.com

## ਕਨੌਜ, ਮਿਰਥ ਤੇ ਮਥੁਰਾ ਦੀ ਜਿਤ

ਇਥੋਂ ਸੁਲਤਾਨ ਨੇ ਮਿਰਥ ਵਲ ਚੜ੍ਹਾਈ ਕੀਤੀ। ਇਥੋਂ ਦੇ ਰਾਜੇ ਹਰਦਿਤ ਨੇ ਵੀ ਇਸ ਦੀ ਈਨ ਮੰਨ ਲਈ। ਫੇਰ ਮਹਿਮੂਦ ਮਹਾਵਾਨ ਵਿਰੁਧ ਹਲਾ ਬੋਲਿਆ ਜੋ ਜਮਨਾ ਦੇ ਕੰਢੇ ਉਤੇ ਸੀ। ਅੰਤ ਉਸ ਅਸਥਾਨ ਨੂੰ ਵੀ ਫਤਹ ਕਰ ਲਿਆ। ਇਥੋਂ ਦੇ ਰਾਜਾ ਕੋਲ ਚੰਦ ਨੇ ਨਿਰਾਸ ਹੋ ਕੇ ਪਹਿਲੇ ਆਪਣੀ ਰਾਣੀ ਤੇ ਬਚਿਆਂ ਨੂੰ ਕਤਲ ਕਰ ਦਿਤਾ ਫੇਰ ਆਪਣੀ ਤਲਵਾਰ ਦੀ ਨੋਕ ਆਪਣੇ ਪੇਟ ਵਿਚ ਖੋਬ ਲਈ ਤੇ ਮਰ ਗਿਆ।

## ਮੰਦਰਾਂ ਤੇ ਮੂਰਤੀਆਂ ਦੀ ਬਰਬਾਦੀ

ਇਥੋਂ ਮਹਿਮੂਦ ਮਥੁਰਾ ਦੇ ਮਾਲਦਾਰ ਸ਼ਹਿਰ ਵਲ ਵਧਿਆ ਜੋ ਸ੍ਰੀ ਕਰਿਸ਼ਨ ਵਾਸਦੇਵ ਦੀ ਪਵਿਤ੍ਰ ਯਾਦਗਾਰ ਹੈ। ਏਥੇ ਕਿਸੇ ਨੇ ਉਸ ਦਾ ਟਾਕਰਾ ਨ ਕੀਤਾ। ਇਸ ਲਈ ਉਹਨੇ ਸ਼ਹਿਰ ਨੂੰ ਖੂਬ ਲੁਟਿਆ। ਇਥੋਂ ਦੇ ਸਾਰੇ ਮੰਦਰਾਂ ਦੀਆ ਮੂਰਤੀਆਂ ਤੋੜ ਦਿਤੀਆਂ ਯਾ ਸਾੜ ਦਿਤੀਆਂ। ਬਹੁਤ ਸਾਰੇ ਮੰਦਰ ਬਰਬਾਦ ਕਰ ਦਿਤੇ ਅਤੇ ਉਹਨਾਂ ਵਿਚੋਂ ਬੇ ਹਿਸਾਬ ਚਾਂਦੀ ਤੇ ਸੋਨਾ ਲੁਟਿਆ। ਮਹਿਮੂਦ ਕਨੌਜ ਵਿਚ ਪੂਰੇ ੨੦ ਦਿਨ ਠਹਿਰਿਆ। ਇਸ ਸਾਰੇ ਸਮੇਂ ਵਿਚ ਸ਼ਹਿਰ ਅਗ ਤੇ ਲੁਟ ਮਾਰ ਦਾ ਸ਼ਿਕਾਰ ਹੁੰਦਾ ਰਿਹਾ।

## ਗਜ਼ਨੀ ਨੂੰ ਵਾਪਸੀ

ਛੋਟੇ ਮੋਟੇ ਰਾਜਪੂਤ ਰਾਜਿਆਂ ਨੂੰ ਆਪਣੇ ਅਧੀਨ ਕਰਨ ਮਗਰੋਂ ਸੁਲਤਾਨ ਮਹਿਮੂਦ ਗਜ਼ਨੀ ਨੂੰ ਵਾਪਸ ਮੁੜ ਗਿਆ। ਜਾਂਦਾ ਹੋਇਆ। ਆਪਣੇ ਨਾਲ ਲੁਟ ਦਾ ਮਾਲ ਬਹੁਤ ਸਾਰੇ ਕੈਦੀ ਵੀ ਲੈ ਗਿਆ। ਉਸ ਦੀ ਫੌਜ ਨੇ ਜੋ ਆਮ ਲੁਟ ਮਚਾਈ ਉਹ ਵੀ ਉਸ ਲੁਟ ਤੋਂ ਘਟ ਨਹੀਂ ਸੀ ਜੋ ਸਰਕਾਰੀ ਖਜ਼ਾਨੇ ਵਿਚ ਜਮਾਂ ਕਰਾਈ ਗਈ। ਹਿੰਦੁਸਤਾਨ ਵਿਚ ਆਪਣੇ ਠਹਿਰਾਓ ਦੇ ਸਮੇਂ ਵਿਚ ਸੁਲਤਾਨ ਹਿੰਦੁਸਤਾਨੀ ਇਮਾਰਤਾਂ ਦੀ ਕਾਰੀਗਰੀ ਵੇਖ ਕੇ ਹੈਰਾਨ ਰਹਿ ਗਿਆ। ਰਾਜਧਾਨੀ ਵਿਚ ਵਾਪਸੀ ਮਗਰੋਂ ਉਸ ਨੇ ਪਥਰ ਤੇ ਸੰਗ ਮਰਮਰ ਦੀ ਇਕ ਬੜੀ ਆਲੀਸ਼ਾਨ ਮਸੀਤ ਤਿਆਰ ਕਰਵਾਈ ਜਿਸ ਵਿਚ ਵਡ-ਮੁਲੀਆਂ ਦਰੀਆਂ ਤੇ ਸੋਨੇ ਚਾਂਦੀ ਦਾ ਫਰਨੀਚਰ ਰਖਿਆ। ਇਸ ਦਾ ਨਾਮ ਉਸ ਨੇ ਮੁਕਦਸ ਦੁਲਹਨ ਰਖਿਆ। ਉਸ ਦੇ ਦਰਬਾਰੀਆਂ ਨੇ ਵੀ ਉਸ ਦੀ ਵੇਖਾ ਵੇਖੀ ਰਾਜਧਾਨੀ ਵਿਚ ਆਪਣੇ ਸ਼ਾਨਦਾਰ ਮਹਲ ਤੇ ਵਡੀਆਂ ਵਡੀਆਂ ਕੋਠੀਆਂ ਉਸਾਰੀਆਂ। ਸ਼ਾਹੀ ਮਸੀਤ ਦੇ ਪਾਸ ਹੀ ਮਹਿਮੂਦ ਨੇ ਇਕ ਬੜੀ ਵਡੀ ਯੂਨੀਵਰਸਿਟੀ ਵਡੇ ਵਡੇ ਵਿਦਵਾਨਾਂ ਦੀਆਂ ਪੁਸਤਕਾਂ ਦੀ ਲਾਇਬਰੇਰੀ ਅਤੇ ਕੁਦਰਤੀ ਚੀਜ਼ਾਂ ਤੇ ਹੁਨਰਾਂ ਤੇ ਕਾਰੀਗਰਾਂ ਦੇ ਸ਼ਾਹਕਾਰਾਂ ਦਾ ਅਜਾਇਬ ਘਰ ਵੀ ਕਾਇਮ ਕੀਤਾ। ਇਹਨਾਂ ਚੀਜ਼ਾਂ ਲਈ ਉਸ ਨੇ ਸਰਕਾਰੀ ਖਜ਼ਾਨੇ ਦੇ ਮੂੰਹ ਖੋਲ੍ਹ ਦਿਤੇ।

## ਮਹਿਮੂਦ ਦੀ ਰਾਜਧਾਨੀ ਦੀਆਂ ਇਮਾਰਤੀ ਯਾਦਗਾਰਾਂ

ਇਹਨਾਂ ਸਰਗਰਮੀਆਂ ਦਾ ਸਿੱਟਾ ਇਹ ਨਿਕਲਿਆ ਕਿ ਯਾਦਗਾਰੀ ਇਮਾਰਤਾਂ ਦਾ ਲੋਕਾਂ ਅੰਦਰ ਸ਼ੌਕ ਜਾਗ ਪਿਆ। ਅਤੇ ਥੋੜੇ ਜਿਹੇ ਸਮੇਂ ਦੇ ਅੰਦਰ ਹੀ ਅੰਦਰ ਸੁਲਤਾਨ ਮਹਿਮੂਦ ਦੀ ਰਾਜਧਾਨੀ ਵਿਚ ਹਰ ਪਾਸੇ ਸੁੰਦਰ ਮਸੀਤਾਂ, ਫੁਹਾਰੇ ਤਲਾ, ਖੇਡਾਂ ਦੇ ਅਡੇ ਆਦਿਕ ਨਜ਼ਰ ਆਉਣ ਲਗ ਪਏ। ਕਾਰੀਗਰੀ ਤੇ ਸਜਾਵਟ ਵਿਚ ਗਜ਼ਨੀ ਪਿਛਲੇ ਸਮਿਆਂ ਦੀ ਸੁੰਦਰਤਾ ਨੂੰ ਮਾਤ ਕਰ ਗਈ। ਸੰਨ ੧੦੧੯ ਵਿਚ ਸੁਲਤਾਨ ਮਹਿਮੂਦ ਨੇ ਖਲੀਫ਼ਾ ਬਗਦਾਦ ਅਲਕਾਦਰ ਬਿਲਾਹ ਨੂੰ ਆਪਣੀਆਂ ਜਿੱਤਾਂ ਦਾ ਵੇਰਵਾ ਲਿਖ ਭੇਜਿਆ, ਜਿਸ ਨੇ ਇਸ ਵਿਸਥਾਰ ਨੂੰ ਸ਼ਹਿਰ ਦੇ ਮੁਸਲਮਾਨਾਂ ਦੇ ਭਾਰੀ ਇਕਠ ਵਿਚ ਪੜ੍ਹਕੇ ਸੁਣਾਇਆ। ਇਥੋਂ ਦੇ ਮੁਸਲਮਾਨਾਂ ਨੇ ਦੁਨੀਆ ਦੇ ਦੂਰ ਦੁਰਾਡੇ ਦੇਸ਼ਾਂ ਵਿਚ ਮੁਸਲਮਾਨੀ ਸ਼ਮਸ਼ੀਰ ਦੀਆਂ ਜਿੱਤਾਂ ਉਤੇ ਭਾਰੀ ਜਸ਼ਨ ਮਨਾਇਆ।

## ਦਸਵਾਂ ਹਮਲਾ ੧੦੨੧ ਈਸਵੀ

ਮਹਿਮੂਦ ਨਾਲ ਮੇਲ ਕਰਨ ਕਰਕੇ ਹਿੰਦੂ ਰਾਜਿਆਂ ਦੀ ਕਾਨਫੀਡਰੇਸ਼ਨ (ਗਠਜੋੜ) ਨੇ ਕੁਵਾਰ ਰਾਏ, ਰਾਜਾ ਕਨੌਜ ਉਤੇ ਹਲਾ ਬੋਲ ਦਿਤਾ। ਇਸ ਤੇ ਸੁਲਤਾਨ ਨੇ ਮੁੜ ਹਿੰਦ ਵਲ ਕੂਚ ਕੀਤਾ,ਪਰ ਉਸਦੇ ਹਿੰਦ ਵਿਚ ਪਹੁੰਚਣ ਤੋਂ ਪਹਿਲੇ ਹੀ ਬੁਧੇਲ ਖੰਡ ਵਿਚਲੇ ਕਾਲਿੰਜਰ ਦੇ ਰਾਜਾ ਨੰਦ ਨੇ ਕਨੌਜ ਨੂੰ ਅਧੀਨ ਕਰ ਲਿਆ ਅਤੇ ਕੁਵਾਰ ਰਾਏ ਤੇ ਉਸ ਦੇ ਵਡੇ ਵਡੇ ਸਰਦਾਰਾਂ ਨੂੰ ਸਰ ਦਿਤਾ। ਉਸ ਦੀ ਮੌਤ ਦਾ ਬਦਲਾ ਲੈਣ ਲਈ ਸੁਲਤਾਨ ਨੇ ਕਾਲਿੰਜਰ ਉਤੇ ਚੜ੍ਹਾਈ ਕੀਤੀ ਅਤੇ ਓਥੋਂ ਨੰਦ ਰਾਏ ਨੂੰ ਨਸਾ ਦਿਤਾ। ਇਸ ਜਿਤ ਦੇ ਮਗਰੋਂ ਮਹਿਮੂਦ ਨੇ ਕਸ਼ਮੀਰ ਵਲ ਕੂਚ ਕੀਤਾ। ਕਸ਼ਮੀਰ ਜਾਂਦੇ ਜਾਂਦੇ ਰਸਤੇ ਵਿਚ ਲੋਕੋਟ ਦੇ ਅਜਿਤ ਕਿਲ੍ਹੇ ਨੂੰ ਵੀ ਫਤਹ ਕਰਦਾ ਗਿਆ।

## ਲਾਹੌਰ ਦੀ ਬਰਬਾਦੀ

ਇਸ ਦੇ ਮਗਰੋਂ ਉਹ ਲਾਹੌਰ ਵਿਚ ਜਾ ਦਾਖਲ ਹੋਇਆ ਉਸ ਨੇ ਆਪਣੀਆਂ ਫੌਜਾਂ ਨੂੰ ਲਾਹੌਰ ਵਿਚ ਲੁਟ ਮਾਰ ਮਚੌਣ ਦੀ ਖੁਲ੍ਹ ਦੇ ਦਿਤੀ, ਕਾਰਨ ਇਹ ਸੀ ਕਿ ਲਾਹੌਰ ਦਾ ਰਾਜਾ ਅਨੰਗ ਪਾਲ ਉਸ ਜੰਡੀ ਵਿਚ ਸ਼ਾਮਲ ਹੋ ਗਿਆ ਸੀ ਜੋ ਕਨੌਜ ਦੇ ਰਾਜੇ ਵਿਰੁਧ ਕਾਇਮ ਕੀਤੀ ਗਈ ਸੀ। ਲਾਹੌਰ ਵਿਚੋਂ ਬੇਅੰਤ ਧਨ ਉਸ ਦੇ ਹਥ ਲਗਾ। ਇਥ ਦਾ ਰਾਜਾ ਟਾਕਰਾ ਕਰਨ ਦੇ ਅਸਮਰਥ ਹੋਣ ਕਰਕੇ ਆਪਣੀ ਰਖਿਆ ਲਈ ਅਜਮੇਰ ਵਲ ਨਸ ਗਿਆ। ਏਸ ਸਾਲ ਦੀ ਬਸੰਤ ਰੁਤੇ ਮਹਿਮੂਦ ਅਧੀਨ ਕੀਤੇ ਹੋਏ ਸੂਬਿਆਂ ਵਿਚ ਆਪਣੇ ਗਵਰਨਰ ਨਿਯਤ ਕਰਕੇ ਗਜ਼ਨੀ ਵਾਪਸ ਮੁੜ ਗਿਆ।

## ਲਾਹੌਰ ਦਾ ਇਨਚਾਰਜ ਮਲਿਕ ਅਬਾਜ਼

ਮਹਿਮੂਦ ਨੇ ਆਪਣੇ ਉਸ ਚੋਣਵੇਂ ਵਜ਼ੀਰ ਜਨਰਲ ਮਲਿਕ ਅਬਾਜ਼ ਨੂੰ ਲਾਹੌਰ ਦਾ ਰਾਜ ਪ੍ਰਬੰਧ ਸਪੁਰਦ ਕੀਤਾ ਜਿਸਦਾ ਨਾਮ ਆਪਣੇ ਸ਼ਾਹੀ ਪਾਲਕ ਦੀਆਂ ਕਈ ਕਥਾਵਾਂ ਤੇ ਰਵਾਇਤਾਂ ਨਾਲ ਸੰਬੰਧਤ ਹੈ। ਏਸੇ ਮਲਿਕ ਨੇ ਲਾਹੌਰ ਉਦਾਲੇ ਕੰਧ ਬਣਾਈ ਤੇ ਲਾਹੌਰ ਦਾ ਕਿਲ੍ਹਾ ਉਸਾਰਿਆ ਸੀ। ਇਸ ਤੋਂ ਛੁਟ ਲਾਹੌਰ ਵਿਚ ਬਹੁਤ ਸਾਰਾ ਹੋਰ ਵੀ ਵਾਧਾ ਕੀਤਾ ਤੇ ਉਸ ਨੂੰ ਹੋਰ ਸੁੰਦਰ ਬਣਾਇਆ ਸੀ। ਇਸ ਹਰਮਨ ਪਿਆਰੇ ਗਜ਼ਨਵੀ ਗਵਰਨਰ ਦੇ ਸਮੇਂ ਲਾਹੌਰ ਵਿਦਿਅਕ ਸਰਗਰਮੀਆਂ ਦਾ ਕੇਂਦਰ ਬਣ ਗਿਆ। ਗਜ਼ਨੀ ਵਿਚੋਂ ਬਹੁਤ ਸਾਰੇ ਲੋਕ ਆ ਕੇ ਏਥੇ ਵਸ ਗਏ ਜਿਨ੍ਹਾਂ ਵਿਚ ਮਖ਼ਦੂਮ ਸ਼ੇਖ਼ ਅਲੀ ਗੰਜ ਬਖਸ਼, ਹੁਜ਼ਵੇਰੀ ਵੀ ਸੀ, ਜਿਸਦਾ ਰੌਜ਼ਾ ਦਾਤਾ ਗੰਜ ਬਖਸ਼ ਦੇ ਨਾਮ ਵਾਲਾ ਸ਼ਹਿਰੋਂ ਬਾਹਰ ਹੁਣ ਤੀਕ ਕਾਇਮ ਹੈ ਅਤੇ ਮੁਸਲਮਾਨ ਵਸੋ [] ਇਸਦੀ ਬੜੀ ਮਾਨਤਾ ਕਰਦੀ ਹੈ।

---

[] ਏਥੇ ਹਰ ਜੁਮੇ (ਸ਼ੁਕਰਵਾਰ) ਨੂੰ ਮੇਲਾ ਲਗਦਾ ਹੈ। ਮਲਿਕ ਅਬਾਜ਼ ਦਾ ਮਕਬਰਾ ਟਕਸਾਲੀ ਦਰਵਾਜ਼ੇ ਹੈ ਅਤੇ ਲੋਕ ਇਸਨੂੰ ਲਾਹੌਰ ਦੇ ਮੋਚੀ ਦਾ ਮਕਬਰਾ ਸਮਝ ਕੇ ਇਸਦੀ ਜ਼ਿਆਰਤ (ਦਰਸ਼ਨ) ਕਰਦੇ ਹਨ।

Sri Satguru Jagjit Singh Ji eLibrary NamdhariElibrary@gmail.com

## ਲਾਹੌਰ ਦਾ ਨਾਮ ਮਹਿਮੂਦ ਪੁਰ

ਮਹਿਮੂਦ ਲਾਹੌਰ ਨੂੰ ਆਪਣੇ ਨਾਮ ਉਪਰ ਮਹਿਮੂਦ ਪੁਰ ਆਖਦਾ ਸੀ।

## ਲਾਹੌਰ ਵਿਚ ਸਿੱਕਾ ਜਾਰੀ

ਉਸ ਨੇ ਲਾਹੌਰ ਵਿਚ ਟਕਸਾਲ ਜਾਰੀ ਕਰਕੇ ਸਿੱਕਾ ਵੀ ਜਾਰੀ ਕੀਤਾ ਜਿਸ ਉਤੇ ਅਰਬੀ ਤੇ ਹਿੰਦੀ ਵਿਚ ਇਹ ਲਫਜ਼ ਦਰਜ ਸਨ—

ਅਲਕਾਦਰ ਬਿਲਾਲ()
ਲਾਇਲਾਇਲਲਿਲਾ ਮੁਹੰਮਦ ਉਲ ਰਸੂਲ ਅਲ੍ਹਾ
ਯਮੀਨ ਉਲਦੌਲਾ ਓ ਅਮੀਨ ਉਲ ਮਲਾਕ ਮਹਿਮੂਦ—ਆਦਿ
ਅਭਿਆਕ ਤਾਮਕ ਮੁਹਮੰਦ ਅਵਤਾਰ ਨਰੀਤਤੀ ਮਹਿਮੂਦ
ਨਾ ਦਿਸਣ ਵਾਲੇ ਦੇ ਨਾਮ ਇਹ ਟੰਕਾ ੪੧੮‡ ਵਿਚ ਮਹਿਮੂਦ ਪੁਰੀ ਵਿਖੇ ਜਾਰੀ ਕੀਤਾ ਗਿਆ।

## ਯਾਰਵਾਂ ਹਮਲਾ ੧੦੨੩ ਈਸਵੀ

ਇਸ ਦੇ ਠੀਕ ਦੋ ਸਾਲ ਮਗਰੋਂ ਮਹਿਮੂਦ ਨੇ ਫੇਰ ਹਿੰਦ ਵਲ ਇਸ ਲਈ ਕੂਚ ਬੋਲਿਆ ਤਾਂ ਜੁ ਰਾਜਾ ਕਾਲੰਜਰ ਨੰਦ ਰਾਏ ਦੀ ਭੁਗਤ ਸਵਾਰੀ ਜਾਏ, ਜੋ ਪਹਿਲੀ ਮੁਹਿਮ ਸਮੇਂ ਸਜ਼ਾ ਤੋਂ ਬਚ ਨਿਕਲਿਆ ਸੀ। ਉਹਨੇ ਲਾਹੌਰ ਦੇ ਰਸਤੇ ਚੜ੍ਹਾਈ ਕੀਤੀ ਅਤੇ ਗਵਾਲੀਆਰ ਪਾਰ ਕਰਕੇ ਉਥੋਂ ਦੇ ਕਿਲ੍ਹੇ ਦਾ ਘੇਰਾ ਘਤ ਲਿਆ ਪਰ ਰਾਜੇ ਨੇ ਈਨ ਮੰਨ ਕੇ ਖਲਾਸੀ ਪਾ ਲਈ।

## ਰਾਜਾ ਕਾਲਿੰਜਰ ਦਾ ਈਨ ਮੰਨਣਾ

ਨੰਦਸ ਰਾਏ ਨੇ ਵੀ ਆਉਣ ਵਾਲੀ ਬਲਾ ਤੋਂ ਖਲਾਸੀ ਪਾਉਣ ਲਈ ਵੇਲੇ ਸਿਰ ਈਨ ਮੰਨ ਲਈ ਅਤੇ ਵਡਮੁਲੀਆਂ ਸੁਗਾਤਾਂ ਦਾ ਢੋਆ ਪੇਸ਼ ਕਰਕੇ ਮਾਫੀ ਪ੍ਰਾਪਤ ਕਰ ਲਈ। ਜਿਸ ਤੇ ਮਹਿਮੂਦ ਨੇ ਉਸਦਾ ਇਲਾਕਾ ਉਸੇ ਦੇ ਪਾਸ ਰਹਿਣ ਦਿਤਾ।

## ਬਾਰ੍ਹਵਾਂ ਹਮਲਾ ੧੦੨੬ ਈ.

ਕਾਠੀਆਵਾੜ ਦੇ ਕੰਢੇ ਉਤੇ ਇਕ ਨਗਰ ਸੋਮ ਨਾਥ ਹੈ ਜਿਥੇ ਹਿੰਦੁਸਤਾਨ ਦੇ ਕੋਨੇ ਕੋਨੇ ਤੋਂ ਹਿੰਦੂ ਯਾਤਰੀ ਪੂਜਾ ਲਈ ਹਾਜ਼ਰ ਹੁੰਦੇ ਹਨ ਇਥੋਂ ਦੇ ਸੋਮ ਨਾਥ ਮੰਦਰ ਦੀ ਪਵਿਤਰਤਾ ਤੇ ਦੌਲਤ ਬਾਰੇ ਮਹਿਮੂਦ ਮੁਦਤ ਤੋਂ ਸੁਣ ਰਿਹਾ ਸੀ।

## ਸੋਮ ਨਾਥ ਦਾ ਮੰਦਰ

ਇਹ ਮੰਦਰ ਦੇਵਤਾ ਸੋਮ ਦੇ ਨਾਮ ਉਤੇ ਉਸਾਰਿਆ ਗਿਆ ਸੀ। ਕਿਹਾ ਜਾਂਦਾ ਹੈ ਕਿ ਸੋਮ ਦੇਵਤਾ ਨੂੰ ਸਭ ਜੀਵਾਂ ਦੇ ਆਤਮਾਵਾਂ ਉਤੇ ਪੂਰਨ ਅਧਿਕਾਰ ਹੈ। ਇਹ ਵੀ ਕਿਹਾ ਜਾਂਦਾ ਸੀ ਕਿ ਉਹ ਪੁਨਰ ਜਨਮਾਂ ਦਾ ਦਾਤਾ ਸੀ ਅਤੇ ਮਿਰਤ ਆਤਮਾਵਾਂ ਨੂੰ ਸਰਾਪ ਜਾਂ ਵਰ ਦੇ ਸਕਦਾ ਸੀ। ਇਹ ਮੰਦਰ ਬੜਾ ਹੀ ਸ਼ਾਨਦਾਰ ਸੀ। ਇਸ ਉਤੇ ਭਗਤਾਂ ਨੂੰ ਬੜੀ ਹੀ ਸ਼ਰਧਾ ਸੀ।

() ਮਾਲੂਮ ਹੁੰਦਾ ਹੈ ਕਿ ਇਸਲਾਮ ਦੇ ਸਭ ਤੋਂ ਪਵਿਤ੍ਰ ਲੀਡਰ ਖਲੀਫਾ ਬਗਦਾਦ ਦਾ ਨਾਮ ਤੇ ਖਤਾਬ ਸੁਲਤਾਨ ਦੇ ਨਾਮ ਤੋਂ ਪਹਿਲੇ ਉਸ ਸ਼ਰਧਾ ਕਰਕੇ ਜੋੜਿਆ ਜਾਂਦਾ ਜੀ ਜੋ ਉਸ ਨੂੰ ਸਾਰੀ ਮੁਸਲਮ ਦੁਨੀਆ ਵਿਚ ਪ੍ਰਾਪਤ ਸੀ।

‡ ਥਾਮਸ ਰਚਿਤ ਪਠਾਨ ਕਿੰਗਮ ਆਫ ਦਿਹਲੀ ਸਫਾ 48

## ਮਹਿਮੂਦ ਵਲੋਂ ਮੰਦਰ ਦੀ ਤਬਾਹੀ ਦਾ ਪਰਣ

ਮੂਰਤੀ ਪੂਜਾ ਦੇ ਇਸ ਪ੍ਰਸਿਧ ਕੇਂਦਰ ਨੂੰ ਤਬਾਹ ਕਰਨ ਦਾ ਪ੍ਰਣ ਧਾਰ ਕੇ ਮਹਿਮੂਦ ਨੇ ਗਜ਼ਨੀ ਤੋਂ ਸਤੰਬਰ ੧੦੨੪ ਈਸਵੀ ਵਿਚ ਕੂਚ ਬੋਲਿਆ। ਉਸ ਨੇ ਆਪਣੇ ਨਾਲ ਤੁਰਕਿਸਤਾਨ ਅਤੇ ਨਾਲ ਲਗਦੇ ਇਲਾਕੇ ਦੇ ੩੦ ਹਜ਼ਾਰ ਜਵਾਨ ਵਾਲੰਟੀਅਰ ਲਏ। ਇਹ ਵਾਲੰਟੀਅਰ ਬਾਦਸ਼ਾਹ ਨਾਲ ਬਿਨਾ ਤਨਖਾਹ ਹੀ ਉਠ ਤੁਰੇ ਸਨ। ਇਹਨਾਂ ਦੇ ਅੰਦਰ ਮੰਦਰ ਨੂੰ ਤਬਾਹ ਕਰਨ ਦਾ ਬੇਪਨਾਹ ਜਜ਼ਬਾ ਸੀ। ਮੁਲਤਾਨ ਦਾ ਮਾਰੂ ਥਲ ਪਾਰ ਕਰ ਕੇ ਮਹਿਮੂਦ ਅਜਮੇਰ ਪੁਜਾ। ਏਥੇ ਉਸ ਨੇ ਬੜੀ ਲੁਟ ਮਚਾਈ ਹੋਰ ਵੀ ਕਈ ਕਿਲ੍ਹੇ ਫਤਹ ਕੀਤੇ ਅਤੇ ਮਾਰੋ ਮਾਰ ਕਰਦਾ ਹੋਇਆ ਸੋਮ ਨਾਥ ਪੁਜਾ। ਕਿਸੇ ਨੇ ਰਾਹ ਵਿਚ ਉਸ ਨੂੰ ਨਾ ਰੋਕਿਆ। ਮੰਦਰ ਦੇ ਕਿਲ੍ਹੇ ਦੀ ਰਖਿਆ ਦਾ ਰਾਜਪੂਤਾਂ ਨੇ ਬੜਾ ਜ਼ਬਰਦਸਤ ਪ੍ਰਬੰਧ ਕਰ ਰਖਿਆ ਸੀ। ਉਹ ਸੂਰਮੇ ਤਿੰਨ ਦਿਨ ਤੀਕ ਲਗਾਤਾਰ ਮੁਸਲਮਾਨ ਦੇ ਹਮਲੇ ਰੋਕਦੇ ਅਤੇ ਮੁਸਲਮਾਨੀ ਫੌਜਾਂ ਦਾ ਬੜਾ ਨੁਕਸਾਨ ਕਰਦੇ ਰਹੇ। ਅੰਤ ਨੂੰ ਮਹਿਮੂਦ ਆਪਣੇ ਘੋੜੇ ਤੋਂ ਹੇਠ ਉਤਰ ਆਇਆ ਅਤੇ ਧਰਤੀ ਉਤੇ ਗੋਡਿਆਂ ਭਾਰ ਹੋ ਕੇ ਖੁਦਾ ਪਾਸੋਂ ਸਹਾਇਤਾ ਮੰਗਣ ਲਗ ਪਿਆ। ਦੁਆ ਕਰ ਕੇ ਉਹ ਮੁੜ ਘੋੜੇ ਉਤੇ ਸਵਾਰ ਹੋ ਗਿਆ ਅਤੇ ਆਪਣੇ ਜਰਨੈਲ ਅਬੁਲ ਹਸਨ ਦਾ ਹਥ ਫੜ ਕੇ ਉਸ ਨੇ ਫੌਜਾਂ ਦਾ ਹੌਸਲਾ ਬਣਾਇਆ। ਇਸ ਤੋਂ ਫੌਜਾਂ ਵਿਚ ਬੜਾ ਜੋਸ਼ ਵਧ ਗਿਆ।

## ਰਾਜਪੂਤ ਫੌਜਾਂ ਦਾ ਕਤਲਿ-ਆਮ

ਮਹਿਮੂਦ ਦੀਆਂ ਤੁਰਕੀ ਫੌਜਾਂ ਨੇ ਜੋਸ਼ ਵਿਚ ਆ ਕੇ ਕਿਲ੍ਹੇ ਉਤੇ ਐਨਾਂ ਸਖਤ ਧਾਵਾ ਬੋਲਿਆ ਕਿ ਕਤਲਿ-ਆਮ ਮਚ ਗਈ। ਕਿਲ੍ਹੇ ਦੀਆਂ ਰਾਜਪੂਤ ਫੌਜਾਂ ਦੇ ੫੦੦੦ ਜਵਾਨ ਮਾਰੇ ਗਏ। ਬਾਕੀ ਦੇ ਰਾਜਪੂਤ ਜਾਨਾਂ ਬਚਾਉਣ ਲਈ ਬੇੜੀਆਂ ਉਤੇ ਸਵਾਰ ਹੋ ਗਏ ਪਰ ਮੁਸਲਮਾਨਾਂ ਨੇ ਉਹਨਾਂ ਨੂੰ ਵੀ ਜਾ ਲਿਆ ਅਤੇ ਬਹੁਤ ਸਾਰੀਆਂ ਬੇੜੀਆਂ ਡੋਬ ਦਿਤੀਆਂ। ਹੁਣ ਜਿੱਤ ਪ੍ਰਾਪਤ ਕਰ ਕੇ ਮਹਿਮੂਦ ਮੰਦਰ ਵਿਚ ਦਾਖਲ ਹੋਇਆ। ਉਸ ਦੇ ਨਾਲ ਉਹਦਾ ਬੇਟਾ ਅਤੇ ਚੋਣਵੇਂ ਉਮਰਾ ਤੇ ਸਰਦਾਰ ਵੀ ਸਨ। ਮੰਦਰ ਦੇ ਵਿਸ਼ਾਲ ਹਾਲ-ਕਮਰੇ ਵਿਚ ਦਾਖਲ ਹੋ ਕੇ ਉਸ ਨੇ ਆਪਣੇ ਸਾਹਮਣੇ ਪੱਥਰ ਦੀ ਮੂਰਤੀ{} ਡਿਠੀ ਜੋ ੯ ਫੁਟ ਉਚੀ ਸੀ।

{}ਸੋਮ ਨਾਥ ਦਾ ਮੰਦਰ ਵਡੇ ਵਡੇ ਪਥਰਾਂ ਦੀ ਬਣੀ ਹੋਈ ਅਦੁਤੀ ਯਾਦਗਾਰ ਸੀ। ਇਸ ਮੰਦਰ ਦੇ ਖਰਚਾਂ ਲਈ ਹਿੰਦੁਸਤਾਨ ਦੇ ਹਿਸਿਆਂ ਦੇ ਰਾਜਿਆਂ ਵਲੋਂ ੨੦੦੦ ਪਿੰਡਾਂ ਦੀ ਜਾਗੀਰ ਲਗੀ ਹੋਈ ਸੀ। ਇਸ ਦੇ ਪਰਬੰਧਕ ਬਹੁਤ ਕਰ ਕੇ ਬਰਾਹਮਣ ਹੀ ਸਨ। ਸਾਰੇ ਭਾਰਤ ਵਰਸ਼ ਵਿਚੋਂ ਹਿੰਦੂ ਯਾਤਰੀ ਦਰਸ਼ਨਾਂ ਲਈ ਆਉਂਦੇ ਸਨ ਅਤੇ ਬੇਅੰਤ ਚੜ੍ਹਾਵਾ ਚੜ੍ਹਾਉਂਦੇ ਸਨ। ਗ੍ਰਹਿਣ ਸਮੇਂ ਦੋ ਤੇ ਤਿੰਨ ਲਖ ਦੇ ਵਿਚਕਾਰ ਸ਼ਰਧਾਲੂ ਮੰਦਰ ਦੀ ਯਾਤਰਾ ਕਰਦੇ ਸਨ। ਇਥੋਂ ਦੀ ਮੂਰਤੀ ਨੂੰ ਹਰ ਰੋਜ਼ ਦੋ ਵੇਲੇ ਗੰਗਾ ਜਲ ਨਾਲ ਅਸ਼ਨਾਨ ਕਰਾਇਆ ਜਾਂਦਾ ਸੀ। ਇਹ ਗੰਗਾ ਜਲ ੧੨੦੦ ਮੀਲ ਦੀ ਦੂਰੀ ਤੋਂ ਵਸ਼ੇਸ਼ ਕਰਕੇ ਅਸ਼ਨਾਨ ਲਈ ਲਿਆਂਦਾ ਜਾਂਦਾ ਸੀ। ਇਸ ਤੋਂ ਛੁਟ ਦੂਜਾ ਪਾਣੀ ਅਸ਼ਨਾਨ ਲਈ ਬਿਲਕੁਲ ਨਹੀਂ ਸੀ ਵਰਤਿਆ ਜਾਂਦਾ। ਭਗਤਾਂ ਨੂੰ ਪੂਜਾ ਲਈ ਸਦਣ ਲਈ ਜਿਹੜਾ ਵਡਾ ਘੜਿਆਲ ਸੀ, ਉਸ ਨੂੰ ਸੋਨੇ ਦੀ ਜ਼ੰਜੀਰ ਲਗੀ ਹੋਈ ਸੀ। ਅਤੇ ਉਸ ਦਾ ਵਜ਼ਨ ੨੦੦ ਮਣ ਸੀ। ਮੰਦਰ ਦੇ ਪੂਜਾ ਪਾਠ ਤੇ ਸੇਵਾ ਲਈ ੨ ਹਜ਼ਾਰ ਬਰਾਹਮਣ ੫੦੦ ਨਰਤਕੀਆਂ, ੩੦੦ ਰਾਗੀ ਗਵਈਏ ਅਤੇ ੩੦੦ ਨਾਈ ਨੌਕਰ ਸਨ, ਜੋ ਮੰਦਰ ਵਿਚ ਦਾਖਲ ਹੋਣ ਵਾਲੇ ਯਾਤਰੀਆਂ ਦੇ ਸਿਰ ਮੁੰਨਦੇ ਸਨ। ਸਿਰ ਮੁੰਨੇ ਹੋਏ ਬਰਾਹਮਣ

(ਬਾਕੀ ਦੇਖੋ ਸਫਾ ੧੧੫)

Sri Satguru Jagjit Singh Ji eLibrary NamdhariElibrary@gmail.com

## ਮੂਰਤੀ ਫਿਤੀ ਫਿਤੀ ਕੀਤੀ ਗਈ

ਸੁਲਤਾਨ ਅਗੇ ਵਧਿਆ ਤੇ ਮੂਰਤੀ ਦੇ ਪਾਸ ਪੁਜਾ ਤੇ ਆਪਣੇ ਗੁਰਜ ਨਾਲ ਪਹਿਲੇ ਮੂਰਤੀ ਦਾ ਨਕ ਤੋੜਿਆ । ਫੇਰ ਇਸ ਦੇ ਟੁਕੜੇ ਕੀਤੇ ਗਏ। ਮਹਿਮੂਦ ਨੇ ਹੁਕਮ ਦਿਤਾ ਕਿ ਮੂਰਤੀ ਦੇ ਦੋ ਟੋਟੇ ਗਜ਼ਨੀ ਭੇਜੇ ਜਾਣ। ਇਹਨਾਂ ਵਿਚੋਂ ਇਕ ਤੇ ਜਾਮਾ ਮਸੀਤ ਦੀਆਂ ਪੌੜਿਆਂ ਉਤੇ ਸੁਟ ਦਿਤਾ ਜਾਏ ਅਤੇ ਦੂਜਾ ਉਸ ਦੇ ਆਪਣੇ ਮਹਲ ਦੇ ਦਰਵਾਜ਼ੇ ਮੂਹਰੇ ਤੇ ਦੋ ਹੋਰ ਟੁਕੜ ਮਕੇ ਤੇ ਮਦੀਨੇ ਭੇਜੇ ਗਏ। ਬ੍ਰਾਹਮਣਾਂ ਨੇ ਸੁਲਤਾਨ ਨੂੰ ਆਖਿਆ ਜੇ ਉਹ ਮੂਰਤੀ ਨਾ ਤੋੜੇ ਤਦ ਉਹ ਇਸਦੇ ਬਦਲੇ ਬੇਅੰਤ ਧਨ ਦੇਣ ਲਈ ਤਿਆਰ ਹਨ। ਉਸ ਦੇ ਦਰਬਾਰੀਆਂ ਨੇ ਵੀ ਬਤੇਰਾ ਆਖਿਆ ਕਿ ਇਕ ਬੁਤ ਦੇ ਤੋੜਨ ਨਾਲ ਬੁਤ ਪ੍ਰਸਤੀ ਖਤਮ ਨਹੀਂ ਹੋ ਜਾਣੀ ਪਰ ਮਹਿਮੂਦ ਨੇ ਇਸ ਵਿਚਾਰ ਨੂੰ ਇਹ ਕਹਿਕੇ ਘਿਰਣਾ ਨਾਲ ਠੁਕਰਾ ਦਿਤਾ ਕਿ ਜੇ ਮੈਂ ਧਨ ਦੇ ਲਾਲਚ ਨਾਲ ਮੂਰਤੀ ਨੂੰ ਨਾ ਤੋੜਿਆ ਤਦ ਮੈਂ ਬਦਨਾਮ ਹੋ ਜਾਵਾਂਗਾ ਤੇ ਲੋਕ ਮੈਨੂੰ ਮੂਰਤੀ ਵੇਚਣ ਵਾਲਾ ਆਖਣਗੇ। ਸੁ ਮੈਂ ਬੁਤ ਵੇਚ ਨਹੀਂ ਸਗੋਂ ਬੁਤ ਸ਼ਿਕਨ (ਮੂਰਤੀ ਤੋੜੂ) ਬਨਣਾ ਚਾਹੁੰਦਾ ਹਾਂ। ਇਹ ਕਹਿਕੇ ਉਸਨੇ ਆਪਣੇ ਸਾਹਮਣੇ ਮੂਰਤੀ ਦੇ ਟੁਕੜੇ ਕਰਾਏ।

## ਮੂਰਤੀ ਦਾ ਬੇਅੰਤ ਧਨ

ਮੂਰਤੀ ਦੇ ਅੰਦਰੋਂ ਮਹਿਮੂਦ ਨੂੰ ਬਹੁਤ ਸਾਰੇ ਕੀਮਤੀ ਹੀਰੇ ਤੇ ਜਵਾਹਰਾਤ ਹਥ ਲਗੇ। ਇਹ ਕੀਮਤੀ ਹੀਰੇ ਉਸ ਤੋਂ ਕਿਤੇ ਵਧੀਕ ਮੁਲ ਦੇ ਸਨ ਜੋ ਬ੍ਰਾਹਮਣਾਂ ਨੇ ਉਸ ਨੂੰ ਪੇਸ਼ ਕੀਤੇ ਸਨ। ਸੋਮਨਾਥ ਵਿਚ ਕੁਛ ਸਮਾਂ ਠਹਿਰਣ ਮਗਰੋਂ ਸੁਲਤਾਨ ਨੇ ਕੱਛ ਦੇ ਸ਼ਹਿਰ ਗੰਡਾਵਾ ਅਤੇ ਅਨੁਲਵਾੜੇ ਦੇ ਆਲੀਸ਼ਾਨ ਸ਼ਹਿਰ ਵੀ ਫਤਹ ਕਰ ਲਏ। ਗੁਜਰਾਤ ਦਾ ਰਾਜ ਉਸ ਨੇ ਏਸੇ ਦੇਸ ਦੇ ਇਕ ਰਾਜੇ ਨੂੰ ਸੌਂਪ ਦਿਤਾ ਅਤੇ ਸਿੰਧ ਦੇ ਰਸਤੇ ਗਜ਼ਨੀ ਨੂੰ ਵਾਪਸ ਮੁੜ ਗਿਆ ਸੋਮਨਾਥ ਅਤੇ ਗੁਜਰਾਤ ਦੀ ਮੁਹਿਮ ਵਿਚ ਉਸ ਦੇ ਢਾਈ ਸਾਲ ਖਰਚ ਹੋਏ।

## ਤੇਰ੍ਹਵਾਂ ਹਮਲਾ ੧੦੨੭ ਈਸਵੀ ਜਟਾਂ ਵਿਰੁਧ ਮੁਹਿਮ

ਮਹਿਮੂਦ ਦੀ ਹਿੰਦ ਵਿਰੁਧ ਅੰਤਮ ਮੁਹਿਮ ੧੦੨੭ ਵਿਚ ਭੇਜੀ ਗਈ। ਇਹ ਮੁਹਿੰਮ ਸਿੰਧ ਦੇ ਕੰਢਿਆਂ ਉਤੇ ਵਸਣ ਵਾਲੇ ਉਹਨਾਂ ਜਟਾਂ ਵਿਰੁਧ ਸੀ ਜਿਨ੍ਹਾਂ ਨੂੰ ਗੁਜਰਾਤ ਤੋਂ ਗਜ਼ਨੀ ਵਾਪਸ ਜਾਂਦਾ ਹੋਇਆ ਮੁਸਲਮਾਨ ਫ਼ੌਜ ਉਤੇ ਹਮਲਾ ਕੀਤਾ ਸੀ। ਮਹਿਮੂਦ ਨੇ ਜਾਟਾਂ ਦੀਆਂ ਸਭ ਜਾਤੀਆਂ ਨੂੰ ਫਤਹ ਕਰ ਲਿਆ। ਇਸਦੇ ਮਗਰੋਂ ਭਾਰਤ ਵਿਰੁਧ ਕੋਈ ਵਡਾ ਹਮਲਾ ਨਾ ਕੀਤਾ ਗਿਆ।

---

(੧੧੪ ਸਫੇ ਦੀ ਬਾਕੀ)

ਪੁਜਾਰੀ ਮੂਰਤੀ ਮੂਹਰੇ ਸਾਸ਼ਟਾਂਗ ਪਰਨਾਮ ਕਰਦੇ ਅਤੇ ਹੀਰੇ ਜਵਾਹਾਰਾਤ ਜੜਤ ਪੁਸ਼ਾਕਾਂ ਵਾਲੀਆਂ ਨਰਤਕੀਆਂ ਮੂਰਤੀ ਸਾਹਵੇਂ ਨਰਿਤ ਕਰਦੀਆਂ ਸਨ। ਇਕ ਸਮੇਂ ਰਾਜਿਆਂ ਵਿਚ ਇਹ ਰਿਵਾਜ ਸੀ ਕਿ ਉਹ ਆਪਣੀਆਂ ਰਾਜਕੁਮਾਰੀਆਂ ਨੂੰ ਇਸ ਧਾਰਮਕ ਆਸ਼ਰਮ ਦੀ ਸੇਵਾ ਲਈ ਅਰਪਨ ਕਰਦੇ ਸਨ ਤਾਂ ਜੁ ਉਹਨਾਂ ਨੂੰ ਦੇਵਤਿਆਂ ਦੀਆਂ ਖੁਸ਼ੀਆਂ ਪਰਾਪਤ ਹੋਣ। ਇਸ ਮੰਦਰ ਵਿਚ ਸੋਮਨਾਥ ਦੀ ਮੂਰਤੀ ਤੋਂ ਛੁਟ ਸੈਂਕੜੇ ਦੂਜੀਆਂ ਮੂਰਤੀਆਂ ਸੋਨੇ ਤੇ ਚਾਂਦੀ ਨਾਲ ਮੜ੍ਹੀਆਂ ਹੋਈਆਂ ਸਨ। ਉਹਨਾਂ ਸਭਨਾਂ ਨੂੰ ਮਹਿਮੂਦ ਨੇ ਪਿਘਲਾ ਕੇ ਰੈਣੀਆਂ ਬਣਾਈਆਂ ਤੇ ਉਸ ਤਰ੍ਹਾਂ ਇਹ ਸਾਰਾ ਸੋਨਾ ਚਾਂਦੀ ਗਜ਼ਨੀ ਨੂੰ ਢੋਇਆ।

## ਮਹਿਮੂਦ ਦੀ ਮੌਤ ੧੦੩੦ ਈਸਵੀ

ਇਸ ਦੇ ਥੋੜਾ ਚਿਰ ਮਗਰੋਂ ਮਹਿਮੂਦ ਪਥਰਾਂ ਦੇ ਰੋਗ ਨਾਲ ਮੰਜੇ ਤੇ ਪੈ ਗਿਆ। ਉਹ ੨੯ ਅਪਰੈਲ ੧੦੩੦ ਈਸਵੀ ਨੂੰ ਆਪਣੀ ਉਮਰ ਦੇ ੬੩ਵੇਂ ਸਾਲ ਵਿਚ ੩੩ ਸਾਲ ਰਾਜ ਕਰ ਕੇ ਏਸੇ ਰੋਗ ਨਾਲ ਚਲਾਣਾ ਕਰ ਗਿਆ। ਗਜ਼ਨੀ ਦੇ ਕਸਰਿ ਫਿਰੋਜ਼ੀ ਵਿਚ ਉਸ ਨੂੰ ਦਫਨਾਇਆ ਗਿਆ। ਇਸ ਸਮੇਂ ਉਥੋਂ ਦੇ ਮੁਸਲਮਾਨਾਂ ਨੇ ਬੜਾ ਸੋਗ ਮਨਾਇਆ ਤੇ ਇਸ ਦੀ ਮੌਤ ਤੇ ਹੰਜੂ ਵਗਾਏ।

## ਸ਼ਕਲ ਸੂਰਤ

ਉਹ ਦਰਮਿਆਨੇ ਕਦ ਦਾ ਗਠੀਲਾ ਪੁਰ ਜੋਸ਼ ਅਤੇ ਆਪਣੇ ਸਾਥੀਆਂ ਨਾਲੋਂ ਕਿਤੇ ਵਧੀਕ ਸਖਤ ਜਾਨ ਸੀ। ਉਸ ਦੀ ਫੌਜ ਵਿਚ ਬਹੁਤ ਥੋੜੇ ਆਦਮੀ ਸਨ ਜੋ ਉਸ ਦੇ ਗੁਰਜ ਤੇ ਉਸ ਦੇ ਬਰਛੇ ਦੀ ਵਰਤੋਂ ਕਰ ਸਕਣ। ਉਸ ਦੇ ਚਿਹਰੇ ਉਤੇ ਮਾਤਾ (ਚੇਚਕ) ਦੇ ਡੂੰਘ ਦਾਗ ਸਨ। ਇਕ ਦਿਨ ਸ਼ੀਸ਼ੇ ਵਿਚ ਆਪਣਾ ਮੂੰਹ ਵੇਖ ਕੇ ਉਸ ਨੇ ਆਪਣ ਇਕ ਵਜ਼ੀਰ ਨੂੰ ਆਖਿਆ "ਮੈਂ ਆਪਣੇ ਸ਼ੀਸ਼ੇ ਨੂੰ ਮੁੜ ਕਲਈ ਕਰਾਇਆ ਹੈ ਜਿਸ ਕਰ ਕੇ ਮੈਨੂੰ ਆਪਣੇ ਚਿਹਰੇ ਵਿਚ ਕਈ ਨੁਕਸ ਜਾਪਦੇ ਹਨ ਏਸੇ ਕਰ ਮੈਂ ਦੂਜਿਆਂ ਦੇ ਨੁਕਸ ਨਹੀਂ ਛਾਂਟਦਾ। ਬਾਦਸ਼ਾਹ ਦਾ ਚਿਹਰਾ ਐਸਾ ਹੋਣਾ ਚਾਹੀਦਾ ਹੈ ਜਿਸ ਨੂੰ ਵੇਖ ਕੇ ਦੂਜੇ ਖੁਸ਼ ਹੋ ਜਾਣ, ਪਰ ਮੇਰਾ ਚਿਹਰਾ ਤੇ ਬਹੁਤ ਈ ਭੈੜਾ ਹੈ।" ਸੁਣ ਕੇ ਵਜ਼ੀਰ ਨੇ ਉਤਰ ਦਿਤਾ "ਆਪ ਦਾ ਚਿਹਰਾ ਤੇ ਦਸ ਹਜ਼ਾਰ ਲੋਕਾਂ ਵਿਚੋਂ ਸ਼ਾਇਦ ਇਕ ਅਧ ਆਦਮੀ ਨੂੰ ਹੀ ਵੇਖਣ ਦਾ ਹੌਸਲਾ ਹੁੰਦਾ ਹੋਵੇਗਾ ਪਰ ਆਪ ਦੇ ਗੁਣਾਂ ਨੂੰ ਤ ਬੱਚਾ ਬੱਚਾ ਜਾਣਦਾ ਹੈ।

## ਉਸ ਦਾ ਚਲਣ

ਮਹਿਮੂਦ ਦੇ ਪਰਾਈਵੇਟ ਜੀਵਨ ਬਾਰੇ ਕਿਸੇ ਨੂੰ ਕੁਛ ਪਤਾ ਨਹੀਂ। ਉਸਦੀ ਚਾਹਤੀ ਬੇਗਮ ਦਾ ਨਾਮ ਹਰਮ ਨੂਰ ਸੀ ਕਿਉਂਕਿ ਉਹ ਅਤਿਅੰਤ ਸੁੰਦਰੀ ਸੀ ਤੇ ਲੋਕਾਂ ਵਿਚ "ਨੂਰ ਦਾ ਸੂਰਜ" ਕਰਕੇ ਪ੍ਰਸਿਧ ਸੀ। ਉਹ ਕਾਸ਼ਗਰ ਦੇ ਉਜ਼ਬਕ ਬਾਦਸ਼ਾਹ ਦੀ ਪੁਤਰੀ ਸੀ। ਪਰ ਸੁਲਤਾਨ ਹਰਮ ਨੂਰ ਤੇ ਹੀ ਬਸ ਨਹੀਂ ਸੀ, ਉਹਦੇ ਪਾਸ ਹੋਰ ਵੀ ਸੁੰਦਰੀਆਂ ਸਨ ਜਿਨ੍ਹਾਂ ਨਾਲ ਉਹ ਦਿਲ ਪਰਚਾਉਂਦਾ ਸੀ। ਉਹ ਅੰਗੂਰੀ ਸ਼ਰਾਬ ਦੀ ਖੁਲ੍ਹੀ ਡੁਲ੍ਹੀ ਵਰਤੋਂ ਕਰਦਾ ਸੀ, ਭਾਵੇਂ ਬੜਾ ਸੂਰਬੀ ਮੰਨਿਆ ਜਾਂਦਾ ਸੀ। ਉਹ ਸਾਹਿਤ ਤੇ ਇਲਮ ਦਾ ਸਚਾ ਪ੍ਰੇਮੀ ਸੀ। ਪ੍ਰਸਿਧ ਅਬੁਲਫਜ਼ਲ ਦੇ ਕਥਨ ਅਨੁਸਾਰ ਉਸ ਦੇ ਦਰਬਾਰ ਵਿਚ ਜਿੰਨੇ ਆਲਮ ਫਾਜ਼ਲ ਸਨ, ਉਹਦੇ ਪਾਸ ਜਿੰਨੀ ਵਧੀਆ ਫੌਜ ਸੀ, ਉਸਦੀ ਜਿੰਨੀ ਸ਼ਾਨ ਸੀ ਉਨੀ ਹੋਰ ਕਿਸੇ ਬਾਦਸ਼ਾਹ ਨੂੰ ਨਸੀਬ ਨਹੀਂ ਸੀ ਹੋਈ।

## ਨਿਆਂ ਕਾਰੀ

ਨਿਆਂ ਦੇ ਮਾਮਲੇ ਵਿਚ ਉਹ ਬੜਾ ਸਖਤ ਸੀ। ਉਸ ਦੀ ਬਾਬਤ ਤੇ ਇਹ ਵੀ ਕਹਾਵਤ ਪ੍ਰਚਲਤ ਹੈ ਕਿ ਉਸਦੇ ਰਾਜ ਵਿਚ ਸ਼ੇਰ ਤੇ ਬਕਰੀ ਇਕੋ ਘਾਟ ਤੇ ਪਾਣੀ ਪੀਂਦੇ ਸਨ। ਆਪਣੀ ਮੌਤ ਤੋਂ ਦੋ ਦਿਨ ਪਹਿਲੇ ਉਸ ਨੇ ਹੁਕਮ ਦਿਤਾ ਉਸਦੀ ਸਾਰੀ ਦੌਲਤ ਸੋਨਾ ਹੀਰੇ ਜਵਾਹਾਰਾਤ ਤੇ ਮੋਤੀ ਉਸ ਨੂੰ ਵਖਾਏ ਜਾਣ।

## ਖਜ਼ਾਨੇ ਤੇ ਫ਼ੌਜ ਦੇ ਅੰਤਮ ਦਰਸ਼ਨ

ਉਸ ਨੇ ਆਪਣੇ ਕੀਤੇ ਕਾਰਨਾਮੇ ਚੇਤੇ ਕੀਤੇ, ਘਾਲੀਆਂ ਘਾਲਾਂ

Sri Satguru Jagjit Singh Ji eLibrary NamdhariElibrary@gmail.com

ਨੂੰ ਯਾਦ ਕੀਤਾ, ਆਪਣੀ ਸਾਰੀ ਸ਼ਾਨ ਸ਼ੌਕਤ ਦਾ ਅਤੇ ਮੌਤ ਅਗੇ ਬੇਬਸੀ ਦੀ ਪੜਚੋਲ ਕੀਤੀ। ਆਪਣੀ ਦੌਲਤ ਤੇ ਖਜ਼ਾਨਿਆਂ ਤੋਂ ਵਿਛੋੜੇ ਨੂੰ ਤਕ ਕੇ ਉਸ ਦੇ ਹੰਜੂ ਕਿਰ ਪਏ। ਉਸ ਵੇਲੇ ਹੁਕਮ ਦਿਤਾ ਸਭ ਖਜ਼ਾਨੇ ਵਾਪਸ ਲੈ ਜਾਉ। ਭਾਵੇਂ ਇਹ ਦੌਲਤ ਥੋੜੇ ਚਿਰ ਮਗਰੋਂ ਸਾਰੀ ਦੀ ਸਾਰੀ ਏਥੇ ਰਹਿ ਜਾਣੀ ਸੀ ਫੇਰ ਵੀ ਉਸਦਾ ਹੌਸਲਾ ਨ ਪਿਆ ਕਿ ਇਸਦਾ ਕੁਛ ਭਾਗ ਜਾਂਦੀ ਵਾਰ ਆਪਣੇ ਕਰਮਚਾਰੀਆਂ ਵਿਚ ਹੀ ਵੰਡ ਦੇਵੇ। ਦੂਜੇ ਦਿਨ ਉਸ ਨੇ ਹੁਕਮ ਦਿਤਾ ਕਿ ਫ਼ੌਜ, ਹਾਥੀ, ਘੋੜੇ, ਉਠ ਅਤੇ ਰਥ ਆਦਕ ਸਭ ਜੰਗੀ ਸਾਮਾਨ ਦੀ ਨੁਮਾਇਸ਼ ਕੀਤੀ ਜਾਏ। ਸਫਰੀ ਤਖਤ ਉਤੇ ਬੈਠ ਕੇ ਉਸ ਨੇ ਉਹਨਾਂ ਸਭ ਦੌਲਤਾਂ ਤੇ ਅਪਾਰਧਨ ਨੂੰ ਹਸਰਤ ਨਾਲ ਤਕਿਆ। ਇਕ ਲਖ ਪੈਦਲ ਪ੦ ਹਜ਼ਾਰ ਘੁੜ ਸਵਾਰ ਅਤੇ ੧੩੦੦ ਹਾਥੀਆਂ ਦੀ ਕਤਾਰ ਉਸ ਦੇ ਅਗੋਂ ਲੰਘਦੀ ਹੋਈ ਕੌਚ ਉਤੇ ਢਾਸਣਾ ਲਾਈ ਬੈਠੇ ਮਹਿਮੂਦ ਨੇ ਤਕੀ। ਜਦ ਉਸ ਦੀਆਂ ਅਖਾਂ ਇਹ ਸਭ ਕੁਝ ਵੇਖ ਚੁਕੀਆਂ ਤਦ ਉਸ ਦਿਆਂ ਨੇਤਰਾਂ ਵਿਚੋਂ ਨੀਰ ਚਲ ਪਿਆ ਅਤੇ ਉਹ ਆਪਣੇ ਮਹਲ ਵਿਚ ਜਾਕੇ ਲੇਟ ਗਿਆ ਅਤੇ ਪ੍ਰਾਣ ਤਿਆਗ ਦਿਤੇ।

## ਉਸ ਦੇ ਰਾਜ ਦੀ ਵਿਸ਼ਾਲਤਾ

ਆਪਣੀ ਮੌਤ ਪਿਛੇ ਮਹਿਮੂਦ ਇਕ ਐਡਾ ਵਿਸ਼ਾਲ ਰਾਜ ਛਡ ਗਿਆ ਜੋ ਉਸ ਸਮੇਂ ਦੇ ਜੀਉਂਦੇ ਸਭ ਬਾਦਸ਼ਾਹ ਤੋਂ ਵਡੀ ਸੀ। ਉਸ ਦਾ ਰਾਜ ਕਸ਼ਮੀਰ ਤੋਂ ਲੈ ਕੇ ਅਸਫਹਾਨ ਤੀਕ ਅਤੇ ਕੈਸਮੀਅਨ ਸਾਗਰ ਤੋਂ ਲੈ ਕੇ ਗੰਗਾ ਤੀਕ ਪਸਰਿਆ ਹੋਇਆ ਸੀ। ਸਾਰਾ ਮੁਸਲਿਮ ਜਗਤ ਉਸ ਨੂੰ ਆਪਣਾ ਸਰਦਾਰ (ਲੀਡਰ) ਮੰਨਦਾ ਸੀ। ਉਹ ਸਭ ਤੋਂ ਵਡਾ ਏਸ਼ਿਆਈ ਬਾਦਸ਼ਾਹ ਹੋਇਆ ਹੈ। ਦੁਨੀਆ ਦੇ ਬਹੁਤੇ ਘਟ ਵਿਜਈਆਂ ਨੂੰ ਉਸ ਜਿੰਨੀ ਕੀਰਤੀ ਵੇਖਣੀ ਨਸੀਬ ਹੋਈ ਹੈ।

## ਸੁਲਤਾਨ ਮਹਿਮੂਦ ਦਾ ਮਕਬਰਾ

ਗਜ਼ਨੀ ਤੋਂ ਤਿੰਨ ਮੀਲ ਦਖਣ ਵਲ ਦੇ ਪਾਸੇ ਸੁਲਤਾਨ ਮਹਿਮੂਦ ਦਾ ਮਕਬਰਾ ਅਜੇ ਤੀਕ ਵੇਖਿਆ ਜਾ ਸਕਦਾ ਹੈ। ਮੰਦਰ ਜਗਨ ਨਾਥ ਦੇ ਸੰਸਾਰ ਪ੍ਰਸਿਧ ਚੰਦਨ ਦੇ ਦਰਵਾਜ਼ੇ, ਜੋ ਉਹ ਗਜ਼ਨੀ ਲੈ ਗਿਆ ਸੀ ਉਸ ਦੇ ਮਕਬਰੇ ਵਿਚ ਲਾਏ ਗਏ ਹਨ।

## ਸੋਮਨਾਥ ਦੇ ਦਰਵਾਜ਼ੇ

੪੬ ਕੁ ਸਾਲ ਹੋਏ ਕਿ ਇਹ ਦਰਵਾਜ਼ੇ ਹਿੰਦੁਸਤਾਨ ਵਿਚ ਉਸ ਕੌਮ ਦੀਆਂ ਫੌਜਾਂ ਨੇ ਲਿਆਂਦੇ ਜਿਸ ਦਾ ਪੂਰਬ ਵਿਚ ਉਦੋਂ ਕੋਈ ਨਾਂ ਵੀ ਨਹੀਂ ਸੀ ਜਾਣਦਾ, ਇਥੋਂ ਵੀ ਇਹ ਦਰਵਾਜ਼ੇ ਲਿਜਾਏ ਗਏ ਅਤੇ ਹੁਣ ਉਹ ਲੰਦਨ ਦੇ ਅਜਾਇਬ ਘਰ ਵਿਚ ਸਾਂਭ ਕੇ ਰਖੇ ਹੋਏ ਹਨ। ਅਜ ਦਿਨ ਤੀਕ ਸੁਲਤਾਨ ਦੇ ਮਕਬਰੇ ਉਪਰ ਮੁਸਲਮਾਨ ਮੁਲਾਂ ਕੁਰਾਨ ਖ੍ਵਾਨੀ ਕਰਦੇ ਹਨ।

## ਸੁਲਤਾਨ ਮਸੂਦ ਪਹਿਲਾ

## ਮਹਿਮੂਦ ਦੇ ਪੁਤਰ ਮੁਹੰਮਦ ਦੀ ਤਖਤ ਨਸ਼ੀਨੀ

ਸੁਲਤਾਨ ਮਹਿਮੂਦ ਆਪਣੇ ਪਿਛੇ ਦੋ ਬੇਟੇ ਛਡ ਗਿਆ ਸੀ। ਮੁਹੰਮਦ ਅਤੇ ਮਸੂਦ। ਇਹ ਦੋਵੇਂ ਜੋੜੇ ਸਨ। ਮਸੂਦ ਆਪਣੇ ਬਾਪ ਦੀ ਮੌਤ ਸਮੇਂ ਅਸਫਹਾਨ ਵਿਚ ਸੀ। ਮਹਿਮੂਦ ਦੇ ਸਹੁਰੇ ਕਿਜ਼ਿਲ ਅਰਸਲਾਨ ਦੇ ਪੁਤਰ ਅਮੀਰ ਅੱਲੀ ਨੇ ਮੁਹੰਮਦ ਨੂੰ ਗਜ਼ਨੀ ਦੇ ਤਖਤ ਉਤੇ ਬਿਠਾ ਦਿਤਾ।

## ਪਰ ਮਸੂਦ ਨੇ ਅੰਨ੍ਹਿਆਂ ਕਰਕੇ ਤਖਤੋਂ ਲਾਹ ਦਿਤਾ ੧੧੩੩ ਈਸਵੀ

ਮੁਹੰਮਦ ਨੇ ਅਜੇ ਪੰਜ ਮਹੀਨੇ ਹੀ ਰਾਜ ਕੀਤਾ ਸੀ ਕਿ ਮਸੂਦ ਨੇ ਉਸ ਨੂੰ ਅੰਨ੍ਹਿਆਂ ਕਰ ਕੇ ਤਖਤ ਉਤੋਂ ਥਲੇ ਉਤਾਰ ਦਿਤਾ ਅਤੇ ਆਪ ਗਜ਼ਨੀ ਦਾ ਸੁਲਤਾਨ ਬਣ ਬੈਠਾ।

## ਮਸੂਦ ਦਾ ਹਿੰਦ ਉਤੇ ਹਮਲਾ ੧੦੩੩ ਈਸਵੀ

ਸਲਜੂਕ ਤਾਤਾਰੀਆਂ ਨੂੰ ਆਪਣਾ ਬਾਜ਼ਗੁਜ਼ਾਰ ਬਣਾਉਣ ਮਗਰੋਂ ਮਸੂਦ ਨੇ ਆਪਣਾ ਰੁਖ਼ ਹਿੰਦੁਸਤਾਨ ਵਲ ਫੇਰਿਆ ਅਤੇ ੧੦੩੩ ਈਸਵੀ ਨੂੰ ਕਸ਼ਮੀਰ ਦੀਆਂ ਪਹਾੜੀਆਂ ਵਿਚਲੇ ਸੁਰਸਤੀ ਕਿਲ੍ਹੇ ਉਤੇ ਹੱਲਾ ਬੋਲਿਆ। ਕਿਲ੍ਹੇ ਦੀ ਫੌਜ ਨੇ ਬੜੀ ਬਹਾਦਰੀ ਨਾਲ ਟਾਕਰਾ ਕੀਤਾ। ਮਸੂਦ ਨੇ ਕਿਲ੍ਹੇ ਦੀਆਂ ਕੰਧਾਂ ਨੂੰ ਪੌੜੀਆਂ ਲਾ ਕੇ ਫੌਜਾਂ ਉਪਰ ਚੜ੍ਹਾ ਦਿਤੀਆਂ ਅਤੇ ਬੜੀ ਲਹੂ ਡੋਲ੍ਹਵੀਂ ਲੜਾਈ ਪਿਛੋਂ ਕਿਲ੍ਹਾ ਫਤਹ ਕਰ ਲਿਆ। ਕਿਲ੍ਹੇ ਦੀ ਸਾਰੀ ਫੌਜ ਸਵਾਏ ਤੀਵੀਆਂ ਤੇ ਬਚਿਆਂ ਦੇ ਤਲਵਾਰ ਦੇ ਘਾਟ ਉਤਾਰੀ ਗਈ ਅਤੇ ਤੀਵੀਆਂ ਤੇ ਬਚੇ ਗੁਲਾਮ ਬਣਾ ਕੇ ਗਜ਼ਨੀ ਲਿਜਾਏ ਗਏ। ਸਲਜੂਕਾਂ ਹਥੋਂ ਆਪਣੇ ਜਰਨੈਲ ਦੀ ਹਾਰ ਦੀ ਖਬਰ ਸੁਣ ਕੇ ਮਸੂਦ ਆਪਣੇ ਦਿਲ ਦੇ ਵਲ ਵਾਪਸ ਮੁੜ ਗਿਆ ਤਾਂ ਜੁ ਉਥੇ ਅਮਨ ਕਾਇਮ ਕਰੇ। ਸੰਨ ੧੦੩੬ ਵਿਚ ਉਸ ਨੇ ਫੇਰ ਆਪਣੀਆਂ ਵਾਗਾਂ ਹਿੰਦ ਵਲ ਮੋੜੀਆਂ ਅਤੇ ਸ਼ਵਾਕ ਦੀ ਰਾਜਧਾਨੀ ਹਾਂਸੀ ਦਾ ਅਜਿਤ ਕਿਲ੍ਹਾ ਫਤਹ ਕੀਤਾ। ਫੇਰ ਦਿਲੀ ਦੇ ਨੇੜੇ ਸੋਨੀ ਪਤ ਵਲ ਕੂਚ ਬੋਲ ਦਿਤਾ। ਉਸ ਨੂੰ ਵੀ ਜਿਤ ਲਿਆ। ਉਥੋਂ ਦਾ ਗਵਰਨਰ ਆਪਣਾ ਸਭ ਖਜ਼ਾਨਾ ਛਡ ਛੁਡਾ ਕੇ ਜੰਗਲਾਂ ਵਿਚ ਨਸ ਗਿਆ। ਉਸ ਦਾ ਸਾਰਾ ਮਾਲ ਖਜ਼ਾਨਾ ਵਿਜਈ ਨੇ ਆਪਣ ਕਬਜ਼ੇ ਵਿਚ ਕਰ ਲਿਆ।

## ਲਾਹੌਰ ਦਾ ਰਾਜ ਮੌਦੂਦ ਦੇ ਹਵਾਲੇ

ਲਾਹੌਰ ਵਿਚ ਵਾਪਸੀ ਉਤੇ ਸੁਲਤਾਨ ਨੇ ਆਪਣੇ ਪੁਤਰ ਮੌਦੂਦ ਨੂੰ ਸੂਬੇ ਦੀ ਗੌਰਮਿੰਟ ਸਪੁਰਦ ਕਰ ਕੇ ਬਾਦਸ਼ਾਹੀ ਅਖ਼ਤਿਆਰ ਦੇ ਦਿਤੇ। ਆਪਣ ਨਿਕਟ ਵਰਤੀ ਤੇ ਸਲਾਹਕਾਰ ਖਵਾਜੀ ਅਬਾਜ਼ ਨੂੰ ਉਹਦੇ ਪਾਸ ਛਡ ਕੇ ਆਪ ਗਜ਼ਨੀ ਵਾਪਸ ਮੁੜ ਗਿਆ। ਸੰਨ ੧੦੪੨ ਈਸਵੀ ਵਿਚ ਸਲਜੂਕ ਤੁਰਕਮਾਨਾਂ ਨੇ ਬੜਾ ਜ਼ੋਰ ਫੜ ਲਿਆ। ਆਪਣੇ ਜਰਨੈਲਾਂ ਦੀ ਗਦਾਰੀ ਦੇ ਕਾਰਨ ਉਸ ਦਾ ਹੌਸਲਾ ਟੁਟ ਗਿਆ ਉਸ ਨੇ ਗਜ਼ਨੀ ਦੇ ਕਿਲ੍ਹੇ ਵਿਚਲੀ ਸਭ ਦੌਲਤ ਇਕੱਠੀ ਕਰ ਲਈ ਤੇ ਉਸ ਨੂੰ ਊਠਾਂ ਉਤੇ ਲਦ ਕੇ ਉਸੇ ਸਾਲ ਲਾਹੌਰ ਚਲਾ ਆਇਆ। ਉਸ ਨੇ ਇਹ ਨਿਸਚਾ ਧਾਰ ਲਿਆ ਸੀ ਕਿ ਬਾਕੀ ਦੀ ਸਾਰੀ ਉਮਰ ਹਿੰਦੁਸਤਾਨ ਵਿਚ ਬਤਾਏਗਾ।

## ਫੌਜ ਨੇ ਸੁਲਤਾਨ ਮਹਿਮੂਦ ਨੂੰ ਤਖਤੋਂ ਲਾਹ ਕੇ ਮਾਰ ਦਿਤਾ

ਲਾਹੌਰ ਪਹੁੰਚ ਕੇ ਉਸ ਨੇ ਆਪਣੇ ਸ਼ਾਹਜ਼ਾਦੇ ਮੌਦੂਦ ਨੂੰ ਬਲਖ ਦਾ ਗਵਰਨਰ ਬਣਾਕੇ ਉਥੇ ਭੇਜ ਦਿਤਾ। ਦਰਿਆ ਜਿਹਲਮ ਦੇ ਕਿਨਾਰੇ ਉਸ ਦੇ ਫੌਜੀ ਸਿਪਾਹੀਆਂ ਤੇ ਗੁਲਾਮਾਂ ਨੇ ਬਗਾਵਤ ਕਰ ਦਿਤੀ। ਉਸ ਨੂੰ ਤਖਤ ਤੋਂ ਉਤਾਰ ਕੇ ਉਸ ਦੇ ਅੰਨ੍ਹੇ ਭਰਾ ਮੁਹੰਮਦ ਨੂੰ ਤਖਤ ਉਤੇ ਬਿਠਾ ਦਿਤਾ। ਮਸੂਦ ਨੂੰ ਨਜ਼ਰ ਬੰਦਕਰ ਦਿਤਾ

Sri Satguru Jagjit Singh Ji eLibrary NamdhariElibrary@gmail.com

ਗਿਆ। ਇਸ ਦੇ ਥੋੜਾ ਚਿਰ ਮਗਰੋਂ ਉਸ ਦੇ ਚਚੇਰੇ ਭਰਾ ਸੁਲੇਮਾਨ ਨੇ ਉਸ ਨੂੰ ਕਤਲ ਕਰ ਦਿਤਾ। ਮਹਿਮੂਦ ਨੇ ੯ ਸਾਲ ਤੀਕ ਰਾਜ ਕੀਤਾ।

## ਮਸੂਦ ਦਾ ਚਲਨ

ਉਸਦਾ ਸੁਭਾ ਬੜਾ ਜੰਗਜੂ ਅਤੇ ਉਹਦੇ ਅੰਦਰ ਕਮਾਲ ਦੀ ਦਲੇਰੀ ਪਰ ਇਸਦੇ ਨਾਲ ਹੀ ਉਹ ਪਰਲੇ ਦਰਜੇ ਦਾ ਭੋਲਾ ਤੇ ਸਖੀ ਸੀ। ਆਪਣੇ ਮਹਾਨ ਵਡੇ ਪਿਤਾ ਵਾਂਗ ਉਹ ਵਿਦਵਾਨਾਂ ਦਾ ਵੀ ਬੜਾ ਕਦਰਦਾਨ ਸੀ। ਉਸ ਨੇ ਕਈ ਸ਼ਾਨਦਾਰ ਸੋਹਣੀਆਂ ਮਸੀਤਾਂ ਅਤੇ ਮਹਲ[] ਉਸਾਰੇ ਅਤੇ ਕਾਲਜਾਂ ਤੇ ਸਕੂਲਾਂ ਦੀ ਆਰਥਕ ਸਹਾਇਤਾ ਵੀ ਕੀਤੀ।

## ਸੁਲਤਾਨ ਮੌਦੂਦ

### ਮੌਦੂਦ ਦੀ ਗਦੀ ਨਸ਼ੀਨੀ ਤੇ ਲਾਹੌਰ ਵਲ ਕੂਚ

ਆਪਣੇ ਪਿਤਾ ਦੇ ਕਤਲ ਦੀ ਖਬਰ ਸੁਣਕੇ ਮੌਦੂਦ ਛੇਤੀ ਛੇਤੀ ਗਜ਼ਨੀ ਪੁਜਾ, ਜਿਥੇ ਬਤੌਰ ਸੁਲਤਾਨ ਦੇ ਉਸ ਦੀ ਗਦੀ ਨਸ਼ੀਨੀ ਦੀ ਰਸਮ ਲੋਕਾਂ ਨੇ ਬੜੀਆਂ ਖੁਸ਼ੀਆਂ ਮਨਾ ਕੇ ਕੀਤੀ: ਏਧਰੋਂ ਵਿਹਲਾ ਹੋ ਕੇ ਉਸ ਦੇ ਆਪਣੇ ਬਾਪ ਦੀ ਮੌਤ ਦਾ ਬਦਲਾ ਲੈਣ ਲਈ ਲਾਹੌਰ ਵਲ ਕੂਚ ਬੋਲ ਦਿਤਾ। ਨੇਤ੍ਰ ਹੀਨ ਮੁਹੰਮਦ ਆਪਣੇ ਛੋਟੇ ਸ਼ਹਿਜ਼ਾਦੇ ਨਾਮੀ ਨੂੰ ਪਸ਼ਾਵਰ ਅਤੇ ਮੁਲਤਾਨ ਦਾ ਰਾਜ ਪ੍ਰਬੰਧ ਸੌਂਪ ਕੇ ਆਪ ਫੌਜ ਸਮੇਤ ਦਰਿਆ ਸਿੰਧ ਵਲ ਵਧਿਆ ਤਾਂ ਜੁ ਮੌਦੂਦ ਨਾਲ ਜੰਗ ਲੜੇ।

### ਮਹੰਮਦ ਦੀ ਮੌਤ

ਚਾਚੇ ਅਤੇ ਭਤੀਜੇ ਵਿਚਾਲੇ ਧਨਤੋੜ ਦੇ ਅਸਥਾਨ ਉਤੇ ਜੰਗ ਹੋਈ ਜਿਹ ਵਿਚ ਮੌਦੂਦ ਨੂੰ ਜਿਤ ਪ੍ਰਾਪਤ ਹੋਈ। ਮੁਹੰਮਦ ਉਸਦੇ ਬੇਟੇ ਅਤੇ ਕੁਝ ਕੁ ਉਹ ਅਫਸਰ ਜਿਨ੍ਹਾਂ ਨੇ ਮੌਦੂਦ ਨੂੰ ਗਦੀ ਤੋਂ ਉਤਾਰਨ ਵਿਚ ਹਿਸਾ ਲਿਆ ਕੈਦੀ ਬਣਾਏ ਗਏ, ਸਵਾਏ ਅਬਦੁਲ ਰਹੀਮ ਪੁਤ ਨਾਬੀਨਾ ਸ਼ਾਹ ਮੁਹੰਮਦ ਦੇ ਉਹਨਾ ਸਭਨਾ ਨੂੰ ਕਤਲ ਕੀਤਾ ਗਿਆ। ਜਿਸ ਅਸਥਾਨ ਉਤੇ ਉਸ ਨੂੰ ਜਿਤ ਪਰਾਪਤ ਹੋਈ ਉਥੇ ਮੌਦੂਦ ਨੇ ਇਕ ਨਗਰ ਵਸਾਇਆ ਅਤੇ ਇਸਦਾ ਨਾਮ ਫਤਹ ਦੀ ਯਾਦ ਵਿਚ ਫਤਹ-ਆਬਾਦ ਰਖਿਆ। ਮਸੂਦ ਤੇ ਉਸ ਦੇ ਖਾਨਦਾਨ ਦੇ ਮ੍ਰਿਤਕ ਸਰੀਰ ਗਜ਼ਨੀ ਲਿਜਾ ਕੇ ਦਫਨਾਏ ਗਏ। ਅੰਧ ਬਾਦਸ਼ਾਹ ਮੁਹੰਮਦ ਦੇ ਪੁਤ੍ਰ ਸ਼ਾਹਜ਼ਾਦਾ ਨਾਮੀ ਨੇ ਮੁਲਤਾਨ ਵਿਚ ਬਗਾਵਤ ਖੜੀ ਕਰ ਦਿਤੀ। ਉਸਦੀ ਬਗਾਵਤ ਨੂੰ ਦਬਾਉਣ ਲਈ ਬਾਦਸ਼ਾਹ ਨੇ ਵਜ਼ੀਰ ਅਹਿਮਦ ਨੂੰ ਫੌਜ ਦੇ ਕੇ ਭੇਜਿਆ ਜੰਗ ਵਿਚ ਸ਼ਾਹਜ਼ਾਦੇ ਨੂੰ ਹਾਰ ਹੋਈ ਅਤੇ ਉਹ ਕਤਲ ਕੀਤਾ ਗਿਆ। ਹੁਣ ਉਸ ਦੇ ਆਪਣੇ ਹੀ ਭਰਾ ਮੌਦੂਦ ਤੋਂ ਛੁਟ ਉਸ ਦਾ ਹੋਰ ਕੋਈ ਵਿਰੋਧੀ ਨਹੀਂ ਸੀ ਰਿਹਾ। ਉਹ ਲਾਹੌਰ ਦਾ ਗਵਰਨਰ ਸੀ ਤੇ ਉਸ ਦਾ ਈਨ ਮੰਨਣਾ ਨਹੀਂ ਸੀ ਚਾਹੁੰਦਾ। ਉਸ ਨੂੰ ਫਤਹ ਕਰਨ ਲਈ ਮੌਦੂਦ ਨੇ ਭਾਰੀ ਫੌਜ ਲੈ ਕੇ ਚੜ੍ਹਾਈ ਕੀਤੀ। ਕਿਸੇ ਫੈਸਲਾ ਕਰੂ ਜੰਗ ਹੋਣ ਤੋਂ ਪਹਿਲੇ ਹੀ ਈਦ ਕੁਰਬਾਨ ਵਾਲੀ ਸਵੇਰ ਨੂੰ ਮਦੂਦ ਆਪਣੇ ਬਿਸਤਰ ਉਤੇ ਮੁਰਦਾ ਪਾਇਆ ਗਿਆ ਸੁ ਹੁਣ ਸਾਰੀ ਵਿਰੋਧਤਾ ਖਤਮ ਹੋ ਗਈ।

## ਹਿੰਦੂ ਰਾਜਿਆਂ ਦੀ ਬਗਾਵਤ ੧੦੪੩ ਈ.

ਸੰਨ ੧੦੪੩ ਈਸਵੀ ਨੂੰ ਉਤਰੀ ਹਿੰਦੁਸਤਾਨ ਦੇ ਹਿੰਦੂ ਰਾਜਿਆਂ ਨੇ ਮੌਦੂਦ ਦੇ ਗਜ਼ਨੀ ਵਿਚ ਜਾਣ ਦਾ ਲਾਭ ਉਠਾ ਕੇ ਜਿਥੇ ਉਹ ਸਲਜੂਕ ਬਗਾਵਤ ਨੂੰ ਦਬਾਉਣ ਲਈ ਗਿਆ ਸੀ, ਆਪੋ ਵਿਚ ਮੇਲ ਤੇ ਸਾਜ਼ਸ਼ ਕਰ ਲਈ। ਉਹਨਾਂ ਨੇ ਇਕਠੇ ਹੋ ਕੇ ਹਾਂਸੀ ਅਤੇ ਥਾਨੇਸਰ ਤੇ ਉਹਨਾਂ ਦੇ ਮਾਤਹਿਤ ਇਲਾਕੇ ਸਭ ਵਾਪਸ ਲੈ ਲਏ ਅਤੇ ਨਗਰ ਕੋਟ ਦੇ ਮੰਦਰ ਨੂੰ ਬੜੀ ਧੂਮ ਧਾਮ ਨਾਲ ਨਵੇਂ ਸਿਰੇ ਉਸਾਰ ਲਿਆ।

## ਰਾਜਿਆਂ ਦਾ ਲਾਹੌਰ ਨੂੰ ਘੇਰਾ ਘਤਨਾ

ਇਹਨਾਂ ਸਫਲਤਾਵਾਂ ਨੇ ਪੰਜਾਬ ਦੇ ਰਾਜਿਆਂ ਅੰਦਰ ਐਨਾ ਉਤਸ਼ਾਹ ਭਰ ਦਿਤਾ ਕਿ ਉਹਨਾਂ ਵਿਚੋਂ ਤਿੰਨ ਰਾਜਿਆਂ ਨੇ ੧੦ ਹਜ਼ਾਰ ਘੋੜ ਚੜ੍ਹੇ ਅਤੇ ਬੇਅੰਤ ਪੈਦਲ ਫੌਜ ਲੈ ਕੇ ਲਾਹੌਰ ਨੂੰ ਫਤਹ ਕਰਨ ਲਈ ਚੜ੍ਹਾਈ ਕਰ ਦਿਤੀ। ਇਸ ਫੌਜ ਨੇ ਲਾਹੌਰ ਦਾ ਘੇਰਾ ਘਤ ਲਿਆ। ਸ਼ਹਿਰ ਦੀਆਂ ਖਸਤਾ ਹੋਈਆਂ ਕੰਧਾਂ ਢਹਿ ਢੇਰੀ ਕਰ ਦਿਤੀਆਂ। ਸ਼ਹਿਰ ਵਿਚਲੀ ਮੁਸਲਮਾਨੀ ਫੌਜ ਨੇ ਸ਼ਹਿਰ ਦੀ ਰਖਿਆ ਕੀਤੀ ਤੇ ਗਲੀ ਗਲੀ ਵਿਚ ਲੜਾਈ ਆਰੰਭ ਹੋ ਗਈ। ਉਹ ਲੋਕ ਆਪਣੇ ਮਜ਼੍ਹਬ, ਬਚਿਆਂ ਤੇ ਜੈਦਾਦ ਦੀ ਰਖਿਆ ਹਿਤ ਐਨੇ ਜਾਨ ਹੀਲ ਕੇ ਲੜੇ ਕਿ ਪੂਰੇ ਸਤ ਮਹੀਨੇ ਤੀਕ ਸ਼ਹਿਰ ਨੂੰ ਫਤਹ ਹੋਣ ਤੋਂ ਬਚਾਈ ਰਖਿਆ। ਜਦ ਇਸ ਸਮੇਂ ਵਿਚਕਾਰ ਵੀ ਬਾਹਰੋਂ ਕੋਈ ਸਹਾਇਤਾ ਨਾ ਪੁਜੀ ਅਤੇ ਅੰਦਰ ਚੀਜ਼ਾਂ ਦਾ ਕਾਲ ਪੈ ਗਿਆ ਤਦ ਉਹਨਾਂ ਨੇ ਦ੍ਰਿੜ ਨਿਸ਼ਚਾ ਧਾਰਿਆ ਕਿ ਜਾਂ ਤੇ ਫਤਹ ਪ੍ਰਾਪਤ ਕਰਾਂਗੇ ਜਾਂ ਲੜਦੇ ਹੋਏ ਸ਼ਹੀਦਾਂ ਦੀ ਮੌਤ ਮਰ ਜਾਵਾਂਗੇ।

### ਹਾਰ

ਉਹ ਟੁਕੜੀ ਬਣਾ ਕੇ ਐਨੇ ਜੋਸ਼ ਨਾਲ ਲੜੇ ਕਿ ਹਿੰਦੂ ਮੈਦਾਨ ਛਡ ਕੇ ਦੌੜ ਗਏ। ਉਹਨਾਂ ਭਜਦੇ ਹੋਇਆਂ ਹਿੰਦੂਆਂ ਦਾ ਪਿਛਾ ਕਰ ਕੇ ਬੜੀ ਕਤਲ ਆਮ ਮਚਾਈ। ਇਸ ਹਾਰ ਨੇ ਹਿੰਦੂਆਂ ਦੇ ਮੇਲ ਨੂੰ ਖਤਮ ਕਰ ਦਿਤਾ। ਇਸ ਤਰ੍ਹਾਂ ਮਸੂਦ ਦੇ ਬਾਕੀ ਜੀਵਨ ਤੀਕ ਗਜ਼ਨੀ ਖਾਨਦਾਨ ਦੇ ਹਿੰਦੀ ਇਲਾਕੇ ਅਮਨ ਚੈਨ ਨਾਲ ਰਹੇ।

## ਮੌਸੂਦ ਦੀ ਮੌਤ ੧੦੦੯ ਈ.

ਇਸ ਦੇ ਥੋੜਾ ਹੀ ਚਿਰ ਮਗਰੋਂ ਮੌਦੂਦ ਨੂੰ ਪੇਸ਼ਾਬ ਦਾ ਅਸਾਧ

---

[] ਇਹਨਾ ਵਿਚੋਂ ਇਕ ਮਹਲ ੧੦੩੬ ਵਿਚ ਗਜ਼ਨੀ ਵਿਖੇ ਉਸਾਰਿਆ ਗਿਆ ਇਸ ਵਿਚ ਇਕ ਬੜਾ ਆਲੀਸ਼ਾਨ ਹਾਲ ਸੀ ਜਿਹਦੇ ਐਨ ਵਿਚਕਾਰ ਸੋਨੇ ਦਾ ਤਖਤ ਰਖਿਆ ਗਿਆ। ਜੋ ਕੀਮਤੀ ਹੀਰੇ ਜਵਾਹਰਾਤ ਨਾਲ ਜਗਮਗਾ ਰਿਹਾ ਸੀ ਤਖਤ ਦੇ ਐਨ ਉਪਰ ਸੁਨਹਿਰੀ ਜੰਜੀਰ ਨਾਲ ਤਾਜ ਲਟਕ ਰਿਹਾ ਸੀ। ਇਹ ਤਾਜ ਬੇ ਅੰਤ ਹੀਰਿਆਂ ਨਾਲ ਜਗਮਗਾ ਰਿਹਾ ਸੀ। ਜੋ ਸ਼ਾਹੀ ਦਰਬਾਰ ਸਮੇਂ ਬਾਦਸ਼ਾਹ ਦੇ ਛਤਰ ਦਾ ਕੰਮ ਦੇਂਦਾ ਸੀ— ਫਰਿਸ਼ਤਾ

ਮਿਸਟ ਗਜਰ ਨੈ ਮਸੂਦ ਪਹਿਲੇ ਦੇ ਸਿਕੇ ਅਮ੍ਰਿਤਸਰੋਂ ਬ੍ਰਾਮਦ ਕੀਤੇ ਸਨ। ਉਹਨਾਂ ਉਤੇ ਘੋੜੇ ਤੇ ਬੈਲ ਦਾ ਚਿਤ੍ਰ ਸੀ। ਘੋੜੇ ਦੇ ਐਨ ਉਪਰ ਉਸ ਦਾ ਨਾਮ ਮਾਸ਼ਊਦ ਲਿਖਿਆ ਸੀ। ਕਈਆਂ ਤੇ ਮਸੂਦ ਮੁਹਮਦ ਤੇ ਮਸੂਦ ਮਹਿਮੂਦ ਵੀ ਦਰਜ ਸੀ। ਜਗਰ ਦਾ ਕਥਨ ਹੈ ਕਿ ਤੇ ਇਹ ਸਿਕਾ ਲਾਹੌਰ ਵਿਚ ਢਾਲਿਆ ਗਿਆ ਸੀ। ਜਰਨਲ ਆਫ ਏਸ਼ਿਆਟਿਕ ਸੁਸਾਈਟੀ ਆਫ ਬੰਗਾਲ ਨੰ: 1 ਜਨਵਰੀ ੧੯੮੧। ਮਿਸਟਰ ਥਾਮਸਨੇਅ ਆਪਣੀ ਰਚਨਾ ਪਠਾਨ ਕਿੰਗਮ ਆਫ ਦਿਲੀ ਦੇ ਸਫਾ 58 ਉਤੇ ਮਾਸੂਦ ਦੇ ਸਿਕੇ ਦੇ ਚਿਤਰ ਲਕੜੀ ਦਾ ਬਲਾਕ ਛਾਪਿਆ ਹੈ ਜੋ ਕੂਫੀ ਹਰਫੀ ਵਿਚ ਸਾਫ ਤੇ ਘੋੜੇ ਦੇ ਸਿਰਦੇ ਉਪਰ ਹੈ।

Sri Satguru Jagjit Singh Ji eLibrary NamdhariElibrary@gmail.com

ਰੋਗ ਲਗ ਗਿਆ ਅਤੇ ਗਜ਼ਨੀ ਵਿਚ ੨੪ ਦਸੰਬਰ ੧੦੪੮ ਈਸਵੀ ਨੂੰ ੯ ਸਾਲ[] ਤੋਂ ਵਧੀਕ ਚਿਰ ਤੀਕ ਰਾਜ ਮਗਰੋਂ ਚਲਾਨਾ ਕੀਤਾ।

## ਸੁਲਤਾਨ ਅਬੁਲ ਹੁਸੈਨ

## ਮਾਦੂਦ ਦੂਜਾ

ਮੌਦੂਦ ਦੀ ਮੌਤ ਦੇ ਮਗਰੋਂ ਉਸਦਾ ਬੇਟਾ ਮਾਸੂਦ ਦੂਜਾ ਜੋ ਉਦੋਂ ਕੇਵਲ ਚਾਰ ਸਾਲ ਦਾ ਬਚਾ ਸੀ. ਅਲੀਬਿਨ ਰੂਬੀ ਦੀ ਪਾਰਟੀ ਵਲੋਂ ਗਦੀ ਨਸ਼ੀਨ ਹੋਇਆ ਪਰ ਅਲੀਬਿਨ ਰੂਬੀ ਦੀਆਂ ਫੌਜਾਂ ਨੂੰ ਅਲਮਤ ਗੀਨ ਹਾਜੀਬ ਨੇ ਮਾਰਕੇ ਨਸਾ ਦਿਤਾ। ਅਲਮਤ ਗੀਨ ਅਬੁਲ ਹੁਸੈਨ ਦਾ ਹਮਾਇਤੀ ਸੀ।

## ਅਬੁਲ ਹੁਸੈਨ ਬਾਦਸ਼ਾਹ ਬਣਿਆ

ਉਸਨੇ ਬਾਲਕ-ਬਾਦਸ਼ਾਹ ਨੂੰ ੬ ਦਿਨ ਦੀ ਬਾਦਸ਼ਾਹਿਤ ਪਿਛੋਂ ਤਖਤ ਉਤੋਂ ਉਤਾਰ ਦਿਤਾ।

ਬਾਗੀ ਅਫਸਰ ਅਲੀਬਿਨ ਰਬੀ ਨੇ ਗਜ਼ਨੀ ਦੇ ਸ਼ਾਹੀ ਖਜ਼ਾਨੇ ਨੂੰ ਲੁਟ ਲਿਆ ਅਤੇ ਕੁਛ ਘਰੋਗੀ ਫੌਜ ਨੂੰ ਆਪਣੇ ਨਾਲ ਮਿਲਾਕੇ ਪਿਸ਼ਾਵਰ ਵਲ ਨਸ ਗਿਆ। ਉਥੋਂ ਦੇ ਲੋਕਾਂ ਨਾਲ ਮਿਲਾਕੇ ਉਸਨੇ ਇਕ ਬੜੀ ਵਡੀ ਫ਼ੌਜ ਤਿਆਰ ਕੀਤੀ। ਇਸ ਨਵੀਂ ਫੌਜ ਦੀ ਸਹਾਇਤਾ ਨਾਲ ਉਸ ਨੇ ਮਲਤਾਨ ਤੇ ਸਿੰਧ ਦੇ ਇਲਾਕੇ ਫਤਹ ਕਰ ਲਏ। ਉਸ ਨ ਉਹਨਾਂ ਅਫਗਾਨਾਂ ਨੂੰ ਵੀ ਈਨ ਮਨਾਈ ਜਿਨਾਂ ਨੇ ਮੁਲਕ ਵਿਚ ਪਸਰੀ ਹੋਈ ਬਦਅਮਨੀ ਤੋਂ ਲਾਭ ਉਠਾਕੇ ਆਪਣੇ ਖੁਦ ਮੁਖਤਾਰ ਰਾਜ ਕਾਇਮ ਕਰ ਲਏ ਸਨ।

## ਤਖਤੋਂ ਉਤਾਰਿਆ ਗਿਆ ੧੦੫੦ ਈਸਵੀ

ਅਬੁਲ ਹੁਸੈਨ ਪੰਜਾਬ ਵਿਚ ਅਮਨ ਕਾਇਮ ਕਰਨ ਵਿਚ ਅਸਫਲ ਰਿਹਾ। ਸੁਲਤਾਨ ਮਹਿਮੂਦ ਦੇ ਬੇਟੇ ਅਬਦੁਲ ਰਸ਼ੀਦ ਨੇ ਉਸ ਨੂੰ ਹਾਰ ਦੇ ਕੇ ਤਖਤ ਤੋਂ ਥਲੇ ਲਾਹ ਦਿਤਾ। ਉਸ ਨੂੰ ਕੇਵਲ ਦੋ ਸਾਲ ਹੀ ਰਾਜ ਕੀਤਾ ਸੀ।

## ਸੁਲਤਾਨ ਅਬਦੁਲ ਰਸ਼ੀਦ

ਨਵੇਂ ਸੁਲਤਾਨ ਨੇ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ਉਸ ਨੇ ਅਲੀ ਬਿਨ ਰੂਬੀ ਨੂੰ ਜਿਸ ਨੇ ਉਤਰ ਪਛਮ ਵਲ ਗਜ਼ਨਵੀਆਂ ਦੇ ਭਾਰਤੀ ਇਲਾਕੇ ਉਤੇ ਕਬਜ਼ਾ ਜਮਾ ਲਿਆ ਸੀ ਇਸ ਮੁੜ ਰਾਜ ਦਾ ਵਫਾਦਾਰ ਬਣਨ ਲਈ ਤਿਆਰ ਕਰ ਲਿਆ। ਇਸ ਤਰ੍ਹਾਂ ਪੰਜਾਬ ਦੀ ਸਰਹਦ ਉਤੇ ਅਮਨ ਕਾਇਮ ਹੋਇਆ।

## ਨਸ਼ਤਗੀਨ ਹਾਜੀਬ ਪੰਜਾਬ ਦਾ ਗਵਰਨਰ

ਨਸ਼ਤਗੀਨ ਹਾਜੀਬ ਨੂੰ ਅਮੀਰ ਦੀ ਉਪਾਧੀ ਦਿਤੀ ਗਈ। ਉਸ ਨੂੰ ਸਿੰਧ ਦੇ ਪੂਰਬੀ ਇਲਾਕਿਆਂ ਦਾ ਗਵਰਨਰ ਥਾਪ ਕੇ ਬਹੁਤ ਵਡੀ ਫੌਜ ਸਮੇਤ ਲਾਹੌਰ ਰਵਾਨਾ ਕੀਤਾ ਗਿਆ। ਨਗਰ ਕੋਟ ਫੇਰ ਹਿੰਦੂਆਂ ਦੇ ਕਬਜ਼ੇ ਵਿਚ ਆ ਚੁਕਾ ਸੀ। ਮੁਸਲਮਾਨ ਫੌਜਾਂ ਨ ਜਾਂਦੇ ਹੀ ਉਸ ਨੂੰ ਘੇਰੇ ਵਿਚ ਲੈ ਲਿਆ। ਘੇਰੇ ਦੇ ਛੇਵੇਂ ਦਿਨ ਉਹ ਕਿਲ੍ਹੇ ਵਿਚ ਜਾ ਦਾਖਲ ਹੋਇਆ। ਅਤੇ ਇਸ ਤਰ੍ਹਾਂ ਨਗਰ ਕੋਟ ਨੂੰ ਫਤਹ ਕਰ ਲਿਆ।

## ਸੁਲਤਾਨ ਅਬਦੁਲ ਰਸ਼ੀਦ ਦਾ ਕਤਲ ੧੦੫੨

ਅਬਦੁਲ ਰਸ਼ੀਦ ਨੇ ਕੇਵਲ ਇਕ ਸਾਲ ਰਾਜ ਕੀਤਾ ਕਿ ਉਸ ਉਸ ਨੂੰ ਇਕ ਗਾਸਬ ਤੁਗਰਲ ਨੇ ਕਤਲ ਕਰ ਦਿਤਾ। ਇਹ ਮੌਦੂਦ ਦੇ ਦਰਬਾਰ ਦਾ ਇਕ ਦਰਬਾਰੀ ਸੀ। ਜਿਸ ਨੇ ਸੁਵਰਗੀ ਸੁਲਤਾਨ ਮਾਸੂਦ ਦੀ ਲੜਕੀ ਨਾਲ ਜਬਰਨ ਨਿਕਾਹ ਪੜ੍ਹਾ ਲਿਆ ਸੀ। ਇਸ ਬਾਗੀ ਅਮੀਰ ਨੂੰ ਅਮੀਰ ਨਸ਼ਤਗੀਨ ਹਾਜੀਬ ਨੇ ਰਾਜ ਸਿੰਘਾਸਨ ਉਤੇ ਬੈਠਣ ਦੇ ੪੦ਵੀਂ ਦਿਨ ਉਦੋਂ ਕਤਲ ਕਰ ਦਿਤਾ ਜਦੋਂ ਉਹਨੇ ਦਰਬਾਰ() ਲਾਉਣ ਲਈ ਤਖਤ ਉਤੇ ਅਜੇ ਪੈਰ ਧਰਿਆ ਹੀ ਸੀ।

## ਸੁਲਤਾਨ ਫਰਖ ਜ਼ਾਦ

## ਫਰਖ ਜ਼ਾਦ ਦੀ ਮੌਤ ੧੦੫੮ ਈ.

ਸੁਲਤਾਨ ਮਾਸੂਦ ਪਹਿਲੇ ਦੇ ਪੁਤਰ ਫਰਖਜ਼ਾਦ ਨੂੰ ਨਸ਼ਤਗੀਨ ਹਾਜੀਬ ਨੇ ਗਜ਼ਨੀ ਦੇ ਤਖਤ ਉਤੇ ਬਠਾਇਆ ਅਤੇ ਆਪ ਮਹਾਂ ਮੰਤਰੀ ਬਣ ਬੈਠਾ। ਇਸ ਸੁਲਤਾਨ ਦੇ ਰਾਜ ਸਮੇਂ ਗਜ਼ਨਵੀਆਂ ਦੇ ਭਾਰਤੀ ਇਲਾਕਿਆਂ ਵਿਚ ੬ ਸਾਲ ਤੀਕ ਅਮਨ ਹੀ ਰਿਹਾ। ਇਸ ਦੇ ਮਗਰੋਂ ਸੁਲਤਾਨ ਮਰ ਗਿਆ ਤੇ ਉਸ ਦੀ ਥਾਂ ਉਸ ਦਾ ਭਰਾ ਈਬਰਾਹੀਮ ਗਦੀ ਨਸ਼ੀਨ ਹੋਇਆ।

## ਸੁਲਤਾਨ ਇਬਰਾਹੀਮ

ਸਲਜੂਕਾਂ ਦੇ ਮਾਮਲੇ ਨਬੇੜਨ ਮਗਰੋਂ ਸੁਲਤਾਨ ਇਬਰਾਈਮ ਨੇ ਪੰਜਾਬ ਵਲ ਕੂਚ ਕੀਤਾ ਤਾਂ ਜੁ ਦੇਸ਼ ਦੇ ਉਹਨਾਂ ਇਲਾਕਿਆਂ ਨੂੰ ਫਤਹ ਕਰੇ ਜੋ ਮੁਸਲਮਾਨੀ ਹਲਿਆਂ ਤੋਂ ਅਜੇ ਤੀਕ ਬਚ ਰਹੇ ਸਨ।

---

[] ਮੌਦੂਦ ਨੇ ਲਾਹੌਰ ਵਿਚ ਜਿਹੜਾ ਸਿਕਾ ਢਲਾਇਆ ਉਸ ਉਤੇ ਇਹ ਆਖਰ ਉਕਰੇ ਹੋਏ ਸਨ :—

"ਅਦਲ-ਸ਼ਹਾਬ ਉਲ ਦੌਲਤ ਵ ਕੁਤਬ ਉਲ ਮਿਲਤ ਅਬੁਲ ਫਤਹ ਮੌਦੂਦ"

ਮੌਦੂਦ ਦੇ ਸਿਕੇ- ਮਿਸਟਰ ਗਜਰ ਦੇ ਕਥਨ ਅਨੁਸਾਰ ਇਹ ਸਿਕੇ ਚਾਰ ਕਿਸਮ ਦੇ ਸਨ। ਉਹਨਾਂ ਜੋ ਰੰਜਾਦ ਦੇ ਸਿਕਿਆਤ ਪਰਮਾਣ ਮੰਨਿਆ ਜਾਂਦਾ ਹੈ,

ਸਭਨਾ ਦੇ ਇਕ ਪਾਸੇ ਬੈਲ ਦਾ ਚਿਤ ਸੀ ਅਤੇ ਇਸ ਬੈਲ ਦੇ ਉਪਰ ਹਿੰਦੀ ਵਿਚ ਇਹ ਲਿਖਤ ਸੀ :—

'ਸਿਰੀ ਸਾਮੰਤ ਦੇਵ' ਇਹਨਾਂ ਸਿਕਿਆ ਉਪਰ ਲਾਹੌਰ ਨੂੰ ਲੋਹੋਰ ਲਿਖਿਆ ਹੈ। ਅਲਬਰੂਨੀ ਲਾਹੌਰ ਨੂੰ ਲਹਾਵਰ ਲਿਖਦਾ ਹੈ।

ਮਿਸਟਰ ਐਮ. ਐਲ. ਡੇਮਜ਼ ਸੀ ਐਸ ਨੂੰ ਡੇਰਾ ਇਸਮਾਈਲ ਖਾਨ ਦੇ ਇਕ ਸ਼ਾਹੂਕਾਰ ਪਾਸੋਂ ਮੌਦੂਦ ਦੀ ਇਕ ਸੋਨੇ ਦੀ ਮੋਹਰ ਮਿਲੀ ਦੋ ਉਸ ਨੇ ਇਕ ਪਾਵਿੰਦਾ ਸੌਦਾਗਰ ਪਾਸੋਂ ਮੁਲ ਲਈ। ਸੀ ਇਸ ਉਤੇ ਇਹ ਆਖਰ ਦਰਜ ਸਨ—

"ਲਾਇਲਾਇਲਲਿਲਾ ਮਹੰਮ ਉਲ ਰਸੂਲ ਅਲਾ ਵਾਹਿਦ ਹੂਲਾ ਸ਼ਰੀਕ' ਦੂਜੇ ਪਾਸੇ ਲਿਖਿਆ ਸੀ- "ਅਲਾ ਕਾਇਮ ਬਾਮੂਰਾਲਾ ਸ਼ਹਾਬ ਉਲ ਦੌਲਾ ਮੌਦੂਦ।" ਅਰਥਾਤ ਰਬ ਇਕੋ ਹੈ ਉਦਾ ਕੋਈ ਸ਼ਰੀਕ ਨਹੀਂ ਅਤੇ ਮੁਹੰਮ ਖੁਦਾ ਦਾ ਰਸੂਲ ਅਥਵਾ ਪੈਗੰਬਰ ਹੈ। ਰਾਜ ਦਾ ਬਾਗ ਮੌਦੂਦ ਜੋ ਰਬ ਦੇ ਹੁਕਮ ਨਾਲ ਰਾਜ ਕਰਦਾ ਹੈ—ਮੰਨ,.....

() ਉਸ ਦੇ ਸਿਕੇ ਉਤੇ ਇਹ ਲਿਖਤ ਦਰਜ ਸੀ ਅਦਲ ਉਲ ਦੌਲਤ ਅਮੀਨ ਉਲ ਮਿਲਤ ਅਬੁਲ ਅਨਸੂਰ ਅਬਦੁਲ ਰਸ਼ੀਦ।

Sri Satguru Jagjit Singh Ji eLibrary NamdhariElibrary@gmail.com

## ਅਜੁਧੋਨ ਉਤੇ ਕਬਜ਼ਾ ੧੦੭੯ ਈ.

ਸੰਨ ੧੦੭੯ ਈਸਵੀ ਵਿਚ ਉਸ ਨੇ ਅਜੁਧੋਨ ਉਤੇ ਕਬਜ਼ਾ ਕਰ ਲਿਆ ਜਿਸ ਨੂੰ ਅਜ ਕਲ ਪਾਕਪਟਨ ਕਿਹਾ ਜਾਂਦਾ ਹੈ। ਤੇ ਜੋ ਮਿੰਟਗੁਮਰੀ ਜ਼ਿਲੇ ਵਿਚ ਹੈ।

## ਰੁਦਪਾਲ ਦੀ ਫਤਹ

ਇਸ ਦੇ ਮਗਰੋਂ ਉਸ ਨੇ ਰੁਦਪਾਲ() ਉਤੇ ਜਾ ਕਬਜ਼ਾ ਕੀਤਾ ਜੋ ਇਕ ਤਿਰਛੀ ਪਹਾੜੀ ਦੇ ਸਿਖਰ ਉਤੇ ਸੀ। ਆਸ ਪਾਸ ਦੇ ਜੰਗਲ ਸਾਫ ਕਰਨਾ ਬੜਾ ਕਠਨ ਕੰਮ ਸੀ। ਇਸ ਕੰਮ ਲਈ ਹਜ਼ਾਰਾਂ ਆਦਮੀ ਲਾਏ ਗਏ। ਜਦ ਜੰਗਲ ਸਾਫ ਹੋ ਗਿਆ ਤਦ ਖੋਦਨ ਵਾਲਿਆਂ ਨੇ ਇਸ ਦੀਆਂ ਕੰਧਾਂ ਤੀਕ ਸੁਰੰਗਾਂ ਖੋਦੀਆਂ। ਇਸ ਤਰ੍ਹਾਂ ਜਦ ਕਿਲ੍ਹੇ ਦੀਆਂ ਕੰਧਾਂ ਡਿਗ ਪਈਆਂ ਤਦ ਅੰਦਰਲੀ ਫੌਜ ਲਈ ਹਾਰ ਮੰਨਣ ਤੋਂ ਛੁਟ ਹੋਰ ਕੋਈ ਚਾਰਾ ਨਾ ਰਹਿ ਗਿਆ।

## ਡੇਰੇ ਵਲ ਕੂਚ

ਇਸ ਕਿਲ੍ਹੇ ਨੂੰ ਫਤਹ ਕਰਨ ਮਗਰੋਂ ਸੁਲਤਾਨ ਨੇ ਡੇਰੇ ਵਲ ਕੂਚ ਬੋਲਿਆ। ਇਥੇ ਐਸ ਲੋਕ ਆਬਾਦ ਸਨ ਜੋ ਅਸਲ ਵਿਚੋਂ ਖੁਰਾਸਾਨ ਤੋਂ ਆਏ ਸਨ, ਕਿਉਂਕਿ ਉਹਨਾਂ ਨੂੰ ਬਾਦਸ਼ਾਹ ਅਫਰਾਸਿਆਬ ਨੇ ਬਗ਼ਾਵਤ ਦੇ ਦੋਸ਼ ਵਿਚ ਜਲਾਵਤਨ ਕਰ ਦਿਤਾ ਸੀ। ਡਰਾ ਬੜਾ ਕਿਲ੍ਹਾ ਬੰਦ ਸ਼ਹਿਰ ਸੀ ਅਤੇ ਇਸ ਦਾ ਘੇਰਾ ਘਤਨ ਲਈ ਸੁਲਤਾਨ ਨੂੰ ਸਖਤ ਮਿਹਨਤ ਨਾਲ ਸੜਕ ਸਾਫ ਕਰਨੀ ਪਈ। ਬਰਸਾਤ ਦਾ ਮੌਸਮ ਸ਼ੁਰੂ ਹੋ ਜਾਣ ਕਰਕੇ ਉਹ ਆਪਣੀਆਂ ਜੰਗੀ ਤਦਬੀਰਾਂ ਨੂੰ ਵੀ ਸਿਰੇ ਨਾ ਚਾੜ੍ਹ ਸਕਿਆ ਅਤੇ ਉਸ ਨੂੰ ਤਿੰਨ ਮਹੀਨੇ ਤੀਕ ਬੇ-ਕਾਰ ਰਹਿਣਾ ਪੈ ਗਿਆ ਜਦ ਬਰਸਾਤ ਘਟ ਹੋਈ ਤਦ ਉਸ ਨੇ ਉਥੋਂ ਦੇ ਵਸਨੀਕਾਂ ਨੂੰ ਦੀਨ ਮੰਨ ਲੈਣ ਲਈ ਆਖਿਆ ਤੇ ਉਹਨਾਂ ਨੂੰ ਮੁਸਲਮਾਨ ਬਣ ਜਾਣ ਲਈ ਜ਼ੋਰ ਦਿਤਾ ਪਰ ਉਸ ਦੀ ਪੇਸ਼ ਕਸ਼ ਨਾ ਮਨੀ ਇਸ ਤੇ ਉਸ ਸ਼ਹਿਰ ਦਾ ਘੇਰਾ ਘਤ ਲਿਆ ਗਿਆ, ਜੋ ਕਈ ਸਪਤਾਹ ਤੀਕ ਜਾਰੀ ਰਿਹਾ। ਇਸ ਲੜਾਈ ਵਿਚ ਦੋਵਾਂ ਧਿਰਾਂ ਦਾ ਬੜਾ ਨੁਕਸਾਨ ਹੋਇਆ।

## ਸ਼ਹਿਰ ਦੀ ਫਤਹ

ਅੰਤ ਨੂੰ ਸ਼ਹਿਰ ਉਤੇ ਵਡਾ ਹਮਲਾ ਸ਼ੁਰੂ ਹੋਇਆ ਜਿਸ ਦੇ ਫਲ ਰੂਪ ਸ਼ਹਿਰ ਫਤਹ ਹੋ ਗਿਆ। ਇਥੋਂ ਬਹੁਤ ਸਾਰਾ ਲੁਟ ਦਾ ਮਾਲ ਵਿਜਈ ਦੇ ਹਥ ਲਗਾ। ਵਿਜਈ ਇਕ ਲਖ ਆਦਮੀਆਂ ਨੂੰ ਗੁਲਾਮ ਬਣਾ ਕੇ ਗਜ਼ਨੀ ਲੈ ਗਿਆ।

## ਸੁਲਤਾਨ ਇਬਰਾਹੀਮ ਦੀ ਮੌਤ ੧੦੯੮ ਈ.

ਸੁਲਤਾਨ ਇਬਰਾਹੀਮ ੪੨ ਸਾਲ ਤੀਕ ਰਾਜ ਕਰਨ ਮਗਰੋਂ ਸਨ ੧੦੯੮ ਈਸਵੀ ਵਿਚ ਮਰ ਗਿਆ। ਉਸ ਦੀਆਂ ਵਖ ਵਖ ਬੇਗਮਾਂ ਵਿਚੋਂ ਉਹਦੇ ਘਰ ੩੬ ਬੇਟੇ ਅਤੇ ੪੦ ਬੇਟੀਆ ਪੈਦਾ ਹੋਈਆਂ। ਲੜਕੀਆਂ ਦੀਆਂ ਸ਼ਾਦੀਆਂ ਉਸ ਨੇ ਮੌਲਵੀਆਂ ਤੇ ਆਲਮਾਂ ਨਾਲ ਕਰ ਦਿਤੀਆਂ। ਉਹ ਮਜ਼੍ਹਬ ਦਾ ਬੜਾ ਪਕਾ ਸੀ। ਫੇਰ ਵੀ ਉਹ ਰਾਜ ਕਾਜ ਦੇ ਮਾਮਲਿਆਂ ਵਲ ਪੂਰਾ ਪੂਰਾ ਧਿਆਨ ਦੇਂਦਾ ਸੀ।

## ਉਸ ਦਾ ਚਲਣ

ਉਹ ਰਜਬ ਤੇ ਸ਼ਬਾਨ ਦੇ ਮਹੀਨਿਆਂ ਵਿਚ ਰਮਜ਼ਾਨ ਦੇ ਰੋਜ਼ੇ ਰਖਦਾ ਸੀ ਅਤੇ ਪੂਰੇ ਤਿੰਨ ਮਹੀਨੇ ਤੀਕ ਮਜ਼੍ਹਬੀ ਫਰੀਜ਼ੇ ਪੂਰੀ ਸਖਤੀ ਨਾਲ ਸਿਰੇ ਚਾੜ੍ਹਦਾ ਸੀ। ਉਸ ਦੇ ਹਥ ਦੀ ਲਿਖਾਈ ਬੜੀ ਸੁਹਣੀ ਤੇ ਮੋਤੀਆਂ ਵਰਗੀ ਸੀ। ਉਸ ਨੇ ਦਸਤੀ ਲਿਖੇ ਹੋਏ ਕੁਰਾਨ ਦੀਆਂ ਦੋ ਜਿਲਦਾਂ ਖਲੀਫਾ ਬਗਦਾਦ ਨੂੰ ਭੇਟਾ ਕੀਤੀਆਂ ਜੋ ਕੀਮਤੀ ਜਾਣ ਕੇ ਖਲੀਫੇ ਨੇ ਮਕੇ ਤੇ ਮਦੀਨੇ ਦੀਆਂ ਲਾਇਬਰੇਰੀਆਂ ਨੂੰ ਭੇਜ ਦਿਤੀਆਂ ਇਮਾਮ ਯੂਸਫ ਸ਼ੁਜਾਹ ਮੰਡੀ ਦੇ ਪ੍ਰਵਚਨਾਂ ਨੂੰ ਉਹ ਬਾਕਾਇਦਾ ਸੁਣਦਾ ਸੀ। ਉਹ ਧਰਮ ਦੇ ਮਾਮਲੇ ਵਿਚ ਐਨਾ ਗਰੀਬੜਾ ਸੀ ਕਿ ਇਮਾਮ ਵੀ ਉਸ ਨੂੰ ਤਾੜਨਾ ਕਰ ਲੈਂਦਾ ਸੀ। ਉਸ ਦੇ ਮਗਰੋਂ ਉਹਦਾ ਪੁਤਰ ਮਾਸੂਦ ਤੀਜਾ() ਗਦੀ ਨਸ਼ੀਨ ਹੋਇਆ।

## ਸੁਲਤਾਨ ਮਾਸੂਦ ਤੀਜਾ

ਸੁਲਤਾਨ ਇਬਰਾਹੀਮ ਦੇ ਮਗਰੋਂ ਗਜ਼ਨੀ ਦੇ ਤਖਤ ਉਤੇ ਉਸ ਦਾ ਬੇਟਾ ਮਾਸੂਦ ਤੀਜਾ ਗੱਦੀ-ਨਸ਼ੀਨ ਹੋਇਆ। ਉਹ ਬੜਾ ਨੇਕ ਸੁਭਾ ਦਾ ਸੀ ਅਤੇ ਨਿਆਂ ਤੇ ਦਾਨ ਲਈ ਪ੍ਰਸਿਧ ਸੀ। ਉਸ ਨੇ ਰਾਜ ਦੇ ਸਾਰੇ ਵਿਧਾਨਾਂ ਨੂੰ ਨਵੇਂ ਸਿਰੇ ਸੋਧਿਆ ਅਤੇ ਪਹਿਲੇ ਨਾਲੋਂ ਚੰਗੇਰੇ ਅਸੂਲਾਂ ਉਤੇ ਨਵੇਂ ਕਾਨੂੰਨ ਬਣਾਏ।

## ਹਾਜੀਬ ਤੁਗੀਤਗੀਨ ਲਾਹੌਰ ਦਾ ਵਾਇਸਰਾਏ

ਉਸ ਨੇ ਹਾਜੀਬ ਤੁਗੀਤਗੀਨ ਨੂੰ ਆਪਣੀ ਫੌਜ ਦਾ ਜਰਨੈਲ ਤੇ ਲਾਹੌਰ ਦਾ ਵਾਇਸਰਾਏ ਥਾਪਿਆ ਅਤੇ ਉਸ ਨੂੰ ਬੜੀ ਵੱਡੀ ਫੌਜ ਦੇ ਕੇ ਲਾਹੌਰ ਵਲ ਤੋਰਿਆ। ਜਰਨੈਲ ਨੇ ਦਰਿਆ ਗੰਗਾ ਪਾਰ ਕੀਤਾ ਅਤੇ ਮੁਸਲਮਾਨੀ ਫੌਜਾਂ ਨੂੰ ਦੇਸ਼ ਦੇ ਅੰਦਰ ਉਥੋਂ ਤੀਕ ਲੈ ਗਿਆ ਜਿਥੇ ਸਵਾਏ ਮਹਿਮੂਦ ਦੇ ਹੋਰ ਕੋਈ ਨਹੀਂ ਸੀ ਪੁਜਾ। ਉਸ ਨੇ ਅਨੇਕਾਂ ਮਾਲਦਾਰ ਸ਼ਹਿਰਾਂ ਤੇ ਮੰਦਰਾਂ ਨੂੰ ਲੁਟਿਆ ਅਤੇ ਬੇਹਿਸਾਬ ਲੁਟ ਦਾ ਮਾਲ ਲੈ ਕੇ ਲਾਹੌਰ ਨੂੰ ਵਾਪਸ ਮੁੜ ਆਇਆ।

## ਲਾਹੌਰ ਗਜ਼ਨਵੀ ਖਾਨਦਾਨ ਦੀ ਅਸਲ ਰਾਜਧਾਨੀ

ਇਸ ਸ਼ਹਿਨਸ਼ਾਹ ਦੇ ਰਾਜ ਸਮੇਂ ਲਾਹੌਰ ਵੀ ਗਜ਼ਨਵੀ ਖਾਨਦਾਨ ਦੀ ਅਸਲ ਰਾਜਧਾਨੀ ਬਣ ਗਿਆ ਕਿਉਂਕਿ ਈਰਾਨ ਤੇ ਤੇ ਤੂਰਾਨ ਦਾ ਬਹੁਤ ਸਾਰਾ ਇਲਾਕਾ ਉਸ ਖਾਨਦਾਨ ਦੇ ਹਥੋਂ ਨਿਕਲ ਗਿਆ। ਸੀ ਤੇ ਉਹਨੂੰ ਮਜਬੂਰ ਹੋ ਕੇ ਹਿੰਦੁਸਤਾਨ ਵਿਚ ਰਿਹਾਇਸ਼ ਧਾਰਨ ਕਰਨੀ ਪਈ ਸੀ, ਕਿਉਂਕਿ ਏਥੇ ਉਹਨਾਂ ਦਾ ਕਬਜ਼ਾ ਪੱਕੀ ਤਰ੍ਹਾਂ ਹੋ ਚੁਕਾ ਸੀ।

## ਮਾਸੂਦ ਤੀਜੇ ਦੀ ਮੌਤ ੧੧੧੮ ਈ:

੧੬ ਸਾਲ ਤੀਕ ਰਾਜ ਕਰਨ ਮਗਰੋਂ ਮਾਸੂਦ ੧੧੧੮ ਈਸਵੀ

()ਫਰਿਸ਼ਤਾ ਲਿਖਦਾ ਹੈ ਇਹ ਕਿਲ੍ਹਾ ਤਿੰਨਾਂ ਪਾਸਿਆਂ ਤੋਂ ਦਰਿਆ ਨਾਲ ਘਿਰਿਆ ਹੋਇਆ ਸੀ। ਤੇ ਚੌਥੇ ਪਾਸਿਉਂ ਪਹਾੜਾਂ ਨਾਲ ਸੰਬੰਧਤ ਸੀ। ਇਸ ਦੇ ਇਰਦ ਗਿਰਦ ਅਲੰਘ ਜੰਗਲ ਸੀ ਜਿਸ ਵਿਚ ਵਿਸ਼ੈਲੇ ਸਪ ਰਹਿੰਦੇ ਸਨ। ਇਸ ਥਾਂ ਦੀ ਅਜੇ ਤਕ ਸ਼ਨਾਖਤ ਨਹੀਂ ਹੋ ਸਕੀ।

ਸੁਲਤਾਨ ਇਬਰਾਈਮ ਨੇ ਪੰਜਾਬ ਵਿਚ ਜਿਹੜਾ ਸਿਕਾ ਤੋਰਿਆ ਉਸ ਉਤੇ ਇਹ ਹਰਫ ਉਕਰੇ ਹੋਏ ਸਨ:—ਅਦਲ ਉਲ ਸੁਲਤਾਨ ਅਲਮੁਅਜ਼ਮ ਅਬੁਲ ਮੁਜ਼ਫਰ ਇਬਰਾਈਮ ਲਾਹੌਰ ਜਨਰਲ ਆਫ ਬੰਗਾਲ ਏਸ਼ਿਆਇਕ ਸੁਸਾਇਟੀ।

Sri Satguru Jagjit Singh Ji eLibrary NamdhariElibrary@gmail.com

ਨੂੰ ਮਰ ਗਿਆ। ਉਸ ਦੇ ਰਾਜ ਸਮੇਂ ਕੋਈ ਘਰੋਗੀ ਝਗੜਾ ਜਾਂ ਬਦੇਸ਼ੀ ਜੰਗ ਨਹੀਂ ਹੋਈ।

## ਸੁਲਤਾਨ ਅਰਸਲਾਨ

ਸੁਵੱਰਗੀ ਬਾਦਸ਼ਾਹ ਦਾ ਲੜਕਾ ਅਰਸਲਾਨ ਤਖਤ-ਨਸ਼ੀਨ ਹੋਇਆ। ਉਸ ਨੇ ਆਪਣੇ ਦੂਜੇ ਭਰਾਵਾਂ ਨੂੰ ਕੈਦ ਵਿਚ ਪਾ ਦਿਤਾ। ਸਲਜੂਕਾਂ ਦੇ ਸੁਲਤਾਨ ਸੰਜਰ ਨੇ ਕੈਦ ਹੋਏ ਭਰਾਵਾਂ ਦੀ ਹਮਾਇਤ ਦਾ ਬੀੜਾ ਚੁਕਿਆ ਅਤੇ ਅਰਸਲਾਨ ਨਾਲ ਜੰਗ ਛੇੜ ਦਿਤੀ। ਉਸ ਨੇ ਅਰਸਲਾਨ ਨੂੰ ਹਾਰ ਦੇ ਕੇ ਉਥੋਂ ਨਸਾ ਦਿਤਾ। ਉਹ ਉਥੋਂ ਨੱਸ ਕੇ ਪੰਜਾਬ ਆ ਗਿਆ ਅਤੇ ਇਥੋਂ ਮੁਸਲਮਾਨੀ ਫੌਜ ਇਕੱਠੀ ਕਰ ਕੇ ਆਪਣੀ ਰਾਜਧਾਨੀ ਨੂੰ ਮੁੜ ਫਤਹਿ ਕਰਨ ਲਈ ਵਾਪਸ ਮੁੜ ਗਿਆ। ਸੁਲਤਾਨ ਸੰਜਰ ਫੇਰ ਜ਼ਾਤੀ ਤੌਰ ਤੇ ਰਣ-ਮੈਦਾਨ ਵਿਚ ਉਤਰਿਆ ਅਤੇ ਮੁੜ ਉਸ ਨੂੰ ਗਜ਼ਨੀ ਵਿਚੋਂ ਬਾਹਰ ਕਢਣ ਵਿਚ ਸਫਲ ਹੋਇਆ। ਹਾਰੇ ਹੋਏ ਬਾਦਸ਼ਾਹ ਨੇ ਅਫਗਾਨਾਂ ਪਾਸ ਆਣ ਪਨਾਹ ਲਈ, ਪਰ ਸਲਜੂਕਾਂ ਨੇ ਉਸ ਦਾ ਬੁਰੀ ਤਰ੍ਹਾਂ ਪਿੱਛਾ ਕੀਤਾ ਅਤੇ ਉਸ ਨੂੰ ਕੈਦ ਕਰ ਕੇ ਲੈ ਗਏ।

## ਉਸ ਦੀ ਮੌਤ ੧੧੨੧ ਈ:

ਇਸ ਦੇ ਛੇਤੀ ਹੀ ਮਗਰੋਂ ਉਸ ਦੀ ਉਮਰ ਦੇ ੨੭ਵੇਂ ਤੇ ਰਾਜ ਦੇ ਤੀਜੇ ਸਾਲ ਵਿਚ ਉਹਦੇ ਭਾਈ ਬਹਿਰਾਮ ਨੇ ਉਸ ਨੂੰ ਬਹੁਤ ਤਸੀਹੇ ਦੇ ਕੇ ਮਾਰ ਦਿਤਾ।

## ਸੁਲਤਾਨ ਬਹਿਰਾਮ

ਸਲਜੂਕਾਂ ਦੇ ਸੁਲਤਾਨ ਸੰਜਰ ਨੇ ਅਰਸਲਾਨ ਦੇ ਭਾਈ ਬਹਿਰਾਮ ਨੂੰ ਗਜ਼ਨੀ ਦੇ ਤਖਤ ਉਤੇ ਬਿਠਾਇਆ। ਲਾਹੌਰ ਦੇ ਵਾਇਸਰਾਏ ਮੁਹੰਮਦ ਭੀਲਮ ਨੇ ਆਪਣੇ ਭਾਈ ਅਰਸਲਾਨ ਦਾ ਪਖ ਲੈ ਕੇ ਨਵੇਂ ਬਾਦਸ਼ਾਹ ਨਾਲ ਇਤਿਹਾਦ ਕਰਨ ਤੋਂ ਇਨਕਾਰ ਕਰ ਦਿਤਾ। ਇਸ ਤੇ ਬਹਿਰਾਮ ਨੇ ਉਸ ਨੂੰ ਅਧੀਨ ਕਰਨ ਲਈ ਗਜ਼ਨੀ ਤੋਂ ਕੂਚ ਕੀਤਾ।

## ਲਾਹੌਰ ਦਾ ਵਾਇਸਰਾਏ ਭੀਲਮ

ਸ਼ਾਹੀ ਫੌਜਾਂ ਅਤੇ ਲਾਹੌਰ ਦੇ ਵਾਇਸਰਾਏ ਭੀਲਮ ਵਿਚਾਲੇ ਜੰਗ ਹੋਈ ਜਿਸ ਵਿਚ ਭੀਲਮ ਨੂੰ ਹਾਰ ਹੋਈ ਅਤੇ ਉਹ ਕੈਦੀ ਬਣਾ ਲਿਆ ਗਿਆ। ਇਹ ੫ ਦਸੰਬਰ ੧੧੧੯ ਈਸਵੀ ਦੀ ਘਟਨਾ ਹੈ। ਇਸ ਦੇ ਕੁਝ ਚਿਰ ਪਿਛੋਂ ਭੀਲਮ ਨੇ ਖਾਜ ਗੁਜ਼ਾਰਾ ਮੰਨ ਲਿਆ। ਇਸ ਲਈ ਸੁਲਤਾਨ ਨੇ ਉਸ ਨੂੰ ਮੁੜ ਵਾਇਸਰਾਏ ਲਈ ਉਤੇ ਬਹਾਲ ਕਰ ਦਿਤਾ ਅਤੇ ਉਹ ਆਪ ਗਜ਼ਨੀ ਨੂੰ ਵਾਪਸ ਮੁੜ ਗਿਆ। ਬਹਿਰਾਮ ਦੇ ਚਲੇ ਜਾਣ ਮਗਰੋਂ ਭੀਲਮ ਨੇ ਪੰਜਾਬ ਵਿਚ ਆਪਣੀ ਪੁਜ਼ੀਸ਼ਨ ਪਕੀ ਕਰ ਲਈ ਅਤੇ ਸ਼ਿਵਾਲਕ ਦੇ ਅਸਥਾਨ ਉਤੇ ਇਕ ਨਵਾਂ ਕਿਲ੍ਹਾ ਉਸਾਰ ਲਿਆ। ਇਸ ਕਿਲ੍ਹੇ ਵਿਚ ਆਪਣੀ ਸਾਰੀ ਦੌਲਤ ਜਮਾਂ ਕਰ ਲਈ। ਆਪਣਾ ਪਰਿਵਾਰ ਤੇ ਹੋਰ ਸਾਮਾਨ ਵੀ ਉਥੇ ਭੇਜ ਦਿਤਾ।

## ਸਵਾਧੀਨਤਾ ਦਾ ਐਲਾਨ

ਇਸ ਦੇ ਮਗਰੋਂ ਭੀਲਮ ਨੇ ਬਹੁਤ ਸਾਰੇ ਅਰਬ, ਈਰਾਨੀ, ਅਫਗਾਨ ਤੇ ਖਿਲਜੀ ਆਪਣੀ ਫੌਜ ਵਿਚ ਭਰਤੀ ਕਰ ਲਏ ਅਤੇ ਆਜ਼ਾਦ ਰਾਜਿਆਂ ਦੇ ਇਲਾਕਿਆਂ ਵਿਚ ਹਲੇ ਬੋਲਣੇ ਸ਼ੁਰੂ ਕਰ ਦਿਤੇ। ਅਤੇ ਵਿਚ ਆਪਣੇ ਆਪ ਨੂੰ ਖੁਦ ਮੁਖਤਿਆਰ ਬਾਦਸ਼ਾਹ ਹੋਣ ਦਾ ਐਲਾਨ ਕਰ ਦਿਤਾ। ਜਦ ਬਹਿਰਾਮ ਨੂੰ ਇਸ ਗੱਲ ਦਾ ਪਤਾ ਲਗਾ ਤਦ ਉਹ ਫੌਜ ਲੈ ਕੇ ਦੂਜੀ ਵਾਰ ਪੰਜਾਬ ਵਿਚ ਆਇਆ। ਭੀਲਮ ਦੇ ਦਸ ਪੁਤਰ ਸਨ। ਉਸ ਨੇ ਹਰ ਇਕ ਨੂੰ ਇਕ ਇਕ ਸੂਬੇ ਦੀ ਕਮਾਨ ਸੌਂਪ ਰਖੀ ਸੀ। ਉਹ ਸਾਰੇ ਹੀ ਆਪੋ ਆਪਣੀਆਂ ਫੌਜਾਂ ਲੈ ਕੇ ਆਪਣੇ ਪਿਓ ਦੀ ਸਹਾਇਤਾ ਲਈ ਆ ਗਏ। ਇਹਨਾਂ ਸਾਰਿਆਂ ਦੀ ਸਾਂਝੀ ਫੌਜ ਨੇ ਮੁਲਤਾਨ ਦੇ ਅਸਥਾਨ ਉਤੇ ਬਹਿਰਾਮ ਦੀਆਂ ਫੌਜਾਂ ਦਾ ਟਾਕਰਾ ਕੀਤਾ। ਮੁਲਤਾਨ ਵਿਚ ਬੜੀ ਸਖਤ ਲੜਾਈ ਦੋਵਾਂ ਫੌਜਾਂ ਵਿਚਾਲੇ ਹੋਈ।

## ਹਾਰ ਤੇ ਮੌਤ

ਲੜਾਈ ਵਿਚ ਭੀਲਮ ਤੇ ਉਸ ਦੇ ਬੇਟਿਆਂ ਨੂੰ ਹਾਰ ਹੋਈ। ਦੌੜਦੇ ਹੋਏ ਉਹ ਸਾਰੇ ਇਕ ਡੂੰਘੀ ਦਲ ਦਲ ਵਿਚ ਧਸ ਗਏ ਤੇ ਉਥ ਹੀ ਮਰ ਗਏ। ਇਸ ਫਤਹ ਮਗਰੋਂ ਸੁਲਤਾਨ ਨੇ ਇਬਰਾਹੀਮ ਅਲਵੀ ਦੇ ਪੁਤਰ ਸਾਲਾਰ ਰਸਾਨ ਨੂੰ ਲਾਹੌਰ ਦਾ ਰਾਜ ਪਰਬੰਧ ਸੌਂਪਿਆ ਅਤੇ ਆਪ ਗਜ਼ਨੀ ਨੂੰ ਮੁੜ ਗਿਆ।

ਇਸ ਦੇ ਥੋੜਾ ਚਿਰ ਮਗਰੋਂ ਬਹਿਰਾਮ ਨੇ ਆਪਣੇ ਜਵਾਈ ਕੁਤਬ ਉਦੀਨ ਮੁਹੰਮਦ ਨੂੰ ਜੋ ਗੋਰ ਦਾ ਇਕ ਅਫਗਾਨ ਸੀ, ਸ਼ਰੇ ਆਮ ਵਿਚ ਫਾਂਸੀ ਲਟਕਾ ਦਿਤਾ। ਇਸ ਦੇ ਮਗਰੋਂ ਉਸ ਨੇ ਗੋਰ ਦੇ ਬਾਦਸ਼ਾਹ ਤੇ ਸੁਵਰਗੀ ਦੇ ਭਾਈ ਸੈਫ ਉਦੀਨ ਸੂਰੀ ਨਾਲ ਜੰਗ ਛੇੜ ਦਿਤੀ। ਗਦਾਰ ਗਜ਼ਨਵੀ ਫੌਜਾਂ ਨੇ ਸੈਫ ਉਦੀਨ ਨੂੰ ਚਾਰ ਪਾਸਿਆਂ ਤੋਂ ਘੇਰ ਲਿਆ। ਉਸ ਨੂੰ ਕੈਦ ਕਰ ਕੇ ਬਹਿਰਾਮ ਪਾਸ ਲੈ ਆਏ ਜਿਸ ਨੇ ਉਸ ਨੂੰ ਬੜੀ ਨਿਰਦਈ ਨਾਲ ਕੋਹ ਕੋਹ ਕੇ ਮਾਰ ਦਿਤਾ। ਸੈਫ ਉਦੀਨ ਦੇ ਭਾਈ ਅਲਾ ਉਦੀਨ ਨੇ ਜੋ ਹੁਣ ਗੋਰ ਦਾ ਸੁਲਤਾਨ ਸੀ ਆਪਣੇ ਭਾਈ ਦੀ ਮੌਤ ਦਾ ਬਦਲਾ ਲੈਣ ਲਈ ਕੂਚ ਕਰ ਦਿਤਾ। ਬੜੀ ਸਖਤ ਲੜਾਈ ਮਗਰੋਂ ਉਸ ਨੇ ਗਜ਼ਨੀ ਉਪਰ ਕਬਜ਼ਾ ਕਰ ਲਿਆ। ਇਸ ਸ਼ਹਿਰ ਵਿਚ ਉਸ ਨੇ ਬੜੀ ਲੁਟ ਮਚਾਈ। ਇਸ ਸ਼ਹਿਰ ਦੇ ਬਹੁਤ ਸਾਰੇ ਸ਼ਾਹੀ ਮਹਿਲ ਤੇ ਇਮਾਰਤਾਂ ਢਾਹ ਕੇ ਪੱਧਰ ਕਰ ਦਿਤੀਆਂ ਪੂਰੇ ਸਤ ਦਿਨ ਤੀਕ ਉਹ ਸ਼ਹਿਰ ਨੂੰ ਸਾੜਦਾ ਤੇ ਤਲਵਾਰ ਨਾਲ ਕਤਲ ਆਮ ਮਚੌਂਦਾ ਰਿਹਾ। ਬਦਲੇ ਦੀ ਅਬੁਝ ਅਗ ਨਾਲ ਭਖੇ ਹੋਏ ਅਲਾ ਉਦੀਨ ਨੇ ਜਿਸ ਦਾ ਨਾਮ ਹੀ ਜਹਾਨ ਸੋਜ਼ ਅਰਥਾਤ ਦੁਨੀਆਂ ਨੂੰ ਸਾੜਨ ਵਾਲਾ ਪੈ ਗਿਆ ਸੀ, ਉਥੋਂ ਦੇ ਬਹੁਤ ਸਾਰੇ ਪਤਵੰਤੇ ਅਤੇ ਆਲਮ ਫਾਜ਼ਲ ਲੋਕਾਂ ਨੂੰ ਹਥ ਕੜੀਆਂ ਲਵਾ ਕੇ ਕੋਹ ਫਿਰੋਜ਼ ਲੈ ਗਿਆ ਜਿਥੇ ਕਿ ਉਸ ਨੇ ਫਤਹ ਦਾ ਨਸ਼ਾਨ ਮਨਾਇਆ। ਇਹ ਜਿਤ ਦਾ ਜਸ਼ਨ ਵੀ ਉਸ ਨੇ ਇਹਨਾਂ ਲੋਕਾਂ ਦੇ ਗਲ ਕਟ ਕੇ ਮਨਾਇਆ। ਹਾਰ ਖਾਣ ਮਗਰੋਂ ਬਹਿਰਾਮ ਹਿੰਦੁਸਤਾਨ ਵਲ ਨਸ ਗਿਆ ਪਰ ਦਿਲ ਟੁਟ ਜਾਣ ਕਰ ਕੇ ਰਸਤੇ ਵਿਚ ਹੀ ਸੰਨ ੧੧੫੨ ਈਸਵੀ ਨੂੰ ੩੫ ਸਾਲ ਰਾਜ ਕਰਨ ਮਗਰੋਂ ਮਰ ਗਿਆ।

## ਸੁਲਤਾਨ ਖੁਸਰੋ

## ਉਸ ਦੇ ਪੁਤਰ ਖੁਸਰੋ ਦੀ ਗਦੀ ਨਸ਼ੀਨੀ

ਬਹਿਰਾਮ ਦਾ ਪੁਤਰ ਖੁਸਰੋ ਗਜ਼ਨੀ ਛਡਣ ਮਗਰੋਂ ਲਾਹੌਰ ਪੁਜਾ ਜਿਥੇ ਕਿ ਬਤੌਰ ਬਾਦਸ਼ਾਹ ਉਸ ਦੀ ਸਲਾਮੀ ਉਤਾਰੀ ਗਈ। ਜਦ ਅਲਾ ਉਦੀਨ ਗੋਰ ਨੂੰ ਵਾਪਸ ਮੁੜ ਗਿਆ। ਖੁਸਰੋ ਨੇ ਲਾਹੌਰ ਤੋਂ ਇਸ ਇਰਾਦੇ ਨਾਲ ਕੂਚ ਬੋਲਿਆ ਕਿ ਆਪਣ ਛਿਨੇ ਹੋਏ ਇਲਾਕੇ ਨੂੰ ਮੁੜ ਫਤਹ ਕਰੇ। ਰਸਤੇ ਵਿਚ ਉਸ ਨੂੰ ਸੁਲਤਾਨ ਸੰਜਰ ਦੇ ਮਰ ਜਾਣ ਦੀ ਖਬਰ ਮਿਲੀ ਜਿਸ ਪਾਸੋਂ ਸਹਾਇਤਾ ਲੈਕੇ ਉਸ ਨੇ ਗੋਜ਼ਾਂ ਦੇ ਤੁਰਕਮਾਨਾਂ ਨਾਲ ਗਜ਼ਨੀ ਉਤੇ ਹਮਲਾ ਕਰਨਾ ਸੀ।

Sri Satguru Jagjit Singh Ji eLibrary NamdhariElibrary@gmail.com

## ਲਾਹੌਰ ਵਿਚ ਮੌਤ ੧੧੬੦

ਇਹ ਖਬਰ ਸੁਣ ਕੇ ਉਹ ਲਾਹੌਰ ਵਾਪਸ ਆਇਆ। ਲਾਹੌਰ ਵਿਚ ਉਸ ਨੇ ਪੂਰੇ ਸਤ ਸਾਲ ਤੀਕ ਚੈਨ ਨਾਲ ਰਾਜ ਕੀਤਾ। ਸੰਨ ੧੧੬੦ ਈਸਵੀ ਨੂੰ ਉਹ ਲਾਹੌਰ ਵਿਚ ਚਲਾਣਾ ਕਰ ਗਿਆ ਅਤੇ ਆਪਣੇ ਪਿਛੇ ਆਪਣੇ ਪੁਤਰ ਖੁਸਰੌ ਮਲਿਕ ਨੂੰ ਆਪਣਾ ਜਾਨਸ਼ੀਨ ਛਡ ਗਿਆ।

## ਸੁਲਤਾਨ ਖੁਸਰੌ ਮਲਿਕ

ਸੁਵਰਗੀ ਸੁਲਤਾਨ ਖੁਸਰੌ ਦਾ ਬੇਟਾ ਖੁਸਰੌ ਮਲਿਕ ਤਖਤ ਨਸ਼ੀਨ ਹੋ ਕੇ ਨਿਆ ਅਤੇ ਨਰਮੀ ਨਾਲ ਰਾਜ ਕਰਦਾ ਰਿਹਾ। ਇਹ ਗਜ਼ਨਵੀ ਖਾਨਦਾਨ ਦਾ ਅੰਤਮ ਬਾਦਸ਼ਾਹ ਸੀ ਜਿਸ ਨੇ ਹਿੰਦ ਵਿਚ ਰਾਜ ਕੀਤਾ!

## ਸ਼ਹਾਬ ਉਦੀਨ ਮੁਹੰਮਦ ਗੌਰੀ ਦਾ ਗਜ਼ਨੀ ਨੂੰ ਫਤਹ ਕਰਨਾ

ਇਸ ਬਾਦਸ਼ਾਹ ਦੇ ਰਾਜ ਵਿਚ ਸੁਲਤਾਨ ਸ਼ਹਾਬ ਉਦੀਨ ਮੁਹੰਮਦ ਗੌਰੀ ਨੇ, ਜੋ ਗਿਆਸ ਉਦੀਨ ਸੁਲਤਾਨ ਗੌਰ ਦਾ ਭਾਈ ਤੇ ਆਪਣੇ ਚਚੇਰੇ ਭਰਾ ਸੈਫ ਉਦੀਨ ਮੁੜ ਅਲਾ ਉਦੀਨ ਦਾ ਜਾਨਸ਼ੀਨ ਸੀ। ਗਜ਼ਨੀ ਉਤੇ ਹਲਾ ਬੋਲਿਆ ਤੇ ਉਸ ਨੂੰ ਫਤਹ ਕਰ ਲਿਆ। ਇਸ ਜਿਤ ਨਾਲ ਹੀ ਸੰਤੁਸ਼ਟ ਨਾ ਹੋ ਕੇ ਉਸ ਨੇ ਆਪਣੀ ਫੌਜ ਨਾਲ ਪੰਜਾਬ ਉਪਰ ਧਾਵਾ ਬੋਲਿਆ। ਇਸ ਹਮਲੇ ਵਿਚ ਉਸ ਨੇ ਪਸ਼ੌਰ, ਅਫਗਾਨਿਸਤਾਨ, ਮੁਲਤਾਨ ਤੇ ਸਿੰਧ ਦੇ ਸਾਰੇ ਸੂਬੇ ਫਤਹ ਕਰ ਲਏ।

## ਗੌਰੀ ਦਾ ਪੰਜਾਬ ਉਤੇ ਪਹਿਲਾ ਹਮਲਾ ੧੧੮੦ ਈ.

ਸੰਨ ੧੧੮੦ ਈਸਵੀ ਵਿਚ ਉਸ ਨੇ ਲਾਹੌਰ ਉਤੇ ਚੜ੍ਹਾਈ ਕੀਤੀ ਜਿਸ ਨੂੰ ਖੁਸਰੌ ਮਲਿਕ ਨੇ ਕਿਲ੍ਹੇ ਬੰਦ ਬਣਾ ਰਖਿਆ ਸੀ। ਹਮਲਾ ਆਵਰਾਂ ਨੇ ਇਸ ਨੂੰ ਜਿਤਨ ਲਈ ਜਿੰਨੇ ਹਲੇ ਬੋਲੇ ਉਹ ਸਭ ਨਿਸਫਲ ਰਹੇ। ਲਾਹੌਰ ਫਤਹ ਨਾ ਹੁੰਦਾ ਵੇਖ ਕੇ ਦੋਵਾਂ ਧਿਰਾਂ ਵਿਚਾਲੇ ਸੁਲਹ ਦੀ ਗਲ ਬਾਤ ਸ਼ੁਰੂ ਹੋਈ। ਸੁਲਾਹ ਦੀ ਸੰਧੀ ਮਗਰੋਂ ਮੁਹੰਮਦ ਗੌਰੀ ਬਾਦਸ਼ਾਹ ਦੇ ਪੁਤਰ ਮਲਿਕ ਸ਼ਾਹ ਨੂੰ ਜੋ ਕੇਵਲ ੪ ਸਾਲ ਦਾ ਬਚਾ ਸੀ ਬਰਗ ਮਾਲ ਵਿਚ ਲੈ ਕੇ ਦੇਸ ਵਿਚੋਂ ਚਲਾ ਗਿਆ।

## ਦੂਜਾ ਹਮਲਾ ੧੧੮੪ ਈ.

ਚਾਰ ਸਾਲ ਮਗਰੋਂ ਮੁਹੰਮਦ ਗੌਰੀ ਨੇ ਮੁੜ ਪੰਜਾਬ ਉਤੇ ਹਮਲਾ ਕੀਤਾ ਅਤੇ ਲਾਹੌਰ ਨੂੰ ਘੇਰੇ ਵਿਚ ਲੈ ਲਿਆ। ਉਹ ਸ਼ਹਿਰ ਨੂੰ ਫਤਹ ਕਰਨੋਂ ਅਸਮਰਥ ਰਿਹਾ ਇਸ ਲਈ ਉਸ ਨੇ ਖੁਲ੍ਹੇ ਇਲਾਕੇ ਨੂੰ ਉਜਾੜ ਕੇ ਬਹੁਤ ਸਾਰੇ ਵਸਨੀਕਾਂ ਨੂੰ ਕਤਲ ਕਰ ਦਿਤਾ। ਫਰ ਉਸ ਨੇ ਸਿਆਲ ਕੋਟ ਵਿਚ ਇਕ ਤਕੜੀ ਫੌਜ ਨਿਯਤ ਕੀਤੀ ਜਿਸ ਦੇ ਸਪੁਰਦ ਰਾਵੀ ਤੇ ਚਨਾਬ ਦੇ ਵਿਚਕਾਰਲੇ ਇਲਾਕੇ ਦੀ ਨਿਗਰਾਨੀ ਕੀਤੀ। ਇਹ ਕੰਮ ਕਰ ਕੇ ਉਹ ਗਜ਼ਨੀ ਨੂੰ ਵਾਪਸ ਮੁੜ ਗਿਆ। ਮੁਹੰਮਦ ਗੌਰੀ ਦੀ ਵਾਪਸੀ ਉਤੇ ਖੁਸਰੌ ਮਲਿਕ ਨੇ ਗਾਖੜਾਂ ਦੀ ਸਾਜ਼ਸ਼ ਨਾਲ ਸਿਆਲਕੋਟ ਦੇ ਕਿਲ੍ਹੇ ਦਾ ਘੇਰਾ ਘਤ ਲਿਆ ਪਰ ਉਥੋਂ ਦੇ ਗਵਰਨਰ ਹੁਸੈਨ ਫਿਰਮਾਲੀ ਨੇ ਉਸ ਦਾ ਡਟ ਕੇ ਟਾਕਰਾ ਕੀਤਾ। ਹਮਲਾ ਆਵਰ ਦੇ ਸਾਰੇ ਹਮਲੇ ਅਸਫਲ ਕਰ ਦਿਤੇ। ਅਸਫਲ ਰਹਿ ਕੇ ਹਮਲਾਆਵਰ ਨੇ ਕਿਲ੍ਹੇ ਦਾ ਘੇਰਾ ਚੁਕ ਲਿਆ।

## ਤੀਜਾ ਹਮਲਾ ੧੧੮੬ ਈ:

ਇਸ ਦੇ ਥੋੜਾ ਚਿਰ ਪਿਛੋਂ ਸੰਨ ੧੧੮੬ ਈ: ਵਿਚ ਮੁਹੰਮਦ ਗੌਰੀ ਨੇ ਤੀਜੀ ਵਾਰ ਲਾਹੌਰ ਉਤੇ ਚੜ੍ਹਾਈ ਕੀਤੀ। ਇਸ ਚੜ੍ਹਾਈ ਨੂੰ ਉਸ ਨੇ ਗੁਪਤ ਰਖਿਆ ਅਤੇ ਸਾਰੇ ਸ਼ਕ ਸ਼ੁਬ੍ਹੇ ਦੂਰ ਕਰਨ ਲਈ ਉਸ ਨੇ ਜ਼ਾਹਰ ਇਹ ਕੀਤਾ ਕਿ ਇਹ ਮੁਹਿੰਮ ਸਲਜੂਕਾਂ ਦੇ ਸਿਰ ਭੰਨਣ ਲਈ ਤਿਆਰ ਹੋ ਰਹੀ ਹੈ। ਇਸ ਬਿਆਨ ਦੇ ਸਬੂਤ ਵਿਚ ਉਸ ਨੇ ਸੁਲਤਾਨ ਦੇ ਬੇਟੇ ਮਲਿਕ ਸ਼ਾਹ ਨੂੰ ਸ਼ਾਨਦਾਰ ਬਾਡੀ ਗਾਰਡ ਦੇ ਕੇ ਲਾਹੌਰ ਵਾਪਸ ਭਜ ਦਿਤਾ। ਖੁਸਰੌ ਮਲਿਕ ਆਪਣੇ ਚਿਰ ਦੇ ਵਿਛੜੇ ਹੋਏ ਪੁਤਰ ਨੂੰ ਮਿਲਣ ਲਈ ਬੇਸਬਰ ਹੋ ਗਿਆ। ਉਸ ਨੂੰ ਇਸ ਗਦਾਰੀ ਦਾ ਸ਼ਕ ਤੀਕ ਨਾ ਪਿਆ। ਉਹ ਥੋੜੀ ਜਿਹੀ ਫੌਜ ਲੈ ਕੇ ਆਪਣੇ ਪੁਤਰ ਨੂੰ ਮਿਲਣ ਲਈ ਲਾਹੌਰੋਂ ਤੁਰ ਪਿਆ, ਪਰ ਇਸ ਦੌਰਾਨ ਵਿਚ ਮੁਹੰਮਦ ਗੌਰੀ ਆਪਣੇ ੨੦ ਹਜ਼ਾਰ ਘੋੜ ਸਵਾਰਾਂ ਦੀ ਫੌਜ ਲੈ ਕੇ ਤੇਜ਼ ਤੇਜ਼ ਮਾਰਚ ਕਰਦਾ ਹੋਇਆ ਪਹਾੜਾਂ ਵਲ ਮੁੜ ਗਿਆ। ਇਸ ਤਰ੍ਹਾਂ ਉਸ ਦੀ ਫੌਜ ਵਲ ਖਾ ਕੇ ਖੁਸਰੌ ਦੇ ਪਿਛੇ ਹੋ ਗਈ ਅਤੇ ਜਦ ਉਹ ਲਾਹੌਰ ਨੂੰ ਵਾਪਸ ਮੁੜ ਰਿਹਾ ਸੀ ਤਦ ਉਹ ਰਸਤੇ ਵਿਚ ਹੀ ਘਿਰਿਆ ਗਿਆ। ਗੌਰੀ ਦੀਆਂ ਫੌਜਾਂ ਨੇ ਰਾਤ ਵੇਲੇ ਉਸ ਦੇ ਕੈਂਪ ਨੂੰ ਘੇਰ ਲਿਆ। ਸਵੇਰੇ ਖੁਸਰੌ ਜਦ ਜਾਗਿਆ ਤਦ ਉਹ ਵਿਰੋਧੀਆਂ ਦੀ ਕੈਦ ਵਿਚ ਸੀ। ਇਸ ਤਰ੍ਹਾਂ ਬਾਦਸ਼ਾਹ ਨੂੰ ਕੈਦ ਕਰ ਕੇ ਮੁਹੰਮਦ ਗੌਰੀ ਨੇ ਉਸ ਪਾਸੋਂ ਲਾਹੌਰ ਦੇ ਫੌਰੀ ਕਬਜ਼ੇ ਦੀ ਮੰਗ ਕੀਤੀ।

## ਲਾਹੌਰ ਤੇ ਮੁਹੰਮਦ ਗੌਰੀ ਦਾ ਕਬਜ਼ਾ

ਇਸ ਤੇ ਸ਼ਹਿਰ ਦੇ ਦਰਵਾਜ਼ੇ ਉਸ ਲਈ ਖੋਲ੍ਹ ਦਿਤੇ ਗਏ ਅਤੇ ਮੁਹੰਮਦ ਗੌਰੀ ਨੇ ਪੰਜਾਬ ਦੀ ਰਾਜਧਾਨੀ ਉਪਰ ਕਬਜ਼ਾ ਆਪਣੇ ਭਰਾ ਸੁਲਤਾਨ ਆਫ ਗੌਰ ਦੇ ਨਾਮ ਉਤੇ ਕਰ ਲਿਆ। ਇਸ ਤਰ੍ਹਾਂ ਗਜ਼ਨੀ ਪਰਿਵਾਰ ਦਾ ਜੋ ੯੬੨ ਤੋਂ ੧੨੮੬ ਈਸਵੀ ਤੀਕ ਪੂਰੇ ੨੨੪ ਸਾਲ ਜਾਰੀ ਰਿਹਾ ਸੀ। ਅੰਤ ਹੋ ਗਿਆ ਅਤੇ ਹਕੂਮਤ ਗਜ਼ਨੀ ਦੇ ਹਥੋਂ ਨਿਕਲ ਕੇ ਗੌਰੀ ਦੇ ਕਬਜ਼ੇ ਵਿਚ ਚਲੀ ਗਈ। ਖੁਸਰੌ ਮਲਿਕ ਅਤੇ ਉਸ ਦਾ ਖਾਨਦਾਨ ਗੌਰ ਭੇਜੇ ਗਏ ਅਤੇ ਉਥੇ ਹੀ ਸਭ ਨੂੰ ਨਜ਼ਰਬੰਦ ਰਖਿਆ ਗਿਆ। ਉਸ ਨੇ ੨੮ ਬਰਸ ਤੀਕ ਰਾਜ ਕੀਤਾ ਸੀ।

—

Sri Satguru Jagjit Singh Ji eLibrary NamdhariElibrary@gmail.com

# ਪਰਕਰਨ—੩

## ਗੌਰੀ ਖਾਨਦਾਨ

### ਮੁਹੰਮਦ ਗੌਰੀ

### ਮੁਹੰਮਦ ਗੌਰੀ ਦਾ ਮੁਲਤਾਨ ਤੇ ਉਚ ਫਤਹ ਕਰਨਾ

ਆਪਣੇ ਚਚੇਰੇ ਭਾਈ ਸੈਫ ਉਦੀਨ ਦੀ ਮੌਤ ਤੇ ਗਜ਼ਨੀ ਦੇ ਸਿੰਘਾਸਨ ਉਤੇ ਬੈਠਣ ਮਗਰੋਂ ਗਿਆਸ ਉਦੀਨ ਨੇ ਆਪਣੇ ਭਾਈ ਸ਼ਹਾਬ ਉਦੀਨ ਮੁਹੰਮਦ ਨੂੰ, ਜੋ, ਮੁਹੰਮਦ ਗੌਰੀ ਦੇ ਨਾਮ ਨਾਲ ਪ੍ਰਸਿਧ ਹੋਇਆ, ਆਪਣਾ ਜਰਨੈਲ ਥਾਪਿਆ। ਸੰਨ ੧੧੭੬ ਈਸਵੀ ਵਿਚ ਇਸ ਪ੍ਰਸਿਧ ਹਸਤੀ ਨੇ ਫ਼ੌਜ ਲੈ ਕੇ ਮੁਲਤਾਨ ਉਤੇ ਚੜ੍ਹਾਈ ਕੀਤੀ ਅਤੇ ਉਸ ਨੂੰ ਪੂਰੀ ਤਰ੍ਹਾਂ ਅਧੀਨ ਕਰ ਲਿਆ। ਮੁਲਤਾਨ ਦੀ ਫਤਹ ਮਗਰੋਂ ਉਸ ਨੇ ਉਚ ਉਪਰ ਧਾਵਾ ਬੋਲਿਆ, ਇਹ ਉਹੋ ਉਚ ਸੀ ਜਿਸ ਉਤੇ ਸਿਕੰਦਰ ਨੇ ਵੀ ਇਤਿਹਾਸਕ ਹਲਾ ਬੋਲਿਆ ਸੀ ਅਤੇ ਜਿਦੇ ਕਿਲੇ ਦੀ ਕੰਧ ਚੜ੍ਹਦਾ ਹੋਇਆ ਉਹ ਬਹੁਤ ਬੁਰੀ ਤਰ੍ਹਾਂ ਫਟੜ ਹੋਇਆ ਸੀ। ਉਚ ਦੇ ਰਾਜੇ ਨੇ ਆਪਣੇ ਆਪ ਨੂੰ ਕਿਲੇ ਦੇ ਅੰਦਰ ਬੰਦ ਕਰ ਲਿਆ ਇਸ ਤੇ ਕਿਲੇ ਦਾ ਘੇਰਾ ਘਤ ਲਿਆ ਗਿਆ। ਮੁਹੰਮਦ ਨੇ ਇਹ ਜਾਣ ਕੇ ਕਿਲ੍ਹਾ ਅਜਿਤ ਹੈ, ਰਾਜੇ ਦੀ ਰਾਣੀ ਨਾਲ ਖੁਫੀਆ ਗਲ ਬਾਤ ਛੇੜੀ। ਅਤੇ ਉਸ ਨਾਲ ਇਹ ਇਕਰਾਰ ਕੀਤਾਂ ਕਿ ਜੇ ਉਹ ਆਪਣੇ ਪਤੀ ਦਾ ਸਾਥ ਛਡ ਦੇਵੇ ਤਾਂ ਉਹ ਉਹਦੇ ਨਾਲ ਹੀ ਸ਼ਾਦੀ ਕਰ ਲਏਗਾ।

### ਰਾਜੇ ਦੀ ਰਾਣੀ ਦੀ ਗਦਾਰੀ

ਇਸ ਬਦਚਲਨ ਰਾਣੀ ਨੇ ਸੁਲਤਾਨ ਨੂੰ ਉਤਰ ਭੇਜਿਆ ਕਿ ਉਹਦੀ ਆਪਣੀ ਜਵਾਨੀ ਤੇ ਖਤਮ ਹੋ ਚੁਕੀ ਹੈ ਪਰ ਉਸ ਦੀ ਧੀ ਅਤਿ ਸੁੰਦਰ ਤੇ ਮੁਟਿਆਰ ਹੈ। ਜੇ ਸੁਲਤਾਨ ਦੇਸ਼ ਦਾ ਰਾਜ ਤੇ ਧਨ ਰਾਣੀ ਦੇ ਕਬਜ਼ੇ ਵਿਚ ਰਹਿਣ ਦੇਵੇ ਤਦ ਉਹ ਆਪਣੀ ਪੁਤਰੀ ਦਾ ਵਿਆਹ ਸੁਲਤਾਨ ਨਾਲ ਕਰ ਦੇਵੇ ਗੀ। ਮੁਸਲਮਾਨ ਜਰਨੈਲ ਦੇ ਇਹ ਸ਼ਰਤ ਮਨ ਲੈਣ ਤੇ ਉਹ ਰਾਜੇ ਨੂੰ ਅਗਲੇ ਜਹਾਨ ਤੋਰ ਦਵੇਗੀ। ਮੁਹੰਮਦ ਨੇ ਉਸ ਦੀ ਤਜਵੀਜ਼ ਪਰਵਾਨ ਕਰ ਲਈ ਅਤੇ ਵਿਭਚਾਰਨ ਰਾਣੀ ਨੇ ਕਿਸੇ ਨ ਕਿਸੇ ਬਹਾਨੇ ਆਪਣੇ ਪਤੀ ਨੂੰ ਜਾਨੋਂ ਮਰਵਾ ਦਿਤਾ। ਰਾਣੀ ਨੇ ਕਿਲੇ ਦੇ ਦਰਵਾਜ਼ੇ ਵੈਰੀ ਲਈ ਖੋਹਲ ਦਿਤੇ। ਮੁਹੰਮਦ ਨੇ ਬਗੈਰ ਕਿਸੇ ਲੜਾਈ ਤੇ ਰੁਕਾਵਟ ਦੇ ਉਸ ਕਿਲੇ ਉਤੇ ਕਬਜ਼ਾ ਕਰ ਲਿਆ। ਆਪਣੇ ਇਕਰਾਰ ਨੂੰ ਪੂਰਾ ਕਰਨ ਲਈ ਮੁਹੰਮਦ ਨੇ ਰਾਜੇ ਦੀ ਲੜਕੀ ਨਾਲ ਸ਼ਾਦੀ ਕਰ ਲਈ ਤੇ ਉਸ ਨੂੰ ਮੁਸਲਮਾਨੀ ਬਣਾ ਲਿਆ ਪਰ ਜਿਥੋਂ ਤੀਕ ਉਸ ਦੀ ਮਾਂ ਦਾ ਸੰਬੰਧ ਸੀ ਉਸ ਨੇ ਆਪਣੇ ਕੌਲ ਤੇ ਕਾਇਮ ਰਹਿਣ ਦੀ ਪ੍ਰਵਾਹ ਨ ਕੀਤੀ। ਉਸ ਤੀਵੀ ਨੂੰ ਦੇਸ਼ ਦਾ ਰਾਜ ਸੌਂਪਣ ਦੀ ਬਜਾਏ ਗਜ਼ਨੀ ਰਵਾਨਾ ਕਰ ਦਿਤਾ। ਉਥੇ ਹੀ ਉਸ ਦਾ ਨਿਰਾਸਤਾ ਤੇ ਪਛਤਾਵੇ ਵਿਚ ਚਲਾਣਾ ਹੋ ਗਿਆ। ਉਸ ਦੇ ਮਗਰੋਂ ਉਹਦੀ ਲੜਕੀ ਵੀ ਬਹੁਤ ਚਿਰ ਜੀਉਂਦੀ ਨਾ ਰਹੀ ਅਤੇ ਤਿੰਨ ਸਾਲ ਦੇ ਸੰਖੇਪ ਜਿਹੇ ਸਮੇਂ ਵਿਚ ਹੀ ਉਹ ਵੀ ਦਿਲ ਟੁਟ ਜਾਣ ਕਰ ਕੇ ਚਲਦੀ ਬਣੀ। ਮੁਲਤਾਨ ਤੇ ਉਚ ਦਾ ਰਾਜ ਪ੍ਰਬੰਧ ਇਕ ਅਲੀ ਕਿਰਮਾਨੀ ਨੂੰ ਸੌਂਪ ਕੇ ਮੁਹੰਮਦ ਗੌਰੀ ਗਜ਼ਨੀ ਨੂੰ ਵਾਪਸ ਮੁੜ ਗਿਆ।

### ਪੰਜਾਬ ਦਾ ਗਵਰਨਰ ਅਲੀ ਕਿਰਮਾਨੀ

੧੧੮੦, ੧੧੮੪ ਅਤੇ ੧੧੮੬ ਦੀਆਂ ਲਾਹੌਰ ਵਿਰੁਧ ਮੁਹੰਮਦ ਦੀਆਂ ਮੁਹਿਮਾਂ ਦਾ ਵਰਨਣ ਪਿਛਲੇ ਪਰਕਰਨ ਵਿਚ ਦਰਜ ਹੋ ਚੁਕਾ ਹੈ। ਉਸ ਨੇ ਲਾਹੌਰ ਦੇ ਸੂਬੇ ਨੂੰ ਕਾਬੂ ਕਰ ਕੇ ਉਸ ਦਾ ਰਾਜ ਪਰਬੰਧ ਅਲੀ ਕਿਰਮਾਨੀ ਨੂੰ ਸੌਂਪਿਆ ਅਤੇ ਆਪ ਗਜ਼ਨੀ ਨੂੰ ਵਾਪਸ ਮੁੜ ਗਿਆ। ਹਿੰਦੁਸਤਾਨ ਦੇ ਸੂਬਿਆਂ ਵਿਰੁਧ ਉਸ ਦੀਆਂ ਮੁਹਿਮਾਂ ਦਾ ਸੰਬੰਧ ਭਾਰਤ ਦੇ ਇਤਿਹਾਸ ਨਾਲ ਸੰਬੰਧਤ ਹੈ।

### ਨਾਰਾਇਨ ਦੀ ਵੱਡੀ ਜੰਗ ੧੧੯੩ ਈਸਵੀ

ਸੰਨ ੧੧੯੩ ਈਸਵੀ ਵਿਚ ਨਾਰਾਇਨ ਦੀ ਮਹਾਨ ਵੱਡੀ ਜੰਗ ਦਰਿਆ ਸਰਸਵਤੀ ਦੇ ਕਿਨਾਰਿਆ ਉਤੇ ਲੜੀ ਗਈ। ਇਸ ਜੰਗ ਵਿਚ ਦੇਸ਼ ਦੇ ਚੋਣਵੇਂ ਜੋਧੇ ਅਤੇ ਆਰੀਅਨ ਸੂਰਮਤਾਈ ਦੇ ਪ੍ਰਤੀਨਿਧ ਹਿੰਦੂ ਪਖ ਲਈ ਲੜੇ ਅਤੇ ਇਸ ਜੰਗ ਨੇ ਹਿੰਦੁਸਤਾਨ ਦੀ ਕਿਸਮਤ ਦਾ ਫੈਸਲਾ ਕਰ ਦਿਤਾ। ਲੜਾਈ ਦੇ ਫਲ ਰੂਪ ਪ੍ਰਿਥੀ ਰਾਜ, ਰਾਜਾ ਅਜਮੇਰ ਤੇ ਚੋਹਾਨ ਰਾਜਪੂਤਾਂ ਦਾ ਸਰਦਾਰ ਜੋ ਆਬੂ ਪਰਬਤ ਦੇ ਰਾਜਿਆਂ ਦੀ ਔਲਾਦ ਸੀ, ਕੈਦ ਕਰ ਲਿਆ ਗਿਆ ਤੇ ਪਿਛੋਂ ਉਸ ਨੂੰ ਮੌਤ ਦੇ ਘਾਟ ਉਤਾਰ ਦਿਤਾ ਗਿਆ। ਕੇਵਲ ਏਥੇ ਹੀ ਬਸ ਨਹੀਂ ਸਗੋਂ ਹਜ਼ਾਰਾਂ ਦੀ ਗਿਣਤੀ ਵਿਚ ਓਥੋਂ ਦੇ ਵਸਨੀਕ ਵੀ ਕਤਲ ਕੀਤੇ ਗਏ। ਥਥੋਂ ਅਨਗਿਣਤ ਮਾਲ ਦੌਲਤ ਵਿਜਈ ਦੇ ਹਥ ਲਗਾ।

### ਦਿਲੀ ਫਤਹਿ ਕਰ ਕੇ ਮੁਸਲਮ ਰਾਜ ਦੀ ਰਾਜਧਾਨੀ ਬਣਾਈ ਗਈ ੧੧੯੩ ਈਸਵੀ

ਏਸੇ ਸਾਲ ਹੀ ਮੁਹੰਮਦ ਦੇ ਜਰਨੈਲ ਕੁਤਬ-ਉਦੀਨਐਬਕ ਨੇ ਮੀਰਾਥ ਦਾ ਗੜ੍ਹ (ਕਿਲ੍ਹਾ) ਅਤੇ ਦਿਲੀ ਦਾ ਸ਼ਹਿਰ ਚਵੰਦ ਰਾਏ ਦੇ ਪਰਿਵਾਰ ਪਾਸੋਂ ਫਤਹਿ ਕਰ ਲਿਆ। ਇਸ ਸਮੇਂ ਤੋਂ ਹੀ ਦਿਲੀ ਹਿੰਦ ਵਿਚਲੇ ਮੁਸਲਮਾਨੀ ਰਾਜ ਦੀ ਰਾਜਧਾਨੀ ਬਣ ਗਈ ਅਤੇ ਇਸ ਦੇ ਇਰਦ ਗਿਰਦ ਦੇ ਜ਼ਿਲ੍ਹਿਆਂ ਦੇ ਸਭ ਵਸਨੀਕਾਂ ਨੂੰ ਇਸਲਾਮ ਕਬੂਲ ਕਰਨ ਲਈ ਮਜਬੂਰ ਕੀਤਾ ਗਿਆ।



Sri Satguru Jagjit Singh Ji eLibrary NamdhariElibrary@gmail.com

ਇਸ ਸਮੇਂ ਵਿਦਕਾਰ ਪੰਜਾਬ ਦੀ ਪਹਾੜੀ ਕੌਮ ਗਖੜਾਂ† ਨੇ ਕਰਾਤੀ ਦਾ ਡੰਡਾ ਖੜਾ ਕਰ ਕੇ ਬਹੁਤ ਤਬਾਹੀ ਮਚਾਈ। ਉਹਨਾਂ ਨੇ ਜਿਹਲਮ ਅਤੇ ਚਨਾਬ ਵਿਚਲੇ ਸਾਰੇ ਦੇਸ਼ ਨੂੰ ਲੁਟ ਪੁਟ ਕੇ ਨਸ਼ਟ ਕਰ ਦਿਤਾ।

## ਲਾਹੌਰ ਉਤੇ ਗਖੜਾਂ ਦਾ ਅਧਿਕਾਰ

ਇਹਨਾਂ ਲੜਾਕੇ ਲੋਕਾਂ ਨੇ ਸਾਰੇ ਪੰਜਾਬ ਨੂੰ ਲਿਤਾੜ ਸੁਟਿਆ ਅਤੇ ਲਾਹੌਰ ਉਤੇ ਵੀ ਅਧਿਕਾਰ ਜਮਾ ਲਿਆ। ਗਜ਼ਨੀ ਵਿਚ ਬੈਠੇ ਮੁਹੰਮਦ ਗੌਰੀ ਨੇ ਜਦ ਇਸ ਬਗਾਵਤ ਦੀ ਖਬਰ ਸੁਣੀ ਤਦ ਉਹ ਫਿਰ ਪੰਜਾਬ ਉਪਰ ਚੜ੍ਹ ਦੌੜਿਆ। ਉਸ ਨੇ ਸਭ ਤੋਂ ਪਹਿਲੇ ਮੁਲਤਾਨ ਉਤੇ ਹਲਾ ਬੋਲਿਆ ਕਿਉਂਕਿ ਉਥੇ ਵੀ ਬਗਾਵਤ ਹੋ ਗਈ ਸੀ। ਉਸ ਨੇ ਗੱਦਾਰ ਜ਼ੀਰਕ ਨੂੰ ਹਾਰ ਦਿਤੀ ਜਿਸ ਨੇ ਆਪਣੇ ਦੋਸਤਾਂ ਨਾਲ ਮਿਲ ਕੇ ਬਾਦਸ਼ਾਹ ਦੇ ਮੁਲਤਾਨ ਵਿਚਲੇ ਵਾਇਸਰਾਏ ਅਮੀਰ ਦਾਊਦ ਹਸਨ ਨੂੰ ਕਤਲ ਕਰ ਕੇ ਉਸ ਸੂਬੇ ਉਤੇ ਆਪਣਾ ਅਧਿਕਾਰ ਜਮਾ ਲਿਆ ਸੀ। ਇਸ ਦੇ ਮਗਰੋਂ ਉਸ ਨੇ ਆਪਣੇ ਜਰਨੈਲ ਕੁਤਬਉਦੀਨ ਐਬਕ ਨੂੰ ਹੁਕਮ ਦਿਤਾ ਕਿ ਉਹ ਪੂਰਬ ਵਲੋਂ ਗਖੜਾਂ ਉਤੇ ਹੱਲਾ ਬੋਲੇ। ਪਛਮ ਵਲੋਂ ਉਸ ਨੇ ਆਪ ਉਹਨਾਂ ਵਿਰੁਧ ਚੜ੍ਹਾਈ ਕਰ ਦਿਤੀ।

## ਕੁਤਬਉਦੀਨ ਹਥੋਂ ਗਖੜਾਂ ਦੀ ਹਾਰ ਤੇ ਕਤਲ ਆਮ

ਲੜਾਕੇ ਗਖੜ ਇਉਂ ਦੋ ਅੱਗਾਂ ਦੀ ਮਾਰ ਵਿਚ ਆ ਗਏ। ਉਹਨਾਂ ਨੂੰ ਹਾਰ ਹੋਈ ਤੇ ਉਹਨਾਂ ਦਾ ਕਤਲਿਆਮ ਸ਼ੁਰੂ ਹੋ ਗਿਆ। ਇਹਨਾਂ ਦੀ ਭਾਰੀ ਗਿਣਤੀ ਨੂੰ ਮੁਸਲਮਾਨ ਬਣਾ ਲਿਆ ਗਿਆ। ਲਾਹੌਰ ਵੀ ਉਹਨਾਂ ਦੇ ਹਥੋਂ ਖੁਸ ਗਿਆ। ਇਸ ਤਰ੍ਹਾਂ ਗਖੜਾਂ ਨੂੰ ਨੂੰ ਪਰਾਜਿਤ ਕਰਨ ਮਗਰੋਂ ਕੁਤਬਉਦੀਨ ਐਬਕ ਆਪਣੀ ਰਾਜਧਾਨੀ ਦਿਲੀ ਵਿਚ ਵਾਪਸ ਮੁੜ ਆਇਆ।

ਹਿੰਦੁਸਤਾਨ ਦੇ ਝਗੜੇ ਨਜਿਠ ਕੇ ਸੁਲਤਾਨ ਗਜ਼ਨੀ ਨੂੰ ਵਾਪਸ ਮੁੜਿਆ। ਗਜ਼ਨੀ ਨੂੰ ਜਾਂਦੇ ਹੋਏ ਉਹਨੇ ਸਿੰਧ ਦੇ ਕਿਨਾਰੇ ਰੋਹਤਕ ਦੇ ਇਕ ਪਿੰਡ ਵਿਚ ਆਪਣਾ ਕੈਂਪ ਲਾਇਆ। ਏਥੇ ਆਸ ਪਾਸ ਕੁਛ ਗਖੜ ਵਸਦੇ ਸਨ ਜਿਨ੍ਹਾਂ ਦੇ ਰਿਸ਼ਤੇਦਾਰ ਪਿਛਲੀਆਂ ਲੜਾਈਆਂ ਵਿਚ ਮਾਰੇ ਗਏ ਸਨ। ਉਹਨਾਂ ਨੇ ਸੁਲਤਾਨ ਨੂੰ ਜਾਨੋਂ ਮਾਰ ਮੁਕਾਉਣ ਦਾ ਮਤਾ ਪਕਾਇਆ।

## ਸੁਲਤਾਨ ਦਾ ਕਤਲ ੧੨੦੫ ਈਸਵੀ

ਜਿਨ੍ਹਾਂ ਤੰਬੂਆਂ ਵਿਚ ਬਾਦਸ਼ਾਹ ਸੁਤਾ ਸੀ ਉਹ ਦਰਿਆ ਵਾਲੇ ਪਾਸੇ ਤੋਂ ਖੁਲ੍ਹੇ ਸਨ ਤਾਂ ਜੋ ਤਾਜ਼ਾ ਹਵਾ ਅੰਦਰ ਆ ਸਕੇ। ਕਾਤਲਾਂ ਨੂੰ ਬਾਦਸ਼ਾਹ ਦੇ ਸੌਣ ਦੇ ਕਮਰੇ ਦਾ ਪਤਾ ਲਗ ਗਿਆ। ਉਹਨਾਂ ਨੇ ਪਹਿਰੇਦਾਰ ਨੂੰ ਵੀ ਪਤਾ ਨਾ ਲਗਣ ਦਿਤਾ ਤੇ ਕਿਸੇ ਨਾ ਕਿਸੇ ਢੰਗ ਨਾਲ ਸ਼ਾਹੀ ਤੰਬੂ ਵਿਚ ਜਾ ਦਾਖਲ ਹੋਏ। ਦੋ ਗੁਲਾਮ ਬਾਦਸ਼ਾਹ ਨੂੰ ਪਖਾ ਝਲ ਰਹੇ ਸਨ ਉਹ ਕਾਤਲਾਂ ਨੂੰ ਵਖ ਕੇ ਡਰ ਗਏ। ਕਾਤਲਾਂ ਨੇ ਜਾਂਦੇ ਹੀ ਬਾਦਸ਼ਾਹ ਦਾ ਪੇਟ ਖੰਜਰਾਂ ਨਾਲ ਚਾਕ ਕਰ ਦਿਤਾ ਤੇ ਉਹ ਉਥੇ ਹੀ ਮਰ ਗਿਆ। ਉਸ ਦੇ ਸਰੀਰ ਉਤੇ ੨੨ ਜ਼ਖਮ ਲਗ ਗਏ ਜਿਨ੍ਹਾਂ ਨਾਲ ਉਹਦੀ ਤੁਰਤ ਮੌਤ ਹੋ ਗਈ। ਇਹ ਘਟਨਾ ੧੪ ਮਾਰਚ ੧੨੦੫ ਈਸਵੀ ਨੂੰ ਹੋਈ।

## ਹਿੰਦ ਵਿਚ ਵਸ਼ਾਲ ਮੁਸਲਮਾਨੀ ਰਾਜ ਦੀ ਨੀਂਹ

ਇਹ ਅੰਤ ਹੋਇਆ ਉਸ ਸੁਲਤਾਨ ਸ਼ਹਾਬਉਦੀਨ ਮੁਹੰਮਦ ਗੌਰੀ ਦਾ ਜੋ ਏਸ਼ਿਆਈ ਸਲਤਨਤ ਉਤੇ ਰਾਜ ਕਰਨ ਵਾਲਾ ਸਭ ਤੋਂ ਵਡਾ ਮੁਸਲਮਾਨ ਬਾਦਸ਼ਾਹ ਸੀ। ਉਸ ਦਾ ਮਿਤਰਕ ਸਰੀਰ ਮਾਤਮੀ ਰਸਮ ਨਾਲ ਗਜ਼ਨੀ ਪੁਚਾਇਆ ਗਿਆ। ਜਿਥੇ ਉਸ ਨੂੰ ਉਸ ਮਕਬਰੇ ਵਿਚ ਦਫਨਾਇਆ ਜੋ ਉਸ ਦੀ ਬੇਟੀ ਲਈ ਤਿਆਰ ਕੀਤਾ ਗਿਆ ਸੀ। ਉਸ ਨੇ ਗਜ਼ਨੀ ਵਿਚ ਰਾਜ ਸਿੰਘਾਸਨ ਉਤੇ ਬੈਠਣ ਮਗਰੋਂ ੩੨ ਸਾਲ ਤੀਕ ਰਾਜ ਕੀਤਾ। ਉਹ ਆਪਣ ਪਿਛੇ ਕੋਈ ਔਲਾਦ ਨਾ ਛਡ ਗਿਆ। ਆਪਣੇ ਮਹਾਨ ਵਡੇ ਬਜ਼ੁਰਗ ਮਹਿਮੂਦ ਵਾਂਗ ਇਸ ਨੂੰ ਵੀ ਹਿੰਦੂ ਰਾਜਿਆਂ ਦੇ ਇਕਠਾਂ ਨਾਲ ਲੜਨਾ ਪਿਆ। ਮਹਿਮੂਦ ਕੇਵਲ ਫਤਹ ਕਰਨਾ, ਲੁਟ ਮਾਰ ਮਚੌਣ ਅਤੇ ਲੁਟ ਦਾ ਮਾਲ ਲੈ ਕੇ ਵਾਪਸ ਮੁੜ ਜਾਣ ਦੀ ਨੀਯਤ ਨਾਲ ਆਉਂਦਾ ਰਿਹਾ ਪਰ ਮੁਹੰਮਦ ਗੌਰੀ ਨੇ ਇਕ ਐਸੇ ਰਾਜ ਦੀ ਨੀਂਹ ਰਖੀ ਜੋ ਹਿੰਦੁਸਤਾਨ ਵਿਚ ਮੁਸਲਮਾਨਾਂ ਦਾ ਸਭ ਤੋਂ ਵਡਾ ਰਾਜ ਸੀ।

---

†ਫਰਿਸ਼ਤਾ ਲਿਖਦਾ ਹੈ ਕਿ ਗਖੜ ਵਹਿਸ਼ੀ ਲੋਕਾਂ ਦੀ ਨਸਲ ਵਿਚੋਂ ਹਨ ਜੋ ਨੀਲਬ ਦੇ ਦੋਵਾਂ ਕਿਨਾਰਿਆਂ ਦੇ ਦੇਸ਼ ਵਿਚ ਵਸਦੇ ਹਨ। ਇਹ ਲੋਕ ਸ਼ਿਵਾਲਕ ਪਰਬਤ ਦੇ ਪੈਰਾਂ ਤੀਕ ਫੈਲੇ ਹੋਏ ਹਨ। ਇਹਨਾਂ ਦਾ ਕੋਈ ਦੀਨ ਧਰਮ ਨਹੀਂ। ਇਹਨਾਂ ਨੇ ਮੁਸਲਮਾਨਾਂ ਉਤੇ ਬੜੇ ਜ਼ੁਲਮ ਕੀਤੇ ਸਨ। ਬਦਲ ਘਾਤ, ਲੜਕੀਆਂ ਜਨਕ ਰਸਮ ਏਸੇ ਕੌਮ ਵਿਚ ਚਾਲੂ ਸੀ। ਜਦ ਕੋਈ ਲੜਕੀ ਪੈਦਾ ਹੁੰਦੀ ਤਦ ਲੜਕੀ ਦਾ ਬਾਪ ਇਕ ਹਥ ਵਿਚ ਬਚੀ ਨੂੰ ਤੇ ਦੂਜੇ ਵਿਚ ਤੇਜ਼ ਚਾਕੂ ਫੜ ਕੇ ਦਰਵਾਜ਼ੇ ਅਗੇ ਆ ਖੜਦਾ। ਉਹ ਉਚੀ ਆਵਾਜ਼ ਨਾਲ ਐਲਾਨ ਕਰਦਾ, 'ਜੇ ਕਿਸੇ ਨੇ ਵਹੁਟੀ ਲੈਣੀ ਹੋਵੇ ਤਦ ਉਹ ਇਸ ਨੂੰ ਲੈ ਜਾਏ।' ਜੇ ਕੋਈ ਨਾ ਲੈਂਦਾ ਤਦ ਉਸੇ ਵੇਲੇ ਬਚੀ ਨੂੰ ਕਤਲ ਕਰ ਦਿਤਾ ਜਾਂਦਾ। ਇਹੋ ਕਾਰਨ ਹੈ ਕਿ ਗਖੜਾਂ ਵਿਚ ਤੀਵੀਆਂ ਬਹੁਤ ਘੱਟ ਹਨ ਤੇ ਇਕ ਤੀਵੀਂ ਦੇ ਕਈ ਪਤੀ ਹੁੰਦੇ ਸਨ। ਮੁਹੰਮਦ ਗੌਰੀ ਨੇ ਇਹਨਾ ਦੇ ਰਾਜੇ ਨੂੰ ਮੁਸਲਮਾਨ ਬਣਾ ਕੇ ਰਿਹਾ ਕਰ ਦਿਤਾ। ਉਸ ਦੇ ਬਹੁਤ ਸਾਰੇ ਫਿਛਲਗ ਵੀ ਵੀ ਮੁਸਲਮਾਨ ਹੋ ਗਏ। ਬਾਕੀਆਂ ਨੂੰ ਜਬਰਨ ਮੁਸਲਮਾਨ ਬਣਾਇਆ ਗਿਆ।

Sri Satguru Jagjit Singh Ji eLibrary NamdhariElibrary@gmail.com

# ਪਰਕਰਨ ੪

## ਤਾਤਰੀ ਯਾ ਗੁਲਾਮ ਖਾਨਦਾਨ

### ਕੁਤਬ ਉਦੀਨ ਐਬਕ

ਮੁਹੰਮਦ ਗੌਰੀ ਦੀ ਮੌਤ ਉਪਰ ਉਸ ਦਾ ਭਤੀਜਾ ਮਹਿਮੂਦ ਗੌਰ ਦਾ ਬਾਦਸ਼ਾਹ ਬਣਿਆ । ਉਸ ਨੇ ਆਪਣੇ ਚਾਚੇ ਕੁਤਬ ਉਦੀਨ ਐਬਕ ਨਾਲ, ਜੋ ਉਸ ਸਮੇਂ ਉਤਰੀ ਹਿੰਦ ਦਾ ਵਾਇਸਰਾਇ ਸੀ, ਮਿਤਰਤਾ ਕਾਇਮ ਰਖਣ ਲਈ, ਰਾਜ ਤਿਲਕ ਦੇ ਤੁਰਤ ਮਗਰੋਂ ਬਾਦਸ਼ਾਹ ਹੋਣ ਹੋਣ ਦੀਆਂ ਸਭ ਲੂਟੀਆਂ ਵਸਤਾਂ ਤੇ ਨਿਸ਼ਾਨ ਜਿਹਾ ਕਿ ਛਤਰ ਝੰਡਾ ਨਕਾਰਾ ਸ਼ਾਹੀ ਸਿੰਘਾਸਨ ਤੇ ਬਾਦਸ਼ਾਹਤ ਦੀ ਸਨਦ ਆਦਿ ਉਸ ਨੂੰ ਭੇਜੇ। ਕਿਉਂਕਿ ਉਹ ਐਸੀ ਪੁਜ਼ੀਸ਼ਨ ਵਿਚ ਸੀ ਕਿ ਜੇ ਚਾਹੇ ਤਦ ਉਹਦੀ ਬਾਦਸ਼ਾਹਤ ਨੂੰ ਮੰਨਣੋਂ ਇਨਕਾਰ ਕਰ ਸਕਦਾ ਸੀ ਤੇ ਨਵਾਂ ਬਾਦਸ਼ਾਹ ਉਸ ਦਾ ਕੁਛ ਵੀ ਨਹੀਂ ਸੀ ਵਿਗਾੜ ਸਕਦਾ । ਕੁਤਬ ਉਦੀਨ ਐਬਕ ਨੇ ਇਹ ਸਭ ਸ਼ਾਹੀ ਚਿਨ੍ਹ ਬੜੇ ਆਦਰ ਤੇ ਇਜ਼ਤ ਨਾਲ ਪਰਾਪਤ ਕੀਤੇ ।

### ਕੁਤਬ ਉਦੀਨ ਐਬਕ ਲਾਹੌਰ ਦਾ ਪਹਿਲਾ ਮੁਸਲਮਾਨ ਬਾਦਸ਼ਾਹ ਬਣਿਆ ੧੨੦੫ ਈਸਵੀ

੨੪ ਜੁਲਾਈ ੧੨੦੫ ਈਸਵੀ ਵਾਲੇ ਦਿਨ, ਲਾਹੌਰ ਦੇ ਪਹਿਲ ਮੁਸਲਮਾਨ ਬਾਦਸ਼ਾਹ, ਕੁਤਬਉਦੀਨ ਐਬਕ ਦੀ ਗੱਦੀ ਨਸ਼ੀਨੀ ਦੀ ਰਸਮ ਬੜੀ ਧੂਮ ਧਾਮ ਨਾਲ ਮਨਾਈ ਗਈ ।

### ਕੁਤਬਉਦੀਨ ਦਾ ਖਣਵਾਦਾ

ਕੁਤਬਉਦੀਨ ਅਜ ਬੱਚਾ ਹੀ ਸੀ ਕਿ ਇਕ ਸੌਦਾਗਰ ਉਸ ਨੂੰ ਤੁਰਕਿਸਤਾਨ ਤੋਂ ਨੇਸ਼ਾ ਪੁਰ ਲਿਆਇਆ । ਸੌਦਾਗਰ ਨੇ ਇਸ ਬਾਲਕ ਨੂੰ ਅਬਦੁਲ ਅਜ਼ੀਜ਼ਕੂਫੀ ਦੇ ਬੇਟੇ ਕਾਜ਼ੀ ਫਖਰਉਦੀਨ ਪਾਸ ਵੇਚ ਦਿਤਾ । ਇਹ ਵੇਖ ਕੇ ਕਿ ਲੜਕਾ ਬੜਾ ਅਕਲਮੰਦ ਸਿਆਣਾ ਤੇ ਸੂਝਵਾਨ ਹੈ, ਕਾਜ਼ੀ ਨੇ ਉਸ ਨੂੰ ਸਕੂਲੇ ਦਾਖਲ ਕਰਾ ਦਿਤਾ । ਸਕੂਲ ਵਿਚ ਉਸ ਨੇ ਇਲਮ ਤੇ ਵਿਗਿਆਨਕ ਵਿਚ ਚੰਗੀ ਉਨਤੀ ਕਰ ਕੇ ਦਿਖਾਈ । ਉਸ ਦੇ ਸਰਪਰਸਤ ਦੀ ਮੌਤ ਮਗਰੋਂ ਸੁਵਰਗੀ ਦੀ ਜਾਇਦਾਦ ਤੇ ਜਾਗੀਰ ਦੇ ਨਾਲ ਹੀ ਇਸ ਨੂੰ ਫੇਰ ਇਕ ਸੌਦਾਗਰ ਦੇ ਹਥ ਵਿਕਣਾ ਪਿਆ । ਉਸ ਨਵੇਂ ਸੌਦਾਗਰ ਨੇ ਇਸ ਨੂੰ ਵਿਕਰੀ ਦੇ ਮੰਤਵ ਨਾਲ ਮੁਹੰਮਦ ਗੌਰੀ ਦੇ ਪੇਸ਼ ਕੀਤਾ । ਮੁਹੰਮਦ ਗੌਰੀ ਨੇ ਇਸ ਗੁਲਾਮ ਲੜਕੇ ਨੂੰ ਮੁਲ ਖਰੀਦ ਲਿਆ ਤੇ ਇਸ ਦਾ ਨਾਮ, ਇਸ ਦੀ ਛੋਟੀ ਉਂਗਲੀ ਟੁਟੀ ਹੋਈ ਹੋਣ ਕਰ ਕੇ ਐਬਕ ਰਖਿਆ । ਐਬਕ ਨੇ ਆਪਣੇ ਆਪ ਨੂੰ ਐਨਾ ਚੰਗਾ ਸਾਬਤ ਕੀਤਾ ਕਿ ਉਸ ਨੂੰ ਘੁੜ ਸਵਾਰਾਂ ਦਾ ਮਾਸਟਰ ਥਾਪਿਆ ਗਿਆ । ਕੁਝ ਸਮਾਂ ਮਗਰੋਂ ਉਸ ਨੂੰ ਇਕ ਫੌਜ ਦੀ ਕਮਾਨ ਸਪੁਰਦ ਕੀਤੀ ਗਈ । ਉਸ ਦੀ ਸੁਭਾਵਨ ਯੋਗਤਾ ਨੂੰ ਉਨਤੀ ਦਾ ਅਵਸਰ ਮਿਲਿਆ ਅਤੇ ਉਸ ਨੇ ਸੂਰਬੀਰ ਸਿਪਾਹੀ ਸਿਆਣਾ ਜਰਨੈਲ ਤੇ ਦੂਰ ਦਰਸੀ ਪ੍ਰਬੰਧਕ ਹੋਣ ਦੀ ਨੇਕ ਨਾਮੀ ਖਟੀ ।

### ਗਵਰਨਰ ਕਿਰਮਾਨ ਯਲਦੂਜ਼ ਦਾ ਲਾਹੌਰ ਉਤੇ ਹਮਲਾ

ਤਾਜ ਉਦੀਨ ਯਲਦੂਜ਼ ਗਵਰਨਰ ਕਿਰਮਾਨ ਨੇ, ਜਿਸਦੀ ਬੇਟੀ ਕੁਤਬ ਉਦੀਨ ਨੂੰ ਵਿਆਹੀ ਹੋਈ ਸੀ ਇਕ ਵਡੀ ਫ਼ੌਜ ਲੈ ਕੇ ਲਾਹੌਰ ਵਿਚ ਕੂਚ ਬੋਲਿਆ ਲਾਹੌਰ ਦੇ ਗਵਰਨਰ ਦੀ ਗਦਾਰੀ ਦਾ ਸਦਕਾ ਜਿਸ ਨੂੰ ਉਸਨੇ ਪਿਛੋਂ ਬਾਹਰ ਕਢ ਦਿਤਾ, ਸ਼ਹਿਰ ਦਾ ਕਬਜ਼ਾ ਉਸ ਨੂੰ ਪ੍ਰਾਪਤ ਹੋ ਗਿਆ । ਕੁਤਬ ਉਦੀਨ ਨੇ ਇਸ ਘਟਣਾ ਨੂੰ ਸੁਣ ਕੇ ਦਿਲੀ ਤੋਂ ਲਾਹੌਰ ਵਲ ਕੂਚ ਬੋਲਿਆ ਤਾਂ ਜੋ ਲਾਹੌਰ ਨੂੰ ਉਸ ਤੋਂ ਵਾਪਸ ਲਿਆ ਜਾਏ । ਲਾਹੌਰ ਦੇ ਦੋਵੇਂ ਧਿਰਾਂ ਵਿਚਾਲੇ ਸੰਨ ੧੨੦੫ ਈਸਵੀ ਦੇ ਅੰਤ ਵਿਚ ਜੰਗ ਲੜੀ ਗਈ ਜਿਸ ਵਿਚ ਤਾਜ ਉਦੀਨ ਯਲਦੂਜ਼ ਨੂੰ ਹਾਰ ਹੋਈ । ਉਹ ਨੂੰ ਲਾਹੌਰ ਵਿਚੋਂ ਬਾਹਰ ਕਢ ਦਿਤਾ ਗਿਆ ਜਿਸ ਤੇ ਉਸ ਨੂੰ ਮਜਬੂਰਨ ਕਿਰਮਾਨ ਵਲ ਵਾਪਸ ਮੁੜਨਾ ਪਿਆ ।

### ਕੁਤਬ ਉਦੀਨ ਦਾ ਉਸ ਨੂੰ ਲੜਾਈ ਮਗਰੋਂ ਕੈਦ ਕਰਨਾ

ਕੁਤਬ ਉਦੀਨ ਨੇ ਉਸ ਦਾ ਗਜ਼ਨੀ ਤੀਕ ਪਿਛਾ ਕੀਤਾ । ਗਜ਼ਨੀ ਪੁਜ ਕੇ ਉਹਨੇ ਆਪਣੀ ਗਦੀ ਨਸ਼ੀਨੀ ਦੀ ਰਸਮ ਪੂਰੀ ਕੀਤੀ ਪਰ ਇਹ ਵੇਖ ਕੇ ਕਿ ਉਹ ਸ਼ਹਿਰ ਨੂੰ ਕਾਬੂ ਨਹੀਂ ਰਖ ਸਕਦਾ ਉਹ ਫੇਰਨ ਹਿੰਦੁਸਤਾਨ ਵਲ ਮੁੜ ਆਇਆ । ਏਥੇ ਅਪੜ ਕੇ ਉਸ ਨੇ ਆਪਣਾ ਬਾਕੀ ਜੀਵਨ ਆਪਣੇ ਰਾਜ ਦੀ ਪਕਿਆਈ ਤੇ ਰਾਜ ਦੀ ਆਰਥਕ ਹਾਲਤ ਨੂੰ ਸੁਧਾਰਨ ਵਿਚ ਖਰਚ ਕੀਤਾ ।

### ਕੁਤਬ ਉਦੀਨ ਦੀ ਮੌਤ

ਚੌਗਾਨ ਦੇ ਮੌਕੇ ਉਤੇ ਘੋੜ ਦੌੜ ਵਿਚ ਭਾਗ ਲੈਂਦਾ ਹੋਇਆ ਉਹ ਸੰਨ ੧੨੧੦ ਈਸਵੀ ਵਿਚ ਘੋੜੇ ਤੋਂ ਡਿਗਾ ਕਿ ਮਰ ਗਿਆ । ਉਸ ਨੇ ਕੁਲ ਪੰਜ ਸਾਲ ਰਾਜ ਕੀਤਾ । ਬਤੌਰ ਕਮਾਂਡਰ-ਇਨਚੀਫ ਤੇ ਮਹਿਮੂਦ ਗੌਰੀ ਦੇ ਵਾਇਸਰਾਏ ਦੇ ਉਸ ਨੇ ੨੦ ਸਾਲ ਤੀਕ ਸ਼ਾਹੀ ਅਧਿਕਾਰਾਂ ਦੀ ਵਰਤੋਂ ਕੀਤੀ । ਉਹ ਬੜੀ ਯੋਗਤਾ ਤੇ ਸੂਰਬੀਰਤਾ ਦਾ ਮਾਲਕ ਸੀ । ਉਹ ਇਕ ਗੁਲਾਮ ਦੀ ਹੈਸੀਅਤ ਤੋਂ ਉਨੱਤੀ ਕਰਕੇ ਉਹ ਇਕ ਜ਼ਬਰਦਸਤ ਬਾਦਸ਼ਾਹ ਦੀ ਪਦਵੀ ਉਤੇ ਅਪੜਿਆ ਤੇ ਇਕ ਵਿਸ਼ਾਲ ਰਾਜ ਉਤੇ ਰਾਜ ਕਰਦਾ ਰਿਹਾ ।

### ਉਸ ਦਾ ਚਾਲ ਚਲਣ

ਉਸ ਵਿਚ ਕਈ ਭਾਈਚਾਰਕ ਗੁਣ ਸਨ ਜਿਨ੍ਹਾ ਕਰਕੇ ਲੋਕ ਉਸ ਨੂੰ ਪਿਆਰਦੇ ਸਨ, ਉਸ ਦੀ ਸਖ਼ਾਵਤ ਦੀ ਧਾਕ ਪਈ ਹੋਈ ਸੀ ।



Sri Satguru Jagjit Singh Ji eLibrary NamdhariElibrary@gmail.com

## ਦਿਲੀ ਵਿਚ ਕੁਤਬਮੀਨਾਰ ਦੀ ਉਸਾਰੀ

ਦਿਲੀ ਵਿਚ ਪ੍ਰਸਿੱਧ ਕੁਤਬਮੀਨਾਰ ਤੇ ਸ਼ਾਨਦਾਰ ਮਸੀਤ ਕੁਤਬ ਦੀਨ ਨੇ ਹੀ ਅਰੰਭ ਕੀਤੀ ਸੀ। ਇਹ ਉਚੇ ਮਨਾਰੇ ਵਾਲੀ ਯਾਦਗਾਰ ਹਿੰਦ ਦੀ ਪੁਰਾਤਨ ਰਾਜਧਾਨੀ ਦਿਲੀ ਦੀ ਉਸਾਰੀ ਦੀ ਮੁਸਲਮਾਨ ਜਰਨੈਲ ਦੀ ਜਿੱਤ ਦਾ ਸਮਾਰਕ ਹੈ।

## ਅਰਮ

## ਅਰਮ ਦੀ ਨਿਰਬਲ ਹਕੂਮਤ

ਕੁਤਬ-ਉਦੀਨ ਦੀ ਮੌਤ ਮਗਰੋਂ ਉਸ ਦਾ ਇਕਲੌਤਾ ਪੁਤਰ ਅਰਮ ਗੱਦੀ-ਨਸ਼ੀਨ ਹੋਇਆ। ਉਸ ਵਿਚ ਹੌਸਲੇ ਤੇ ਦਰਿੜਤਾ ਦੀ ਘਾਟ ਸੀ। ਉਸ ਦੀ ਇਸ ਕਮਜ਼ੋਰੀ ਤੋਂ ਲਾਭ ਉਠਾ ਕੇ ਨਸਰ-ਉਦੀਨ ਕੁਬਾਚਾ ਨਾਮੀ ਮੁਹੰਮਦ ਗੌਰੀ ਦੇ ਗੁਲਾਮ ਨੇ ਆਪਣੇ ਆਪ ਨੂੰ ਸੁਤੰਤਰ ਕਰ ਲਿਆ।

## ਪੰਜਾਬ ਦੇ ਕਈ ਜ਼ਿਲੇ ਹਥੋਂ ਨਿਕਲ ਗਏ

ਨਸਰ-ਉਦੀਨ ਕੁਬਾਚਾ ਨੇ ਇਕ ਵਡੀ ਸਾਰੀ ਫੌਜ ਜਮਾਂ ਕਰ ਕੇ ਕੂਚ ਬੋਲਿਆ ਅਤੇ ਸਿੰਧ, ਮੁਲਤਾਨ, ਊਚ, ਸ਼ਿਰਵਾਨ ਆਦਕ ਪੰਜਾਬ ਦੇ ਕਈ ਜ਼ਿਲਿਆਂ ਉਤੇ ਆਪਣਾ ਅਧਿਕਾਰ ਕਾਇਮ ਕਰ ਲਿਆ। ਉਸ ਦੀ ਦੇਖਾ ਦੇਖੀ ਕਈ ਹੋਰ ਛੋਟੇ ਛੋਟੇ ਰਾਜੇ ਵੀ ਸੁਤੰਤਰ ਹੋ ਗਏ। ਇਹ ਦਸ਼ਾ ਵੇਖ ਕੇ ਬਹੁਤ ਸਾਰੇ ਉਮਰਾ ਡੈਪੂਟੇਸ਼ਨ ਬਣ ਕੇ ਸੁਵੱਰਗੀ ਬਾਦਸ਼ਾਹ ਦੇ ਜਵਾਈ ਤੇ ਮੁਤਬੰਨੇ ਸ਼ਮਸ-ਉਦੀਨ ਅਲਤਮਸ਼ ਪਾਸ ਗਏ ਅਤੇ ਉਸ ਨੂੰ ਸਲਤਨਤ ਦਾ ਪਰਬੰਧ ਸੰਭਾਲਣ ਲਈ ਬੇਨਤੀ ਕੀਤੀ।

## ਸ਼ਮਸ-ਉਦੀਨ ਨੇ ਉਸ ਨੂੰ ਤਖਤ ਤੋਂ ਉਤਾਰਨਾ

ਸ਼ਮਸ-ਉਦੀਨ ਨੇ ਉਹਨਾਂ ਦੀ ਬੇਨਤੀ ਪਰਵਾਨ ਕਰ ਲਈ। ਦਿਲੀ ਦੇ ਆਸ ਪਾਸ ਜੋ ਲੜਾਈ ਹੋਈ; ਉਸ ਵਿਚ ਅਰਮ ਨੂੰ ਹਾਰ ਹੋਈ ਤੇ ਸ਼ਮਸ-ਉਦੀਨ ਨੇ ਤਖਤ ਉਤੇ ਕਬਜ਼ਾ ਕਰ ਲਿਆ। ਇਹ ਘਟਨਾ ਉਸੇ ਸਾਲ, ਅਰਥਾਤ ੧੨੧੦ ਈ: ਦਾ ਹੈ ਜਦੋਂ ਕਿ ਅਰਮ ਦਾ ਰਾਜ-ਤਿਲਕ ਹੋਇਆ ਸੀ।

## ਸ਼ਮਸ-ਉਦੀਨ ਅਲਤਮਸ਼

## ਸ਼ਮਸ-ਉਦੀਨ ਦਾ ਪਰਿਵਾਰ

ਸ਼ਮਸ-ਉਦੀਨ, ਅਲਬੇਰੀ ਕਬੀਲੇ ਦੇ ਆਲਮ ਖਾਂ ਦਾ ਪੁਤਰ ਸੀ। ਉਸ ਦੀ ਮਾਤਾ ਦਾ ਸੰਬੰਧ ਖੱਤਾਂ ਦੇ ਸਾਹੂ ਘਰਾਣੇ ਨਾਲ ਸੀ। ਉਸ ਦੇ ਭਰਾਵਾਂ ਨੇ ਉਸ ਨੂੰ ਗੁਲਾਮ ਬਣਾ ਕੇ ਸੈਲਾਨੀ ਸੌਦਾਗਰਾਂ ਦੇ ਹਥ ਵੇਚ ਦਿਤਾ, ਜੋ ਉਸ ਨੂੰ ਬੁਖਾਰੇ ਲੈ ਗਏ ਤੇ ਉਥੇ ਜਾ ਕੇ ਸਦਰ ਜਹਾਨ ਨਾਮੀ ਸਰਦਾਰ ਦੇ ਰਿਸ਼ਤੇਦਾਰ ਪਾਸ ਵੇਚ ਦਿਤਾ। ਬੁਖਾਰੇ ਵਿਚ ਉਸ ਦੀ ਸਿਖਿਆ ਦੀਖਿਆ ਚੰਗੇ ਢੰਗ ਨਾਲ ਹੋਈ। ਉਸ ਦੇ ਮਾਲਕ ਦੀ ਮੌਤ ਉਤੇ ਉਸ ਨੂੰ ਫੇਰ ਇਕ ਸੌਦਾਗਰ ਹਥ ਵੇਚ ਦਿਤਾ ਗਿਆ। ਉਸ ਸੌਦਾਗਰ ਨੇ ਫੇਰ ਅਗਾਂਹ ਦੂਜੇ ਸੌਦਾਗਰ ਹਥ ਵੇਚ ਦਿਤਾ। ਅੰਤ ਸੁਲਤਾਨ ਮੁਹੰਮਦ ਗੌਰੀ ਦੀ ਆਗਿਆ ਨਾਲ ਕੁਤਬ-ਉਦੀਨ ਐਬਕ ਨੇ ਉਸ ਨੂੰ ੫੦ ਹਜ਼ਾਰ ਦੀਨਾਰ (ਚਾਂਦੀ ਦੀ ਮੁੰਦਰਾ) ਦੇ ਕੇ ਮੁਲ ਲੈ ਲਿਆ। ਉਸ ਨੂੰ ਹੋਣਹਾਰ ਸਮਝ ਕੇ ਕੁਤਬ-ਉਦੀਨ ਨੇ ਆਪਣੀ ਲੜਕੀ ਦੀ ਸ਼ਾਦੀ ਉਸ ਨਾਲ ਕਰ ਦਿਤੀ। ਆਪਣੇ ਮਾਲਕ ਦਾ ਜਵਾਈ ਬਣ ਕੇ ਅਲਤਮਸ਼ ਦਿਨੋ ਦਿਨ ਹਰਮਨ ਪਿਆਰਾ ਹੁੰਦਾ ਗਿਆ। ਪਹਿਲੋਂ ਉਸ ਨੂੰ ਜਰਨੈਲ ਇਨਚੀਫ ਬਣਾਇਆ ਗਿਆ ਤੇ ਇਸ ਦੇ ਛੇਤੀ ਹੀ ਮਗਰੋਂ ਉਹ ਉਤਰੀ ਹਿੰਦ ਦਾ ਵਾਇਸਰਾਏ ਥਾਪਿਆ ਗਿਆ।

## ਗਜ਼ਨੀ ਦੇ ਬਾਦਸ਼ਾਹ ਤਾਜ ਉਦੀਨ ਯਲਦੂਜ਼ ਦੀ ਹਾਰ ੧੨੧੫ ਈ.

ਗਦੀ ਨਸ਼ੀਨੀ ਦੇ ਚਾਰ ਸਾਲ ਮਗਰੋਂ ਤਾਜ ਉਦੀਨ ਯਲਦੂਜ ਸ਼ਾਹ ਗਜ਼ਨੀ ਨੂੰ ਖਵਾਰਜ਼ਮ ਦੇ ਬਾਦਸ਼ਾਹ ਖਵਾਰਜ਼ਮ ਸ਼ਾਹ ਨੇ ਹਾਰ ਦਿਤੀ ਇਸ ਲਈ ਉਸ ਨੇ ਆਪਣਾ ਸਾਰਾ ਧਿਆਨ ਪੂਰਬੀ ਦੇਸ਼ਾਂ ਨੂੰ ਫਤਹ ਕਰਨ ਵਲ ਲਾ ਦਿਤਾ। ਸੰਨ ੧੨੧੫ ਈਸਵੀ ਵਿਚ ਉਸ ਨੇ ਪੰਜਾਬ ਉਤੇ ਕਬਜ਼ਾ ਕਰ ਲਿਆ। ਫੇਰ ਉਸ ਨੇ ਥਾਨੇਸਰ ਵੀ ਫਤਹ ਕਰ ਲਿਆ। ਇਸ ਸ਼ਮਸ਼ ਉਦੀਨ ਅਲਤਮਸ਼ ਨੇ ਆਪਣੀਆਂ ਫ਼ੌਜਾਂ ਜਮਾ ਕਰਕੇ ਉਸ ਨਾਲ ਨਾਰਾਇਣ ਦੇ ਮੈਦਾਨ ਵਿਚ ਜੰਗ ਲੜੀ। ਅਤੇ ਉਸਨੂੰ ਹਾਰ ਦੇ ਕੇ ਕੈਦ ਕਰ ਲਿਆ। ਸੰਨ ੧੨੧੭ ਈ ਵਿਚ ਅਲਤਮਸ਼ ਨੇ ਆਪਣੇ ਸਾਲੇ ਨਸੀਰ-ਉਦੀਨ ਕੁਬਾਚਾ ਉਤੇ ਹੱਲਾ ਬੋਲਿਆ ਕਿਉਂਕਿ ਉਸ ਨੇ ਸਿੰਧ ਵਿਚ ਆਪਣੀ ਸੁਤੰਤਰਤਾ ਦਾ ਐਲਾਨ ਕਰ ਦਿਤਾ ਸੀ। ਮਾਨਸੇਰਾਂ ਵਿਚਲੀ ਜੰਗ ਵਿਚ ਉਸ ਨੂੰ ਲਕ ਤੋੜ ਹਾਰ ਦਿਤੀ। ਮਾਨਸੇਰਾਂ ਚਨਾਬ ਦੇ ਕਿਨਾਰੇ ਵਾਕਿਆ ਹੈ।

## ਜਲਾਲ-ਉਦੀਨ ਖ਼ਵਾਰਜ਼ਮ ਨੂੰ ਬਾਹਰ ਕਢਣਾ

ਇਸ ਦੇ ਚਾਰ ਸਾਲ ਮਗਰੋਂ ਤਾਤਾਰੀਆ ਨੇ ਆਪਣੇ ਮਹਾਨ ਵਡੇ ਲੀਡਰ ਚੰਗੇਜ਼ਖਾਂ ਦੀ ਸਰਦਾਰੀ ਹੇਠ ਖਵਾਰਜ਼ਮ ਦੇ ਦੇਸ਼ ਨੂੰ ਆਪਣੇ ਅਧੀਨ ਕਰ ਲਿਆ ਅਤੇ ਮਾਰੋ ਮਾਰ ਕਰਦੇ ਗਜ਼ਨੀ ਤੀਕ ਜਾ ਪਹੁੰਚੇ। ਸਵਰਗੀ ਸੁਲਤਾਨ ਖੁਵਾਰਜ਼ਮ ਦੇ ਬੇਟੇ ਨੂੰ ਲਾਹੌਰ ਵਲ ਪਸਪਾ ਹੋਣ ਲਈ ਮਜਬੂਰ ਹੋਣਾ ਪਿਆ। ਏਥੇ ਸ਼ਮਸ਼ ਉਦੀਨ ਅਲਤਮਸ਼ ਨੇ ਉਸ ਨਾਲ ਜੰਗ ਕੀਤਾ ਤੇ ਉਸ ਨੂੰ ਪਿਛੇ ਹਟ ਜਾਣ ਲਈ ਮਜਬੂਰ ਕੀਤਾ। ਏਸੇ ਸਾਲ ਅਲਤਮਸ਼ ਨੇ ਆਪਣੇ ਵਜ਼ੀਰ ਨਿਜ਼ਾਮ ਓਲ ਮੁਲਕ() ਜੁਨੈਦੀ ਦੇ ਮਿਲਵਰਤਨ ਨਾਲ ਸਿੰਧ ਨੂੰ ਅੰਤਮ ਵਾਰ ਫਤਹ ਕੀਤਾ। ਉਸ ਦਾ ਪੁਰਾਣਾ ਵੈਰੀ ਜਲਾਲ ਉਦੀਨ ਕੁਬਾਚਾ ਦਰਿਆ ਸਿੰਧ ਨੂੰ ਪਾਰ ਕਰਦਾ ਕਰਦਾ ਵਿਚ ਡੁਬ ਮੋਇਆ।

## ਹਿੰਦੁਸਤਾਨ ਨੂੰ ਫਤਹ ਕਰਨਾ

ਸ਼ਮਸ-ਉਦੀਨ ਅਲਤਮਸ਼ ਨੇ ਮਾਲਵਾ ਤੇ ਉਜੈਨ ਨੂੰ ਜਿਤ ਕੇ ਆਪਣਾ ਰਾਜ ਬੰਗਾਲ ਦੇ ਸੂਬੇ ਉਪਰ ਜਾ ਜਮਾਇਆ ਜੋ ਆਜ਼ਾਦ ਹੋ ਚੁਕਾ ਸੀ। ਹਿੰਦੁਸਤਾਨ ਵਿਚ ਉਜੈਨ ਹਿੰਦੂਆਂ ਦਾ ਪੁਰਾਤਨ ਸ਼ਹਿਰ ਹੈ ਏਥੇ ਜਿੰਨੇ ਮੰਦਰ ਸਨ ਉਹ ਸਭ ਉਸ ਨੇ ਢਾਹ ਢੇਰੀ ਕਰ ਦਿਤੇ ਅਤੇ ਮਹਾਂ ਕਾਲੀ ਤੇ ਵਿਕਰਮਾ ਦਿਤਯ ਦੀਆਂ ਮੂਰਤੀਆਂ, ਸਮੇਤ ਹੋਰ ਅਨੇਕਾਂ ਤਾਂਬੇ ਤੇ ਪਿਤਲ ਦੀਆਂ ਮੂਰਤੀਆਂ ਦੇ ਦਿਲੀ ਪੁਚਾ ਦਿਤੀਆਂ। ਵਿਕਰਮਾ ਦਿਤੀਆ ਦੀ ਮੌਤ ਤੋਂ ਹਿੰਦੂ ਆਪਣੇ ਮਤ ਦਾ ਆਰੰਭ ਮੰਨਦੇ ਹਨ। ਇਹ ਸਭ ਮੂਰਤੀਆਂ ਜਾਮਾ ਮਸੀਤ ਦੇ ਦਰਵਾਜ਼ੇ ਅਗੇ ਰਖਕੇ ਤੋੜੀਆਂ ਗਈਆਂ।

---

() ਹਿੰਦੁਸਤਾਨ ਵਿਚ ਉਹ ਪਹਿਲਾ ਵਜ਼ੀਰ ਸੀ ਜਿਸਨੂੰ ਨਿਜ਼ਾਮ ਉਲ ਮੁਲਕ ਦਾ ਖਤਾਬ ਪ੍ਰਾਪਤ ਹੋਇਆ। ਇਹ ਖਤਾਬ ਪਿਛੋਂ ਆਮ ਪ੍ਰਚਲਤ ਹੋ ਗਿਆ ਜਾਪਦਾ ਹੈ। ਅੰਤਮ ਨਿਜ਼ਾਮ ਉਲ ਮੁਲਕ ਦੇ ਵਾਰਸ ਹੁਣ ਤੀਕ ਹੈਦਰਾਬਾਦ ਰਿਆਸਤ ਵਿਚ ਨਵਾਬ ਬਣੇ ਹਕੂਮਤ ਕਰ ਰਹੇ ਹਨ।

Sri Satguru Jagjit Singh Ji eLibrary NamdhariElibrary@gmail.com

## ਸ਼ਮਸ-ਉਦੀਨ ਅਲਤਮਸ਼ ਦੀ ਮੌਤ ੧੨੩੬ ਈਸਵੀ

ਸੰਨ ੧੨੩੬ ਵਿਚ ਉਸ ਨੇ ਆਪਣੀ ਫੌਜ ਸਮੇਤ ਮੁਲਤਾਨ ਵਲ ਕੂਚ ਬੋਲਿਆ ਪਰ ਰਸਤੇ ਵਿਚ ਹੀ ਬੀਮਾਰ ਹੋ ਗਿਆ ਜਿਸ ਕਰਕੇ ਦਿਲੀ ਵਾਪਸ ਆ ਗਿਆ ੩੦ ਅਪਰੈਲ ੧੨੩੬ ਈਸਵੀ ਨੂੰ ਦਿਲੀ ਵਿਚ ਹੀ ਉਸ ਦੀ ਮੌਤ ਹੋ ਗਈ। ਉਸ ਨੇ ਪੂਰੇ ੨੬ ਵਰਸ਼ ਤੀਕ ਰਾਜ ਕੀਤਾ। ਇਸ ਨੇ ਆਪਣੀ ਹੀ ਯੋਗਤਾ ਨਾਲ ਏਡਾ ਉਚਾ ਮੁਰਾਤਬਾ ਪ੍ਰਾਪਤ ਕੀਤਾ ਸੀ। ਉਸ ਬਾਦਸ਼ਾਹ ਦੇ ਰਾਜ ਸਮੇਂ ਹਿੰਦੁਸਤਾਨ ਵਿਚਲੀ ਮੁਸਲਮਾਨੀ ਸਲਤਨਤ ਨੇ ਬਹੁਤ ਉਨਤੀ ਕੀਤੀ ਅਤੇ ਬੜੀ ਸ਼ਕਤੀ ਸ਼ਾਲੀ ਬਣ ਗਈ।

## ਰੁਕਨ ਉਦੀਨ ਫਿਰੋਜ਼
## ਰੁਕਨ ਉਦੀਨ ਦੀ ਗਦੀ ਨਸ਼ੀਨੀ ੧ ਮਈ ੧੨੩੬ ਈਸਵੀ

ਸੰਨ ੧੨੩੧ ਈਸਵੀ ਵਿਚ ਗੁਵਾਲੀਅਰ ਨੂੰ ਅਧੀਨ ਕਰਨ ਮਗਰੋਂ ਰੁਕਨ ਉਦੀਨ ਫਰੋਜ਼ ਨੂੰ ਉਸ ਦੇ ਪਿਤਾ ਸ਼ਮਸ਼ ਉਦੀਨ ਅਲਤਮਸ਼ ਨੇ ਲਾਹੌਰ ਦਾ ਵਾਇਸਰਾਇ ਨਿਯਤ ਕਰ ਦਿਤਾ। ਜਦ ਬਾਦਸ਼ਾਹ ਦੀ ਮੌਤ ਹੋਈ ਤਦ ਰੁਕਨ ਉਦੀਨ ਦਿਲੀ ਵਿਚ ਹੀ ਸੀ। ਏਥੇ ਹੀ ਇਸ ਦੇ ਰਾਜ ਤਿਲਕ ਦੀ ਰਸਮ ਹੋਈ। ਬਾਦਸ਼ਾਹ ਬਣਨ ਮਗਰੋਂ ਉਸ ਨੇ ਰੰਗ ਰਲੀਆਂ ਵਾਲਾ ਜੀਵਨ ਬਿਤਾਉਣਾ ਸ਼ੁਰੂ ਕਰ ਦਿਤਾ। ਰਾਜ ਦੇ ਕੰਮਾ ਵਿਚ ਅਣਗਹਿਲੀ ਆਰੰਭ ਹੋ ਗਈ। ਰਾਜ ਪ੍ਰਬੰਧ ਹੌਲੀ ਹੌਲੀ ਉਸ ਦੀ ਮਾਤਾ ਸ਼ਾਹ ਤੁਰਕਾਨ ਦੇ ਹਥ ਚਲਾ ਗਿਆ, ਜੋ ਬੜੇ ਜਾਲਮ ਸੁਭਾ ਦੀ ਇਸਤ੍ਰੀ ਸੀ। ਸ਼ਾਹ ਤੁਰਕਾਨ ਨੇ ਸ਼ਹਿਨਸ਼ਾਹ ਸ਼ਮਸ ਉਦੀਨ ਦੇ ਹਰਮ ਦੀਆਂ ਸਭ ਬੇਗਮਾਂ ਨੂੰ ਜਾਨੋਂ ਮਰਵਾ ਦਿਤਾ।

## ਉਸ ਵਿਰੁਧ ਸਰਦਾਰਾਂ ਦੀ ਸਾਜ਼ਸ਼

ਉਸ ਸਮੇਂ ਲਾਹੌਰ ਦਾ ਗਵਰਨਰ ਮਲਿਕ ਅਲਾ ਉਦੀਨ ਖਾਂ ਅਤੇ ਮੁਲਤਾਨ ਦਾ ਵਾਇਸਰਾਏ ਮਲਿਕ ਕਬੀਰ ਖਾਂ ਸੀ। ਲਾਹੌਰ ਵਿਚ ਸਰਦਾਰਾਂ ਨੇ ਮਿਲ ਕੇ ਇਹ ਸਾਜ਼ਸ਼ ਕੀਤੀ ਕਿ ਬਾਦਸ਼ਾਹ ਨੂੰ ਗਦੀ ਉਤੋਂ ਲਾਹਿਆ ਜਾਏ। ਇਸ ਸਾਜ਼ਸ਼ ਵਿਚ ਉਤਰੀ ਤੇ ਪਛਮੀ ਸੂਬਿਆਂ ਦੇ ਸਾਰੇ ਵਡੇ ਵਡੇ ਸਰਦਾਰ ਸ਼ਾਮਲ ਹੋ ਗਏ। ਬਾਦਸ਼ਾਹ ਨੇ ਇਹਨਾਂ ਸਾਜ਼ਸ਼ੀਆਂ ਵਰੁਧ ਚੜ੍ਹਾਈ ਕੀਤੀ ਪਰ ਉਸ ਦੇ ਆਪਣੇ ਕਈ ਸਰਦਾਰ ਵੀ ਉਹਦਾ ਸਾਥ ਛਡ ਗਏ ਇਸ ਲਈ ਬਾਦਸ਼ਾਹ ਆਪਣੇ ਪਿਛਲਗਾਂ ਨੂੰ ਲੈ ਕੇ ਦਿਲੀ ਵਾਪਸ ਮੁੜ ਗਿਆ। ਬਾਦਸ਼ਾਹ ਦੀ ਮਾਤਾ ਤੁਰਕਾਨ ਨੂੰ ਕੈਦ ਵਿਚ ਸੁਟ ਕੇ ਸ਼ਮਸ਼ ਉਦੀਨ ਦੀ ਵਡੀ ਪੁਤਰੀ ਸੁਲਤਾਨਾ ਰਜ਼ੀਆ ਨੂੰ ਗਦੀ ਨਸ਼ੀਨ ਕੀਤਾ।

## ਸੁਲਤਾਨਾਂ ਰਜ਼ੀਆ ਬੇਗਮ ਹਥੋਂ ਸ਼ਾਹ ਦੀ ਹਾਰ ੧੨੩੬ ਈ.

ਆਪਣੀ ਭੈਣ ਸੁਲਤਾਨਾ ਰਜ਼ੀਆ ਬੇਗਮ ਹਥੋਂ ਹਾਰ ਖਾ ਕੇ ਰੁਕਨ ਉਦੀਨ ਨੇ ਆਪਣੇ ਆਪ ਨੂੰ ਉਸ ਦੇ ਹਵਾਲੇ ਕਰ ਦਿਤਾ। ਕੁਝ ਚਿਰ ਮਗਰੋਂ ਉਹ ਕੈਦ ਵਿਚ ਹੀ ਚਲਾਣਾ ਕਰ ਗਿਆ। ਇਸ ਬਾਦਸ਼ਾਹ ਨੇ ਕੁਲ ੧ ਮਹੀਨੇ ੨੮ ਦਿਨ ਰਾਜ ਕੀਤਾ।

## ਸੁਲਤਾਨਾਂ ਰਜ਼ੀਆ ਬੇਗਮ
## ਸੂਝਵਾਨ ਸ਼ਾਹਜ਼ਾਦੀ ਰਜ਼ੀਆ

ਸੁਲਤਾਨਾ ਰਜ਼ੀਆ ਬੇਗਮ ਜਿਸ ਨੂੰ ਮਲਿਕਾ ਦਿਰੋਰਾਨ ਵੀ ਆਖਦੇ ਹਨ, ਵਿਚ ਉਹ ਸਾਰੇ ਗੁਣ ਸਨ ਜੋ ਇਕ ਲਾਇਕ ਤੋਂ ਲਾਇਕ ਬਾਦਸ਼ਾਹ ਵਿਚ ਹੋਣੇ ਜ਼ਰੂਰੀ ਹਨ। ਉਹ ਕੋਈ ਸਾਧਾਰਨ ਤੀਵੀਂ ਨਹੀਂ ਸੀ। ਉਸ ਦੇ ਕਟਰ ਤੇ ਕਟਰ ਨੁਕਤਾ ਚੀਨ ਨੂੰ ਵੀ ਸਵਾਇ ਇਸਦੇ ਕਿ ਉਹ ਇਸਤ੍ਰੀ ਜਾਤ ਸੀ ਉਸ ਦੇ ਅੰਦਰ ਗਜ਼ਬ ਦੀ ਦਲੇਰੀ ਦਰਿੜਤਾ ਵਰਿਆਮਗੀ ਸੀ। ਆਪਣੀ ਯੋਗਤਾ ਤੇ ਉਸ ਦੀ ਅਸਲੀ ਵਰਤੋਂ ਨੇ ਉਹਦੇ ਪਿਤਾ ਦੇ ਜੀਵਨ ਵਿਚ ਹੀ ਉਸ ਨੂੰ ਰਾਜ ਕਾਜ ਤੇ ਨੀਤੀ ਵਿਚ ਹਰ ਮਨ ਪਿਆਰੀ ਬਣਾ ਦਿਤਾ ਸੀ। ਬਾਦਸ਼ਾਹ ਆਪਣੀ ਉਸ ਹੋਣਹਾਰ ਪੁਤ੍ਰੀ ਨੂੰ ਸਦਾ ਆਪਣੇ ਨਾਲ ਰਖਦਾ ਜਿਸ ਸਮੇਂ ਬਾਦਸ਼ਾਹ ਗਵਾਲੀਅਰ ਦੇ ਕਿਲ੍ਹੇ ਨੂੰ ਫਤਹ ਕਰਨ ਵਿਚ ਰੁਝਾ ਹੋਇਆ ਸੀ ਉਸ ਨੇ ਰਾਜਧਾਨੀ ਵਿਚ ਉਸ ਨੂੰ ਆਪਣੀ ਗੈਰ ਹਾਜ਼ਰੀ ਵਿਚ ਆਪਣਾ ਰੀਜੰਟ ਥਾਪਿਆ ਸੀ। ਉਮਰਾ ਨੇ ਬਾਦਸ਼ਾਹ ਪਾਸੋਂ ਪੁਛ ਕੀਤੀ ਕਿ ਉਸ ਨੇ ਆਪਣੇ ਪੁਤਰਾਂ ਦੀ ਥਾਂ ਆਪਣੀ ਧੀ ਨੂੰ ਰਾਜ ਕਾਜ ਚਲਾਣ ਲਈ ਆਪਣਾ ਰੀਜੰਟ ਕਿਉਂ ਚੁਣਿਆ ਤਦ ਬਾਦਸ਼ਾਹ ਨੇ ਉਤਰ ਦਿਤਾ ਕਿ ਮੈਂ ਵਖ ਰਿਹਾ ਹਾਂ ਕਿ ਮੇਰੇ ਪੁਤ੍ਰ ਸ਼ਰਾਬੀ, ਜ਼ਨੀ ਜਏਫਾਜ਼ ਤੇ ਚਾਪਲੂਸ ਬਣ ਚੁਕੇ ਹਨ ਉਹ ਰਾਜ ਦਾ ਕੰਮ ਚਲੋਣੋਂ ਅਸਮਰਥ ਹਨ। ਇਸ ਦੇ ਟਾਕਰ ਉਤੇ ਰਜ਼ੀਆਂ ਭਾਵੇਂ ਤੀਵੀਂ ਹੈ ਪਰ ਉਸਦਾ ਦਿਲ ਤੇ ਦਿਮਾਗ ਮਰਦਾਨਾ ਹੈ ਅਤੇ ਉਹ ੨੦ ਨਾਲਾਇਕ ਪੁਤ੍ਰਾਂ ਨਾਲੋਂ ਇਕੋ ਧੀ ਚੰਗੀ ਹੈ।" ਸੁਲਤਾਨਾ ਰਜ਼ੀਆ ਦੀ ਸਿਖਿਆ ਬੜੇ ਸੋਹਣੇ ਢੰਗ ਨਾਲ ਹੋਈ ਸੀ। ਉਹ ਐਨਾ ਵਿਦਵਾਨ ਸੀ ਕਿ ਕੁਰਾਨ ਦਾ ਪਾਠ ਸਹੀ ਸਹੀ ਕਰ ਸਕਦੀ ਸੀ।

## ਰਾਜ ਕਾਜ ਵਿਚ ਪਰਵਿਰਤੀ

ਸ਼ਾਹੀ ਅਧਿਕਾਰਾਂ ਦੀ ਪ੍ਰਾਪਤੀ ਮਗਰੋਂ ਰਜ਼ੀਆ ਨੇ ਆਪਣੀ ਪੁਸ਼ਾਕ ਉਤਾਰ ਕੇ ਸ਼ਾਹੀ ਪੁਸ਼ਾਕ ਧਾਰਨ ਕਰ ਲਈ ਅਤੇ ਹਰ ਰੋਜ਼ ਤਖਤ ਉਪਰ ਬੈਠਕੇ ਦਰਬਾਰ ਲਾਉਣਾ ਆਰੰਭ ਕੀਤਾ। ਉਹ ਰਾਜ ਕਾਜ ਦੇ ਸਾਰੇ ਕੰਮਾਂ ਦੀ ਨਿਗਰਾਨੀ ਕਰਦੀ। ਉਹ ਆਪਣੇ ਪਿਤਾ ਦੇ ਬਣਾਏ ਹੋਏ ਕਾਨੂੰਨਾਂ ਦੀ ਪ੍ਰੋੜ੍ਹਤਾ ਕਰਦੀ ਹੈ ਉਹਨਾਂ ਵਿਚ ਅਦਲਾ ਬਦਲੀ ਕਰਦੀ ਉਹ ਸਭ ਨਾਲ ਇਕੋ ਜਿਹਾ ਇਨਸਾਫ ਕਰਦੀ ਸੀ।

ਜਿਹੜੇ ਲਾਹੌਰ ਵਿਚ ਇਕਤਰ ਹੋਏ ਸਾਜਸ਼ੀ ਉਮਰਾਂ ਨੇ ਮਿਲਕੇ ਦਿਲੀ ਵਲ ਧਾਵਾ ਬੋਲਿਆ। ਪਰ ਮਲਿਕਾ ਨੇ ਆਪਣੀ ਯੋਗਤਾ ਨਾਲ ਵਡੇ ਵਡੇ ਸਰਦਾਰਾਂ ਵਿਚਾਲੇ ਐਸੇ ਢੰਗ ਨਾਲ ਫੁਟ ਦਾ ਬੀ ਬੀਜਿਆ ਕਿ ਉਹ ਇਕਠੇ ਨ ਰਹਿ ਸਕੇ ਤੇ ਸਭ ਇਕ ਦੂਜੇ ਨਾਲ ਨਾਰਾਜ਼ ਹੋ ਕੇ ਸਾਥ ਛਡ ਗਏ।

## ਕਬੀਰ ਖਾਂ ਲਾਹੌਰ ਦਾ ਵਾਇਸਰਾਏ

ਮਲਿਕਾ ਨੇ ਖਵਾਜਾ ਮਹਿਦੀ ਗਜ਼ਨਵੀ ਨੂੰ ਨਿਜ਼ਾਮ ਉਲਦੀਨ ਮੁਲਿਕ ਦੀ ਪਦਵੀ ਦੇ ਕੇ ਪ੍ਰਧਾਨ ਮੰਤਰੀ (ਵਜ਼ੀਰ ਆਜ਼ਮ) ਅਤੇ ਕਬੀਰ ਖਾਂ ਨੂੰ ਲਾਹੌਰ ਦਾ ਵਾਇਸਰਾਏ ਥਾਪਿਆ। ਇਉਂ ਕਰਨ ਨਾਲ ਸਾਰੇ ਝਗੜੇ ਤੇ ਫਸਾਦ ਖਤਮ ਹੋ ਗਏ। ਦੂਰ ਦੂਰ ਦੇ ਸੂਬਿਆਂ ਦੇ ਗਵਰਨਰਾਂ ਨੇ ਵੀ ਮਲਿਕਾ ਦੀ ਤਾਬੇਦਾਰੀ ਪਰਵਾਨ ਕਰ ਲਈ। ਕਈ ਫਸਾਦੀ ਫਾਸ਼ੀ ਉਤੇ ਲਟਕਾਏ ਗਏ ਅਤੇ ਬਾਕੀਆਂ ਨੂੰ ਨਰਮੀ ਨਾਲ ਤਾਬੇਦਾਰੀ ਕਬੂਲਣ ਤੇ ਮਜਬੂਰ ਕੀਤਾ ਗਿਆ। ਉਹਨਾਂ ਕਾਰਵਾਈਆਂ ਦਾ ਫਲ ਇਹ ਨਿਕਲਿਆ ਕਿ ਦੇਸ਼ ਵਿਚ ਅਮਨ ਤੇ ਸ਼ਾਂਤੀ ਦਾ ਰਾਜ ਕਾਇਮ ਹੋ ਗਿਆ।

## ਹਬਸ਼ੀ ਗੁਲਾਮ ਜਮਾਲ ਉਦੀਨ

ਮੰਦੇ ਭਾਗਾਂ ਨੂੰ ਕਵਾਰੀ ਮਲਿਕਾ ਅੰਦਰ ਆਪਣੀ ਜਿਨਸ ਦੀ ਨਿਰਬਲਤਾ ਪ੍ਰਗਟ ਹੋ ਆਈ ਅਤੇ ਉਸ ਨੇ ਹਬਸ਼ੀ ਗੁਲਾਮ ਜਮਾਲ ਉਦੀਨ ਨੂੰ ਆਪਣਾ ਇਤਬਾਰੀ ਬਣਾ ਲਿਆ ਉਸਨੂੰ ਰੋਜ਼ਾਨਾ ਸ਼ਾਹੀ ਇਨਾਮ ਦੇਣੇ ਸ਼ੁਰੂ ਕੀਤੇ। ਉਸ ਨੂੰ ਘੋੜਿਆਂ ਦੇ ਮਾਸਟਰ (ਮੀਰ ਅਬੋਰ) ਦੇ ਔਹਦੇ

ਤੋਂ ਤਰੱਕੀ ਦੇ ਕੇ ਅਮੀਰ-ਉਲ ਉਮਰਾ ਅਰਥਾਤ ਸਰਦਾਰਾਂ ਦਾ ਸਰਦਾਰ ਬਣਾ ਦਿਤਾ। ਇਸ ਪਰਕਾਰ ਮਲਿਕਾ ਅਤੇ ਹਬਸ਼ੀ ਗੁਲਾਮ ਵਿਚਾਲੇ ਨਜ਼ਦੀਕੀ ਸੰਬੰਧ ਕਾਇਮ ਹੋਣੇ ਅਰੰਭ ਹੋਏ। ਮਲਕਾ ਜਦ ਸਵਾਰੀ ਕਰਨ ਲਗਦੀ, ਤਦ ਜਮਾਲ-ਉਦੀਨ ਆਪਣੀਆਂ ਬਾਹਵਾਂ ਨਾਲ ਚੁਕ ਕੇ ਉਸ ਨੂੰ ਘੋੜ ਉਤੇ ਸਵਾਰ ਕਰਾਉਂਦਾ। ਅਮੀਰਾਂ ਵਜ਼ੀਰਾਂ ਅੰਦਰ ਉਸ ਦੇ ਇਸ ਵਰਤਾਰੇ ਨੇ ਬੇਚੈਨੀ ਤੇ ਈਰਖਾ ਪੈਦਾ ਕਰ ਦਿਤੀ। ਰੋਜ਼ਾਨਾ ਇਨਾਮਾਂ ਤੇ ਰਿਆਇਤਾਂ ਦੀਆਂ ਬਖਸ਼ਿਸ਼ਾਂ ਨੇ ਬਲਦੀ ਉਤੇ ਤੇਲ ਪਾਇਆ ਉਹ ਉਹਨਾਂ ਆਜ਼ਾਦੀਆਂ ਤੇ ਖੁਲਾਂ ਤੋਂ ਵੀ ਸਾੜਾ ਕਰਨ ਲਗ ਪਏ ਜੋ ਮਲਕਾ ਵਲੋਂ ਹਬਸ਼ੀ ਗੁਲਾਮ ਨੂੰ ਪ੍ਰਾਪਤ ਹੋਇਆਂ।

## ਲਾਹੌਰੀ ਵਾਇਸਰਾਏ ਦਾ ਵਰਤਾਉ

ਸਭ ਤੋਂ ਪਹਿਲੇ ਲਾਹੌਰ ਦੇ ਵਾਇਸਰਾਏ ਮਲਿਕ ਕਬੀਰ ਨੇ ਆਪਣੀ ਬੇਚੈਨੀ ਪ੍ਰਗਟ ਕੀਤੀ। ਉਸ ਨੇ ਆਪਣੀ ਮਾਤਹਿਤੀ ਦਾ ਜੁਗਾ ਗਲੋਂ ਉਤਾਰ ਕੇ ਆਪਣੇ ਆਪ ਨੂੰ ਸੁਤੰਤਰ ਕਰ ਲਿਆ। ਮਲਿਕਾ ਰਜ਼ੀਆ ਨੇ ਫ਼ੌਜ ਲੈ ਕੇ ਉਸ ਤੇ ਚੜ੍ਹਾਈ ਕਰ ਦਿਤੀ ਅਤੇ ਉਸ ਨੂੰ ਹਾਰ ਦੇ ਕੇ ਈਨ ਮਨਾਈ। ਇਸ ਸਮੇਂ ਮਲਿਕਾ ਐਨਾ ਨਰਮ ਹੋ ਗਿਆ ਕਿ ਮਲਿਕਾ ਨੇ ਉਸ ਨੂੰ ਸਚਾ ਸਮਝ ਕੇ ਜਾਂ ਉਸ ਦਾ ਮਿਲ ਵਰਤਨ ਪ੍ਰਾਪਤ ਕਰਨ ਲਈ ਨਾ ਕੇਵਲ ਉਸ ਨੂੰ ਲਾਹੌਰ ਦੀ ਗਦੀ ਉਤੇ ਮੁੜ ਬਹਾਲ ਕਰ ਦਿਤਾ ਸਗੋਂ ਉਸ ਨੂੰ ਮੁਲਤਾਨ ਦੀ ਗਵਰਨਰੀ ਵੀ ਬਖਸ਼ੀ ਜੋ ਮਲਿਕ ਕਾਰਾਗੁਜ਼ ਨੇ ਖਾਲੀ ਕੀਤੀ ਸੀ।

## ਤੁਰਕੀ ਸਰਦਾਰ ਅਲਤੂਨੀਆ ਦੀ ਬਗਾਵਤ

ਏਸੇ ਹੀ ਸਾਲ ਤੁਰਕੀ ਸਰਦਾਰ ਮਲਿਕ ਅਲਤੂਨੀਆ ਗਵਰਨਰ ਭਟਿੰਡਾ (ਬਠਿੰਡਾ) ਨੇ ਬਗਾਵਤ ਕਰ ਦਿਤੀ। ਮਲਿਕਾ ਨੇ ਉਸ ਨਾਲ ਲੜਾਈ ਕੀਤੀ ਪਰ ਉਸ ਦੀ ਫ਼ੌਜ ਵਿਚ ਜਿਹੜੇ ਤੁਰਕੀ ਸਰਦਾਰ ਸਨ ਉਹਨਾਂ ਵੀ ਬਗਾਵਤ ਕਰ ਦਿਤੀ ਜਿਸ ਕਰਕੇ ਮਲਕਾ ਨੂੰ ਜੰਗ ਵਿਚ ਹਾਰ ਖਾਣੀ ਪਈ। ਇਸ ਲੜਾਈ ਵਿਚ ਉਸ ਦਾ ਹਬਸ਼ੀ ਆਸ਼ਕ ਵੀ ਮਾਰਿਆ ਗਿਆ। ਮਲਿਕਾ ਵੀ ਕੈਦ ਹੋ ਕੇ ਅਲਤੂਨੀਆਂ ਦੇ ਪੇਸ਼ ਹੋਈ ਜਿਸ ਨੇ ਉਸ ਨੂੰ ਭਟਿੰਡੇ ਦੇ ਕਿਲ੍ਹੇ ਵਿਚ ਨਜ਼ਰ ਬੰਦ ਕਰ ਦਿਤਾ।

## ਉਸ ਦੀ ਮਲਿਕਾ ਨਾਲ ਸ਼ਾਦੀ

ਤੁਰਕੀ ਅਫਸਰਾਂ ਨੇ ਮਲਿਕਾ ਦੇ ਭਾਈ ਬਹਿਰਾਮ ਨੂੰ ਜੋ ਸ਼ਮਸ-ਉਦੀਨ ਅਲਤਮਸ਼ ਦਾ ਪੁਤ੍ਰ ਸੀ ਗਦੀ ਨਸ਼ੀਨ ਕਰ ਦਿਤਾ। ਇਸ ਦੇ ਥੋੜੇ ਹੀ ਚਿਰ ਮਗਰੋਂ ਅਲਤੂਨੀਆਂ ਨੇ ਮਲਕਾ ਨਾਲ ਸ਼ਾਦੀ ਕਰ ਲਈ। ਮਲਕਾ ਨੇ ਗਖੜ, ਜਾਟਾਂ ਦੀ ਫ਼ੌਜ ਤਿਆਰ ਕਰ ਕੇ ਦਿਲੀ ਉਪਰ ਧਾਵਾ ਬੋਲਿਆ। ਦਿਲੀ ਦੇ ਪਾਸ ਬੜੀ ਸਖਤ ਲੜਾਈ ਹੋਈ ਜਿਸ ਵਿਚ ਮਲਿਕਾ ਹਾਰ ਖਾ ਕੇ ਭਟਿੰਡੇ ਨਸ ਗਈ।

## ਮਲਕਾ ਨੂੰ ਹਾਰ

ਮਲਕਾ ਨੇ ਖਿੰਡਰੀ ਪੁੰਡਰੀ ਫੌਜ ਨੂੰ ਜਮਾਂ ਕਰ ਕੇ ਮੁੜ ਦਿਲੀ ਉਤੇ ਧਾਵਾ ਬੋਲਿਆ, ਪਰ ੨੪ ਅਕਤੂਬਰ ੧੨੩੯ ਈਸਵੀ ਵਿਚ ਉਸ ਨੂੰ ਮੁੜ ਕੈਥਲ ਦੇ ਅਸਥਾਨ ਤੇ ਹਾਰ ਦਾ ਮੂੰਹ ਵੇਖਣਾ ਪਿਆ। ਇਸ ਲੜਾਈ ਵਿਚ ਮਲਕਾ ਤੇ ਉਸ ਦਾ ਪਤੀ ਦੋਵੇਂ ਹੀ ਕੈਦ ਹੋ ਗਏ।

## ੧੨੩੯ ਈ: ਵਿਚ ਮੌਤ

ਇਸੇ ਸਾਲ ਦੇ ਨਵੰਬਰ ਦੇ ਮਹੀਨੇ ਵਿਚ ਮਲਕਾ ਕਤਲ ਕੀਤੀ ਗਈ। ਉਸ ਨੇ ਕੇਵਲ ਸਾਢੇ ਤਿੰਨ ਸਾਲ ਤੀਕ ਰਾਜ ਕੀਤਾ।

## ਮੁਈਜ਼-ਉਦੀਨ ਬਹਿਰਾਮ ਸ਼ਾਹ

## ਬਹਿਰਾਮ ਸ਼ਾਹ ਭਰਾਤਾ ਰਜ਼ੀਆ ਦੀ ਤਖਤ-ਨਸ਼ੀਨੀ ੧੨੩੯ ਈ:

ਜਿਸ ਸਮੇਂ ਸੁਲਤਾਨਾਂ ਰਜ਼ੀਆ ਬੇਗਮ ਬਠਿੰਡੇ ਦੇ ਕਿਲ੍ਹੇ ਵਿਚ ਨਜ਼ਰਬੰਦ ਸੀ। ਬਹਿਰਾਮ ਸ਼ਾਹ ੨੧ ਅਪ੍ਰੈਲ ੧੨੩੯ ਈਸਵੀ ਨੂੰ ਗੱਦੀਨਸ਼ੀਨ ਹੋਇਆ। ਮਲਿਕ ਨਾਰਾਗੁਜ਼ ਨੂੰ ਮੁੜ ਲਾਹੌਰ ਦਾ ਵਾਇਸਰਾਏ ਥਾਪਿਆ ਗਿਆ। ਇਸ ਬਾਦਸ਼ਾਹ ਦੇ ਰਾਜ ਵਿਚ ਸਲਤਨਤ ਦੇ ਅੰਦਰ ਬੇਚੈਨੀ ਤੇ ਮਦ-ਭੇਦ ਪੈਦਾ ਹੋ ਗਏ। ਇਸ ਤੋਂ ਛੁਟ ਬਾਹਰੀ ਹਮਲੇ ਦਾ ਵੀ ਜ਼ਬਰਦਸਤ ਖਤਰਾ ਪੈਦਾ ਹੋ ਗਿਆ।

## ਪੰਜਾਬ ਵਿਚ ਮੁਗਲਾਂ ਦਾ ਦਾਖਲਾ ੧੨੪੧ ਈ:

ਇਹ ਉਹ ਸਮਾਂ ਸੀ ਜਦ ਮਹਾਨ ਵਡੇ ਲੀਡਰ ਚੰਗੇਜ਼ ਖਾਂ ਦੇ ਟਿਡੀ ਦਲ ਲਸ਼ਕਰ ਮਧ ਏਸ਼ੀਆ ਦੇ ਦੇਸਾਂ ਉਪਰ ਛਾ ਚੁਕੇ ਸਨ। ਉਹਦੇ ਦਲ ਪੰਜਾਬ ਵਿਚ ਵੀ ਆਣ ਦਾਖਲ ਹੋਏ। ਉਹ ਜਿਥੇ ਜਿਥੇ ਵੀ ਗਏ, ਤਲਵਾਰ ਤੇ ਅੱਗ ਨਾਲ ਲੈਂਦੇ ਗਏ। ਗਜ਼ਨੀ ਤੋਂ ਚਲ ਕੇ ਉਹਨਾਂ ਨੇ ੨੨ ਨਵੰਬਰ ੧੨੪੧ ਈਸਵੀ ਨੂੰ ਲਾਹੌਰ ਉਤੇ ਆ ਅਧਿਕਾਰ ਜਮਾਇਆ।

## ਮੁਗਲਾਂ ਨੇ ਲਾਹੌਰ ਲੁਟਣਾ

ਲਾਹੌਰ ਦੇ ਵਾਇਸਰਾਏ ਨੇ ਵੇਖਿਆ ਕਿ ਉਸ ਦੀਆਂ ਫੌਜਾਂ ਅੰਦਰ ਬਗਾਵਤ ਫੈਲ ਚੁਕੀ ਹੈ ਇਸ ਲਈ ਉਹ ਰਾਤ ਦੇ ਹਨੇਰੇ ਦਾ ਲਾਭ ਉਠਾ ਕੇ ਨੱਸ ਗਿਆ। ਇਹ ਹਾਲ ਵੇਖ ਕੇ ਮੁਗਲਾਂ ਨੇ ਲਾਹੌਰ ਸ਼ਹਿਰ ਵਿਚ ਬੇਤਹਾਸ਼ਾ ਲੁਟ ਮਾਰ ਮਚਾ ਦਿਤੀ ਅਤੇ ਹਜ਼ਾਰਾਂ ਵਸਨੀਕਾਂ ਨੂੰ ਕੈਦ ਕਰ ਕੇ ਲੈ ਗਏ। ਬਾਦਸ਼ਾਹ ਨੂੰ ਇਸ ਤਬਾਹੀ ਦਾ ਪਤਾ ਲਗਾ ਤਾਂ ਉਸ ਨੇ ਵਜ਼ੀਰ ਅਖਤਿਆਰ ਖਾਂ ਨੂੰ ਫੌਜ ਦੇ ਕੇ ਹਮਲਾਆਵਰਾਂ ਨੂੰ ਦੇਸ ਵਿਚੋਂ ਨਠਾਉਣ ਲਈ ਭੇਜਿਆ, ਪਰ ਉਸ ਦੇ ਪੰਜਾਬ ਪਹੁੰਚਣ ਤੋਂ ਪਹਿਲੇ ਹੀ ਹਮਲਾਆਵਰ ਸ਼ਹਿਰ ਵਿਚ ਪੂਰਨ ਤਬਾਹੀ ਮਚਾ ਕੇ ਅਤੇ ਲੁਟ ਮਾਰ ਕਰ ਕੇ ਜਾ ਚੁਕੇ ਸਨ।

## ਬਾਦਸ਼ਾਹ ਦੀ ਕੈਦ ਤੇ ਮੌਤ ੧੨੪੧ ਈ:

ਇਸ ਸਮੇਂ ਵਿਚਕਾਰ ਵਜ਼ੀਰ ਨੇ ਬਗਾਵਤ ਖੜੀ ਕਰ ਦਿਤੀ ਪਰ ਬਾਦਸ਼ਾਹ ਵਿਰੁਧ ਸਾਜਸ਼ ਕਰਕੇ ਉਸ ਨੂੰ ਤਖਤੋਂ ਉਤਾਰਕੇ ਕੈਦ ਕਰ ਲਿਆ। ਕੈਦ ਵਿਚ ਹੀ ਬਾਦਸ਼ਾਹ ਨੂੰ ੧੨੪੧ ਈ: ਨੂੰ ਕਤਲ ਕੀਤਾ ਗਿਆ ਉਸ ਨੇ ਦੋ ਸਾਲ ਤੋਂ ਵੀ ਥੋੜਾ ਸਮਾਂ ਰਾਜ ਕੀਤਾ।

## ਅਲਾਉਦੀਨ ਮਸੂਦ

## ਅਲਾਉਦੀਨ ਮਸੂਦ ਦਾ ਰਾਜ ਤਿਲਕ

ਮੁਈਜ਼ ਉਦੀਨ ਬਹਿਰਾਮਸ਼ਾਹ ਦੀ ਥਾਂ ਅਲਾ ਉਦੀਨ ਮਸੂਦ ਸਪੁਤ੍ਰ ਰੁਕਨ-ਉਦੀਨ ਫ਼ਿਰੋਜ਼ ਗਦੀ ਨਸ਼ੀਨ ਹੋਇਆ। ਉਸ ਦੇ ਰਾਜ

ਸਮੇਂ ਪੰਜਾਬ ਉਤੇ ਮੁਗਲਾਂ ਨੇ ਕੰਧਾਰ ਤੇ ਤਾਲੀਖਾਨ ਵਲੋਂ ਮੰਗੂ ਖਾਂ ਦੀ ਕਮਾਨ ਹੇਠ ਹਮਲਾ ਕੀਤਾ। ਮੁਗਲ ਫ਼ੌਜਾਂ ਸਿੰਧ ਤੀਕ ਅਗੇ ਵਧ ਆਈਆਂ ਅਤੇ ਉਹਨਾਂ ਨੇ ਉਚ ਸ਼ਹਿਰ ਦਾ ਘੇਰਾ ਘਤ ਲਿਆ। ਬਾਦਸ਼ਾਹ ਨੇ ਫ਼ੌਜਾਂ ਦੀ ਕਮਾਨ ਆਪਣੇ ਹਥ ਵਿਚ ਲਈ ਅਤੇ ਵੈਰੀ ਦੇ ਟਾਕਰੇ ਲਈ ਕੂਚ ਬੋਲਿਆ। ਉਹ ਆਪਣੀਆਂ ਫ਼ੌਜਾਂ ਲੈ ਕੇ ਬਿਆਸ ਤੀਕ ਅਪੜਿਆ ਤਦ ਉਸ ਨੂੰ ਪਤਾ ਲਗਾ ਕਿ ਵੈਰੀ ਨੂੰ ਉਥੋਂ ਦੇ ਸਥਾਨਕ ਹਾਕਮਾਂ ਨੇ ਹੀ ਪਿਛੇ ਨਸਾ ਦਿਤਾ ਹੈ। ਮੈਦਾਨ ਖਾਲੀ ਵੇਖਕੇ ਉਹ ਵੀ ਆਪਣੀ ਰਾਜਧਾਨੀ ਨੂੰ ਵਾਪਸ ਮੜ ਗਿਆ। ਉਸ ਦੇ ਦਿਲੀ ਪੁਜਣ ਤੇ ਬਾਦਸ਼ਾਹ ਰਾਗ ਰੰਗ ਵਿਚ ਪੈ ਗਿਆ ਅਤੇ ਰਾਜ ਕਾਜ ਦੇ ਕੰਮ ਵਲੋਂ ਅਣਗਹਿਲੀ ਵਰਤਨ ਲਗਾ। ਬਰਦਾਰੀ ਤੇਕਰਮਚਾਰੀ ਉਸ ਦੀਆਂ ਵਧੀਕੀਆਂ ਤੇ ਜ਼ੁਲਮਾਂ ਤੋਂ ਤੰਗ ਆ ਹਏ।

## ਨਸੀਰ-ਉਦੀਨ ਨੇ ਤਖਤੋਂ ਲਾਹਕੇ ਨਜ਼ਰ ਬੰਦ ਕੀਤਾ ੧੨੪੬ ਈ:

ਉਸ ਦੇ ਜ਼ੁਲਮਾਂ ਤੋਂ ਤੰਗ ਆਏ ਹੋਏ ਦਰਬਾਰੀਆਂ ਨੇ ਉਸ ਦੇ ਚਾਚੇ ਨਸੀਰ-ਉਦੀਨ ਨੂੰ ਭੜਾਇਚ ਵਿਚੋਂ ਸਦ ਭੇਜਿਆ ਕਿ ਉਹ ਆ ਕੇ ਤਾਜਤਖਤ ਸਾਂਭ ਲਏ। ਨਸੀਰ-ਉਦੀਨ ਨੇ ਦਿਲੀ ਪਹੁੰਚ ਕੇ ਡਿਠਾ ਕਿ ਮੂਰਖ ਬਾਦਸ਼ਾਹ ਨੂੰ ਉਹਨਾਂ ਲੋਕਾਂ ਨੇ ਪਹਿਲੇ ਹੀ ਗਦੀ ਤੋਂ ਲਾਹਕੇ ਕੈਦ ਕਰ ਰਖਿਆ। ਚਾਰ ਸਾਲ ਤੇ ਇਕ ਮਹੀਨਾ ਰਾਜ ਕਰਨ ਮਗਰੋਂ ਉਹ ਕੈਦ ਵਿਚ ਹੀ ਮਰ ਗਿਆ।

## ਨਸੀਰ-ਉਦੀਨ ਮਹਿਮੂਦ

## ਨਸੀਰ-ਉਦੀਨ ਦੀ ਦਿਲੀ ਵਿਚ ਗਦੀ ਨਸ਼ੀਨੀ ੧੨੪੬ ਈ:

ਨਸੀਰ-ਉਦੀਨ ੧੦ ਜੂਨ ੧੨੪੬ ਈ: ਨੂੰ ਦਿਲੀ ਦੇ ਸਿੰਘਾਸਨ ਉਤੇ ਬੈਠਾ। ਉਹ ਸ਼ਮਸ-ਉਦੀਨ ਅਲਤਮਸ਼ ਦਾ ਸਭ ਤੋਂ ਛੋਟਾ ਪੁਤ੍ਰ ਸੀ ਜਿਸ ਨੂੰ ਉਸਦੇ ਬਾਪ ਨੇ ਬੰਗਾਲ ਦਾ ਵਾਇਸਰਾਏ ਨਿਯਤ ਕਰ ਰਖਿਆ ਸੀ ਪਰ ਆਪਣੇ ਪਿਤਾ ਦੀ ਮੌਤ ਸਮੇਂ ਜ਼ਾਲਮ ਮਲਕਾ ਸ਼ਾਹ ਤੁਰਕਾਂਨ ਨੇ ਕੈਦ ਵਿਚ ਪਾ ਦਿਤਾ ਅਤੇ ਉਹ ਸ਼ਾਹ ਮਸੂਦ ਦੇ ਤਖਤ ਉਪਰ ਬੈਠਣ ਤੀਕ ਨਜ਼ਰ ਬੰਦ ਹੀ ਰਿਹਾ। ਪਿਛੋਂ ਸ਼ਾਹ ਮਸੂਦ ਨੇ ਉਸ ਨੂੰ ਭੜਾਇਚ ਦਾ ਗਵਾਰਨਰ ਥਾਪ ਦਿਤਾ ਸੀ।

## ਗਿਆਸ-ਉਦੀਨ ਬਲਬਨ ਵਜ਼ੀਰ ਬਣਿਆ

ਗੱਦੀ ਨਸ਼ੀਨ ਹੋ ਕੇ ਨਸੀਰ-ਉਦੀਨ ਨੇ ਮਲਿਕ ਗਿਆਸ ਉਦੀਨ ਨੂੰ ਨਾਲੇ ਤੇ ਆਪਣਾ ਵਜ਼ੀਰ ਥਾਪਿਆ ਨਾਲੇ ਉਸ ਨੂੰ ਅਲਾਘ ਖਾਂ ਦਾ ਖਤਾਬ ਬਖਸ਼ਿਆ। ਬਲਬਨ ਅਸਲ ਵਿਚ ਸ਼ਮਸ ਉਦੀਨ ਅਲਤਮਸ਼ ਦਾ ਇਕ ਗੁਲਾਮ ਸੀ ਜਿਸ ਨਾਲ ਬਾਦਸ਼ਾਹ ਨੇ ਪਿਛੋਂ ਆਪਣੀ ਲੜਕੀ ਦੀ ਸ਼ਾਦੀ ਕਰ ਦਿਤੀ ਸੀ।

## ਸ਼ੇਰ ਖਾਂ ਗਵਰਨਰ ਪੰਜਾਬ

ਗਿਆਸ ਉਦੀਨ ਦੇ ਭਤੀਜੇ ਸ਼ੇਰ ਖਾਂ ਨੂੰ ਵੀ ਮੁਆਜ਼ਮ ਖਾਂ ਦਾ ਖਿਤਾਬ ਦੇ ਕੇ ਪੰਜਾਬ ਦਾ ਗਵਰਨਰ ਥਾਪ ਦਿਤਾ। ਇਸ ਤੋਂ ਛੁਟ ਉਸ ਨੂੰ ਮੁਲਤਾਨ ਭਟਨੇਰ ਤੇ ਸਿਰਹਿੰਦ ਦਾ ਵੀ ਗਵਰਨਰ ਥਾਪ ਦਿਤਾ ਤੇ ਇਹ ਸਭ ਇਲਾਕੇ ਪੰਜਾਬ ਦੇ ਮਾਤਹਿਤ ਕਰ ਦਿਤੇ ਸ਼ੇਰ ਖਾਂ ਆਪਣੇ ਸਮੇਂ ਦੇ ਪ੍ਰਸਿਧ ਲੋਕਾਂ ਵਿਚੋਂ ਸੀ। ਉਸ ਵਿਚ ਸ਼ਾਹ-ਜ਼ਾਦਿਆਂ ਦੇ ਸਾਰੇ ਗੁਣ ਸਨ। ਮੈਦਾਨਿ ਜੰਗ ਵਿਚ ਉਹ ਸੁਘੜ ਇਕ ਸਿਪਾਹੀ ਅਤੇ ਦਰਬਾਰ ਵਿਚ ਸਿਆਣਾ ਸਲਾਹ ਕਾਰ ਦਰਬਾਰੀ ਸੀ ਉਸ ਨੇ ਭਟਨੇਰ ਤੇ ਸਰਹਿੰਦ ਦੇ ਕਿਲੇ ਨਵੇਂ ਸਿਰੇ ਉਸਾਰ ਲਏ ਅਤੇ ਮੁਗਲਾਂ ਦੀ ਆਵਾ ਜਾਈ ਦੀ ਨਿਗਰਾਨੀ ਕਰਨ ਲਈ ਇਕ ਵਖਰੀ ਫੌਜ ਖੜੀ ਕਰ ਲਈ ਕਿਉਂਕਿ ਹੁਣ ਤੀਕ ਮੁਗਲ ਗਜ਼ਨੀ ਕਾਬਲ, ਕੰਧਾਰ; ਬਲਖ ਤੇ ਹਰਾਤ ਉਤੇ ਅਧਿਕਾਰ ਜਮਾ ਚੁਕੇ ਸਨ।

## ਗਖੜਾਂ ਦੀ ਸੋਧ ੧੨੪੭ ਈਸਵੀ

ਜੁਲਾਈ ੧੨੪੭ ਈਸਵੀ ਵਿਚ ਬਾਦਸ਼ਾਹ ਨੇ ਆਪ ਫੌਜ ਲੈ ਕੇ ਮੁਲਤਾਨ ਵਲੋ ਕੂਚ ਬੋਲਿਆਂ ਅਤੇ ਦਰਿਆਂ ਸਿੰਧ ਦੇ ਕਿਨਾਰੇ ਕਿੰਨਾ ਚਿਰ ਤੀਕ ਡੇਰੇ ਲਾਈ ਰਖੇ। ਇਸ ਦੇ ਮਗਰੋਂ ਉਸ ਨੇ ਸਿੰਧ ਦਾ ਰੁਖ ਕੀਤਾ ਤਾਂ ਜੋ ਗਖੜਾਂ ਨੂੰ ਸੋਧੇ ਜੋ ਹਮਲੇ ਕਰਦੇ ਰਹਿੰਦੇ ਸਨ। ਇਸ ਤੋਂ ਛੁਟ ਉਹਨਾਂ ਨੇ ਮੁਗਲਾਂ ਦੇ ਪੰਜਾਬ ਵਿਚ ਦਾਖਲੇ ਸਮੇਂ ਉਹਨਾਂ ਦੀ ਸਹਾਇਤਾ ਵੀ ਕੀਤੀ ਸੀ। ਬਾਦਸ਼ਾਹ ਨੇ ਹਰ ਉਮਰ ਦੇ ਇਸਤ੍ਰੀ ਤੇ ਮਰਦ ਗਖੜਾਂ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਫੜ ਕੇ ਕੈਦ ਕਰ ਲਿਆ ਤੇ ਵਾਪਸੀ ਸਮੇਂ ਆਪਣੇ ਨਾਲ ਦਿਲੀ ਲੈ ਗਿਆ।

## ਬਾਦਸ਼ਾਹ ਦੀ ਮੁਲਤਾਨ ਉਪਰ ਚੜ੍ਹਾਈ ੧੨੪੮ ਈਸਵੀ

ਸੰਨ ੧੨੪੮ ਈਸਵੀ ਵਿਚ ਨਸੀਰ ਉਦੀਨ ਨੇ ਆਪਣੇ ਵਜ਼ੀਰ ਗਿਆਸ ਉਦੀਨ ਬਲਬਨ ਦੀ ਬੇਟੀ ਨਾਲ ਸ਼ਾਦੀ ਕਰ ਲਈ ਅਤੇ ਇਸ ਦੇ ਦੂਜੇ ਹੀ ਸਾਲ ਉਸ ਨੇ ਫੌਜ ਲੈ ਕੇ ਮੁਲਤਾਨ ਉਪਰ ਚੜ੍ਹਾਈ ਕਰ ਦਿਤੀ। ਲਾਹੌਰ ਦਾ ਵਾਇਸਰਾਏ ਸ਼ੇਰ ਖਾਂ ਜੋ ਵਜ਼ੀਰ ਦਾ ਭਤੀਜਾ ਸੀ ਉਹ ਵੀ ੨੦ ਹਜ਼ਾਰ ਘੋੜ ਸਵਾਰਾਂ ਦੀ ਫੌਜ ਲੈ ਕੇ ਦਰਿਆ ਬਿਆਸ ਉਤੇ ਉਸ ਨੂੰ ਆਣ ਮਿਲਿਆ।

## ਗਜ਼ਨੀ ਦਾ ਦਿਲੀ ਰਾਜ ਨਾਲ ਮੇਲ ੧੨੫੦ ਈ.

ਬਾਦਸ਼ਾਹ ਕੁਝ ਦਿਨ ਮੁਲਤਾਨ ਵਿਚ ਹੀ ਰਿਹਾ ਤੇ ਫੇਰ ਫੇਜ਼ ਉਦੀਨ ਬਲਬਨ ਨੂੰ ਨਾਗੌਰ ਤੇ ਉਚ ਦਾ ਗਵਰਨਰ ਥਾਪ ਕੇ ਤੇ ਉਹਨਾਂ ਇਲਾਕਿਆਂ ਵਿਚ ਅਮਨ ਕਾਇਮ ਕਰ ਕੇ ਦਿਲੀ ਮੁੜ ਆਇਆ। ਸੰਨ ੧੨੫੦ ਈਸਵੀ ਵਿਚ ਲਾਹੌਰ ਦੇ ਦਾਨੇ ਵਾਇਸਰਾਏ ਸ਼ੇਰ ਖਾਂ ਨੇ ਫੌਜ ਤਿਆਰ ਕਰ ਕੇ ਗਜ਼ਨੀ ਵਲ ਧਾਵਾ ਬੋਲਿਆ ਅਤੇ ਉਸ ਨੂੰ ਇਕ ਵਾਰ ਫੇਰ ਦਿਲੀ ਦੇ ਰਾਜ ਵਿਚ ਸ਼ਾਮਲ ਕਰ ਲਿਆ। ਉਸ ਨੇ ਮੁਗਲਾਂ ਨੂੰ ਉਥੋਂ ਬਾਹਰ ਕਢ ਦਿਤਾ ਅਤੇ ਨਸੀਰ ਉਦੀਨ ਦੇ ਨਾਮ ਦਾ ਸਿਕਾ ਚਲਾਇਆ। ਉਸ ਸਾਰੇ ਸੂਬੇ ਵਿਚ ਉਹੋ ਹੀ ਬਾਦਸ਼ਾਹ ਮੰਨਿਆ ਜਾਣ ਲਗ ਪਿਆ। ਇਸ ਦੇ ਦੋ ਸਾਲ ਮਗਰੋਂ ਉਸ ਨੇ ਫੇਰ ਮੁਲਤਾਨ ਉਪਰ ਚੜ੍ਹਾਈ ਕੀਤੀ, ਜਿਥੇ ਕਿ ਸਿੰਧ ਦੇ ਬਾਗੀਆਂ ਨੇ ਕਈ ਕਿਲ੍ਹੇ ਆਪਣੇ ਕਬਜ਼ੇ ਵਿਚ ਕਰ ਲਏ ਸਨ। ਬਗਾਵਤ ਦਬਾ ਦਿਤੀ ਗਈ ਅਤੇ ਮੁਲਤਾਲ ਦੀ ਰਾਜਧਾਨੀ ਅਰਸੁਲਾ ਖਾਂ ਦੇ ਸਪੁਰਦ ਕੀਤੀ ਗਈ। ਸੰਨ ੧੨੫੭ ਦੇ ਅੰਤਲੇ ਭਾਗ ਵਿਚ ਇਕ ਮੁਗਲ ਫੌਜ ਨੇ ਦਰਿਆ ਸਿੰਧ ਪਾਰ ਕਰ ਕੇ ਪੰਜਾਬ ਵਿਚ ਹਮਲੇ ਕਰਨੇ ਸ਼ੁਰੂ ਕਰ ਦਿਤੇ। ਇਸ ਤੇ ਬਾਦਸ਼ਾਹ ਨੇ ਮੁਗਲ ਫੌਜ ਵਿਰੁਧ ਕੂਚ ਬੋਲਿਆ। ਮੁਗਲਾਂ ਨੇ ਜਦ ਬਾਦਸ਼ਾਹ ਦੀ ਚੜ੍ਹਾਈ ਦੀ ਖਬਰ ਸੁਣੀ ਤਦ ਉਹ ਵਾਪਸ ਮੁੜ ਗਏ।

## ਹਲਾਕੂ ਖਾਂ ਦੇ ਰਾਜਦੂਤ ਦਾ ਆਉਣਾ ੧੨੫੮ ਈ.

ਪ੍ਰਸਿਧ ਤਾਤਰੀ ਚੰਗੇਜ਼ ਖਾਂ ਦੇ ਪੋਤੇ ਹਲਾਕੂ ਖਾਂ ਦੇ ਦਰਬਾਰ ਵਲੋਂ ਮਾਰਚ ੧੨੫੮ ਈਸਵੀ ਵਿਚ ਪੰਜਾਬ ਅੰਦਰ ਇਕ ਰਾਜ ਦੂਤ ਆਇਆ। ਉਹ ਰਾਜਦੂਤ ਦਿਲੀ ਪੁਜਾ ਤਾਂ ਉਥੇ ਉਸ ਦਾ ਬੜਾ ਹੀ ਸ਼ਾਨਦਾਰ ਸੁਵਾਗਤ ਕੀਤਾ ਗਿਆ।

Sri Satguru Jagjit Singh Ji eLibrary NamdhariElibrary@gmail.com

## ਸ਼ਹਿਨਸ਼ਾਹ ਦੀ ਮੌਤ ੧੨੬੬ ਈ.

ਸੰਨ ੧੨੬੪ ਈਸਵੀ ਵਿਚ ਸ਼ਹਿਨਸ਼ਾਹ ਬੀਮਾਰ ਹੋ ਗਿਆ। ਅਤੇ ਮੁਦਤ ਤੀਕ ਅਜੀਹਾ ਰਗੜ ਰਗੜ ਕੇ ੧੮ ਫਰਵਰੀ ੧੨੬੬ ਈਸਵੀ ਨੂੰ ੨੦ ਸਾਲ ਤੀਕ ਰਾਜ ਕਰਨ ਮਗਰੋਂ ਚਲਾਣਾ ਕਰ ਗਏ।

## ਉਸ ਦਾ ਚਲਨ

ਨਸੀਰ ਉਦੀਨ ਮਹਿਮੂਦ ਹਿੰਦੁਸਤਾਨ ਦਾ ਸਭ ਤੋਂ ਵਧ ਯੋਗ ਹਮਦਰਦ ਤੇ ਸਖੀ ਬਾਦਸ਼ਾਹ ਹੋਇਆ ਹੈ। ਉਸ ਦਾ ਸੁਭਾ ਬੜਾ ਹੀ ਸਾਦਾ ਸੀ। ਉਹਨੂੰ ਜ਼ਾਹਰੀ ਨੁਮਾਇਸ਼ ਤੋਂ ਵੀ ਸਖਤ ਨਫਰਤ ਸੀ। ਤਾਤਾਰੀ ਬਾਦਸ਼ਾਹ ਹਲਾਕੂ ਖਾਂ ਦਾ ਸਫੀਰ ਜਦ ਦਿਲੀ ਪੁਜਾ ਤਦ ਏਸ਼ੀਆ ਦੇ ੨੫ ਰਾਜੇ ਤੇ ਬਾਦਸ਼ਾਹ ਦਰਬਾਰ ਵਿਚ ਹਾਜ਼ਰ ਸਨ। ਇਹਨਾਂ ਨਾਲ ਬੇਅੰਤ ਅਮਲਾ ਫੈਲਾ ਵੀ ਸੀ ਤੇ ਇਹ ਸਭ ਚੰਗੇਜ਼ ਖਾਂ ਦੀਆਂ ਫੌਜਾਂ ਤੋਂ ਰਖਿਆ ਪ੍ਰਾਪਤ ਕਰਨ ਲਈ ਦਿਲੀ ਆਏ ਹੋਏ ਸਨ ਇਹਨਾਂ ਤੋਂ ਛੁਟ ਬਹੁਤ ਸਾਰੇ ਬਾਜਗੁਜ਼ਾਰ ਹਿੰਦੀ ਰਾਜੇ ਵੀ ਸ਼ਾਹੀ ਤਖਤ ਸਾਹਵੇਂ ਹਥ ਜੋੜੀ ਖੜੇ ਸਨ। ਇਹੋ ਜਿਹੀ ਸ਼ਾਨੋ-ਸ਼ੌਕਤ ਵਿਚਾਲੇ ਬਾਦਸ਼ਾਹ ਸਾਦਾ ਪੁਸ਼ਾਕ ਵਿਚ ਸਿੰਘਾਸਨ ਉਤੇ ਬੈਠਾ ਸੀ। ਜਦੋਂ ਇਹੋ ਬਾਦਸ਼ਾਹ ਨਜ਼ਰਬੰਦ ਸੀ, ਉਹ ਕੁਰਾਨ ਲਿਖ ਕੇ ਆਪਣਾ ਨਿਰਬਾਹ ਕਰਦਾ ਸੀ ਅਤੇ ਉਸ ਨੇ ਸ਼ਾਹੀ ਖਜ਼ਾਨੇ ਵਿਚੋਂ ਅਲਾਉਂਸ ਲੈਣ ਤੋਂ ਵੀ ਇਨਕਾਰ ਕਰ ਦਿਤਾ ਸੀ। ਉਹ ਆਖਦਾ ਹੁੰਦਾ ਸੀ ਜਿਹੜਾ ਮਨੁਖ ਇਹ ਵੀ ਨਹੀਂ ਜਾਣਦਾ ਕਿ ਰੋਜ਼ੀ ਕਿਵੇਂ ਕਮਾਈ ਜਾਂਦੀ ਹੈ, ਉਸ ਨੂੰ ਰਿਜ਼ਕ ਖਾਣ ਦਾ ਕੋਈ ਹੱਕ ਨਹੀਂ। ਤਖਤ ਉਤੇ ਬੈਠਣ ਮਗਰੋਂ ਵੀ ਉਹ ਆਪਣੀ ਰੋਜ਼ੀ ਲਈ ਕੁਰਾਨ ਦੀਆਂ ਬੀੜਾਂ ਆਪਣੇ ਹੱਥ ਨਾਲ ਲਿਖਦਾ ਸੀ। ਆਪਣੇ ਵਡਿਆਂ ਦੇ ਰਿਵਾਜ ਦੇ ਉਲਟ ਉਹਨੇ ਆਪਣੇ ਹਰਮ ਨੂੰ ਬੇਗਮਾਂ ਬਾਂਦੀਆਂ ਨਾਲ ਨਹੀਂ ਸੀ ਭਰ ਰਖਿਆ। ਉਸ ਦੀ ਕੇਵਲ ਇਕੋ ਪਤਨੀ (ਮਲਕਾ) ਸੀ। ਜਿਸ ਨੂੰ ਘਰ ਦਾ ਸਾਰਾ ਕੰਮ ਕਾਜ ਆਪ ਹੀ ਕਰਨਾ ਪੈਂਦਾ ਸੀ।

## ਉਸ ਦੇ ਜ਼ਾਤੀ ਗੁਣ

ਇਕ ਮੌਕੇ ਉਤੇ ਬਾਦਸ਼ਾਹ ਦੀ ਪਤਨੀ ਨੇ ਸ਼ਕਾਇਤ ਕੀਤੀ ਕਿ ਰੋਟੀ ਪਕਾਉਂਦਿਆਂ ਉਸ ਦੀ ਉਂਗਲ ਜਲ ਗਈ ਹੈ, ਇਸ ਲਈ ਉਸ ਨੂੰ ਇਕ ਨੌਕਰਾਣੀ ਕੰਮ ਕਾਰ ਲਈ ਦਿਤੀ ਜਾਵੇ। ਬਾਦਸ਼ਾਹ ਨੇ ਉਸ ਨੂੰ ਹੌਸਲਾ ਤੇ ਸੱਬਰ ਕਰਨ ਦਾ ਉਪਦੇਸ਼ ਦਿਤਾ ਤੇ ਆਖਿਆ, ਇਸ ਦਾ ਸਵਾਬ (ਬਦਲਾ) ਉਸ ਨੂੰ ਕਿਆਮਤ ਦੇ ਦਿਨ ਮਿਲੇਗਾ। ਫੇਰ ਆਖਿਆ, ਸਰਕਾਰੀ ਧਨ ਰੱਬ ਵਲੋਂ ਸਾਨੂੰ ਅਮਾਨਤ ਮਿਲਿਆ ਹੋਇਆ ਹੈ। ਇਹ ਖੁਦਾ ਦੇ ਬੰਦਿਆਂ ਤੇ ਹੀ ਖਰਚ ਕਰਨ ਲਈ ਹੈ ਤੇ ਇਸ ਅਮਾਨਤ ਨੂੰ ਮੈਂ ਬੇ ਲੋੜੇ ਕੰਮਾਂ ਉਤੇ ਖਰਚ ਨਹੀਂ ਕਰ ਸਕਦਾ।

ਇਕ ਵੇਰ ਇਕ ਦਰਬਾਰੀ ਅਮੀਰ ਬਾਦਸ਼ਾਹ ਦੇ ਹੱਥ ਦੀ ਲਿਖੀ ਹੋਈ ਕੁਰਾਨ ਦੀ ਕਾਪੀ ਬਾਦਸ਼ਾਹ ਦੇ ਹਜ਼ੂਰ ਵੇਖ ਰਿਹਾ ਸੀ। ਉਸ ਨੇ ਇਕ ਥਾਂ ਤੇ ਹੱਥ ਰਖ ਕੇ ਆਖਿਆ, ਇਹ ਹਰਫ ਦੋ ਵਾਰ ਲਿਖਿਆ ਗਿਆ ਹੈ। ਬਾਦਸ਼ਾਹ ਉਸ ਨੂੰ ਵੇਖ ਕੇ ਮੁਸਕ੍ਰਾਇਆ ਅਤੇ ਉਸ ਹਰਫ ਦੇ ਉਦਾਲੇ ਗੋਲ ਘੇਰਾ ਵਾਹ ਦਿਤਾ। ਜਦ ਉਹ ਦਰਬਾਰੀ ਦਰਬਾਰ ਵਿਚੋਂ ਚਲਾ ਗਿਆ ਤਦ ਬਾਦਸ਼ਾਹ ਨੇ ਉਸ ਦਾਇਰੇ ਨੂੰ ਮੇਟਣਾ ਸ਼ੁਰੂ ਕਰ ਦਿਤਾ। ਪਾਸ ਖਲੋਤੇ ਇਕ ਅਮੀਰ ਨੇ ਐਸਾ ਕਰਨ ਦਾ ਕਾਰਨ ਪੁਛਿਆ, ਤਦ ਬਾਦਸ਼ਾਹ ਨੇ ਉਤਰ ਦਿਤਾ, "ਮੈਨੂੰ ਪਤਾ ਸੀ ਕਿ ਹਰਫ ਅਸਲ ਵਿਚ ਠੀਕ ਹੈ ਪਰ ਮੈਂ ਜਾਤਾ ਇਸ ਨੂੰ ਕਾਗਜ਼ ਉਤੋਂ ਉਡਾ ਦੇਣਾ ਚੰਗਾ ਸੀ, ਪਰ ਗਰੀਬ ਆਦਮੀ ਨੂੰ ਸ਼ਰਮਿੰਦਾ ਕਰ ਕੇ ਉਸ ਦਾ ਦਿਲ ਦੁਖਾਉਣਾ ਯੋਗ ਨਹੀਂ। ਇਹ ਉਸਦੇ ਅਨੇਕਾਂ ਜ਼ਾਤੀ ਗੁਣਾਂ ਵਿਚੋਂ ਕੇਵਲ ਥੋੜੇ ਜਿਹੇ ਉਦਾਹਰਨ ਮਾਤਰ ਹਨ।

## ਉਸਦਾ ਸਰਕਾਰੀ ਵਿਹਾਰ

ਭਾਵੇਂ ਬਤੌਰ ਬਾਦਸ਼ਾਹ ਦੇ ਉਹ ਕਰੜੇ ਹਥਾਂ ਨਾਲ ਰਾਜ ਕਰਦਾ ਸੀ, ਉਸ ਵਿਚ ਜੋਸ਼ ਤੇ ਬਹਾਦਰੀ ਦੀ ਵੀ ਕੋਈ ਘਾਟ ਨਹੀਂ ਸੀ, ਜੋ ਕਿ ਬਾਦਸ਼ਾਹ ਦਾ ਲੁੜੀਂਦਾ ਗੁਣ ਹੈ। ਇਸ ਦੇ ਸਬੂਤ ਵਜੋਂ ਉਸ ਦੀਆਂ ਉਹ ਅਨੇਕਾਂ ਜਿਤਾਂ ਪੇਸ਼ ਕੀਤੀਆਂ ਜਾਂ ਸਕਦੀਆਂ ਹਨ ਜੋ ਉਸ ਨੇ ਆਪਣੇ ਰਾਜ ਦੀ ਉਤਰ ਪਛਮੀ ਸਰਹਦ ਵਿਚ ਪ੍ਰਾਪਤ ਕੀਤੀਆਂ ਜਾਂ ਉਸ ਨੂੰ ਹਿੰਦ ਦੀਆਂ ਹਿੰਦੂ ਰਿਆਸਤਾਂ ਵਿਰੁਧ ਹਾਸਲ ਹੋਈਆਂ ਤੇ ਜਿਨ੍ਹਾਂ ਦਾ ਵਿਸਥਾਰ ਸਹਿਤ ਹਾਲ ਇਥੇ ਲਿਖਣ ਦੀ ਗੁੰਜਾਇਸ਼ ਨਹੀਂ। ਤਬਾਕਤੀ ਨਸੀਰੀ ਜੋ ਨਸੀਰ-ਉਦੀਨ ਦੇ ਨਾਮ ਉਤੇ ਭੇਂਟਾ ਕੀਤੀ ਗਈ। ਮਿਨਹਾਜ ਉਸ ਸਰਾਜ ਜੁਰਜਾਨੀ ਨੇ ਉਸੇ ਰਾਜ ਸਮੇਂ ਸੰਚਿਤ ਕੀਤਾ ਸੀ।

## ਗਿਆਸ਼-ਉਦੀਨ ਬਲਬਨ

## ਗਿਆਸ-ਉਦੀਨ ਦਾ ਆਰੰਭ ਹਾਲ

ਗਿਆਸ-ਉਦੀਨ ਆਪਣੇ ਸਮੇਂ ਦੇ ਅਨੇਕਾਂ ਵਡੇ ਆਦਮੀਆਂ ਵਾਂਗ ਅਸਲ ਵਿਚ ਤੁਰਕੀ ਗੁਲਾਮ (ਦਾਸ) ਸੀ। ਉਹ ਕਾਰਾ ਖਾਤਾ ਦਾ ਰਹਿਣ ਵਾਲਾ ਅਤੇ ਅਲਬੇਰੀ ਕਬੀਲੇ ਨਾਲ ਸੰਬੰਧਤ ਸੀ। ਬਸਰੇ ਦੇ ਖਵਾਜਾ ਜਮਾਲ-ਉਦੀਨ ਨੇ ਉਸ ਨੂੰ ਬਗਦਾਦ ਵਿਚੋਂ ਖਰੀਦਿਆ ਤੇ ਦਿੱਲੀ ਲੈ ਆਇਆ ਜਿਥੇ ਉਸ ਨੂੰ ਸ਼ਮਸ ਉਦੀਨ ਅਲਤਮਸ਼ ਪਾਸ ਵੇਚ ਦਿਤਾ। ਸਭ ਤੋਂ ਪਹਿਲੇ ਉਸ ਨੂੰ ਸ਼ਾਹੀ ਬਾਜ਼ਾਂ ਦਾ ਦਰੋਗਾ ਥਾਪਿਆ ਗਿਆ ਕਿਉਂਕਿ ਉਹ ਇਸ ਕੰਮ ਦਾ ਬੜਾ ਮਾਹਰ ਸੀ ਉਸ ਨੇ ਆਪਣੀ ਵਫਾਦਾਰੀ ਤੇ ਕੰਮ ਦੀ ਹੁਸ਼ਿਆਰੀ ਸਦਕਾ ਸ਼ਾਹੀ ਮਾਲਕ ਨੂੰ ਰਿਝਾ ਲਿਆ, ਜਿਸ ਤੇ ਉਸ ਨੂੰ ਦਰਬਾਰੀ ਥਾਪਿਆ ਗਿਆ। ਰੁਕਨਉਦੀਨ ਫਿਰੋਜ਼ ਦੇ ਰਾਜ ਸਮੇਂ ਉਸ ਨੇ ਪੰਜਾਬ ਦਾ ਰਾਜ ਪ੍ਰਬੰਧ ਬੜੀ ਸੁਘੜਤਾ ਨਾਲ ਕੀਤਾ ਜਿਸ ਤੇ ਉਸ ਨੂੰ ਅਲਾ-ਉਦੀਨ ਮਸੂਦ ਦੇ ਅਹਿਦ ਵਿਚ ਅਮੀਰ ਹਜੀਬ ਥਾਪਿਆ ਗਿਆ। ਫਿਰ ਨਸੀਰ ਉਦੀਨ ਮਹਿਮੂਦ ਦੇ ਰਾਜ ਸਮੇਂ ਉਹ ਮਹਾਂ-ਮੰਤਰੀ ਥਾਪਿਆ ਗਿਆ।

## ਸ਼ਹਿਨਸ਼ਾਹ ਦਾ ਲਾਹੌਰ ਆਉਣਾ ੧੨੬੬ ਈ:

ਬੰਗਾਲ ਦੇ ਝਗੜੇ ਨਜਿਠਣ ਮਗਰੋਂ ਬਾਦਸ਼ਾਹ ੧੨੬੬ ਈ: ਵਿਚ ਪਹਿਲੀ ਵਾਰ ਲਾਹੌਰ ਆਇਆ। ਮੁਗਲਾਂ ਦੇ ਹਮਲਿਆਂ ਨਾਲ ਇਸ ਸ਼ਹਿਰ ਨੂੰ ਬਹੁਤ ਹਾਨੀ ਪੁਜੀ ਸੀ। ਬਾਦਸ਼ਾਹ ਨੇ ਹੁਕਮ ਦਿਤਾ ਕਿ ਸ਼ਹਿਰ ਦੀ ਰਖਿਆ ਦਾ ਤੁਰਤ ਬੰਦੋ ਬਸਤ ਕੀਤਾ ਜਾਏ ਤੇ ਸ਼ਹਿਰ ਦੀਆਂ ਕੰਧਾਂ ਦੀ ਨਵੀਂ ਮੁਰਮਤ ਕਰਾਈ ਜਾਏ। ਏਥੇ ਕੁਛ ਹੋਰ ਸਰਕਾਰੀ ਇਮਾਰਤਾਂ ਉਸਾਰਨ ਮਗਰੋਂ ਬਾਦਸ਼ਾਹ ਦਿਲੀ ਨੂੰ ਵਾਪਸ ਮੁੜਿਆ।

## ਸ਼ੇਰ ਖਾਂ ਦੀ ਮੌਤ

ਅਗਲੇ ਸਾਲ ੧੨੬੭ ਈਸਵੀ ਵਿਚ ਲਾਹੌਰ ਦਾ ਉਦਮੀ ਵਾਇਸਰਾਏ ਸ਼ੇਰ ਖਾਂ ਜਿਸ ਨੇ ਮੁਗਲਾਂ ਦੇ ਹਮਲੇ ਬੜੀ ਯੋਗਤਾ ਨਾਲ ਰੋਕੇ ਸਨ, ਚਲਾਣਾ ਕਰ ਗਿਆ। ਉਸ ਨੂੰ ਭਟਨੇਰ ਵਿਚ ਇਕ ਸ਼ਾਨਦਾਰ ਮਕਬਰੇ ਅੰਦਰ ਦਫਨਾਇਆ ਗਿਆ, ਜੋ ਉਸ ਨੇ ਆਪ ਹੀ ਏਸੇ ਮਤਲਬ ਲਈ ਆਪਣੀ ਜਿੰਦਗੀ ਵਿਚ ਬਣਵਾਇਆ ਸੀ।

Sri Satguru Jagjit Singh Ji eLibrary NamdhariElibrary@gmail.com

## ਸ਼ਾਹਜ਼ਾਦ ਮੁਹੰਮਦ ਪੰਜਾਬ ਦਾ ਵਾਇਸਰਾਏ

ਸਹਿਨਸ਼ਾਹ ਨੇ ਆਪਣੇ ਸਭ ਤੋਂ ਵਡੇ ਪੁਤਰ ਤੇ ਤਖ਼ਤ ਦੇ ਵਾਰਸ ਸ਼ਾਹਜ਼ਾਦਾ ਮੁਹੰਮਦ ਉਰਫ਼ ਤਾਜ ਉਲ ਮਲਕ ਨੂੰ ਸ਼ੇਰ ਖ਼ਾਂ ਦਾ ਜਾਨਸ਼ੀਨ ਨਿਯਤ ਕੀਤਾ । ਇਹ ਨੌਜਵਾਨ ਸ਼ਾਹਜ਼ਾਦਾ ਅਕਲਵੰਦ ਤੇ ਸਾਹਿਤ ਦਾ ਬੜਾ ਪ੍ਰੇਮੀ ਸੀ। ਉਹ ਆਪ ਵੀ ਫ਼ਾਰਸੀ ਤੇ ਅਰਬੀ ਦਾ ਬੜਾ ਵਡਾ ਵਿਦਵਾਨ ਸੀ । ਲਾਹੌਰ ਵਿਚ ਆਪਣਾ ਦਰਬਾਰ ਨਿਯਤ ਕਰਕੇ ਉਹ ਹਿੰਦੁਸਤਾਨ ਦੀ ਰਾਜਧਾਨੀ ਵਿਚੋਂ ਚੋਣਵੇਂ ਆਲਮ ਫ਼ਾਜ਼ਲ ਵੀ ਨਾਲ ਲੈ ਆਇਆ ਅਤੇ ਉਹਨਾਂ ਵਿਚ ਸ਼ਾਹਜ਼ਾਦੇ ਦਾ ਹਰਮਨ ਪਿਆਰਾ ਉਸਤਾਦ ਅਮੀਰ ਖ਼ੁਸਰੋ ਸ਼ਾਹੀ ਕਵੀ ਅਤੇ ਖ਼ਵਾਜ਼ਾ ਹਸਨ ਵਰਗੀਆਂ ਹਸਤੀਆਂ ਵੀ ਸ਼ਾਮਲ ਸਨ । ਉਸ ਜ਼ਮਾਨੇ ਦਾ ਸਭ ਤੋਂ ਵਡਾ ਆਲਮ ਸ਼ੇਖ਼ ਉਸਮਾਨ ਤੁਰਮੁਜ਼ੀ ਵੀ ਲਾਹੌਰ ਆਇਆ ਜੋ ਕੁਝ ਸਮਾਂ ਏਥੇ ਠਹਿਰਕੇ ਆਪਣੇ ਵਤਨ ਤੂਰਾਨ ਨੂੰ ਵਾਪਸ ਚਲਾ ਗਿਆ ।

## ਲਾਹੌਰ ਇਤਿਹਾਸਕਾਰਾਂ ਤੇ ਆਲਮਾਂ ਦੀ ਸੈਰ ਗਾਹ

ਫ਼ਰਿਸ਼ਤਾ ਲਿਖਦਾ ਹੈ ਕਿ ਇਕ ਦਿਨ ਖ਼ਵਾਜ਼ਾ ਆਪਣੀਆਂ ਨਜ਼ਮਾਂ (ਕਵਿਤਾ) ਆਲਮਾਂ ਦੇ ਇਕਠ ਵਿਚ ਆਰਬੀ ਵਿਚ ਪੜ੍ਹ ਰਿਹਾ ਸੀ । ਇਸ ਜਲਸੇ ਦੀ ਪ੍ਰਧਾਨਗੀ ਖ਼ੁਦ ਸ਼ਾਹਜ਼ਾਦਾ ਕਰ ਰਿਹਾ ਸੀ । ਇਹ ਨਜ਼ਮ ਐਨੀ ਚੰਗੀ ਸੀ ਕਿ ਓਥੇ ਹਜ਼ਾਰਾਂ ਕਵੀ ਤੋਂ ਬੜੇ ਪ੍ਰਭਾਵਤ ਹੋਏ । ਕਵਿਤਾ ਸੁਣ ਕੇ ਇਸ ਆਲਮ ਸ਼ਾਹਜ਼ਾਦੇ ਦੀਆਂ ਅਖਾਂ ਵਿਚੋਂ ਵੀ ਹੰਝੂ ਚਲ ਪਏ। ਮੁਲਤਾਨ ਵਿਚ ਰਿਹਾ । ਇਸ ਦੇ ਦੌਰਾਨ ਵਿਚ ਸ਼ਾਹਜ਼ਾਦੇ ਨੇ ਸ਼ੀਰਾਜ਼ ਦੇ ਪ੍ਰਸਿਧ ਲਿਖਾਰੀ ਸ਼ੇਖ਼ ਸਾਅਦੀ ਨੂੰ ਆਪਣੇ ਦਰਬਾਰ ਵਿਚ ਦੋ ਵਾਰ ਸਦਾਵਾਇਆ ਪਰ ਉਹ ਬੁਢਾਪੇ ਦੇ ਕਾਰਨ ਹਾਜ਼ਰ ਨ ਹੋ ਸਕਿਆ । ਬੜੀਆਂ ਲਗਾਤਾਰ ਦਰਖ਼ਾਸਤਾਂ ਮਗਰੋਂ ਉਸ ਨੇ ਕੇਵਲ ਉਹ ਸੁਗ਼ਾਤਾਂ ਪਰਵਾਨ ਕੀਤੀਆਂ ਜੋ ਉਸ ਨੂੰ ਭੇਜੀਆਂ ਗਈਆਂ ਸਨ । ਇਸ ਦੇ ਬਦਲੇ ਵਿਚ ਸ਼ੇਖ਼ ਸਾਅਦੀ ਨੇ ਉਸ ਨੂੰ ਆਪਣੀ ਲਿਖਤ ਦੇ ਉਤਾਰੇ ਭੇਜੇ ਅਤੇ ਖ਼ੁਸਰੋ ਦੀ ਯੋਗਤਾ ਤੇ ਵਿਦਵਤਾ ਦੀ ਵੀ ਬੜੀ ਪ੍ਰਸੰਸਾ ਕੀਤੀ ।

ਸ਼ਹਿਨਸ਼ਾਹ ਦੇ ਹੁਕਮ ਨਾਲ ਉਸ ਦੇ ਸਭ ਤੋਂ ਛੋਟੇ ਲੜਕੇ ਕਾਰਾ ਖ਼ਾਂ ਅਰਥਾਤ ਨਸੀਰ ਉਦੀਨ ਨੇ ਨਾਲੇ ਤੇ ਮੁਗ਼ਲਾਂ ਦੀ ਆਵਾ-ਜਾਈ ਦੀ ਨਿਗਰਾਨੀ ਕਰਨ ਲਈ ਫ਼ੌਜ ਭਰਤੀ ਤੇ ਜਥੇਬੰਦ ਕੀਤੀ ਤੇ ਨਾਲੇ ਦਰਿਆ ਬਿਆਸ ਉਪਰ ਇਕ ਐਸਾ ਮਿਲਨ-ਅਸਥਾਨ ਬਣਾਇਆ ਜਿਥੇ ਦੋਵੇਂ ਸ਼ਾਹਜ਼ਾਦੇ ਮਿਲ ਸਕਣ ਅਤੇ ਵੈਰੀ ਨੂੰ ਬਾਹਰ ਕਢਣ ਲਈ ਸ਼ਾਹੀ ਫ਼ੌਜਾਂ ਨਾਲ ਸ਼ਾਮਲ ਹੋ ਸਕਣ । ਇਹ ਬਾਦਸ਼ਾਹ ਆਪਣੀ ਰਾਜਧਾਨੀ ਤੋਂ ਤਿੰਨ ਸਾਲ ਤੀਕ ਬਾਹਰ ਰਿਹਾ ਕਿਉਂਕਿ ੧੨੭੯ ਈਸਵੀ ਵਿਚ ਬੰਗਾਲ ਵਿਚ ਬੜੀ ਵਡੀ ਬਗ਼ਾਵਤ ਉਠ ਖੜੀ ਹੋਈ ਸੀ । ਇਸ ਸਮੇਂ ਵਿਚ ਵਾਇਸਰਾਏ ਤੁਗਰਲ ਖ਼ਾਂ ਨੇ ਬਾਦਸ਼ਾਹ ਦਾ ਖ਼ਿਤਾਬ ਧਾਰਨ ਕਰ ਲਿਆ । ਬਗ਼ਾਵਤ ਨੂੰ ਦਬਾ ਦੇਣ ਮਗਰੋਂ ਸ਼ਹਿਨਸ਼ਾਹ ਦਿਲੀ ਵਾਪਸ ਮੁੜ ਆਇਆ, ਜਿਥੇ ਸ਼ਾਹਜ਼ਾਦਾ ਮੁਹੰਮਦ ਨੇ ਉਸ ਨਾਲ ਮੁਲਾਕਾਤ ਕੀਤੀ ।

## ਮੁਲਤਾਨ ਵਿਚੋਂ ਮੁਗ਼ਲਾਂ ਦਾ ਨਿਕਾਸ

ਅਜੇ ਉਸ ਨੂੰ ਆਪਣੇ ਪਿਤਾ ਨਾਲ ਰਹਿੰਦਿਆਂ ਤਿੰਨ ਮਹੀਨੇ ਹੀ ਹੋਏ ਸਨ ਕਿ ਉਸ ਨੂੰ ਮੁਲਤਾਨ ਉਪਰ ਮੁਗ਼ਲਾਂ ਦੇ ਹਮਲੇ ਦੀ ਖ਼ਬਰ ਪੁਜੀ । ਇਸ ਤੇ ਉਹ ਛੇਤੀ ਛੇਤੀ ਮੁਲਤਾਨ ਵਾਪਸ ਪੁਜਾ ਉਸਨ ਝਟ ਪਟ ਵੈਰੀ ਵਿਰੁਧ ਹਲਾ ਬੋਲਿਆ ਅਤੇ ਮੁਗ਼ਲਾਂ ਨੂੰ ਹਾਰ ਦੇ ਕੇ ਤੇ ਉਹਨਾਂ ਦਾ ਕਤਲੇ-ਆਮ ਕਰਕੇ ਉਹਨਾਂ ਨੂੰ ਸ਼ਹਿਰ ਵਿਚੋਂ ਬਾਹਰ ਕਢ ਦਿਤਾ । ਇਸ ਤਰ੍ਹਾਂ ਉਸਨੇ ਉਹਨਾਂ ਪਾਸੋਂ ਸਾਰਾ ਇਲਾਕਾ ਮੁੜ ਵਾਪਸ ਲੈ ਲਿਆ ।

## ਤੈਮੂਰ ਦਾ ਪੰਜਾਬ ਉਤੇ ਹਲਾ ੧੨੫੯ ਈ:

ਪਰ ਪੰਜਾਬ ਦੀ ਕਿਸਮਤ ਵਿਚ ਅਜੇ ਇਕ ਹੋਰ ਤਬਾਹੀ ਲਿਖੀ ਸੀ । ਈਰਾਨ ਵਿਚ ਉਸ ਸਮੇਂ ਐਬਕ ਖ਼ਾਨ ਦਾ ਪੁਤ੍ਰ ਅਤੇ ਉਹ ਹਲਾਖ਼ੂ ਖ਼ਾਂ ਦਾ ਪੋਤਾ ਜਿਸ ਨੇ ੧੨੫੮ ਈ. ਵਿਚ ਐਡੀ ਵਡੀ ਸਲਤਨਤ ਫ਼ਤਹ ਕੀਤੀ ਸੀ, ਰਾਜ ਕਰਦਾ ਸੀ । ਉਸ ਦਾ ਪੂਰਾ ਨਾਂ ਅਰਘਨ ਖ਼ਾਨ ਸੀ । ਖ਼ੁਰਾਸਾਨ ਤੋਂ ਸਿੰਧ ਤੀਕ ਦੇ ਈਰਾਨ ਦੇ ਸੂਬਿਆਂ ਉਪਰ ਚੰਗੇਜ਼ ਖ਼ਾਂ ਦੇ ਖ਼ਾਨਦਾਨ ਦੇ ਤੈਮੂਰ ਖ਼ਾਂ() ਨਾਮੀ ਵਿਅਕਤੀ ਦਾ ਰਾਜ ਸੀ । ਉਹ ੨੦ ਹਜ਼ਾਰ ਫ਼ੌਜ ਲੈ ਕੇ ਪੰਜਾਬ ਉਪਰ ਚੜ੍ਹ ਆਇਆ ਤਾਂ ਜੁ ਉਸ ਕਤਲੇ-ਆਮ ਦਾ ਬਦਲਾ ਲਏ ਜੋ ਪਿਛਲੇ ਸਾਲ ਮੁਗ਼ਲਾਂ ਦਾ ਹੋਇਆ ਸੀ । ਉਸ ਨੇ ਦੀਪਾਲ ਪੁਰ ਤੋਂ ਲਾਹੌਰ ਦੇ ਇਰਦ ਗਿਰਦ ਦਾ ਸਾਰਾ ਦੇਸ਼ ਲੁਟ ਪੁਟ ਕੇ ਤਬਾਹ ਕਰ ਦਿਤਾ ਅਤੇ ਪਿੰਡਾਂ ਦੇ ਪਿੰਡ ਉਜਾੜ ਦਿਤੇ । ਉਸ ਵੇਲੇ ਲਾਹੌਰ ਦੇ ਵਾਇਸਰਾਏ ਦਾ ਦਰਬਾਰ ਮੁਲਤਾਨ ਵਿਚ ਲਗਦਾ ਸੀ । ਇਹਨਾਂ ਹਲਿਆਂ ਦੀ ਖ਼ਬਰ ਸੁਣ ਕੇ ਮੁਹੰਮਦ ਨੇ ਲਾਹੌਰ ਵਲ ਕੂਚ ਬੋਲਿਆ ਅਤੇ ਲੜਾਈ ਲਈ ਜ਼ਬਰਦਸਤ ਤਿਆਰੀ ਕਰ ਲਈ । ਜਦ ਤੈਮੂਰ ਖ਼ਾਂ ਮਾਰੋ ਮਾਰ ਕਰਦਾ ਹੋਇਆ ਰਾਵੀ ਉਤੇ ਅਪੜਿਆ ਤਦ ਉਸ ਨੇ ਡਿਠਾ ਕਿ ਰਾਵੀ ਦੇ ਦੂਜੇ ਪਾਸੇ ਹਿੰਦੀ ਫ਼ੌਜਾਂ ਦੇ ਟਿਡੀਦਲ ਉਤਰੇ ਹੋਏ ਹਨ । ਸ਼ੇਰ-ਦਿਲ ਮੁਹੰਮਦ ਉਸ ਪ੍ਰਸਿਧ ਮੁਗ਼ਲ ਸਰਦਾਰ ਨਾਲ ਸਾਹਮਣੇ ਹੋ ਕੇ ਦੋ ਹਥ ਕਰਨਾ ਚਾਹੁੰਦਾ ਸੀ ਇਸ ਲਈ ਉਸ ਨੇ ਉਹਨੂੰ ਦਰਿਆ ਪਾਰ ਕਰ ਲੈਣ ਦੀ ਖੁਲ੍ਹ ਦਿਤੀ ਤੇ ਕੋਈ ਰੋਕ ਨ ਪਾਈ ।

## ਮੁਗ਼ਲਾਂ ਦੀ ਹਾਰ

ਦਰਿਆ ਦੇ ਕੰਢੇ ਉਪਰ ਦੋਵੇਂ ਫ਼ੌਜਾਂ ਜੰਗ ਲਈ ਆਹਮਣੇ ਸਾਹਮਣੇ ਡਟ ਗਈਆਂ ਤੇ ਲੜਾਈ ਸ਼ੁਰੂ ਹੋ ਗਈ । ਇਸ ਜੰਗ ਵਿਚ ਦੋਵਾਂ ਪਾਸਿਆਂ ਦੇ ਜਰਨੈਲਾਂ ਨੇ ਆਪਣੀ ਆਪਣੀ ਬਹਾਦਰੀ ਦੇ ਜੌਹਰ ਵਿਖਾਏ । ਹਿੰਦੀ ਫ਼ੌਜਾਂ ਨੇ ਉਹਨਾਂ ਦਾ ਦੂਰ ਤੀਕ ਪਿਛਾ ਕੀਤਾ । ਸ਼ਾਹਜ਼ਾਦਾ ਮੁਹੰਮਦ ਜਦ ਪਿਛਾ ਕਰਦਾ ਕਰਦਾ ਥਕ ਗਿਆ ਤਦ ਉਹ ਆਪਣੀ ਫ਼ੌਜ ਨਾਲੋਂ ਪੰਜ ਸੌ ਮੁਲਾਜ਼ਮਾਂ ਸਮੇਤ ਵਖ ਹੋ ਗਿਆ ਉਹਨੇ ਦਰਿਆ ਦੇ ਕੰਢੇ ਉਤੇ ਹੀ ਡੇਰਾ ਲਾ ਦਿਤਾ ਅਤੇ ਆਪ ਨਮਾਜ਼ ਵਿਚ ਜੁਟ ਗਿਆ ਠੀਕ ਇਸ ਮੌਕੇ ਉਪਰ ਇਕ ਮੁਗ਼ਲ ਸਰਦਾਰ ਜੋ ਪਾਸ ਦੇ ਜੰਗਲ ਵਿਚ ਦੋ ਹਜ਼ਾਰ ਸਵਾਰਾਂ ਸਮੇਤ ਲੁਕਿਆ ਬੈਠਾ ਸੀ ਅਚਾਨਕ ਸ਼ਾਹਜ਼ਾਦੇ ਦੇ ਦਸਤੇ ਉਤੇ ਅਚਾਨਕ ਝਪਟ ਕੇ ਪਿਆ । ਸ਼ਾਹਜ਼ਾਦੇ ਦਾ ਇਹ ਦਸਤਾ ਉਸ ਸਮੇਂ ਲੜਾਈ ਲਈ ਤਿਆਰ ਨਹੀਂ ਸੀ ।

## ਵਲੀ ਅਹਿਦ ਦੀ ਮੌਤ

ਸਮੇਂ ਦੀ ਨਜ਼ਾਕਤ ਵੇਖ ਕੇ ਸ਼ੇਰ-ਦਿਲ ਸ਼ਾਹਜ਼ਾਦਾ ਤੁਰਤ ਆਪਣੇ ਘੋੜੇ ਉਪਰ ਸਵਾਰ ਹੋ ਗਿਆ ਤੇ ਉਸ ਨੇ ਆਪਣੇ ਨਿਕੇ ਜਿਹੇ ਦਸਤੇ ਨੂੰ ਵੀ ਜੰਗ ਵਿਚ ਕੁਦਣ ਦਾ ਹੁਕਮ ਦੇ ਦਿਤਾ ਇਥੇ ਦੋਵਾਂ ਧਿਰਾਂ ਵਿਚਾਲੇ ਬੜੀ ਭਿਆਨਕ ਲੜਾਈ ਲੜੀ ਗਈ ਜਿਸ ਵਿਚ ਸ਼ਾਹਜ਼ਾਦਾ ਬਹੁਤੇ ਵੈਰੀਆਂ ਵਿਚ ਘਿਰ ਗਿਆ ਤੇ ਬੁਰੀ ਤਰ੍ਹਾਂ ਫਟੜ ਹੋ ਕੇ ਘੋੜੇ

---

()ਇਹ ਮਨੁਖ ਗੋਰਕਾਨ ਦਾ ਉਹ ਅਮੀਰ ਤੈਮੂਰ ਨਹੀਂ ਜੋ ਤਿਮਰ ਲਿੰਗ ਕਰ ਕਰ ਕੇ ਪਰਸਿਧ ਹੈ ।

Sri Satguru Jagjit Singh Ji eLibrary NamdhariElibrary@gmail.com

ਤੋਂ ਡਿਗ ਪਿਆ । ਇਸ ਲੜਾਈ ਵਿਚ ਉਸ ਦਲੇਰ ਸੂਰਮੇ ਨੇ ਤਿੰਨ ਵਾਰ ਮੁਗਲ ਫੌਜਾਂ ਨੂੰ ਨਸਾਇਆ ਪਰ ਇਸ ਵਾਰ ਫਟ ਸਖਤ ਕਾਰੀ ਲਗੇ ਸਨ ਜਿਨ੍ਹਾਂ ਦੇ ਕਾਰਨ ਉਹ ਉਥੇ ਹੀ ਮਰ ਗਿਆ। ਏਨੇ ਚਿਰ ਨੂੰ ਇਕ ਹਿੰਦੀ ਫੌਜ ਵੀ ਉਹਨਾਂ ਦੀ ਸਹਾਇਤਾ ਲਈ ਆ ਗਈ ਪਰ ਹੁਣ ਵਕਤ ਹਥੋਂ ਨਿਕਲ ਚੁਕਾ ਸੀ। ਉਹ ਹਿੰਦੀ ਫੌਜ ਆਪਣੇ ਲੀਡਰ ਨੂੰ ਬਚਾ ਨ ਸਕੀ। ਇਸ ਲੜਾਈ ਵਿਚ ਮੁਗਲਾਂ ਦੇ ਹਥ ਕਈ ਸਿਪਾਹੀ ਕੈਦ ਹੋਏ । ਸ਼ਾਹਜ਼ਾਦੇ ਦਾ ਉਸਤਾਦ ਅਮੀਰ ਖੁਸਰੋ ਵੀ ਇਹਨਾਂ ਬਚੇ ਲੋਕਾਂ ਵਿਚ ਹੀ ਸੀ। ਉਸ ਨੇ ਆਪਣੀ ਪ੍ਰਸਿਧ ਨਜ਼ਮ (ਕਵਤਾ) ਖਿਜ਼ਰ ਖਾਣੀ ਵਿਚ ਉਹ ਹਾਲ ਲੇਖਣੀ ਅੰਕਿਤ ਕੀਤੇ ਹਨ ਜਿਵੇਂ ਕਿ ਉਸ ਨੇ ਰਿਹਾਈ ਪ੍ਰਾਪਤ ਕੀਤੀ।

## ਸ਼ਹਿਨਸ਼ਾਹ ਦਾ ਪੋਤਾ ਕੈ ਖੁਸਰੋ ਪੰਜਾਬ ਦਾ ਗਵਰਨਰ ਬਣਿਆ

ਆਪਣੇ ਪਿਆਰੇ ਬੇਟੇ ਦੀ ਮੌਤ ਦੀ ਖਬਰ ਨੇ ਬੁਢੇ ਬਾਦਸ਼ਾਹ ਦਾ ਲਕ ਤੋੜ ਦਿਤਾ । ਉਸ ਦੀ ਉਮਰ ਇਸ ਸਮੇਂ ੮੦ ਸਾਲ ਦੀ ਹੋ ਚੁਕੀ ਸੀ । ਉਹ ਇਸ ਕਰੜੀ ਸਟ ਨੂੰ ਸਹਾਰ ਨਾ ਸਕਿਆ। ਉਸ ਨੇ ਸੁਵਰਗੀ ਸ਼ਾਹਜ਼ਾਦੇ ਦੇ ਬੇਟੇ ਤੇ ਆਪਣੇ ਪੋਤੇ ਕੈ ਖੁਸਰੋਂ ਨੂੰ ਆਪਣੇ ਪਾਸ ਬੁਲਾਇਆ ਅਤੇ ਉਸ ਨੂੰ ਲਾਹੌਰ ਤੇ ਮੁਲਤਾਨ ਦੀ ਕਮਾਨ ਦੇ ਕੇ ਆਪਣੇ ਸੁਵਰਗੀ ਪਿਤਾ ਦੀ ਥਾਂ ਭੇਜ ਦਿਤਾ। ਇਸ ਦੇ ਥੋੜੇ ਦਿਨ ਮਗਰੋਂ ਹੀ ੨੨ ਸਾਲ ਰਾਜ ਕਰ ਕੇ ਇਹ ਸ਼ਹਿਨਸ਼ਾਹ ਸੰਨ ੧੨੮੬ ਈਸਵੀ ਵਿਚ ਚਲਾਣਾ ਕਰ ਗਿਆ।

## ਉਸ ਦੇ ਸਮੇਂ ਦੇ ਆਲਮ ਤੇ ਸੰਤ

ਗਿਆਸ ਉਦੀਨ ਬਲਬਨ ਦੇ ਰਾਜ ਸਮੇਂ ਦਿਲੀ ਵਿਦਿਆ ਹੁਨਰ ਤੇ ਸਾਹਿਤ ਦਾ ਵਡਾ ਕੇਂਦਰ ਬਣ ਗਿਆ ਅਤੇ ਇਹ ਸ਼ਹਿਰ ਆਲਮਾਂ ਫਾਜ਼ਲਾਂ ਅਤੇ ਸੰਤਾਂ ਫਕੀਰਾਂ ਲਈ ਸੈਰਗਾਹ ਮੰਨਿਆ ਜਾਣ ਲਗਾ। ਏਸ਼ੇ ਦੇ ਰਾਜ ਸਮੇਂ ਹੀ ਪ੍ਰਸਿਧ ਸ਼ੇਖ ਫਰੀਦ ਉਦੀਨ ਮਾਸੂਦ ਸ਼ਕਰ ਗੰਜ, ਸ਼ੇਖ ਬਹਾ ਉਦੀਨ ਜ਼ਕਰੀਆ, ਸ਼ੇਖ ਬਦਰ ਉਦੀਨ ਆਰਿਫ਼ ਗਜ਼ਨਵੀ, ਬਜ਼ੁਰਗ ਖਵਾਜਾ ਕੁਤਬ ਉਦੀਨ ਬਖਤਿਆਰ ਕੂਕੀ ਪ੍ਰਸਿਧ ਸੰਤ ਅਤੇ ਸ਼ੀਦੀ ਮੌਲਾ ਵਰਗੀਆਂ ਉਚ ਹਸਤੀਆਂ ਹੋਈਆਂ ਹਨ।

## ਦਰਬਾਰੀ ਆਦਾਬ

ਸਵਰਗੀ ਸ਼ਹਿਨਸ਼ਾਹ ਦਾ ਦਰਬਾਰ ਏਸ਼ੀਆ ਵਿਚ ਸਭ ਤੋਂ ਵਧ ਸ਼ਾਨਦਾਰ ਤੇ ਪੁਰ ਜਲਾਲ ਸੀ। ਉਸ ਦੇ ੨੨ ਸਾਲਾ ਰਾਜ ਸਮੇਂ ਉਸ ਨੇ ਕਿਸੇ ਐਸੀ ਵਿਅਕਤੀ ਨੂੰ ਸਰਕਾਰੀ ਨੌਕਰੀ ਵਿਚ ਨਾ ਲਿਆ ਜਿਹੜਾ ਗੁਣਵਾਨ ਤੇ ਉਚ ਘਰਾਣੇ ਦਾ ਨਾ ਹੋਵੇ। ਨੀਵੀਆਂ ਕੁਲਾਂ ਦੇ ਆਦਮੀਆਂ ਨੂੰ ਉਸ ਨੇ ਆਪਣੇ ਦਰਬਾਰ ਦੇ ਨੇੜੇ ਵੀ ਨਾ ਢੁਕਣ ਦਿਤਾ। ਪੰਦਰਾਂ ਤੋਂ ਵਧ ਏਸ਼ੀਆ ਦੇ ਉਹ ਬਾਦਸ਼ਾਹ ਜਿਨ੍ਹਾਂ ਨੂੰ ਚੰਗੇਜ਼ੀ ਫੌਜਾਂ ਨੇ ਬੇ-ਮੁਲਕ ਕਰ ਦਿਤਾ ਸੀ। ਉਸ ਦੇ ਦਰਬਾਰ ਵਿਚ ਪਨਾਹੀ ਬਣ ਕੇ ਰਹਿੰਦੇ ਸਨ। ਉਹਨਾਂ ਸਭਨਾਂ ਨੂੰ ਯੋਗ ਅਮਲਾ ਫੈਲਾ ਰਖਣ ਦੀ ਸਹੂਲਤ ਪ੍ਰਾਪਤ ਸੀ ਜਿਸ ਸਮੇਂ ਬਾਦਸ਼ਾਹ ਤਖਤ ਉਤੇ ਬੈਠ ਕੇ ਦਰਬਾਰ ਲਾਉਂਦਾ। ਉਹ ਸਾਰੇ ਬਾਦਸ਼ਾਹ ਤੇ ਰਾਜੇ ਆਪੋ ਆਪਣੇ ਮੁਰਾਤਬੇ ਦੇ ਅਨੁਸਾਰ ਉਸ ਦੇ ਸਜੇ ਖਬੇ ਖੜੇ ਹੁੰਦੇ ਸਨ—ਸਿਵਾਏ ਓ ਦੇ, ਜਿਹੜੇ ਖਲੀਫਾ ਬਗਦਾਦ ਦੇ ਰਿਸ਼ਤੇਦਾਰ ਸਨ ਤੇ ਜਿਨ੍ਹਾਂ ਨੂੰ ਬਜ਼ੁਰਗੀ ਦੇ ਕਾਰਨ ਮਸਨਦ ਦੇ ਦੋਹੀਂ ਪਾਸੀਂ ਬੈਠਣ ਦੀ ਆਗਿਆ ਸੀ।

## ਉਸ ਦੇ ਬਾਡੀ-ਗਾਰਡ

ਦਰਬਾਰੀ ਆਦਾਬ ਉਤੇ ਸਖਤੀ ਨਾਲ ਵਰਤੋਂ ਕੀਤੀ ਜਾਂਦੀ ਸੀ। ਦਰਬਾਰ ਦਾ ਦਰਿਸ਼ ਅਤਿਅੰਤ ਸ਼ਾਨਦਾਰ ਹੁੰਦਾ ਸੀ। ਬਾਦਸ਼ਾਹ ਦੀ ਹਾਜ਼ਰੀ ਐਨੀ ਸ਼ਾਨ ਤੇ ਠਾਠ ਵਾਲੀ ਹੁੰਦੀ ਸੀ ਕਿ ਕੋਈ ਆਦਮੀ ਡਰ ਤੇ ਪਰਸੰਸਾ ਦੇ ਮਿਲੇ ਜੁਲੇ ਜਜ਼ਬੇ ਤੋਂ ਬਗੈਰ ਤਖਤ ਦੇ ਰੂਬਰੂ ਨਹੀਂ ਸੀ ਜਾ ਸਕਦਾ। ਜਿਥੋਂ ਤਾਂਈਂ ਉਸ ਦੇ ਘੋੜ ਸਵਾਰਾਂ ਦਾ ਸੰਬੰਧ ਹੈ ਉਹ ਵੀ ਘਟ ਸ਼ਾਨਦਾਰ ਤੇ ਪੁਰਸ਼ਿਕੋਹ ਨਹੀਂ ਸਨ। ਉਸ ਦੇ ਸ਼ਾਹੀ ਹਾਥੀ ਸ਼ਿੰਗਾਰੇ ਹੋਏ ਤੇ ਸੋਨੇ ਨਾਲ ਪਲੇ ਹੋਏ ਹੋਏ ਸਨ। ਉਸਦੀ ਗਾਰਦ ਦੇ ਘੁੜ ਸੁਵਾਰ ਇਕ ਹਜ਼ਾਰ ਦੀ ਗਿਣਤੀ ਵਾਲੇ ਤਾਤਾਰੀ ਸੂਰਮੇ ਸਨ ਜਿਨ੍ਹਾਂ ਦੀਆਂ ਵਰਦੀਆਂ ਤੇ ਅਸਲਾ ਚਮਕਾਰੇ ਮਾਰਦਾ ਸੀ। ਉਹ ਅਵਲ ਦਰਜੇ ਦੇ ਈਰਾਨੀ ਤੇ ਅਰਬੀ ਘੋੜਿਆਂ ਉਤੇ ਸਵਾਰ ਹੋਏ ਸਨ ਜਿਨ੍ਹਾਂ ਦੀਆਂ ਰਕਾਬਾਂ ਤੇ ਵਾਗਾਂ ਉਤੇ ਰੁਪਹਿਲੀ ਮੀਨਾਕਾਰੀ ਹੋਈ ਹੋਈ ਸੀ। ਪੰਜ ਸੌ ਚੋਣਵੇਂ ਜਵਾਨ ਪੂਰੀ ਸ਼ਾਨ ਨਾਲ ਨੰਗੀਆਂ ਤਲਵਾਰਾਂ ਲਈ ਉਸ ਦੀ ਸਵਾਰੀ ਦੇ ਅਗੇ ਚਲਦੇ ਸਨ, ਜੋ ਬਾਦਸ਼ਾਹ ਦੀ ਪਹੁੰਚ ਦਾ ਐਲਾਨ ਕਰਦੇ ਤੇ ਉਸ ਦੇ ਅਗੇ ਚਲਣ ਦਾ ਰਸਤਾ ਸਾਫ ਕਰਦੇ ਸਨ। ਉਸ ਦੀ ਸਵਾਰੀ ਦੇ ਮਗਰ ਉਮਰਾ ਆਪੋ ਆਪਣੇ ਰੁਤਬੇ ਅਨੁਸਾਰ ਤੇ ਅਮਲੇ ਫੈਲ ਸਮੇਤ ਚਲਦੇ ਸਨ । ਨੌਜਵਾਨੀ ਦੀ ਉਮਰ ਵਿਚ ਬਲਬਨ ਬੜੀ ਸ਼ਰਾਬ ਪੀਣ ਦਾ ਆਦੀ ਸੀ। ਪਰ ਗਦੀ ਨਸ਼ੀਨ ਹੋਣ ਮਗਰੋਂ ਉਹ ਇਸ ਨਸ਼ੇ ਦਾ ਹੀ ਜਾਨੀ ਵੈਰੀ ਬਣ ਗਿਆ। ਇਥੋਂ ਤੀਕ ਕਿ ਉਸ ਨੇ ਆਪਣੇ ਸਾਰੇ ਰਾਜ ਵਿਚ ਸ਼ਰਾਬ ਦੀ ਵਿਕਰੀ ਤੇ ਤਿਆਰੀ ਬੰਦ ਕਰ ਰਖੀ ਸੀ ਤੇ ਇਸ ਹੁਕਮ ਦੀ ਉਲੰਘਣਾ ਕਰਨ ਵਾਲੇ ਨੂੰ ਕਰੜੀ ਸਜ਼ਾ ਦਿਤੀ ਜਾਂਦੀ ਸੀ।

## ਮੋਜ਼ਉਦੀਨ ਕੈਕਬਾਦ

### ਕੈਕਬਾਦ ਦੀ ਗਦੀ ਨਸ਼ੀਨੀ ੧੨੮੬ ਈ.

ਆਪਣੇ ਦਾਦੇ ਦੀ ਮੌਤ ਮਗਰੋਂ ਕੈਕਬਾਦ ਸਪੁਤ੍ਰ ਨਸੀਰ-ਉਦੀਨ ਕਾਰਾ ਖਾਂ ਵਾਇਸਰਾਏ ਬੰਗਾਲ ਅਠਾਰ੍ਹਾਂ ਸਾਲ ਦੀ ਭਰ ਜਵਾਨੀ ਵਿਚ ਗਦੀ ਨਸ਼ੀਨ ਹੋਇਆ। ਉਸ ਨੇ ਆਪਣਾ ਲਕਬ ਮੋਜ-ਉਦੀਨ ਰਖਿਆ। ਉਹ ਬੜਾ ਸੁਨੱਖਾ ਤੇ ਮੂੰਹ ਹਥ ਲਗਦਾ ਜਵਾਨ ਸੀ ਅਤੇ ਉਸ ਦੇ ਪਿਤਾ ਨੇ ਉਸ ਦੀ ਪਰਵਰਸ਼ ਤੇ ਸਿਖਿਆ ਬਹੁਤ ਸੋਹਣੇ ਢੰਗ ਨਾਲ ਕੀਤੀ ਸੀ। ਪਰ ਉਹ ਛੇਤੀ ਹੀ ਐਸ਼-ਇਸ਼ਰਤ ਵਿਚ ਪੈ ਗਿਆ ਤੇ ਉਸਨੇ ਰਾਜ ਪ੍ਰਬੰਧ ਦਾ ਬਹੁਤ ਸਾਰਾ ਅਧਿਕਾਰ ਆਪਣੇ ਵਜ਼ੀਰ ਨੂੰ ਸੌਂਪ ਦਿਤਾ। ਵਜ਼ੀਰ ਨੇ ਵੀ ਆਪਣੇ ਸੁਵਾਰਥ ਨੂੰ ਮੁਖ ਰਖਕੇ ਆਪਣੇ ਮਾਲਕ ਦੀ ਵਿਸ਼ੇ ਕਾਮਨਾ ਦੀ ਆਦਤ ਨੂੰ ਦਿਲ ਖੋਹਲ ਕੇ ਪਠੇ ਪਾਏ।

## ਮੁਗਲਾਂ ਦਾ ਨਵਾਂ ਹਮਲਾ

ਉਸਦੇ ਰਾਜ ਵਿਚ ਇਕੋ ਇਕ ਘਟਨਾ ਜੋ ਪੰਜਾਬ ਵਿਚ ਹੋਈ ਉਹ ਸੀ ਮੁਗਲਾਂ ਦਾ ਹਮਲਾ ਜੋ ਉਹਨਾਂ ਜ਼ਿਲਾ ਲਾਹੌਰ ਉਪਰ ਕੀਤਾ। ਬਾਦਸ਼ਾਹ ਨੇ ਮੁਗਲਾਂ ਵਿਰੁਧ ਮਲਿਕ ਯਾਰਬੇਗ ਬਿਰਲਾਸ ਅਤੇ ਖਾਨ ਜਹਾਨ ਦੀ ਕਮਾਨ ਹਠ ਫੌਜ ਭੇਜੀ; ਜਿਸ ਨੇ ਲਾਹੌਰ ਦੇ ਪਾਸ ਜੰਗ ਵਿਚ ਮੁਗਲਾਂ ਨੂੰ ਲਕ ਤੋੜ ਹਾਰ ਦਿਤੀ। ਮੁਗਲਾਂ ਦੇ ਬਹੁਤ ਸਾਰੇ ਜਵਾਨ ਜੰਗੀ ਕੈਦੀ ਬਣਾਕੇ ਦਿਲੀ ਲਿਆਂਦੇ ਗਏ, ਜਿਥੇ ਥੋੜਾ ਹੀ ਚਿਰ ਮਗਰੋਂ ਰਾਜ ਵਿਚ ਜਿੰਨੇ ਵੀ ਮੁਗਲ ਅਫਸਰ ਸਨ ਇਸ ਬਹਾਨੇ ਫਾਂਸੀ ਲਟਕਾਏ ਗਏ ਕਿ ਉਹਨਾਂ ਨੂੰ ਅੰਦਰ ਖਾਤੇ ਸਹਾਇਤਾ ਦਿਤੀ ਸੀ। ਕਮਜ਼ੋਰ ਸ਼ਹਿਨਸ਼ਾਹ ਰਾਜ ਪ੍ਰਬੰਧ ਵਲੋਂ ਉਕਾ ਹੀ ਗਾਫਲ ਹੋ ਗਿਆ ਤੇ ਰਾਜ ਪ੍ਰਬੰਧ ਦੇ ਸਾਰੇ ਅਧਿਕਾਰ ਤਿੰਨਾਂ ਦਰਬਾਰੀਆਂ ਦੇ ਹਥ ਵਿਚ ਆ ਗਏ ਜਿਨ੍ਹਾਂ ਵਿਚੋਂ ਮਲਿਕ ਜਲਾਲ

Sri Satguru Jagjit Singh Ji eLibrary NamdhariElibrary@gmail.com

ਉਦੀਨ ਫਿਰੋਜ ਖਿਲਜੀ ਸਭ ਤੋਂ ਵਡਾ ਸੀ।

### ਕੈਕਬਾਦ ਦਾ ਕਤਲ ੧੨੯੯ ਈ:

ਉਸ਼ੇ ਦੇ ਹੁਕਮ ਨਾਲ ਬਾਦਸ਼ਾਹ ਨੂੰ ਉਹਦੇ ਪੇਂਡੂ ਮਹਲ ਵਿਚ ਉਦੋਂ ਕਤਲ ਕੀਤਾ ਗਿਆ ਜਦ ਉਹ ਬੀਮਾਰ ਤੇ ਲਾਚਾਰ ਪਲੰਘ ਉਤੇ ਪਿਆ ਸੀ। ਇਹ ਘਟਨਾ ੧੨੯੯ ਵਿਚ ਹੋਈ। ਇਸ ਦੀ ਮੌਤ ਦੇ ਨਾਲ ਹੀ ਬਾਦਸ਼ਾਹਾਂ ਖਾਨਦਾਨ ਗੁਲਾਮਾਂ ਦਾ ਜਿਸ ਨੇ ੧੨੭੫ ਤੋਂ ੧੨੯੯ ਤੀਕ ਪੂਰੇ ੬੩ ਸਾਲ ਰਾਜ ਕੀਤਾ ਸੀ ਅੰਤ ਹੋ ਗਿਆ ਕੈਕਬਾਦ ਨੇ ਤਿੰਨ ਸਾਲ ਤੋਂ ਕੁਝ ਵਧ ਸਮੇਂ ਤੀਕ ਰਾਜ ਕੀਤਾ। ਉਸ ਦੀ ਮੌਤ ਪਿਛੋਂ ਜਲਾਲ ਉਦੀਨ ਖਿਲਜੀ ਬਾਦਸ਼ਾਹ ਬਣਿਆ।

---

# ਪਰਕਰਨ–੫

## ਤਾਤਾਰੀਆਂ ਦਾ ਖਿਲਜੀ ਪਰਿਵਾਰ

### ਜਲਾਲ ਉਲਦੀਨ ਫਿਰੋਜ਼

### ਖਿਲਜੀ ਬਾਦਸ਼ਾਹਾਂ ਦਾ ਮੁਢ

ਜਲਾਲ ਉਦੀਨ ਖਵਾਰਜ਼ਮ ਸ਼ਾਹ ਦਾ ਸਿੰਧ ਦੇ ਕਿਨਾਰਿਆਂ ਤੀਕ ਪਿਛਾ ਕਰਨ ਮਗਰੋਂ ਜਦ ਚੰਗੇਜ਼ ਖਾਂ ਵਾਪਸ ਤੂਰਾਨ ਵਲ ਜਾ ਰਿਹਾ ਸੀ ਤਦ ਉਸ ਦਾ ਜਵਾਈ ਖਾਲਿਜ ਖਾਂ, ਜੋ ਖੁਲੀਚ ਅਥਵਾ ਖਲੀਜ ਦਾ ਜਾਨਸ਼ੀਨ ਸੀ ਆਪਣੇ ੩੦ ਹਜ਼ਾਰ ਪਰਿਵਾਰਾਂ ਵਾਲੇ ਕਬੀਲੇ ਨੂੰ ਲੈ ਕੇ ਪੰਜਾਬ ਦੇ ਪਛਮ ਵਲ ਦੇ ਪਰਬਤਾਂ ਵਿਚ ਵਸ ਗਿਆ। ਉਥੇ ਅਜੇ ਤੀਕ ਉਹਨਾਂ ਦੀ ਔਲਾਦ ਮੌਜੂਦ ਹੈ। ਗਿਲਜ਼ੀਆਂ ਦਾ ਸੰਬੰਧ ਜੰਗੀ ਨਸਲ ਨਾਲ ਹੈ। ਜੰਗਜੂ ਸੁਭਾ ਦੇ ਹੋਣ ਕਰ ਕੇ ਉਹ ਗਜ਼ਨੀ ਤੇ ਹਿੰਦ ਦੇ ਬਾਦਸ਼ਾਹਾਂ ਦੀ ਮੁਲਾਜ਼ਮਤ ਕਰਨ ਲਗ ਪਏ। ਉਹਨਾਂ ਵਿਚੋਂ ਕਈ ਤਾਂ ਆਪੋ ਆਪਣੀਆਂ ਸਰਕਾਰਾਂ ਦੇ ਉਚ ਅਤੇ ਜ਼ਿੰਮੇਵਾਰੀ ਦੇ ਔਹਦਿਆਂ ਤੇ ਜਾ ਲਗੇ ਸਨ। ਖਲੀਜ ਖਾਂ ਦਾ ਇਕ ਜਾ ਨਸ਼ੀਨ ਜਲਾਲ ਉਦੀਨ ਵੀ ਸੁਵਰਗੀ ਬਾਦਸ਼ਾਹ ਦੀ ਕਿਰਪਾ ਦਾ ਪਾਤਰ ਬਣ ਗਿਆ। ਪਰ ਜਦ ਉਹ ਤਖਤ ਉਤੇ ਬੈਠਾ ਤਦ ਉਸ ਦੀ ਆਪਣੀ ਉਮਰ ੭੦ ਸਾਲ ਦੀ ਹੋ ਚੁਕੀ ਸੀ।

### ਹਲਾਕੂ ਖਾਂ ਦੇ ਪੋਤੇ ਅਬਦੁਲਾ ਦਾ ਪੰਜਾਬ ਉਤੇ ਹਮਲਾ ੧੨੯੭ ਈਸਵੀ

ਸੰਨ ੧੧੯੧ ਈਸਵੀ ਵਿਚ ਆਪਣੇ ਰਾਜ ਸਮੇਂ ਹਲਾਕੂ ਖਾਂ (ਪੋਤਾ ਚੰਗੇਜ਼ ਖਾਂ) ਦੇ ਪੋਤੇ ਅਬਦੁਲਾ ਨੇ ਇਕ ਲਖ ਘੁੜ ਸਵਾਰਾਂ ਦੀ ਫੌਜ ਲੈ ਕੇ ਪੰਜਾਬ ਉਤੇ ਹਲਾ ਬੋਲਿਆ। ਜਲਾਲ ਉਦੀਨ ਫਿਰੋਜ਼ ਨੇ ਬੜੀ ਭਾਰੀ ਫੌਜ ਜਮਾ ਕਰ ਕੇ ਉਸ ਦੇ ਟਾਕਰੇ ਲਈ ਕੂਚ ਬੋਲਿਆ ਪੰਜਾਬ ਦੇ ਮੈਦਾਨੀ ਇਲਾਕੇ ਵਿਚ ਘਮਸਾਨ ਦਾ ਜੰਗ ਮਚਿਆ। ਇਸ ਸਖਤ ਲਹੂ ਡੋਲ੍ਹਵੀਂ ਲੜਾਈ ਵਿਚ ਮੁਗਲਾਂ ਨੂੰ ਹਾਰ ਹੋਈ। ਉਹਨਾਂ ਦੇ ਬਹੁਤ ਸਾਰੇ ਸਰਦਾਰ ਮਾਰੇ ਗਏ ਤੇ ਉਹਨਾਂ ਦੀ ਬਹੁਤ ਸਾਰੀ ਫੌਜ ਕੈਦ ਕਰ ਲਈ ਗਈ। ਬਾਦਸ਼ਾਹ ਬੜਾ ਰਹਿਮ ਦਿਲ ਸੀ ਜਿਸ ਕਰ ਕੇ ਉਸ ਨੇ ਹਮਲਾ ਆਵਰਾਂ ਉਤੇ ਤਰਸ ਖਾ ਕੇ ਉਹਨਾਂ ਨੂੰ ਦੇਸ ਵਿਚੋਂ ਸਹੀ ਸਲਾਮਤ ਨਿਕਲ ਜਾਣ ਦੀ ਆਗਿਆ ਦੇ ਦਿਤੀ। ਇਸ ਸਮੇਂ ਉਘਲੂ ਖਾਂ ਨਾਮੀ ਚੰਗੇਜ਼ ਖਾਂ ਦਾ ਪੋਤਾ ਆਪਣੇ ਤਿੰਨ ਹਜ਼ਾਰ ਪਿਛਲਗਾਂ ਸਮੇਤ ਬਾਦਸ਼ਾਹ ਨਾਲ ਆ ਮਿਲਿਆ ਜਿਸ ਨੇ ਆਪਣੀ ਲੜਕੀ ਦਾ ਵਿਆਹ ਉਸ ਨਾਲ ਕਰ ਦਿਤਾ। ਇਹ ਸਾਰੇ ਦੇ ਸਾਰੇ ਮੁਗ਼ਲ ਮੁਸਲਮਾਨ ਬਣ ਗਏ।

### ਆਰਕ ਆਲੀ ਖਾਂ ਪੰਜਾਬ ਦਾ ਵਾਇਸਰਾਏ

ਸ਼ਹਿਨਸ਼ਾਹ ਨੇ ਆਪਣੇ ਪੁਤਰ ਆਰਕ ਅਲੀ ਖਾਂ ਨੂੰ ਲਾਹੌਰ, ਮੁਲਤਾਨ ਅਤੇ ਸਿੰਧ ਦਾ ਵਾਇਸਰਾਏ ਥਾਪ ਦਿਤਾ ਅਤ ਉਸ ਨੂੰ ਇਕ ਤਕੜੀ ਫੌਜ ਦੇ ਕੇ ਆਪ ਰਾਜਧਾਨੀ ਨੂੰ ਵਾਪਸ ਮੁੜ ਗਿਆ।

### ਜਲਾਲ ਉਦੀਨ ਦਾ ਕਤਲ ੧੨੯੫ ਈਸਵੀ

੧੫ ਜੁਲਾਈ ੧੨੯੫ ਈਸਵੀ ਵਾਲੇ ਦਿਨ ਜਲਾਲ ਉਦੀਨ ਨੂੰ ਉਸ ਦੇ ਭਤੀਜੇ ਅਲਾ ਉਦੀਨ ਨੇ ਕਤਲ ਕਰਵਾ ਦਿਤਾ। ਉਸ ਨੇ ਸਤ ਸਾਲ ਤੀਕ ਰਾਜ ਕੀਤਾ ਸੀ। ਉਹ ਆਪਣੀ ਮਿਤ੍ਰਾ ਚਾਰੀ ਦੇ ਕਈ ਗੁਣਾਂ ਕਰਕੇ ਪ੍ਰਸਿਧ ਸੀ। ਉਹ ਦਿਲਦਾ ਬੜਾ ਹੀ ਹਮਦਰਦ ਤੇ ਸਖੀ ਸੀ। ਉਸ ਨੇ ਆਪਣੇ ਲਾਇਬਰੇਰੀਅਨ ਅਮੀਰ ਖੁਸਰੋ ਨੂੰ ਉਮਰਾ ਦੀ ਪਦਵੀ ਦਿਤੀ ਅਤੇ ਉਸ ਨੂੰ ਉਹੋ ਜਿਹੀ ਚਿਟੀ ਪੁਸ਼ਾਕ ਪਹਿਣਨ ਦੀ ਵੀ ਖੁਲ੍ਹ ਕਰ ਦਿਤੀ ਜਿਹੀ ਕਿ ਸ਼ਾਹੀ ਖਾਨਦਾਨ ਦੇ ਲੋਕ ਤੇ ਸਭ ਤੋਂ ਵਡੇ ਦਰਬਾਰੀ ਹੀ ਪਾ ਸਕਦੇ ਸਨ।

### ਆਲਾ ਉਦੀਨ ਖਿਲਜੀ

ਸੁਵਰਗੀ ਬਾਦਸ਼ਾਹ ਦੇ ਕਤਲ ਮਗਰੋਂ ਰਾਜ ਮਾਤਾ ਨੇ ਆਪਣੇ

Sri Satguru Jagjit Singh Ji eLibrary NamdhariElibrary@gmail.com

ਸਭ ਤੋਂ ਛੋਟੇ ਲੜਕੇ ਕਾਦਰ ਖਾਂ ਨੂੰ ਗਦੀ ਨਸ਼ੀਨ ਕਰ ਦਿਤਾ ਕਿਉਂਕਿ ਉਸ ਸਮੇਂ ਸਭ ਤੋਂ ਵਡਾ ਲੜਕਾ ਆਰਕ ਅਲੀ ਖਾਂ ਸੂਬਾ ਮੁਲਤਾਨ ਵਿਚ ਸੀ ਤੇ ਉਸ ਨੇ ਰਾਜਧਾਨੀ ਵਿਚ ਆਉਂਣ ਤੋਂ ਵੀ ਇਨਕਾਰ ਕਰ ਦਿਤਾ ਸੀ। ਅਲਾਉਦੀਨ ਦਾ ਪਹਿਲੇ ਤੇ ਇਹ ਵੀਚਾਰ ਸੀ ਕਿ ਉਹ ਇਕ ਆਜ਼ਾਦ ਬਾਦਸ਼ਾਹਤ ਕਰੇ ਪਰ ਉਸ ਨੇ ਆਪਣਾ ਇਹ ਇਰਾਦਾ ਬਦਲ ਦਿਤਾ ਤੇ ਤੇਜ਼ੀ ਨਾਲ ਦਿਲੀ ਪੁਜਾ ਏਥੇ ਪੁਜਨ ਤੇ ਨੌਜਵਾਨ ਬਾਦਸ਼ਾਹ ਨੇ ਉਸ ਨੂੰ ਰੋਕ ਦਿਤਾ। ਜਦ ਬਾਦਸ਼ਾਹ ਨੇ ਡਿਠਾ ਕਿ ਅਲਾਉਦੀਨ ਦੀਆਂ ਫੌਜਾਂ ਜੰਗ ਲਈ ਤਿਆਰ ਖੜੀਆਂ ਹਨ ਤਦ ਉਹ ਨਿਰਾਸ਼ ਹੋ ਕੇ ਸ਼ਹਿਰ ਵਲ ਵਾਪਸ ਹੋ ਗਿਆ। ਉਸ ਦੇ ਕਈ ਦਰਬਾਰੀ ਵੀ ਉਸ ਦਾ ਸਾਥ ਛਡ ਗਏ।

## ਅਲਾਉਦੀਨ ਦੀ ਗਦੀ ਨਸ਼ੀਨੀ ੧੨੯੬ ਈਸਵੀ

ਇਸ ਤੇ ਅਲਾਉਦੀਨ ਬੜੀ ਸ਼ਾਨ ਸ਼ੌਕਤ ਨਾਲ ਸ਼ਹਿਰ ਵਿਚ ਦਾਖਲ ਹੋਇਆ ਅਤੇ ਏਥੇ ਸੰਨ ੧੨੯੬ ਦੇ ਅੰਤ ਵਿਚ ਉਸ ਦਾ ਰਾਜ ਤਿਲਕ ਹੋਇਆ। ਨੌਜਵਾਨ ਬਾਦਸ਼ਾਹ ਆਪਣੀ ਮਾਂ, ਹਰਮ, ਖਜ਼ਾਨਾ ਤੇ ਵਫਾਦਾਰ ਉਮਰਾ ਨੂੰ ਲੈ ਕੇ ਮੁਲਤਾਨ ਵਲ ਰਵਾਨਾ ਹੋਇਆ ਤੇ ਉਥੇ ਆਪਣੇ ਭਰਾ ਨਾਲ ਜਾ ਮਿਲਿਆ।

## ਮੁਲਤਾਨ ਨੂੰ ਫੌਜ ਭੇਜਣੀ

ਅਲਾਉਦੀਨ ਨੇ ਆਪਣੀ ਪੁਜ਼ੀਸ਼ਨ ਪਕੀ ਕਰਕੇ ਆਪਣੇ ਸੁਵਰਗੀ ਚਾਚੇ ਦੀ ਔਲਾਦ ਨੂੰ ਟਿਕਾਣੇ ਲਾਉਣ ਲਈ ਕਾਰਵਾਈ ਸ਼ੁਰੂ ਕਰ ਦਿਤੀ। ਇਸ ਮੰਤਵ ਲਈ ਉਸ ਨੇ ੪੦ ਹਜ਼ਾਰ ਸਵਾਰ ਫੌਜ ਆਪਣੇ ਭਾਈਆਂ ਅਲਫ ਖਾਂ ਤੇ ਜ਼ਫਰ ਖਾਂ ਦੀ ਕਮਾਨ ਹੇਠ ਮੁਲਤਾਨ ਵਲ ਰਵਾਨਾ ਕੀਤੀ।

## ਦੋਵਾਂ ਸ਼ਾਹੀ ਸ਼ਾਹਜ਼ਾਦਿਆਂ ਨੂੰ ਅੰਨ੍ਹੇ ਕਰ ਕੇ ਮਾਰਨਾ

ਇਹਨਾਂ ਫੌਜਾਂ ਨੇ ਜਾਂਦੇ ਹੀ ਮੁਲਤਾਨ ਦਾ ਘੇਰਾ ਘਤ ਲਿਆ, ਜੋ ਦੋ ਮਹੀਨੇ ਤੀਕ ਜਾਰੀ ਰਿਹਾ। ਇਸ ਸਮੇਂ ਵਿਚ ਸ਼ਹਿਰ ਵਾਸੀਆਂ ਤੇ ਅੰਦਰ ਦੀ ਫੌਜ ਨੇ ਸ਼ਾਹਜ਼ਾਦਿਆਂ ਨਾਲ ਧਰੋਹ ਕਮਾਇਆ। ਉਨ੍ਹਾਂ ਨੂੰ ਪੂਰੀ ਪੂਰੀ ਰਖਿਆ ਦਾ ਭਰੋਸਾ ਦਿਵਾ ਕੇ ਹਾਰ ਮੰਨਣ ਲਈ ਮਜਬੂਰ ਕੀਤਾ ਗਿਆ। ਉਨ੍ਹਾਂ ਦੀ ਜਾਨ ਦੀ ਰਖਿਆ ਲਈ ਕਸਮਾਂ ਵੀ ਖਾਧੀਆਂ ਗਈਆਂ, ਪਰ ਇਹਨਾਂ ਗੱਲਾਂ ਨੂੰ ਛਿਕੇ ਉਤੇ ਰਖ ਕੇ ਅਲਾਉਦੀਨ ਦੇ ਹੁਕਮਾਂ ਨਾਲ ਦੋਵਾਂ ਸ਼ਾਹਜ਼ਾਦਿਆਂ ਨੂੰ ਰਸਤੇ ਵਿਚ ਹੀ ਅੰਨ੍ਹੇ ਕਰ ਦਿਤਾ ਤੇ ਫੇਰ ਹਾਂਸੀ ਵਿਚ ਜਾ ਨਜ਼ਰਬੰਦ ਕੀਤਾ। ਅੰਤ ਉਥੇ ਹੀ ਜਾਨੋਂ ਮਾਰ ਮੁਕਾਇਆ।

## ਮੁਗਲਾਂ ਦਾ ਪੰਜਾਬ ਉਤੇ ਹੱਲਾ ੧੨੯੭ ਈ:

ਰਾਜ ਦੇ ਦੂਜੇ ਸਾਲ ਬਾਦਸ਼ਾਹ ਨੂੰ ਖਬਰਾਂ ਪੁਜੀਆਂ ਕਿ ਮਾਵਲ-ਉਲ ਨਹਿਰ ਦੇ ਬਾਦਸ਼ਾਹ ਅਮੀਰ ਦਾਊਦ ਦੀ ਕਮਾਨ ਹੇਠ ਇਕ ਲੱਖ ਮੁਗਲਾਂ ਦੀ ਫੌਜ, ਮੁਲਤਾਨ, ਲਾਹੌਰ ਤੇ ਸਿੰਧ ਨੂੰ ਫਤਹਿ ਕਰਨ ਲਈ ਪੰਜਾਬ ਵਲ ਵਧੀ ਆ ਰਹੀ ਹੈ। ਰਸਤੇ ਵਿਚ ਜੋ ਕੋਈ ਵੀ ਟਕਰਦਾ ਤਲਵਾਰ ਤੇ ਅੱਗ ਦੀ ਭੇਟਾ ਕੀਤਾ ਜਾ ਰਿਹਾ ਹੈ। ਇਹ ਵੇਖ ਕੇ ਅਲਾਉਦੀਨ ਨੇ ਆਪਣੇ ਭਰਾ ਅਲਫ ਖਾਂ ਨੂੰ ਹਮਲਾਆਵਰਾਂ ਦੀ ਰੋਕ ਥਾਮ ਲਈ ਚੋਖੀ ਸਾਰੀ ਫੌਜ ਦੇ ਕੇ ਰਵਾਨਾ ਕੀਤਾ।

## ਜ਼ਿਲਾ ਲਾਹੌਰ ਵਿਚ ਮੁਗਲਾਂ ਦੀ ਹਾਰ

ਇਹਨਾਂ ਦੋਵਾਂ ਵਿਰੋਧੀ ਫੌਜਾਂ ਦੀ ਟੱਕਰ ਜ਼ਿਲਾ ਲਾਹੌਰ ਵਿਚ ਹੋਈ, ਜਿਥੇ ਬੜੀ ਲਹੂ-ਡੋਲ੍ਹਵੀਂ ਜੰਗ ਲੜੀ ਗਈ। ਇਸ ਘਲੂ-ਘਾਰੇ ਵਿਚ ਮੁਗਲ ਫੌਜਾਂ ਨੂੰ ਹਾਰ ਹੋਈ। ਉਹਨਾਂ ਦੀ ੧੨ ਹਜ਼ਾਰ ਫੌਜ ਰਣ ਮੈਦਾਨ ਵਿਚ ਖੇਤ ਰਹੀ। ਬਹੁਤ ਸਾਰੇ ਵਡੇ ਵਡੇ ਅਫਸਰ ਵੀ ਲੜਾਈ ਵਿਚ ਮਾਰੇ ਗਏ। ਉਹਨਾਂ ਦੀ ਬਹੁਤ ਸਾਰੀ ਫੌਜ ਨੂੰ ਕੈਦ ਕਰ ਕੇ ਅੰਤ ਤਲਵਾਰ ਦੇ ਘਾਟ ਉਤਾਰਿਆ ਗਿਆ। ਇਹ ਕਤਲ ਆਮ ਐਨਾ ਨਿਰਦਇਤਾ ਭਰਪੂਰ ਸੀ ਕਿ ਮੁਗਲ ਕੈਂਪ ਦੇ ਕੈਦੀ ਤੀਂਵੀਆਂ ਤੇ ਬਚਿਆਂ ਉਤੇ ਵੀ ਤਰਸ ਨਾ ਕੀਤਾ ਗਿਆ।

## ਮੁਗਲਾਂ ਦਾ ਤਾਜ਼ਾ ਦਾਖਲਾ ੧੨੯੮ ਈ.

ਆਪਣੀ ਪਹਿਲੀ ਕਤਲਿ-ਆਮ ਤੋਂ ਅਪਰਭਾਵਤ ਰਹਿ ਕੇ ਮੁਗਲਾਂ ਨੇ ਕਤਲੂਗ ਪੁਤਰ ਅਮੀਰ ਦਾਉਦ ਖਾਂ ਸ਼ਾਹ ਮਾਵਨ ਉਲ ਨਹਿਰ ਦੀ ਕਮਾਨ ਹੇਠ ਮੁੜ ੧੨੯੮ ਈਸਵੀ ਨੂੰ ਪੰਜਾਬ ਉਤੇ ਚੜ੍ਹਾਈ ਕੀਤੀ। ਫਰਿਸ਼ਤਾ ਲਿਖਦਾ ਹੈ ਕਿ ਇਸ ਵਾਰ ਉਹਨਾਂ ਦੀ ਫੌਜ ਵਿਚ ਦੋ ਲਖ ਘੋੜ ਸਵਾਰ ਉਹ ਸਨ ਜੋ ਸਿੰਧ ਤੋਂ ਪਰੇ ਦੇ ਸਾਰੇ ਮੁਲਕਾਂ ਵਿਚੋਂ ਭਰਤੀ ਕੀਤੇ ਗਏ ਸਨ। ਮੁਗਲਾਂ ਦੀ ਇਹ ਹਮਲਾ ਆਵਰ ਫੌਜ ਮਾਰੋ ਮਾਰ ਕਰਦੀ ਹੋਈ ਰਾਜਧਾਨੀ ਦੇ ਬੂਹਿਆਂ ਤੀਕ ਅਪੜ ਗਈ। ਏਥੇ ਪੁਜ ਕੇ ਉਸ ਨੇ ਦਰਿਆ ਜਮਨਾ ਦੇ ਕਿਨਾਰਿਆਂ ਉਤੇ ਡੇਰੇ ਲਾ ਦਿਤੇ।

ਏਧਰ ਬਾਦਸ਼ਾਹ ਨੇ ਸਾਰੀਆਂ ਫ਼ੌਜਾਂ ਦੀ ਕਮਾਨ ਆਪਣੇ ਹਥ ਲਈ। ਹਮਲਾ ਆਵਰਾਂ ਨਾਲ ਬੜੀ ਸਖਤ ਲੜਾਈ ਛਿੜ ਪਈ। ਬਹੁਤ ਸਾਰੀ ਕਟਾ ਵਢ ਮਗਰੋਂ ਮੁਗਲਾਂ ਨੂੰ ਉਨੀ ਹੀ ਛੇਤੀ ਵਾਪਸ ਹੋਣਾ ਤੇ ਭਾਰਤ ਖਾਲੀ ਕਰਨਾ ਪਿਆ ਜਿੰਨੀ ਛੇਤੀ ਕਿ ਉਹ ਮੂੰਹ ਚੁਕੀ ਆਏ ਸਨ।

## ਬਾਦਸ਼ਾਹ ਦੇ ਇਰਾਦੇ

ਆਪਣੀ ਇਸ ਜਿਤ ਨਾਲ ਖੁਸ਼ ਹੋਕੇ ਅਲਾਉਦੀਨ ਨੇ ਆਪਣਾ ਅਡਰਾ ਹੀ ਮਜ਼ੁਬ ਚਲਾਉਣ ਦੀ ਘੜਤ ਘੜੀ ਤਾਂ ਜੁ ਉਸ ਦਾ ਨਾਮ ਵੀ ਦੂਜੇ ਮਹਾਂ ਪੁਰਸ਼ਾਂ ਵਾਂਗ ਅਟੱਲ ਰਹੇ। ਇਸ ਤੋਂ ਛੁਟ ਉਸ ਨੇ ਮਹਾਂ ਸਿਕੰਦਰ ਵਾਂਗ ਦੁਨੀਆ ਨੂੰ ਫਤਹ ਕਰਨ ਦੀ ਵਿਉਂਤ ਵੀ ਸੋਚੀ। ਉਹ ਹਿੰਦੁਸਤਾਨ ਵਿਚ ਆਪਣਾ ਵਾਇਸਰਾਏ (ਨਾਇਬ) ਛਡਕੇ ਆਪ ਬਾਹਰ ਜਾਣਾ ਚਾਹੁੰਦਾ ਸੀ, ਪਰ ਛੇਤੀ ਹੀ ਮਗਰੋਂ ਉਸ ਨੂੰ ਇਹ ਸਭ ਇਰਾਦੇ ਛਡਣੇ ਪਏ।

## ਮੁਗਲਾਂ ਦਾ ਮੁੜ ਨਵੇਂ ਸਿਰੇ ਹਮਲਾ ੧੩੦੩ ਈ:

ਸੰਨ ੧੩੦੩ ਇਸਵੀ ਵਿਚ ਬਾਦਸ਼ਾਹ ਰਾਜਪੁਤਾਨੇ ਵਿਚ ਚਿਤੌੜ ਅਤੇ ਤਿਲੰਗਾਨੇ ਦੀ ਰਾਜਧਾਨੀ ਵਾਰੰਗਲ ਦੀਆਂ ਮੁਹਿਮਾਂ ਵਿਚ ਰੁਝਾ ਹੋਇਆ ਸੀ। ਉਸ ਦੀਆਂ ਦੂਰ ਦੁਰਾਡੀਆਂ ਇਹਨਾਂ ਮੁਹਿਮਾਂ ਦੀਆਂ ਖਬਰਾਂ ਛਟ ਮਾਵਲ ਉਲ ਨਹਿਰ ਪੁਜੀਆਂ ਤਦ ਮੁਗਲ ਸਰਦਾਰ ਤੁਰਗਈ ਖਾਂ ਨੇ ਇਹ ਸੋਚ ਕੇ ਕਿ ਬਾਦਸ਼ਾਹ ਦੇਰ ਚਿਰ ਤੀਕ ਇਹਨਾਂ ਮੁਹਿਮਾਂ ਵਿਚ ਰੁਝਾ ਰਹੇਗਾ ੧੨ ਹਜ਼ਾਰ ਘੁੜ ਸਵਾਰ ਫੌਜ ਲੈ ਕੇ ਹਿੰਦ ਉਤੇ ਚੜ੍ਹਾਈ ਕਰ ਦਿਤੀ ਉਹ ਮੁਗਲ ਸਰਦਾਰ ਬਿਨਾ ਰੋਕ ਟੋਕ ਦੇ ਦਿਲੀ ਤੀਕ ਅਪੜ ਗਿਆ। ਏਥੇ ਪੁਜ ਕੇ ਆਸ ਪਾਸ ਦੇ ਇਲਾਕੇ ਵਿਚ ਉਸ ਨੇ ਲੁਟ ਮਚਾ ਦਿਤੀ।

## ਮੁਗਲਾਂ ਦੀ ਅਚਨ ਚੇਤ ਵਾਪਸੀ

ਪਰ ਐਨ ਇਸ ਸਮੇਂ ਮੁਗਲ ਫੌਜ ਨੂੰ ਅਚਨ ਚੇਦ ਵਾਪਸ ਮੁੜਨਾ ਪੈ ਗਿਆ। ਇਹ ਕਹਿਣਾ ਕਠਨ ਹੈ ਕਿ ਉਹ ਕਿਸੇ ਡਰ

ਕਰ ਕੇ ਜਾਂ ਲੁਟ ਮਾਰ ਨਾਲ ਰਜ ਜਾਣ ਕਰ ਕੇ ਵਾਪਸ ਮੁੜ ਗਈ।

## ਮੁਗਲਾਂ ਦਾ ਹਮਲਾ ੧੩੦੪ ਈ.

ਅਗਲੇ ਸਾਲ ਸੰਨ ੧੩੦੪ ਈਸਵੀ ਵਿਚ ਉਹਨਾਂ ਨੇ ਮੁੜ ਅਲੀ ਬੇਗ ਦੀ ਸਰਦਾਰੀ ਹੇਠ ਹਿੰਦ ਉਤੇ ਹਲਾ ਬੋਲਿਆ। ਅਲੀ ਬੇਗ ਚੰਗੇਜ਼ ਖਾਂ ਤੇ ਖਵਾਜਾ ਤਾਸ਼ ਦਾ ਅਧਿਕਾਰੀ ਸੀ। ੪੦ ਹਜ਼ਾਰ ਘੜ ਸਵਾਰ ਮੁਗਲ ਲਾਹੌਰ ਦੇ ਉਤਰ ਵਲੋਂ ਲੰਘ ਕੇ ਰਾਜਸਥਾਨ ਵਿਚਲੇ ਸ਼ਹਿਰ ਅਮਰੋਹਾ ਤੀਕ ਜਾ ਪੁਜੇ।

## ਪੰਜਾਬ ਗਵਰਨਰ ਦੀ ਜਿਤ

ਪੰਜਾਬ ਦੇ ਗਵਰਨਰ ਤੁਗਲਕ ਖਾਂ ਨੂੰ ਬਹੁਤ ਸਾਰੀ ਫੌਜ ਦੇ ਕੇ ਮੁਗਲਾਂ ਦੇ ਟਾਕਰੇ ਲਈ ਭੇਜਆ ਗਿਆ ਉਸ ਨੇ ਬੜਦੀਂ ਲੜਾਈ ਵਿਚ ਮੁਗਲਾਂ ਨੂੰ ਭਾਂਜ ਦਿਤੀ। ਵੈਰੀ ਦੇ ੭ ਹਜ਼ਾਰ ਜਵਾਨ ਇਸ ਜੰਗ ਵਿਚ ਫਟੜ ਹੋਏ ਤੇ ਮਾਰੇ ਗਏ। ੯ ਹਜ਼ਾਰ ਮੁਗਲ ਕੈਦੀ ਬਣਾ ਲਏ ਗਏ, ਜਿਨ੍ਹਾਂ ਨੂੰ ਹਥਕੜੀਆਂ ਤੇ ਬੇੜੀਆਂ ਲਾ ਕੇ ਦਿਲੀ ਭੇਜ ਦਿਤਾ, ਜਿਥੇ ਫਰਿਸ਼ਤੇ ਦੇ ਕਥਨ ਅਨੁਸਾਰ ਉਹਨਾਂ ਸਭਨਾਂ ਨੂੰ ਕਤਲ ਕਰ ਦਿਤਾ ਗਿਆ। ਅਲੀ ਬੇਗ ਅਤੇ ਖਵਾਜਾ ਤਾਸ਼ ਨੂੰ ਹਾਥੀਆਂ ਦੇ ਪੈਰਾਂ ਹੇਠ ਲਿਤਾੜਿਆ ਗਿਆ।

## ਮੁਗਲਾਂ ਦੀ ਹੋਰ ਹਾਰ ੧੩੦੫ ਈ:

ਸੰਨ ੧੩੦੫ ਈਸਵੀ ਵਿਚ ਮੁਗਲਾਂ ਨੇ ਅਮੀਰ ਦਾਉਦ ਖਾਂ ਦੇ ਜਰਨੈਲ ਅਲੈਕ ਖਾਂ ਦੀ ਸਰਦਾਰੀ ਹੇਠ ਫੇਰ ਪੰਜਾਬ ਉਤੇ ਹੱਲਾ ਬੋਲਿਆ ਤਾਂ ਜੁ ਅਲੀ ਬੇਗ ਅਤੇ ਖਵਾਜਾ ਤਾਸ਼ ਦੀ ਮੌਤ ਦਾ ਬਦਲਾ ਲਿਆ ਜਾਏ। ਮੁਗਲ ਫੌਜਾਂ ਨੇ ਮੁਲਤਾਨ ਨੂੰ ਲੁਟਕੇ ਤਬਾਹ ਕੀਤਾ। ਇਹ ਦੇਖ ਕੇ ਗਾਜ਼ੀ ਬੇਗ ਤੁਗਲਕ ਨੇ ਸਿੰਧ ਦੇ ਕਿਨਾਰਿਆਂ ਉਪਰ ਆਪਣੀਆਂ ਫੌਜਾਂ ਛੁਪਾ ਦਿਤੀਆਂ। ਜਦ ਮੁਗਲ ਲੁਟ ਮਾਰ ਦਾ ਬਹੁਤ ਸਾਰਾ ਧਨ ਲੈ ਕੇ ਵਾਪਸ ਆਪਣੇ ਵਤਨ ਨੂੰ ਜਾ ਰਹੇ ਸਨ ਤਦ ਉਹ ਅਚਾਨਕ ਉਹਨਾਂ ਉਪਰ ਟੁਟ ਕੇ ਪੈ ਗਿਆ ਅਤੇ ਮੁਗਲਾਂ ਦੀ ਕਤਲਿਆਮ ਕਰ ਕੇ ਉਹਨਾਂ ਨੂੰ ਬੁਰੀ ਤਰ੍ਹਾਂ ਹਾਰ ਦਿਤੀ। ਜਿਹੜੇ ਬਾਕੀ ਬਚ ਰਹੇ ਉਹ ਧੁਪ ਤੇ ਗਰਮੀ ਨਾਲ ਮਧ ਏਸ਼ੀਆ ਦੇ ਮਾਰੂ ਥਲ ਵਿਚ ਮਾਰੇ ਗਏ। ਅਲੈਕ ਖਾਂ ਤੇ ਤਿੰਨ ਹਜ਼ਾਰ ਮੁਗਲ ਕੈਦੀ ਦਿਲੀ ਪੁਜੇ, ਜਿਥੇ ਬਾਦਸ਼ਾਹ ਦੇ ਹੁਕਮ ਨਾਲ ਉਹ ਸਾਰੇ ਤਲਵਾਰ ਦੇ ਘਾਟ ਉਤਾਰੇ ਗਏ ਅਤੇ ਉਹਨਾਂ ਦੀਆਂ ਖੋਪੜੀਆਂ ਦਾ ਇਕ ਮੁਨਾਰਾ ਖੜਾ ਕੀਤਾ ਗਿਆ। ਜਿਹੜੀਆਂ ਮੁਗਲ ਤੀਂਵੀਆਂ ਤੇ ਬਚੇ ਜੰਗ ਵਿਚ ਫੜੇ ਗਏ, ਉਹਨਾਂ ਨੂੰ ਹਿੰਦ ਦੇ ਵਖ ਵਖ ਇਲਾਕਿਆਂ ਵਿਚ ਭੇਜ ਦਿਤਾ ਗਿਆ, ਜਿਥੇ ਉਹ ਗੁਲਾਮ ਬਣਾ ਕੇ ਵੇਚੇ ਗਏ। ਇਹੋ ਜਿਹੀਆਂ ਲਗਾਤਾਰ ਹਾਰਾਂ ਤੇ ਤਬਾਹੀਆਂ ਨਾਲ ਵੀ ਮੁਗਲ ਬੇਦਿਲ ਨਾ ਹੋਏ ਕਿਉਂਕਿ ਉਹਨਾਂ ਨੇ ਉਸੇ ਹੀ ਸਾਲ ਨਾਮੀ ਸਰਦਾਰ ਯਾਖਲਮੰਦ ਦੀ ਸਰਦਾਰੀ ਹੇਠ ਮੁੜ ਪੰਜਾਬ ਉਤੇ ਹੱਲਾ ਬੋਲਿਆ।

## ਮੁਗਲਾਂ ਦਾ ਕਾਬਲ ਤੇ ਗਜ਼ਨੀ ਤੀਕ ਪਿਛਾ ੧੬੦੫ ਈ:

ਇਸ ਵਾਰ ਵੀ ਤੁਗਲਕ ਨੇ ਉਹਨਾਂ ਨੂੰ ਜੰਗ ਵਿਚ ਹਾਰ ਦਿਤੀ। ਕਈ ਹਜ਼ਾਰ ਮੁਗਲ ਕੈਦੀ ਬਣਾ ਕੇ ਦਿਲੀ ਭੇਜੇ ਗਏ, ਜਿਥੇ ਉਸ ਸਮੇਂ ਦੇ ਰਿਵਾਜ ਅਨੁਸਾਰ ਉਹ ਸਭ ਕਤਲ ਕੀਤੇ ਗਏ। ਇਸ ਮੌਕੇ ਉਪਰ ਤੁਗਲਕ ਨੇ ਉਹਨਾਂ ਦਾ ਕਾਬਲ ਗਜ਼ਨੀ ਤੇ ਕੰਧਾਰ ਤੀਕ ਪਿਛਾ ਨਾ ਛਡਿਆ ਤੇ ਉਥੋਂ ਦੇ ਲੋਕਾਂ ਪਾਸੋਂ ਭਾਰੀ ਹਰਜਾਨਾ ਵਸੂਲ ਕਰ ਕੇ ਹੀ ਦਮ ਲਿਆ। ਇਸ ਤੋਂ ਮਗਰੋਂ ਤੁਗਲਕ ਨੇ ਹਰ ਸਾਲ ਉਹਨਾਂ ਉਤੇ ਹਮਲੇ ਕਰਨੇ ਸ਼ੁਰੂ ਕਰ ਦਿਤੇ ਤੇ ਮੁਗਲਾਂ ਨੂੰ ਹਮਲੇ ਕਰਨ ਦੀ ਬਜਾਏ ਆਪਣੀ ਰਖਿਆ ਦਾ ਫਿਕਰ ਪਾਈ ਰਖਿਆ। ਅਗਲੇ ਕਈ ਸਾਲ ਤੀਕ ਮੁੜ ਮੁਗਲਾਂ ਨੂੰ ਹਿੰਦ ਉਤੇ ਹਮਲੇ ਦਾ ਹੌਸਲਾ ਹੀ ਨਾ ਪਿਆ।

## ਅਲਾਉਦੀਨ ਦਾ ਰਾਜ ਪਰਬੰਧ

ਇਸ ਸ਼ਹਿਨਸ਼ਾਹ ਦਾ ਰਾਜ ਕਈ ਉਹਨਾਂ ਸੁਧਾਰਾਂ ਲਈ ਪ੍ਰਸਿਧ ਹੈ ਜੋ ਉਸ ਨੇ ਦੇਸ ਦੇ ਰਾਜ ਪ੍ਰਬੰਧ ਵਿਚ ਕੀਤੇ। ਉਸ ਨੇ ਜ਼ਮੀਨ ਦਾ ਮਾਲੀਆ ਵਧਾ ਕੇ ਅਧੀ ਪੈਦਾਵਾਰ ਨਿਯਤ ਕਰ ਦਿਤਾ, ਅਨਾਜ, ਕਪੜੇ, ਘੋੜਿਆਂ; ਮਵੇਸ਼ੀਆਂ ਤੇ ਮਨਿਆਰੀ ਦੇ ਭਾਅ ਨਿਯਤ ਕਰ ਦਿਤੇ। ਉਸ ਨੇ ਸਰਕਾਰੀ ਖਜ਼ਾਨੇ ਵਿਚੋਂ ਕਰਜ਼ੇ ਦੇਣੇ ਸ਼ੁਰੂ ਕੀਤੇ ਜਿਸ ਕਰ ਕੇ ਦੇਸ ਦੇ ਸੌਦਾਗਰ ਆਸ ਪਾਸ ਦੇ ਦੇਸਾਂ ਵਿਚ ਕਪੜਾ ਬਰਾਮਦ ਕਰਨ ਦੇ ਯੋਗ ਬਣ ਗਏ। ਪਰ ਉਸ ਨੇ ਨਫੀਸ ਕਿਸਮ ਦੀਆਂ ਵਸਤਾਂ ਦੀ ਬਰਾਮਦ ਉਤੇ ਪਾਬੰਦੀ ਲਾ ਦਿਤੀ ਅਤੇ ਕੋਈ ਵੀ ਮਨੁਖ ਬਾਦਸ਼ਾਹ ਦੀ ਵਿਸ਼ੇਸ਼ ਆਗਿਆ ਪ੍ਰਾਪਤ ਕੀਤੇ ਬਗੈਰ ਵਧੀਆ ਤੇ ਨਫੀਸ ਕਪੜੇ ਨਹੀਂ ਸੀ ਪਹਿਣ ਸਕਦਾ। ਬਾਦਸ਼ਾਹ ਇਹੋ ਜਿਹੀ ਆਗਿਆ ਕੇਵਲ ਆਪਣੇ ਅਫ਼ਸਰਾਂ ਨੂੰ ਹੀ ਦੇਂਦਾ ਸੀ। ਉਸ ਨੇ ਸ਼ਰਾਬ ਦੀ ਤਿਆਰੀ ਤੇ ਵਰਤੋਂ ਦੀ ਸਖਤ ਮਨਾਹੀ ਕਰ ਰਖੀ ਸੀ ਤੇ ਸ਼ਰਾਬ ਕਢਣ ਤੇ ਵਰਤਨ ਵਾਲੇ ਨੂੰ ਸਭ ਤੋਂ ਵਧੀਕ ਕਰੜੀ ਸਜ਼ਾ ਦਿਤੀ ਜਾਂਦੀ ਸੀ। ਫੌਜ ਲਈ ਵੀ ਨਿਯਮ ਘੜੇ ਗਏ ਤੇ ਸਾਰੇ ਫੌਜੀਆਂ ਤੇ ਫੌਜੀ ਅਫਸਰਾਂ ਦੀ ਤਨਖਾਹ ਨਿਯਤ ਕੀਤੀ ਗਈ। ਦੇਸ ਦਾ ਵਡੇ ਤੋਂ ਵਡਾ ਆਦਮੀ ਵੀ ਉਸ ਦੇ ਬਣਾਏ ਕਾਨੂੰਨਾਂ ਦੀ ਉਲੰਘਣਾ ਕਰਨ ਦਾ ਹੌਸਲਾ ਨਹੀਂ ਸੀ ਰਖਦਾ। ਉਸ ਬਾਦਸ਼ਾਹ ਦਾ ਹੁਕਮ ਹੀ ਸਭ ਲੋਕਾਂ ਲਈ ਕਾਨੂੰਨ ਹੁੰਦਾ ਸੀ।

## ੧੫ ਹਜ਼ਾਰ ਮੁਗਲ ਸਰਕਾਰੀ ਨੌਕਰਾਂ ਦਾ ਕਤਲ

ਜਿਹੜੇ ਮੁਗਲ ਮੁਸਲਮਾਨੀ ਧਰਮ ਧਾਰਨ ਕਰਨ ਮਗਰੋਂ ਸ਼ਾਹੀ ਮੁਲਾਜ਼ਮਤ ਵਿਚ ਲਏ ਗਏ ਸਨ ਉਹਨਾਂ ਬਾਰੇ ਸ਼ਕ ਪੈਦਾ ਹੋ ਜਾਣ ਕਰ ਕੇ ਉਸ ਨੇ ਸਭ ਮੁਗਲ ਨੌਕਰੀ ਤੋਂ ਬਰਖ਼ਾਸਤ ਕਰ ਦਿਤੇ। ਕੇਵਲ ਇਸ ਤੇ ਹੀ ਬਸ ਨਾ ਕੀਤੀ ਸਗੋਂ ਕਿਸੇ ਕਾਰਨ ਵਸ ਜਿਸ ਦਾ ਪਤਾ ਨਹੀਂ ਚਲਦਾ, ਉਸ ਨੇ ੧੫ ਹਜ਼ਾਰ ਮੁਗਲਾਂ ਨੂੰ ਇਕੋ ਦਿਨ ਵਿਚ ਦਿਲੀ ਦੀਆਂ ਗਲੀਆਂ ਵਿਚ ਜ਼ਿਬ੍ਹਾ ਕਰਵਾ ਦਿਤਾ ਅਤੇ ਉਹਨਾਂ ਦੀਆਂ ਤੀਵੀਆਂ ਤੇ ਬਚਿਆਂ ਨੂੰ ਗੁਲਾਮ ਬਣਾ ਲਿਆ। ਇਸ ਨਿਰਦਇਤਾ ਤੋਂ ਬਾਦਸ਼ਾਹ ਨੂੰ ਰੋਕਣ ਦੀ ਕਿਸੇ ਵਿਚ ਹਿੰਮਤ ਨਾ ਹੋਈ। ਇਹ ਬਾਦਸ਼ਾਹ ਭਾਵੇਂ ਪਹਿਲੇ ਪਹਿਲ ਉਹ ਅਣਪੜ੍ਹ ਹੀ ਸੀ ਪਰ ਪਿਛੋਂ ਉਸ ਨੇ ਵਿਦਿਆ ਹਾਸਲ ਕਰ ਲਈ ਅਤੇ ਉਹ ਲਿਖਣ ਪੜ੍ਹਨ ਤੇ ਪੁਸਤਕਾਂ ਨੂੰ ਸਮਝਣ ਦੇ ਯੋਗ ਹੋ ਗਿਆ। ਉਸ ਨੇ ਕਈ ਸ਼ਾਨਦਾਰ ਮਹਲ, ਮਸੀਤਾਂ, ਰੋਜ਼ੇ ਅਤੇ ਕਾਲਜ ਉਸਾਰੇ ਅਤੇ ਆਲਮਾਂ ਫਾਜ਼ਲਾਂ ਦੀ ਸਰਪਰਸਤੀ ਕੀਤੀ।

## ਉਸ ਦੇ ਸਮੇਂ ਦੇ ਆਲਮ ਫਾਜ਼ਲ

ਉਸ ਦੇ ਰਾਜ ਸਮੇਂ ਦੇ ਔਲਿਆਵਾਂ ਵਿਚੋਂ ਨਿਜ਼ਾਮੁਦੀਨ ਔਲੀਆ ਦਿਲੀ, ਸ਼ੇਖ ਅਲਾਉਦੀਨ, ਪ੍ਰਸਿਧ ਸ਼ੇਖ ਫਰੀਦ ਉਦੀਨ ਸ਼ਕਰਗੰਜ ਦੇ ਪੋਤੇ ਸ਼ੇਖ ਰੁਕਨ ਉਦੀਨ ਸਪੁਤਰ ਸਦਰ ਉਦੀਨ ਆਰਿਫ ਅਤੇ ਪੋਤਾ ਪਰਸਿਧ ਬਹਾਉਦੀਨ ਜ਼ਕਰੀਆ ਮੁਲਤਾਨੀ ਵੀ ਸਨ।

Sri Satguru Jagjit Singh Ji eLibrary NamdhariElibrary@gmail.com

ਉਸ ਸਮੇਂ ਦੇ ਕਵੀਆਂ ਵਿਚ ਅਮੀਰ ਖੁਸਰੋ, ਅਮੀਰ ਹਸਨ, ਸਦਰ ਉਦੀਨ ਅਲੀ ਅਤੇ ਮੌਲਾਨਾ ਆਰਿਫ਼ ਦੇ ਨਾਮ ਵਿਸ਼ੇਸ਼ ਤੌਰ ਤੇ ਪਰਸਿਧ ਹਨ।

## ਬਾਦਸ਼ਾਹ ਦੀ ਮੌਤ ੧੩੧੬ ਈ.

ਅਲਾਉਦੀਨ ੧੯ ਦਸੰਬਰ ੧੩੧੬ ਈਸਵੀ ਨੂੰ ੨੦ ਸਾਲ ਤੇ ਕੁਝ ਮਹੀਨੇ ਰਾਜ ਕਰਨ ਮਗਰੋਂ ਚਲਾਣਾ ਕਰ ਗਿਆ।

## ਕੁਤਬਉਦੀਨ ਮੁਬਾਰਕ ਸ਼ਾਹ

ਅਲਾਉਦੀਨ ਖਿਲਜੀ ਦੀ ਮੌਤ ਮਗਰੋਂ ਮਲਿਕ ਕਾਫੂਰ ਨਾਮੀ ਗੁਲਾਮ ਜਿਸ ਨੂੰ ਸੁਵਰਗੀ ਬਾਦਸ਼ਾਹ ਨੇ ਕੈਂਬੇ ਦੇ ਅਸਥਾਨ ਤੋਂ ਖਰੀਦਿਆ ਸੀ, ਅਤੇ ਜੋ ਬਾਦਸ਼ਾਹ ਦੀ ਮਿਹਰਬਾਨੀ ਨਾਲ ਉਚੀ ਪਦਵੀ ਤੇ ਪਹੁਚਾ ਸੀ, ਨੇ ਸਾਰੇ ਉਮਰਾਵਾਂ ਨੂੰ ਇਕਠਿਆਂ ਕਰ ਕੇ ਉਹਨਾਂ ਦੇ ਮੂਹਰੇ ਸੁਵਰਗੀ ਬਾਦਸ਼ਾਹ ਦੀ ਇਕ ਜਾਹਲੀ ਦਸਤਾਵੇਜ਼ ਰਖੀ।

## ਸਭ ਤੋਂ ਛੋਟੇ ਲੜਕੇ ਉਮਰ ਦੀ ਗੱਦੀ ਨਸ਼ੀਨੀ

ਇਸ ਦਸਤਾਵੇਜ਼ ਦੇ ਅਨੁਸਾਰ ਬਾਦਸ਼ਾਹ ਨੇ ਆਪਣੇ ਸਭ ਤੋ ਛੋਟੇ ਲੜਕੇ ਉਮਰ ਨੂੰ ਗੱਦੀ ਦਾ ਹਕਦਾਰ ਥਾਪਿਆ ਸੀ। ਸ਼ਾਹਜ਼ਾਦੇ ਦੀ ਉਮਰ ਉਸ ਸਮੇਂ ਕੇਵਲ ੭ ਸਾਲ ਦੀ ਸੀ ਇਸ ਲਈ ਕਾਫੂਰ ਨੇ ਉਹਦਾ ਰੀਜੰਟ (ਸਰਪਰਸਤ) ਬਣ ਕੇ ਬਾਦਸ਼ਾਹਤ ਦਾ ਸਾਰਾ ਪ੍ਰਬੰਧ ਆਪਣੇ ਹੱਥ ਵਿਚ ਲੈ ਲਿਆ।

## ਸ਼ਾਹੀ ਸ਼ਾਹਜ਼ਾਦੇ ਅੰਨ੍ਹੇ ਕਰ ਦਿਤੇ ਗਏ

ਮਲਿਕ ਕਾਫੂਰ ਨੇ ਖਿਜ਼ਰ ਖਾਂ ਅਤੇ ਸ਼ਾਦੀ ਖਾਂ ਅਤੇ ਨਾਮੀ ਬਾਦਸ਼ਾਹ ਦੇ ਵਡੇ ਸ਼ਾਹਜ਼ਾਦਿਆਂ ਦੀਆਂ ਅੱਖਾਂ ਕਢਵਾ ਕੇ ਉਹਨਾਂ ਨੂੰ ਅੰਨ੍ਹੇ ਕਰਾ ਦਿਤਾ। ਇਹ ਗੁਲਾਮੋਂ ਬਣਿਆ ਰੀਜੰਟ ਅਸਲ ਵਿਚ ਹਿਜੜਾ ਸੀ। ਇਸ ਗਲ ਦੇ ਬਾਵਜੂਦ ਉਸ ਨੇ ਸ਼ਾਹਜ਼ਾਦਾ ਉਮਰ ਦੀ ਮਾਂ ਨਾਲ ਜੋ ਸੁਵਰਗੀ ਬਾਦਸ਼ਾਹ ਦੀ ਤੀਜੀ ਮਲਕਾ ਸੀ ਵਿਆਹ ਕਰ ਲਿਆ। ਇਹ ਕੰਮ ਕਰ ਚੁਕਣ ਤੇ ਉਸ ਨੇ ਕਾਤਲਾਂ ਦੇ ਇਕ ਟੋਲੇ ਨੂੰ ਤਿਆਰ ਕਰ ਕੇ ਮੁਬਾਰਕ ਖਾਂ ਨਾਮੀ ਬਾਦਸ਼ਾਹ ਦੇ ਤੀਜੇ ਸ਼ਾਹਜ਼ਾਦੇ ਨੂੰ ਕਤਲ ਕਰਨ ਦਾ ਕੰਮ ਸਪੁਰਦ ਕੀਤਾ। ਸ਼ਹਿਜ਼ਾਦੇ ਨੇ ਆਪਣੀ ਦਾਨਾਈ ਤੋਂ ਕੰਮ ਲੈ ਕੇ ਕਾਤਲਾਂ ਦੇ ਸਾਹਮਣੇ ਆਪਣੇ ਵਡਮੁਲੇ ਜ਼ੇਵਰ ਵਗਾਹ ਮਾਰੇ। ਇਹਨਾਂ ਕੀਮਤੀ ਜ਼ੇਵਰਾਂ ਦੀ ਵੰਡ ਬਾਰੇ ਉਹਨਾਂ ਵਿਚਾਲੇ ਝਗੜਾ ਉਠ ਖੜਾ ਹੋਇਆ।

## ਮਲਕ ਕਾਫੂਰ ਦੀ ਮੌਤ

ਇਸ ਮਾਮਲੇ ਦੀ ਖਬਰ ਸ਼ਾਹੀ ਗਾਰਦ ਦੇ ਕਮਾਂਡਰ ਨੂੰ ਲਗ ਗਈ। ਉਹ ਆਪਣੇ ਲੇਫਟੀਨੈਂਟ ਤੇ ਜਵਾਨ ਲੈ ਕੇ ਹਿਜੜੇ ਸਰਪਰਸਤ ਦੇ ਕਮਰੇ ਵਿਚ ਜਾ ਵੜਿਆ ਤੇ ਉਹਨੂੰ ਉਥੇ ਹੀ ਕਤਲ ਕਰ ਦਿਤਾ।

## ਮੁਬਾਰਕ ਦੀ ਗੱਦੀ ਨਸ਼ੀਨੀ

ਇਸ ਦੇ ਮਗਰੋਂ ਮੁਬਾਰਕ ਗੱਦੀ ਨਸ਼ੀਨ ਹੋਇਆ ਪਰ ਉਸ ਦੇ ਰਾਜ ਤਿਲਕ ਦੀ ਨਿਯਮ ਅਨੁਸਾਰ ਰਸਮ ੨੨ ਮਾਰਚ ੧੩੧[illegible] ਈਸਵੀ ਨੂੰ ਹੋਈ।

ਮੁਬਾਰਕ ਨੇ ਪਹਿਲੇ ਪਹਿਲ ਜੋ ਕਾਰਰਵਾਈਆਂ ਕੀਤੀਆਂ ਉਹ ਨਿਆਂ ਭਰਪੂਰ ਤੇ ਲੋਕ ਭਲਾਈ ਵਾਲੀਆਂ ਸਨ। ਉਸ ਨੇ ਬਹੁਤ ਸਾਰੇ ਕੈਦੀ ਰਿਹਾ ਕਰ ਕੇ ਸ਼ਾਹੀ ਐਲਾਨ ਕਰ ਦਿਤਾ ਕਿ ਉਹ ਸਭ ਕੈਦੀ ਵਾਪਸ ਵਤਨ ਵਿਚ ਆ ਜਾਣ। ਪ੍ਰਸਿਧਤਾ ਪ੍ਰਾਪਤ ਕਰਨ ਲਈ ਉਸ ਨੇ ਫੌਜ ਨੂੰ ਛੇ ਮਹੀਨੇ ਦੀ ਤਨਖਾਹ ਇਨਾਮ ਵਜੋਂ ਦਿਤੀ ਅਤੇ ਪਿਛਲੇ ਰਾਜ ਦੀਆਂ ਜ਼ਬਤ ਕੀਤੀਆਂ ਜ਼ਮੀਨਾਂ ਉਹਨਾਂ ਦੇ ਵਾਰਸਾਂ ਨੂੰ ਬਹਾਲ ਕਰ ਦਿਤੀਆਂ। ਉਸ ਨੇ ਸਾਰੇ ਹੀ ਦੁਖਦਾਈ ਟੈਕਸ ਤੇ ਖਰਾਜ ਮਨਸੂਖ ਕਰ ਦਿਤੇ। ਇਸ ਤੋਂ ਛੁਟ ਆਪਣੇ ਸੁਵਰਗੀ ਪਿਤਾ ਦੀਆਂ ਲਾਈਆਂ ਤਜਾਰਤੀ ਬੰਦਸ਼ਾਂ ਵੀ ਹਟਾ ਦਿਤੀਆਂ। ਜਿਸ ਕਰਕੇ ਤਜਾਰਤ ਪਹਿਲੇ ਵਾਂਗ ਹੀ ਚਮਕ ਉਠੀ।

## ਐਸ਼ ਇਸ਼ਰਤ ਵਿਚ ਫਸ ਗਿਆ

ਜਿਥੇ ਉਸ ਨੇ ਇਹ ਸੁਧਾਰ ਕੀਤੇ ਉਥੇ ਆਪਣੇ ਪਿਤਾ ਦੇ ਕਈ ਸਿਆਣਪ ਭਰਪੂਰ ਜਾਰੀ ਕੀਤੇ ਹੋਏ ਕੰਮ ਵੀ ਬੰਦ ਕਰ ਦਿਤੇ। ਫੇਰ ਉਹ ਆਪ ਵੀ ਐਸ਼ ਇਸ਼ਰਤ ਵਿਚ ਪੈ ਗਿਆ। ਵਿਭਚਾਰ ਤੇ ਵਿਲਾਸਤਾ ਫੈਸ਼ਨ ਜਿਹੀ ਬਣ ਗਈ। ਉਸ ਦੀ ਦੇਖਾ ਦੇਖੀ ਅਨੇਕਾਂ ਹੋਰ ਲੋਕ ਵੀ ਇਸ ਪਾਪ ਦਾ ਸ਼ਿਕਾਰ ਹੋ ਗਏ।

## ਮੁਬਾਰਕ ਖਿਲਜ਼ਈ ਦਾ ਕਤਲ ੧੩੨੯ ਈ:

ਬਾਦਸ਼ਾਹ ਨੇ ਕਈ ਐਸੇ ਨੀਚ ਅਨਰਥ ਵੀ ਕੀਤੇ ਜੋ ਮਨੁਖ ਜਾਤੀ ਨੂੰ ਕਲੰਕ ਲਾਉਣ ਵਾਲੇ ਸਨ। ਉਹ ਆਪਣੇ ਪਾਪਾਂ ਤੇ ਦੁਰਾਚਾਰ ਲਈ ਬਦਨਾਮ ਹੋ ਗਿਆ। ੯ ਮਾਰਚ ੧੩੨੯ ਈਸਵੀ ਦੀ ਰਾਤ ਨੂੰ ਉਹਨੂੰ ਕਿਰਾਏ ਦੇ ਉਹਨਾਂ ਕਾਤਲਾਂ ਨੇ ਕਤਲ ਕਰ ਦਿਤਾ ਜਿਨ੍ਹਾਂ ਨੂੰ ਮਲਿਕ ਖੁਸਰੋ ਨੇ ਏਸੇ ਮਤਲਬ ਲਈ ਨਿਯਤ ਕੀਤਾ ਸੀ। ਮਲਿਕ ਖੁਸਰੋ ਅਸਲ ਵਿਚ ਇਕ ਹਿੰਦੂ ਗੁਲਾਮ ਸੀ ਜਿਸ ਨੂੰ ਉਸ ਨੇ ਆਪਣੀ ਮਿਹਰ ਨਾਲ ਉਚੀ ਪਦਵੀ ਤੀਕ ਪੁਚਾਇਆ ਸੀ।

## ਮਲਿਕ ਖੁਸਰੋ ਦਾ ਤਖਤ ਸਾਂਭਣਾ

ਦੂਜੇ ਦਿਨ ਹੀ ਮਲਿਕ ਖੁਸਰੋ ਨਸੀਰ ਉਦੀਨ ਦੇ ਨਾਮ ਨਾਲ ਗਦੀ ਨਸ਼ੀਨ ਹੋ ਗਿਆ।

## ਸ਼ਾਹੀ ਖਾਨਦਾਨ ਦਾ ਕਤਲ

ਹਰ ਉਹ ਮਨੁਖ ਜਿਸ ਦਾ ਸੁਵਰਗੀ ਬਾਦਸ਼ਾਹ ਨਾਲ ਕੋਈ ਵੀ ਸੰਬੰਧ ਰਿਸ਼ਤਾ ਸੀ ਚੁਣ ਚੁਣ ਕੇ ਨਿਰਦਇਤਾ ਨਾਲ ਕਤਲ ਕੀਤਾ। ਗਿਆ। ਬਾਦਸ਼ਾਹ ਨੇ ਕੇਵਲ ਦੇਵੀ ਨਾਲ ਵਿਆਹ ਕਰ ਲਿਆ ਜੋ ਕਿ ਉਸਦੇ ਮਾਲਕ ਤੇ ਬਾਦਸ਼ਾਹ ਦੇ ਭਾਈ ਖਿਜ਼ਰ ਖਾਂ ਦੀ ਹੁਸੀਨ ਪਤਨੀ ਸੀ।

## ਲਾਹੌਰ ਵਾਇਸਰਾਏ ਗਾਜ਼ੀ ਬੇਗ ਦਾ ਦਿਲੀ ਉਪਰ ਧਾਵਾ

ਲਾਹੌਰ ਦੇ ਸੂਰਬੀਰ ਤੇ ਦਾਨੇ ਵਾਇਸਰਾਏ ਗਾਜ਼ੀ ਬੇਗ ਤੁਗਲਕ ਨੇ ਖੁਸਰੋ ਦੀਆਂ ਇਨਕਲਾਬੀ ਕਾਰਰਵਾਈਆਂ ਦੀ ਖਬਰ ਸੁਣ ਕੇ ਇਕ ਭਾਰੀ ਫੌਜ ਨਾਲ ਪੰਜਾਬ ਵਿਚੋਂ ਕੂਚ ਕਰ ਦਿਤਾ ਤਾਂ ਜੋ ਖੁਸਰੋ ਵਰਗੇ ਗਾਸਬ ਦੇ ਹਥੋਂ ਦੁਖੀ ਪਰਜਾ ਨੂੰ ਛੁਟਕਾਰਾ ਦਿਵਾਇਆ ਜਾਏ। ਕਈ ਸੂਬਿਆਂ ਦੇ ਗਵਰਨਰ ਵੀ ਆਪਣੀਆਂ ਫੌਜਾਂ ਲੈ ਕੇ ਤੁਗਲਕ ਦੇ ਨਾਲ ਆਣ ਸ਼ਾਮਲ ਹੋਏ। ਮੁਲਤਾਨ ਦਾ ਗਵਰਨਰ ਮੁਗਲਤਗੀਨ ਜੋ ਉਹਦੇ ਨਾਲ ਮਿਲ ਕੇ ਕਾਰਰਵਾਈ ਨਹੀਂ ਸੀ ਕਰਨਾ ਚਾਹੁੰਦਾ ਉਹ ਪ੍ਰਸਿਧ

ਮੁਗਲ ਸਰਦਾਰ ਬਹਿਰਾਮ ਆਬੀਆ ਦੇ ਹਥੋਂ ਕਤਲ ਹੋ ਗਿਆ। ਬਹਿਰਾਮ ਆਬੀਆ ਨੇ ਮੁਲਤਾਨ ਦੀ ਫੌਜ ਲਾਹੌਰ ਦੇ ਵਾਇਸਰਾਏ ਦੇ ਸਪੁਰਦ ਕਰ ਦਿਤੀ। ਇਸ ਤਰਾਂ ਸਾਰੀਆਂ ਸ਼ਾਹੀਆਂ ਫੌਜਾਂ ਕੂਚ ਕਰਦੀਆਂ ਦਿਲੀ ਜਾ ਪੁਜੀਆਂ ਜਿਥੇ ਸ਼ਾਹੀ ਫੌਜਾਂ ਨੇ ਸਰਸਵਤੀ ਦੇ ਕੰਢਿਆਂ ਉਤੇ ਇਹਨਾ ਦਾ ਟਾਕਰਾ ਕੀਤਾ। ਸ਼ਾਹੀ ਫੌਜਾਂ ਨਿਕੰਮੀਆਂ ਤੇ ਆਰਾਮ ਤਲਬ ਹੋ ਚੁਕਿਆ ਸਨ ਇਸ ਲਈ ਉਹ ਸਰਹਦ ਦੀਆਂ ਉਹਨਾਂ ਸਖ਼ਤ ਜਾਨ ਫੌਜਾਂ ਦਾ ਉਕਾ ਹੀ ਟਾਕਰਾ ਨਹੀਂ ਸਨ ਕਰ ਸਕਦੀਆਂ ਜੋ ਕਿ ਪੂਰੀ ਤਰ੍ਹਾਂ ਜੰਗ ਦੇ ਹੁਨਰ ਵਿਚ ਮਾਹਰ ਸਨ ਤੇ ਜੋ ਅਨੇਕਾਂ ਵਾਰ ਮੁਗਲਾਂ ਨੂੰ ਮੈਦਾਨ ਜੰਗ ਵਿਚ ਪਛਾੜ ਚੁਕਿਆ ਸਨ।

## ਮਲਿਕ ਖੁਸਰੋ ਦੀ ਹਾਰ

ਏਥੇ ਜਿਹੜੀ ਜੰਗ ਹੋਈ ਉਸ ਵਿਚ ਮਲਿਕ ਖੁਸਰੋ ਨੂੰ ਹਾਰ ਹੋਈ ਤੇ ਉਹ ਮੈਦਾਨ ਛਡ ਕੇ ਨਸ ਗਿਆ। ਲਾਹੌਰੀ ਫੌਜਾਂ ਨੇ ਇਕ ਪੁਰਾਣੇ ਕਬਰਸਤਾਨ ਵਿਚ ਲੁਕੇ ਹੋਏ ਇਸ ਬਾਦਸ਼ਾਹ ਨੂੰ ਜਾ ਫੜਿਆ।

## ਉਸ ਦੀ ਮੌਤ ੧੩੨੧ ਈਸਵੀ

ਵੈਰੀ ਨੇ ਉਸ ਨੂੰ ਓਥੋਂ ਬਾਹਰ ਧੂਹ ਲਿਆਂਦਾ ਅਤੇ ੨੨ ਅਗਸਤ ੧੩੨੧ ਇਸਵੀ ਨੂੰ ਕਤਲ ਕਰ ਦਿਤਾ।

## ਗਾਜ਼ੀ ਬੇਗ ਤੁਗਲਕ ਬਾਦਸ਼ਾਹ ਚੁਣਿਆ ਗਿਆ

ਇਸ ਦੇ ਦੂਜੇ ਹੀ ਦਿਨ ਸ਼ਹਿਰ ਦੇ ਉਮਰਾ ਤੇ ਦਰਬਾਰੀ ਵਿਜਈ ਦੀ ਸੇਵਾ ਵਿਚ ਹਾਜ਼ਰ ਹੋਏ। ਉਹਨਾਂ ਸਭਨਾਂ ਨੇ ਉਸ ਦੀ ਈਨ ਮੰਨ ਲਈ ਤੇ ਸ਼ਹਿਰ ਦੀਆਂ ਚਾਬੀਆਂ ਵਿਜਈ ਦੇ ਹਵਾਲੇ ਕਰ ਦਿਤੀਆ। ਗਾਜ਼ੀ ਬੇਗ ਵਿਜਈ ਦੇ ਰੂਪ ਵਿਚ ਸ਼ਹਿਰ ਅੰਦਰ ਦਾਖਲ ਹੋਇਆ। ਜਿਵੇਂ ਹੀ ਉਸ ਨੇ ਹਜ਼ਾਰ ਮੀਨਾਰ ਨੂੰ ਡਿੱਠਾ ਉਸ ਦੀਆਂ ਭੁਬਾਂ ਨਿਕਲ ਗਈਆਂ ਤੇ ਉਹ ਬਹੁਤ ਰੋਇਆ। ਇਸ ਮੌਕੇ ਉਤੇ ਜਨਤਾ ਨੂੰ ਸੰਬੋਧਨ ਕਰਕੇ ਉਸ ਨੇ ਆਖਿਆ ਮੈਂ ਵੀ ਉਹਨਾਂ ਵਾਂਗ ਪਰਜਾ ਦਾ ਹੀ ਇਕ ਬੰਦਾ ਹਾਂ। ਮੈਂ ਆਪਣੀ ਤਲਵਾਰ ਮਿਆਨ ਵਿਚੋਂ ਇਸ ਲਈ ਬਾਹਰ ਕਢੀ ਸੀ ਤਾਂ ਜੁ ਉਹ ਲੋਕਾਂ ਨੂੰ ਇਸ ਬਲਾ ਤੋਂ ਮੁਕਤੀ ਦਵਾਏ ਅਤੇ ਜੇ ਸ਼ਾਹੀ ਨਸਲ ਦਾ ਕਈ ਬੰਦਾ ਜੀਉਂਦਾ ਨਹੀਂ ਰਿਹਾ ਤਦ ਉਹ ਬੜਰ ਖੁਸ਼ੀ ਨਾਲ ਉਸ ਆਦਮੀ ਦੀ ਤਾਬੇਦਾਰੀ ਕਬੂਲ ਕਰਨ ਲਈ ਤਿਆਰ ਹੈ ਜਿਸ ਨੂੰ ਅਮੀਰ ਵਜ਼ੀਰ ਮਿਲ ਕੇ ਆਪਣਾ ਬਾਦਸ਼ਾਹ ਚੁਣ ਲੈਣ। ਬੇਅੰਤ ਆਵਾਜ਼ਾਂ ਆਈਆਂ ਕਿ ਉਸ ਤੋਂ ਚੰਗੇਰਾ ਤੇ ਯੋਗ ਪੁਰਸ਼ ਹੋਰ ਕੋਈ ਨਹੀਂ ਜੋ ਰਾਜ ਕਰ ਸਕੇ, ਉਸੇ ਨੇ ਲੋਕਾਂ ਨੂੰ ਮੁਗਲਾਂ ਦੇ ਅਤਿਆਚਾਰ ਤੇ ਜ਼ੁਲਮ ਤੋਂ ਬਚਾਇਆ ਹੈ ਤੇ ਉਹਨਾਂ ਦੀ ਇਹਨਾਂ ਗਾਸਬਾਂ ਹਥੋਂ ਖਲਾਸੀ ਕਰਾਈ ਹੈ। ਇਸ ਦੇ ਮਗਰੋਂ ਉਹ ਲੋਕ ਉਸ ਨੂੰ ਚੁਕ ਕੇ ਦਰਬਾਰਹਾਲ ਵਿਚ ਲੈ ਗਏ ਅਤੇ ਉਸ ਨੂੰ ਸ਼ਾਹੀ ਤਖਤ ਉਤੇ ਜਾ ਬਿਠਾਇਆ। ਸਭ ਲੋਕ ਹਥ ਜੋੜ ਕੇ ਖੜੇ ਹੋ ਗਏ ਅਤੇ ਉਸ ਨੂੰ ਸ਼ਾਹਿ ਜਹਾਨ ਕਰਕੇ ਸੰਬੋਧਨ ਕੀਤਾ। ਗਾਜ਼ੀ ਬੇਗ ਨੇ ਗਦੀ ਨਸ਼ੀਨ ਹੋ ਕੇ ਆਪਣੇ ਲਈ ਗਿਆਸ ਉਦੀਨ ਦਾ ਸਾਦਾ ਜਿਹਾ ਉਪਨਾਮ ਹੀ ਪਸੰਦ ਕੀਤਾ। ਇਉਂ ਖਿਲਜੀ ਪਰਿਵਾਰ ੧੨੯੮ ਈਸਵੀ ਤੋਂ ੧੩੨੧ ਈਸਵੀ ਤੀਕ ਰਾਜ ਕਰਨ ਮਗਰੋਂ ਬਦਅਮਨੀ ਬਗਾਵਤ, ਖੂਨ ਖਰਾਬੇ ਤੇ ਖੌਫਨਾਕ ਹਮਲਿਆਂ ਵਿਚਾਲੇ ਖਤਮ ਹੋ ਗਿਆ।

—

# ਪਰਕਰਨ-੬

# ਤੁਗਲਕ ਪਰਿਵਾਰ (੧੩੨੧ ਤੋਂ ੧੩੯੮)

## ਗਿਆਸ ਉਦੀਨ ਤੁਗਲਕ

### ਗਾਜ਼ੀ ਬੇਗ ਤੁਗਲਕ ਦਾ ਮੁਢ

ਲਖਾਂ ਲੋਕਾਂ ਦੇ ਰੂਬਰੂ ਗਿਆਸ ਉਦੀਨ ਤੁਗਲਕ ਦੀ ਗਦੀ ਨਸ਼ੀਨੀ ਬੜੇ ਉਤਸ਼ਾਹ ਨਾਲ ਹੋਈ। ਮੁਹੰਮਦ ਕਾਸਮ ਫਰਿਸ਼ਤਾ ਲਿਖਦਾ ਹੈ ਕਿ ਆਪਣੇ ਬਾਦਸ਼ਾਹ ਇਬਰਾਹੀਮ ਆਦਿਲ ਸ਼ਾਹ ਬਿਜੇ ਪੁਰ ਵਲੋਂ ਪਰਤੀਨਿਧ ਬਣ ਕੇ ਸ਼ਹਿਨਸ਼ਾਹ ਜਹਾਂਗੀਰ ਜੋ ਓਦੋਂ ਲਾਹੌਰ ਵਿਚ ਸੀ ਦਰਬਾਰ ਵਿਚ ਪੁਜਾ ਤਦ ਉਸ ਨੇ ਉਥੇ ਮੌਜੂਦ ਪਰਸਿਧ ਇਤਿਹਾਸ ਕਾਰਾਂ ਪਾਸੋਂ ਪੁਛ ਕੀਤੀ ਸੀ ਕਿ ਤੁਗਲਕ ਖਾਨਦਾਨ ਦੇ ਆਰੰਭ ਬਾਰੇ ਉਹਨਾਂ ਦੇ ਕੀ ਵਿਚਾਰ ਹਨ। ਇਸ ਵਿਸ਼ੇ ਉਤੇ ਭਾਵੇਂ ਉਹ ਲੋਕ ਕੋਈ ਲਿਖਤੀ ਸਬੂਤ ਤਾਂ ਪੇਸ਼ ਨਾ ਕਰ ਸਕੇ ਫੇਰ ਵੀ ਉਹ ਸਾਰੇ ਇਸ ਗਲ ਉਤੇ ਸਹਿਮਤ ਸਨ ਕਿ ਗਿਆਸ ਉਦੀਨ ਦੇ ਪਿਤਾ ਦਾ ਨਾਮ ਤੁਗਲਕ ਸੀ ਅਤੇ ਉਹ ਇਕ ਤੁਰਕੀ ਗੁਲਾਮ ਸੀ ਜਿਸ ਨੇ ਜਟ ਕੌਮ ਦੀ ਇਕ ਇਸਤਰੀ ਨਾਲ ਲਾਹੌਰ ਦੇ ਨੇੜ ਸ਼ਾਦੀ ਕੀਤੀ ਸੀ।

### ਗਿਆਸ ਉਦੀਨ ਦਾ ਉਪਨਾਮ

ਉਸ ਸ਼ਾਦੀ ਵਿਚੋਂ ਇਕ ਲੜਕਾ ਗਾਜ਼ੀ ਬੇਗ ਹੋਇਆ ਜਿਸ ਨੇ ਤਖਤ ਉਤੇ ਬੈਠਣ ਮਗਰੋਂ ਆਪਣਾ ਨਾਮ ਗਿਆਸ ਉਦੀਨ ਰਖ ਲਿਆ।

Sri Satguru Jagjit Singh Ji eLibrary NamdhariElibrary@gmail.com

## ਉਸ ਦਾ ਪਹਿਲਾ ਜੀਵਨ

ਗਿਆਸਉਦੀਨ ਕਈ ਸਾਲ ਤੀਕ ਲਾਹੌਰ ਦੇ ਵਾਇਸਰਾਏ ਦੇ ਤੌਰ ਉਤੇ ਰਾਜ ਕਰਦਾ ਰਿਹਾ । ਉਸ ਸਮੇਂ ਪੰਜਾਬ ਵਿਚ ਹਿਮਾਲਾ ਤੋਂ ਲੈ ਕੇ ਸਿੰਧ ਤੀਕ ਦੇ ਸਾਰੇ ਸਰਹਦੀ ਸੂਬੇ ਸ਼ਾਮਲ ਸਨ । ਉਹ ਪੁਖਤਾ ਉਮਰ ਦਾ ਮਨੁਖ ਸੀ ਉਹਦ ਵਿਚ ਸਿਆਣਪ ਤੇ ਇਨਸਾਫ ਦਾ ਵੀ ਬੜਾ ਵਡਾ ਗੁਣ ਸੀ । ਜਿਹਾ ਕਿ ਪਹਿਲ ਦਸਿਆ ਜਾ ਚੁਕਾ ਹੈ ਉਸ ਨੇ ਨਾ ਕੇਵਲ ਲਗਾਤਾਰ ਹਮਲਿਆਂ ਨੂੰ ਸਫਲਤਾ ਨਾਲ ਪਿਛਾਹ ਮੋੜਿਆ ਸਗੋਂ ਉਹਨਾਂ ਦੇ ਹੀ ਦੇਸ਼ ਵਿਚ ਜਾ ਕੇ ਆਪ ਹਮਲੇ ਕੀਤੇ । ਉਸ ਨੇ ਬਹਿਰਾਮ ਆਬੀਆ ਨੂੰ ਆਪਣਾ ਭਾਈ ਬਣਾ ਲਿਆ ਕਿਉਂਕਿ ਉਸ ਨੇ ਪਿਛਲੀਆਂ ਲੜਾਈਆਂ ਵਿਚ ਮੁਲਤਾਨ ਤੋਂ ਫੌਜ ਲਿਆ ਕੇ ਬੜੀ ਅਸਰਦਾਰ ਸਹਾਇਤਾ ਕੀਤੀ ਸੀ । ਖੁਸ਼ ਹੋ ਕੇ ਉਸ ਨੇ ਬਹਿਰਾਮ ਆਬੀਆ ਨੂੰ ਦਰਿਆ ਸਿੰਧ ਦੇ ਕਿਨਾਰੇ ਦੇ ਸਾਰੇ ਸੂਬਿਆਂ ਦਾ ਇਨਚਾਰਜ (ਪ੍ਰਬੰਧਕ) ਨਿਯਤ ਕਰ ਦਿਤਾ ।

## ਉਸ ਦੀਆਂ ਲੋਕ-ਲਾਭ ਦੀਆਂ ਨਵੀਆਂ ਵਿਉਂਤਾਂ

ਇਸ ਸਮੇਂ ਵਿਚਕਾਰ ਉਸ ਨੇ ਆਪਣੀਆਂ ਪੱਛਮੀ ਸਰਹਦਾਂ ਨੂੰ ਪਕਿਆਂ ਕਰ ਲਿਆ । ਉਸ ਨੇ ਕਾਬਲ ਦੀ ਸਰਹਦ ਉਪਰ ਕਈ ਨਵੇਂ ਕਿਲ੍ਹੇ ਵੀ ਉਸਾਰੇ ਤੇ ਕਈ ਥਾਈਂ ਫੌਜੀ ਚੌਕੀਆਂ ਵੀ ਕਾਇਮ ਕੀਤੀਆ । ਇਸ ਤਰ੍ਹਾਂ ਕਰ ਕੇ ਉਸ ਨੇ ਮੁਗਲਾਂ ਨੂੰ ਵਧੇਰੇ ਚਿਰ ਤੀਕ ਹਮਲੇ ਕਰਨ ਦੇ ਅਸਮਰਥ ਬਣਾ ਦਿਤਾ । ਉਹ ਰਾਜ ਪ੍ਰਬੰਧ ਐਸੇ ਸੁਚੱਜੇ ਢੰਗ ਨਾਲ ਚਲਾਉਂਦਾ ਸੀ ਕਿ ਸਾਰੀ ਪਰਜਾ ਉਸ ਤੇ ਤਨੋ ਮਨੋ ਪ੍ਰਸੰਨ ਸੀ । ਉਸ ਨੇ ਕਾਨੂੰਨਾਂ ਵਿਚ ਸੁਧਾਰ ਕੀਤੇ, ਤਿਜਾਰਤ ਦੀ ਹੌਸਲਾ ਅਫਜ਼ਾਈ ਕੀਤੀ, ਆਲਮਾਂ ਤੇ ਵਿਦਵਾਨਾਂ ਦੀ ਸਰਪਰਸਤੀ ਕੀਤੀ ਅਤੇ ਸਰਕਾਰੀ ਇਮਾਰਤਾਂ ਦੀ ਉਸਾਰੀ ਵੀ ਕੀਤੀ ।

## ਅਚਾਨਕ ਮੌਤ ੧੩੨੫ ਈ:

ਉਸ ਨੇ ਦਿਲੀ ਵਿਚ ਇਕ ਨਵਾਂ ਕਿਲ੍ਹਾ ਉਸਾਰਿਆ ਜਿਸ ਨੂੰ ਉਸ ਨੇ ਤੁਗਲਕ ਆਬਾਦ ਦਾ ਨਾਮ ਦਿਤਾ । ਅੰਤ ਵਿਚ ਉਹ ਦਿਲੀ ਵਿਚ ਆਪਣੇ ਮਹੱਲ ਦੀ ਛੱਤ ਉਤੋਂ ਅਚਾਨਕ ਡਿਗ ਕੇ ਫਰਵਰੀ ੧੩੨੫ ਈ: ਵਿਚ ਮਰ ਗਿਆ । ਉਸ ਨੇ ਕੁਲ ਚਾਰ ਸਾਲ ਤੇ ਕੁਛ ਮਹੀਨੇ ਤੀਕ ਰਾਜ ਕੀਤਾ । ਕਵੀ ਅਮੀਰ ਖੁਸਰੋ ਉਸ ਦੇ ਅੰਤ ਤੀਕ ਜੀਉਂਦਾ ਰਿਹਾ । ਉਸ ਨੇ "ਤੁਗਲਕ ਨਾਮਾ" ਦੇ ਨਾਮ ਨਾਲ ਉਸ ਦਾ ਇਤਿਹਾਸ ਲਿਖਿਆ ਹੈ ।

## ਮੁਹੰਮਦ ਤੁਗਲਕ

## ਉਸਦਾ ਜਾ ਨਸ਼ੀਨ ਅਲਫ ਖਾਂ ਜਾ ਮੁਹੰਮਦ ਤੁਗਲਕ

ਗਿਆਸ ਉਦੀਨ ਤੁਗਲਕ ਦੀ ਮੌਤ ਉਪਰੰਤ ਉਸ ਦਾ ਸਭ ਤੋਂ ਵਡਾ ਪੁਤਰ ਅਲਫ ਖਾਂ, ਮੁਹੰਮਦ ਤੁਗਲਕ ਦੇ ਨਾਮ ਨਾਲ ਗਦੀ ਨਸ਼ੀਨ ਹੋਇਆ । ਉਹ ਆਪਣੇ ਜ਼ਮਾਨੇ ਦਾ ਮੰਨਿਆ ਪਰਮੰਨਿਆਂ ਵਿਦਵਾਨ ਸੀ । ਉਸ ਦੇ ਵਿਚਾਰ ਬੜੇ ਵਿਸ਼ਾਲ ਸਨ ਅਤੇ ਪਾਲਿਸੀ ਸੁਲਹ ਕੁਲ ਸੀ ।

## ਨਵੇਂ ਬਾਦਸ਼ਾਹ ਦਾ ਚਲਨ

ਮੁਹੰਮਦ ਤੁਗਲਕ ਦੀ ਸਖਾਵਤ ਤੇ ਖੁਲ੍ਹ ਦਿਲੀ ਦੀ ਸ਼ੁਹਰਤ ਦੇ ਕਾਰਨ ਏਸ਼ੀਆ ਭਰ ਦੇ ਆਲਮ ਤੇ ਵਿਦਵਾਨ ਲੋਕ ਉਸ ਦੇ ਦਰਬਾਰ ਵਲ ਖਿਚੇ ਆਉਂਦੇ ਸਨ । ਉਹ ਆਪਣੇ ਦਰਬਾਰੀਆਂ ਨੂੰ ਐਨੀ ਖੁਲ੍ਹ-ਦਿਲੀ ਨਾਲ ਨਿਵਾਜਦਾ ਸੀ ਕਿ ਜਿਸ ਦੀ ਮਿਸਾਲ ਉਸਦੇ ਕਿਸੇ ਵਡੇ ਵਿਚ ਨਹੀਂ ਮਿਲਦੀ । ਉਸ ਨੇ ਰੋਗੀਆਂ ਲਈ ਸ਼ਫਾਖਾਨੇ ਜਾਰੀ ਕੀਤੇ ਅਤੇ ਵਿਧਵਾਵਾਂ ਤੇ ਨਿਆਸਰੇ ਲੋਕਾਂ ਲਈ ਖੈਰਾਤ ਖਾਨੇ ਵੀ ਖੋਹਲੇ ਉਹ ਬੜਾ ਭਾਰੀ ਵਕਤਾ ਸੀ ਅਤੇ ਫਾਰਸੀ ਤੇ ਅਰਬੀ ਵਿਚ ਉਸ ਦੀਆਂ ਲਿਖਤਾਂ ਆਪਣੀ ਸ਼ਾਨ ਤੇ ਵਸ਼ੇਸ਼ ਲਿਖਣ ਢੰਗ ਲਈ ਪ੍ਰਸਿਧ ਹਨ । ਉਸ ਨੂੰ ਇਤਿਹਾਸ ਨਾਲ ਬੜਾ ਪ੍ਰੇਮ ਸੀ ਤੇ ਏਸੇ ਨੂੰ ਉਸ ਨੇ ਆਪਣੇ ਅਧਐਨ ਦਾ ਵਸ਼ੇਸ਼ ਵਿਸ਼ਾ ਬਣਾ ਰਖਿਆ ਸੀ । ਦਰਸ਼ਨ, ਸਾਇੰਸ ਤੇ ਜੋਤਸ਼ ਵਿਦਿਆ ਵਿਚ ਵੀ ਉਸ ਨੂੰ ਬੜੀ ਨਿਪੁੰਨਤਾ ਪਰਾਪਤ ਸੀ । ਖਾਸ ਖਾਸ ਰੋਗਾਂ ਦੀ ਚਕਿਤਸਾ ਲਈ ਉਹ ਰੋਗੀਆਂ ਪਾਸ ਆਪ ਚਲ ਕੇ ਜਾਂਦਾ ਅਤੇ ਉਹਨਾਂ ਦੇ ਇਲਾਜ ਦੀ ਤਰਕੀ ਨੂੰ ਬੜੇ ਗਹੁ ਨਾਲ ਵੇਖਦਾ ਸੀ । ਉਸ ਨੇ ਯੂਨਾਨ ਦੀ ਫਲਾਸਫੀ ਦਾ ਅਧਿਐਨ ਕੀਤਾ ਅਤੇ ਆਪਣੇ ਸਮੇਂ ਦੇ ਵਿਦਵਾਨਾਂ ਨਾਲ ਵਖ ਵਖ ਵਿਸ਼ਿਆਂ ਉਤੇ ਚਰਚਾ ਵੀ ਕੀਤੀ । ਅਸਦ ਮੰਤਕੀ, ਉਬੈਦ ਕਵੀ, ਮੌਲਾਨਾ ਐਨਉਦੀਨ ਸ਼ੀਰਾਜ਼ੀ, ਨਜਮ ਉਦੀਨ ਫ਼ਤੀਸ਼ਰ ਅਤੇ ਹੋਰ ਵੀ ਕਈ ਵਿਦਵਾਨ ਉਸ ਦੇ ਰਾਜ ਸਮੇਂ ਹੀ ਹੋਏ ਹਨ ।

## ਤੁਰਮੁਸ਼ਰੀਨ ਖਾਂ ਮੁਗਲ ਦਾ ਪੰਜਾਬ ਉਤੇ ਹਮਲਾ ੧੩੨੨ ਈ.

ਉਸ ਦੇ ਰਾਜ ਸਮੇਂ ਦੀ ਪਹਿਲੀ ਵਡੀ ਘਟਨਾ ਹੈ ਮੁਗਲਾਂ ਦਾ ਕਰੜਾ ਹਮਲਾ ਜੋ ਐਤਕੀਂ ਹਿੰਦੁਸਤਾਨ ਦੀ ਪੂਰਨ ਫਤਹਿ ਦਾ ਇਰਾਦਾ ਧਾਰ ਕੇ ਆਏ ਸਨ । ਸੰਨ ੧੩੨੭ ਈਸਵੀ ਵਿਚ ਤੁਰਮੁਸ਼ਰੀਨ ਖਾਂ ਨਾਮੀ ਚੁਗਤਾਈ ਕਬੀਲੇ ਦਾ ਸਰਦਾਰ ਤੇ ਪਰਸਿਧ ਮੁਗਲ ਜਰਨੈਲ ਨੇ ਬਹੁਤ ਵਡੀ ਫੌਜ ਨਾਲ ਪੰਜਾਬ ਉਤੇ ਚੜ੍ਹਾਈ ਕੀਤੀ । ਮੁਲਤਾਨ ਲਾਘਮਾਨ ਅਤੇ ਹੋਰ ਉਤਰੀ ਸੂਬਿਆਂ ਨੂੰ ਫਤਹ ਕਰ ਕੇ ਉਹ ਬੜੀ ਤੇਜ਼ੀ ਨਾਲ ਦਿਲੀ ਵਲ ਵਧਿਆ । ਦਿਲੀ ਦੇ ਸ਼ਹਿਨਸ਼ਾਹ ਨੇ ਅਜੇ ਆਪਣੀ ਗੌਰਮਿੰਟ ਨੂੰ ਪਕੇ ਪੈਰਾਂ ਤੇ ਖੜੀ ਨਹੀਂ ਸੀ ਕੀਤਾ ਅਤੇ ਉਹ ਜੰਗ ਲਈ ਵੀ ਤਿਆਰ ਨਹੀਂ ਸੀ ਇਸ ਲਈ ਉਸ ਨੇ ਏਸੇ ਵਿਚ ਸਲਾਮਤੀ ਸਮਝੀ ਕਿ ਹਮਲਾਆਵਰਾਂ ਤੋਂ ਖਲਾਸੀ ਪਾਈ ਜਾਏ ।

## ਤਾਵਾਨ ਲੈ ਕੇ ਵਾਪਸੀ

ਇਸ ਮੰਤਵ ਲਈ ਉਸ ਨੇ ਹਮਲਾਆਵਰਾਂ ਨੂੰ ਤਾਵਾਨ ਵਜੋਂ ਇਕ ਚੋਖੀ ਰਕਮ ਦਿਤੀ । ਹਮਲਾਆਵਰ ਇਸ ਵਡਮੁਲੀ ਦਾਤ ਨੂੰ, ਜੋ ਇਕ ਬਾਦਸ਼ਾਹਤ ਦੇ ਮੁਲ ਤੋਂ ਘਟ ਨਹੀਂ ਸੀ, ਪਾ ਕੇ ਵਾਪਸ ਮੁੜ ਗਏ । ਉਹਨਾਂ ਦੀ ਪਸਪਾਈ ਗੁਜਰਾਤ ਤੇ ਸਿੰਧ ਰਾਹੀਂ ਹੋਈ ਜਿਨ੍ਹਾਂ ਨੂੰ ਉਹਨਾਂ ਨੇ ਜੀ ਭਰ ਕੇ ਲੁਟਿਆ ਅਤੇ ਜਾਂਦੇ ਹੋਏ ਉਥੋਂ ਦੇ ਹਜ਼ਾਰਾਂ ਲੋਕਾਂ ਨੂੰ ਵੀ ਗੁਲਾਮ ਬਣਾ ਕੇ ਲੈ ਗਏ ।

## ਬਾਦਸ਼ਾਹ ਦੇ ਚੀਨ ਫਤਹ ਕਰਨ ਦੇ ਇਰਾਦੇ

ਸੰਨ ੧੩੩੭ ਈਸਵੀ ਵਿਚ ਬਾਦਸ਼ਾਹ ਨੇ ਚੀਨ ਨੂੰ ਫਤਹ ਕਰਨ ਦੀ ਸ਼ੇਖ ਚਿਲੀ ਵਾਲੀ ਸਕੀਮ ਤਿਆਰ ਕੀਤੀ ਸਗੋਂ ਨਿਪਾਲ ਦੀਆਂ ਪਹਾੜੀਆਂ ਦੇ ਰਸਤੇ ਇਕ ਲਖ ਘੁੜ ਸਵਾਰ ਫੌਜ ਰਵਾਨਾ ਵੀ ਕਰ ਦਿਤੀ ਇਹ ਫੌਜ ਉਸ ਦੇ ਭਾਣਜੇ ਮਲਿਕ ਖੁਸਰੋਂ ਦੀ ਕਮਾਨ ਹੇਠ ਚੀਨ ਨੂੰ ਫਤਹ ਕਰਨ ਲਈ ਭੇਜੀ ਗਈ ਸੀ । ਸ਼ਾਹੀ ਫੌਜ ਹਿਮਾਲਾ ਪਰਬਤਾਂ ਵਿਚ ਦਾਖਲ ਹੋ ਗਈ ਅਤੇ ਰਸਤੇ ਵਿਚ ਜਾਂਦੇ ਜਾਂਦੇ ਉਹਨੇ ਛੋਟੇ ਛੋਟੇ ਕਈ ਕਿਲ੍ਹੇ ਥੋੜੀ ਥੋੜੀ ਵਿਥ ਉਤੇ ਕਾਇਮ ਕੀਤੇ ਤਾਂ ਜੋ ਉਹਨਾਂ ਦੀ ਆਵਾਜਾਈ ਦੀ ਲੜੀ ਕਾਇਮ ਰਹੇ । ਚੀਨ ਦੀ ਸਰਹਦ ਉਤੇ ਪੁਜਣ ਤੇ ਹਿੰਦੀ ਫੌਜ ਨੂੰ ਬੇਅੰਤ ਫੌਜ ਨਾਲ ਟਾਕਰਾ ਕਰਨਾ ਪਿਆ । ਹੁਣ ਬਰਸਾਤ ਵੀ

ਸ਼ੁਰੂ ਹੋ ਗਈ ਜਿਸ ਦੇ ਕਾਰਨ ਮੈਦਾਨੀ ਇਲਾਕਾ ਪਾਣੀ ਨਾਲ ਭਰ ਗਿਆ। ਪਹਾੜ ਜੰਗਲਾਂ ਨਾਲ ਭਰੇ ਪਏ ਸਨ ਤੇ ਹਿੰਦੀ ਫੋਜ ਦੀ ਬਦਕਿਸਮਤੀ ਨੂੰ ਫੌਜ ਅੰਦਰ ਸਖਤ ਕਾਲ ਪੈ ਗਿਆ। ਪਾਣੀ ਤੇ ਕਾਲ ਦੇ ਦੁਖਾਂ ਦੇ ਨਾਲ ਚੀਨੀ ਫੌਜ ਨੇ ਹਮਲਾਆਵਰ ਫੌਜ ਦੇ ਬਹੁਤ ਵਡੇ ਹਿਸੇ ਨੂੰ ਫੋਜ ਨਾਲੋਂ ਕਟ ਦਿਤਾ। ਇਹਨਾਂ ਦੀ ਪਸਪਾਈ ਸਮੇਂ ਚੀਨੀਆਂ ਨ ਇਹਨਾਂ ਦਾ ਬਚਿਆ ਖੁਚਿਆ ਸ਼ਾਮਾਨ ਤ ਰਸਦ ਵੀ ਲੁਟ ਲਈ।

## ਮੁਹਿੰਮ ਦੀ ਅਸਫਲਤਾ

ਇਸ ਤਰ੍ਹਾਂ ਸਾਰੀ ਫੌਜ ਬਾਦਸ਼ਾਹ ਦੀ ਮੂਰਖਤਾ ਦੀ ਭੇਟ ਹੋ ਗਈ ਅਤੇ ਜਿਹਾ ਕਿ ਫਰਿਸ਼ਤੇ ਨੇ ਲਿਖਿਆ ਹੈ ਇਸ ਫੌਜ ਦੀ ਤਬਾਹੀ ਦਾ ਹਾਲ ਦਸਣ ਵਾਲਾ ਇਕ ਵੀ ਆਦਮੀ ਉਥੋਂ ਜੀਉਂਦਾ ਬਚ ਕੇ ਨ ਆਇਆ। ਕੇਵਲ ਉਹੋ ਲੋਕ ਬਚੇ ਜਿਹੜੇ ਪਿਛੇ ਕਿਲ੍ਹੇ ਬੰਦੀਆਂ ਵਿਚ ਰਹਿ ਗਏ ਸਨ।

## ਬਹਿਰਾਮ ਆਬੀਆ ਗਵਰਨਰ ਮੁਲਤਾਨ ਦੀ

## ਬਗਾਵਤ ੧੩੪੦ ਈ:

ਸੰਨ ੧੩੪੦ ਈਸਵੀ ਨੂੰ ਮਲਿਕ ਬਹਿਰਾਮ ਆਬੀਆ ਨੇ, ਜੋ ਬਾਦਸ਼ਾਹ ਦੇ ਪਿਤਾ ਦਾ ਗੂਹੜਾ ਮਿਤਰ ਸੀ, ਬਗਾਵਤ ਦਾ ਝੰਡਾ ਖੜਾ ਕਰ ਦਿਤਾ। ਬਾਦਸ਼ਾਹ ਨੇ ਆਪਣੀ ਰਾਜਧਾਨੀ ਦਿਲੀ ਤੋਂ ਦੇਓ ਗੜ ਵਿਚ ਤਬਦੀਲ ਕਰ ਲਈ ਸੀ ਜਿਸ ਨੂੰ ਉਸ ਨੇ ਦੌਲਤਾਬਾਦ ਦਾ ਨਾਮ ਦਿਤਾ। ਉਸ ਨ ਆਪਣੇ ਉਮਰਾ ਨੂੰ ਇਹ ਸਖਤ ਹੁਕਮ ਦਿਤਾ ਕਿ ਉਹ ਆਪਣੇ ਪਰਿਵਾਰਾਂ ਸਮੇਤ ਨਵੇਂ ਸ਼ਹਿਰ ਵਿਚ ਆ ਕੇ ਵਸਣ। ਇਹੋ ਪੈਗਾਮ ਦੇ ਕੇ ਅਲੀ ਨਾਮੀ ਇਤਬਾਰੀ ਨੌਕਰ ਨੂੰ ਬਾਦਸ਼ਾਹ ਨੇ ਮੁਲਤਾਨ ਦੇ ਗਵਰਨਰ ਬਹਿਰਾਮ ਪਾਸ ਭੇਜਿਆ, ਪਰ ਇਹ ਵੇਖ ਕੇ ਕਿ ਉਹ ਸ਼ਾਹੀ ਹੁਕਮ ਦੀ ਪਾਲਨਾ ਵਿਚ ਟਾਲ-ਮਟੋਲ ਕਰ ਰਿਹਾ ਹੈ ਅਲੀ ਨੇ ਉਸ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿਤੀਆਂ। ਵਾਇਸਰਾਏ ਦੇ ਜਵਾਈ ਅਤੇ ਸ਼ਾਹੀ ਪੈਗੰਬਰ ਵਿਚਾਲੇ ਬੋਲ ਕਬੋਲ ਵੀ ਹੋਏ। ਇਸ ਤੇ ਬਹਿਰਾਮ ਦੇ ਇਕ ਨੌਕਰ ਨੇ ਉਸ ਸ਼ਾਹੀ ਪੈਗੰਬਰ ਦਾ ਸਿਰ ਲਾਹ ਕੇ ਰਖ ਦਿਤਾ।

## ਬਾਦਸ਼ਾਹ ਸੋਧ ਲਈ ਆਪ ਆਇਆ

ਬਾਦਸ਼ਾਹ ਨੇ ਜਦ ਆਪਣੇ ਹੁਕਮ ਦੀ ਇਹ ਅਵਗਿਆ ਸੁਣੀ ਤਦ ਉਹ ਫੌਜ ਲੈ ਕੇ ਆਪ ਮੁਲਤਾਨ ਵਲ ਵਧਿਆ। ਮਲਿਕ ਬਹਿਰਾਮ ਨੇ ਵੀ ਆਪਣੀ ਫੌਜ ਨੂੰ ਲੜਾਈ ਲਈ ਤਿਆਰ ਕਰ ਲਿਆ। ਇਸ ਤੇ ਦੋਵਾਂ ਫੌਜਾਂ ਵਿਚਾਲੇ ਜੰਗ ਹੋਈ ਜਿਸ ਵਿਚ ਵਡਾ ਖੂਨ ਖਰਾਬਾ ਹੋਇਆ। ਜੰਗ ਦੇ ਅੰਤ ਵਿਚ ਬਹਿਰਾਮ ਦੀਆਂ ਫੌਜਾਂ ਨੂੰ ਹਾਰ ਹੋਈ ਤੇ ਉਹ ਮੈਦਾਨ ਵਿਚੋਂ ਨਸ ਗਈਆਂ। ਬਾਦਸ਼ਾਹ ਬੜੇ ਜੋਸ਼ ਵਿਚ ਸੀ। ਉਸ ਨੇ ਮੁਲਤਾਨ ਦੇ ਸਭ ਲੋਕਾਂ ਦੇ ਕਤਲਿਆਮ ਦਾ ਹੁਕਮ ਦੇ ਦਿਤਾ। ਇਸ ਤੇ ਰੁਕਨ-ਉਦੀਨ ਪੀਰ ਨੇ ਬਾਦਸ਼ਾਹ ਪਾਸ ਸਫਾਰਸ਼ ਕੀਤੀ ਅਤੇ ਉਸ ਨੂੰ ਇਸ ਖੂਨ ਖਰਾਬ ਤੋਂ ਹੋੜਿਆ।

## ਬਹਿਰਾਮ ਦੀ ਹਾਰ ਤੇ ਮੌਤ ੧੩੪੦ ਈਸਵੀ

ਵਿਜਈ ਫੌਜ ਨੇ ਪਰਾਜਿਤ ਫੌਜ ਦਾ ਪਿਛਾ ਕੀਤਾ। ਮਲਿਕ ਬਹਿਰਾਮ ਵਿਜਈ ਫੌਜ ਦੇ ਹੱਥ ਚੜ੍ਹ ਗਿਆ ਤੇ ਉਸ ਨੇ ਗਵਰਨਰ ਦਾ ਸਿਰ ਕਟ ਕੇ ਬਾਦਸ਼ਾਹ ਦੇ ਰੂਬਰੂ ਪੇਸ਼ ਕੀਤਾ। ਏਨਾ ਕੁਝ ਕਰਨ ਮਗਰੋਂ ਬਾਦਸ਼ਾਹ, ਬਿਹਜ਼ਾਦ ਖਾਂ ਨੂੰ ਮੁਲਤਾਨ ਦਾ ਗਵਰਨਰ ਥਾਪ ਕ ਆਪ ਦਿਲੀ ਵਲ ਮੁੜ ਗਿਆ।

## ਅਫਗਾਨ ਸਰਦਾਰ ਸਾਹੂ ਦਾ ਪੰਜਾਬ ਉਤੇ ਹੱਲਾ ੧੩੪੧ ਈ.

ਸੰਨ ੧੩੪੧ ਈਸਵੀ ਵਿਚ ਅਫਗਾਨੀ ਪਰਬਤਾਂ ਦੇ ਨਾਮੀ ਮੁਗਲ ਸਰਦਾਰ ਸਾਹੂ ਨੇ ਪੰਜਾਬ ਦੇ ਉਤਰੀ ਇਲਾਕੇ ਵਿਚ ਲੁਟ ਮਚਾਈ। ਉਸ ਨੇ ਮੁਲਤਾਨ ਉਤੇ ਵੀ ਹੱਲਾ ਬੋਲਿਆ। ਉਸ ਦੇ ਟਾਕਰੇ ਲਈ ਮੁਲਤਾਨ ਦਾ ਗਵਰਨਰ ਬਹਿਜ਼ਾਦ ਖਾਂ ਫੌਜ ਲੈ ਕੇ ਮੈਦਾਨ ਵਿਚ ਨਿਕਲਿਆ। ਏਥੇ ਲਹੂ ਡੋਲ੍ਹਵੀਂ ਜੰਗ ਹੋਈ ਜਿਸ ਵਿਚ ਬਹਿਜ਼ਾਦ ਖਾਂ ਨੂੰ ਹਾਰ ਹੋਈ ਤੇ ਉਹਨੂੰ ਜਾਨੋਂ ਮਾਰ ਦਿਤਾ ਗਿਆ। ਹਮਲਾ ਆਵਰਾਂ ਨੇ ਸਾਰੇ ਸੂਬੇ ਨੂੰ ਲੁਟ ਪੁਟ ਕੇ ਬਰਬਾਦ ਕਰ ਦਿਤਾ। ਇਥੋਂ ਦੇ ਵਸਨੀਕਾਂ ਨੂੰ ਰੋਟੀ ਰੋਟੀ ਲਈ ਮੁਹਤਾਜ ਬਣਾ ਦਿਤਾ ਗਿਆ।

## ਉਸ ਦਾ ਹਰਨ ਹੋਣਾ

ਮੁਲਤਾਨ ਦੀ ਤਬਾਹੀ ਦੀਆਂ ਖਬਰਾਂ ਦਿਲੀ ਪੁਜੀਆਂ ਤਾਂ ਬਾਦਸ਼ਾਹ ਫੌਜ ਲੈ ਕੇ ਆਪ ਮੁਲਤਾਨ ਵਲ ਵਧਿਆ। ਸਾਹੂ ਬਾਦਸ਼ਾਹ ਦੇ ਆਉਣ ਦੀ ਖਬਰ ਸੁਣ ਕੇ ਬੜੀ ਤੇਜ਼ੀ ਨਾਲ ਨਸ ਗਿਆ। ਇਸ ਤਰ੍ਹਾਂ ਖਤਰਾ ਟਲ ਜਾਣ ਉਤੇ ਬਾਦਸ਼ਾਹ ਵੀ ਵਾਪਸ ਦਿਲੀ ਨੂੰ ਮੁੜ ਗਿਆ।

## ਪੰਜਾਬ ਉਤੇ ਗਖੜਾਂ ਦਾ ਹਮਲਾ ੧੩੪੧ ਈਸਵੀ

ਸੰਨ ੧੩੪੧ ਈਸਵੀ ਵਿਚ ਗਖੜਾਂ ਨੇ ਇਕ ਵਾਰ ਫੇਰ ਆਪਣੇ ਸਰਦਾਰ ਮਲਿਕ ਹੈਦਰ ਖਾਂ ਦੀ ਕਮਾਨ ਹੇਠ ਪੰਜਾਬ ਉਤੇ ਹੱਲਾ ਬੋਲਿਆ। ਲਾਹੌਰ ਦੇ ਵਾਇਸਰਾਏ ਤਾਤਾਰ ਖਾਂ ਨੇ ਉਹਨਾਂ ਦਾ ਡਟ ਕ ਟਾਕਰਾ ਕੀਤਾ। ਬੜੀ ਸਖਤ ਲੜਾਈ ਲੜੀ ਗਈ। ਇਸ ਲੜਾਈ ਵਿਚ ਲਾਹੌਰ ਦੀ ਫੌਜ ਨੂੰ ਹਾਰ ਹੋਈ ਅਤੇ ਵਾਇਸਰਾਏ ਤਾਤਾਰ ਖਾਂ ਜੰਗ ਵਿਚ ਮਾਰਿਆ ਗਿਆ।

## ਗਖੜਾਂ ਦੀ ਅੰਤਮ ਹਾਰ ਤੇ ਪਸਪਾਈ

ਜਦ ਇਸ ਹਾਰ ਦੀ ਖਬਰ ਦਿਲੀ ਦਰਬਾਰ ਵਿਚ ਪੁਜੀ ਤਦ, ਸ਼ਹਿਨਸ਼ਾਹ ਨੇ ਖਵਾਜਾ ਜਹਾਨ ਨੂੰ ਇਕ ਬੜੀ ਵਡੀ ਫੌਜ ਦੇ ਕੇ ਗਖੜਾਂ ਵਿਰੁਧ ਰਵਾਨਾ ਕੀਤਾ। ਇਸ ਫੌਜ ਨੇ ਗਖੜਾਂ ਨੂੰ ਹਾਰ ਦੇ ਕੇ ਮੁਲਕ ਵਿਚੋਂ ਬਾਹਰ ਕਢ ਦਿਤਾ।

## ਸਿੰਧ ਵਿਰੁਧ ਮੁਹਿਮ ੧੩੫੧ ਈਸਵੀ

ਸੰਨ ੧੩੫੧ ਵਿਚ ਸ਼ਹਿਨਸ਼ਾਹ ਇਕ ਮੁਹਿੰਮ ਲੈ ਕੇ ਟੁਟਾ ਗਿਆ ਤਾਂ ਜੁ ਸਿੰਧ ਦੇ ਸ਼ਾਹਜ਼ਾਦਾ ਸੁਮੇਰਾ ਦੀ ਸੋਧ ਕੀਤੀ ਜਾਏ। ਇਸ ਮੁਹਿੰਮ ਦੀ ਅਲਤੂਨ ਬਹਾਦਰ ਪੰਜ ਹਜ਼ਾਰ ਮੁਗਲ ਘੁੜ ਸਵਾਰ ਲੈ ਕੇ ਬਾਦਸ਼ਾਹ ਦੀ ਸਹਾਇਤਾ ਲਈ ਪੁਜਾ। ਮੁਹਿੰਮ ਦੇ ਦਿਨਾਂ ਵਿਚ ਹੀ ਮੁਹਰਮ ਦਾ ਤਿਉਹਾਰ ਆਣ ਪੁਜਾ ਇਸ ਲਈ ਉਹਨੇ ਸ਼ਹਿਰ ਤੋਂ ੬੦ ਮੀਲ ਦੂਰ ਹੀ ਡੇਰੇ ਲਾ ਦਿਤੇ ਤਾਂ ਜੁ ਮਾਹ ਰਮਜ਼ਾਨ ਦੇ ਪਹਿਲੇ ਦਸ ਦਿਨ ਬਿਤਾ ਲਏ ਜਾਣ। ਇਸ ਠਹਿਰਾਓ ਦੇ ਸਮੇਂ ਉਹ ਇਕ ਦਿਨ ਐਨੀ ਮਛੀ ਖਾ ਗਿਆ ਕਿ ਉਸ ਨੂੰ ਬੁਖਾਰ ਚੜ੍ਹ ਗਿਆ।

## ਮੁਹੰਮਦ ਤੁਗਲਕ ਦੀ ਮੌਤ ੧੩੫੧ ਈਸਵੀ

ਅਜੇ ਉਸ ਨੂੰ ਬੁਖਾਰ ਤੋਂ ਅਰਾਮ ਨਹੀਂ ਸੀ ਆਇਆ ਕਿ ਉਹ

Sri Satguru Jagjit Singh Ji eLibrary NamdhariElibrary@gmail.com

ਇਕ ਸਮੁੰਦਰੀ ਕਿਸ਼ਤੀ ਵਿਚ ਟਾਟਾ (ਟੱਟਾ) ਵਲ ਰਵਾਨਾ ਹੋ ਗਿਆ, ਪਰ ਉਸ ਨਗਰ ਤੋਂ ੩੦ ਮੀਲ ਉਰੇ ਹੀ ੨੦ ਮਾਰਚ ੧੩੫੧ ਈਸਵੀ ਨੂੰ ਉਸ ਦੀ ਮੌਤ ਹੋ ਗਈ। ਇਸ ਨੇ ੨੭ ਸਾਲ ਰਾਜ ਕੀਤਾ ਸੀ।

ਫਿਰੋਜ਼ ਸ਼ਾਹ ਦਾ ਇਤਿਹਾਸ ਲਿਖਣ ਵਾਲਾ ਇਤਿਹਾਸਕਾਰ ਜ਼ਿਆਉਦੀਨ ਬਾਰਮ, ਮੁਹੰਮਦ ਤੁਗਲਕ ਦੇ ਜ਼ਮਾਨੇ ਵਿਚ ਹੋਇਆ ਹੈ। ਉਹ ਕਈ ਮੁਹਿੰਮਾਂ ਵਿਚ ਬਾਦਸ਼ਾਹ ਦੇ ਨਾਲ ਆਪ ਵੀ ਗਿਆ ਸੀ। ਵਿਦਵਾਨ ਹੋਣ ਦੇ ਬਾਵਜੂਦ ਸ਼ਹਿਨਸ਼ਾਹ ਨੇ ਗਦੀ ਨਸ਼ੀਨ ਹੋਣ ਤੋਂ ਥੋੜਾ ਚਿਰ ਮਗਰੋਂ ਸਾਬਤ ਕਰ ਦਿਤਾ ਕਿ ਉਹ ਇਕ ਜ਼ਾਲਮ ਹੁਕਮਰਾਨ ਹੈ। ਦਿਲੀ ਵਿਚ ਕਿਆਮ ਸਮੇਂ ਇਕ ਵਾਰ ਉਹ ਸ਼ਿਕਾਰ ਖੇਲਣ ਨਿਕਲਿਆ।

## ਉਸ ਦੀ ਜ਼ੁਲਮੀ ਤੁਰੀ

ਬਹਿਰਾਮ ਦੇ ਜ਼ਿਲੇ ਵਿਚ ਪੁਜ ਕੇ ਉਸ ਨੇ ਆਪਣੇ ਕਰਮਚਾਰੀਆਂ ਨੂੰ ਆਖਿਆ ਉਹ ਏਥੇ ਜਾਨਵਰਾਂ ਦਾ ਸ਼ਿਕਾਰ ਕਰਨ ਨਹੀਂ ਆਇਆ ਸਗੋਂ ਮਨੁਖਾਂ ਦਾ ਸ਼ਿਕਾਰ ਕਰਨ ਆਇਆ ਹੈ। ਉਸ ਨੇ ਆਪਣੇ ਪਾਸ਼ ਜਜ਼ਬੇ ਦੇ ਪ੍ਰਭਾਵ ਹਠ ਓਥੋਂ ਦੇ ਲੋਕਾਂ ਦਾ ਕਤਲਿਆਮ ਕਰਾਇਆਂ। ਉਹਨਾਂ ਸ਼ਿਕਾਰ ਕੀਤੇ ਬੰਦਿਆਂ ਦੇ ਹਜ਼ਾਰਾਂ ਸਿਰ ਦਿਲੀ ਲਿਆਂਦੇ ਤੇ ਸ਼ਹਿਰ ਦੀਆਂ ਕੰਧਾਂ ਉਪਰ ਟੰਗੇ ਗਏ। ਫਰਿਸ਼ਤਾ ਲਿਖਦਾ ਹੈ ਕਿ ਇਕ ਹੋਰ ਸਮੇਂ ਉਸ ਨੇ ਕਨੌਜ ਵਲ ਮੁਹਿੰਮ ਭੇਜੀ। ਓਥੋਂ ਦੇ ਵਸਨੀਕਾਂ ਨੂੰ ਵੀ ਉਵੇਂ ਹੀ ਤਲਵਾਰ ਦੀ ਘਾਟ ਉਤਾਰਿਆ ਤੇ ਕਈ ਕਈ ਮੀਲ ਤੀਕ ਉਸ ਇਲਾਕੇ ਵਿਚ ਹੂੰਜਾ ਫੇਰ ਦਿਤਾ। ਇਲਾਕੇ ਵਿਚ ਤਬਾਹੀ ਤੇ ਦਹਿਸ਼ਤ ਫੈਲ ਗਈ।

## ਈਰਾਨ ਨੂੰ ਫਤਹਿ ਕਰਨ ਦੀ ਗੋਂਦ

ਇਕ ਵਾਰ ਬਾਦਸ਼ਾਹ ਨੇ ਈਰਾਨ ਦੇ ਰਾਜ ਨੂੰ ਫਤਹਿ ਕਰਨ ਦੀ ਗੋਂਦ ਗੁੰਦੀ। ਇਸ ਮੰਤਵ ਲਈ ਉਸ ਨੇ ੩੭੦,੦੦੦ ਘੋੜ ਸਵਾਰਾਂ ਦਾ ਲਸ਼ਕਰ ਵੀ ਤਿਆਰ ਕਰ ਲਿਆ। ਇਸ ਮੁਹਿੰਮ ਉਤੇ ਜਿੰਨਾ ਖਰਚ ਹੋਇਆ ਉਸ ਦੇ ਕਾਰਨ ਦੇਸ ਦੀ ਆਮਦਨ ਦੇ ਵਸੀਲੇ ਬੜੇ ਕਮਜ਼ੋਰ ਪੈ ਗਏ। ਐਨਾ ਖਰਚ ਕਰ ਚੁਕਣ ਮਗਰੋਂ ਬਾਦਸ਼ਾਹ ਨੂੰ ਸੋਝੀ ਆਈ ਕਿ ਇਹ ਸਕੀਮ ਵਰਤੋਂ ਜੋਗ ਨਹੀਂ। ਚੀਨ ਵਿਚ ਉਸ ਨੇ ਜੋ ਮੁਹਿੰਮ ਭੇਜੀ ਸੀ ਉਸ ਦਾ ਵਿਸਥਾਰ ਅਸੀਂ ਪਹਿਲੇ ਹੀ ਦਰਜ ਕਰ ਚੁਕੇ ਹਾਂ।

## ਉਸ ਦੇ ਵਹਿਮ

ਸ਼ਹਿਨਸ਼ਾਹ ਦੇ ਵਹਿਮਾਂ ਤੇ ਦਿਲ-ਮਲ ਯਕੀਨ ਬਾਰੇ ਫਰਿਸ਼ਤੇ ਨੇ ਇਕ ਵਚਿਤਰ ਘਟਨਾ ਲਿਖੀ ਹੈ ਤੇ ਘਟਨਾ ਨੇ ਹੀ ਮਿਸਟਰ ਐਲਫਿਨਸਟਨ ਨੂੰ ਇਹ ਕਿਆਸਣ ਦਾ ਮੌਕਾ ਦਿਤਾ ਕਿ ਬਾਦਸ਼ਾਹ ਦੇ ਦਿਮਾਗ਼ ਵਿਚ ਫਤੂਰ ਸੀ। ਇਕ ਵਾਰ ਉਹ ਮਾਲਾਬਾਰ ਵਿਚ ਬਗ਼ਾਵਤ ਨੂੰ ਦਬਾਉਣ ਗਿਆ, ਜਿਥੇ ਸਫਰ ਦੇ ਦੌਰਾਨ ਵਿਚ ਉਹ ਸਖਤ ਬੀਮਾਰ ਪੈ ਗਿਆ। ਫੌਜ ਦੀ ਕਮਾਨ ਇਮਾਦਉਲ ਮੁਲਕ ਨੂੰ ਸੌਂਪ ਕੇ ਆਪ ਦੌਲਤਾਬਾਦ ਵਾਪਸ ਮੁੜ ਆਇਆ ਜੋ ਕਿ ਉਸ ਦੀ ਮਨ-ਭਾਉਂਦੀ ਰਿਹਾਇਸ਼-ਗਾਹ ਸੀ। ਰਸਤੇ ਵਿਚ ਉਸ ਨੂੰ ਸਖਤ ਦਾੜ੍ਹ-ਦਰਦ ਸ਼ੁਰੂ ਹੋ ਗਈ, ਜਿਸ ਕਰ ਕੇ ਉਸ ਦਾ ਇਕ ਦੰਦ ਬਾਹਰ ਨਿਕਲ ਗਿਆ। ਇਸ ਨਿਕਲੇ ਦੰਦ ਨੂੰ ਬੀੜ (ਜੰਗਲ) ਵਿਚ ਬੜੀ ਧੂਮ ਧਾਮ ਨਾਲ ਦਫਨਾਇਆ ਗਿਆ। ਇਸ ਥਾਂ ਉਤੇ ਇਕ ਪਥਰ ਦਾ ਸ਼ਾਨਦਾਰ ਮਕਬਰਾ ਉਸਾਰਿਆ ਗਿਆ ਜੋ ਅਜ ਦਿਨ ਤੀਕ ਬਾਦਸ਼ਾਹ ਦੀ ਮੂਰਖਤਾ ਦੇ ਚਿੰਨ੍ਹ ਦੇ ਤੌਰ ਉਤੇ ਕਾਇਮ ਹੈ।

## ਖਲੀਫਾ ਬਗਦਾਦ ਲਈ ਉਹਦੇ ਦਿਲ ਵਿਚ ਇਜ਼ਤ

ਬਾਦਸ਼ਾਹ ਦੇ ਦਿਲ ਵਿਚ ਖਲੀਫਾ ਬਗਦਾਦ ਲਈ ਬੜੀ ਸ਼ਰਧਾ ਸੀ। ੧੩੪੪ ਈਸਵੀ ਵਿਚ ਖਲੀਫੇ ਦੇ ਰਾਜ ਦੂਤ ਹਾਜੀ ਸਯਦ ਹੁਰਮਜ਼ੀ ਦਾ ਬਾਦਸ਼ਾਹ ਨੇ ਬੜੀ ਸ਼ਾਨ ਸ਼ੌਕਤ ਨਾਲ ਸਵਾਗਤ ਕੀਤਾ ਸੀ। ਬਾਦਸ਼ਾਹ ਆਪ ਸ਼ਹਿਰ ਤੋਂ ਪੈਦਲ ਚਲਕੇ ੧੨ ਮੀਲ ਤੀਕ ਗਿਆ ਤੇ ਖਲੀਫੇ ਦੇ ਦੂਤ ਦਾ ਸਵਾਗਤ ਕੀਤਾ ਅਤੇ ਖਲੀਫ ਦੀ ਪਤ੍ਰਕਾ ਨੂੰ ਲੈ ਕੇ ਸਿਰ ਉਤੇ ਧਰਿਆ। ਫੇਰ ਸ਼ਹਿਰ ਵਿਚ ਵਾਪਸ ਆ ਕੇ ਇਸ ਖੁਸ਼ੀ ਵਿਚ ਸ਼ਾਨਦਾਰ ਮਜਲਿਸ ਕੀਤੀ। ਇਸ ਸਮੇਂ ਬਾਦਸ਼ਾਹ ਐਨਾਂ ਪ੍ਰਸੰਨ ਹੋਇਆ ਕਿ ਉਸ ਨੇ ਸ਼ਾਹੀ ਪੁਸ਼ਾਕ ਤੇ ਸ਼ਾਹੀ ਫਰਨੀਚਰ ਉਪਰ ਖਲੀਫੇ ਦਾ ਨਾਮ ਲਿਖਵਾ ਦਿਤਾ। ਇਸ ਦੇ ਮਗਰੋਂ ਸ਼ੇਖ ਉਲ ਸ਼ੇਯਖ ਮਿਸਰੀ ਖਲੀਫੇ ਦਾ ਰਾਜ ਦੂਤ ਸੰ ੧੩੪੨ ਵਿਚ ਪੁਜਾ। ਉਸ ਦਾ ਸਵਾਗਤ ਵੀ ਪਹਿਲੇ ਦੂਤ ਵਾਂਗ ਹੀ ਹੋਇਆ। ਇਸ ਮਗਰੋਂ ਜਦ ਅਬਾਸੀ ਖਾਨਦਾਨ ਦਾ ਸਾਹਜ਼ਾਦਾ ਏਥੇ ਪੁਜਾ ਤਦ ਉਸ ਨੂੰ ਦਰਬਾਰ ਵਿਚ ਸਦਾ ਬਾਦਸ਼ਾਹ ਦੇ ਸਜੇ ਹਥ ਬਿਠਾਇਆ ਜਾਂਦਾ ਸੀ। ਕਈ ਵਾਰ ਤੇ ਬਾਦਸ਼ਾਹ ਉਸ ਤੋਂ ਹੇਠਾਂ ਦਰੀ ਉਤੇ ਬੈਠਿਆ ਵੀ ਵੇਖਿਆ ਗਿਆ।

## ਫਿਰੋਜ਼ ਤੁਗਲਕ

ਮੁਹੰਮਦ ਤੁਗਲਕ ਦੀ ਮੌਤ ਉਤੇ ਉਸ ਦਾ ਚਚੇਰਾ ਭਾਈ ਫਿਰੋਜ਼ ਜਿਸ ਨੂੰ ਉਸ ਨੇ ਮੌਤ-ਬਿਸਤਰ ਉਤੇ ਆਪਣਾ ਵਾਰਸ ਐਲਾਨ ਕੀਤਾ ਸੀ, ਉਸ ਸਮੇਂ ਬਾਹਰ ਫੌਜ ਨਾਲ ਹੋਣ ਕਰ ਕੇ ਗੈਰ ਹਾਜ਼ਰ ਸੀ, ਉਸ ਦੇ ਇਕ ਰਿਸ਼ਤੇਦਾਰ ਸਦਰ ਜਹਾਨ ਨੇ ਇਕ ੬ ਸਾਲਾ ਬਚੇ ਨੂੰ ਤਖਤ ਉਪਰ ਬਿਠਾ ਦਿਤਾ।

## ਫਿਰੋਜ਼ ਤੁਗਲਕ ਦੀ ਗੱਦੀ ਨਸ਼ੀਨੀ

ਫਿਰੋਜ਼ ਆਪਣੀ ਫੌਜ ਸਮੇਤ ਦਿਲੀ ਵਲ ਵਧਿਆ। ਦਿਲੀ ਪੁਜ ਕੇ ਲੜਕੇ ਨੂੰ ਗੱਦੀ ਤੋਂ ਉਤਾਰ ਕੇ ਉਹ ਆਪ ੧੪ ਸਤੰਬਰ ੧੩੫੧ ਈ. ਨੂੰ ਫਿਰੋਜ਼ ਤੁਗਲਕ ਦੇ ਨਾਮ ਨਾਲ ਤਖਤ ਨਸ਼ੀਨ ਹੋਇਆ।

## ਕਲਾਨੌਰ ਵਿਚ ਫੇਰੀ ੧੩੫੩ ਈ:

ਬਾਦਸ਼ਾਹ ਬਣ ਕੇ ਉਸ ਨੇ ਕਲਾਨੌਰ ਦਾ ਦੌਰਾ ਕੀਤਾ ਜੋ ਉਦੋਂ ਜ਼ਿਲਾ ਲਾਹੌਰ ਵਿਚ ਹੁੰਦਾ ਸੀ। ਏਥੇ ਉਹ ੧੩੫੩ ਈਸਵੀ ਵਿਚ ਸ਼ਿਕਾਰ ਖੇਡਣ ਲਈ ਗਿਆ ਤੇ ਇਥੇ ਹੀ ਉਸ ਨੇ ਸਰਸੁਤੀ ਦੇ ਕਿਨਾਰੇ ਆਪਣੇ ਲਈ ਇਕ ਸ਼ਾਨਦਾਰ ਮਹਿਲ ਉਸਾਰਿਆ।

## ਸ਼ਹਿਰ ਫਿਰੋਜ਼ਾਬਾਦ ਵਸਾਇਆ ੧੩੫੪ ਈ.

ਸੰਨ ੧੩੫੩ ਈ: ਵਿਚ ਦਿਲੀ ਦੇ ਨਾਲ ਇਕ ਨਵਾਂ ਸ਼ਹਿਰ ਵੀ ਬਾਦਸ਼ਾਹ ਨੇ ਵਸਾਇਆ ਜਿਸ ਦਾ ਨਾਮ ਉਸ ਨੇ ਫਿਰੋਜ਼ਾਬਾਦ ਰਖਿਆ। ਫੇਰ ਉਸ ਨੇ ਦੀਪਾਲ ਪੁਰ ਵਲ ਕੂਚ ਬੋਲਿਆ।

## ਵਡੀ ਨਹਿਰ ਦਾ ਮਹੂਰਤ

੧੨ ਜੁਲਾਈ ਨੂੰ ਉਸ ਨੇ ਉਸ ੪੮ ਮੀਲ ਲੰਮੀ ਨਹਿਰ ਦਾ ਮਹੂਰਤ ਕੀਤਾ ਜੋ ਸਿੰਜਾਈ ਲਈ ਸਤਲੁਜ ਤੋਂ ਘਘ ਦਰਿਆ ਤੀਕ ਬਣਾਈ ਗਈ ਸੀ। ੧੩੫੬ ਵਿਚ ਉਸ ਨੇ ਇਕ ਹੋਰ ਨਹਿਰ ਪੁਟਵਾਈ ਜੋ ਜਮਨਾ ਦਰਿਆ ਦੇ ਪਾਣੀ ਨਾਲ ਹਾਂਸੀ ਤੇ ਹਿਸਾਰ ਦੀਆਂ ਬੰਜਰ ਜ਼ਮੀਨਾਂ ਦੀ ਸਿੰਜਾਈ ਕਰਦੀ ਹੈ।

Sri Satguru Jagjit Singh Ji eLibrary NamdhariElibrary@gmail.com

## ਹਿਸਾਰ ਫਿਰੋਜ਼ ਤੇ ਫਰੋਜ਼ਾਬਾਦ ਦੀ ਨੀਂਹ

ਹਿਸਾਰ ਵਿਚ ਉਸ ਨੇ ਇਕ ਮਜ਼ਬੂਤ ਕਿਲ੍ਹਾ ਵੀ ਉਸਾਰਿਆ ਜਿਸ ਦਾ ਨਾਮ ਹਿਸਾਰ-ਫਿਰੋਜ਼ ਰਖਿਆ। ਇਕ ਤੀਜੀ ਨਹਿਰ ਜੋ ਘਘਰ ਤੇ ਸਰਸਵਤੀ ਨੂੰ ਮਿਲਾਉਂਦੀ ਸੀ ਫਿਰ ਪੇਰੀ ਖੇੜਾ ਤੀਕ ਵਧਾਈ ਗਈ ਜਿਥੇ ਉਸ ਨੇ ਇਕ ਨਵੇਂ ਸ਼ਹਿਰ ਦੀ ਨੀਂਹ ਰਖੀ, ਜਿਸ ਦਾ ਨਾਮ ਉਸ ਨੇ ਆਪਣੇ ਨਾਮ ਉਪਰ ਫਿਰੋਜ਼ਾਬਾਦ ਰਖਿਆ।

## ਪੰਜਾਬ ਉਤੇ ਮੁਗਲ ਹਮਲੇ ੧੩੫੮ ਈ.

ਸੰਨ ੧੩੫੮ ਈਸਵੀ ਵਿਚ ਮੁਗਲਾਂ ਨੇ ਦੀਪਾਲ ਪੁਰ ਤੀਕ ਪੰਜਾਬ ਉਤੇ ਹਲੇ ਬੋਲੇ। ਬਾਦਸ਼ਾਹ ਨੇ ਕਾਬਲ ਖਾਂ ਨੂੰ ਫੌਜ ਦੇ ਕੇ ਮੁਗਲਾਂ ਦੇ ਟਾਕਰੇ ਲਈ ਰਵਾਨਾ ਕੀਤਾ ਪਰ ਹਮਲਾਆਵਰ ਬਹੁਤ ਸਾਰਾ ਲੁਟ ਦਾ ਮਾਲ ਲੈ ਕੇ ਸ਼ਾਹੀ ਫੌਜਾਂ ਦੇ ਪਹੁੰਚਣ ਤੋਂ ਪਹਿਲੇ ਹੀ ਆਪਣੇ ਦੇਸ ਵਲ ਮੁੜ ਗਏ।

## ਨਸੀਰ ਉਲ ਮੁਲਕ ਗਵਰਨਰ ਲਾਹੌਰ

ਫਰਿਸ਼ਤੇ ਨੇ ਆਪਣੇ ਇਤਿਹਾਸ ਵਿਚ ਲਿਖਿਆ ਹੈ ਕਿ ਸ਼ਹਿਨਸ਼ਾਹ ਫਿਰੋਜ਼ ਦੇ ਸਮੇਂ ਲਾਹੌਰ ਦਾ ਗਵਰਨਰ ਮਰਦਾਨ ਦੌਲਤ ਦਾ ਸਭ ਤੋਂ ਛੋਟਾ ਲੜਕਾ ਨਸੀਰ ਉਲ ਮੁਲਕ ਸੀ। ਉਸ ਦੇ ਰਾਜ ਸਮੇਂ ਬਹੁਤ ਹੀ ਥੋੜੀਆਂ ਸਥਾਨਕ ਘਟਨਾਵਾਂ ਹੋਈਆਂ। ਸੰਨ ੧੩੭੯ ਈਸਵੀ ਵਿਚ ਸ਼ਹਿਨਸ਼ਾਹ ਨੇ ਸਮਾਨਾ, ਅੰਬਾਲਾ ਤੇ ਸ਼ਾਹਬਾਦ ਵਲ ਕੂਚ ਬੋਲਿਆ ਅਤੇ ਰਾਜਾ ਸਿਰਮੌਰ ਪਾਸੋਂ ਖਿਰਾਜ ਵਸੂਲ ਕਰਨ ਮਗਰੋਂ ਆਪਣੀ ਰਾਜਧਾਨੀ ਵਿਚ ਮੁੜ ਆਇਆ।

## ਫਿਰੋਜ਼ ਤੁਗ਼ਲਕ ਦੀ ਮੌਤ ੧੩੮੮ ਈ.

ਫਿਰੋਜ਼ ਤੁਗਲਕ ੨੩ ਅਕਤੂਬਰ ੧੩੮੮ ਈਸਵੀ ਨੂੰ ੯੦ ਸਾਲ ਦੀ ਉਮਰ ਵਿਚ ਚੜ੍ਹਾਈ ਕਰ ਗਿਆ। ਉਸ ਨੇ ਕੁਲ ੩੮ ਸਾਲ ਤੀਕ ਰਾਜ ਕੀਤਾ। ਉਸ ਦੀ ਮੌਤ ਦੀ ਤਾਰੀਖ (੭੯੦) ਸ਼ਬਦ "ਵਫਾਤ ਫਿਰੋਜ਼" ਦੇ ਲਫਜ਼ਾਂ ਤੋਂ ਹਰੂਫ ਅਬਜਦ ਦੇ ਹਿਸਾਬ ਨਾਲ ਕਢੀ ਗਈ ਹੈ

## ਉਸ ਦਾ ਚਲਨ

ਫਿਰੋਜ਼ ਬੜਾ ਖੁਲ੍ਹ ਦਿਲਾ ਤੇ ਨਿਆਂਕਾਰੀ ਬਾਦਸ਼ਾਹ ਸੀ। ਪਰਜਾ ਤੇ ਫੌਜ ਦੇ ਸਭ ਲੋਕ ਉਸ ਨੂੰ ਇਕੋ ਜਿਹਾ ਪਿਆਰਦੇ ਸਨ। ਉਹ ਵਡਾ ਆਲਮ ਫਾਜ਼ਲ (ਵਿਦਵਾਨ) ਸੀ। ਉਸ ਨੇ "ਫਤੂਹਾਤ ਫਿਰੋਜ਼ ਸ਼ਾਹੀ" ਨਾਮ ਦੀ ਪੁਸਤਕ ਵੀ ਲਿਖੀ। ਜ਼ਿਆਉਦੀਨ ਉਸ ਦਾ ਦਰਬਾਰੀ ਇਤਿਹਾਸਕਾਰ ਸੀ ਜਿਸ ਨੇ ਰਾਜ ਦਾ ਇਤਿਹਾਸ "ਤਵਾਰੀਖ ਫਿਰੋਜ਼ ਸ਼ਾਹੀ" ਲਿਖੀ।

## ਉਸ ਦੇ ਬਣਾਏ ਕਾਨੂੰਨ

ਉਸ ਨੇ ਕਈ ਨਵੇਂ ਕਾਨੂੰਨ ਬਣਾਏ ਸਨ। ਉਸ ਨੇ ਦੋਸ਼ੀਆਂ ਦੇ ਹਥ ਪੈਰ ਕਟਣ ਦੀ ਸਜ਼ਾ ਮਨਸੂਖ ਕੀਤੀ, ਕਾਸ਼ਤ ਕਾਰਾਂ ਦਾ ਲਗਾਨ ਵੀ ਬਹੁਤ ਸਾਰਾ ਘਟ ਕਰ ਦਿਤਾ ਜਿਸ ਕਰ ਕੇ ਜ਼ਿਮੀਂਦਾਰ ਖੁਸ਼ਹਾਲ ਹੋ ਗਏ ਅਤੇ ਰਾਜ ਵਿਚ ਵੀ ਵਾਧਾ ਹੋ ਗਿਆ। ਉਸ ਨੇ ਵਿਦਵਾਨਾਂ ਦੀ ਵੀ ਚੋਖੀ ਕਦਰ ਕੀਤੀ। ਉਹ ਆਪਣੀ ਰਾਜਧਾਨੀ ਵਿਚ ਕਦੇ ਕਦਾਈਂ ਹੀ ਦਿਸਦਾ ਸੀ ਬਹੁਤਾ ਦੌਰੇ ਹੀ ਚੜ੍ਹਿਆ ਰਹਿੰਦਾ, ਆਪਣੀ ਪਰਜਾ ਨੂੰ ਵੇਖਦਾ ਅਤੇ ਮੌਕੇ ਉਤੇ ਲੋਕ ਭਲਾਈ ਦੇ ਹੁਕਮ ਜਾਰੀ ਕਰ ਦੇਂਦਾ ਸੀ।

## ਲੋਕ ਭਲਾਈ ਦੇ ਕੰਮ

ਉਹ ਸਰਕਾਰੀ ਧਨ ਨੂੰ ਲੋਕ ਭਲਾਈ ਦੇ ਕੰਮਾਂ ਉਤੇ ਖਰਚ ਕਰਦਾ, ਇਤਿਹਾਸ ਕਾਰ ਜ਼ਿਆਉਦੀਨ ਲਿਖਦਾ ਹੈ ਉਸ ਨੇ ਜ਼ਮੀਨਾਂ ਦੀ ਸੰਜਾਈ ਲਈ ਦਰਿਆਵਾਂ ਉਪਰ ੫੦ ਬੰਦ ਬਣਾਏ ਸਨ। ਇਸ ਤੋਂ ਛੁਟ ੪੦ ਮਸੀਤਾਂ, ੩੦ ਕਾਲਜ ਮਸੀਤਾਂ ਸਮੇਤ, ੨੦ ਮਹਲ ੧੦੦ ਸਰਾਵਾਂ ੨੦੦ ਮੁਨਾਰੇ ੩੦ ਪਾਣੀ ਦੇ ਤਲਾ ੨੦੦ ਹਸਪਤਾਲ ੫ ਰੌਜ਼ੇ ੧੦੦ ਤਲਾ ੧੦ ਮੁਨਾਰੇ, ੧੦ ਖੂਹ ਤੇ ੧੫੦ ਪੁਲ ਬਣਾਏ ਸਨ। ਜਿਹੜੇ ਅਣ-ਗਿਣਤ ਬਾਗ ਬਗੀਚੇ ਆਦਿ ਲਵਾਏ ਉਹ ਇਹਨਾਂ ਤੋਂ ਵਖਰੇ ਸਨ। ਇਹਨਾਂ ਸਭਨਾਂ ਲੋਕ ਭਲਾਈ ਦੇ ਕੰਮਾਂ ਦੇ ਖਰਚਾਂ ਲਈ ਸਰਕਾਰ ਵਲੋਂ ਮੁਫਤ ਜ਼ਮੀਨ ਦਿਤੀ ਗਈ ਸੀ।

## ਉਸ ਦੇ ਪੋਤੇ ਗਿਆਸ-ਉਦੀਨ ਦੀ ਗੱਦੀ ਨਸ਼ੀਨੀ ੧੩੮੮ ਈ.

ਫਿਰੋਜ਼ ਤੁਗਲਕ ਦੀ ਮੌਤ ਮਗਰੋਂ ਉਸ ਦਾ ਪੋਤਾ ਗਿਆਸ-ਉਦੀਨ ਉਸ ਦੀ ਥਾਂ ਬਾਦਸ਼ਾਹ ਬਣਿਆ। ਇਹ ਨੌਜਵਾਨ ਪੂਰੀ ਤਰ੍ਹਾਂ ਅਯਾਸ਼ੀ ਵਿਚ ਪੈ ਕੇ ਜਵਾਨੀ ਦੀਆਂ ਖਰਮਸਤੀਆਂ ਦਾ ਪੂਰੀ ਤਰ੍ਹਾਂ ਸ਼ਿਕਾਰ ਹੋ ਗਿਆ।

## ਬਾਦਸ਼ਾਹ ਦਾ ਕਤਲ ੧੩੮੯ ਈ.

ਪੰਜ ਕੁ ਮਹੀਨੇ ਤੀਕ ਰਾਜ ਕਰਨ ਮਗਰੋਂ ਇਹ ਬਾਦਸ਼ਾਹ ਤੇ ਇਸ ਦਾ ਵਜ਼ੀਰ ਫਿਰੋਜ਼ ਅਲੀ ਰੁਕਨ-ਉਦੀਨ ਦੇ ਹਥੋਂ ਮਾਰੇ ਗਏ, ਜੋ ਉਸ ਦੇ ਭਾਈ ਤੇ ਚਚੇਰੇ ਭਾਈਆਂ ਦਾ ਪਖ ਕਰਦਾ ਸੀ। ਇਹ ਘਟਨਾ ੧੮ ਫਰਵਰੀ ੧੩੮੯ ਈਸਵੀ ਦੀ ਹੈ।

## ਜਾ ਨਸ਼ੀਨੀ ੧੮੮੯ ਈ:

ਗਿਆਸਉਦੀਨ ਦੇ ਮਗਰੋਂ ਫਿਰੋਜ਼ ਤੁਗਲਕ ਦਾ ਦੂਜਾ ਪੋਤਾ ਅਬੂ ਬਕਰ ਰਾਜ ਗੱਦੀ ਉਤੇ ਬੈਠਾ। ਉਸ ਨੇ ਕੇਵਲ ਉਸ ਸਾਲ ਦੇ ਨਵੰਬਰ ੨੯ ਤੀਕ ਹੀ ਰਾਜ ਕੀਤਾ ਸੀ ਕਿ ਫਿਰੋਜ਼ ਦੇ ਪੁਤਰ ਮੁਹੰਮਦ ਨੇ ਉਸ ਨੂੰ ਗੱਦੀ ਤੋਂ ਥਲੇ ਲਾਹ ਦਿਤਾ। ਫਿਰੋਜ਼ ਪਹਿਲੇ ਆਪਣੇ ਪਿਤਾ ਦੇ ਰਾਜ ਤਿਆਗ ਸਮੇਂ ਰਾਜਧਾਨੀ ਤੋਂ ਨਸ ਗਿਆ ਸੀ ਪਰ ਹੁਣ ਅਮੀਰਾਂ ਵਜ਼ੀਰਾਂ ਨੇ ਮਿਲ ਕੇ ਉਸ ਨੂੰ ਵਾਪਸ ਸਦ ਲਿਆ ਸੀ।

## ਨਸੀਰਉਦੀਨ ਮੁਹੰਮਦ ਤੁਗਲਕ ਦੂਜਾ

## ਨਸੀਰਉਦੀਨ ਮੁਹੰਮਦ ਦੀ ਗੱਦੀ ਨਸ਼ੀਨੀ ੧੩੯੦ ਈ.

ਸ਼ਹਿਜ਼ਾਦਾ ਮੁਹੰਮਦ ਨੇ ਆਪਣੇ ਬਜ਼ੁਰਗਾਂ ਦੇ ਸ਼ਾਹੀ ਤਖਤ ਉਤੇ ਬੈਠ ਕੇ ਆਪਣਾ ਉਪਨਾਮ ਨਸੀਰ-ਉਦੀਨ ਮੁਹੰਮਦ ਰਖਿਆ। ਉਸ ਦੀ ਤਖਤ ਨਸ਼ੀਨੀ ਦੀ ਰਸਮ ਅਗਸਤ ੧੩੯੦ ਈਸਵੀ ਵਿਚ ਹੋਈ ਜਦ ਕਿ ਉਸ ਦਾ ਵਿਰੋਧੀ ਦਾਅਵੇਦਾਰ ਅਬੂ ਬਕਰ ਪੂਰਨ ਤੌਰ ਤੇ ਹਾਰ ਖਾ ਕੇ ਰਾਜਧਾਨੀ ਤੋਂ ਮੇਵਾਤ ਵਲ ਨਸ ਚੁਕਾ ਸੀ। ਸੰਨ ੧੩੯੧ ਵਿਚ ਬਾਦਸ਼ਾਹ ਨੂੰ ਖਬਰਾਂ ਪੁਜੀਆਂ ਕਿ ਵਜ਼ੀਰ ਇਸਲਾਮ ਖਾਂ, ਜਿਸ ਦੀ ਸਹਾਇਤਾ ਨਾਲ ਉਹ ਗੱਦੀ ਨਸ਼ੀਨ ਹੋਇਆ ਸੀ, ਨੇ ਲਾਹੌਰ ਤੇ ਮੁਲਤਾਨ ਦੇ ਸੂਬੇ ਵਿਚ ਬਗਾਵਤ ਕਰਾਉਣ ਵਾਸਤੇ ਬਹੁਤ ਵਡੀ ਫੌਜ ਲੈ ਕੇ ਚੜ੍ਹਾਈ ਕਰਨ ਦੀ ਤਿਆਰੀ ਕੀਤੀ ਹੈ। ਬਾਦਸ਼ਾਹ ਨੇ ਉਸ ਦੇ ਵਿਰੁਧ ਗਦਾਰੀ ਦਾ ਦੋਸ਼ ਲਾਇਆ ਤੇ ਉਸ ਦੇ ਸੰਬੰਧੀਆਂ ਦੀ ਗਵਾਹੀ ਨੂੰ ਮੁਖ ਰਖ ਕੇ ਉਸ ਨੂੰ ਮੌਤ ਦੀ ਸਜ਼ਾ ਦਾ ਅਧਿਕਾਰੀ ਕਰਾਰ ਦਿਤਾ।

Sri Satguru Jagjit Singh Ji eLibrary NamdhariElibrary@gmail.com

## ਗਖੜਾਂ ਦੀ ਬਗ਼ਾਵਤ ੧੩੯੪ ਈਸਵੀ

ਸੰਨ ੧੩੯੪ ਵਿਚ ਗਖੜਾਂ ਨੇ ਆਪਣੇ ਲੀਡਰ ਸ਼ੇਖਾਂ ਦੀ ਸਰਦਾਰੀ ਹੇਠ ਬਗ਼ਾਵਤ ਕਰ ਦਿਤੀ। ਬਾਦਸ਼ਾਹ ਨੇ ਬਗ਼ਾਵਤ ਨੂੰ ਦਬਾਉਣ ਲਈ ਆਪਣੇ ਪੁਤਰ ਹਮਾਯੂੰ ਨੂੰ ਫੌਜ ਦੇ ਕੇ ਰਵਾਨਾ ਕੀਤਾ।

## ਸ਼ਹਿਨਸ਼ਾਹ ਦੀ ਮੌਤ ੧੩੯੪ ਈਸਵੀ

ਪਰ ਉਹ ਆਪ ੧੯ ਫਰਵਰੀ ੧੩੯੪ ਵਿਚ ਛੀ ਸਾਲ ਸਤ ਮਹੀਨੇ ਰਾਜ ਕਰਨ ਮਗਰੋਂ ਮੁਹੰਮਦਾਬਾਦ ਵਿਖੇ ਚਲਾਣਾ ਕਰ ਗਿਆ। ਉਸ ਦੀ ਲਾਸ਼ ਉਸੇ ਮਕਬਰੇ ਵਿਚ ਦਫਨਾਈ ਗਈ ਜਿਸ ਵਿਚ ਉਸ ਦੇ ਪਿਤਾ ਨੂੰ ਦਬਾਇਆ ਸੀ।

## ਹਮਾਯੂੰ ਦੀ ਗਦੀ ਨਸ਼ੀਨੀ ਅਤੇ ਮੌਤ

ਨਸੀਰਉਦੀਨ ਮੁਹੰਮਦ ਤੁਗ਼ਲਕ ਦੀ ਮੌਤ ਦੇ ਮਗਰੋਂ ਉਸ ਦਾ ਪੁਤਰ ਹਮਾਯੂੰ ਰਾਜ ਗਦੀ ਉਤੇ ਬੈਠਾ। ਉਸ ਨੇ ਆਪਣਾ ਉਪ ਨਾਮ ਸਿਕੰਦਰ ਰਖਿਆ। ਅਜੇ ਤਖਤ ਉਤੇ ਬੈਠਿਆਂ ਕੇਵਲ ੪੫ ਦਿਨ ਹੀ ਲੰਘੇ ਸਨ ਕੀ ਉਸ ਉਪਰ ਇਕ ਸਖਤ ਰੋਗ ਦਾ ਹਮਲਾ ਹੋਇਆ ਜਿਸ ਨਾਲ ਉਸ ਦੀ ਅਚਾਨਕ ਮੌਤ ਹੋ ਗਈ।

## ਮਹਿਮੂਦ ਤੁਗ਼ਲਕ

## ਮਹਿਮੂਦ ਦੀ ਗਦੀ ਨਸ਼ੀਨੀ

ਹਮਾਯੂੰ ਦੀ ਅਚਣਚੇਤ ਮੌਤ ਮਗਰੋਂ ਤਖਤ ਤੇ ਤਾਜ ਲਈ ਸਖਤ ਝਗੜਾ ਉਠ ਖੜਾ ਹੋਇਆ ਪਰ ਨਸੀਰਉਦੀਨ ਮੁਹੰਮਦ ਦਾ ਨੌਜਵਾਨ ਬੇਟਾ ਅੰਤ ਤਖਤ ਉਤੇ ਬਿਠਾਇਆ ਗਿਆ।

## ਰਾਜ ਦੀ ਵਿਗੜੀ ਹੋਈ ਦਸ਼ਾ

ਪਰ ਉਸ ਦੇ ਤਖਤ ਨਸ਼ੀਨ ਹੋਣ ਸਮੇਂ ਰਾਜ ਦੀ ਹਾਲਤ ਵਿਗੜੀ ਹੋਈ ਸੀ ਕਿਉਂਕਿ ਦਰਬਾਰੀਆਂ ਵਿਚਾਲੇ ਬੜਾ ਖਿਚਾਓ ਸੀ ਅਤੇ ਦਰਬਾਰ ਵਿਚ ਪਾਰਟੀ ਬਾਜ਼ੀ ਬੜਾ ਜ਼ੋਰ ਫੜ ਗਈ ਸੀ। ਇਸ ਮਤ ਭੇਦ ਦੇ ਕਾਰਨ ਵਖ ਵਖ ਸੂਬਿਆਂ ਦੇ ਵਾਇਸਰਾਆਂ ਨੂੰ ਹੌਸਲਾ ਪੈ ਗਿਆ ਕਿ ਉਹ ਬਗ਼ਾਵਤ ਕਰਕੇ ਸੁਤੰਤਰ ਹੋ ਜਾਣ। ਵਜ਼ੀਰ ਖੁਵਾਜ਼ਾ ਜਹਾਨ ਨੇ ਮਲਿਕ ਉਲ ਸ਼ਰਕ ਦਾ ਖਿਤਾਬ ਪ੍ਰਾਪਤ ਕਰਕੇ ਬੰਗਾਲ ਦੇ ਇਕ ਹਿਸੇ ਵਿਚ ਆਪਣੀ ਖੁਦ ਮੁਖਤਾਰੀ ਦਾ ਐਲਾਨ ਵੀ ਕਰ ਦਿਤਾ। ਪੰਜਾਬ ਵਿਚ ਗਖੜਾਂ ਦੀ ਬਗ਼ਾਵਤ ਉਠ ਖੜੀ ਹੋਈ, ਗੁਜਰਾਤ ਖੁਦ ਮੁਖਤਿਆਰ ਹੋ ਬੈਠਾ ਅਤੇ ਮਾਲਵਾ ਤੇ ਖਾਨਦੇਸ਼ ਤਾਂ ਦੇਰ ਚਿਰ ਪਹਿਲੇ ਹੀ ਦਿਲੀ ਦੇ ਦਰਬਾਰ ਨਾਲੋਂ ਸੰਬੰਧ ਤੋੜ ਚੁਕੇ ਸਨ। ਹਾਂ ਪੰਜਾਬ ਸ਼ਹਿਨਸ਼ਾਹ ਦੇ ਹਥੋਂ ਨਹੀਂ ਸੀ ਨਿਕਲਿਆ ਕਿਉਂਕਿ ਇਥੋਂ ਦੇ ਗਵਰਨਰ ਕੁਛ ਸਮੇਂ ਲਈ ਬਾਦਸ਼ਾਹ ਨਾਲ ਪੂਰੇ ਪੂਰੇ ਵਫਾਦਾਰ ਰਹੇ। ਹਾਲਾਂ ਕਿ ਹਿੰਦ ਵਿਚ ਬਾਕੀ ਹਰ ਥਾਂ ਬੇਚੈਨੀ ਤੇ ਲੜਾਈ ਝਗੜੇ ਛਿੜੇ ਹੋਏ ਸਨ।

## ਸਾਰੰਗ ਖਾਂ ਗਵਰਨਰ ਦੀਪਾਲਪੁਰ ਹਥੋਂ ਗਖੜਾਂ ਦੀ ਹਾਰ

ਦੀਪਾਲ ਪੁਰ ਦੇ ਗਵਰਨਰ ਸਾਰੰਗ ਖਾਂ ਨੇ ਸੂਬਾ ਮੁਲਤਾਨ ਤੇ ਉਤਰ ਪਛਮੀ ਪੰਜਾਬ ਵਿਚੋਂ ਬਹੁਤ ਸਾਰੀ ਫੌਜ ਜਮਾਂ ਕਰ ਕੇ ਗਖੜਾਂ ਵਿਰੁਧ ਚੜ੍ਹਾਈ ਕੀਤੀ ਅਤੇ ਅਜੋਧਨ ਦੇ ਅਸਥਾਨ ਉਤੇ ਬੜੀ ਭਾਰੀ ਲੜਾਈ ਹੋਈ। ਇਹ ਅਸਥਾਨ ਲਾਹੌਰ ਤੋਂ ੨੪ ਮੀਲ ਦੂਰ ਹੈ। ਇਸ ਲੜਾਈ ਵਿਚ ਗਖੜਾਂ ਦਾ ਬੜਾ ਨੁਕਸਾਨ ਹੋਇਆ ਤੇ ਉਹਨਾਂ ਨੂੰ ਹਾਰ ਖਾਣੀ ਪਈ। ਉਹਨਾਂ ਦਾ ਸਰਦਾਰ ਸ਼ੇਖਾਂ ਨਸ ਗਿਆ ਤੇ ਉਸ ਨੇ ਜੰਮੂ ਦੀਆਂ ਪਹਾੜੀਆਂ ਵਿਚ ਜਾ ਪਨਾਹ ਲਈ। ਇਸ ਫਤਹ ਤੋਂ ਮਗਰੋਂ ਸਾਰੰਗ ਖਾਂ ਆਪਣੇ ਛੋਟੇ ਭਾਈ ਆਦਲ ਖਾਂ ਨੂੰ ਲਾਹੌਰ ਛਡ ਕੇ ਆਪ ਦੀਪਾਲ ਪੁਰ ਵਾਪਸ ਚਲਾ ਆਇਆ।

## ਸਾਰੰਗ ਖਾਂ ਦੀ ਬਗ਼ਾਵਤ ੧੩੯੫ ਈ.

ਸੰਨ ੧੩੯੫ ਈਸਵੀ ਵਿਚ ਸਾਰੰਗ ਖਾਂ ਗਵਰਨਰ ਦੀਪਾਲ ਪੁਰ ਅਤੇ ਖਿਜ਼ਰ ਖਾਂ ਗਵਰਨਰ ਮੁਲਤਾਨ ਵਿਚਾਲੇ ਮਤ ਭੇਦ ਹੋ ਜਾਣ ਕਰ ਕੇ ਦੋਵਾਂ ਵਿਚਾਲੇ ਜੰਗ ਛਿੜ ਗਈ। ਕਈ ਥਾਂ ਝੜਪਾਂ ਵੀ ਹੋਈਆਂ ਜਿਨ੍ਹਾਂ ਵਿਚ ਕਦੇ ਇਕ ਤੇ ਕਦੇ ਦੂਜੀ ਧਿਰ ਜਿਤ ਜਾਂਦੀ ਸੀ। ਅੰਤਲੀ ਫਤਹ ਸਾਰੰਗ ਖਾਂ ਦੇ ਹਿਸੇ ਆਈ। ਉਸ ਨੇ ਮੁਲਤਾਨ ਉਤੇ ਕਬਜ਼ਾ ਕਰ ਕੇ ਆਪਣੀ ਤਾਕਤ ਤੇ ਵਸੀਲੇ ਹੋਰ ਪਕੇ ਕਰ ਲਏ। ਇਸ ਫਤਹ ਤੋਂ ਹੌਸਲਾ ਪਾਕੇ ਸਾਰੰਗ ਖਾਂ ਨੇ ਰਾਜਧਾਨੀ ਉਤੇ ਹੀ ਹਲਾ ਬੋਲ ਦਿਤਾ।

## ਉਸ ਦੀ ਹਾਰ

ਉਸ ਦੇ ਟਾਕਰੇ ਲਈ ਤਾਤਾਰ ਖਾਂ ਗਵਰਨਰ ਪਾਨੀਪਤ ਤੇ ਅਲਮਾਸ ਬੇਗ ਮੈਦਾਨ ਵਿਚ ਨਿਕਲੇ। ਲੜਾਈ ਵਿਚ ਸਾਰੰਗ ਖਾਂ ਨੂੰ ਹਾਰ ਹੋਈ ਜਿਸ ਕਰ ਕੇ ਉਹ ਮੁਲਤਾਨ ਵਲ ਨਸ ਗਿਆ। ਇਹ ਘਟਨਾ ੪ ਅਕਤੂਬਰ ੧੩੯੬ ਦੀ ਹੈ।

## ਤੈਮੂਰ ਦੇ ਪੋਤੇ ਸ਼ਾਹਜ਼ਾਦੇ ਪੀਰ ਮੁਹੰਮਦ ਦੇ ਮਾਤਹਿਤ ਮੁਗ਼ਲਾਂ ਦਾ ਮੁਲਤਾਨ ਤੇ ਹਮਲਾ ੧੩੯੬ ਈ.

ਸੰਨ ੧੩੯੬ ਈਸਵੀ ਵਿਚ ਤੈਮੂਰ ਜਿਸ ਨੂੰ ਆਮ ਲੋਕ ਤਿਮਰ ਲਿੰਗ ਆਖਦੇ ਹਨ ਦੇ ਪੋਤੇ ਮਿਰਜ਼ਾ ਪੀਰ ਮੁਹੰਮਦ ਨੇ ਦਰਿਆ ਸਿੰਧ ਉਪਰ ਬੇੜੀਆਂ ਦਾ ਪੁਲ ਬਣਾ ਚੁਕਣ ਮਗਰੋਂ ਇਸ ਰਾਹੀਂ ਆਪਣੀ ਫੌਜ ਨੂੰ ਦਰਿਆ ਪਾਰ ਕਰ ਕੇ ਉਚ ਦਾ ਘੇਰਾ ਘਤ ਲਿਆ। ਘੇਰੇ ਵਿਚ ਆਏ ਹੋਏ ਉਚ ਦੇ ਗਵਰਨਰ ਮਲਿਕ ਅਲੀ ਦੀ ਹਾਲਤ ਵਿਗੜ ਚੁਕੀ ਸੀ ਕਿ ਮੁਲਤਾਨ ਦਾ ਗਵਰਨਰ ਸਾਰੰਗ ਖਾਂ ਆਪਣੀ ਕੁਮਕ ਲੈ ਕੇ ਉਸ ਦੀ ਸਹਾਇਤਾ ਲਈ ਪੁਜਾ। ਮਿਰਜ਼ਾ ਪੀਰ ਮੁਹੰਮਦ ਉਸ ਦੀ ਪੇਸ਼ਕਦਮੀ ਦੀ ਖਬਰ ਸੁਣ ਕੇ ਬਿਆਸ ਵਲ ਅਗੇ ਵਧਿਆ ਅਤੇ ਅਗੇ ਵਧਕੇ ਮੁਲਤਾਨ ਦੀਆਂ ਫ਼ੌਜਾਂ ਉਪਰ ਉਸ ਸਮੇਂ ਜਾ ਝਪਟਿਆ ਜਦ ਉਹ ਦਰਿਆ ਪਾਰ ਕਰ ਰਹੀਆਂ ਸਨ। ਇਸ ਅਚਾਨਕ ਹਮਲੇ ਦੇ ਕਾਰਨ ਬਹੁਤ ਸਾਰੀ ਫੌਜ ਦਰਿਆ ਬੁਰਦ ਹੋ ਗਈ। ਬਾਕੀ ਜੋ ਜਵਾਨ ਬਚੇ ਉਹ ਤਲਵਾਰ ਦੀ ਘਾਟ ਉਤਾਰੇ ਗਏ, ਇਸ ਤਰ੍ਹਾਂ ਬਹੁਤ ਹੀ ਥੋੜੀ ਫੌਜ ਬਚ ਕੇ ਵਾਪਸ ਮੁਲਤਾਨ ਪੁਜੀ। ਸ਼ਾਹਜ਼ਾਦੇ ਨੇ ਇਸ ਨਸਦੀ ਹੋਈ ਫ਼ੌਜ ਦਾ ਪਿਛਾ ਮੁਲਤਾਨ ਦੇ ਦਰਵਾਜ਼ਿਆਂ ਤੀਕ ਕੀਤਾ। ਸਾਰੰਗ ਖਾਂ ਕਿਲ੍ਹੇ ਵਿਚ ਵੜ ਬੈਠਾ। ਮੁਗ਼ਲਾਂ ਨੇ ਕਿਲ੍ਹੇ ਦਾ ਵੀ ਘੇਰਾ ਘਤ ਲਿਆ।

## ਸਾਰੰਗ ਖਾਂ ਨੂੰ ਹਾਰ ਮੰਨਣੀ ਪਈ

ਕਿਲੇ ਅੰਦਰਲੀ ਫ਼ੌਜ ਛੀ ਮਹੀਨੇ ਤੀਕ ਟਾਕਰੇ ਤੇ ਡਟੀ ਰਹੀ। ਇਸਦੇ ਮਗਰੋਂ ਰਸਦ ਆਦਿਕ ਖਤਮ ਹੋ ਜਾਣ ਤੇ ਸਾਰੰਗ ਖਾਂ ਨੂੰ ਹਾਰ ਮੰਨਣੀ ਪਈ। ਇਸ ਸਮੇਂ ਵਿਚ ਪੀਰ ਮੁਹੰਮਦ ਦੇ ਬਹੁਤ ਸਾਰੇ ਘੋੜੇ ਤੇ ਆਵਾਜਾਈ ਦਾ ਬਹੁਤ ਸਾਰਾ ਸਾਮਾਨ ਤਬਾਹ ਹੋ ਗਿਆ, ਉਪਰੋਂ ਬਰਸਾਤਾਂ ਸ਼ੁਰੂ ਹੋ ਗਈਆਂ ਇਸ ਕਰ ਕੇ ਉਹ ਘੇਰਾ ਜਾਰੀ ਨ ਰਖ ਸਕਿਆ।

Sri Satguru Jagjit Singh Ji eLibrary NamdhariElibrary@gmail.com

## ਹਿੰਦ ਉਤੇ ਤੈਮੂਰ ਦਾ ਹਮਲਾ ੧੩੯੮ ਈ:

ਇਸ ਸਮੇਂ ਵਿਚਕਾਰ ਦਿਲੀ ਦੇ ਦਰਬਾਰ ਵਿਚ ਦੋ ਪਾਰਟੀਆਂ ਬਣ ਗਈਆਂ । ਇਕ ਪਾਰਟੀ ਦਾ ਲੀਡਰ ਇਕਬਾਲ ਖਾਂ ਅਤੇ ਦੂਜੀ ਦਾ ਮੁਕਰਬ ਖਾਂ ਸੀ । ਬਾਦਸ਼ਾਹ ਇਕਬਾਲ ਖਾਂ ਦੇ ਹਥ ਵਿਚ ਕਠਪੁਤਲੀ ਬਣ ਚੁਕਾ ਸੀ ਇਸ ਲਈ ਉਹਨੇ ਮੁਕਰਬ ਖਾਂ ਤੇ ਉਸ ਦੇ ਹਾਮੀਆਂ ਨੂੰ ਸ਼ਹਿਰ ਵਿਚੋਂ ਬਾਹਰ ਕਢ ਦਿਤਾ । ਅਜੇ ਰਾਜਧਾਨੀ ਵਿਚ ਅਮਨ ਕਾਇਮ ਕਰਨ ਦੇ ਜਤਨ ਹੀ ਹੋ ਰਹੇ ਸਨ ਕਿ ਹਿੰਦੁਸਤਾਨੀਆਂ ਉਪਰ ਇਕ ਹੋਰ ਬਿੱਜ ਆ ਪਈ । ਇਸ ਬਿੱਜ ਤੈਮੂਰ ਬੇਗ ਗੌਰਕਨ ਦੇ ਹਮਲੇ ਦੇ ਰੂਪ ਵਿਚ ਪ੍ਰਗਟ ਹਈ । ਤੈਮੂਰ ਨੂੰ ਕਿਸੇ ਤਰ੍ਹਾਂ ਹਿੰਦ ਦੀ ਅੰਦਰਲੀ ਭੈੜੀ ਹਾਲਤ ਦਾ ਪਤਾ ਚਲ ਗਿਆ ਸੀ ਇਸ ਲਈ ਉਸ ਨੇ ਸਾਰੇ ਹਿੰਦ ਨੂੰ ਆਪਣੇ ਕਬਜ਼ੇ ਵਿਚ ਕਰ ਲੈਣ ਦਾ ਮਤਾ ਪਕਾ ਕੇ ਹਿੰਦ ਉਤੇ ਹਲਾ ਬੋਲ ਦਿਤਾ ।

---

# ਪਰਕਰਨ ੭

## ਤੈਮੂਰ ਦਾ ਹਮਲਾ

ਹਿੰਦ ਵਿਚ ਘਰੋਗੀ ਜੰਗ ਤੇ ਦਰਬਾਰੀਆਂ ਦੀ ਖਹਿਬੜ ਤੇ ਬੇਚੈਨੀ ਦੀਆਂ ਖਬਰਾਂ ਤੈਮੂਰ ਨੂੰ ਸਮਰਕੰਦ ਵਿਚ ੧੩੯੬ ਤੀਕ ਪੁਜ ਚੁਕੀਆਂ ਸਨ । ਉਸ ਨੇ ਇਸ ਪਾਟੋਧਾੜ ਤੋਂ ਲਾਭ ਉਠਾ ਕੇ ਆਪਣੇ ਪੋਤੇ ਪੀਰ ਮੁਹੰਮਦ ਦੀ ਕਮਾਨ ਹੇਠ ਫ਼ੌਜ ਰਵਾਨਾ ਕੀਤੀ ਪੀਰ ਮੁਹੰਮਦ ਨੇ ਸਿੰਧ ਦੇ ਪੱਛਮੀ ਦੇਸਾਂ ਵਿਚ ਦਿਲ ਖੋਹਲ ਕੇ ਮਾਰ ਧਾੜ ਕੀਤੀ ।

### ਤੈਮੂਰ ਦਾ ਸਿੰਧ ਪਾਰ ਕਰਨਾ ੧੩੯੮ ਈ.

ਉਸ ਦੇ ਮਗਰੇ ਮਗਰ ਤੈਮੂਰ (ਤਿਮਰ ਲਿੰਗ) ਆਪ ਵੀ ਹਿੰਦ ਉਤੇ ਚੜ੍ਹ ਆਇਆ । ਉਸ ਨੇ ੧੨ ਸਤੰਬਰ ੧੩੯੮ ਈਸਵੀ ਨੂੰ ਦਰਿਆ ਸਿੰਧ ਪਾਰ ਕੀਤਾ ਅਤੇ ਮਾਰੋ ਮਾਰ ਕਰਦਾ ਹੋਇਆ ਲਾਹੌਰ ਆ ਪੁਜਾ । ਉਸ ਨੇ ਸ਼ੇਖ ਨੂਰ ਓਦੀਨ ਦੇ ਮਤਿਹਤ ਇਕ ਹਰਾਵਲ ਫੌਜ ਪੰਜਾਬ ਦੇ ਗਵਰਨਰ ਸ਼ਹਾਬ ਓਦੀਨ ਮੁਬਾਰਕ ਖਾਂ ਨੂੰ ਬਾਜ ਗੁਜਾਰ ਬਣਾਉਣ ਲਈ ਭੇਜੀ । ਮੁਬਾਰਕ ਖਾਂ ਵੀ ਹਮਲਾ ਆਵਰ ਨੂੰ ਰੋਕਣ ਲਈ ਦਰਿਆ ਚਨਾਬ ਤੀਕ ਅਗੇ ਵਧਿਆ ।

### ਮੁਬਾਰਕ ਖਾਂ ਦਾ ਚਨਾਬ ਤੇ ਹਮਲਾ ਆਵਰ ਨੂੰ ਰੋਕਣਾ

ਗਵਰਨਰ ਮੁਬਾਰਕ ਖਾਂ ਨੇ ਦਰਿਆ ਦੇ ਕਿਨਾਰੇ ਇਕ ਉਜਾੜ ਥਾਂ ਤੇ ਮੋਰਚੇ ਗਡ ਦਿਤੇ । ਉਸ ਨੇ ਆਪਣੇ ਕੈਂਪ ਦੇ ਉਦਾਲੇ ਡੂੰਘੀ ਖਾਈ ਪਾਣੀ ਦੀ ਪੁਟ ਲਈ ਤੇ ਉਥੇ ਹੀ ਕਿਲਾ ਬਣਾ ਕੇ ਕਿਲੇ ਬੰਦ ਹੋ ਬੈਠਾ । ਹਿੰਦੁਸਤਾਨੀਆਂ ਵਲੋਂ ਹਮਲਾ ਆਵਰ ਫੌਜਾਂ ਵਿਰੁੱਧ ਵਾਰ ਵਾਰ ਹਮਲੇ ਕੀਤੇ ਗਏ ਜੋ ਮੁਗਲਾਂ ਨੇ ਹਰ ਵਾਰ ਰੋਕ ਲਏ ਨਾ ਕੇਵਲ ਹਮਲੇ ਰੋਕੇ ਸਗੋਂ ਇਹਨਾਂ ਹਮਲਿਆਂ ਨੂੰ ਪਸਪਾ ਵੀ ਕੀਤਾ ।

### ਪਸਪਾਈ

ਅੰਤ ਨੂੰ ਤੈਮੂਰ ਨੇ ਆਪਣੀ ਫੌਜ ਇਕਠੀ ਕਰਕੇ ਇਕੋ ਵਾਰ ਵਡਾ ਹਲਾ ਬੋਲਿਆ । ਮੁਬਾਰਕ ਖਾਂ ਵੈਰੀ ਦੀ ਐਡੀ ਵਡੀ ਫ਼ੌਜ ਨੂੰ ਵੇਖਕੇ ਡਰ ਗਿਆ । ਉਹ ਆਪਣੇ ਪਰਿਵਾਰ ਤੇ ਖਜ਼ਾਨੇ ਨੂੰ ਲੈ ਕੇ ਖੁਫੀਆ ਤੌਰ ਉਤੇ ਦਰਿਆ ਲੰਘਕੇ ਵਾਪਸ ਮੁੜ ਆਇਆ ਅਤੇ ਆਪਣੀ ਕਿਲੇ ਬੰਦ ਫ਼ੌਜ ਨੂੰ ਉਹਦੀ ਕਿਸਮਤ ਉਤੇ ਛਡ ਗਿਆ । ਫ਼ੌਜ ਨੇ ਜਦ ਡਿਠਾ ਕਿ ਉਸਦਾ ਲੀਡਰ ਆਪ ਹੀ ਨਸ ਗਿਆ ਹੈ ਤਦ ਉਸ ਨੇ ਬਿਨਾ ਸ਼ਰਤ ਹਾਰ ਮੰਨ ਲਈ ।

ਫਤਹ ਪਾਉਣ ਮਗਰੋਂ ਤੈਮੂਰ ਦਰਿਆ ਦੇ ਕੰਢੇ ਕੰਢੇ ਚਲ ਕੇ ਉਸ ਥਾਂ ਉਤੇ ਪੁਜਾ ਜਿਥੇ ਚਨਾਬ ਅਤੇ ਰਾਵੀ ਦਰਿਆ ਦਾ ਸੰਗਮ ਹੈ । ਉਹਦੀ ਫੌਜ ਨੇ ਦਰਿਆ ਨੂੰ ਬੇੜੀਆਂ ਦੇ ਉਸ ਪੁਲ ਰਾਹੀਂ ਪਾਰ ਕੀਤਾ ਜੋ ਏਸੇ ਮੰਤਵ ਲਈ ਬਣਾਇਆ ਗਿਆ ਸੀ । ਦਰਿਆ ਪਾਰ ਕਰ ਕੇ ਉਸ ਨੇ ਨਗਰ ਤਲੰਬਾ ਦੇ ਬਾਹਰ ਡੇਰੇ ਲਾ ਦਿਤੇ ।

### ਤਲੰਬਾ ਦੀ ਲੁਟ ਮਾਰ ਤੇ ਲੋਕਾਂ ਦਾ ਕਤਲਿ ਆਮ

ਫੌਜ ਪਾਸ ਰਸਦ ਮੁਕ ਜਾਣ ਕਰ ਕੇ ਰਸਦ ਪਰਾਪਤ ਕਰਨ ਲਈ ਇਕ ਫੌਜੀ ਪਾਰਟੀ ਸ਼ਹਿਰ ਵਿਚ ਗਈ । ਪਰ ਬੇਸਬਰੇ ਫੌਜੀਆਂ ਨੇ ਸ਼ਹਿਰ ਨੂੰ ਲੁਟਣਾ ਸ਼ੁਰੂ ਕਰ ਦਿਤਾ । ਜਿਨ੍ਹਾਂ ਵਸਨੀਕਾਂ ਨੇ ਉਹਨਾਂ ਫੌਜੀਆਂ ਨੂੰ ਲੁਟ ਮਾਰ ਤੋਂ ਹੋੜਿਆ ਉਹ ਸਭ ਕਤਲ ਕੀਤੇ ਗਏ । ਇਸ ਖਿਆਲ ਨਾਲ ਕਿ ਉਹਨਾਂ ਦੀ ਚਾਲ ਰੁਕ ਨਾ ਜਾਏ ਤੈਮੂਰ ਨੇ ਤਲੰਬਾ ਦਾ ਘੇਰਾ ਘਤਨ ਦੀ ਉਡੀਕ ਕੀਤੇ ਬਿਨਾ ਹੀ ਸ਼ਾਹ ਨਵਾਜ਼ ਵਲ ਕੂਚ ਬੋਲ ਦਿਤਾ । ਏਥੇ ਗਖੜਾਂ ਦੇ ਸਰਦਾਰ ਨੇ ਉਸ ਦਾ ਡਟ ਕੇ ਟਾਕਰਾ ਕੀਤਾ । ਤੈਮੂਰ ਨੇ ਉਸ ਸਰਦਾਰ ਨੂੰ ਕਤਲ ਕਰਨ ਮਗਰੋਂ ਐਨੀ ਕੁ ਰਸਦ ਪਰਾਪਤ ਕਰ ਲਈ ਜਿੰਨੀ ਕਿ ਉਹ ਲਿਜਾ ਸਕਦਾ ਸੀ । ਰਸਦ ਪਰਾਪਤ ਕਰ ਚੁਕਣ ਮਗਰੋਂ ਉਸ ਨੇ ਨਗਰ ਨੂੰ ਅਗ ਲਾ ਦਿਤੀ ।

### ਤੈਮੂਰ ਦਾ ਬਿਆਸ ਪਾਰ ਕਰਨਾ

ਇਸ ਦੇ ਮਗਰੋਂ ਤੈਮੂਰ ਨੇ ਦਰਿਆ ਬਿਆਸ ਪਾਰ ਕਰ ਲਿਆ ।

Sri Satguru Jagjit Singh Ji eLibrary NamdhariElibrary@gmail.com

ਉਸ ਨੇ ਆਪਣੇ ਪੋਤੇ ਮਿਰਜ਼ਾ ਪੀਰ ਮੁਹੰਮਦ ਨੂੰ ੩੦ ਹਜ਼ਾਰ ਘੁੜ ਸਵਾਰ ਫ਼ੌਜ ਦੀ ਕਮਾਨ ਭੇਜੀ। ਜਿਹਾ ਕਿ ਪਹਿਲਾਂ ਦਸਿਆ ਜਾ ਚੁਕਾ ਹੈ ਪੀਰ ਮੁਹੰਮਦ ਨੇ ਮੁਲਤਾਨ ਨੂੰ ਤੇ ਫ਼ਤਹ ਕਰ ਲਿਆ ਸੀ ਪਰ ਉਥੋਂ ਦੇ ਵਸਨੀਕਾਂ ਨੇ ਉਸ ਨੂੰ ਬੜਾ ਪਰੇਸ਼ਾਨ ਕਰ ਰਖਿਆ ਸੀ। ਉਹਨਾਂ ਨੇ ਸ਼ਾਹਜ਼ਾਦੇ ਦੀ ਰਸਦ ਦੀ ਆਵਾਜਾਈ ਉਕੀ ਬੰਦ ਕਰ ਦਿਤੀ ਸੀ। ਇਸ ਦੇ ਛੇਤੀ ਹੀ ਮਗਰੋਂ ਤੈਮੂਰ ਆਪ ਵੀ ਸ਼ਹਿਜ਼ਾਦੇ ਨੂੰ ਜਾ ਮਿਲਿਆ। ਅਜੂਧਨ (ਪਾਕਪਟਨ) ਇਸ ਲਈ ਲੁਟ ਮਾਰ ਤੋਂ ਬਚ ਗਿਆ, ਕਿਉਂਕਿ ਉਥੇ ਸ਼ੇਖ ਫਰੀਦ ਸ਼ਕਰ ਗੰਜ ਦਾ ਮਕਬਰਾ ਸੀ, ਜਿਸ ਨਾਲ ਉਸ ਨੂੰ ਬੜੀ ਸ਼ਰਧਾ ਸੀ। ਫੇਰ ਵੀ ਇਥੋਂ ਦੇ ਬਹੁਤ ਸਾਰੇ ਵਸਨੀਕ ਹਮਾਲਾਆਵਰ ਦੇ ਪਹੁੰਚਣ ਦੀ ਖਬਰ ਸੁਣ ਕੇ ਹੀ ਸ਼ਹਿਰ ਖਾਲੀ ਕਰ ਗਏ।

## ਭਟਨੇਰ ਵਲ ਕੂਚ

ਇਸ ਦੇ ਮਗਰੋਂ ਤੈਮੂਰ ਨੇ ਭਟਨੇਰ ਵਲ ਧਾਵਾ ਬੋਲਿਆ ਕਿਉਂਕਿ ਓਥੋਂ ਦੇ ਰਾਜੇ ਨੇ ਸ਼ਾਹਜ਼ਾਦੇ ਨੂੰ ਬਹੁਤ ਔਖਿਆਂ ਕੀਤਾ ਸੀ। ਇਸ ਅਸਥਾਨ ਉਪਰ ਦੀਪਾਲਪੁਰ ਤੇ ਆਸ ਪਾਸ ਦੇ ਲੋਕ ਭਾਰੀ ਗਿਣਤੀ ਵਿਚ ਇਕਠੇ ਹੋ ਗਏ ਤਾਂ ਜੁ ਵਧ ਆ ਰਹੀ ਮੁਗਲ ਫੌਜ ਤੋਂ ਸਭ ਮਿਲ ਕੇ ਰਖਿਆ ਕਰਨ ਸ਼ਹਿਰ ਵਿਚ ਐਨੀ ਖਲਕਤ ਦੇ ਰਹਿਣ ਲਈ ਥਾਂ ਨਹੀਂ ਸੀ ਰਹੀ। ਇਸ ਲਈ ਬਹੁਤ ਸਾਰੇ ਲੋਕਾਂ ਨੇ ਸ਼ਹਿਰੋਂ ਬਾਹਰ ਕੰਧਾਂ ਨਾਲ ਜਾ ਡੇਰੇ ਲਾਏ। ਇਹਨਾਂ ਵਿਚੋਂ ਬਹੁਤ ਥੋੜੇ ਲੋਕ ਤੈਮੂਰ ਦੀ ਤਲਵਾਰ ਤੋਂ ਸਹੀ ਸਲਾਮਤ ਬਚ ਸਕੇ, ਕਿਉਂਕਿ ਤੈਮੂਰੀ ਫੌਜ ਨੇ ਉਨ੍ਹਾਂ ਉਤੇ ਵੀ ਹਲਾ ਬੋਲ ਕੇ ਹਜ਼ਾਰਾਂ ਨੂੰ ਤਲਵਾਰ ਦੇ ਘਾਟ ਉਤਾਰ ਦਿਤਾ। ਗਵਰਨਰ ਭਟਨੇਰ ਨੇ ਥੋੜਾ ਜਿਹਾ ਟਾਕਰਾ ਕੀਤਾ ਪਰ ਤੈਮੂਰ ਨੇ ਫੌਜ ਦੀ ਕਮਾਨ ਆਪਣੇ ਹੱਥ ਲੈ ਕੇ ਵੈਰੀ ਤੇ ਐਨਾ ਦਬਾਉ ਪਾਇਆ ਕਿ ਉਹ ਪਿਛੇ ਹਟਣ ਲਈ ਮਜਬੂਰ ਹੋ ਗਿਆ।

## ਸ਼ਹਿਰ ਤੇ ਕਬਜ਼ਾ

ਤੈਮੂਰੀ ਫੌਜਾਂ ਮਾਰੋ ਮਾਰ ਕਰਦੀਆਂ ਸ਼ਹਿਰ ਦੇ ਦਰਵਾਜ਼ੇ ਮੂਹਰੇ ਪਹੁੰਚ ਗਈਆਂ। ਤੈਮੂਰ ਨੇ ਫੌਜ ਨੂੰ ਸ਼ਹਿਰ ਉਤੇ ਹਲੇ ਦਾ ਹੁਕਮ ਦੇ ਦਿਤਾ ਤੇ ਫੌਜ ਨੇ ਗੱਲੀ ਗੱਲੀ ਵਿਚ ਜਾ ਕੇ ਵਿਰੋਧੀਆਂ ਨੂੰ ਚੁਣ ਚੁਣ ਕੇ ਕਤਲ ਕੀਤਾ। ਥੋੜੇ ਜਿਹੇ ਘੰਟਿਆਂ ਵਿਚ ਹੀ ਤੈਮੂਰ ਸਾਰੇ ਸ਼ਹਿਰ ਦਾ ਮਾਲਕ ਬਣ ਗਿਆ। ਕਿਲ੍ਹੇ-ਬੰਦ ਫੌਜ ਨੇ ਆਪਣੀ ਮਰਜ਼ੀ ਨਾਲ ਈਨ ਮੰਨ ਲਈ ਅਤੇ ਗਵਰਨਰ ਨੇ ਤੈਮੂਰ ਨੂੰ ੩੦੦ ਅਰਬੀ ਘੋੜੇ ਭੇਟਾ ਕੀਤੇ। ਜਿਸ ਤੇ ਖੁਸ਼ ਹੋ ਕੇ ਤੈਮੂਰ ਨੇ ਉਸ ਨੂੰ ਸਿਰੋਪਾਓ ਦਿਤਾ। ਤੈਮੂਰ ਨੇ ਸੁਲੇਮਾਨ ਸ਼ਾਹ ਅਤੇ ਅਮੀਰ ਅਲਾਹਦਾਦ ਨੂੰ ਹੁਕਮ ਦਿਤਾ ਕਿ ਉਹ ਕਿਲ੍ਹੇ ਉਤੇ ਕਬਜ਼ਾ ਕਰ ਲੈਣ ਮਗਰੋਂ ਜਿਨ੍ਹਾਂ ਲੋਕਾਂ ਨੇ ਸ਼ਾਹਜ਼ਾਦਾ ਪੀਰ ਮੁਹੰਮਦ ਦੀ ਵਿਰੋਧਤਾ ਕੀਤੀ ਸੀ, ਉਹਨਾਂ ਸਭਨਾ ਨੂੰ ਤਲਵਾਰ ਦੇ ਘਾਟ ਉਤਾਰ ਦਿਤਾ ਜਾਏ। ਇਸ ਹੁਕਮ ਅਨੁਸਾਰ ਮਿੰਟਾਂ ਸਕਿੰਟਾਂ ਦੇ ਅੰਦਰ ਅੰਦਰ ੫੦੦ ਵਸਨੀਕ ਜਾਨੋਂ ਮਾਰ ਦਿਤੇ ਗਏ।

## ਭਿਆਨਕ ਜੰਗ

ਕਿਲ੍ਹੇ ਦੇ ਵਿਚਲੇ ਲੋਕਾਂ ਨੇ ਇਹ ਕਤਲੋਗਾਰਤ ਵਾਲੀ ਆਪਣੀਆਂ ਅਖਾਂ ਨਾਲ ਡਿੱਠੀ ਤਦ ਉਹ ਇਸ ਦਰਿਸ਼ ਤੋਂ ਬੜੇ ਡਰੇ। ਉਹਨਾਂ ਨੂੰ ਆਪਣਾ ਅੰਤ ਵੀ ਇਹੋ ਹੁੰਦਾ ਨਜ਼ਰ ਆਇਆ ਤੇ ਉਹ ਲੋਕ-ਜੀਵਨ ਤੋਂ ਨਿਰਾਸ ਹੋ ਗਏ। ਇਸ ਲਈ ਉਹਨਾਂ ਨੇ ਆਪਣੀਆਂ ਇਸਤਰੀਆਂ ਤੇ ਬਚਿਆਂ ਨੂੰ ਆਪ ਹੀ ਕਤਲ ਕਰ ਕੇ ਉਸ ਥਾਂ ਨੂੰ ਅੱਗ ਲਾ ਦਿਤੀ। ਫੇਰ ਉਹ ਭੁਖੇ ਬਘਿਆੜਾਂ ਵਾਂਗ ਲਹੂ ਦੇ ਤਿਹਾਏ ਮੁਗਲਾਂ ਉਪਰ ਟੁਟ ਕੇ ਜਾ ਪਏ ਤੇ ਹਜ਼ਾਰਾਂ ਮੁਗਲਾਂ ਨੂੰ ਜਾਨੋਂ ਮਾਰ ਮੁਕਾਇਆ। ਉਹ ਨਿਯਮਤ ਜੰਗ ਦੇ ਆਦੀ ਨਹੀਂ ਸਨ, ਇਸ ਲਈ ਤੈਮੂਰ ਦੀ ਜਥੇਬੰਦ ਫੌਜ ਨੇ ਉਹਨਾਂ ਨੂੰ ਛੇਤੀ ਹੀ ਕਾਬੂ ਕਰ ਲਿਆ ਅਤੇ ਪਿਛੋਂ ਇਕ ਇਕ ਨੂੰ ਚੁਣ ਚੁਣ ਕੇ ਮਾਰਿਆ।

## ਭਿਆਨਕ ਕਤਲਿ ਆਮ

ਕਤਲਿ ਆਮ ਦਾ ਇਹ ਦਰਿਸ਼ ਬੜਾ ਹੀ ਡਰਾਉਣਾ ਸੀ। ਦੋਵਾਂ ਧਿਰਾਂ ਦੀਆਂ ਹਜ਼ਾਰਾਂ ਲਾਸ਼ਾਂ ਧਰਤੀ ਉਤੇ ਰੁਲ ਰਹੀਆਂ ਸਨ। ਤੈਮੂਰ ਜਿਸ ਨੂੰ ਫਰਿਸ਼ਤੇ ਨੇ "ਸੰਸਾਰ ਦੀ ਅਗ ਦਾ ਭਬੂਕ" ਦਸਿਆ ਹੈ, ਉਥੋਂ ਦੇ ਲੋਕਾਂ ਦੇ ਰਵਈਏ ਤੇ ਐਨਾ ਭੜਕਿਆ ਕਿ ਉਸ ਨੇ ਭਟਨੇਰ ਦੇ ਇਕ ਜੀਵ ਨੂੰ ਜੀਉਂਦਾ ਨਾ ਰਹਿਣ ਦਿਤਾ। ਸਾਰੇ ਦੇ ਸਾਰੇ ਵਸਨੀਕਾ ਨੂੰ ਕਤਲ ਕਰਨ ਮਗਰੋਂ ਸ਼ਹਿਰ ਨੂੰ ਅਗ ਲਾ ਕੇ ਰਾਖ ਦਾ ਢੇਰ ਬਣਾ ਦਿਤਾ ਗਿਆ।

ਇਸ ਦੇ ਮਗਰੋਂ ਤੈਮੂਰ ਨੇ ਸ਼ਹਿਰ ਸਰਸੁਤੀ ਉਪਰ ਹਲਾ ਬੋਲਿਆ ਅਤੇ ਉਥੋਂ ਦੇ ਸਾਰੇ ਵਸਨੀਕਾਂ ਨੂੰ ਕਤਲ ਕਰਕੇ ਸ਼ਹਿਰ ਨੂੰ ਲੁਟ ਪੁਟ ਲਿਆ। ਫੇਰ ਫਤਹ ਆਬਾਦ ਜ਼ਿਲੇ ਦੀ ਵਾਰੀ ਆਈ, ਉਸ ਨੂੰ ਵੀ ਖੂਬ ਲੁਟਿਆ। ਆਸ ਪਾਸ ਦੇ ਸ਼ਹਿਰ ਰਾਜਪੁਰ, ਆਹਰੂਨੀ, ਅਤੇ ਤੁਹਾਨਾ ਨੂੰ ਵੀ ਚੰਗੀ ਤਰ੍ਹਾਂ ਲੁਟ ਪੁਟਕੇ ਤਬਾਹ ਕੀਤਾ। ਤੁਹਾਨਾ ਦੇ ਅਸਥਾਨ ਤੇ ਤੈਮੂਰ ਨੇ ਜ਼ਾਤੀ ਤੌਰ ਉਤੇ ਦੇਸ ਦੀ ਦੇਖ ਭਾਲ ਕੀਤੀ। ਉਸ ਨੇ ਹਕੀਮ ਇਰਾਕੀ ਦੇ ਮਾਤਹਿਤ ੫ ਹਜ਼ਾਰ ਘੁੜ ਸਵਾਰ ਰਵਾਨਾ ਕੀਤੇ ਜਿਨ੍ਹਾਂ ਨੇ ਜਾ ਕੇ ਸਾਮਾਨਾ ਸ਼ਹਿਰ ਉਤੇ ਕਬਜ਼ਾ ਕਰ ਲਿਆ।

## ਮੁਲਤਾਨ ਤੇ ਲਾਹੌਰ ਦੇ ਸੂਬਿਆਂ ਦੀ ਤਬਾਹੀ

ਤੈਮੂਰ ਨੇ ਆਪਣੀ ਫੌਜ ਨੂੰ ਵਖ ਵਖ ਸਰਦਾਰਾਂ ਵਿਚਕਾਰ ਵੰਡ ਦਿਤਾ। ਉਹਨਾਂ ਸਰਦਾਰਾਂ ਨੇ ਮੁਲਤਾਨ ਤੇ ਲਾਹੌਰ ਦੇ ਸੂਬਿਆਂ ਵਿਚ ਲੁਟ ਮਾਰ ਤੇ ਤਬਾਹੀ ਜਾ ਮਚਾਈ। ਉਹ ਜਿਥੇ ਵੀ ਗਏ ਆਪਣੇ ਨਾਲ ਤਲਵਾਰ ਤੇ ਅਗ ਲੈ ਕੇ ਗਏ। ਇਸਦੇ ਮਗਰੋਂ ਤੈਮੂਰ ਨੇ ਪਾਨੀਪਤ ਦੇ ਰਸਤੇ ਦਰਿਆ ਜਮਨਾ ਪਾਰ ਕੀਤਾ ਅਤੇ ਲੋਨੀ ਦੇ ਕਿਲੇ ਉਤੇ ਹਮਲਾ ਕਰ ਕੇ ਉਥੋਂ ਦੀ ਸਾਰੀ ਫ਼ੌਜ ਨੂੰ ਕਤਲ ਕਰ ਦਿਤਾ।

## ਤੈਮੂਰ ਦੀ ਦਿਲੀ ਉਤੇ ਚੜ੍ਹਾਈ

ਇਸ ਦੇ ਮਗਰੋਂ ਤੈਮੂਰੀ ਫ਼ੌਜ ਦੇਖ ਭਾਲ ਲਈ ਦਿਲੀ ਵਲ ਵਧੀ। ਉਸ ਦੇ ਟਾਕਰੇ ਲਈ ਸ਼ਹਿਨਸ਼ਾਹ ਮਹਿਮੂਦ ਤੁਗਲਕ ਆਪਣੇ ਵਜ਼ੀਰ ਇਕਬਾਲ ਖਾਂ ਸਮੇਤ ੫੦੦੦ ਸਵਾਰ ਤੇ ਪੈਦਲ ਫ਼ੌਜ ਅਤੇ ੨੭ ਹਾਥੀ ਲੈ ਕੇ ਸ਼ਹਿਰੋਂ ਬਾਹਰ ਆਇਆ। ਦੋਵਾਂ ਫ਼ੌਜਾਂ ਵਿਚਾਲੇ ਝੜਪ ਹੋਈ ਜਿਸ ਵਿਚ ਹਿੰਦੀ ਫੌਜ ਪਿਛੇ ਧਕ ਦਿਤੀ ਗਈ ਤੇ ਉਸਦਾ ਵਡਾ ਅਫਸਰ ਮੁਹੰਮਦ ਸੈਫ ਬੇਗ ਕੈਦ ਕਰ ਕੇ ਤੈਮੂਰ ਦੇ ਹੁਕਮ ਨਾਲ ਕਤਲ ਕੀਤਾ ਗਿਆ।

## ਇਕ ਲਖ ਕੈਦੀਆਂ ਦਾ ਕਤਲਿ ਆਮ

ਤੈਮੂਰ ਦੇ ਕੈਂਪ ਵਿਚ ਇਕ ਲਖ ਉਹ ਕੈਦੀ ਸਨ ਜਿਹੜੇ ਉਸ ਨੇ ਸਿੰਧ ਪਾਰ ਕਰਨ ਮਗਰੋਂ ਕੈਦ ਕੀਤੇ ਸਨ। ਕਿਹਾ ਜਾਂਦਾ ਹੈ ਕਿ ਜਿਸ ਦਿਨ ਦਿਲੀ ਦੇ ਸ਼ਹਿਨਸ਼ਾਹ ਨੇ ਹਮਲਾ ਸ਼ੁਰੂ ਕੀਤਾ ਉਸ ਦਿਨ ਇਹਨਾਂ ਬਦਕਿਸਮਤ ਲੋਕਾਂ ਇਸ ਗਲ ਤੇ ਖੁਸ਼ੀ ਪਰਗਟ ਕੀਤੀ ਸੀ ਕਿ ਇਹਨਾਂ ਦੀ ਬੰਦ ਖਲਾਸ ਦਾ ਸਮਾਂ ਨੇੜੇ ਆ ਗਿਆ ਹੈ। ਇਹ ਖਬਰ ਤੈਮੂਰ ਨੂੰ ਪਹੁੰਚੀ ਤਦ ਉਸ ਨੇ ਹੁਕਮ ਦੇ ਦਿਤਾ ਕਿ ੧੨ ਸਾਲ ਤੋਂ ਵਧ ਉਮਰ

ਏ ਸਾਰੇ ਕੈਦੀ ਕਤਲ ਕਰ ਦਿਤੇ ਜਾਣ। ਇਸ ਹੁਕਮ ਦੀ ਤੁਰਤ ਪਾਲਣਾ ਕਰਦੇ ਹੋਏ ਲਗਪਗ ਸਭ ਕੈਦੀਆਂ ਨੂੰ ਬੜੀ ਨਿਰਦਾਇਤਾ ਨਾਲ ਕਤਲ ਕਰ ਦਿਤਾ ਗਿਆ।

## ਫੈਜ਼ਾ ਬਾਦ ਦੀ ਲੜਾਈ ੧੩ ਜਨਵਰੀ ੧੩੯੯ ਈ.

੧੩ ਜਨਵਰੀ ੧੩੯੯ ਈ. ਤੈਮੂਰ ਦਰਿਆ ਜਮਨਾ ਲੰਘ ਗਿਆ। ਕਿਸੇ ਨੇ ਉਸ ਨੂੰ ਦਰਿਆ ਪਾਰ ਕਰਨ ਤੋਂ ਨਾ ਰੋਕਿਆ। ਉਸ ਦੀ ਆਪਣੀ ਫ਼ੌਜ ਨੇ ਦਿਲੀ ਦੇ ਨਾਲ ਲਗਦੇ ਫਿਰੋਜ਼ਾ ਬਾਦ ਦੇ ਮੈਦਾਨ ਵਿਚ ਜਾ ਮੋਰਚੇ ਲਾਏ। ਉਸ ਨੇ ਸੈਂਕੜੇ ਹੀ ਬੈਲਾਂ ਨੂੰ ਇਕ ਖਾਈ ਵਿਚ ਖੜੇ ਕਰ ਕੇ ਉਹਨਾਂ ਦੇ ਮੂੰਹ ਵੈਰੀ ਵਲ ਕਰ ਦਿਤੇ। ਇਹਨਾਂ ਸਭਨਾਂ ਦੇ ਪਿਛੇ ਉਸ ਨੇ ਯੋਗ ਢੰਗ ਨਾਲ ਪੈਦਲ ਫੌਜ ਦੀ ਕਤਾਰ ਬੰਦ ਕਰ ਦਿਤੀ। ਜੋਤਸ਼ੀਆਂ ਨੇ ਦਸਿਆ ਕਿ ੧੫ ਜਨਵਰੀ ਦੀ ਤਾਰੀਖ ਜੰਗ ਸ਼ੁਰੂ ਕਰਨ ਲਈ ਬੜੀ ਸ਼ੁਭ ਹੈ ਪਰ ਤੈਮੂਰ ਨੇ ਉਹਨਾਂ ਜੋਤਸ਼ੀਆਂ ਦੀ ਕੋਈ ਪਰਵਾਹ ਨਾ ਕਰਦਿਆਂ ਈਸ਼ਵਰ ਉਤੇ ਭਰੋਸਾ ਕਰ ਕੇ ਜੰਗ ਲਈ ਸਫ ਬੰਦੀ ਕਰ ਲਈ। ਹਿੰਦੀ ਫੌਜਾਂ ਅਗੇ ਵਧੀਆਂ। ਇਹਨਾਂ ਹਿੰਦੀ ਫੌਜਾਂ ਦੀ ਕਮਾਨ ਸ਼ਹਿਨਸ਼ਾਹ ਮਹਿਮੂਦ ਆਪ ਕਰ ਰਿਹਾ ਸੀ ਤੇ ਇਸ ਕੰਮ ਵਿਚ ਵਜ਼ੀਰ ਇਕਬਾਲ ਖਾਂ ਉਸ ਦਾ ਸਲਾਹਕਾਰ ਤੇ ਸਹਾਇਕ ਸੀ। ਪਹਿਲੇ ਹੀ ਹਮਲੇ ਨੇ ਬਾਦਸ਼ਾਹ ਦੇ ਹਾਥੀਆਂ ਨੂੰ ਐਨਾ ਭੈ ਭੀਤ ਕਰ ਦਿਤਾ ਕਿ ਉਹ ਬੇਕਾਬੂ ਹੋ ਕੇ ਹਿੰਦੀ ਫੌਜਾਂ ਦੇ ਪਿਛੇ ਪਾਸੇ ਨੂੰ ਦੌੜ ਪਏ ਅਤੇ ਫੌਜਾਂ ਵਿਚ ਖਲਬਲੀ ਮਚਾ ਦਿਤੀ। ਤੈਮੂਰ ਦੀ ਫੌਜ ਨੇ ਇਸ ਗੜਬੜ ਤੋਂ ਲਾਭ ਉਠਾ ਕੇ ਵੈਰੀ ਉਤੇ ਜ਼ੋਰ ਦਾ ਹਲਾ ਬੋਲ ਦਿਤਾ।

## ਹਿੰਦੀਆਂ ਦੀ ਹਾਰ

ਇਸ ਜੰਗ ਵਿਚ ਹਿੰਦੀਆਂ ਨੂੰ ਹਾਰ ਹੋਈ। ਉਹ ਮੈਦਾਨ ਛੱਡ ਕੇ ਉਠ ਨਸੇ। ਤੈਮੂਰ ਫੌਜਾਂ ਨੇ ਨਸਦੀ ਹੋਈ ਹਿੰਦੀ ਫੌਜ ਦਾ ਦਿਲੀ ਦੇ ਬੂਹਿਆਂ ਤੀਕ ਪਿਛਾ ਕੀਤਾ। ਬਾਦਸ਼ਾਹ ਤੇ ਵਜ਼ੀਰ ਰਾਤ ਦੇ ਸਮੇਂ ਦੌੜ ਕੇ ਨਿਕਲ ਗਏ। ਹਿੰਦ ਦਾ ਬਾਦਸ਼ਾਹ ਨਸ ਕੇ ਗੁਜਰਾਤ ਜਾ ਵੜਿਆ ਸ਼ਹਿਰ ਦੇ ਸਭ ਵਡੇ ਵਡੇ ਪਤਵੰਤੇ ਵਿਜਈ ਨਾਲ ਆਣ ਮਿਲੇ। ਤੈਮੂਰ ਨੇ ਉਹਨਾਂ ਨੂੰ ਇਸ ਸ਼ਰਤ ਤੇ ਰਖਿਆ ਦਿਤੀ ਕਿ ਉਹ ਖਿਰਾਜ ਭਰਨਾ ਪਰਵਾਨ ਕਰਨ। ਉਹਨਾਂ ਇਹ ਸ਼ਰਤ ਪਰਵਾਨ ਕਰ ਲਈ।

## ਤੈਮੂਰ ਹਿੰਦ ਦਾ ਸ਼ਹਿਨਸ਼ਾਹ ਬਣਿਆ

ਅਗਲੇ ਸ਼ੁਕਰਵਾਰ ਨੂੰ ਤੈਮੂਰ ਦੇ ਹਿੰਦ ਦਾ ਸ਼ਹਿਨਸ਼ਾਹ ਬਣਨ ਦਾ ਐਲਾਨ ਹੋਇਆ। ਸਾਰੀਆਂ ਮਸੀਤਾਂ ਵਿਚ ਉਸ ਦੇ ਨਾਮ ਦਾ ਖੁਤਬਾ ਪੜ੍ਹਿਆ ਗਿਆ।

ਦਿਲੀ ਦੀ ਹਿੰਦੀ ਫ਼ੌਜਾਂ ਤਬਾਹ ਹੋ ਚੁਕੀਆਂ ਸਨ ਅਤੇ ਬਾਦਸ਼ਾਹ ਵੀ ਨਸ ਗਿਆ ਸੀ, ਪਰ ਅਜੇ ਵਡੀ ਮੁਸੀਬਤ ਸਿਰ ਤੇ ਖੜੀ ਸੀ। ਮਲੂਮ ਹੁੰਦਾ ਹੈ ਤੈਮੂਰ ਨੇ ਸ਼ਹਿਰੀਆਂ ਪਾਸੋਂ ਤਾਵਾਨ ਵਸੂਲ ਕਰਨ ਦਾ ਕੰਮ ਸ਼ਹਿਰ ਦੇ ਸਰਦਾਰਾਂ ਤੇ ਮੈਜਿਸਟਰੇਟਾਂ ਨੂੰ ਸੌਂਪਿਆ। ਕੁਛ ਦਰਬਾਰੀਆਂ ਤੇ ਮਾਲਦਾਰ ਸੁਦਾਗਰਾਂ ਨੇ ਤਵਾਨ ਦਾ ਹਿਸਾ ਦੇਣ ਤੋਂ ਇਨਕਾਰ ਕਰ ਦਿਤਾ। ਇਸ ਤੇ ਅਮੀਰ ਨੇ ਆਪਣੀ ਫ਼ੌਜ ਦਿਲੀ ਭੇਜ ਦਿਤੀ ਤਾਂ ਜੁ ਤਾਵਾਨਾਂ ਦੀ ਵਸੂਲੀ ਵਿਚ ਮੈਜਿਸਟਰੇਟਾਂ ਦੀ ਸਹਾਇਤਾ ਕਰੇ। ਇਸ ਸਮੇਂ ਵਿਚ ਜਿਹਾ ਕਿ ਫਤਹ ਮਗਰੋਂ ਉਸਦਾ ਦਸਤੂਰ ਸੀ, ਉਸਨੇ ਕੈਂਪ ਵਿਚ ਇਕ ਬੜੀ ਵਡੀ ਜਿਆ ਫਤ ਦਾ ਪ੍ਰਬੰਧ ਕੀਤਾ। ਇਸ ਦਾਅਵਤ ਵਿਚ ਉਸ ਨੇ ਆਪਣੇ ਦਰਬਾਰੀਆ ਤੇ ਉਮਰਾ ਨੂੰ ਰਜ ਕੇ ਪ੍ਰਸੰਨ ਕੀਤਾ।

ਜਿਹੜੀ ਫੌਜ ਸ਼ਹਿਰ ਵਿਚ ਭੇਜੀ ਸੀ ਉਸਨੇ ਬੜੀ ਬੇਚੈਨੀ ਫੈਲਾਈ। ਕਿਉਂਕਿ ਉਸ ਫ਼ੌਜ ਨੇ ਬੇਕਾਬੂ ਹੋ ਕੇ ਸ਼ਹਿਰ ਨੂੰ ਲੁਟਣਾ ਸ਼ੁਰੂ ਕਰ ਦਿਤਾ। ਕਿਸੇ ਆਦਮੀ ਨੂੰ ਹੌਸਲਾ ਨਾ ਪਿਆ ਕਿ ਉਹ ਅਸਲ ਗਲ ਤੋਂ ਤੈਮੂਰ ਨੂੰ ਜਾਣੂ ਕਰੇ ਕਿਉਂਕਿ ਉਹ ਜਿਆਫਤ ਵਿਚ ਰੁਝਾ ਹੋਇਆ ਖੁਸ਼ੀਆਂ ਮਨਾ ਰਿਹਾ ਸੀ ਜਹਿਸ਼ੀ ਫ਼ੌਜ ਨੇ ਆਪਣੇ ਜ਼ੁਲਮ ਬਿਨਾ ਰੋਕ ਟੋਕ ਦੇ ਜਾਰੀ ਰਖੇ। ਹਿੰਦੂ ਤੀਵੀਆਂ ਦੀ ਬੇਪਤੀ ਕੀਤੀ ਗਈ ਅਤੇ ਉਹਨਾਂ ਦੀ ਜਾਇਦਾਦ ਵੀ ਲੁਟ ਲਈ ਗਈ। ਮੁਸਲਮਾਨ ਵੀ ਮੁਗ਼ਲੀ ਫੌਜ ਦੇ ਜ਼ੁਲਮ ਤੋਂ ਨ ਬਚ ਸਕੇ। ਇਹ ਹਾਲਤ ਵੇਖ ਕੇ ਸ਼ਹਿਰ ਵਾਸੀਆਂ ਦੇ ਸਬਰ ਦਾ ਕਟੋਰਾ ਭਰ ਗਿਆ। ਉਹਨਾਂ ਨੇ ਇਸ ਜ਼ੁਲਮ ਦਾ ਟਾਕਰਾ ਮਰਦਾਂ ਵਾਂਗ ਕਰਨ ਦਾ ਫੈਸਲਾ ਕਰ ਲਿਆ। ਸ਼ਹਿਰ ਵਾਸੀਆਂ ਨੇ ਆਪਣੇ ਦਰਵਾਜ਼ੇ ਬੰਦ ਕਰ ਲਏ, ਆਪਣੀਆਂ ਤੀਵੀਆਂ ਤੇ ਬਚਿਆਂ ਨੂੰ ਆਪ ਹੀ ਕਤਲ ਕਰ ਦਿਤਾ, ਘਰਾਂ ਨੂੰ ਅਗ ਲਾ ਦਿਤੀ ਅਤੇ ਜੋ ਹਥਿਆਰ ਵੀ ਕਿਸ ਨੂੰ ਮਿਲ ਸਕਿਆ ਲੈ ਕੇ ਵੈਰੀ ਉਪਰ ਟੁਟ ਕੇ ਪੈ ਗਏ।

## ਦਿਲੀ ਦਾ ਕਤਲਿ ਆਮ ਤੇ ਲੁਟ ਮਾਰ

ਇਸ ਤੇ ਕਤਲਿਆਮ ਸ਼ੁਰੂ ਹੋ ਗਿਆ। ਸਾਰਾ ਸ਼ਹਿਰ ਲਟ ਲਟ ਬਲ ਰਿਹਾ ਸੀ। ਸ਼ਹਿਰ ਦੀਆਂ ਗਲੀਆਂ ਤੇ ਬਾਜ਼ਾਰਾਂ ਵਿਚ ਮੁਰਦਿਆਂ ਦੇ ਢੇਰ ਲਗ ਗਏ ਤੇ ਲਹੂ ਦੀਆਂ ਨਦੀਆਂ ਵਗ ਤੁਰੀਆਂ। ਬੜੀ ਭਿਆਨਕ ਤਬਾਹੀ ਮਚੀ, ਇਹੋ ਜਿਹੀ ਬਰਬਾਦੀ ਹੋਈ ਜਿਸਦੀ ਮਸਾਲ ਨਹੀਂ ਮਿਲਦੀ। ਦਿਲੀ ਦੇ ਮਰਦਾਂ ਦੀ ਇਸ ਦਲੇਰੀ ਦਾ ਸਖਤ ਜਾਣ ਤੇ ਨਿਰਦਈ ਤਾਤਾਰੀਆਂ ਦੇ ਸਾਹਵੇਂ ਕੋਈ ਪਸ਼ ਨਾ ਗਈ। ਵਿਜਈ ਦੇ ਹਥ ਬੇਅੰਤ ਲੁਟ ਦਾ ਮਾਲ ਲਗਾ।

ਤੈਮੂਰ ੧੫ ਦਿਨ ਦਿਲੀ ਵਿਚ ਟਿਕਿਆ ਰਿਹਾ। ਸ਼ਹਿਨਸ਼ਾਹ ਫਿਰੋਜ਼ ਦੀ ਬਣਵਾਈ ਹੋਈ ਮਸੀਤ ਦੀ ਸ਼ਾਨ ਤੇ ਕਾਰੀਗਰੀ ਨੂੰ ਵੇਖ ਕੇ ਉਹ ਬੜਾ ਹੈਰਾਨ ਹੋਇਆ। ਤੁਗਲਕ ਰਾਜ ਦੀ ਇਸ ਯਾਦਗਾਰ ਉਪਰ ਉਕਰੀ ਹੋਈ ਇਬਾਰਤ ਨੂੰ ਬੜੀ ਦਿਲਚਸਪੀ ਤੇ ਪ੍ਰਸ਼ੰਸਾ ਨਾਲ ਪੜ੍ਹਿਆ, ਇਸ ਵਿਚ ਉਸ ਦੇ ਰਾਜ ਸਮੇਂ ਦਾ ਇਤਿਹਾਸ ਤੇ ਉਸਦੀ ਸਰਕਾਰ ਦੇ ਚਾਲੂ ਕੀਤੇ ਨਿਯਮ ਦਰਜ ਸਨ। ਤੈਮੂਰ ਨੇ ਦਿਲੀ ਦੇ ਰਾਜ (ਮਿਸਤਰੀ) ਤੇ ਕਾਰੀਗਰ ਸਮਰ ਕੰਦ ਬੁਲਾ ਕੇ ਉਥੇ ਉਸੇ ਕਿਸਮ ਦੀ ਮਸੀਤ ਤਿਆਰ ਕਰਵਾਈ। ਇਹਨਾਂ ਘਟਨਾਵਾਂ ਤੋਂ ਮਗਰੋਂ ਤੈਮੂਰ ਆਪਣੇ ਵਤਨ ਵਲ ਵਾਪਸ ਮੁੜਿਆ।

## ਖਿਜ਼ਰ ਖਾਂ ਗਵਰਨਰ ਮੁਲਤਾਨ ਦੀ ਈਨ ਮੰਨਣਾ

ਉਸ ਨੇ ਮੇਰਠ ਉਤੇ ਤੂਫਾਨੀ ਹਮਲਾ ਕੀਤਾ ਤੇ ਉਥੋਂ ਦੀ ਕਿਲੇ ਬੰਦ ਫੌਜ ਨੂੰ ਤਲਵਾਰ ਦੇ ਘਾਟ ਉਤਾਰ ਦਿਤਾ। ਮੁਲਤਾਨ ਦਾ ਗਵਰਨਰ ਖਿਜ਼ਰ ਖਾਂ ਜਿਸ ਨੂੰ ਦੀਪਾਲਪੁਰ ਦੇ ਗਵਰਨਰ ਸਾਰੰਗ ਖਾਂ ਨੇ ੧੩੯੬ ਵਿਚ ਉਥੋਂ ਨਸਾ ਦਿਤਾ ਸੀ ਤੇ ਜੋ ਮੇਵਾਤ ਦੀਆਂ ਪਹਾੜੀਆਂ ਵਿਚ ਜਾ ਲੁਕਿਆ ਸੀ। ਤੈਮੂਰ ਦੀ ਪਹੁੰਚ ਸੁਣ ਕੇ ਉਹਦੀ ਸੇਵਾ ਵਿਚ ਹਾਜ਼ਰ ਹੋਇਆ ਤੇ ਉਸ ਦੀ ਈਨ ਮੰਨ ਲਈ। ਤੈਮੂਰ ਨੇ ਉਸ ਦਾ ਚੰਗਾ ਆਦਰ ਕੀਤਾ।

## ਜੰਮੂ ਦੀ ਜਿੱਤ

ਅਮੀਰ ਤੈਮੂਰ ਨੇ ਰਸਤੇ ਵਿਚ ਆਉਣ ਵਾਲੇ ਕਈ ਗੜ੍ਹ ਫਤਹ ਕੀਤੇ। ਫੇਰ ਜੰਮੂ ਪਹੁੰਚ ਕੇ ਰਾਜੇ ਨੂੰ ਮਜਬੂਰ ਕੀਤਾ ਕਿ ਉਹ ਮੁਸਲਮਾਨੀ ਮਤ ਧਾਰਨ ਕਰ ਲਏ। ਉਸ ਨੂੰ ਜੰਗ ਵਿਚ ਹਾਰ ਦੇਣ ਮਗਰੋਂ ਮੁਸਲਮਾਨ ਬਣਾ ਲਿਆ। ਸ਼ੇਖਾ ਗਖੜ ਦੇ ਭਾਈ ਜਸਰਤ ਨੇ ਤੈਮੂਰ ਦਾ ਟਾਕਰਾ ਕੀਤਾ ਪਰ ਹਾਰ ਖਾ ਕੇ ਨਸ ਗਿਆ। ਸ਼ੇਖੇ ਨੇ ਆਪਣੇ ਭਾਈ ਨੂੰ ਇਸ ਘ੍ਰਿਣਤ ਕਾਰਰਵਾਈ ਲਈ ਬੜੀ ਸ਼ਰਮ ਦਵਾਈ ਤੇ ਉਸ ਦੇ ਕਹਿਣ ਤੇ ਤੈਮੂਰ ਨੇ ਉਸ ਨੂੰ ਆਪਣੇ ਹਜ਼ੂਰ ਹਾਜ਼ਰ ਹੋਣ ਦੀ ਆਗਿਆ ਦੇ ਦਿਤੀ ਤੇ ਉਸ ਦੇ ਹਾਜ਼ਰ ਹੋਣ ਤੇ ਉਸ ਦਾ ਸੁਵਾਗਤ ਕੀਤਾ।

## ਸ਼ੇਖਾ ਗਖੜ ਦੀ ਲਾਹੌਰ ਵਿਚ ਬਗਾਵਤ, ਗ੍ਰਿਫਤਾਰੀ ਤੇ ਮੌਤ

ਅਮੀਰ ਦੀ ਗੈਰ ਹਾਜ਼ਰੀ ਵਿਚ ਸ਼ੇਖੇ ਨੇ ਦੇਸ਼ ਦੀ ਭੈੜੀ ਦਸ਼ਾ ਦਾ ਲਾਭ ਉਠਾ ਕੇ ਲਾਹੌਰ ਉਤੇ ਕਬਜ਼ਾ ਕਰ ਲਿਆ ਅਤੇ ਅਮੀਰ ਦੀ ਤਾਬੇਦਾਰੀ ਮੰਨਣ ਤੋਂ ਉਦੋਂ ਸਿਰ ਫੇਰ ਦਿਤਾ ਜਦ ਉਹ ਜਮੂੰ ਦੇ ਮੁਕਾਮ ਤੇ ਡੇਰੇ ਲਾਈ ਬੈਠਾ ਸੀ। ਇਸ ਤੇ ਅਮੀਰ ਤੈਮੂਰ ਨੇ ਆਪਣੀ ਫੌਜ ਦਾ ਇਕ ਦਸਤਾ ਲਾਹੌਰ ਰਵਾਨਾ ਕੀਤਾ। ਇਸ ਫੌਜ ਨੇ ਜਾਂਦੇ ਹੀ ਲਾਹੌਰ ਦਾ ਘੇਰਾ ਘਤ ਲਿਆ ਤੇ ਉਸ ਤੇ ਕਬਜ਼ਾ ਕਰਕੇ ਸ਼ੇਖੇ ਨੂੰ ਗਰਿਫਤਾਰ ਕਰ ਲਿਆ। ਉਸ ਨੂੰ ਹਥਕੜੀ ਲਾ ਕੇ ਅਮੀਰ ਤੈਮੂਰ ਦੇ ਰੂਬਰੂ ਪੇਸ਼ ਕੀਤਾ ਗਿਆ। ਤੈਮੂਰ ਦੇ ਹੁਕਮ ਨਾਲ ਉਸ ਨੂੰ ਉਸੇ ਸਮੇਂ ਕਤਲ ਕੀਤਾ ਗਿਆ।

## ਵਿਜਈ ਦੀ ਦੇਸ ਨੂੰ ਵਾਪਸੀ

ਜਮੂੰ ਵਿਚ ਆਪਣੇ ਪੜਾਓ ਦੇ ਸਮੇਂ ਤੈਮੂਰ ਨੂੰ ਖਿਜ਼ਰ ਖਾਂ ਨੂੰ ਆਪਣਾ ਵਾਇਸਰਾਏ ਨਿਯਤ ਕਰ ਕੇ ਲਾਹੌਰ, ਮੁਲਤਾਨ ਤੇ ਦੀਪਾਲਪੁਰ ਦੇ ਸੂਬੇ ਉਸ ਦੇ ਮਾਤਹਿਤ ਕਰ ਦਿਤੇ ਅਤੇ ਆਪ ਕਾਬਲ ਦੇ ਰਸਤੇ ਸਮਰਕੰਦ ਵਲ ਵਾਪਸ ਮੁੜ ਗਿਆ।

ਤੈਮੂਰ ਦੀ ਇਥੋਂ ਰਵਾਨਗੀ ਦੇ ਪਿਛੋਂ ਦਿਲੀ ਵਿਚ ਦੋ ਮਹੀਨੇ ਤੀਕ ਬਦਅਮਨੀ ਮੱਚੀ ਰਹੀ। ਇਸ ਸਮੇਂ ਤੋਂ ਮਗਰੋਂ ਦਿਲੀ ਫੇਰ ਨਵੇਂ ਸਿਰੇ ਵਸਣੀ ਸ਼ੁਰੂ ਹੋਈ। ਮਹਿਮੂਦ ਦੇ ਚਚੇਰੇ ਭਾਈ ਤੇ ਫਤਹਿ ਖਾਂ ਦੇ ਪੁਤਰ ਸ਼ਾਹਜ਼ਾਦਾ ਨਸਰਤ ਸ਼ਾਹ ਨੇ ਮੇਰਠ ਤੋਂ ੨੦੦੦ ਘੋੜ ਸਵਾਰ ਫੌਜ ਲਿਆ ਕੇ ਦਿਲੀ ਉਤੇ ਕਬਜ਼ਾ ਜਮਾ ਲਿਆ, ਪਰ ਵਜ਼ੀਰ ਇਕਬਾਲ ਖਾਂ ਨੇ ਉਸ ਨੂੰ ਦਿਲੀ ਵਿਚੋਂ ਬਾਹਰ ਕਢ ਦਿਤਾ ਅਤੇ ਰਾਜ ਪ੍ਰਬੰਧ ਆਪ ਸੰਭਾਲ ਲਿਆ।

## ਤੈਮੂਰ ਦੀ ਰਵਾਨਗੀ ਮਗਰੋਂ ਪੰਜਾਬ ਦੇ ਮਾਮਲੇ

ਫੇਰ ਸਾਮਾਨੇ ਦੇ ਗਵਰਨਰ ਬਹਿਰਾਮ ਖਾਂ ਨੂੰ ਆਪਣੇ ਨਾਲ ਸ਼ਾਮਲ ਕਰ ਕੇ ਇਕਬਾਲ ਖਾਂ ਨੇ ਮੁਲਤਾਨ ਵਲ ਇਸ ਲਈ ਧਾਵਾ ਬੋਲਿਆ ਕਿ ਉਥੋਂ ਦੇ ਖਿਜ਼ਰ ਖਾਂ ਨੂੰ ਬਾਜ਼ਗੁਜ਼ਾਰ ਬਣਾਏ। ਇਸ ਸਾਂਝੀ ਫੌਜ ਦਾ ਟਾਕਰਾ ਤਲੰਬੇ ਦੇ ਅਸਥਾਨ ਉਤੇ ਰਾਏ ਦਾਊਦ, ਕਮਾਲ ਖਾਂ ਅਤੇ ਰਾਏ ਹੱਬੂ, ਪੁਤਰ ਰਾਏ ਰੱਤਾ ਦੀਆਂ ਫੌਜਾਂ ਨਾਲ ਹੋਇਆ। ਇਹ ਸਭ ਉਤਰੀ ਸੂਬਿਆਂ ਦੇ ਰਾਜੇ ਸਨ। ਇਸ ਜੰਗ ਵਿਚ ਇਹਨਾਂ ਦੀ ਮਿਲਵੀਂ ਫੌਜ ਨੂੰ ਹਾਰ ਹੋਈ ਤੇ ਉਹ ਸਾਰੇ ਸਰਦਾਰ ਕੈਦ ਕੀਤੇ ਗਏ। ਖਿਜ਼ਰ ਖਾਂ ਨੇ ਮੁਲਤਾਨ, ਲਾਹੌਰ ਤੇ ਦੀਪਾਲ ਪੁਰ ਦੀਆਂ ਫੌਜਾਂ ਇਕੱਠੀਆਂ ਕਰ ਕੇ ਅਜੋਦਨ ਦੇ ਅਸਥਾਨ ਉਤੇ ਇਕਬਾਲ ਖਾਂ ਨਾਲ ਲੜਾਈ ਕੀਤੀ। ਇਹ ਦੋਵੇਂ ਫੌਜਾਂ ੧੯ ਨਵੰਬਰ ੧੪੦੫ ਈਸਵੀ ਨੂੰ ਜੰਗ ਦੇ ਮੈਦਾਨ ਵਿਚ ਉਤਰੀਆਂ ਸਨ। ਇਸ ਜੰਗ ਵਿਚ ਇਕਬਾਲ ਖਾਂ ਕਤਲ ਹੋ ਗਿਆ। ਉਸ ਦੀ ਫੌਜ ਪਸਪਾ ਹੋ ਗਈ ਤੇ ਬਹੁਤ ਸਾਰੀ ਫੌਜ ਜੰਗ ਵਿਚ ਮਾਰੀ ਗਈ।

## ਬਾਦਸ਼ਾਹ ਮਹਿਮੂਦ ਦੀ ਦਿਲੀ ਵਾਪਸੀ

ਇਸ ਜੰਗ ਦੀ ਖਬਰ ਦਿਲੀ ਪੁਜੀ। ਇਸ ਤੇ ਦੌਲਤ ਖਾਂ ਲੋਧੀ ਅਤੇ ਅਖਤਿਆਰ ਖਾਂ ਨੇ ਜਿਨ੍ਹਾਂ ਹਥ ਫੌਜੀ ਕਮਾਨ ਸੀ। ਮਹਿਮੂਦ ਤੁਗਲਕ ਨੂੰ ਕਨੌਜ ਤੋਂ ਵਾਪਸ ਬੁਲਾ ਲਿਆ ਅਤੇ ਉਸ ਨੂੰ ਇਕ ਵਾਰ ਫੇਰ ਦਿਲੀ ਦੇ ਤਖਤ ਉਤੇ ਬਿਠਾ ਦਿਤਾ।

## ਉਸ ਦੀ ਮੌਤ

ਕੁਛ ਚਿਰ ਮਗਰੋਂ ਉਸ ਨੂੰ ਬੁਖਾਰ ਹੋ ਗਿਆ ਤੇ ਏਸੇ ਬੁਖਾਰ ਨਾਲ ਫਰਵਰੀ ੧੪੧੨ ਈਸਵੀ ਵਿਚ ੨੫ ਸਾਲਾ ਹਕੂਮਤ ਮਗਰੋਂ ਚਲਾਣਾ ਕਰ ਗਿਆ। ਉਸ ਦੀ ਮੌਤ ਦੇ ਨਾਲ ਹੀ ਸ਼ਹਿਨਸ਼ਾਹ ਸ਼ਹਾਬ ਉਦੀਨ ਗੌਰੀ ਦੇ ਜਾਂ ਨਸ਼ੀਨ ਗੁਲਾਮਾਂ ਦੇ ਖਾਨਦਾਨ ਦਾ ਵੀ ਅੰਤ ਹੋ ਗਿਆ।

# ਪਰਕਰਨ ੮

# ਸਯਦ ਖਾਨਦਾਨ

## ਸਯਦ ਖਿਜ਼ਰ ਖਾਂ

### ਦੌਲਤ ਖਾਂ ਦੀ ਗਦੀ ਨਸ਼ੀਨੀ ੧੪੧੨ ਈ:

ਮਹਿਮੂਦ ਤੁਗਲਕ ਦੀ ਮੌਤ ਮਗਰੋਂ, ਦਰਬਾਰੀਆਂ ਨੇ ਦੌਲਤ ਖਾਂ ਅਫਗਾਨ ਲੋਧੀ ਨੂੰ ਜੋ ਅਮਲ ਵਿਚ ਪ੍ਰਾਈਵੇਟ ਸਕਤਰ ਸੀ ਤੇ ਜਿਸ ਨੂੰ ਇਕਬਾਲ ਖਾਂ ਦੀ ਮੌਤ ਮਗਰੋਂ ਸੁਵਰਗੀ ਬਾਦਸ਼ਾਹ ਨੇ ਵਜ਼ੀਰ ਥਾਪ ਕੇ ਅਜ਼ੀਜ਼ ਉਲ ਮੁਮਾਲਕ ਦੀ ਪਦਵੀ ਦਿਤੀ ਸੀ, ਤਖਤ ਸੌਂਪ ਦਿਤਾ ਦੌਲਤ ਖਾਂ ਅਪ੍ਰੈਲ ੧੪੧੨ ਈਸਵੀ ਨੂੰ ਤਖਤ ਨਸ਼ੀਨ ਹੋਇਆ। ਉਸ ਨੇ ਆਪਣੇ ਨਾਮ ਦਾ ਸਿਕਾ ਵੀ ਜਾਰੀ ਕੀਤਾ।

### ਖਿਜ਼ਰ ਖਾਂ ਵਾਇਸਰਾਏ ਲਾਹੌਰ ਦਾ ਜਲਾਵਤਨ ਹੋਣਾ

ਖਿਜ਼ਰ ਖਾਂ ਵਾਇਸਰਾਏ ਲਾਹੌਰ ਨੇ ਤੈਮੂਰ ਦੇ ਨਾਮ ਉਤੇ ਰਾਜ

ਧਾਨੀ ਉਤੇ ਹਲਾ ਬੋਲ ਦਿਤਾ। ਖਿਜ਼ਰ ਖਾਂ ਨੇ ੬੦ ਹਜ਼ਾਰ ਘੁੜ ਸੁਵਾਰਾਂ ਦੀ ਫੌਜ ਨਾਲ ਚੜ੍ਹਾਈ ਕੀਤੀ ਤੇ ਕਿਲੇ ਦਾ ਘੇਰਾ ਘਤ ਲਿਆ ਜੋ ਈਨੇ ਤੀਕ ਜਾਰੀ ਰਿਹਾ। ਇਸ ਸਮੇਂ ਦੇ ਮਗਰੋਂ ਦੌਲਤ ਖਾਂ ੪ ਜੂਨ ੧੪੧੬ ਈਸਵੀ ਨੂੰ ਹਾਰ ਮੰਨਣ ਲਈ ਮਜਬੂਰ ਹੋ ਗਿਆ। ਉਸ ਨੂੰ ਹਿਸਾਰ ਫ਼ਿਰੋਜ਼ ਦੇ ਕਿਲੇ ਵਿਚ ਨਜ਼ਰ ਬੰਦ ਕੀਤਾ ਗਿਆ। ਇਥੇ ਉਹ ਕੁਛ ਚਿਰ ਮਗਰੋਂ ਨਜ਼ਰ ਬੰਦੀ ਵਿਚ ਹੀ ਚਲਾਣਾ ਕਰ ਗਿਆ।

ਖਿਜਰ ਖਾਂ ਸਯਦ ਸੀ ਅਤੇ ਮਲਿਕ ਸੁਲੇਮਾਨ ਦਾ ਪੁਤ੍ਰ। ਮਲਿਕ ਸੁਲੇਮਾਨ ਮਲਿਕ ਮਰਦਾਨ ਦੌਲਤ ਜੋ ਸ਼ਹਿਨਸ਼ਾਹ ਫ਼ਿਰੋਜ ਤੁਗਲਕ ਦੇ ਸਮੇਂ ਮੁਲਤਾਨ ਸੂਬੇ ਦਾ ਗਵਰਨਰ ਸੀ, ਦਾ ਗੋਦੀ ਲਿਆ ਪੁਤ੍ਰ ਸੀ। ਮਲਿਕ ਦੌਲਤ ਮਰਦਾਨ ਦੀ ਮੌਤ ਮਗਰੋਂ ਉਸ ਦਾ ਲੜਕਾ ਮਲਿਕ ਸ਼ੇਖ ਮੁਲਤਾਨ ਦਾ ਗਵਰਨਰ ਬਣਿਆ ਜਿਸਦੇ ਮਗਰੋਂ ਮਲਿਕ ਸਲਮਾਨ ਉਹਦਾ ਜਾਨ ਨਸ਼ੀਨ ਹੋਇਆ। ਮਲਿਕ ਸੁਲੇਮਾਨ ਦੀ ਮੌਤ ਉਪਰ ਮੁਲਤਾਨ ਦੀ ਵਾਇਸਰਾਇ ਉਸਦੇ ਪੁਤ੍ਰ ਖਿਜਰ ਖਾਂ ਦੇ ਕਬਜ਼ੇ ਵਿਚ ਚਲੀ ਗਈ।

ਅਸੀਂ ਇਹ ਹਾਲ ਪਹਿਲੇ ਦਸ ਚੁਕੇ ਹਾਂ ਕਿ ਕਿਸ ਤਰ੍ਹਾਂ ਖਿਜ਼ਰ ਖਾਂ ਨੂੰ ਸਾਰੰਗ ਖਾਂ ਨਾਲ ਲੜਾਈ ਮਗਰੋਂ ਮੁਲਤਾਨ ਤੋਂ ਨਸਣਾ ਪਿਆ ਅਤੇ ਕਿਸ ਤਰ੍ਹਾਂ ਤੈਮੂਰ ਦੇ ਹਮਲੇ ਸਮੇਂ ਉਸਦਾ ਭਰੋਸਾ ਪ੍ਰਾਪਤ ਕਰਕੇ ਮੁਲਤਾਨ ਦੀ ਗਵਰਨਰੀ ਤੇ ਬਹਾਲ ਹੋਇਆ। ਨਾ ਕੇਵਲ ਮੁਲਤਾਨ ਦਾ ਸੂਬਾ ਸਗੋਂ ਲਾਹੌਰ ਤੇ ਦੀਪਾਲਪੁਰ ਦੇ ਸੂਬੇ ਵੀ ਉਹਦੇ ਅਧੀਨ ਕਰ ਦਿਤੇ ਗਏ। ਇਸ ਤਰ੍ਹਾਂ ਖਿਜਰ ਖਾਂ ਦੇ ਹਥ ਉਤ੍ਰ ਪਤਮ ਵਿਚ ਪਕੇ ਹੋ ਗਏ ਤੇ ਤਖਤ ਪ੍ਰਾਪਤੀ ਲਈ ਉਹਦਾ ਰਸਤਾ ਸਾਫ ਹੋ ਗਿਆ।

## ਉਹ ਤੈਮੂਰ ਦੇ ਨਾਮ ਉਪਰ ਰਾਜ ਕਰਦਾ ਹੈ

ਉਹ ਗਦੀ ਨਸ਼ੀਨ ਹੋਇਆ ਤਦ ਉਸ ਨੇ ਇਹੋ ਯੋਗ ਜਾਤਾ ਕਿ ਸ਼ਾਹੀ ਖਤਾਬ ਪ੍ਰਾਪਤ ਨਾ ਕਰੇ ਸਗੋਂ ਆਪਣੇ ਜ਼ਬਰਦਸਤ ਪੇਸ਼ਰੌ ਤੈਮੂਰ ਦੇ ਨਾਮ ਉਤੇ ਦੇਸ਼ ਵਿਚ ਰਾਜ ਕਰਦਾ ਰਹੇ। ਅਮੀਰ ਦੀ ਖੂਨੀ ਯਾਦ ਅਜੇ ਤੀਕ ਲੋਕਾਂ ਦੇ ਦਿਲਾਂ ਵਿਚ ਤਾਜ਼ਾ ਸੀ। ਇਸੇ ਲਈ ਉਸ ਨੇ ਉਸੇ ਵਿਜਈ ਦੇ ਨਾਮ ਦਾ ਸਿੱਕਾ ਚਾਲੂ ਕੀਤਾ ਤੇ ਉਸੇ ਦਾ ਖੁਤਬਾ ਪੜ੍ਹਵਾਇਆ। ਜਦ ਤੈਮੂਰ ਮਰ ਗਿਆ ਉਸ ਦੇ ਜਾਨਸ਼ੀਨ ਸ਼ਾਹ ਰੁਖ ਦਾ ਨਾਮ ਖੁਤਬੇ ਵਿਚ ਦਾਖਲ ਕੀਤਾ ਗਿਆ ਅਤੇ ਉਸ ਨੂੰ ਸਮਰ ਕੰਦ ਵਿਚ ਖਰਾਜ ਪਚਾਉਂਦਾ ਰਿਹਾ। ਇਹਨਾਂ ਕਾਰਵਾਈਆਂ ਨੇ ਉਹਨਾਂ ਦਰਬਾਰੀਆਂ ਦੇ ਦਿਲਾਂ ਵਿਚ ਸਾੜੇ ਦੇ ਵਿਚਾਰ ਮਠੇ ਕਰ ਦਿਤੇ, ਜਿਨ੍ਹਾਂ ਲਈ ਤੈਮੂਰ ਦਾ ਨਾਮ ਅਜੇ ਵੀ ਹਊਆ ਬਣਿਆ ਹੋਇਆ ਸੀ। ਉਸ ਨੇ ਮਲਿਕ ਤੋਹਫਾ ਨੂੰ ਤਾਜਉਲ ਮੁਲਕ ਦੇ ਖਿਤਾਬ ਨਾਲ ਆਪਣਾ ਵਜ਼ੀਰ ਨਿਯਤ ਕੀਤਾ ਅਤੇ ਮੁਲਤਾਨ ਦੀ ਗਵਰਨਰੀ ਆਪਣੇ ਬਾਪ ਦੇ ਮੁਤਬੰਨੇ ਅਬਦੁਲ ਰਹੀਮ ਨੂੰ ਦਿਤੀ ਤੇ ਉਸ ਨੂੰ ਅਲਾਉਲ ਮਲਕ ਦਾ ਖਤਾਬ ਵੀ ਦਿਤਾ।

## ਖਿਜ਼ਰ ਖਾਂ ਦੀ ਮੌਤ ੧੪੨੧

ਖਿਜ਼ਰ ਖਾਂ ਦੇ ਰਾਜ ਸਮੇਂ ਪੰਜਾਬ ਵਿਚ ਅਮਨ ਰਿਹਾ। ਉਹ ੨੦ ਮਈ ੧੪੨੧ ਈਸਵੀ ਨੂੰ ਸਤ ਸਾਲ ਤੇ ਕੁਝ ਮਹੀਨੇ ਤੀਕ ਰਾਜ ਕਰਨ ਮਗਰੋਂ ਚਲਾਣਾ ਕਰ ਗਿਆ ਉਹ ਬੜਾ ਚੁਸਤ ਤੇ ਸਫਲ ਹੁਕਮਰਾਨ ਸੀ। ਉਸ ਨੇ ਆਪਣੇ ਜਤਨ ਤੇ ਦਰਿੜ੍ਹਤਾ ਨਾਲ ਉਹ ਇਲਾਕੇ ਵੀ ਮੁੜ ਵਾਪਸ ਲੈ ਲਏ, ਜੋ ਰਾਜ ਨਾਲੋਂ ਅਲਗ ਹੋ ਚੁਕੇ ਸਨ।

## ਨਾਮਵਰੀ

ਲੋਕ ਉਸ ਨੂੰ ਬੜਾ ਪਿਆਰ ਕਰਦੇ ਸਨ। ਉਸ ਦੇ ਮਾਤਮ ਵਿਚ ਦਿਲੀ ਦੇ ਵਸਨੀਕਾਂ ਨੇ ਤਿੰਨ ਦਿਨ ਤੀਕ ਕਾਲੇ ਕਪੜੇ ਪਾਈ ਰਖੇ।

## ਸਯਦ ਮੁਬਾਰਕ ਸ਼ਾਹ

## ਸਯਦ ਮੁਬਾਰਕ ਦੀ ਤਖਤ ਨਸ਼ੀਨੀ ੧੪੨੧ ਈ.

ਖਿਜ਼ਰ ਖਾਂ ਦੇ ਚਲਾਣੇ ਮਗਰੋਂ ਉਸ ਦਾ ਬੇਟਾ ਮੁਬਾਰਕ ਮੁਈਜ਼ ਉਦੀਨ ਅਬਦੁਲ ਫਤਹ ਮੁਬਾਰਕ ਸ਼ਾਹ ਦੇ ਨਾਮ ਨਾਲ ਗੱਦੀ-ਨਸ਼ੀਨ ਹੋਇਆ। ਉਸ ਨੇ ਲਾਹੌਰ ਅਤੇ ਦੀਪਾਲਪੁਰ ਦੀ ਗਵਰਨਰੀ ਮਲਿਕ ਰਜਬ ਦੇ ਸਪੁਰਦ ਕੀਤੀ। ਪੰਜਾਬ ਵਿਚ ਗਖੜ ਕਬੀਲਾ ਸ਼ੇਖਾਂ ਦੇ ਭਾਈ ਜੱਸਾ ਦੀ ਲੀਡਰੀ ਹੇਠ ਬੜਾ ਜ਼ੋਰ ਫੜ ਗਿਆ। ਇਹ ਸਰਦਾਰ ਟਾਟਾ (ਠਟਾ) ਵਿਚ ਹਮਲੇ ਤੇ ਲੁਟ ਮਾਰ ਕਰਨ ਮਗਰੋਂ ਮਾਰੋ ਮਾਰ ਕਰਦਾ ਹੋਇਆ ਜਮੂੰ ਤੀਕ ਜਾ ਪਹੁੰਚਾ। ਉਥੇ ਪੁਜ ਕੇ ਉਸ ਨੇ ਕਸ਼ਮੀਰ ਦੇ ਬਾਦਸ਼ਾਹ ਅਲੀ ਸ਼ਾਹ ਨੂੰ ਹਾਰ ਦੇ ਕੇ ਕੈਦ ਕਰ ਲਿਆ।

## ਜਸੇ ਦੀ ਲੀਡਰੀ ਹੇਠ ਗਖੜਾਂ ਦੀ ਬਗ਼ਾਵਤ

ਹੁਣ ਉਸ ਨੇ ਸਾਰੇ ਹਿੰਦੁਸਤਾਨ ਦੇ ਬਾਦਸ਼ਾਹ ਬਣਨ ਦੀ ਨਿਯਤ ਧਾਰ ਲਈ ਅਤੇ ਇਸ ਮੰਤਵ ਦੀ ਪ੍ਰਾਪਤੀ ਲਈ ਉਸ ਨੇ ਇਕ ਵਡੀ ਸਾਰੀ ਫੌਜ ਤਿਆਰ ਕਰ ਲਈ। ਇਹ ਫੌਜ ਵਿਸ਼ੇਸ਼ ਤੌਰ ਉਤੇ ਦਿਲੀ ਉਪਰ ਹਮਲਾ ਕਰਨ ਲਈ ਭਰਤੀ ਕੀਤੀ ਗਈ। ਉਸ ਨੇ ਤੁਰਕਾਂ ਦੇ ਸਿਰਦਾਰ ਮਲਿਕ ਤੁਗਾਨ ਨੂੰ ਪਹਾੜਾਂ ਉਤੇ ਮੁੜ ਵਾਪਸ ਬੁਲਾ ਲਿਆ ਅਤੇ ਉਸ ਨੂੰ ਅਮੀਰ ਉਲ ਉਮਰਾ ਬਣਾ ਕੇ ਆਪਣੀਆਂ ਫੌਜਾਂ ਦਾ ਜਨਰਲ ਇਨਚੀਫ ਨਿਯਤ ਕਰ ਦਿਤਾ।

## ਲਾਹੌਰ ਉਤੇ ਕਬਜ਼ਾ ੧੪੨੧ ਈ.

ਇਸ ਫੌਜ ਨੇ ਸਭ ਤੋਂ ਪਹਿਲੇ ਪੰਜਾਬ ਉਤੇ ਚੜ੍ਹਾਈ ਕੀਤੀ। ਪਹਿਲੇ ਲਾਹੌਰ ਨੂੰ ਫਤਹ ਕੀਤਾ ਫੇਰ ਜਾਲੰਧਰ ਉਤੇ ਜਾ ਕਬਜ਼ਾ ਜਮਾਇਆ। ਉਥੋਂ ਦੇ ਮੁਗਲ ਗਵਰਨਰ ਜ਼ੀਰਕ ਖਾਂ ਨੂੰ ਹਥਕੜੀਆਂ ਵਿਚ ਜਕੜ ਲਿਆ ਗਿਆ।

## ਸਰਹਿੰਦ ਦੀ ਫਤਹ

ਇਸ ਦੇ ਮਗਰੋਂ ਗਖੜਾਂ ਦੀ ਫੌਜ ਨੇ ਸਰਹਿੰਦ ਉਤੇ ਚੜ੍ਹਾਈ ਕੀਤੀ ਤੇ ਉਸ ਨੂੰ ਵੀ ਅਧੀਨ ਕਰ ਲਿਆ। ਇਥੋਂ ਦੇ ਕਿਲ੍ਹੇ ਨੂੰ ਘੇਰਾ ਘਤ ਕੇ ਗਵਰਨਰ ਇਸਲਾਮ ਖਾਂ ਤੇ ਉਸ ਦੀ ਫੌਜ ਦਾ ਕਾਫੀਆ ਤੰਗ ਕਰ ਦਿਤਾ।

ਹੁਣ ਬਰਸਾਤ ਸ਼ੁਰੂ ਹੋ ਗਈ। ਪਰ ਇਸ ਬਾਰਸ਼ ਵਿਚ ਹੀ ਬਾਦਸ਼ਾਹ ਮੁਬਾਰਕ ਸ਼ਾਹ ਆਪਣੀਆਂ ਫੌਜਾਂ ਲੈ ਕੇ ਵੈਰੀ ਦੇ ਟਾਕਰੇ ਲਈ ਦਿਲੀ ਤੋਂ ਰਵਾਨਾ ਹੋਇਆ। ਉਸ ਦੀ ਫੌਜ ਕੂਚ ਕਰਦੀ ਹੋਈ ਸਰਹਿੰਦ ਤੀਕ ਅਪੜ ਗਈ। ਸ਼ਾਹੀ ਫੌਜ ਦੇ ਪਹੁੰਚਣ ਤੇ ਜਸੇ ਨੇ ਕਿਲ੍ਹੇ ਦਾ ਘੇਰਾ ਉਠਾ ਲਿਆ ਤੇ ਲੁਧਿਆਣੇ ਵਲ ਨਸ ਗਿਆ। ਸ਼ਾਹੀ ਫੌਜ ਨੇ ਲੁਧਿਆਣੇ ਤੀਕ ਉਸ ਦਾ ਪਿਛਾ ਕੀਤਾ ਪਰ ਜਸੇ ਨੇ ਬੜੀ ਹੁਸ਼ਿਆਰੀ ਨਾਲ ਦਰਿਆ ਸਤਲੁਜ ਤੋਂ ਸਭ ਕਿਸ਼ਤੀਆਂ ਏਧਰ

ਅੰਧਰ ਕਰ ਵਿਤੀਆਂ ਜਿਸ ਕਰ ਕੇ ਬਾਦਸ਼ਾਹ ਨੂੰ ਓਦੋਂ ਤੀਕ ਰੁਕਣਾ ਪਿਆ ਜਦ ਤੀਕ ਕਿ ਦਰਿਆ ਪਾਰ ਕਰਨ ਵਾਲਾ ਨਾ ਹੋ ਗਿਆ। ਇਸ ਸਮੇਂ ਤੀਕ ਜ਼ੀਰਕ ਖਾਂ ਉਥੋਂ ਨਸ ਜਾਣ ਵਿਚ ਸਫਲ ਹੋ ਗਿਆ ਤੇ ਉਹ ਬਾਦਸ਼ਾਹ ਮੁਬਾਰਕ ਸ਼ਾਹ ਨਾਲ ਜਾ ਮਿਲਿਆ। ਅਕਤੂਬਰ ੧੪੨੧ ਨੂੰ ਮਲਿਕ ਸਿਕੰਦਰ ਵਜ਼ੀਰ ਜੀਰਕ ਖਾਂ, ਮਹਿਮੂਦ ਹਸਨ, ਮਲਿਕ ਕਾਲੂ ਤੇ ਦੂਜੇ ਉਮਰਾ ਅਤੇ ਸ਼ਹਿਨਸ਼ਾਹ ਆਪ ਤੇ ਉਸ ਦੀ ਸਾਰੀ ਫੌਜ ਦਰਿਆ ਪਾਰ ਕਰ ਗਈ।

## ਉਹਨਾਂ ਦੀ ਹਾਰ

ਸ਼ਾਹੀ ਫੌਜ ਅਤੇ ਗਖੜਾਂ ਵਿਚਾਲੇ ਜਿਹੜੀ ਜੰਗ ਹੋਈ ਉਸ ਵਿਚ ਗਖੜਾਂ ਨੂੰ ਪੂਰੀ ਪੂਰੀ ਹਾਰ ਦਾ ਮੂੰਹ ਵੇਖਣਾ ਪਿਆ। ਉਹਨਾਂ ਦੀ ਬਹੁਤ ਸਾਰੀ ਫੌਜ ਜੰਗ ਵਿਚ ਕਤਲ ਹੋ ਗਈ ਤੇ ਬਹੁਤ ਸਾਰਾ ਸਾਮਾਨ ਫੜਿਆ ਗਿਆ। ਉਹਨਾਂ ਦਾ ਲੀਡਰ ਜਸਰਤ ਦਰਿਆ ਚਨਾਬ ਪਾਰ ਕਰ ਕੇ ਪਹਾੜਾਂ ਵਿਚ ਨਸ ਗਿਆ। ਉਹ ਬਿਸਾਲ ਦੇ ਕਿਲ੍ਹੇ ਵਿਚ ਜਾ ਛੁਪਿਆ ਪਰ ਸ਼ਾਹੀ ਫੌਜ ਨੇ ਉਸ ਦਾ ਉਥੋਂ ਤੀਕ ਪਿੱਛਾ ਕੀਤਾ ਉਹ ਉਥੋਂ ਵੀ ਨਸ ਗਿਆ। ਹੁਣ ਮੁਹਰਮ ਦਾ ਮਹੀਨਾ ਸ਼ੁਰੂ ਹੋ ਗਿਆ (ਜਨਵਰੀ ੧੪੨੨)

## ਮੁਬਾਰਕ ਸ਼ਾਹ ਲਾਹੌਰ ਵਿਚ ੧੪੨੨ ਈ.

ਸ਼ਹਿਨਸ਼ਾਹ ਮੁਬਾਰਕ ਸ਼ਾਹ ਲਾਹੌਰ ਪਹੁੰਚਾ, ਜਿਥੇ ਉਸ ਨੇ ਸ਼ਾਹੀ ਮਹਲਾਂ ਤੇ ਕਿਲ੍ਹੇ ਦੀ ਮੁਰੰਮਤ ਦੀ ਨਿਗਰਾਨੀ ਕੀਤੀ ਜਿਨ੍ਹਾਂ ਨੂੰ ਪਿਛਲੀਆਂ ਜੰਗਾਂ ਵਿਚ ਭਾਰੀ ਨੁਕਸਾਨ ਪੁਜਾ ਸੀ। ਇਸ ਦੇ ਮਗਰੋਂ ਮਹਿਮੂਦ ਹਸਨ ਨੂੰ ਵਾਇਸਰਾਏ ਨਿਯਤ ਕਰ ਕੇ ਬਾਦਸ਼ਾਹ ਰਾਜਧਾਨੀ ਵਲ ਮੁੜ ਗਿਆ।

## ਗਖੜਾਂ ਦਾ ਨਵਾਂ ਹਮਲਾ ੧੪੨੨ ਈ;

ਬਾਦਸ਼ਾਹ ਅਜੇ ਦਿਲੀ ਵਿਚ ਪੁਜਾ ਹੀ ਸੀ ਕਿ ਜਸਰਤ ਪਹਾੜਾਂ ਤੋਂ ਤੇਜ਼ੀ ਨਾਲ ਥਲੇ ਉਤਰ ਆਇਆ ਅਤੇ ਫੇਰ ਲੁਟ ਮਾਰ ਸ਼ੁਰੂ ਕਰ ਦਿਤੀ। ਉਸ ਨੇ ਲਾਹੌਰ ਦਾ ਘੇਰ ਘਤ ਲਿਆ ਜੋ ਛੀ ਮਹੀਨੇ ਤੀਕ ਜਾਰੀ ਰਿਹਾ। ਸ਼ਹਿਰ ਮਜ਼ਬੂਤ ਕਿਲੇ ਬੰਦ ਹੋਣ ਕਰ ਕੇ ਉਸ ਦਾ ਡਟ ਕੇ ਟਾਕਰਾ ਕਰਦਾ ਰਿਹਾ।

## ਲਾਹੌਰ ਫਤਹ ਕਰਨ ਦੇ ਸਭ ਜਤਨ ਅਸਫਲ

ਲਾਹੌਰ ਉਤੇ ਫਤਹ ਪਾਉਣ ਦੇ ਸਭ ਜਤਨ ਅਸਫਲ ਰਹੇ ਇਸ ਤੇ ਉਸ ਨੇ ਘੇਰਾ ਚੁਕ ਲਿਆ ਅਤੇ ਕਲਾਨੌਰ ਵਲ ਪਸਪਾ ਹੋ ਗਿਆ। ਕਲਾਨੌਰ ਤੋਂ ਉਸ ਨੇ ਜੰਮੂੰ ਉਤੇ ਜਾ ਧਾਵਾ ਬੋਲਿਆ। ਇਥੋਂ ਦੇ ਰਾਜੇ ਨੇ ਪਹਿਲੀ ਮੁਹਿੰਮ ਵਿਚ ਬਾਦਸ਼ਾਹ ਦੀਆਂ ਫੌਜਾਂ ਨੂੰ ਬਿਸਾਲ ਤੀਕ ਪੁਚਾਇਆ ਸੀ। ਉਸ ਦੀ ਚੜ੍ਹਾਈ ਦਾ ਰਾਜੇ ਉਤੇ ਕੋਈ ਅਸਰ ਨਾ ਪਿਆ, ਤੇ ਨਾ ਹੀ ਉਸ ਦੇ ਰਾਜ ਨੂੰ ਕੋਈ ਹਾਨੀ ਪੁਜੀ। ਜਸਰਤ ਉਥੋਂ ਪਸਪਾ ਹੋ ਕੇ ਬਿਆਸ ਵਾਪਸ ਮੁੜ ਆਇਆ ਤਾਂ ਜੁ ਆਪਣੇ ਲਈ ਫੌਜ ਭਰਤੀ ਕਰ ਸਕੇ। ਏਨੇ ਚਿਰ ਨੂੰ ਲਾਹੌਰ ਵਿਚ ਵਜ਼ੀਰ ਮਲਿਕ ਸਕੰਦਰ ਦੀ ਕਮਾਨ ਹੇਠ ਹੋਰ ਕੁਮਕ ਪੁਜ ਗਈ। ਮਲਿਕ ਸਿਕੰਦਰ ਨੇ ਦੀਪਾਲ ਪੁਰ ਦੇ ਗਵਰਨਰ ਮਲਿਕ ਰਜਬ ਅਤੇ ਗਵਰਨਰ ਸਰਹਿੰਦ ਇਸਲਾਮ ਖਾਂ ਨਾਲ ਵੀ ਆਪਣਾ ਸਬੰਧ ਜੋੜ ਲਿਆ। ਇਸ ਤਰ੍ਹਾਂ ਇਹਨਾਂ ਸਾਰਿਆਂ ਦੀਆਂ ਫੌਜਾਂ ਨੇ ਮਿਲ ਕੇ ਜਸਰਤ ਵਿਰੁਧ ਫੌਜ ਕਸ਼ੀ ਕੀਤੀ। ਲੜਾਈ ਵਿਚ ਜਸਰਤ ਨੂੰ ਭਾਰੀ ਨੁਕਸਾਨ ਪੁਜਾ। ਮਿਲਵੀਂ ਫੌਜ ਨੇ ਉਸ ਨੂੰ ਦਰਿਆ ਚਨਾਬ ਤੋਂ ਪਾਰ ਕਰ ਦਿਤਾ ਜਿਸ ਤੇ ਉਹ ਪਹਾੜਾਂ ਵਲ ਨੂੰ ਪਸਪਾ ਹੋ ਗਿਆ। ਹੁਣ ਗਖੜ ਬਿਨਾ ਲੀਡਰ ਦੇ ਰਹਿ ਗਏ ਤੇ ਵਜ਼ੀਰ ਨੇ ਉਹਨਾਂ ਦਾ ਪਿਛਾ ਜਾਰੀ ਰਖਿਆ। ਵਜ਼ੀਰ ਰਾਵੀ ਨੂੰ ਪਾਰ ਕਰਕੇ ਕਲਾਨੌਰ ਪੁਜਾ ਉਥੇ ਹੀ ਉਸ ਨੂੰ ਜੰਮੂ ਦਾ ਰਾਜਾ ਵੀ ਆਣ ਮਿਲਿਆ। ਇਹਨਾਂ ਦੋਵਾਂ ਨੇ ਗਖੜਾ ਦੀ ਇਸ ਭਾਰੀ ਗਿਣਤੀ ਦੀ ਸੂਹ ਨਾ ਲਈ ਜੋ ਵਖ ਥਾਵਾਂ ਉਤੇ ਲੁਕੇ ਹੋਏ ਸਨ। ਇਹਨਾਂ ਸਭਨਾ ਨੂੰ ਉਹਨਾਂ ਨੇ ਚੁਣ ਚੁਣਕੇ ਕਤਲ ਕੀਤਾ। ਇਸ ਕਾਰਰਵਾਈ ਤੋਂ ਵਿਹਲਾ ਹੋਕੇ ਵਜ਼ੀਰ ਲਾਹੌਰ ਮੁੜ ਆਇਆ।

## ਵਜੀਰ ਮਲਿਕ ਸਿਕੰਦਰ ਲਾਹੌਰ ਦਾ ਵਾਇਸਰਾਏ

ਸ਼ਹਿਨਸ਼ਾਹ ਵਜੀਰ ਮਲਿਕ ਸਿਕੰਦਰ ਦੀ ਸੂਰਬੀਰਤਾ ਉਤੇ ਬੜਾ ਖੁਸ਼ ਹੋਇਆ ਅਤੇ ਉਸ ਨੂੰ ਲਾਹੌਰ ਦਾ ਵਾਇਸਰਾਏ ਥਾਪ ਕੇ ਮਹਿਮੂਦ ਹਸਨ ਨੂੰ ਦਿਲੀ() ਵਾਪਸ ਬੁਲਾ ਲਿਆ।

## ਗਖੜਾਂ ਦੇ ਪੰਜਾਬ ਉਪਰ ਹਲੇ

ਸ਼ਾਹੀ ਫੌਜਾਂ ਦੇ ਜਾਣ ਦੀ ਦੇਰ ਸੀ ਕਿ ਜਸਰਤ ਗਖੜ ਫੇਰ ਮੈਦਾਨ ਵਿਚ ਆ ਗਜਿਆ। ੧੨ ਹਜ਼ਾਰ ਗਖੜਾਂ ਦੀ ਫੌਜ ਨਾਲ ਜੰਮੂ ਦੇ ਰਾਜੇ ਰਾਏ ਭੀਮ ਨੂੰ ਹਾਰ ਦੇ ਕੇ ਕਤਲ ਕਰ ਦਿਤਾ ਇਸਦੇ ਮਗਰੋਂ ਲਾਹੌਰ ਤੇ ਦੀਪਾਲ ਪੁਰ ਦੇ ਸੂਬਿਆਂ ਨੂੰ ਜਾ ਲੁਟਿਆ। ਗਵਰਨਰ ਮਲਿਕ ਸਿਕੰਦਰ ਨੇ ਲਾਹੌਰ ਤੋਂ ਉਸਦੇ ਵਿਰੁਧ ਚੜ੍ਹਾਈ ਕੀਤੀ। ਉਸ ਦੇ ਪਹੁੰਚਣ ਤੋਂ ਪਹਿਲੇ ਹੀ ਜਸਰਤ ਲੁਟ ਦਾ ਮਾਲ ਲੈ ਕੇ ਪਹਾੜਾਂ ਨੂੰ ਨਸ ਗਿਆ। ਐਨੇ ਨੂੰ ਮੁਲਤਾਨ ਦਾ ਗਵਰਨਰ ਮਲਿਕ ਅਬਦੁਲ ਰਹੀਮ ਅਲਾ ਉਲ ਮੁਲਕ ਮਰ ਗਿਆ ਸੀ। ਇਸ ਲਈ ਮਹਿਮੂਦ ਹਸਨ ਨੂੰ ਫੌਜ ਦੇ ਕੇ ਮੁਲਤਾਨ ਭੇਜਿਆ ਗਿਆ। ਠੀਕ ਇਸ ਵੇਲੇ ਅਮੀਰ ਸ਼ੇਖ ਅਲੀ ਮੁਗਲ ਸਰਦਾਰ ਨੇ ਜੋ ਸ਼ਾਹ ਰੁਖ ਮਿਰਜਾ ਗਵਰਨਰ ਕਾਬਲ ਪਾਸ ਨੌਕਰ ਸੀ ਜਸਰਤ ਦੇ ਕਹਿਣ ਉਤੇ ਭਖੜ ਤੇ ਟਾਟਾ ਉਤੇ ਹਮਲਾ ਕਰ ਦਿਤਾ।

ਸਤੰਬਰ ੧੪੨੭ ਈਸਵੀ ਵਿਚ ਹਾਰ ਦੇ ਕੇ ਉਸ ਨੂੰ ਲਾਹੌਰ ਦਾ ਘੇਰਾ ਘਤ ਲਿਆ ਤੇ ਮਲਿਕ ਸਿਕੰਦਰ ਨੂੰ ਜੰਗ ਵਿਚ ਹਾਰ ਦੇ ਕੇ ਉਸ ਨੂੰ ਲਾਹੌਰ ਵਲ ਪਸਪਾ ਹੋਣ ਲਈ ਮਜਬੂਰ ਕਰ ਦਿਤਾ।

## ਉਨ੍ਹਾਂ ਦੀ ਹਾਰ

ਮਹਿਮੂਦ ਨੇ ਖਬਰ ਸੁਣ ਕੇ ਜੀਰਕ ਖਾਂ ਗਵਰਨਰ ਸਮਾਨਾ ਤੇ ਇਸਲਾਮ ਖਾਂ ਗਵਰਨਰ ਮਹਿਮੂਦ ਦੀ ਸਰਦਾਰਾਂ ਹੇਠ ਫ਼ੌਜਾਂ ਦੀ ਕੁਮਕ ਭੇਜੀ ਪਰ ਉਹਨਾਂ ਦੇ ਲਾਹੌਰ ਦੀਆਂ ਫ਼ੌਜਾਂ ਨੂੰ ਮਿਲਣ ਤੋਂ ਪਹਿਲੇ ਹੀ ਮਲਿਕ ਸਕੰਦਰ ਨੇ ਜਸਰਤ ਨੂੰ ਬਹੁਤ ਬੁਰੀ ਹਾਰ ਦੇ ਦਿਤੀ ਅਤੇ ਉਸ ਪਾਸੋਂ ਉਹ ਸਾਰਾ ਮਾਲ ਰਖਵਾ ਲਿਆ ਜੋ ਉਸ ਨੇ ਲੋਕਾਂ ਨੂੰ ਲੁਟ ਕੇ ਜਮਾ ਕੀਤਾ ਸੀ।

---

() ਇਹ ਆਪਣਾ ਪੰਜਾਬ ਦੇ ਉਸ ਮਹਤਵ ਨੂੰ ਪ੍ਰਗਟ ਕਰਦੀ ਹੈ ਜੋ ਉਸ ਨੂੰ ਹਿੰਦ ਦੇ ਉਹ ਪਛਮੀ ਸੂਬੇ ਦੇ ਤੌਰ ਉਤੇ ਪ੍ਰਾਪਤ ਹੈ। ਦਿਲੀ ਵਿਚਲੇ ਵਜ਼ੀਰ ਦੀ ਪਦਵੀ ਲਾਹੌਰ ਦੇ ਵਾਇਸਰਾਏ ਨਾਲੋਂ ਦੂਜੇ ਦਰਜੇ ਦੀ ਸਮਝੀ ਜਾਂਦੀ ਸੀ। ਜਿਹਾ ਕਿ ਪਹਿਲੇ ਦਸਿਆ ਜਾ ਚੁਕਾ ਹੈ ਅਸਲ ਗਲ ਇਹ ਸੀ ਕਿ ਜੋ ਸਯਦਾਂ ਦੇ ਹਥ ਵਿਚ ਪੰਜਾਬ ਨ ਹੁੰਦਾ ਤਦ ਉਹਨਾਂ ਨੂੰ ਹਿੰਦ ਵਿਚ ਐਡੀ ਵਡੀ ਤਾਕਤ ਕਦੇ ਵੀ ਨਾ ਮਿਲ ਸਕਦੀ ਪੰਜਾਬ ਨੇ ਹੀ ਉਹਨਾਂ ਲਈ ਵਡਿਆਈ ਦਾ ਰਸਤਾ ਖੋਲਿਆ ਸੀ।

Sri Satguru Jagjit Singh Ji eLibrary NamdhariElibrary@gmail.com

## ਅਮੀਰ ਸ਼ੇਖ ਅਲੀ ਗਵਰਨਰ ਕਾਬਲ ਦਾ ਪੰਜਾਬ ਉਤੇ ਹਮਲਾ ੧੪੨੯ ਈ:

ਸੰਨ ੧੪੨੯ ਈਸਵੀ ਨੂੰ ਸ਼ਾਹ ਰੁਖ ਮਿਰਜ਼ਾ ਵਲੋਂ ਹੋ ਕੇ ਅਮੀਰ ਸ਼ੇਖ ਅਲੀ ਗਵਰਨਰ ਕਾਬਲ ਨੇ ਪੰਜਾਬ ਉਪਰ ਹੱਲਾ ਬੋਲਿਆ। ਗਖੜ ਵੀ ਉਸ ਦੇ ਨਾਲ ਹਮਲੇ ਵਿਚ ਸ਼ਾਮਲ ਹੋ ਗਏ ਤੇ ਇਹਨਾਂ ਦੋਵਾਂ ਨੇ ਮਿਲ ਕੇ ਪੰਜਾਬ ਵਿਚ ਬਹੁਤ ਹੁੰਜਾ ਫੇਰਿਆ। ਲਾਹੌਰ ਪਹੁੰਚ ਕੇ ਉਸ ਨੇ ਮਲਿਕ ਸਿਕੰਦਰ ਗਵਰਨਰ ਉਪਰ ਇਕ ਸਾਲ ਦੇ ਮਾਲੀਏ ਜਿਤਨਾ ਤਾਵਾਨ ਪਾ ਦਿਤਾ। ਇਥੋਂ ਦੀਪਾਲਪੁਰ ਵਲ ਕੂਚ ਬੋਲਿਆ। ਰਸਤੇ ਵਿਚ ਜਿਹੜਾ ਵੀ ਸ਼ਹਿਰ ਇਲਾਕਾ ਆਇਆ, ਲੁਟ ਪੁਟ ਲਿਆ।

## ਹਿੰਦੂਆਂ ਦਾ ਕਤਲਿਆਮ

ਫਰਿਸ਼ਤਾ ਲਿਖਦਾ ਹੈ ਕਿ ਇਸ ਚੜ੍ਹਾਈ ਦੇ ਸਮੇਂ ੪੦ ਹਜ਼ਾਰ ਹਿੰਦੂ ਕਤਲ ਕੀਤੇ ਗਏ। ਮੁਲਤਾਨ ਦੇ ਗਵਰਨਰ ਇਮਾਦਉਲ ਮੁਲਕ ਨੇ ਤਲੰਬਾ ਦੇ ਅਸਥਾਨ ਉਤੇ ਸ਼ੇਖ ਅਲੀ ਉਤੇ ਅਚਾਨਕ ਛਾਪਾ ਮਾਰਨ ਦਾ ਜਤਨ ਕੀਤਾ ਪਰ ਅਸਫਲ ਰਿਹਾ।

## ਮੁਲਤਾਨ ਵਿਚ ਖੂਨੀ ਜੰਗ ੧੪੩੦ ਈ:

ਦਰਿਆ ਰਾਵੀ ਦੇ ਕੰਢੇ ਕੰਢੇ ਕੂਚ ਕਰਦੀ ਹੋਈ ਮੁਗਲ ਫੌਜ ਖੈਰਾਬਾਦ ਵਲ ਵਧੀ ਅਤੇ ਉਥੋਂ ਉਸ ਨੇ ਮੁਲਤਾਨ ਦਾ ਰੁਖ ਕੀਤਾ। ੨੯ ਮਈ ੧੪੩੦ ਈਸਵੀ ਨੂੰ ਮੁਲਤਾਨ ਉਤੇ ਹਮਲਾ ਸ਼ੁਰੂ ਹੋਇਆ। ਹਮਲੇ ਵਿਚ ਮੁਗਲ ਫੌਜ ਨੂੰ ਸਫਲਤਾ ਨਾ ਹੋਈ, ਤਦ ਉਸ ਨੇ ਮੁਲਤਾਨ ਸ਼ਹਿਰ ਦਾ ਘੇਰਾ ਘਤ ਲਿਆ। ਇਨੇ ਨੂੰ ਮਜ਼ਦੂਰ ਖਾਂ ਗੁਜਰਾਤੀ ਦੇ ਬੇਟੇ ਫਤਹ ਖਾਂ ਦੀ ਕਮਾਨ ਹੇਠ ਦਿਲੀ ਤੋਂ ਮੁਲਤਾਨ ਦੀਆਂ ਫੌਜਾਂ ਨੂੰ ਕੁਮਕ ਪੁਜ ਗਈ। ਇਸ ਤੇ ਅਮੀਰ ਸ਼ੇਖ ਅਲੀ ਦੀ ਕਮਾਨ ਹੇਠਲੀਆਂ ਮੁਗਲ ਫੌਜਾਂ ਅਤੇ ਇਮਾਦਉਲ ਮੁਲਕ ਦ ਮਾਤਹਿਤ ਪੰਜਾਬ ਤੇ ਦਿਲੀ ਦੀਆਂ ਫੌਜਾਂ ਵਿਚਾਲੇ ਖੂਨੀ ਜੰਗ ਸ਼ੁਰੂ ਹੋ ਗਈ। ਸ਼ੁਰੂ ਸ਼ੁਰੂ ਵਿਚ ਮੁਗਲ ਫੌਜਾਂ ਦਾ ਹਥ ਉਚਾ ਰਿਹਾ, ਪਰ ਫਤਹਿ ਖਾਂ ਗੁਜਰਾਤੀ ਦੀ ਮੌਤ ਨੇ ਹਿੰਦੀ ਫੌਜਾਂ ਦੇ ਦਿਲਾਂ ਅੰਦਰ ਬਦਲੇ ਦੀ ਅੱਗ ਭੜਕਾ ਦਿਤੀ। ਉਹ ਐਨੇ ਦਰਿੜ ਚਿਤ ਹੋ ਕੇ ਲੜੇ ਕਿ ਮੁਗਲ ਫੌਜ ਦੇ ਛਿੱਕੇ ਛੁਟ ਗਏ ਤੇ ਉਸ ਨੂੰ ਸਖਤ ਹਾਰ ਖਾਣੀ ਪਈ।

## ਅਮੀਰ ਸ਼ੇਖ ਅਲੀ ਦੀ ਹਾਰ ਤੇ ਫਰਾਰੀ

ਵਿਜਈ ਹਿੰਦੀ ਫੌਜ ਨੇ ਹਾਰੀ ਹੋਈ ਮੁਗਲ ਫੌਜ ਦਾ ਦੂਰ ਤੀਕ ਪਿਛਾ ਕੀਤਾ। ਮੁਗਲਾਂ ਦੀ ਸਾਰੀ ਦੀ ਸਾਰੀ ਫੌਜ ਕਤਲ ਹੋ ਗਈ ਤੇ ਰਹਿੰਦੀ ਖੂਹੰਦੀ ਦਰਿਆ ਜਿਹਲਮ ਪਾਰ ਕਰਨ ਦੇ ਜਤਨ ਵਿਚ ਦਰਿਆ ਬੁਰਦ ਹੋ ਗਈ।

ਸੰਨ ੧੪੩੨ ਈਸਵੀ ਵਿਚ ਨਸਰਤ ਖਾਂ ਗੁਰਗੰਦਾਜ਼ ਲਾਹੌਰ ਦਾ ਵਾਇਸਰਾਏ ਥਾਪਿਆ ਗਿਆ। ਉਸ ਸਾਲ ਅਤੇ ਉਸ ਤੋਂ ਅਗਲੇ ਸਾਲ ਫੇਰ ਪੰਜਾਬ ਉਪਰ ਮਲਿਕ ਜਸਰਤ ਅਤੇ ਅਮੀਰ ਸ਼ੇਖ ਅਲੀ ਵਲੋਂ ਹਮਲੇ ਹੋਏ। ਪਰ ਸ਼ਾਹੀ ਫੌਜਾਂ ਨੇ ਇਹ ਦੋਵੇਂ ਹਮਲੇ ਬੜੀ ਸਫਲਤਾ ਨਾਲ ਅਫਲ ਕਰ ਦਿਤੇ। ਨਸਰਤ ਖਾਂ ਮਗਰੋਂ ਕੁਛ ਸਮੇਂ ਲਈ ਅਲ੍ਹਾਦਾਦ ਲੋਧੀ ਲਾਹੌਰ ਦਾ ਗਵਰਨਰ ਨਿਯਤ ਹੋਇਆ। ਅੰਤ ਵਿਚ ਦੇਸ਼ ਦੀ ਵਾਗ ਡੋਰ ਈਮਾਦਉਲ ਮੁਲਕ ਦੇ ਹਥ ਸੌਂਪੀ ਗਈ।

## ਬਾਦਸ਼ਾਹ ਦਾ ਕਤਲ ੧੪੩੫ ਈ.

ਦਿਲੀ ਦੇ ਬਾਦਸ਼ਾਹ ਸਯਦ ਮੁਬਾਰਕ ਸ਼ਾਹ ਨੂੰ ਮਸੀਤ ਵਿਚ ਨਿਮਾਜ਼ ਪੜ੍ਹਦੇ ਨੂੰ ਸਾਜ਼ਸ਼ੀਆਂ ਨੇ ਕਤਲ ਕਰ ਦਿਤਾ। ਮਸੀਤ ਜਿਸ ਵਿਚ ਉਸ ਨੂੰ ਕਤਲ ਕੀਤਾ ਗਿਆ, ਉਸ ਨੇ ਆਪ ਹੀ ਬੜੇ ਚਾਅ ਨਾਲ ਨਵੇਂ ਸ਼ਹਿਰ ਵਿਚ ਬਣਵਾਈ ਸੀ। ਇਹ ਘਟਨਾ ੧੯ ਜਨਵਰੀ ੧੪੩੫ ਈਸਵੀ ਦੀ ਹੈ। ਇਸ ਬਾਦਸ਼ਾਹ ਨੇ ੧੩ ਸਾਲ ਤੇ ਤਿੰਨ ਮਹੀਨੇ ਰਾਜ ਕੀਤਾ।

## ਸਯਦ ਮੁਹੰਮਦ

## ਸਯਦ ਮੁਹੰਮਦ ਦੀ ਗੱਦੀ ਨਸ਼ੀਨੀ ੧੪੩੫ ਈ.

ਜਿਸ ਦਿਨ ਮੁਬਾਰਕ ਸ਼ਾਹ ਕਤਲ ਹੋਇਆ ਤੇ ਉਸ ਦੀ ਲਾਸ਼ ਕਬਰ ਵਿਚ ਦਫਨਾਈ ਗਈ। ਠੀਕ ਉਸੇ ਦਿਨ ਹੀ ਸੁਵਰਗੀਬਾਦ ਸ਼ਾਹ ਦੇ ਪੁਤਰ ਸਯਦ ਮੁਹੰਮਦ ਨੂੰ ਦਿੱਲੀ ਦੇ ਰਾਜ ਸਿੰਘਾਸਨ ਉਤੇ ਬਿਠਾ ਦਿਤਾ ਗਿਆ। ਵਜ਼ੀਰ ਸਰਵਰਉਲ ਮੁਲਕ ਜਿਸ ਦੀ ਗੱਦਾਰੀ ਨਾਲ ਬਾਦਸ਼ਾਹ ਦਾ ਕਤਲ ਹੋਇਆ ਨੂੰ ਖਾਨ ਜਹਾਨ ਦਾ ਉਪਨਾਮ ਅਤੇ ਸਾਰੀ ਵਜ਼ਾਰਤ ਦਾ ਕੰਟਰੋਲ ਦਿਤਾ ਗਿਆ।

## ਮੁਲਤਾਨ ਵਿਚ ਬਗਾਵਤ ੧੪੩੬ ਈਸਵੀ

ਸੰਨ ੧੪੩੬ ਈਸਵੀ ਵਿਚ ਲੰਗਾ ਅਫਗਾਨਾਂ ਨੇ ਮੁਲਤਾਨ ਵਿਚ ਬਗਾਵਤ ਕਰ ਦਿਤੀ। ਠੀਕ ਉਸੇ ਹੀ ਸਮੇਂ ਲਾਹੌਰ ਉਪਰ ਉਥੇ ਬਹਿਲੋਲ ਲੋਧੀ ਨੇ ਕਬਜ਼ਾ ਕਰ ਲਿਆ; ਜਿਸ ਨੇ ਆਪਣੇ ਚਾਚੇ ਇਸਲਾਮ ਖਾਂ ਦੀ ਮੌਤ ਮਗਰੋਂ ਸਰਹਿੰਦ ਦੇ ਸੂਬੇ ਦੀ ਗੌਰਮਿੰਟ ਉਤੇ ਆਪਣਾ ਅਧਿਕਾਰ ਜਮਾ ਲਿਆ ਸੀ।

## ਬਹਿਲੋਲ ਲੋਧੀ

ਲਾਹੌਰ ਉਤੇ ਕਬਜ਼ਾ ਕਰਨ ਮਗਰੋਂ ਉਸ ਨੇ ਦੀਪਾਲਪੁਰ ਨੂੰ ਵੀ ਫਤਹ ਕਰ ਲਿਆ। ਇਸ ਤਰ੍ਹਾਂ ਉਹ ਪਾਨੀਪਤ ਦੇ ਦੱਖਣ ਤੀਕ ਦੇ ਸਾਰੇ ਦੇਸ਼ ਦਾ ਸਵਾਮੀ ਬਣ ਬੈਠਾ। ਉਸ ਦੀ ਬਾਦਸ਼ਾਹ ਨਾਲ ਵੀ ਮਨੌਤੀ ਹੋ ਗਈ। ਬਾਦਸ਼ਾਹ ਨੇ ਉਸ ਦੇ ਕਹਿਣ ਉਤੇ ਹਿਸਾਮ ਖਾਂ ਡਿਪਟੀ ਨਜ਼ੀਰ ਨੂੰ ਕਤਲ ਕਰਵਾ ਦਿਤਾ ਅਤੇ ਕਾਮਲ ਗੁਲ ਮੁਲਕ ਨੂੰ ਵੀ ਵਜ਼ੀਰੀ ਤੋਂ ਵਿਰਵਿਆਂ ਕਰ ਦਿਤਾ। ਇਹ ਦੋਵੇਂ ਕਾਰਰਵਾਈਆਂ ਰਾਜ ਲਈ ਖਤਰਨਾਕ ਸਾਬਤ ਹਈਆਂ ਅਤੇ ਉਸ ਦੇ ਰਾਜ ਦੇ ਪਤਨ ਦਾ ਕਾਰਨ ਬਣ ਗਈਆਂ।

## ਰਾਜ ਦੀ ਭੈੜੀ ਦਸ਼ਾ

ਇਸ ਸਮੇਂ ਰਾਜ ਦੀ ਹਾਲਤ ਬੜੀ ਨਿਰਬਲ ਹੋ ਚੁਕੀ ਸੀ। ਸੂਬਿਆਂ ਦੇ ਗਵਰਨਰ ਸੁਤੰਤਰ ਹੋ ਚੁਕੇ ਸਨ ਅਤੇ ਜ਼ਿੰਮੀਂਦਾਰਾਂ ਨੇ ਮਾਲੀਏ ਦੀ ਅਦਾਇਗੀ ਰੋਕ ਲਈ ਸੀ ਕਿਉਂਕਿ ਉਹਨਾਂ ਨੂੰ ਹੋਣ ਵਾਲੀ ਬੇਚੈਨੀ ਦੀ ਹਾਲਤ ਪਹਿਲੇ ਹੀ ਦਿਸ ਪਈ ਸੀ। ਜੌਨ ਪੁਰ ਦੇ ਬਾਦਸ਼ਾਹ ਇਬਰਾਹੀਮ ਸ਼ਾਹ ਸ਼ਰਕੀ ਨੇ ਆਪਣੇ ਇਲਾਕੇ ਦੇ ਨਾਲ ਲਗਦੇ ਕਈ ਜ਼ਿਲਿਆਂ ਉਤੇ ਅਧਿਕਾਰ ਜਮਾ ਲਿਆ ਅਤੇ ਮਾਲਵੇ ਦੇ ਬਾਦਸ਼ਾਹ ਸੁਲਤਾਨ ਮਹਿਮੂਦ ਨੇ ੧੪੪੦ ਈਸਵੀ ਵਿਚ ਦਿਲੀ ਫਤਹ ਕਰਨ ਦਾ ਜਤਨ ਕੀਤਾ। ਬਹਿਲੋਲ ਲੋਦੀ ਬਾਦਸ਼ਾਹ ਦੇ ਹੁਕਮ ਨਾਲ ੨੦ ਹਜ਼ਾਰ ਘੁੜ ਸਵਾਰ ਫੌਜ ਲੈ ਕੇ ਉਸ ਦੇ ਟਾਕਰੇ ਲਈ ਨਿਕਲਿਆ।

Sri Satguru Jagjit Singh Ji eLibrary NamdhariElibrary@gmail.com

ਪਰ ਨਿਰਬਲ ਬਾਦਸ਼ਾਹ ਨੇ ਡਰਦੇ ਮਾਰੇ ਵੈਰੀ ਨਾਲ ਸੁਲਾਹ ਕਰਨ ਲਈ ਆਪਣੇ ਵਜ਼ੀਰ ਭੇਜ ਦਿਤੇ। ਆਪਣੇ ਬਾਦਸ਼ਾਹ ਦੀ ਇਹੋ ਜਿਹੀ ਗਦਾਰੀ ਨੂੰ ਵੇਖ ਕੇ ਬਹਿਲੋਲ ਦੇ ਦਿਲ ਵਿਚ ਤਖਤ ਪ੍ਰਾਪਤ ਕਰਨ ਦੀ ਚਾਹ ਪੈਦਾ ਹੋ ਗਈ ਅਤੇ ਉਸ ਨੇ ਆਪਣੀ ਮਰਜ਼ੀ ਨਾਲ ਸੁਲਤਾਨ ਮਹਿਮੂਦ ਦਾ ਪਿਛਾ ਜਾਰੀ ਰਖਿਆ ਅਤੇ ਉਸ ਨੂੰ ਹਾਰ ਦੇ ਕੇ ਉਥੋਂ ਨਸਾ ਦਿਤਾ। ਬਾਦਸ਼ਾਹ ਨੂੰ ਉਸ ਦੇ ਇਰਾਦੇ ਦਾ ਪਤਾ ਨਹੀਂ ਸੀ ਇਸ ਲਈ ਉਸ ਨੇ ਉਸ ਦੀ ਬਹਾਦਰੀ ਤੇ ਸੇਵਾ ਨੂੰ ਮੁਖ ਰਖ ਕੇ ਉਸ ਨੂੰ ਖਾਨ ਜਹਾਨ ਦਾ ਖਤਾਬ ਬਖਸ਼ਿਆ। ਨਾ ਕੇਵਲ ਇਹੋ ਸਗੋਂ ਉਸ ਆਪਣਾ ਮੁਤਬੰਨਾ ਵੀ ਬਣਾ ਲਿਆ।

## ਬਹਿਲੋਲ ਦੀ ਸ਼ਕਤੀ ਵਿਚ ਵਾਧਾ

ਸੰਨ ੧੪੬੧ ਈਸਵੀ ਵਿਚ ਬਾਦਸ਼ਾਹ ਨੇ ਬਹਿਲੋਲ ਲੋਧੀ ਨੂੰ ਲਾਹੌਰ ਤੇ ਦੀਪਾਲਪੁਰ ਦੀ ਗਵਰਨਰੀ ਦੇ ਦਿਤੀ ਜਿਨ੍ਹਾਂ ਉਤੇ ਉਹ ਪਹਿਲੇ ਹੀ ਧਿੰਗੋਜ਼ੋਰੀ ਕਬਜ਼ਾ ਕਰੀ ਬੈਠਾ ਸੀ। ਬਾਦਸ਼ਾਹ ਨੇ ਉਸ ਨੂੰ ਜਸਰਤ ਗਖੜ ਉਤੇ ਹਮਲਾ ਕਰਨ ਦੀ ਵੀ ਆਗਿਆ ਦੇ ਦਿਤੀ ਪਰ ਬਹਿਲੋਲ ਨੇ ਉਸ ਨਾਲ ਜੰਗ ਛੇੜਨ ਦੀ ਬਜਾਇ ਉਸ ਨਾਲ ਮਿਤਰਾਦਾਰੀ ਗੰਢ ਲਈ। ਇਸ ਤਰ੍ਹਾਂ ਆਪਣੇ ਹਥ ਮਜ਼ਬੂਤ ਕਰ ਕੇ ਉਸ ਨੇ ਬਹੁਤ ਸਾਰੇ ਅਫਗਾਨ ਕਬੀਲੇ ਭਰਤੀ ਕਰ ਲਏ। ਉਸ ਨੇ ਦਿਲੀ ਉਤੇ ਵੀ ਹਲਾ ਬੋਲ ਦਿਤਾ ਪਰ ਕੁਛ ਕਾਰਨਾਂ ਕਰ ਕੇ ਉਸ ਨੂੰ ਦਿਲੀ ਦਾ ਘੇਰਾ ਚੁਕਣਾ ਪਿਆ।

## ਸਯਦ ਮੁਹੰਮਦ ਦੀ ਮੌਤ ੧੪੪੫ ਈ.

ਸਯਦ ਮੁਹੰਮਦ ਸੰਨ ੧੪੪੫ ਈਸਵੀ ਵਿਚ ਆਪਣੀ ਮੌਤੇ ਮਰ ਗਿਆ। ਉਸ ਦੀ ਥਾਂ ਤਖਤ ਉਪਰ ਉਸਦਾ ਪੁਤ੍ਰ ਅਲਾ ਉਦੀਨ ਬੈਠਾ।

## ਸਯਦ ਅਲਾ ਉਦੀਨ

## ਅਲਾ ਉਦੀਨ ਦੀ ਗਦੀ ਨਸ਼ੀਨੀ

ਸਯਦ ਅਲਾ ਉਦੀਨ ਨੇ ਆਪਣੇ ਪਿਤਾ ਸਯਦ ਮੁਹੰਮਦ ਪਿਛੋਂ ਰਾਜ ਸਿੰਘਾਸਨ ਉਤੇ ਬੈਠ ਕੇ ਆਪਣੀ ਰਿਹਾਇਸ਼ ਬੁਦਾਊਂ ਵਿਚ ਲੈ ਆਂਦੀ। ਏਥੇ ਆ ਕੇ ਉਸ ਨੇ ਆਪਣਾ ਧਿਆਨ ਰਾਜ ਕਾਜ ਵਲ ਦੇਣ ਦੀ ਬਜਾਇ ਐਸ਼ੀ ਇਮਾਰਤਾਂ ਉਸਾਰਨ ਬਾਗ ਬਗੀਚੇ ਲਾਉਣ ਅਤੇ ਦਾਅਵਤਾਂ ਉਡਾਨ ਵਲ ਲਾ ਦਿਤਾ। ਉਸ ਸਮੇਂ ਹਿੰਦੁਸਤਾਨ ਦੀ ਬਾਦਸ਼ਾਹਤ ਕਈ ਅਜ਼ਾਦ ਰਾਜਾਂ ਵਿਚ ਵੰਡੀ ਜਾ ਚੁਕੀ ਸੀ। ਅਤੇ ਦਖਣੀ ਗੁਜਰਾਤ ਮਾਲਵਾ, ਜੌਨ ਪੁਰ ਅਤੇ ਬੰਗਾਲ ਦੇ ਸੂਬਿਆਂ ਦੇ ਆਪੋ ਆਪਣੇ ਬਾਦਸ਼ਾਹ ਬਣ ਚੁਕੇ ਸਨ। ਪੰਜਾਬ ਦਾ ਸੂਬਾ, ਸਿੰਧ ਵਿਚ ਦੀਪਾਲ ਪੁਰ ਤੇ ਸਰਹਿੰਦ ਦੇ ਪਾਣੀ ਪਤ ਤੀਕ ਦੇ ਇਲਾਕੇ ਵੀ ਸ਼ਾਮਲ ਸਨ। ਬਹਿਲੋਲ ਖਾਂ ਲੋਧੀ ਦੇ ਅਧੀਨ ਹੋ ਚੁਕਾ ਸੀ। ਬਾਦਸ਼ਾਹ ਦਾ ਰਾਜ ਕੇਵਲ ਦਿਲੀ ਸ਼ਹਿਰ ਦੀ ਚਾਰ ਦੀਵਾਰੀ ਦੇ ਅੰਦਰ ਜਾਂ ਥੋੜੇ ਜਿਹੇ ਨਾਲ ਲਗਦੇ ਇਲਾਕੇ ਵਿਚ ਹੀ ਚਲਦਾ ਸੀ। ਬਾਦਸ਼ਾਹ ਨੂੰ ਉਸ ਦੇ ਸਲਾਹਕਾਰਾਂ ਨੇ ਐਨਾਂ ਕਠ ਪੁਤਲੀ ਬਣਾ ਰਖਿਆ ਸੀ ਕਿ ਉਹਨਾਂ ਦੀ ਸਲਾਹ ਨਾਲ ਚਲਕੇ ਉਸਨੇ ਆਪਣੇ ਵਜ਼ੀਰ ਹਮੀਦ ਖਾਂ ਦੀ ਵੀ ਪਾਣ ਪਤ ਲਾਹ ਦਿਤੀ ਸਗੋਂ ਉਸ ਨੂੰ ਕਤਲ ਕਰਨ ਦੀ ਸਾਜ਼ਸ਼ ਵਿਚ ਵੀ ਸ਼ਾਮਲ ਹੋ ਗਿਆ। ਪਰ ਵਜ਼ੀਰ ਕਿਸੇ ਨਾ ਕਿਸੇ ਤਰ੍ਹਾਂ ਉਸ ਦੀ ਕੈਦ ਵਿਚੋਂ ਬਚ ਨਿਕਲਿਆ। ਉਸ ਨੇ ਬਾਦਸ਼ਾਹ ਦੀਆਂ ਸਭ ਫੌਜਾਂ ਉਤੇ ਕਬਜ਼ਾ ਕਰ ਕੇ ਸ਼ਾਹੀ ਹਰਮ ਨੂੰ ਸ਼ਹਿਰ ਵਿਚੋਂ ਬਾਹਰ ਭੇਜ ਦਿਤਾ।

## ਰਾਜ ਤਿਆਗ ੧੪੫੦ ਈ:

ਜਿਸ ਸਮੇਂ ਬਾਦਸ਼ਾਹ ਦਾ ਸਾਰਾ ਧਿਆਨ ਇਹਨਾਂ ਘਰੋਗੀ ਟੰਟਿਆਂ ਵਲ ਲਗ ਰਿਹਾ ਸੀ, ਬਹਿਲੋਲ ਖਾਂ ਲੋਧੀ ਚੁਪ ਚਾਪ ਰਾਜ ਧਾਨੀ ਵਿਚ ਆ ਵੜਿਆ ਅਤੇ ੧੪੫੦ ਈਸਵੀ ਵਿਚ ਉਸਦੇ ਬਾਦਸ਼ਾਹ ਹੋਣ ਦਾ ਵੀ ਐਲਾਨ ਕਰ ਦਿਤਾ ਗਿਆ। ਬਾਦਸ਼ਾਹ ਅਲਾਉਦੀਨ ਨੇ ਉਸ ਨੂੰ ਆਪਣਾ ਮੁਤਬੰਨਾ ਬਣਾ ਲਿਆ ਅਤੇ ਉਸ ਦੇ ਹਕ ਵਿਚ ਨਿਯਮ ਅਨੁਸਾਰ ਤਾਜ ਤਖਤ ਤੋਂ ਵੰਚਿਤ ਹੋ ਗਿਆ।

## ਮੌਤ ੧੪੭੮ ਸੰ:

ਰਾਜ ਤਿਆਗ ਹੋ ਜਾਣ ਮਗਰੋਂ ਉਹ ਬੁਦਾਊਂ ਵਿਚ ਰਹਿਣ ਲਗ ਪਿਆ ਅਤੇ ਉਥੇ ਹੀ ਉਸਦਾ ਚਲਾਣਾ ਹੋਇਆ। ਉਸ ਨੇ ਦਿਲੀ ਵਿਚ ਸਤ ਸਾਲ ਰਾਜ ਕੀਤਾ ਤੇ ਬੁਦਾਊਂ ਵਿਚ ਲਗ ਪਗ ੨੮ ਸਾਲ ਜੀਵਨ ਬਤੀਤ ਕੀਤਾ।

---

# ਪਰਕਰਨ—੯

# ਲੋਧੀ ਖਾਨਦਾਨ

## ਬਹਿਲੋਲ ਲੋਧੀ

## ਬਹਿਲੋਲ ਦੇ ਪੂਰਵਜ

ਬਹਿਲੋਲ ਦੇ ਵਡੇ ਵਡੇਰੇ ਅਫਗਾਨਾਂ ਦੀ ਸੌਦਾਗਰ ਸ੍ਰੇਣੀ ਨਾਲ ਸੰਬੰਧ ਰਖਦੇ ਸਨ। ਉਹ ਲੋਕ ਹਿੰਦੁਸਤਾਨ ਤੇ ਈਰਾਨ ਵਿਚ ਲੈ ਵਪਾਰ ਕਰਦੇ ਸਨ। ਬਹਿਲੋਲ ਦੇ ਦਾਦੇ ਮਲਿਕ ਬਹਿਰਾਮ ਨੇ ਫੀਰੋਜ਼ ਤੁਗਲਕ ਦੇ ਜ਼ਮਾਨੇ ਵਿਚ ਆਪਣਾ ਕਿਤਾ ਛਡ ਦਿਤਾ ਅਤੇ ਮੁਲਤਾਨ ਗਵਰਨਰ ਮਲਕ ਮਰਦਾਨ ਦੌਲਤ ਦੀ ਨੌਕਰੀ ਕਰ ਲਈ। ਉਸ ਦੇ ਪੰਜ ਪੁਤਰ ਸਨ, ਸਭ ਤੋਂ ਵਡੇ ਪੁਤਰ ਮਲਿਕ ਸੁਲਤਾਨ ਨੇ ਖਿਜ਼ਰ

ਖਾਂ ਵਾਇਸਰਾਏ ਮੁਲਤਾਨ ਨਾਲ ਮਿਲ ਕੇ ਦਿਲੀ ਦੇ ਵਜ਼ੀਰ ਇਕਬਾਲ ਖਾਂ ਵਿਰੁਧ ਬੜੀ ਸੂਰਬੀਰਤਾ ਵਖਾਈ। ਨਾ ਕੇਵਲ ਇਹੋ ਸਗੋਂ ਉਸ ਨੇ ਆਪਣੇ ਹਥ ਨਾਲ ਵਜ਼ੀਰ ਨੂੰ ਕਤਲ ਵੀ ਕੀਤਾ। ਉਸ ਦੀ ਇਸ ਦਰਿਆਮਗੀ ਤੇ ਪਰਸੰਨ ਹੋ ਕੇ ਖਿਜ਼ਰ ਖਾਂ ਨੇ ਉਸ ਨੂੰ ਸਰਹਿੰਦ ਦਾ ਗਵਰਨਰ ਨਿਯਤ ਕਰ ਦਿਤਾ ਤੇ ਉਸ ਨੂੰ ਇਸਲਾਮ ਖਾਂ ਦਾ ਖਤਾਬ ਵੀ ਬਖਸ਼ਿਆ। ਉਸ ਦੇ ਦੂਜੇ ਭਾਈਆਂ ਨੂੰ ਵੀ ਉਚੇ ਉਚੇ ਔਹਦੇ ਮਿਲ ਗਏ। ਇਹਨਾਂ ਭਾਈਆਂ ਵਿਚੋਂ ਇਕ ਦਾ ਨਾਮ ਮਲਿਕ ਕਾਲੇ ਸੀ ਜਿਸ ਨੂੰ ਇਕ ਜ਼ਿਲੇ ਦੀ ਹਾਕਮੀ ਮਿਲੀ। ਇਹੋ ਬਹਿਲੋਲ ਦਾ ਪਿਓ ਸੀ। ਮਲਿਕ ਕਾਲੇ ਦੀ ਪਤਨੀ ਮਕਾਨ ਡਿਗਣ ਨਾਲ ਮਰ ਗਈ ਪਰ ਜਰਾਹਾਂ ਨੇ ਉਸ ਦਾ ਬਚਾ ਜੋ ਪਿਛੋਂ ਬਹਿਲੋਲ ਦੇ ਨਾਮ ਨਾਲ ਪ੍ਰਸਿਧ ਹੋਇਆ ਉਸ ਦਾ ਪੇਟ ਚੀਰ ਕੇ ਜੀਊਂਦਾ ਹੀ ਕਢ ਲਿਆ। ਇਸ ਦੇ ਥੋੜਾ ਚਿਰ ਮਗਰੋਂ ਮਲਿਕ ਕਾਲੇ ਇਕ ਲੜਾਈ ਵਿਚ ਮਾਰਿਆ ਗਿਆ ਅਤੇ ਨੌਜਵਾਨ ਬਹਿਲੋਲ ਆਪਣੇ ਚਾਚੇ ਇਸਲਾਮ ਖਾਂ ਗਵਰਨਰ ਸਰਹਿੰਦ ਦੀ ਨਿਗਰਾਨੀ ਹੇਠ ਪਲਕੇ ਜਵਾਨ ਹੋਇਆ। ਉਸ ਦੀ ਸ਼ਾਦੀ ਵੀ ਇਸਲਾਮ ਖਾਂ ਦੀ ਲੜਕੀ ਨਾਲ ਹੋ ਗਈ। ਉਸ ਦੇ ਮਰਨ ਮਗਰੋਂ ਉਸ ਦੀ ਕਮਾਨ ਵੀ ਏਸੇ ਨੂੰ ਮਿਲੀ। ਸਯਦ ਖਾਨਦਾਨ ਦੇ ਅੰਤਲੇ ਰੰਗੀਲੇ ਬਾਦਸ਼ਾਹ ਦੇ ਸਮੇਂ ਬਹਿਲੋਲ ਦੇ ਹਥ ਗਵਰਨਮੈਂਟ ਕਿਵੇਂ ਆਈ ਇਹ ਗਲ ਪਹਿਲੇ ਹੀ ਵਿਸਥਾਰ ਨਾਲ ਦਸੀ ਜਾ ਚੁਕੀ ਹੈ। ਬਹਿਲੋਲ ਨੇ ਮਜ਼ਬੂਤ ਹਥਾਂ ਨਾਲ ਰਾਜ ਕੀਤਾ ਅਤੇ ਜੌਨ ਪੁਰ ਦੇ ਰਾਜ ਨੂੰ ਮੁੜ ਦਿਲੀ ਵਿਚ ਸ਼ਾਮਲ ਕਰ ਲਿਆ। ਇਸੇ ਜਦੋ ਜਹਿਦ ਵਿਚਕਾਰ ਬਾਦਸ਼ਾਹਾਂ ਦਾ ਸ਼ਿਰਕੀ ਪਰਿਵਾਰ ਖਤਮ ਹੋ ਗਿਆ।

## ਉਸ ਦਾ ਪੰਜਾਬ ਵਿਚ ਦੌਰਾ ੧੪੫੧ ਈ.

ਸੰਨ ੧੪੫੧ ਈਸਵੀ ਵਿਚ ਬਾਦਸ਼ਾਹ ਨੇ ਪੰਜਾਬ ਦਾ ਦੌਰਾ ਕੀਤਾ ਇਸ ਦੌਰੇ ਸਮੇਂ ਉਹ ਮੁਲਤਾਨ ਗਿਆ ਜਿਥੇ ਉਸ ਨੇ ਫੌਜ ਨੂੰ ਮੁੜ ਜਥੇਬੰਦ ਕਰਨ ਦੇ ਨਾਲ ਹੀ ਨਾਲ ਪਛਮੀ ਸੂਬਿਆਂ ਦੇ ਮਾਮਲਿਆਂ ਨੂੰ ਵੀ ਠੀਕ ਠਾਕ ਕੀਤਾ। ਅਗਲੇ ਹੀ ਸਾਲ ਮੁਲਤਾਨ ਦੇ ਵਾਇਸਰਾਏ ਨੇ ਬਗ਼ਾਵਤ ਖੜੀ ਕਰ ਦਿਤੀ ਪਰ ਜਦ ਬਾਦਸ਼ਾਹ ਨੇ ਉਸ ਪਾਸੇ ਵਲ ਕੂਚ ਬੋਲਿਆ ਤਦ ਜਾ ਕੇ ਉਥੇ ਫਸਾਦ ਖਤਮ ਹੋਏ ਅਤੇ ਪੰਜਾਬ ਵਿਚ ਸ਼ਾਂਤੀ ਵਰਤੀ।

## ਬਾਦਸ਼ਾਹ ਦੀ ਮੌਤ

ਬਾਦਸ਼ਾਹ ਨੂੰ ਪੁਰਾਣਾ ਰੋਗ ਲਗਾ ਹੋਇਆ ਸੀ ਜਿਸ ਨਾਲ ਉਹ ੧੪੮੮ ਵਿਚ ਚਲਾਣਾ ਕਰ ਗਿਆ। ਉਸ ਨੇ ਕੁਲ ੩੮ ਸਾਲ ਤੇ ੮ ਮਹੀਨੇ ਤੀਕ ਰਾਜ ਕੀਤਾ।

## ਵਾਰਤਾ

ਫਰਿਸ਼ਤਾ ਲਿਖਦਾ ਹੈ ਕਿ ਜਵਾਨੀ ਸਮੇਂ ਬਹਿਲੋਲ ਸਾਮਾਨਾਂ ਦੇ ਦਰਵੇਸ਼ ਸ਼ੈਦਾ ਪਾਸੋਂ ਅਸ਼ੀਰਵਾਦ ਲਿਆ ਕਰਦਾ ਸੀ। ਇਕ ਦਿਨ ਜਦ ਉਹ ਉਸ ਦੀ ਸੇਵਾ ਵਿਚ ਹਾਜ਼ਰ ਹੋਇਆ ਤਦ ਦਰਵੇਸ਼ ਨੇ ਜਲਾਲ ਵਿਚ ਆ ਕੇ ਫਰਮਾਇਆ, "ਕੋਈ ਹੈ ਜੋ ਦਿਲੀ ਦੀ ਬਾਦਸ਼ਾਹੀ ਲਈ ਦੋ ਹਜ਼ਾਰ ਰੁਪਏ ਦੇਵੇ। ਬਹਿਲੋਲ ਨੇ ਆਖਿਆ ਹਜ਼ਰਤ! ਮੇਰੇ ਪਾਸ ੧੬੦੦ ਹੇਨ ਜੋ ਮੇਰੀ ਜ਼ਿੰਦਗੀ ਦੀ ਬਚਾਈ ਹੋਈ ਪੂੰਜੀ ਹੈ। ਇਹ ਕਹਿ ਕੇ ਉਹ ੧੬੦੦ ਰੁਪਏ ਰਕਮ ਲੈ ਕੇ ਹਾਜ਼ਰ ਹੋ ਗਿਆ। ਦਰਵੇਸ਼ ਨੇ ਉਸ ਦੀ ਭੇਟ ਪਰਵਾਨ ਕਰ ਲਈ ਤੇ ਬਹਿਲੋਲ ਦੇ ਸਿਰ ਉਤੇ ਹਥ ਰਖ ਕੇ ਫਰਮਾਇਆ—"ਸ਼ਾਬਾਸ਼ ਬੇਟਾ!" ਅਰਥਾਤ ਜਾ ਬੇਟਾ ਤੂੰ ਬਾਦਸ਼ਾਹ ਬਣੇਗਾ। ਜਦ ਬਹਿਲੋਲ ਦੇ ਮਿਤਰਾਂ ਨੂੰ ਪਤਾ ਲਗਾ ਤਦ ਉਹ ਉਸ ਨੂੰ ਟਿਕਚਰਾਂ ਕਰਨ ਲਗੇ ਕਿ ਉਸ ਨੇ ਐਵੇਂ ਰਕਮ ਰੋੜ੍ਹ ਦਿਤੀ ਹੈ। ਪਰ ਬਹਿਲੋਲ ਨੇ ਉਹਨਾਂ ਨੂੰ ਉਤਰ ਦਿਤਾ ਕੁਛ ਪ੍ਰਵਾਹ ਨਹੀਂ ਜੇ ਤਾਂ ਦਰਵੇਸ਼ ਦਾ ਕਿਹਾ ਸਚ ਹੋਇਆ ਤਦ ਮੈਨੂੰ ਇਹ ਸੌਦਾ ਮਹਿੰਗਾ ਨਹੀਂ, ਪਰ ਜੇ ਸਚ ਨਾ ਹੋਇਆ ਤਦ ਵੀ ਦਰਵੇਸ਼ ਦੀਆਂ ਅਸੀਸਾਂ ਤੋਂ ਹਾਨੀ ਨਹੀਂ ਪਹੁੰਚ ਸਕਦੀ।

## ਬਹਿਲੋਲ ਦਾ ਚਲਨ

ਬਹਿਲੋਲ ਬੜਾ ਸਖੀ, ਨਰਮ ਸਭਾ ਤੇ ਨਿਆਈਂ ਬਾਦਸ਼ਾਹ ਸੀ। ਉਹ ਆਪਣੇ ਦਰਬਾਰੀਆਂ ਨਾਲ ਮਿਤਰਾਂ ਵਾਂਗ ਵਰਤਾ ਕਰਦਾ ਉਹ ਬਹੁਤ ਹੀ ਘਟ ਤਖਤ ਉਤੇ ਬੈਠਦਾ। ਉਹ ਆਖਦਾ ਸੀ, "ਮੇਰੇ ਲਈ ਐਨਾ ਹੀ ਕਾਫੀ ਹੈ ਕਿ ਦੁਨੀਆਂ ਮੈਨੂੰ ਬਾਦਸ਼ਾਹ ਸਮਝਦੀ ਹੈ। ਆਪਣੀ ਸ਼ਾਹਾਨਾ ਸ਼ਾਨ ਦੇ ਦਖਾਵੇ ਨਾਲ ਮੇਰਾ ਕੀ ਸੌਰ ਜਾਏਗਾ।

## ਸਿਕੰਦਰ ਲੋਧੀ

### ਨਿਜ਼ਾਮ ਖਾਂ ਦੀ ਸਿਕੰਦਰ ਲੋਧੀ ਦੇ ਨਾਮ ਨਾਲ ਗਦੀ ਨਸ਼ੀਨੀ

ਬਹਿਲੋਲ ਲੋਧੀ ਦੀ ਮੌਤ ਮਗਰੋਂ ਉਸ ਦਾ ਪੁਤਰ ਨਿਜ਼ਾਮ ਖਾਂ ਸਿਕੰਦਰ ਲੋਧੀ ਦਾ ਉਪਨਾਮ ਧਾਰਨ ਕਰ ਕੇ ਤਖਤ ਉਪਰ ਬੈਠਾ। ਉਸ ਦੇ ਰਾਜ ਵਿਚ ਪੰਜਾਬ ਅੰਦਰ ਕੋਈ ਵਰਨਣ ਯੋਗ ਘਟਨਾ ਨਹੀਂ ਹੋਈ। ਉਸ ਨੇ ਬੁੰਦੇਲ ਖੰਡ ਦੇ ਹਿੰਦੂ ਰਾਜਿਆਂ ਅਤੇ ਉਤਰੀ ਮਾਲਵੇ ਦੇ ਰਾਜਿਆਂ ਨੂੰ ਈਨ ਮਨਾਈ ਤੇ ਦੇਸ ਦਾ ਚੰਗਾ ਪ੍ਰਬੰਧ ਕਰ ਕੇ ਆਪਣੇ ਪਿਤਾ ਦੇ ਜਸ ਨੂੰ ਕਾਇਮ ਰਖਿਆ। ਉਹ ਗਵਾਲੀਅਰ ਨੂੰ ਫਤਹ ਕਰਨ ਦੀਆਂ ਤਿਆਰੀਆਂ ਵਿਚ ਰੁਝਾ ਹੋਇਆ ਸੀ ਕਿ ਉਸ ਨੂੰ ਗਲੇ ਦੀ ਸੋਜ਼ਸ਼ ਦਾ ਐਸਾ ਰੋਗ ਲਗਾ ਜੋ ਜਾਨ ਲੈ ਕੇ ਹੀ ਟਲਿਆ।

## ਮੌਤ ੧੬੧੭ ਈ

ਉਸ ਨੇ ੨੮ ਸਾਲ ਤੇ ਪੰਜ ਮਹੀਨੇ ਤੀਕ ਰਾਜ ਕਰਨ ਮਗਰੋਂ ੧੪ ਦਸੰਬਰ ੧੬੧੭ ਈਸਵੀ ਨੂੰ ਚਲਾਣਾ ਕੀਤਾ।

## ਉਸ ਦਾ ਚਲਨ

ਉਹ ਬੜਾ ਵਿਦਵਾਨ ਬਾਦਸ਼ਾਹ ਅਤੇ ਉਚ ਪਾਏ ਦਾ ਕਵੀ ਸੀ। ਉਹ ਆਲਮਾਂ ਫਾਜ਼ਲਾਂ ਦੀ ਬੜੀ ਕਦਰ ਕਰਦਾ ਸੀ।

## ਖੈਰਾਇਤੀ ਕੰਮ ਦੀ ਪ੍ਰਸੰਸਾ

ਉਸ ਦੇ ਰਾਜ ਵਿਚ ਜੋ ਪੁਸਤਕਾਂ ਲਿਖੀਆਂ ਗਈਆਂ, ਉਹਨਾਂ ਵਿਚੋਂ "ਫਰਹੰਗ ਸਿਕੰਦਰੀ" ਵੀ ਹੈ। ਉਹ ਧਾਰਮਿਕ ਆਗੂਆਂ ਨੂੰ ਚੋਖੇ ਅਲਾਉਂਸ ਦਿੰਦਾ ਸੀ। ਹਰ ਸ਼ੁਕਰਵਾਰ ਵਾਲੇ ਦਿਨ ਗਰੀਬਾਂ ਗਰਬਿਆਂ ਨੂੰ ਪੁੰਨ ਦਾਨ ਵੰਡਦਾ ਸੀ। ਉਹ ਖੈਰਾਇਤੀ ਕੰਮਾਂ ਦਾ ਹੌਸਲਾ ਵਧਾਉਂਦਾ ਸੀ। ਉਸ ਦਾ ਕੋਈ ਦਰਬਾਰੀ ਕੋਈ ਚੰਗਾ ਤੇ ਨੇਕ ਕੰਮ ਕਰਦਾ ਤਦ ਉਹ ਉਸ ਦੀ ਬੜੀ ਪ੍ਰਸੰਸਾ ਕਰਦਾ ਤੇ ਆਖਦਾ 'ਤੂੰ ਨੇਕ ਕਮਾਈ ਕੀਤੀ ਹੈ, ਇਸ ਦਾ ਸਵਾਬ ਤੈਨੂੰ ਜ਼ਰੂਰ ਮਿਲੇਗਾ।'

## ਹਿੰਦੂਆਂ ਵਿਰੁਧ ਤਅਸਬ

ਉਹ ਮੂਰਤੀ ਪੂਜਕਾਂ ਦੇ ਮੰਦਰ ਗਿਰਾ ਦੇਂਦਾ ਸੀ। ਉਸ ਨੇ ਮਥਰਾ

Sri Satguru Jagjit Singh Ji eLibrary NamdhariElibrary@gmail.com

ਵਿਚ ਐਨ ਅਸ਼ਨਾਨ ਘਾਟ ਦੇ ਸਾਹਮਣੇ ਮਸੀਤਾਂ ਤੇ ਬਾਜ਼ਾਰ ਬਣਾਏ। ਉਸ ਨੇ ਆਪਣੇ ਰਾਜ ਸਮੇਂ ਹੁਕਮ ਦੇ ਰਖਿਆ ਸੀ ਕਿ ਕੋਈ ਹਿੰਦੂ ਜਾਤਰੀ ਯਾਤਰਾ ਸਮੇਂ ਦਾੜ੍ਹੀ ਤੇ ਸਿਰ ਨਾ ਮੁਨਾਏ।

## ਇਬਰਾਹੀਮ ਲੋਧੀ

## ਉਸ ਦੇ ਪੁਤਰ ਇਬਰਾਹੀਮ ਦੀ ਗਦੀ ਨਸ਼ੀਨੀ

ਸਿੰਕਦਰ ਲੋਧੀ ਦੀ ਮੌਤ ਆਗਰੇ ਵਿਚ ਹੋਣ ਮਗਰੋਂ ਉਸਦਾ ਪੁਤਰ ਇਬਰਾਹੀਮ ਲੋਧੀ ਗਦੀ ਨਸ਼ੀਨ ਹੋਇਆ। ਤਖਤ ਉਤੇ ਬੈਠਣ ਮਗਰੋਂ ਉਸ ਨੇ ਆਪਣੇ ਭਰਾ ਜਲਾਲ ਖਾਂ ਨੂੰ ਪਹਿਲੇ ਤੇ ਕੈਦ ਵਿਚ ਪਾ ਦਿਤਾ ਤੇ ਫੇਰ ਉਸ ਨੂੰ ਮਰਵਾ ਦਿਤਾ।

## ਬੇਚੈਨੀ ਤੇ ਬਗਾਵਤਾਂ

ਉਸ ਦੀਆਂ ਅਤਿਆਚਾਰ ਪੂਰਤ ਕਾਰਰਵਾਈਆਂ ਤੇ ਸਖਤੀਆਂ ਦੇ ਕਾਰਨ ਉਹਦੇ ਅਨੇਕਾਂ ਵੈਰੀ ਉਠ ਖੜੇ ਹੋਏ। ਦਰਬਾਰੀਆਂ ਵਿਚਾਲੇ ਵੀ ਬੇਚੈਨੀ ਫੈਲ ਗਈ। ਬਿਹਾਰ ਦੇ ਗਵਰਨਰ ਨੇ ਆਪਣੀ ਸੁਤੰਰਤਾ ਦਾ ਐਲਾਨ ਕਰ ਦਿਤਾ ਅਤੇ ਕਈ ਲੜਾਈਆਂ ਵਿਚ ਸ਼ਾਹੀ ਫੌਜਾਂ ਨੂੰ ਹਾਰ ਦਿਤੀ। ਲਾਹੌਰ ਦੇ ਵਾਈਸਰਾਇ ਦੌਲਤ ਖਾਂ ਲੋਧੀ ਨੇ ਵੀ ਬਗਾਵਤ ਖੜੀ ਕਰ ਦਿਤੀ ਅਤੇ ਦਿਲੀ ਤੋਂ ਦਖਣ ਤੀਕ ਸਾਰੇ ਇਲਾਕੇ ਸਾਂਭ ਕੇ ਬੈਠ ਗਿਆ। ਇਬਰਾਹੀਮ ਲੋਧੀ ਦਾ ਚਾਚਾ ਸ਼ਾਹਜ਼ਾਦਾ ਅਲਾ ਉਦੀਨ, ਜੋ ਕਾਬਲ ਨਸ ਗਿਆ ਸੀ ੪੦ ਹਜ਼ਾਰ ਘੋੜ ਸਵਾਰ ਫੌਜ ਲੈ ਕੇ ਮੈਦਾਨ ਵਿਚ ਨਿਕਲਿਆਂ। ਦੌਲਤ ਖਾਂ ਲੋਧੀ ਵੀ ਉਸ ਦੇ ਨਾਲ ਸ਼ਾਮਲ ਹੋ ਗਿਆ। ਇਹ ਦੋਵੇਂ ਫੌਜਾਂ ਲੈ ਕੇ ਦਿਲੀ ਵਲ ਵਧੇ ਤਾਂ ਜੁ ਬਾਦਸ਼ਾਹ ਨੂੰ ਓਥੋਂ ਨਸਾਇਆ ਜਾਏ। ਲੜਾਈ ਆਰੰਭ ਹੋਣ ਤੇ ਸ਼ੁਰੂ ਵਿਚ ਤਾਂ ਸ਼ਾਹਜ਼ਾਦੇ ਦਾ ਹਥ ਉਪਰ ਰਿਹਾ ਕਿਉਂਕਿ ਬਾਦਸ਼ਾਹ ਦੇ ਬਹੁਤ ਸਾਰੇ ਅਫਸਰ ਇਸ ਨੂੰ ਛਡ ਕੇ ਉਹ ਦੇ ਨਾਲ ਸ਼ਾਮਲ ਹੋਏ ਪਰ ਅਗਲੇ ਦਿਨਾਂ ਵਿਚ ਜੰਗ ਦਾ ਪਾਸਾ ਪਲਟ ਗਿਆ। ਅਲਾ ਉਦੀਨ ਦੀਆਂ ਫੌਜਾਂ ਲੁਟ ਮਾਰ ਕਰਨ ਲਈ ਏਧਰ ਔਧਰ ਖਿੰਡ ਪੁੰਡ ਗਈਆਂ। ਬਾਦਸ਼ਾਹ ਨੇ ਮੌਕਾਂ ਤਾੜ ਕੇ ਆਪਣੀਆਂ ਫੌਜਾਂ ਦੀ ਸਫ ਬੰਦੀ ਕੀਤੀ ਅਤੇ ਭਾਰੀ ਗਿਣਤੀ ਵਿਚ ਹਾਥੀ ਜਮਾ ਕਰਕੇ ਵੈਰੀ ਉਤੇ ਹਲਾ ਬੋਲ ਦਿਤਾ। ਦੋਵਾਂ ਪਾਸਿਆਂ ਵਲੋਂ ਬੜੀ ਕਟ ਵਢ ਮਗਰੋਂ ਲੜਾਈ ਵਿਚ ਹਮਲਾ ਆਵਰ ਫੌਜ ਨੂੰ ਹਾਰ ਹੋਈ ਤੇ ਉਹ ਅਫਰਾ ਤਫਰੀ ਵਿਚਾਲੇ ਨਸ ਉਠੀਆਂ। ਉਹਨਾਂ ਦੀ ਫੌਜ ਭਾਰੀ ਗਿਣਤੀ ਵਿਚ ਮਾਰੀ ਗਈ ਇਸ ਹਾਰ ਤੋਂ ਮਗਰੋਂ ਸ਼ਾਹਜ਼ਾਦਾ ਅਲਾ ਉਦੀਨ ਪੰਜਾਬ ਵਲ ਹਰਨ ਹੋ ਗਿਆ।

## ਦੌਲਤ ਖਾਂ ਲੋਧੀ ਨੇ ਬਾਬਰ ਨੂੰ ਹਿੰਦ ਵਿਚ ਬੁਲਾਇਆ

ਦਿਲੀ ਦਰਬਾਰ ਨਾਲ ਨਾਰਾਜ਼ ਹੋ ਕੇ ਦੌਲਤ ਖਾਂ ਲੋਧੀ ਵਾਇਸਰਾਏ ਪੰਜਾਬ ਨੇ ਆਪਣੇ ਪਰਤੀਨਿਧ ਕਾਬਲ ਭੇਜੇ ਤਾਂ ਜੁ ਤੈਮੂਰ ਦੇ ਪੋਤੇ ਮੁਗਲ ਬਾਦਸ਼ਾਹ ਬਾਬਰ ਨੂੰ ਹਿੰਦੁਸਤਾਨ ਉਤੇ ਚੜ੍ਹਾਈ ਲਈ ਤਿਆਰ ਕਰਨ ਜਿਵੇਂ ਕਿ ਉਸ ਦੇ ਵਡੇਰਿਆ ਨੇ ਕੀਤਾ ਸੀ।

ਇਸ ਸਦੇ ਪਤਰ ਨੂੰ ਪਰਵਾਨ ਕਰ ਕੇ ਬਾਬਰ ਨੇ ੧੫੨੬ ਵਿਚ ਹਿੰਦੁਸਤਾਨ ਉਤੇ ਹਮਲਾ ਕੀਤਾ। ਪਾਣੀ ਪਤ ਦੀ ਰਣ ਭੂਮੀ ਵਿਚ ਮੁਗਲ ਤੇ ਹਿੰਦੀ ਫੌਜਾਂ ਵਿਚਾਲੇ ਜੰਗ ਹੋਈ। ਪਾਣੀ ਪਤ ਉਹੋ ਮੈਦਾਨਿ ਜੰਗ ਹੈ ਜਿਥੇ ਕਈ ਵਾਰ ਹਿੰਦੁਸਤਾਨ ਦੀ ਕਿਸਮਤ ਦਾ ਫੈਸਲਾ ਹੋ ਚੁਕਾ ਸੀ।

## ਸੁਲਤਾਨ ਇਬਰਾਹੀਮ ਦੀ ਹਾਰ ਤੇ ਮੌਤ ੧੫੨੭ ਈ:

ਇਸ ਇਤਿਹਾਸਕ ਯੁਧ ਵਿਚ ਜੋ ੨੧ ਅਪਰੈਲ ੧੫੨੬ ਈਸਵੀ ਨੂੰ ਹੋਇਆ ਬਾਬਰ ਦੀ ਫਤਹ ਹੋਈ। ਲੋਧੀ ਖਾਨਦਾਨ ਦਾ ਅੰਤਮ ਬਾਦਸ਼ਾਹ ਇਬਰਾਹੀਮ ਮੈਦਾਨਿ ਜੰਗ ਵਿਚ ਮਾਰਿਆ ਗਿਆ। ਉਸ ਦੀ ਮੌਤ ਨਾਲ ਮੁਗਲਾਂ ਦਾ ਇਕ ਹੋਰ ਖਾਨਦਾਨ ਏਥੇ ਸਥਾਪਤ ਹੋ ਗਿਆ। ਇਬਰਾਹੀਮ ਨੇ ੨੦ ਸਾਲ ਤੀਕ ਰਾਜ ਕੀਤਾ ਅਤੇ ਲੋਧੀ ਖਾਨਦਾਨ ਦਾ ਰਾਜ ੧੪੫੦ ਤੋਂ ੧੫੨੬ ਤੀਕ ਅਰਥਾਤ ੭੫ ਸਾਲ ਜਾਰੀ ਰਿਹਾ।

# ਪ੍ਰਕਰਨ-੧੦

## ਮੁਗਲ ਖਾਨਦਾਨ

### ਜ਼ਹੀਰ ਉਦੀਨ ਬਾਬਰ

### ਬਾਬਰ ਦੇ ਮਾਤਾ ਪਿਤਾ

ਬਾਬਰ ਤੈਮੂਰ ਦੀ ਛੇਵੀਂ ਪੀੜ੍ਹੀ ਤੇ ਉਮਰ ਸ਼ੇਖ ਮਿਰਜ਼ਾ ਦਾ ਪੁਤਰ ਸੀ। ਉਸ ਦੀ ਮਾਤਾ ਕੁਤਲੂਘ ਨਗਾਰ ਖਾਨਮ ਚੰਗੇਜ਼ ਖਾਨੀ ਨਸਲ ਵਿਚੋਂ ਸੀ।

### ਬਚਪਨ

ਏਸ਼ਿਆਈ ਇਤਿਹਾਸ ਵਿਚ ਇ[illegible] ਦੀ ਇਕੋ ਇਕ ਹਸਤੀ ਮੰਨੀ ਗਈ ਹੈ। ਅਜੇ ਉਹ ੧੨ ਸਾਲ ਦੀ ਉਮਰ ਦਾ ਨੌਜਵਾਨ ਹੀ ਸੀ ਕਿ ਉਸ ਦੇ ਬਾਪ ਨੇ ਉਸ ਨੂੰ ਜੂਦੀਜਾਨ ਦੀ ਬਾਦਸ਼ਾਹਤ ਸੌਂਪ ਦਿਤੀ। ਉਮਰ ਸ਼ੇਖ ਮਿਰਜ਼ਾ ਦੀ ਕਬੂਤਰ ਘਰ ਤੋਂ ਡਿਗ ਪੈਣ ਨਾਲ ਮੌਤ ਹੋ

Sri Satguru Jagjit Singh Ji eLibrary NamdhariElibrary@gmail.com

ਗਈ ਤਦ ਦਰਬਾਰ ਦੇ ਦਰਬਾਰੀਆਂ ਨੇ ਉਸ ਦੇ ਬੇਟੇ ਬਾਬਰ ਨੂੰ ਉਸ ਦੀ ਗਦੀ ਉਪਰ ਬਿਠਾ ਦਿਤਾ।

## ਉਸ ਦੇ ਕਾਰਨਾਮੇ

ਨਵੇਂ ਬਾਦਸ਼ਾਹ ਨੇ ਜ਼ਹੀਰ ਉਦੀਨ ਦੇ ਨਾਮ ਨਾਲ ਆਪਣੇ ਬਾਪ ਦੀ ਗਦੀ ਸੰਭਾਲੀ। ਪੰਦਰਾਂ ਸਾਲ ਦੀ ਉਮਰ ਵਿਚ ਬਾਬਰ ਨੇ ਸਮਰ ਕੰਦ ਨੂੰ ਫਤਹ ਕਰ ਲਿਆ ਜੋ ਉਸ ਦੇ ਵਡੇਰਿਆਂ ਦੀ ਰਾਜਧਾਨੀ ਸੀ। ਛੋਟੇਰੀ ਉਮਰ ਦਾ ਹੋਣ ਕਰ ਕੇ ਉਹ ਆਪਣੀ ਜਿਤ ਨੂੰ ਕਾਇਮ ਨਾ ਰਖ ਸਕਿਆ। ਨਾ ਕੇਵਲ ਜਿਤਿਆ ਇਲਾਕਾ ਹੀ ਸਗੋਂ ਉਸ ਦੇ ਨਾਲ ਹੀ ਉਸ ਦਾ ਆਪਣਾ ਇਲਾਕਾ ਵੀ ਹਥੋਂ ਨਿਕਲ ਗਿਆ।

## ਹਿੰਦ ਬਾਰੇ ਬਾਬਰ ਦੇ ਇਰਾਦੇ

ਜ਼ਿੰਦਗੀ ਵਿਚ ਬਹੁਤ ਸਾਰੇ ਉਤਾਰ ਚੜ੍ਹਾ ਮਗਰੋਂ ਬਾਬਰ ਨੇ ਵੇਖਿਆ ਕਿ ਪੱਛਮੀ ਦੇਸਾਂ ਵਿਚ ਹੀ ਉਸ ਦੀ ਪੁਜ਼ੀਸ਼ਨ ਸੁਰਖਿਅਤ ਰਹਿ ਸਕਦੀ ਹੈ। ਇਹ ਸੋਚ ਕੇ ਉਸ ਨੇ ਹਿੰਦੁਸਤਾਨ ਉਤੇ ਹਮਲਾ ਕਰਨ ਦਾ ਨਿਸਚਾ ਧਾਰਿਆ। ਉਸ ਦੀ ਮੁਦਤ ਤੋਂ ਦਿਲੀ-ਰੀਝ ਸੀ ਕਿ ਆਪਣੇ ਬਜ਼ੁਰਗਾਂ ਦੀਆਂ ਜਿੱਤਾਂ ਦਾ ਸਦਕਾ ਉਹ ਵੀ ਉਥੇ ਆਪਣਾ ਰਾਜ ਕਾਇਮ ਕਰੇ।

## ਉਸ ਦੀ ਪਹਿਲੀ ਮੁਹਿੰਮ ੧੫੧੯

ਉਸ ਨੇ ਹਿੰਦੁਸਤਾਨ ਉਤੇ ਪਹਿਲਾ ਹਮਲਾ ੧੫੧੯ ਈ: ਵਿਚ ਕੀਤਾ। ਉਹ ਆਪਣੀਆਂ ਫੌਜਾਂ ਲੈ ਕੇ ਮਾਰੋ ਮਾਰ ਕਰਦਾ ਦਰਿਆ ਸਿੰਧ ਤੀਕ ਅਪੜ ਗਿਆ। ਫੇਰ ਦਰਿਆ ਸਿੰਧ ਨੂੰ ਪਾਰ ਕਰ ਕੇ ਪੰਜਾਬ ਦੇ ਸ਼ਹਿਰ ਭੇਰੇ ਵਿਚ ਆਣ ਡੇਰੇ ਲਾਏ।

## ਭੇਰੇ ਪਾਸੋਂ ਖਰਾਜ

ਏਥੇ ਬਾਬਰ ਨੇ ਸ਼ਹਿਰ ਵਿਚ ਲੁਟ ਨਹੀਂ ਮਚਾਈ, ਸਗੋਂ ਓਥੋਂ ਦੇ ਵਸਨੀਕਾਂ ਉਤੇ ੪ ਲਖ ਸ਼ਾਹ ਰੁਖੀ ਦਾ ਤਾਵਾਨ ਪਾ ਦਿਤਾ। ਭੇਰਾ ਤੋਂ ਉਸ ਨੇ ਆਪਣੇ ਰਾਜਦੂਤ ਮੌਲਾਨਾ ਮੁਰਸ਼ਦ ਨੂੰ ਇਬਰਾਹੀਮ ਲੋਧੀ ਦੇ ਦਰਬਾਰ ਵਿਚ ਭੇਜਿਆ। ਉਸ ਦੇ ਰਾਹੀਂ ਲੋਧੀ ਬਾਦਸ਼ਾਹ ਨੂੰ ਆਖਿਆ ਗਿਆ ਕਿ ਪੰਜਾਬ ਦਾ ਰਾਜ ਉਸ ਦੇ (ਬਾਬਰ ਦੇ) ਵਡਿਆਂ ਦੇ ਕਬਜ਼ੇ ਵਿਚ ਅਨੇਕ ਵਾਰ ਰਹਿ ਚੁਕਾ ਹੈ, ਇਸ ਲਈ ਚੰਗੀ ਇਹ ਹੀ ਹੈ ਕਿ ਬਾਦਸ਼ਾਹ ਉਸ ਸੂਬੇ ਉਤੇ ਕਬਜ਼ੇ ਦਾ ਇਰਾਦਾ ਤਿਆਗ ਦੇਵੇ ਤਾਂ ਜੁ ਜੰਗ ਛੇੜਨ ਦੀ ਲੋੜ ਹੀ ਨਾ ਰਹਿ ਜਾਏ।

## ਹਿੰਦਾਲ ਮਿਰਜ਼ੇ ਦਾ ਜਨਮ

ਏਸੇ ਥਾਂ ਉਤੇ ਬਾਬਰ ਨੂੰ ਇਹ ਖੁਸ਼ਖਬਰੀ ਪੁਜੀ ਕਿ ਉਸ ਦੇ ਘਰ ਲੜਕਾ ਪੈਦਾ ਹੋਇਆ ਹੈ। ਉਸ ਦੀ ਪੈਦਾਇਸ਼ ਉਸ ਸਮੇਂ ਹੋਈ ਸੀ ਜਦੋਂ ਉਹ ਹਿੰਦ ਉਤੇ ਹਮਲਾ ਕਰਨ ਦੀਆਂ ਤਿਆਰੀਆਂ ਵਿਚ ਸੀ, ਇਸ ਲਈ ਉਸ ਨੇ ਉਸ ਬਚੇ ਦਾ ਨਾਮ ਹੀ ਹਿੰਦਾਲ ਰਖ ਦਿਤਾ।

## ਚਨਾਬ ਵਲ ਪੇਸ਼-ਕਦਮੀ

ਉਸ ਨੇ ਚਨਾਬ ਤੀਕ ਦੇ ਸਾਰੇ ਇਲਾਕੇ ਨੂੰ ਜਿਤ ਕੇ ਆਪਣੇ ਕਬਜ਼ੇ ਵਿਚ ਕਰ ਲਿਆ ਅਤੇ ਹਸਨ ਬੇਗ ਅਤਕਾ ਨੂੰ ਇਸ ਜਿਤੇ ਹੋਏ ਇਲਾਕੇ ਦਾ ਗਵਰਨਰ ਨਿਯਤ ਕੀਤਾ।

## ਗਖੜਾਂ ਦੀ ਸੁਧਾਈ

ਇਸ ਦੇ ਮਗਰੋਂ ਉਹ ਆਪਣੀ ਫੌਜ ਲੈ ਕੇ ਗਖੜਾਂ ਨੂੰ ਸੋਧਣ ਲਈ ਅਗੇ ਵਧਿਆ। ਉਸ ਨੇ ਬੀਰ ਹਾਲਾ ਦੇ ਕਿਲ੍ਹੇ ਉਤੇ ਜਾ ਹੱਲਾ ਬੋਲਿਆ। ਏਥੇ ਮੁਗਲਾਂ ਦੇ ਜਰਨੈਲ ਦੋਸਤ ਬੇਗ ਨੇ ਗਖੜਾਂ ਨੂੰ ਲੜਾਈ ਵਿਚ ਹਾਰ ਦਿਤਾ। ਬਾਬਰ ਨੇ ਆਪ ਉਹਨਾਂ ਨੂੰ ਪਿਛਾਂਹ ਨੱਸਣ ਤੋਂ ਰੋਕ ਦਿਤਾ, ਜਿਸ ਕਰ ਕੇ ਉਹ ਪਹਾੜਾਂ ਵਿਚ ਨੱਸ ਗਏ। ਦੌੜਦੇ ਹੋਏ ਬਹੁਤ ਸਾਰੇ ਗਖੜ ਮਾਰੇ ਗਏ। ਬੀਰ ਹਾਲੇ ਦਾ ਕਿਲ੍ਹਾ ਤੇ ਉਥੋਂ ਦਾ ਸਾਰਾ ਖਜ਼ਾਨਾ ਵਿਜਈ ਦੇ ਹਥ ਲਗਾ। ਬਾਬਰ ਨੇ ਮੁਹੰਮਦ ਅਲੀ ਨੂੰ ਆਪਣਾ ਲੈਫਟੀਨੈਂਟ ਬਣਾ ਕੇ ਪਿਛੇ ਛਡਿਆ ਅਤੇ ਆਪ ਕਾਬਲ ਨੂੰ ਵਾਪਸ ਮੁੜ ਗਿਆ।

## ਦੂਜੀ ਮੁਹਿੰਮ ੧੫੧੯

ਉਸੇ ਸਾਲ ਦੇ ਪਿਛਲੇ ਅਧ ਵਿਚ ਬਾਬਰ ਦਾ ਹਿੰਦ ਉਤੇ ਦੂਜਾ ਹਮਲਾ ਹੋਇਆ। ਇਸ ਹਮਲੇ ਦਾ ਮੰਤਵ ਸੀ ਲਾਹੌਰ ਨੂੰ ਫਤਹ ਕਰਨਾ।

## ਯੂਸਫਜ਼ਈਆਂ ਦੀ ਹਾਰ

ਯੂਸਫਜ਼ਈਆਂ ਨੇ ਉਸ ਦੀ ਪੇਸ਼ ਕਦਮੀ ਨੂੰ ਰੋਕਣ ਦਾ ਜਤਨ ਕੀਤਾ ਪਰ ਉਲਟਾ ਓਹਨਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਤੇ ਉਹ ਪਛਾਂਹ ਵਾਪਸ ਹੋ ਗਏ। ਪਸ਼ਾਵਰ ਪੁਜ ਕੇ ਬਾਬਰ ਨੇ ਕਿਲੇ ਦੀ ਪੂਰੀ ਪੂਰੀ ਮੁਰੰਮਤ ਕਰਾਈ ਅਤੇ ਓਥੇ ਸਰਹਦੀ ਮਾਮਲਿਆ ਨੂੰ ਨਿਪਟਾਉਣ ਮਗਰੋਂ ਹਿੰਦ ਵਲ ਕੂਚ ਬੋਲ ਦਿਤਾ। ਠੀਕ ਇਸ ਸਮੇਂ ਉਸ ਨੂੰ ਖਬਰ ਪੁਜੀ ਕਿ ਸੁਲਤਾਨ ਸਯਦ ਸ਼ਾਹ ਕਾਸ਼ਗਰ ਨੇ ਬਦਖਸ਼ਾਂ ਉਤੇ ਹਮਲਾ ਕਰ ਦਿਤਾ ਹੈ। ਇਹ ਖਬਰ ਸੁਣ ਕੇ ਉਸ ਨੂੰ ਵਾਪਸ ਮੁੜਨਾ ਪੈ ਗਿਆ। ਉਸ ਨੇ ਆਪਣੇ ਸੰਬੰਧੀ ਮੁਹੰਮਦ ਸੁਲਤਾਨ ਮਿਰਜ਼ਾ ਨੂੰ ੪ ਹਜ਼ਾਰ ਘੋੜ ਸਵਾਰ ਫੌਜ ਦੇ ਕੇ ਪਿਛੇ ਛਡਿਆ ਤਾਂ ਜੁ ਹਿੰਦੁਸਤਾਨ ਵਿਚ ਕੰਮ ਚਲਾਏ ਅਤੇ ਆਪ ਉਸੇ ਵੇਲੇ ਪਿਛਾਂਹ ਮੁੜ ਗਿਆ।

## ਤੀਜੀ ਮੁਹਿੰਮ

ਸੰਨ ੧੫੨੦ ਈਸਵੀ ਵਿਚ ਉਸ ਨੇ ਫੇਰ ਹਿੰਦੁਸਤਾਨ ਵਲ ਕੂਚ ਬੋਲਿਆ ਤੇ ਰਸਤੇ ਵਿਚ ਵਿਰੋਧੀ ਅਫਗਾਨਾਂ ਦੀ ਭੁਗਤ ਸਵਾਰੀ। ਫੇਰ ਸਿਆਲਕੋਟ ਨੂੰ ਫਤਹ ਕੀਤਾ ਪਰ ਓਥੋਂ ਦੇ ਵਸਨੀਕਾਂ ਨੂੰ ਲੁਟ ਮਾਰ ਤੇ ਕਤਲਿ ਆਮ ਤੋਂ ਬਚਾ ਲਿਆ।

## ਵਸਨੀਕਾਂ ਦੀ ਕਤਲਿਆਮ

ਇਸ ਮਾਮਲੇ ਵਿਚ ਸਯਦ ਪੁਰ ਘਟ ਖੁਸ਼ ਕਿਸਮਤ ਰਿਹਾ ਕਿਉਂਕਿ ਓਥੋਂ ਦੇ ਵਾਸਨੀਕਾਂ ਨੇ ਹਮਲਾ ਆਵਰ ਨੂੰ ਰੋਕਿਆ ਸੀ ਇਸ ਲਈ ਓਥੋਂ ਦੀ ਸਾਰੀ ਫੌਜ ਦਾ ਨਿਰਦੈਤਾ ਨਾਲ ਕਤਲਿ ਆਮ ਕੀਤਾ ਅਤੇ ਉਥੋਂ ਦੀ ਸਾਰੀ ਸ਼ਹਿਰੀ ਵਸੋਂ ਨੂੰ ਗੁਲਾਮ ਬਣਾ ਕੇ ਲੈ ਗਿਆ। ਇਹਨਾਂ ਘਟਨਾਵਾਂ ਦੇ ਵਿਚਕਾਰ ਹੀ ਬਾਬਰ ਨੂੰ ਖਬਰ ਪੁਜੀ ਕਿ ਕੰਧਾਰ ਵਲੋਂ ਫੌਜ ਨੇ ਕਾਬਲ ਉਤੇ ਹਲਾ ਬੋਲ ਦਿਤਾ ਹੈ। ਇਹ ਖਬਰ ਸੁਣ ਕੇ ਉਸਨੂੰ ਆਪਣੀਆਂ ਮੁਹਾਰਾਂ ਫੇਰ ਵਤਨ ਵਲ

Sri Satguru Jagjit Singh Ji eLibrary NamdhariElibrary@gmail.com

ਮੌਤਨੀਆਂ ਪੈ ਗਈਆਂ। ਵਾਪਸ ਜਾ ਕੇ ਨਾ ਕੇਵਲ ਉਸ ਨੇ ਹਮਲਾ ਆਵਰਾਂ ਨੂੰ ਹੀ ਬਾਹਰ ਨਸਾਇਆ ਸਗੋਂ ਕੰਧਾਰ ਨੂੰ ਵੀ ਫਤਹ ਕਰ ਲਿਆ ਅਤੇ ਉਥੋਂ ਦੇ ਸ਼ਾਹ ਬੇਗ ਅਰਬੁਨ ਨੂੰ ਵੀ ਦੇਸ ਵਿਚੋਂ ਬਾਹਰ ਕਢ ਦਿਤਾ। ਉਸ ਨੇ ਸਿੰਧ ਦੀ ਰਾਜਧਾਨੀ ਭਖੜ ਵਿਚ ਜਾ ਪਨਾਹ ਲਈ। ਬਾਬਰ ਨੇ ਬੋਦਖਸ਼ਾਂ ਦਾ ਰਾਜ ਆਪਣੇ ਵਡੇ ਪੁਤਰ ਹੁਮਾਯੂੰ ਦੇ ਅਤੇ ਕੰਧਾਰ ਦਾ ਦੂਜੇ ਏਟੇ ਕਾਮਰਾਨ ਦੇ ਸਪੁਰਦ ਕਰ ਦਿਤਾ।

## ਚੌਥੀ ਮੁਹਿੰਮ ੧੫੨੪ ਈ

ਸੰਨ ੧੫੨੪ ਵਿਚ ਪੰਜਾਬ ਦੇ ਵਾਇਸਰਾਏ ਦੌਲਤ ਖਾਂ ਲੋਧੀ ਵਲੋਂ ਇਕ ਡੈਪੂਟੇਸ਼ਨ ਕਾਬਲ ਪੁਜ ਕੇ ਬਾਬਰ ਦੀ ਸੇਵਾ ਵਿਚ ਹਾਜ਼ਰ ਹੋਇਆ ਜਿਸ ਨੇ ਬਾਬਰ ਨੂੰ ਪੰਜਾਬ ਉਤੇ ਚੜ੍ਹਾਈ ਕਰਨ ਦਾ ਸਦਾ ਦਿਤਾ ਉਸ ਡੈਪੂਟੇਸ਼ਨ ਨੇ ਬਾਬਰ ਨੂੰ ਇਹ ਵੀ ਭਰੋਸਾ ਦਿਵਾਇਆ ਕਿ ਜੇ ਉਸ ਨੇ ਦੇਸ ਉਤੇ ਚੜ੍ਹਾਈ ਕੀਤੀ ਤਦ ਲਾਹੌਰ ਦਾ ਕਬਜ਼ਾ ਉਸ ਨੂੰ ਤੁਰਤ ਦੇ ਦਿਤਾ ਜਾਏਗਾ।

## ਬਾਬਰ ਦਾ ਖਤ ਪੱਤਰ ਲਾਹੌਰੀ ਵਾਇਸਰਾਏ ਨਾਲ

ਇਸ ਸਮੇਂ ਵਿਚ ਦਿਲੀ ਦੇ ਸ਼ਹਿਨਸ਼ਾਹ ਨੂੰ ਦੌਲਤ ਖਾਂ ਲੋਧੀ ਦੀ ਵਫ਼ਾਦਾਰੀ ਵਿਚ ਸ਼ੱਕ ਪੈ ਗਿਆ। ਇਸ ਲਈ ਉਸ ਨੇ ਉਸ ਨੂੰ ਲਾਹੌਰੋਂ ਜਲਾਵਤਨ ਕਰ ਦਿਤਾ। ਜਿਸ ਕਰ ਕੇ ਸਾਬਕਾ ਵਾਇਸਰਾਏ ਨੂੰ ਬਲੋਚੀਆਂ ਪਾਸ ਪਨਾਹ ਲੈਣੀ ਪਈ। ਏਨੇ ਨੂੰ ਬਾਬਰ ਵੀ ਆਪਣੀ ਫੌਜ ਲੈ ਕੇ ਪੰਜਾਬ ਵਲ ਵਧਿਆ। ਗਖੜਾਂ ਦੇ ਦੇਸ ਵਿਚੋਂ ਲੰਘ ਰਿਹਾ ਸੀ ਕਿ ਪੰਜਾਬ ਦੇ ਸ਼ਾਹੀ ਅਫਸਰਾਂ ਨੇ ਉਸ ਦੀ ਪੇਸ਼ ਕਦਮੀ ਨੂੰ ਰੋਕਣ ਦਾ ਜਤਨ ਕੀਤਾ। ਰੁਕਾਵਟ ਪਾਉਣ ਵਾਲੇ ਬਿਹਾਰ ਖਾਂ ਲੋਧੀ, ਮੁਬਾਰਕ ਖਾਂ ਲੋਧੀ ਅਤੇ ਭੀਖਣ ਖਾਂ ਲੁਹਾਨੀ ਸਨ ਜਿਨ੍ਹਾਂ ਪਾਸ ਬਹੁਤ ਸਾਰੀ ਫੌਜ ਸੀ।

## ਲਾਹੌਰ ਉਤੇ ਹਮਲਾ ਤੇ ਜਿੱਤ

ਲਾਹੌਰ ਦੇ ਮੈਦਾਨਾਂ ਵਿਚ ਦੋਵਾਂ ਧਿਰਾਂ ਦੀ ਲਹੂ ਡੋਲ੍ਹਵੀਂ ਜੰਗ ਹੋਈ। ਅੰਤ ਵਿਚ ਪੰਜਾਬ ਦੀਆਂ ਫੌਜਾਂ ਨੂੰ ਹਾਰ ਖਾਣੀ ਪਈ। ਉਹਨਾਂ ਦੀ ਬਹੁਤ ਸਾਰੀ ਫੌਜ ਜੰਗ ਵਿਚ ਮਾਰੀ ਗਈ ਤੇ ਬਾਕੀ ਦੀ ਫੌਜ ਨਸ ਗਈ।

## ਮਕਾਨ ਸਾੜ ਦਿਤੇ

ਬਾਬਰ ਵਿਜਈ ਦੇ ਰੂਪ ਵਿਚ ਲਾਹੌਰ ਸ਼ਹਿਰ ਵਿਚ ਬੜੀ ਧੂਮ ਧਾਮ ਨਾਲ ਦਾਖ਼ਲ ਹੋਇਆ। ਉਸ ਨੇ ਆਪਣੇ ਕਬੀਲੇ ਦੇ ਆਮ ਦਸਤੂਰ ਮੂਜਬ ਮਕਾਨਾਂ ਨੂੰ ਅਗ ਲਾ ਦਿਤੀ। ਉਹ ਪੂਰੇ ਚਾਰ ਦਿਨ ਤੀਕ ਲਾਹੌਰ ਵਿਚ ਟਿਕਿਆ ਰਿਹਾ। ਫੇਰ ਉਸ ਨੇ ਦੀਪਾਲ ਪੁਰ ਵਿਰੁਧ ਕੂਚ ਬੋਲ ਦਿਤਾ। ਉਥੋਂ ਦੇ ਕਿਲ੍ਹੇ ਵਿਚਲੀ ਫੌਜ ਨੇ ਬਾਬਰ ਦਾ ਡਟ ਕੇ ਮੁਕਾਬਲਾ ਕੀਤਾ। ਉਸ ਨੇ ਬੜੇ ਜ਼ੋਰ ਦੀ ਹਲਾ ਬੋਲਿਆ ਤੇ ਕਿਲ੍ਹੇ ਵਿਚਲੀ ਸਾਰੀ ਫੌਜ ਕਤਲ ਕਰ ਦਿਤੀ। ਦੀਪਾਲ ਪੁਰ ਵਿਚ ਦੌਲਤ ਖਾਂ ਲੋਧੀ ਤੇ ਉਸ ਦੇ ਉਹ ਤਿੰਨ ਪੁਤ ਬਾਬਰ ਨੂੰ ਆਣ ਮਿਲੇ ਜਿਨ੍ਹਾਂ ਨੇ ਬਲੋਚੀਆਂ ਪਾਸ ਪਨਾਹ ਲਈ ਹੋਈ ਸੀ। ਬਾਬਰ ਨੇ ਉਹਨਾਂ ਦਾ ਬੜੇ ਆਦਰ ਨਾਲ ਸਵਾਗਤ ਕੀਤਾ ਅਤੇ ਜਾਲੰਧਰ ਸੁਲਤਾਨ ਪੁਰ ਤੇ ਪੰਜਾਬ ਦੇ ਕਈ ਹੋਰ ਜ਼ਿਲਿਆਂ ਦੀ ਗੌਰਮਿੰਟ ਉਨ੍ਹਾਂ ਦੇ ਸਪੁਰਦ ਕਰ ਦਿਤੀ। ਪਰ ਕੁਝ ਚਿਰ ਮਗਰੋਂ ਦੌਲਤ ਖਾਂ ਨੇ ਬਾਬਰੀ ਜੂਆ ਗਲੋਂ ਲਾਹ ਦਿਤਾ ਅਤੇ ਆਪਣੇ ਪਰਿਵਾਰ ਨੂੰ ਲੈ ਕੇ ਪਹਾੜਾਂ ਵਲ ਨਸ ਗਿਆ। ਇਸ ਕਾਰਰਵਾਈ ਨਾਲ ਹਿੰਦ ਵਿਚ ਬਾਬਰ ਦੇ ਲਾਭਾਂ ਨੂੰ ਭਾਰੀ ਨੁਕਸਾਨ ਪੁਜਾ। ਬਾਬਰ ਨੇ ਹੁਣ ਇਹੋ ਯੋਗ ਸਮਝਿਆ ਕਿ ਹਿੰਦੁਸਤਾਨ ਬਾਰੇ ਆਪਣੇ ਇਰਾਦਿਆਂ ਨੂੰ ਵਿਚੇ ਛਡ ਕੇ ਕਾਬਲ ਨੂੰ ਵਾਪਸ ਮੁੜ ਜਾਏ।

## ਜਿਤੇ ਹੋਏ ਇਲਾਕੇ ਦਾ ਪ੍ਰਬੰਧ

ਉਸ ਨੇ ਹੁਣ ਲਾਹੌਰ ਵਲ ਕੂਚ ਕੀਤਾ ਅਤੇ ਏਥੇ ਪਹੁੰਚ ਕੇ ਉਸ ਨੇ ਜਿਤੇ ਹੋਏ ਇਲਾਕੇ ਦੇ ਪ੍ਰਬੰਧ ਲਈ ਸਕੀਮ ਬਣਾਈ। ਉਸ ਸਕੀਮ ਦੇ ਮੁਤਾਬਕ ਮੀਰ ਅਬਦੁਲ ਅਜ਼ੀਜ਼ ਲਾਹੌਰ ਦਾ ਗਵਰਨਰ ਖੁਸਰੋ ਗੋਕਲਤਾਸ਼ ਸਿਆਲਕੋਟ ਦਾ ਗਵਰਨਰ, ਬਾਬਾ ਖਸ਼ਕਾ ਜੋ ਸ਼ਾਹ ਦਿਲੀ ਦੇ ਨਾਰਾਜ਼ ਹੋਏ ਭਾਈ ਸੁਲਤਾਨ ਅਲਾਉਦੀਨ ਦੇ ਮਾਤਹਿਤ ਸੀ, ਦੀਪਾਲਪੁਰ ਦਾ ਗਵਰਨਰ ਅਤੇ ਮੁਹੰਮਦ ਅਲੀ ਤਾਜਕ ਕਲਾਨੌਰ ਦਾ ਗਵਰਨਰ ਥਾਪਿਆ ਗਿਆ। ਇਹ ਪ੍ਰਬੰਧ ਕਰ ਕੇ ਬਾਬਰ ਕਾਬਲ ਨੂੰ ਮੁੜ ਗਿਆ।

ਹਿੰਦੁਸਤਾਨ ਵਿਚੋਂ ਬਾਬਰ ਦੀ ਗੈਰ-ਹਾਜ਼ਰੀ ਸਮੇਂ ਅਲਾਉਦੀਨ ਨੇ ਦੌਲਤ ਖਾਂ ਅਤੇ ਉਸ ਦੇ ਬੇਟੇ ਗਾਜ਼ੀ ਖਾਂ ਦੀ ਸਹਾਇਤਾ ਨਾਲ ੪੦ ਹਜ਼ਾਰ ਘੋੜ ਸਵਾਰ ਫੌਜ ਨਾਲ ਦਿਲੀ ਉਤੇ ਚੜ੍ਹਾਈ ਕਰ ਕੇ ਸ਼ਹਿਰ ਨੂੰ ਘੇਰੇ ਵਿਚ ਲੈ ਲਿਆ।

## ਪੰਜਵੀਂ ਮੁਹਿੰਮ ੧੫੨੫ ਈ:

ਪਰ ਇਸ ਲੜਾਈ ਵਿਚ ਹਮਲਾਆਵਰ ਹਾਰ ਖਾ ਕੇ ਪੰਜਾਬ ਨੂੰ ਮੁੜ ਆਏ। ਜਦ ਬਾਬਰ ਨੂੰ ਇਸ ਚੜ੍ਹਾਈ ਤੇ ਹਾਰ ਦੀ ਖਬਰ ਪੁਜੀ ਤਦ ਉਸ ਨੇ ਹਿੰਦੁਸਤਾਨ ਉਤੇ ਪੰਜਵਾਂ ਹੱਲਾ ਬੋਲਿਆ। ਇਸ ਮੁਹਿੰਮ ਵਿਚ ਉਸ ਦਾ ਬੇਟਾ ਹਮਾਯੂੰ ਬਦਖਸ਼ਾਂ ਤੋਂ ਅਤੇ ਖਵ ਜਾ ਕਲਾਂ ਗਜ਼ਨੀ ਤੋਂ ਆਣ ਸ਼ਾਮਲ ਹੋਏ। ੧੦ ਦਸੰਬਰ ੧੫੨੫ ਈ: ਨੂੰ ਉਸ ਨੇ ਦਰਿਆ ਸਿੰਧ ਪਾਰ ਕੀਤਾ। ਉਸ ਦੇ ਪਾਸ ੧੦ ਹਜ਼ਾਰ ਚੋਣਵੇਂ ਘੋੜ-ਸਵਾਰਾਂ ਦੀ ਫੌਜ ਸੀ।

## ਦਿਲੀ ਵਿਚ ਕੂਚ

ਉਸ ਨੇ ੧੩ ਹਜ਼ਾਰ ਘੋੜ ਸਵਾਰ ਫੌਜ ਨਾਲ ਦਿਲੀ ਉਤੇ ਧਾਵਾ ਬੋਲਿਆ। ਉਸ ਦੇ ਟਾਕਰੇ ਲਈ ਇਬਰਾਹੀਮ ਲੋਧੀ ੧ ਲਖ ਘੋੜ-ਸਵਾਰ ਤੇ ੧੦੦ ਹਾਥੀ ਲੈ ਕੇ ਪਾਨੀਪਤ ਦੇ ਮੈਦਾਨ ਵਿਚ ਨਿਕਲਿਆ।

## ਪਾਨੀਪਤ ਦੀ ਲੜਾਈ

ਪਹਾੜਾਂ ਤੇ ਸਖਤ ਜਾਨ ਵਸਨੀਕ ਆਪਣੇ ਸੂਰਬੀਰ ਅਤੇ ਤਜਰਬੇਕਾਰ ਆਗੂ ਦੀ ਅਗਵਾਈ ਵਿਚ ਜਾਨਾਂ ਹੋਲ ਕੇ ਲੜੇ। ਪਰ ਅਫਗਾਨ ਜੰਗ ਦੇ ਹੁਨਰ ਤੋਂ ਅਗਿਆਤ ਸਨ, ਉਹਨਾਂ ਨੇ ਆਪਣੇ ਦਸਤੇ ਫੈਲਾ ਕੇ ਲਾਈਨਾਂ ਵਿਚ ਵੰਡ ਦਿਤੇ ਅਤੇ ਛੁਟਦੇ ਹੀ ਉਹਨਾਂ ਦੇ ਰਸਾਲੇ ਨੇ ਹੱਲਾ ਬੋਲਿਆ। ਮੁਗਲਾਂ ਨੇ ਅਗ ਵਧਣ ਵਾਲੇ ਕਾਲਮਾਂ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਵੈਰੀ ਦੇ ਉਹਨਾ ਦੀਆਂ ਲਾਈਨਾਂ ਤੀਕ ਅਪੜਨ ਤੋਂ ਪਹਿਲੇ ਹੀ ਉਹਨਾਂ ਵਿਚ ਖਲ-ਬਲੀ ਮਚਾ ਦਿਤੀ। ਪਸਪਾ ਹੁੰਦੇ ਹੋਏ ਅਫਗਾਨ ਉਹਨਾਂ ਦੇ ਘੇਰੇ ਵਿਚ ਘਿਰ ਗਏ।

## ਦਿਲੀ ਦੇ ਸ਼ਹਿਨਸ਼ਾਹ ਦੀ ਹਾਰ ਤੇ ਉਸ ਦਾ ਕਤਲ

ਬਾਦਸ਼ਾਹ ਬੜੀ ਦਲੇਰੀ ਨਾਲ ਅਗੇ ਵਧਿਆ ਅਤੇ ਵੈਰੀ ਦੇ

Sri Satguru Jagjit Singh Ji eLibrary NamdhariElibrary@gmail.com

ਵਿਚਕਾਰ ਜਾ ਕੇ ਹਲਾ ਬੋਲਿਆ। ਪਰ ਹੁਣ ਤੀਕ ਅਫਗਾਨਾਂ ਨੂੰ ਪੂਰਨ ਤੌਰ ਉਤੇ ਹਾਰ ਹੋ ਚੁਕੀ ਸੀ। ਉਹਨਾਂ ਦੀ ੫ ਹਜ਼ਾਰ ਫੌਜ ਮਾਰੀ ਜਾ ਚੁਕੀ ਸੀ। ਬਾਦਸ਼ਾਹ ਇਬਰਾਹੀਮ ਲੋਧੀ ਵੀ ਕਤਲ ਹੋ ਚੁਕਾ ਸੀ। ਇਸ ਰਣ ਘਮਸਾਨ ਵਿਚ ੧੬ ਹਜ਼ਾਰ ਅਫਗਾਨ ਮਾਰੇ ਗਏ ਅਤੇ ਬਾਕੀ ਦੇ ਮੈਦਾਨ ਛਡ ਕੇ ਨਸ ਗਏ। ਜੰਗ ਤੋਂ ਤੁਰਤ ਹੀ ਪਿਛੋਂ ਬਾਬਰ ਨੇ ਮੁਹੰਮਦ ਸੁਲਤਾਨ ਮਿਰਜ਼ਾ ਤੇ ਤਿੰਨ ਹੋਰ ਜਰਨੈਲਾਂ ਨੂੰ ਦਿਲੀ ਉਤੇ ਕਬਜ਼ਾ ਕਰਨ ਲਈ ਭੇਜਿਆ। ਉਸ ਨੇ ਸ਼ਾਹਜ਼ਾਦਾ ਹਮਾਯੂੰ ਨੂੰ ਵੀ ਆਗਰੇ ਦਾ ਕਬਜ਼ਾ ਲੈਣ ਲਈ ਰਵਾਨਾ ਕੀਤਾ।

## ਵਿਜਈ ਬਾਬਰ ਦਾ ਦਿਲੀ ਵਿਚ ਦਾਖਲਾ ਅਪ੍ਰੈਲ ੧੫੨੬ ਈ.

ਮੁਗਲ ਬਾਦਸ਼ਾਹ ਵਿਜਈ ਹੋ ਕੇ ੨੨ ਅਪਰੈਲ ੧੫੨੬ ਈਸਵੀ ਨੂੰ ਦਿਲੀ ਸ਼ਹਿਰ ਵਿਚ ਦਾਖਲ ਹੋਇਆ। ਸ਼ੇਖ ਜ਼ਿਆ ਉਦੀਨ ਦਿਲੀ ਨੇ ਉਸ ਦੇ ਨਾਮ ਦਾ ਖੁਤਬਾ ਪੜ੍ਹਿਆ। ਇਸ ਦੇ ਮਗਰੋਂ ਬਾਦਸ਼ਾਹ ਨੇ ਸੰਤਾਂ ਤੇ ਸ਼ਹੀਦਾਂ ਦੇ ਮਕਬਰਿਆਂ ਦੀ ਜ਼ਿਆਰਤ ਕੀਤੀ ਤੇ ਫੇਰ ਉਥੋਂ ਆਗਰੇ ਵਲ ਰਵਾਨਾ ਹੋਇਆ।

## ਇਨਾਮਾਂ ਦੀ ਵੰਡ

ਉਸੇ ਸਾਲ ਦੀ ੯ ਮਈ ਨੂੰ ਬਾਬਰ ਨੇ ਸਰਕਾਰੀ ਖਜ਼ਾਨੇ ਦਾ ਮੂੰਹ ਖੋਲ੍ਹ ਦਿਤਾ ਜਿਸ ਵਿਚੋਂ ੩ ਲਖ ੫੦ ਹਜ਼ਾਰ ਰੁਪਏ ਦਾ ਇਨਾਮ ਆਪਣੇ ਬੇਟੇ ਹਮਾਯੂੰ ਨੂੰ, ੨ ਲਖ ਰੁਪਏ ਤੇ ੪ ਢਾਲਾਂ ਆਪਣੇ ਚਚੇਰੇ ਭਾਈ ਮੁਹੰਮਦ ਸੁਲਤਾਨ ਮਿਰਜ਼ਾ ਨੂੰ ਇਨਾਮ ਵਜੋਂ ਦਿਤੀਆਂ ਆਪਣੇ ਸਰਦਾਰਾਂ ਵਿਚ ਵੀ ਬਹੁਤ ਸਾਰੇ ਇਨਾਮ ਵੰਡੇ ਅਤੇ ਉਹ ਸੌਦਾਗਰ ਵੀ ਇਨਾਮਾਂ ਦੇ ਹਕਦਾਰ ਸਮਝੇ ਗਏ ਜਿਹੜੇ ਉਹਦੇ ਕੈਂਪ ਦੇ ਨਾਲ ਆਏ ਸਨ। ਖਜ਼ਾਨੇ ਦਾ ਬਹੁਤ ਵਡਾ ਭਾਗ ਕਾਬਲ ਭੇਜਿਆ ਗਿਆ। ਜਿਥੇ ਉਸ ਦੀ ਵੰਡ ਉਹਨਾਂ ਲੋਕਾਂ ਵਿਚਾਲੇ ਕੀਤੀ ਗਈ ਜਿਹੜੇ ਇਨਾਮ ਦੇ ਹਕਦਾਰ ਸਨ। ਸਮਰ ਕੰਦ, ਖੁਰਾਸਾਨ, ਕਾਸ਼ਗਰ, ਇਰਾਕ, ਮਕੇ, ਮਦੀਨੇ ਕਰਬਲਾ, ਨਜ਼ਫ; ਮਸ਼ਹਦ ਅਤੇ ਦੂਜੇ ਮੁਕਦਸ ਅਸਥਾਨਾਂ ਤੇ ਮਜ਼ਹਬੀ ਵਕਫਾਂ ਨੂੰ ਵੀ ਭਾਰੀ ਰਕਮਾਂ ਭੇਜੀਆਂ ਗਈਆਂ। ਇਸ ਵਡੇ ਦਾਨ ਪੁੰਨ ਦੇ ਕਾਰਨ ਲੋਕਾਂ ਨੇ ਬਾਬਰ ਨੂੰ ਕਲੰਦਰ ਦਾ ਨਾਮ ਦਿਤਾ ਜਿਸ ਦਾ ਭਾਵ ਐਸਾ ਮਨੁਖ ਹੈ ਜੋ ਆਪਣਾ ਸਭ ਖਰਚ ਕਰ ਦੇਵੇ ਤੇ ਕਲ ਲਈ ਕੁਛ ਬਚਾ ਕੇ ਨਾ ਰਖੇ।

## ਹਿੰਦੁਸਤਾਨ ਵਿਚ ਉਸ ਦੀਆਂ ਜੰਗੀ ਕਾਰਰਵਾਈਆਂ

ਸੰਨ ੧੫੨੯ ਵਿਚ ਬਾਬਰ ਨੇ ਮਾਲਵੇ ਦੇ ਬਾਦਸ਼ਾਹ ਮੁਹੰਮਦ ਖਿਲਜੀ ਨੂੰ ਹਾਰ ਦੇ ਕੇ ਕੈਦ ਕਰ ਲਿਆ। ਉਸ ਨੇ ਮੁਹੰਮਦ ਲੋਧੀ ਵਿਰੁਧ ਵੀ ਜੰਗ ਛੇੜੀ ਕਿਉਂਕਿ ਉਹ ਸੁਲਤਾਨ ਦਾ ਲਕਬ ਧਾਰ ਕੇ ਬਨਾਰਸ ਉਤੇ ਕਬਜ਼ਾ ਜਮਾ ਬੈਠਾ ਸੀ। ਬਾਬਰ ਨੇ ਇਕ ਲਖ ਫੌਜ ਨਾਲ ਚੜ੍ਹਾਈ ਕਰਕੇ ਉਸ ਨੂੰ ਹਾਰ ਦਿਤੀ ਤੇ ਬਨਾਰਸ ਵਿਚੋਂ ਉਸ ਨੂੰ ਨਸਾ ਦਿਤਾ। ਉਸ ਨੇ ਬੰਗਾਲ ਤੇ ਅਵਧ ਨੂੰ ਵੀ ਫਤਹ ਕੀਤਾ। ਚਾਰ ਸਾਲ ਦੇ ਸੰਖੇਪ ਜਿਹੇ ਸਮੇਂ ਵਿਚ-ਕਾਰ ਦਿਲੀ ਦੇ ਰਾਜ ਦੇ ਬਹੁਤ ਸਾਰੇ ਪੁਰਾਣੇ ਖੁਸ ਹੋਏ ਇਲਾਕੇ ਉਸ ਨੇ ਮੁੜ ਫਤਹ ਕਰ ਲਏ।

## ਬਾਬਰ ਦੀ ਮੌਤ ੧੫੩੦ ਈਸਵੀ

੨੬ ਦਸੰਬਰ ੧੯੩੦ ਈਸਵੀ ਨੂੰ ੫੦ ਸਾਲ ਦੀ ਉਮਰ ਵਿਚ, ੩੯ ਸਾਲ ਤੀਕ ਰਾਜ ਕਰਨ ਮਗਰੋਂ ਬਾਬਰ ੨੬ ਦਸੰਬਰ ੧੫੩੦ ਈ. ਨੂੰ ਆਗਰੇ ਵਿਚ ਚਲਾਣਾ ਕਰ ਗਿਆ। ਕਿਹਾ ਜਾਂਦਾ ਹੈ ਬਾਦਸ਼ਾਹ ਦੀ ਮੌਤ ਤੋਂ ਕੁਛ ਸਮਾਂ ਪਹਿਲੇ ਹਮਾਯੂੰ ਸਖਤ ਬੀਮਾਰ ਹੋ ਗਿਆ। ਐਨਾ ਬੀਮਾਰ ਕਿ ਉਸ ਦੇ ਜੀਉਣ ਦੀ ਕੋਈ ਆਸ ਬਾਕੀ ਨ ਰਹੀ। ਜਦ ਹਕੀਮਾਂ ਨੇ ਉਸ ਨੂੰ ਲਾ ਇਲਾਜ ਕਹਿ ਦਿਤਾ ਤਦ ਪਿਤਰੀ ਸਨੇਹ ਵਸ ਬਾਬਰ ਨੇ ਉਸ ਬੀਮਾਰ ਪੁਤਰ ਦੀ ਚਾਰਪਾਈ ਉਦਾਲੇ ਤਿੰਨ ਪਰਕਰਮਾਂ ਕੀਤੀਆਂ ਅਤੇ ਦੁਆ ਮੰਗੀ ਕਿ ਸ਼ਾਹਜ਼ਾਦੇ ਦਾ ਰੋਗ ਉਸ ਨੂੰ ਲਗ ਜਾਏ ਥੋੜਾ ਸਮਾ ਮਗਰੋਂ ਉਸ ਨੇ ਐਲਾਨ ਕਰ ਦਿਤਾ ਕਿ ਮੈਂ ਉਸ ਦੀ ਬਿਮਾਰੀ ਲੈ ਲਈ ਹੈ।" ਉਸ ਸਮੇਂ ਤੋਂ ਬਾਦਸ਼ਾਹ ਦੀ ਹਾਲਤ ਨਿਘਰਨੀ ਆਰੰਭ ਹੋਈ ਜੋ ਨਿਘਰਦੀ ਹੀ ਚਲੀ ਗਈ ਤੇ ਅੰਤ ਉਸ ਦੀ ਮੌਤ ਹੋ ਗਈ। ਕਹਿਣ ਨੂੰ ਵਿਥਿਆ ਭਾਵੇਂ ਕਿੰਨੀ ਦਿਲ ਖੁਸ਼ ਕਰਨ ਵਾਲੀ ਹੋਵੇ ਅਸਲ ਗਲ ਇਹ ਹੈ ਕਿ ਵਖ ਵਖ ਜੰਗਾਂ ਵਿਚ ਖਰਚ ਹੋਈ ਸ਼ਕਤੀ ਐਸ਼ ਪ੍ਰਸ਼ਤੀ ਤੇ ਹਿੰਦ ਦੇ ਪੌਣ ਪਾਣੀ ਨੇ ਇਸ ਕਮਜ਼ੋਰ ਸਰੀਰ ਵਾਲੇ ਬਾਦਸ਼ਾਹ ਦੀ ਸਿਹਤ ਉਤੇ ਬੜਾ ਅਸਰ ਪਾਇਆ ਤੇ ਇਸ ਅਨੋਖੇ ਹੁਕਮਰਾਨ ਦੀ ਮੌਤ ਦਾ ਕਾਰਨ ਸਾਬਤ ਹੋਏ। ਬਾਬਰ ਦੀ ਵਸੀਅਤ ਦੇ ਅਨੁਸਾਰ ਉਸ ਦੀ ਮ੍ਰਿਤਕ ਦੇਹ ਕਾਬਲ ਪੁਚਾਈ ਗਈ ਅਤੇ ਚਮਕਦਾਰ ਵਗਦੀ ਨਦੀ ਦੇ ਪਾਸ ਵਾਲੇ ਉਸ ਮਕਬਰੇ ਵਿਚ ਦਫਨਾਈ ਗਈ ਜੋ ਉਸ ਨੇ ਪਹਿਲੇ ਆਪਣੀ ਅੰਤਮ ਆਰਾਮ ਗਾਹ ਲਈ ਬਣਾ ਰਖੀ ਸੀ। ਇਹ ਮਕਬਰਾ ਬੜੇ ਸੋਹਣੇ ਬਾਗ ਬਗੀਚਿਆਂ ਨਾਲ ਘਿਰਿਆ ਹੋਇਆ ਹੈ। ਸ਼ਹਿਰ ਦੇ ਲੋਕ ਤੇ ਸੈਲਾਨੀ ਏਥੇ ਭਾਰੀ ਗਿਣਤੀ ਵਿਚ ਸੈਰ ਸਪਾਟੇ ਲਈ ਜਾਂਦੇ ਹਨ। ਉਸ ਦੀ ਮੌਤ ਦੀ ਤਾਰੀਖ ਇਉਂ ਦਰਜ ਹੈ ਅਰਥਾਤ ਰਬ ਉਸ ਨੂੰ ਸੁਵਰਗ ਵਿਚ ਵਾਸਾ ਦੇਵੇ। ਬਾਦਸ਼ਾਹ ਦਾ ਜਨਮ ੬ ਮੁਹਰਮ ਦਾ ਸੀ ਅਤੇ ਕੁਦਰਤ ਦ ਰੰਗ ਵੇਖੋ ਉਸ ਦੀ ਮੌਤ ਵੀ ੬ ਮੁਹਰਮ ਨੂੰ ਹੀ ਹੋਈ। ਉਸ ਦੀ ਕਬਰ ਤੇ ਇਹ ਸ਼ਿਅਰ ਦਰਜ ਹੈ—

ਬਰੋਜ਼ਿ ਸ਼ਸ਼ ਮੁਹਰਮ ਜ਼ਾਦ ਆਨ ਸ਼ੁਦ ਮੁਕਰਮ
ਤਾਰੀਖ ਵਫਾਤਸ਼ ਹਮ ਆਮਦ ਸ਼ਸ਼ ਮੁਹਰਮ

ਅਰਥਾਤ ੬ ਮੁਹਰਮ ਨੂੰ ਨਾਮੀ ਬਾਦਸ਼ਾਹ ਕਾਲ ਵਸ ਹੋਇਆ। ਉਸ ਦੀ ਪੈਦਾਇਸ਼ ਦੀ ਤਾਰੀਖ ਵੀ ੬ ਮੁਹਰਮ ਸੀ।

## ਚਲਨ

ਜਿਹੜੇ ਬਾਦਸ਼ਾਹ ਏਸ਼ਿਆਈ ਦੇਸਾਂ ਉਤੇ ਰਾਜ ਕਰ ਚੁਕੇ ਹਨ ਬਾਬਰ ਉਹਨਾਂ ਸਭਨਾਂ ਨਾਲੋਂ ਵਧੀਕ ਸਫਲ ਬਾਦਸ਼ਾਹ ਸੀ। ਉਹ ਜਮਾਂਦਰੂ ਲੜਾਕਾ ਸੀ ਤੇ ਕੁਦਰਤ ਨੇ ਉਸ ਨੂੰ ਉਹ ਸੂਝ ਬੂਝ ਦਿਤੀ ਸੀ ਜੋ ਕਿਸੇ ਸਫਲ ਜਰਨੈਲ ਤੇ ਰਾਜ ਪ੍ਰਬੰਧਕ ਵਿਚ ਹੋਣੀ ਅਵਸ਼ਕ ਹੈ। ਉਹ ਇਕ ਵਿਦਵਾਨ ਕਵੀ ਹੋਣ ਦੇ ਨਾਲ ਦੁਨੀਆਂ ਦੀ ਹਰ ਸੋਹਣੀ ਸ਼ੈ ਦਾ ਕਦਰ ਦਾਨ ਵੀ ਸੀ। ਉਸਨੇ ਤੁਰਕੀ ਜ਼ਬਾਨ ਵਿਚ ਆਪਣੇ ਜੀਵਨ ਸਮਾਚਾਰ ਆਪ ਲਿਖੇ ਤੇ ਉਸ ਦੀ ਲਿਖਤ ਪੂਰਬ ਦੇ ਚੰਗੇ ਤੇ ਚੋਟੀ ਦੇ ਲਿਖਾਰੀਆਂ ਨੂੰ ਮਾਤ ਕਰਦੀ ਹੈ। ਉਸ ਦੀ ਲਿਖਤ ਕੀ ਹੈ, ਉਸ ਦੀਆਂ ਵਸ਼ੇਸ਼ ਆਦਤਾਂ ਚੰਗੇਰੀ ਸੂਝ ਹਾਸ ਰਸ ਅਕਲਮੰਦੀ ਅਤੇ ਕੁਦਰਤ ਦੀਆਂ ਨਿਆਮਤਾਂ ਨੂੰ ਮਾਨਣ ਵਾਲ ਸੁਭਾ ਦਾ ਰਿਕਾਰਡ ਹੈ। ਮਿਰਜ਼ਾ ਅਬਦੁਲ ਰਹੀਮ ਖਾਨਿ ਖਾਨਾਂ ਨੇ ਬਾਬਰ ਦੇ ਪੋਤੇ ਅਕਬਰ ਦੇ ਜ਼ਮਾਨੇ ਵਿਚ ਉਸਦੀ ਲਿਖਤ ਦਾ ਫਾਰਸੀ ਉਲਥਾ ਕੀਤਾ ਸੀ। ਬਾਬਰ ਵਿਚ ਦਰਿਆਮਗੀ ਦੇ ਨਾਲ ਹੀ ਦ੍ਰਿੜਤਾ, ਫੁਰਤੀ ਤੇ ਪਕਿਆਈ ਦ ਗੁਣ ਵੀ ਸਨ ਅਤੇ ਇਹੋ ਗੁਣ ਉਸ ਨੂੰ ਵੱਡੀ ਤੇ ਵੱਡੀ ਔਕੜ ਵਿਚ ਕੰਮ ਆਉਂਦੇ ਸਨ। ਸ਼ਾਇਦ ਹੀ ਕੋਈ ਏਸ਼ਿਆਈ ਬਾਦਸ਼ਾਹ ਐਸਾ ਹੋਇਆ ਹੋਵੇ ਜਿਸ ਨੂੰ ਕਿਸਮਤ ਦ ਐਨੇ ਥਪੇੜੇ ਤੇ ਕਸ਼ਟ ਝਲਣੇ ਪਏ ਹੋਣ। ਕਿਸੇ ਵੇਲੇ ਤੇ ਉਹ ਇਕ ਬਹੁਤ ਵੱਡੀ ਬਾਦਸ਼ਾਹਤ ਦੇ ਰਾਜ ਸਿੰਘਾਸਣ ਉਤੇ ਬੈਠਾ ਨਜ਼ਰ ਆਉਂਦਾ ਅਤੇ ਕਿਸੇ ਸਮੇਂ ਉਹਨੂੰ ਸਿਰ ਲਕੋਣ ਲਈ ਕੱਖਾਂ ਦੀ ਕੁੱਲੀ ਤੀਕ ਨਸੀਬ ਨਹੀਂ ਸੀ ਹੁੰਦੀ। ਕਦੇ ਉਹ ਫੌਜ ਦਾ ਵੱਡਾ ਜਰਨੈਲ ਹੁੰਦਾ ਅਤੇ ਕਦੇ ਉਹ ਕਲਮਕਲਾ ਰਹਿ ਜਾਂਦਾ ਤੇ ਉਸ ਪਾਸ ਇਕ ਨੌਕਰ ਤੀਕ ਨ ਹੁੰਦਾ। ਉਹ ਏਸ਼ੀਆ ਦਾ

ਸੂਰਬੀਰ ਸਰਦਾਰ ਸੀ ਤੇ ਮਧ ਕਾਲੀਨ ਸਮਾਂ ਦੇ ਸੂਰਬੀਰਾਂ ਦੇ ਸਾਰੇ ਗੁਣ ਉਸ ਵਿਚ ਪਾਏ ਜਾਂਦੇ ਸਨ। ਜਿਥੋਂ ਤੀਕ ਉਸ ਦੀ ਚਾਤ ਦਾ ਸੰਬੰਧ ਹੈ ਉਹ ਬੜਾ ਸੁਣੱਖਾ, ਮਿਠ ਬੋਲੜਾ, ਦਿਲ ਦਾ ਸਖੀ, ਸਾਫ ਦਿਲ ਅਤੇ ਮੂੰਹ ਲਗਦਾ ਜਵਾਨ ਸੀ। ਆਪਣੀ ਲਿਖਤ ਵਿਚ ਉਸਨੇ ਆਪਣੀਆਂ ਹਿੰਦੁਸਤਾਨ ਦੀਆਂ ਜਿੱਤਾਂ ਦਾ ਟਾਕਰਾ ਮਹਿਮੂਦ ਗਜ਼ਨਵੀ ਅਤੇ ਸੁਲਤਾਨ ਮੁਹੰਮਦ ਗੌਰੀ ਨਾਲ ਕੀਤਾ ਤੇ ਦਸਿਆ ਹੈ ਕਿ ਕਿਵੇਂ ਉਸ ਦੀ ਪੁਜੀਸ਼ਨ ਉਹਨਾਂ ਵਡਿਆਈਆਂ ਤੋਂ ਅਡਹੀ ਅਤੇ ਉਸ ਨੂੰ ਹਿੰਦੁਸਤਾਨ ਵਿਚ ਮੁਗਲ ਰਾਜ ਕਾਇਮ ਕਰਨ ਤੋਂ ਪਹਿਲੇ ਘਰ ਵਿਚ ਤੇ ਬਾਹਰ ਕੀ ਕੀ ਔਕੜਾਂ ਪੇਸ਼ ਆਈਆਂ। ਭਾਵੇਂ ਉਸ ਨੇ ਜਿੱਤਾਂ ਤੇ ਸ਼ਾਨ ਸ਼ੌਕਤ ਦੀਆਂ ਅਨੇਕਾਂ ਸਦੀਆਂ ਬਣਾ ਰਖੀਆਂ ਸਨ ਫੇਰ ਵੀ ਉਹ ਆਪਣੇ ਖੁਸ਼ ਰਹਿਣ ਸਾਥੀਆਂ ਨਾਲ ਮਿਲਕੇ ਰੰਗ ਰਲੀਆਂ ਮਨਾਉਂਦਾ ਸੀ, ਜਿਸ ਕਰ ਕੇ ਉਸ ਨੂੰ ਕਈ ਕਿਸਮ ਦੇ ਜ਼ੁਲਮ ਤੇ ਪਾਪ ਵੀ ਕਰਨੇ ਪੈਂਦੇ। ਫਰਿਸ਼ਤਾ ਲਿਖਦਾ ਹੈ ਇਹੋ ਜਿਹੀਆਂ ਰੰਗ-ਰਲੀਆਂ ਸਮੇਂ ਉਹ ਆਪਣੇ ਬਾਗ ਵਿਚ ਸ਼ਰਾਬ ਦੇ ਹੌਜ਼ ਭਰ ਲੈਂਦਾ ਸੀ। ਇਹਨਾਂ ਹੌਜ਼ਾਂ ਉਤੇ ਇਹ ਲਿਖਤ ਦਰਜ ਸੀ :—

'ਮੈਨੂੰ ਸ਼ਰਾਬ ਅਤੇ ਹੁਸੀਨ ਸੁੰਦਰੀਆਂ ਤੋਂ ਛੁਟ ਕੁਛ ਨਹੀਂ ਚਾਹੀਦਾ, ਹੋਰ ਸਭ ਐਸ਼ ਮੈਂ ਜੁਤੀ ਨਾਲ ਠੁਕਰਾਉਂਦਾ ਹਾਂ। ਐ ਬਾਬਰ! ਐਸ਼ ਬਹਾਰਾਂ ਲੁਟ ਲੈ, ਇਹ ਜਵਾਨੀ ਮੁੜ ਨਹੀਂ ਉ ਆਉਣੀ।'

ਬਾਬਰ ਬ ਐਸ਼ ਕੋਸ਼ ਕਿ,<br>ਆਲਮ ਦੁਬਾਰਾ ਨੇਸਤ।

ਐ ਬਾਬਰ! ਇਸ ਦੁਨੀਆ ਉਤੇ ਮੌਜ ਬਹਾਰਾਂ ਕਰ ਲੈ, ਕਿਉਂਕਿ ਦੁਨੀਆ ਉਤੇ ਦੁਬਾਰਾ ਕਿਸੇ ਨਹੀਂ ਆਉਣਾ ਤੇ ਨਾ ਹੀ ਮੁੜ ਇਹ ਜਵਾਨੀ ਲਭਣੀ ਹੈ।

## ਨਸੀਰਉਦੀਨ ਹਮਾਯੂੰ

## ਉਸ ਦੇ ਰਾਜ ਦਾ ਪਹਿਲਾ ਦੌਰ

### ਹਮਾਯੂੰ ਦੀ ਜ਼ਾਨਸ਼ੀਨੀ

ਹਿੰਦੁਸਤਾਨ ਦੇ ਤਖਤ ਉਪਰ ਬਾਬਰ ਦੇ ਮਗਰੋਂ ਉਸ ਦਾ ਸਪੁਤਰ ਹਮਾਯੂੰ ਬੈਠਾ। ਉਹ ਬੜਾ ਹਰਮਨ ਪਿਆਰਾ ਤੇ ਸਫਲ ਬਾਦਸ਼ਾਹ ਸੀ। ਉਹ ਆਪਣੇ ਨਰਮ ਸੁਭਾ ਤਰਸ ਤੇ ਮਿਲਨਸਾਰੀ ਲਈ ਬਹੁਤ ਪ੍ਰਸਿੱਧ ਸੀ।

### ਜੋਤਸ਼ ਵਿਦਿਆ ਨਾਲ ਪਿਆਰ

ਜੋਤਸ਼ ਵਿਦਿਆ ਨੂੰ ਉਸ ਨੇ ਆਪਣੇ ਅਧਿਐਣ ਦਾ ਵਸ਼ੇਸ਼ ਵਿਸ਼ਾ ਬਣਾ ਰਖਿਆ ਸੀ। ਉਸ ਨੇ ਮਾਦੇ ਬਾਰੇ ਪੁਸਤਕਾਂ ਲਿਖੀਆਂ ਅਤੇ ਸੱਤ ਸ਼ਾਹੀ ਹਾਲ ਬਣਵਾਏ, ਹਰ ਇਕ ਹਾਲ ਦਾ ਨਾਮ ਇਕ ਇਕ ਸਿਤਾਰੇ ਦੇ ਨਾਮ ਉਤੇ ਰਖਿਆ। ਉਹ ਹਫਤੇ ਵਿਚ ਇਕ ਇਕ ਵਾਰ ਇਹਨਾਂ ਵਿਚ ਦਰਬਾਰ ਲਾਉਂਦਾ ਸੀ। ਸਿਤਾਰੇ ਦੇ ਦਿਨ ਅਨੁਸਾਰ ਹੀ ਉਹ ਦਰਬਾਰ ਲਾਉਂਦਾ। ਫੌਜੀ ਸਰਦਾਰਾਂ ਤੇ ਅਫਸਰਾਂ ਨਾਲ ਮਰੀਖ਼ ਹਾਲ ਵਿਚ, ਜੱਜਾਂ ਤੇ ਵਜ਼ੀਰਾਂ ਨਾਲ ਬੁਧ ਹਾਲ ਵਿਚ, ਰਾਜਦੂਤਾਂ, ਕਵੀਆਂ ਤੇ ਸੈਲਾਨੀਆਂ ਨਾਲ ਚੰਦਰ ਹਾਲ ਵਿਚ ਤੇ ਸਿਵਲ ਦੇ ਅਫਸਰਾਂ ਨਾਲ ਸ਼ੁਕਰ ਹਾਲ ਵਿਚ ਮੁਲਾਕਾਤ ਕਰਦਾ ਸੀ। ਹਰ ਇਕ ਹਾਲ ਨੂੰ ਐਸੇ ਢੰਗ ਨਾਲ ਸਜਾਇਆ ਤੇ ਰੰਗ ਕੀਤਾ ਸੀ ਜਿਸ ਤੋਂ ਉਸੇ ਸਿਤਾਰੇ ਦਾ ਚਿੰਨ੍ਹ ਪਰਗਟ ਹੋਵੇ। ਨੌਕਰਾਂ ਨੂੰ ਵੀ ਉਸੇ ਵਸ਼ੇਸ਼ ਹਾਲ ਦੇ ਮੁਤਾਬਕ ਵਰਦੀਆਂ ਮਿਲਦੀਆਂ ਸਨ।

ਹਮਾਯੂੰ ਨੂੰ ਤਖਤ ਨਸ਼ੀਨ ਹੋਇਆਂ ਥੋੜਾ ਹੀ ਸਮਾ ਹੋਇਆ ਸੀ ਕਿ ਉਸ ਦੇ ਭਾਈ ਕਾਮਰਾਨ ਮਿਰਜ਼ਾ ਨੇ, ਜੋ ਕਾਬਲ ਤੇ ਕੰਧਾਰ ਦਾ ਗਵਰਨਰ ਸੀ ਪੰਜਾਬ ਉਤੇ ਕਬਜ਼ਾ ਕਰਨ ਦੀ ਸਾਜਸ਼ ਕੀਤੀ। ਇਸ ਮੰਤਵ ਲਈ ਉਸ ਨੇ ਇਹ ਕਹਿ ਕੇ ਕਾਬਲ ਤੋਂ ਕੂਚ ਬੋਲਿਆ ਕਿ ਹਿੰਦੁਸਤਾਨ ਦੇ ਤਖਤ ਉਤੇ ਬੈਠਣ ਸੰਬੰਧੀ ਉਹ ਆਪਣੇ ਭਰਾ ਨੂੰ ਵਧਾਈ ਦੇਣ ਚਲਿਆ ਹੈ।

### ਕਾਮਰਾਨ ਮਿਰਜ਼ਾ ਪੰਜਾਬ ਦਾ ਗਵਰਨਰ

ਹਮਾਯੂੰ ਨੂੰ ਕਿਸੇ ਨਾ ਕਿਸੇ ਤਰ੍ਹਾਂ ਉਸ ਦੇ ਦਿਲੀ ਇਰਾਦੇ ਦਾ ਪਤਾ ਲਗ ਗਿਆ ਇਸ ਲਈ ਉਸ ਨੇ ਆਪਣ ਪ੍ਰਤੀ ਨਿਧ ਭੇਜ ਕੇ ਉਸ ਨੂੰ ਪੰਜਾਬ, ਪਸ਼ਾਵਰ, ਅਤੇ ਲਘਮਾਣ ਦਾ ਗਵਰਨਰ ਥਾਪ ਦਿਤਾ, ਇਸ ਤਰ੍ਹਾਂ ਕਰਕੇ ਹਮਾਯੂੰ ਨੇ ਉਸ ਨੂੰ ਪ੍ਰਸੰਨ ਕਰ ਲਿਆ।

### ਹਿੰਦੁਸਤਾਨ ਵਿਚ ਹਮਲੇ

ਹਮਾਯੂੰ ਨੇ ਬੁੰਧੇਲ ਖੰਡ ਦੇ ਹਿੰਦੂ ਰਾਜਿਆਂ ਵਿਰੁਧ ਚੜ੍ਹਾਈ ਕੀਤੀ। ਦਨਾਰ ਉਫਰ ਕਬਜ਼ਾ ਕੀਤਾ, ਗੁਜਰਾਤ ਤੇ ਮਾਲਵੇ ਦੇ ਰਾਜੇ ਬਹਾਦਰ ਸ਼ਾਹ ਉਪਰ ਚੜ੍ਹਾਈ ਕੀਤੀ ਤੇ ਉਸ ਨੂੰ ਹਾਰ ਦਿਤੀ; ਸ਼ੇਰ ਖਾਂ ਪਠਾਨ, ਜਿਸ ਨੇ ਬੰਗਾਲ ਤੇ ਬਿਹਾਰ ਵਿਚ ਆਪਣਾ ਸੁਤੰਤਰ ਰਾਜ ਕਾਇਮ ਕਰ ਲਿਆ ਸੀ, ਨਾਲ ਖੂਨੀ ਲੜਾਈਆਂ ਕੀਤੀਆਂ। ਛੀਨੇ ਹੋਏ ਵਖ ਵਖ ਸੂਬਿਆਂ ਨੂੰ ਮੁੜ ਕਬਜ਼ੇ ਵਿਚ ਲਿਆ ਕੇ ਅਤੇ ਬਗਾਵਤਾਂ ਨੂੰ ਕਰੜੇ ਹਥਾਂ ਨਾਲ ਦਬਾ ਕੇ ਹਮਾਯੂੰ ਅਮਨ ਚੈਨ ਨਾਲ ਰਾਜ ਕਰਨਾ ਚਾਹੁੰਦਾ ਸੀ।

### ਉਸ ਦੇ ਭਾਈਆਂ ਦੀ ਗਦਾਰੀ

ਅਜੇ ਉਹ ਸੁਖ ਦਾ ਸਾਹ ਲੈਣ ਹੀ ਲਗਾ ਸੀ ਕਿ ਉਸ ਦੇ ਭਾਈਆਂ ਕਾਮਰਾਨ ਅਤੇ ਹਿੰਦਾਲ ਮਿਰਜ਼ਾ ਨੇ ਉਹ ਦੇ ਲਈ ਨਵਾਂ ਸਿਰਦਰਦ ਖੜਾ ਕਰ ਦਿਤਾ। ਸੰਨ ੧੫੩੯ ਵਿਚ ਕਾਮਰਾਨ ਨੇ ਲਾਹੌਰੋਂ ਚੜ੍ਹਾਈ ਕੀਤੀ। ਉਹ ੧੦ ਹਜ਼ਾਰ ਘੋੜ ਸਵਾਰ ਫੌਜ ਲੈ ਕੇ ਦਿਲੀ ਵਲ ਵਧਿਆ ਇਹ ਉਹੋ ਸਮਾਂ ਸੀ ਜਦੋਂ ਬਾਦਸ਼ਾਹ ਸ਼ੇਰ ਖਾਂ ਨਾਲ ਰੁਹਤਾਬ ਵਿਚ ਜੰਗ ਕਰ ਰਿਹਾ ਸੀ। ਪਰ ਦਿਲੀ ਦੇ ਕਮਾਂਡਰ ਫਖਰ ਉਦੀਨ ਨੇ ਉਸ ਦੇ ਸਾਰੇ ਮਨਸੂਬੇ ਮਿਟੀ ਵਿਚ ਮਿਲਾ ਦਿਤੇ। ਆਗਰੇ ਵਿਚ ਥੋੜੀ ਜਿਹੀ ਲੜਾਈ ਕਰਨ ਮਗਰੋਂ ਉਹ ਲਾਹੌਰ ਮੁੜ ਆਇਆ।

### ਸ਼ੇਰ ਸ਼ਾਹ ਸੂਰੀ ਹੱਥੋਂ ਹਾਰ

ਅਗਲੇ ਸਾਲ ਸ਼ੇਰ ਖਾਂ ਨੇ ਸ਼ਹਿਨਸ਼ਾਹ ਨੂੰ ਹਾਰ ਦਿਤੀ ਤੇ ਉਹ ਆਪਣੀ ਰਾਜਧਾਨੀ ਛਡਣ ਲਈ ਮਜਬੂਰ ਹੋ ਗਿਆ। ਰਾਜਧਾਨੀ ਤੋਂ ਨਸ ਕੇ ਉਹ ਲਾਹੌਰ ਆ ਵੜਿਆ। ਜੁਲਾਈ ੧੫੪੦ ਨੂੰ ਬਹੁਤ ਸਾਰੇ ਮੁਗਲ ਅਫਸਰ ਉਸ ਨੂੰ ਪੰਜਾਬ ਵਿਚ ਆਨ ਮਿਲੇ। ਇਹ ਅਫਸਰ ਪਹਿਲੀਆਂ ਲੜਾਈਆਂ ਵਿਚ ਉਸ ਨਾਲੋਂ ਵਿਛੜ ਗਏ ਸਨ। ਸ਼ੇਰ ਖਾਂ ਨੇ ਅਜੇ ਵੀ ਉਸ ਦਾ ਪਿਛਾ ਨਾ ਛਡਿਆ ਅਤੇ ਸੁਲਤਾਨ ਪੁਰ ਦੇ ਪਾਸ ਰਿਆ ਬਿਆਸ ਪਾਰ ਕਰ ਕੇ ਨਵੰਬਰ ਵਿਚ ਸ਼ਹਿਨਸ਼ਾਹ ਨੂੰ ਰਾਵੀ ਪਾਰ ਕਰ ਕੇ ਠਟਾ ਅਤੇ ਭਖੜ ਵਲ ਪਸਪਾ ਹੋ ਜਾਣ ਲਈ ਮਜਬੂਰ ਕਰ ਦਿਤਾ।

### ਮਾਰੂਥਲਾਂ ਵਿਚ ਮਾਰੇ ਮਾਰੇ ਫਿਰਨਾ

ਪਛਮੀ ਮਾਰੂਥਲ ਵਿਚਲੇ ਕੂਚ ਵਿਚ ਹਿਮਾਯੂੰ ਨੂੰ ਬੜੀਆਂ ਮੁਸੀਬਤਾਂ ਨਾਲ ਦੋ ਚਾਰ ਹੋਣਾ ਪਿਆ। ਇਹੋ ਜਿਹੇ ਦੁਖੜੇ ਪੂਰਬੀ ਸ਼ਹਿਨਸ਼ਾਹ ਨੇ ਪਹਿਲੇ ਕਦੇ ਨਹੀ ਸੀ ਝਾਗੇ। ਮਾਰੂ ਥਲਾਂ ਦਾ ਸੜਦੀ ਬਲਦੀ ਰੇਤ ਵਿਚ ਐਸੇ ਅਸਥਾਨਾਂ ਤੇ ਮਾਰੇ ਮਾਰੇ ਫਿਰਨਾ ਪਿਆ ਜਿਥੇ ਨਾ ਪਾਣੀ ਲਭਦਾ ਤੇ ਨਾ ਹੀ ਕਿਸੇ ਦਰਖਤ ਦੀ ਛਾਂ ਨਜ਼ਰ ਆਉਂਦੀ ਸੀ।

Sri Satguru Jagjit Singh Ji eLibrary NamdhariElibrary@gmail.com

ਉਹ ਭੁਖ ਤੇ ਤਪਸ਼ ਹਥੋਂ ਬੇਹਾਲ ਹੋ ਗਿਆ, ਉਸ ਦੇ ਬਹੁਤ ਸਾਰੇ ਸਾਥੀ ਥਕਾਣ ਤੇ ਭੁਖ ਨਾਲ ਹੀ ਮਰ ਗਏ। ਇਸ ਜਲਾਵਤਨੀ ਵਿਚ ਸ਼ਹਿਨਸ਼ਾਹ ਦੇ ਨਾਲ ਉਸ ਦਾ ਹਰਮ ਵੀ ਸੀ ਅਤੇ ਸੁਲਤਾਨਾ ਬੇਗਮ ਨੂੰ ਤੇ ਬਚਾ ਬਚੀ ਹੋਣ ਵਾਲਾ ਸੀ। ਇਹੋ ਜਿਹੇ ਬਿਆਬਾਨਾਂ ਤੇ ਉਜਾੜਾਂ ਵਿਚ ਜਿਹੜੇ ਖੂਹ ਆਦਿ ਸਨ ਵੀ ਉਹਨਾਂ ਉਤੇ ਡਾਕੂਆਂ ਤੇ ਲੁਟੇਰਿਆਂ ਨੇ ਕਬਜ਼ੇ ਜਮਾ ਰਖੇ ਸਨ। ਇਹ ਖੂਹ ਐਨੇ ਡੂੰਘੇ ਸਨ ਕਿ ਪਾਣੀ ਦੇ ਡੋਲ ਕਢਣ ਲਈ ਲਜਾਂ ਨੂੰ ਖਿਚਣ ਲਈ ਬੈਲ ਵਰਤੇ ਜਾਂਦੇ ਸਨ। ਜਦ ਪਾਣੀ ਦਾ ਡੋਲ ਖੂਹ ਵਿਚੋਂ ਨਿਕਲ ਕੇ ਬਾਹਰ ਪਹੁੰਚਦਾ ਤਦ ਢੋਲ ਵਜਾ ਕੇ ਇਸ ਦੀ ਖਬਰ ਦਿਤੀ ਜਾਂਦੀ ਸੀ ਤਾਂ ਜੋ ਬੈਲਾਂ ਦੇ ਬੈਲ ਹਿਕਣ ਵਾਲੇ ਨੂੰ ਪਤਾ ਲਗ ਜਾਏ। ੪ ਦਿਨਾਂ ਦੇ ਲੰਮੇ ਸਫਰ ਤੇ ਥਕਾਨ ਮਗਰੋਂ ਹਮਾਯੂੰ ਦੀ ਪਾਰਟੀ ਇਹੋ ਜਿਹੇ ਇਕ ਖੂਹ ਉਤੇ ਪੁਜੀ। ਜਦੋਂ ਡੋਲ ਬਾਹਰ ਨਿਕਲਿਆ ਪਿਆਸੇ ਲੋਕ ਐਓਂ ਟੁਟ ਕੇ ਪੈ ਗਏ ਕਿ ਰਸੀ ਟੁਟ ਗਈ ਅਤੇ ਡੋਲ ਫੇਰ ਖੂਹ ਵਿਚ ਜਾ ਪਿਆ। ਨਾਲ ਹੀ ਜਾ ਪਏ ਕੁਛ ਉਹ ਬਦਨਸੀਬ ਬੰਦੇ ਜੋ ਆਪਣੀ ਪਿਆਸ ਬੁਝੋਣ ਲਈ ਘੁਟ ਪਾਣੀ ਲਈ ਆਪੋ ਵਿਚ ਗੁਥਮ ਗੁਥਾ ਹੋ ਰਹੇ ਸਨ। ਇਕ ਮੁਕਾਮ ਤੇ ਇਹ ਹਾਲਤ ਹੋਈ ਕਿ ਸ਼ਹਿਨਸ਼ਾਹ ਦਾ ਘੋੜਾ ਥਕ ਟੁਟ ਕੇ ਰਾਹ ਵਿਚ ਮਰ ਗਿਆ ਅਤੇ ਜਹਾਂ ਪਨਾਹ (ਜਹਾਨ ਨੂੰ ਪਨਾਹ ਦੇਣ ਵਾਲੇ) ਨੂੰ ਕੋਈ ਦੂਜਾ ਘੋੜਾ ਓਦੋਂ ਤੀਕ ਪਰਾਪਤ ਨਾ ਹੋ ਸਕਿਆ ਜਦ ਤੀਕ ਕਿ ਇਕ ਫੌਜੀ ਸਵਾਰ ਨੇ ਆਪਣੀ ਬੁਢੀ ਮਾਂ ਪਾਸੋਂ ਘੋੜਾ ਖਾਲੀ ਕਰਾ ਕੇ ਬਾਦਸ਼ਾਹ ਨੂੰ ਦਿਤਾ।

### ਉਸ ਦੇ ਬੇਟੇ ਅਕਬਰ ਦਾ ਜਨਮ ੧੪ ਅਕਤੂਬਰ ੧੫੪੨ ਈਸਵੀ

ਇਹੋ ਜਿਹੇ ਬਿਖੜੇ ਸਮੇਂ ਤੇ ਬਿਆਬਨਾਂ ਦੀ ਆਵਾਰਾ ਗਰਦੀ ਵਿਚਾਲੇ ਸੁਲਤਾਨਾ ਹਮੀਦਾ ਬਾਨੋ ਬੇਗਮ ਦੇ ਘਰ ਇਕ ਪੁਤਰ ਪੈਦਾ ਹੋਇਆ। ਇਹ ਲੜਕਾ ਸ਼ਹਿਜ਼ਾਦਾ ਅਕਬਰ ਸੀ ਜੋ ਪਿਛੋਂ ਪੂਰਬ ਦਾ ਸਭ ਤੋਂ ਵਡਾ ਬਾਦਸ਼ਾਹ ਮੰਨਿਆ ਗਿਆ। ਹਮਾਯੂੰ ਦੇ ਦੁਸ਼ਮਣ ਅਜੇ ਵੀ ਉਸ ਦਾ ਪਿਛਾ ਕਰ ਰਹੇ ਸਨ।

### ਹਮਾਯੂੰ ਦੀ ਸੀਸਤਾਨ ਵਲ ਪਸਪਾਈ

ਇਹ ਹਾਲਤ ਵੇਖ ਕੇ ਹਮਾਯੂੰ ਨੇ ਆਪਣੇ ਪਰਿਵਾਰ ਨੂੰ ਰਾਣਾ ਅਮਰ ਕੋਟ ਦੇ ਘਰ ਛਡਿਆ ਅਤੇ ਆਪ ਸੀਸਤਾਨ ਵਲ ਨਸ ਗਿਆ। ਅਮਰ ਕੋਟ ਦੇ ਦਗਾ ਬਾਜ਼ ਰਾਜੇ ਨੇ ਸ਼ਾਹਜ਼ਾਦਾ ਅਕਬਰ ਨੂੰ ਸ਼ਹਿਨਸ਼ਾਹ ਦੇ ਭਾਈ ਕਾਮਰਾਨ ਦੇ ਹਵਾਲੇ ਕਰ ਦਿਤਾ ਜੋ ਹਮਾਯੂੰ ਦਾ ਜਾਨੀ ਵੈਰੀ ਸੀ। ਉਹ ਸ਼ਹਿਜ਼ਾਦੇ ਨੂੰ ਆਪਣੇ ਨਾਲ ਕੰਧਾਰ ਲੈ ਗਿਆ। ਹਮਾਯੂੰ ਨੂੰ ਉਸ ਸਮੇਂ ਹਿੰਦੁਸਤਾਨ ਵਿਚ ਮੁਗਲ ਰਾਜ ਦੀ ਸਥਾਪਨਾ ਦਾ ਵਿਚਾਰ ਵਿਚੇ ਹੀ ਛਡਣਾ ਪਿਆ।

---

# ਪਰਕਰਨ—੧੧

## ਸੂਰ ਖਾਨਦਾਨ

### ਸ਼ੇਰ ਸ਼ਾਹ ਸੂਰ

### ਸ਼ੇਰ ਸ਼ਾਹ ਸੂਰ ਦਾ ਮੁਢ

ਸ਼ੇਰ ਸ਼ਾਹ ਦਾ ਅਸਲ ਨਾਮ ਫਰੀਦ ਸੀ। ਉਹ ਹਸਨ ਪੁਤਰ ਇਬ੍ਰਾਹੀਮ ਖਾਂ ਦਾ ਪੁਤਰ ਸੀ। ਜੋ ਪਸ਼ਾਵਰ ਦੇ ਪਿੰਡ ਰੋਹ ਦਾ ਰਹਿਣ ਵਾਲਾ ਤੇ ਸੂਰ ਕਬੀਲੇ ਵਿਚੋਂ ਸੀ। ਬਹਿਲੋਲ ਲੋਧੀ ਦੇ ਸਮੇਂ ਫੌਜੀ ਨੌਕਰੀ ਦੀ ਤਲਾਸ਼ ਵਿਚ ਦਿੱਲੀ ਆ ਗਿਆ। ਕਿਉਂਕਿ ਹਸਨ ਆਪਣੀ ਪਤਨੀ ਤੋਂ ਲਾਪ੍ਰਵਾਹ ਸੀ ਇਸ ਲਈ ਫਰੀਦ ਉਸ ਦੀ ਰਖਿਆ ਛਡਕ ਜੌਨ ਪੁਰ ਦੇ ਗਵਰਨਰ ਜਮਾਲ ਖਾਂ ਦੀ ਫੌਜ ਵਿਚ ਸਾਧਾਰਨ ਸਿਪਾਹੀ ਭਰਤੀ ਹੋ ਗਿਆ। ਜਮਾਲਉਦੀਨ ਦੀ ਸਰਪ੍ਰਸਤੀ ਹੇਠ ਉਸ ਨੇ ਇਤਿਹਾਸ ਤੇ ਕਵਿਤਾ ਦਾ ਅਭਿਆਸ ਜਾਰੀ ਰਖਿਆ ਤੇ ਕੁਛ ਸਮੇਂ ਮਗਰੋਂ ਚੰਗਾ ਵਿਦਵਾਨ ਹੋ ਗਿਆ।

### ਅਧਿਕਾਰ ਤੇ ਆਜ਼ਾਦੀ ਦੀ ਪ੍ਰਾਪਤੀ

ਇਸ ਦੇ ਮਗਰੋਂ ਉਹ ਦਰਿਆ ਖਾਂ ਲੋਹਾਨੀ ਦੇ ਸਪੁਤਰ ਬਹਾਦਰ ਖਾਂ ਪਾਸ ਚਲਾ ਗਿਆ ਜਿਸਨੇ ਬਿਹਾਰ ਨੂੰ ਵਿਜੇ ਕਰਨ ਮਗਰੋਂ ਮਹੁੰਮਦ ਸ਼ਾਹ ਦਾ ਸ਼ਾਹੀ ਖਿਤਾਬ ਹਾਸਲ ਕਰ ਲਿਆ ਸੀ। ਇਕ ਅਵਸਰ ਉਪਰ ਜਦੋਂ ਮੁਹੰਮਦ ਸ਼ਾਹ ਸ਼ਿਕਾਰ ਖੇਡਣ ਗਿਆ ਤਦ ਫਰੀਦ ਨੇ ਆਪਣੀ ਕੁਹਾੜੀ ਦੇ ਇਕੋ ਵਾਰ ਨਾਲ ਇਕ ਸ਼ੇਰ ਨੂੰ ਮਾਰ ਦਿਤਾ। ਬਾਦਸ਼ਾਹ ਉਸ ਦੇ ਕਮਾਲ ਤੇ ਸੂਰਬੀਰਤਾ ਨੂੰ ਵੇਖ ਕੇ ਐਨਾ ਖੁਸ਼ ਹੋਇਆ ਕਿ ਉਸ ਨੂੰ ਉਸੇ ਵਲ ਸ਼ੇਰ ਖਾਂ ਦਾ ਖਤਾਬ ਬਖਸ਼ ਦਿਤਾ ਤੇ ਪਿਛੋਂ ਉਹ ਇਸੇ ਹੀ ਨਾਮ ਨਾਲ ਪ੍ਰਸਿਧ ਹੋਇਆ। ਮੁਹੰਮਦ ਸ਼ਾਹ ਲੋਹਾਨੀ ਦੀ ਮੌਤ ਮਗਰੋਂ ਉਸਦੀ ਬੇਗਮ ਸੁਲਤਾਨਾ ਲਾਡੋ ਆਪਣੇ ਨਾਬਾਲਗ ਬੇਟੇ ਦੀ ਰੀਜੈਂਟ ਨਿਯਤ ਹੋਈ ਤਾਂ ਉਸ ਨੇ ਸ਼ੇਰ ਖਾਂ ਨੂੰ ਆਪਣਾ ਵਜ਼ੀਰ ਨਿਯਤ ਕਰ ਲਿਆ। ਪਰ ਥੋੜੇ ਚਿਰ ਮਗਰੋਂ ਉਹ ਵੀ ਮੌਤ ਦੇ ਮੂੰਹ ਜਾ ਪਈ ਜਿਸ

ਤੇ ਸਾਰਾ ਰਾਜ ਪ੍ਰਬੰਧ ਸ਼ੇਰ ਖਾਂ ਨੇ ਸੰਭਾਲ ਲਿਆ । ਪਿਛੋਂ ਉਸ ਨੇ ਚੁਨਾਰ ਦੇ ਸੂਰਬੀਰ ਗਵਰਨਰ ਤਾਜ ਖਾਂ ਦੀ ਬੇਵਾ ਲਾਡੋ ਮਲਕਾ ਨਾਲ ਸ਼ਾਦੀ ਕਰ ਲਈ ਜਿਸ ਤੇ ਉਹ ਉਸ ਅਜਿਤ ਕਿਲੇ ਤੇ ਉਸਦੇ ਮਾਤਹਿਤ ਇਲਾਕੇ ਦਾ ਮਾਲਕ ਬਣ ਗਿਆ । ਹਮਾਯੂੰ ਗੁਜਰਾਤ ਦੇ ਜੰਗ ਵਿਚ ਰੁਝਾ ਹੋਇਆ ਸੀ । ਇਸ ਮੌਕੇ ਤੋਂ ਲਾਭ ਉਠਾਕੇ ਸ਼ੇਰ ਖਾਂ ਨੇ ਸਾਰੇ ਬਿਹਾਰ ਅਤੇ ਬੰਗਾਲ ਨੂੰ ਆਪਣੇ ਅਧੀਨ ਕਰ ਲਿਆ ਅਤੇ ਬੰਗਾਲ ਵਿਚ ਗੌਰ ਦੇ ਅਸਥਾਨ ਉਤੇ ਮੁਗ਼ਲਾਂ ਨੂੰ ਹਾਰ ਦੇਣ ਮਗਰੋਂ ਬਾਦਸ਼ਾਹ ਬਣ ਬੈਠਾ । ੧੫੩੯ ਸੰਨ ਵਿਚ ਸ਼ੇਰ ਸ਼ਾਹ ਦੇ ਨਾਮ ਹੇਠ ਬੰਗਾਲ ਦਾ ਬਾਦਸ਼ਾਹ ਘੋਸ਼ਤ ਹੋ ਗਿਆ ।

## ਆਗਰੇ ਦੀ ਜੰਗ ੧੫੪੦ਈ.

ਗੱਦੀ ਨਸ਼ੀਨੀ ਦੇ ਅਗਲੇ ਸਾਲ ਉਸ ਨੇ ਸ਼ਹਿਨਸ਼ਾਹ ਹਮਾਯੂੰ ਵਿਰੁਧ ਚੜ੍ਹਾਈ ਕਰ ਦਿਤੀ, ਜੋ ੧ ਲਖ ਫ਼ੌਜ ਲੈ ਕੇ ਆਗਰੇ ਵਲ ਵਧ ਰਿਹਾ ਸੀ । ਆਗਰੇ ਦੇ ਪਾਸ ਜਿਹੜੀ ਲੜਾਈ ਛਿੜੀ ਉਸ ਵਿਚ ਹਮਾਯੂੰ ਨੂੰ ਹਾਰ ਹੋਈ । ਏਸ ਜੰਗ ਨੇ ਹਿੰਦੁਸਤਾਨ ਦੀ ਸਲਤਨਤ ਦੀ ਕਿਸਮਤ ਦਾ ਫੈਸਲਾ ਕਰ ਦਿਤਾ । ਸ਼ੇਰ ਸ਼ਾਹ ਨੇ ਆਪ ਹਮਾਯੂੰ ਦਾ ਪੰਜਾਬ ਤੀਕ ਪਿੱਛਾ ਕੀਤਾ ।

## ਖਵਾਸ ਖਾਂ ਪੰਜਾਬ ਦਾ ਸਰਦਾਰ ਬਣਿਆ

ਹਮਾਯੂੰ ਦੀ ਸਿੰਧ ਨੂੰ ਫਰਾਰੀ ਅਤੇ ਉਸ ਦੀ ਬਿਪਤਾ ਦੀ ਵਾਰਤਾ ਪਿਛਲੇ ਪਰਕਰਣ ਵਿਚ ਦਰਜ ਹੋ ਚੁਕੀ ਹੈ । ਸ਼ੇਰ ਸ਼ਾਹ ਨੇ ਆਪਣੇ ਲਾਇਕ ਤੇ ਭਰੋਸੇ-ਯੋਗ ਜਰਨੈਲ ਖ਼ਵਾਸ ਖਾਂ ਨੂੰ ਪੰਜਾਬ ਦਾ ਗਵਰਨਰ ਨੀਯਤ ਕੀਤਾ ਤੇ ਆਪ ਵਾਪਸ ਆਗਰੇ ਨੂੰ ਮੁੜ ਗਿਆ ।

ਨਵੇਂ ਸ਼ਹਿਨਸ਼ਾਹ ਨੇ ਮਧ ਭਾਰਤ ਦੀਆਂ ਹਿੰਦੂ ਰਿਆਸਤਾਂ ਦੀ ਬਗ਼ਾਵਤ ਨੂੰ ਕਰੜੇ ਹਥਾਂ ਨਾਲ ਦਬਾ ਕੇ ਮਾਰਵਾੜ ਤੇ ਹਮਲਾ ਕੀਤਾ ਤੇ ਚਿਤੌੜ ਵੀ ਫਤਿਹ ਕਰ ਲਿਆ । ਇਸ ਦੇ ਥੋੜਾ ਚਿਰ ਮਗਰੋਂ ਉਸ ਨੇ ਫ਼ੌਜਾਂ ਸਮੇਤ ਕਾਲੰਜਰ ਵਲ ਧਾਵਾ ਬੋਲਿਆ, ਪਰ ਕਾਲੰਜਰ ਦੇ ਰਾਜੇ ਨੇ ਆਪਣਾ ਕਿਲਾ ਹਵਾਲੇ ਕਰਨ ਤੋਂ ਇਨਕਾਰ ਕਰ ਦਿਤਾ । ਇਹ ਕਿਲਾ ਹਿੰਦੁਸਤਾਨ ਭਰ ਵਿਚ ਸਭ ਤੋਂ ਵਧ ਮਜ਼ਬੂਤ ਤੇ ਅਜਿਤ ਸਮਝਿਆ ਜਾਂਦਾ ਸੀ । ਸ਼ੇਰ ਸ਼ਾਹ ਨੇ ਇਹ ਹਾਲਤ ਵੇਖ ਕੇ ਕਿਲ੍ਹੇ ਦਾ ਘੇਰਾ ਘਤ ਲਿਆ ਜਿਸ ਪਹਾੜੀ ਉਤੇ ਕਿਲ੍ਹਾ ਬਣਿਆ ਸੀ ਉਸ ਹੇਠ ਬਾਰੂਦੀ ਸੁਰੰਗਾਂ ਖੋਦੀਆਂ ਗਈਆਂ ਅਤੇ ਕਿਲੇ ਦੀਆਂ ਕੰਧਾਂ ਨੂੰ ਬਾਰੂਦ ਨਾਲ ਉਡਾ ਦੇਣ ਦਾ ਬੰਦੋਬਸਤ ਕੀਤਾ । ਸ਼ਹਿਨਸ਼ਾਹ ਨੇ ਇਹ ਵੇਖ ਕੇ ਕਿ ਘੇਰੇ ਵਿਚ ਬਹੁਤ ਦੇਰੀ ਹੁੰਦੀ ਹੋ ਚੁਕੀ ਹੈ, ਵਡੇ ਹਮਲੇ ਦਾ ਹੁਕਮ ਜਾਰੀ ਕਰ ਦਿਤਾ । ਜਿਥੇ ਉਹ ਖੜਾ ਸੀ ਉਥੇ ਦੀ ਬਾਤਰੀ ਦਾ ਇਕ ਗੋਲਾ ਫਟ ਗਿਆ ਜਿਸ ਨਾਲ ਮੈਗਜ਼ੀਨ (ਬਾਰੂਦ) ਨੂੰ ਅਗ ਲਗ ਗਈ । ਕਈ ਤੋਪਚੀ, ਬਾਦਸ਼ਾਹ ਆਪ ਤੇ ਉਸ ਦੇ ਕਈ ਸਰਦਾਰ ਬਾਰੂਦ ਨਾਲ ਉਡ ਗਏ । ਬਾਦਸ਼ਾਹ ਐਨਾ ਝੁਲਸਿਆ ਗਿਆ ਕਿ ਲੋਕਾਂ ਨੇ ਉਸ ਨੂੰ ਮੁਰਦਾ ਸਮਝ ਕੇ ਤੰਬੂ ਵਿਚ ਪੁਚਾ ਦਿਤਾ ਪਰ ਉਹ ਜੀਉਂਦਾ ਬਚ ਨਿਕਲਿਆ । ਭਾਵੇਂ ਉਸ ਨੂੰ ਸਾਹ ਬੜੀ ਮੁਸ਼ਕਲ ਨਾਲ ਆਉਂਦਾ ਸੀ ਤੇ ਫਰ ਵੀ ਉਸ ਨੇ ਆਪਣੇ ਆਦਮੀਆਂ ਨੂੰ ਹਲਾ ਸ਼ੇਰੀ ਦੇਣੀ ਜਾਰੀ ਰਖੀ ਤੇ ਹਮਲਾ ਪੂਰੇ ਜ਼ੋਰ ਸ਼ੋਰ ਨਾਲ ਜਾਰੀ ਰਿਹਾ । ਉਹ ਮੌਤ ਬਿਸਤਰ ਉਤੇ ਪਿਆ ਸੀ ਕਿ ਕਿਲ੍ਹੇ ਦੇ ਫਤਹ ਹੋਣ ਦੀ ਖਬਰ ਉਸ ਨੂੰ ਪੁਚਾਈ ਗਈ ।

## ਸ਼ੇਰਸ਼ਾਹ ਦੀ ਕਾਲੰਜਰ ਵਿਚ ਮੌਤ ੧੫੪੫ ਈ.

ਖਬਰ ਸੁਣ ਕੇ ਉਸ ਦਾ ਚਿਹਰਾ ਖਿੜ ਗਿਆ ਤੇ ਉਸ ਨੇ ਆਖਿਆ "ਖ਼ੁਦਾ ਦਾ ਸ਼ੁਕਰ ਹੈ !" ਇਹ ਕਹਿ ਕੇ ਉਹਨੇ ਪਰਾਣ ਤਿਆਗ ਦਿਤੇ । ਇਹ ਘਟਨਾ ੨੨ ਮਈ ੧੫੪੫ ਈਸਵੀ ਦੀ ਹੈ । ਸ਼ੇਰਸ਼ਾਹ ਨੇ ਬਤੌਰ ਸ਼ਹਿਨਸ਼ਾਹ ਹਿੰਦੁਸਤਾਨ ਵਿਚ ਪੰਜ ਸਾਲ ਤੀਕ ਰਾਜ ਕੀਤਾ ।

## ਉਸ ਦਾ ਚਲਨ

ਸ਼ੇਰਸ਼ਾਹ ਬੜੀ ਫੌਜੀ ਯੋਗਤਾ ਦਾ ਮਾਲਕ ਸੀ । ਜੇ ਮੁਗ਼ਲਾਂ ਹਥੋਂ ਹਿੰਦੁਸਤਾਨ ਦਾ ਰਾਜ ਗਿਆ ਤਦ ਉਹ ਏਸੇ ਪਠਾਨ ਬਾਦਸ਼ਾਹ ਦਾ ਸਦਕਾ ਗਿਆ ਸੀ । ਆਪਣੀ ਸੂਝ ਬੂਝ ਅਤੇ ਦਰਿੜਤਾ ਨਾਲ ਉਹ ਇਕ ਸਾਧਾਰਨ ਸਿਪਾਹੀ ਦੇ ਦਰਜੇ ਤੋਂ ਉਠ ਕੇ ਇਕ ਵਡੀ ਸਲਤਨਤ ਦਾ ਬਾਦਸ਼ਾਹ ਬਣ ਗਿਆ । ਉਸ ਨੇ ਹਰ ਪਾਸੇ ਆਪਣੇ ਰਾਜ ਦੀਆਂ ਹਦਾਂ ਚੋੜੀਆਂ ਕੀਤੀਆਂ ਅਤੇ ਦੇਸ ਦੇ ਰਾਜ ਪਰਬੰਧ ਵਿਚ ਵੀ ਬੜਾ ਸੁਧਾਰ ਕੀਤਾ ।

## ਉਸ ਵਲੋਂ ਦੇਸ ਅੰਦਰ ਸੁਧਾਰ

ਗੰਗਾ ਤੋਂ ਲੈ ਕੇ ਦਰਿਆ ਸਿੰਧ ਤੀਕ ਉਸ ਨੇ ੨੦੦੦ ਮੀਲ ਲੰਮੀ ਇਕ ਜਰਨੈਲੀ ਸੜਕ ਤਿਆਰ ਕੀਤੀ ਜਿਸ ਦੇ ਦੋਹਾਂ ਪਾਸੀਂ ਫਲਦਾਰ ਦਰਖਤ ਲਾਏ ਗਏ ਜਿਨ੍ਹਾਂ ਦੀ ਛਾਵੇਂ ਥਕ ਹੋਏ ਮੁਸਾਫਰ ਆਰਾਮ ਕਰਦੇ । ਇਸ ਸੜਕ ਉਤੇ ਹਰ ਦੋ ਮੀਲ ਦੇ ਫਾਸਲੇ ਉਤੇ ਖੂਹ ਲਵਾਇਆ ਅਤੇ ਹਰ ਮੰਜ਼ਲ ਉਤੇ ਇਕ ਸਰਾਂ (ਮੁਸਾਫਰ ਖਾਨਾ) ਮੁਸਾਫਰਾਂ ਦੀ ਰਿਹਾਇਸ਼ ਲਈ ਬਣਵਾਇਆ । ਇਹ ਸਾਰਾ ਕਮ ਸਰਕਾਰੀ ਖਰਚ ਨਾਲ ਹੋਇਆ । ਇਸ ਸੜਕ ਉਪਰ ਸ਼ਾਨਦਾਰ ਮਸੀਤਾਂ ਬਣਵਾਈਆ ਜਿਸ ਵਿਚ ਕੁਰਾਨ ਖਾਨੀ ਲਈ ਮੁੱਲਾਂ ਨਿਯਤ ਕੀਤੇ ਗਏ । ਯੋਗ ਫਾਸਲੇ ਉਤੇ ਘੁੜ ਸਵਾਰਾਂ ਦੀਆਂ ਚੌਕੀਆਂ ਵੀ ਕਾਇਮ ਕੀਤੀਆਂ ਤਾਂ ਜੁ ਸਰਕਾਰੀ ਡਾਕ ਦੀ ਆਵਾਜਾਈ ਵਿਚ ਸਹੂਲਤ ਹੋ ਜਾਏ ਅਤੇ ਨਾਲ ਹੀ ਸੌਦਾਗਰਾਂ ਤੇ ਜਨਤਾ ਨੂੰ ਵੀ ਰਾਖਿਆ ਦਾ ਵੀ ਲਾਭ ਪੁਜੇ । ਆਗਰਾ ਅਤੇ ਮਾਂਡੂ ਵਿਚਾਲੇ ਵੀ ਜੋ ਕਿ ੪੫੦ ਮੀਲ ਦਾ ਫਾਸਲਾ ਹੈ ਇਹੋ ਜਿਹੀ ਸੜਕ ਬਣਵਾਈ । ਸਾਰੇ ਦੇਸ ਵਿਚ ਅਮਨ ਚੈਨ ਸੀ ਅਤੇ ਇਹ ਗਲ ਐਨ ਸੰਭਵ ਹੈ ਕਿ ਜੇ ਇਸ ਫੌਜੀ ਸੂਰਮੇ ਦੀ ਜ਼ਿੰਦਗੀ ਹੋਰ ਲੰਮੇਰੀ ਹੁੰਦੀ ਤਦ ਇਸ ਦੇ ਰਾਜ ਵਿਚ ਹਿੰਦੁਸਤਾਨ ਵਿਚ ਅਮਨ ਤੇ ਖੁਸ਼ਹਾਲੀ ਦਾ ਦੌਰ ਚਾਲੂ ਰਹਿੰਦਾ ।

## ਕਥਾਵਾਂ

ਫਰਿਸ਼ਤਾ ਲਿਖਦਾ ਹੈ ਇਕ ਦਿਨ ਸ਼ੇਰ ਸ਼ਾਹ ਨੂੰ ਕਿਸੇ ਨੇ ਆਖਿਆ ਉਸ ਦੀ ਦਾੜ੍ਹੀ ਚਿਟੀ ਹੋ ਰਹੀ ਹੈ । ਉਸ ਨੇ ਉਤਰ ਦਿਤਾ "ਇਹ ਠੀਕ ਹੈ ਕਿ ਮੈਂ ਜ਼ਿੰਦਗੀ ਦੀਆਂ ਸ਼ਾਮਾਂ ਵੇਲੇ ਤਖਤ ਨਸ਼ੀਨ ਹੋਇਆ ਤੇ ਇਸ ਗਲ ਦਾ ਮੈਨੂੰ ਸਦਾ ਹੀ ਅਫਸੋਸ ਰਿਹਾ ਕਿ ਮੈਨੂੰ ਦੇਸ ਵਾਸੀਆਂ ਦੀ ਸੇਵਾ ਲਈ ਕਾਫੀ ਸਮਾਂ ਨਹੀਂ ਮਿਲ ਸਕਿਆ ।"

## ਸ਼ੇਰ ਸ਼ਾਹ ਦਾ ਮਕਬਰਾ

ਸ਼ਹਿਨਸ਼ਾਹ ਦੀ ਲਾਸ਼ ਸਾਸਰਾਮ ਵਿਚ ਪੁਚਾਈ ਗਈ ਜਿਥੇ ਕਿ ਉਸਦੀ ਖਾਨਦਾਨੀ ਜਾਗੀਰ ਸੀ । ਉਸ ਦੀ ਯਾਦ ਵਿਚ ਇਕ ਬੜਾ ਸ਼ਾਨਦਾਰ ਮਕਬਰਾ ਤਿਆਰ ਕੀਤਾ ਗਿਆ, ਜੋ ਅਜ ਦਿਨ ਤੀਕ ਉਸੇ ਦਸ਼ਾ ਵਿਚ ਮੌਜੂਦ ਹੈ । ਇਸ ਮਕਬਰੇ ਦੇ ਇਰਦ ਗਿਰਦ ਇਕ ਤਲਾ ਹੈ । ਪਠਾਨ ਬਾਦਸ਼ਾਹ ਦਾ ਇਹ ਮਕਬਰਾ ਅਦੁਤੀ ਇਮਾਰਤ ਮੰਨਿਆ ਜਾਂਦਾ ਹੈ ।

## ਸਲੀਮ ਸ਼ਾਹ ਸੂਰ

### ਸਲੀਮ ਸ਼ਾਹ ਨੇ ਵਡੇ ਭਾਈ ਦਾ ਤਖਤ ਸਾਂਭਿਆ

ਸ਼ੇਰ ਸ਼ਾਹ ਦੀ ਮੌਤ ਉਪਰ ਫੌਜ ਦੇ ਵਡੇ ਵਡੇ ਅਫਸਰਾਂ ਨੇ ਉਸਦੇ

Sri Satguru Jagjit Singh Ji eLibrary NamdhariElibrary@gmail.com

ਵੱਡੇ ਪੁਤਰ ਆਦਿਲ ਖਾਂ ਦੀ ਬਜਾਏ ਉਸਦੇ ਛੋਟੇ ਪੁਤਰ ਜਲਾਲ ਖਾਂ ਨੂੰ ਸ਼ਹਿਨਸ਼ਾਹ ਬਣਾਇਆ। ਜਲਾਲ ਖਾਂ ਸੂਰਬੀਰ ਸਿਪਾਹੀ ਸੀ ਜੋ ਆਪਣੇ ਬਾਪ ਦੀਆਂ ਮੁਹਿੰਮਾਂ ਵਿਚ ਵਧ ਚੜ੍ਹਕੇ ਹਿੱਸਾ ਲੈਂਦਾ ਰਿਹਾ। ਏਸੇ ਕਰਕੇ ਹੀ ਉਹ ਫ਼ੌਜ ਵਿਚ ਬੜਾ ਹਰਮਨ ਪਿਆਰਾ ਬਣ ਗਿਆ। ੨੫ ਮਈ ੧੫੪੫ ਈਸਵੀ ਨੂੰ ਪਿਤਾ ਦੀ ਮੌਤ ਦੇ ਤਿੰਨ ਦਿਨ ਮਗਰੋਂ ਕਾਲੰਜਰ ਦੇ ਕਿਲੇ ਵਿਚ ਉਸ ਨੂੰ ਹਿੰਦੁਸਤਾਨ ਦਾ ਸ਼ਹਿਨਸ਼ਾਹ ਬਣਾਇਆ ਗਿਆ। ਉਸਦਾ ਖਤਾਬ ਇਸਲਾਮ ਸ਼ਾਹ ਰਖਿਆ ਗਿਆ ਪਰ ਉਹ ਬਹੁਤਾ ਸਲੀਮ ਸ਼ਾਹ ਕਰਕੇ ਪ੍ਰਸਿਧ ਸੀ।

## ਲਾਹੌਰ ਵਾਇਸਰਾਏ ਦੀ ਬਗਾਵਤ

ਲਾਹੌਰ ਦੇ ਵਾਇਸਰਾਏ ਹੈਬਤ ਖਾਂ ਨੇ ਜੋ ਅਜ਼ੀਮ ਹਮਾਯੂੰ ਦੇ ਉਪਨਾਮ ਨਾਲ ਪਰਸਿਧ ਸੀ ਤੇ ਕਮਾਯੂੰ ਪਹਾੜੀਆਂ ਦੇ ਆਸ ਪਾਸ ਦੇ ਇਲਾਕਿਆਂ ਨੂੰ ਲੁਟ ਪੁਟ ਕੇ ਕੁਤਬਦੀਨ ਨੇ ਕਿਸੇ ਦੇ ਪਾਸ ਆ ਕੇ ਪਨਾਹ ਲਈ ਸੀ, ਆਪਣੀ ਆਜ਼ਾਦੀ ਦੀ ਸਪਿਰਟ ਪਰਗਟ ਕਰਦੇ ਹੋਏ ਉਸ ਨੇ ਸ਼ਾਹੀ ਦਰਬਾਰ ਦੇ ਉਸ ਸਦੇ ਦੀ ਵੀ ਪਰਵਾਹ ਨਾ ਕੀਤੀ ਜਿਸ ਵਿਚ ਉਸ ਨੂੰ ਦਿਲੀ ਹਾਜ਼ਰ ਹੋਣ ਲਈ ਆਖਿਆ ਗਿਆ ਸੀ। ਉਸ ਦੀ ਇਸ ਬਗਾਵਤ ਵਿਚ ਉਸ ਦਾ ਭਾਈ ਸਈਦ ਖਾਂ ਆਗਰੇ ਵਾਲਾ, ਸ਼ੇਰ ਸ਼ਾਹ ਦਾ ਇਤਬਾਰੀ ਸਰਦਾਰ ਖਵਾਸ ਖਾਂ ਅਤੇ ਕੁਛ ਹੋਰ ਨਾਰਾਜ਼ ਹੋਏ ਹੋਏ ਸਰਦਾਰ ਵੀ ਸ਼ਾਮਲ ਹੋ ਗਏ। ਇਹ ਦਸ਼ਾ ਵੇਖ ਕੇ ਸ਼ਹਿਨਸ਼ਾਹ ਸਲੀਮ ਨੇ ਫੌਜ ਲੈ ਕੇ ਲਾਹੌਰ ਵਲ ਕੂਚ ਬੋਲਿਆ। ਵਿਰੋਧੀ ਧੜੇ ਨੇ ਅੰਬਾਲੇ ਦੇ ਪਾਸ ਉਸ ਨੂੰ ਰੋਕਿਆ। ਵਿਰੋਧੀ ਧੜੇ ਪਾਸ ਉਸ ਤੋਂ ਦੂਣੀ ਫੌਜ ਸੀ। ਲੜਾਈ ਲਈ ਦੋਵੇਂ ਧਿਰਾਂ ਆਮੋ ਸਾਹਮਣੇ ਖੜ ਗਈਆਂ ਸ਼ਾਹੀ ਫੌਜ ਬਾਗੀਆਂ ਉਤੇ ਹਲਾ ਬੋਲਣ ਲਈ ਅਗੇ ਵਧੀ। ਬਾਦਸ਼ਾਹ ਦੇ ਚੰਗੇ ਭਾਗਾਂ ਨੂੰ ਇਸ ਤੋਂ ਪਹਿਲੇ ਦਿਨ ਵਿਰੋਧੀ ਧੜੇ ਵਿਚ ਇਕ ਝਗੜਾ ਉਠ ਖੜਾ ਹੋਇਆ। ਇਹ ਝਗੜਾ ਇਸ ਗਲ ਤੇ ਸੀ ਕਿ ਜਿਤ ਮਗਰੋਂ ਬਾਦਸ਼ਾਹ ਕੌਣ ਬਣੇ? ਖਵਾਸ ਖਾਂ ਦੇ ਦਿਲ ਵਿਚ ਆਪਣੇ ਸਰਪ੍ਰਸਤ ਦੇ ਖਾਨਦਾਨ ਲਈ ਅਜੇ ਤੀਕ ਸਦਮਾ ਸੀ, ਉਹ ਸ਼ਾਹਜ਼ਾਦਾ ਆਦਲ ਸ਼ਾਹ ਨੂੰ ਬਾਦਸ਼ਾਹ ਬਣਾਉਣ ਦੇ ਹਕ ਵਿਚ ਸੀ। ਪਰ ਅਜ਼ੀਮ ਹਮਾਯੂੰ ਦੇ ਇਸ ਬਾਰੇ ਵਖਰੇ ਹੀ ਵਿਚਾਰ ਸਨ। ਉਹ ਆਖਦਾ ਸੀ ਬਾਦਸ਼ਾਹੀ ਕਿਸੇ ਆਦਮੀ ਦੀ ਨਹੀਂ ਸਗੋਂ ਇਹ ਉਸ ਆਦਮੀ ਦਾ ਹਕ ਹੈ ਜੋ ਸਭ ਤੋਂ ਤੇਜ਼ ਤਲਵਾਰ ਚਲਾ ਸਕੇ। ਇਸ ਮਤ ਭੇਦ ਦਾ ਫਲ ਇਹ ਹੋਇਆ ਕਿ ਦੂਜੇ ਦਿਨ ਜਦ ਦੋਹਾਂ ਧਿਰਾਂ ਦੀਆਂ ਫੌਜਾਂ ਦੀ ਕਤਾਰ ਬੰਦੀ ਹੋਈ ਤਦ ਖਵਾਸ ਖਾਂ ਆਪਣੀ ਫੌਜ ਲੈ ਕੇ ਪਿਛੇ ਹਟ ਗਿਆ।

## ਉਹ ਦੀ ਹਾਰ

ਇਹੋ ਜਿਹੀ ਦਸ਼ਾ ਵਿਚ ਉਹੋ ਹੋਇਆ ਜੋ ਹੋਣਾ ਸੀ। ਸਲੀਮ ਸ਼ਾਹ ਨੂੰ ਫੈਸਲਾ ਕਰੂ ਜਿਤ ਪ੍ਰਾਪਤ ਹੋਈ।

ਸੰਨ ੧੫੪੯ ਈਸਵੀ ਵਿਚ ਹਮਾਯੂੰ ਨੇ ਆਪਣੇ ਭਾਈ ਕਾਮਰਾਨ ਮਿਰਜ਼ਾ ਨੂੰ ਨਸਾ ਦਿਤਾ ਅਤੇ ਉਹ ਪੰਜਾਬ ਵਿਚ ਆ ਕੇ ਗਖੜਾਂ ਨਾਲ ਮਿਲ ਗਿਆ। ਇਸ ਦੇ ਫੌਰਨ ਹੀ ਪਿਛੋਂ ਹਮਾਯੂੰ ਨੇ ਦਰਿਆ ਸਿੰਧ ਪਾਰ ਕੀਤਾ ਅਤੇ ਪੰਜਾਬ ਵਲ ਵਧਿਆ। ਸਲੀਮ ਸ਼ਾਹ ਨੇ ਜੋਕਾਂ ਲਵਾਈਆ ਸਨ ਕਿ ਉਸ ਨੂੰ ਇਹ ਖਬਰ ਪੁਜੀ। ਉਹ ਉਸੇ ਵੇਲੇ ਬਿਸਤਰ ਤੋਂ ਉਠ ਖੜਾ ਹੋਇਆ ਅਤੇ ਫੌਜ ਨੂੰ ਜਮਾ ਕਰਕ ੬ ਮੀਲ ਦੂਰ ਕੈਂਪ ਵਿਚ ਜਾ ਪੁਜਾ ਕਿਉਂਕਿ ਬੈਲ ਦੇਸ ਵਿਚ ਚਰਨੇ ਛਡੇ ਹੋਏ ਸਨ ਤੇ ਭਾਰੀ ਤੋਪ ਖਾਨਾ ਪੰਜਾਬ ਵਿਚ ਲਿਜਾਣ ਲਈ ਇਕਠੇ ਕਰਨੇ ਮੁਸ਼ਕਲ ਸਨ, ਇਸ ਲਈ ਬਾਦਸ਼ਾਹ ਨੇ ਤੋਪ ਲਿਜਾਣ ਲਈ ਦੋ ਹਜ਼ਾਰ ਆਦਮੀ ਪ੍ਰਾਪਤ ਕੀਤੇ। ਇਉਂ ਬਹੁਤ ਸਾਰਾ ਲਾਓ ਲਸ਼ਕਰ ਲੈ ਕੇ ਬਾਦਸ਼ਾਹ ਲਾਹੌਰ ਪੁਜਾ। ਪਰ ਉਸਦੇ ਟਾਕਰੇ ਉਤੇ ਹਮਾਯੂੰ ਪਿਛੇ ਹਟ ਗਿਆ ਜਿਸਤੇ ਸਲੀਮ ਸ਼ਾਹ ਦਿਲੀ ਨੂੰ ਵਾਪਸ ਮੁੜ ਗਿਆ। ਉਹ ਗਵਾਲੀਅਰ ਚਲਾ ਗਿਆ। ਸ਼ੇਖ ਅਲਾਈ ਦੀ ਮੌਤ ਤੋਂ ਥੋੜਾ ਸਮਾਂ ਪਹਿਲੇ ਉਸ ਨੇ ਲਾਹੌਰ ਦਾ ਦੁਬਾਰਾ ਦੌਰਾ ਕੀਤਾ। ਸ਼ੇਖ ਅਲਾਈ ਨੂੰ ਮੌਤ ਦੀ ਸਜ਼ਾ ਇਸ ਦੋਸ਼ ਵਿਚ ਦਿਤੀ ਗਈ ਸੀ ਕਿ ਉਸ ਨੇ ਆਪਣੇ ਇਮਾਮ ਮਹਿਦੀ ਹੋਣ ਦਾ ਦਾਅਵਾ ਕੀਤਾ ਸੀ ਅਤੇ ਆਪਣਾ ਵਖਰਾ ਹੀ ਨਵਾਂ ਫ਼ਿਰਕਾ ਮਾਹਦਵੀ ਕਾਇਮ ਕਰ ਲਿਆ ਸੀ। ਸ਼ੇਖ ਨੂੰ ਮੌਲਵੀਆਂ ਤੇ ਆਲਮਾਂ ਦੇ ਰੂਬਰੂ ਪੇਸ਼ ਕੀਤਾ ਗਿਆ। ਬਾਦਸ਼ਾਹ ਦੀ ਪਰਵਾਨਗੀ ਨਾਲ ਉਸ ਨੂੰ ਕੋਰੜੇ ਮਾਰ ਮਾਰ ਕੇ ਹੀ ਮਾਰ ਦਿਤਾ ਗਿਆ।

## ਉਸਦੀ ਮੌਤ ੧੫੫੩ ਈ.

ਬਾਦਸ਼ਾਹ ਨੂੰ ਇਕ ਲੰਮੀ ਬੀਮਾਰੀ ਲਗ ਗਈ ਸੀ ਜੋ ਉਸ ਦੀ ਜਾਨ ਲੇਵਾ ਸਾਬਤ ਹੋਈ ਤੇ ਉਹ ਨੌਂ ਸਾਲ ਰਾਜ ਕਰਨ ਮਗਰੋਂ ਸੰਨ ੧੫੫੩ ਈਸਵੀ ਵਿਚ ਗਵਾਲੀਅਰ ਦੇ ਅਸਥਾਨ ਤੇ ਚਲਾਣਾ ਕਰ ਗਿਆ। ਇਹ ਗਲ ਚੇਤੇ ਰਖਣ ਵਾਲੀ ਹੈ ਕਿ ਗੁਜਰਾਤ ਦਾ ਬਾਦਸ਼ਾਹ ਮਹਿਮੂਦ ਸ਼ਾਹ ਅਤੇ ਅਹਿਮਦ ਨਗਰ ਦਾ ਬਾਦਸ਼ਾਹ ਬਹਿਰਾਮ ਨਿਜ਼ਾਮ ਸ਼ਾਹ ਵੀ ਉਸੇ ਸਾਲ ਹੀ ਮੋਏ ਸਨ। ਇਸ ਦੀ ਯਾਦ ਵਿਚ ਇਕ ਕਵੀ ਨੇ ਇਹਨਾਂ ਦੀ ਮੌਤ ਦੀ ਤਾਰੀਖ ਲਿਖੀ "ਜ਼ਵਾਲ ਖੁਸਰਵਾਨ" ਜੋ ਸੰਨ ੧੫੫੩ ਬਣਦਾ ਹੈ।

## ਮੁਹੰਮਦ ਸ਼ਾਹ ਸੂਰ ਆਦਲੀ

## ਮੁਹੰਮਦ ਸ਼ਾਹ ਦਾ ਭਣੇਵੇਂ ਨੂੰ ਕਤਲ ਕਰਕੇ ਤਖਤ ਤੇ ਬੈਠਣਾ ੧੫੫੩ ਈ:

ਸਲੀਮ ਸ਼ਾਹ ਦੀ ਮੌਤ ਮਗਰੋਂ ਉਸ ਦਾ ਪੁਤਰ ਸ਼ਾਹਜ਼ਾਦਾ ਫ਼ਿਰੋਜ਼ ਨੂੰ ਜਿਸਦੀ ਉਮਰ ਕੇਵਲ ੧੨ ਸਾਲ ਸੀ ਸੂਰ ਖਾਨਦਾਨ ਦੇ ਉਮਰਾਵਾਂ ਨੇ ਗਦੀ ਨਸ਼ੀਨ ਕਰ ਦਿਤਾ। ਉਸ ਨੇ ਤਿੰਨ ਦਿਨ ਵੀ ਰਾਜ ਨਹੀਂ ਸੀ ਕੀਤਾ ਕਿ ਨਿਜ਼ਾਮ ਖਾਂ ਦਾ ਪੁਤ੍ਰ ਸੁਵਰਗੀ ਸ਼ੇਰ ਸ਼ਾਹ ਦਾ ਭਤੀਜਾ ਅਤੇ ਨੌਜਵਾਨ ਸ਼ਹਿਜ਼ਾਦੇ ਨੂੰ ਉਸ ਦੀ ਮਾਂ ਸੁਲਤਾਨਾ ਬੀਬੀ (ਆਪਣੀ ਭੈਣ) ਦੀਆਂ ਬਾਹਵਾਂ ਵਿਚੋਂ ਖੋਹ ਕੇ ਆਪਣੇ ਹਥ ਨਾਲ ਕਤਲ ਕਰ ਦਿਤਾ। ਉਸ ਨੂੰ ਕਤਲ ਕਰਨ ਮਗਰੋਂ ਗਦੀ ਨਸ਼ੀਨ ਹੋ ਕੇ ਆਪਣਾ ਨਾਮ ਮੁਹੰਮਦ ਸ਼ਾਹ ਆਦਲੀ ਰਖ ਲਿਆ।

## ਉਸ ਦੇ ਅਵਗੁਣ ਅਤੇ ਅਯੋਗਤਾ

ਮੁਹੰਮਦ ਸ਼ਾਹ ਨ ਕੁਛ ਪੜ੍ਹ ਸਕਦਾ ਸੀ ਅਤੇ ਨਾ ਹੀ ਲਿਖ ਸਕਦਾ ਸੀ। ਉਹ ਨੀਚ ਲੋਕਾਂ ਦੀ ਕੁਸੰਗਤ ਵਿਚ ਫਸ ਗਿਆ।

## ਦੁਕਾਨਦਾਰ ਹੇਮੂੰ ਨੂੰ ਵਜ਼ੀਰ-ਆਜ਼ਿਮ ਬਣਾ ਦਿਤਾ

ਉਸ ਨੇ ਹੇਮੂੰ ਨਾਮ ਦੇ ਇਕ ਸਧਾਰਨ ਦੁਕਾਨਦਾਰ ਨੂੰ ਜੋ ਸਲੀਮ ਸ਼ਾਹ ਦੇ ਸਮੇਂ ਮੰਡੀ ਦਾ ਚੌਧਰੀ ਸੀ, ਪ੍ਰਧਾਨ ਥਾਪ ਦਿਤਾ। ਬਾਦਸ਼ਾਹ ਨੇ ਰਾਜ ਕਾਜ ਦੇ ਕੰਮ ਵਿਚ ਵੀ ਅਣਗਹਿਲੀ ਵਰਤਣੀ ਸ਼ੁਰੂ ਕਰ ਦਿਤੀ ਅਤੇ ਭੋਗ ਵਿਲਾਸ ਵਿਚ ਪੈ ਗਿਆ। ਉਸ ਦੇ ਰਾਜ ਸਮੇਂ ਦਿਲੀ ਦਾ ਦਰਬਾਰ ਨੀਚ ਜਾਤ ਦੇ ਲੋਕਾਂ ਨਾਲ ਭਰ ਗਿਆ ਜੋ ਚਾਪਲੂਸੀ ਕਰ ਕਰ ਕੇ ਔਹਦੇ ਤੇ ਇਜ਼ਤਾਂ ਪਰਾਪਤ ਕਰ ਲੈਂਦੇ ਸਨ। ਇਹ ਬਾਦਸ਼ਾਹ ਗਲੀਆਂ ਵਿਚ ਅਵਾਰਾ ਫਿਰਦਾ ਤੇ ਲੋਕਾਂ ਵਿਚ ਐਵੇਂ ਹੀ ਧੰਨ ਵੰਡਦਾ ਰਹਿੰਦਾ। ਉਸ ਨੂੰ ਤੀਰ ਚਲੌਣ ਦੀ ਵਾਦੀ ਪੈ ਗਈ ਉਸ ਦੇ ਇਹਨਾਂ ਤੀਰਾਂ ਵਿਚ ਦਸ ਜਾਂ ਬਾਰਾਂ ਰੁਪਏ ਦਾ ਸੋਨਾ ਲਗਾ ਹੁੰਦਾ ਸੀ। ਲੋਕ ਉਸ ਦੇ ਤੀਰ ਫੜਨ ਲਈ ਗੁਥਮ ਗੁਥਾ ਤੇ ਸੋਨੇ ਦੇ ਲਾਲਚ ਵਿਚ ਹਥੋ ਪਾਈ ਹੁੰਦੇ।

## ਹੈਮੂੰ ਯੋਗ ਸਾਬਤ ਹੋਇਆ

ਹੈਮੂੰ ਨੇ ਆਪਣੀ ਦਲੇਰੀ ਤੇ ਦਰਿੜਤਾ ਦਾ ਸਬੂਤ ਦਿਤਾ। ਮੁਹੰਮਦ ਸ਼ਾਹ ਆਦਲੀ ਉਸ ਦਾ ਕਠ ਪੁਤਲੀ ਬਣ ਗਿਆ। ਲੜਾਕੇ ਪਠਾਣਾਂ ਵਿਚਕਾਰ ਰੋਜ਼ਾਨਾ ਗਾਲੀ ਗਲੋਚ ਹੁੰਦਾ ਤੇ ਝਗੜੇ ਲੜਾਈਆਂ ਹੁੰਦੀਆਂ। ਬਾਦਸ਼ਾਹ ਇਹਨਾਂ ਝਗੜਿਆਂ ਨੂੰ ਰੋਕਣ ਤੋਂ ਅਸਮਰਥ ਸੀ। ਆਪਣੇ ਭਣਵਈਏ ਇਬਰਾਹੀਮ ਖਾਂ ਸੂਰ ਦੇ ਦਿਨੋਂ ਦਿਨ ਵਧ ਰਹੇ ਅਸਰਰਸੂਖ ਤੇ ਲੋਕਾਂ ਅੰਦਰ ਹਰ ਮਨ ਪਿਆਰਾ ਹੋਣ ਤੋਂ ਖੁਣਸ ਖਾ ਕੇ ਉਸ ਨੇ ਉਹਦੀ ਗਿਰਫਤਾਰੀ ਲਈ ਖੁਫੀਆ ਹੁਕਮ ਦੇ ਦਿਤਾ। ਪਰ ਇਬਰਾਹੀਮ ਦੀ ਪਤਨੀ ਨੇ ਜੋ ਬਾਦਸ਼ਾਹ ਦੀ ਭੈਣ ਸੀ, ਇਸ ਸਾਜ਼ਸ਼ ਦਾ ਪਤਾ ਆਪਣੇ ਪਤੀ ਨੂੰ ਵਲੋਂ ਸਿਤ ਦੇ ਦਿਤਾ। ਬਾਦਸ਼ਾਹ ਦੀ ਨਿਯਤ ਤਾੜ ਕੇ ਉਹ ਚੁਨਾਰ ਵਲ ਨਸ ਗਿਆ। ਬਾਦਸ਼ਾਹ ਨੇ ਉਸ ਦੇ ਮਗਰ ਈਸਾ ਖਾਂ ਨਿਆਜ਼ੀ ਨੂੰ ਫੌਜ ਦੇ ਕੇ ਭੇਜਿਆ। ਦੋਵਾਂ ਧਿਰਾਂ ਵਿਚ ਲੜਾਈ ਹੋਈ ਜਿਸ ਵਿਚ ਈਸਾ ਖਾਂ ਨੂੰ ਹਾਰ ਵੇਖਣੀ ਪਈ ਤੇ ਉਹ ਮੈਦ ਨ ਛਡ ਕੇ ਨਸ ਗਿਆ। ਇਸ ਸਫਲਤਾ ਤੋਂ ਹੌਂਸਲਾ ਪਾ ਕੇ ਇਬਰਾਹੀਮ ਖਾਂ ਨੇ ਇਕ ਬਹੁਤ ਵਡੀ ਫੌਜ ਤਿਆਰ ਕੀਤੀ।

## ਇਬਰਾਹੀਮ ਖਾਂ ਬਾਦਸ਼ਾਹ ਬਣ ਬੈਠਾ

ਜਿਸ ਸਮੇਂ ਬਾਦਸ਼ਾਹ ਚੁਨਾਰ ਗਿਆ ਹੋਇਆ ਸੀ ਉਸ ਨੇ ਮੌਕਾ ਤਾੜ ਕੇ ਦਿਲੀ ਦੇ ਤਖਤ ਉਤੇ ਕਬਜ਼ਾ ਕਰ ਲਿਆ ਤੇ ਆਪ ਬਾਦਸ਼ਾਹ ਬਣ ਬੈਠਾ। ਮੁਹੰਮਦ ਸ਼ਾਹ ਨੇ ਇਸ ਬਗਾਵਤ ਨੂੰ ਦਬੌਣ ਲਈ ਹਲਕਾ ਜਿਹਾ ਜਤਨ ਕੀਤਾ ਪਰ ਵੈਰੀ ਬਹੁਤ ਸ਼ਕਤੀ ਸ਼ਾਲੀ ਹੋ ਚੁਕਾ ਸੀ ਇਸ ਲਈ ਉਸ ਨੂੰ ਵੰਡ ਪਰਵਾਨ ਕਰਨੀ ਪਈ। ਨਵੇਂ ਪਰਬੰਧ ਅਨੁਸਾਰ ਮੁਹੰਮਦ ਸ਼ਾਹ ਨੂੰ ਪੂਰਬੀ ਸੂਬਿਆਂ ਦੀ ਹਕੂਮਤ ਮਿਲ ਗਈ ਤੇ ਇਬਰਾਹੀਮ ਦੇ ਕਬਜ਼ੇ ਵਿਚ ਪਛਮੀ ਸੂਬੇ ਰਹੇ। ਇਸ ਪਰਕਾਰ ਹਿੰਦੁਸਤਾਨ ਦਾ ਰਾਜ ਦੋ ਵਿਰੋਧੀ ਦਾਅਵੇ ਦਾਰਾਂ ਵਿਚਾਲੇ ਵੰਡਿਆ ਗਿਆ।

## ਸਿਕੰਦਰ ਸ਼ਾਹ ਸੂਰੀ

ਇਬਰਾਹੀਮ ਖਾਂ ਸੂਰ ਅਜ ਸ਼ਾਹੀ ਤਖਤ ਉਤੇ ਬੈਠਾ ਹੀ ਸੀ ਕਿ ਇਕ ਹੋਰ ਤਖਤ ਦਾ ਦਾਅਵੇਦਾਰ ਪੈਦਾ ਹੋ ਗਿਆ। ਇਹ ਨਵਾਂ ਦਾਅਵੇਦਾਰ ਅਹਿਮਦ ਖਾਂ ਸੂਰ ਨਾਂਮੀ ਸ਼ੇਰ ਸ਼ਾਹ ਦਾ ਭਣੇਵਾਂ ਸੀ ਜਿਸ ਦੀ ਭੈਣ ਮੁਹੰਮਦ ਸ਼ਾਹ ਆਦਲੀ ਨਾਲ ਵਿਆਹੀ ਹੋਈ ਸੀ। ਪਛਮੀ ਜ਼ਿਲਿਆਂ ਦੇ ਕੁਛ ਸਿਰਕਢ ਸਰਦਾਰਾਂ ਨੂੰ ਆਪਣੇ ਨਾਲ ਮਿਲਾ ਕੇ ਉਸ ਨੇ ਪੰਜਾਬ ਵਿਚ ਸਿਕੰਦਰ ਸ਼ਾਹ ਸੂਰੀ ਦੇ ਨਾਮ ਨਾਲ ਆਪਣੀ ਹੀ ਬਾਦਸ਼ਾਹੀ ਕਾਇਮ ਕਰ ਲਈ। ਜਿਨ੍ਹਾਂ ਸਰਦਾਰਾਂ ਨੂੰ ਉਸ ਨੇ ਆਪਣੇ ਨਾਲ ਮਿਲਾਇਆ ਉਹਨਾ ਵਿਚ ਸਲੀਮ ਸ਼ਾਹ ਦੇ ਦਰਬਾਰ ਦਾ ਅਤਿਅੰਤ ਸ਼ਕਤੀ ਸ਼ਾਲੀ ਸਰਦਾਰ ਹੈਬਤ ਖਾਂ ਵੀ ਸੀ।

## ਸਿਕੰਦਰ ਸ਼ਾਹ ਸੂਰ ਦੀ ਲੀਡਰੀ ਹੇਠ ਪੰਜਾਬ ਦੀ ਬਗ਼ਾਵਤ

ਉਸ ਨੇ ੧੨ ਹਜ਼ਾਰ ਰਸਾਲਾ ਫ਼ੌਜ ਲੈ ਕੇ ਆਗਰੇ ਵਲ ਕੂਚ ਬੋਲਿਆ। ਇਸ ਕੂਚ ਦਾ ਮੰਤਵ ਇਹ ਸੀ ਕਿ ਇਬਰਾਹੀਮ ਖਾਂ ਨੂੰ ਉਸਦੀ ਪਛਮੀ ਸਲਤਨਤ ਵਿਚੋਂ ਕਢ ਦਿਤਾ ਜਾਏ। ਉਸ ਦੀ ਫ਼ੌਜ ਕੂਚ ਕਰਦੀ ਹੋਈ ਕੇਰਾਲਾ ਪਹੁੰਚ ਗਈ। ਇਹ ਸ਼ਹਿਰ ਆਗਰੇ ਤੋਂ ੨੦ ਮੀਲ ਦੂਰ ਹੈ। ਏਥੇ ਹੀ ਸਿਕੰਦਰ ਸ਼ਾਹ ਦੀ ਫੌਜ ਨੇ ਡੇਰੇ ਲਾ ਦਿਤੇ। ਇਸ ਦਾ ਟਾਕਰਾ ਕਰਨ ਲਈ ਇਬ੍ਰਾਹੀਮ ਖਾਂ ੭੦ ਹਜ਼ਾਰ ਘੁੜ ਸਵਾਰ ਫ਼ੌਜ ਲੈ ਕੇ ਬਾਹਰ ਨਿਕਲਿਆ।

## ਸ਼ਾਹੀ ਸਵਾਰੀ ਦੀ ਸ਼ਾਨ ਸ਼ੌਕਤ

ਸ਼ਾਹੀ ਸ਼ਾਨ ਸ਼ੌਕਤ ਦਾ ਕੁਛ ਕੁਛ ਅੰਦਾਜ਼ਾ ਏਸੇ ਗਲ ਤੋਂ ਲਗ ਸਕਦਾ ਹੈ ਕਿ ੨੦੦ ਰਾਜਿਆਂ ਤੇ ਸਰਦਾਰਾਂ ਦੇ ਤੰਬੂ ਸਭ ਵੈਲਵਟ ਦੇ ਬਣੇ ਹੋਏ ਸਨ ਹਰ ਇਕ ਪਾਸ ਆਪਣਾ ਵਾਜਾ ਅਥਵਾ ਨੌਬਤ ਹੁੰਦੀ ਸੀ ਬਾਦਸ਼ਾਹ ਦੀ ਸ਼ਾਨ ਸ਼ੌਕਤ ਵੇਖਕੇ ਹਰ ਇਕ ਵਾਹ ਵਾਹ ਕਰ ਉਠਦਾ ਸੀ ਤੇ ਉਸਦੀ ਸ਼ਾਨ ਦਾ ਸਿਕਾ ਹਰ ਦਿਲ ਤੇ ਬੈਠ ਜਾਂਦਾ ਸੀ। ਅੰਤ ਦੋਵਾਂ ਫ਼ੌਜਾਂ ਵਿਚਾਲੇ ਲੜਾਈ ਆਰੰਭ ਹੋਈ। ਇਸ ਜੰਗ ਵਿਚ ਇਬ੍ਰਾਹੀਮ ਖਾਂ ਦੇ ਵਖਾਵੇ ਦੇ ਟਿਡੀ ਦਲਾਂ ਨੂੰ ਬਹੁਤ ਬੁਰੀ ਤਰ੍ਹਾਂ ਹਾਰ ਦਾ ਮੂੰਹ ਵੇਖਣਾ ਪਿਆ।

## ਦਿਲੀ ਤੇ ਆਗਰੇ ਉਪਰ ਸਿਕੰਦਰ ਸ਼ਾਹ ਦਾ ਕਬਜ਼ਾ

ਬਾਦਸ਼ਾਹ ਹਾਰ ਖਾ ਕੇ ਸੰਭਲ ਵਲ ਨਸ ਗਿਆਂ ਅਤੇ ਵਿਜਈ ਨੇ ਆਗਰੇ ਤੇ ਦਿਲੀ ਉਤੇ ਆਪਣਾ ਅਧਿਕਾਰ ਜਮਾ ਲਿਆ।

## ਹਿੰਦ ਨੂੰ ਮੁੜ ਫਤਹ ਕਰਨ ਲਈ ਹਮਾਯੂੰ ਦਾ ਕੂਚ ੧੫੫੬

ਸਿਕੰਦਰ ਸ਼ਾਹ ਨੂੰ ਆਪਣੀ ਜਿਤ ਦਾ ਫਲ ਦੇਰ ਚਿਰ ਤੀਕ ਖਾਣਾ ਨਸੀਬ ਨ ਹੋਇਆ ਕਿਉਂਕਿ ਲੰਮੀ ਜਲਾਵਤਨੀ ਮਗਰੋਂ ਹਮਾਯੂੰ ਨੇ ਫੇਰ ਹਿੰਦ ਉਤੇ ਚੜ੍ਹਾਈ ਕਰ ਦਿਤੀ ਅਤੇ ਸਿਕੰਦਰ ਸ਼ਾਹ ਨੂੰ ਮਜਬੂਰ ਪੰਜਾਬ ਵਲ ਜਾਣਾ ਪੈ ਗਿਆ ਤਾਂ ਜ ਉਥੇ ਪੁਜ ਕੇ ਹਮਲਾ ਆਵਰ ਨੂੰ ਰੋਕੇ।

## ਸਿਕੰਦਰ ਸ਼ਾਹ ਦੀ ਹਾਰ

ਸਰਹਿੰਦ ਦੇ ਪਾਸ ਬਹਿਰਾਮ ਖਾਂ ਤੇ ਸ਼ਾਹਜ਼ਾਦਾ ਅਕਬਰ ਨੇ ਸਕੰਦਰ ਸ਼ਾਹ ਨੂੰ ਹਾਰ ਦਿਤੀ ਜਿਸ ਤੇ ਉਹ ਹਾਰ ਖਾ ਕੇ ਸ਼ਿਵਾਲਕ ਦੇ ਪਰਬਤਾਂ ਵਲ ਨਸ ਗਿਆ।

## ਉਸਦੀ ਮੌਤ

ਕੁਛ ਚਿਰ ਮਗਰੋਂ ਉਹ ਬੰਗਾਲ ਵਿਚ ਮੁੜ ਆਇਆ ਤੇ ਏਥੇ ਹੀ ਥੋੜਾ ਚਿਰ ਰਾਜ ਕਰਨ ਮਗਰੋਂ ਉਹਦੀ ਮੌਤ ਹੋ ਗਈ। ਉਸ ਦੀ ਮੌਤ ਨਾਲ ਸੂਰ ਪਠਾਨਾਂ ਦੇ ਖਾਨਦਾਨ ਦਾ ਵੀ ਅੰਤ ਹੋ ਗਿਆ।

Sri Satguru Jagjit Singh Ji eLibrary NamdhariElibrary@gmail.com

# ਪਰਕਰਨ ੧੨

## ਮੁਗਲ ਖਾਨਦਾਨ (ਪੁਨਰ ਸਥਾਪਣਾ)

### ਨਸੀਰ ਉਦੀਨ ਹਮਾਯੂੰ

### (ਦੂਜੀ ਵਾਰ ਦਾ ਰਾਜ)

ਸਿੰਧ ਵਿਚ ਹਾਰਾਂ ਖਾਣ ਮਗਰੋਂ ਹਮਾਯੂੰ ਸੀਸਤਾਨ ਤੇ ਹਰਾਤ ਦੇ ਰਸਤੇ ਈਰਾਨ ਵਲ ਮੁੜ ਗਿਆ। ਅਹਿਮਦ ਸੁਲਤਾਨ ਸ਼ਾਮਲੂ ਨ ਕੇਵਲ ਉਸ ਨੂੰ ਸੀਸਤਾਨ ਦੀ ਰਾਜਧਾਨੀ ਵਿਚ ਹੀ ਲੈ ਗਿਆ ਸਗੋਂ ਉਸ ਨਾਲ ਬੜੀ ਇਜ਼ਤ ਨਾਲ ਪੇਸ਼ ਆਇਆ ਅਤੇ ਸੁਲਤਾਨ ਦੀ ਸੇਵਾ ਲਈ ਜ਼ਨਾਨਾ ਲੌਂਡੀਆ ਵੀ ਦੇ ਦਿਤੀਆਂ। ਈਰਾਨ ਦੇ ਬਾਦਸ਼ਾਹ ਸ਼ਾਹ ਤਹਿਮਾਸਪ ਦੇ ਵਡੇ ਸਪੁਤਰ ਸ਼ਾਹਜ਼ਾਦਾ ਮੁਹੰਮਦ ਮਿਰਜ਼ਾ ਨੇ ਹਰਾਤ ਵਿਚ ਉਸਦਾ ਬੜਾ ਆਦਰ, ਸੁਵਾਗਤ ਕੀਤਾ। ਕਜ਼ਵਾਨ ਪਹੁੰਚ ਕੇ ਹਮਾਯੂੰ ਨੇ ਆਪਣੇ ਜਰਨੈਲ ਬਹਿਰਾਤ ਨੂੰ ਅਸਫਹਾਨ ਦੇ ਦਰਬਾਰ ਵਿਚ ਭੇਜਿਆ ਤਾਂ ਜੁ ਉਹ ਸ਼ਾਹ ਨਾਲ ਮੁਲਾਕਾਤ ਦਾ ਬੰਦੋਬਸਤ ਕਰੇ।

### ਈਰਾਨ ਦੇ ਦਰਬਾਰ ਵਿਚ ਹਮਾਯੂੰ ਦਾ ਸਵਾਗਤ

ਸ਼ਾਹ ਈਰਾਨ ਨੇ ਸ਼ਾਹੀ ਭਗੌੜੇ ਨੂੰ ਮੁਲਾਕਾਤ ਲਈ ਸਦ ਲਿਆ ਅਤੇ ਉਸ ਦੀ ਸ਼ਾਨਦਾਰ ਢੰਗ ਨਾਲ ਪ੍ਰਾਹੁਣਾਚਾਰੀ ਕੀਤੀ। ਨ ਕੇਵਲ ਇਹ ਸਗੋਂ ਉਸ ਨੂੰ ਜ਼ਾਹਰੀ ਸ਼ਾਹਾਨਾ ਠਾਠ ਬਾਠ ਰਖਣ ਦੀ ਵੀ ਆਗਿਆ ਦੇ ਦਿਤੀ ਇਉਂ ਦੋਵਾਂ ਬਾਦਸ਼ਾਹਾਂ ਦੀ ਮਿਤ੍ਰਾਚਾਰੀ ਤੇ ਜਾਣਕਾਰੀ ਵਿਚ ਵਾਧਾ ਹੋਇਆ।

### ਈਰਾਨੀ ਤੇ ਹਿੰਦੀ ਬਾਦਸ਼ਾਹ ਦੀ ਗਲ ਬਾਤ

ਇਹਨਾਂ ਦੋਵਾਂ ਬਾਦਸ਼ਾਹਾਂ ਵਿਚਾਲੇ ਜੋ ਗਲ ਬਾਤ ਹੋਈ ਉਸ ਵਿਚ ਇਕ ਦਿਨ ਸ਼ਾਹ ਈਰਾਨ ਨੇ ਮੁਗਲ ਬਾਦਸ਼ਾਹ ਨੂੰ ਪੁਛਿਆ ਕਿ ਉਸ ਦੇ ਨਿਰਬਲ ਵੈਰੀ ਨੇ ਕਿਵੇਂ ਉਸ ਉਤੇ ਫਤਹ ਪਾ ਲਈ? ਜਿਸਦਾ ਉਤਰ ਹਮਾਯੂੰ ਨੇ ਇਹ ਦਿਤਾ "ਆਪਣੇ ਹੀ ਭਾਈਆਂ ਦੇ ਵੈਰ ਸਦਕਾ।" ਇਹ ਗਲ ਸੁਣ ਕੇ ਈਰਾਨੀ ਬਾਦਸ਼ਾਹ ਨੇ ਆਖਿਆ: ਆਪਣੇ ਭਾਈਆਂ ਨਾਲ ਉਹ ਸਲੂਕ ਨਹੀਂ ਕੀਤਾ ਜਿਸਦੇ ਕਿ ਉਹ ਹਕਦਾਰ ਸਨ। ਇਕ ਦਿਨ ਫਿਰ ਇਸੇ ਵਿਸ਼ੇ ਉਤੇ ਗਲ ਬਾਤ ਉਦੋਂ ਛਿੜੀ ਜਦ ਦੋਵੇਂ ਬਾਦਸ਼ਾਹ ਖਾਣਾ ਖਾ ਰਹੇ ਸਨ। ਖਾਣਾ ਖਾ ਚੁਕਣ ਤੇ ਸ਼ਾਹਜ਼ਾਦਾ ਬਹਿਰਾਮ ਮਿਰਜ਼ਾ ਬਹਾਦਰ ਸ਼ਾਹ ਤਹਿਮਾਸਪ, ਉਸਦੇ ਹਥ ਧਵਾਉਣ ਲਈ ਲੋਟਾ ਤੇ ਪਾਣੀ ਦਾ ਬਰਤਨ ਲੈ ਕੇ ਆਇਆ। ਜਦ ਸ਼ਾਹ ਹਥ ਧੋ ਬੈਠਾ ਅਤੇ ਸ਼ਾਹਜ਼ਾਦਾ ਬਰਤਨ ਲੈ ਕੇ ਚਲਾ ਗਿਆ। ਤਦ ਸ਼ਾਹ ਈਰਾਨ ਨੇ ਗਲ ਬਾਤ ਸ਼ੁਰੂ ਕਰਦਿਆਂ ਆਖਿਆ: "ਇਹ ਹੈ ਢੰਗ ਜਿਸ ਨਾਲ ਤੁਹਾਨੂੰ ਆਪਣੇ ਭਾਈਆਂ ਨਾਲ ਸਲੂਕ ਕਰਨਾ ਚਾਹੀਦਾ ਹੈ।" ਇਹ ਗਲਾਂ ਸ਼ਾਹਜ਼ਾਦੇ ਦੇ ਕੰਨਾਂ ਤੀਕ ਵੀ ਪਹੁੰਚ ਗਈਆਂ ਸ਼ਾਹ ਨੇ ਜੋ ਗਲ ਆਖੀ ਸੀ ਹਮਾਯੂੰ ਦੇ ਉਹ ਝਟ ਮੰਨ ਜਾਣ ਤੇ ਉਹਨੂੰ ਬੜਾ ਰੋਸ਼ ਆਇਆ। ਉਸੇ ਦਿਨ ਤੋਂ ਸ਼ਹਿਜ਼ਾਦੇ ਦੇ ਦਿਲ ਵਿਚ ਹਮਾਯੂੰ ਲਈ ਘ੍ਰਿਣਾ ਪੈਦਾ ਹੋ ਗਈ ਅਤੇ ਉਹ ਉਸ ਵਿਰੁਧ ਗਲਤ ਫਹਿਮੀ ਫੈਲਾਉਣ ਦਾ ਹਰ ਸੰਭਵ ਜਤਨ ਕਰਨ ਲਗਾ। ਸ਼ਾਹਜ਼ਾਦਾ ਕਈ ਵਾਰ ਆਪਣੇ ਸ਼ਾਹ ਭਾਈ ਨੂੰ ਕਹਿੰਦਾ ਈਰਾਨ ਨੂੰ ਕੋਈ ਲੋੜ ਨਹੀਂ ਕਿ ਉਹ ਤੈਮੂਰੀ ਖਾਨਦਾਨ ਲਈ ਹਿੰਦ ਵਰਗੇ ਦੂਰ ਦੁਰਾਡੇ ਦੇਸ ਵਿਚ ਪੰਗਾ ਲੈਂਦਾ ਫਿਰੇ। ਉਸ ਦੇ ਅਸਰ ਰਸੂਖ ਸਦਕਾ ਈਰਾਨੀ ਦਰਬਾਰ ਦੇ ਦਰਬਾਰੀ ਵੀ ਉਸ ਨਾਲ ਸਹਿਮਤ ਹੋ ਗਏ।

### ਸ਼ਾਹ ਦੀ ਹਮਾਯੂੰ ਵਲੋਂ ਬੇਰੁਖੀ

ਹੁਣ ਸ਼ਾਹ ਈਰਾਨ ਨੇ ਪ੍ਰਾਹੁਣੇ ਨਾਲ ਲਾਪ੍ਰਵਾਹੀ ਵਰਤਨੀ ਸ਼ੁਰੂ ਕਰ ਦਿਤੀ ਅਤੇ ਇਕ ਮੌਕੇ ਉਤੇ ਤੇ ਉਹ ਨੂੰ ਆਪਣੀ ਜਾਨ ਦਾ ਵੀ ਤੌਖਲਾ ਪੈਦਾ ਹੋ ਗਿਆ।

### ਸ਼ਾਹ ਦੀ ਭੈਣ ਦੀ ਹਮਦਰਦੀ

ਇਸ ਔਕੜ ਸਮੇਂ ਹਮਾਯੂੰ ਨੇ ਸ਼ਾਹ ਈਰਾਨ ਦੀ ਦਾਨੀ ਭੈਣ ਸੁਲਤਾਨ ਬੇਗਮ, ਕਾਜ਼ੀ ਜਹਾਨ ਕਜ਼ਵੀਨੀ ਅਤੇ ਨੂਰ ਉਦੀਨ ਹਕੀਮ ਦਰਬਾਰੀ ਨਾਲ ਮਿਤ੍ਰਾਨਾ ਪਾਇਆ। ਇਹਨਾ ਸਾਰਿਆਂ ਨੇ ਮਿਲ ਕੇ ਸ਼ਾਹ ਉਤੇ ਪ੍ਰਭਾਵ ਪਾਇਆ ਤਾਂ ਜੁ ਦੋਵਾਂ ਬਾਦਸ਼ਾਹਾਂ ਵਿਚਾਲੇ ਭਰੋਸਾ ਬਹਾਲ ਹੋ ਜਾਏ ਅਤੇ ਸ਼ਾਹ ਦੇ ਹਕ ਵਿਚ ਰਹਿ ਕੇ ਹਮਾਯੂੰ ਨੂੰ ਮੁੜ ਗਦੀ ਤੇ ਬਹਾਲ ਕਰਾਇਆ ਜਾਏ। ਇਸ ਮੰਤਵ ਦੀ ਪ੍ਰਾਪਤੀ ਲਈ ਸ਼ਾਹੀ ਤੀਵੀਂ ਦੀ ਵਿਦਵਤਾ ਤੋਂ ਲਾਭ ਉਠਾਇਆ ਗਿਆ।

### ਦੋਂਵਾਂ ਸ਼ਾਹਾਂ ਵਿਚਾਲੇ ਭਰੋਸੇ ਦੀ ਬਹਾਲੀ

ਸੁਲਤਾਨਾ ਬੇਗਮ ਨੇ ਅਲੀ ਦੀ ਪਰਸੰਸਾ ਵਿਚ ਕਵਿਤਾ ਲਿਖੀ ਜੋ ਸ਼ਈਆਂ ਦੇ ਭਰੋਸੇ ਅਨੁਸਾਰ ਹਜ਼ਰਤ ਮੁਹੰਮਦ ਦਾ ਜਾਇਜ਼ ਵਾਰਸ ਸੀ। ਸ਼ਾਹ ਈਰਾਨ ਵੀ ਸ਼ਈਆਂ ਮਤ ਨਾਲ ਸੰਬੰਧਤ ਸੀ। ਕਵਿਤਾ ਦੇ ਅੰਤ ਵਿਚ ਉਸ ਨੇ ਕਰਤਾ ਦੀ ਥਾਂ ਹਮਾਯੂੰ ਦਾ ਨਾਮ ਲਿਖ ਦਿਤਾ। ਸੁਲਤਾਨਾ ਬੇਗਮ ਨੇ ਇਹ ਕਵਿਤਾ ਆਪਣੇ ਸ਼ਾਹ ਭਾਈ ਨੂੰ ਪੇਸ਼ ਕੀਤੀ। ਸ਼ਾਹ ਈਰਾਨ ਨੇ ਅਲੀ ਲਈ ਹਮਾਯੂੰ ਦੇ ਇਹ ਸ਼ਰਧਾ ਭਰੇ ਵਿਚਾਰ ਪੜ੍ਹੇ ਤੇ ਉਹ ਬਹੁਤ ਖੁਸ਼ ਹੋਇਆ। ਉਸ ਨੇ ਆਸ ਪਰਗਟ ਕੀਤੀ ਕਿ ਮੁਗਲ ਬਾਦਸ਼ਾਹ ਨੂੰ ਸ਼ਈਆਂ ਮਤ ਦਾ ਧਾਰਨੀ ਬਣਾਇਆ ਜਾਏ ਤੇ ਜਦ ਉਹ ਹਿੰਦੁਸਤਾਨ ਵਾਪਸ ਮੁੜ ਕੇ ਜਾਏ ਤਦ ਉਸ ਦੇਸ਼ ਦੇ ਲੋਕਾਂ ਨੂੰ ਵੀ ਸ਼ਈਆਂ ਮਤ ਦੇ ਧਾਰਨੀ ਬਣਾਵੇ। ਸ਼ਾਹ ਨੇ ਆਖਿਆ ਜੇ ਮੁਗਲ ਬਾਦਸ਼ਾਹ ਨੇ ਇਹ ਗਲ ਮੰਨ ਲਈ ਤਦ ਉਹ ਤਖਤ ਦੀ ਪਰਾਪਤੀ ਵਿਚ ਉਸ ਦੀ ਪੂਰੀ ਪੂਰੀ ਹਮਾਇਤ ਕਰੇਗਾ। ਸੁਲਤਾਨਾ ਨੇ ਹਮਾਯੂੰ ਨੂੰ ਇਸ



Sri Satguru Jagjit Singh Ji eLibrary NamdhariElibrary@gmail.com

ਗੱਲ ਬਾਤ ਦੀ ਖਬਰ ਪੁਚਾਈ ਜਿਸ ਤੇ ਹਮਾਯੂੰ ਨੇ ਇਹ ਪੋਗਾ ਉਤਰ ਦਿਤਾ "ਮੈਂ ਨਿਜੀ ਤੌਰ ਉਤੇ ਬਹੁਤ ਹਦ ਤੀਕ ਦਿਲੋਂ ਸ਼ਈਆਂ ਹਾਂ ਇਹੋ ਕਾਰਨ ਹੈ ਕਿ ਮੇਰੇ ਭਾਈ ਮੇਰੇ ਨਾਲ ਵੈਰ ਰਖਦੇ ਹਨ।"

## ਸ਼ਾਹ ਵਲੋਂ ਹਮਾਯੂੰ ਦੀ ਫੌਜ ਨਾਲ ਸਹਾਇਤਾ

ਹਮਾਯੂੰ ਦੇ ਇਹ ਵਿਚਾਰ ਸੁਣ ਕੇ ਸ਼ਾਹ ਈਰਾਨ ਨੇ ਉਸ ਨੂੰ ੧੦ ਹਜ਼ਾਰ ਘੁੜ ਸਵਾਰ ਫੌਜ ਦਿਤੀ। ਇਸ ਫੌਜ ਦੀ ਕਮਾਨ ਸ਼ਾਹ ਦੇ ਛੋਟੇ ਸ਼ਾਹਜ਼ਾਦੇ ਮੁਰਾਦ ਮਿਰਜ਼ਾ ਤੇ ਜਰਨੈਲ ਬੁਡਾਘ ਖਾਂ ਕਾਜ਼ਾਰ ਦੇ ਸਪੁਰਦ ਹੋਈ।

## ਹਮਾਯੂੰ ਦਾ ਅਫ਼ਗਾਨਸਤਾਨ ਉਤੇ ਕਬਜ਼ਾ

ਕੰਧਾਰ ਪੁਜਣ ਤੇ ਹਮਾਯੂੰ ਨਾਲ ਉਸ ਦੇ ਪੁਰਾਣੇ ਜਰਨੈਲ, ਮੁਹੰਮਦ ਸੁਲਤਾਨ ਮਿਰਜ਼ਾ, ਅਲੁਗ ਮਿਰਜ਼ਾ ਕਾਸਮ ਹੁਸੈਨ, ਸੁਲਤਾਨ ਮਿਰਜ਼ਾ ਮੀਰਾਕ, ਸ਼ੇਰ ਅਫ਼ਗਾਨ ਬੇਗ, ਫਜ਼ਲ ਬੇਗ ਅਤੇ ਕਈ ਹੋਰ ਲੋਕ ਆਨ ਸ਼ਾਮਲ ਹੋਏ ਜਿਨ੍ਹਾਂ ਦਾ ਸ਼ਹਿਨਸ਼ਾਹ ਦੇ ਭਾਈ ਕਾਮਰਾਨ ਮਿਰਜ਼ਾ ਨਾਲ ਝਗੜਾ ਹੋ ਗਿਆ ਸੀ ਤੇ ਜੋ ਉਸ ਦੀ ਨੌਕਰੀ ਛਡ ਚੁਕੇ ਸਨ। ਆਪਣੇ ਭਾਈਆਂ ਨਾਲ ਲੰਮੀ ਜੰਗ ਮਗਰੋਂ ਹਮਾਯੂੰ ਸਾਰੇ ਅਫ਼ਗਾਨਸਤਾਨ ਦਾ ਇਕਲਾ ਹੀ ਮਾਲਕ ਬਣ ਗਿਆ।

## ਕਾਬਲ ਦੇ ਕਿਲ੍ਹੇ ਉਪਰ ਬਾਲ ਅਕਬਰ ਦਾ ਵਖਾਵਾ

ਦਸਿਆ ਜਾਂਦਾ ਹੈ ਕਿ ਇਹਨਾਂ ਜੰਗਾਂ ਵਿਚੋਂ ਇਕ ਜੰਗ ਸਮੇਂ ਜਦੋਂ ਕਾਬਲ ਨੂੰ ਘੇਰਾ ਘਤਿਆ ਗਿਆ। ਕਾਮਰਾਨ ਮਿਰਜ਼ਾ ਨੇ ਜਿਸ ਦੇ ਕਬਜ਼ੇ ਵਿਚ ਸ਼ਹਿਰ ਸੀ ਕਿਲ੍ਹੇ ਦੇ ਛਜ ਉਪਰ ਚਾਰ ਸਾਲਾ ਲੜਕੇ ਅਕਬਰ ਨੂੰ ਚਿਖਾ ਉਤੇ ਬੰਨਿਆ ਹੋਇਆ ਦਖਾਇਆ ਜਿਸ ਦਾ ਭਾਵ ਇਹ ਸੀ ਕਿ ਜੇ ਉਸ ਦਾ ਪਿਤਾ (ਹਮਾਯੂੰ) ਅਗੇ ਵਧਿਆ ਤਦ ਅਕਬਰ ਨੂੰ ਜ਼ਿੰਦਾ ਨਹੀਂ ਵੇਖੇਗਾ। ਪਰ ਹਮਾਯੂੰ ਨੇ ਇਸ ਧਮਕੀ ਦੀ ਰਖ ਪਰਵਾਹ ਨਾ ਕੀਤੀ ਅਤੇ ਇਸ ਦਰਦਨਾਕ ਦਰਿਸ਼ ਦਾ ਉਸ ਤੇ ਕੋਈ ਪਰਭਾਵ ਨਾ ਪਿਆ। ਉਸ ਨੇ ਘੇਰੇ ਨੂੰ ਹੋਰ ਸੌੜਾ ਕਰ ਕੇ ਅੰਦਰਲੀ ਫੌਜ ਨੂੰ ਪਸਪਾਈ ਉਤੇ ਮਜਬੂਰ ਕਰ ਦਿਤਾ। ਅੰਦਰ ਜਾ ਕੇ ਉਸ ਨੇ ਡਿਠਾ ਉਸ ਦਾ ਬਟਾ ਸੁਲਤਾਨ ਦੇ ਕੁਛੜ ਸਹੀ ਸਲਾਮਤ ਸੀ। ਬਚੇ ਨੂੰ ਆਪਣੇ ਕੁਛੜ ਚੁਕ ਕੇ ਪਿਆਰ ਕੀਤਾ ਤੇ ਚੁੰਮਿਆ ਅਤੇ ਆਖਿਆ ਕਿ ਭਾਵੇਂ ਯੂਸਫ਼ ਵਾਂਗ ਭਾਈਆਂ ਨੇ ਉਸ ਨੂੰ ਬੜੇ ਦੁਖ ਤੇ ਕਸ਼ਟ ਦਿਤੇ ਫੇਰ ਵੀ ਉਸ ਨੂੰ ਭਰੋਸਾ ਹੈ ਕਿ ਪਰਮਾਤਮਾਂ ਦੀ ਕਿਰਪਾ ਨਾਲ ਉਹ ਪੂਰੀ ਸ਼ਾਨ ਉਤੇ ਚਮਕੇਗਾ। ਉਸ ਨੇ ਦੁਆ ਮੰਗੀ ਕਿ ਉਸਦੇ ਬੇਟੇ ਨੂੰ ਵੀ ਉਸ ਵਰਗੀ ਸ਼ਕਤੀ ਅਜਮਤ ਪ੍ਰਾਪਤ ਹੋਏ। ਇਹਨਾਂ ਕਾਰਰਵਾਈਆਂ ਤੋਂ ਮਗਰੋਂ ਅਸਕਰੀ ਜਿਨ੍ਹਾਂ ਨੂੰ ਬਦਖ਼ਸ਼ਾਂ ਵਿਚਲੀ ਕੈਦ ਤੋਂ ਮੁਕਤ ਕੀਤਾ ਗਿਆ ਅਤੇ ਉਸ ਨੂੰ ਮਕੇ ਚਲੇ ਜਾਣ ਦੀ ਆਗਿਆ ਵੀ ਮਿਲ ਗਈ। ਪਰ ਉਹ ਅਰਬ ਦਾ ਮਾਰੂਥਲ ਪਾਰ ਕਰਦਾ ਹੋਇਆ ੧੫੫੪ ਈਸਵੀ ਵਿਚ ਰਾਹ ਵਿਚ ਹੀ ਮਰ ਗਿਆ। ਦੂਜਾ ਭਾਈ ਹਿੰਦਾਲ ਮਿਰਜ਼ਾ ਖੈਬਰ ਉਪਰ ਹਮਲੇ ਸਮੇਂ ਮਾਰਿਆ ਗਿਆ। ਤੀਜੇ ਭਾਈ ਕਾਮਰਾਨ ਨੂੰ ਅੰਨਿਆਂ ਕੀਤਾ ਗਿਆ ਅਤੇ ਅੰਤ ਉਸ ਨੂੰ ਵੀ ਮਕੇ ਚਲੇ ਜਾਣ ਦੀ ਆਗਿਆ ਦੇ ਦਿਤੀ ਗਈ, ਉਹ ਉਥੇ ਪਹੁੰਚ ਕੇ ਤਿੰਨ ਸਾਲ ਜੀਊਂਦਾ ਰਿਹਾ ਤੇ ਉਥੇ ਹੀ ਚਲਾਣਾ ਕਰ ਗਿਆ।

ਸੰਨ ੧੫੫੩ ਈਸਵੀ ਵਿਚ ਹਮਾਯੂੰ ਨੇ ਆਪਣੀ ਰਿਹਾਇਸ਼ ਕਾਬਲ ਵਿਚ ਧਾਰਨ ਕਰ ਲਈ ਅਤੇ ਆਪਣੇ ੧੨ ਸਾਲਾ ਸ਼ਾਹਜ਼ਾਦੇ ਅਕਬਰ ਨੂੰ ਵਜ਼ੀਰ ਜਲਾਲ ਉਦੀਨ ਮੁਹੰਮਦ ਦੀ ਸਰਪਸਤੀ ਵਿਚ ਗਜ਼ਨੀ ਦਾ ਗਵਰਨਰ ਥਾਪ ਦਿਤਾ। ਉਸੇ ਸਾਲ ਹਮਾਯੂੰ ਦੇ ਘਰ ਦੂਜਾ ਲੜਕਾ ਮੁਹੰਮਦ ਹਕੀਮ ਮਿਰਜ਼ਾ ਪੈਦਾ ਹੋਇਆ।

## ਹਿੰਦ ਦੀ ਵਿਗੜੀ ਹੋਈ ਹਾਲਤ

ਠੀਕ ਇਸ ਸਮੇਂ ਹਿੰਦੁਸਤਾਨ ਵਿਚਲੀ ਘਰੋਗੀ ਜੰਗ ਨੇ ਸਾਰੇ ਰਾਜ ਦੀ ਹਾਲਤ ਵਿਗਾੜ ਦਿਤੀ ਸੀ। ਸੂਰ ਖਾਨਦਾਨ ਦੇ ਪ੍ਰਤੀਨਿਧ ਆਪੋ ਵਿਚ ਲੜ ਰਹੇ ਸਨ। ਹਰ ਇਕ ਇਹੋ ਚਾਹੁੰਦਾ ਸੀ ਉਹ ਬਾਦਸ਼ਾਹ ਬਣੇ। ਵਖ ਵਖ ਸੂਬਿਆਂ ਦੇ ਵਾਇਸਰਾਏ ਤੇ ਉਮਰਾਵ ਬਗ਼ਾਵਤ ਉਤੇ ਤੁਲੇ ਬੈਠੇ ਸਨ। ਲੋਕ ਪਠਾਨ ਰਾਜੇ ਦੀ ਢਿਲਿਆਈ ਤੇ ਪਠਾਨਾਂ ਹਥੋਂ ਵਖ ਸਤੇ ਹੋਏ ਸਨ। ਆਗਰੇ ਤੇ ਦਿਲੀ ਵਿਚ ਜਿਹੜੇ ਉਸ ਦੇ ਖੈਰ ਖ਼ਾਹ ਲੋਕ ਸਨ ਉਹਨਾ ਨੇ ਉਸ ਨੂੰ ਲਿਖਿਆ ਕਿ ਹੁਣ ਮੌਕਾ ਹੈ ਕਿ ਉਹ ਹਿੰਦੁਸਤਾਨ ਵਾਪਸ ਮੁੜ ਆਏ ਤੇ ਦੇਸ਼ ਉਤੇ ਕਬਜ਼ਾ ਕਰ ਲਏ ਕਿਉਂਕਿ ਹੁਣ ਉਸ ਨੂੰ ਫਤਹ ਕਰਨਾ ਬੜਾ ਸੁਖੇਣ ਹੈ। ਬਾਦਸ਼ਾਹ ਪਹਿਲੇ ਤਾਂ ਉਹਨਾਂ ਦੀ ਸਲਾਹ ਮੰਨਣ ਵਿਚ ਝਜਕਿਆ ਪਰ ਫੇਰ ਇਕ ਹੋਰ ਢੰਗ ਨਾਲ ਇਸ ਬਾਰੇ ਫੈਸਲਾ ਕੀਤਾ।

## ਫੈਸਲੇ ਦਾ ਪੁਰਾਤਨ ਢੰਗ

ਉਸ ਦੇ ਬਾਪ ਨੇ ਜੋਤਸ਼ੀਆਂ ਦੇ ਕਹਿਣ ਦੇ ਉਲਟ ਦਿਲੀ ਵਿਰੁਧ ਪਹਿਲਾ ਹਮਲਾ ਉਸ ਦਿਨ ਕੀਤਾ ਸੀ ਜਿਸਨੂੰ ਕਿ ਜੋਤਸ਼ੀਆਂ ਨੇ ਮਨਹੂਸ ਕਰਾਰ ਦਿਤਾ ਸੀ। ਹਮਾਯੂੰ ਨੂੰ ਇਸ ਦੇ ਉਲਟ ਜੋਤਸ਼ ਉਤੇ ਭਰੋਸਾ ਸੀ। ਸੋ ਉਸ ਨੇ ਇਸ ਔਕੜ ਦਾ ਹਲ ਇਕ ਹੋਰ ਢੰਗ ਨਾਲ ਕੀਤਾ।

ਉਸ ਨੇ ਵਖ ਵਖ ਪਾਸਿਆਂ ਨੂੰ ਤਿੰਨ ਹਰਕਾਰੇ ਰਵਾਨਾ ਕੀਤੇ ਉਹਨਾ ਨੂੰ ਤਾਕੀਦ ਕੀਤੀ ਗਈ ਕਿ ਜਿਹੜਾ ਆਦਮੀ ਸਭ ਤੋਂ ਪਹਿਲੇ ਮਿਲੇ ਉਸ ਦਾ ਨਾਂ ਆ ਕੇ ਦਸਣ। ਸਾਰੇ ਹਰਕਾਰੇ ਮੁੜੇ ਪਹਿਲੇ ਨੂੰ ਇਕ ਮੁਸਾਫ਼ਰ ਦੌਲਤ ਨਾਮੀ ਟਕਰਿਆ ਸੀ। ਦੂਜੇ ਨੂੰ ਜਿਹੜਾ ਰਾਹੀ ਟਕਰਿਆ ਉਸਦਾ ਨਾਮ ਮੁਰਾਦ ਸੀ ਅਤੇ ਤੀਜੇ ਨੂੰ ਇਕ ਦਿਹਾਤੀ ਮਿਲਿਆ ਜਿਸਦਾ ਨਾਮ ਸਆਦਤ ਸੀ। ਫਰਿਸ਼ਤਾ ਲਿਖਦਾ ਹੈ ਕਿ ਇਹ ਨੇਕ ਸ਼ਗਨ ਸਮਝੇ ਗਏ ਅਤੇ ਕੂਚ ਦੀਆਂ ਤਿਆਰੀਆਂ ਦਾ ਹੁਕਮ ਦੇ ਦਿਤਾ ਗਿਆ।

## ਹਮਾਯੂੰ ਦਾ ਪਸ਼ੌਰ ਵਲ ਕੂਚ

ਬਾਦਸ਼ਾਹ ਹਮਾਯੂੰ ਕੇਵਲ ੧੫ ਹਜ਼ਾਰ ਘੁੜ ਸਵਾਰਾਂ ਦੀ ਫੌਜ ਤਿਆਰ ਕਰ ਸਕਿਆ। ਮੁਨੀਮ ਖਾਂ ਨੂੰ ਕਾਬਲ ਦੀ ਗੌਰਮਿੰਟ ਦਾ ਇਨਚਾਰਜ ਥਾਪ ਕੇ ਅਤੇ ਉਸ ਨੂੰ ਆਪਣਾ ਨਾਬਾਲਗ ਪੁਤਰ ਮੁਹੰਮਦ ਹਕੀਮ ਮਿਰਜ਼ਾ ਸੰਭਾਲ ਕੇ ਹਮਾਯੂੰ ਨੇ ਕਾਬਲ ਤੋਂ ਦਸੰਬਰ ੧੫੫੪ ਈ. ਨੂੰ ਕੂਚ ਬੋਲਿਆ। ਦਰਿਆ ਸਿੰਧ ਉਪਰ ਉਸ ਨੂੰ ਬਹਿਰਾਮ ਖਾਂ ਤੁਰਕਮਾਨ ਨਾਮੀ ਪੁਰਾਣਾ ਜਰਨੈਲ ਗਜ਼ਨੀ ਤੇ ਕੰਧਾਰ ਦੇ ਚੋਣਵੇਂ ਜਵਾਨਾਂ ਦੀ ਫੌਜ ਲੈ ਕੇ ਆਣ ਮਿਲਿਆ। ਉਸ ਨੇ ਬਹਿਰਾਮ ਖਾਂ ਨੂੰ ਆਪਣਾ ਜਨਰਲ-ਇਨ-ਚੀਫ਼ ਥਾਪਿਆ ਅਤੇ ਉਸ ਨੂੰ ਹੁਕਮ ਦਿਤਾ ਕਿ ਉਹ ਖਿਜ਼ਰ ਖਾਂ, ਤਾਰਦੀ ਬੇਗ ਖਾਨ ਸਿਕੰਦਰ ਖਾਨ, ਉਜ਼ਬੇਗ ਅਤੇ ਅਲੀ ਕੁਲੀ ਖਾਨ ਸ਼ਿਬਾਨੀ ਨੂੰ ਨਾਲ ਲੈ ਕੇ ਅਗੇ ਵਧੇ। ਪਸ਼ੌਰ ਦੇ ਮਕਾਮ ਉਤੇ ਬਾਦਸ਼ਾਹ ਨੂੰ ਉਸ ਦਾ ਛੋਟਾ ਪੁਤਰ ਅਕਬਰ ਵੀ ਆ ਮਿਲਿਆ।

ਬਹਿਰਾਮ ਖਾਂ ਫੌਜ ਲੈ ਕੇ ਅਗੇ ਵਧਿਆ ਤੇ ਉਸ ਨੇ ਦਰਿਆ ਸਿੰਧ ਨੂੰ ਪਾਰ ਕਰ ਲਿਆ। ਸਭ ਤੋਂ ਪਹਿਲੀ ਲੜਾਈ ਲਾਹੌਰ ਦੇ ਅਫ਼ਗਾਨ ਵਾਇਸਰਾਏ ਤਾਰਤਾਰ ਖਾਂ ਨਾਲ ਹੋਈ ਜਿਸ ਉਤੇ ਉਸ ਨੇ ਅਚਾਨਕ ਜਾ ਹਮਲਾ ਕੀਤਾ ਤੇ ਲੜਾਈ ਵਿਚ ਉਸ ਨੂੰ ਹਾਰ ਦਿਤੀ। ਤਾਰਤਾਰ ਖਾਂ ਰੁਹਤਾਸ ਦਾ ਕਿਲਾ ਛਡ ਕੇ ਨਸ ਗਿਆ ਪਰ ਮੁਗਲ ਜਰਨੈਲ ਨੇ ਉਸ ਦਾ ਲਾਹੌਰ ਦੀਆਂ ਕੰਧਾਂ ਤੀਕ ਪਿਛਾ ਕੀਤਾ ਜਿਸ ਕਰਕੇ ਉਸ ਨੂੰ ਲਾਹੌਰ ਵੀ ਖਾਲੀ ਕਰਨ ਪਿਆ।

## ਲਾਹੌਰ ਵਿਚ ਦਾਖਲਾ

ਇਸ ਤਰ੍ਹਾਂ ਹਮਾਯੂੰ ਬਿਨਾ ਰੋਕ ਟੋਕ ਲਾਹੌਰ ਵਿਚ ਆਨ ਦਾਖਲ ਹੋਇਆ

Sri Satguru Jagjit Singh Ji eLibrary NamdhariElibrary@gmail.com

ਕਈ ਦਿਨ ਓਥੇ ਹੀ ਟਿਕਿਆ ਰਿਹਾ ਤਾਂ ਜੁ ਅਗੇ ਵਧਣ ਲਈ ਲੋੜੀਂਦੇ ਪ੍ਰਬੰਧ ਕਰ ਸਕੇ। ਇਥੋਂ ਹੀ ਉਸ ਨੇ ਬਹਿਰਾਮ ਖਾਨ ਨੂੰ ਸਰਹਿੰਦ ਵਲ ਤੋਰਿਆ ਅਤੇ ਓਥੋਂ ਤੀਕ ਦਾ ਸਾਰਾ ਦੇਸ ਆਪਣੇ ਕਬਜ਼ੇ ਵਿਚ ਕਰ ਲਿਆ। ਉਸ ਨੂੰ ਖਬਰ ਪੁਜੀ ਕਿ ਅਫਗਾਨ ਭਾਰੀ ਗਿਣਤੀ ਵਿਚ ਦੀਪਾਲ ਪੁਰ ਵਿਚ ਜਮਾ ਹੋ ਗਏ ਹਨ।

## ਦੀਪਾਲ ਪੁਰ ਉਪਰ ਚੜ੍ਹਾਈ

ਇਹਨਾਂ ਮੁਗਲਾਂ ਦੀ ਕਮਾਨ ਸ਼ਾਹਬਾਜ਼ ਖਾਂ ਅਤੇ ਨਸੀਰ ਖਾਂ ਨਾਮੀ ਪਠਾਨਾਂ ਦੇ ਹਥ ਸੀ। ਹਮਾਯੂੰ ਨੇ ਇਹਨਾਂ ਅਫਗਾਨਾਂ ਵਿਰੁਧ ਇਕ ਜ਼ਬਰਦਸਤ ਫੌਜ ਰਵਾਨਾ ਕੀਤੀ। ਇਹ ਫੌਜ ਸ਼ਾਹ ਅਬੁਲ ਮਾਲੀ ਨਾਮੀ ਪ੍ਰਸਿਧ ਸਯਦ ਦੇ ਮਤਹਿਤ ਸੀ ਜੋ ਅਸਲ ਵਿਚ ਕਾਸ਼ਗਰ ਦਾ ਰਹਿਣ ਵਾਲਾ ਸੀ ਅਤੇ ਜਿਸ ਨੂੰ ਬਾਦਸ਼ਾਹ ਆਪਣਾ ਪੁਤਰ ਆਖਕੇ ਸੁਲਾਉਂਦਾ ਸੀ। ਉਸ ਸਯਦ ਨੇ ਵੈਰੀ ਨੂੰ ਭਾਂਜ ਦਿਤੀ ਅਤੇ ਬੇ ਅੰਤ ਧਨ ਲੁਟ ਕੇ ਲਾਹੌਰ ਵਾਪਸ ਮੁੜ ਆਇਆ।

ਇਸ ਸਮੇਂ ਵਿਚ ਸਿਕੰਦਰ ਸ਼ਾਹ ਦੀ ੩੦ ਹਜ਼ਾਰ ਘੁੜ ਸਵਾਰ ਫੌਜ, ਜੋ ਤਾਰਤਾਰ ਖਾਨ ਤੇ ਕਾਬਲ ਖਾਂਨ ਦੀ ਕਮਾਨ ਹੇਠ ਸੀ ਦਿਲੀ ਵਲੋਂ ਹਮਾਯੂੰ ਵਿਰੁਧ ਵਧੀ ਆ ਰਹੀ ਸੀ। ਇਸ ਨੂੰ ਰੋਕਣ ਲਈ ਬਹਿਰਾਮ ਖਾਨ ਤੇ ਸ਼ਾਹਜ਼ਾਦਾ ਅਕਬਰ ਫੌਜਾਂ ਲੈ ਕੇ ਬਾਹਰ ਨਿਕਲੇ। ਮੌਸਮ ਸਰਦ ਹੋਣ ਕਰਕੇ ਅਫਗਾਨ ਸਿਪਾਹੀਆਂ ਨੇ ਆਪਣੇ ਕੈਂਪ ਵਿਚ ਅਗ ਬਾਲੀ ਹੋਈ ਸੀ ਤੇ ਸਤਲੁਜ ਦੇ ਦੂਜੇ ਕੰਡੇ ਬੈਠੇ ਅਗ ਸੇਕ ਰਹੇ ਸਨ।

## ਮਾਛੀਵਾੜੇ ਵਿਚ ਅਫਗਾਨਾਂ ਦੀ ਹਾਰ

ਬਹਿਰਾਮ ਖਾਂ ਨੇ ਇਸ ਮੌਕੇ ਤੋਂ ਲਾਭ ਉਠਾਇਆ। ਉਸ ਨੇ ਆਪਣੀ ਸਾਰੀ ਫੌਜ ਨਾਲ ਦਰਿਆ ਪਾਰ ਕਰ ਲਿਆ। ਇਸ ਫੌਜ ਨੇ ਪਾਰ ਹੋ ਕੇ ਅਫਗਾਨਾਂ ਨੂੰ ਸਭ ਪਾਸੇ ਤੋਂ ਘੇਰ ਲਿਆ ਅਤੇ ਮਾਛੀਵਾੜੇ ਦੇ ਅਸਥਾਨ ਤੇ ਉਹਨਾ ਨੂੰ ਬਹੁਤ ਬੁਰੀ ਹਾਰ ਦਿਤੀ। ਉਹਨਾਂ ਦੇ ਸਾਰੇ ਹਾਥੀ, ਸਾਮਾਨ ਅਤੇ ਬਹੁਤ ਸਾਰੇ ਘੋੜੇ ਮੁਗਲ ਜਰਨੈਲ ਦੇ ਹਥ ਲਗੇ। ਉਸ ਨੇ ਜਿਹੜੇ ਫੌਜੀ ਦਸਤੇ ਭੇਜੇ ਸਨ ਉਹਨਾਂ ਨੇ ਦਿਲੀ ਦੀਆਂ ਕੰਧਾਂ ਤੀਕ ਦੇ ਸਾਰੇ ਦੇਸ ਉਤੇ ਕਬਜ਼ਾ ਕਰ ਲਿਆ। ਆਪਣੇ ਜਰਨੈਲ ਦੀ ਇਹ ਬਹਾਦਰੀ ਵੇਖ ਕੇ ਹਮਾਯੂੰ ਐਨਾ ਖੁਸ਼ ਹੋਇਆ ਕਿ ਉਸ ਨੂੰ ਖਾਨਿਖਾਨਾਂ ਦਾ ਉਪਨਾਮ ਦੇ ਦਿਤਾ।

੮੦ ਹਜ਼ਾਰ ਘੁੜ ਸਵਾਰ ਫੌਜ ਬਹੁਤ ਸਾਰਾ ਤੋਪ ਖਾਨਾ ਅਤੇ ਬਹੁਤ ਸਾਰੇ ਹਾਥੀ ਲੈ ਕੇ ਸਿਕੰਦਰ ਖਾਂ ਹਮਲਾਆਵਰ ਦੇ ਟਾਕਰੇ ਲਈ ਅਗੇ ਵਧਿਆ। ਬਹਿਰਾਮ ਖਾਂ ਆਪਣੇ ਆਪ ਨੂੰ ਖੁਲ੍ਹੇ ਮੈਦਾਨ ਵਿਚ ਲੜਨ ਦੇ ਅਸਮਰਥ ਵੇਖ ਕੇ ਕਿਲ੍ਹਾ ਨੌਸ਼ਹਿਰਾਂ ਵਿਚ ਕਿਲ੍ਹੇ ਬੰਦ ਹੋ ਬੈਠਾ। ਏਥੇ ਉਸ ਨੇ ਘੇਰੇ ਲਈ ਬਹੁਤ ਸਾਰਾ ਅੰਨ ਦਾਣਾ ਤੇ ਸਾਮਾਨ ਜਮਾ ਕਰ ਰਖਿਆ ਸੀ। ਇਥੋਂ ਉਸ ਨੇ ਵੈਰੀ ਦੀ ਪੁਜ਼ੀਸ਼ਨ ਉਤੇ ਰਾਤਾਂ ਦੇ ਹਮਲੇ ਸ਼ੁਰੂ ਕੀਤੇ ਤੇ ਵੈਰੀ ਨੂੰ ਭਾਰੀ ਨੁਕਸਾਨ ਪੁਚਾਇਆ। ਇਸ ਦੇ ਨਾਲ ਹੀ ਉਸ ਨੇ ਸ਼ਹਿਨਸ਼ਾਹ ਨੂੰ ਲਾਹੌਰ ਦੇ ਮੁਕਾਮ ਉਤੇ ਜ਼ਰੂਰੀ ਪੈਗਾਮ ਭੇਜਿਆ ਕਿ ਉਹਦੀ ਸਹਾਇਤਾ ਲਈ ਪੁਜੇ। ਹਮਾਯੂੰ ਪੈਗਾਮ ਮਿਲਦੇ ਸਾਰ ਹੀ ਉਸ ਦੀ ਸਹਾਇਤਾ ਲਈ ਪਹੁੰਚ ਗਿਆ।

੧੮ ਜੂਨ ੧੫੫੫ ਈਸਵੀ ਦਾ ਦਿਨ ਹਿੰਦੁਸਤਾਨ ਦੇ ਇਤਿਹਾਸ ਵਿਚ ਯਾਦਗਾਰੀ ਦਿਨ ਸੀ ਕਿਉਂਕਿ ਏਸੇ ਦਿਨ ਸਲਤਨਤ ਦੀ ਕਿਸਮਤ ਦਾ ਫੈਸਲਾ ਹੋਣਾ ਸੀ ਕਿ ਅਗਲੀਆਂ ਤਿੰਨ ਸਦੀਆਂ ਲਈ ਕੌਣ ਰਾਜ ਕਰੇ?

## ਸਰਹਿੰਦ ਦੀ ਫੈਸਲਾ ਕਰੂ ਲੜਾਈ ੧੫੫੫ ਈ.

ਨੌਜਵਾਨ ਸ਼ਾਹਜ਼ਾਦਾ ਅਕਬਰ ਸਵੇਰ ਵੇਲੇ ਕੈਂਪ ਦੇ ਪਹਿਰੇ ਦੀ ਵੇਖ ਭਾਲ ਕਰ ਰਿਹਾ ਸੀ ਕਿ ਸਿਕੰਦਰ ਸ਼ਾਹ ਤੇ ਤਾਰਤਾਰ ਖਾਂ ਦੀ ਕਮਾਨ ਹੇਠ ਅਫਗਾਨ ਅਗੇ ਵਧੇ ਅਤੇ ਉਹਨਾਂ ਲੜਾਈ ਛੇੜੀ। ਅਗੇ ਵਧੀ ਆ ਰਹੀ ਫੌਜ ਦਾ ਮੁਗਲ ਫੌਜ ਨੇ ਟਾਕਰਾ ਕੀਤਾ ਅਤੇ ਹਿੰਦ ਦੀ ਬਾਦਸ਼ਾਹਤ ਲਈ ਵਡੀ ਜੰਗ ਸ਼ੁਰੂ ਹੋ ਗਈ। ਬੜਾ ਘਲੂ ਘਾਰਾ ਮਚਿਆ ਨੌਜਵਾਨ ਅਕਬਰ ਲੜਾਈ ਵਿਚ ਘਿਰ ਗਿਆ। ਏਥੇ ਉਸ ਨੇ ਆਪਣੀ ਬਹਾਦਰੀ ਤੇ ਦਰਿਆਮਗੀ ਦੇ ਚੰਗੇ ਜੌਹਰ ਵਖਾਏ। ਉਸ ਨੇ ਆਪਣੀਆਂ ਫੌਜਾਂ ਨਾਲ ਵਡਾ ਹਮਲਾ ਕਰ ਦਿਤਾ। ਅਤੇ ਆਪਣੀ ਫੌਜ ਨੂੰ ਐਨੇ ਜੋਸ਼ ਨਾਲ ਲੜਾਇਆ ਕਿ ਉਸ ਦਾ ਜੋਸ਼ ਠਲਿਆ ਨਹੀਂ ਸੀ ਜਾਂਦਾ। ਜੰਗ ਬੜੀ ਭਿਆਨਕਤਾ ਨਾਲ ਲੜੀ ਜਾ ਰਹੀ ਸੀ ਅਤੇ ਕੁਛ ਸਮੇਂ ਲਈ ਤੇ ਇਹ ਨਿਸ਼ਚਾ ਕਰਨਾ ਮੁਸ਼ਕਲ ਹੋ ਗਿਆ ਕਿ ਕੌਣ ਜਿਤੇਗਾ? ਬੜੀ ਲਹੂ ਡੋਲ੍ਹਵੀਂ ਲੜਾਈ ਮਗਰੋਂ ਅੰਤ ਅਫਗਾਨਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਉਹਨਾਂ ਦਾ ਜੰਗ ਵਿਚ ਬੜਾ ਨੁਕਸਾਨ ਹੋਇਆ ਤੇ ਉਹ ਮੁਗਲਾਂ ਦੀ ਫੌਜ ਦੇ ਸਾਹਮਣੇਉਂ ਨਸ ਤੁਰੇ। ਉਹਨਾਂ ਦਾ ਬਾਦਸ਼ਾਹ ਸਿਕੰਦਰ ਸ਼ਾਹ ਸੂਰ ਸ਼ਿਵਾਲਕ ਦੇ ਪਰਬਤ ਵਲ ਨਸ ਗਿਆ ਤੇ ਸਾਰਾ ਦੇਸ਼ ਹਮਲਾਆਵਰ ਜੋਗ ਛਡ ਗਿਆ।

## ਹਮਾਯੂੰ ਦਾ ਨਵੇਂ ਸਿਰੇ ਦਿਲੀ ਵਿਚ ਦਾਖਲਾ

ਦਿਲੀ ਅਤੇ ਆਗਰੇ ਵਲ ਪਹਿਲੇ ਹੀ ਮੁਗਲ ਫੌਜਾਂ ਰਵਾਨਾ ਕਰ ਦਿਤੀਆਂ ਗਈਆਂ ਸਨ, ਉਹਨਾਂ ਨੇ ਬੇਰੋਕ ਟੋਕ ਦੋਵਾਂ ਸ਼ਹਿਰਾਂ ਉਤੇ ਕਬਜ਼ਾ ਕਰ ਲਿਆ। ਜੁਲਾਈ ੧੫੫੫ ਈਸਵੀ ਨੂੰ ਹਮਾਯੂੰ ਦੂਜੀ ਵਾਰ ਦਿਲੀ ਸ਼ਹਿਰ ਵਿਚ ਦਾਖਲ ਹੋਇਆ ਅਤੇ ੧੫ ਸਾਲਾ ਜਲਾਵਤਨੀ ਮਗਰੋਂ ਮੁੜ ਆਪਣੇ ਬਾਪ ਦੇ ਤਖਤ ਉਤੇ ਬੈਠਾ।

## ਸ਼ਾਹ ਅਬੁਲ ਮਾਆਲੀ ਲਾਹੌਰ ਦਾ ਪਹਿਲਾ ਵਾਇਸਰਾਏ

ਉਸ ਨੇ ਸ਼ਾਹ ਅਬੁਲ ਮਾਆਲੀ ਨੂੰ ਪੰਜਾਬ ਦਾ ਵਾਇਸਰਾਏ ਨਿਯਤ ਕੀਤਾ ਅਤੇ ਉਸ ਨੂੰ ਇਹ ਹੁਕਮ ਦਿਤਾ ਕਿ ਭਗੌੜਿਆਂ ਨੂੰ ਚੁਣ ਚੁਣ ਕੇ ਲਭੋ। ਬਹਿਰਾਮ ਖਾਂ ਤੁਰਕਮਾਨ ਨੂੰ ਰਾਜ ਵਿਚ ਸਭ ਤੋਂ ਵਡਾ ਮਾਨ ਪ੍ਰਾਪਤ ਹੋਇਆ। ਤਾਰਦੀ ਬੇਗ ਖਾਨ ਦਿੱਲੀ ਦਾ ਗਵਰਨਰ ਸਿਕੰਦਰ ਖਾਨ ਉਜ਼ਬਕ ਆਗਰੇ ਦਾ ਅਤੇ ਅਲੀ ਕੁਲੀ ਖਾਨ ਮੀਰਾਥ ਅਤੇ ਸਾਂਬਲ ਦਾ ਗਵਰਨਰ ਨਿਯਤ ਹੋਇਆ।

## ਹਮਾਯੂੰ ਦੀ ਹਾਦਸੇ ਨਾਲ ਮੌਤ ੧੫੫੬ ਈ:

ਹਮਾਯੂੰ ਨੂੰ ਹਿੰਦ ਦੇ ਤਖਤ ਉਤੇ ਬੈਠਿਆਂ ਅਜੇ ਇਕ ਸਾਲ ਵੀ ਨਹੀਂ ਸੀ ਹੋਇਆ ਕਿ ਉਸ ਦੀ ਜਾਨ ਲੈਣਾ ਸਾਬਤ ਹੋਇਆ। ੨੧ ਜਨਵਰੀ ੧੫੫੬ ਈਸਵੀ ਦੀ ਸ਼ਾਮ ਨੂੰ ਉਹ ਆਪਣੀ ਲਾਇਬ੍ਰੇਰੀ ਦੇ ਛਜ ਉਤੇ ਟਹਿਲ ਰਿਹਾ ਸੀ। ਇਹ ਲਾਏਬਰੇਰੀ ਉਸ ਨਵੇਂ ਕਿਲ੍ਹੇ ਵਿਚ ਸੀ ਜੋ ਉਸਨੇ ਬੜੇ ਚਾਅ ਨਾਲ ਮਨ ਪਰਚਾਵੇ ਲਈ ਉਸਾਰਿਆ ਸੀ ਤੇ ਜਿਸਦਾ ਨਾਮ ਉਸ ਨੇ "ਦੀਨ ਪਨਾਹ"() ਰਖਿਆ ਸੀ। ਏਥੇ ਬੈਠਾ ਉਹ ਦਰਿਆ ਦਾ ਦਰਿਸ਼ ਦੇਖ ਰਿਹਾ ਸ।

() ਇਹ ਕਿਲਾ ਹਮਾਯੂੰ ਨੇ ਜਮਨਾ ਦੇ ਕੰਢੇ ੧੫੩੩ ਈਸਵੀ ਨੂੰ ਉਦੋਂ ਬਣਾਇਆ ਸੀ, ਜਦੋਂ ਉਸ ਨੇ ਅਜੇ ਸਾਰੰਗ ਪੁਰ ਤੇ ਮਾਲਵੇ ਦੀ ਮੁਹਿੰਮ ਸ਼ੁਰੂ ਨਹੀਂ ਸੀ ਕੀਤੀ।

Sri Satguru Jagjit Singh Ji eLibrary NamdhariElibrary@gmail.com

ਨਸ ਉਠੀ, ਪਰ ਸੂਰਬੀਰ ਹਿੰਦੂ (ਹੇਮੂੰ) ਦਰਦ ਦੇ ਬਾਵਜੂਦ ਉਠ ਖੜਾ ਹੋਇਆ। ਉਸ ਨੇ ਫਟੜ ਅੱਖ ਵਿਚੋਂ ਤੀਰ ਬਾਹਰ ਕਢਿਆ। ਸਿਰ ਨੂੰ ਰੁਮਾਲ ਨਾਲ ਬੰਨ੍ਹ ਕੇ ਲੜਾਈ ਵਿਚ ਕਮਾਨ ਲਈ ਪਹੁੰਚ ਗਿਆ, ਤਦ ਉਸ ਦੇ ਨਾਲ ਗਿਣਤੀ ਦੇ ਉਹੋ ਲੋਕ ਸਨ ਜੋ ਅਜੇ ਤੀਕ ਵਫਾਦਾਰ ਰਹੇ ਸਨ।

## ਹੇਮੂੰ ਦੀ ਗ੍ਰਿਫਤਾਰੀ ਤੇ ਮੌਤ ੧੫੫੬ ਈ:

ਵੈਰੀ ਦੀ ਘੋੜ ਸਵਾਰ ਫੌਜ ਨੇ ਹੇਮੂੰ ਦੇ ਹਾਥੀ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ ਅਤੇ ਉਸ ਨੂੰ ਕੈਦੀ ਬਣਾ ਕੇ ਅਕਬਰ ਦੇ ਰੁਬਰੂ ਪੇਸ਼ ਕੀਤਾ। ਜਦ ਹੇਮੂੰ ਅਕਬਰ ਬਾਦਸ਼ਾਹ ਦੇ ਹਜ਼ੂਰ ਪੇਸ਼ ਹੋਇਆ ਤਦ ਬਹਿਰਾਮ ਖਾਂ ਨੇ ਬਾਦਸ਼ਾਹ ਨੂੰ ਸਲਾਹ ਦਿਤੀ ਕਿ ਇਸ ਕਾਫਰ ਨੂੰ ਜਾਨੋਂ ਮਾਰ ਦਿਤਾ ਜਾਏ ਤੇ ਮਾਰਿਆ ਵੀ ਜਾਏ ਬਾਦਸ਼ਾਹ ਦੇ ਹੱਥ ਨਾਲ ਤਾਂ ਜੁ ਬਾਦਸ਼ਾਹ ਗਾਜ਼ੀਆਂ ਵਿਚ ਗਿਣਿਆ ਜਾਏ, ਪਰ ਅਕਬਰ ਇਹ ਭਿਆਨਕ ਕਾਰਾ ਕਰਨ ਤੋਂ ਝਿਜਕਦਾ ਸੀ। ਉਸ ਨੇ ਹੇਮੂੰ ਦੇ ਮਥੇ ਨਾਲ ਆਪਣੀ ਤਲਵਾਰ ਛੁਹਾ ਦਿਤੀ ਇਸ ਤੇ ਬਹਿਰਾਮ ਖਾਂ ਨੇ ਰੋਹ ਤੇ ਗੁਸੇ ਵਿਚ ਭਰ ਕੇ ਆਪਣੀ ਕਟਾਰ ਨਾਲ ਕੈਦੀ ਦਾ ਸਿਰ ਧੜ ਤੋਂ ਵਖਰਾ ਕਰ ਦਿਤਾ। ਇਸ ਪ੍ਰਕਾਰ ਇਕ ਐਸੇ ਹਿੰਦੂ ਦੇ ਜੀਵਨ ਦਾ ਅੰਤ ਹੋ ਗਿਆ ਜਿਸ ਨੇ ਆਪਣੀ ਅਕਲ ਤੇ ਦਾਨਾਈ ਨਾਲ ਸਾਧਾਰਨ ਜੀਵਨ ਤੋਂ ਉਠ ਕੇ ਇਕ ਵਡੇ ਰਾਜ ਦੀ ਵਜ਼ੀਰੀ ਪਰਾਪਤ ਕੀਤੀ ਸੀ।

## ਉਸ ਦਾ ਚਲਨ

ਹੇਮੂੰ ਪਹਿਲਾ ਹਿੰਦੂ ਸੀ ਜੋ ਹਿੰਦੁਸਤਾਨ ਦੇ ਮੁਸਲਮਾਨੀ ਰਾਜ ਸਮੇਂ ਏਨੇ ਉਚੇ ਔਹਦੇ ਉਤੇ ਪੁਜਾ। ਉਸ ਤੋਂ ਜਿਸ ਭਰੋਸੇ ਦੀ ਆਸ ਕੀਤੀ ਗਈ ਸੀ ਉਸ ਵਿਚ ਉਹ ਪੂਰਾ ਉਤਰਿਆ। ਮੁਗਲਾਂ ਦੇ ਵਡੇ ਵਡੇ ਸੂਰਬੀਰ ਲੀਡਰਾਂ ਨਾਲ ਹਿੰਦੁਸਤਾਨ ਦੇ ਤਾਜ ਤਖਤ ਲਈ ਜੋ ਅਫਗਾਨ ਯੋਗ ਬਣੇ ਸਨ ਤਦ ਉਹ ਕੇਵਲ ਏਸੇ ਹਿੰਦੂ ਜਰਨੈਲ ਦੇ ਸਦਕੇ ਜਿਸ ਦੀ ਸਰਬੀਰਤਾ ਤੇ ਵਰਿਆਮਗੀ ਅਗੇ ਕੋਈ ਦਮ ਨਹੀਂ ਸੀ ਮਾਰ ਸਕਦਾ।

## ਪੰਜਾਬ ਵਿਚ ਮੁਹਿੰਮ

ਪਾਣੀਪਤ ਦੀ ਲੜਾਈ ਵਿਚ ਮੁਗਲਾਂ ਦੇ ਹਥ ੧੫੦੦ ਹਾਥੀ ਲਗੇ। ਜਦ ਅਕਬਰ ਨੂੰ ਪੂਰੀ ਪੂਰੀ ਜਿਤ ਪ੍ਰਾਪਤ ਹੋ ਗਈ ਤਦ ਉਸ ਪਾਣੀਪਤ ਤੋਂ ਕੂਚ ਬੋਲਿਆ ਅਤੇ ਬਿਨਾ ਰੋਕ ਟੋਕ ਦਿਲੀ ਉਤੇ ਜਾ ਕਬਜ਼ਾ ਕੀਤਾ। ਇਸ ਸਮੇਂ ਤੀਕ ਪੰਜਾਬੀ ਦੇ ਵਾਇਸਰਾਏ ਖਿਜ਼ਰ ਖਾਂ ਨੂੰ ਸਿਕੰਦਰ ਸ਼ਾਹ ਸੂਰ ਹਥੋਂ ਹਾਰ ਹੋ ਚੁਕੀ ਸੀ ਤੇ ਉਹ ਲਾਹੌਰ ਨੂੰ ਨਸ ਜਾਨ ਲਈ ਮਜਬੂਰ ਹੋ ਗਿਆ ਸੀ। ਜਦ ਅਕਬਰ ਨੂੰ ਇਹ ਖਬਰ ਪੁਜੀ ਉਸ ਨੇ ਪੰਜਾਬ ਵਲ ਕੂਚ ਬੋਲ ਦਿਤਾ। ਕਲਾਨੌਰ ਤੋਂ ਸਿਕੰਦਰ ਸ਼ਾਹ ਨੂੰ ਬਾਹਰ ਕਢ ਕੇ ਉਸ ਨੂੰ ਕਿਲ੍ਹਾ ਮਾਨ ਕੋਟ ਵਿਚ ਪਨਾਹ ਲੈਣ ਲਈ ਮਜਬੂਰ ਕਰ ਦਿਤਾ। ਇਹ ਕਿਲ੍ਹਾ ਸ਼ਹਿਨਸ਼ਾਹ ਸਲੀਮ ਸ਼ਾਹ ਨੇ ਬਣਾਇਆ ਸੀ। ਬਾਦਸ਼ਾਹ ਤਿੰਨ ਮਹੀਨੇ ਤੀਕ ਕਲਾਨੌਰ ਵਿਚ ਠਹਿਰਿਆ ਏਥੇ ਹੀ ਉਸ ਦੀ ਮਾਤਾ ਤੇ ਸ਼ਾਹੀ ਬੇਗਮਾਂ ਕਾਬਲ ਤੋਂ ਉਸ ਦੇ ਪਾਸ ਆ ਗਈਆਂ। ਮੁਹੰਮਦ ਹਕੀਮ ਮਿਰਜ਼ਾ ਨਾਮੀ ਬਾਦਸ਼ਾਹ ਦੇ ਮਿਤਰਏ ਭਾਈ ਨੂੰ ਉਸ ਦੀ ਮਾਤਾ ਤੇ ਭੈਣ ਸਮੇਤ ਮੁਅਜ਼ਮ ਖਾਂ ਦੀ ਸਰਪਰਸਤੀ ਹੇਠ ਕਾਬਲ ਦਾ ਗਵਰਨਰ ਬਣਾ ਕੇ ਉਥੇ ਹੀ ਛਡਿਆ। ਛੀ ਮਹੀਨੇ ਦੇ ਘੇਰੇ ਮਗਰੋਂ ਮਾਨ ਕੋਟ ਵੀ ਫਤਹ ਹੋ ਗਿਆ। ਸਿਕੰਦਰ ਸ਼ਾਹ ਦੇ ਬੇਟੇ ਅਬਦੁਲ ਰਹਿਮਾਨ ਖਾਂ ਨੂੰ ਸ਼ਾਹੀ ਕੈਂਪ ਵਿਚ ਯਰਗਮਾਲ ਵਜੋਂ ਰਖ ਕੇ ਸਿਕੰਦਰ ਸ਼ਾਹ ਨੂੰ ਬੰਗਾਲ ਵਲ ਵਾਪਸ ਮੁੜ ਜਾਣ ਦੀ ਆਗਿਆ ਦਿਤੀ। ਇਸ ਦੇ ਮਗਰੋਂ ਬਾਦਸ਼ਾਹ ਅਤੇ ਉਸ ਦਾ ਰੀਜੰਟ ਬਹਿਰਾਮ ਖਾਂ ਲਾਹੌਰ ਪੁਜੇ ਅਪਰੈਲ ੧੫੫੮ ਈਸਵੀ ਨੂੰ ਬਹਿਰਾਮ ਖਾਂ ਦਾ ਵਿਆਹ ਸੁਵਰਗੀ ਸ਼ਹਿਨਸ਼ਾਹ ਹਮਾਯੂੰ ਦੀ ਭਤੀਜੀ (ਭਣੇਵੀ) ਨਾਲ ਜਾਲੰਧਰ ਵਿਚ ਬੜੀ ਧੂਮ ਧਾਮ ਨਾਲ ਹੋਇਆ। ਇਸ ਸ਼ਾਦੀ ਵਿਚ ਬਾਦਸ਼ਾਹ ਨੇ ਆਪ ਵੀ ਸ਼ਾਮਲ ਹੋ ਕੇ ਜੋੜੇ ਨੂੰ ਨਿਵਾਜਿਆ।

## ਸ਼ਾਹ ਅਬੁਲ ਮੁਆਲੀ ਦਾ ਵਿਰੋਧੀ ਰਵੀਆ

ਸੁਵਰਗੀ ਹਮਾਯੂੰ ਦੇ ਚਾਹਤੇ ਦਰਬਾਰੀ ਸ਼ਾਹ ਅਬੁਲ ਮੁਆਲੀ ਜੋ ਲਾਹੌਰੋਂ ਕੈਦ ਵਿਚੋਂ ਨਸ ਕੇ ਕਮਾਲ ਗਖੜ ਨਾਲ ਜਾ ਮਿਲਿਆ ਸੀ ਮੁਹਿੰਮ ਲੈ ਕੇ ਕਸ਼ਮੀਰ ਵਲ ਵਧਿਆ ਪਰ ਸ਼ਾਹੀ ਫੌਜਾਂ ਨੇ ਉਹਨਾਂ ਦੋਵਾਂ ਨੂੰ ਹਾਰ ਦੇ ਕੇ ਪਸਪਾ ਕਰ ਦਿਤਾ। ਇਸ ਲੜਾਈ ਵਿਚ ਉਹਨਾਂ ਦੇ ਬਹੁਤ ਸਾਰੇ ਜਵਾਨ ਮਾਰੇ ਗਏ। ਸ਼ਾਹ ਅਬੁਲ ਮਆਲੀ ਨਸ ਕੇ ਦੀਪਾਲ ਪੁਰ ਚਲਾ ਗਿਆ। ਉਥੇ ਬਹਾਦਰ ਖਾਂ ਸੀਸਤਾਨੀ ਨਾਲ ਮਿਲ ਕੇ ਉਸ ਨੇ ਫੇਰ ਬਗਾਵਤ ਦਾ ਝੰਡਾ ਖੜਾ ਕੀਤਾ। ਐਤਕੀ ਵੀ ਉਸ ਦੀ ਬਗਾਵਤ ਸਫਲ ਨਾ ਹੋਈ ਤੇ ਉਹ ਸਿੰਧ ਤੋਂ ਪਰੇ ਨਸ ਗਿਆ। ਉਥੋਂ ਨਸਦਾ ਹੋਇਆ ਗੁਜਰਾਤ ਤੇ ਜਾਮ ਪੁਰ ਪੁਜਾ। ਇਥੋਂ ਸ਼ਾਹ ਜ਼ਮਾਨ ਨੇ ਉਸ ਨੂੰ ਕੈਦ ਕਰ ਕੇ ਸ਼ਾਹੀ ਕੈਦੀ ਦੇ ਰੂਪ ਵਿਚ ਆਗਰੇ ਭੇਜ ਦਿਤਾ।

## ਅਕਬਰ ਤੇ ਬਹਿਰਾਮ ਖਾਂ ਵਿਚਾਲੇ ਖਟਾਪਟੀ

ਸ਼ਹਿਨਸ਼ਾਹ ਅਕਬਰ ਅਤੇ ਬਹਿਰਾਮ ਖਾਂ ਵਿਚਾਲੇ ਮਤ ਭੇਦ ਹੋ ਗਿਆ। ਅਕਬਰ ਨੇ ਆਪਣੇ ਉਸਤਾਦ ਨਾਲ ਬੇਹਦ ਨਰਮੀ ਭਰਿਆ ਸਲੂਕ ਰਵਾ ਰਖਿਆ ਅਤੇ ਉਸ ਨੂੰ ਉਚੀ ਤੋਂ ਉਚੀ ਪਦਵੀ ਨਾਲ ਨਿਵਾਜਿਆ। ਇਥੋਂ ਤੀਕ ਕਿ ਸਰਪਰਸਤ ਨੇ ਬਾਦਸ਼ਾਹ ਦੇ ਵਸ਼ੇਸ਼ ਸ਼ਾਹੀ ਅਧਿਕਾਰਾਂ ਦੀ ਅਵਗਿਆ ਵੀ ਕੀਤੀ ਜਿਸ ਨੂੰ ਕਿ ਬਾਦਸ਼ਾਹ ਸਹਾਰ ਨਹੀਂ ਸੀ ਸਕਦਾ।

## ਬਹਿਰਾਮ ਖਾਂ ਦਾ ਹੰਕਾਰ

ਇਕ ਵਾਰ ਬਾਦਸ਼ਾਹ ਸ਼ਿਕਾਰ ਖੇਡਣ ਗਿਆ ਸੀ ਕਿ ਬਹਿਰਾਮ ਖਾਂ ਨੇ ਰਸਮੀ ਤੌਰ ਉਤੇ ਬਾਦਸ਼ਾਹ ਦੀ ਮਨਜ਼ੂਰੀ ਲਏ ਬਿਨਾ ਹੀ ਦਿਲੀ ਦੇ ਗਵਰਨਰ ਤਾਰਦੀ ਬੇਗ ਖਾਂ ਨੂੰ, ਜੋ ਹਮਾਯੂੰ ਦਾ ਸਭ ਤੋਂ ਪੁਰਾਣਾ ਤੇ ਵਡਾ ਸ਼ਰਧਾਲੂ ਸੀ ਕਤਲ ਕਰਵਾ ਦਿਤਾ। ਬਹਿਰਾਮ ਖਾਂ ਦੇ ਹੁਕਮਾਂ ਨਾਲ ਹੋਰ ਵੀ ਕਈ ਆਦਮੀ ਕਤਲ ਕੀਤੇ ਗਏ ਜਿਸ ਕਰ ਕੇ ਚੁਗਤਾਈ ਸਰਦਾਰਾਂ ਵਿਚ ਬੜੀ ਬੇਚੈਨੀ ਤੇ ਨਾਰਾਜ਼ਗੀ ਫੈਲ ਗਈ। ਉਸ ਨੇ ਬਾਦਸ਼ਾਹ ਦੇ ਉਸਤਾਦ ਮੁਲਾਂ ਪੀਰ ਮੁਹੰਮਦ ਨੂੰ ਵੀ ਔਹਦੇ ਤੋਂ ਹਟਾ ਕੇ ਆਪਣੇ ਇਕ ਹੋਰ ਆਦਮੀ ਨੂੰ ਉਸ ਦੀ ਥਾਂ ਉਤੇ ਨਿਯਤ ਕਰ ਦਿਤਾ। ਇਕ ਦਿਨ ਹਾਥੀਆਂ ਦੀ ਲੜਾਈ ਸਮੇਂ ਇਕ ਸ਼ਾਹੀ ਹਾਥੀ ਵਿਰੋਧੀ ਪਾਸੋਂ ਹਾਰ ਖਾ ਕੇ ਵਜ਼ੀਰ ਦੇ ਤੰਬੂ ਦੇ ਰਸਿਆਂ ਵਿਚ ਜਾ ਵੜਿਆ। ਉਸ ਨੇ ਇਸ ਹਾਦਸੇ ਨੂੰ ਆਪਣੀ ਹੇਠੀ ਸਮਝ ਲਿਆ ਪਰ ਬਾਦਸ਼ਾਹ ਨੇ ਰੋਸ ਪ੍ਰਗਟ ਕਰ ਕੇ ਉਸ ਦੇ ਗੁਸੇ ਨੂੰ ਮਠਾ ਕੀਤਾ। ਇਕ ਹੋਰ ਮੌਕੇ ਤੇ ਸ਼ਾਹੀ ਹਾਥੀ ਬੇ ਕਾਬੂ ਹੋ ਗਿਆ ਉਸ ਮਸਤੇ ਹੋਏ ਹਾਥੀ ਨੇ ਵਜ਼ੀਰ ਦੇ ਹਾਥੀ ਉਤੇ ਹਮਲਾ ਕਰ ਕੇ ਉਸ ਨੂੰ ਮਾਰ ਦਿਤਾ। ਵਜ਼ੀਰ ਨੇ ਮਸਤ ਹਾਥੀ ਦੇ ਰਥਵਾਨ ਨੂੰ ਕਤਲ ਕਰਾ ਦਿਤਾ ਜਿਸ ਦਾ ਬਾਦਸ਼ਾਹ ਨੂੰ ਸਖਤ ਰੰਜ ਹੋਇਆ। ਇਸ ਘਟਣਾ ਦੇ ਛੇਤੀ ਹੀ ਮਗਰੋਂ ਇਕ ਹੋਰ ਸ਼ਾਹੀ ਹਾਥੀ ਗਜ਼ਬਨਾਕ ਹੋ ਕੇ ਉਸੀ ਬੇੜੀ ਨਾਲ ਜਾ ਟਕਰਾਇਆ ਜਿਸ ਵਿਚ ਬਾਦਸ਼ਾਹ ਸੈਰ ਸਪਾਟਾ ਕਰ ਰਿਹਾ ਸੀ। ਉਹ ਕਿਸ਼ਤੀ ਉਲਟਦੀ ਉਲਟਦੀ ਬਚੀ। ਬਹਿਰਾਮ ਖਾਂ

Sri Satguru Jagjit Singh Ji eLibrary NamdhariElibrary@gmail.com

ਕਰਮਚਾਰੀਆਂ ਨੇ ੧੫ ਫਰਵਰੀ ੧੫੫੬() ਈਸਵੀ ਨੂੰ ਕਲਾਨੌਰ ਵਿਚ ਹੀ ਅਕਬਰ ਨੂੰ ਗਦੀ ਨਸ਼ੀਨ ਕਰ ਦਿਤਾ। ਅਕਬਰ ਨੇ ਜਿਸ ਸਮੇਂ ਰਾਜ ਪ੍ਰਬੰਧ ਦੀ ਵਾਗ ਡੋਰ ਆਪਣੇ ਹਥ ਲਈ ਉਸ ਵੇਲੇ ਉਸ ਦੀ ਉਮਰ ਕੇਵਲ ੧੩ ਸਾਲ ਤੇ ੯ ਮਹੀਨੇ ਦੀ ਸੀ। ਉਸ ਨੇ ਬਹਿਰਾਮ ਖਾਂ ਨੂੰ ਆਪਣਾ ਵਜ਼ੀਰ ਥਾਪਿਆ, ਜਿਸ ਨੂੰ ਉਹ ਬੜੇ ਲਾਡ ਨਾਲ ਬਾਬਾ ਅਰਥਾਤ ਬਾਪੂ ਅਖਦਾ ਸੀ। ਗਦੀ ਨਸ਼ੀਨ ਹੋ ਕੇ ਅਕਬਰ ਨੇ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ਉਸ ਨੇ ਸ਼ਾਹੀ ਹੁਕਮ ਨਾਲ ਨਜ਼ਰਾਨੇ ਵਸੂਲਣ ਦਾ ਉਹ ਰਿਵਾਜ ਖਤਮ ਕਰ ਦਿਤਾ ਜੋ ਬਾਦਸ਼ਾਹ ਦੀ ਗਦੀ ਨਸ਼ੀਨੀ ਸਮੇਂ ਭੇਟਾ ਦੇਣ ਦਾ ਮੁਦਤ ਤੋਂ ਚਾਲੂ ਸੀ।

## ਅਕਬਰ ਮੂਹਰੇ ਕਠਨਾਈਆਂ

ਤਖਤ ਨਸ਼ੀਨੀ ਹੋਣ ਮਗਰੋਂ ਅਕਬਰ ਨੂੰ ਪਤਾ ਲਗਾ ਕਿ ਉਸ ਦੀ ਪੁਜੀਸ਼ਨ ਸੁਰਖਿਅਤ ਨਹੀਂ। ਮੁਹੰਮਦ ਸ਼ਾਹ ਸੂਰ ਅਦਲੀ ਦੀ ਪਾਰਟੀ ਪੂਰਬੀ ਸੂਬਿਆਂ ਵਿਚ ਅਜੇ ਵੀ ਜ਼ੋਰ ਉਤੇ ਸੀ। ਸਿਕੰਦਰ ਸ਼ਾਹ ਸੂਰ ਨੂੰ ਭਾਵੇਂ ਹਾਰ ਹੋ ਚੁਕੀ ਸੀ ਪਰ ਅਜੇ ਵੀ ਉਸ ਦੇ ਪਾਸ ਪਠਾਨਾਂ ਦਾ ਇਕ ਜ਼ਬਰਦਸਤ ਲਸ਼ਕਰ ਮੌਜੂਦ ਸੀ। ਰਾਜਪੁਤਾਨੇ ਤੇ ਮਧ ਭਾਰਤ ਦੇ ਹਿਦੂ ਰਾਜਿਆਂ ਨੇ ਅਜੇ ਤੀਕ ਦਿਲੀ ਦੀ ਮੁਸਲਮਾਨੀ ਹਕੂਮਤ ਨੂੰ ਪਰਵਾਨ ਨਹੀਂ ਸੀ ਕੀਤਾ, ਇਸ ਤੋਂ ਵੀ ਵਧ ਇਹ ਕਿ ਹਮਾਯੂੰ ਦੇ ਦਰਬਾਰ ਦੇ ਦਰਬਾਰੀਆਂ ਵਿਚ ਵੀ ਮਿਲ ਰਹੇ ਅਲਾਉਂਸਾਂ ਤੇ ਜਗੀਰਾਂ ਦੀ ਕਮੀ ਕਰ ਕੇ ਅਸੰਤੁਸਟਤਾ ਸੀ। ਇਹਨਾਂ ਸਾਰੀਆਂ ਗਲਾਂ ਦੇ ਵਿਸਥਾਰ ਵਿਚ ਜਾਣ ਦੀ ਏਥੇ ਗੁੰਜਾਇਸ਼ ਨਹੀਂ। ਜਿਹੜੇ ਪਾਠਕ ਵੇਰਵਾ ਜਾਂ ਵਿਸਥਾਰ ਜਾਨਣਾ ਚਾਹੁੰਣ ਉਹ ਆਨਰੇਬਲ ਮੌਨਸਟੂਅਰਟ ਐਲਫਿਨਸਟਨ, ਮਰੇ ਤੇ ਟਾਇਲਰ (Mounstuart Elphintson, Murray and Taylor) ਦੀਆਂ ਸਵਿਸਥਾਰ ਲਿਖਤਾਂ ਪੜ੍ਹ ਲੈਣ।

## ਕਠਨਾਈਆਂ ਉਤੇ ਕਾਬੂ

ਏਥੇ ਕੇਵਲ ਇਹੋ ਦਸ ਦੇਣਾ ਕਾਫੀ ਹੈ ਕਿ ਅਕਬਰ ਨੇ ਜਿਸ ਯੋਗਤਾ ਤੇ ਸ਼ਕਤੀ ਦਾ ਵਖਾਵਾ ਕੀਤਾ ਉਸ ਦੇ ਕਾਰਨ ਉਹਨੇ ਛੇਤੀ ਹੀ ਸਭ ਕਠਨਾਈਆਂ ਉਤੇ ਕਾਬੂ ਪਾ ਲਿਆ। ਦੇਸ ਵਿਚ ਜਿਹੜੀ ਆਮ ਬੇਚੈਨੀ ਪਸਰੀ ਹੋਈ ਸੀ ਪੰਜਾਬ ਵੀ ਓਸ ਤੋਂ ਖਾਲੀ ਨਹੀਂ ਸੀ।

## ਲਾਹੌਰੀ ਗਵਰਨਰ ਦੀ ਬਗ਼ਾਵਤ ਰੁਕੀ

ਪੰਜਾਬ ਦੇ ਗਵਰਨਰ ਸ਼ਾਹ ਅਬੁਲ ਮੁਆਲੀ ਨੂੰ ਜੋ ਹਮਾਯੂੰ ਦਾ ਸਾਥੀ ਸੀ ਤੇ ਜਿਸ ਨੇ ਆਜ਼ਾਦੀ ਪ੍ਰਾਪਤ ਕਰਨ ਦੀ ਰੁਚੀ ਪ੍ਰਗਟ ਕੀਤੀ ਸੀ, ਲਾਹੌਰ ਦੇ ਮਹੱਲ ਵਿਚ ਗ੍ਰਿਫਤਾਰ ਕਰ ਲਿਆ ਗਿਆ ਅਤੇ ਉਸ ਨੂੰ ਸ਼ਹਿਰ ਦੇ ਕੋਤਵਾਲ ਪਹਿਲਵਾਨ ਗੁਲਜ਼ਾਰ ਦੀ ਸਪੁਰਦਗੀ ਵਿਚ ਦੇ ਦਿਤਾ ਗਿਆ, ਪਰ ਸ਼ਾਹ ਅਬੁਲ ਮਆਲੀ ਕਿਸੇ ਨ ਕਿਸੇ ਢੰਗ ਨਾਲ ਕੈਦ ਵਿਚੋਂ ਬਚ ਕੇ ਨਿਕਲ ਗਿਆ। ਕੋਤਵਾਲ ਨੇ ਇਸ ਨਮੋਸ਼ੀ ਦੇ ਮਾਰੇ, ਕਿ ਉਸ ਵਿਰੁਧ ਗਦਾਰੀ ਦਾ ਦੋਸ਼ ਲਗੇਗਾ, ਆਤਮਘਾਤ ਕਰ ਲਿਆ।

## ਸਿਕੰਦਰ ਸ਼ਾਹ ਸੂਰ ਦੀ ਅੰਬਾਲੇ ਪਾਸ ਹਾਰ

ਬਾਦਸ਼ਾਹ ਆਪਣੀ ਫੌਜ ਲੈ ਕੇ ਅੰਬਾਲੇ ਦੇ ਪਾਸ ਪਹਾੜਾਂ ਵਲ ਵਧਿਆ ਤੇ ਉਥੇ ਸਿਕੰਦਰ ਸ਼ੇਰ ਸ਼ਾਹ ਸੂਰ ਨੂੰ ਲੱਕ-ਤੋੜ ਹਾਰ ਦਿਤੀ ਤੇ ਪਹਾੜਾਂ ਵਲ ਨੱਸ ਗਿਆ। ਇਸ ਦੇ ਮਗਰੋਂ ਬਾਦਸ਼ਾਹ ਨੇ ਪੰਜਾਬ ਦਿਆਂ ਪਹਾੜੀ ਕਬੀਲਿਆਂ ਨੂੰ ਨਗਰ ਕੋਟ ਦੇ ਨੇੜੇ ਹਾਰ ਦਿਤੀ ਤੇ ਉਹਨਾਂ ਪਾਸੋਂ ਈਨ ਮੰਨਵਾਈ। ਏਨੇ ਨੂੰ ਬਰਸਾਤ ਸ਼ੁਰੂ ਹੋ ਗਈ ਜਿਸ ਕਰ ਨੇ ਉਸ ਨੇ ਜਾਲੰਧਰ ਵਿਚ ਰਹਾਇਸ਼ ਧਾਰਨ ਕਰ ਲਈ।

## ਖਿਜ਼ਰ ਖਾਂ ਲਾਹੌਰ ਦਾ ਗਵਰਨਰ ਨਿਯਤ ਹੋਇਆ

ਇਸੇ ਸਮੇਂ ਬਾਦਸ਼ਾਹ ਦੀ ਫੁਫੀ ਸੁਲਤਾਨਾ ਗੁਲਬਦਨ ਦੇ ਪਤੀ ਖਿਜ਼ਰ ਖਾਂ ਨੂੰ ਲਾਹੌਰ ਦਾ ਗਵਰਨਰ ਨਿਯਤ ਕੀਤਾ ਗਿਆ।

ਮੁਹੰਮਦ ਸ਼ਾਹ ਨੂਰ ਆਦਲੀ ਦੇ ਹਿੰਦੂ ਵਜ਼ੀਰ ਨੇ ਸੰਖੇਪ ਜੇਹੇ ਘੇਰੇ ਮਗਰੋਂ ਆਗਰੇ ਉਤੇ ਕਬਜ਼ਾ ਕਰ ਲਿਆ। ਫੇਰ ਉਸ ਨੇ ਦਿਲੀ ਉਤੇ ਧਾਵਾ ਬੋਲਿਆ ਓਥੋਂ ਦੇ ਮੁਗਲ ਗਵਰਨਰ ਤਾਰਦੀ ਬੇਗ ਖਾਂ ਨੂੰ ਸ਼ਹਿਰੋਂ ਬਾਹਰ ਕਢ ਕੇ ਦਿਲੀ ਉਤ ਆਪਣਾ ਅਧਿਕਾਰ ਜਮਾ ਲਿਆ।

## ਹੇਮੂੰ ਬਣੀਆਂ ਰਾਜਾ ਵਿਕਰਮਾਜੀਤ ਬਣਿਆ

ਹੇਮੂੰ ਨੇ ਦਿਲੀ ਦੀ ਗੱਦੀ ਉਤੇ ਬੈਠਣ ਦਾ ਜਸ਼ਨ ਮਨਾਇਆ ਤੇ ਆਪਣਾ ਉਪਨਾਮ ਰਾਜਾ ਬਿਕਰਮਜੀਤ ਰਖਿਆ। ਦਿਲੀ ਦਾ ਬਾਦਸ਼ਾਹ ਬਣਨ ਮਗਰੋਂ ਉਹਨੇ ਇਕ ਵੱਡੀ ਫੌਜ ਲੈ ਕੇ ਪੰਜਾਬ ਉਤੇ ਚੜ੍ਹਾਈ ਕਰ ਦਿਤੀ। ਏਥੋਂ ਦੀ ਮੁਗਲ ਫੌਜ ਦੀ ਗਿਣਤੀ ਬੜੀ ਥੋੜੀ ਸੀ ਇਸ ਲਈ ਉਸ ਦੇ ਅਫਸਰਾਂ ਵਿਚ ਦਹਿਸ਼ਤ ਫੈਲ ਗਈ। ਜੰਗੀ ਕੌਂਸਲ ਨੇ ਅਕਬਰ ਨੂੰ ਸਲਾਹ ਦਿਤੀ ਕਿ ਉਹ ਹੇਮੂੰ ਦੇ ਟਿਡੀ ਦਲ ਲਸ਼ਕਰ ਦਾ ਟਾਕਰਾ ਨਾ ਕਰੇ ਅਤੇ ਕਾਬਲ ਵਲ ਪਿਛਾਂਹ ਪਰਤ ਜਾਏ, ਪਰ ਉਸ ਦੇ ਵਫਾਦਾਰ ਤੇ ਸੂਰਬੀਰ ਜਰਨੈਲ ਬਹਿਰਾਮ ਖਾਂ ਦੇ ਕਹਿਣ ਸੁਣਨ ਤੇ ਅਕਬਰ ਨੇ ਜੰਗ ਲੜਨ ਦਾ ਫੈਸਲਾ ਕਰ ਲਿਆ ਪਾਨੀਪਤ ਦਾ ਮੈਦਾਨ, ਜਿਥੇ ਪਹਿਲੇ ਵੀ ਕਈ ਵਾਰ ਹਿੰਦੁਸਤਾਨ ਦੀ ਕਿਸਮਤ ਦਾ ਫੈਸਲਾ ਕਰਨ ਵਾਲ ਯੁਧ ਹੋ ਚੁਕੇ ਸਨ, ਜੰਗ ਲਈ ਚੁਣਿਆ ਗਿਆ। ਹੇਮੂੰ ਵੀ ਭਾਰੀ ਫੌਜ ਲੈ ਕੇ ਉਧਰ ਨੂੰ ਵਧਿਆ।

## ਪਾਨੀਪਤ ਦਾ ਜੰਗ ੧੫੫੬ ਈ:

੫ ਨਵੰਬਰ ੧੫੫੬ ਈਸਵੀ ਦੀ ਸਵੇਰ ਨੂੰ ਬਾਦਸ਼ਾਹ ਨੇ ਜੰਗ ਛੇੜ ਦਿਤੀ। ਮੁਗਲਾਂ ਨੂੰ ਭੈ-ਭੀਤ ਕਰਨ ਲਈ ਹੇਮੂੰ ਨੇ ਬਹੁਤ ਸਾਰੇ ਹਾਥੀ ਮੈਦਾਨੇ-ਜੰਗ ਵਿਚ ਲੈ ਆਂਦੇ। ਨੇਜ਼ਿਆਂ, ਤੀਰਾਂ ਤੇ ਕੁਹਾੜਿਆਂ ਦੇ ਲਗਣ ਨਾਲ ਇਹ ਹਾਥੀ ਐਸੇ ਭੈ-ਭੀਤ ਹੋਏ ਕਿ ਕਾਬੂ ਵਿਚ ਨਾ ਰਹਿ ਸਕੇ। ਉਹਨਾਂ ਹਾਥੀਆਂ ਨੇ ਅਫਗਾਨ ਫੌਜਾਂ ਉਤੇ ਹੀ ਹਲਾ ਬੋਲ ਦਿਤਾ, ਜਿਸ ਨਾਲ ਉਹਨਾਂ ਦੀਆਂ ਫੌਜਾਂ ਵਿਚ ਹਫੜਾ-ਦਫੜੀ ਮਚ ਗਈ। ਹੇਮੂੰ ਇਕ ਬੜੇ ਉਚੇ ਕਦ ਦੇ ਹਾਥੀ ਉਤੇ ਸਵਾਰ ਹੋ ਕੇ ੪੦੦੦ ਘੋੜ ਸਵਾਰ ਫੌਜ ਨੂੰ ਹੁਕਮ ਦਿਤਾ ਕਿ ਉਹ ਬੜੀ ਬਹਾਦਰੀ ਨਾਲ ਹਮਲਾ ਸ਼ੁਰੂ ਕਰੇ; ਜਿਸ ਵੇਲੇ ਘਸਮਾਨ ਦੀ ਜੰਗ ਹੋ ਰਹੀ ਸੀ ਕਿ ਉਸ ਦੀ ਇਕ ਅੱਖ ਵਿਚਕਾਰ ਇਕ ਤੀਰ ਲਗਾ ਤੇ ਉਹ ਦਰਦ ਨਾਲ ਆਪਣੇ ਹੌਦੇ ਵਿਚ ਹੀ ਪਿਛਾਂਹ ਨੂੰ ਲੇਟ ਗਿਆ। ਉਸ ਦੀ ਘੋੜ ਸਵਾਰ ਫੌਜ ਨੇ ਜਦ ਉਸ ਨੂੰ ਹੌਦੇ ਵਿਚ ਨਾ ਡਿਠਾ ਤਦ ਉਹ ਸਮਝੀ ਕਿ ਹੇਮੂੰ ਮਾਰਿਆ ਗਿਆ। ਇਹ ਸਮਝ ਕੇ ਉਹਦੀ ਫੌਜ

() ਜਿਸ ਪਲੇਟਫਾਰਮ (ਥੜੇ) ਉਤੇ ਤਖਤ ਨਸ਼ੀਨੀ ਦੀ ਰਸਮ ਅਦਾ ਹੋਈ ਉਹ ਅਜੇ ਤੀਕ ਕਲਾਨੌਰ ਵਿਚ ਸੁਰਖਿਅਤ ਹੈ। ਪਰ ਉਸ ਦੇ ਇਰਦ ਗਿਰਦ ਦੀ ਸ਼ਾਨਦਾਰ ਇਮਾਰਤ ਦੀਆਂ ਲੋਕ ਇਟਾਂ ਕਢ ਕੇ ਲੈ ਗਏ ਹਨ। ਜਿਸ ਥਾਂ ਤੇ ਦਰਬਾਰੀ ਹਥ ਜੋੜੀ ਖੜੇ ਰਹਿੰਦੇ ਸਨ ਉਥੇ ਹੁਣ ਹਲ ਚਲ ਰਹੇ ਹਨ। ਇਹ ਅਫਸੋਸ ਵਾਲੀ ਗਲ ਹੈ ਕਿ ਇਹੋ ਜਹੀ ਯਾਦਗਾਰੀ ਪੁਰਾਤਨ ਇਮਾਰਤ ਬਰਿਟਿਸ਼ ਰਾਜ ਸਮੇਂ ਬਰਬਾਦ ਕੀਤੀ ਗਈ।

Sri Satguru Jagjit Singh Ji eLibrary NamdhariElibrary@gmail.com

## ਉਸ ਦਾ ਕਤਲ

ਬਹਿਰਾਮ ਖਾਂ ਅਜੇ ਪਾਟਨ ਦੇ ਅਸਥਾਨ ਤੇ ਹੀ ਪੁਜਾ ਸੀ ਕਿ ਇਕ ਅਫ਼ਗਾਨ ਨੇ ਉਹਦੇ ਪੇਟ ਵਿਚ ਛੁਰਾ ਮਾਰ ਕੇ ਉਸ ਨੂੰ ਪਾਰ ਕਰ ਦਿਤਾ। ਕਾਤਲ ਅਫ਼ਗਾਨ ਦੇ ਬਾਪ ਨੂੰ ਬਹਿਰਾਮ ਖਾਂ ਨੇ ਹਮਾਯੂੰ ਦੇ ਰਾਜ ਸਮੇਂ ਆਪਣੇ ਹਥ ਨਾਲ ਕਤਲ ਕੀਤਾ ਸੀ।

## ਅਕਬਰ ਆਪਣਾ ਆਪ ਮਾਲਕ ੧੮ ਸਾਲ ਵਿਚ

ਇਸ ਤਰ੍ਹਾਂ ਅੰਤ ਹੋਇਆ ਇਕ ਮਹਾਨ ਵਡੇ ਵਜ਼ੀਰ ਤੇ ਜਰਨੈਲ ਦੇ ਜੀਵਨ ਦਾ। ਉਸ ਵੇਲੇ ਅਕਬਰ ਦੀ ਉਮਰ ੧੮ ਸਾਲ ਦੀ ਸੀ। ਹੁਣ ਅਕਬਰ ਆਪਣੇ ਰਾਜ ਦਾ ਪ੍ਰਬੰਧ ਕਰਨ ਲਈ ਇਕੱਲਾ ਰਹਿ ਗਿਆ ਸੀ। ਮਰਨ ਵਾਲੇ ਦੀ ਬੇਵਾ ਅਤੇ ੪ ਸਾਲਾ ਬੇਟੇ ਮਿਰਜ਼ਾ ਅਬਦੁਲ ਰਹੀਮ ਨੂੰ ਆਗਰੇ ਪੁਚਾਇਆ ਗਿਆ ਜਿਥੇ ਕਿ ਸ਼ਹਿਨਸ਼ਾਹ ਵਲੋਂ ਉਹਨਾਂ ਦੇ ਗੁਜ਼ਾਰੇ ਦਾ ਖੁਲ੍ਹਾ ਡੁਲ੍ਹਾ ਪਰਬੰਧ ਹੋ ਗਿਆ।

## ਅਕਬਰ ਦੀ ਹਿੰਦੂ ਸ਼ਾਹਿਜ਼ਾਦੀ ਨਾਲ ਸ਼ਾਦੀ

ਪੰਜਾਬ ਦਾ ਗਵਰਨਰ ਮੁਹੰਮਦ ਖਾਂ ਅਟਕਾ ਹੁਕਮ ਮੰਨ ਕੇ ਦਰਬਾਰ ਵਿਚ ਹਾਜ਼ਰ ਹੋਇਆ। ਉਹ ਆਪਣੇ ਨਾਲ ਭੇਟਾ ਕਰਨ ਲਈ ਚੁਕਦੇ ਫਬਦੇ ਤੋਹਫੇ ਲਿਆਇਆ ਸੀ। ਸੰਨ ੧੫੬੨ ਈਸਵੀ ਵਿਚ ਰਾਜਾ ਪੂਰਨ ਮਲ ਨੇ ਆਪਣੀ ਲੜਕੀ ਦੀ ਸ਼ਾਦੀ ਬਾਦਸ਼ਾਹ ਨਾਲ ਕਰ ਦਿਤੀ। ਬਾਦਸ਼ਾਹ ਨੇ ਉਸ ਨੂੰ ਤੇ ਉਸ ਦੇ ਪੁਤਰ ਭਗਵਾਨ ਦਾਸ ਨੂੰ ਸ਼ਾਹੀ ਦਰਬਾਰੀ ਬਣਾ ਦਿਤਾ। ਸੰਨ ੧੫੬੨ ਵਿਚ ਆਦਮ ਗਖੜ ਨੇ ਪੰਜਾਬ ਵਿਚ ਸਿਰ ਚੁਕਿਆ ਪਰ ਸੂਬੇ ਦੇ ਕਰਮਚਾਰੀਆਂ ਨੇ ਕਮਾਲ ਗਖੜ ਤੇ ਮੁਗਲਾਂ ਦੀ ਸਹਾਇਤਾ ਨਾਲ ਉਸ ਨੂੰ ਹਾਰ ਦੇ ਕੇ ਕੈਦੀ ਬਣਾ ਲਿਆ।

## ਬਾਦਸ਼ਾਹ ਦੇ ਕਤਲ ਦਾ ਨਿਸਫਲ ਜਤਨ

ਸੰਨ ੧੫੬੩ ਈਸਵੀ ਨੂੰ ਮਿਰਜ਼ਾ ਸ਼ਰਫਉਦੀਨ ਹੁਸੈਨ ਦੇ ਗੁਲਾਮ ਕਤਲੇਘ ਫੌਲਾਦ ਨੇ ਬਾਦਸ਼ਾਹ ਦੀ ਜਾਨ ਲੈਣ ਦਾ ਜਤਨ ਕੀਤਾ। ਉਹ ਬਾਦਸ਼ਾਹ ਦੇ ਅਮਲੇ ਫੈਲੇ ਵਿਚ ਸ਼ਾਮਲ ਹੋ ਗਿਆ ਤੇ ਮੌਕਾ ਤਾੜ ਕੇ ਉਸ ਨੇ ਅਕਬਰ ਦੀਆਂ ਮੌਰਾਂ ਵਿਚ ਤੀਰ ਮਾਰਿਆ, ਜੋ ਬੜੀ ਮੁਸ਼ਕਲ ਨਾਲ ਉਹਦੇ ਸਰੀਰ ਵਿਚੋਂ ਬਾਹਰ ਕਢਿਆ ਗਿਆ। ਅਕਬਰ ਨੇ ਤੀਰ ਦੇ ਫੱਟ ਦੀ ਦਰਦ ਨੂੰ ਬੜੇ ਹੌਸਲੇ ਨਾਲ ਸਹਾਰਿਆ। ਬਾਦਸ਼ਾਹ ਦੇ ਮੁਲਾਜ਼ਮਾਂ ਨੇ ਹਮਲਾਆਵਰ ਨੂੰ ਉਸੇ ਵੇਲੇ ਉਥੇ ਹੀ ਜਾਨੋਂ ਮਾਰ ਦਿਤਾ।

## ਬਾਦਸ਼ਾਹ ਦੇ ਮਤਰਏ ਭਾਈ ਹਕੀਮ ਮਿਰਜ਼ਾ ਦੀ ਬਗਾਵਤ

ਸੰਨ ੧੫੬੬ ਈਸਵੀ ਵਿਚ ਮੁਹੰਮਦ ਹਕੀਮ ਮਿਰਜ਼ਾ ਨੂੰ ਜੋ ਬਾਦਸ਼ਾਹ ਦਾ ਮਤਰੇਆ ਭਾਈ ਸੀ, ਬਦਖਸ਼ਾਂ ਦੇ ਸਰਦਾਰ ਸੁਲੇਮਾਨ ਮਿਰਜ਼ਾ ਨੇ ਕਾਬਲ ਵਿਚੋਂ ਬਾਹਰ ਕਢ ਦਿਤਾ।

## ਉਸ ਦਾ ਪੰਜਾਬ ਉਤੇ ਹਮਲਾ ੧੫੬੬ ਈ.

ਮੁਹੰਮਦ ਹਕੀਮ ਮਿਰਜ਼ਾ ਨੇ ਫਰੀਦੂੰ ਖਾਂ ਕਾਬਲੀ ਨੂੰ ਆਪਣੇ ਨਾਲ ਮਿਲਾ ਕੇ ਲਾਹੌਰ ਵਲ ਕੂਚ ਕਰ ਦਿਤਾ ਤਾਂ ਜੁ ਉਥੇ ਆਪਣਾ ਰਾਜ ਕਾਇਮ ਕੀਤਾ ਜਾਏ। ਪੰਜਾਬ ਦੇ ਕਰਮਚਾਰੀ ਕੁਤਬ ਖਾਂ ਅਟਕਾ ਅਤੇ ਮੀਰ ਮੁਹੰਮਦ ਖਾਂ ਨੇ ਸ਼ਹਿਰ ਦੀ ਰਖਿਆ ਲਈ ਤਿਆਰੀ ਕਰ ਲਈ। ਮੁਹੰਮਦ ਹਕੀਮ ਮਿਰਜ਼ਾ ਨੇ ਲਾਹੌਰ ਦੇ ਪਾਸ ਪਹੁੰਚ ਕੇ ਸਥਾਨਕ ਕਮਾਂਡਰਾਂ ਨੂੰ ਆਪਣੇ ਨਾਲ ਸ਼ਾਮਲ ਕਰਨ ਲਈ ਸਭ ਹੀਲੇ ਵਰਤੇ ਪਰ ਸਫਲ ਨਾ ਹੋਇਆ। ਇਸ ਦੌਰਾਨ ਵਿਚ ਅਕਬਰ ਵੀ ਬੜੀ ਤੇਜ਼ੀ ਨਾਲ ਕੂਚ ਕਰ ਕੇ ਪੰਜਾਬ ਵਲ ਵਧਿਆ। ਇਸ ਮੁਹਿੰਮ ਦੀ ਅਗਵਾਈ ਉਹ ਆਪ ਕਰ ਰਿਹਾ ਸੀ।

## ਪੰਜਾਬ ਵਿਚ ਅਮਨ ਦੀ ਬਹਾਲੀ

ਹਕੀਮ ਮਿਰਜ਼ਾ ਏਥੇ ਦਾਲ ਗਲਦੀ ਨਾ ਵੇਖ ਕੇ ਆਪਣੀਆਂ ਫੌਜਾਂ ਸਮੇਤ ਕਾਬਲ ਨੂੰ ਵਾਪਸ ਮੁੜ ਗਿਆ। ਇਉਂ ਪੰਜਾਬ ਵਿਚ ਮੁੜ ਅਮਨ ਚੈਨ ਹੋ ਗਿਆ। ਬਾਦਸ਼ਾਹ ਹੌਲੀ ਹੌਲੀ ਪੰਜਾਬ ਵਲ ਵਧਿਆ ਅਤੇ ਲਾਹੌਰ ਪਹੁੰਚ ਕੇ ਕਈ ਦਿਨ ਤੀਕ ਉਥੇ ਹੀ ਕਿਆਮ ਕੀਤਾ ਤੇ ਸ਼ਿਕਾਰ ਖੇਡਣ ਵਿਚ ਰੁਝਾ ਰਿਹਾ।

## ਸਲੀਮ (ਜਹਾਂਗੀਰ) ਦਾ ਜਨਮ ੧੫੬੯ ਈ.

੨ ਸਤੰਬਰ ੧੫੬੯ ਈਸਵੀ ਨੂੰ ਬਾਦਸ਼ਾਹ ਦੀ ਚਾਹਤੀ ਮਲਕਾ ਸੁਲਤਾਨਾ ਦੇ ਘਰ ਇਕ ਲੜਕਾ ਹੋਇਆ, ਜਿਸ ਦਾ ਨਾਮ ਸਲੀਮ ਰਖਿਆ ਗਿਆ। ਸ਼ਾਹਜ਼ਾਦੇ ਦੇ ਜਨਮ ਉਪਰ ਸ਼ਹਿਨਸ਼ਾਹ ਆਗਰੇ ਤੋਂ ਖਵਾਜਾ ਮੁਈਨਉਦੀਨ ਚਿਸ਼ਤੀ ਦੀ ਦਰਗਾਹ ਅਜਮੇਰ ਵਿਚ ਪੈਦਲ ਤੁਰ ਕੇ ਗਿਆ ਅਤੇ ਉਥੋਂ ਦਿੱਲੀ ਦੇ ਰਸਤੇ ਆਗਰੇ ਵਾਪਸ ਮੁੜਿਆ। ਇਸ ਦੇ ਦੂਜੇ ਸਾਲ ਅਕਬਰ ਨੇ ਰਾਜਾ ਕਲਿਆਨ ਮਲ ਦੀ ਬੇਟੀ ਨਾਲ ਸ਼ਾਦੀ ਕੀਤੀ। ਫੇਰ ਨਾਗੌਰ ਤੋਂ ਅਜੁਧਨ ਗਿਆ ਅਤੇ ਸ਼ੇਖ ਫਰੀਦਉਦੀਨ ਸ਼ਕਰ ਗੰਜ ਦੇ ਮਕਬਰੇ ਦੀ ਜ਼ਿਆਰਤ ਕੀਤੀ। ਇਥੋਂ ਸ਼ਹਿਨਸ਼ਾਹ ਦੀਪਾਲ ਪੁਰ ਵਲ ਗਿਆ ਜਿਥੇ ਕਿ ਗਵਰਨਰ ਮਿਰਜ਼ਾ ਅਜ਼ੀਜ਼ ਕੋਕਾ ਨੇ ਬਾਦਸ਼ਾਹ ਨੂੰ ਉਸ ਦੇਸ਼ ਦੀਆਂ ਕਈ ਸਗਾਤਾਂ ਭੇਟ ਕੀਤੀਆਂ।

ਸੰਨ ੧੫੭੫ ਈਸਵੀ ਵਿਚ ਖਾਨ ਜਹਾਨ ਲਾਹੌਰ ਦਾ ਗਵਰਨਰ ਨਿਯਤ ਹੋਇਆ ਪਰ ੧੫੭੯ ਵਿਚ ਇਹ ਗਵਰਨਰੀ ਰਾਜਾ ਮਾਨ ਸਿੰਘ ਨੂੰ ਦਿਤੀ ਗਈ ਜਿਹੜੀ ਕਿ ਬਾਦਸ਼ਾਹ ਦਾ ਸਭ ਤੋਂ ਵਡਾ ਇਤਬਾਰੀ ਜਰਨੈਲ ਤੇ ਸਯੋਗ ਰਾਜ ਪਰਬੰਧਕ ਸੀ।

## ਹਕੀਮ ਮਿਰਜ਼ਾ ਦੀ ਲਾਹੌਰ ਤੇ ਚੜ੍ਹਾਈ

ਉਸ ਸਾਲ ਦੇ ਆਖਰੀ ਹਿਸੇ ਵਿਚ ਮੁਹੰਮਦ ਹਕੀਮ ਮਿਰਜ਼ਾ ਨੇ ਬੰਗਾਲ ਤੇ ਬਿਹਾਰ ਦੀ ਬਗਾਵਤ ਤੋਂ ਲਾਭ ਉਠਾ ਕੇ ਲਾਹੌਰ ਉਤੇ ਕਬਜ਼ੇ ਲਈ ਮੁੜ ਜਤਨ ਕੀਤਾ। ਉਸ ਨੇ ਸ਼ਾਦਮਾਨ ਕੋਕਾ ਨੂੰ ਇਕ ਹਜ਼ਾਰ ਰਸਾਲਾ ਦੇ ਕੇ ਪਹਿਲੇ ਹੀ ਰਵਾਨਾ ਕਰ ਦਿਤਾ। ਸ਼ਾਦਮਾਨ ਕੋਕਾ ਦੇ ਦਰਿਆ ਸਿੰਧ ਪਾਰ ਕਰਦੇ ਸਾਰ ਰਾਜਾ ਮਾਨ ਸਿੰਘ ਨੇ ਉਸ ਉਤੇ ਹਮਲਾ ਕਰ ਦਿਤਾ ਤੇ ਉਸ ਨੂੰ ਓਥੋਂ ਨਸਾ ਦਿਤਾ ਜਦ ਨਸਦਾ ਨਸਦਾ ਉਹ ਰੁਹਤਾਸ ਪੁਜ ਗਿਆ ਤਦ ਰਾਜਾ ਮਾਨ ਸਿੰਘ ਵੀ ਲਾਹੌਰ ਵਾਪਸ ਮੁੜ ਗਿਆ।

## ਲਾਹੌਰ ਘੇਰੇ ਵਿਚ

ਰਾਜਾ ਮਾਨ ਸਿੰਘ ਦੇ ਲਾਹੌਰ ਪੁਜਣ ਤੇ ਹਕੀਮ ਮਿਰਜ਼ਾ ਨੇ ਸ਼ਹਿਰ ਦਾ ਘੇਰਾ ਘਤ ਲਿਆ। ਇਹ ਘਟਨਾ ੧੫ ਫਰਵਰੀ ੧੫੭੯ ਦੀ ਹੈ। ਰਾਜਾ ਮਾਨ ਸਿੰਘ, ਸਯਦ ਖਾਨ ਤੇ ਰਾਜਾ ਭਗਵਾਨ ਦਾਸ ਨੇ ਬੜੀ ਬਹਾਦਰੀ ਨਾਲ ਸ਼ਹਿਰ ਦੀ ਰਖਿਆ ਕੀਤੀ। ਏਨੇ ਨੂੰ ਬਾਦਸ਼ਾਹ ਨੇ ਉਹਨਾਂ ਦੀ ਸਹਾਇਤਾ ਲਈ ਆਗਰੇ ਤੋਂ ਕੂਚ ਬੋਲ ਦਿਤਾ।

ਨੇ ਸਮਝਿਆ ਕਿ ਇਹ ਕਾਰਰਵਾਈ ਉਸ ਦੀ ਜਾਨ ਲੈਣ ਲਈ ਕੀਤੀ ਗਈ ਹੈ। ਉਸ ਹਾਥੀ ਦਾ ਰਥਵਾਨ ਬਾਦਸ਼ਾਹ ਨੇ ਉਹਦੇ ਸਪੁਰਦ ਕਰ ਦਿਤਾ। ਉਸ ਨੇ ਉਸ ਰਥਵਾਨ ਨੂੰ ਵੀ ਮਰਵਾ ਦਿਤਾ। ਇਹੋ ਜਿਹੀਆਂ ਘਟਨਾਵਾਂ ਨਾਲ ਬਾਦਸ਼ਾਹ ਤੇ ਬਹਿਰਾਮ ਖਾਂ ਵਿਚਾਲੇ ਪਾੜਾ ਪੈ ਗਿਆ। ਵਜ਼ੀਰ ਨੇ ਇਹ ਸਮਝ ਕੇ ਕਿ ਹੁਣ ਬਾਦਸ਼ਾਹ ਦੇ ਦਿਲ ਵਿਚ ਉਸ ਦੀ ਕੋਈ ਕਦਰ ਨਹੀਂ ਰਹੀ ਬੰਗਾਲ ਦੇ ਅਫ਼ਗਾਨਾਂ ਵਿਰੁਧ ਕੂਚ ਬੋਲ ਦਿਤਾ। ਉਹ ਚਾਹੁੰਦਾ ਸੀ ਕਿ ਬੰਗਾਲ ਵਿਚ ਜਾ ਵਸੇ। ਪਰ ਅਜੇ ਉਹ ਬਹੁਤ ਦੂਰ ਨਹੀਂ ਸੀ ਗਿਆ ਕਿ ਉਸ ਨੇ ਆਪਣਾ ਇਰਾਦਾ ਬਦਲ ਦਿਤਾ ਅਤੇ ਉਥੋਂ ਹੀ ਨਾਗੋਰ ਵਲ ਚਲ ਪਿਆ ਤਾਂ ਜੋ ਮਕੇ ਹਜ ਲਈ ਚਲਾ ਜਾਏ। ਉਸ ਨੇ ਫੇਰ ਇਹ ਇਰਾਦਾ ਵੀ ਬਦਲ ਦਿਤਾ ਤੇ ਇਕ ਤਕੜੀ ਫੌਜ ਭਰਤੀ ਕਰ ਲਈ ਤਾਂ ਜੁ ਪੰਜਾਬ ਵਿਚ ਜਾ ਡੇਰੇ ਲਾਏ। ਅੰਤ ਬਾਦਸ਼ਾਹ ਨੇ ਵੀ ਜਤਨ ਸ਼ੁਰੂ ਕਰ ਦਿਤੇ ਕਿ ਉਹ ਉਸ ਦੇ ਅਸਰ ਰਸੂਖ ਤੋਂ ਮੁਕਤ ਹੋ ਜਾਏ। ਇਸ ਮੰਤਵ ਲਈ ਉਸ ਨੇ ਰਾਜ ਕਾਜ ਦਾ ਸਾਰਾ ਕੰਮ ਆਪਣੇ ਹੱਥ ਵਿਚ ਲੈ ਲਿਆ।

## ਉਸ ਦਾ ਪਤਨ

ਬਾਦਸ਼ਾਹ ਨੇ ਆਪਣੇ ਉਸਤਾਦ ਮੀਰ ਅਬਦੁਲ ਲਤੀਫ ਕਾਜ਼ਵਾਨੀ ਨੂੰ ਬਹਿਰਾਮ ਖਾਂ ਪਾਸ ਇਹ ਪੈਗਾਮ ਦੇ ਕੇ ਭੇਜਿਆ। 'ਹੁਣ ਤੀਕ ਮੇਰਾ ਧਿਆਨ ਵਿਦਿਆ ਤੇ ਜਵਾਨੀ ਦੀਆਂ ਖੁਸ਼ੀਆਂ ਵਿਚ ਲਗਾ ਰਿਹਾ ਹੈ। ਹੁਣ ਬਾਦਸ਼ਾਹ ਦੀ ਮਰਜ਼ੀ ਹੈ ਕਿ ਹੁਣ ਤੁਸੀਂ ਸਲਤਨਤ ਦੇ ਮਾਮਲੇ ਨਜਿਠਣ ਦਾ ਪ੍ਰਬੰਧ ਕਰੋ। ਪਰ ਹੁਣ ਸਾਡੀ ਮਰਜ਼ੀ ਇਹ ਹੈ ਕਿ ਅਸੀਂ ਆਪਣੀ ਪਰਜਾ ਨਾਲ ਆਪਣੀ ਮਰਜ਼ੀ ਅਨੁਸਾਰ ਇਨਸਾਫ ਕਰੀਏ। ਇਸ ਲਈ ਸਾਡੇ ਹਿੱਤੂ ਨੂੰ ਚਾਹੀਦਾ ਹੈ ਕਿ ਉਹ ਸੰਸਾਰੀ ਝਮੇਲਿਆਂ ਤੋਂ ਲਾਂਭੇ ਹੋ ਜਾਏ। ਅਤੇ ਮਕੇ ਜਾ ਕੇ ਆਪਣਾ ਅੱਗਾ ਸਵਾਰੇ ਤੇ ਬਾਕੀ ਜੀਵਨ ਖੁਦਾ ਦੀ ਯਾਦ ਵਿਚ ਬਿਤਾ ਦੇਵੇ।'

ਬਹਿਰਾਮ ਖਾਂ ਨੇ ਆਪਣੇ ਉਚੇ ਔਹਦੇ ਦਾ ਨਿਸ਼ਾਨ, ਝੰਡੇ, ਨਗਾਰੇ ਅਤੇ ਆਪਣੇ ਹਾਥੀ ਬਾਦਸ਼ਾਹ ਨੂੰ ਵਾਪਸ ਕਰ ਘਲੇ ਅਤੇ ਆਪ ਮਕੇ ਜਾਣ ਦੇ ਇਰਾਦੇ ਨਾਲ ਬੀਕਾਨੇਰ ਤੀਕ ਜਾ ਪੁਜਾ। ਬੀਕਾਨੇਰ ਵਿਚ ਪੁਜ ਕੇ ਉਸ ਨੇ ਆਪਣਾ ਇਰਾਦਾ ਬਦਲ ਲਿਆ ਅਤੇ ਨਾਗੌਰ ਵਾਪਸ ਮੁੜ ਆਇਆ।

## ਬਹਿਰਾਮ ਦੇ ਪੰਜਾਬ ਵਿਚ ਬਗ਼ਾਵਤ ਫੈਲਾਉਣ ਦੇ ਜਤਨ

ਇਸ ਦੇ ਥੋੜਾ ਚਿਰ ਮਗਰੋਂ ਉਹ ਪੰਜਾਬ ਆ ਗਿਆ ਅਤੇ ਏਥੇ ਆ ਕੇ ਉਸ ਨੇ ਬਗਾਵਤ ਦਾ ਝੰਡਾ ਖੜਾ ਕਰ ਦਿਤਾ। ਪੀਰ ਮੁਹੰਮਦ ਖਾਂ ਨੇ ਉਸ ਦਾ ਪਿੱਛਾ ਕੀਤਾ ਅਤੇ ਉਸ ਨੂੰ ਬਠਿੰਡੇ ਵਲ ਨਸਾ ਦਿਤਾ। ਉਥੇ ਉਸ ਦਾ ਇਕ ਪੁਰਾਣਾ ਸਾਥੀ ਸ਼ੇਰ ਮੁਹੰਮਦ ਖਾਂ ਰਹਿੰਦਾ ਸੀ। ਉਸ ਦੇ ਉਤੇ ਉਸ ਨੂੰ ਬੜੀ ਆਸ ਸੀ ਪਰ ਇਸ ਆਸ ਦੇ ਉਲਟ ਉਸ ਨੇ ਕੇਵਲ ਉਹਦੇ ਸਾਥੀਆਂ ਨੂੰ ਹੀ ਓਥੋਂ ਨਸਾ ਦਿਤਾ ਸਗੋਂ ਉਸ ਦੇ ਸਾਰੇ ਮਾਲ ਅਸਬਾਬ ਉਤੇ ਵੀ ਕਬਜ਼ਾ ਕਰ ਲਿਆ। ਭਗੌੜਾ ਵਜ਼ੀਰ ਓਥੋਂ ਦੀਪਾਲਪੁਰ ਚਲਾ ਗਿਆ ਜਿਥੇ ਉਸ ਦਾ ਇਕ ਪੁਰਾਣਾ ਸਾਥੀ ਦਰਵੇਸ਼ ਮੁਹੰਮਦ ਉਜ਼ਬਕ ਗਵਰਨਰ ਸੀ। ਉਸ ਨੇ ਆਪਣੀ ਵਲੋਂ ਖਵਾਜਾ ਮੁਜ਼ਫਰ ਅਲੀ ਨੂੰ ਗਵਰਨਰ ਦੀ ਸੇਵਾ ਵਿਚ ਭੇਜਿਆ, ਪਰ ਗਵਰਨਰ ਨੇ ਉਸ ਦੇ ਦੂਤ ਨੂੰ ਕਦ ਕਰ ਲਿਆ ਅਤੇ ਕੈਦ ਕਰ ਕੇ ਬਾਦਸ਼ਾਹ ਪਾਸ ਭੇਜ ਦਿਤਾ।

## ਉਸ ਦੀਆਂ ਫੌਜਾਂ ਦੀ ਹਾਰ

ਸਫਲਤਾ ਦੀਆਂ ਸਾਰੀਆਂ ਆਸਾਂ ਉਮੈਦਾਂ ਖਤਮ ਹੋ ਜਾਣ ਤੇ ਸਾਬਕਾ ਵਜ਼ੀਰ ਜਾਲੰਧਰ ਵਲ ਚਲਾ ਗਿਆ। ਅਤੇ ਉਥੋਂ ਮਾਛੀਵਾੜੇ ਵਲ ਵਧਿਆ। ਪਰ ਏਥੇ ਉਸ ਦਾ ਟਾਕਰਾ ਮੁਗਲ ਜਰਨੈਲ ਮੁਹੰਮਦ ਖਾਂ ਅਟਕਾ ਨਾਲ ਹੋਇਆ। ਇਸੇ ਲੜਾਈ ਵਿਚ ਵਜ਼ੀਰ ਦੀਆਂ ਫੌਜਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ।

## ਬਹਿਰਾਮ ਖਾਂ ਦੀ ਪਰੇਸ਼ਾਨੀ

ਅਕਬਰ ਹੁਣ ਖੁਦ ਆਪ ਲਾਹੌਰ ਪੁਜਾ। ਜਦ ਲੁਧਿਆਣੇ ਪੁਜਾ ਤਦ ਉਸ ਨੇ ਇਹ ਖਬਰ ਸੁਣੀ ਕਿ ਸ਼ਿਵਾਲਕ ਪਰਬਤਾਂ ਵਿਚ ਬਹਿਰਾਮ ਖਾਂ ਨੂੰ ਕਰੜੀ ਹਾਰ ਹੋਈ ਹੈ। ਜਲਾਵਤਨ ਵਜ਼ੀਰ ਹੁਣ ਬੜੀ ਵਡੀ ਬਿਪਤਾ ਵਿਚ ਫਸ ਗਿਆ। ਤੰਗ ਆ ਕੇ ਉਸ ਨੇ ਆਪਣੇ ਮੋਹਤਬਿਰ ਵਕੀਲ ਜਮਾਲ ਨੂੰ ਸ਼ਾਹੀ ਮਾਲਕ ਪਾਸ ਭੇਜਿਆ ਜਿਸ ਨੇ ਬਾਦਸ਼ਾਹ ਪਾਸ ਉਸ ਦੀ ਬਦਕਿਸਮਤੀ ਤੇ ਬਿਪਤਾ ਦਾ ਹਾਲ ਦਸ ਕੇ ਮਾਫੀ ਲਈ ਬੇਨਤੀ ਕੀਤੀ। ਬਾਦਸ਼ਾਹ ਨੇ ਮੁਲਾ ਅਬਦੁਲ ਸੁਲਤਾਨ ਪੁਰੀਏ ਨੂੰ ਵਜ਼ੀਰ ਪਾਸ ਭੇਜ ਕੇ ਉਸ ਨੂੰ ਭਰੋਸਾ ਦਵਾਇਆ ਕਿ ਬਾਦਸ਼ਾਹ ਉਸ ਨੂੰ ਮਾਫ ਕਰ ਦੇਵੇਗਾ।

## ਪਸ਼ਚਾਤਾਪ

ਬਾਦਸ਼ਾਹ ਨੇ ਕੁਛ ਵਡੇ ਵਡੇ ਦਰਬਾਰੀਆਂ ਨੂੰ ਉਸ ਨੂੰ ਦਰਬਾਰ ਵਿਚ ਲੈ ਆਣ ਲਈ ਭੇਜਿਆ। ਪਛਤਾਵਾ ਕਰਨ ਵਾਲੇ ਵਜ਼ੀਰ ਦਾ ਸਖੀ ਦਿਲ ਬਾਦਸ਼ਾਹ ਨੇ ਜਿਸ ਪਰਕਾਰ ਸਵਾਗਤ ਕੀਤਾ ਉਹ ਬੜਾ ਅਸਰਭਰਪੂਰ ਦਰਿਸ਼ ਸੀ। ਇਸ ਦਰਿਸ਼ ਨੂੰ ਫਰਿਸ਼ਤੇ ਨੇ ਐਉਂ ਬਿਆਨਿਆ ਹੈ :— ਜਦ ਬਹਿਰਾਮ ਖਾਂ ਸ਼ਾਹੀ ਖੇਮੇ ਵਿਚ ਦਾਖਲ ਹੋਇਆ ਤਦ ਉਸ ਨੇ ਆਪਣੀ ਪਗੜੀ ਲਾਹ ਕੇ ਆਪਣੇ ਗਲ ਵਿਚ ਪਾ ਲਈ, ਅਤੇ ਅੰਞੂ ਭਰਪੂਰ ਅਖੀਆਂ ਨਾਲ ਬਾਦਸ਼ਾਹ ਦ ਪੈਰਾਂ ਉਤੇ ਡਿਗ ਪਿਆ। ਅਕਬਰ ਨੇ ਬਾਹਾਂ ਫੈਲਾ ਕੇ ਉਸ ਨੂੰ ਉਪਰ ਉਠਾਇਆ ਅਤੇ ਉਸ ਨੂੰ ਆਪਣੇ ਸਜੇ ਪਾਸੇ ਉਸੇ ਗਦੀ ਉਤੇ ਬਿਠਾ ਦਿਤਾ ਜਿਥੇ ਉਹ ਪਹਿਲੇ ਬੈਠਿਆ ਕਰਦਾ ਸੀ।

## ਖਿਮਾ

ਹੁਣ ਉਹ ਫੇਰ ਦਰਬਾਰੀਆਂ ਦਾ ਸਰਦਾਰ ਬਣਾ ਦਿਤਾ ਗਿਆ। ਬੜੀ ਸ਼ਾਨਦਾਰ ਪੁਸ਼ਾਕ ਉਸ ਦੇ ਲਈ ਆ ਗਈ ਤੇ ਬਾਦਸ਼ਾਹ ਨੇ ਉਸ ਨੂੰ ਸੰਬੋਧਨ ਕਰਕੇ ਆਖਿਆ'—'ਜੇ ਬਹਿਰਾਮ ਨੂੰ ਫੌਜੀ ਜੀਵਨ ਪਸਿੰਦ ਹੋਏ ਤਦ ਉਸ ਨੂੰ ਕਾਲਪੀ ਅਤੇ ਚੰਦੇਰੀ ਦਾ ਰਾਜ ਮਿਲ ਸਕਦਾ ਹੈ। ਜੇ ਉਹ ਸ਼ਾਹੀ ਦਰਬਾਰ ਵਿਚ ਰਹਿਣਾ ਚਾਹੁੰਦਾ ਹੈ ਤਦ ਉਸ ਵਿਅਕਤੀ ਨੂੰ ਜੋ ਸਾਡੇ ਪਰਿਵਾਰ ਦਾ ਹਿਤੈਸ਼ੀ ਹੈ ਹਰ ਤਰ੍ਹਾਂ ਦੀਆਂ ਸਹੂਲਤਾਂ ਮਿਲ ਸਕਦੀਆਂ ਹਨ ਅਤੇ ਜੇ ਉਹ ਤਿਆਗ ਦਾ ਜੀਵਨ ਬਤੀਤ ਕਰਨਾ ਚਾਹੁੰਦਾ ਹੈ ਤਦ ਉਹ ਸ਼ਾਹੀ ਖਰਚ ਤੇ ਮਕੇ ਦੇ ਹਜ ਨੂੰ ਜਾ ਸਕਦਾ ਹੈ ਤੇ ਉਸ ਨੂੰ ਉਚ ਅਧਿਕਾਰੀ ਦੀ ਸ਼ਾਨ ਦੇ ਮੁਤਾਬਕ ਸਹਾਇਕ ਫੌਜ ਦਿਤੀ ਜਾਏਗੀ।

ਇਸ ਦਾ ਉਤਰ ਬਹਿਰਾਮ ਖਾਂ ਨੇ ਐਉਂ ਦਿਤਾ:-" ਬਾਦਸ਼ਾਹ ਦਾ ਇਤਬਾਰ ਗਵਾ ਕੇ ਭਲਾਂ ਹਜ਼ੂਰ ਦੀ ਸੇਵਾ ਵਿਚ ਕਿਵੇਂ ਰਹਿ ਸਕਦਾ ਹਾਂ। ਬਾਦਸ਼ਾਹ ਨੇ ਜੋ ਮੇਰੇ ਹਾਲ ਉਤੇ ਤਰਸ ਕੀਤਾ ਹੈ ਮੇਰੇ ਲਈ ਉਹੋ ਬੜਾ ਹੈ। ਇਸ ਲਈ ਹੁਣ ਮੈਂ ਆਪਣੀ ਆਕਬਤ (ਅਗਾ) ਸਵਾਰਨ ਵਲ ਧਿਆਨ ਦੇਣਾ ਚਾਹੁੰਦਾ ਹਾਂ। ਇਸ ਲਈ ਹਜ਼ੂਰ ਮੈਨੂੰ ਹਜ ਕਰਨ ਦੀ ਆਗਿਆ ਬਖਸ਼ਣ।" ਅਕਬਰ ਨੇ ਇਸ ਦੀ ਗਲ ਨੂੰ ਪਰਵਾਨ ਕਰ ਲਿਆ। ਉਸ ਦੇ ਨਾਮ ਪ੦ ਹਜ਼ਾਰ ਰੁਪਏ ਦੀ ਪੈਨਸ਼ਨ ਲਾ ਦਿਤੀ। ਬਹਿਰਾਮ ਖਾਂ ਉਥੋਂ ਗੁਜਰਾਤ ਵਲ ਚਲਾ ਗਿਆ ਤਾਂ ਜੁ ਅਰਬ ਜਾਣ ਲਈ ਸਫਰ ਦਾ ਪ੍ਰਬੰਧ ਕਰੇ।

ਮੁਹੰਮਦ ਕਾਸਮ ਖਾਂ ਕਾਬਲੀ ਦੀ ਕਮਾਨ ਹੇਠ ਤਾਜ਼ਾ ਦਮ ਫੌਜ ਰਵਾਨਾ ਕੀਤੀ। ਇਹਨਾਂ ਫੌਜਾਂ ਨੇ ਮਿਲ ਕੇ ਉਸ ਦੇਸ਼ ਨੂੰ ਪੂਰੀ ਤਰ੍ਹਾਂ ਫਤਹ ਕਰ ਲਿਆ।

ਲਾਹੌਰ ਵਿਚ ਨਿਵਾਸ ਦੇ ਦੌਰਾਨ ਵਿਚ ਉਸ ਦੀ ਮੁਲਾਕਾਤ ਲਈ ਸ਼ਾਹ ਰੁਖ ਮਿਰਜ਼ਾ ਦਾ ਦਾਦਾ ਸੁਲੇਮਾਨ ਮਿਰਜ਼ਾ ਕਾਬਲ ਤੋਂ ਅਤੇ ਅਬਦੁਲਾ ਖਾਂ ਉਜ਼ਬਕ ਵਲੋਂ ਵੀ ਇਕ ਰਾਜਦੂਤ ਆਇਆ। ਸੰਨ ੧੫੮੬ ਵਿਚ ਪੰਜਾਬ ਦੀ ਸਰਹਦ ਦਾ ਅਮਨ, ਰੌਸ਼ਨਾਈ ਕਬੀਲੇ ਦੇ ਜਲਾਲੇ ਦੇ ਹਥੋਂ ਫੇਰ ਖਤਰੇ ਵਿਚ ਪੈ ਗਿਆ ਕਿਉਂਕਿ ਉਸ ਨੇ ਇਕ ਲੜਾਈ ਵਿਚ ਕੰਵਰ ਮਾਨ ਸਿੰਘ ਨੂੰ ਹਾਰ ਦਿਤੀ ਤੇ ਉਸ ਨੂੰ ਬੰਗਸ਼ ਵਲ ਨਸ ਜਾਣ ਲਈ ਮਜਬੂਰ ਕਰ ਦਿਤਾ ਸੀ। ਬਾਦਸ਼ਾਹ ਨੇ ਅਬਦੁਲ ਮਤਾਲਬ ਖਾਂ, ਮੁਹੰਮਦ ਕੁਲੀ ਬੇਗ ਅਤੇ ਹਮਜ਼ਾ ਬੇਗ ਤੁਰਕਮਾਨ ਦੀ ਕਮਾਨ ਹੇਠ ਜ਼ਬਰਦਸਤ ਕੁਮਕ ਭੇਜੀ ਜਿਸ ਨੇ ਵੈਰੀ ਨੂੰ ਬਹੁਤ ਬੁਰੀ ਤਰ੍ਹਾਂ ਹਾਰ ਦਿਤੀ ਅਤੇ ਉਹਨਾਂ ਨੂੰ ਨੁਕਸਾਨ ਪੁਚਾ ਕੇ ਨਸਾ ਦਿਤਾ।

## ਸੁਲਤਾਨ ਖੁਸਰੋ ਦਾ ਜਨਮ ੧੫੮੬

ਉਸੇ ਹੀ ਸਾਲ ਰਾਜਾ ਭਗਵਾਨ ਦਾਸ ਦੀ ਲੜਕੀ ਦੇ ਪੇਟੋਂ ਸ਼ਾਹਜ਼ਾਦੇ ਦਾ ਜਨਮ ਹੋਇਆ ਜਿਸਦਾ ਨਾਮ ਸੁਲਤਾਨ ਖੁਸਰੋ ਰਖਿਆ ਗਿਆ। ਸ਼ਹਿਨਸ਼ਾਹ ਨੇ ਪੋਤਰੇ ਦੇ ਜਨਮ ਦੀਆਂ ਬੜੀਆਂ ਖੁਸ਼ੀਆਂ ਮਨਾਈਆਂ। ਫਰਵਰੀ ੧੫੮੭ ਵਿਚ ਕੰਵਰ ਮਾਨ ਸਿੰਘ ਨੂੰ ਕਾਬਲ ਤੋਂ ਲਾਹੌਰ ਬੁਲਾ ਲਿਆ ਗਿਆ ਅਤੇ ਉਸ ਦੇਸ ਦੀ ਗਵਰਨਰੀ ਦਾ ਚਾਰਜ ਸੰਭਾਲਨ ਲਈ ਬਾਦਸ਼ਾਹ ਦੇ ਮਤੇਲੇ ਭਾਈ ਜ਼ੈਨ ਖਾਂ ਕੋਕਾ ਨੂੰ ਕਾਬਲ ਰਵਾਨਾ ਕੀਤਾ ਗਿਆ। ਸਯਦ ਯੂਸਫ ਖਾਂ ਮਸ਼ਹਦੀ ਕਸ਼ਮੀਰ ਦਾ ਗਵਰਨਰ ਬਣਾਇਆ ਤੇ ਓਥੋਂ ਦੇ ਗਵਰਨਰ ਮੁਹੰਮਦ ਕਾਸਮ ਨੂੰ ਵਾਪਸ ਬੁਲਾ ਲਿਆ ਗਿਆ।

## ਬਾਦਸ਼ਾਹ ਦਾ ਦੌਰਾ ਕਸ਼ਮੀਰ

ਹੁਣ ਬਾਦਸ਼ਾਹ ਨੇ ਆਪਣੇ ਨਵੇਂ ਫਤਹ ਕੀਤੇ ਹੋਏ ਇਲਾਕੇ ਕਸ਼ਮੀਰ ਦਾ ਦੌਰਾ ਕਰਨ ਦਾ ਸੰਕਲਪ ਧਾਰਿਆ। ਇਹ ਇਰਾਦਾ ਧਾਰ ਕੇ ਓਹ ਲਾਹੌਰ ਤੋਂ ਭਿੰਬਰ ਵਲ ੨੭ ਅਪਰੈਲ ੧੫੮੬ ਈਸਵੀ ਨੂੰ ਰਵਾਨਾ ਹੋਇਆ। ਕਸ਼ਮੀਰ ਦੀ ਰਾਜਧਾਨੀ ਸਿਰੀ ਨਗਰ ਪਹੁੰਚ ਕੇ ਕੁਛ ਹਫਤਿਆਂ ਲਈ ਉਥੇ ਹੀ ਨਿਵਾਸ ਕੀਤਾ। ਏਥੇ ਠਹਿਰ ਕੇ ਉਸ ਨੇ ਉਸ ਦੇਸ ਦੀ ਚੰਗੇਰੀ ਗੌਰਮਿੰਟ ਦੇ ਲੋੜੀਂਦੇ ਪ੍ਰਬੰਧ ਕੀਤੇ।

## ਕਾਬਲ ਵਿਚ ੧੫੮੬ ਈ.

ਕਸ਼ਮੀਰ ਦਾ ਦੌਰਾ ਕਰਨ ਮਗਰੋਂ ਬਾਦਸ਼ਾਹ ਕਾਬਲ ਵਲ ਰਵਾਨਾ ਹੋਇਆ, ਜਿਥੇ ਉਹ ਦੋ ਮਹੀਨੇ ਤੀਕ ਰਿਹਾ। ਹਕੀਮ ਫਤਹ ਉਲਾ ਜੀਲਾਨੀ ਕਾਬਲ ਤੋਂ ਆਉਂਦਾ ਹੋਇਆ ਧਮ ਤੌੜ ਦੇ ਅਸਥਾਨ ਉਤੇ ਮਰ ਗਿਆ। ਅਤੇ ਉਸ ਨੂੰ ਬਾਬਾ ਹਸਨ ਅਬਦਾਲ ਦੇ ਅਸਥਾਨ ਤੇ ਦਫਨਾਇਆ ਗਿਆ। ਸ਼ਾਹਬਾਜ਼ ਖਾਂ ਕੰਬੋਹ ਦੀ ਕਮਾਨ ਹੇਠ ਅਟਕ ਤੋਂ ਯੂਸਫ ਜ਼ਈ ਅਫਗਾਨਾਂ ਵਿਰੁਧ ਫੌਜ ਭੇਜੀ ਗਈ। ਅਫਗਾਨਾਂ ਨੂੰ ਹਾਰ ਹੋਈ ਤੇ ਉਹ ਖਿਲਰ ਪੁਲਰ ਗਏ।

## ਰਾਜਾ ਟੋਡਰ ਮਲ ਤੇ ਰਾਜਾ ਭਗਵਾਨ ਦਾਸ ਦੀ ਮੌਤ

ਕਾਬਲ ਦੇ ਅਸਥਾਨ ਤੇ ਬਾਦਸ਼ਾਹ ਨੂੰ ਖਬਰ ਮਿਲੀ ਕਿ ਲਾਹੌਰ ਵਿਚ ਉਸ ਦੇ ਵਜ਼ੀਰ ਮਾਲੀ ਰਾਜਾ ਟੋਡਰ ਮਲ ਅਤੇ ਰਾਜਾ ਭਗਵਾਨ ਦਾਸ ਦੀ ਮੌਤ ਹੋ ਗਈ। ਇਸ ਖਬਰ ਨੇ ਬਾਦਸ਼ਾਹ ਨੂੰ ਬੜਾ ਦੁਖ ਪੁਚਾਇਆ ਤੇ ਉਹ ੧੯ ਨਵੰਬਰ ੧੫੮੯ ਨੂੰ ਓਥੋਂ ਹੀ ਲਾਹੌਰ ਵਲ ਰਵਾਨਾ ਹੋਇਆ। ਲਾਹੌਰ ਵਿਚ ਹੀ ਕੁਝ ਕੁ ਸਾਲ ਸ਼ਾਹੀ ਦਰਬਾਰ ਲਗਦੇ ਰਹੇ ਕਿਉਂਕਿ ਅਬਦੁਲਾ ਖਾਂ ਉਜ਼ਬਕ ਵਲੋਂ ਕਾਬਲ ਉਤੇ ਹਮਲੇ ਦਾ ਖਤਰਾ ਸੀ।

## ਕਸ਼ਮੀਰ ਵਿਚ ਬਗਾਵਤ ੧੫੮੬ ਈ.

ਸੰਨ ੧੫੯੦ ਈਸਵੀ ਵਿਚ ਯੂਸਫ ਖਾਂ ਮਸ਼ਹਦੀ ਗਵਰਨਰ ਕਸ਼ਮੀਰ ਨੇ ਉਸ ਇਲਾਕੇ ਦੀ ਹਕੂਮਤ ਆਪਣੇ ਛੋਟੇ ਭਾਈ ਨੂੰ ਸੌਂਪ ਕੇ ਆਪ ਸ਼ਾਹੀ ਦਰਬਾਰ ਵਲ ਰਵਾਨਾ ਹੋਇਆ। ਯਾਦਗਾਰ ਮਿਰਜ਼ਾ ਨੇ ਆਪਣੇ ਭਾਈ ਦੀ ਗੈਰਹਾਜ਼ਰੀ ਵਿਚ ਕਸ਼ਮੀਰ ਦੇ ਇਕ ਬੜੇ ਵਡੇ ਧਨਵਾਨ ਜ਼ਿਮੀਂਦਾਰ ਦੀ ਲੜਕੀ ਨਾਲ ਸ਼ਾਦੀ ਕਰ ਲਈ ਅਤੇ ਬਗਾਵਤ ਦਾ ਝੰਡਾ ਖੜਾ ਕਰ ਦਿਤਾ। ਉਸ ਨੇ ਆਪਣੇ ਨਾਮ ਦਾ ਖੁਤਬਾ ਵੀ ਪੜ੍ਹਾਉਣਾ ਸ਼ੁਰੂ ਕਰ ਦਿਤਾ। ਸਥਾਨਕ ਕਮਾਂਡਰ ਕਾਜ਼ੀ ਅਲੀ, ਰੈਵੇਨੀਊ ਕੁਲੈਕਟਰ, ਹੁਸੈਨ ਬੇਗ ਅਤੇ ਸ਼ੇਖ ਉਮਰ ਬਦਖਸ਼ੀ ਨੇ ਫੌਜਾਂ ਇਕੱਠੀਆਂ ਕਰ ਕੇ ਬਾਗੀ ਸਰਦਾਰ ਦਾ ਟਾਕਰਾ ਕੀਤਾ ਪਰ ਕਾਜ਼ੀ ਅਲੀ ਲੜਾਈ ਵਿਚ ਮਾਰਿਆ ਗਿਆ ਅਤੇ ਬਾਕੀ ਦੇ ਮੁਗਲ ਅਫਸਰ ਕਸ਼ਮੀਰ ਛਡ ਕੇ ਨੱਸ ਗਏ। ਬਾਦਸ਼ਾਹ ਨੂੰ ਇਹਨਾਂ ਗੱਲਾਂ ਦੀ ਖਬਰ ਪੁਜੀ ਤਦ ਉਸ ਨੇ ਸ਼ੇਖ ਫਰੀਦ ਬਖਸ਼ੀ ਨੂੰ ਫੌਜ ਦੇ ਕੇ ਇਸ ਮੰਤਵ ਲਈ ਰਵਾਨਾ ਕੀਤਾ ਕਿ ਓਹ ਸੂਬਾ ਕਸ਼ਮੀਰ ਨੂੰ ਮੁੜ ਵਾਪਸ ਲਵੇ। ਯਾਦਗਾਰ ਮਿਰਜ਼ਾ ਮੈਦਾਨ ਵਿਚ ਨਿਕਲਿਆ। ਅਜੇ ਉਹ ਸ਼ਾਹੀ ਫੌਜਾਂ ਤੋਂ ਥੋੜਾ ਹੀ ਦੂਰ ਸੀ ਕਿ ਸਾਦਕ ਬੇਗ ਅਤੇ ਇਬਰਾਹੀਮ ਕੋਕਾ ਨੇ, ਜੋ ਮੁਗਲ ਫੌਜਾਂ ਦੇ ਅਫਸਰ ਸਨ, ਉਸ ਨੂੰ ਧੋਖੇ ਨਾਲ ਫੜ ਲਿਆ। ਉਸ ਦਾ ਸਿਰ ਕੱਟ ਕੇ ਸ਼ੇਖ ਬਦਖਸ਼ੀ ਦੇ ਰੂਬਰੂ ਪੇਸ਼ ਕੀਤਾ ਗਿਆ। ਇਸ ਤਰ੍ਹਾਂ ਸਾਰਾ ਕਸ਼ਮੀਰ ਮੁੜ ਨਵੇਂ ਸਿਰੇ ਅਕਬਰ ਦੀ ਸ਼ਾਹੀ ਸਰਕਾਰ ਦੇ ਕਬਜ਼ੇ ਵਿਚ ਆ ਗਿਆ। ਇਸ ਦੇ ਥੋੜਾ ਚਿਰ ਮਗਰੋਂ ਬਾਦਸ਼ਾਹ ਅਕਬਰ ਆਪ ਕਸ਼ਮੀਰ ਗਿਆ ਅਤੇ ਓਥੇ ੪੦ ਦਿਨ ਤੀਕ ਨਿਵਾਸ ਕੀਤਾ। ਸਯੱਦ ਯੂਸਫ ਖਾਂ ਮਸ਼ਹਦੀ ਕਸ਼ਮੀਰ ਦਾ ਗਵਰਨਰ ਨਿਯਤ ਕੀਤਾ ਗਿਆ, ਜਿਸ ਦੇ ਮਗਰੋਂ ਬਾਦਸ਼ਾਹ ਰੁਹਤਾਸ ਵਲ ਚਲਾ ਗਿਆ, ਜਿਥੇ ਥਟਾ ਤੇ ਸਿੰਧ ਦੇ ਸਰਦਾਰਾਂ ਨੇ ਉਸ ਦਾ ਸ਼ਾਨਦਾਰ ਸਵਾਗਤ ਕੀਤਾ।

## ਸਿੰਧ ਦੀ ਫਤਹ ੧੫੯੧ ਈ.

ਸੰਨ ੧੫੯੧ ਵਿਚ ਅਕਬਰ ਨੇ ਲਾਹੌਰ ਤੋਂ ਇਕ ਮੁਹਿੰਮ ਰਵਾਨਾ ਕੀਤੀ। ਇਹ ਮੁਹਿੰਮ ਮਿਰਜ਼ਾ ਖਾਂ ਖਾਨਿ-ਖਾਨਾ ਦੀ ਕਮਾਨ ਹਨ ਸਿੰਧ ਨੂੰ ਭਜੀ ਗਈ, ਇਸ ਮੁਹਿੰਮ ਦੇ ਨਾਲ ਕਈ ਚੋਣਵੇਂ ਅਫਸਰ, ਇਕ ਸੌ ਹਾਥੀ ਅਤੇ ਤੋਪਖਾਨਾ ਵੀ ਭੇਜਿਆ ਗਿਆ ਤਾਂ ਜੁ ਸਿੰਧ ਨੂੰ ਦਿੱਲੀ ਦੇ ਰਾਜ ਲਈ ਫਤਹ ਕੀਤਾ ਜਾਏ, ਪਰ ਸ਼ਾਹੀ ਜਰਨੈਲ ਵਲੋਂ ਸਿੰਧ ਦੇ ਸੂਬੇ ਨੂੰ ਪ੍ਰਾਪਤ ਕਰਨ ਦੇ ਸਭ ਜਤਨ ਅਸਫਲ ਰਹੇ। ਇਸ ਤੇ ਸ਼ਹਿਨਸ਼ਾਹ ਨੇ ਇਕ ਹੋਰ ਫੌਜ ਰਵਾਨਾ ਕੀਤੀ, ਜਿਹੜੀ ਅਮਰ ਕੋਟ ਦੇ ਰਸਤੇ ਸਿੰਧ ਵਿਚ ਦਾਖਲ ਹੋਈ। ਉਸ ਨੇ ਸਿੰਧ ਨੂੰ ਫਤਹ ਕਰ ਲਿਆ ਅਤੇ ਸਿੰਧ ਦੇ ਅਮੀਰ ਨੂੰ ਸ਼ਾਹੀ ਦਰਬਾਰ ਵਿਚ ਇਕ ਉਚਾ ਔਹਦਾ ਦਿਤਾ ਗਿਆ।

## ਰੌਸ਼ਨਾਈ ਕਬੀਲੇ ਦੇ ਸਰਦਾਰ ਜਲਾਲਾ ਦੀ ਹਾਰ ੧੫੯੩

ਸੰਨ ੧੫੯੩ ਈਸਵੀ ਵਿਚ ਰੌਸ਼ਨਾਈ ਅਫਗਾਨਾਂ ਦੇ ਸਰਦਾਰ ਜਲਾਲਾ ਨੇ ਖੈਬਰ ਦੀ ਵਾਦੀ ਵਿਚ ਰੌਲਾ ਪਾ ਦਿਤਾ। ਜਾਫਰ ਖਾਂ ਕਜ਼ਵੀਨੀ ਉਰਫ ਆਸਫ ਖਾਂ ਇਹਨਾਂ ਬਾਗੀਆਂ ਨੂੰ ਦਬਾਉਣ ਲਈ ਭੇਜਿਆ ਗਿਆ। ਲੜਾਈ ਵਿਚ ਜਲਾਲੇ ਨੂੰ ਹਾਰ ਹੋਈ। ਉਸ ਨੂੰ ਤੇ ਉਸ ਦੇ ਭਾਈਆਂ ਨੂੰ ਕੈਦੀ ਬਣਾ ਕੇ ਸ਼ਾਹੀ ਦਰਬਾਰ ਵਿਚ ਭੇਜਿਆ ਗਿਆ।

Sri Satguru Jagjit Singh Ji eLibrary NamdhariElibrary@gmail.com

ਹਕੀਮ ਮਿਰਜ਼ਾ ਬਾਦਸ਼ਾਹ ਦੀ ਪਹੁੰਚ ਦੀ ਖਬਰ ਸੁਣ ਕੇ ਕਾਬਲ ਵਲ ਪਸਪਾ ਹੋ ਗਿਆ।

## ਹਕੀਮ ਮਿਰਜ਼ਾ ਦੀ ਕਾਬਲ ਨੂੰ ਪਸਪਾਈ

ਸ਼ਾਹੀ ਫ਼ੌਜ ਨੇ ਦਰਿਆ ਸਿੰਧ ਬੇੜੀਆਂ ਉਤੇ ਪਾਰ ਕੀਤਾ ਇਸ ਤੇ ਹਕੀਮ ਮਿਰਜ਼ਾ ਦੇ ਕਰਮਚਾਰੀ ਪਸ਼ੌਰ ਤੋਂ ਨਸ ਗਏ। ਜਲਾਲਬਾਦ ਪਹੁੰਚ ਕੇ ਸ਼ਾਹਜ਼ਾਦਾ ਮੁਰਾਦ ਕਾਬਲ ਵਲ ਅਗੇ ਵਧਿਆ। ੬ ਮਾਰਚ ੧੫੭੯ ਨੂੰ ਹਕੀਮ ਮਿਰਜ਼ਾ ਤੇ ਸ਼ਾਹਜ਼ਾਦਾ ਮੁਰਾਦ ਦੀਆਂ ਫ਼ੌਜਾਂ ਵਿਚਾਲੇ ਲੜਾਈ ਹੋਈ। ਹਕੀਮ ਮਿਰਜ਼ਾ ਨੇ ਆਪਣੀ ਫੌਜ਼ ਦੀ ਕਮਾਨ ਆਪ ਕੀਤੀ। ਕੰਵਰ ਮਾਨ ਸਿੰਘ ਅਤੇ ਤੁਜ਼ਕ ਖਾਂ ਅਟਕਾ ਨੇ ਹਾਥੀ ਉਪਰੋਂ ਗੋਲੀ ਵਰ੍ਹਾਉਣੀ ਸ਼ੁਰੂ ਕੀਤੀ। ਹਕੀਮ ਮਿਰਜ਼ਾ ਤੇ ਉਸ ਦੀ ਫੌਜ ਨੂੰ ਜੰਗ ਵਿਚ ਹਾਰ ਹੋਈ ਅਤੇ ਉਹ ਮੈਦਾਨ ਛਡ ਕੇ ਨਸ ਗਿਆ। ਸ਼ਾਹਜ਼ਾਦੇ ਦੀ ਫਤਹ ਦੀ ਖਬਰ ਬਾਦਸ਼ਾਹ ਨੂੰ ਸੁਰਖਾਬੰਦ ਦੇ ਅਸਥਾਨ ਤੇ ਪੁਜੀ। ਬਾਦਸ਼ਾਹ ੧੧ ਮਾਰਚ ੧੫੭੯ ਨੂੰ ਬਿਨਾ ਰੋਕ ਟੋਕ ਕਾਬਲ ਵਿਚ ਦਾਖਲ ਹੋ ਗਿਆ।

## ਹਕੀਮ ਮਿਰਜ਼ਾ ਦੀ ਘੋੜ ਬੰਦ ਵਲ ਪਸਪਾਈ

ਹਕੀਮ ਮਿਰਜ਼ਾ ਘੋੜ ਬੰਦ ਵਲ ਨਸ ਗਿਆ ਜਿਥੇ ਪੁਜ ਕੇ ਇਸ ਨੇ ਬਾਦਸ਼ਾਹ ਪਾਸੋਂ ਮਾਫੀ ਮੰਗੀ ; ਜੋ ਬਾਦਸ਼ਾਹ ਨੇ ਦੇ ਦਿਤੀ। ਬਾਦਸ਼ਾਹ ਨੇ ਉਸ ਦੇਸ਼ ਦਾ ਰਾਜ ਉਸੇ ਨੂੰ ਵਾਪਸ ਮੋੜ ਦਿਤਾ ਤੇ ਸ਼ਾਹੀ ਫੌਜ ਆਗਰੇ ਨੂੰ ਵਾਪਸ ਮੁੜ ਆਈ। ਸ਼ਹਿਨਸ਼ਾਹ ਨੇ ਸਿੰਧ ਪੁਜਣ ਤੇ ਹੁਕਮ ਦਿਤਾ ਕਿ ਅਟਕ ਦਾ ਕਿਲ੍ਹਾ ਉਸਾਰਿਆ ਜਾਏ।

## ਅਟਕ ਕਿਲੇ ਦੀ ਉਸਾਰੀ

੧੩ ਅਕਤੂਬਰ ੧੫੭੯ ਨੂੰ ਸ਼ਹਿਨਸ਼ਾਹ ਲਾਹੌਰ ਪੁਜਾ ਅਤੇ ਪੰਜਾਬ ਦੀ ਗਵਰਨਰੀ ਰਾਜਾ ਭਗਵਾਨ ਦਾਸ ਨੂੰ ਬਖਸ਼ ਕੇ ਆਪ ਵਾਪਸ ਆਗਰੇ ਚਲਾ ਗਿਆ।

## ਰਾਜਾ ਭਗਵਾਨ ਦਾਸ ਪੰਜਾਬ ਦਾ ਗਵਰਨਰ

ਸੰਨ ੧੫੮੫ ਈਸਵੀ ਵਿਚ ਰਾਜਾ ਭਗਵਾਨ ਦਾਸ ਦੀ ਬੇਟੀ ਦਾ ਵਿਆਹ ਸ਼ਾਹਜ਼ਾਦਾ ਮੁਹੰਮਦ ਸਲੀਮ ਮਿਰਜ਼ਾ ਨਾਲ ਹੋ ਗਿਆ ਜੋ ਕਿ ਸ਼ਹਿਨਸ਼ਾਹ ਦਾ ਸਭ ਤੋਂ ਵਡਾ ਸ਼ਾਹਜ਼ਾਦਾ ਸੀ।

## ਹਕੀਮ ਮਿਰਜ਼ਾ ਦੀ ਮੌਤ ੧੫੮੦ ਈ,

ਅਗਲੇ ਸਾਲ ਬਾਦਸ਼ਾਹ ਦਾ ਮਿਤਰੇਆ ਭਾਈ ਸ਼ਾਹਜ਼ਾਦਾ ਮੁਹੰਮਦ ਹਕੀਮ ਮਿਰਜ਼ਾ ਕਾਬਲ ਵਿਚ ਮਰ ਗਿਆ ਅਤੇ ਰਾਜਾ ਭਗਵਾਨ ਦਾਸ ਦੇ ਸਪੁਤਰ ਕੰਵਰ ਮਾਨ ਸਿੰਘ ਨੂੰ ਕਾਬਲ ਦਾ ਗਵਰਨਰ ਨਿਯਤ ਕੀਤਾ ਗਿਆ। ਅਫਗਾਨ ਵਸੋਂ ਦੇ ਸੂਬੇ ਵਿਚ ਇਕ ਹਿੰਦੂ ਨੂੰ ਗਵਰਨਰ ਨਿਯਤ ਕਰਨਾ ਅਕਬਰ ਦੀ ਦਲੇਰੀ ਭਰੀ ਪਰਤੂੰ ਦਾਨਸ਼ਵੰਦੀ ਦੀ ਪਾਲਿਸੀ ਦੀ ਦਲੀਲ ਹੈ।

## ਬਾਦਸ਼ਾਹ ਦਾ ਲਾਹੌਰ ਵਿਚ ਠਹਿਰਾਓ

ਇਥੋਂ ਬਾਦਸ਼ਾਹ ਪੰਜਾਬ ਵਿਚ ਗਿਆ। ਉਸ ਨੇ ਇਕ ਫੌਜੀ ਦਸਤਾ ਕਾਬਲ ਇਸ ਲਈ ਰਵਾਨਾ ਕੀਤਾ ਕਿ ਉਹ ਮੁਹੰਮਦ ਹਕੀਮ ਮਿਰਜ਼ੇ ਦੇ ਪਰਿਵਾਰ ਨੂੰ ਲਾਹੌਰ ਲੈ ਆਵੇ। ਲਾਹੌਰ ਵਿਚ ਠਹਿਰਾਉ ਦ ਸਮੇਂ ਅਕਬਰ ਨੇ ਕਸ਼ਮੀਰ, ਸਵਾਤ ਤੇ ਬਜੌਰ ਵਿਰੁਧ ਫੌਜੀ ਮੁਹਿੰਮਾਂ ਨੂੰ ਜਥੇਬੰਦ ਕੀਤਾ। ਕੰਵਰ ਮਾਨ ਸਿੰਘ ਦੀ ਕਮਾਨ ਹੇਠ ਰੋਸ਼ਨਾਈ ਅਫਗਾਨਾਂ ਨੂੰ ਸਜ਼ਾ ਦੇਣ ਲਈ ਵੀ ਫ਼ੌਜ ਰਵਾਨਾ ਕੀਤੀ।

## ਰੋਸ਼ਨਾਈ ਕਬੀਲਾ

ਇਹ ਕਬੀਲਾ ਜ਼ੰਦਾਕਾ ਕਾਫਰ ਦੇ ਨਾਮ ਨਾਲ ਪ੍ਰਸਿਧ ਸੀ। ਇਹ ਲੋਕ ਇਕ ਹਿੰਦਵਾਸੀ ਦੇ ਪਿਛਲਗ ਸਨ, ਜਿਸ ਨੇ ਪੀਰ ਰੌਸ਼ਨਾਈ ਦੇ ਨਾਮ ਨਾਲ ਬਹੁਤ ਸਾਰੇ ਲੋਕਾਂ ਨੂੰ ਆਪਣਾ ਮੁਰੀਦ ਬਣਾ ਲਿਆ ਸੀ। ਉਸ ਦੀ ਮੌਤ ਉਪਰ ਉਸ ਦਾ ਪੁਤਰ ਜਲਾਲਾ ਪੀਰ ਬਣਿਆ ਜੋ ਅਕਬਰ ਦੇ ਦਰਬਾਰ ਵਿਚ ਕੁਛ ਸਮਾਂ ਰਹਿਣ ਮਗਰੋਂ ਅਫਗਾਨ ਦੇਸ਼ ਵਲ ਨੱਸ ਗਿਆ, ਜਿਥੇ ਉਸ ਨੇ ਬਗਾਵਤ ਦਾ ਝੰਡਾ ਖੜਾ ਕਰ ਦਿਤਾ। ਇਹਨਾਂ ਬਾਗੀਆਂ ਨੇ ਕਾਬਲ ਤੇ ਹਿੰਦ ਵਿਚਾਲੇ ਆਵਾ-ਜਾਈ ਬੰਦ ਕਰ ਦਿਤੀ ਸੀ।

## ਸਵਾਤ ਤੇ ਬਜੌਰ ਵਲ ਮੁਹਿੰਮ ੧੫੮੬ ਈ:

ਸਵਾਤ ਅਤੇ ਬਜੌਰ ਵਲ ਭੇਜੀ ਜਾਣ ਵਾਲੀ ਮੁਹਿੰਮ ਦੀ ਕਮਾਨ ਜ਼ੈਨ ਖਾਂ ਕੋਕਾ ਦੇ ਸਪੁਰਦ ਕੀਤੀ ਗਈ। ਉਸ ਦੀ ਕੁਮਕ ਲਈ ਸਯੱਦ ਖਾਨ ਗਖੜ, ਸ਼ੇਖ ਫੈਜ਼ੀ, ਮੁਲਾਂ ਸ਼ੇਰੀ ਅਤੇ ਸ਼ੇਖ ਆਨਲ ਦੀਆਂ ਫੌਜਾਂ ਨਿਯਤ ਕਰ ਦਿਤੀਆਂ। ਹਕੀਮ ਅਬਦੁਲ ਜੀਲਾਨੀ ਅਤੇ ਕਈ ਹੋਰ ਪ੍ਰਸਿੱਧ ਅਫਸਰ ਵੀ ਫੌਜਾਂ ਦੇ ਕੇ ਇਸ ਪਾਸੇ ਰਵਾਨਾ ਕੀਤੇ।

## ਰਾਜਾ ਬੀਰਬਲ ਦੀ ਜੰਗ ਵਿਚ ਮੌਤ

ਇਸ ਲੜਾਈ ਵਿਚ ਅਫਗਾਨ ਇੰਨੀ ਸੂਰਬੀਰਤਾ ਨਾਲ ਲੜੇ ਕਿ ਸ਼ਾਹੀ ਫੌਜ ਨੂੰ ਬੁਰੀ ਤਰ੍ਹਾਂ ਹਾਰ ਖਾਣੀ ਪਈ। ਸ਼ਾਹੀ ਫੌਜ ਦੇ ੮ ਹਜ਼ਾਰ ਜਵਾਨ ਖੇਤ ਰਹੇ। ਮਰਨ ਵਾਲਿਆਂ ਵਿਚ ਵਡਾ ਵਜ਼ੀਰ ਰਾਜਾ ਬੀਰਬਲ, ਮੁਲਾਂ ਸ਼ੇਰੀ ਅਤੇ ਕਈ ਹੋਰ ਚੋਣਵੇਂ ਅਫਸਰ ਵੀ ਸਨ। ਜ਼ੈਨ ਖਾਂ ਕੋਕਾ ਅਤੇ ਹਕੀਮ ਅਬਦੁਲ ਫਤਹਿ ਬੜੀ ਮੁਸ਼ਕਲ ਨਾਲ ਅਟਕ ਵਿਚ ਸ਼ਾਹੀ ਕੈਂਪ ਨਾਲ ਆਣ ਮਿਲੇ। ਕੰਵਰ ਮਾਨ ਸਿੰਘ ਨੇ, ਜਿਸ ਨੂੰ ਰੋਸ਼ਨਾਈ ਅਫਗਾਨਾਂ ਵਿਰੁਧ ਭੇਜਿਆ ਗਿਆ ਸੀ, ਉਹਨਾਂ ਨੂੰ ਇਲਾਕੇ ਵਿਚੋਂ ਨਸਾ ਦਿਤਾ ਤੇ ਉਹਨਾਂ ਦੀ ਬੜੀ ਕੱਟਾ-ਵੱਢ ਕੀਤੀ। ਇਹਨਾਂ ਘਟਨਾਵਾਂ ਮਗਰੋਂ ਬਾਦਸ਼ਾਹ ਅਟਕ ਤੋਂ ਲਾਹੌਰ ਚਲਾ ਆਇਆ, ਜਿਥੋਂ ਉਸ ਨੇ ਕੰਵਰ ਮਾਨ ਸਿੰਘ ਨੂੰ ਉਸ ਦੇਸ ਦੀ ਗਵਰਨਰੀ ਦਾ ਚਾਰਜ ਲੈਣ ਲਈ ਕਾਬਲ ਰਵਾਨਾ ਕੀਤਾ।

## ਹਿੰਦੂ ਸ਼ਾਹਜ਼ਾਦੀ ਨਾਲ ਸ਼ਾਦੀ

ਉਸੇ ਹੀ ਸਾਲ ਸ਼ਾਹੀ ਸ਼ਾਹਜ਼ਾਦਾ ਮੁਹੰਮਦ ਸਲੀਮ ਮਿਰਜ਼ਾ ਦੀ ਸ਼ਾਦੀ ਰਾਜਪੂਤ ਰਾਜੇ ਰਾਏ ਸਿੰਘ ਦੀ ਲੜਕੀ ਨਾਲ ਕੀਤੀ ਗਈ।

## ਕਸ਼ਮੀਰ ਦੀ ਮੁਹਿੰਮ

ਕਸ਼ਮੀਰ ਵਲ ਜਿਹੜੀ ਮੁਹਿੰਮ ਸ਼ਾਹ ਰੁਖ ਮਿਰਜ਼ਾ, ਰਾਜਾ ਭਗਵਾਨ ਦਾਸ ਅਤੇ ਸ਼ਾਹ ਕੁਲੀ ਖਾਂ ਮਾਹਰਮ ਦੇ ਮਾਤਿਹਤ ਭੇਜੀ ਗਈ ਸੀ ਉਸ ਨੂੰ ਇੰਨੀ ਕੁ ਸਫਲਤਾ ਹੋਈ ਕਿ ਉਹ ਕੇਸਰ ਦੀ ਅਜਾਰਾਦਾਰੀ ਪਰਾਪਤ ਕਰਨ ਅਤੇ ਬਾਦਸ਼ਾਹ ਦੇ ਨਾਮ ਦਾ ਸਿਕਾ ਚਾਲੂ ਕਰਨ ਵਿਚ ਸਫਲ ਹੋਈ। ਪਰ ਇਸ ਮੁਹਿੰਮਾਤੀ ਫੌਜ ਨੂੰ ਬਰਫ ਤੇ ਬਾਰਸ਼ਾਂ ਹਥੋਂ ਭਾਰਾ ਨੁਕਸਾਨ ਸਹਾਰਨਾ ਪਿਆ।

## ਕਸ਼ਮੀਰ ਦੀ ਫਤਹ ੧੫੮੬ ਈਸਵੀ

ਬਾਦਸ਼ਾਹ ਨੇ ਇਹਨਾਂ ਦੀ ਸਹਾਇਤਾ ਲਈ ਅਮੀਰ ਉਲ ਬਹਿਰ

Sri Satguru Jagjit Singh Ji eLibrary NamdhariElibrary@gmail.com

## ਈਸਾਈ ਪਾਦਰੀ ਦਰਬਾਰ ਵਿਚ ੧੫੮੨–੯੮

ਫਤਹਪੁਰ ਸੀਕਰੀ ਵਿਚ ਉਸ ਦੀ ਮੁਲਾਕਾਤ ਲਈ ਤਿੰਨ ਈਸਾਈ ਪਾਦਰੀ ਆਏ। ਇਹਨਾਂ ਵਿਚੋਂ ਰੀਡਾਲਫੋ ਅਗੁਵਾਵੀਵਾ (Redolfo Aguaviva)‡ ਤਾਂ ਬਹੁਤ ਵਡਾ ਵਿਦਵਾਨ ਸੀ। ਦੂਜਾ ਮਾਨਸਰੇਟ (Monserate) ਅਤੇ ਤੀਜਾ ਐਨਰਿਕਸ (Enriques) ਸੀ ਜੋ ਜਨਮ ਤੋਂ ਈਰਾਨੀ ਤੇ ਦੁਭਾਸ਼ੀਏ ਦਾ ਕੰਮ ਦਿੰਦਾ ਸੀ। ਇਹਨਾਂ ਪਾਦਰੀਆਂ ਨੇ ਬਾਦਸ਼ਾਹ ਨੂੰ ਇਕ ਬਾਈਬਲ (ਅੰਜੀਲ) ਪੇਸ਼ ਕੀਤੀ ਚਾਰ ਜ਼ਬਾਨਾਂ ਵਿਚ ਛਪੀ ਹੋਈ ਸੀ। ਅਕਬਰ ਨੇ ਇਸ ਪਵਿੱਤਰ ਗ੍ਰੰਥ ਨੂੰ ਲੈ ਕੇ ਆਪਣੇ ਸਿਰ ਉਤੇ ਰਖ ਰਖਿਆ। ਇਸ ਤੋਂ ਛੁਟ ਪਾਦਰੀਆਂ ਨੇ ਉਸ ਨੂੰ ਹਜ਼ਰਤ ਈਸਾ ਤੇ ਪਵਿਤਰ ਮੈਰੀ ਦੀਆਂ ਮੂਰਤੀਆਂ ਵੀ ਪੇਸ਼ ਕੀਤੀਆਂ ਜਿਨ੍ਹਾਂ ਨੂੰ ਲੈ ਕੇ ਬਾਦਸ਼ਾਹ ਨੇ ਚੁੰਮਿਆਂ ਜਿਸ ਤੇ ਇਹ ਪੁਰਤਗਾਲੀ ਮਿਸ਼ਨਰੀ (ਪਾਦਰੀ) ਬੜੇ ਖੁਸ਼ ਹੋਏ।

## ਪਾਦਰੀ ਸ਼ਹਿਨਸ਼ਾਹ ਨਾਲ ਲਾਹੌਰ ਨੂੰ

ਇਹ ਈਸਾਈ ਪਾਦਰੀ ਬਾਦਸ਼ਾਹ ਦੇ ਨਾਲ ਹੀ ਲਾਹੌਰ ਆ ਗਏ। ਉਹ ਪਾਦਰੀ ਸ਼ਹਿਨਸ਼ਾਹੀ ਫੌਜਾਂ ਦੀ ਸ਼ਾਨ ਤੇ ਉਸ ਦੇ ਅਮਲੇ ਫੈਲੇ ਦੀ ਸ਼ਾਨ ਸ਼ੌਕਤ ਵੇਖ ਕੇ ਹੈਰਾਨ ਰਹਿ ਗਏ। ਪੰਜ ਹਜ਼ਾਰ ਹਾਥੀ ਫੌਜ ਦੇ ਅਗੇ ਅਗੇ ਹੁੰਦੇ ਸਨ ਹਾਥੀਆਂ ਦੇ ਸਿਰ ਫੌਲਾਦੀ ਪਲੇਟਾਂ ਨਾਲ ਢਕੇ ਹੋਏ ਹੁੰਦੇ। ਉਹਨਾਂ ਦੇ ਸੁੰਡ ਵੀ ਰੰਗਦਾਰ ਤੇ ਸਜੇ ਹੋਏ ਹੁੰਦੇ ਸਨ ਉਹਨਾਂ ਦੇ ਵਡੇ ਵਡੇ ਦੰਦਾਂ ਨਾਲ ਖੰਜਰ ਤੇ ਤਲਵਾਰਾਂ ਬੰਨ੍ਹੀਆਂ ਹੁੰਦੀਆਂ। ਇਹਨਾਂ ਪੁਰਤਗਾਲੀ ਮਿਸ਼ਨਰੀਆਂ ਨੇ ਆਪਣੇ ਰੋਜ਼ਨਾਮਚੇ ਵਿਚ ਲਾਹੌਰ ਨੂੰ "ਆਨੰਦ ਨਗਰ" ਲਿਖਿਆ ਹੈ। ਲਾਹੌਰ ਵਿਚ ਉਹਨਾਂ ਨੂੰ ਸ਼ਾਹੀ ਮਹਲਾਂ ਵਿਚ ਰਖਿਆ ਗਿਆ ਜੋ ਦਰਿਆ ਰਾਵੀ ਦੇ ਵਿਚਕਾਰ ਇਕ ਟਾਪੂ ਵਰਗੇ ਬਣੇ ਹੋਏ ਸਨ। ਏਥੇ ਹੀ ਇਹਨਾਂ ਦੀ ਬਾਦਸ਼ਾਹ ਨਾਲ ਮੁਲਾਕਾਤ ਕਰਾਈ ਗਈ। ਇਹਨਾਂ ਪਾਦਰੀਆਂ ਨੇ ਸ਼ਹਿਨਸ਼ਾਹ ਬਾਰੇ ਲਿਖਿਆ ਹੈ ਕਿ "ਉਹ ੫੦ ਕੁ ਸਾਲ ਦਾ ਸੀ ਤੇ ਉਹਦਾ ਰੰਗ ਯੂਰਪੀਨਾਂ ਵਾਂਗ ਗੋਰਾ ਚਿਟਾ ਸੀ। ਇਹਨਾਂ ਮਿਸ਼ਨਰੀਆਂ ਨੂੰ ਆਸ ਬਝ ਗਈ ਸੀ ਕਿ ਉਹ ਬਾਦਸ਼ਾਹ ਨੂੰ ਈਸਾਈ ਬਣਾ ਲੈਣਗੇ ਪਰ ਅੰਤ ਵਿਚ ਉਹਨਾ ਨੂੰ ਨਿਰਾਸ਼ ਹੋ ਕੇ ਗਵਾ ਮੁੜਨਾ ਪਿਆ।

## ਪੁਰਤਗਾਲੀ ਮਿਸ਼ਨਰੀਆਂ ਦਾ ਮਿਸ਼ਨ ੧੫੯੧ ਈ.

ਅਕਬਰ ਗਵਾ ਦੇ ਜੇਸੂਅਸਟ ਪਾਦਰੀਆਂ ਦਾਨਾ ਇਆ ਫਰੰਗ ਅਰਥਾਤ ਫਰੰਗੀਆਂ ਦੇ ਦਾਨਸ਼ਵੰਦ ਆਖਦਾ ਸੀ। ੧੫੮੨ ਈਸਵੀ ਵਿਚ ਬਾਦਸ਼ਾਹ ਨੇ ਗਵਾ ਦੇ ਪਾਦਰੀਆਂ ਨੂੰ ਲਿਖਿਆ ਕਿ ਉਹ ਆਪਣੇ ਧਰਮ ਦੀ ਪ੍ਰਾਰਥਨਾ ਤੇ ਧਾਰਮਕ ਗ੍ਰੰਥ ਭੇਜਣ ਦੇ ਨਾਲ ਕੋਈ ਐਸਾ ਵਿਦਵਾਨ ਵੀ ਜੋ ਈਸਾਈ ਧਰਮ ਦੇ ਧਰਮਾਂ ਨੂੰ ਸਮਝਾ ਸਕੇ। ਸੰਨ ੧੫੯੧ ਈਸਵੀ ਵਿਚ ਉਸ ਵਲ ਇਕ ਮਿਸ਼ਨ ਭੇਜਿਆ ਗਿਆ ਪਰ ਉਸ ਮਿਸ਼ਨ ਦੇ ਮੈਂਬਰ ਬਹੁਤ ਦੇਰ ਤੀਕ ਹਿੰਦੁਸਤਾਨ ਵਿਚ ਨ ਰਹਿ ਸਕੇ।

## ਤੀਜਾ ਹਮਲਾ

ਫਾਦਰ ਜੈਰੋਮ ਜ਼ੇਵੀਅਰ (Jerome Xavier) ਦੀ ਸਰਦਾਰੀ ਹੇਠ ਤੀਜਾ ਮਿਸ਼ਨ ਭੇਜਿਆ ਗਿਆ। ਜਿਸ ਦੇ ਦੋ ਹੋਰ ਸਾਥੀ ਸਨ– ਬੇਨਿਡਿਕਟ ਆਫ ਗੋਅਜ਼ (Benedict of Goes) ਅਤੇ ਅਮੈਨੂਅਲ ਪਿਗਨੀਰੋ (Emmanuel Pignero) ਇਹ ਸਾਰੇ ਲਾਹੌਰ ਆ ਕੇ ਬਾਦਸ਼ਾਹ ਨੂੰ ਮਈ ੧੫੯੫ ਵਿਚ ਮਿਲੇ ਅਤੇ ਕਈ ਸਾਲ ਤੀਕ ਬਾਦਸ਼ਾਹ ਦੇ ਹੀ ਪਾਸ ਠਹਿਰੇ ਰਹੇ। ਜ਼ੇਵੀਅਰ ਅਤੇ ਬੇਨੀਡਿਕਟ ਵੀ ਸ਼ਹਿਨਸ਼ਾਹ ਦੇ ਉਸ ਦੇ ਸ਼ਾਹਜ਼ਾਦੇ ਸਲੀਮ ਨਾਲ ਕਸ਼ਮੀਰ ਗਏ। ਜ਼ੇਵੀਅਰ ਫਾਰਸੀ ਦਾ ਬੜਾ ਵਿਦਵਾਨ ਸੀ। ਬਾਦਸ਼ਾਹ ਦੇ ਕਹਿਣ ਉਤੇ ਉਸ ਨੇ ਫਾਰਸੀ ਵਿਚ ਹਜ਼ਰਤ ਮਸੀਹ ਦਾ ਜੀਵਨ ਲਿਖਿਆ ਸੀ। ਉਸ ਪੁਸਤਕ ਦੇ ਮੁਖ ਬੰਦ ਵਿਚ ਉਹ ਲਿਖਦਾ ਹੈ ਕਿ ਇਹ ਫਾਰਸੀ ਅਨੁਵਾਦ ਉਸ ਨੇ ਮੌਲਾਨਾ ਅਬਦੁਸ ਸਨਾਰੇਨ ਲਾਹੌਰੀ ਦੀ ਸਹਾਇਤਾ ਨਾਲ ਕੀਤਾ।

## ਲਾਹੌਰ ਵਿਚ ਮਜ਼ਬੀ ਮੁਬਾਹਸੇ

ਲਾਹੌਰ ਵਿਚ ਆਪਣੇ ਠਹਿਰਾਉ ਦੇ ਦਿਨਾਂ ਵਿਚ ਅਕਬਰ ਨੇ ਧਾਰਮਿਕ ਸਹਿਨ ਸ਼ੀਲਤਾ ਦਾ ਅਸੂਲ ਚਾਲੂ ਕੀਤਾ ਜਿਸ ਕਰ ਕੇ ਉਹਦੀ ਨਾਮਵਰੀ ਪੂਰਬੀ ਬਾਦਸ਼ਾਹਾਂ ਵਿਚ ਹੋ ਗਈ। ਏਥੇ ਅਕਬਰ ਆਪਣੀ ਉਚੀ ਮਨੁਖੀ ਸ਼ਾਨ ਵਿਚ ਦਿਸਿਆ ਹੈ। ਏਸੇ ਕਰ ਕੇ ਉਦੋਂ ਇਹ ਅਖੌਤ ਪਰਸਿਧ ਹੋ ਗਈ ਸੀ "ਅਕਬਰ ਵਰਗਾ ਸੁਖੀ ਰਹੇ।"

## ਇਬਾਦਤ ਖਾਨਾ

ਐਤਵਾਰ ਦੀ ਸ਼ਾਮ ਨੂੰ ਇਬਾਦਤ ਖਾਨੇ ਵਿਚ ਧਾਰਮਕ ਚਰਚੇ ਹੁੰਦੇ ਜਿਨ੍ਹਾਂ ਵਿਚ ਬੜੇ ਬੜੇ ਵਿਦਵਾਨ ਸਦੇ ਜਾਂਦੇ। ਸ਼ਹਿਨਸ਼ਾਹ ਆਪ ਅਤੇ ਉਸ ਦੇ ਦਰਬਾਰੀ ਇਹਨਾਂ ਮੀਟਿੰਗਾਂ ਵਿਚ ਸ਼ਾਮਲ ਹੁੰਦੇ। ਅਬੁਲ ਫਜ਼ਲ ਨੇ ਪ੍ਰਸ਼ਨ ਉਤਰ ਦਾ ਸਿਲਸਿਲਾ ਸ਼ੁਰੂ ਕੀਤਾ ਉਹੋ ਹੀ ਆਪਣੇ ਮਾਲਕ ਦੇ ਵਿਚਾਰਾਂ ਦੀ ਵਿਆਖਿਆ ਕਰਦਾ ਸੀ। ਸ਼ਹਿਨਸ਼ਾਹ ਦਾ ਦਰਬਾਰ ਉਹਨਾਂ ਹਰ ਕੌਮ ਦੇ ਵਿਦਵਾਨਾਂ ਦਾ ਕੇਂਦਰ ਸੀ ਜੋ ਵਖ ਵਖ ਦੇਸ਼ਾਂ ਤੋਂ ਆਉਂਦਾ ਤੇ ਬਾਦਸ਼ਾਹ ਨਾਲ ਚਰਚਾ ਕਰਦੇ ਸਨ। ਸਾਇੰਸ ਦੇ ਡੂੰਘੇ ਨੁਕਤਿਆਂ ਗੈਨ ਦੇ ਮਸਲਿਆਂ, ਇਤਿਹਾਸ ਦੀ ਵਚਿਰਤਾ ਅਤੇ ਕੁਦਰਤ ਦੇ ਕਰਿਸ਼ਮਿਆਂ ਉਤੇ ਖੁਲੀ ਡੁਲੀ ਵੀਚਾਰ ਹੁੰਦੀ ਸੀ। ਸ਼ਹਿਨਸ਼ਾਹ ਇਹਨਾਂ ਸਭ ਮਾਮਲਿਆਂ ਨੂੰ ਬੜੀ ਗੰਭੀਰਤਾ ਨਾਲ ਸੁਣਦਾ ਸੀ ਉਹ ਦੂਜੇ ਧਰਮਾਂ ਦੀਆਂ ਚੰਗੀਆਂ ਚੰਗੀਆਂ ਗਲਾਂ ਧਾਰਨ ਕਰ ਲੈਂਦਾ। ਲਾਹੌਰ ਤੋਂ ਬਾਹਰ ਵਾਰ ਧਾਰਮਿਕ ਚਰਚਾ ਲਈ ਦੋ ਇਮਾਰਤਾਂ ਬਣਾਈਆਂ ਗਈਆਂ ਸਨ।

## ਖੈਰ ਪੁਰਾ

ਇਹਨਾਂ ਵਿਚੋਂ ਇਕ ਦਾ ਨਾਮ ਖੈਰ ਪੁਰਾ* ਸੀ ਜੋ ਵਸ਼ੇਸ਼ ਕਰਕੇ ਮੁਸਲਮਾਨਾਂ, ਯਹੂਦੀਆਂ ਤੇ ਆਤਸ਼ ਪ੍ਰਸਤਾਂ ਲਈ ਸੀ।

## ਧਰਮ ਪੁਰਾ

ਦੂਜਾ ਅਸਥਾਨ ਧਰਮ ਪੁਰਾ ਸੀ ਜੋ ਹਿੰਦੂਆਂ ਲਈ ਬਣਾਇਆ ਗਿਆ ਸੀ। ਇਹਨਾਂ ਸ਼ਾਸਤਰਰਥਾਂ ਦਾ ਕਈ ਵਾਰੀ ਭਿਆਨਕ ਫਲ ਨਿਕਲਦਾ ਤੇ ਲੋਕਾਂ ਵਿਚ ਬੇਚੈਨੀ ਤੇ ਨਾਰਾਜ਼ਗੀ ਫੈਲਦੀ ਸੀ। ਇਹੋ ਜਿਹੇ ਇਕ ਝਗੜੇ ਵਿਚ ਹੀ ਮਿਰਜ਼ਾ ਫੌਲਾਦ ਨੇ ਸ਼ੀਆ

‡ਅਬੁਲ ਫਜ਼ਲ ਨੇ ਓਸ ਨੂੰ ਪਾਦਰੀ ਰਦੀਫ ਲਿਖਿਆ ਹੈ।

* ਇਹ ਇਮਾਰਤ ਮੀਆਂ ਮੀਰ ਨੂੰ ਜਾਣ ਵਾਲੀ ਸੜਕ ਦੇ ਖਬੇ ਪਾਸੇ ਵਲ ਦਾਰਾ ਨਗਰ ਦੇ ਪਾਸ ਸੀ।

Sri Satguru Jagjit Singh Ji eLibrary NamdhariElibrary@gmail.com

## ਚਤੌੜ ਦਾ ਘੇਰਾ ੧੫੬੭ ਈ.

ਹਿੰਦੁਸਤਾਨ ਵਿਚ ਅਕਬਰ ਦਿਆਂ ਯਾਦਗਾਰੀ ਕਾਰਨਾਮਿਆਂ ਵਿਚ ਚਤੌੜ ਦਾ ਘੇਰਾ ਵੀ ਹੈ। ਘਿਰੇ ਹੋਏ ਰਾਜਪੂਤਾਂ ਨੇ ਜਾਨ ਤੋੜ ਕੇ ਟਾਕਰਾ ਕੀਤਾ। ਸ਼ਾਹੀ ਫੌਜਾਂ ਨੇ ਤੋਪਖਾਨੇ ਤੇ ਬਾਰੂਦ ਦੀ ਸਹਾਇਤਾ ਨਾਲ ਕਿਲ੍ਹੇ ਦੀਆਂ ਕੰਧਾਂ ਉਤੇ ਕਬਜ਼ਾ ਕਰ ਲਿਆ। ਜੰਗੀ ਹਾਥੀ ਅਤੇ ਘੁੜ ਸਵਾਰ ਬੜੀ ਤੇਜ਼ੀ ਨਾਲ ਸ਼ੂਟ ਕਰ ਕੇ ਕਿਲ੍ਹੇ ਦੇ ਅੰਦਰ ਜਾ ਵੜੇ ਅਤੇ ਕਿਲੇ ਨੂੰ ਪੂਰਨ ਤੌਰ ਉਤੇ ਤਬਾਹ ਕਰ ਦਿਤਾ। ਇਸ ਘਮਸਾਨ ਵਿਚ ੩੦ ਹਜ਼ਾਰ ਤੋਂ ਵਧੀਕ ਰਾਜਪੂਤ ਮਾਰੇ ਗਏ ਅਤੇ ਜਿਹੜੇ ਥੋੜੇ ਜਿਹੇ ਜਾਨਾਂ ਬਚਾ ਕੇ ਨਿਕਲ ਗਏ ਉਹ ਵੀ ਧੋਖੇ ਨਾਲ ਨਿਕਲੇ ਸਨ। ਇਸ ਅਜਿਤ ਕਹੇ ਜਾਂਦੇ ਕਿਲੇ ਉਤੇ ਕਬਜ਼ਾ ਹੋ ਜਾਣ ਨਾਲ ਅਕਬਰ ਨੂੰ ਗੁਜਰਾਤ, ਬਿਹਾਰ, ਰਾਜਪੂਤਾਨਾ ਅਤੇ ਬੰਗਾਲ ਫਤਹ ਕਰਨ ਵਿਚ ਬੜਾ ਸੌਖ ਹੋ ਗਿਆ। ਭਾਵੇਂ ਪੂਰਬੀ ਸੂਬਿਆਂ ਦੇ ਬਾਗੀ ਅਫਗਾਨਾਂ ਨੂੰ ਬਾਜ਼ਗੁਜ਼ਾਰ ਬਣਾਉਣ ਵਿਚ ਉਸ ਨੂੰ ਪੂਰੇ ਪੰਦਰਾਂ ਸਾਲ ਦਾ ਸਮਾਂ ਲਗਾ।

## ਅਹਿਮਦ ਨਗਰ ਦਾ ਘੇਰਾ

ਅਕਬਰ ਦੇ ਰਾਜ ਦਾ ਇਕ ਹੋਰ ਯਾਦਗਾਰੀ ਕਾਰਨਾਮਾ ਦਖਣ ਵਿਚਾਲੇ ਕਿਲ੍ਹਾ ਅਹਿਮਦ ਨਗਰ ਦਾ ਘੇਰਾ ਹੈ ਜੋ ਸੰਨ ੧੫੯੪ ਵਿਚ ਘਤਿਆ ਗਿਆ।

## ਪਰਸਿਧ ਚਾਂਦ ਸੁਲਤਾਨਾ

ਅਹਿਮਦ ਨਗਰ ਦੇ ਕਿਲ੍ਹੇ ਦੇ ਬਚਾਓ ਵਿਚ ਹੁਸੈਨ ਨਜ਼ਾਮ ਸ਼ਾਹ ਦੀ ਬੇਟੀ ਚਾਂਦ ਬੀਬੀ ਨੇ ਬੜੀ ਵੀਰਤਾ ਦਾ ਸਬੂਤ ਦਿਤਾ। ਇਹ ਵੀਰਾਂਗਣਾ ਜੋ ਆਪਣੇ ਸਮੇਂ ਦੀ ਸਭ ਤੋਂ ਵਡੀ ਨੀਤੀ ਵਤਾ ਸੀ ਰਿਆਸਤ ਬਿਜੇ ਪੁਰ ਦੀ ਮਲਕਾ ਅਤੇ ਰਾਜ ਮਾਤਾ ਸੀ। ਸ਼ਾਹੀ ਫੌਜਾਂ ਦੀ ਕਮਾਨ ਸ਼ਾਹਜ਼ਾਦਾ ਮੁਰਾਦ ਮਿਰਜ਼ਾ ਅਤੇ ਮਿਰਜ਼ਾ ਖਾਂ ਕਰ ਰਹੇ ਸਨ। ਘੇਰਾ ਘਤਨ ਵਾਲੀ ਪਾਰਟੀ ਨੇ ਆਪਣੀਆਂ ਖੰਦਕਾਂ ਪੁਟ ਲਈਆਂ ਅਤੇ ਉਚੇ ਟਿਲੇ ਬਣਾ ਕੇ ਤੋਪ ਖਾਨਾ ਬੀੜ ਦਿਤਾ ਤੇ ਸੁਰੰਗਾਂ ਵੀ ਤਿਆਰ ਕਰ ਲਈਆਂ। ਬਾਰੂਦ ਫਟਣ ਦੇ ਧਮਾਕਿਆਂ ਨਾਲ ਘੇਰੇ ਵਿਚ ਆਈ ਫੌਜ ਵਿਚ ਬੜੀ ਦਹਿਸ਼ਤ ਫੈਲੀ ਪਰ ਸ਼ਾਹਜ਼ਾਦੀ ਨੇ ਮਰਦਾਨਾ ਵਰਿਆਮਗੀ ਨਾਲ ਇਸ ਪਾਈ ਗਈ। ਪਾੜ ਦੀ ਰਖਿਆ ਕੀਤੀ। ਉਹ ਬੁਰਕਾ ਪਾਈ ਹੋਈ ਰਣ ਤੱਤੇ ਵਿਚ ਆਈ। ਉਸ ਨੇ ਉਸ ਵੇਲੇ ਤੋਪਾਂ ਮੰਗਾ ਕੇ ਘੇਰਾ ਘਤਨ ਵਾਲੀ ਫੌਜ ਉਤੇ ਗੋਲਾ ਬਾਰੀ ਸ਼ੁਰੂ ਕਰ ਦਿਤੀ। ਵੈਰੀ ਉਤੇ ਪਥਰ ਵੀ ਵਰ੍ਹਾਏ ਗਏ। ਇਉਂ ਵੈਰੀ ਨੂੰ ਇਸ ਦੇ ਬਾਰ ਬਾਰ ਹਮਲਿਆਂ ਅਗੇ ਪਸਪਾ ਹੋਣਾ ਪਿਆ। ਇਹ ਘੇਰਾ ਤਿੰਨ ਮਹੀਨੇ ਤੀਕ ਜਾਰੀ ਰਿਹਾ। ਤਿੰਨ ਮਹੀਨੇ ਮਗਰੋਂ ਮੁਗਲ ਫੌਜ ਵਿਚ ਖੁਰਾਕ ਦੀ ਟੋਟ ਆ ਗਈ ਇਸ ਲਈ ਤੰਗ ਆ ਕੇ ਸ਼ਾਹਜ਼ਾਦਾ ਮੁਰਾਦ ਨੇ ਚਾਂਦ ਬੀਬੀ ਨਾਲ ਗਲ ਬਾਤ ਕਰਨੀ ਹੀ ਯੋਗ ਜਾਤੀ। ਇਸ ਗਲ ਬਾਤ ਦੇ ਫਲ ਰੂਪ ਬਰਾਰ ਦਾ ਇਲਾਕਾ ਅਕਬਰ ਪਾਸ ਰਿਹਾ ਅਤੇ ਅਹਿਮਦ ਨਗਰ ਤੇ ਉਸ ਦੇ ਬਾਜ਼ਗੁਜ਼ਾਰ ਇਲਾਕੇ ਨਾਬਾਲਗ ਬਹਾਦਰ ਸ਼ਾਹ ਨੂੰ ਮਿਲ ਗਏ ਜੋ ਬੁਰਹਾਨ ਨਜ਼ਾਮ ਸ਼ਾਹ ਦੂਜੇ ਦਾ ਪੋਤਾ ਸੀ।

ਸੰਨ ੧੫੯੬ ਈਸਵੀ ਵਿਚ ਅਬਦੁਲਾ ਉਜ਼ਬਕ ਜਿਸ ਦੇ ਉਤਰ ਵਲੋਂ ਹਮਲੇ ਦਾ ਚਿਰ ਤੋਂ ਖ਼ੈਖਲਾ ਲਗਾ ਹੋਇਆ ਸੀ ਮਰ ਗਿਆ। ਹੁਣ ਸ਼ਹਿਨਸ਼ਾਹ ਅਕਬਰ ਨਚਿੰਤ ਹੋ ਕੇ ਲਾਹੌਰ ਤੋਂ ਆਗਰੇ ਚਲਾ ਗਿਆ। ਸੰਨ ੧੬੦੨ ਈਸਵੀ ਵਿਚ ਦਖਣ ਦਾ ਸਾਰਾ ਸੂਬਾ ਜਿਸ ਵਿਚ ਅਸੀਰ, ਬੁਰਹਾਨਪੁਰ ਅਤੇ ਅਹਿਮਦ ਨਗਰ ਵੀ ਸ਼ਾਮਲ ਸੀ ਦਿਲੀ ਦੇ ਰਾਜ ਵਿਚ ਸ਼ਾਮਲ ਕਰ ਲਿਆ ਗਿਆ ਅਤੇ ਅਕਬਰ ਨੂੰ ਦਖਣ ਦਾ ਸ਼ਹਿਨਸ਼ਾਹ ਮੰਨ ਲਿਆ ਗਿਆ।

## ਅਬੁਲ ਫਜ਼ਲ ਦਾ ਕਤਲ ੧੬੦੨ ਈ.

ਏਸੇ ਹੀ ਸਾਲ ਸ਼ੇਖ ਅਬੁਲ ਫਜ਼ਲ ਨੂੰ ਦਖਣ ਤੋਂ ਵਾਪਸ ਬੁਲਾ ਲਿਆ ਗਿਆ ਪਰ ਓਰਛਾ ਦੇ ਪਾਸ ਹੀ ਮਾਰਵਾੜ ਦੇ ਇਲਾਕੇ ਵਿਚ ਡਾਕੂਆਂ ਨੇ ਉਸ ਉਪਰ ਹਮਲਾ ਕਰ ਕੇ ਉਸ ਨੂੰ ਜਾਨੋਂ ਮਾਰ ਦਿਤਾ। ਇਸ ਦੀ ਮੌਤ ਦਾ ਸ਼ਹਿਨਸ਼ਾਹ ਨੂੰ ਬੜਾ ਦੁਖ ਹੋਇਆ।

## ਅਕਬਰ ਦੇ ਧਾਰਮਕ ਵਿਚਾਰ

ਅਕਬਰ ਕਟੜ ਕਿਸਮ ਦਾ ਮੁਸਲਮਾਨ ਨਹੀਂ ਸੀ। ਉਹ ਨੌ ਰੋਜ਼ ਅਰਥਾਤ ਨਵੇਂ ਸਾਲ ਦਾ ਈਰਾਨੀ ਤਿਹਾਰ ਮਨਾਉਂਦਾ ਸੀ। ਉਸ ਨੇ ਇਕ ਨਵਾਂ ਮਜ਼ਬ ਚਲੌਣ ਦਾ ਵੀ ਜਤਨ ਕੀਤਾ ਜੋ ਕਿ ਕੇਵਲ ਇਕ ਰਬ ਨੂੰ ਮੰਨਦਾ ਸੀ ਤੇ ਵਹੀ ਅਥਵਾ ਅਲਹਾਮ ਉਤੇ ਕੋਈ ਸ਼ਰਧਾ ਨਹੀਂ ਸੀ ਰਖਦਾ। ਇਸ ਦੀ ਨੀਂਹ ਪਵਿਤਰ ਮਿਲਾਪ ਉਤੇ ਸੀ। ਇਸ ਦਿਨ ਦਾ ਰੰਗ ਰੂਪ ਤੇ ਕੀਤਾ ਰਸਮਾਂ ਪੁਰਾਣੇ ਈਰਾਨੀ ਜ਼ਰਤੁਸ਼ਤ ਧਰਮ ਤੋਂ ਲਈਆਂ ਗਈਆਂ ਸਨ। ਅਕਬਰ ਹਰ ਰੋਜ਼ ਸਵੇਰੇ ਝਰੋਖੇ ਵਿਚ ਖੜੋ ਕੇ ਲੋਕਾਂ ਨੂੰ ਦਰਸ਼ਨ ਦੇਂਦਾ ਜਦ ਕਿ ਅਨੇਕਾਂ ਲੋਕ ਉਸ ਅਗੇ ਗੋਡਿਆਂ ਭਾਰ ਹੋ ਕੇ ਅਰਦਾਸ ਕਰਦੇ।

## ਕਰਾਮਾਤ ਦਾ ਦਾਅਵਾ

ਇਸ ਨਵੇਂ ਧਰਮ ਵਿਚ ਅਕਬਰ ਦਾ ਪੈਰ ਧੋਣ ਵਾਲਾ ਪਾਣੀ ਕਰਾਮਾਤੀ ਸਮਝਿਆ ਜਾਂਦਾ ਜੋ ਕਈ ਰੋਗਾਂ ਦਾ ਦੂਰ ਕਰਨ ਵਾਲਾ ਮੰਨਿਆ ਜਾਂਦਾ। ਤੀਵੀਆਂ ਉਸ ਅਗੇ ਸੁਖਣਾ ਸੁਖਦੀਆਂ ਤੇ ਬਚੇ ਮੰਗਦੀਆਂ ਜਿਸ ਕਿਸੇ ਦੀ ਮੁਰਾਦ ਪੂਰੀ ਹੋ ਜਾਂਦੀ ਉਹ ਸੁਖਣਾ ਲੈ ਕੇ ਹਾਜ਼ਰ ਹੁੰਦਾ ਤੇ ਬਾਦਸ਼ਾਹ ਇਹ ਸੁਖਣਾ ਪਰਵਾਨ ਕਰ ਲੈਂਦਾ ਕਈ ਲੋਕ ਉਸ ਤੋਂ ਮੁਕਤੀ ਮੰਗਦੇ, ਅਰੋਗਤਾ ਤੇ ਹੋਰ ਹੋਰ ਚੀਜ਼ਾਂ ਦੀ ਯਾਚਨਾ ਵੀ ਕਰਦੇ ਸਨ ਜਿਹਾ ਕਿ ਮਿਤਰਾਂ ਦਾ ਮਿਲਾਪ ਧਨ ਦੌਲਤ ਹੁਦੇ ਵਿਚ ਤਰਕੀ ਬਾਦਸ਼ਾਹ ਹਰ ਇਕ ਨੂੰ ਤਸੱਲੀ ਵਾਲਾ ਉਤਰ ਦਿੰਦਾ ਅਤੇ ਵਖ ਵਖ ਦੁਖਾਂ ਦਾ ਇਲਾਜ ਦਸਦਾ। ਹਰ ਰੋਜ਼ ਲੋਕ ਪਾਣੀ ਦੇ ਪਿਆਲੇ ਲੈ ਕੇ ਹਾਜ਼ਰ ਹੁੰਦੇ ਅਤੇ ਬਾਦਸ਼ਾਹ ਉਹਨਾਂ ਦੇ ਪਾਣੀ ਨੂੰ ਦਮ ਕਰ ਦੇਂਦਾ। ਲੋਕ ਇਸੇ ਪਾਣੀ ਨਾਲ ਆਪਣੇ ਰੋਗਾਂ ਦਾ ਇਲਾਜ ਕਰਦੇ ਤੇ ਰੋਗੀਆਂ ਨੂੰ ਪਾਣੀ ਪਿਲਾ ਦਿੰਦੇ। ਅਕਬਰ ਬ੍ਰਾਹਮਣਾਂ ਨਾਲ ਮਿਲ ਕੇ ਸੂਰਜ ਦੀ ਪੂਜਾ ਵੀ ਕਰਦਾ, ਈਸਾਈਆਂ ਨਾਲ ਧਾਰਮਕ ਚਰਚਾ ਵੀ ਕਰਦਾ, ਪਵਿਤਰ ਸੂਲੀ ਅਗੇ ਸਿਰ ਨਿਵਾਉਂਦਾ, ਸੂਰਜ ਨੂੰ ਨਮਸਕਾਰ ਕਰਨ ਵਾਂਗ ਉਹ ਯਹੂਦੀਆਂ ਨਾਲ ਵੀ ਨਿਰਪਖ ਵਰਤਾ ਕਰਦਾ। ਉਹ ਵਿਰੋਧੀਆਂ ਦੀਆਂ ਦਲੀਲਾਂ ਨੂੰ ਬੜੇ ਠਰ੍ਹੰਮੇ ਨਾਲ ਸੁਣਦਾ ਤੇ ਉਹਨਾਂ ਦੀ ਛਾਣ ਪੁਣ ਕਰਦਾ।

## ਲਾਹੌਰ ਗੌਰਮਿੰਟ ਦਾ ਹੈਡ-ਕੁਆਟਰ ੧੫੮੨–੯੮

ਅਕਬਰ ਨੇ ਭਾਵੇਂ ਆਪਣੀ ਰਾਜਧਾਨੀ ਆਗਰੇ ਵਿਚ ਬਣਾਈ ਪਰ ਉਸ ਦਾ ਬਹੁਤਾ ਰਹਿਣ ਸਹਿਣ ਫਤਹਪੁਰ ਸੀਕਰੀ ਵਿਚ ਸੀ। ਜੋ ਉਸ ਸ਼ਹਿਰ ਤੋਂ ੧੨ ਮੀਲ ਦੂਰ ਹੈ। ਇਹ ਅਸਥਾਨ ਉਸ ਨੂੰ ਬੜਾ ਪਸਿੰਦ ਸੀ। ਇਹਨਾਂ ਦੋਵਾਂ ਅਸਥਾਨਾਂ ਵਿਚਕਾਰ ਇਕ ਬਾਜ਼ਾਰ ਸੀ। ਸੰਨ ੧੫੮੬ ਵਿਚ ਅਕਬਰ ਨੇ ਆਪਣਾ ਦਰਬਾਰ ਫਤਹਪੁਰ ਸੀਕਰੀ ਤੋਂ ਲਾਹੌਰ ਤਬਦੀਲ ਕਰ ਲੈਣ ਦਾ ਨਿਸਚਾ ਧਾਰਿਆ। ਓਸ ਹੀ ਸਾਲ ਤੋਂ ੧੫੯੮ ਈਸਵੀ ਤੀਕ ਉਸ ਨੇ ਲਾਹੌਰ ਨੂੰ ਹੀ ਆਪਣਾ ਹੈਡਕੁਆਟਰ ਬਣਾਈ ਰਖਿਆ।

Sri Satguru Jagjit Singh Ji eLibrary NamdhariElibrary@gmail.com

ਬੰਦਸ਼ਾਲਾ ਰਖੀਆਂ ਸਨ ਅਤੇ ਜਬਰੀ ਵਿਸ਼ੇ ਕਰਨ ਵਾਲਿਆਂ ਲਈ ਬੜੀ ਕਰੜੀ ਸਜ਼ਾ ਨਿਯਤ ਕਰ ਰਖੀ ਸੀ।

## ਉਸਦੀ ਰਵਾਦਾਰੀ

ਉਸ ਨੇ ਗਊਬਧ ਦੀ ਮਨਾਹੀ ਕਰ ਰਖੀ ਸੀ ਅਤੇ ਗਊ ਮਾਸ ਨੂੰ ਹਥ ਲਾਉਣਾ ਵੀ ਪਾਪ ਸਮਝਿਆ ਜਾਂਦਾ ਸੀ। ਹਰਮ ਦੀਆਂ ਹਿੰਦੂ ਸ਼ਾਹਜ਼ਾਦੀਆਂ ਦੇ ਅਸਰ ਹੇਠ ਉਸ ਨੇ ਗਊ ਮਾਸ, ਲਸਣ ਪਿਆਜ਼ ਅਤੇ ਦਾੜ੍ਹੀ ਰਖਣਾ ਤਿਆਗ ਦਿਤਾ ਸੀ। ਦਾੜ੍ਹੀ ਮਨ ਉਣਾ ਬਾਦਸ਼ਾਹ ਪ੍ਰਤੀ ਮਿਤ੍ਰਾਚਾਰੀ ਤੇ ਪਰੇਮ ਦੀ ਨਿਸ਼ਾਨੀ ਸਮਝਿਆ ਜਾਂਦਾ ਸੀ। ਬਾਦਸ਼ਾਹ ਦਾੜ੍ਹੀ ਵਾਲੇ ਆਦਮੀ ਨੂੰ ਘਟ ਵਧ ਹੀ ਆਪਣੇ ਹਜ਼ੂਰ ਪੇਸ਼ ਹੋਣ ਦਿੰਦਾ।

## ਬਚਪਨ ਦੀ ਸ਼ਾਦੀ ਤੇ ਪਾਬੰਦੀ

ਸ਼ਰਾਬ ਦੀ ਵਰਤੋਂ ਕੇਵਲ ਦਵਾਈ ਦੇ ਤੌਰ ਉਤੇ ਕੀਤੀ ਜਾਂਦੀ ਸਰੀਰ ਨੂੰ ਸ਼ਕਤੀ ਪੁਚੌਣ ਲਈ ਹੀ ਇਸ ਦੀ ਵਰਤੋਂ ਹੁੰਦੀ ਤੇ ਉਹ ਵੀ ਹਕੀਮਾਂ ਡਾਕਟਰਾਂ ਦੇ ਕਹਿਣ ਉਤੇ। ਉਂਝ ਸ਼ਰਾਬ ਪੀਣ ਦੀ ਸਖਤ ਮਨਾਹੀ ਸੀ ਤੇ ਇਸ ਲਈ ਸਖਤ ਸਜ਼ਾ ਦਿਤੀ ਜਾਂਦੀ ਸੀ। ੧੬ ਸਾਲ ਤੋਂ ਘਟ ਉਮਰ ਦੇ ਲੜਕਿਆਂ ਅਤੇ ੧੪ ਸਾਲ ਤੋਂ ਘਟ ਉਮਰ ਦੀਆਂ ਲੜਕੀਆਂ ਦੀ ਸ਼ਾਦੀ ਦੀ ਮਨਾਹੀ ਸੀ ਕਿਉਂਕਿ ਬਚਪਨ ਦੀ ਔਲਾਦ ਨਿਰਬਲ ਹੁੰਦੀ ਸੀ।

ਆਪਣਾ ਨਵਾਂ ਧਰਮ ਦੀਨ ਇਲਾਹੀ ਦਾ ਮੰਤਵ ਅਕਬਰ ਨੇ ਇਹ ਤਜਵੀਜ਼ ਕੀਤਾ ਕਿ ਹਰ ਕੋਈ ਆਪਣੇ ਆਪਣੇ ਗਿਆਨ ਮੁਤਾਬਕ ਪਰਮਾਤਮਾ ਦੀ ਪੂਜਾ ਕਰੇ। ਉਸ ਨੇ ਸਿਫਾਰਸ਼ ਕੀਤੀ ਕਿ ਸੂਰਜ ਤਾਰੇ ਤੇ ਅਗ ਨੂੰ ਕੁਦਰਤ ਦਾ ਚਿੰਨ੍ਹ ਮੰਨਿਆ ਜਾਵੇ ਜਿਨ੍ਹਾਂ ਰਾਹੀਂ ਈਸ਼ਵਰੀ ਗਿਆਨ ਪ੍ਰਾਪਤ ਹੋ ਸਕਦਾ ਹੈ।

## ਨਵਾਂ ਧਰਮ

ਉਸ ਨੇ ਆਪਣੇ ਨਵੇਂ ਦੀਨ (ਧਰਮ) ਦਾ ਨਾਮ ਤੌਹੀਦੇ ਇਲਾਹੀ ਰਖਿਆ। ਉਸ ਨੇ ਕਈ ਸੁਧਾਰ ਤੇ ਰਸਮਾਂ ਹੌਲੀ ਹੌਲੀ ਚਾਲੂ ਕੀਤੇ। ਇਹਨਾਂ ਨੂੰ ਚਾਲੂ ਕਰਨ ਤੋਂ ਪਹਿਲੇ ਉਸ ਨੇ ਮੁਸਲਮਾਨ ਕਾਨੂੰਨ ਦਾਨਾਂ ਦੀ ਪਰਵਾਨਗੀ ਲੈ ਲਈ ਸੀ।

## ਉਹਦਾ ਧਾਰਮਿਕ ਆਗੂ ਬਨਣਾ

ਇਸ ਤਰ੍ਹਾਂ ਉਹ ਦੀਨ ਇਲਾਹੀ ਦਾ ਧਾਰਮਿਕ ਆਗੂ ਬਣ ਗਿਆ। ਜਿਵੇਂ ਕਿ ਪੋਪ ਜਾਂ ਖਲੀਫਾ ਇਸਲਾਮ[] ਹੁੰਦਾ ਹੈ। ਬਤੌਰ ਧਾਰਮਕ ਆਗੂ ਦੇ ਉਹਨੇ ਇਕ ਕਲਮਾ ਜਾਰੀ ਕੀਤਾ ਕਿ "ਸਵਾਏ ਇਕ ਪਰਮਾਤਮਾ ਦੇ ਕੋਈ ਦੂਜਾ ਪਰਮਾਤਮਾ ਨਹੀਂ ਤੇ ਅਕਬਰ ਉਸ ਦਾ ਖਲੀਫਾ ਹੈ।" ਉਸ ਨੇ ਆਪਣੀ ਮੋਹਰ ਉਤੇ 'ਅਲ੍ਹਾ ਹੂ ਅਕਬਰ' ਦੇ ਲਫਜ਼ ਉਕਰੇ ਇਹ ਵੀ ਐਲਾਨ ਕੀਤਾ ਕਿ ਅਕਬਰ ੧੨ਵਾਂ ਇਮਾਮ ਹੈ ਤੇ ਇਸਲਾਮ ਦੇ ੭੨ ਫਿਰਕਿਆਂ ਨੂੰ ਇਕਠਾ ਕਰਨ ਵਾਲਾ। ਨਵੇਂ ਧਰਮ ਦਾ ਖਿਆਲ ਅਬੁਲ ਫਜ਼ਲ ਦੇ ਦਿਮਾਗ ਦੀ ਕਾਢ ਸੀ ਜੋ ਕਿ ਅਕਬਰ ਦਾ ਹਥਠੋਕਾ ਤੇ ਅਟੁਟ ਸਾਥੀ ਸੀ।

## ਰਬ ਕਰ ਕੇ ਪੂਜਾ ਸ਼ੁਰੂ ਹੋ ਗਈ

ਅਖੀਰ ਵਿਚ ਅਕਬਰ ਦੀ ਰਬ ਵਾਂਗ ਪੂਜਾ ਹੋਣ ਲਗ ਪਈ, ਭਾਵੇਂ ਉਸ ਨੇ ਆਪਣੇ ਪੈਗੰਬਰ ਹੋਣ ਦਾ ਕੋਈ ਦਾਅਵਾ ਨਹੀਂ ਸੀ ਕੀਤਾ। ਇਸ ਦੇ ਸਬੂਤ ਵਿਚ ਫੈਜ਼ੀ ਦੀ ਲਿਖਤ ਪੇਸ਼ ਕੀਤੀ ਜਾ ਸਕਦੀ ਹੈ। ਜਿਸ ਵਿਚ ਓਹ ਲਿਖਦਾ ਹੈ:—

ਉਹ (ਅਕਬਰ) ਬਾਦਸ਼ਾਹ ਹੈ, ਉਸ ਦੀ ਦਾਨਾਈ ਕਰ ਕੇ ਅਸੀਂ ਉਸ ਨੂੰ ਗਿਆਨ ਦਾਤਾ ਆਖਦੇ ਹਾਂ। ਭਾਵੇਂ ਬਾਦਸ਼ਾਹ ਧਰਤੀ ਉਤੇ ਰਬ ਦੇ ਸਾਏ ਹੁੰਦੇ ਹਨ ਪਰ ਅਕਬਰ ਰਬੀ ਰੌਸ਼ਨੀ ਦਾ ਸੋਮਾ ਹੈ। ਉਸ ਨੂੰ ਸਾਇਆ ਕਿਵੇਂ ਆਖਿਆ ਜਾ ਸਕਦਾ ਹੈ।"

ਇਕ ਹੋਰ ਥਾਂ ਉਹ ਲਿਖਦਾ ਹੈ:-

"ਜੇ ਤੁਸੀਂ ਸਦਕਤ (ਸਚਾਈ) ਦਾ ਰਸਤਾ ਪ੍ਰਾਪਤ ਕਰਨਾ ਚਾਹੁੰਦੇ ਹੋ ਜਿਹਾ ਕਿ ਮੈਂ ਪਰਾਪਤ ਕੀਤਾ ਹੈ ਤਦ ਉਹ ਤੁਹਾਨੂੰ ਕੇਵਲ ਬਾਦਸ਼ਾਹ ਦੇ ਗਿਆਨ ਤੋਂ ਹੀ ਪਰਾਪਤ ਹੋ ਸਕਦਾ ਹੈ, ਇਹਨਾਂ ਨਾ ਮੰਨੀਆਂ ਜਾਣ ਵਾਲੀਆਂ ਨਿਮਾਜ਼ਾਂ ਦਾ ਤੁਹਾਨੂੰ ਕੋਈ ਲਾਭ ਨਹੀਂ ਹੋ ਸਕਦਾ। ਅਕਬਰ ਦਾ ਗਿਆਨ ਪਰਾਪਤ ਕਰੋ ਤਦ ਆਪਣੇ ਆਪ ਤੁਹਾਨੂੰ ਰਬ ਦਾ ਗਿਆਨ ਪਰਾਪਤ ਹੋ ਜਾਏਗਾ।

ਅਕਬਰ ਨੇ ਅਰਬੀ ਦੀ ਪੜ੍ਹਾਈ ਦੀ ਮਨਾਹੀ ਕਰ ਕੇ ਜੋਤਸ਼ ਵਿਦਿਆ, ਇਲਮ ਹਿੰਦਸਾ, ਹਿਕਮਤ ਤੇ ਫਿਲਾਸਫੀ ਦੀ ਹੌਸਲਾ ਅਫਜ਼ਾਈ ਕੀਤੀ। ਅਲੀ ਤੇ ਮੁਹੰਮਦ ਵਰਗੇ ਨਾਮਾਂ ਦੀ ਵਰਤੋਂ ਬੰਦ ਕੀਤੀ ਗਈ। ੧੩ ਸਾਲ ਦੀ ਉਮਰ ਤੋਂ ਪਹਿਲੇ ਸਿਰ ਮੂੰਹ ਮਨਾਉਣ ਦੀ ਮਨਾਹੀ ਕੀਤੀ ਗਈ। ਸੰਨ ਹਿਜਰੀ ਤੇ ਅਰਬੀ ਮਹੀਨਿਆਂ ਦੀ ਵਰਤੋਂ ਬੰਦ ਕੀਤੀ ਗਈ। ਇਕ ਨਵੇਂ ਸੰਮਤ ਦਾ ਆਰੰਭ ਕੀਤਾ ਗਿਆ ਜਿਸ ਦਾ ਪਹਿਲਾ ਸਾਲ, ਸ਼ਹਿਨਸ਼ਾਹ ਦੀ ਗਦੀ ਨਸ਼ੀਨੀ ਦਾ ਸਾਲ ਰਖਿਆ ਗਿਆ।

## ਮੁਸਲਮਾਨੀ ਧਰਮ ਵਿਚ ਨਵੀਨਤਾਈਆਂ

ਮਹੀਨਿਆਂ ਦੇ ਨਾਮ ਪੁਰਾਤਨ ਈਰਾਨੀਆਂ ਦੇ ਨਾਵਾਂ ਉਤੇ ਰਖੇ ਗਏ। 'ਸਲਾਮ ਅਲੈਕਮ' ਦਾ ਰਿਵਾਜ ਬੰਦ ਕਰਕੇ 'ਅਲ੍ਹਾ ਹੂ ਅਕਬਰ' ਜਾਰੀ ਕੀਤਾ। ਇਸ ਦਾ ਜਵਾਬ ਹੁੰਦਾ ਸੀ 'ਜਲੇ ਜਲਾਲਾਹੂ' ਅਰਥਾਤ ਉਸ ਦਾ ਚਾਨਣ ਚਮਕਦਾ ਰਹੇ। ਇਹਨਾਂ ਨਵੀਨਤਾਈਆਂ ਨਾਲ ਮੁਸਲਮਾਨ ਬਹੁਤ ਭੜਕ ਉਠੇ।

## ਸੰਸਕ੍ਰਿਤ ਪੁਸਤਕਾਂ ਦਾ ਫਾਰਸੀ ਵਿਚ ਅਨੁਵਾਦ

ਅਕਬਰ ਵਿਦਿਆ ਦੇ ਪਰਚਾਰ ਦਾ ਬਹੁਤ ਇਛਕ ਸੀ ਇਸ ਲਈ ਉਸ ਨੇ ਹਰ ਪਰਕਾਰ ਦੇ ਇਲਮ ਤੇ ਹੁਨਰ ਦੀ ਤਰਕੀ ਲਈ ਹਲਾ ਸ਼ੇਰੀ ਦਿਤੀ। ਇਸ ਮੰਤਵ ਨੂੰ ਮੁਖ ਰਖ ਕੇ ਉਸ ਨੇ ਐਸੇ ਮਦਰਸੇ ਜਾਰੀ ਕੀਤੇ ਜਿਨ੍ਹਾਂ ਵਿਚ ਹਿੰਦੂ ਤੇ ਮੁਸਲਮਾਨ ਵਿਦਿਆਰਥੀਆਂ ਨੂੰ ਉਹਨਾਂ ਦੀਆਂ ਅਨੁਕੂਲ ਰੁਚੀਆਂ ਤੇ ਜੀਵਨ ਧਾਰਾ ਨੂੰ ਮੁਖ ਰਖ ਕੇ ਵਿਦਿਆ ਪੜ੍ਹਾਈ ਜਾਂਦੀ ਸੀ। ਉਸ ਨੇ ਆਪਣਾ ਧਿਆਨ ਭਾਰਤੀ ਸਾਹਿਤ ਦੀ ਉਨਤੀ ਵਲ ਵਸ਼ੇਸ਼ ਕਰ ਕੇ ਦਿਤਾ। ਉਸ ਦੀ ਆਗਿਆ ਨਾਲ ਹੀ ਫੈਜ਼ੀ ਨੇ 'ਨਲ ਅਤੇ ਦਮਯੰਤੀ' ਦੀ ਵਾਰਤਾ ਦਾ ਉਲਥਾ

[]ਬਾਦਸ਼ਾਹ ਨੂੰ ਦਸਿਆ ਗਿਆ ਕਿ ਹਜ਼ਰਤ ਮੁਹੰਮਦ ਤੇ ਉਸ ਦੇ ਚਾਰ ਯਾਰ ਪਰਚਾਰ ਕਰਦੇ ਸਨ। ਅਬਾਸੀ ਖਲੀਫੇ ਵੀ ਓਵੇਂ ਹੀ ਕਰਦੇ ਰਹੇ। ਪਿਛੋਂ ਅਮੀਰ ਤੈਮੂਰ, ਸਾਹਿਬ ਕਿਰਾਂ ਅਤੇ ਮਿਰਜ਼ਾ ਉਲਾਘ ਬੇਗ ਵੀ ਉਹਨਾਂ ਦੇ ਪੈਰ ਚਿੰਨ੍ਹਾਂ ਤੇ ਚਲਦੇ ਰਹੇ, ਇਸ ਲਈ ਬਾਦਸ਼ਾਹ ਨੇ ਇਹ ਆਪਣਾ ਫਰਜ਼ ਸਮਝਿਆ ਕਿ ਉਹ ਵੀ-ਖਲੀਫੇ ਤੇ ਇਮਾਮਾਂ ਦੀ ਪੈਰਵੀ ਕਰੇ। ਉਹ ਸ਼ੁਕਰਵਾਰ ਜਮਾਦੀ-ਉਲ-ਅਵਲ ਨੂੰ ਫਤਹ ਪੁਰੀ ਮਸੀਤ ਵਿਚ ਗਿਆ ਅਤੇ ਮਿੰਬਰ ਤੇ ਚੜ੍ਹ ਕੇ ਖੁਤਬਾ ਪੜ੍ਹਿਆ। ਕੁਰਾਨ ਖਾਵੀ ਤੇ, ਫਾਤਿਹਾ ਪੜ੍ਹਨ ਮਗਰੋਂ ਮਿੰਬਰ ਤੋਂ ਉਤਰ ਕੇ ਨਿਮਾਜ਼ ਪੜ੍ਹੀ। 'ਤਬਕਾਤਿ ਅਕਬਰੀ' ਅਕਬਰ ਦੇ ਰਾਜ ਦਾ ੨੫ਵਾਂ ਸਾਲ।

Sri Satguru Jagjit Singh Ji eLibrary NamdhariElibrary@gmail.com

ਆਲਮ ਮੁਲਾ ਅਹਿਮਦ ਕਰਤਾ "ਤਾਰੀਖਿ ਅਲਫੀ" ਨੂੰ ਲਾਹੌਰ ਦੇ ਬਾਜ਼ਾਰ ਵਿਚ ਕਤਲ ਕਰ ਦਿਤਾ ਸੀ। ਕਾਤਲ ਵਿਰੁਧ ਮੁਕਦਮਾ ਚਲਿਆ ਤੇ ਉਸ ਨੂੰ ਮੌਤ ਦੀ ਸਜ਼ਾ ਦਿਤੀ ਗਈ। ਉਸ ਨੂੰ ਹਾਥੀ ਦੀਆ ਲਤਾਂ ਨਾਲ ਬੰਨ੍ਹ ਕੇ ਜੀਉਂਦੇ ਨੂੰ ਮਿਟਵਾਇਆ ਗਿਆ।

## ਅਕਬਰ ਦੀ ਪਬਲਿਕ ਤੇ ਪ੍ਰਾਈਵੇਟ ਜੀਵਨੀ

ਅਕਬਰ ਹਰ ਰੋਜ ਦੋ ਵਡੇ ਕਮਰਿਆਂ ਵਿਚ ਪਬਲਿਕ ਦਰਬਾਰ ਲਾਉਂਦਾ ਸੀ। ਇਹਨਾਂ ਹਾਲ ਕਮਰਿਆ ਵਿਚ ਸ਼ਾਹੀ ਤਖਤ ਲਗੇ ਰਹਿੰਦੇ ਸਨ। ਉਹ ਕਦੇ ਕਦਾਈਂ ਹੀ ਤਖਤ ਉਤੇ ਬੈਠਦਾ, ਬਹੁਤ ਕਰ ਕੇ ਤਖਤ ਦੇ ਪਾਸ ਖੜੇ ਹੋ ਕੇ ਹੀ ਜ਼ਬਾਨੀ ਹੁਕਮ ਜਾਰੀ ਕਰਦਾ ਸੀ। ਉਸ ਨੂੰ ਸ਼ਿਕਾਰ ਦਾ ਬੜਾ ਸ਼ੌਕ ਸੀ। ਪਹਿਲਵਾਨਾਂ ਦੀਆਂ ਕੁਸ਼ਤੀਆਂ, ਛਾਲਾਂ, ਨਾਚ ਤੇ ਭੰਡਾਂ ਤੇ ਬਹੁਰੂਪੀਆਂ ਦੇ ਕਰਤਬ ਵੇਖ ਕੇ ਬੜਾ ਖੁਸ਼ ਹੁੰਦਾ ਸੀ। ਉਹ ਝੋਟਿਆਂ, ਛਤ੍ਰਆਂ, ਹਾਥੀਆਂ, ਕੁਕੜਾਂ ਤੇ ਬਟੇਰਿਆਂ ਦੀਆਂ ਲੜਾਈਆਂ ਵੇਖ ਕੇ ਵੀ ਬੜਾ ਪ੍ਰਸੰਨ ਹੁੰਦਾ।

## ਜਾਨਵਰਾਂ ਲਈ ਤਰਸ

ਉਸ ਨੂੰ ਆਪਣੇ ਇਕ ਇਕ ਹਾਥੀ ਦੇ ਨਾਮ ਚੇਤੇ ਸਨ। ਉਹਨੇ ਆਪਣਿਆਂ ਘੋੜਿਆਂ ਦੇ ਵੀ ਨਾਮ ਰਖੇ ਹੋਏ ਸਨ ਇਥੋਂ ਤੀਕ ਕਿ ਵਹਿਸ਼ੀ ਜਾਨਵਰਾਂ ਤੇ ਕਬੂਤਰਾਂ ਦੇ ਵੀ ਨਾਮ ਰਖੇ ਹੋਏ ਸਨ। ਜਵਾਨੀ ਦੇ ਸਮੇਂ ਉਹ ਚੀਤਿਆਂ ਅਤੇ ਬਾਘਾਂ ਦੇ ਸ਼ਿਕਾਰ ਦਾ ਬੜਾ ਸ਼ੌਕੀਨ ਸੀ। ਉਸ ਦੇ ਪਾਲਣ ਵਿਚ ਇਕ ਹਜ਼ਾਰ ਬਾਘ ਸਨ। ਉਸ ਦੇ ਸਭ ਤੋਂ ਵਧੀਆ ਚੀਤੇ ਦਾ ਨਾਮ ਸਮੰਦ ਮਾਰਕ ਸੀ। ਉਸ ਦੀ ਸਵਾਰੀ ਤੇ ਚੰਡੋਲ ਵਿਚ ਬੜੀ ਸ਼ਾਨ ਨਾਲ ਨਿਕਲਦੀ ਉਸ ਦੇ ਅਗੇ ਅਗੇ ਵਾਜੇ ਵਜਦੇ ਜਾਂਦੇ ਤੇ ਨਾਲ ਨਾਲ ਚੋਖਾ ਸਾਰਾ ਅਮਲਾ ਫੈਲਾ ਹੁੰਦਾ ਸੀ। ਸਾਰੇ ਹਾਥੀ ਉਸ ਦਾ ਹੁਕਮ ਮੰਨਦੇ ਸਨ। ਬਾਦਸ਼ਾਹ ਸਦਾ ਹਾਥੀ ਦੇ ਦੰਦਾਂ ਉਤੇ ਪੈਰ ਰਖ ਕੇ ਸਵਾਰੀ ਕਰਦਾ ਸੀ ਭਾਵੇਂ ਮੌਸਮ ਕਿੰਨਾ ਹੀ ਹੀ ਖਰਾਬ ਹੋਵੇ। ਉਹ ਸ਼ਿਕਾਰ ਲਈ ਸਿਆਹ ਗੋਸ਼ ਦਾ ਬੜਾ ਸ਼ੌਕੀਨ ਸੀ। ਉਸ ਨੇ ਸਭ ਦੇਸਾਂ ਵਿਚੋਂ ਚੰਗੇ ਚੰਗੇ ਸ਼ਿਕਾਰੀ ਕੁਤੇ ਮੰਗਵਾ ਰਖੇ ਸਨ। ਉਹ ਬਾਜਾਂ ਨਾਲ ਵੀ ਸ਼ਿਕਾਰ ਕਰਦਾ ਸੀ। ਮਕੜੀਆਂ ਤੇ ਮਖੀਆਂ ਦੀ ਲੜਾਈ ਵੇਖ ਕੇ ਵੀ ਉਹ ਬਹੁਤ ਖੁਸ਼ ਹੁੰਦਾ। ਉਸ ਨੇ ਆਪਣੇ ਸਭ ਤੋਂ ਵਡੇ ਲੜਕੇ ਦੀ ਪੈਦਾਇਸ਼ ਤੋਂ ਪਹਿਲੇ ਸ਼ੁਕਰਵਾਰ (ਜੁਮੇ) ਵਾਲੇ ਦਿਨ ਸ਼ਿਕਾਰ ਨਾ ਖੇਡਣ ਦਾ ਪ੍ਰਣ ਕੀਤਾ ਸੀ। ਉਸ ਪ੍ਰਣ ਦੀ ਪੂਰੀ ਤਰ੍ਹਾਂ ਪਾਲਣਾ ਕਰਦਾ ਹੋਇਆ ਸ਼ੁਕਰ ਵਾਰ ਨੂੰ ਕਦੇ ਸ਼ਿਕਾਰ ਨਹੀਂ ਸੀ ਜਾਂਦਾ।

## ਨਵੀਨਤਾ ਦੀ ਸੂਝ

ਅਕਬਰ ਵਿਚ ਨਵੀਆਂ ਨਵੀਆਂ ਦਰਿਆਫਤਾਂ ਦੀ ਵੀ ਰੁਚੀ ਸੀ। ਦਰਿਆ ਗੰਗਾ ਦੇ ਨਿਕਾਸ ਨੂੰ ਮਲੂਮ ਕਰਨ ਲਈ ਉਸ ਨੇ ਇਕ ਮੁਹਿੰਮ ਰਵਾਨਾ ਕੀਤੀ। ਉਸ ਨੇ ਇਹ ਮਲੂਮ ਕਰਨ ਦਾ ਵੀ ਜਤਨ ਕੀਤਾ ਕਿ ਸਭ ਤੋਂ ਪਹਿਲੇ ਕਿਹੜੀ ਜ਼ਬਾਨ ਬੋਲੀ ਜਾਂਦੀ ਸੀ। ਉਸ ਨੇ ੧੨ ਦੁਧ ਪੀਂਦੇ ਬਚਿਆਂ ਨੂੰ ਪਾਲਣ ਲਈ ਗੁੰਗੀਆਂ ਨਰਸਾਂ ਦੇ ਹਵਾਲੇ ਕੀਤਾ। ਜਦ ਉਹ ਵਡੇ ਹੋਏ ਤਦ ਉਹਨਾ ਨੂੰ ਆਪਣੇ ਹਜ਼ੂਰ ਪੇਸ਼ ਕਰਨ ਦਾ ਹੁਕਮ ਦਿਤਾ। ਉਹ ਬਚੇ ਆਪਣੀ ਜ਼ਬਾਨ ਤੋਂ ਇਕ ਲਫਜ਼ ਵੀ ਨਾ ਬੋਲ ਸਕੇ, ਕੇਵਲ ਇਸ਼ਾਰਿਆਂ ਨਾਲ ਗਲਾਂ ਕਰਦੇ ਸਨ। ਉਸ ਦਾ ਇਹ ਤਜਰਬਾ ਵੀ ਅਸਫਲ ਰਿਹਾ, ਕਿ ਬੰਦੇ ਦੀ ਕੁਦਰਤੀ ਬੋਲੀ ਕਿਹੜੀ ਹੈ। ਅਕਬਰ ਮਸ਼ੀਨੀ ਹੁਨਰ ਵਿਚ ਵੀ ਬੜਾ ਮਾਹਰ ਸੀ। ਸਫਰ ਲਈ ਤੇ ਬਾਰ-ਬਰਦਾਰੀ ਲਈ ਉਸ ਨੇ ਵਿਸ਼ੇਸ਼ ਕਿਸਮ ਦੀਆਂ ਗਡੀਆਂ ਤਿਆਰ ਕਰਵਾਈਆਂ ਸਨ। ਪਾਣੀ ਢੋਣ ਵਾਲੀ ਰੇੜ੍ਹੀ ਅਤੇ ਖੂਹ ਵਿਚੋਂ ਪਾਣੀ ਕਢਣ ਵਾਲੀ ਮਸ਼ੀਨ ਵੀ ਤਿਆਰ ਕਰਵਾਈ ਸੀ। ਇਸ ਮਸ਼ੀਨ ਨਾਲ ਨਾਲ ਚੱਕੀ ਵੀ ਪੀਸਦੀ ਸੀ। ਉਸ ਨੇ ਇਕ ਐਸੇ ਪਹੀਏ ਦੀ ਵੀ ਕਾਢ ਕੱਢੀ ਸੀ ਜੋ ਚੰਦ ਮਿੰਟਾਂ ਵਿਚ ੧੬ ਪੀਪਿਆਂ (ਡਰਮਾਂ) ਨੂੰ ਸਾਫ ਕਰ ਦਿੰਦਾ ਸੀ। ਬੰਦੂਕਾਂ ਬਣਾਉਣ ਤੇ ਤੋਪਾਂ ਢਾਲਣ ਦਾ ਕਾਰਖਾਨਾ ਉਸ ਨੇ ਆਪਣੇ ਮਹੱਲਾਂ ਵਿਚ ਲਾ ਰਖਿਆ ਸੀ। ਉਸ ਨੇ ਨਿਸ਼ਾਨੀਆਂ ਲਾਉਣ ਦਾ ਵੀ ਨਵਾਂ ਤਰੀਕਾ ਜਾਰੀ ਕੀਤਾ, ਜਿਸ ਨੂੰ ਦਾਗੇ ਸਹਾਲੀ ਕਾਨੂੰਨ ਆਖਦਾ ਸੀ।

## ਘੋੜ ਚੌਕੀਆਂ ਦਾ ਸਿਸਟਮ

ਅਕਬਰ ਹਿੰਦੁਸਤਾਨੀ ਕਥਾਵਾਂ ਸੁਣ ਕੇ ਬੜਾ ਖੁਸ਼ ਹੁੰਦਾ ਸੀ। ਉਸ ਨੇ ਅਮੀਰ ਹਮਜ਼ਾ ਦੀ ਦਾਸਤਾਨ ਬੜੀ ਖੁਸ਼ਖ਼ਤ ਲਿਖਵਾਈ ਤੇ ਉਸ ਨੂੰ ਸਚਿੱਤਰ ਕਰਾਇਆ ਸੀ। ਆਪਣੇ ਸਾਰੇ ਰਾਜ ਵਿਚ ਉਸ ਨੇ ਚੌਕੀਆਂ ਕਾਇਮ ਕੀਤੀਆਂ, ਜੋ ਪੰਜ ਪੰਜ ਕੋਹ ਦੀ ਵਿਥ ਉਤੇ ਸਨ। ਇਹਨਾਂ ਚੌਕੀਆਂ ਵਿਚ ਦੋ ਦੋ ਘੋੜੇ ਤੇ ਦੋ ਦੋ ਪੈਦਲ ਹਰਕਾਰੇ ਨਿਯਤ ਕੀਤੇ।

## ਜੋਤਸ਼ ਵਿਦਿਆ ਦਾ ਗਿਆਨ

ਅਕਬਰ ਵਹਿਦਤ ਨੂੰ ਜਾਣਨ ਲਈ ਕਸਰਤ ਦੀ ਬੜੇ ਗਹੁ ਨਾਲ ਪੜਤਾਲ ਕਰਦਾ ਸੀ ਤੇ ਸ਼ੇਖ ਅਬੁਲਫਜ਼ਲ ਦੇ ਕਥਨ ਅਨੁਸਾਰ ਇਹੋ ਗੱਲ ਉਸ ਦੀ ਸਫਲਤਾ ਦਾ ਭੇਦ ਸੀ। ਸ਼ੇਖ ਉਸ ਦੇ ਮਸਤਕ ਗਿਆਨ (ਚਿਹਰਾ ਵੇਖ ਕੇ ਮਨੁਖ ਦੀ ਪਛਾਣ ਕਰਨਾ) ਦੀ ਬੜੀ ਪ੍ਰਸੰਸਾ ਕਰਦਾ ਹੈ। ਬਦਾਊਨੀ ਲਿਖਦਾ ਹੈ ਅਕਬਰ ਨੇ ਇਹ ਹੁਨਰ ਜੋਗੀਆਂ ਪਾਸੋਂ ਸਿਖਿਆ ਸੀ। ਉਹ ਪਹਿਲੀ ਨਜ਼ਰ ਨਾਲ ਹੀ ਮਨੁਖ ਨੂੰ ਤਾੜ ਲੈਂਦਾ ਸੀ।

ਉਸ ਨੇ ਕਰਮੀ (ਯਾਤਰਾ ਟੈਕਸ) ਹਟਾ ਦਿਤਾ ਜੋ ਪਵਿਤਰ ਤੀਰਥਾਂ ਦੇ ਯਾਤਰੀਆਂ ਉਤੇ ਲਗਾ ਹੋਇਆ ਸੀ। ਉਸ ਨੇ ਹਿੰਦੂਆਂ ਉਤੇ ਲਗਾ ਹੋਇਆ ਜਜ਼ੀਆ ਵੀ ਮਨਸੂਖ ਕਰ ਦਿਤਾ। ਆਪਣੇ ਰਾਜ ਦੇ ੨੫ ਵੇਂ ਬਰਸ ਉਸ ਨੇ ਆਪਣੀ ਸਾਰੀ ਸਲਤਨਤ ਦੀ ਆਦਮ ਗਿਣਤੀ ਕਰਾਈ। ਉਸ ਨੇ ਸਭ ਜਗੀਰਦਾਰਾਂ, ਸ਼ਿਕਦਾਰਾਂ ਦਰੋਗਿਆਂ ਦੇ ਨਾਮ ਸ਼ਾਹੀ ਫਰਮਾਨ ਜਾਰੀ ਕੀਤਾ ਕਿ ਉਹ ਪਿੰਡ ਪਿੰਡ ਵਿਚ ਵਸਣ ਵਾਲੇ ਸਭ ਮਨੁਖਾਂ ਦੀ ਸੂਚੀ ਤਿਆਰ ਕਰਨਾ ਉਸ ਨੇ ਐਸੇ ਇਨਸਪੈਕਟਰ ਨਿਯਤ ਕਰ ਰਖ ਸਨ ਜੋ ਹਿੰਦੂਆਂ ਵਿਚ ਸਤੀ ਦੀ ਰਸਮ ਨੂੰ ਰੋਕਦੇ ਸਨ। ਮੁਸਲਮਾਨਾਂ ਦੇ ਬਹੁਵਿਆਹ ਉਤੇ ਵੀ ਉਸ ਨੇ ਪਾਬੰਦੀ ਲਾ ਰਖੀ ਸੀ। ਉਸ ਪੇਸ਼ਾ ਕਰੌਣ‡ ਉਤੇ ਸਖਤ

---

‡ ਬਾਦਸ਼ਾਹ ਨੇ ਕੁਛ ਪੇਸ਼ਾਵਰ ਤੀਵੀਆਂ ਨੂੰ ਸਦ ਕੇ ਪੁਛਿਆ ਉਹਨਾਂ ਦੀ ਪਤ ਕਿਸ ਨੇ ਗਵਾਈ ਹੈ। ਪਤਾ ਲਗਣ ਤੇ ਉਹਨੇ ਦੋਸ਼ੀਆਂ ਨੂੰ ਕਰੜੀ ਸਜ਼ਾ ਦਿਤੀ ਤੇ ਕਿਲਿਆਂ ਵਿਚ ਮੁਦਤਾਂ ਲਈ ਨਜ਼ਰ ਬੰਦ ਕਰ ਦਿਤਾ। ਇਹਨਾ ਦੋਸ਼ੀਆਂ ਵਿਚ ਕਈ ਲੋਕ ਪ੍ਰਸਿਧ ਹਸਤੀਆਂ ਤੇ ਦਰਬਾਰੀ ਵੀ ਸਨ (ਆਈਨਿ ਅਕਬਰੀ)। ਉਸ ਨੇ ਸ਼ਹਿਰ ਤੋਂ ਬਾਹਰ ਪੇਸ਼ਾਵਰ ਤੀਵੀਆਂ ਲਈ ਵਖਰੇ ਕੁਆਰਟਰਜ਼ ਬਣਵਾ ਦਿਤੇ। ਇਸ ਆਬਦੀ ਦਾਂ ਨਾਮ ਰਖ ਦਿਤਾ ਸ਼ੈਤਾਨ ਪੁਰਾ। ਦਰੋਗਾ ਤੇ ਇਕ ਮੁਹਰਰ ਨਿਯਤ ਕੀਤੇ ਜੋ ਉਥੋਂ ਜਾਣ ਵਾਲਿਆ ਦੇ ਨਾਮ ਲਿਖਦੇ। ਬਿਨਾਂ ਆਗਿਆ ਕੋਈ ਆਦਮੀ ਕੰਜਰੀ ਨੂੰ ਆਪਣੇ ਘਰ ਨਹੀਂ ਸੀ ਲਿਜਾ ਸਕਦਾ। ਤਾਰੀਖਿ ਬਦੋਲਾ 1

ਦਬਦਬੇ ਵਾਲਾ ਸੀ ਅਤੇ ਉਸ ਦੇ ਰਹਿਣ ਸਹਿਣ ਦਾ ਢੰਗ ਵੀ ਬੜਾ ਸ਼ਾਨਦਾਰ ਸੀ। ਹਰ ਇਕ ਮਹਿਕਮਾ ਸ਼ਾਹੀ ਪੈਮਾਨੇ ਉਤੇ ਕਾਇਮ ਸੀ ਅਤੇ ਸ਼ਹਿਨਸ਼ਾਹ ਦੀ ਜ਼ਾਤੀ ਨਿਗਰਾਨੀ ਹੇਠ ਇਸ ਦੀ ਛੋਟੀ ਤੋਂ ਛੋਟੀ ਮਦ ਦਾ ਵੀ ਬਾਕਾਇਦਗੀ ਨਾਲ ਖਿਆਲ ਰਖਿਆ ਜਾਂਦਾ ਸੀ। ਉਸ ਦੇ ਜ਼ਾਤੀ ਤਬੇਲਿਆਂ ਵਿਚ ਹਰ ਸਮੇਂ ੧੨ ਹਜ਼ਾਰ ਘੋੜੇ ਅਤੇ ੫ ਹਜ਼ਾਰ ਹਾਥੀ ਰਹਿੰਦੇ ਸਨ। ਪਰਿੰਦਿਆਂ ਦੇ ਸ਼ਿਕਾਰ ਲਈ; ਜੰਗਲੀ ਜਾਨਵਰਾਂ ਦੇ ਸ਼ਿਕਾਰ ਲਈ ਅਤੇ ਜੰਗ ਲਈ ਜੋ ਘੋੜੇ ਹਾਥੀ ਸਨ ਉਹ ਇਹਨਾਂ ਤੋਂ ਅਡਹੇ ਸਨ।

## ਅਕਬਰ ਦਾ ਕੈਂਪ

ਅਕਬਰ ਦਾ ਕੈਂਪ ਕੀ ਸੀ ਇਕ ਚਲਦਾ ਫਿਰਦਾ ਸ਼ਹਿਰ ਸੀ। ਇਹ ਕੈਂਪ ਭਾਵੇਂ ਵਿਰਾਨੇ ਵਿਚ ਹੋਵੇ ਉਥੇ ਵੀ ਸ਼ਾਹੀ ਮਹਲਾਂ ਦੇ ਸਾਰੇ ਲਵਾਜ਼ਮਾਤ (ਲੋੜਾਂ) ਤੇ ਸ਼ਾਨ ਬਰਕਰਾਰ ਰਖੀ ਜਾਂਦੀ ਸੀ। ਇਕ ਬੜੇ ਵਿਸ਼ਾਲ ਅਸਥਾਨ ਉਤੇ ਤੰਬੂਆਂ ਤੇ ਕਨਾਤਾਂ ਦਾ ਸ਼ਹਿਰ ਵਸ ਜਾਂਦਾ। ਤੰਬੂ ਦੇ ਥੰਮ ਗਿਲਟਾਂ ਤੇ ਪਰਦੇ ਲਾਲ ਕੈਨਵਸ ਦੇ ਹੁੰਦੇ ਸਨ, ਜੋ ਕੀਮਤੀ ਗਹਿਣਿਆਂ ਨਾਲ ਜੜਤ ਹੁੰਦੇ ਸਨ ਤੇ ਜਿਨਾਂ ਦੀ ਰੁਸ਼ਨਾਈ ਅੱਖਾਂ ਵਿਚ ਚਕਾ ਚੂੰਧ ਪੈਦਾ ਕਰਦੀ ਸੀ। ਇਹੋ ਜਿਹੇ ਤੰਬੂਆਂ ਦੀ ਕਤਾਰ ਦੇ ਕੇਂਦਰ ਵਿਚ ਸ਼ਾਨਦਾਰ ਸਜਾਏ ਹੋਏ ਸ਼ਾਮਿਆਨੇ ਲਗੇ ਹੁੰਦੇ ਸਨ। ਇਹਨਾਂ ਵਿਚੋਂ ਕੋਈ ਤੰਬੂ ਕਮਰਿਆਂ ਦਾ, ਕੋਈ ਦਾਵਤ ਹਾਲਾਂ ਦਾ ਅਤੇ ਬਾਕੀ ਆਰਾਮ ਘਰਾਂ ਜਾਂ ਸੌਣ ਕਮਰਿਆਂ ਦਾ ਕੰਮ ਦਿੰਦੇ ਸਨ ਸਭ ਤੋਂ ਅੰਦਰਲੇ ਹਾਤੇ ਵਿਚ ਬੇਗਮਾਂ ਦੇ ਕਮਰੇ ਵਡਮੁਲੇ ਸਾਜ਼ ਸਾਮਾਨ ਨਾਲ ਸ਼ਿੰਗਾਰੇ ਹੋਏ ਤੇ ਸਜਾਏ ਹੋਏ ਹੁੰਦੇ ਸਨ। ਇਹ ਸਾਰਾ ਲਾਓ ਲਸ਼ਕਰ ਪੰਜ ਮੀਲ ਦੇ ਘੇਰੇ ਦੇ ਅੰਦਰ ਘਿਰਿਆ ਹੋਇਆ ਸੀ।

## ਸ਼ਹਿਨਸ਼ਾਹ ਦਾ ਜਨਮ ਦਿਨ

ਸ਼ਹਿਨਸ਼ਾਹ ਦੇ ਜਨਮ ਦਿਨ ਉਤੇ ਐਸ਼ਵਰਜ ਅਤੇ ਸ਼ਾਨ ਸ਼ੌਕਤ ਦੀ ਬੜੀ ਭਾਰੀ ਨੁਮਾਇਸ਼ ਕੀਤੀ ਜਾਂਦੀ। ਰਾਜਧਾਨੀ ਦੇ ਆਸ ਪਾਸ ਲਗ ਪਗ ਦੋ ਏਕੜ ਧਰਤੀ ਉਤੇ ਤੰਬੂਆਂ ਤੇ ਖੇਮਿਆਂ ਦਾ ਨਵਾਂ ਸ਼ਹਿਰ ਵਸ ਜਾਂਦਾ। ਇਹਨਾਂ ਤੰਬੂਆਂ ਵਿਚੋਂ ਬਾਦਸ਼ਾਹ ਦਾ ਸ਼ਹਾਨਾ ਤੰਬੂ ਆਪਣੀ ਸ਼ਾਨ ਤੇ ਸਜਾਵਟ ਦੇ ਲਿਹਾਜ ਨਾਲ ਦੂਰੋਂ ਹੀ ਨਜ਼ਰ ਆ ਜਾਂਦਾ ਸੀ। ਅਮੀਰਾਂ ਵਜ਼ੀਰਾਂ ਦੇ ਤੰਬੂਆਂ ਦੇ ਕਮਰੇ ਵੀ ਬੜੇ ਸ਼ਾਨਦਾਰ ਹੁੰਦੇ ਸਨ ਜਿਥੇ ਇਕ ਦੂਜੇ ਨਾਲ ਮੁਲਾਕਾਤਾਂ ਹੁੰਦੀਆਂ ਸਨ। ਕਈ ਵਾਰ ਤੇ ਬਾਦਸ਼ਾਹ ਆਪ ਉਹਨਾਂ ਦੇ ਖੇਮਿਆਂ ਵਿਚ ਪੁਜ ਕੇ ਉਹਨਾਂ ਨੂੰ ਨਿਵਾਜਦਾ। ਇਹ ਸਾਰੀ ਥਾਂ ਸੁਨਹਿਰੀ ਤੇ ਸਿਲਕੀ ਗਲੀਚਿਆਂ ਤੇ ਦਰੀਆਂ ਨਾਲ ਢਕੀ ਜਾਂਦੀ। ਤੰਬੂਆਂ ਦੇ ਪਰਦੇ ਸੋਨੇ ਤਿਲੇ ਤੇ ਹੀਰਿਆਂ ਲਾਲਾਂ ਨਾਲ ਜੜਤ ਹੁੰਦੇ ਸਨ। ਸ਼ਾਹੀ ਤਖਤ ਇਕ ਉਚੇ ਚਬੂਤਰੇ ਉਤੇ ਰਖਿਆ ਹੁੰਦਾ ਜਿਸ ਉਤੇ ਬਾਦਸ਼ਾਹ ਬੈਠ ਕੇ ਨਜ਼ਰਾਂ ਤੇ ਨਜ਼ਰਾਨੇ ਅਮੀਰਾਂ ਵਜ਼ੀਰਾਂ ਤੇ ਦਰਬਾਰੀਆਂ ਪਾਸੋਂ ਵਸੂਲ ਕਰਦਾ ਸੀ। ਬਾਦਸ਼ਾਹ ਵਲੋਂ ਵੀ ਇਹਨਾਂ ਦਰਬਾਰੀਆਂ ਨੂੰ ਉਹਨਾਂ ਦੇ ਰੁਤਬੇ ਦੇ ਅਨੁਸਾਰ ਕੀਮਤੀ ਪੁਸ਼ਾਕਾਂ ਜਵਾਹਰਾਤ; ਘੋੜੇ, ਹਾਥੀ; ਅਤੇ ਹੋਰ ਹੋਰ ਵਡਮੁਲੀਆਂ ਸੁਗਾਤਾਂ ਮਿਲਦੀਆਂ ਸਨ।

## ਬਾਦਸ਼ਾਹ ਦਾ ਤੁਲਾ ਦਾਨ

ਬਾਦਸ਼ਾਹ ਦਾ ਸੋਨੇ ਦੇ ਤਕੜ ਵਿਚ ਸੋਨੇ ਤੇ ਚਾਂਦੀ ਨਾਲ ਤੁਲਾ-ਦਾਨ ਕੀਤਾ ਜਾਂਦਾ ਸੀ। ਏਥੇ ਹੀ ਬਸ ਨਹੀਂ ਸਗੋਂ ਹੋਰ ਹੋਰ ਜਿਨਸਾਂ ਤੇ ਖੁਸ਼ਬੂਆਂ ਨਾਲ ਵੀ ਉਸ ਨੂੰ ਤੋਲਿਆ ਜਾਂਦਾ ਉਹ ਸਭ ਚੀਜ਼ਾਂ ਜਿਨ੍ਹਾਂ ਨਾਲ ਬਾਦਸ਼ਾਹ ਨੂੰ ਤੋਲਿਆ ਜਾਂਦਾ ਸੀ, ਉਥੇ ਜਮਾ ਹੋਏ ਲੋਕਾਂ ਵਿਚਾਲੇ ਵੰਡ ਦਿਤੀਆਂ ਜਾਂਦੀਆਂ। ਇਹ ਲੋਕ ਭਾਰੀ ਗਿਣਤੀ ਵਿਚ ਉਥੇ ਇਕਠੇ ਹੋ ਜਾਂਦੇ ਸਨ। ਬਾਦਸ਼ਾਹ ਆਪਣੇ ਹਥਾਂ ਨਾਲ ਮੋਹਰਾਂ, ਰੁਪਏ, ਬਾਦਾਮ, ਛੁਹਾਰੇ ਤੇ ਹੋਰ ਖੁਸ਼ਕ ਮੇਵੇ ਵੀ ਸੁੱਟ ਕਰਦਾ ਅਤੇ ਵਡੇ ਵਡੇ ਦਰਬਾਰੀ ਵੀ ਇਹਨਾਂ ਚੀਜ਼ਾਂ ਨੂੰ ਪ੍ਰਾਪਤ ਕਰਨ ਦਾ ਜਤਨ ਕਰਦੇ ਸਨ।

## ਨੌਰੋਜ਼ ਦਾ ਜਸ਼ਨ

ਨਵੇਂ ਸਾਲ ਦਾ ਦਿਨ ਬੜੀ ਸ਼ਾਨ ਨਾਲ ਮਨਾਇਆ ਜਾਂਦਾ ਸੀ। ਇਸ ਅਵਸਰ ਉਤੇ ਬਾਦਸ਼ਾਹ ਆਪਣੇ ਦਰਬਾਰੀਆਂ ਸਮੇਤ ਆ ਕੇ ਤਖਤ ਉਤੇ ਬੈਠ ਜਾਂਦਾ। ਬਾਦਸ਼ਾਹ ਦੇ ਤਾਜ ਉਤੇ ਉਚੀ ਕਲਗੀ ਹੀਰਿਆਂ ਲਾਲਾਂ-ਜੜਤ ਲਾਈ ਜਾਂਦੀ। ਕਈ ਸੌ ਦੀ ਗਿਣਤੀ ਵਿਚ ਹਾਥੀ, ਜੋ ਵਸ਼ੇਸ਼ ਤੌਰ ਉਤੇ ਏਸੇ ਮਤਲਬ ਲਈ ਸਜਾਏ ਜਾਂਦੇ ਸਨ, ਜਲੂਸ ਦੀ ਸ਼ਕਲ ਵਿਚ ਬਾਦਸ਼ਾਹ ਦੇ ਅਗੋਂ ਦੀ ਲੰਘਦੇ, ਹਰ ਇਕ ਕੰਪਨੀ ਦੇ ਪਹਿਲੇ ਹਾਥੀ ਦੇ ਮਥੇ ਦੀ ਪਲੇਟ ਸੋਨੇ ਦੀ ਹੁੰਦੀ ਸੀ। ਇਹਨਾਂ ਦੇ ਮਗਰੇ ਮਗਰ ਸ਼ਿੰਗਾਰੇ ਹੋਏ ਘੋੜਿਆਂ ਦੀਆਂ ਕਤਾਰਾਂ ਹੁੰਦੀਆਂ। ਇਹਨਾਂ ਦੇ ਮਗਰੋਂ ਗੈਂਡੇ, ਸ਼ੇਰ ਬੱਬਰ, ਚਿਤਰੇ, ਸ਼ਿਕਾਰੀ ਚੀਤੇ, ਸ਼ਿਕਾਰੀ ਕੁਤੇ ਤੇ ਬਾਜ਼ ਹੁੰਦੇ ਸਨ। ਇਸ ਜਲੂਸ ਦੇ ਅੰਤ ਵਿਚ ਘੋੜ ਚੜ੍ਹੇ ਸਵਾਰਾਂ ਦੀ ਫੌਜ ਹੁੰਦੀ ਸੀ ਤੇ ਇਹ ਸਾਰੇ ਸਵਾਰ ਸੁਨਹਿਰੀ ਵਰਦੀ ਪਾਈ ਸ਼ਾਨਦਾਰ ਨਜ਼ਾਰਾ ਪੇਸ਼ ਕਰਦੇ ਸਨ।

## ਬਾਦਸ਼ਾਹ ਦੀ ਅਪਾਰ ਦੌਲਤ

ਹਿੰਦੂ ਨਗਰਾਂ ਤੇ ਮੰਦਰਾਂ ਦੀ ਲੁਟ ਮਾਰ ਤੇ ਖੋਹ ਖਿੰਜ ਨਾਲ ਅਤੇ ਉਹਨਾਂ ਮੁਸਲਮਾਨ ਹੁਕਮਰਾਨਾਂ ਦੇ ਕਿਲ੍ਹਿਆਂ ਦੀ ਲੁਟ ਤੋਂ ਜੋ ਅਕਬਰ ਨੇ ਆਪਣੇ ਮਾਤਹਿਤ ਕੀਤੇ, ਬੇਸ਼ੁਮਾਰ ਧਨ ਤੇ ਦੌਲਤ ਸ਼ਾਹੀ ਖਜ਼ਾਨਿਆਂ ਵਿਚ ਜਮਾਂ ਹੋ ਗਈ ਸੀ। ਅਕਬਰ ਦਾ ਬੇਟਾ ਜਹਾਂਗੀਰ ਲਿਖਦਾ ਹੈ ਕਿ ਮਹਾਨ ਵਡੇ ਤੈਮੂਰ ਨੇ ਇਸ ਧਨ ਦਾ ਦਸਵਾਂ ਹਿੱਸਾ ਵੀ ਜਮਾਂ ਨਹੀਂ ਸੀ ਕੀਤਾ। ਇਹ ਵੀ ਕਿਹਾ ਜਾਂਦਾ ਹੈ ਕਿ ਆਗਰੇ ਵਿਚ ਚਾਰ ਸੌ ਤਕੜ ਸੋਨਾ ਤੇ ਹੀਰੇ ਜਵਾਹਰਾਤ ਤੋਲਨ ਵਿਚ ਰੁਝੇ ਰਹਿੰਦੇ ਸਨ ਅਤੇ ਲਗਾਤਾਰ ਪੰਜ ਮਹੀਨਿਆਂ ਦੀ ਗਿਣਤੀ ਨਾਲ ਵੀ ਸਾਰੇ ਧਨ ਦਾ ਜੋੜ (ਟੋਟਲ) ਨਹੀਂ ਸੀ ਲਗ ਸਕਿਆ। ੮ ਵਡੇ ਵਡੇ ਭੋਰੇ ਹੀਰੇ, ਮੋਹਰਾਂ, ਸੋਨੇ ਤੇ ਚਾਂਦੀ ਦੀਆਂ ਮੂਰਤੀਆਂ, ਪਲੇਟਾਂ, ਕੀਮਖਾਬ, ਗਲੀਚੇ, ਕਾਲੀਨਾਂ ਅਤੇ ਕੀਮਤੀ ਪੁਸ਼ਾਕਾਂ ਦੇ ਖਰਾੜਿਆਂ ਨਾਲ ਭਰੇ ਪਏ ਸਨ। ਇਹਨਾਂ ਸਭਨਾਂ ਚੀਜ਼ਾਂ ਦੀ ਕੀਮਤ ਲਗ ਪਗ ੭ ਕਰੋੜ ਪੌਂਡ ਸੀ।

## ਸ਼ਹਿਨਸ਼ਾਹ ਦਾ ਤਾਜ

ਸ਼ਹਿਨਸ਼ਾਹ ਦਾ ਤਾਜ ਈਰਾਨੀ ਮੁਕਟ ਨਾਲ ਮਿਲਦਾ ਜੁਲਦਾ ਸੀ। ਇਸ ਦੀਆਂ ਬਾਰਾਂ ਨੁਕਰਾਂ ਸਨ ਜਿਨ੍ਹਾਂ ਉਤੇ ਖਾਲਸ ਕਿਸਮ ਦੇ ਉਹ ਹੀਰੇ ਜਵਾਹਰਾਤ ਲਗ ਹੋਏ ਸਨ, ਜੋ ਆਪਣੀ ਚਮਕ ਦਮਕ ਵਿਚ ਜੋੜ ਨਹੀਂ ਸਨ ਰਖਦੇ। ਮੁਕਟ ਦਾ ਵਿਚਕਾਰਲਾ ਭਾਗ ਵਡੇ ਵਡੇ ਤੇ ਕੀਮਤੀ ਹੀਰਿਆਂ ਨਾਲ ਜੜਤ ਸੀ। ਅੰਦਾਜ਼ਾ ਲਾਇਆ ਗਿਆ ਸੀ ਕਿ ਇਸ ਦੀ ਮਾਲੀਅਤ ਵੀਹ ਲੱਖ ਪੌਂਡ ਦੇ ਬਰਾਬਰ ਹੋਵੇਗੀ।

## ਸ਼ਾਹੀ ਤਖਤ

ਸ਼ਾਹੀ ਤਖਤ ਤੀਕ ਪੁਜਣ ਲਈ ਚਾਂਦੀ ਦੀਆਂ ਪੌੜੀਆਂ ਸਨ ਜਿਨਾਂ ਦੇ ਉਪਰ ਚਾਂਦੀ ਦੇ ਚਾਰ ਸ਼ੇਰਾਂ ਦੇ ਸਿਰੇ ਉਤੇ ਸੋਨੇ ਦਾ ਬਣਿਆ ਹੋਇਆ ਸ਼ਾਹੀ ਤਖਤ ਰਖਿਆ ਸੀ। ਇਸ ਤਖਤ ਨੂੰ ਵਡਮੁਲੇ ਹੀਰੇ

ਕੀਤਾ ਜੋ ਕਿ ਮਹਾਂਭਾਰਤ ਦਾ ਹੀ ਇਕ ਪਰਕਰਨ ਹੈ। ਉਸ ਨੇ ਅਲਜਬਰਾ ਤੇ ਗਣਤ ਦੇ ਪਰਸਿਧ ਹਿੰਦੂ ਗਰੰਥਾਂ ਬੀਜ ਅਤੇ ਗਣਿਤ ਤੇ ਲੀਲਾਵਤੀ ਦੇ ਉਲਥੇ ਕਰਵਾਏ। ਇਹ ਪੁਸਤਕਾਂ ਭਾਸਕਰਾਚਾਰਯਾ ਦੀਆਂ ਰਚਿਤ ਹਨ। ਅਕਬਰ ਦੇ ਸੰਸਕ੍ਰਿਤ ਦੇ ਦਰਬਾਰੀ ਉਲਥਾਕਾਰ ਫੈਜ਼ੀ ਤੋਂ ਛੁਟ ਅਬੁਲ ਕਾਦਰ ਬਦਾਯੂਨੀ, ਮੁਲਾਂ ਸ਼ਾਹ ਮੁਹੰਮਦ ਨਕੀਬ ਖਾਂ, ਹਾਜੀ ਇਬਰਾਹੀਮ ; ਸੁਲਤਾਨ ਹਾਜੀ ਅਤੇ ਮੁਲਾਂ ਸ਼ਿਸੀ ਆਦਕ ਅਤੇ ਹੋਰ ਵੀ ਕਈ ਆਲਮ ਸੰਸਕ੍ਰਿਤ ਦੇ ਵਿਦਵਾਨਾਂ ਤੇ ਅਨੁਵਾਦਨ ਸਨ। ਅਬਲ ਕਾਦਰ ਨੇ ਹੋਰ ਕਈ ਪੁਸਤਕਾਂ ਤੋਂ ਛੁਟ "ਰਾਮਾਯਣ" ਅਤੇ "ਸਿੰਘਾਸਨ ਬਤੀਸੀ" ਦੇ ਵੀ ਉਲਥੇ ਕੀਤੇ। "ਮਹਾਭਾਰਤ" ਤੇ ਕਸ਼ਮੀਰ ਦੇ ਇਤਿਹਾਸ ਦਾ ਉਲਥਾ ਫੈਜ਼ੀ ਦੀ ਨਿਗਰਾਨੀ ਵਿਚ ਹੋਇਆ। ਹਾਜੀ ਇਬਰਾਹੀਮ ਸਿਰਹਿੰਦੀ ਨੇ ਅਬਰ ਵੇਦ ਦਾ ਅਨੁਵਾਦ ਕੀਤਾ ਜੋ ਕਿ ਵੇਦਾਂ ਵਿਚੋਂ ਸਭ ਤੋਂ ਕਠਨ‡ ਤੇ ਔਖਾ ਮੰਨਿਆ ਜਾਂਦਾ ਹੈ।

## ਮਾਲ ਗੁਜ਼ਾਰੀ ਦੀ ਨਵੇਂ ਸਿਰੇ ਸੁਧਾਈ

ਉਸ ਸਮੇਂ ਦਾ ਮਹਾਨ ਵਡਾ ਮਾਲ ਪ੍ਰਬੰਧਕ ਰਾਜਾ ਟੋਡਰ ਮਲ ਸੀ। ਸ਼ਹਿਨਸ਼ਾਹ ਅਕਬਰ ਨੇ ਆਪਣੇ ਰਾਜ ਦੀ ਮਾਲਗੁਜ਼ਾਰੀ ਨੂੰ ਨਵੇਂ ਸਚੇ ਵਿਚ ਢਾਲਿਆ ਤੇ ਬਹੁਤ ਸਾਰੇ ਉਹ ਟੈਕਸ, ਜਿਹੜੇ ਦਸਤਕਾਰੀ ਉਤੇ ਅਸਹਿ ਭਾਰ ਹੋਏ ਸਨ ਰੱਦ ਕਰ ਦਿਤੇ।

## ਮਾਲੀਏ ਦੀ ਵਸੂਲੀ ਦਾ ਪੁਰਾਣਾ ਢੰਗ

ਆਰੰਭ ਵਿਚ ਮਾਲੀਆ ਵਖ ਵਖ ਸੂਬਿਆ ਦੇ ਉਹ ਵਾਇਸਰਾਏ ਨੀਯਤ ਕਰਦੇ ਸਨ, ਜਿਹੜੇ ਮਾਲ ਗੁਜ਼ਾਰੀ ਦੇ ਇਲਮ ਤੋਂ ਕੋਰੇ ਹੋਣ ਕਰਕੇ ਇਹ ਕੰਮ ਹਿੰਦੂ ਸਾਹੂਕਾਰਾਂ ਦੇ ਸਪੁਰਦ ਕਰ ਦਿੰਦੇ ਸਨ। ਇਹ ਸ਼ਾਹੂਕਾਰ ਵਖ ਵਖ ਇਲਾਕਿਆਂ ਵਿਚ ਵਖ ਵਖ ਮਾਲੀਆ ਨਿਯਤ ਕਰ ਦਿੰਦੇ, ਅਤੇ ਇਸ ਮਾਲੀਏ ਦੀ ਵਸੂਲੀ ਲਈ ਆਪਣੀ ਮਨ ਮਰਜ਼ੀ ਕਾਸ਼ਤਕਾਰਾਂ ਉਤੇ ਜ਼ੁਲਮ ਕਰਦੇ ਸਨ। ਇਸ ਪਰਕਾਰ ਜੋ ਰੁਪਇਆ ਵਸੂਲ ਹੁੰਦਾ ਉਸੇ ਨਾਲ ਵਾਇਸਰਾਏ ਫੌਜ ਦੇ ਖਰਚ ਪੂਰੇ ਕਰਕੇ ਜੋ ਕੁਝ ਬਚ ਜਾਂਦਾ ਉਹ ਸ਼ਾਹੀ ਖਜ਼ਾਨੇ ਵਿਚ ਦਾਖਲ ਕਰਦੇ ਸਨ।

## ਅਕਬਰ ਦੇ ਕੀਤੇ ਹੋਏ ਸੁਧਾਰ

ਅਕਬਰ ਨੇ ਤੁਰਤ ਹੀ ਇਸ ਢੰਗ ਨੂੰ ਬਦਲ ਦਿਤਾ ਅਤੇ ਵਾਇਸਰਾਇਆਂ ਨੂੰ ਹੁਕਮ ਦਿਤਾ ਕਿ ਉਸ ਸਾਰੇ ਦਾ ਸਾਰਾ ਮਾਲੀਆ ਸ਼ਾਹੀ ਖਜ਼ਾਨੇ ਵਿਚ ਦਾਖਲ ਕਰਨ। ਫੌਜਾਂ ਦੀਆਂ ਤਨਖਾਹਾਂ ਆਦ ਸ਼ਾਹੀ ਖਜ਼ਾਨੇ ਵਿਚੋਂ ਦਿਤੀਆਂ ਜਾਂਦੀਆਂ।

## ਧਰਤੀ ਦੀ ਮਿਣਤੀ

ਅਕਬਰ ਨੇ ਸ਼ਹਿਰਾਂ ਤੇ ਪਿੰਡਾਂ ਦੀ : ਕਾਸ਼ਤ ਵਾਲੀ ਤੇ ਬਿਨਾ ਕਾਸ਼ਤ ਦੀਆਂ ਸਾਰੀਆਂ ਜ਼ਮੀਨਾਂ ਦੀ ਇਕੋ ਜਹੇ ਸਟੈਂਡਰਡ ਨਾਲ ਮਿਣਤੀ ਕਰਵਾਈ। ਇਹ ਮਿਣਤੀ ਠੀਕ ਤੇ ਸਹੀ ਕਿਸਮ ਦੇ ਮਾਪ ਤੇ ਮਿਣਤੀ ਦਵਾਰਾ ਹੋਈ ਸੀ।

‡ਮੁਸਲਮਾਨਾਂ ਨੇ ਆਪਣੇ ਧਰਮ ਦੀ ਸਥਾਪਣਾ ਦੇ ਥੋੜਾ ਸਮਾਂ ਮਗਰੋਂ ਹੀ ਸੰਸਕ੍ਰਿਤ ਵਿਦਿਆ ਪ੍ਰਾਪਤ ਕਰ ਲਈ ਅਤੇ ਜੋਤਸ਼, ਰਾਗ ; ਗਰਹਿ, ਹਿੰਦੂ ਧਰਮ, ਖੇਤੀ ਬਾੜੀ, ਪਸ਼ੂ ਪੌਦਿਆ ਦੇ ਜੀਵਨ ਤੇ ਹਸਤ ਰੇਖਾ ਦੇ ਗ੍ਰੰਥਾਂ ਦਾ ਅਰਬੀ ਵਿਚ ਉਲਥਾ ਖਲੀਫਿਆਂ ਦੇ ਸਮੇਂ ਹੀ ਹੋ ਚੁਕਾ ਸੀ।

## ਸਰਕਾਰੀ ਮਾਲੀਆ

ਸਰਕਾਰ ਸਾਲਾਨਾ ਪੈਦਾਵਾਰ ਦਾ ਇਕ ਤਿਹਾਈ ਲਗਾਨ ਵਸੂਲ ਕਰਦੀ। ਇਸ ਪੈਦਾਵਾਰ ਨੂੰ ਨਕਦ ਸਿਕੇ ਵਿਚ ਤਬਦੀਲ ਤੇ ਵਸੂਲ ਕੀਤਾ ਜਾਂਦਾ ਸੀ। ਅਸਲ ਵਿਚ ਇਹ ਤਰੀਕਾ ਉਹੋ ਸੀ ਜੋ ਪਠਾਨ ਬਾਦਸ਼ਾਹ ਸ਼ੇਰ ਸ਼ਾਹ ਨੇ ਬਣਾਇਆ ਅਤੇ ਜੁਜ਼ਵੀ ਤੌਰ ਤੇ ਲਾਗੂ ਕੀਤੀ ਸੀ, ਟੋਡਰ ਮਲ ਨੇ ਜੋ ਇਸ ਸੁਧਾਰ ਦਾ ਮੋਢੀ ਸੀ ਏਸ ਪੁਰਾਣੇ ਦੇਸੀ ਮਾਲ ਗੁਜ਼ਾਰੀ ਦੇ ਸਿਸਟਮ ਨੂੰ ਨਵੇਂ ਸਿਰੇ ਸੁਰਜੀਤ ਕਰਨ ਦਾ ਜਤਨ ਕੀਤਾ। ਸ਼ੇਰ ਸ਼ਾਹ ਦੇ ਸਮੇਂ ਮਾਲੀਆ ਪੈਦਾਵਾਰ ਦਾ ਇਕ ਚੌਥਾਈ ਨਿਯਤ ਹੋਇਆ ਸੀ, ਪਰ ਅਕਬਰ ਨੇ ਜਿਹਾ ਕਿ ਉਤੇ ਦਸਿਆ ਗਿਆ ਹੈ, ਇਸ ਨੂੰ ਇਕ ਤਿਹਾਈ ਕਰ ਦਿਤਾ।

## ਮਹਿਕਮਾ ਮਾਲ ਦੇ ਕਰਮਚਾਰੀ

ਖਾਲਸਾ ਜ਼ਮੀਨਾਂ ਦੇ ਕੁਲੈਕਟਰ ਅਤੇ ਜਾਗੀਰਦਾਰ ਮਾਲੀਆ (ਮਾਲ) ਅਤੇ ਟੈਕਸ ਨਿਯਤ ਕਾਨੂੰਨ ਅਨੁਸਾਰ ਵਸੂਲ ਕਰਦੇ ਸਨ। ਜਿਸ ਕਾਨੂੰਨ ਅਨੁਸਾਰ ਇਹ ਟੈਕਸ ਵਸੂਲ ਕੀਤੇ ਜਾਂਦੇ ਉਸ ਨੂੰ ਦਸਤੂਰ ਉਲ ਅਮਾਲ ਕਿਹਾ ਜਾਂਦਾ ਸੀ। ਮਾਲੀਏ ਦੀ ਵਸੂਲੀ ਲਈ ਆਮਲ ਨਿਯਤ ਹੁੰਦੇ ਸਨ। ਇਹਨਾਂ ਆਮਲਾਂ ਦੇ ਮਾਤਹਿਤ ਦੋ ਹੋਰ ਕਰਮਚਾਰੀ ਕਾਰਕੁਨ ਅਤੇ ਖਾਸ ਨਵੀਸ ਹੁੰਦੇ() ਸਨ ਆਮਲ ਨੂੰ ਦੇਸੀ ਲੋਕ ਪਟੇਲ ਅਰਥਾਤ ਸਰਦਾਰ (ਫਰਾਂਸ ਦੇ ਮੇਰੀ ਅਤੇ ਸਪੇਨ ਦੇ ਅਲਕਾਲਡੇ ਵਾਂਗ) ਆਖਦੇ ਸਨ। ਪਿੰਡ ਦਾ ਪਟਵਾਰੀ ਹਰ ਕਿਸਮ ਦੀ ਜ਼ਮੀਨ ਦੀ ਵੰਡ(ਨਬੇੜਾ) ਕਰਦਾ। ਕੁਲੈਕਟਰ ਨਕਦੀ ਦੇ ਰੂਪ ਵਿਚ ਪਟਵਾਰੀ ਦੀ ਮੋਹਰ ਨਾਲ ਮਾਲੀਆ ਸਰਕਾਰੀ ਖਜ਼ਾਨੇ ਵਿਚ ਜਮਾ ਕਰਦੇ ਸਨ। ਉਹ ਇਸ ਗਲ ਦੀ ਵੀ ਨਗਰਾਨੀ ਕਰਦੇ ਸਨ ਕਿ ਕਿਸੇ ਨਾਲ ਜ਼ੁਲਮ ਨਾ ਹੋਵੇ। ਇਹ ਕਰਮਚਾਰੀ ਲੋਕਾਂ ਨਾਲ ਉਹਨਾਂ ਦੀ ਪੁਜ਼ੀਸ਼ਨ ਦੇ ਮੁਤਾਬਕ ਹੀ ਵਰਤਾਵ ਕਰਦੇ ਸਨ। ਪੁਲੀਸ ਦੇ ਵਡੇ ਕਰਮਚਾਰੀ ਤੇ ਨਿਗਰਾਨ ਨੂੰ ਪਾਈਕ ਆਖਦੇ ਸਨ। ਇਹਨਾਂ ਕਰਮਚਾਰੀਆਂ ਤੋਂ ਛੁਟ ਸਾਹੂਕਾਰ, ਜੋ ਆਮ ਤੌਰ ਤੇ ਸੁਨਿਆਰੇ ਹੁੰਦੇ; ਪਾਂਧਾ ਜਾਂ ਮੁਲਾਂ ਜੋ ਆਮ ਕਰਕੇ ਮੁਦਰਸ ਹੁੰਦੇ ; ਜੋਤਸ਼ੀ ; ਲੁਹਾਰ ; ਤਰਖਾਣ ; ਘੁਮਿਆਰ ; ਮੋਚੀ ; ਦਰਜੀ (ਛੀਬਾਂ), ਨਾਈ ; ਧੋਬੀ ; ਮਰਾਸੀ, ਗਵਈਏ ਤੇ ਨਾਚੀਆਂ ਆਦਕ ਵਖ ਵਖ ਪੇਸ਼ੇ ਦੇ ਲੋਕ ਹੁੰਦੇ ਸਨ।

## ਪਿੰਡ ਦਾ ਜਨਰਲ ਫੰਡ

ਇਹਨਾਂ ਸਭਨਾਂ ਨੂੰ ਪਿੰਡ ਦੇ ਸਾਂਝੇ ਫੰਡ ਵਿਚੋਂ ਅਲਾਉਂਸ ਮਿਲਦਾ ਸੀ। ਜਿਹੜਾ ਇਲਾਕਾ ਸਾਲ ਵਿਚ ਕਰੋੜ ਟਨ ਪੈਦਾਵਾਰ ਕਰਦਾ ਸੀ ਉਹ ਇਕ ਕਰਮਚਾਰੀ ਦੇ ਮਾਤਹਿਤ ਹੁੰਦਾ ਸੀ ਜਿਸ ਨੂੰ ਕਰੋੜੀ ਆਖਦੇ ਸਨ। ਆਈਨਿ ਅਕਬਰੀ ਅਰਥਾਤ ਅਕਬਰ ਦੇ ਵਿਧਾਨ ਵਿਚ ਮਹਿਕਮਾ ਮਾਲ ਦੇ ਪ੍ਰਬੰਧ ਵਿਚ ਉਹਨਾਂ ਜਾਰੀ ਕੀਤੇ ਗਏ ਸੁਧਾਰਾਂ ਦਾ ਵਿਸਥਾਰ ਮਿਲਦਾ ਹੈ ਜੋ ਅਕਬਰ ਨੇ ਚਾਲੂ ਕੀਤੇ ਤੇ ਜਿਨ੍ਹਾਂ ਦੇ ਕਾਰਨ ਸਰਕਾਰੀ ਖਜ਼ਾਨਾ ਮੁੜ ਭਰਪੂਰ ਹੋ ਗਿਆ।

## ਸ਼ਾਹੀ ਦਰਬਾਰ ਦੀ ਸ਼ਾਨ ਸ਼ੌਕਤ

ਅਕਬਰ ਦਾ ਦਰਬਾਰ ਹਿੰਦੁਸਤਾਨ ਵਿਚ ਅਤਿਅੰਤ ਸ਼ਾਨਦਾਰ ਤੇ

()ਅਕਬਰ ਨਾਮਾਂ—ਰਾਜ ਦਾ ੨੭ਵਾਂ ਸਾਲ।

Sri Satguru Jagjit Singh Ji eLibrary NamdhariElibrary@gmail.com

ਪਸੰਦ ਬੰਦੂਕ() ਸੀ ਜਿਸ ਨਾਲ ਉਸ ਨੇ ਹਜ਼ਾਰਾਂ ਸ਼ਕਾਰੀ ਜਾਨਵਰਾਂ ਦਾ ਸ਼ਿਕਾਰ ਕੀਤਾ ਸੀ। ਜਵਾਨੀ ਦੇ ਦਿਨਾਂ ਵਿਚ ਉਹਨੇ ਸ਼ਰਾਬ ਪੀਣਾ ਤੇ ਐਸ਼ ਇਸ਼ਰਤ ਵਲ ਰਚੀ ਵਖਾਈ ਪਰ ਉਸ ਨੂੰ ਛੇਤੀ ਹੀ ਸਮਝ (ਅਕਲ) ਆ ਗਈ ਤੇ ਉਹਨੇ ਮਾਸ ਤੀਕ ਛਡ ਦਿਤਾ ਸੀ।

ਅਕਬਰ ਇਕ ਸਖੀ ਤੇ ਤਰਸਵਾਨ ਹੁਕਮਰਾਨ, ਮਿਹਰਬਾਨ, ਪਾਲਕ, ਖਿਮਾ ਕਰ ਦੇਣ ਵਾਲਾ ਪਿਤਾ, ਸਚਾ ਤੇ ਜਿਗਰੀ ਮਿਤਰ, ਖੁਲ੍ਹ ਦਿਲਾ ਵੈਰੀ, ਲੋਝਾਕਾ ਸੂਰਮਾ, ਦਾਨਾਂ ਨੀਤੀਵਾਨ ਹੋਣ ਦੇ ਨਾਤੇ ਹਿੰਦੁਸਤਾਨ ਦਾ ਆਦਰਸ਼ਕ ਬਾਦਸ਼ਾਹ ਸੀ। ਉਹ ਦੁਨੀਆ ਦੇ ਇਤਿਹਾਸ ਵਿਚ ਆਪਣਾ ਸੂਰਜ ਵਰਗਾ ਚਮਕਦਾਰ ਨਾਮ ਛਡ ਗਿਆ। ਅਕਬਰ ਦਾ ਹੀ ਇਹ ਨਾਮ ਸੀ ਜਿਸ ਤੇ ਸਾਰੀਆਂ ਸਭਯ ਕੌਮਾਂ ਜਾਣੂੰ ਸਨ। ਅਤੇ ਜੋ ਅਜ ਤੀਕ ਉਹਨਾਂ ਹਿੰਦੂਆਂ ਤੇ ਮੁਸਲਮਾਨਾਂ ਦੀ ਨੋਕ ਜ਼ਬਾਨ ਹੈ ਜੋ ਕਿ ਉਸ ਦੇ ਵਿਸ਼ਾਲ ਰਾਜ() ਦੇ ਵਸਨੀਕ ਸਨ।

()ਇਹ ਬਾਦਸ਼ਾਹ ਦੀ ਪਹਿਲੀ ਪਰਾਈਵੇਟ ਬੰਦੂਕ ਸੀ। ਇਸ ਦਾ ਨਾਮ ਉਸ ਨੇ ਸੰਗਰਾਮ ਰਖਿਆ ਹੋਇਆ ਸੀ—ਆਈਨੇ ਅਕਬਰੀ।

()ਅਕਬਰ ਜਲੂਸ ਅਥਵਾ ਤਖਤ ਨਸ਼ੀਨੀ ਦੇ ਸਾਲ ਦੀ ਬਜਾਇ ਆਪਣੇ ਸਿਕੇ ਉਤੇ ਸੰਨ ਇਲਾਹੀ ਅਤੇ ਫਾਰਸੀ ਮਹੀਨਿਆਂ ਦੀ ਵਰਤੋਂ ਕਰਦਾ ਸੀ। ਉਸ ਦੀਆਂ ਸੋਨੇ ਦੀਆਂ ਮੋਹਰਾਂ ਉਤੇ ਹੇਠ ਲਿਖੀ ਇਬਾਰਤ ਦਰਜ ਸੀ:—

مہر مہر شاہ اکبر ابروی این زر است ضرب اگرہ
تا زمین و آسماں را مہر انور زیور است
سفندر مذیر ۴۹ الہی

ਮਿਹਰ ਮੋਹਰ ਸ਼ਾਹ ਅਕਬਰ ਅਬਰੂਵੀ ਈਂ ਜ਼ਰ ਅਸਤ
ਤਾ ਜ਼ਮੀਨੋ ਆਸਮਾਨ ਰਾ ਮਿਹਰ ਅਨਵਰ ਜ਼ੇਵਰ ਅਸਤ।

ਜ਼ਰਬ ਆਗਰਾ—ਅਸਫੰਦਰ ਮਨੀਰ ੪੯ ਇਲਾਹੀ। ਅਰਥਾਤ ਸ਼ਾਹ ਅਕਬਰ ਦੀ ਇਸ ਮੁਹਰ ਦਾ ਸੂਰਜ ਇਸ ਮੁਹਰ ਦੀ ਸ਼ਾਖ ਹੈ ਉਦੋਂ ਤੀਕ ਜਦ ਤੀਕ ਧਰਤੀ ਤੇ ਅਕਾਸ਼ ਉਤੇ ਇਹ ਰੋਸ਼ਨ ਸੂਰਜ ਚਮਕਦਾਰ ਰਹੇਗਾ।

# ਪਰਕਰਨ—੧੪

## ਨੂਰਉਦੀਨ ਜਹਾਂਗੀਰ

### ਜਹਾਂਗੀਰ ਦੀ ਗੱਦੀ ਨਸ਼ੀਨੀ ਸ਼ਹਿਨਸ਼ਾਹ ਹਿੰਦ ਦੇ ਰੂਪ ਵਿਚ ੧੬੦੫ ਈ:

ਨੂਰ-ਉ-ਦੀਨ ਉਰਫ ਸਲੀਮ ਨੇ ਆਪਣੇ ਪਿਤਾ ਦੀ ਰਾਜ-ਗੱਦੀ ਉਤੇ ਬੈਠ ਕੇ ਜਹਾਂਗੀਰ ਅਰਥਾਤ 'ਸੰਸਾਰ ਵਿਜਈ' ਦਾ ਉਪਨਾਮ ਪ੍ਰਾਪਤ ਕੀਤਾ। ਉਸਦੀ ਗਦੀ ਨਸ਼ੀਨੀ ੧੨ ਅਕਤੂਬਰ ੧੬੦੫ ਈਸਵੀ ਨੂੰ ਆਗਰੇ ਦੇ ਕਿਲੇ ਵਿਚ ੩੮ ਸਾਲ ਦੀ ਉਮਰ ਵਿਚ ਹੋਈ ਜਿਸ ਦੀ ਯਾਦ ਵਿਚ ਕਿਲ੍ਹੇ ਦੇ ਦਿਲੀ ਗੇਟ ਵਿਚ ਇਕ ਪਥਰ ਉਤੇ ਲਿਖਤ ਉਕਰੀ ਗਈ ਜੋ ਅਜੇ ਤੀਕ ਉਥੇ ਵੇਖੀ ਜਾ ਸਕਦੀ ਹੈ। ਇਸ ਲਿਖਤ ਦੀ ਅੰਤਮ ਪੰਕਤੀ ਇਉਂ ਹੈ—"ਖੁਦਾ ਕਰੇ ਕਿ ਸਾਡਾ ਬਾਦਸ਼ਾਹ ਜਹਾਂਗੀਰ ਸਾਰੀ ਦੁਨੀਆ ਦਾ ਬਾਦਸ਼ਾਹ ਬਣੇ ੧੦੧੪"। ਨਵੇਂ ਬਣੇ ਬਾਦਸ਼ਾਹ ਨੇ ਇਸ ਅਵਸਰ ਉਤੇ ਵਡਮੁਲੀਆਂ ਸੁਗਾਤਾਂ ਵੰਡੀਆਂ ਅਤੇ ਉਹਨਾਂ ਕਵੀਆਂ ਨੂੰ ਜਿਨ੍ਹਾਂ ਨੇ ਵਧਾਈ ਦੀਆਂ ਕਵਿਤਾਵਾਂ ਲਿਖੀਆਂ ਚੋਖੇ ਇਨਾਮਾਂ ਨਾਲ ਨਿਵਾਜਿਆ। ਸ਼ਾਹੀ ਨਕਾਸ਼ ਖਾਨਾ ਦੇ ਮੈਨੇਜਰ ਤੇ ਲਾਇਬਰੇਰੀਅਨ ਮਕਤੂਬ ਖਾਂ ਦੀ ਹੇਠ ਲਿਖੀ ਨਜ਼ਮ ਜਿਸ ਵਿਚ ਤਖਤ ਨਸ਼ੀਨੀ ਦੀ ਤਾਰੀਖ ਦਰਜ ਹੈ। ਸ਼ਹਿਨਸ਼ਾਹ ਨੇ ਆਪਣੀ ਤੁਜ਼ਕ ਜਹਾਂਗੀਰੀ ਵਿਚ ਵੀ ਨਕਲ ਕੀਤੀ ਹੈ ਜੋ ਇਉਂ ਹੈ —

صاحب قران ثاني شاهنشه جهانگير
با ادل و داو بنشست بر تخت كامراني
اقبال و نجت و دولت فتح و شکوہ و نصرت
پیشش کم بخدمت بستہ بشاد مانی
سال جلوس شاهی تاریخ شد چو پنہاں
اقبال سر بپائي صاحب قران ثاني

ਅਰਥਾਤ—'ਜਦ ਸਾਹਿਬੇ ਕਿਰਾਨ() 'ਸ਼ਹਿਨਸ਼ਾਹ ਜਹਾਂਗੀਰ ਖੁਸ਼ਹਾਲੀ ਤੇ ਇਨਸਾਫ ਦੇ ਤਖਤ ਉਤੇ ਬੈਠਾ, ਤਦ ਸ਼ਾਨ ਸ਼ੌਕਤ, ਖੁਸ਼ਹਾਲੀ, ਦੌਲਤ, ਜਿੱਤ ਅਤੇ ਪ੍ਰਤਾਪ ਨੇ ਉਸ ਦੇ ਸਨਮੁਖ ਖੜੇ ਕੇ ਸੇਵਾ ਲਈ ਤਿਆਰੀ ਕਰ ਲਈ। ਸ਼ਾਹੀ ਗੱਦੀ-ਨਸ਼ੀਨੀ ਦੇ ਸਾਲ ਸਮੇਂ ਸ਼ਾਨੋ ਸ਼ੌਕਤ ਨੇ ਆਪਣਾ ਸਿਰ ਦੂਜੇ ਸਾਹਿਬੇ ਕਿਰਾਨ ਦੇ ਰੂਬਰੂ ਝੁਕਾ ਦਿਤਾ।'

### ਇਸਲਾਮੀ ਸ਼ਰਹਾ ਦੀ ਬਹਾਲੀ

ਜਹਾਂਗੀਰ ਨੇ ਆਪਣੇ ਪਿਤਾ ਦੇ ਵਜ਼ੀਰਾਂ ਵਿਚੋਂ ਹੀ ਬਹੁਤਿਆਂ ਨੂੰ ਔਹਦਿਆਂ ਉਤੇ ਪਕਿਆਂ ਕਰ ਦਿਤਾ, ਪਰ ਉਹਨਾਂ ਸਭਨਾਂ ਨੂੰ

()ਸਾਹਿਬੇ ਕਿਰਾਨ ਦਾ ਭਾਵ ਹੈ ਉਹ ਮਨੁਖ ਜੋ ਦੋ ਜਾਂ ਵਧੀਕ ਗ੍ਰਹਿਆਂ ਦੇ ਸ਼ੁਭ ਮੇਲ ਸਮੇਂ ਪੈਦਾ ਹੋਇਆ ਹੋਵੇ। ਇਤਿਹਾਸਕਾਰਾਂ ਨੇ ਇਹ ਨਾਮ ਤੈਮੂਰ ਨੂੰ ਦਿਤਾ ਸੀ। ਜਹਾਂਗੀਰ ਨੂੰ ਏਥੇ ਸਾਹਿਬੇ ਕਿਰਾਨ ਦੇ ਬਰਾਬਰ ਬਿਆਨਿਆ ਗਿਆ ਹੈ।

Sri Satguru Jagjit Singh Ji eLibrary NamdhariElibrary@gmail.com

ਜਵਾਹਰਾਤ ਨਾਲ ਸਜਾਇਆ ਗਿਆ ਸੀ। ਇਸ ਦੀ ਕੀਮਤ ਦਾ ਅੰਦਾਜ਼ਾ ੩ ਕਰੋੜ ਅੰਗ੍ਰੇਜ਼ੀ ਪੌਂਡ ਸੀ।

## ਅਕਬਰ ਦੇ ਅੰਤਲੇ ਦਿਨ ਤੇ ਵਲੀਅਹਿਦ ਦਾ ਦੁਖਾਈ ਵਤੀਰਾ

ਵਲੀਅਹਿਦ ਸ਼ਾਹਜ਼ਾਦਾ ਸਲੀਮ ਦੀਆਂ ਫ਼ੈਲ ਸੂਫ਼ੀਆਂ ਤੇ ਤਮਾਸ਼ ਬੀਨੀਆਂ ਨੇ ਅਕਬਰ ਦੀ ਜ਼ਿੰਦਗੀ ਦੇ ਅੰਤਲੇ ਦਿਨ ਬਹੁਤ ਹੀ ਤਲਖ ਬਣਾ ਦਿਤੇ ਸਨ। ਦਰਬਾਰੀਆਂ ਦੀ ਇਕ ਬਾਰਸੂਖ ਪਾਰਟੀ ਨੇ ਜਿਸ ਵਿਚ ਰਾਜਾ ਮਾਨ ਸਿੰਘ ਵੀ ਸ਼ਾਮਲ ਸੀ ਇਹ ਸਲਾਹ ਪਕਾਈ ਕਿ ਸਲੀਮ ਦੇ ਬੇਟੇ ਖੁਸਰੋ ਨੂੰ ਤਖਤ ਉਤੇ ਬਠਾਇਆ ਜਾਏ ਜੋ ਕਿ ਉਸ ਸਮੇਂ ਅਜੇ ਨਾਬਾਲਗ ਹੀ ਸੀ; ਪਰ ਅਕਬਰ ਨੇ ਇਸ ਸਾਜਸ਼ ਦਾ ਜੰਮਦੇ ਹੀ ਗਲਾ ਘੁਟ ਦਿਤਾ।

## ਸ਼ਾਹਜ਼ਾਦਾ ਦਾਨਿਆਲ ਦੀ ਮੌਤ ੧੬੦੫

ਠੀਕ ਇਸੇ ਸਮੇਂ ਇਕ ਦੁਖਦਾਈ ਘਟਨਾ ਵਾਪਰੀ ਜਿਸ ਨਾਲ ਸ਼ਹਿਨਸ਼ਾਹ ਅਕਬਰ ਗਮ ਤੇ ਦੁਖ ਥਲੇ ਦਬਿਆ ਗਿਆ। ਇਹ ਘਟਣਾ ਸੀ ਸ਼ਾਹਜ਼ਾਦਾ ਦਾਨਿਆਲ ਦੀ ਮੌਤ; ਜੋ ੫ ਅਪ੍ਰੈਲ ੧੬੦੫ ਈ: ਨੂੰ ਅਧਿਕ ਸ਼ਰਾਬ ਪੀ ਜਾਣ ਦੇ ਕਾਰਨ ਬੁਰਹਾਨ ਪੁਰ ਦੇ ਸ਼ਹਿਰ ਵਿਚ ਹੋਈ।

## ਅਕਬਰ ਦੇ ਅੰਤਮ ਦਿਨ

ਬਾਦਸ਼ਾਹ ਨੇ ਇਹ ਲਿਖ ਕੇ ਕਿ ਉਸ ਦੇ ਅੰਤਮ ਦਿਨ ਆ ਪੁਜੇ ਹਨ, ਆਪਣੇ ਸਭ ਅਮੀਰਾਂ ਵਜ਼ੀਰਾਂ ਤੇ ਦਰਬਾਰੀਆਂ ਨੂੰ ਆਪਣੇ ਮੌਤ ਬਿਸਤਰੇ ਤੇ ਬੁਲਾਇਆ। ਜਦ ਸਾਰੇ ਉਮਰਾ ਉਸ ਦੇ ਪਲੰਘ ਦੁਆਲੇ ਆਕੇ ਬੈਠ ਗਏ ਤਾਂ ਉਸ ਨੇ ਸਭ ਨੂੰ ਸੰਬੋਧਨ ਕਰਕੇ ਭਾਸ਼ਨ ਦਿਤਾ। ਸਾਰਿਆਂ ਵਲ ਨਜ਼ਰ ਮਾਰਕੇ ਅਕਬਰ ਆਖਣ ਲਗਾ ਕਿ ਜੋ ਭੁਲ ਉਸ ਪਾਸੋਂ ਹੋ ਗਈ ਹੋਵੇ ਉਹ ਸਭ ਉਸ ਨੂੰ ਖਿਮਾ ਕਰ ਦੇਣ। ਫੇਰ ਉਸ ਨੇ ਇਸ਼ਾਰਾ ਕੀਤਾ ਕਿ ਉਸਦੇ ਬੇਟੇ ਸਲੀਮ ਨੂੰ ਪਗ ਬਨ੍ਹਾਈ ਤੇ ਉਹ ਸ਼ਾਹੀ ਪੁਸ਼ਾਕ ਪੁਵਾਈ ਜਾਏ ਜੋ ਵਿਸ਼ੇਸ਼ ਕਰਕੇ ਉਹਦੇ ਲਈ ਤਿਆਰ ਕਰਵਾਈ ਗਈ ਸੀ ਤੇ ਉਸਦੀ ਕਮਰ ਨਾਲ ਉਹ ਤੇਗ ਸਜਾਈ ਜਾਏ ਜੋ ਅਕਬਰ ਨੂੰ ਬਹੁਤ ਪਿਆਰੀ ਸੀ। ਅਕਬਰ ਨੇ ਆਪਣੇ ਬੇਟੇ ਪਾਸ ਬੇਨਤੀ ਕੀਤੀ ਕਿ ਉਹ ਸ਼ਾਹੀ ਖਾਨਦਾਨ ਦੀਆਂ ਬੇਗਮਾਂ ਨਾਲ ਹਮਦਰਦੀ ਤੇ ਦਯਾ ਭਰਪੂਰ ਵਰਤਾਵ ਕਰੇ ਅਤੇ ਆਪਣੇ ਪੁਰਾਣੇ ਮਿਤਰਾਂ ਤੇ ਮਾਤਹਿਤਾਂ ਵਲੋਂ ਕਦ ਗਾਫਲ ਨ ਹੋਵੇ ਤੇ ਨਾ ਹੀ ਉਹਨਾਂ ਨੂੰ ਪਿਠ ਦੇਵੇ। ਸਭ ਦਰਬਾਰੀਆਂ ਨੇ ਆਪਣੇ ਮਰ ਰਹੇ ਸ਼ਹਿਨਸ਼ਾਹ ਨੂੰ ਫਰਜੀ ਸਲਾਮ ਕੀਤੀ। ਮਰ ਰਹੇ ਬਾਦਸਾਹ ਨੇ ਵੀ ਝੁਕ ਕੇ ਸਭ ਨੂੰ ਸਲਾਮ ਦਾ ਉਤਰ ਦਿਤਾ।

## ਅਕਬਰ ਦੀ ਮੌਤ ੧੬੦੫

ਇਸ ਦੇ ਮਗਰੋਂ ਮੌਲਾਣੇ ਸਦੇ ਗਏ। ਬਾਦਸ਼ਾਹ ਨੇ ਕਲਮਾਂ ਪੜ੍ਹਿਆ, ਆਪਣੀਆਂ ਅਖਾਂ ਮੀਟ ਲਈਆਂ ਅਤੇ ਈਮਾਨਦਾਰ ਮੁਸਲਮਾਨ ਦੀ ਮੌਤ ਮਰਿਆ। ਇਹ ਘਟਣਾ ੧੩ ਅਕਤੂਬਰ ੧੬੦੫ ਈਸਵੀ ਨੂੰ ਹੋਈ। ਅਕਬਰ ਨੇ ੫੧ ਬਰਸ ਅਤੇ ਕੁਛ ਮਹੀਨੇ ਰਾਜ ਕੀਤਾ। ਸ਼ਬਦ "ਫੌਤ ਅਕਬਰ ਸ਼ਾਹ" ਵੀ ਉਸ ਦੀ ਮੌਤ ਦੀ ਤਾਰੀਖ ਨੂੰ ਹੀ ਪਰਗਟ ਕਰਦੇ ਹਨ।

## ਉਸ ਦਾ ਮਕਬਰਾ

ਅਕਬਰ ਦਾ ਮਿਰਤ ਸਰੀਰ ਆਗਰੇ ਦੇ ਪਾਸ ਸਕੰਦਰਾ ਵਿਚ ਦਫਨਾਇਆ ਗਿਆ ਜਿਥੇ ਉਸ ਦੀ ਯਾਦ ਵਿਚ ਉਸ ਦੀ ਮੌਤ ਤੋਂ ਕੁਛ ਚਿਰ ਪਹਿਲੇ ਹੀ ਸ਼ਾਨਦਾਰ ਮਕਬਰਾ ਉਸਾਰ ਲਿਆ ਗਿਆ ਸੀ।

## ਅਕਬਰ ਦਾ ਚਲਨ

ਅਕਬਰ ਮਲਕਾ ਅਲਿਜ਼ਬਥ ਦਾ ਸਮਕਾਲੀ ਸੀ ਅਤੇ ਉਸੇ ਵਾਂਗ ਕੁਦਰਤ ਨੇ ਉਸ ਨੂੰ ਦਾਨਸ਼ਵੰਦ ਤੇ ਦੂਰ ਦਰਸ਼ਤਾ ਦੇ ਗੁਣਾਂ ਨਾਲ ਮਾਲਾ ਮਾਲ ਕਰ ਰਖਿਆ ਸੀ। ਇਹਨਾਂ ਗੁਣਾਂ ਕਰ ਕੇ ਹੀ ਉਸ ਨੇ ਸਯੋਗ ਨੀਤੀਵਾਨ ਆਪਣੇ ਇਰਦ ਗਿਰਦ ਇਕਤਰ ਕਰ ਲਏ ਸਨ। ਉਸ ਦੇ ਜੀਵਨ ਦੇ ਵਡੇ ਵਡੇ ਕੰਮ ਉਸ ਬੋਧੀ ਮਹਾਰਾਜੇ ਅਸ਼ੋਕ ਨਾਲ ਮਿਲਦੇ ਜੁਲਦੇ ਸਨ ਜਿਸ ਨੇ ਅਕਬਰ ਤੋਂ ੧੯ ਸਦੀ ਪਹਿਲੇ ਭਾਰਤ ਉਤੇ ਰਾਜ ਕੀਤਾ ਸੀ। ਅਕਬਰ ਜਮਾਂਦਰੂ ਨੀਤੀਵਾਨ ਤੇ ਯੋਧਾ ਸੀ। ਉਸ ਨੇ ਕਿਸੇ ਕਿਸਮ ਦੀ ਵਿਦਿਆ ਪਰਾਪਤ ਨਹੀਂ ਸੀ ਕੀਤੀ। ਇਥੋਂ ਤੀਕ ਕਿ ਉਹ ਲਿਖਣਾ ਪੜ੍ਹਨਾ ਵੀ ਨਹੀਂ ਸੀ ਜਾਣਦਾ। ਪਰ ਇਸ ਗਲ ਦੇ ਬਾਵਜੂਦ ਉਸ ਨੇ ਆਪਣੇ ਦਿਲ ਵਿਚ ਇਤਿਹਾਸਾਂ ਦਾ ਵਿਚਾਰ ਕੀਤਾ ਸੀ ਅਤੇ ਉਸ ਦੇ ਫਲਸਫੀ ਦਿਲ ਵਿਚ ਮਹਾਨ ਵਡੇ ਖਿਆਲਾਂ ਦੇ ਨਕਸ਼ ਉਕਰੇ ਹੋਏ ਸਨ। ਉਸ ਦੀ ਸਿਮਰਨ ਸ਼ਕਤੀ ਦੂਰ ਦਰਸ਼ਤਾ ਤੇ ਇਨਸਾਫ ਪਸੰਦੀ ਕਮਾਲ ਦੀ ਸੀ। ਉਹ ਜਾਤਾਂ ਤੇ ਨਸਲਾਂ ਦੇ ਵਿਤਕਰੇ ਤੋਂ ਬਹੁਤ ਉਚਾ ਸੀ, ਉਹ ਰਾਜਪੂਤ ਤੇ ਮੁਸਲਮਾਨਾਂ ਨੂੰ ਸ਼ਾਹੀ ਮਾਲਾ ਦੀ ਇਕੋ ਲੜੀ ਵਿਚ ਪਰੋ ਦੇਣਾ ਚਾਹੁੰਦਾ ਸੀ। ਰਾਜਪੂਤ ਰਾਜਿਆਂ ਦੀਆਂ ਰਾਜ ਕੁਮਾਰੀਆਂ ਨਾਲ ਵਿਆਹ ਸ਼ਾਦੀਆਂ ਕਰਨ ਤੋਂ ਉਸ ਦੀ ਪਾਲੀਸੀ ਇਹ ਸੀ ਕਿ ਉਸ ਮਜ਼ਬੂਤ ਰਾਜਪੂਤ ਜਥੇਬੰਦੀ ਨੂੰ ਖਤਮ ਕੀਤਾ ਜਾਏ ਜੋ ਵੀਹ ਸਦੀਆਂ ਤੋਂ ਚਲੀ ਆ ਰਹੀ ਸੀ। ਉਹ ਚਾਹੁੰਦਾ ਸੀ ਕਿ ਹਿੰਦੂਆਂ ਤੇ ਮਸਲਮਾਨਾਂ ਨੂੰ ਵਿਆਹ ਸ਼ਾਦੀਆਂ ਦੇ ਬੰਧਣ ਵਿਚ ਬੰਨ੍ਹ ਕੇ ਰਾਜਸੀ ਪ੍ਰਬੰਧ ਨੂੰ ਪਕਤਾ ਕਰ ਲਿਆ ਜਾਏ। ਏਸੇ ਲਈ ਹੀ ਉਸ ਨੇ ਜੈ ਪੁਰ, ਜੋਧ ਪੁਰ ਅਤੇ ਬੀਕਾਨੇਰ ਦੇ ਮਹਾਰਾਜਿਆਂ ਦੀਆਂ ਰਾਜਕੁਮਾਰੀਆਂ ਨਾਲ ਵਿਆਹ ਰਚਾਏ, ਉਹ ਆਪਣੀਆਂ ਹਿੰਦੂ ਬੇਗਮਾਂ (ਰਾਣੀਆਂ) ਦੀ ਬੜੀ ਖਾਤਰ ਦਾਰੀ ਕਰਦਾ ਸੀ, ਉਹਨਾਂ ਦੀ ਖਾਤਰ ਹੀ ਉਹ ਆਪ ਬਰਾਹਮਣਾਂ ਦੀ ਪੂਜਾ ਪਾਠ ਤੇ ਯਗਾਂ ਵਿਚ ਵੀ ਸ਼ਾਮਲ ਹੁੰਦਾ ਸੀ।

## ਉਸ ਦੀ ਜ਼ਾਤ

ਉਹ ਨਖਸ਼ਿਖ ਦਾ ਬੜਾ ਸੁਹਣਾ ਤੇ ਮਿਲਨਸਾਰ ਦਰਮਿਆਨੇ ਕਦ ਤੇ ਮਜ਼ਬੂਤ ਸਰੀਰ ਦਾ ਮਨੁਖ ਸੀ। ਉਸ ਦਾ ਰੰਗ ਕਣਕ ਭਿੰਨਾ ਅਖਾਂ ਕਾਲੀਆਂ ਕਾਲੀਆ ਤੇ ਭਰਵੱਟੇ ਤੀਰ ਕਮਾਨ ਵਰਗੇ ਸਨ। ਉਸ ਦਾ ਮਥਾ ਬੜਾ ਚੌੜਾ ਸੀ। ਉਸ ਵਿਚ ਵਸ਼ੇਸ਼ ਪਰਕਾਰ ਦੀ ਸ਼ਕਤੀ ਤੇ ਬਲ ਸੀ ਜੋ ਉਸ ਦੀ ਚੌੜੀ ਚਪਟੀ ਛਾਤੀ ਤੇ ਲੰਮੀਆਂ ਲੰਮੀਆਂ ਬਾਹਾਂ ਦੇ ਕਾਰਨ ਸੀ। ਉਸ ਦੇ ਨਕ ਦੇ ਖਬੇ ਪਾਸੇ ਵਲ ਇਕ ਵਡਾ ਸਾਰਾ ਮਟਰ ਦੇ ਦਾਣੇ ਜਿੱਡਾ ਮੌਹਕਾ ਸੀ ਇਹ ਮੌਹਕਾ ਬੜੀ ਖੁਸ਼ ਕਿਸਮਤੀ ਤੇ ਭਾਗਾਂ ਦਾ ਚਿਨ੍ਹ ਸਮਝਿਆ ਜਾਂਦਾ ਸੀ। ਉਸ ਦੀ ਆਵਾਜ਼ ਬੜੀ ਉਚੀ ਭਰਵੀਂ ਮਿਠੀ ਤੇ ਰੋਹਬਦਾਰ ਸੀ। ਉਸ ਦਾ ਵਰਤੋਂ ਵਿਹਾਰ ਦਿਲ ਖਿਚਵਾਂ ਅਤੇ ਚਿਹਰਾ ਚਕਰ ਸ਼ਾਨਦਾਰ ਸਨ। ਉਹ ਬੜਾ ਦਲੇਰ ਤੇ ਨਿਡਰ ਸੀ। ਉਹ ਛੋਟੀ ਉਮਰ ਦਾ ਹੀ ਸੀ ਜਦ ਉਸ ਨੇ ਆਪਣੀ ਵਸ਼ੇਸ਼ ਵਡਿਆਈ ਦੇ ਕਈ ਕਾਰਨਾਮੇ ਕਰ ਵਿਖਾਏ। ਖੇਲਾਂ ਵਿਚ ਵੀ ਉਸ ਨੇ ਆਪਣੀ ਵਸ਼ਿਸ਼ਤਾਈ ਦਾ ਸਬੂਤ ਦਿਤਾ ਸੀ। ਸ਼ੇਰਾਂ ਅਤੇ ਜੰਗਲੀ ਜਾਨਵਰਾਂ ਨਾਲ ਟਾਕਰੇ ਸਮੇਂ ਅਤੇ ਘੋੜੇ ਤੇ ਹਾਥੀਆਂ ਨਾਲ ਮਨ ਪਰਚਾਵੇ ਸਮੇਂ ਉਸ ਨੇ ਜਿਸ ਬਹਾਦਰੀ ਦਾ ਸਬੂਤ ਦਿਤਾ ਉਹ ਉਸ ਦੀ ਉਚੀ ਕਿਸਮ ਦੀ ਸ਼ਕਤੀ ਤੇ ਤਾਕਤ ਦਾ ਸਬੂਤ ਸੀ। ਉਹ ਮਰਦਾਨਾ ਖੇਲਾਂ ਵਿਚ ਬੜੀ ਦਿਲਚਸਪੀ ਲੈਂਦਾ ਅਤੇ ੩੦ ਜਾਂ ੪੦ ਮੀਲ ਦਾ ਪੈਂਡਾ ਪੈਦਲ ਮੁਕਾ ਲੈਂਦਾ ਸੀ। ਘੋੜੇ ਉਤੇ ਤੇ ਉਹ ਇਕ ਦਿਨ ਵਿਚ ਸੌ ਸੌ ਮੀਲ ਤੀਕ ਦਾ ਸਫਰ ਮੁਕਾ ਲੈਂਦਾ। ਇਕ ਅਵਸਰ ਉਤੇ ਤੇ ਉਹਨੇ ਅਜਮੇਰ ਤੋਂ ਆਗਰੇ ਤੀਕ ਦਾ ੨੨੦ ਮੀਲ ਦਾ ਸਫਰ ਦੋ ਦਿਨਾਂ ਦੇ ਅੰਦਰ ਮੁਕਾਇਆ ਸੀ। ਉਹ ਕਮਾਲ ਦਾ ਨਿਸ਼ਾਨੇ ਬਾਜ਼ ਸੀ। ਉਹਦੇ ਪਾਸ ਉਹਦੀ ਮਨ

Sri Satguru Jagjit Singh Ji eLibrary NamdhariElibrary@gmail.com

ਦੀ ਖਲ ਛੇਤੀ ਸੁਕ ਗਈ ਤੇ ਉਹ ਮਰ ਗਿਆ। ਅਬਦੁਲ ਅਜ਼ੀਜ਼ ਜਿਸ ਨੂੰ ਗਧੇ ਦੀ ਖਲ ਵਿਚ ਸੀਤਾ ਗਿਆ ਸੀ, ਛੇਵ ਦਿਨ ਤੀਕ ਜੀਉਂਦਾ ਰਿਹਾ ਤੇ ਇਸ ਦੇ ਪਿਛੋਂ ਮਰ ਗਿਆ।

## ਸੇਵਾ ਦਾ ਮੇਵਾ

ਸ਼ੇਖ ਫਰੀਦ ਨੂੰ ਉਸ ਦੀ ਚੰਗੀ ਸੇਵਾ ਬਦਲੇ ਮੁਰਤਜ਼ਾ ਖ਼ਾਂ ਦਾ ਖਤਾਬ ਮਿਲਿਆ ਅਤੇ ਜਨਾਬ ਦੇ ਉਹਨਾਂ ਜਿਮੀਂਦਾਰਾਂ ਨੂੰ ਜਿਨ੍ਹਾਂ ਨੇ ਸ਼ਾਹਜ਼ਾਦੇ ਦੀ ਗ੍ਰਿਫਤਾਰੀ ਵਿਚ ਸਹਾਇਤਾ ਦਿਤੀ,ਇਨਾਮ ਵਜੋਂ ਜਾਗੀਰਾਂ ਬਖਸ਼ੀਆਂ ਗਈਆਂ। ਇਹਨਾਂ ਸਭਨਾਂ ਵਿਚੋਂ ਲੋਧਰਾਂ ਦੇ ਕਮਾਲ ਚੌਧਰੀ ਦਾ ਜਵਾਈ ਕਲਨ ਚੰਗਾ ਰਿਹਾ ਜਿਸ ਉਤੇ ਬਾਦਸ਼ਾਹ ਦੀ ਵਿਸ਼ੇਸ਼ ਕਿਰਪਾ ਹੋਈ। ਸ਼ਹਿਨਸ਼ਾਹ ਜਹਾਂਗੀਰ ਮਿਰਜ਼ਾ ਕਾਮਰਾਨ ਦੇ ਬਾਗ ਵਿਚ ਪਹਿਲੀ ਜ਼ੀਲ ਹਿਜ਼ ਤੋਂ ਨਾਵੀਂ ਮੁਹਰਮ ੧੦੧੫ (ਮੁਤਾਬਕ ੧੬੦੭ ਈ:) ਤੀਕ ਮੌਸਮ ਦੀ ਖਰਾਬੀ ਕਰਕੇ ਠਹਿਰਿਆ ਰਿਹਾ।

## ਜ਼ੁਲਮ ਦੀ ਭਿਆਨਕ ਝਾਕੀ ਦਾ ਵਰਣਨ

ਸ਼ਾਹੀ ਇਤਿਹਾਸ ਕਾਰ ਲਿਖਦਾ ਹੈ —"ਨੌਵੀਂ ਮੁਹਰਮ ਨੂੰ ਮੈਂ ਲਾਹੌਰ ਦੇ ਕਿਲੇ ਵਿਚ ਦਾਖਲ ਹੋਇਆ ਜਿਥੇ ਮੈਂ ਆਪਣੇ ਪਿਤਾ ਦੇ ਬਣਾਏ ਗਏ ਵਡੇ ਬੁਰਜ ਦੇ ਉਪਰਲੇ ਸ਼ਾਹੀ ਮਹਲ ਵਿਚ ਡੇਰਾ ਲਾਇਆ। ਇਹ ਉਹ ਥਾਂ ਸੀ ਜਿਥੇ ਹਾਥੀਆਂ ਦੀ ਲੜਾਈ ਦਾ ਨਜ਼ਾਰਾ ਦੇਖਿਆ ਜਾਂਦਾ ਸੀ। ਇਸ ਅਸਥਾਨ ਉਤੇ ਬੈਠ ਕੇ ਮੈਂ ਹੁਕਮ ਦਿਤਾ ਕਿ ਮਿਰਜ਼ਾ ਕਾਮਰਾਨ ਦੇ ਬਾਗ ਤੋਂ ਲੈ ਕੇ ਲਾਹੌਰ ਦੇ ਦਰਵਾਜ਼ਿਆਂ ਤੀਕ ਤੇਜ਼ ਨੋਕਦਾਰ ਸੂਲੀਆਂ ਦੀ ਦੂਹਰੀ ਕਤਾਰ ਗਡੀ ਜਾਏ। ਫੇਰ ਜਿਨ੍ਹਾਂ ੭੦੦ ਬਾਗੀਆਂ ਨੇ ਮੇਰੇ ਹੁਕਮ ਦੇ ਵਿਰੁਧ ਖੁਸਰੋ ਨੂੰ ਸਹਾਇਤਾ ਦਿਤੀ ਸੀ ਮੈਂ ਉਹਨਾਂ ਨੂੰ ਜੀਉਂਦੇ ਇਹਨਾ ਫਾਸੀਆਂ ਉਤੇ ਟੰਗੇ ਜਾਣ ਦਾ ਹੁਕਮ ਦੇ ਦਿਤਾ। ਇਸ ਤੋਂ ਵਧੀਕ ਇਬਰਤਨਾਕ ਸਜ਼ਾ ਹੋਰ ਕੋਈ ਨਹੀਂ ਸੀ ਹੋ ਸਕਦੀ ਕਿਉਂਕਿ ਇਹ ਮੰਦਭਾਗੇ ਲੋਕ ਮਰਨ ਤੋਂ ਪਹਿਲੇ ਢੇਰ ਚਿਰ ਤੀਕ ਦੁਖ ਤੇ ਕਸ਼ਟ ਨਾਲ ਚਿਚਲਾਉਂਦੇ ਰਹੇ। ਇਹਨਾਂ ਦੀ ਜਾਨ ਕੁਨੀ ਦਾ ਕਸ਼ਟ ਬੜਾ ਡਰਾਉਣਾ ਤੇ ਭਿਆਨਕ ਨਜ਼ਾਰਾ ਪੇਸ਼ ਕਰਦਾ ਸੀ। "ਇਸ ਘਿਣਾਉਣੇ ਨਿਜ਼ਾਰੇ ਵਿਚਾਲੇ ਕੰਦਖਤ ਸ਼ਾਹਜ਼ਾਦੇ ਨੂੰ ਹਾਥੀ ਉਤੇ ਸਵਾਰ ਕਰਕੇ ਫਰਾਇਆ ਗਿਆ ਤਾਂ ਜੁ ਉਹ ਆਪਣੀਆਂ ਅਖਾਂ ਨਾਲ ਇਹਨਾਂ ਮਜ਼ਲੂਮਾਂ ਦੀ ਮਕਰੂਹ ਤੇ ਡਰਾਉਣੀ ਝਾਕੀ ਤੇ ਇਹਨਾਂ ਦੇ ਕਸ਼ਟ ਭਰਪੂਰ ਹਾੜੇ ਤੇ ਚੀਕਾਂ ਅਖੀਂ ਦੇਖ ਤੇ ਕਨੀਂ ਸੁਣ ਲਏ। ਜੁ ਉਹਦੇ ਬਾਪ ਦੇ ਇੰਤਕਾਮ ਦੇ ਕਹਿਰ ਦਾ ਸ਼ਿਕਾਰ ਹੋਏ ਸਨ। ਖੁਸਰੋ ਦੀ ਮਾਤਾ ਆਪਣੇ ਬੇਟੇ ਦੇ ਦੁਖੀ ਤੇ ਕਸ਼ਟਾਂ ਨੂੰ ਜੀਉਂਦੇ ਰਹਿਕੇ ਵੇਖਣ ਤੋਂ ਪਹਿਲੇ ਹੀ ਜ਼ਹਿਰ ਖਾ ਕੇ ਮਰ ਗਈ।

## ਪੰਜਵੇਂ() ਸਿਖ ਗੁਰੂ ਅਰਜਨ ਮਲ ਨੂੰ ਸਜ਼ਾ

ਪ੍ਰਸਿਧ ਗੁਰੂ ਅਰਜਨ ਮਲ, ਪੰਜਵੇਂ ਸਿਖ ਗੁਰੂ ਅਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗ੍ਰਹਿ ਕਰਤਾ ਵਿਰੁਧ ਬਾਗੀ ਸ਼ਾਹਜ਼ਾਦਾ ਖੁਸਰੋ ਨੂੰ ਆਤਮਕ ਸਹਾਇਤਾ ਦੇਣ ਦਾ ਦੋਸ਼ ਲਾਇਆ ਗਿਆ ਸੀ। ਉਸ ਨੂੰ (ਗੁਰੂ ਜੀ ਨੂੰ) ਕੈਦ ਵਿਚ ਪਾ ਦਿਤਾ ਅਤੇ ਉਸ ਦੀ ਮੌਤ (ਸ਼ਹੀਦੀ) ਉਨ੍ਹਾਂ ਜ਼ੁਲਮਾਂ ਨਾਲ ਹੋਈ, ਜਿਨ੍ਹਾਂ ਦਾ ਸ਼ਿਕਾਰ ਉਨ੍ਹਾਂ ਨੂੰ ਬਣਾਇਆ ਗਿਆ ਇਸ ਸੰਬੰਧੀ ਰਵਾਇਤ ਇਹ ਹੈ ਕਿ ਗੁਰੂ ਜੀ ਜਦ ਅਸ਼ਨਾਨ ਕਰਨ ਲਈ ਪਾਣੀ ਵਿਚ ਉਤਰੇ ਦਤ ਉਹ ਦਰਿਆ ਰਾਵੀ ਵਿਚ ਹੀ ਅਲੋਪ ਹੋ ਗਏ ਤੇ ਮੁੜ ਬਾਹਰ ਨਾ ਨਿਕਲੇ। ਸਿਖ ਉਹਨਾਂ ਨੂੰ ਪਹਿਲਾ ਸ਼ਹੀਦ ਗੁਰੂ ਮੰਨਦੇ ਹਨ। ਉਹਨਾਂ ਦੀ ਮੌਤ (ਸ਼ਹੀਦੀ) ਨੇ ਸਿਖਾਂ ਨੂੰ ਅਮਨ ਪਸੰਦ ਕੌਮ ਤੋਂ ਜੰਗਜੂ ਕੌਮ ਬਣਾ ਦਿਤਾ।

## ਸ਼ਹਿਨਸ਼ਾਹ ਦਾ ਕਾਬਲ ਨੂੰ ਕੂਚ

ਲਾਹੌਰ ਵਿਚ ਸ਼ਹਿਨਸ਼ਾਹ ਨੂੰ ਖੁਫੀਆ ਰਪੋਰਟ ਪੁਜੀ ਕਿ ਕਾਬਲ ਬਾਸ਼ੀਆਂ ਨੇ ਕੰਧਾਰ ਦਾ ਘੇਰਾ ਘਤ ਲਿਆ ਹੈ। ਇਸ ਲਈ ਉਹਨੇ ਗਾਜ਼ੀ ਬੇਗ ਖਾਂ ਦੀ ਕਮਾਨ ਹੇਠ ਇਕ ਫੌਜ ਕਾਬਲ ਵਲ ਰਵਾਨਾ ਕੀਤੀ। ਇਸ ਫੌਜ ਦੀ ਰਵਾਨਗੀ ਤੋਂ ਥੋੜਾ ਸਮਾ ਪਿਛੋਂ ਸ਼ਹਿਨਸ਼ਾਹ,ਖਿਲਜ ਖਾਂ, ਮੀਰ ਸਦਰ ਜਹਾਨ ਅਤੇ ਮੀਰ ਸ਼ਰੀਫ ਆਮਲੀ ਨੂੰ ਲਾਹੌਰ ਦਾ ਰਾਜ ਪ੍ਰਬੰਧ ਸੌਂਪ ਕੇ ਖੁਦ ਕਾਬਲ ਵਲ ਰਵਾਨਾ ਹੋਇਆ। ਦਰਿਆ ਰਾਵੀ ਪਾਰ ਕਰਕੇ ਉਹ ਦਿਲਾਮੇਜ਼ ਦੇ ਬਾਗ ਵਿਚ ਉਤਰਿਆ ਅਤੇ ਓਥੇ ਚਾਰ ਦਿਨ ਤੀਕ ਪੜਾ ਕੀਤਾ। ਸ਼ਹਿਨਸ਼ਾਹ ਆਪਣੀ ਤੋਜ਼ਕ ਜਹਾਂਗੀਰੀ ਵਿਚ ਲਿਖਦਾ ਹੈ—"ਪੰਜਵੇਂ ਦਿਨ ਮੈਂ ਬਾਗ ਤੋਂ ਪਿੰਡ ਹਰੀ ਪੁਰ ਵਲ ਕੂਚ ਕਿਤਾ ਜੋ ਕਿ ਸ਼ਹਿਰ ਤੋਂ ਸਾਢੇ ਤਿੰਨ ਕੋਹ ਦੇ ਫਾਸਲੇ ਉਤੇ ਹੈ। ਮੰਗਲ ਵਾਰ ਨੂੰ ਮੇਰੀ ਸ਼ਿਕਾਰ ਗਾਹ ਜਹਾਂਗੀਰ ਪੁਰ ਵਿਚ ਝੰਡੇ ਲਹਿਰਾਏ ਗਏ। ਇਸ ਪਿੰਡ ਦੇ ਪਾਸ ਹੀ ਮੈਂ ਆਪਣੇ ਰਾਜੀ ਨਾਮ ਵਾਲੇ ਬਾਰਾਂ ਸਿੰਗੇ ਦੀ ਕਬਰ ਉਤੇ ਇਕ ਮੀਨਾਰ ਖੜਾ ਕੀਤਾ। ਇਹ ਸਿੰਗਾਂ ਵਾਲਾ ਹਿਰਨ ਮੇਰਾ ਸਭ ਤੋਂ ਚੰਗਾ ਲੜਾਕਾ ਜਾਨਵਰ ਅਤੇ ਜੰਗਲੀ ਜਾਨਵਰਾਂ ਲਈ ਬਿਹਤਰੀਨ ਬੁਲਾਰਾ (ਧਖ ਨਾਲ ਫਸਾਉਣ ਵਾਲਾ) ਸੀ।

## ਮਹਿਬੂਬ ਬਾਰਾਂ ਸਿੰਗਾ

ਇਸ ਮੁਨਾਰੇ ਨਾਲ ਜੋ ਸੰਗ ਮਰਮਰ ਦਾ ਪਥਰ ਲਾਇਆ ਗਿਆ ਉਸ ਉਪਰ ਮੁੱਲਾ ਮੁਹੰਮਦ ਹੁਸੈਨ ਕਸ਼ਮੀਰੀ ਕਾਤਬ ਦੀ ਲਿਖੀ ਹੋਈ ਹਠ ਲਿਖੀ ਲਿਖਤ ਦਰਜ ਹੈ :—

"ਇਸ ਸੁਹਣੇ ਅਸਥਾਨ ਤੇ ਸ਼ਹਿਨਸ਼ਾਹ ਨੂਰ ਉਦੀਨ ਮੁਹੰਮਦ ਜਹਾਂਗੀਰ ਨੇ ਇਕ ਬਾਰਾਂ ਸਿੰਗਾ ਫੜਿਆ ਜੋ ਇਕ ਮਹੀਨੇ ਅੰਦਰ ਅੰਦਰ ਸਿਖਿਅਤ ਹੋ ਗਿਆ ਅਤੇ ਸਾਰੇ ਸ਼ਾਹੀ ਬਾਰਾਂ ਸਿੰਗਿਆਂ ਤੋਂ ਚੰਗੇਰਾ ਮੰਨਿਆਂ ਗਿਆ" ਇਹ ਪਥਰ ਵੀ ਬਾਰਾ ਸਿੰਗੇ ਦੀ ਸ਼ਕਲ ਦਾ ਉਕਰਿਆ ਹੋਇਆ ਸੀ। ਇਸ ਜਾਨਵਰ ਦੀ ਯਾਦ ਵਿਚ ਮੈਂ ਇਸ ਜੰਗਲ ਵਿਚ ਬਾਰਾਂ ਸਿੰਗਿਆ ਦੇ ਸ਼ਿਕਾਰ ਦੀ ਹੀ ਮਨਾਹੀ ਕਰ ਦਿਤੀ ਮੰਗਲਵਾਰ ੧੪ ਜ਼ੀਲ ਹਿਜ ਨੂੰ ਅਸਾਂ ਪਰਗਨਾ ਚਾਂਦ ਵਾਲਾ ਵਿਚ ਡੇਰਾ ਕੀਤਾ ਅਤੇ ਛਨਿਚਰ ਵਾਰ ਨੂੰ ਅਸੀਂ ਹਾਫਜ਼ ਬਾਦ ਪਹੁੰਚੇ ਜਿਥੇ ਉਸ ਇਮਾਰਤ ਵਿਚ ਕਿਆਮ ਕੀਤਾ ਜੋ ਓਥੋਂ ਦੇ ਕਰੋੜੀ ਮੀਰ ਕਿਰਨਉਦੀਨ ਦੀ ਨਿਗਰਾਨੀ ਹੇਠ ਤਿਆਰ ਹੋਈ ਸੀ।' ੨੧ ਜ਼ੀਲ ਹਿਜ ਨੂੰ ਸਹਿਨਸ਼ਾਹ ਗੁਜਰਾਤ ਪੁਜ ਗਿਆ। ਜਿਸ ਸਮੇਂ ਸ਼ਹਿਨਸ਼ਾਹ ਅਕਬਰ ਕਸਮੀਰ ਵਲ ਕੂਚ ਕਰ ਰਿਹਾ ਸੀ ਉਸ ਨੇ ਦਰਿਆ ਦੇ ਦੂਜੇ ਪਾਸੇ ਕਿਲ੍ਹਾ ਬਣਵਾਇਆ, ਜਿਥੇ ਕਿ ਉਸ ਨੇ ਗੁਜਰਾਂ ਨੂੰ ਆਬਾਦ ਕੀਤਾ ਜੋ ਅਜੇ ਤੀਕ ਲੁਟ ਮਾਰ ਕਰ ਕੇ ਗੁਜ਼ਾਰਾ ਕਰਦੇ ਸਨ।

## ਗੁਜਰਾਤ ਦੀ ਨੀਂਹ

ਅੰਤ ਏਸੇ ਅਸਥਾਨ ਦਾ ਨਾਮ ਗੁਜਰਾਤ ਪੈ ਗਿਆ ਅਤੇ ਇਸ ਦਾ ਇਕ ਵਖਰਾ ਹੀ ਪਰਗਨਾ ਥਾਪ ਦਿਤਾ ਗਿਆ।

## ਕਿਲ੍ਹਾ ਰੁਹਤਾਸ ਦਾ ਸ਼ਾਹੀ ਬਿਅਨ

ਪਹਿਲੀ ਮੁਹੱਰਮ ਨੂੰ ਸਹਿਨਸ਼ਾਹ ਨੇ ਰੁਹਤਾਸ ਵਲ ਕੂਚ ਬੋਲਿਆ।

() ਏਥੇ ਸਯੱਦ ਮੁਹੰਮਦ ਲਤੀਫ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਪਣੀ ਪੁਸਤਕ ਵਿਚ ਚੌਥਾ ਸਿੱਖ ਗੁਰੂ ਕਰ ਕੇ ਲਿਖਿਆ ਹੈ, ਜੋ ਸਹੀ ਨਹੀਂ, ਕਿਉਂਕਿ ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਸਨ। ਜਿਸ ਕਰ ਕੇ ਅਸਾਂ ਚੌਥੇ ਦੀ ਥਾਂ ਪੰਜਵੇਂ ਗੁਰੂ ਲਿਖ ਦਿਤਾ ਹੈ— ਅਨੁਵਾਦਕ

Sri Satguru Jagjit Singh Ji eLibrary NamdhariElibrary@gmail.com

ਔਹਦਿਆਂ ਤੋਂ ਵੰਚਿਤ ਕਰ ਦਿਤਾ ਜਿਨ੍ਹਾਂ ਨੇ ਅਕਬਰ ਦੇ ਨਵੀਨ ਧਾਰਮਿਕ ਵਿਚਾਰਾਂ ਦੀ ਹਮਾਇਤ ਕੀਤੀ ਸੀ। ਉਸ ਨੇ ਮੁਸਲਮਾਨੀ ਸ਼ਰਾਹ ਨੂੰ ਪਹਿਲੇ ਵਾਂਗ ਹੀ ਮੁੜ ਬਹਾਲ ਕਰ ਦਿਤਾ। ਉਸ ਨੇ ਆਪਣੇ ਨਿਕਟ ਵਰਤੀ ਸਾਥੀ ਸ਼ਰੀਫ ਖਾਂ ਨੂੰ ਵਜ਼ੀਰ-ਆਜ਼ਮ ਅਤੇ ਸੈਦ ਖਾਂ ਮੁਗਲ ਨੂੰ ਪੰਜਾਬ ਦਾ ਵਾਇਸਰਾਏ ਨਿਯਤ ਕਰ ਦਿਤਾ।

## ਰਾਜ ਦੇ ਆਰੰਭ ਵਿਚ ਲੋਕ-ਭਲਾਈ ਦੇ ਕੰਮ

ਉਸ ਨੇ ਆਪਣੀ ਪਰਜਾ ਦੀ ਭਲਾਈ ਲਈ ਕਈ ਨਵੇਂ ਹੁਕਮ ਜਾਰੀ ਕੀਤੇ। ਉਸ ਨੇ ਤਮਗਾ ਅਤੇ ਮੀਰ ਬਹਿਰੀ ਨਾਮ ਦੇ ਟੈਕਸ (ਮਸੂਲ) ਮਨਸੂਖ ਕਰ ਦਿਤੇ। ਉਸ ਨੇ ਉਹਨਾਂ ਸੜਕਾਂ ਉਪਰ, ਜਿਥੇ ਡਾਕੇ ਚੋਰੀਆਂ ਹੁੰਦੀਆਂ ਸਨ, ਸਰਾਵਾਂ, ਖੂਹ ਅਤੇ ਮਸੀਤਾਂ ਬਣਵਾਈਆਂ। ਉਸ ਨੇ ਇਕ ਐਸਾ ਕਨੂੰਨ ਵੀ ਚਾਲੂ ਕੀਤਾ ਜਿਸ ਦੀ ਰੂ ਨਾਲ ਸੌਦਾਗਰਾਂ ਦੇ ਮਾਲ ਦੇ ਗਠ ਉਹਨਾਂ ਦੀ ਮਰਜ਼ੀ ਬਿਨਾਂ ਖੋਹਲਣ ਦੀ ਮਨਾਹੀ ਕੀਤੀ ਗਈ। ਉਸ ਨੇ ਇਹ ਹੁਕਮ ਵੀ ਜਾਰੀ ਕੀਤਾ ਕਿ ਕੋਈ ਸਿਪਾਹੀ ਜਾਂ ਸਰਕਾਰੀ ਮੁਲਾਜ਼ਮ ਪ੍ਰਾਈਵੇਟ ਘਰਾਂ ਵਿਚ ਰਿਹਾਇਸ਼ ਧਾਰਨ ਨਾ ਕਰੇ। ਹਰ ਕਿਸਮ ਦੀ ਨਸ਼ੀਲੀ ਸ਼ਰਾਬ ਆਦਕ ਦੀ ਵਰਤੋਂ, ਤਿਆਰੀ ਅਤੇ ਵਿਕਰੀ ਦੀ ਮਨਾਹੀ ਕੀਤੀ ਗਈ, ਹਾਲਾਂਕਿ ਜਹਾਂਗੀਰ ਆਪ ਸ਼ਰਾਬ ਪੀਣ ਲਈ ਐਨਾ ਬਦਨਾਮ ਸੀ। ਜਾਗੀਰਦਾਰ ਤੇ ਕਰਮਚਾਰੀਆਂ ਨੂੰ ਰਈਅਤ ਦੀਆਂ ਜ਼ਮੀਨਾਂ ਜਬਰਨ ਲੈਣ ਦੀ ਮਨਾਹੀ ਸੀ। ਉਹਨਾਂ ਨੂੰ ਲੋਕਾਂ ਨਾਲ ਬਿਨਾਂ ਸਰਕਾਰੀ ਆਗਿਆ ਦੇ ਰਿਸ਼ਤੇ-ਦਾਰੀਆਂ ਕਰਨ ਦੀ ਮਨਾਹੀ ਸੀ। ਉਸ ਨੇ ਵਡੇ ਵਡੇ ਸ਼ਹਿਰਾਂ ਵਿਚ ਦਵਾਈਖਾਨੇ ਬਣਾਏ ਅਤੇ ਉਹਨਾਂ ਵਿਚ ਹਕੀਮ ਨੀਯਤ ਕੀਤੇ ਜੋ ਲੋਕਾਂ ਦਾ ਇਲਾਜ ਮੁਫਤ ਕਰਦੇ। ਉਹਨਾਂ ਹਕੀਮਾਂ ਨੂੰ ਤਨਖਾਹਾਂ ਸਰਕਾਰੀ ਖਜ਼ਾਨੇ ਵਿਚੋਂ ਮਿਲਦੀਆਂ ਸਨ।

## ਕੋਰਨਸ਼ ਦੀ ਰਸਮ ਦੀ ਬਹਾਲੀ

ਅਕਬਰ ਵਾਂਗ ਉਸ ਨੇ ਕੁਛ ਜਾਨਵਰਾਂ ਦੀ ਕੁਰਬਾਨੀ ਨਿਯਤ ਦਿਨਾਂ ਤੇ ਬੰਦ ਕਰ ਦਿਤੀ। ਬਾਦਸ਼ਾਹ ਦੇ ਰੂਬਰੂ ਕੋਰਨਸ਼ ਦੀ ਪੁਰਾਤਨ ਤੈਮੂਰੀ ਰਸਮ ਉਹਨਾਂ ਲੋਕਾਂ ਲਈ ਮੁੜ ਜਾਰੀ ਕੀਤੀ ਗਈ ਜਿਹੜੇ ਬਾਦਸ਼ਾਹ ਦੇ ਹਜ਼ੂਰ ਪੇਸ਼ ਹੋਣਾ ਚਾਹੁੰਦੇ ਸਨ। ਆਪਣੇ ਬਾਪ ਵਾਂਗ ਬਾਦਸ਼ਾਹ ਹਰ ਰੋਜ਼ ਸਵੇਰੇ ਝਰੋਖੇ ਵਿਚ ਖੜੋ ਕੇ ਪਰਜਾ ਦੇ ਲੋਕਾਂ ਨੂੰ ਦਰਸ਼ਨ ਦੇਂਦਾ ਤੇ ਉਹਨਾਂ ਦੀਆਂ ਅਸੀਸਾਂ ਲੈਂਦਾ ਸੀ।

## ਇਨਸਾਫ ਦੀ ਜੰਜੀਰ

ਜਹਾਂਗੀਰ ਨੇ ਇਕ ਐਸਾ ਢੰਗ ਜਾਰੀ ਕੀਤਾ ਜਿਸ ਨਾਲ ਪਰਜਾ ਦੇ ਹਰ ਮਨੁਖ ਨੂੰ ਉਸ ਤੀਕ ਆਪਣੀ ਸ਼ਕਾਇਤ ਪੁਚਾਉਣ ਦਾ ਮੌਕਾ ਮਿਲ ਸਕਦਾ ਸੀ। ਕਿਲ੍ਹੇ ਦੀ ਕੰਧ ਨਾਲ ਇਕ ਸੋਨ ਦੀ ਜੰਜੀਰ ਲਾਈ ਗਈ ਜਿਸਦਾ ਦੂਜਾ ਸਿਰਾ ਦਰਿਆ ਦੇ ਕਿਨਾਰੇ ਇਕ ਥੰਮ ਨਾਲ ਬੰਨ੍ਹਿਆ ਗਿਆ। ਇਸ ਨੂੰ ਲੋਕ "ਇਨਸਾਫ ਦੀ ਜੰਜੀਰ" ਆਖਦੇ ਸਨ। ਇਹ ਜੰਜ਼ੀਰ ੩੦ ਗਜ ਲੰਮੀ ਸੀ ਤੇ ਇਸ ਉਤੇ ੬੦ ਸੁਨਹਿਰੀ ਫਲ ਲਾਏ ਗਏ ਸਨ ਜਿਨ੍ਹਾਂ ਦੀ ਆਵਾਜ਼ ਬਾਦਸ਼ਾਹ ਦੇ ਕਮਰੇ ਵਿਚ ਪੁਜਦੀ ਸੀ। ਹਰ ਇਕ ਮਜ਼ਲੂਮ ਇਸ ਚੇਨ ਨੂੰ ਹਿਲਾ ਕੇ ਬਾਦਸ਼ਾਹ ਤੀਕ ਆਪਣੀ ਫਰਿਆਦ ਪੁਚਾ ਸਕਦਾ ਸੀ। ਭਾਵੇਂ ਕਿੰਨਾ ਵੀ ਕੋਈ ਦੋਖੀ ਉਸ ਨੂੰ ਇਸ ਕੰਮ ਤੋਂ ਰੋਕਣਾਂ ਚਾਹੇ, ਫਰਿਆਦੀ ਨੂੰ ਉਹ ਰੋਕ ਨਹੀਂ ਸੀ ਸਕਦਾ।

## ਸ਼ਹਿਨਸ਼ਾਹ ਦੇ ਵਡੇ ਪੁਤਰ ਖੁਸਰੋ ਦੀ ਬਗਾਵਤ

ਜਹਾਂਗੀਰ ਦੇ ਤਖਤ ਉਤੇ ਬੈਠਣ ਦੇ ੬ ਮਹੀਨੇ ਮਗਰੋਂ ਸੰਨ ੧੬੦੬ ਈ. ਦੀ ਬਸੰਤ ਰੁਤ ਵਿਚ ਉਸ ਦੇ ਸਭ ਤੋਂ ਵਡੇ ਬੇਟੇ ਖੁਸਰੋ ਨੇ ਬਗਾਵਤ ਕਰ ਦਿਤੀ, ਬਗਾਵਤ ਮਗਰੋਂ ਬਾਗੀ ਸ਼ਾਹਜ਼ਾਦਾ ਪੰਜਾਬ ਵਲ ਨਸ ਗਿਆ ਜਿਥੇ ਉਸ ਨੇ ੧੦ ਹਜ਼ਾਰ ਤੋਂ ਵਧੀਕ ਜਵਾਨਾਂ ਦੀ ਫੌਜ ਵੀ ਭਰਤੀ ਕਰ ਲਈ।

## ਲਾਹੌਰ ਦਾ ਘੇਰਾ

ਬਾਗੀ ਸ਼ਾਹਜ਼ਾਦਾ ਜਿਧਰ ਜਾਂਦਾ ਲੁਟ ਮਾਰ ਕਰਦਾ ਜਾਂਦਾ। ਮਾਰੋ ਮਾਰ ਕਰਦਾ ਉਹ ਲਾਹੌਰ ਪੁਜਾ ਤੇ ਲਾਹੌਰ ਦਾ ਘੇਰਾ ਘਤ ਲਿਆ ਇਸ ਸ਼ਹਿਰ ਦੇ ਇਕ ਦਰਵਾਜ਼ੇ ਨੂੰ ਅਗ ਲਾ ਦਿਤੀ। ਸ਼ਾਹੀ ਕਰਮ-ਚਾਰੀਆਂ ਮਿਰਜ਼ਾ ਹੁਸੈਨ, ਦਿਲਾਵਰ ਬੇਗ ਖਾਂ, ਹੁਸੈਨ ਬੇਗ ; ਦੀਵਾਨ, ਨੂਰ ਉਦੀਨ ਕੁਲੀ ਕੁਤਵਾਲ ਨੇ ਸ਼ਹਿਰ ਨੂੰ ਬੜੀ ਬਹਾਦਰੀ ਨਾਲ ਬਚਾਇਆ ਅਤੇ ਉਹਨਾਂ ਮਘੋਰਿਆਂ ਦੀ ਮੁਰਮਤ ਵੀ ਕਰ ਲਈ ਜੋ ਘੇਰਾ ਘਤਨ ਵਾਲੀ ਫੌਜ ਨੇ ਸ਼ਹਿਰ ਦੀਆਂ ਕੰਧਾਂ ਵਿਚ ਕਰ ਲਏ ਸਨ। ਸਯਦ ਖਾਂ, ਜਿਸ ਨੂੰ ਕਸ਼ਮੀਰ ਦਾ ਡਿਪਟੀ ਬਣਾ ਕੇ ਭਜਿਆ ਗਿਆ ਸੀ ਜਦ ਉਸ ਨੇ ਲਾਹੌਰ ਦੇ ਘੇਰੇ ਦੀ ਖਬਰ ਸੁਣੀ ਤਦ ਉਹ ਆਪਣੀ ਫੌਜ ਸਮੇਤ ਚਨਾਬ ਤੋਂ ਹੀ ਵਾਪਸ ਮੁੜ ਆਇਆ ਅਤੇ ਕਿਲ੍ਹੇ ਵਿਚਲੀਆਂ ਸ਼ਾਹੀ ਫੌਜਾਂ ਨਾਲ ਆਣ ਸ਼ਾਮਲ ਹੋਇਆ। ਏਨੇ ਚਿਰ ਨੂੰ ਜਹਾਂਗੀਰ ਨੇ ਵੀ ਲਾਹੌਰ ਵਲ ਕੂਚ ਬੋਲ ਦਿਤਾ। ਸ਼ਾਹੀ ਫੌਜ ਦਾ ਹਰਾਵਲ ਦਸਤਾ ਸ਼ੇਖ ਫਰੀਦ ਬੁਖਾਰੀ ਦੀ ਕਮਾਨ ਹਠ ਸ਼ਹਿਰ ਦੇ ਨੇੜ ਪੁਜਾ ਤਦ ਖੁਸਰੋ ਨੇ ਵੀ ਆਪਣੀ ਫੌਜ ਨੂੰ ਲੜਾਈ ਲਈ ਜਥਬੰਦ ਕਰ ਲਿਆ। ਦੋਵਾਂ ਫੌਜਾਂ ਵਿਚਾਲੇ ਲਹੂ ਡੋਲਵੀਂ ਲੜਾਈ ਹੋਈ। ਇਸ ਲੜਾਈ ਵਿਚ ਖੁਸਰੋ ਦੀ ਫੌਜ ਨੂੰ ਪੂਰੀ ਪੂਰੀ ਹਾਰ ਹੋਈ ਅਤੇ ਉਹ ਕਾਬਲ ਵਲ ਨਸ ਗਿਆ।

## ਖੁਸਰੋ ਦੀ ਹਾਰ ਅਤੇ ਗ੍ਰਿਫਤਾਰੀ ੧੬੦੬ ਈ.

ਇਸ ਭਾਜੜ ਵਿਚ ਸ਼ਾਹਜ਼ਾਦਾ ਖੁਸਰੋ ਜਦ ਰਾਤ ਸਮੇਂ ਦਰਿਆ ਚਨਾਬ ਨੂੰ ਪਾਰ ਕਰ ਰਿਹਾ ਸੀ ਕਿ ਉਹ ਬੇੜੀ (ਕਿਸ਼ਤੀ) ਜਿਸ ਵਿਚ ਉਹ ਸਵਾਰ ਸੀ ਬਰੇਤੇ ਉਤੇ ਚੜ ਗਈ ਤੇ ਉਹਨਾਂ ਸ਼ਾਹੀ ਅਫਸਰਾਂ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ, ਜੋ ਉਸ ਦੇ ਪਿਛੇ ਲਗੇ ਹੋਏ ਸਨ। ਖੁਸਰੋ ਨੂੰ ਗ੍ਰਿਫਤਾਰ ਕਰਕੇ ਤੇ ਉਸ ਦੇ ਹਥਾਂ ਨੂੰ ਹਥ ਕੜੀ ਅਤੇ ਪੈਰਾਂ ਨੂੰ ਬੇੜੀਆਂ ਲਾ ਕੇ ਬਾਦਸ਼ਾਹ ਜਹਾਂਗੀਰ ਦੇ ਰੂਬਰੂ ਪੇਸ਼ ਕੀਤਾ ਗਿਆ ਜੋ ਉਸ ਵੇਲੇ ਦਰਿਆ ਰਾਵੀ ਦੇ ਕਿਨਾਰੇ ਮਿਰਜ਼ਾ ਕਾਮਰਾਨ ਦੇ ਬਾਗ ਵਿਚ ਠਹਿਰਿਆ ਹੋਇਆ ਸੀ। ਚੰਗੇਜ਼ ਖਾਂ ਦੇ ਸਮੇਂ ਦੇ ਰਿਵਾਜ਼ ਅਨੁਸਾਰ ਕੈਦੀ ਸ਼ਾਹਜ਼ਾਦੇ ਨੂੰ ਖਬੇ ਪਾਸੇ ਵਲੋਂ ਲਿਜਾਇਆ ਗਿਆ। ਉਸ ਦੇ ਸਜੇ ਪਾਸੇ ਹੁਸੈਨ ਬੇਗ ਅਤੇ ਖਬੇ ਪਾਸੇ ਅਬਦੁਲ ਅਜ਼ੀਜ਼ ਸੀ। ਜਹਾਂਗੀਰ ਆਪਣੀ ਯਾਦਾਸ਼ਤ ਵਿਚ ਲਿਖਦਾ ਹੈ ਕਿ "ਸ਼ਾਹਜ਼ਾਦਾ ਇਹਨਾ ਵਿਚਾਲੇ ਖੜਾ ਕੰਬਦਾ ਹੋਇਆ ਰੋ ਰਿਹਾ ਸੀ। ਹੁਸੈਨ ਬੇਗ ਨੂੰ ਵੀ ਸ਼ਕ ਹੋ ਗਿਆ ਕਿ ਉਸ ਨੂੰ ਦੁਨਿਆ ਦੀਆਂ ਗਲਤੀਆਂ ਦਾ ਸਜ਼ਾ ਭੁਗਤਨੀ ਪਏਗੀ ਇਸ ਲਈ ਉਸ ਨੇ ਰੰਜਦਿਲ ਢੰਗ ਨਾਲ ਗਲਾਂ ਸ਼ੁਰੂ ਕਰ ਦਿਤੀਆਂ ਪਰ ਉਸ ਨੂੰ ਛੇਤੀ ਹੀ ਚੁਪ ਕਰਾ ਦਿਤਾ ਗਿਆ ਖੁਸਰੋ ਨੂੰ ਵੀ ਹਰਾਸਤ ਵਿਚ ਦੇ ਦਿਤਾ ਗਿਆ।"

## ਖੁਸਰੋ ਦੇ ਸਲਾਹਕਾਰਾਂ ਨੂੰ ਵਹਿਸ਼ਿਆਨਾ ਸਜ਼ਾ

"ਇਸ ਤੋਂ ਮਗਰੋਂ ਮੈਂ ਹੁਕਮ ਦਿਤਾ ਕਿ ਦੋਂ ਫਸਾਦੀਆ ਨੂੰ ਗਊ ਤੇ ਗਧੇ ਦੇ ਚਮੜੇ ਵਿਚ ਜੀਉਂਦੇ ਹੀ ਸੀ ਦਿਤਾ ਜਾਏ। ਉਹਨਾਂ ਨੂੰ ਖੋਤਿਆਂ ਉਤੇ ਚੜ੍ਹਾਕੇ ਤੇ ਉਹਨਾਂ ਦੇ ਮੂੰਹ ਪੂਛਾਂ ਵਲ ਕਰਕੇ ਸਾਰੇ ਸ਼ਹਿਰ ਵਿਚ ਫਿਰਾਇਆ ਜਾਵੇ। ਹੁਸੈਨ ਬੇਗ ਜਿਸ ਨੂੰ ਗਊ ਦੀ ਖਲ ਵਿਚ ਸੀਤਾ ਗਿਆ ਸੀ, ਕੇਵਲ ਚਾਰ ਘੜੀ ਜੀਉਂਦਾ ਰਿਹਾ ਕਿਉਂਕਿ ਗਊ

Sri Satguru Jagjit Singh Ji eLibrary NamdhariElibrary@gmail.com

ਉਸ ਦੇ ਪਿਆਰ ਦਾ ਕੇਂਦਰ ਨੂਰ ਮਹੱਲ ਸੀ ਜੋ ਕਿ ਇਕ ਈਰਾਨੀ ਦੇਵੀ ਆਪਣੀ ਸੁੰਦਰਤਾ ਤੇ ਸ਼ਾਨਦਾਰ ਕਾਰਨਾਮਿਆਂ ਲਈ ਪਰਸਿਧ ਸੀ। ਇਸ ਦੇਵੀ ਦਾ ਜੀਵਨ ਹੁਸਨ ਤੇ ਇਸ਼ਕ ਦੀ ਮੂੰਹ ਬੋਲਦੀ ਤਸਵੀਰ ਹੈ। ਨੂਰ ਮਹਲ ਨੇ ਸ਼ਹਿਨਸ਼ਾਹ ਦੇ ਦਿਲ ਉਤੇ ਪੂਰਾ ਪੂਰਾ ਕਾਬੂ ਪਾ ਲਿਆ ਸੀ ਅਤੇ ੧੬ ਸਾਲ ਦੇ ਲੰਮੇ ਸਮੇਂ ਦਾ ਨੂਰਜਹਾਨ ਦਾ ਇਤਿਹਾਸ ਹੀ ਜਹਾਂਗੀਰ ਤੇ ਉਸ ਦੇ ਰਾਜ ਦਾ ਇਤਿਹਾਸ ਕਿਹਾ ਜਾ ਸਕਦਾ ਹੈ।

## ਨੂਰਜਹਾਨ ਦੇ ਮਾਤਾ ਪਿਤਾ

ਮਾਂ ਬਾਪ ਨੇ ਇਸ ਦੇਵੀ ਦਾ ਨਾਮ ਮਿਹਰ ਉਲ ਨਿਸਾ ਰਖਿਆ ਸੀ। ਉਹ ਤਹਿਰਾਨ ਦੇ ਉਜ਼ਬਕ ਤਾਤਾਰੀ ਸਰਦਾਰ ਖਵਾਜਾ ਮੁਹੰਮਦ ਸ਼ਰੀਫ ਦੇ ਬੇਟੇ ਮਿਰਜ਼ਾ ਗਿਆਸ ਬੇਗ ਦੀ ਪੁਤਰੀ ਸੀ। ਮੁਹੰਮਦ ਖਾਂ ਤੁਕਲੂ ਦੇ ਰਾਜ ਸਮੇਂ ਉਪਰੋਕਤ ਖਵਾਜਾ ਖੁਰਾਸਾਨ ਦਾ ਗਵਰਨਰ ਸੀ ਅਤੇ ਮੁਹੰਮਦ ਖਾਂ ਤੁਕਲੂ ਦੀ ਮੌਤ ਉਤੇ ਸ਼ਾਹ ਈਰਾਨ ਤਹਿਮਾਸਪ ਨੇ ਉਸ ਨੂੰ ਯਜਦ ਦਾ ਵਜ਼ੀਰ ਥਾਪ ਦਿਤਾ। ਜਦ ਹਮਾਯੂੰ ਨੇ ਹਿੰਦ ਵਿਚੋਂ ਨਸ ਕੇ ਤਹਿਰਾਨ ਵਿਚ ਜਾ ਪਨਾਹ ਲਈ ਤਦ ਸ਼ਾਹ ਤਹਿਮਾਸਪ ਨੇ ਵਸ਼ੇਸ਼ ਤੌਰ ਉਤੇ ਮੁਹੰਮਦ ਸ਼ਰੀਫ ਨੂੰ ਉਸ ਸ਼ਾਹੀ ਪਰਾਹੁਣੇ ਦੇ ਸੁਖ ਆਰਾਮ ਲਈ ਨਿਯਤ ਕੀਤਾ ਸੀ। ਖਵਾਜੇ ਦੇ ਦੋ ਬੇਟੇ ਸਨ। ਆਗਾ ਤਾਹਿਰ ਅਤੇ ਮਿਰਜ਼ਾ ਗਿਆਸ ਬੇਗ। ਗਿਆਸ ਬੇਗ ਦੀ ਸ਼ਾਦੀ ਮਿਰਜ਼ਾ ਅਲਾਉਦ ਦੀਨ ਦੀ ਬੇਟੀ ਨਾਲ ਹੋਈ, ਜਿਸ ਦੇ ਪੇਟੋਂ ਦੋ ਲੜਕੇ ਅਤੇ ਦੋ ਲੜਕੀਆਂ ਹੋਈਆਂ, ਮਿਹਰ-ਉਲ-ਨਿਸਾ ਇਹਨਾਂ ਸਭਨਾਂ ਤੋਂ ਛੋਟੀ ਸੀ।

## ਮਿਰਜ਼ਾ ਗਿਆਸ ਬੇਗ

ਆਪਣੇ ਪਿਤਾ ਦੀ ਮੌਤ ਮਗਰੋਂ ਮਿਰਜ਼ਾ ਗਿਆਸ ਬੇਗ ਗਰੀਬੀ ਹਥੋਂ ਤੰਗ ਆ ਕੇ ਆਪਣੀ ਬੀਵੀ ਦੋ ਪੁਤਰਾਂ ਅਤੇ ਇਕ ਪੁਤਰੀ ਸਮੇਤ ਹਿੰਦ ਵਲ ਰਵਾਨਾ ਹੋਇਆ। ਇਹ ਪਰਿਵਾਰ ਧਨ ਵਲੋਂ ਐਨਾ ਤੰਗ ਦਸਤ ਸੀ ਕਿ ਮਿਰਜ਼ੇ ਦੀ ਪਤਨੀ ਨੂੰ ਜੋ ਉਸ ਵਲ ਗਰਭਵਤੀ ਸੀ ਇਕ ਕਾਫਲੇ ਪਿਛੇ ਗਊ ਉਤੇ ਸਵਾਰ ਕਰ ਕੇ ਲਿਆਂਦਾ ਗਿਆ ਜਦ ਕਿ ਬਾਕੀ ਦੇ ਲੋਕ ਪੈਦਲ ਹੀ ਸਫਰ ਕਰਦੇ ਸਨ।

## ਮਿਹਰ ਉਲ ਨਿਸਾ ਦਾ ਜਨਮ

ਕੰਧਾਰ ਨੂੰ ਜਾਂਦੇ ਹੋਏ ਰਸਤੇ ਵਿਚ ਦੇਸ਼ ਦੀ ਹੋਣ ਵਾਲੀ ਮਲਕਾ ਦਾ ਜਨਮ ਉਸ ਸਮੇਂ ਹੋਇਆ ਜਿਸ ਵੇਲੇ ਉਸ ਦੇ ਦੁਖੀਏ ਮਾਤਾ ਪਿਤਾ ਰੁਜ਼ਗਾਰ ਦੀ ਭਾਲ ਵਿਚ ਸਫਰ ਕਰ ਰਹੇ ਸਨ। ਇਹ ਲੜਕੀ ਇਕ ਮਾਰੂ ਥਲ ਵਿਚ ਪੈਦਾ ਹੋਈ। ਮਾਪਿਆਂ ਦੀ ਅਤਿ ਗਰੀਬੀ ਨੇ ਉਹਨਾਂ ਨੂੰ ਮਜਬੂਰ ਕਰ ਦਿਤਾ ਕਿ ਇਸ ਬਚੀ ਨੂੰ ਪਰਵਰਸ਼ ਤੋਂ ਅਸਮਰਥ ਸਮਝ ਕੇ ਰਸਤੇ ਦੇ ਇਕ ਬਰਿਛ ਹੇਠ ਤਿਆਗ ਦੇਣ। ਜਿਸ ਥਾਂ ਉਤੇ ਉਸ ਬਚੀ ਨੂੰ ਤਿਆਗਿਆ ਉਸ ਨੂੰ ਵੇਖ ਕੇ ਉਹਦੀ ਮਾਤਾ ਵਿਛੋੜ ਤੇ ਮਮਤਾ ਦੇ ਵਸ ਗਸ਼ ਖਾ ਕੇ ਡਿਗ ਪਈ। ਇਹ ਹਾਲਤ ਵੇਖ ਕੇ ਉਸ ਦਾ ਪਿਤਾ ਵਾਪਸ ਉਸ ਥਾਂ ਤੇ ਬੱਚੀ ਨੂੰ ਲੈਣ ਲਈ ਪੁਜਾ ਤਾਂ ਕੀ ਵੇਖਦਾ ਹੈ ਕਿ ਬੱਚੀ ਨੂੰ ਇਕ ਖਤਰਨਾਕ ਸੱਪ ਨੇ ਘੇਰ ਰਖਿਆ ਹੈ। ਉਸ ਨੇ ਸੱਪ ਨੂੰ ਓਥੇ ਹੀ ਮਾਰ ਦਿਤਾ ਤੇ ਉਹ ਬੱਚੀ ਨੂੰ ਚੁਕ ਕੇ ਕਾਫਲੇ ਨਾਲ ਆਣ ਮਿਲਿਆ।

## ਸੌਦਾਗਰ ਮਲਕ ਮਸੂਦ

ਰਸਤੇ ਵਿਚ ਬੱਚੀ ਤੇ ਉਸ ਦੀ ਮਾਂ ਦੇ ਕਸ਼ਟ ਨੂੰ ਵੇਖ ਕੇ ਕਾਫਲੇ ਦੇ ਸਰਦਾਰ ਮਲਿਕ ਮਸੂਦ ਨੂੰ, ਜੋ ਕਿ ਓਸੇ ਰਸਤੇ ਸਫਰ ਕਰ ਰਿਹਾ ਸੀ, ਬੜਾ ਤਰਸ ਆਇਆ। ਬੱਚੀ ਦੀ ਸੁੰਦਰਤਾ ਨੂੰ ਤੱਕ ਕੇ ਉਹ ਚਕਿਰਤ ਰਹਿ ਗਿਆ। ਉਸ ਨੇ ਬੱਚੀ ਨੂੰ ਕੁਛੜ ਚੁਕ ਲਿਆ ਤੇ ਉਸ ਨੂੰ ਆਪਣੀ ਲੜਕੀ ਬਣਾ ਲਿਆ। ਉਸ ਦੀ ਪਾਲਨਾ ਤੇ ਸਿਖਿਆ ਦਾ ਉਸ ਨੇ ਪੱਕਾ ਨਿਸ਼ਚਾ ਧਾਰ ਲਿਆ। ਇਸ ਸੌਦਾਗਰ ਦੀ ਮਿਹਰ ਸਦਕਾ ਇਸ ਪਰਿਵਾਰ ਦਾ ਬਾਕੀ ਸਫਰ ਬੜੇ ਸੁਖ ਨਾਲ ਕਟਿਆ ਗਿਆ ਕਿਉਂਕਿ ਉਸ ਸੌਦਾਗਰ ਨੇ ਉਸ ਮਾਂ ਨੂੰ ਬੱਚੀ ਦੀ ਦਾਈ ਨਿਯਤ ਕਰ ਕੇ ਨੌਕਰ ਰਖ ਲਿਆ। ਉਸ ਬੱਚੀ ਦੇ ਪਿਤਾ ਨੂੰ ਬੜਾ ਸਾਊ ਵੇਖ ਕੇ, ਰਾਜਧਾਨੀ ਵਿਚ ਪਹੁੰਚਣ ਸਾਰ ਉਸ ਨੂੰ ਵੀ ਆਪਣੇ ਪਾਸ ਨੌਕਰ ਰਖ ਲਿਆ।

## ਗਿਆਸ ਬੇਗ ਦੀ ਅਕਬਰ ਦੇ ਹਜ਼ੂਰ ਪੇਸ਼ੀ

ਇਹ ਸੌਦਾਗਰ ਅਕਬਰ ਦਾ ਜਾਣੂੰ ਸੀ, ਇਸ ਲਈ ਇਸ ਦੀ ਰਾਹੀਂ ਮਿਰਜ਼ਾ ਗਿਆਸ ਬੇਗ ਨੂੰ ਫਤਹ ਪੁਰੀ ਦੇ ਅਸਥਾਨ ਉਤੇ ਬਾਦਸ਼ਾਹ ਅਕਬਰ ਦੀ ਹਜ਼ੂਰੀ ਦਾ ਮਾਣ ਪ੍ਰਾਪਤ ਹੋਇਆ। ਮਿਰਜ਼ੇ ਨੇ ਬਾਦਸ਼ਾਹ ਨੂੰ ਦਸਿਆ ਕਿ ਜਦ ਅਕਬਰ ਦਾ ਪਿਤਾ ਸ਼ਾਹ ਈਰਾਨ ਦਾ ਪ੍ਰਾਹੁਣਾ ਸੀ ਤਦ ਉਸ ਦੇ ਬਾਪ ਨੇ ਉਸ ਦੀ ਤਨੋਂ ਮਨੋਂ ਬੜੀ ਸੇਵਾ ਕੀਤੀ ਸੀ। ਇਉਂ ਦਸਣ ਨਾਲ ਉਸ ਨੂੰ ਸ਼ਾਹੀ ਸਰਪਰਤੀ ਪ੍ਰਾਪਤ ਹੋ ਗਈ। ਬਾਦਸ਼ਾਹ ਮਿਰਜ਼ਾ ਗਿਆਸ ਦੇ ਸੁਹਣੇ ਤੇ ਸਾਊ ਰੰਗ ਢੰਗ ਤੇ ਚੰਗੇ ਮਿਠ ਸੁਭਾਓ ਨੂੰ ਵੇਖ ਕੇ ਐਨਾ ਪ੍ਰਸੰਨ ਹੋਇਆ ਕਿ ਉਸ ਨੂੰ ਦੀਵਾਨ ਬਣਾ ਲਿਆ ਅਤੇ ਉਸ ਨੂੰ ਸ਼ਾਹੀ ਪਰਵਾਰ ਦਾ ਖਜ਼ਾਨਚੀ ਵੀ ਥਾਪ ਦਿਤਾ। ਬਾਦਸ਼ਾਹ ਨੇ ਉਸ ਨੂੰ ਇਤਮਾਦ-ਉਦ-ਦੌਲਾ ਦਾ ਖਿਤਾਬ ਵੀ ਬਖਸ਼ਿਆ। ਮਿਰਜ਼ਾ ਵੀ ਆਪਣੀ ਮਿਲਨਸਾਰੀ ਤੇ ਦਾਨ ਪੁੰਨ ਦੇ ਕਾਰਨ ਛੇਤੀ ਹੀ ਹਰ ਥਾਂ ਹਰਮਨ ਪਿਆਰਾ ਹੋ ਗਿਆ।

## ਉਸ ਦੀ ਵਿਦਵਤਾ

ਮਿਰਜ਼ਾ ਗਿਆਸ ਨੇ ਪੁਰਾਣੇ ਕਵੀਆਂ ਦਾ ਕਲਾਮ ਪੜ੍ਹਿਆ ਸੀ ਅਤੇ ਉਹ ਆਪ ਵੀ ਇਕ ਚੰਗਾ ਕਵੀ (ਸ਼ਾਇਰ) ਸੀ। ਉਹ ਸ਼ਿਕਸਤਾ ਲਿਖਣ ਦਾ ਵੀ ਬੜਾ ਮਾਹਰ ਸੀ। ਵਿਹਲ ਸਮੇਂ ਉਹ ਕਵਿਤਾ ਦਾ ਮੁਤਾਲਿਆ ਤੇ ਪੜਚੋਲ ਕਰਦਾ ਰਹਿੰਦਾ। ਜਹਾਂਗੀਰ ਦੇ ਇਤਿਹਾਸਕਾਰ ਮਿਰਜ਼ਾ ਮੁਹੰਮਦ ਹਾਦੀ ਦਾ ਕਥਨ ਹੈ ਕਿ ਮਿਰਜ਼ਾ ਗਿਆਸ ਐਨਾ ਸਖੀ ਸੀ ਕਿ ਕੋਈ ਵੀ ਮਨੁਖ ਉਸ ਦੇ ਦਵਾਰੇ ਤੋਂ ਨਿਰਾਸ ਹੋ ਕੇ ਨਹੀਂ ਸੀ ਜਾਂਦਾ ਪਰ ਜਿਥੋਂ ਤੀਕ ਰਿਸ਼ਵਤ ਲੈਣ ਦਾ ਸੰਬੰਧ ਹੈ ਉਹ ਬੜਾ ਨਿਝਕ ਤੇ ਨਿਡਰ ਸੀ।

## ਨੂਰ ਜਹਾਨ ਦੀ ਮੁਢਲੀ ਵਿਦਿਆ

ਇਸ ਭਾਗਵਾਨ ਲੜਕੀ ਦਾ ਸਦਕਾ ਹੀ ਸੀ ਕਿ ਉਸ ਦੇ ਬਾਪ ਨੂੰ ਬਾਦਸ਼ਾਹ ਦੀ ਸਰਪਰਸਤੀ ਤੇ ਮਿਹਰ ਪਰਾਪਤ ਹੋਈ ਸੀ। ਉਸ ਦੇ ਪਿਤਾ ਨੇ ਉਸ ਨੂੰ ਉਹ ਸਾਰੀ ਵਿਦਿਆ ਦਵਾਈ ਜੋ ਕਿ ਹਿੰਦੁਸਤਾਨ ਦੀ ਰਾਜ ਧਾਨੀ ਵਿਚ ਪਰਾਪਤ ਹੋ ਸਕਦੀ ਸੀ। ਇਹ ਲੜਕੀ ਪਲ ਕੇ ਤੇ ਸਿਖਿਅਤ ਹੋ ਕੇ ਜਵਾਨ ਹੋਈ ਤਦ ਇਸ ਦੀ ਸੁੰਦਰਤਾ ਤੇ ਹੁਸਨ ਦਾ ਚਰਚਾ ਦੂਰ ਨੇੜੇ ਸਭ ਥਾਂ ਹੋਣ ਲਗਾ।

## ਬੇਗਮ ਮਰੀਅਮ ਜ਼ਮਾਨੀ

ਸ਼ਾਹੀ ਖਜ਼ਾਨਚੀ ਦੀ ਪਤਨੀ ਤੇ ਮੁਟਿਆਰ ਮਿਹਰ ਉਲ ਨਿਸਾ ਦੀ ਮਾਤਾ ਅਕਬਰ ਦੀ ਬੇਗਮ ਮਰੀਅਮ ਜ਼ਮਾਨੀ ਦੀਆਂ ਅਖੀਆਂ ਦਾ ਤਾਰਾ ਬਣ ਚੁਕੀ ਸੀ। ਮਰੀਅਮ ਜ਼ਮਾਨੀ ਰਾਜਾ ਜੈ ਪੁਰ ਦੀ ਹਿੰਦੂ ਰਾਜਕੁਮਾਰੀ ਅਤੇ ਵਲੀ ਅਹਿਦ ਸ਼ਾਹਜ਼ਾਦਾ ਸਲੀਮ ਦੀ ਮਾਤਾ ਸੀ। ਮਿਹਰ ਉਲ

Sri Satguru Jagjit Singh Ji eLibrary NamdhariElibrary@gmail.com

ਸ਼ਹਿਨਸ਼ਾਹ ਲਿਖਦਾ ਹੈ—'ਰੁਹਤਾਸ ਦਾ ਕਿਲ੍ਹਾ ਸ਼ੇਰ ਖਾਂ ਨਾਮੀ ਪਠਾਨ ਬਾਦਸ਼ਾਹ ਨੇ ਉਸਾਰਿਆ ਸੀ। ਇਹ ਕਿਲ੍ਹਾ ਇਕ ਐਸੀ ਤੰਗ ਘਾਟੀ (ਖਡ) ਵਿਚ ਬਣਿਆ ਹੋਇਆ ਹੈ, ਜਿਸ ਤੀਕ ਪੁਜਣਾਂ ਕਠਨ ਹੈ। ਇਹ ਅਸਲ ਵਿਚ ਗਖੜਾਂ ਵਰਗੀ ਲੜਾਕੀ ਕੌਮ ਨੂੰ ਡਰਾਉਣ ਤੇ ਉਹਨਾਂ ਨੂੰ ਰੋਕਣ ਲਈ ਉਸਾਰਿਆ ਗਿਆ ਸੀ। ਇਹ ਗਖੜ ਇਸ ਇਲਾਕੇ ਦੇ ਇਰਦ ਗਿਰਦ ਵਸਦੇ ਸਨ। ਇਸ ਕਿਲ੍ਹੇ ਦੀ ਸੰਪੂਰਤਾ ਤੋਂ ਪਹਿਲ ਹੀ ਸ਼ੇਰ ਖਾਂ ਦੀ ਮੌਤ ਹੋ ਗਈ। ਇਸ ਕਿਲ੍ਹੇ ਨੂੰ ਪਿਛੋਂ ਉਸ ਦੇ ਬੇਟੇ ਅਤੇ ਜਾਨਸ਼ੀਨ ਸਲੀਮ ਖਾਂ ਨੇ ਮੁਕੰਮਲ ਕੀਤਾ। ਕਿਲ੍ਹੇ ਦੇ ਇਕ ਦਰਵਾਜ਼ੇ ਵਿਚ ਲਗੇ ਪੱਥਰ ਉਤੇ ਇਸ ਕਿਲ੍ਹੇ ਦੀ ਲਾਗਤ ਦਰਜ ਹੈ ਜੋ ੧੬ ਕਰੋੜ ੧੦ ਲੱਖ ਦਾਮ ਅਰਥਾਤ ੩੪,੨੫,੦੦੦ ਹਿੰਦੀ ਰੁਪਏ ਦੇ ਬਰਾਬਰ ਹੈ।

## ਹਸਨ ਅਬਦਾਲ

੧੨ ਤਾਰੀਖ ਨੂੰ ਸ਼ਾਹੀ ਕੈਂਪ ਹਸਨ ਅਬਦਾਲ ਜਾ ਪੁਜਾ। ਇਸ ਅਸਥਾਨ ਦੇ ਇਕ ਕੋਹ ਪੂਰਬ ਵਲ ਇਕ ਵਡਾ ਝਰਨਾ ਹੈ ਜੋ ਬੜੀ ਤੇਜ਼ੀ ਨਾਲ ਵਗਦਾ ਹੈ। ਕਾਬਲ ਨੂੰ ਜਾਣ ਵਾਲੀ ਸ਼ਾਹੀ ਸੜਕ ਉਤੇ ਇਹੋ ਜਿਹਾ ਕੋਈ ਹੋਰ ਝਰਨਾ ਨਹੀ ਭਾਵੇਂ ਕਸ਼ਮੀਰ ਦੀ ਸੜਕ ਉਤੇ ਜ਼ਰੂਰ ਇਹੋ ਜਿਹੇ ਦੋ ਤਿੰਨ ਝਰਨੇ ਆਉਂਦੇ ਹਨ। ਝਰਨੇ ਦੇ ਹੌਜ਼ (ਖਾੜੀ) ਦੇ ਵਿਚਕਾਰ ਰਾਜਾ ਮਾਨ ਸਿੰਘ ਨੇ ਇਕ ਨਿਕੀ ਜਿਹੀ ਯਾਦਗਾਰੀ ਹਵਲੀ (ਮਹੱਲ) ਬਣਾਇਆ ਹੈ। ਇਸ ਥਾਂ ਤੇ ਮਛੀਆਂ ਬਹੁਤ ਹਨ ਜੋ ਚੌਥਾਈ ਗਜ਼ ਤੋਂ ਲੈ ਕੇ ਅਧੇ ਗਜ਼ ਤੀਕ ਲੰਮੀਆਂ ਹੁੰਦੀਆਂ ਹਨ।

## ਮਛੀ ਦਾ ਸ਼ਿਕਾਰ

ਮੈਂ ਇਸ ਮਨ ਪਸੰਦ ਅਸਥਾਨ ਉਤੇ ਤਿੰਨ ਦਿਨ ਰਿਹਾ ਅਤੇ ਤਿੰਨੇ ਦਿਨ ਸਾਥੀਆਂ ਨਾਲ ਸ਼ਰਾਬ ਦਾ ਦੌਰ ਚਲਦਾ ਰਿਹਾ। ਮੈਂ ਏਥੇ ਮਛੀ ਦਾ ਸ਼ਿਕਾਰ ਵੀ ਕੀਤਾ। ਅਜ ਤੀਕ ਮੈਂ ਕਦੇ ਭੰਵਰ ਵਿਚ ਜਾਲ ਨਹੀਂ ਸੀ ਸੁਟਿਆ ਹਾਲਾਂ ਕਿ ਇਹ ਹਿੰਦ ਵਿਚ ਇਕ ਆਮ ਸ਼ੈ ਹੈ ਜਾਲ ਸੁਟਣ ਵਿਚ ਥੋੜੀ ਤਕਲੀਫ ਜ਼ਰੂਰ ਹੁੰਦੀ ਹੈ ਫੇਰ ਵੀ ਮੈਂ ਇਹ ਜਾਲ ਖੁਦ ਆਪਣੇ ਹਥਾਂ ਨਾਲ ਸੁਟਿਆ ਅੰਤ ਇਉਂ ਦਸ ਜਾਂ ਬਰਾਂ ਮਛੀਆਂ ਫੜਨ ਵਿਚ ਸਫਲ ਹੋਇਆ। ਫੜੀਆਂ ਹੋਈਆਂ ਮਛੀਆਂ ਦੇ ਨਕਾਂ ਵਿਚ ਮੋਤੀ ਟੰਗ ਕੇ ਮੈਂ ਇਹਨਾਂ ਨੂੰ ਫੇਰ ਠੰਡੇ ਪਾਣੀ ਵਿਚ ਛਡ ਦਿਤਾ। ਫੇਰ ਮੈਂ ਉਥੋਂ ਦੇ ਵਸਨੀਕਾਂ ਤੇ ਇਤਿਹਾਸ ਦੇ ਜਾਣਕਾਰਾਂ ਤੋਂ ਪੁਛਿਆ ਕਿ ਹਸਨ ਬਾਬਾ ਕੌਣ ਸੀ ਪਰ ਕੋਈ ਵੀ ਮੈਨੂੰ ਕਤਈ ਤੇ ਤਸਲੀ ਬਖਸ਼ ਵਾਕਫੀ ਨਾ ਦੇ ਸਕਿਆ ਇਸ ਅਸਥਾਨ ਦੀ ਸਭ ਤੋਂ ਵਧ ਨਾਮੀ ਥਾਂ ਉਹ ਸੋਮਾ (ਚਸ਼ਮਾ) ਹੈ ਜਿਹੜਾ ਛੋਟੀ ਜਿਹੀ ਪਹਾੜੀ ਦੇ ਪੈਰ ਵਿਚੋਂ ਫੁਟਦਾ ਹੈ। ਇਸ ਸੋਮੇ ਦਾ ਪਾਣੀ ਬੇਹਦ ਸੁਵਛ ਸਵਾਦੀ ਤੇ ਸੁਗੰਧੀ ਦਾਰ ਹੈ। ਖੁਸਰੋ ਦੀ ਹੇਠ ਲਿਖੀ ਰੁਬਾਈ ਇਸ ਉਤੇ ਠੀਕ ਢੁਕਦੀ ਹੈ।

ਅਰਥਾਤ—"ਪਾਣੀ ਐਨਾ ਸਵਛ ਤੇ ਨਿਰਮਲ ਹੈ ਕਿ ਅਨ੍ਹਾ ਆਦਮੀ ਵੀ ਅਧੀ ਰਾਤ ਸਮੇਂ ਇਸ ਦੀ ਤਹਿ ਵਿਚਲੀ ਰੇਤ ਦੇ ਕਿਣਕੇ ਗਿਣ ਸਕਦਾ ਹੈ।"

درچشمه آبش زصفا ریگ خورد

کور تواند بدل شب شمود

ਖਵਾਜਾ ਸ਼ਮਸ ਉਦੀਨ ਮੁਹੰਮਦ ਖਾਂ ਨੇ ਜੋ ਮੁਦਤ ਤੀਕ ਮੇਰੇ ਬਾਪ ਦਾ ਵਜ਼ੀਰ ਰਹਿਆ, ਇਸ ਥਾਂ ਉਤੇ ਗਰਮਾਈ ਕੋਠੀ() ਬਣਾਈ ਹੋਈ ਸੀ ਉਸ ਨੇ ਏਥੇ ਇਕ ਤਾਲ ਵੀ ਖਟਿਆ ਸੀ ਜਿਸ ਵਿਚ ਸੋਮੇ ਦਾ ਪਾਣੀ ਪੈਂਦੀ ਤੇ ਜਿਸ ਨਾਲ ਖੇਤਾਂ ਤੇ ਬਾਗਾਂ ਦੀ ਸਿੰਚਾਈ ਹੁੰਦੀ ਸੀ। ਇਸ ਦੇ ਨੇੜੇ ਹੀ ਉਸ ਨੇ ਇਕ ਗੁੰਬਜਦਾਰ ਇਮਾਰਤ ਬਣਾਈ ਜੋ ਕਿ ਉਸ ਦੀ ਕਬਰ ਵਜੋਂ ਵਰਤੀ ਜਾਣੀ ਸੀ, ਪਰ ਗਲ ਇਹ ਹੋਈ ਕਿ ਉਸ ਨੂੰ ਨਾ ਦਫਨਾਇਆ ਗਿਆ ਸਗੋਂ ਉਸ ਦੀ ਬਜਾਏ ਉਥੇ ਹਕੀਮ ਅਬੁਲ ਫਤਹ ਜੀਲਾਨੀ ਅਤੇ ਉਸ ਦੇ ਭਾਈ ਹਕੀਮ ਹਿਮਾਮ ਨੂੰ ਮੇਰੇ ਪਿਤਾ ਦੇ ਹੁਕਮ ਨਾਲ ਦਫਨਾਇਆ ਗਿਆ।"

ਇਸ ਦੇ ਮਗਰੋਂ ਬਾਦਸ਼ਾਹ ਅਮਰਦੀ ਦੇ ਮੁਕਾਮ ਉਤੇ ਪੁਜਾ ਜਿਸ ਨੂੰ ਅਤਿਅੰਤ ਸ਼ੋਭਨੀਕ ਹਰਿਆ ਭਰਿਆ ਦਸਿਆ ਗਿਆ ਹੈ: ਇਸ ਅਸਥਾਨ ਉਤੇ ੭-੮ ਹਜ਼ਾਰ ਘੋੜ ਉਹਨਾਂ ਖਟੜਾਂ ਤੇ ਦਿਲਾਜ਼ਕਾਂ ਦੇ ਸਨ ਜੋ ਉਥੋਂ ਦੇ ਪਰਸਿਧ ਲੁਟੇਰੇ ਤੇ ਡਾਕੂ ਸਨ ਅਤੇ ਜੋ ਹਰ ਪਰਕਾਰ ਦਾ ਅਤਿਆਚਾਰ ਲੋਕਾਂ ਉਤੇ ਕਰਦੇ ਰਹਿੰਦੇ ਸਨ। ਸ਼ਹਿਨਸ਼ਾਹ ਨੇ ਜ਼ੈਨ ਖਾਂ ਕੋਕਾ ਦੇ ਸਪੁਤਰ ਜ਼ਫਰ ਖਾਂ ਨੂੰ ਹੁਕਮ ਦਿਤਾ ਕਿ ਕਾਬਲ ਤੋਂ ਸ਼ਾਹੀ ਕੈਂਪ ਦੀ ਵਾਪਸੀ ਤੇ ਉਹ ਸਾਰੇ ਦੇ ਸਾਰੇ ਦਿਲਜ਼ਾਕਾਂ ਨੂੰ ਬੰਨ੍ਹ ਕੇ ਲਾਹੌਰ ਲਿਆਵੇ ਅਤੇ ਖਟੜਾਂ ਦੇ ਸਰਦਾਰਾਂ ਨੂੰ ਗ੍ਰਿਫਤਾਰ ਕਰ ਕੇ ਕੈਦ() ਵਿਚ ਪਾ ਦੇਵੇ।

## ਸ਼ਹਿਨਸ਼ਾਹ ਪਸ਼ੌਰ ਵਿਚ

ਪਸ਼ੌਰ ਪਹੁੰਚ ਕੇ ਸ਼ਹਿਨਸ਼ਾਹ ਨੇ ਸਰਦਾਰ ਖਾਂ ਦੇ ਬਾਗ ਵਿਚ ਜਾ ਡੇਰਾ ਲਾਇਆ ਜਿਥੇ ਯੂਸਫ ਜ਼ਈ ਸਰਦਾਰਾਂ ਨੇ ਉਸ ਦੇ ਰੂਬਰੂ ਨਜ਼ਰਾਂ ਗੁਜ਼ਾਰੀਆਂ। ਪਸ਼ੌਰ ਦੀ ਗਵਰਨਰੀ ਸ਼ੇਰ ਖਾਂ ਅਫਗਾਨ ਦੇ ਸਪੁਰਦ ਕੀਤੀ ਗਈ। ਖੈਬਰ ਪਰਬਤ ਲਾਂਘੇ ਨੂੰ ਜਾਂਦੇ ਹੋਏ ਸ਼ਹਿਨਸ਼ਾਹ ਨੇ ਅਲੀ ਮਸਜਿਦ ਦੇ ਮੁਕਾਮ ਉਤੇ ਡੇਰਾ ਕੀਤਾ ਜਿਥੋਂ ਉਹ ਸਿਧਾ ਕਾਬਲ ਪਹੁੰਚ ਗਿਆ। ਕੰਧਾਰ ਦਾ ਘੇਰਾ ਉਠਾ ਲਿਆ ਗਿਆ।

## ਆਗਰੇ ਵਾਪਸੀ

ਸੰਨ ੧੬੦੬ ਦਾ ਸਾਰਾ ਸਾਲ ਸ਼ਹਿਨਸ਼ਾਹ ਨੇ ਕਾਬਲ ਤੇ ਕਸ਼ਮੀਰ ਵਿਚ ਹੀ ਗੁਜ਼ਾਰਿਆ ਸੰਨ ੧੬੦੭ ਈਸਵੀ ਵਿਚ ਸ਼ਹਿਨਸ਼ਾਹ ਆਗਰੇ ਵਾਪਸ ਆ ਗਿਆ।

## ਨੂਰ ਜਹਾਨ ਦਾ ਇਤਿਹਾਸ

ਜਹਾਂਗੀਰ ਇਕੋ ਇਕ ਮੁਸਲਮਾਨ ਬਾਦਸ਼ਾਹ ਹੋਇਆ ਹੈ ਜਿਸ ਦੇ ਰਾਜ ਵਿਚ ਜਜ਼ਬਾ ਪਿਆਰ ਤੇ ਘਿਰਣਾ ਪਰਧਾਨ ਸੀ ਅਤੇ ਜਿਸ ਨੇ ਦੂਰ ਦੇਸ਼ਾਂ ਵਿਚ ਅਨੇਕਾਂ ਵਾਰ ਹਕੂਮਤਾਂ ਦੀਆਂ ਕਿਸਮਤਾਂ ਦੇ ਫੈਸਲੇ ਕੀਤੇ।

---

()ਸਰ ਹੈਨਰੀ ਐਬੀਅਦ ਦਾ ਖਿਆਲ ਹੈ ਕਿ ਇਹ ਉਹੋ ਥਾਂ ਹੈ ਜੋ ਇਸ ਵੇਲੇ ਸਿਖ ਗਰੰਥੀਆਂ ਦੇ ਕਬਜ਼ੇ ਵਿਚ ਹੈ ਜਿਨ੍ਹਾਂ ਨੇ ਉਥੇ ਗੁਰੂ ਨਾਨਕ ਦੇਵ ਦਾ ਪੰਜਾ ਲਾਇਆ ਅਤੇ ਤਲਾ ਨੂੰ ਪਵਿਤਰ ਸਰੋਵਰ ਵਿਚ ਤਬਦੀਲ ਕਰ ਦਿਤਾ ਹੈ। ਏਥੇ ਮੋਟੀਆਂ ਮੋਟੀਆਂ ਮਛੀਆਂ ਪਲਦੀਆਂ ਹਨ। ਇਹ ਖਿਆਲ ਕਰ ਕੇ ਕਿ ਜਿੰਨੀ ਦੇਰ

ਬਾਕੀ ਦੇਖੋ ਦੂਜਾ ਕਾਲਮ

### ਪਹਿਲੇ ਕਾਲਮ ਦੀ ਬਾਕੀ

ਮਗਰੋਂ ਇਹ ਅਸਥਾਨ ਸਿਖਾਂ ਦੇ ਕਬਜ਼ੇ ਵਿਚ ਆਇਆ ਇਹ ਗਲ ਵਚਿਤਰ ਹੈ ਸਰ ਹੈਨਰੀ ਲਿਖਦਾ ਹੈ ਕਿ ਇਹ ਆਮ ਨਿਸ਼ਚਾ ਉਸ ਨਵੇਂ ਵਿਚਾਰ ਨਾਲ ਮਿਲਦਾ ਜੁਲਦਾ ਹੈ। ਬਾਬਾ ਨਾਨਕ ਇਸ ਅਸਥਾਨ ਉਤੇ ਆਏ ਅਤੇ ਉਹ ਚਮਤਕਾਰ ਵਖਾਇਆ ਜੋ ਉਹਨਾਂ ਦੇ ਨਾਮ ਨਾਲ ਜੋੜਿਆ ਗਿਆ ਹੈ ਅਤੇ ਜਿਸ ਨੂੰ ਸਾਡੇ ਉਹਨਾਂ ਨਵੀਨ ਸੈਲਾਨੀਆਂ ਨੇ ਵੀ ਲਿਖਤ ਵਿਚ ਲਿਆਂਦਾ ਜਿਨ੍ਹਾਂ ਨੇ ਇਸ ਥਾਂ ਦੀ ਯਾਤਰਾ ਕੀਤੀ ਹੈ।

()ਮਲੂਮ ਹੁੰਦਾ ਹੈ ਇਹਨਾਂ ਹੁਕਮਾਂ ਦੀ ਪੂਰੀ ਪੂਰੀ ਪਾਲਨਾ ਕੀਤੀ ਗਈ ਕਿਉਂਕਿ ਹੁਣ ਉਥੇ ਕੋਈ ਦਿਲਜ਼ਾਕ ਨਹੀਂ ਰਹਿ ਗਿਆ। ਖਟਰਾਂ ਦੇ ਕੁਛ ਪਿੰਡ ਮੌਜੂਦ ਹਨ। ਅਤੇ ਖਟਰਾਂ ਦਾ ਸਰ ਸਬਜ਼ ਮੈਦਾਨ ਹੁਣ ਵੀ ਉਹਨਾਂ ਦੇ ਨਾਮ ਨਾਲ ਹੀ ਪਰਸਿਧ ਹੈ ਸਰ ਹੈਨਰੀ ਐਲੀਅਟ ਦੀ ਹਿਸਟਰੀ ਆਫ ਇੰਡੀਆ।

Sri Satguru Jagjit Singh Ji eLibrary NamdhariElibrary@gmail.com

ਪਰੇਮਕਾ ਨੂੰ ਪ੍ਰਾਪਤ ਕਰਨ ਲਈ ਉਸ ਨੇ ਘਿਰਣਤ ਤੋਂ ਘਿਰਣਤ ਪਾਪ ਕਰਨ ਦਾ ਨਿਸ਼ਚਾ ਧਾਰ ਲਿਆ। ਉਹ ਆਪਣੇ ਰਾਹ ਦੇ ਇਸ ਕੰਡੇ ਨੂੰ ਹਟਾਉਣ ਲਈ ਤਿਆਰ ਹੋ ਗਿਆ। ਅਲੀ ਕੁਲੀ ਬੇਗ ਬੜਾ ਦੌਲਤ ਮੰਦ ਤੇ ਹਰਮਨ ਪਿਆਰਾ ਅਮੀਰ ਸੀ। ਇਸ ਦੇ ਨਾਲ ਹੀ ਉਹ ਇਕ ਨਿਡਰ ਤੇ ਵਰਿਆਮ ਜੋਧਾ ਵੀ ਸੀ। ਉਸ ਨੇ ਮਿਹਰ ਉਲ ਨਿਸਾ ਨਾਲ ਵਿਆਹ ਇਹ ਜਾਣਦੇ ਹੋਏ ਕੀਤਾ ਸੀ ਕਿ ਉਸ ਦਾ ਸਲੀਮ ਨਾਲ ਅੰਦਰ ਖਾਤੇ ਪਿਆਰ ਹੈ ਪਰ ਉਸ ਨੂੰ ਤਾਜ ਤਖਤ ਦੇ ਵਾਰਸ ਦੀ ਦੁਸ਼ਮਣੀ ਦਾ ਕੋਈ ਭੈ ਨਹੀਂ ਸੀ। ਇਹੋ ਜਿਹੀ ਪੁਜ਼ੀਸ਼ਨ ਵਿਚ ਨਵਾਂ ਸ਼ਹਿਨਸ਼ਾਹ ਆਪਣੇ ਜ਼ਬਰਦਸਤ ਰਕੀਬ ਨੂੰ ਖੁਲ੍ਹੇ ਬੰਦ ਮੌਤ ਦੇ ਘਾਟ ਨਹੀਂ ਸੀ ਉਤਾਰ ਸਕਦਾ। ਉਸ ਲਈ ਜ਼ਰੂਰੀ ਹੋ ਗਿਆ ਕਿ ਉਹ ਇਸ ਮੰਤਵ ਲਈ ਕਮੀਨੇ ਤੋਂ ਕਮੀਨਾ ਹਥਿਆਰ ਵਰਤੇ। ਸਲੀਮ ਨ ਉਸ ਨੂੰ ਕਿਸੇ ਨਾ ਕਿਸੇ ਬਹਾਨੇ ਆਪਣੇ ਜ਼ੁਲਮ ਦਾ ਸ਼ਿਕਾਰ ਬਣੌਣ ਦਾ ਦ੍ਰਿੜ ਨਿਸ਼ਚਾ ਧਾਰ ਲਿਆ।

## ਅਲੀ ਕੁਲੀ ਬੇਗ ਉਤੇ ਅਤਿਆਚਾਰ

ਅਲੀ ਕੁਲੀ ਬੇਗ ਉਪਰ ਉਸ ਨੇ ਜੋ ਜੋ ਜ਼ੁਲਮ ਤੇ ਅਤਿਆਚਾਰ ਕੀਤੇ ਉਹ ਐਨੇ ਘਿਣਾਉਣੇ ਸਨ ਕਿ ਜੇ ਉਸ ਦੀ ਪਰੋੜਤਾ ਅਖੀ ਵੇਖੇ ਗੁਵਾਹ ਤੇ ਸਮਕਾਲੀ ਲਿਖਾਰੀ ਨਾ ਕਰਦੇ ਤਦ ਉਹਨਾਂ ਉਤੇ ਕੋਈ ਨਿਸ਼ਚਾ ਹੀ ਨਾ ਕਰ ਸਕਦਾ। ਪਹਿਲੇ ਪਹਿਲ ਉਸ ਨੂੰ ਬਿਨਾ ਹਥਿਆਰ ਦੇ ਸ਼ੇਰ ਨਾਲ ਟਾਕਰਾ ਕਰਨ ਲਈ ਮਜ਼ਬੂਰ ਕੀਤਾ ਗਿਆ ਤੇ ਉਹ ਵੀ ਐਸੀ ਦਸ਼ਾ ਵਿਚ ਕਿ ਉਸ ਦੇ ਜ਼ਿੰਦਾ ਬਚ ਨਿਕਲਨ ਦੀ ਕੋਈ ਆਸ ਨਹੀਂ ਸੀ। ਪਰ ਸ਼ੇਰ ਤੇ ਅਲੀ ਕੁਲੀ ਬੇਗ ਦੀ ਜੋ ਲੜਾਈ ਬਾਦਸ਼ਾਹ ਦੀ ਮੌਜੂਦਗੀ ਵਿਚ ਹੋਈ ਉਸ ਵਿਚ ਡਰਾਮੇ ਦਾ ਹੀਰੋ ਵਿਜਈ ਹੋਇਆ। ਇਸ ਸਮੇਂ ਉਸ ਨੇ ਜੋ ਸੂਰਬੀਰਤਾ ਤੇ ਦ੍ਰਿੜਤਾ ਵਿਖਾਈ ਉਹ ਅਦੁਤੀ ਸੀ।

## ਸ਼ੇਰ ਅਫਗਨ ਦਾ ਖਿਤਾਬ

ਸ਼ਹਿਨਸ਼ਾਹ ਪ੍ਰਗਟ ਤੌਰ ਉਤੇ ਉਸ ਦੀ ਇਸ ਵਸ਼ੇਸ਼ ਤੇ ਵਚਿਤਰ ਸੂਰਬੀਰਤਾ ਉਤੇ ਬੜਾ ਪ੍ਰਸੰਨ ਹੋਇਆ ਅਤੇ ਉਸ ਨੂੰ 'ਸ਼ੇਰ ਅਫਗਨ' ਦਾ ਖਤਾਬ ਬਖਸ਼ਿਆ, ਜਿਸ ਦਾ ਭਾਵ ਹੈ ਸ਼ੇਰ ਮਾਰਨ ਵਾਲਾ। ਸ਼ੇਰ ਨਾਲ ਹੋਈ ਲੜਾਈ ਵਿਚ ਉਸ ਨੂੰ ਜਿਹੜੇ ਫਟ ਲਗੇ, ਉਹ ਅਜੇ ਰਾਜ਼ੀ ਵੀ ਨਹੀਂ ਸਨ ਹੋਏ ਕਿ ਬਾਦਸ਼ਾਹ ਦੇ ਇਸ਼ਾਰੇ ਉਤੇ ਇਕ ਮਸਤ ਹਾਥੀ ਉਹਦੇ ਉਤੇ ਓਦੋਂ ਛਡ ਦਿਤਾ ਗਿਆ ਜਦੋਂ ਕਿ ਉਹ ਪਾਲਕੀ ਵਿਚੋਂ ਉਤਰ ਹੀ ਰਿਹਾ ਸੀ। ਸ਼ੇਰ ਅਫਗਨ ਨੇ ਆਪਣੀ ਤਲਵਾਰ ਦੇ ਇਕੋ ਵਾਰ ਨਾਲ ਇਸ ਵਡ ਸਾਰੇ ਹਾਥੀ ਦੀ ਸੁੰਡ ਕਟ ਕੇ ਸੁਟ ਪਾਈ ਅਤੇ ਇਉਂ ਉਹਦੇ ਹਥੋਂ ਆਪਣੀ ਜਾਨ ਬਚਾਈ। ਇਕ ਹੋਰ ਮੌਕੇ ਉਤੇ ਜਹਾਂਗੀਰ ਦੇ ਭਾੜ ਦੇ ੪੦ ਕਾਤਲ ਉਹਦੇ ਉਤੇ ਇਕੋ ਵਾਰਗੀ ਟੁਟ ਪਏ. ਜਦ ਕਿ ਉਹ ਆਪਣੇ ਕਮਰੇ ਵਿਚ ਸੌਂ ਰਿਹਾ ਸੀ, ਪਰ ਉਸ ਸ਼ੇਰ-ਦਿਲ ਨੇ ਅਧੇ ਕਾਤਲਾਂ ਨੂੰ ਓਥੇ ਹੀ ਥਾਂ ਰਖਿਆ ਅਤੇ ਬਾਕੀ ਦੇ ਕੰਨ ਵਲ੍ਹੇਟ ਕੇ ਨੱਸ ਗਏ।

## ਸ਼ਹਿਨਸ਼ਾਹ ਦੇ ਪਾਲਤੂ ਭਰਾ ਨੂੰ ਸ਼ੇਰ ਅਫਗਨ ਦੇ ਮਾਰਨ ਲਈ ਨਿਯਤ ਕਰਨਾ

ਸ਼ਹਿਨਸ਼ਾਹ ਨੇ ਇਹ ਵੇਖ ਕੇ ਕਿ ਉਸ ਦੇ ਸਭ ਹੀਲੇ ਨਿਸਫਲ ਰਹੇ ਹਨ, ਆਪਣੇ ਪਾਲਤੂ ਭਰਾ ਕੁਤਬ-ਉਦ-ਦੀਨ, ਵਾਇਸਰਾਏ ਬੰਗਾਲ ਨੂੰ ਇਹ ਕੰਮ ਸਪੁਰਦ ਕੀਤਾ ਕਿ ਉਹ ਸ਼ੇਰ ਅਫਗਨ ਨੂੰ ਕਹਿ ਕੁਹਾ ਕੇ ਮਿਹਰ ਉਲ ਨਿਸਾ ਨੂੰ ਤਲਾਕ ਦਵਾ ਦੇਵੇ ਅਤੇ ਜੇ ਉਹ ਇਹ ਨਾ ਮੰਨੇ ਤਦ ਉਸ ਨੂੰ ਕਿਸੇ ਨਾ ਕਿਸੇ ਗਲ ਬਹਾਨੇ ਨਾਲ ਟਿਕਾਣੇ ਲਾ ਦੇਵੇ। ਵਾਇਸਰਾਏ ਨੇ ਇਹ ਗਲ ਮਿਹਰ ਉਲ ਨਿਸਾ ਦੇ ਪਤੀ ਦੇ ਰੂਬਰੂ ਰਖੀ, ਜਿਸ ਨੇ ਨਾ ਕੇਵਲ ਇਸ ਪੇਸ਼ਕਸ਼ ਨੂੰ ਠੁਕਰਾ ਹੀ ਦਿਤਾ ਸਗੋਂ ਉਸ ਨੇ ਆਪਣੇ ਔਹਦੇ ਤੋਂ ਵੀ ਅਸਤੀਫਾ ਦੇ ਦਿਤਾ ਤਾਂ ਜੋ ਉਹ ਬਾਦਸ਼ਾਹ ਦੀ ਗੁਲਾਮੀ ਤੋਂ ਹੀ ਆਜ਼ਾਦ ਹੋ ਜਾਏ। ਇਸ ਦੇ ਕੁਝ ਸਮਾਂ ਮਗਰੋਂ ਵਾਇਸਰਾਏ ਸ਼ੇਰ ਅਫਗਨ ਦੀ ਜਾਗੀਰ ਦਾ ਮੁਆਇਨਾ ਕਰਨ ਗਿਆ ਅਤੇ ਉਸ ਨੂੰ ਮੌਕੇ ਉਤੇ ਹਾਜ਼ਰ ਹੋਣ ਲਈ ਤਾਕੀਦ ਕੀਤੀ। ਸ਼ੇਰ ਅਫਗਨ ਨੂੰ ਸ਼ਕ ਪੈ ਗਿਆ ਕਿ ਜ਼ਰੂਰ ਮੇਰ ਨਾਲ ਕੋਈ ਹਥਕੰਡਾ ਕੀਤਾ ਜਾਣ ਵਾਲਾ ਹੈ ਇਸ ਲਈ ਉਹ ਆਪਣੀ ਪੁਸ਼ਾਕ ਵਿਚ ਇਕ ਖੰਜਰ ਛੁਪਾ ਕੇ ਲੈ ਗਿਆ। ਇਸ ਮੌਕੇ ਉਤੇ ਵਾਇਸਰਾਏ ਨੇ ਮੁੜ ਸਵਾਲ ਛੇੜ ਦਿਤਾ ਜਿਸ ਕਰ ਕੇ ਸ਼ੇਰ ਅਫਗਨ ਤੇ ਉਹਦੇ ਵਿਚਕਾਰ ਗਰਮਾ ਗਰਮ ਬਹਿਸ ਛਿੜ ਪਈ ਤੇ ਕੌੜੇ ਫਿਕੇ ਲਫਜ਼ ਵੀ ਵਰਤੇ ਗਏ। ਸ਼ੇਰ ਅਫਗਨ ਨੇ ਰੋਹ ਵਿਚ ਆ ਕੇ ਮੋਟੇ ਤਾਜ਼ੇ ਵਾਇਸਰਾਏ ਦੇ ਪੇਟ ਵਿਚ ਛੁਰਾ ਘੋਪ ਦਿਤਾ ਜਿਸ ਨਾਲ ਉਸ ਦੀਆਂ ਆਂਦਰਾਂ ਬਾਹਰ ਆ ਪਈਆਂ ਫਟੜ ਹੋਏ ਹੋਏ ਕੁਤਬ ਉਦ ਦੀਨ ਨੇ ਉਚੀ ਆਵਾਜ਼ ਨਾਲ ਗਾਰਦ ਨੂੰ ਬੁਲਾਇਆ ਤਾਂ ਜੁ ਉਸ ਨੂੰ ਗਿਰਫਤਾਰ ਕੀਤਾ ਜਾਏ। ਉਸ ਦੀ ਆਵਾਜ਼ ਸੁਣ ਕੇ ਉਸ ਦੇ ਇਕ ਨਿਡਰ ਕਸ਼ਮੀਰੀ ਅਫਸਰ ਪੀਰ ਮੁਹੰਮਦ ਖਾਂ ਨੇ ਸ਼ੇਰ ਅਫਗਨ ਉਤੇ ਹਮਲਾ ਕਰ ਦਿਤਾ ਅਤੇ ਆਪਣੀ ਤਲਵਾਰ ਦਾ ਭਰਪੂਰ ਹਥ ਉਹਦੇ ਸਿਰ ਉਤੇ ਮਾਰਿਆ। ਇਹ ਵੇਖ ਕੇ ਸ਼ੇਰ ਅਫਗਨ ਨੇ ਬੜੀ ਫੁਰਤੀ ਤੇ ਦ੍ਰਿੜਤਾ ਨਾਲ ਵਾਰ ਰੋਕ ਕੇ ਐਸਾ ਜਵਾਬੀ ਹਮਲਾ ਕੀਤਾ ਕਿ ਹਮਲਾਵਰ ਕਸ਼ਮੀਰੀ ਉਥੇ ਹੀ ਢੇਹ ਢੇਰੀ ਹੋ ਗਿਆ। ਏਨੇ ਚਿਰ ਨੂੰ ਇਸ ਇਕਲੇ ਬਾਗੀ ਨੂੰ ਕਾਬੂ ਕਰਨ ਲਈ ਸਾਰੀ ਗਾਰਦ ਮੌਕੇ ਉਤੇ ਪੁਜ ਗਈ। ਸ਼ੇਰ ਅਫਗਨ ਨੇ ੪ ਹੋਰ ਜਵਾਨਾਂ ਨੂੰ ਆਪਣੇ ਖੰਜਰ ਨਾਲ ਧਰਤੀ ਉਤੇ ਲਿਟਾ ਦਿਤਾ।

## ਸਖਤ ਲੜਾਈ

ਇਹ ਵੇਖਕੇ ਕਿ ਬਹੁਤੀ ਗਿਣਤੀ ਅਗੇ ਉਸ ਦੀ ਕੋਈ ਪੇਸ਼ ਨਹੀਂ ਜਾਣੀ ਉਸ ਨੇ ਆਪਣੇ ਹਮਲਾ ਆਵਰਾਂ ਨੂੰ ਵੰਗਾਰਿਆ ਕਿ ਜੇ ਉਹਨਾਂ ਵਿਚ ਮਰਦਉਪਨ ਹੈ ਤਦ ਉਹ ਇਕ ਇਕ ਕਰ ਕੇ ਉਹਦੇ ਨਾਲ ਲੜਾਈ ਕਰ ਵੇਖਣ। ਪਰ ਵੈਰੀ ਵਲੋਂ ਇਸ ਤਜਵੀਜ਼ ਦੀ ਕੋਈ ਪਰੋੜਤਾ ਨਾ ਹੋਈ। ਇਹੋ ਜਿਹੇ ਨਾਜ਼ਕ ਮੌਕੇ ਉਤੇ ਵੀ ਉਸ ਦਲੇਰ ਨੇ ਹੌਸਲਾ ਨਾ ਹਾਰਿਆ। ਆਪਣਾ ਮੂੰਹ ਮਕੇ ਵਲ ਕਰ ਕੇ ਉਸ ਨੇ ਕੁਛ ਮਿਟੀ ਆਪਣੇ ਸਿਰ ਉਤੇ ਧੂੜੀ ਜਿਵੇਂ ਕਿ ਵੁਜ਼ੂ ਕੀਤਾ ਹੋਵੇ। ਫੇਰ ਉਹ ਉਹਨਾਂ ਵੈਰੀਆਂ ਨਾਲ ਲੋਹਾ ਲੈਣ ਲਈ ਤਿਆਰ ਹੋ ਗਿਆ।

## ਸ਼ੇਰ ਅਫਗਨ ਦੀ ਬਹਾਦਰੀ ਦੇ ਅਨੋਖੇ ਕਾਰਨਾਮੇ

ਉਸ ਦਾ ਸਰੀਰ ਹਮਲਾ ਆਵਰਾਂ ਦੀਆਂ ਗੋਲੀਆਂ ਨਾਲ ਛਲਣੀ ਛਿਲਣੀ ਹੋ ਗਿਆ ਅੰਤ ਉਹ ਫਰੇਬ ਤੇ ਦਗੇ ਦਾ ਸ਼ਿਕਾਰ ਹੋ ਕੇ ਚੌਫਾਲ ਡਿਗ ਪਿਆ। ਉਸ ਦੀ ਦਹਿਸ਼ਤ ਐਨੀ ਸੀ ਕਿ ਹਮਲਾ ਆਵਰਾਂ ਨੂੰ ਉਨਾ ਚਿਰ ਉਹਦੇ ਨੇੜੇ ਜਾਣ ਦਾ ਹੌਸਲਾ ਨਾ ਪਿਆ ਜਦ ਤੀਕ ਉਹਨਾਂ ਨੂੰ ਇਹ ਨਿਸ਼ਚਾ ਨਾ ਹੋ ਗਿਆ ਕਿ ਉਹ ਸਚ ਮੁਚ ਹੀ ਅੰਤਮ ਹਟਕੋਰੇ ()ਲੈ ਰਿਹਾ ਹੈ। ਪਾਲਤੂ ਭਾਈ ਦੇ ਕਤਲ ਹੋ ਜਾਣ ਨਾਲ ਜਹਾਂਗੀਰ ਨੂੰ ਸ਼ੇਰ ਅਫਗਨ ਦੇ ਪਰਿਵਾਰ ਵਿਰੁਧ ਕਾਰਰਵਾਈ ਕਰਨ ਦਾ ਬਹਾਨਾ ਹਥ ਲਗ ਗਿਆ। ਉਸ ਦੀ ਸਾਰੀ ਜਾਇਦਾਦ ਜ਼ਬਤ ਕਰ ਲਈ ਗਈ। ਸੁੰਦਰੀ ਬੇਵਾ ਨੂੰ ਹਿਰਾਸਤ ਵਿਚ ਲੈ ਕੇ ਆਗਰੇ ਭੇਜ ਦਿਤਾ। ਉਹਦੇ ਵਿਰੁਧ ਸ਼ੇਰ ਅਫਗਨ ਨੂੰ ਸਹਾਇਤਾ ਦੇਣ ਦਾ ਦੋਸ਼ ਲਾਇਆ ਗਿਆ।

---

()ਇਸ ਸੂਰਮੇ ਦੀ ਕਬਰ ਦੇ ਨਿਸ਼ਾਨ ਵਜੋਂ ਬਰਦਵਾਨ ਦੇ ਆਸ ਪਾਸ ਅਜੇ ਵੀ ਇਕ ਸੁੰਦਰ ਰੋਜ਼ਾ ਮੌਜੂਦ ਹੈ।

Sri Satguru Jagjit Singh Ji eLibrary NamdhariElibrary@gmail.com

ਨਿਸਾ ਦੀ ਮਾਂ ਆਪਣੀ ਨੌਜਵਾਨ ਲੜਕੀ ਸਮੇਤ ਬੇਗਮ ਨੂੰ ਮਿਲਣ ਜਾਇਆ ਕਰਦੀ ਸੀ। ਇਸ ਨੂੰ ਮਹਲ ਤੀਕ ਪੁਚੌਣ ਲਈ ਇਕ ਪਰਦੇ ਦਾਰ ਪਾਲਕੀ ਅਤੇ ਜ਼ਨਾਨੀ ਗਾਰਦ ਵਸ਼ੇਸ਼ ਤੌਰ ਉਤੇ ਨਿਯਤ ਸੀ।

## ਮਿਹਰ-ਉਲ-ਨਿਸਾ ਦੀ ਅਕਲ ਤੇ ਸ਼ਕਲ

ਮਿਹਰ ਉਲ ਨਿਸਾ ਹੁਣ ਬੜੀ ਖੁਸ਼ ਸੀ। ਉਸ ਦੇ ਨੂਰਾਨੀ ਹੁਸਨ ਤੇ ਹਯਾਦਾਰ ਚਾਲ ਨੂੰ ਵੇਖ ਵੇਖ ਕੇ ਮਲਕਾ ਬਹੁਤ ਖੁਸ਼ ਹੁੰਦੀ। ਈਰਾਨੀ ਨਾਚ ਤੇ ਬਲਖ ਦੇ ਪਹਾੜੀ ਗੀਤਾਂ ਨਾਲ ਇਹ ਕੁੜੀ ਮਲਕਾ ਨੂੰ ਬੜਾ ਰਿਝਾਉਂਦੀ। ਮਿਹਰ ਉਲ ਨਿਸਾ ਉਂਜ ਵੀ ਲੰਮੀ ਪਤਲੀ ਤੇ ਸਰੂ ਕਦ ਸੁਹਣ ਨਖਸਿਖ ਤੇ ਗੋਲ ਚਿਹਰੇ ਵਾਲੀ ਪਰੀ ਜਾਪਦੀ ਸੀ। ਉਸ ਦਾ ਛੋਟਾ ਸਿਰ ਉਸ ਦੀ ਸੁਰਾਹੀ ਦਾਰ ਗਰਦਨ ਉਤੇ ਬੜੀ ਸ਼ੋਭਾ ਦੇਂਦਾ ਸੀ। ਉਸ ਦੇ ਨੈਣ ਕਾਲੇ ਤੇ ਬਾਦਾਮ ਦੀ ਸ਼ਕਲ ਦੇ ਸਨ। ਉਸ ਦੀ ਤਕਣੀ ਵਿਚ ਲਖਾਂ ਜਾਦੂ ਸਨ।

## ਸਲੀਮ ਉਤੇ ਜਾਦੂ

ਇਕ ਦਿਨ ਮਿਹਰ ਉਲ ਨਿਸਾ ਨਾਚ ਕਰ ਰਹੀ ਸੀ ਕਿ ਸ਼ਾਹਜ਼ਾਦਾ ਸਲੀਮ ਸ਼ਾਹੀ ਮਹਲ ਵਿਚ ਆਇਆ। ਦੋਨਾਂ ਦੀਆਂ ਅਖਾਂ ਇਕ ਦੂਜੇ ਨਾਲ ਟਕਰਾਈਆਂ। ਸਲੀਮ ਉਸ ਦੀ ਸੁਹਣੀ ਸੂਰਤ, ਸ਼ਭਿਆਚਾਰ ਤੇ ਅਕਲ ਚੰਗੀ ਵੇਖ ਕੇ ਮੋਹਿਆ ਗਿਆ। ਦੋਵਾਂ ਦੇ ਦਿਲ ਇਕ ਦੂਜੇ ਵਲ ਖਿਚੇ ਗਏ।

## ਅਲੀ ਕੁਲੀ ਬੇਗ ਤੁਰਕਮਾਨ ਸਰਦਾਰ

ਮਿਹਰ ਉਲ ਨਿਸਾ ਦੀ ਮੰਗਣੀ ਸ਼ਹਿਨਸ਼ਾਹ ਦੇ ਇਕ ਦਰਬਾਰੀ ਅਲੀ ਕੁਲੀ ਬੇਗ ਨਾਲ ਹੋ ਚੁਕੀ ਸੀ। ਇਰਾਕ ਦਾ ਇਹ ਨੌਜਵਾਨ ਸਰਦਾਰ ਪਹਿਲੇ ਇਸਮਾਈਲ ਸਾਨੀ ਸ਼ਾਹ ਈਰਾਨ ਦੇ ਸ਼ਾਹੀ ਕਿਚਨ ਦਾ ਸੁਪਰਨਟੈਂਡੈਂਟ ਰਹਿ ਚੁਕਾ ਸੀ। ਜਿਸ ਵੇਲੇ ਅਬਦਲ ਰਹੀਮ ਖਾਨ ਖਾਨਾਂ ਮੁਲਤਾਨ ਦੇ ਆਸ ਪਾਸ ਥਟਾ ਕੌਮ ਵਿਰੁਧ ਜੰਗ ਕਰ ਰਿਹਾ ਸੀ। ਉਸ ਵੇਲੇ ਇਹ ਅਲੀ ਕੁਲੀ ਖਾਂ ਸ਼ਾਹੀ ਮੁਲਾਜ਼ਮਤ ਵਿਚ ਦਾਖਲ ਹੋਇਆ। ਮੈਦਾਨਿ ਜੰਗ ਵਿਚ ਦਰਿਆਮਗੀ ਭਰੇ ਕਾਰਨਾਮੇ ਦਖਾਉਣ ਨਾਲ ਉਹ ਵਜ਼ੀਰ ਦੀ ਕਿਰਪਾ ਦਾ ਪਾਤਰ ਬਣ ਗਿਆ ਜਿਸ ਨੇ ਉਸ ਨੂੰ ਬਾਦਸ਼ਾਹ ਦੇ ਹਜ਼ੂਰ ਲਾਹੌਰ ਵਿਚ ਪੇਸ਼ ਕਰ ਦਿਤਾ।

ਮਲਕਾ ਦੇ ਮਹਿਲ ਵਿਚ ਸ਼ਾਹਜ਼ਾਦਾ ਸਲੀਮ ਅਤੇ ਮਿਹਰ ਉਲ ਨਿਸਾ ਦੀਆਂ ਕਈ ਵਾਰ ਮੁਲਾਕਾਤਾਂ ਹੋਈਆਂ ਅਤੇ ਉਥੇ ਹੀ ਦੋਵਾਂ ਵਿਚਾਲੇ ਪਿਆਰ ਪੀਂਘਾਂ ਪੈ ਗਈਆਂ। ਸ਼ਾਹਜ਼ਾਦਾ ਸਲੀਮ ਦੇ ਪਰੇਮ ਨੂੰ ਵੇਖ ਕੇ ਮਿਹਰ ਉਲ ਨਿਸਾ ਦੀ ਮਾਂ ਦੇ ਗੁਸੇ ਦਾ ਪਾਰਾ ਬਹੁਤ ਚੜ੍ਹ ਗਿਆ ਅਤੇ ਉਸ ਨੇ ਇਹ ਗਲ ਮਲਕਾ ਨੂੰ ਜਾ ਦਸੀ, ਮਲਕਾ ਰਾਹੀਂ ਇਹਨਾਂ ਦੀ ਪਰੇਮ ਚਰਚਾ ਸ਼ਾਹਿਨਸ਼ਾਹ ਅਕਬਰ ਤੀਕ ਪੁਜ ਗਈ। ਸਲੀਮ ਇਸ ਤੁਰਕਮਾਨੀ ਦੇਵੀ ਦੇ ਹੁਸਨ ਉਤੇ ਐਨਾ ਮੋਹਤ ਹੋਇਆ ਕਿ ਉਸ ਨੇ ਉਸੇ ਨਾਲ ਸ਼ਾਦੀ ਕਰਨ ਦਾ ਦਰਿੜ ਇਰਾਦਾ ਧਾਰ ਲਿਆ। ਇਹਨਾਂ ਦੋਵਾਂ ਦਾ ਇਸ਼ਕ ਇਥੋਂ ਤੀਕ ਵਧ ਚੁਕਾ ਸੀ ਕਿ ਸ਼ਾਹਜ਼ਾਦਾ ਸਲੀਮ ਨੇ ਆਪਣੇ ਪਿਤਾ ਪਾਸ ਵੀ ਇਹ ਦਰਖਾਸਤ ਕਰ ਦਿਤੀ ਕਿ ਉਹ ਈਰਾਨੀ ਸਰਦਾਰ ਨਾਲ ਮਿਹਰਉਲ ਨਿਸਾ ਦੀ ਮੰਗਣੀ ਮਨਸੂਖ ਕਰ ਦੇਵੇ।

## ਅਕਬਰ ਦੀ ਸਲੀਮ ਨੂੰ ਝਾੜ

ਸ਼ਹਿਨਸ਼ਾਹ ਅਕਬਰ ਬੜਾ ਨੇਕ ਮਜ਼ਾਜ ਸੀ ਉਹ ਇਸ ਅਨਿਆ ਨੂੰ ਪਸਿੰਦ ਨਹੀਂ ਸੀ ਕਰਦਾ। ਇਸ ਲਈ ਉਸ ਨੇ ਆਪਣੇ ਬੇਟੇ ਨੂੰ ਇਸ ਰਵਈਏ ਲਈ ਝਾੜ ਪਾਈ ਅਤੇ ਉਸ ਦੀ ਮੰਗਣੀ ਨੂੰ ਮਨਸੂਖ ਕਰਨ ਤੋਂ ਇਨਕਾਰ ਕਰ ਦਿਤਾ। ਏਥੇ ਹੀ ਬਸ ਨਹੀਂ ਸਗੋਂ ਅਕਬਰ ਨੇ ਇਥੋਂ ਤੀਕ ਪ੍ਰਬੰਧ ਕਰ ਦਿਤਾ ਕਿ ਸ਼ਾਹੀ ਖਜ਼ਾਨਚੀ ਦੀ ਪੁਤਰੀ ਸ਼ਾਹਜ਼ਾਦਾ ਸਲੀਮ ਦੇ ਸਾਹਮਣੇ ਹੀ ਨ ਹੋ ਸਕੇ। ਨ ਕੇਵਲ ਇਹੋ ਹੀ ਸਗੋਂ ਉਸ ਨੇ ਉਸ ਦੀ ਮਾਂ ਨੂੰ ਵੀ ਇਹ ਸਲਾਹ ਦਿਤੀ ਕਿ ਉਹ ਛੇਤੀ ਤੋਂ ਛੇਤੀ ਲੜਕੀ ਦੇ ਮੰਗੇਤਰ ਨਾਲ ਲੜਕੀ ਦਾ ਵਿਆਹ ਕਰ ਦੇਵੇ। ਮਿਹਰ ਉਲ ਨਿਸਾ ਭਾਵੇਂ ਦਿਲੋਂ ਚਾਹੁੰਦੀ ਸੀ ਕਿ ਹੋਣ ਵਾਲੇ ਬਾਦਸ਼ਾਹ ਦੀ ਬੇਗਮ ਬਣੇ ਪਰ ਇਸ ਮਾਮਲ ਵਿਚ ਉਸ ਦੀ ਮਰਜ਼ੀ ਨੂੰ ਕੋਈ ਦਖਲ ਨਹੀਂ ਸੀ। ਲੜਕੀ ਨੇ ਵਿਅਰਥ ਹੀ ਆਪਣੇ ਮਾਪਿਆਂ ਅਤੇ ਭਰਾ ਨੂੰ ਇਹ ਤਾੜਨਾ ਕੀਤੀ ਕਿ ਸਲੀਮ ਨਾਲ ਸ਼ਾਦੀ ਕਰਨ ਤੋਂ ਇਨਕਾਰ ਕਰਕੇ ਉਹ ਸਲੀਮ ਦੀ ਨਰਾਜ਼ਗੀ ਮੁਲ ਲੈਣਗੇ ਜੋ ਇੰਤਕਾਮ ਲੈਣ ਵਿਚ ਬੜਾ ਨਿਰਦਈ ਹੈ, ਉਸ ਨੇ ਆਪਣੇ ਬਾਪ ਨੂੰ ਇਹ ਵੀ ਜਤਾ ਦਿਤਾ ਕਿ ਉਸ ਦੀ ਆਪਣੀ ਤੇ ਉਸ ਦੀ ਧੀ ਦੀ ਖੁਸ਼ੀ ਦਾ ਨਿਰਭਰ ਸਲੀਮ ਨਾਲ ਸ਼ਾਦੀ ਉਤੇ ਹੀ ਹੈ ਪਰ ਉਸ ਨੇ ਵਿਅਰਥ ਹੀ ਇਹ ਗਲ ਵੀ ਸਪਸ਼ਟ ਕਰ ਦਿਤੀ ਕਿ ਉਸ ਨੂੰ ਸਲੀਮ ਦੀ ਵਡੀ ਬੇਗਮ ਜੋਧਾ ਬਾਈ ਦਾ ਵੀ ਕੋਈ ਡਰ ਨਹੀਂ ਕਿਉਂਕਿ ਉਹ ਸਲੀਮ ਨੂੰ ਆਪਣੀਆਂ ਉਂਗਲੀਆਂ ਉਤੇ ਨਚਾ ਸਕਦੀ ਹੈ।

## ਮਿਹਰ-ਉਲ-ਨਿਸਾ ਦੀ ਅਲੀ ਕੁਲੀ ਨਾਲ ਸ਼ਾਦੀ

ਮਿਹਰ ਉਲ ਨਿਸਾ ਦੀਆਂ ਸਭ ਤਾੜਨਾਂ ਤੇ ਬੇਨਤੀਆਂ ਵਿਅਰਥ ਗਈਆਂ ਅਤੇ ਮਾਪਿਆਂ ਨੇ ਉਸ ਦੀ ਸ਼ਾਦੀ ਅਲੀ ਕੁਲੀ ਨਾਲ ਹੀ ਕਰ ਦਿਤੀ। ਉਸ ਸਮੇਂ ਦੇ ਰਿਵਾਜ ਅਨੁਸਾਰ ਨਵ ਵਿਆਹੇ ਜੋੜ ਨੇ ਇਕ ਦੂਜੇ ਨੂੰ ਸ਼ੀਸ਼ੇ ਰਾਹੀਂ ਪਹਿਲੀ ਵਾਰ ਤਕਿਆ। ਤੁਰਕਮਾਨ ਸਰਦਾਰ ਨੇ ਸ਼ੀਸ਼ੇ ਵਿਚ ਜਿਹੜਾ ਚਿਹਰਾ ਡਿਠਾ ਉਹ ਇਕ ਦਮ ਅਤਿ ਸੁੰਦਰ ਪਰ ਨਾਰਾਜ਼ ਅਤੇ ਪੀਲਾ ਜਿਹਾ ਸੀ। ਦੇਖਦੇ ਸਾਰ ਹੀ ਉਹ ਸੁਹਣੀ ਸੂਰਤ ਨਾਲ ਕੀਲਿਆ ਗਿਆ। ਪਰ ਉਸ ਦਾ ਆਪਣਾ ਚਿਹਰਾ ਨਵੀਂ ਦੁਲਹਨ ਦੇ ਦਿਲ ਉਤੇ ਕੋਈ ਅਸਰ ਨ ਪਾ ਸਕਿਆ। ਇਸ ਅਵਸਰ ਉਤੇ ਮਿਹਰ ਉਲ ਨਿਸਾ ਦੇ ਮੂੰਹੋਂ ਜੋ ਲਫਜ਼ ਨਿਕਲੇ ਉਹ ਸਨ—"ਤੁਹਾਡੀ ਲੰਮੀ ਦਮੜੇ ਦੀ ਈਰਾਨੀ ਟੋਪੀ ਕਿੰਨੀ ਡਰਾਉਣੀ ਵਿਖਾਈ ਦੇਂਦੀ ਹੈ।' ਉਸ ਦੀ ਮਾਂ ਨੇ ਉਸ ਨੂੰ ਇਹਨਾਂ ਲਫਜ਼ਾਂ ਲਈ ਮਿਠੀ ਝਾੜ ਪਾਈ ਪਰ ਨਵੇਂ ਲਾੜੇ ਨੇ ਬੜੀ ਮਿਠ ਜ਼ਬਾਨ ਨਾਲ ਆਖਿਆ—'ਆਪਣੀ ਮਹਿਬੂਬਾ ਦੀ ਮੁਕੀ ਮੇਰ ਲਈ ਐਨੀ ਹੀ ਮਿਠੀ ਹੈ ਜਿੰਨਾ ਅੰਗੂਰ ਦਾ ਰਸ।" ਸ਼ਾਦੀ ਦੀ ਰਸਮ ਮਗਰੋਂ ਜਵਾਨ ਪਰ ਖਤਰਨਾਕ ਸੁੰਦਰੀ ਨੂੰ ਆਪਣੇ ਸ਼ਾਹੀ ਆਸ਼ਕ ਤੋਂ ਬਹੁਤ ਦੂਰ ਭੇਜਿਆ ਗਿਆ ਉਸ ਦਾ ਪਤੀ ਉਸ ਨੂੰ ਆਪਣੀ ਜਾਗੀਰ ਬਰਦਵਾਨ ਵਿਚ ਲੈ ਗਿਆ।

## ਤਖਤ ਨਸ਼ੀਨ ਹੋ ਕੇ ਜਹਾਂਗੀਰ ਵਲੋਂ ਆਪਣੀ ਮਹਿਬੂਬਾ ਨੂੰ ਪ੍ਰਾਪਤ ਕਰਨ ਦਾ ਨਿਸ਼ਚਾ

ਸਮਾਂ ਲੰਘਦਾ ਗਿਆ; ਨੇਕ ਦਿਲ ਅਕਬਰ ਮਰ ਗਿਆ ਤੇ ਉਸ ਦੀ ਥਾਂ ਤੇ ਜਹਾਂਗੀਰ ਗਦੀ ਨਸ਼ੀਨ ਹੋਇਆ। ਮਿਹਰ ਉਲ ਨਿਸਾ ਉਤੇ ਪਹਿਲੀ ਪਿਆਰ ਤਕਣੀ ਨੂੰ ਹੁਣ ਬਾਰਾਂ ਸਾਲ ਦਾ ਲੰਮਾ ਸਮਾਂ ਹੋ ਚੁਕਾ ਸੀ। ਮਿਹਰ ਉਲ ਨਿਸਾ ਹੁਣ ੩੦ ਸਾਲ ਦੀ ਹੋ ਗਈ ਤੇ ਉਸ ਦੀ ਜਵਾਨੀ ਵੀ ਢਲ ਚੁਕੀ ਸੀ। ਇਸ ਗਲ ਦੇ ਬਾਵਜੂਦ ਉਹ ਦੀ ਸ਼ਾਨ ਸੁੰਦਰਤਾ ਤੇ ਸੁਹਪਣ ਵਿਚ ਕੋਈ ਘਾਟ ਨਹੀਂ ਸੀ ਆਈ। ਉਸ ਦਾ ਪਿਆਰ ਅਜੇ ਵੀ ਸ਼ਾਹੀ ਆਸ਼ਕ ਦੇ ਦਿਲ ਦੀ ਤਹਿ ਵਿਚ ਸੁਰਖਿਅਤ ਸੀ ਭਾਵੇਂ ਦੂਜੇ ਮਨੁਖ ਨਾਲ ਸ਼ਾਦੀ ਹੋ ਜਾਣ ਕਰਕੇ ਉਸ ਦੇ ਦਿਲ ਉਤੇ ਕਾਫੀ ਸਟ ਵਜੀ ਸੀ। ਜਹਾਂਗੀਰ ਦੇ ਤਖਤ ਉਤੇ ਬੈਠਣ ਸਾਰ ਉਹ ਦਾ ਸੁਤਾ ਤੇ ਭੁਲਿਆ ਹੋਇਆ ਪਿਆਰ ਮੁੜ ਜਾਗ ਗਿਆ। ਉਹ ਅਲੀ ਕੁਲੀ ਬੇਗ ਦਾ ਜਾਨੀ ਵੈਰੀ ਬਣ ਗਿਆ। ਆਪਣੀ

Sri Satguru Jagjit Singh Ji eLibrary NamdhariElibrary@gmail.com

## ਨੂਰ ਜਹਾਨ ਨੂੰ ਪੂਰਨ ਸ਼ਾਹੀ ਅਧਿਕਾਰਾਂ ਦੀ ਪ੍ਰਾਪਤੀ

ਥੋੜੇ ਜਿਹੇ ਸਾਲਾਂ ਦੇ ਅੰਦਰ ਮਾਮਲਾ ਇਥੋਂ ਤੀਕ ਪਹੁੰਚ ਗਿਆ ਕਿ ਜਹਾਂਗੀਰ ਦੇ ਰੋਜ਼ਨਾਮਚਾ ਨਵੀਸ ਮੁਹੰਮਦ ਹਾਦੀ ਤੇ ਲਫਜ਼ਾਂ ਵਿਚ ਬਾਦਸ਼ਾਹ ਕੇਵਲ ਨਾਮ ਮਾਤਰ ਹੀ ਬਾਦਸ਼ਾਹ ਰਹਿ ਗਿਆ। ਰਾਜ ਪ੍ਰਬੰਧ ਦੇ ਅਮਲੇ ਵਿਚ ਨੂਰ ਜਹਾਨ ਤੇ ਸ਼ਹਿਨਸ਼ਾਹ ਦਾ ਕੇਵਲ ਇਹੋ ਫਰਕ ਸੀ ਕਿ ਉਸ ਦਾ ਨਾਮ ਖੁਤਬੇ ਵਿਚ ਨਹੀਂ ਸੀ ਪੜ੍ਹਿਆ ਜਾਂਦਾ। ਸ਼ਹਿਨਸ਼ਾਹ ਨੇ ਉਸ ਨੂੰ ਗੌਰਮਿੰਟ ਅਤੇ ਬਾਦਸ਼ਾਹਤ ਦੇ ਪੂਰਨ ਅਧਿਕਾਰ ਵੀ ਸੌਂਪ ਰਖੇ ਸਨ। ਸਭ ਮਾਮਲਿਆਂ ਵਿਚ ਨੂਰ ਜਹਾਨ ਦੀ ਮਰਜ਼ੀ ਹੀ ਚਲਦੀ ਸੀ। ਉਸ ਦਾ ਹੁਕਮ ਹੀ ਕਾਨੂੰਨ ਦਾ ਦਰਜਾ ਰਖਦਾ ਸੀ। ਉਹ ਹਰ ਰੋਜ਼ ਸਵੇਰੇ ਆਪਣੇ ਮਹਲ ਦੇ ਝਰੋਖੇ ਵਿਚ ਬੈਠਦੀ, ਬਲੋ ਸਾਰੇ ਦਰਬਾਰੀ ਤੇ ਉਮਰਾ ਇਕ ਹੋ ਕੇ ਹਾਜ਼ਰੀ ਭਰਦੇ ਅਤੇ ਹੁਕਮ ਹੁਕਾਮ ਪ੍ਰਾਪਤ ਕਰਦੇ। ਇਥੋਂ ਤੀਕ ਕਿ ਉਸ ਦੇ (ਨੂਰ ਜਹਾਨ) ਦੇ ਨਾਮ ਦਾ ਸਿੱਕਾ ਵੀ ਚਾਲੂ ਹੋ ਗਿਆ ਜਿਸ ਉਪਰ ਇਹ ਲਿਖਤ ਦਰਜ ਸੀ।

بحکم شاہ جہانگیر یافت صد زیور
بنام نور جہاں بادشاہ بیگم زر

ਅਰਥਾਤ—'ਬਾਦਸਾਹ ਜਹਾਂਗੀਰ ਦੇ ਹੁਕਮ ਨਾਲ ਸੋਨੇ ਨੂੰ ਸੌ ਗੁਣਾ ਸ਼ਾਨ ਲਗ ਗਈ। ਨੂਰਜਹਾਨ ਮਲਕਾ ਬੇਗਮ ਦੇ ਨਾਮ ਦੀ ਮੁਹਰ ਲਗਣ ਨਾਲ।

ਨੂਰ ਜਹਾਨ ਦੀ ਮੁਹਰ ਉਤੇ ਇਹ ਸ਼ਬਦ ਦਰਜ ਸਨ।

نورجہاں گشت بفضل الہٰ
ہمدم وہمراز جہانگیر شاہ

ਅਰਥਾਤ ਈਸ਼ਵਰ ਦੀ ਕਿਰਪਾ ਨਾਲ ਨੂਰ ਜਹਾਨ ਬਾਦਸ਼ਾਹ ਜਹਾਂਗੀਰ ਦੀ ਮਹਿਰਮ ਤੇ ਸਾਂਝੀਵਾਲ ਬਣ ਗਈ। ਸਾਰੇ ਹੁਕਮ ਨੂਰ ਜਹਾਨ ਦੇ ਨਾਮ ਵਾਲੇ ਅਖਰਾਂ ਨਾਲ ਜਾਰੀ ਹੁੰਦੇ ਸਨ।

حکیم علیتہ لعالیتہ نور جہاں بیگم بادشاہ

ਅਰਥਾਤ—ਮਹਾਨ ਵਡੀ ਨਿਵਾਜ਼ੀ ਹੋਈ ਨੂਰ ਜਹਾਨ ਬੇਗਮ ਮਲਕਾ ਦੇ ਹੁਕਮ ਨਾਲ।

ਸ਼ਹਿਨਸ਼ਾਹ ਜਹਾਂਗੀਰ ਨੂਰ ਜਹਾਨ ਦੇ ਹੁਸਨ ਉਤੇ ਐਨਾ ਮੁਗਧ (ਲਟੂ)ਸੀ ਕਿ ਉਹ ਉਹਦ ਬਿਨਾ ਇਕ ਘੜੀ ਵੀ ਨਹੀਂ ਕਟ ਸਕਦਾ ਸੀ। ਕਿਹਾ ਜਾਂਦਾ ਹੈ ਕਿ ਜਿਸ ਸਮੇਂ ਸ਼ਹਿਨਸ਼ਾਹ ਦਰਬਾਰ ਵਿਚ ਬੈਠਾ ਹੁੰਦਾ ਦਰਬਾਰ ਦੇ ਅਗੇ ਇਕ ਪਰਦਾ ਟੰਗਿਆ ਰਹਿੰਦਾ ਜਿਸ ਦੇ ਪਿਛੇ ਨੂਰ ਜਹਾਨ ਬੈਠੀ ਰਹਿੰਦੀ। ਬਾਦਸ਼ਾਹ ਆਪ ਆਖਦਾ ਸੀ ਕਿ "ਮੈਂ ਆਪਣੀ ਬਾਦਸ਼ਾਹਤ ਨੂਰ ਜਹਾਨ ਬੇਗਮ ਨੂੰ ਸੌਂਪ ਦਿਤੀ ਹੈ ਜੋ ਮੇਰੇ ਦਿਲ ਦੀ ਇਕੋ ਇਕ ਮਲਕਾ ਹੈ। ਜਿਥੋਂ ਤੀਕ ਮੇਰੀ ਜ਼ਾਤ ਦਾ ਸੰਬੰਧ ਹੈ ਮੈਨੂੰ ਇਕ ਪੌਂਡ (ਅਧ ਸੇਰ) ਮਾਸ ਅਤੇ ਦੋ ਪਿੰਟ (ਇਕ ਬੋਤਲ) ਸ਼ਰਾਬ ਤੋਂ ਛੁਟ ਕੁਛ ਨਹੀਂ ਚਾਹੀਦਾ।" ਇਕ ਹੋਰ ਥਾਂ ਜਹਾਂਗੀਰ ਲਿਖਦਾ ਹੈ "ਮੇਰੀ ਬੀਵੀ ਦੀ ਜ਼ਾਤੀ ਵਿਚ ਐਨੀ ਅਕਲ ਮੌਜੂਦ ਹੈ ਕਿ ਉਹ ਸਾਰੀ ਬਾਦਸ਼ਾਹਤ ਉਤੇ ਰਾਜ ਕਰ ਸਕਦੀ ਹੈ ਇਸ ਲਈ ਮੈਨੂੰ ਦਿਮਾਗ ਖਰਚ ਕਰਨ ਦੀ ਕੋਈ ਲੋੜ ਨਹੀਂ।" ਪੂਰੇ ਵੀਹ ਸਾਲ ਤੀਕ ਨੂਰ ਜਹਾਨ ਨੇ ਇਹੋ ਜਿਹੇ ਸ਼ਾਹੀ ਅਧਿਕਾਰਾਂ ਨੂੰ ਆਪਣੇ ਕਬਜ਼ੇ ਵਿਚ ਰਖਿਆ। ਉਸ ਦੀ ਖਾਤਰ ਬਾਦਸ਼ਾਹ ਨੇ ਉਹ ਰਿਵਾਜ ਵੀ ਛਡ ਦਿਤੇ ਜਿਸ ਦੀ ਪਾਲਨਾ ਮੁਸਲਮਾਨ ਬੜੀ ਸਖਤੀ ਨਾਲ ਕਰਦੇ ਸਨ। ਸਰ ਥਾਮਸ ਰੋ, ਜੋ ਬਾਦਸ਼ਾਹ ਇੰਗਲੈਂਡ ਵਲੋਂ ਰਾਜਦੂਤ ਬਣ ਕੇ ਹਿੰਦ ਵਿਚ ਭਜਿਆ ਗਿਆ ਸੀ ਲਿਖਦਾ ਹੈ ਕਿ ਜਹਾਂਗੀਰ ਨੂਰ ਜਹਾਨ ਨੂੰ ਬਿਨਾ ਬੁਰਕੇ ਲੈਕੇ ਬੈਲ ਗਡੀ ਵਿਚ ਆਗਰੇ ਦੇ ਬਾਜ਼ਾਰਾਂ ਵਿਚ ਫਿਰਦਾ ਸੀ। ਇਸ ਗਡ਼ ਬੈਲ ਨੂੰ ਛੋਟੇ ਕਦ ਦੇ ਬੈਲ ਜਿਨ੍ਹਾਂ ਨੂੰ ਗਾਹਨੀ ਆਖਦੇ ਹਨ, ਖਿਚਦੇ ਸਨ।

## ਉਸ ਦੀ ਉਚ ਦਰਜੇ ਦੀ ਸੰਪੂਰਨਤਾ

ਪੂਰਬੀ ਅਤੇ ਪਛਮੀ ਇਤਿਹਸਕਾਰ ਨੂਰ ਜਹਾਨ ਦੀ ਬੜੀ ਪ੍ਰਸੰਸਾ ਕਰਦੇ ਹਨ। ਨਿਰਸੰਦੇਹ ਉਹ ਹੈ ਵੀ ਬੜੇ ਉਚੇ ਦਰਜੇ ਦੀ ਸਊ ਤੇ ਸੰਪੂਰਨ ਗੁਣਾਂ ਭਰਪੂਰ ਤੀਵੀਂ ਸੀ, ਜਿਸ ਦੀ ਹੋਰ ਮਿਸਾਲ ਉਸ ਸਮੇਂ ਨਹੀਂ ਮਿਲਦੀ। ਪੂਰਬੀ ਇਤਿਹਾਸਕਾਰਾਂ ਦੇ ਕਥਨ ਅਨੁਸਾਰ ਉਹ ਮਜ਼ਲੂਮਾਂ ਦੀ ਪਨਾਹ ਅਤੇ ਨੇਕੀ ਤੇ ਉਚੇ ਗੁਣਾਂ ਦਾ ਸੋਮਾ ਸੀ।

ਜਿਹੜੇ ਗਰੀਬ ਮਾਪੇ ਆਪਣੀਆਂ ਧੀਆਂ ਨੂੰ ਦਾਜ ਦੇਣ ਤੋਂ ਅਸਮਰਥ ਦਸਦੇ ਉਹ ਮਲਕਾ ਉਹਨਾਂ ਦੀਆਂ ਧੀਆਂ ਨੂੰ ਆਪ ਦਾਜ ਦਿੰਦੀ। ਕਿਹਾ ਜਾਂਦਾ ਹੈ ਕਿ ਇਸ ਢੰਗ ਨਾਲ ਉਸ ਦੇ ਦਾਜ ਨਾਲ ਪੰਜ ਸੌ ਲੜਕੀਆਂ ਦੀਆਂ ਸ਼ਾਦੀਆਂ ਕੀਤੀਆਂ ਗਈਆਂ।

## ਕਈ ਪ੍ਰਕਾਰ ਦੇ ਸੁਧਾਰ

ਜਹਾਂਗੀਰ ਦੇ ਦਰਬਾਰ ਵਲੋਂ ਕੀਤੇ ਗਏ ਕਈ ਕਿਸਮ ਦੇ ਸੁਧਾਰ ਉਸੇ ਦੀ ਨੇਕ-ਦਿਲੀ ਅਤੇ ਨਿਆਈਂ ਸੁਭਾ ਦਾ ਸਦਕਾ ਸਨ। ਉਸ ਦੇ ਚੰਗੇਰ ਪ੍ਰਬੰਧ ਹੇਠ ਦਰਬਾਰ ਦੀ ਨਾ ਕੇਵਲ ਸ਼ਾਨੋ-ਸ਼ੌਕਤ ਵਿਚ ਹੀ ਵਾਧਾ ਹੋਇਆ ਸਗੋਂ ਇਸ ਦੇ ਖਰਚਾਂ ਵਿਚ ਵੀ ਬਹੁਤ ਸਾਰੀ ਬਚਤ ਹੋਣ ਲਗੀ। ਨੂਰ ਜਹਾਨ ਵਲੋਂ ਹੋਏ ਤੀਵੀਆਂ ਦੀ ਪੁਸ਼ਾਕ ਵਿਚ ਸੁਧਾਰ ਵੀ ਬਹੁਤ ਕੁਛ ਉਸੇ ਸੁਹਜ ਸੁਵਾਦ ਤੇ ਹੁਨਰਵੰਦੀ ਨੂੰ ਦਖਲ ਸੀ। ਉਸ ਨੇ ਜ਼ਨਾਨਾ ਪੁਸ਼ਾਕ ਵਿਚ ਕਈ ਉਹ ਸੁਧਾਰ ਕੀਤੇ ਜਿਨ੍ਹਾਂ ਵਲ ਅਜੇ ਤੀਕ ਕਿਸੇ ਨੇ ਧਿਆਨ ਨਹੀਂ ਸੀ। ਇਤਾ ਅਜ ਕਲ ਦੀ ਚੋਲੀ ਤ ਅੰਗੀ ਤੇ ਅੰਦਰਖਾ ਵੀ ਉਸੇ ਦੀ ਕਾਢ ਸਨ। ਉਸ ਨੇ ਜ਼ਨਾਨਾ ਪੁਸ਼ਾਕ ਦੀਆਂ ਕਈ ਨਵੀਨ ਕਾਢਾਂ ਕਢੀਆਂ ਜੋ ਅਜ ਦਿਨ ਤੀਕ ਜਾਰੀ ਹਨ। ਉਸ ਨੇ ਕਮਰਿਆਂ ਦੇ ਫਰਨੀਚਰ ਵਿਚ ਵੀ ਕਈ ਕਿਸਮ ਦੇ ਸੁਧਾਰ ਕੀਤੇ। ਉਸ ਨੇ ਲੋਕ ਯਾਦਗਾਰਾਂ ਅਤੇ ਬਾਗ ਬਗੀਚਿਆਂ ਦੀਆਂ ਸਕੀਮਾਂ ਵੀ ਤਿਆਰ ਕੀਤੀਆਂ ਅਤੇ ਸਭ ਤੋਂ ਪਹਿਲੇ ਉਸ ਨੇ ਗੁਲਾਬ ਦੇ ਫੁਲਾਂ ਵਿਚੋਂ ਅਤਰ ਕਢਿਆ। ਉਸ ਦੇ ਹੁਕਮ ਨਾਲ ਕਈ ਸ਼ਹਿਰਾਂ ਵਿਚ ਨਫੀਸ ਮਸੀਤਾਂ, ਬਾਗ, ਸਰਾਵਾਂ, ਤਲਾ ਅਤੇ ਫਹਾਰੇ ਬਣਾਏ ਗਏ ਜਿਨ੍ਹਾਂ ਵਿਚੋਂ ਬਹੁਤ ਸਾਰੇ ਅੱਜ ਦਿਨ ਤੀਕ ਕਾਇਮ ਹਨ। ਉਸ ਦੇ ਪ੍ਰਾਈਵੇਟ ਕਮਰੇ ਅਤੇ ਛੱਜਾਂ ਸਮੇਤ ਸਫੈਦ ਸੰਗਮਰਮਰੀ ਥੰਮਾਂ ਦੇ ਅੱਜ ਦਿਨ ਤੀਕ ਆਗਰੇ ਦੇ ਕਿਲ੍ਹੇ ਵਿਚ ਵਿਦਮਾਨ ਹਨ।

## ਖੇਲਾਂ ਵਿਚ ਚਤੁਰਾਈ

ਨੂਰ ਜਹਾਨ ਚੰਗੀ ਸ਼ਹਿਸਵਾਰ ਅਤੇ ਪਰਬੀਨ ਸ਼ਿਕਾਰਨ ਵੀ ਸੀ। ਇਕ ਵਾਰ ਹਾਥੀ ਉਤੇ ਸਵਾਰ ਹੋ ਕੇ ਉਸ ਨੇ ਆਪਣੇ ਹੱਥ ਨਾਲ ਚਾਰ ਸ਼ੇਰ ਮਾਰੇ ਸਨ। ਖੇਲਾਂ ਦੇ ਮੈਦਾਨ ਵਿਚ ਉਸ ਦੀ ਚਤਰਾਈ ਬਾਰੇ ਇਕ ਕਵੀ ਨੇ ਇਉਂ ਲਿਖਿਆ ਹੈ:—

نور جہاں گرچہ بظاہر زن است
در صف مردان زن شیر افگن است

ਅਰਥਾਤ— ਭਾਵੇਂ ਨੂਰ ਜਹਾਨ ਵੇਖਣ ਨੂੰ ਤੀਵੀਂ ਹੈ ਪਰ ਮਰਦਾਂ ਦੀ ਕਤਾਰ ਵਿਚ ਉਹ ਐਸੀ ਤੀਵੀਂ ਹੈ, ਜੋ ਸ਼ੇਰ ਨੂੰ ਮਾਰ ਸਕਦੀ ਹੈ। (ਜ਼ਨਿ ਸ਼ੇਰ† ਅਫਗਨ)

---

†ਜ਼ਨ ਲਫਜ਼ ਦੇ ਦੋ ਭਾਵ ਹਨ, ਮਾਰਨ ਵਾਲਾ ਅਤੇ ਪਤਨੀ ਇਸ ਲਈ 'ਜ਼ਨਿ ਸ਼ੇਰ ਅਫਗਨ' ਦਾ ਮਤਲਬ ਨਾ ਕੇਵਲ ਸ਼ੇਰ ਮਾਰਨ ਵਾਲੀ ਸਗੋਂ ਸ਼ੇਰ ਅਫਗਨ ਦੀ ਪਤਨੀ ਵੀ ਹੋ ਸਕਦਾ ਹੈ। ਕਵੀ ਨੇ ਇਸ ਕਵਿਤਾ ਵਿਚ ਦਸਿਆ ਹੈ ਕਿ ਅਸਲ ਵਿਚ ਉਹ ਸ਼ੇਰ ਅਫਗਨ ਦੀ ਬੀਵੀ ਸੀ।

ਪਰ ਉਸ ਵਿਰੁਧ ਮੁਕਦਮਾ ਨਾ ਚਲਾਇਆ ਗਿਆ। ਦਰਬਾਰ ਵਿਚ ਪੇਸ਼ੀ ਸਮੇਂ ਜਹਾਂਗੀਰ ਨੇ ਉਸ ਨੂੰ ਸ਼ਾਦੀ ਕਰ ਲੈਣ ਦੀ ਮੁੜ ਪੇਸ਼ਕਸ਼ ਕੀਤੀ ਪਰ ਉਸ ਨੂੰ ਆਪਣੇ ਸੂਰਬੀਰ ਪਤੀ ਦੇ ਮਾਰੇ ਜਾਣ ਦਾ ਐਨਾ ਰੰਜ ਤੇ ਗ਼ਮ ਸੀ ਕਿ ਉਸ ਨੇ ਬਾਦਸ਼ਾਹ ਦੀ ਗਲ ਵਲ ਉਕਾ ਹੀ ਧਿਆਨ ਨਾ ਦਿਤਾ ਭਾਵੇਂ ਉਹਦੇ ਨਾਲ ਪਹਿਲੇ ਤੋਂ ਹੀ ਪਿਆਰ ਕਰਦੀ ਸੀ।

## ਜਹਾਂਗੀਰ ਦਾ ਪਛਤਾਵਾ

ਮਿਹਰ ਉਲ ਨਿਸਾ ਨੇ ਜਿਸ ਲਾਪਰਵਾਹੀ ਦਾ ਸਬੂਤ ਦਿਤਾ ਉਸ ਤੋਂ ਜਹਾਂਗੀਰ ਨੂੰ ਬੜੀ ਨਿਰਾਸਤਾ ਹੋਈ। ਇਸ ਤੋਂ ਛੁਟ ਉਸ ਨੇ ਜੋ ਕਮੀਨਾ ਪਾਪ ਕੀਤਾ ਸੀ ਉਸ ਦਾ ਉਸ ਨੂੰ ਬੜਾ ਪਛਤਾਵਾ ਲਗਾ। ਇਸਦਾ ਅਸਰ ਇਹ ਹੋਇਆ ਕਿ ਉਸਨੇ ਫੇਰ ਚਾਰ ਸਾਲ ਤੀਕ ਉਸ ਦਾ ਧਿਆਨ ਨਾ ਦਿਤਾ ਅਤੇ ਮਿਹਰ-ਉਲ-ਨਿਸਾ ਮਹੱਲ ਵਿਚ ਬਾਦ-ਸ਼ਾਹ ਦੀ ਮਾਤਾ ਦੀ ਸੇਵਾ ਕਰਦੀ ਰਹੀ। ਉਸ ਨੂੰ ਖਰਚਾਂ ਲਈ ਰੋਜ਼ਾਨਾ ਡੇਢ ਅਥਵਾ ਦੋ ਸ਼ਲਿੰਗ ਮਿਲਦ ਸਨ। ਮਹਲ ਵਿਚ ਇਕ ਨਿਕਾ ਜਿਹਾ ਕਮਰਾ ਉਸ ਨੂੰ ਰਹਿਣ ਲਈ ਦਿਤਾ ਗਿਆ।

## ਇਕਾਂਤ ਜੀਵਨ

ਇਉਂ ਇਕਾਂਤ ਜੀਵਨ ਬਤੀਤ ਕਰਦਿਆਂ ਮਿਹਰਉਲ ਨਿਸਾ ਨੇ ਸੂਈ ਸਿਲਾਈ ਦਾ ਕੰਮ ਤੇ ਪੇਂਟਿੰਗ ਦਾ ਕਸਬ ਕਰਕੇ ਆਪਣੀ ਆਮਦਨ ਵਿਚ ਕੁਝ ਹੋਰ ਵੀ ਵਾਧਾ ਕਰ ਲਿਆ। ਇਸ ਆਮਦਨ ਨਾਲ ਉਸ ਨੇ ਆਪਣੀ ਰਿਹਾਇਸ਼ ਦੇ ਕਮਰੇ ਨੂੰ ਐਨੀ ਜੁਗਤ ਨਾਲ ਸਜਾਇਆ ਕਿ ਹੁਨਰੀ ਕਮਾਲ ਤੇ ਕਾਦੂ ਦਿਮਾਗ ਜੋ ਕੁਛ ਕਰ ਸਕਦਾ ਸੀ ਉਹ ਸਭ ਕੁਛ ਉਥੇ ਵੇਖਿਆ ਜਾ ਸਕਦਾ ਸੀ। ਹਰਮ ਦੀਆਂ ਤੀਵੀਆਂ ਦਾ ਉਹਦੇ ਮਕਾਨ ਉਤੇ ਮੇਲਾ ਜਿਹਾ ਲਗਾ ਰਹਿੰਦਾ ਜੋ ਨਵੇਂ ਫੈਸ਼ਨਾਂ ਲਈ ਉਹਦੇ ਪਾਸੋਂ ਸਲਾਹ ਲੈਣ ਆਉਂਦੀਆਂ। ਇਹ ਤੀਂਵੀਆਂ ਮਿਹਰਉਲ ਨਿਸਾ ਦੀਆਂ ਛਾਪੀਆਂ ਹੋਈਆਂ ਸਿਲਕ ਦੀਆਂ ਚੀਜ਼ਾਂ ਅਤੇ ਕਮਾਲ ਦੇ ਕਸੀਦੇ ਦੇ ਕੰਮ ਨੂੰ ਬੜੀ ਚਾਹ ਨਾਲ ਖਰੀਦਣ ਲਗ ਪਈਆਂ।

ਮੁਸਲਮਾਨਾਂ ਦੇ ਨਵਰੋਜ (ਨਵੇਂ ਸਾਲ) ਦੇ ਤਿਹਾਰ ਉਪਰ ਜਦ ਜਹਾਂਗੀਰ ਸ਼ਾਹੀ ਮਹੱਲ ਵਿਚ ਦਾਖਲ ਹੋਇਆ ਤਦ ਉਸ ਦੀ ਨਜ਼ਰ ਪੁਰਾਣੀ ਪ੍ਰੇਮਕਾ ਮਿਹਰ ਉਲ ਨਿਸਾ ਉਤੇ ਪਈ ਜੋ ਹੁਣ ਏਕਾਂਤ ਦਾ ਜੀਵਨ ਬਤੀਤ ਕਰ ਰਹੀ ਸੀ। ਓਸ ਸਮੇਂ ਮਿਹਰ ਉਲ ਨਿਸਾ ਸਾਦੀ ਮਲਮਲ ਦੀ ਪੁਸ਼ਾਕ ਵਿਚ ਸੀ ਜਿਸ ਨੇ ਉਸ ਦੇ ਸੁਹਪਣ ਤੇ ਪਿਆਰ ਵਿਚ ਹੋਰ ਵੀ ਵਾਧਾ ਕਰ ਰਖਿਆ ਸੀ। ਇਸ ਦੇ ਇਕੋ ਦੀਦ ਨੇ ਜਹਾਂਗੀਰ ਦੇ ਦਿਲ ਉਤੇ ਜਾਦੂ ਵਰਗਾ ਅਸਰ ਕੀਤਾ ਅਤੇ ਉਸ ਦੇ ਦਿਲ ਵਿਚ ਬੁਝੀ ਹੋਈ ਪਿਆਰ-ਚਿਣਗ (ਇਸ਼ਕ) ਮੁੜ ਭੜਕ ਉਠੀ। ਉਸ ਨੇ ਆਪਣੇ ਗੱਲ ਵਿਚੋਂ ਹੀਰਿਆਂ ਦੀ ਮਾਲਾ ਲਾਹ ਕੇ ਉਹਦੇ ਗੱਲ ਵਿਚ ਪਾ ਦਿਤੀ। ਇਹ ਮਾਲਾ ਬੜੀ ਕੀਮਤੀ ਸੀ ਅਤੇ ਇਸ ਵਿਚ ੪੦੦੦ ਪੌਂਡ ਦੇ ਹੀਰੇ ਮੋਤੀ ਜੜੇ ਹੋਏ ਸਨ।

## ਅੰਤ ਜਹਾਂਗੀਰ ਨਾਲ ਸ਼ਾਦੀ ੧੬੧੧ ਈਸਵੀ

ਓਸੇ ਵੇਲੇ ਉਹ ਬਾਦਸ਼ਾਹ ਦੇ ਹਰਮ ਵਿਚ ਪੁਚਾਈ ਗਈ, ਜਿਥੇ ਉਹ ਬਾਦਸ਼ਾਹ ਦੀ ਬੇਗਮ (ਸੁਲਤਾਨਾ) ਬਣਾ ਦਿਤੀ ਗਈ। ਸੰਨ ੧੬੧੧ ਵਿਚ ਦੋਂਵਾਂ ਦੀ ਸ਼ਾਦੀ ਵੀ ਬੜੀ ਧੂਮ ਧਾਮ ਨਾਲ ਹੋ ਗਈ। ਹੌਲੀ ਹੌਲੀ ਉਸ ਨੇ ਜਹਾਂਗੀਰ ਦੇ ਦਿਲ ਉਤੇ ਹੀ ਨਹੀਂ ਸਗੋਂ ਸਾਰੀ ਸਲਤਨਤ ਉਤੇ ਵੀ ਕਬਜ਼ਾ ਕਰ ਲਿਆ।

## ਸ਼ਹਿਨਸ਼ਾਹ ਉਤੇ ਉਸ ਦਾ ਅਸਰ ਰਸੂਖ

ਸ਼ਾਹੀ ਦਰਬਾਰ ਵਿਚ ਉਸ ਦੇ ਹੁਕਮ-ਹੁਕਾਮ ਚਲਣ ਲਗ ਪਏ। ਵਡੇ ਵਡੇ ਅਤੇ ਜ਼ਰੂਰੀ ਮਾਮਲਿਆਂ ਵਿਚ ਸ਼ਹਿਨਸ਼ਾਹ ਉਸ ਦੀ ਸਲਾਹ ਲੈਣ ਲੱਗ ਪਿਆ। ਸ਼ਾਹੀ ਮਹੱਲਾਂ ਵਿਚ ਉਸ ਦੇ ਹੁਕਮ ਚਲਣ ਲਗ ਪਏ। ਮਿਹਰ-ਉਲ-ਨਿਸਾ ਨੇ ਸ਼ਾਹੀ ਮਹੱਲ ਦੀ ਨਿਗਰਾਨੀ ਬੜੀ ਯੋਗਤਾ ਨਾਲ ਕੀਤੀ। ਬਾਦਸ਼ਾਹ ਹਰ ਵੇਲੇ ਉਸ ਨੂੰ ਆਪਣੀਆਂ ਅੱਖਾਂ ਦੇ ਸਾਹਵੇਂ ਰਖਦਾ। ਉਸ ਦੀ ਸਭ ਤੋਂ ਵਡੀ ਖੁਸ਼ੀ ਇਹੋ ਸੀ ਕਿ ਉਹ ਆਪਣੀ ਨਵੀਂ ਵਹੁਟੀ ਨੂੰ ਪ੍ਰਸੰਨ ਕਰ ਸਕੇ।

## ਨੂਰ ਜਹਾਨ ਦਾ ਖਤਾਬ

ਹੁਣ ਉਸ ਦਾ ਨਾਮ ਮਿਹਰ-ਉਲ-ਨਿਸਾ ਤੋਂ ਬਦਲ ਕੇ ਨੂਰ ਮਹੱਲ ਰਖਿਆ ਗਿਆ ਜੋ ਛੇਤੀ ਹੀ ਮਗਰੋਂ ਨੂਰ ਜਹਾਨ ਬੇਗਮ ਵਿਚ ਬਦਲ ਗਿਆ। ਉਸ ਦੇ ਬਾਪ ਨੂੰ ਅਕਬਰ ਨੇ ਪਹਿਲੇ ਹੀ ਇਤਮਾਦ-ਉਦ-ਦੌਲਾ ਬਣਾ ਦਿਤਾ ਸੀ। ਉਸ ਨੂੰ ਹੋਰ ਉਚਾ ਕਰ ਕੇ ਵਜ਼ੀਰੇ-ਆਜ਼ਮ ਬਣਾ ਦਿਤਾ। ਉਸ ਦੇ ਵਡੇ ਭਰਾ ਅਬੁਲ ਕਾਸਮ ਨੂੰ ਇਤਮਾਦ ਖਾਂ ਦਾ ਖਿਤਾਬ ਦੇ ਕੇ ਰਸੂਮਾਤ ਦਾ ਮਾਸਟਰ ਬਣਾ ਦਿਤਾ ਗਿਆ। ਨੂਰ ਜਹਾਨ ਦੀ ਦਾਈ ਦਿਲ-ਆਰਾਮ ਵੀ ਸ਼ਾਹੀ ਮਹਿਲਾਂ ਦੀ ਵਡੀ ਅਫਸਰ ਥਾਪੀ ਗਈ ਤੇ ਉਸ ਦੇ ਸਪੁਰਦ ੬ ਹਜ਼ਾਰ ਉਹ ਤੀਵੀਆਂ ਕੀਤੀਆਂ ਗਈਆਂ ਜੋ ਮਹੱਲ ਵਿਚ ਜ਼ਨਾਨਾ ਫੌਜੀ ਗਾਰਦ ਅਤੇ ਲੌਂਡੀਆਂ ਸਨ। ਇਹਨਾਂ ਤੀਵੀਆਂ ਵਿਚ ਚੀਨੀ, ਹਬਸ਼ੀ, ਹਿੰਦੂ, ਮੁਸਲਮਾਨ ਤੇ ਕੋਹ-ਕਾਫ ਦੀਆਂ ਤੀਵੀਆਂ ਵੀ ਸ਼ਾਮਲ ਸਨ। ਸਦਰ-ਉਲ-ਸਦੂਰ ਨੂੰ ਹੁਕਮ ਹੋ ਗਿਆ ਕਿ ਨੂਰ ਜਹਾਨ ਦੀ ਮੁਹਰ ਤੋਂ ਬਿਨਾ ਹਰਮ ਦੇ ਕਿਸੇ ਵੀ ਮੈਂਬਰ ਨੂੰ ਕੋਈ ਤਨਖਾਹ ਆਦਿ ਨਾ ਦਿਤੀ ਜਾਏ।

ਨੂਰ ਜਹਾਨ ਦਾ ਜਹਾਂਗੀਰ ਉਤੇ ਬੜਾ ਦਬਦਬਾ ਸੀ। ਕਿਹਾ ਜਾਂਦਾ ਹੈ ਕਿ ਨੂਰ ਜਹਾਨ ਹਰ ਗੱਲ ਵਿਚ ਆਪਣੇ ਪਿਤਾ ਦੀ ਸੁਚੱਜੀ ਸਲਾਹ ਵਰਤਦੀ ਸੀ। ਉਸ ਨੇ ਆਪਣੇ ਨਿਰਦਈ ਪਤੀ ਦੇ ਸੁਭਾ ਵਿਚ ਬੜੀ ਤਬਦੀਲੀ ਕਰ ਲਈ ਅਤੇ ਉਸ ਨੂੰ ਗੁਸੇ ਉਤੇ ਕਾਬੂ ਪਾਉਣਾ ਵੀ ਸਿਖਾ ਦਿਤਾ। ਉਸ ਨੇ ਦਿਨ ਦੇ ਸਮੇਂ ਜਹਾਂਗੀਰ ਨੂੰ ਸ਼ਰਾਬ ਪੀਣ ਤੋਂ ਵਰਜ ਦਿਤਾ ਅਤੇ ਰਾਤ ਵੇਲੇ ਦੀ ਸ਼ਰਾਬ ਵਿਚ ਵੀ ਕਮੀ ਕਰ ਦਿਤੀ। ਸ਼ਹਿਨਸ਼ਾਹ ਨੇ ਆਪਣੇ ਹਸਤ ਲਿਖਤ ਜੀਵਨ ਵਿਚ ਨੂਰ ਜਹਾਨ ਤੇ ਉਸ ਦੇ ਪਰਿਵਾਰ ਦੇ ਉਸ ਉਤੇ ਪਾਏ ਚੰਗੇ ਅਸਰ ਦਾ ਵਿਸਥਾਰ ਨਾਲ ਵਰਨਣ ਕੀਤਾ ਹੈ ਅਤੇ ਆਪਣੀ ਖੁਸ਼-ਹਾਲੀ ਨੂੰ ਉਹਨਾਂ ਦੀਆਂ ਨੇਕ ਸਲਾਹਾਂ ਦਾ ਹੀ ਫਲ ਦਸਦਾ ਹੈ।

## ਸ਼ਹਿਨਸ਼ਾਹ ਵਲੋਂ ਉਸ ਦੇ ਅਸਰ ਰਸੂਖ ਦਾ ਬਿਆਨ

ਬਾਦਸ਼ਾਹ ਲਿਖਦਾ ਹੈ– "ਜਿਸ ਸਮੇਂ ਇਹ ਲਿਖਤ ਲਿਖੀ ਜਾ ਹੈ (ਸ਼ਹਿਨਸ਼ਾਹ ਦੀ ਗੱਦੀ-ਨਸ਼ੀਨੀ ਦਾ ੧੩ਵਾਂ ਸਾਲ) ਮੈਂ ਕਹਿ ਸਕਦਾ ਹਾਂ ਕਿ ਮੇਰੇ ਸਾਰੇ ਖਜ਼ਾਨੇ ਦਾ ਕਬਜ਼ਾ, ਭਾਵੇਂ ਉਹ ਸੋਨੇ ਦੇ ਰੂਪ ਵਿਚ ਹੈ ਜਾਂ ਹੀਰੇ ਜਵਾਹਰ, ਉਹ ਸਭ ਉਸ ਦੇ (ਨੂਰ ਜਹਾਨ) ਦੇ ਹੱਥ-ਵੱਸ ਵਿਚ ਹੈ। ਮੇਰਾ ਪੂਰਾ ਪੂਰਾ ਭਰੋਸਾ ਮਲਕਾ ਨੂੰ ਪ੍ਰਾਪਤ ਹੈ, ਮੈਂ ਆਪ ਵੀ ਉਹਦੇ ਕਬਜ਼ੇ ਵਿਚ ਹਾਂ ਤੇ ਮੇਰੇ ਰਾਜ ਦੇ ਸਾਰੇ ਹੀ ਖਜ਼ਾਨੇ ਇਸ ਉਚ ਤੇ ਸੁਚੇ ਪਰਿਵਾਰ ਦੇ ਕਬਜ਼ੇ ਵਿਚ ਹਨ।" ਨੂਰ ਜਹਾਨ ਦੇ ਬੁਢੇ ਪਿਤਾ ਦੇ ਵਜ਼ੀਰ ਬਣਾਏ ਜਾਣ ਉਤੇ ਕਿਸੇ ਨੂੰ ਹਸਦ (ਸਾੜਾ) ਨ ਹੋਇਆ। ਉਸ ਦੇ ਅੰਦਰ ਉਹ ਸਾਰੇ ਗੁਣ ਸਨ ਜੋ ਉਸ ਉਚੀ ਪਦਵੀ ਦੇ ਵਿਯਕਤੀ ਵਿਚ ਹੋਣੇ ਜ਼ਰੂਰੀ ਹਨ। ਉਸ ਨੇ ਸਾਬਤ ਕਰ ਦਿਤਾ ਕਿ ਉਸ ਸਮੇਂ ਦਰਬਾਰ ਵਿਚ ਉਹ ਸਚ ਮੁਚ ਹੀ ਸਭ ਤੋਂ ਵਧ ਯੋਗ ਤੇ ਦਾਨਾ ਵਜ਼ੀਰ ਸੀ।

Sri Satguru Jagjit Singh Ji eLibrary NamdhariElibrary@gmail.com

ਨੂੰ ਸੁਣਾਇਆ । ਮੁਗਲ ਦਰਬਾਰ ਵਿਚ ਇਹੋ ਜਿਹੇ ਕਈ ਇਸਾਈ ਪਾਦਰੀ ਮੌਜੂਦ ਸਨ । ਸ਼ਹਿਨਸ਼ਾਹ ਨੇ ਰਾਜਦੂਤ ਨਾਲ ਬੜਾ ਨਰਮੀ ਵਾਲਾ ਵਰਤਾ ਕੀਤਾ ਅਤੇ ਉਹਦੇ ਨਾਲ ਤੁਰਕੀ ਜ਼ਬਾਨ ਵਿਚ ਖੁਲ੍ਹੀਆਂ ਡੁਲ੍ਹੀਆਂ ਗਲਾਂ ਵੀ ਕੀਤੀਆਂ । ਦਰਬਾਰੀਆਂ ਨੇ ਬਾਦਸ਼ਾਹ ਨੂੰ ਸਲਾਹ ਦਿਤੀ ਕਿ ਜੇ ਉਸ ਨੇ ਅੰਗਰੇਜ਼ਾਂ ਨੂੰ ਆਪਣੇ ਇਲਾਕੇ ਵਿਚ ਤਜਾਰਤ ਕਰਨ ਦੀ ਖੁਲ੍ਹ ਕਰ ਦਿਤੀ ਤਦ ਪੁਰਤਗਾਲੀ ਜੋ ਕਿ ਅੰਗਰੇਜ਼ਾਂ ਤੋਂ ਵਧੀਕ ਤਾਕਤਵਰ ਕੌਮ ਹਨ ਨਾਰਾਜ਼ ਹੋ ਜਾਣਗੇ ਅਤੇ ਉਹ ਹਿੰਦੀ ਬੰਦਰਗਾਹ ਵਿਚ ਤਜਾਰਤੀ ਮਾਲ ਲਿਆਉਣਾ ਛਡ ਦੇਣਗੇ । ਇਸ ਤਰ੍ਹਾਂ ਟੈਕਸ ਨਾਲ ਸ਼ਾਹੀ ਖਜ਼ਾਨੇ ਨੂੰ ਬੜਾ ਭਾਰੀ ਨੁਕਸਾਨ ਪੁਜੇਗਾ । ਇਸ ਤੇ ਬਾਦਸ਼ਾਹ ਨੇ ਬਰਤਾਨਵੀ ਅਫਸਰ ਨੂੰ ਵਾਪਸ ਮੋੜ ਦਿਤਾ ।

## ਸਰਥਾਮਸ ਰੋਏ ਦੀ ਸਿਫਾਰਤ ੧੬੧੫ ਈ.

ਦਸੰਬਰ ੧੬੧੫ ਈਸਵੀ ਵਿਚ ਸਰ ਥਾਮਸ ਰੋਏ ਦੀ ਲੀਡਰੀ ਥਲੇ ਇਕ ਬਾਕਾਇਦਾ ਸਿਫਾਰਤ ਅਜਮੇਰ ਪੁਜੀ ਤਾਂ ਜੁ ਸ਼ਹਿਨਸ਼ਾਹ ਨਾਲ ਮਿਤਰਾਨਾ ਸੰਧੀ ਕੀਤੀ ਜਾਏ । ਬਾਦਸ਼ਾਹ ਨੇ ਸਫੀਰ ਦਾ ਸੁਆਗਤ ਵਸ਼ੇਸ਼ ਤੌਰ ਉਤੇ ਕੀਤਾ ਅਤੇ ਨਾ ਕੇਵਲ ਪਹਿਲੀਆਂ ਗ੍ਰਾਂਟਾਂ ਦੀ ਹੀ ਪੁਸ਼ਟਤਾ ਕਰ ਦਿਤੀ ਸਗੋਂ ਹਿੰਦੁਸਤਾਨ ਦੇ ਵਡੇ ਵਡੇ ਕੁਛ ਸ਼ਹਿਰਾਂ ਵਿਚ ਰੈਜ਼ੀਡੈਂਟ ਇੰਗਲਿਸ਼ ਏਜੰਟਾਂ ਦੀ ਰਿਹਾਇਸ਼ ਦੀ ਵੀ ਆਗਿਆ ਦੇ ਦਿਤੀ । ਏਸੇ ਸਰ ਥਾਮਸ ਰੋਏ ਨੇ ਜਹਾਂਗੀਰ ਦੇ ਦਰਬਾਰ ਦਾ ਸਵਿਸਥਾਰ ਹਾਲ ਲਿਖਿਆ ਹੈ । ਉਸ ਦੀ ਲਿਖਤ (ਜਰਨਲ) ਵਿਚ ਐਸੀ ਵਾਕਫੀਅਤ ਦਰਜ ਹੈ ਜੋ ਹੁਣ ਵੀ ਬੜੀ ਦਿਲਚਸਪੀ ਨਾਲ ਪੜ੍ਹੀ ਜਾਏਗੀ ।

## ੧੬੧੬ ਦੀ ਵਬਾ ਜਾਂ ਮਰੀ

ਸੰਨ ੧੧੧੬ ਉਸ ਮਹਾਂ ਭਿਆਨਕ ਵਬਾ ਦਾ ਯਾਦਗਾਰੀ ਸਾਲ ਹੈ ਜੋ ਦੋ ਸਾਲ ਤੀਕ ਜਾਰੀ ਰਹੀ । ਪੰਜਾਬ ਵਿਚ ਫੁਟ ਪਈ ਸੀ । ਇਹ ਛੂਤ ਦੀ ਬੀਮਾਰੀ ਸੀ ਜੋ ਅਠ ਸਾਲ ਤੀਕ ਜਾਰੀ ਰਹੀ । ਪੰਜਾਬ ਤੋਂ ਨਿਕਲ ਕੇ ਇਹ ਵਬਾ ਸਰਹਿੰਦ ਤੇ ਹਿੰਦੁਸਤਾਨ ਦੇ ਦੁਆਬੇ ਵਿਚ ਦਿਲੀ ਤੀਕ ਫੈਲ ਗਈ । ਲਾਹੌਰ ਵਿਚ ਤੇ ਇਸ ਨੇ ਐਨੀ ਤਬਾਹੀ ਮਚਾਈ ਕਿ ਘਰਾਂ ਦੇ ਘਰ ਮੁਰਦਾ ਲਾਸ਼ਾਂ ਨਾਲ ਭਰੇ ਹੋਏ ਬੰਦ ਕਰ ਕੇ ਲੋਕ ਨਸ ਗਏ । ਕੋਈ ਆਦਮੀ ਡਰ ਦਾ ਮਾਰਿਆ() ਇਹਨਾਂ ਘਰਾਂ ਵਿਚ ਦਾਖਲ ਹੋਣ ਦਾ ਹੌਸਲਾ ਨਹੀਂ ਸੀ ਕਰ ਸਕਦਾ ।

## ਸ਼ਾਹਜ਼ਾਦਾ ਖੁਰਮ ਨੂੰ ਸ਼ਾਹ ਜਹਾਨ ਦਾ ਖਿਤਾਬ ੧੬੧੬ ਈ:

ਏਸੇ ਹੀ ਸਾਲ ਸ਼ਾਹਜ਼ਾਦਾ ਖੁਰਮ ਨੂੰ ਵੀਹ ਹਜ਼ਾਰੀ ਬਣਾ ਕੇ ਸ਼ਾਹ ਜਹਾਨ ਦਾ ਖਿਤਾਬ ਇਸ ਲਈ ਦਿਤਾ ਗਿਆ ਕਿਉਂਕਿ ਉਸ ਨੇ ਜੰਗ ਵਿਚ ਬੜੀ ਯੋਗਤਾ ਦਾ ਸਬੂਤ ਦਿਤਾ ਸੀ । ਉਸ ਨੂੰ ਇਹ ਰਿਆਇਤ ਵੀ ਦਿਤੀ ਗਈ ਕਿ ਉਹ ਸ਼ਾਹੀ ਦਰਬਾਰ ਦੇ ਨਾਲ ਕੁਰਸੀ ਡਾਹ ਕੇ ਉਸ ਉਤੇ ਬੈਠ ਸਕਦਾ ਸੀ । ਹੁਣ ਬਾਦਸ਼ਾਹ ਵਲੋਂ ਦਖਣ ਵਿਰੁਧ ਇਕ ਬੜੀ ਵਡੀ ਮੁਹਿੰਮ ਜਥੇਬੰਦ ਕੀਤੀ ਗਈ ਜੋ ਸ਼ਾਹਜ਼ਾਦੇ ਦੇ ਚਾਰਜ ਵਿਚ ਦਿਤੀ ਗਈ । ਫੌਜ ਦੇ ਕੂਚ ਕਰ ਜਾਣ ਮਗਰੋਂ ਜਹਾਂਗੀਰ ਆਪ ਵੀ ਉਸ ਦੇ ਮਗਰੇ ਮਗਰ ਗਿਆ ਤਾਂ ਜੁ ਲੋੜ ਪੈਣ ਉਤੇ ਉਹ ਸ਼ਾਹਜ਼ਾਦੇ ਦੀ ਮੌਕੇ ਉਪਰ ਸਹਾਇਤਾ ਕਰ ਸਕੇ । ਇਸ ਲੜਾਈ ਵਿਚ ਮਲਿਕ ਅੰਬਰ ਨੂੰ ਹਾਰ ਹੋਈ ਅਤੇ ਉਹ ਅਹਿਮਦ ਨਗਰ ਛਡਣ ਲਈ ਮਜਬੂਰ ਹੋ ਗਿਆ ।

() ਇਕਬਾਲ ਨਾਮਾ ਜਹਾਂਗੀਰੀ ।

ਪਰ ਬਿਜਾ ਪੁਰ ਦੇ ਇਬਰਾਹੀਮ ਆਦਲ ਸ਼ਾਹ ਨੇ ਸ਼ਹਿਨਸ਼ਾਹ ਦਾ ਬਾਜ ਗੁਜ਼ਾਰ ਬਣਨਾ ਪਰਵਾਨ ਕਰ ਲਿਆ ।

## ਸਰ ਥਾਮਸ ਰੋਏ ਦਾ ਸ਼ਹਿਨਸ਼ਾਹ ਬਾਰੇ ਬਿਆਨ

ਮਾਂਡੂ ਵਲ ਕੂਚ ਸਮੇਂ ਸਰ ਥਾਮਸ ਰੋਏ ਸ਼ਹਿਨਸ਼ਾਹ ਦੇ ਨਾਲ ਸੀ ਇਸ ਲਈ ਉਹਦੀ ਸ਼ਾਹ ਜਹਾਨ ਨਾਲ ਚੋਖੀ ਵਾਕਫੀਅਤ ਹੋ ਗਈ । ਉਸ ਸਮੇਂ ਸ਼ਾਹਜ਼ਾਦੇ ਦੀ ਉਮਰ ਭਾਵੇਂ ੨੫ ਸਾਲ ਤੋਂ ਅਧਿਕ ਨਹੀਂ ਸੀ, ਪਰ ਉਹ ਆਪਣੀ ਉਮਰ ਤੋਂ ਅਧਿਕ ਗੰਭੀਰ ਤੇ ਸਾਵਧਾਨ ਸੀ । ਇਹ ਅੰਗਰੇਜ਼ ਰਾਜਦੂਤ ਉਸ ਦੇ ਵਰਤਾਉ ਬਾਰੇ ਲਿਖਦਾ ਹੈ ਕਿ " ਉਸ ਨੇ ਐਨਾ ਸ਼ਾਂਤ ਤੇ ਗੰਭੀਰ ਮਨੁਖ ਪਹਿਲੇ ਕਦੀ ਨਹੀਂ ਡਿੱਠਾ । ਉਹ ਕਦੇ ਨਹੀਂ ਸੀ ਹਸਦਾ, ਨਾ ਹੀ ਉਹ ਆਪਣੀ ਨਜ਼ਰ ਨਾਲ ਕਿਸੇ ਉਪਰ ਸ਼ਰਧਾ ਪ੍ਰਗਟ ਕਰਦਾ ਸੀ । ਸਗੋਂ ਉਹ ਸਭ ਨੂੰ ਹੰਕਾਰ ਤੇ ਘ੍ਰਿਣਾ ਦੀ ਨਜ਼ਰ ਨਾਲ ਤਕਦਾ ਸੀ ।"

## ਸ਼ਾਹਜ਼ਾਦਾ ਖੁਸਰੋ ਦੀ ਮੌਤ ੧੬੨੨ ਈ:

ਅਕਤੂਬਰ ੧੬੨੨ ਈ: ਵਿਚ ਕਸ਼ਮੀਰ ਤੋਂ ਵਾਪਸੀ ਸਮੇਂ ਜਹਾਂਗੀਰ ਨੇ ਲਾਹੌਰ ਵਿਚ ਆਪਣਾ ਦਰਬਾਰ ਲਾਇਆ । ਉਸੇ ਹੀ ਸਾਲ ਮੰਦਭਾਗਾ ਸ਼ਹਿਜ਼ਾਦਾ ਖੁਸਰੋ ਕੈਦ ਵਿਚ ਮਰ ਗਿਆ ਤੇ ਇਉਂ ਸ਼ਾਹਜਹਾਨ ਦੀ ਤਖਤ ਨਸ਼ੀਨੀ ਲਈ ਤਖਤਾ ਸਾਫ ਹੋ ਗਿਆ । ਠੀਕ ਇਸੇ ਹੀ ਵੇਲੇ ਨੂਰ ਜਹਾਨ ਦਾ ਬਾਪ ਮਿਰਜ਼ਾ ਗਿਆਸ ਵੀ ਚਲਾਣਾ ਕਰ ਗਿਆ । ਇਸ ਸਮੇਂ ਤੋਂ ਪਿਛੋਂ ਮਲਕਾ ਨੂਰ ਜਹਾਨ ਨੇ ਜੋ ਹੁਣ ਆਪਣੇ ਪਿਤਾ ਤੇ ਸੂਝ ਭਰੇ ਮਸ਼ਵਰਿਆਂ ਤੋਂ ਵੰਚਿਤ ਹੋ ਚੁਕੀ ਸੀ, ਸਲਤਨਤ ਦੀਆਂ ਕਿਸਮਤਾਂ ਉਪਰ ਭੈੜਾ ਪਰਭਾਵ ਪਾਉਣਾ ਸ਼ੁਰੂ ਕਰ ਦਿਤਾ ।

## ਮਲਕਾਂ ਦੀਆਂ ਸਾਜ਼ਸ਼ਾਂ

ਨੂਰ ਜਹਾਨ ਨੇ ਆਪਣੇ ਪਤੀ ਦੀ ਜ਼ਿੰਦਗੀ ਦੇ ਅੰਤਲੇ ਦਿਨ ਸਾਜ਼ਸ਼ਾਂ ਤੇ ਖੁਲੀ ਜੰਗ ਨਾਲ ਤਲਖ ਬਣਾ ਦਿਤੇ ਸਨ । ਇਸ ਦਾ ਅਸਰ ਇਹ ਹੋਇਆ ਕਿ ੧੬੨੧ ਵਿਚ ਸਖਤ ਰੋਗ ਦੇ ਕਾਰਨ ਸ਼ਹਿਨਸ਼ਾਹ ਦੀ ਸਿਹਤ ਬਹੁਤ ਵਿਗੜ ਗਈ ਅਤੇ ਲਾਲਚੀ ਮਲਕਾ ਨੇ ਦ੍ਰਿੜ ਨਿਸ਼ਚਾ ਕਰ ਲਿਆ ਕਿ ਉਸ ਦਾ ਸਭ ਤੋਂ ਛੋਟਾ ਬੇਟਾ ਸ਼ਹਰ ਯਾਰ ਜਿਸ ਦੀ ਸ਼ਾਦੀ ਉਸ ਦੀ ਪਹਿਲੇ ਪਤੀ ਦੀ ਲੜਕੀ ਨਾਲ ਹੋ ਚੁਕੀ ਸੀ ਤਖਤ ਦਾ ਵਾਰਸ ਬਣੇ । ਇਹ ਰਪੋਰਟ ਸ਼ਾਹ ਜਹਾਨ ਦੇ ਕੰਨਾਂ ਤੀਕ ਵੀ ਪਹੁੰਚ ਗਈ । ਉਸ ਨੂੰ ਹੁਣੇ ਹੁਣ ਹੀ ਈਰਾਨੀ ਨਿਜੀਆਂ ਪਾਸੋਂ ਕੰਧਾਰ ਨੂੰ ਵਾਪਸ ਲੈਣ ਲਈ ਫੌਜ ਦੀ ਕਮਾਨ ਮਿਲੀ ਸੀ ।

## ਸ਼ਾਹ ਜਹਾਨ ਦੀ ਬਗਾਵਤ ੧੬੨੩ ਈ.

ਲਾਹੌਰ ਵਿਚ ਬੈਠੇ ਸ਼ਹਿਨਸ਼ਾਹ ਅਤੇ [illegible] ਵਿਚ ਠਹਿਰੇ ਹੋਏ ਬੇਚੈਨ ਬੇਟੇ ਵਿਚਾਲੇ ਹੋਏ ਨਿਸਫਲ ਖਤ ਪਤਰ ਮਗਰੋਂ ਸ਼ਾਹ ਜਹਾਨ ਨੇ ਆਪਣੀ ਸੁਤੇਲੀ ਮਾਂ ਦੀਆਂ ਸਾਜਸ਼ਾਂ ਨੂੰ ਨਿਹਫਲ ਬਣਾਉਣ ਲਈ ਖੁਲ੍ਹੇ ਬੰਦ ਜਹਾਂਗੀਰ ਵਿਰਧ ਬਗਾਵਤ ਦਾ ਝੰਡਾ ਖੜਾ ਕਰ ਦਿਤਾ । ਇਸ ਤੇ ਸ਼ਹਿਨਸ਼ਾਹ ਨੇ ਉਸ ਦੇ ਵਿਰੁਧ ਲਾਹੌਰ ਤੋਂ ਕੂਚ ਬੋਲ ਦਿਤਾ । ਸ਼ਹਿਨਸ਼ਾਹ ਜਹਾਂਗੀਰ ਦੇ ਨੇੜੇ ਪੁਜ ਜਾਣ ਕਰ ਕੇ ਸ਼ਾਹ ਜਹਾਨ ਪਹਿਲੇ ਮੇਵਾਤ ਦੇ ਪਹਾੜਾਂ ਵਲ ਤੇ ਫੇਰ ਉਥੋਂ ਤਲਿੰਗਾਣਾ ਵਲ ਨੂੰ ਨਸ । ਗਿਆ । ਇਥੋਂ ਨਸ ਕੇ ਉਹ ਰਾਜ ਮਹਲ ਪੁਜਾ ਅਤੇ ਉਥੋਂ ਦੇ

## ਮੂੰਹ ਜ਼ਬਾਨੀ ਸ਼ੇਅਰ ਕਹਿਣ ਵਾਲੀ ਕਵਿਤਰੀ

ਨੂਰ ਜਹਾਨ ਆਪ ਵੀ ਕਵਿਤਾ ਲਿਖਣ ਵਿਚ ਮਾਹਿਰ ਸੀ। ਜਹਾਂਗੀਰ ਨੂੰ ਮੋਹਤ ਕਰਨ ਦਾ ਇਕ ਕਾਰਨ ਮੂੰਹ ਜ਼ਬਾਨੀ ਕਵਿਤਾ ਵੀ ਕਹੀ ਜਾਂਦੀ ਹੈ। ਉਹ ਫ਼ਾਰਸੀ ਦੀ ਬੜੀ ਸੁੰਦਰ ਕਵਿਤਾ ਰਚਦੀ ਸੀ। ਉਸ ਨੇ 'ਮਖਫ਼ੀ' ਉਪਨਾਮ ਹੇਠ ਸਲਿਮਾ ਸੁਲਤਾਨ ਬੇਗਮ ਅਤੇ ਜ਼ੇਬ-ਉਲ-ਨਿਸਾ ਬੇਗਮ ਵਰਗੀ ਰਚਨਾ ਰਚੀ। ਉਹ ਬੜੀ ਹਾਜ਼ਰ ਜਵਾਬ ਤੇ ਢੁਕਵੇਂ ਸੋਹਣੇ ਉੱਤਰ ਦੇਣ ਵਿਚ ਮਾਹਰ ਸੀ। ਇਕ ਮੌਕੇ ਉਤੇ ਨੂਰ ਜਹਾਨ ਪਾਸ ਹੀ ਖੜੀ ਸੀ ਕਿ ਸ਼ਹਿਨਸ਼ਾਹ ਨੇ ਨਵਾਂ ਚੰਦ ਡਿਠਾ। ਨੂਰ ਜਹਾਨ ਨੂੰ ਵੇਖਦੇ ਸਾਰ ਹੀ ਸ਼ਹਿਨਸ਼ਾਹ ਦੇ ਮੂੰਹੋ ਨਿਕਲ ਗਿਆ।

ਨਵਾਂ ਚੰਦ ਉਪਰ ਅਸਮਾਨ ਵਿਚ ਪ੍ਰਗਟ ਹੋਇਆ ਹੈ।

ਨੂਰ ਜਹਾਨ ਨੇ ਤੁਰਤ ਉੱਤਰ ਵਿਚ ਆਖਿਆ—

ਇਹ ਮੈਕਦਾ (ਸ਼ਰਾਬ ਖਾਨੇ) ਦੀ ਕੁੰਜੀ ਹੈ ਜੋ ਗੁਵਾਚ ਗਈ ਸੀ ਤੇ ਹਣ ਲਭੀ ਹੈ।

ਇਉਂ ਕਵਿਤਾ ਦਾ ਦੂਜਾ ਬੰਦ ਪੂਰਨ ਕਰ ਦਿਤਾ। ਦੂਜੇ ਬੰਦ ਵਿਚ ਸ਼ਹਿਨਸ਼ਾਹ ਦੀ ਸ਼ਰਾਬ ਖੋਰੀ ਦੇ ਸੁਭਾ ਵਲ ਇਸ਼ਾਰਾ ਕਰ ਕੇ ਉਸ ਨੂੰ ਪੀਣ ਦੀ ਖੁਲ੍ਹ ਦਿਤੀ ਗਈ ਹੈ ਕਿ ਰਮਜ਼ਾਨ ਮਗਰੋਂ ਈਦ ਉਤੇ ਬੇਸ਼ਕ ਪੀ ਲਵੇ।

ਕਵਿਤਰੀ ਹੋਣ ਦੇ ਕਾਰਨ ਉਹ ਵਿਦਵਾਨਾਂ ਦੀ ਕਦਰ ਕਰਦੀ ਸੀ। ਵਸ਼ੇਸ਼ ਕਰ ਕ ਕਵੀਆਂ ਦੀ, ਜਿਨ੍ਹਾਂ ਨੂੰ ਉਹ ਖੁਲ੍ਹ-ਦਿਲੀ ਨਾਲ ਇਨਾਮ ਦੇ ਕੇ ਮਾਲਾ ਮਾਲ ਕਰ ਦੇਂਦੀ ਸੀ।

## ਦੰਤ-ਕਥਾਵਾਂ

ਜਹਾਂਗੀਰ ਅਤੇ ਨੂਰ ਜਹਾਨ ਦੇ ਇਸ਼ਕ (ਪ੍ਰੇਮ) ਦੀਆਂ ਅਨੇਕਾਂ ਕਥਾਵਾਂ ਪ੍ਰਚਲਤ ਹਨ। ਓਹਨਾਂ ਵਿਚੋਂ ਇਕ ਕਹਾਣੀ ਏਥੇ ਦਰਜ ਕੀਤੀ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਜਹਾਂਗੀਰ ਜਵਾਨੀ ਦੇ ਦਿਨਾਂ ਵਿਚ ਮੀਨਾ ਬਾਜ਼ਾਰ ਵਿਚ ਫਿਰ ਰਿਹਾ ਸੀ ਇਸ ਮੇਲੇ ਵਿਚ ਹਰਮ ਦੀਆਂ ਜ਼ਨਾਨੀਆਂ ਆਪਣੇ ਹਥਾਂ ਦੀਆਂ ਕਢੀਆ ਹੋਈਆਂ ਨਫੀਸ ਚੀਜ਼ਾਂ ਵਿਕਰੀ ਕਰਦੀਆਂ ਸਨ। ਸੁਹਣੇ ਬਾਗ. ਸੁੰਦਰ ਵਸਤਾਂ ਅਤੇ ਆਉਣ ਜਾਣ ਵਾਲਿਆਂ ਦੀ ਸੁੰਦਰਤਾ ਤੇ ਸੁਹਣੀਆਂ ਸੁਹਣੀਆਂ ਪੁਸ਼ਾਕਾਂ ਸਭ ਮਿਲ ਕੇ ਇਕ ਅਤਿਅੰਤ ਮਨੋਹਰ ਦਰਿਸ਼ ਪੇਸ਼ ਕਰ ਰਹੀਆਂ ਸਨ। ਸ਼ਾਹਜ਼ਾਦੇ ਦੇ ਹਥ ਵਿਚ ਦੋ ਕਬੂਤਰ ਸਨ। ਉਸ ਨੂੰ ਬਾਗ ਵਿਚ ਕੁਝ ਫੁਲ ਸੁਹਣੇ ਲਗੇ ਜਿਨ੍ਹਾਂ ਨੂੰ ਉਹ ਤੋੜ ਲੈਣਾ ਚਾਹੁੰਦਾ ਸੀ। ਨੂਰ ਜਹਾਨ ਵੀ ਏਥੇ ਨੇੜੇ ਹੀ ਖੜੀ ਸੀ। ਸ਼ਾਹਜ਼ਾਦੇ ਨੇ ਉਹ ਦੋਵੇਂ ਕਬੂਤਰ ਉਸ ਨੂੰ ਫੜਾ ਦਿਤੇ। ਫੁਲ ਤੋੜਨ ਮਗਰੋਂ ਸ਼ਾਹਜ਼ਾਦਾ ਵਾਪਸ ਨੂਰ ਜਹਾਨ ਪਾਸ ਆਇਆ ਜੋ ਕਿ ਉਦੋਂ ਭਰ ਜਵਾਨੀ ਵਿਚ ਸੀ। ਉਸ ਨੇ ਆਪਣੇ ਕਬੂਤਰ ਮੰਗੇ। ਉਹ ਇਹ ਵੇਖ ਕੇ ਹੈਰਾਨ ਰਹਿ ਗਿਆ ਕਿ ਓਹਦੇ ਹਥ ਵਿਚ ਦੋ ਦੀ ਥਾਂ ਕੇਵਲ ਇਕ ਹੀ ਕਬੂਤਰ ਸੀ। ਨੌਜਵਾਨ ਸ਼ਾਹਜ਼ਾਦੇ ਨੇ ਮੁਟਿਆਰ ਕੁੜੀ ਨੂੰ ਪੁਛਿਆ "ਮੇਰਾ ਦੂਜਾ ਕਬੂਤਰ ਕਿਥੇ ਗਿਆ?"

ਨੂਰ ਜਹਾਨ (ਉਦੋਂ ਮਿਹਰ ਉਲ ਨਿਸਾ) ਨੇ ਉਤਰ ਦਿਤਾ ਉਹ ਉਡ ਗਿਆ ਹੈ। ਸ਼ਹਿਜ਼ਾਦੇ ਨੇ ਰੋਹ ਵਿਚ ਆ ਕੇ ਪੁਛਿਆ "ਉਹ ਕਿਵੇਂ?" ਲੜਕੀ ਨੇ ਆਖਿਆ "ਐਉਂ" ਇਹ ਕਹਿ ਕੇ ਉਸ ਨੇ ਦੂਜਾ ਕਬੂਤਰ ਵੀ ਹਥੋਂ ਛਡ ਦਿਤਾ। ਨੂਰ ਜਹਾਨ ਨੇ ਜਿਸ ਸਾਦਗੀ ਤੇ ਭੋਲੇ ਪਨ ਦੀ ਅਦਾ ਦਾ ਇਸ ਸਮੇਂ ਵਖਾਵਾ ਕੀਤਾ ਉਸ ਦਾ ਸ਼ਾਹਜ਼ਾਦੇ ਦੇ ਦਿਲ ਉਤੇ ਜਾਦੂ ਵਰਗਾ ਅਸਰ ਹੋਇਆ। ਉਹ ਮੋਹਿਆ ਗਿਆ। ਸਚ ਮੁਚ ਨੂਰ ਜਹਾਨ ਨੂੰ ਇਸ ਮੇਲੇ ਵਿਚ ਜੋ ਸਫਲਤਾ ਹੋਈ ਉਸ ਦੀ ਕੋਈ ਮਿਸਾਲ ਨਹੀਂ ਮਿਲਦੀ ਕਿਉਂਕਿ ਉਸ ਦੇ ਇਸ਼ਕ ਹੀ ਲਫਜ਼ ਨੇ ਹਿੰਦੁਸਤਾਨ ਦੇ ਹੋਣ ਵਾਲੇ ਬਾਦਸ਼ਾਹ ਦਾ ਦਿਲ ਖਰੀਦ ਲਿਆ।

## ਉਸ ਦੀ ਬੇਟੀ ਲਾਡੋ ਬੇਗਮ

ਜਹਾਂਗੀਰ ਦੇ ਘਰ ਆ ਕੇ ਨੂਰ ਜਹਾਨ ਦੇ ਘਰ ਕੋਈ ਔਲਾਦ ਨਾ ਹੋਈ। ਇਸ ਦੇ ਪਹਿਲੇ ਪਤੀ ਅਫਗਨ ਦੀ ਇਕ ਲੜਕੀ ਲਾਡੋ ਬੇਗਮ ਸੀ ਜਿਸ ਨੂੰ ਉਸ ਨੇ ਜਹਾਂਗੀਰ ਦੇ ਚੌਥੇ ਬੇਟ ਸ਼ਹਿਰ-ਯਾਰ ਨਾਲ ਵਿਆਹ ਦਿਤਾ।

## ਸ਼ਹਿਨਸ਼ਾਹ ਦਾ ਖਾਨਦਾਨ

ਸ਼ਹਿਨਸ਼ਾਹ ਦਾ ਸਭ ਤੋਂ ਵਡਾ ਲੜਕਾ ਖੁਸਰੋ ਹੁਣ ਤੀਕ ਆਉਣਾ ਰਾਏ ਰਾਜਪੂਤ ਪਾਸ ਨਜ਼ਰਬੰਦ ਸੀ। ਦੂਜਾ ਲੜਕਾ ਪਰਵੇਜ਼ ਆਪਣੇ ਬਾਪ ਵਰਗਾ ਹੀ ਸ਼ਰਾਬੀ ਕਬਾਬੀ ਸੀ। ਉਸ ਦੇ ਦੋਵੇਂ ਚਾਚੇ ਮੁਰਾਦ ਤੇ ਦਾਨਿਆਲ ਹਦੋਂ ਵਧ ਸ਼ਰਾਬ ਪੀ ਜਾਣ ਕਰ ਕੇ ਮਰ ਗਏ ਸਨ। ਉਸ ਦਾ ਤੀਜਾ ਬੇਟਾ ਖੁਰਮ ਸੀ, ਜੋ ਪਿਛੋਂ ਸ਼ਾਹਜਹਾਨ ਦੇ ਨਾਮ ਨਾਲ ਪ੍ਰਸਿੱਧ ਹੋਇਆ। ਉਸ ਦੀ ਸ਼ਾਦੀ ਆਸਫ ਖਾਂ ਦੀ ਸੁਹਣੀ ਪੁਤਰੀ ਤੇ ਨੂਰ ਜਹਾਨ ਦੀ ਭਤੀਜੀ ਅਰਜਮੰਦ ਬਾਨੋ ਬੇਗਮ ਨਾਲ ਹੋਈ, ਜੋ ਪਿਛੋਂ ਮੁਮਤਾਜ਼ ਮਹੱਲ ਦੇ ਨਾਮ ਨਾਲ ਪ੍ਰਸਿੱਧ ਹੋਈ। ਉਹ ਸਫਲ ਕਰਨੈਲ ਸੀ ਅਤੇ ਮੇਵਾੜ ਵਿਚ ਰਾਣਾ ਉਦੇਪੁਰ ਨਾਲ ਜੰਗ ਵਿਚ ਚੰਗੀ ਨਾਮਵਰੀ ਖਟ ਚੁਕਾ ਸੀ।

## ਮਾਰਵਾੜ ਵਿਚ ਸ਼ਾਹਜਹਾਨ ਦੀਆਂ ਜਿੱਤਾਂ-੧੬੧੩

ਇਹ ਗੱਲ ਨੋਟ ਕਰਨ ਵਾਲੀ ਹੈ ਕਿ ਦੱਖਣ ਵਿਚ ਸ਼ਾਹੀ ਫੌਜਾਂ ਦੀ ਹਾਰ ਮਗਰੋਂ ਚੋਣਵੇਂ ਮੁਗਲ ਜਰਨੈਲਾਂ ਦੇ ਮਾਤਹਿਤ ਸ਼ਾਹਜ਼ਾਦਾ ਖੁਰਮ ਨੇ ਆਪਣੀ ਸੂਰਬੀਰਤਾ ਨਾਲ ਤਾਕਤਵਰ ਹਿੰਦੂ ਰਾਜੇ ਨੂੰ ਹਾਰ ਦਿਤੀ। ਸ਼ਾਹਜ਼ਾਦੇ ਨੇ ਆਪਣੇ ਨਾਮੀ ਬਾਪ ਦੀ ਪਾਲਿਸੀ ਉਪਰ ਕਾਰਬੰਦ ਹੋ ਕੇ ਨਾ ਕੇਵਲ ਰਾਣਾ ਦੀ ਈਨ ਮੰਨ ਲੈਣ ਦੀ ਬਨਤੀ ਹੀ ਪ੍ਰਵਾਨ ਕਰ ਲਈ ਸਗੋਂ ਉਸ ਰਾਣੇ ਨੇ ਜਦ ਉਸ ਨੂੰ ਝੁਕ ਕੇ ਸਲਾਮ ਕੀਤਾ ਤਦ ਉਸ ਨੇ ਉਸ ਨੂੰ ਆਪਣੇ ਹਥ ਨਾਲ ਉਪਰ ਉਠਾ ਲਿਆ ਅਤੇ ਉਸ ਨੂੰ ਆਪਣੇ ਨਾਲ ਬਿਠਾ ਲਿਆ। ਨਾ ਕੇਵਲ ਇਹ, ਸਗੋਂ ਉਸ ਨਾਲ ਬੜੀ ਇਜ਼ਤ ਤੇ ਨਰਮਾਈ ਨਾਲ ਵਰਤਾ ਕੀਤਾ। ਅਕਬਰ ਦੇ ਸਮੇਂ ਤੋਂ ਫਤਹ ਕੀਤਾ ਹੋਇਆ ਮਾਰਵਾੜ ਦਾ ਸਾਰਾ ਇਲਾਕਾ ਰਾਣੇ ਨੂੰ ਵਾਪਸ ਮੋੜ ਦਿਤਾ ਅਤੇ ਰਾਣੇ ਦੇ ਲੜਕੇ ਨੂੰ ਵੀ ਸ਼ਾਹੀ ਦਰਬਾਰ ਵਿਚ ਦਰਬਾਰੀ (ਅਮੀਰ) ਬਣਾ ਲਿਆ।

## ਰਾਜਾ ਮਾਨ ਸਿੰਘ ਦੀ ਮੌਤ

ਠੀਕ ਇਸ ਸਮੇਂ ਦਖਣ ਵਿਚ ਰਾਜਾ ਮਾਨ ਸਿੰਘ ਦੀ ਮੌਤ ਹੋ ਗਈ। ਉਧਰ ਰੋਸ਼ਨਾਈਆਂ ਨੇ ਬਗਾਵਤ ਖੜੀ ਕਰ ਦਿਤੀ। ਇਹ ਬਗਾਵਤ ਉਹਨਾਂ ਦੇ ਮਜ਼੍ਹਬੀ ਆਗੂ ਅਹਿਦਾਦ ਦੀ ਮੌਤ ਮਗਰੋਂ ਦਬਾ ਦਿਤੀ ਗਈ। ਅਹਿਦਾਦ ਬਾਇਜ਼ੀਦ ਦਾ ਪੋਤਾ ਤੇ ਜਾਂ ਨਸ਼ੀਨ ਸੀ।

## ਕੈਪਟਨ ਹਾਕਨਸ ਦਾ ਮਿਸ਼ਨ ੧੬੦੮ ਈ:

ਸੰਨ ੧੬੦੨ ਈਸਵੀ ਦੀ ਪਤ-ਝੜ ਵਿਚ ਸ਼ਹਿਨਸ਼ਾਹ ਦੇ ਦਰਬਾਰ ਵਿਚ ਇਕ ਅੰਗਰੇਜ਼ ਅਫ਼ਸਰ ਕੈਪਟਨ ਹਾਕਨਸ ਬਾਦਸ਼ਾਹ ਜੇਮਜ਼ ਅੱਵਲ ਵਲੋਂ ਮੁਰਾਸਲਾ (ਖਤ) ਲੈ ਕੇ ਹਾਜ਼ਰ ਹੋਇਆ। ਇਸ ਖਤ ਦਾ ਉਲਥਾ ਪੁਰਤਗਾਲੀ ਜੈਸੂਇਟ ਪਾਦਰੀ ਨੇ ਕਰ ਕੇ ਬਾਦਸ਼ਾਹ

Sri Satguru Jagjit Singh Ji eLibrary NamdhariElibrary@gmail.com

ਦਿਤਾ ਅਤੇ ਉਹਨਾਂ ਉਤੇ ਫੈਸਲਾ ਕਰੂ ਵਿਜੈ ਪਾਈ । ਨੂਰ ਜਹਾਨ ਨੂੰ ਮਜਬੂਰ ਹੋ ਕੇ ਲਾਹੌਰ ਦੇ ਕਿਲਾਬੰਦ ਸ਼ਹਿਰ ਵਲ ਪਸਪਾ ਹੋਣਾ ਪਿਆ। ਨੂਰ ਜਹਾਨ ਦੇ ਭਰਾ ਆਸਫ ਖਾਂ ਨੂੰ ਅਟਕ ਵਲ ਭਜਾ ਦਿਤਾ ਅਤੇ ਉਹ ਵੀ ਅੰਤ ਹਾਰ ਮੰਨਣ ਲਈ ਮਜਬੂਰ ਹੋ ਗਿਆ।

## ਨੂਰ ਜਹਾਨ ਸ਼ਹਿਨਸ਼ਾਹ ਨੂੰ ਕੈਦ ਵਿਚ ਜਾ ਮਿਲੀ

ਨੂਰ ਜਹਾਨ ਨੂੰ ਨਿਸ਼ਚਾ ਹੋ ਗਿਆ ਕਿ ਉਹ ਤਾਕਤ ਨਾਲ ਸ਼ਹਿਨਸ਼ਾਹ ਨੂੰ ਕੈਦ ਵਿਚੋਂ ਰਿਹਾ ਨਹੀਂ ਕਰਾ ਸਕਦੀ ਇਸ ਲਈ ਉਸ ਨੇ ਇਹ ਗਲ ਪਰਵਾਨ ਕਰ ਲਈ ਕਿ ਉਹਨੂੰ ਸ਼ਹਿਨਸ਼ਾਹ ਪਾਸ ਕੈਦ ਵਿਚ ਭੇਜ ਦਿਤਾ ਜਾਏ ।

## ਸ਼ਹਿਨਸ਼ਾਹ ਦੀ ਰਿਹਾਈ

ਮਹਾਬਤ ਖਾਂ ਸ਼ਾਹੀ ਕੈਦੀ ਨੂੰ ਕਾਬਲ ਲੈ ਗਿਆ। ਉਥੇ ਉਸ ਦੀ ਪਤਨੀ ਨੂਰ ਜਹਾਨ ਦੇ ਪਿਆਰ ਤੇ ਸ਼ਰਧਾ ਨੂੰ ਦੇਖ ਕੇ ਉਸ ਨੇ ਸ਼ਹਿਨਸ਼ਾਹ ਨੂੰ ਰਿਹਾ ਕਰ ਦਿਤਾ।

## ਆਸਫ ਖਾਂ ਪੰਜਾਬ ਦਾ ਵਾਇਸਰਾਏ ਥਾਪਿਆ ਗਿਆ

ਬਾਦਸ਼ਾਹ ਕਾਬਲ ਵਿਚੋਂ ਰਿਹਾ ਹੋ ਕੇ ਰੁਹਤਾਸ ਦੇ ਰਸਤੇ ਪੰਜਾਬ ਵਿਚ ਵਾਪਸ ਆ ਗਿਆ। ਆਸਫ ਖਾਂ ਦੀਆਂ ਵਫਾਦਾਰੀਆਂ ਨੂੰ ਮੁਖ ਰਖ ਕੇ ਸ਼ਹਿਨਸ਼ਾਹ ਜਹਾਂਗੀਰ ਨੇ ਉਸ ਨੂੰ ਪੰਜਾਬ ਦਾ ਵਾਇਸਰਾਏ ਥਾਪ ਦਿਤਾ । ਇਸ ਦੇ ਨਾਲ ਹੀ ਉਸ ਨੂੰ ਰਾਜ ਦਾ ਵਜ਼ੀਰ ਵੀ ਬਣਾ ਦਿਤਾ । ਸਰਦੀ ਦੀ ਰੁਤ ਖਤਮ ਹੋ ਜਾਣ ਕਰਕੇ ਹੁਣ ਸ਼ਹਿਨਸ਼ਾਹ ਕਸ਼ਮੀਰ ਵਾਦੀ ਦੇ ਸਾਲਾਨਾ ਦੌਰੇ ਲਈ ਅਤੇ ੧੧ ਮਾਰਚ ੧੬੨੭ ਨੂੰ ਨਵਰੋਜ਼ ਦਾ ਦਿਨ ਦਰਿਆ ਚਨਾਬ ਦੇ ਕਿਨਾਰੇ ਮਨਾਉਣ ਲਈ ਰਵਾਨਾ ਹੋਇਆ। ਕਸ਼ਮੀਰ ਸੁਵਰਗੀ ਵਾਦੀ ਵਿਚ ਪੁਜਣ ਦੇ ਕੁਝ ਸਮਾਂ ਮਗਰੋਂ ਸ਼ਾਹਜ਼ਾਦਾ ਸ਼ਹਿਰ ਯਾਰ ਸਖਤ ਬਿਮਾਰ ਪੈ ਗਿਆ ਅਤੇ ਗਰਮ ਆਬੋ ਹਵਾ ਲਈ ਉਸ ਨੂੰ ਲਾਹੌਰ ਲਿਆਂਦਾ ਗਿਆ ਠੀਕ ਇਸ ਸਮੇਂ ਮਿਰਜ਼ਾ ਖ਼ਾਂ ਖਾਨਿਖਾਨਾਂ ਸਪੁਤਰ ਬਹਿਰਾਮ ਖਾਂ ਆਪਣੀ ਆਯੂ ਦੇ ੭੨ਵੇਂ ਸਾਲ ਵਿਚ ਚਲਾਣਾ ਕਰ ਗਿਆ।

## ਸ਼ਹਿਨਸ਼ਾਹ ਦੀ ਬੀਮਾਰੀ

ਹੁਣ ਬਾਦਸ਼ਾਹ ਦੀ ਆਪਣੀ ਸਿਹਤ ਵੀ ਤੇਜ਼ੀ ਨਾਲ ਵਿਗੜਨੀ ਸ਼ੁਰੂ ਹੋ ਗਈ ਅਤੇ ਉਸ ਨੂੰ ਦਮੇ ਦੀ ਪੁਰਾਣੀ ਸ਼ਕਾਇਤ ਫੇਰ ਫੁਟ ਪਈ। ਇਸ ਰੋਗ ਨਾਲ ਉਹ ਐਨਾ ਨਿਰਬਲ ਹੋ ਗਿਆ ਕਿ ਉਸ ਨੂੰ ਘੋੜੇ ਦੀ ਸਵਾਰੀ ਛਡਣੀ ਪਈ ਤੇ ਉਹ ਪਾਲਕੀ ਵਿਚ ਪੈ ਕੇ ਸਫਰ ਕਰਨ ਲਗਾ । ਇਕ ਦਿਨ ਗੰਠੀਏ ਦਾ ਬੜਾ ਸਖਤ ਹਮਲਾ ਹੋਇਆ ਜਿਸ ਨਾਲ ਉਸ ਨੂੰ ਜ਼ਿੰਦਗੀ ਦੀ ਆਸ ਨ ਰਹੀ। ਉਸ ਦੇ ਨਿਰਾਸਤਾ ਪ੍ਰਗਟ ਕਰਨ ਉਤੇ ਸਭ ਨੂੰ ਬੜਾ ਦੁਖ ਹੋਇਆ। ਉਸ ਦੀ ਭੁਖ ਵੀ ਜਾਂਦੀ ਰਹੀ ; ਉਸ ਨੇ ਅਫੀਮ ਖਾਣੀ ਵੀ ਛਡ ਦਿਤੀ ਜਿਸਦਾ ਉਹ ੪੦ ਸਾਲ ਤੋਂ ਆਦੀ ਸੀ। ਹੁਣ ਉਸ ਨੂੰ ਕਿਸੇ ਸ਼ੈ ਦੀ ਚਾਹ ਬਾਕੀ ਨ ਰਹੀ ਸਵਾਏ ਥੋੜੀ ਜਿਹੀ ਸ਼ਰਾਬ ਦੇ। ਸ਼ਹਿਨਸ਼ਾਹ ਦੀ ਜ਼ਿੰਦਗੀ ਨੂੰ ਖਤਰਾ ਵੇਖ ਕੇ ਉਸ ਨੂੰ ਲਾਹੌਰ ਪੁਚਾਉਣ ਦਾ ਜਤਨ ਕੀਤਾ ਗਿਆ। ਅਤਿ ਸੁਹਣੀ ਪਹਾੜੀ ਬਹਿਰਾਮ ਕਿਲਾ ਦੇ ਅਸਥਾਨ ਉਤੇ ਪੁਜ ਕੇ ਉਸ ਦੀ ਸ਼ਿਕਾਰ ਖੇਡਣ ਦੀ ਇਛਾ ਪੁੰਗਰ ਪਈ। ਉਸ ਨੇ ਇਕ ਹਿਰਨ ਛਡਣ ਦਾ ਹੁਕਮ ਦਿਤਾ ਤੇ ਆਪ ਭਰੀ ਹੋਈ ਬੰਦੂਕ ਲੈ ਕੇ ਇਕ ਦਰਿਆ ਦੇ ਕਿਨਾਰੇ ਬੈਠ ਗਿਆ ਤਾਂ ਜੁ ਜਦ ਹਰਨ ਉਸ ਦੇ ਅਗੋਂ ਦੀ ਲੰਘੇ ਤਾਂ ਉਸ ਦਾ ਸ਼ਿਕਾਰ ਕਰੇ। ਇਕ ਹਰਨ ਨੂੰ ਭਜਾ ਕੇ ਉਸ ਥਾਂ ਲਿਆਂਦਾ ਗਿਆ ਜਿਥੇ ਸ਼ਹਿਨਸ਼ਾਹ ਬੈਠਾ ਸੀ, ਬਾਦਸ਼ਾਹ ਨੇ ਬੰਦੂਕ ਚਲਾਈ ਗੋਲੀ ਹਰਨ ਨੂੰ ਲਗੀ ਤੇ ਉਹ ਉਥੇ ਹੀ ਡਿਗ ਪਿਆ। ਹਰਨ ਨੂੰ ਭਜੌਣ ਵਾਲੇ ਇਕ ਆਦਮੀ ਦਾ ਨਸਦੇ ਦਾ ਪੈਰ ਪਹਾੜੀ ਤੋਂ ਐਸਾ ਤਿਲਕਿਆ ਤੇ ਉਹ ਬਾਦਸ਼ਾਹ ਦੇ ਪੈਰਾਂ ਪਾਸ ਮੁਰਦਾ ਹੋ ਕੇ ਆਨ ਡਿਗਾ। ਇਹ ਨਜ਼ਾਰਾ ਵੇਖ ਕੇ ਬਾਦਸ਼ਾਹ ਦੇ ਦਿਲ ਉਤੇ ਬੜੀ ਸੱਟ ਵੱਜੀ । ਉਹ ਕੈਂਪ ਵਿਚ ਵਾਪਸ ਚਲਾ ਗਿਆ ਅਤੇ ਮਰਨ ਵਾਲੇ ਦੀ ਮਾਂ ਨੂੰ ਸਦ ਕੇ ਹਮਦਰਦੀ ਭਰੇ ਲਫਜ਼ ਆਖੇ ਅਤੇ ਉਸ ਨੂੰ ਕੁਝ ਧਨ ਵੀ ਦਿਤਾ। ਏਸੇ ਸਮੇਂ ਉਸ ਦੇ ਦਿਲ ਵਿਚ ਕੋਈ ਬੇਚੈਨੀ ਜਿਹੀ ਪੈਦਾ ਹੋ ਗਈ ਜੋ ਮੁੜ ਦੂਰ ਨ ਹੋਈ । ਇਸੇ ਬੇਚੈਨੀ ਵਿਚ ਉਸ ਨੇ ਰਾਜੌਰੀ ਵਲ ਆਪਣਾ ਕੂਚ ਜਾਰੀ ਰਖਿਆ! ਰਾਜੌਰੀ ਤੋਂ ਚਲ ਕੇ ਦਿਨ ਦੇ ਅੰਤ ਵਿਚ ਉਸ ਨੇ ਸ਼ਰਾਬ ਦਾ ਪਿਆਲਾ ਮੰਗਿਆ ਪਰ ਉਹ ਸ਼ਰਾਬ ਦਾ ਅੰਤਮ ਪਿਆਲਾ ਵੀ ਪੀ ਨਾ ਸਕਿਆ।

## ਉਸ ਦੀ ਮੌਤ

ਇਥੋਂ ਬਾਦਸ਼ਾਹ ਨੂੰ ਭਿੰਬਰ ਲੈ ਗਏ ਪਰ ਉਹ ਰਸਤੇ ਵਿਚ ਹੀ ੨੮ ਅਕਤੂਬਰ ੧੬੨੮ ਈਸਵੀ ਨੂੰ ਉਮਰ ਦੇ ੫੯ਵੇਂ ਸਾਲ ਵਿਚ ੨੨ ਬਰਸ ਰਾਜ ਕਰ ਕੇ ਚਲਾਣਾ ਕਰ ਗਿਆ। ਮਾਤਮੀ ਰਸਮਾਂ ਭਿੰਬਰ ਵਿਚ ਕੀਤੀਆਂ ਗਈਆਂ ਤੇ ਉਸ ਦਾ ਮ੍ਰਿਤਕ ਸਰੀਰ ਲਾਹੌਰ ਲਿਆਂਦਾ ਗਿਆ ਜਿਥੇ ਉਸ ਨੂੰ ਨੂਰਜਹਾਨ ਦੇ ਬਾਗ ਵਿਚ ਦਫਨ ਕੀਤਾ ਗਿਆ । ਨੂਰ ਜਹਾਨ ਨੇ ਆਪਣੇ ਪਤੀ ਦੀ ਕਬਰ ਉਤੇ ਏਥੇ ਇਕ ਸ਼ਾਨਦਾਰ ਮਕਬਰਾ ਉਸਾਰਿਆ ।

## ਜਹਾਂਗੀਰ ਦਾ ਚਲਨ

ਅੰਗਰੇਜ਼ ਸੈਲਾਨੀਆਂ ਨੇ ਜਹਾਂਗੀਰ ਨੂੰ ਆਰਾਮ ਪਸੰਦ, ਸੁਖ ਰਹਿਣਾ, ਨਰਮ ਸੁਭਾ ਅਤੇ ਸਾਊ ਬਾਦਸ਼ਾਹ ਵਰਨਣ ਕੀਤਾ ਹੈ। ਉਹ ਇੰਗਲੈਂਡ ਦੇ ਬਾਦਸ਼ਾਹ ਜੇਮਜ਼ ਪਹਿਲੇ ਦਾ ਸਮਕਾਲੀ ਸੀ ਅਤੇ ਇਹ ਵੀ ਇਕ ਵਚਿਤਰ ਜਿਹੀ ਗਲ ਹੈ ਕਿ ਨਾ ਕੇਵਲ ਇਹਨਾਂ ਦੋਵਾਂ ਦੇ ਰਾਜ ਦਾ ਸਮਾ ਹੀ ਇਕੋ ਜਿਹਾ ਹੈ ਸਗੋਂ ਦੋਵਾਂ ਦਾ ਚਲਨ ਵੀ ਆਪੋ ਵਿਚ ਬਹੁਤ ਕੁਛ ਮਿਲਦਾ ਜੁਲਦਾ ਹੈ, ਕਿਉਂਕਿ ਦੋਵੇਂ ਹੀ ਆਸ਼ਕ ਮਿਜ਼ਾਜ ਵਿਲਾਸੀ ਅਤੇ ਸ਼ਰਾਬੀ ਸਨ। ਜਹਾਂਗੀਰ ਨੇ ਆਪਣੇ ਪਛਮੀ ਭਰਾ ਦੀ ਦੇਖਾ ਦੇਖੀ ੧੬੧੭ ਈਸਵੀ ਵਿਚ ਤਮਾਕੂ ਪੀਣ ਦੀ ਮਨਾਹੀ ਕਰ ਦਿਤੀ । ਤਮਾਕੂ ਦੇ ਬੂਟੇ ਦਾ ਪੀਣਾ ਉਸ ਸਮੇਂ ਇੰਗਲੈਂਡ ਅਤੇ ਹਿੰਦੁਸਤਾਨ ਵਿਚ ਦੋਹੀਂ ਥਾਈਂ ਇਕ ਅਜੂਬਾ ਸਮਝਿਆ ਜਾਂਦਾ ਸੀ। ਮਹਾਂ ਅਕਬਰ ਵਾਂਗ ਉਸ ਨੇ ਆਪਣੇ ਅਫਸਰਾਂ ਦੀ ਬਦਚਲਨੀ ਨੂੰ ਵਾਰ ਵਾਰ ਮਾਫ ਕੀਤਾ ਜਿਹਾ ਕਿ ਮਾਨ ਸਿੰਘ ਅਤੇ ਖਾਨਿਖਾਨਾਂ ਦੀਆਂ ਮਿਸਾਲਾਂ ਪਰਗਟ ਕਰਦੀਆਂ ਹਨ। ਉਸ ਨੇ ਆਪਣੇ ਬਾਗੀ ਵੇਟੇ ਖੁਸਰੋ ਨੂੰ ਵੀ ਖੁਲ੍ਹ ਦਿਲੀ ਨਾਲ ਖਿਮਾ ਕਰ ਦਿਤਾ।

## ਉਸ ਦੀ ਜ਼ਾਤ

ਵਿਅਕਤੀ ਦੇ ਰੂਪ ਵਿਚ ਜਹਾਂਗੀਰ ਉਚਾ ਲੰਮਾ, ਸੁਣੱਖਾ, ਚੌੜੀ ਹਿਕ ਅਤੇ ਲੰਮੀਆਂ ਬਾਹਾਂ ਵਾਲਾ ਜਵਾਨ ਸੀ। ਉਸ ਦੇ ਨੈਣ ਵਚਿਤਰ ਢੰਗ ਦੇ ਤੇਜ਼ ਅਤੇ ਖੁਭਵੇਂ ਸਨ ਅਤੇ ਉਸ ਦੀ ਚਮੜੀ ਲਾਲ ਭੂਰੇ ਰੰਗ ਦੀ ਸੀ। ਉਸ ਦੀ ਇਕ ਵਸ਼ਸ਼ਤਾਈ ਇਹ ਵੀ ਸੀ ਕਿ ਉਹ ਛੋਟੀ ਜਿਹੀ ਸੁਨਹਿਰੀ ਵਾਲੀ ਕੰਨ ਵਿਚ ਰਖਦਾ ਸੀ। ਇਹ ਨਿਸ਼ਾਨੀ ਸੀ ਇਸ ਗਲ ਦੀ ਕਿ ਉਹ ਮਹਾਨ ਵਡੇ ਸੂਫੀ ਸ਼ੇਖ ਸਲੀਮ ਚਿਸ਼ਤੀ ਦਾ ਗੁਲਾਮ (ਬੰਦਾ) ਹੈ ਕਿਉਂਕਿ ਉਸ ਦੇ ਮਾਪਿਆਂ ਨੂੰ ਇਹ ਨਿਸ਼ਚਾ ਸੀ ਕਿ ਉਹਦਾ ਜਨਮ ਉਸੇ ਸੂਫੀ ਸੰਤ ਦੇ ਵਰ ਨਾਲ ਹੋਇਆ, ਅਤੇ ਉਸੇ ਦੇ ਨਾਮ ਉਤੇ ਉਹਦਾ ਨਾਮ ਉਹਦੇ ਸ਼ਾਹੀ ਮਾਪਿਆਂ ਨੇ ਸਲੀਮ ਰਖਿਆ ਸੀ ।

Sri Satguru Jagjit Singh Ji eLibrary NamdhariElibrary@gmail.com

ਗਵਰਨਰ ਨੂੰ ਹਾਰ ਦੇਣ ਮਗਰੋਂ ਉਸ ਨੇ ਬੰਗਾਲ ਤੇ ਬਿਹਾਰ ਉਤੇ ਜਾ ਕਬਜ਼ਾ ਜਮਾਇਆ ਪਰ ਸ਼ਾਹੀ ਕਮਾਂਡਰਾਂ ਨੇ ਉਸ ਦਾ ਏਥੇ ਵੀ ਪਿਛਾ ਨਾ ਛਡਿਆ।

## ਸ਼ਾਹ ਜਹਾਨ ਦੀ ਹਾਰ

ਇਸ ਮੰਦ ਹਾਲੀ ਸਮੇਂ ਉਸ ਦੀਆਂ ਆਪਣੀਆਂ ਫੌਜਾਂ ਵੀ ਉਸ ਨੂੰ ਪਿਠ ਦੇ ਗਈਆਂ। ਇਸ ਲਈ ਉਸ ਨੇ ਬਾਦਸ਼ਾਹ ਜਹਾਂਗੀਰ ਅਗੇ ਮੰਨ ਲੈਣ ਵਿਚ ਹੀ ਸਲਾਮਤੀ ਵੇਖੀ ਅਤੇ ਬਾਦਸ਼ਾਹ ਦੇ ਹਥ ਆਪਣਾ ਅੰਤਮ ਗੜ੍ਹ ਸੌਂਪ ਕੇ ਆਪਣੇ ਆਪ ਨੂੰ ਉਸ ਦੇ ਸਪੁਰਦ ਕਰ ਦਿਤਾ।

## ਸ਼ਹਿਨਸ਼ਾਹ ਅਤੇ ਮਹਾਬਤ ਖਾਂ ਵਿਚਾਲੇ ਖਟਾ ਪਟੀ

ਮਲਕਾ ਨੂਰ ਜਹਾਨ ਨੂੰ ਮੁਹਾਬਤ ਖਾਂ ਨਾਲ ਈਰਖਾ ਪੈਦਾ ਹੋ ਗਈ ਜੋ ਕਿ ਫੌਜ ਦਾ ਵਡਾ ਕਮਾਂਡਰ ਅਤੇ ਸ਼ਹਿਨਸਾਹ ਦਾ ਸਭ ਤੋਂ ਸਯੋਗ ਜਰਨੈਲ ਸੀ। ਉਸ ਦੇ ਦਰਬਾਰ ਵਿਚ ਵਧੇ ਹੋਏ ਅਸਰ ਰਸੂਖ ਅਤੇ ਮੈਦਾਨ ਜੰਗ ਵਿਚ ਉਸ ਦੀਆਂ ਸਫਲਤਾਵਾਂ ਨੂੰ ਵੇਖ ਕੇ ਨੂਰ ਜਹਾਨ ਨੂੰ ਖਤਰਾ ਪਰਤੀਤ ਦੇਣ ਲਗਾ। ਦਰਬਾਰ ਵਲੋਂ ਆਏ ਬੁਲਾਵੇ ਉਪਰ ਉਹ ਉਸ ਸ਼ਾਹੀ ਕੈਂਪ ਵਲ ਰਵਾਨਾ ਹੋਇਆ ਜੋ ਕਿ ਉਸ ਸਮੇਂ ਕਾਬਲ ਵਲ ਜਾ ਰਿਹਾ ਸੀ। ਮਹਾਬਤ ਖਾਂ ਦੇ ਨਾਲ ਉਹ ਪੰਜ ਹਜ਼ਾਰ ਰਾਜਪੂਤ ਜੋਧੇ ਵੀ ਸਨ ਜਿਨ੍ਹਾਂ ਦੀ ਵਫਾਦਾਰੀ ਉਪਰ ਉਸ ਨੂੰ ਪੂਰਾ ਪੂਰਾ ਭਰੋਸਾ ਸੀ। ਇਸ ਵਾਰ ਜਹਾਂਗੀਰ ਨਾਲ ਫੌਜ ਅਤੇ ਨੌਕਰਾਂ ਚਾਕਰਾਂ ਦਾ ਬੇਅੰਤ ਅਮਲਾ ਫੈਲਾ ਸੀ ਜਿਸ ਦੀ ਗਿਣਤੀ ੩੦ ਹਜ਼ਾਰ ਦੇ ਲਗ ਭਗ ਸੀ। ਕੈਂਪ ਵਿਚ ਪੁਜਣ ਤੋਂ ਪਹਿਲੇ ਮਹਾਬਤ ਖਾਂ ਨੇ ਆਪਣੀ ਲੜਕੀ ਦੀ ਮੰਗਣੀ ਬਰਖਰਦਾਰ ਨਾਮੀ ਇਕ ਦਰਬਾਰੀ ਨਾਲ ਕਰ ਦਿਤੀ ਅਤੇ ਬਾਦਸ਼ਾਹ ਦੀ ਪਰਵਾਨਗੀ ਵੀ ਨਾ ਲਈ ਹਾਲਾਂਕਿ ਉਸ ਸਮੇਂ ਦੇ ਰਿਵਾਜ ਅਨੁਸਾਰ ਉਸ ਵਰਗੇ ਉਚੇ ਅਧਿਕਾਰੀਆਂ ਲਈ ਸ਼ਹਿਨਸ਼ਾਹ ਦੀ ਪਰਵਾਨਗੀ ਲੈਣੀ ਜ਼ਰੂਰੀ ਸੀ। ਮਹਾਬਤ ਖਾਂ ਨੇ ਆਪਣੇ ਹੋਣ ਵਾਲੇ ਜਵਾਈ ਨੂੰ ਸ਼ਹਿਨਸ਼ਾਹ ਪਾਸ ਭੇਜਿਆ ਕਿ ਉਹ ਉਹਦੀ ਵਲੋਂ ਉਜ਼ਰ ਖਾਹੀ ਕਰ। ਜਿਸ ਸਮੇਂ ਉਹ ਦਰਬਾਰੀ ਸ਼ਾਹੀ ਕੈਂਪ ਵਿਚ ਦਾਖਲ ਹੋਇਆ ਉਸ ਨੂੰ ਹਾਥੀ ਉਤੋਂ ਥਲੇ ਉਤਰਨ ਲਈ ਮਜਬੂਰ ਕੀਤਾ ਗਿਆ।

## ਸ਼ਹਿਨਸ਼ਾਹ ਵਲੋਂ ਉਸ ਦੇ ਜਵਾਈ ਦੀ ਤਰਿਸਕਾਰੀ

ਹਾਥੀ ਤੋਂ ਉਤਰਨ ਮਗਰੋਂ ਉਸ ਦੇ ਕੀਮਤੀ ਕਪੜੇ ਉਤਰਵਾ ਦਿਤੇ ਅਤੇ ਉਸ ਨੂੰ ਗੰਦੇ ਤੇ ਫਟੇ ਪੁਰਾਣੇ ਕਪੜੇ ਪਾਉਣ ਲਈ ਮਜਬੂਰ ਕੀਤਾ ਗਿਆ। ਇਸ ਦੇ ਮਗਰੋਂ ਉਸ ਨੂੰ ਬੜੀ ਨਿਰਦਾਇਤਾ ਨਾਲ ਦਰਬਾਰ ਵਿਚ ਮਾਰ ਕੁਟਾਈ ਕੀਤੀ ਤੇ ਕੰਡਦਾਰ ਛੜੀਆਂ ਨਾਲ ਮਾਰਿਆ ਗਿਆ। ਇਹ ਕਰ ਚੁਕਣ ਮਗਰੋਂ ਉਸ ਨੂੰ ਨੰਗੇ ਸਿਰ ਮਰੀਅਲ ਟਟੂ ਦੇ ਪਿਛਲੇ ਪਾਸੇ ਸਵਾਰ ਕਰ ਕੇ ਕੈਂਪ ਵਿਚ ਫਿਰਾਇਆ ਗਿਆ। ਇਹ ਨਜ਼ਾਰਾ ਵੇਖ ਕੇ ਸ਼ਾਹੀ ਫੌਜ ਘਿਣਤ ਨਾਹਰੇ ਲਾ ਰਹੀ ਸੀ। ਉਸ ਦਾ ਸਾਰਾ ਦਾਜ ਲੁਟ ਕੇ ਉਸ ਦੀ ਜੈਦਾਦ ਜ਼ਬਤ ਕਰ ਲਈ ਗਈ। ਇਸ ਦੇ ਮਗਰੋਂ ਮਹਾਬਤ ਆਪ ਸ਼ਾਹੀ ਕੈਂਪ ਵਿਚ ਪੁਜਾ ਤਦ ਉਸ ਨੂੰ ਅੰਦਰ ਦਾਖਲ ਹੋਣ ਦੀ ਆਗਿਆ ਹੀ ਨਾ ਦਿਤੀ ਗਈ।

## ਮਹਾਬਤ ਖਾਂ ਵਲੋਂ ਸ਼ਹਿਨਸ਼ਾਹ ਦੀ ਗਿਰਫਤਾਰੀ ੧੬੨੬

ਇਸ ਭੈੜੇ ਵਰਤਾ ਤੋਂ ਗੁਸਾ ਖਾ ਕੇ ਮਹਾਬਤ ਖਾਂ ਰਾਤ ਸਮੇਂ ਉਸ ਖੇਮੇ ਵਿਚ ਜਾ ਦਾਖਲ ਹੋਇਆ ਜਿਥੇ ਸ਼ਹਿਨਸ਼ਾਹ ਸੌਂ ਰਿਹਾ ਸੀ। ਜਦ ਬਾਦਸ਼ਾਹ ਦੀ ਅਖ ਖੁਲ੍ਹੀ ਤਦ ਉਹ ਕੈਦੀ ਬਣ ਚੁਕਾ ਸੀ। ਉਸ ਦੀ ਫੌਜ ਦਰਿਆ ਜਿਹਲਮ ਦੇ ਉਰਲੇ ਪਾਰ ਖੜੀ ਸੀ ਤੇ ਬੇੜੀਆਂ ਦੇ ਪੁਲ ਦੀ ਰਾਖੀ ਉਸ ਨੂੰ ਕੈਦੀ ਬਣਾਉਣ ਵਾਲੇ ਦੀ ਜਾਨਬਾਜ਼ ਰਾਜਪੂਤ ਕਰ ਰਹੇ ਸਨ. ਮਹਾਬਤ ਖਾਂ ਨੂੰ ਪਛਾਣ ਕੇ ਉਸਨੇ ਉਚੀ ਆਵਾਜ਼ ਵਿਚ ਆਖਿਆ 'ਦਗਾਬਾਜ਼" ਇਸ ਦਾ ਕੀ ਮਤਲਬ ?" ਮਹਾਬਤ ਖਾਂ ਨੇ ਬੜੀ ਅਧੀਨਗੀ ਨਾਲ ਬਾਦਸ਼ਾਹ ਦੇ ਰੂਬਰੂ ਗੋਡੇ ਟੇਕ ਦਿਤੇ ਅਤੇ ਆਖਿਆ ਜਹਾਨ ਪਨਾਹ। ਮੈਂ ਕੋਈ ਗਦਾਰੀ ਨਹੀ ਕੀਤੀ: ਕਿਉਂਕਿ ਮੈਨੂੰ ਆਪਣੀ ਜਾਨ ਦਾ ਖਤਰਾ ਸੀ ਇਸ ਲਈ ਇਹ ਸਭ ਕੁਛ ਕੀਤਾ ਹੈ।' ਇਹ ਕਹਿ ਕੇ ਉਸ ਨੇ ਆਪਣੇ ਆਪ ਨੂੰ ਸ਼ਹਿਨਸ਼ਾਹ ਦੇ ਕਦਮਾਂ ਵਿਚ ਸੁਟ ਦਿਤਾ। ਇਸ ਦੇ ਮਗਰੋਂ ਉਸ ਨੇ ਸ਼ਹਿਨਸ਼ਾਹ ਪਾਸ ਬੇਨਤੀ ਕੀਤੀ ਕਿ ਉਹ ਹਾਥੀ ਉਤੇ ਸਵਾਰ ਹੋਣ ਤਾਂ ਜੁ ਲੋਕਾਂ ਨੂੰ ਪਤਾ ਲਗ ਜਾਏ ਕਿ ਮਹਾਂ-ਬਦੌਲਤ ਸਹੀ ਸਲਾਮਤ ਹਨ। ਬਾਦਸ਼ਾਹ ਨੇ ਸੋਚਿਆ ਕਿ ਮਹਾਬਤ ਖਾਂ ਦੀ ਦਰਖਾਸਤ ਪਰਵਾਨ ਕਰਨੀ ਜ਼ਰੂਰੀ ਹੈ। ਇਉਂ ਹਾਥੀ ਉਪਰ ਸਵਾਰ ਹੋ ਕੇ ਸ਼ਹਿਨਸ਼ਾਹ ਆਪਣੇ ਜਰਨੈਲ ਦੇ ਉਸ ਤੰਬੂ ਵਿਚ ਗਿਆ ਜਿਸ ਦੀ ਰਖਵਾਲੀ ਰਾਜਪੂਤ ਜੋਧੇ ਕਰ ਰਹੇ ਸਨ। ਜਹਾਂਗੀਰ ਦੇ ਇਕ ਜ਼ਾਤੀ ਮੁਲਾਜ਼ਮ ਨੂੰ ਵੀ ਆਪਣੇ ਮਾਲਕ ਨਾਲ ਹਾਥੀ ਉਤੇ ਸਵਾਰ ਹੋਣ ਦੀ ਆਗਿਆ ਦਿਤੀ ਗਈ। ਇਕ ਨੌਕਰ ਨੂੰ ਜਾਮ ਅਤੇ ਸੁਰਾਹੀ ਸਮੇਤ ਜੋ ਕਿ ਜਹਾਂਗੀਰ ਦੀ ਜ਼ਿੰਦਗੀ ਲਈ ਜ਼ਰੂਰੀ ਸੀ, ਉਸ ਦੇ ਨਾਲ ਜਾਣ ਦੀ ਖੁਲ੍ਹ ਦਿਤੀ ਗਈ।

## ਨੂਰ ਜਹਾਨ ਦਾ ਮਹਾਬਤ ਦੇ ਕੈਂਪ ਉਤੇ ਹਮਲਾ

ਸ਼ਹਿਨਸ਼ਾਹ ਦੀ ਵਾਪਸੀ ਲਈ ਨੂਰ ਜਹਾਨ ਨੇ ਬੜੇ ਹੱਥ ਪੈਰ ਮਾਰੇ। ਇਹ ਵੇਖ ਕੇ ਰਾਜਪੂਤਾਂ ਨੇ ਜਿਹਲਮ ਉਪਰਲਾ ਕਿਸ਼ਤੀਆਂ ਦਾ ਪੁਲ ਸਾੜ ਦਿਤਾ। ਇਸ ਲਈ ਨੂਰ ਜਹਾਨ ਨੂੰ ਦਰਿਆ ਜਿਹਲਮ ਇਕ ਐਸੇ ਪੱਤਨ ਲਾਂਘੇ ਉਪਰੋਂ ਪਾਰ ਕਰਨਾ ਪਿਆ ਜੋ ਦਰਿਆ ਦੇ ਥਲੇ ਵਲ ਸੀ।

## ਨੂਰ ਜਹਾਨ ਦੀ ਦਲੇਰੀ

ਇਹ ਲਾਂਘਾ ਖਤਰਨਾਕ ਸਵਾਰਾਂ ਨਾਲ ਭਰਪੂਰ ਸੀ। ਰਾਜਪੂਤ ਫੌਜਾਂ ਨੇ ਵੀ ਇਸ ਨੂੰ ਲੰਘਣ ਵਿਚ ਰੋਕ ਪਾਈ। ਸਭ ਤੋਂ ਪਹਿਲਾਂ ਨੂਰ ਜਹਾਨ ਇਸ ਘਮਸਾਨ ਵਿਚ ਰਾਜਪੂਤ ਫੌਜਾਂ ਵਿਚਾਲੇ ਬੁਰੀ ਤਰ੍ਹਾਂ ਘਰ ਗਈ। ਰਾਜਪੂਤਾਂ ਨੇ ਆਪਣ ਤੀਰਾਂ; ਗੋਲਿਆਂ ਦਾ ਨਿਸ਼ਾਨਾ ਨੂਰ ਜਹਾਨ ਦਾ ਹੌਦਾ ਬਣਾਇਆ। ਮਲਕਾ ਨੇ ਆਪਣੇ ਹਥ ਨਾਲ ਤੀਰਾਂ ਦੇ ਚਾਰ ਭਥੇ ਖਾਲੀ ਕੀਤੇ। ਉਸ ਦੀ ਗੋਦ ਵਿਚ ਸ਼ਹਿਰ ਯਾਰ ਦੀ ਦੁਧ ਚੁੰਘਦੀ ਬੱਚੀ ਸੀ। ਉਹ ਵੀ ਇਕ ਤੀਰ ਨਾਲ ਫਟੜ ਹੋਈ। ਮਲਕਾ ਨੇ ਬੜੀ ਮੁਸ਼ਕਲ ਨਾਲ ਤੀਰ ਉਹਦੇ ਸਰੀਰ ਵਿਚੋਂ ਬਾਹਰ ਕਢਿਆ। ਨੂਰ ਜਹਾਨ ਦੇ ਹਾਥੀ ਨੂੰ ਵੀ ਸੁੰਡ ਉਤੇ ਜ਼ਖਮ ਲਗਾ ਜਿਸ ਕਰ ਕੇ ਉਹ ਨਦੀ ਵਿਚ ਰੁੜ੍ਹ ਗਿਆ। ਡੂੰਘੇ ਪਾਣੀ ਵਿਚ ਡਿਗਦਾ ਢਹਿੰਦਾ ਉਹ ਹਾਥੀ ਬੜੀ ਮੁਸ਼ਕਲ ਨਾਲ ਕਿਨਾਰੇ ਜਾ ਲਗਾ। ਨੂਰ ਜਹਾਨ ਦੀਆਂ ਬਾਂਦੀਆਂ ਨੇ ਜਦ ਉਸ ਦੇ ਹਾਥੀ ਦਾ ਹੌਦਾ ਲਹੂ ਨਾਲ ਲਿਬੜਿਆ ਅਤੇ ਖੁਦ ਮਲਕਾ ਦੇ ਸਰੀਰ ਉਤੇ ਤੀਰਾਂ ਦੇ ਨਿਸ਼ਾਨ ਡਿਠੇ ਤਦ ਉਹ ਰੋਂਦੀਆਂ ਤੇ ਵਾਵੇਲਾ ਕਰਦੀਆਂ ਉਥੇ ਆ ਜਮਾਂ ਹੋਈਆਂ।

## ਹਮਲਾ ਆਵਰ ਦੀ ਪਸਪਾਈ

ਨੂਰ ਜਹਾਨ ਦੀ ਫੌਜ ਦਾ ਇਕ ਦਸਤਾ ਵਜੀਰ ਦੇ ਪਿਛਲੇ ਪਾਸੇ ਬਾਦਸ਼ਾਹ ਦੇ ਤੰਬੂ ਦੇ ਪਾਸ ਕਿਸੇ ਨ ਕਿਸੇ ਤਰ੍ਹਾਂ ਪੁਜ ਗਿਆ, ਪਰ ਮਹਾਬਤ ਖਾਂ ਦੀ ਕਮਾਨ ਵਿਚ ਸ਼ਾਹੀ ਫੌਜ ਨੂੰ ਪਿਛੇ ਧਕੇਲ

مہ اُردی بہشت این سکہ در لاہور زدبزد
شہنشاہ زمان شاہ جہانگیر ابن شاہ اکبر

ਅਰਥਾਤ—ਉਰਦੀ ਬਹਿਸ਼ਤ ਦੇ ਮਹੀਨੇ ਬਾਦਸ਼ਾਹ ਸ਼ਾਹ ਜਹਾਂਗੀਰ ਸਪੁਤਰ ਅਕਬਰ ਸ਼ਾਹ ਨੇ ਸੋਨੇ ਦੀ ਇਹ ਮੁਹਰ ਲਾਹੌਰੋਂ ਚਾਲੂ ਕੀਤੀ।

بما بتیردر لاہور زد این سکہ را بر زد
پناہ دین ملک جہانگیر ابن شاہ اکبر

ਅਰਥਾਤ—ਤੀਰ ਦੇ ਮਹੀਨੇ ਬਾਦਸ਼ਾਹ ਦੀਨ ਦੀ ਪਨਾਹ ਸ਼ਾਹ ਜਹਾਂਗੀਰ ਸਪੁਤਰ ਅਕਬਰ ਸ਼ਾਹ ਨੇ ਇਹ ਸੋਨੇ ਦੀ ਮੋਹਰ ਲਾਹੌਰੋਂ ਚਾਲੂ ਕੀਤੀ।

ਇਕ ਅਤਿਅੰਤ ਸੁਹਣੇ ਰੁਪਏ ਉਤੇ ਹੇਠ ਲਿਖੀ ਲਿਖਤ ਦਰਜ ਹੈ :—

١٣— بدھر باد رواں تا فلک بود در دور
١٠٢٧ بنام شاہ جہانگیر سکہ لاہور

ਅਰਥਾਤ—ਲਾਹੌਰ ਦਾ ਸਿੱਕਾ ਜਹਾਂਗੀਰ ਬਾਦਸ਼ਾਹ ਦੇ ਨਾਮ ਉਪਰ ਸੰਸਾਰ ਉਤੇ ਉਨਾ ਚਿਰ ਚਾਲੂ ਰਹੇ ਜਿੰਨਾ ਚਿਰ ਅਕਾਸ਼ ਘੁੰਮਦਾ ਹੈ। ੧੦੨੭ ਸੰਨ ੧੩ ਵਾਂ ਸਾਲ।

ਮਿਸਟਰ ਰਾਜਰਸ ਨੇ ਜਿਸ ਮਿਸਟਰ ਜੇ. ਡੀ. ਫਰੇਮਲਟ ਦਾ ਜ਼ਿਕਰ ਕੀਤਾ ਹੈ ਉਸ ਦੇ ਕਬਜ਼ੇ ਵਿਚ ਇਕ ਰੁਪਇਆ ਸੀ ਜਿਸ ਉਤੇ ਹੇਠ ਲਿਖੀ ਲਿਖਤ ਹੈ :—

١٠٢٠— بغرور دین زد لاہور شد رشک مہ انور
زر سکہ شاہ جہانگیر ابن شاہ اکبر

ਅਰਥਾਤ—ਮਹੀਨਾ ਫਰਵਰ ਦੀਨ ਵਿਚ ਲਾਹੌਰ ਦਾ ਸੋਨਾ ਰੋਸ਼ਨ ਚੰਦ ਲਈ ਵੀ ਰੀਸ ਦਾ ਕਾਰਨ ਬਣ ਗਿਆ ਕਿਉਂਕਿ ਇਸ ਉਤੇ ਅਕਬਰਸ਼ਾਹ ਦੇ ਬੇਟੇ ਜਹਾਂਗੀਰ ਸ਼ਾਹ ਦੀ ਮੁਹਰ ਲਗ ਚੁਕੀ ਹੈ ੧੦੨੦ ਸੰਨ ਛਵਾਂ ਸਾਲ।

ਲਾਹੌਰ ਦੀ ਸ਼ਾਹੀ ਟਕਸਾਲ ਅੰਦਰ ਢਾਲੇ ਗਏ ਵਖ ਵਖ ਕਿਸਮ ਦੇ ਸਿਕਿਆਂ (ਮੁਦਰਾ) ਦੀ ਅਧਿਕਤਾ ਇਸ ਗਲ ਦਾ ਸਬੂਤ ਹੈ ਕਿ ਜਹਾਂਗੀਰ ਦੇ ਸਮੇਂ ਲਾਹੌਰ ਬੜਾ ਹੀ ਪ੍ਰਸਿਧ ਨਗਰ ਸੀ। ਇਸ ਤੋਂ ਪੰਜਾਬ ਦੀ ਰਾਜਧਾਨੀ ਜਹਾਂਗੀਰ ਦਾ ਪਿਆਰ (ਸ਼ੌਕ) ਵੀ ਸਪਸ਼ਟ ਨਜ਼ਰ ਆਉਂਦਾ ਹੈ।

ਮਿਸਟਰ ਰਾਜਰਸ ਨੇ ਦਿਲੀ ਦੀ ਟਕਸਾਲ ਦੇ ਕੇਵਲ ਇਕ ਸਿਕੇ ਦਾ ਵਰਨਣ ਕੀਤਾ ਹੈ ਇਸ ਉਤੇ ਹੇਠ ਲਿਖੀ ਲਿਖਤ ਦਰਜ ਹੈ।

٢١ زد فتح و نفرت جہانگیر شاہ
١٠٣٥ بدھلی زد از فیض لطف اللہ

ਅਰਥਾਤ-ਰੱਬ ਦੀਆਂ ਅਨੇਕਾਂ ਬਰਕਤਾਂ ਨਾਲ ਸ਼ਾਹ ਜਹਾਂਗੀਰ ਨੇ ਫਤਹ ਤੇ ਜਿਤ ਦਾ ਸਿੱਕਾ ਦਿਲੀ ਤੋਂ ਚਾਲੂ ਕੀਤਾ। ੧੦੩੫ ਸੰਨ ੨੧ ਵਾਂ ਸਾਲ।

ਜਹਾਂਗੀਰ ਦੀ ਮੁਦਰਾ ਉਤੇ ਦਰਜ ਦੋ ਹੇਠ ਲਿਖੀਆਂ ਲਿਖਤਾਂ ਬੜੀਆਂ ਵਚਿਤਰ ਹਨ।

شبیہ حضرت شاہ جہانگیر
قضا بر سکہ زد کرد تصویر

ਅਰਥਾਤ—ਜਿਸ ਮਤ ਨੇ ਹਜ਼ਰਤ ਸ਼ਾਹ ਜਹਾਂਗੀਰ ਦੀ ਤਸਵੀਰ ਸੋਨੇ ਦੀ ਮੋਹਰ ਉਤੇ ਖਿਚ ਦਿਤੀ ਹੈ।

حروف جہانگیر و الاسہ اکبر
زاوز ازلی تا ابد شد برابر

ਮਿਸਟਰ ਰਾਜਰਸ ਨੇ ਇਸ ਦਾ ਭਾਵ ਕਵਿਤਾ ਵਿਚ ਐਉਂ ਪ੍ਰਗਟ ਕੀਤਾ ਹੈ—

ਜਹਾਂਗੀਰ ਦੇ ਨਾਮ ਦੇ ਹਰਫ
ਅਤੇ ਸਭ ਤੋਂ ਵਡੇ ਅਲਾ ਦੇ ਨਾਮ ਦੇ ਹਰਫ
ਆਰੰਭ ਤੋਂ ਹੀ ਇਕੋ ਇਹੀ ਕਦਰ ਵਾਲੇ ਚਲ ਆਏ
ਅਤੇ ਅੰਤ ਤੀਕ ਚਲੇ ਜਾਣਗੇ।

---

# ਪਰਕਰਨ ੧੫

## ਸ਼ਹਾਬ-ਉਦ-ਦੀਨ ਸ਼ਾਹਜਹਾਨ

### ਦਾਵਰ ਬਖਸ਼ ਦਾ ਸ਼ਹਿਨਸ਼ਾਹ ਹੋਣ ਦਾ ਐਲਾਨ

ਜਹਾਂਗੀਰ ਆਪਣੀ ਵਸੀਅਤ ਵਿਚ ਸ਼ਾਹਜ਼ਾਦਾ ਸ਼ਹਿਰ ਯਾਰ ਨੂੰ ਆਪਣਾ ਜਾਨਸ਼ੀਨ ਥਾਪ ਗਿਆ ਸੀ। ਪਰ ਆਸਫ ਖਾਂ ਅਤੇ ਫੌਜ ਨੇ ਸ਼ਾਹ ਜਹਾਨ ਦੇ ਹਕ ਵਿਚ ਐਲਾਨ ਕਰ ਦਿਤਾ, ਜੋ ਉਸ ਸਮੇਂ ਦਖਣ ਵਿਚ ਸੀ। ਆਸਫ ਖਾਂ ਨੇ ਇਬਾਦਤ ਖਾਂ, ਖਾਨਿ ਆਜ਼ਮ ਨਾਲ ਮਿਲ ਕੇ ਦਾਵਰ ਖਾਂ (ਮਿਰਜ਼ਾ ਬੁਲਾਕੀ) ਨੂੰ ਬਾਦਸ਼ਾਹ ਘੋਸ਼ਿਤ ਕਰ ਦਿਤਾ ਜੋ ਕਿ ਖੁਸਰੋ ਦਾ ਸਪੁਤਰ ਸੀ। ਇਹ ਇਸ ਲਈ ਕੀਤਾ ਗਿਆ ਕਿ ਇਕ ਤੇ ਫਸਾਦਾਂ ਨੂੰ ਰੋਕਿਆ ਜਾ ਏ ਅਤੇ ਦੂਜੇ ਨੂਰ ਜਹਾਨ ਦੀ ਵਿਉਂਤ ਨੂੰ ਅਸਫਲ ਬਣਾ ਕੇ ਸ਼ਾਹ ਜਹਾਨ ਦੀ ਗੱਦੀ ਨਸ਼ੀਨੀ ਲਈ ਰਾਹ ਸਾਫ ਕੀਤਾ ਜਾਏ। ਇਸ ਮੰਤਵ ਲਈ ਦਿਲਾਵਰ ਬਖਸ਼ ਨੂੰ ਘੋੜੇ ਉਤੇ ਸਵਾਰ ਕਰ ਕੇ ਸ਼ਾਹੀ ਛਤਰ ਉਸ ਦੇ ਸਿਰ ਉਤੇ ਝੁਲਾ ਦਤਾ ਅਤੇ ਛਿੰਬਰ ਦੇ ਆਸ ਪਾਸ ਉਸ ਦੇ ਨਾਮ ਦਾ ਖੁਤਬਾ ਪੜ੍ਹਿਆ ਗਿਆ। ਇਹ ਸ਼ਾਹੀ ਸਵਾਰੀ ਕਠ ਪੁਤਲੀ ਬਾਦਸ਼ਾਹ ਸਮੇਤ ਲਾਹੌਰ ਵੱਲੇ ਰਵਾਨਾ ਹੋਈ।

### ਸ਼ਹਿਰ ਯਾਰ ਦੀ ਲਾਹੌਰ ਵਿਚ ਗਦੀ ਨਸ਼ੀਨੀ

ਇਸ ਦੌਰਾਨ ਵਿਚ ਸਾਹਜ਼ਾਦਾ ਸ਼ਹਿਰ ਯਾਰ ਨੇ ਘੁੜ ਸਵਾਰ ਫੌਜ ਨਾਲ ਜਿਹਲਮ ਪਾਰ ਕਰ ਗਿਆ ਤਾਂ ਜੁ ਲਾਹੌਰ ਉਤੇ ਆਪਣਾ ਹਕ ਜਮਾ ਲਵੇ। ਲਾਹੌਰ ਪਹੁੰਚਣ ਤੇ ਉਸ ਦੀ ਬੇਗਮ ਨੇ ਉਸ ਤੇ

Sri Satguru Jagjit Singh Ji eLibrary NamdhariElibrary@gmail.com

## ਨੂਰ ਜਹਾਨ ਵਿਧਵਾ

ਪਤੀ ਦੀ ਮੌਤ ਅਤੇ ਆਪਣੇ ਜਵਾਈ ਸ਼ਹਿਰ ਯਾਰ ਜਿਸ ਨੂੰ ਉਸ ਨੇ ਤਖਤ ਉਤੇ ਬਿਠਾਉਣ ਦੀ ਵਿਉਂਤ ਬਣਾਈ ਸੀ, ਦੀ ਗ੍ਰਿਫਤਾਰੀ ਪਿਛੋਂ ਨੂਰ ਜਹਾਨ ਦਾ ਤੇਜ਼ ਪ੍ਰਤਾਪ ਲਗ ਪਗ ਖਤਮ ਹੋ ਗਿਆ।

## ਨੂਰ ਜਹਾਨ ਲਾਹੌਰ ਆ ਗਈ

ਉਪ੍ਰੋਕਤ ਘਟਨਾ ਦੇ ਪਿਛੋਂ ਉਹਨੇ ਇਕਾਂਤ ਜੀਵਨ ਬਤੀਤ ਕਰਨਾ ਅਰੰਭ ਦਿਤਾ ਅਤੇ ਆਪਣੀ ਰਿਹਾਇਸ਼ ਲਾਹੌਰ ਵਿਚ ਲੈ ਆਂਦੀ, ਜਿਥੇ ਉਹ ਪੂਰੇ ਵੀਹ ਸਾਲ ਤੀਕ ਆਪਣੀ ਧੀ ਤੇ ਸ਼ਾਹਜ਼ਾਦਾ ਸ਼ਹਿਰ ਯਾਰ ਦੀ ਵਿਧਵਾ ਪਤਨੀ ਸਮੇਤ ਜਿਉਂਦੀ ਰਹੀ। ਸਰਕਾਰੀ ਖਜ਼ਾਨੇ ਵਿਚੋਂ ਉਸ ਨੂੰ ਉਮਰ ਭਰ ੨੫ ਲਖ ਰੁਪਏ ਦੀ ਸਾਲਾਨਾ ਪੈਨਸ਼ਨ ਮਿਲਦੀ ਰਹੀ। ਉਹ ਮੁਗਲ ਵਿਧਵਾ ਵਾਂਗ ਚਿੱਟੀ ਪੁਸ਼ਾਕ ਪਾਉਂਦੀ; ਹਰ ਕਿਸਮ ਦੇ ਐਸ਼ ਤੇ ਕੰਮ ਕਾਰ ਤੋਂ ਇਕਾਂਤ ਰਹਿੰਦੀ। ਉਸ ਦਾ ਬਹੁਤਾ ਸਮਾਂ ਪੜ੍ਹਨ ਲਿਖਣ ਤੇ ਇਕਾਂਤ ਵਿਚ ਹੀ ਲੰਘਦਾ। ਇਓਂ ਉਸ ਨੇ ਆਪਣੀ ਸਾਰੀ ਪਿਛਲੀ ਉਮਰ ਆਪਣੇ ਮ੍ਰਿਤ ਪਤੀ ਦੀ ਬ੍ਰਿਹੋਂ ਵਿਚ ਲੰਘਾਈ।

## ਨੂੰਰ ਜਹਾਨ ਦੀ ਮੌਤ

ਨੂਰ ਜਹਾਨ ਨੇ ਲਾਹੌਰ ਵਿਚ ਹੀ ੭੨ ਸਾਲ ਦੀ ਆਯੂ ਵਿਚ ੨੯ ਸ਼ਿਵਾਲ ੧੦੫੩ (੧੬੪੬ ਈ:) ਨੂੰ ਚਲਾਣਾ ਕੀਤਾ। ਉਸ ਨੂੰ ਉਸ ਅਤਿ ਸ਼ਾਨਦਾਰ ਬਾਰਾਂ ਦਰੀ ਵਿਚ ਦਫਨਾਇਆ ਗਿਆ ਜੋ ਉਸ ਨੇ ਆਪ ਹੀ ਆਪਣੇ ਮ੍ਰਿਤ ਪਤੀ ਦੇ ਰੌਜ਼ੇ ਦੇ ਪਾਸ ਜੀਉਂਦੀ ਜਾਨੇ ਪਹਿਲੇ ਹੀ ਤਿਆਰ ਕਰਵਾ ਰਖਿਆ ਸੀ।

## ਜਹਾਂਗੀਰੀ ਸਿੱਕੇ

ਜਹਾਂਗੀਰ ਨੇ ਹਿੰਦੁਸਤਾਨ, ਕਾਬਲ ਅਤੇ ਕੰਧਾਰ ਵਿਚ ਵੱਖ ਵੱਖ ਸਿੱਕੇ ਚਾਲੂ ਕੀਤੇ। ਲਾਹੌਰ ਦੀ ਟਕਸਾਲ ਵਿਚ ਬਣਾਏ ਗਏ ਕੁਝ ਰੁਪਇਆਂ ਉਪਰ ਜੋ ਉਸ ਨੇ ਆਪਣੀ ਰਾਜ-ਗੱਦੀ ਦੇ ਚੌਧਵੇਂ ਸਾਲ ਜਾਰੀ ਕੀਤੇ ਇਹ ਸ਼ਬਦ ਉਕਰੇ ਹੋਏ ਮਿਲਦੇ ਹਨ :—

زنام شاہ جہانگیر شاہ اکبر پور

همیشه باد آبروي سکه لاهور ۸ ۱۰۱۸

ਅਰਥਾਤ-ਸ਼ਾਹ ਅਕਬਰ ਦੇ ਸਪੁਤਰ ਸ਼ਾਹ ਜਹਾਂਗੀਰ ਦੇ ਨਾਮ ਦਾ ਸਦਕਾ ਲਾਹੌਰ ਦਾ ਸਿੱਕਾ ਸਦਾ ਚਮਕਦਾ ਰਹੇ ੧੦੧੮—੧੪ਵਾਂ ਸਾਲ।

ਤੁਜ਼ਕ ਜਹਾਂਗੀਰੀ ਦੇ ਕਥਨ ਅਨੁਸਾਰ ਜਦ ਸ਼ਹਿਨਸ਼ਾਹ ਰਾਜ ਗੱਦੀ ਉਤੇ ਬੈਠਾ ਤਦ ਅਮੀਰ-ਉਲ-ਉਮਰਾਹ ਨੇ ਇਸ ਅਵਸਰ ਦੀ ਯਾਦਗਾਰ ਵਜੋਂ ਉਸ ਨੂੰ ਹੇਠ ਲਿਖੀ ਕਵਿਤਾ ਭੇਟ ਕੀਤੀ।* ਲਾਹੌਰ ਕਸ਼ਮੀਰ ਅਤੇ ਕੰਧਾਰ ਵਿਚ ਏਸੇ ਹੇਠ ਲਿਖੇ ਸ਼ਬਦਾਂ ਵਾਲਾ ਸਿੱਕਾ ਚਾਲੂ ਕੀਤਾ ਗਿਆ :—

روی فردا ساخت نورانی چورنگ مهر وماه

شاه نورالدین جهانگیر ابن اکبر بادشاه

۱۵ ضرب لاهور

ਅਰਥਾਤ ਸ਼ਾਹ ਅਕਬਰ ਦੇ ਬੇਟੇ ਬਾਦਸ਼ਾਹ ਨੂਰ-ਉਦ-ਦੀਨ ਜਹਾਂਗੀਰ ਨੇ ਸੋਨੇ ਨੂੰ ਐਨਾ ਉਜਲਾ ਦਿਤਾ ਜਿੰਨਾ ਸੂਰਜ ਤੇ ਚੰਨ। ਲਾਹੌਰ ਵਿਚ ਜਾਰੀ ਹੋਇਆ ੧੫ਵੇਂ ਸਾਲ।

ਕੁਝ ਰੁਪਇਆਂ ਉਤੇ ਹੇਠ ਲਿਖੇ ਸ਼ਬਦ ਉਕਰੇ ਹੋਏ ਹਨ :—

لا الہ الا اللہ محمد الرسول اللہ

نور الدین محمد جہانگیر بادشاہ

ਅਰਥਾਤ—ਸਵਾਏ ਖੁਦਾ ਦੇ ਹੋਰ ਦੂਜਾ ਕੋਈ ਖੁਦਾ ਨਹੀਂ ਅਤੇ ਮੁਹੰਮਦ ਉਸ ਦਾ ਰਸੂਲ (ਪੈਗੰਬਰ) ਹੈ। ਨੂਰ-ਉਦ-ਦੀਨ ਮੁਹੰਮਦ ਬਾਦਸ਼ਾਹ।

ਤੁਜ਼ਕ ਵਿਚ ਸਾਨੂੰ ਦਸਿਆ ਗਿਆ ਹੈ ਕਿ ਆਸਫ ਖਾਂ ਨੂੰ ਹੁਕਮ ਮਿਲਿਆ ਸੀ ਕਿ ਉਹ ਸੋਨੇ ਦੀ ਮੁਹਰ ਉਤੇ ਹੇਠ ਲਿਖੀ ਲਿਖਤ ਉਕਰੇ :—

بخط نور برزد کلکہ تقدیر

رقم زد شاد نور الدین جہانگیر

ਅਰਥਾਤ—ਨੂਰਾਨੀ ਲਫਜ਼ਾਂ ਦਵਾਰਾ ਤਕਦੀਰ ਨੇ ਸਿਕੇ ਉਪਰ ਬਾਦਸ਼ਾਹ ਨੂਰ-ਉਦ-ਦੀਨ ਦਾ ਨਾਮ ਲਿਖ ਦਿਤਾ। ਹੇਠ ਲਿਖਿਆ ਸਿੱਕਾ ਕਾਬਲ ਵਿਚੋਂ ਚਾਲੂ ਕੀਤਾ ਗਿਆ :—

سکہ زد در شہر کابل خسرو گیتی پناہ

شاہ نور الدین جہانگیر ابن اکبر بادشاہ

ਅਰਥਾਤ—ਜਹਾਂ ਪਨਾਹ ਬਾਦਸ਼ਾਹ ਨੂਰ-ਉਦ-ਦੀਨ ਸਪੁਤਰ ਅਕਬਰ ਸ਼ਾਹ ਨੇ ਇਹ ਸੁਨਹਿਰੀ ਮੋਹਰ ਕਾਬਲ ਵਿਚ ਚਾਲੂ ਕੀਤੀ।

ਕੰਧਾਰ ਦੇ ਸਿਕੇ ਉਤੇ ਹੇਠ ਲਿਖੀ ਲਿਖਤ ਦਰਜ ਹੈ :—

سکہ قندھار شدبادخواہ

از جہانگیر شاہ اکبر شاہ

ਅਰਥਾਤ—ਕੰਧਾਰ ਦਾ ਸਿੱਕਾ, ਅਕਬਰ ਸ਼ਾਹ ਦੇ ਬੇਟੇ ਸ਼ਾਹ ਜਹਾਂਗੀਰ ਦਾ ਸਦਕਾ ਸੁੰਦਰ ਬਣ ਗਿਆ। ਮਿਸਟਰ ਰਾਜਰਸ (Rodgers) ਨੇ ਰਾਇਲ ਏਸ਼ਿਆਟਿਕ ਸੁਸਾਇਟੀ ਦੇ ਜਰਨਲ ਵਿਚ ਲਾਹੌਰ ਟਕਸਾਲ ਦੇ ਕਈ ਸਿਕਿਆਂ ਦਾ ਵਰਨਣ ਕੀਤਾ ਹੈ।

ਹੇਠ ਲਿਖਿਆ ਸਿਕਾ ਰਾਜ ਗਦੀ ਦੇ ਪੰਜਵੇਂ ਸਾਲ ੧੦੧੯ ਵਿਚ ਚਾਲੂ ਕੀਤਾ ਗਿਆ।

زد لاهور شد درماه بهمن چون مه انور کتبه ۵

بدور شاه نور الدین جهانگیر ابن شاه اکبر ۱۰۱۹

ਅਰਥਾਤ—ਬਹਿਮਣ ਦੇ ਮਹੀਨੇ ਲਾਹੌਰ ਦਾ ਸੋਨਾ ਅਕਬਰ ਸ਼ਾਹ ਦੇ ਸਪੁਤਰ ਨੂਰ ਉਦੀਨ ਜਹਾਂਗੀਰ ਦੇ ਅਹਿਦ ਵਿਚ ਚੰਦ ਵਰਗਾ ਚਮਕਣ ਲਗ ਪਿਆ। ੧੦੧੯ ਸੰਨ ਪੰਜਵਾਂ ਸਾਲ।

ਏਸੇ ਸਾਲ ਇਕ ਹੋਰ ਸਿਕਾ ਚਾਲੂ ਹੋਇਆ ਜਿਸ ਉਪਰ ਹੇਠ ਲਿਖੇ ਸ਼ਬਦ ਦਰਜ ਹਨ—

دراسفندار مزائین سکہ در لاهور زد بر زد

شهنشاه امم شاه جهانگیر ابن شاه اکبر

ਅਰਥਾਤ—ਅਸਫੰਦ ਮੂਜ ਦੇ ਮਹੀਨੇ ਲੋਕਾਂ ਦੇ ਬਾਦਸ਼ਾਹ ਸ਼ਾਹ ਜਹਾਂਗੀਰ ਸਪੁਤਰ ਅਕਬਰ ਸ਼ਾਹ ਨੇ ਇਸ ਸੋਨੇ ਦੇ ਸਿਕੇ ਨੂੰ ਲਾਹੌਰ ਵਿਚ ਚਾਲੂ ਕੀਤਾ। ੧੦੧੯ ਸੰਨ-ਪੰਜਵਾਂ ਸਾਲ

ਮਿਸਟਰ ਰਾਜਰਸ ਨੇ ਆਪਣੇ ਉਪ੍ਰੋਕਤ ਜਰਨਲ ਵਿਚ ਹੇਠ ਲਿਖੇ ਲਾਹੌਰ ਦੇ ਸਿਕਿਆਂ ਦਾ ਵੀ ਵਰਨਣ ਕੀਤਾ ਹੈ ਜੋ ਐਨੇ ਸੁਵਾਦਲੇ ਹਨ ਕਿ ਅਸੀਂ ਇਹਨਾਂ ਨੂੰ ਲਿਖਣ ਤੋਂ ਰੁਕ ਨਹੀਂ ਸਕਦੇ :—

*ਇਹ ਕਵਿਤਾ ਕੀ ਸੀ ? ਇਹ ਅਸਲ ਪੁਸਤਕ ਵਿਚ ਦਰਜ ਹੋਣੋਂ ਰਹਿ ਗਈ ਜਾਪਦੀ ਹੈ—ਅਨਵਾਦਕ।

Sri Satguru Jagjit Singh Ji eLibrary NamdhariElibrary@gmail.com

ਮਿਸਾਲ ਪੂਰਬੀ ਐਸ਼-ਇਸ਼ਰਤ ਦੇ ਦਿਨਾਂ ਵਿਚ ਵੀ ਨਹੀਂ ਲਭਦੀ। ਇਹਨਾਂ ਗਲਾਂ ਨੇ ਮਹਾਨ ਮੁਗਲ ਦੇ ਨਾਮ ਨੂੰ ਰੂਮਾਨੀ ਵਾਤਾ ਵਰਨ ਵਿਚ ਲੁਕਾ ਲਿਆ।

## ਪਹਿਲੀ ਵਰ੍ਹੇ ਗੰਢ

ਉਸ ਦੇ ਰਾਜ ਤਿਲਕ ਦੀ ਪਹਿਲੀ ਵਰ੍ਹੇ ਗੰਢ ਉਪਰ ੧੬ ਲੱਖ ਪੌਂਡ ਖਰਚ ਹੋਇਆ ਸੀ। ਇਸ ਅਵਸਰ ਲਈ ਤੰਬੂਆਂ ਦਾ ਇਕ ਜੋੜਾ ਕਸ਼ਮੀਰ ਵਿਚ ਤਿਆਰ ਹੋਇਆ। ਇਤਿਹਾਸਕਾਰ ਖਾਫੀ ਖਾਨ ਦਾ ਕਥਨ ਹੈ ਕਿ ਇਹਨਾਂ ਤੰਬੂਆਂ ਨੂੰ ਖੜੇ ਕਰਨ ਵਿਚ ਹੀ ਦੋ ਮਹੀਨੇ ਦਾ ਸਮਾਂ ਲਗਾ ਸੀ। ਸ਼ਾਹ ਜਹਾਨ ਨੇ ਆਪਣੇ ਰਾਜ ਦੇ ਵਡੇ ਵਡੇ ਸ਼ਹਿਰਾਂ ਵਿਚ ਸੁਹਣੀਆਂ ਸੁਹਣੀਆਂ ਯਾਦਗਾਰਾਂ ਅਤੇ ਵਡੇ ਵਡੇ ਤੇ ਸ਼ਾਨਦਾਰ ਮਹੱਲ ਤਿਆਰ ਕਰਾਏ। ਉਸ ਦੀ ਦੇਖਾ ਦੇਖੀ ਉਸ ਦੇ ਦਰਬਾਰੀਆਂ ਤੇ ਵਜ਼ੀਰਾਂ ਅਮੀਰਾਂ ਨੇ ਵੀ ਸ਼ਾਨਦਾਰ ਇਮਾਰਤਾਂ ਉਸਾਰੀਆਂ।

## ਨਵੀਂ ਦਿਲੀ ਦਾ ਮੁਢ ੧੬੩੧

ਦਿਲੀ ਦਾ ਪੁਰਾਤਨ ਸ਼ਹਿਰ ਜੋ ਦਰਿਆ ਜਮਨਾ ਦੇ ਕੰਢਿਆਂ ਦੇ ਨਾਲ ੩੦ ਮੀਲ ਵਿਚ ਫੈਲਿਆ ਹੋਇਆ ਸੀ ਉਹ ਲਗਾਤਾਰ ਹਮਲਿਆਂ ਨਾਲ ਵਿਰਾਨ ਤੇ ਉਜਾੜ ਬਣ ਚੁਕਾ ਸੀ। ਸ਼ਾਹਜਹਾਨ ਨੇ ਸੰਨ ੧੬੩੧ ਵਿਚ ਇਕ ਨਵੀਂ ਦਿਲੀ ਦੀ ਨੀਂਹ ਰਖੀ ਅਤੇ ਉਸ ਦਾ ਨਾਮ ਆਪਣੇ ਨਾਮ ਉਤੇ ਸ਼ਾਹਜਹਾਨਬਾਦ‡ ਅਰਥਾਤ ਸ਼ਾਹ ਜਹਾਨ ਦਾ ਸ਼ਹਿਰ ਰਖਿਆ।

ਇਸ ਨਵੇਂ ਸ਼ਹਿਰ ਦੇ ਗਿਰਦ ਦਰਿਆ ਤੋਂ ਛੁਟ ਲਾਲ ਪਥਰ ਦੀ ਬਣੀ ਹੋਈ ਸਤ ਮੀਲ ਦੇ ਘੇਰੇ ਵਾਲੀ ਇਕ ਕੰਧ ਵੀ ਸੀ। ਇਸ ਸ਼ਹਿਰ ਨੂੰ ਗਲੀਆਂ, ਬਾਜ਼ਾਰਾਂ, ਮਹਲਾਂ, ਬਾਗਾਂ, ਮਸੀਤਾਂ ਅਤੇ ਫੁਹਾਰਿਆਂ ਨਾਲ ਖੂਬ ਸਜਾਇਆ ਗਿਆ ਸੀ।

ਦਿਲੀ ਦੇ ਪਾਸ ਜਮਨਾ ਦਾ ਪਾਣੀ ਖਾਰਾ ਸੀ ਇਸ ਲਈ ਸ਼ਹਿਰ ਵਿਚਲਾ ਪਾਣੀ ਚੰਗਾ ਨ ਹੋਣ ਕਰਕੇ ਇਕ ਨਹਿਰ ਪੁਟੀ ਗਈ ਜਿਸ ਰਾਹੀਂ ਫਿਰੋਜ਼ ਸ਼ਾਹ ਤੋਂ ਜੋ ਓਥੋਂ ੭੦ ਮੀਲ ਦੂਰ ਸੀ ਪਾਣੀ ਲਿਆਂਦਾ ਗਿਆ। ਇਓਂ ਕਰਕੇ ਸ਼ਹਿਰ ਦੇ ਗਲੀ ਕੂਚਿਆਂ ਨੂੰ ਸ਼ੁਧ ਤੇ ਪੀਣ ਵਾਲਾ ਪਾਣੀ ਦਿਤਾ ਗਿਆ। ਇਸ ਤੋਂ ਛੁਟ ੧੩੫ ਮੀਲ ਲੰਮੀ ਇਕ ਹੋਰ ਨਹਿਰ ਮਹਲ ਦੇ ਸਾਹਮਣੇ ਦਰਿਆ ਦੇ ਖਬੇ ਪਾਸੇ ਵਗਦੀ ਸੀ।

## ਅਲੀ ਮਰਦਾਨ ਖਾਂ ਦੀਆਂ ਨਹਿਰਾਂ

ਇਹ ਦੋਵੇਂ ਨਹਿਰਾਂ ਕੰਧਾਰ ਦੇ ਸਾਬਕ ਗਵਰਨਰ ਅਲੀ ਮਰਦਾਨ ਖਾਂ ਨੇ ਬਣਾਈਆਂ ਸਨ, ਜੋ ਪਹਿਲੇ ਸ਼ਾਹ ਈਰਾਨ ਪਾਸ ਨੌਕਰ ਸੀ ਪਰ ਆਪਣੇ ਮਾਲਕ ਦੇ ਜ਼ੁਲਮ ਤੋਂ ਡਰਦਾ ਮਾਰਿਆ ਸ਼ਾਹ ਜਹਾਨ ਦੇ ਦਰਬਾਰ ਵਿਚ ਸ਼ਰਨਾਰਥੀ ਬਣ ਕੇ ਆਗਿਆ ਸੀ। ਇਸ ਦੇ ਮਗਰੋਂ ਸੰਨ ੧੮੨੦ ਵਿਚ ਸਰਕਾਰ ਅੰਗਰੇਜੀ ਨੇ ਉਪਰੋਕਤ ਨਹਿਰ ਨੂੰ ਮੁੜ ਸਾਫ ਕਰਾਇਆ ਅਤੇ ਇਸ ਨੂੰ ਸ਼ਹਿਰ ਵਿਚ ਨਵੇਂ ਸਿਰੇ ਜਾਰੀ ਕੀਤਾ। ਜਿਸ ਸਮੇ ਇਹ ਨਹਿਰ ਮੁੜ ਜਾਰੀ ਹੋਈ ਤਦ ਆਗਰੇ ਦੇ ਵਸਨੀਕ ਉਸ ਨੂੰ ਵੇਖਣ ਆਏ ਅਤੇ ਉਨ੍ਹਾਂ ਆਪਣੀ ਵਲੋਂ ਲਡੂ, ਪੇੜੇ ਤੇ ਫੁਲ ਆਦਕ ਨਹਿਰ ਦੀ ਭੇਟਾ ਕੀਤੇ ਤੇ ਹੋਰ ਵੀ ਕਈ ਪ੍ਰਕਾਰ ਨਾਲ ਆਪਣੀ ਖੁਸ਼ੀ ਦਾ ਵਖਾਵਾ ਕੀਤਾ।

## ਦਿਲੀ ਦਾ ਮਹਲ

ਨਵੇਂ ਸ਼ਹਿਰ ਵਿਚ ਬਾਦਸ਼ਾਹ ਨੇ ਲਾਲ ਪਥਰ ਦਾ ਇਕ ਮਜ਼ਬੂਤ ਮਹਲ ਬਣਵਾਇਆ ਜਿਸਦਾ ਘੇਰਾ ਲਗ ਪਗ ਡੇਢ ਮੀਲ ਸੀ। ਬਿਸ਼ਪ ਹਰਬਰਟ ਲਿਖਦਾ ਹੈ ਇਹ ਸਭ ਤੋਂ ਵਧੀਆ ਇਮਾਰਤ ਹੈ ਜੋ ਮੈਂ ਆਪਣੀ ਜ਼ਿੰਦਗੀ ਵਿਚ ਡਿਠੀ ਇਥੋਂ ਤੀਕ ਕਿ ਇਸ ਦੀ ਇਮਾਰਤ ਮਾਸਕੋ ਦੇ ਕਰਿਮਲਿਨ ਤੋਂ ਵੀ ਬਾਜ਼ੀ ਲੈ ਗਈ ਹੈ। ਮਹਲ ਦੇ ਇਰਦ ਗਿਰਦ ਲਾਲ ਪਥਰ ਦੀ ੪੦ ਫੁਟ ਉਚੀ ਕੰਧ ਹੈ ਜਿਸ ਵਿਚ ਬੁਰਜ, ਕਲਸ ਤੇ ਗੁੰਬਜ਼ ਬਣੇ ਹੋਏ ਹਨ। ਮਹਲ ਦੇ ਅੰਦਰ ਵਾਰ ਖੁਲ੍ਹੇ ਵਿਸ਼ਾਲ ਵਿਹੜੇ ਤੇ ਸਫੈਦ ਚਿਟੇ ਸੰਗ ਮਰਮਰ ਦੀਆਂ ਬਾਰਾਂ ਦਰੀਆਂ ਸਨ ਜਿਨ੍ਹਾਂ ਉਪਰ ਸੁਨਹਿਰੀ ਗੁੰਬਜ਼ ਤੇ ਕਲਸ ਸਜਾਏ ਗਏ ਸਨ। ਇਹਨਾਂ ਦੇ ਥੰਮਾਂ (ਖੰਭਿਆਂ) ਉਤੇ ਸੁਨਹਿਰੀ ਮੀਨਾ ਕਾਰੀ ਤੇ ਨਕਸ਼ ਕਾਰੀ ਕੀਤੀ ਹੋਈ ਸੀ ਇਹਨਾਂ ਦੀਆਂ ਛਤਾਂ ਵੀ ਸੁਨਹਿਰੀ ਵੇਲ ਬੂਟਿਆਂ ਨਾਲ ਸਜਾਈਆਂ ਗਈਆਂ ਸਨ। ਇਕ ਸਾਦੀ ਤੇ ਸੁੰਦਰ ਮਸੀਤ ਮਹਿਰਾਬਦਾਰ ਦਰਵਾਜ਼ਿਆਂ ਵਾਲੀ ਮੁਸਲਮਾਨੀ ਹੁਨਰ ਦਾ ਨਮੂਨਾ ਸੀ। ਸੁਹਣੇ ਸੁਹਣੇ ਗੁਸਲਖਾਨੇ ਤੇ ਹਮਾਮ ਵੀ ਸਨ ਅਤੇ ਨਾਲ ਹੀ ਸਨ ਸੁਹਣੇ ਸੁਹਣੇ ਬਾਗ ਬਗੀਚੇ ਖੁਸ਼ਬੂਦਾਰ ਫੁਲਾਂ ਨਾਲ ਮਹਿਕਦੇ ਹੋਏ ਜਿਨ੍ਹਾਂ ਵਿਚ ਥਾਂ ਪਰ ਥਾਂ ਲਗੇ ਫੁਹਾਰੇ ਠੰਡੀ ਤੇ ਭਿੰਨੀ ਭਿਨੀ ਹਵਾ ਦੇਂਦੇ ਸਨ ਮੀਨਾ ਕਾਰੀ ਦਾ ਕੰਮ ਹੁਣ ਮਿਟ ਚੁਕਾ ਹੈ। ਚਾਂਦੀ ਦੀ ਛੱਤ, ਜਿਸ ਦੀ ਕੀਮਤ ੧ ਲਖ ੭੦ ਹਜ਼ਾਰ ਪੌਂਡ ਲਾਈ ਗਈ ਸੀ, ਸੰਨ ੧੭੫੯ ਵਿਚ ਮਰਹਟਿਆਂ ਦੇ ਹਥ ਲੁਟ ਦੇ ਮਾਲ ਵਜੋਂ ਲਗੀ ਜਿਨ੍ਹਾਂ ਨੇ ਉਸ ਨੂੰ ਢਾਲ ਕੇ ਚਾਂਦੀ ਬਣਾ ਲਈ।

## ਪ੍ਰਸਿਧ ਤਖਤਿ ਤਾਊਸ

ਵਿਸ਼ਾਲ ਦਰਬਾਰ ਹਾਲ ਦੇ ਐਨ ਵਿਚਕਾਰ ਸੰਸਾਰ ਪ੍ਰਸਿਧ ਤਖਤਿ ਤਾਊਸ ਅਰਥਾਤ ਸੋਨੇ ਦੇ ਮੋਰਾਂ ਵਾਲੀ ਰਾਜ ਗਦੀ ਸੀ। ਇਸ ਦਾ ਇਹ ਨਾਂ ਇਸ ਲਈ ਪਿਆ ਕਿਉਂਕਿ ਇਹ ਦੋ ਸੁਨਹਿਰੀ ਮੋਰਾਂ ਉਤੇ ਜੜਿਆ ਹੋਇਆ ਸੀ। ਉਸ ਦੀ ਪੂਛ ਫੈਲੀ ਹੋਈ ਸੀ ਜਿਸ ਵਿਚ ਜੜੇ ਹੋਏ ਕੀਮਤੀ ਹੀਰੇ, ਲਾਲ ਤੇ ਜਵਾਹਰ ਕੁਦਰਤੀ ਰੰਗਾਂ ਦੀ ਪਰਤੀਨਿਧਤਾ ਕਰਦੇ ਸਨ। ਇਹ ਤਖਤ ੬ ਫੁਟ ਲੰਮਾ ਤੇ ੪ ਫੁਟ ਚੌੜਾ, ਨਿਗਰ ਸੋਨੇ ਦਾ ਬਣਿਆ ਹੋਇਆ ਸੀ ਜਿਸ ਵਿਚ ਵਡਮੁਲੇ ਮੋਤੀ ਹੀਰੇ ਤੇ ਜ਼ਮੁਰਦ ਜੜੇ ਹੋਏ ਸਨ। ਇਸ ਦੇ ਉਪਰ ਸੁਨਹਿਰੀ ਛਤਰ ਸੀ ਜੋ ੧੨ ਥੰਮਾਂ ਦੇ ਆਸਰੇ ਖੜਾ ਸੀ। ਇਹਨਾਂ ਥੰਮਾਂ ਵਿਚ ਵੀ ਵਡਮੁਲੇ ਹੀਰੇ ਜਗਮਗ ਜਗਮਗ ਕਰ ਰਹੇ ਸਨ। ਛਤਰ ਦੇ ਉਦਾਲੇ ਕੀਮਤੀ ਹੀਰਿਆਂ ਦੀ ਲੜੀ ਲਟਕ ਰਹੀ ਸੀ। ਦੋਵਾਂ ਮੋਰਾਂ ਵਿਚਕਾਰ ਇਕ ਤੋਤੇ ਦੀ ਮੂਰਤੀ ਕੀਮਤੀ ਪਥਰ ਵਿਚੋਂ ਉਕਰੀ ਗਈ ਸੀ। ਤਖਤ ਦੇ ਦੋਹੀਂ ਪਾਸੀਂ ਇਕ ਇਕ ਛਤਰੀ ਕਿਰਮਚੀ ਰੰਗ ਦੀ ਵੈਲਵਟ ਦੀ ਸੀ ਜਿਸ ਉਤੇ ਸਿਲਮੇ ਸਿਤਾਰੇ ਦਾ ਕੰਮ ਹੋਇਆ ਹੋਇਆ ਸੀ। ਇਹਨਾਂ ਛਤਰੀਆਂ ਦਾ ੮ ਫੁਟ ਲੰਮਾ ਦਸਤਾ ਨਿਗਰ ਸੋਨੇ ਦਾ ਸੀ ਜਿਸ ਵਿਚ ਹੀਰੇ ਜੜੇ ਹੋਏ ਸਨ। ਹੀਰੇ ਜਵਾਹਾਰਾਤ ਦੀ ਇਹ ਬੇਮਿਸਾਲ ਕਾਰਗਰੀ ਔਸਟਨ ਡੀ ਬੋਰਡੀਊ (Austin de Bordeau) ਦੇ ਹਥੋਂ ਸਿਰੇ ਚੜ੍ਹੀ ਸੀ ਜਿਸ ਨੇ ਯੂਰਪ ਦੇ ਕਈ ਬਾਦਸ਼ਾਹਾਂ ਨੂੰ ਆਪਣੇ ਬਣਾਏ ਹੋਏ ਨਕਲੀ ਹੀਰੇ ਜਵਾਹਰਾਤ ਦੇ ਕੇ ਲੁਟਿਆ ਸੀ। ਉਹਨਾਂ ਨੂੰ ਲੁਟਣ ਮਗਰੋਂ ਉਹ ਸ਼ਾਹਜਹਾਨ ਦੇ ਦਰਬਾਰ

‡ਨਵੀਂ ਦਿਲੀ ਦੀ ਨੀਂਹ ਰਖਣ ਸਮੇਂ ਸ਼ਾਹ ਜਹਾਨ ਨੇ ਨਵਾਂ ਸਿਕਾ ਜਾਰੀ ਕੀਤਾ ਜੋ ਇਓਂ ਸੀ।

سکه شاه جہاں آباد رائج در جہاں
جاوداں باد ابنام شانی صاحب قرانی

ਰਬ ਕਰੇ ਸ਼ਾਹ ਜਾਹਾਨ ਆਬਾਦ ਦਾ ਸਿਕਾ ਦੁਨੀਆ ਵਿਚ ਸਾਹਿਬ ਕਰਾਨ ਸਾਨੀ ਦੇ ਨਾਮ ਨਾਲ ਸਦਾ ਚਾਲੂ ਰਹੇ।

Sri Satguru Jagjit Singh Ji eLibrary NamdhariElibrary@gmail.com

ਜ਼ੋਰ ਪਾਇਆ ਕਿ ਉਹ ਬਾਦਸ਼ਾਹ ਹੋਣ ਦਾ ਐਲਾਨ ਕਰ ਦੇਵੇ। ਉਸ ਨੇ ਸ਼ਾਹੀ ਖਜ਼ਾਨੇ ਉਤੇ ਕਬਜ਼ਾ ਕਰ ਲਿਆ। ਨਾ ਕੇਵਲ ਇਹ ਸਗੋਂ ਲਾਹੌਰ ਵਿਚ ਸਭ ਸਰਕਾਰੀ ਦਫਤਰਾਂ ਤੇ ਇਮਾਰਤਾਂ ਉਤੇ ਅਧਿਕਾਰ ਜਮਾ ਲਿਆ। ਏਥੇ ਹੀ ਸੁਲਤਾਨ ਹੋਸ਼ੰਗ ਅਤੇ ਤੈਮੂਰ, ਜੋ ਦਾਨਿਆਲ ਦੇ ਬੇਟੇ ਸਨ, ਉਸ ਨਾਲ ਆਨ ਮਿਲੇ।

## ਦੋਵਾਂ ਸ਼ਾਹਜ਼ਾਦਿਆਂ ਦੀਆਂ ਫੌਜਾਂ ਦਾ ਲਾਹੌਰ ਵਿਚ ਟਾਕਰਾ

ਦੂਜੇ ਪਾਸੇ ਆਸਫ ਖਾਂ ਆਪਣੇ ਹਥ ਠੋਕੇ ਬਾਦਸ਼ਾਹ ਦਾਵਰ ਬਖਸ਼ ਨੂੰ ਲੈ ਕੇ ਅਗ ਵਧਿਆ। ਦੋਵਾਂ ਦੀਆਂ ਫੌਜਾਂ ਦਾ ਟਾਕਰਾ ਲਾਹੌਰ ਤੋਂ ਤਿੰਨ ਕੋਹ ਦੇ ਫਾਸਲੇ ਉਤੇ ਹੋਇਆ। ਇਸ ਲੜਾਈ ਵਿਚ ਸ਼ਹਿਰ ਯਾਰ ਦੀਆਂ ਅਸਿਖ ਫੌਜਾਂ ਬਿਨਾ ਲੜਾਈ ਕੀਤਿਆਂ ਹੀ ਨਸ ਗਈਆਂ। ਉਸ ਨੇ ਆਪ ਲੜਾਈ ਵਿਚ ਕੋਈ ਭਾਗ ਨਹੀਂ ਲਿਆ ਸਗੋਂ ਦੋ ਹਜ਼ਾਰ ਘੁੜ ਸਵਾਰ ਫੌਜ ਲੈ ਕੇ ਲਾਹੌਰ ਦੇ ਆਸ ਪਾਸ ਪਸਪਾ ਹੋ ਗਿਆ ਤਾਂ ਜੋ ਹਾਲਾਤ ਦੀ ਚਾਲ ਨੂੰ ਵੇਖ ਸਕੇ। ਆਪਣੀਆਂ ਫੌਜਾਂ ਦੀ ਭਾਜੜ ਦੀ ਖਬਰ ਸੁਣ ਕੇ ਉਹ ਲਾਹੌਰ ਦੇ ਕਿਲੇ ਵਿਚ ਕਿਲੇ ਬੰਦ ਹੋ ਬੈਠਾ। ਦੂਜੇ ਦਿਨ ਆਸਿਫ ਖਾਂ ਤੇ ਅਜ਼ੀਮ ਖਾਂ ਦੀਆਂ ਫੌਜਾਂ ਨੇ ਲਾਹੌਰ ਦੇ ਕਿਲੇ ਉਤੇ ਹੱਲਾ ਬੋਲ ਦਿਤਾ।

## ਸ਼ਹਿਰ ਯਾਰ ਦੀ ਹਾਰ

ਅਜ਼ੀਮ ਖਾਂ ਰਾਤ ਵੇਲੇ ਕਿਲੇ ਅੰਦਰ ਦਾਖਲ ਹੋ ਗਿਆ ਅਤੇ ਦੂਜੇ ਦਿਨ ਦੂਜੇ ਸਭ ਉਮਰਾਹ ਵੀ ਅੰਦਰ ਆ ਗਏ। ਇਹ ਵੇਖ ਕੇ ਕਿ ਉਸ ਦੇ ਸਾਥੀ ਵੀ ਉਸ ਨੂੰ ਪਿਠ ਦੇ ਗਏ ਹਨ ਉਹ ਜਨਾਨਾ ਕਮਰੇ ਵਿਚ ਜਾ ਲੁਕਿਆ। ਪਰ ਇਕ ਹਿਜੜੇ (ਖਵਾਜਾ ਸਰਾ) ਨੇ ਉਸ ਨੂੰ ਵੇਖ ਲਿਆ।

## ਗਰਿਫਤਾਰੀ ਤੇ ਅੰਨ੍ਹਾ ਕੀਤਾ ਜਾਣਾ

ਹਿਜੜਾ ਉਸ ਨੂੰ ਘਸੀਟਦਾ ਹੋਇਆ ਦਿਲਾਵਰ ਬਖਸ਼ ਦੇ ਰੁਬਰੂ ਲੈ ਗਿਆ। ਉਸ ਨੂੰ ਦੋ ਤਿੰਨ ਦਿਨ ਤੀਕ ਕੈਦ ਰਖਣ ਮਗਰੋਂ ਅੰਨ੍ਹਾ ਕੀਤਾ ਗਿਆ।

## ਸ਼ਾਹਜਹਾਨ ਦੀ ਆਗਰੇ ਵਿਚ ਗਦੀ ਨਸ਼ੀਨੀ ੧੬੨੮

ਇਸ ਸਮੇਂ ਵਿਚਕਾਰ ਸ਼ਾਹਜਹਾਨ ਆਗਰੇ ਪਹੁੰਚ ਕੇ ੪ ਫਰਵਰੀ ੧੬੨੮ ਈਸਵੀ ਨੂੰ ਰਾਜ ਗਦੀ ਉਤੇ ਬੈਠ ਗਿਆ ਅਤੇ ਆਪਣਾ ਉਪ-ਨਾਮ ਅਬੁਲ ਮੁਜ਼ਫਰ ਸ਼ਹਾਬ ਉਦ-ਦੀਨ ਮੁਹੰਮਦ ਰਖਿਆ। ਠੀਕ ਏਸੇ ਹੀ ਸਮੇਂ ਲਾਹੌਰ ਵਿਚ ਉਸ ਦੀ ਗਦੀ ਨਸ਼ੀਨੀ ਦਾ ਐਲਾਨ ਹੋ ਗਿਆ ਅਤੇ ਸਭ ਮਸੀਤਾਂ ਅੰਦਰ ਓਸੇ ਦੇ ਨਾਮ ਦਾ ਖੁਤਬਾ ਵੀ ਪੜ੍ਹਿਆ ਗਿਆ।

## ਦੋਵਾਂ ਸ਼ਾਹਜ਼ਾਦਿਆਂ ਦਾ ਕਤਲ

ਦਾਵਰਬਖਸ਼, ਜਿਸ ਨੂੰ ਸ਼ਾਹਜਹਾਨ ਦੇ ਹਮਾਇਤੀਆਂ ਨੇ ਹਥ ਠੋਕਾ ਬਣਾਇਆ ਸੀ, ਨੂੰ ਕੈਦ ਵਿਚ ਪਾ ਦਿਤਾ ਅਤੇ ਸ਼ਹਿਰ ਯਾਰ ਦੇ ਨਾਲ ਹੀ ਉਸ ਨੂੰ ਲਾਹੌਰ ਵਿਚ ਨਵੇਂ ਬਾਦਸ਼ਾਹ ਦੇ ਹੁਕਮ ਨਾਲ ਫਾਂਸੀ ਚੜ੍ਹਾ ਦਿਤਾ। ਸ਼ਹਿਰ ਯਾਰ ਅਤਿਅੰਤ ਹੁਸੀਨ ਸ਼ਾਹਜ਼ਾਦਾ ਸੀ ਪਰ ਜਿਨੀ ਉਸ ਦੀ ਸੁੰਦਰਤਾ ਸੀ ਉਨੀ ਉਹਦੇ ਸਿਰ ਵਿਚ ਅਕਲ ਨਹੀਂ ਸੀ। ਏਸੇ ਲਈ ਏਸ਼ਿਆਈ ਇਤਿਹਾਸਕਾਰਾਂ ਨੇ ਉਸ ਨੂੰ ਨਾਸ਼ੁਦਨੀ ਦਾ ਨਾਮ ਦਿਤਾ ਹੈ। ਸ਼ਰਾਬੀ ਦਾਨਿਆਲ ਦੇ ਪੁਤਰ ਹੋਸ਼ੰਗ ਅਤੇ ਤੈਮੂਰ; ਮੁਰਾਦ ਦੇ ਦੋਵੇਂ ਬੇਟੇ ਅਤੇ ਪਰਵੇਜ਼ ਦੇ ਦੋਵੇਂ ਲੜਕੇ ਲੋਕਾਂ ਦੇ ਸਾਹਮਣੇ ਫਾਂਸੀ ਲਾਏ ਗਏ। ਉਹਨਾਂ ਦੀਆਂ ਲਾਸ਼ਾਂ ਲਾਹੌਰ ਦੇ ਬਾਗ ਵਿਚ ਦਫਨ ਕੀਤੀਆਂ ਗਈਆਂ ਅਤੇ ਉਹਨਾਂ ਦੇ ਸਿਰ ਕਢ ਕੇ ਨਵੇਂ ਬਾਦਸ਼ਾਹ ਨੂੰ ਭੇਟਾ ਵਜੋਂ ਆਗਰੇ ਭੇਜ ਦਿਤੇ ਗਏ।

੩੦ ਰਜਬ-ਉਲ ਅਵਲ ਸੰਨ ੧੦੦ ਹਿਜਰੀ (੧੫੯੨ ਈ:)* ਨੂੰ ਸਪੁਤਰੀ ਉਦੇ ਸਿੰਘ ਸਪੁਤਰ ਰਾਜਾ ਮਾਲ ਦੇਓ ਰਾਣਾ ਮਾਰਵਾੜ (ਜੋ ਆਮ ਕਰ ਕੇ ਜਗਤ ਗੁਸਾਈਂ ਦੇ ਨਾਮ ਨਾਲ ਪ੍ਰਸਿੱਧ ਸੀ) ਦੇ ਘਰ ਲਾਹੌਰ ਵਿਚ ਪੈਦਾ ਹੋਈ। ਸ਼ਾਹਜਹਾਨ ਦੀ ਆਯੂ ੩੭ ਸਾਲ ਦੀ ਸੀ ਜਦ ਉਹ ਹਿੰਦੁਸਤਾਨ ਦਾ ਬਾਦਸ਼ਾਹ ਬਣਿਆ। ਰਾਜ ਗਦੀ ਉਤੇ ਬੈਠ ਕੇ ਉਸ ਨੇ ਮਹਾਬਤ ਖਾਂ ਨੂੰ ਕਮਾਂਡਰ-ਇਨ-ਚੀਫ ਅਤੇ ਆਸਫ ਖਾਂ ਨੂੰ ਦਸ ਲਖ ਪੌਂਡ ਸਾਲਾਨਾ ਤਨਖਾਹ ਉਤੇ ਆਪਣਾ ਮਹਾਂ ਮੰਤਰੀ ਥਾਪ ਲਿਆ।

## ਮਮਤਾਜ਼ ਮਹੱਲ ਦਾ ਰਸੂਖ

ਉਸ ਦੀ ਬੇਟੀ ਮਮਤਾਜ਼ ਮਹਲ (ਭਤੀਜੀ ਨੂਰ ਜਹਾਨ) ਸ਼ਾਹ ਜਹਾਨ ਦੀ ਇਕੋ ਇਕ ਤੇ ਅਤਿ ਪਿਆਰੀ ਮਲਕਾ ਸੀ। ਉਸ ਕਮਾਲ ਦੇ ਗੋਰੇ ਰੰਗ ਵਾਲੀ ਹੁਸੀਨ ਤੀਵੀਂ ਨੇ ਆਪਣ ਸੁਹਪਨ ਨਾਲ ਸ਼ਾਹ-ਜਹਾਨ ਨੂੰ ਉਵੇਂ ਮੋਹ ਲਿਆ ਸੀ, ਜਿਵੇਂ ਉਸ ਦੀ ਫੁਫੀ ਨੇ ਉਸ ਤੋਂ ਪਹਿਲੇ ਜਹਾਂਗੀਰ ਨੂੰ ਮੋਹਿਆ ਸੀ।

## ਸ਼ਾਹਜਹਾਨ ਦੀਆਂ ਆਰੰਭਕ ਕਾਰਰਵਾਈਆਂ

ਆਪਣੀਆਂ ਆਰੰਭਕ ਕਾਰਰਵਾਈਆਂ ਵਿਚ ਸ਼ਾਹ ਜਹਾਨ ਨੇ ਇਸਲਾਮ ਦੇ ਸਮਸ਼ੀ ਮਹੀਨੇ ਨੂੰ ਖਤ ਪਤਰ ਵਿਚ ਬਹਾਲ ਕਰ ਦਿਤਾ।

## ਪੁਰਤਗਾਲਾਂ ਨਾਲ ਬਦ-ਸਲੂਕੀ

ਉਸ ਦੇ ਮੁਸਲਮਾਨੀ ਜਜ਼ਬੇ ਨੇ ਉਸ ਨੂੰ ਉਭਾਰਿਆ ਤੇ ਉਸ ਨੇ ਹੁਗਲੀ ਦੀ ਪੁਰਤਗਾਲੀ ਬਸਤੀ ਉਤੇ ਕਬਜ਼ਾ ਕਰ ਲਿਆ। ਨਾ ਕੇਵਲ ਇਹੋ ਸਗੋਂ ਉਸ ਨੇ ੫੦੦ ਜਾਂ ੬੦੦ ਈਸਾਈਆਂ ਨੂੰ ਗ੍ਰਿਫਤਾਰ ਕਰ ਕੇ ਕੈਦ ਕਰ ਲਿਆ। ੧੫੯੯ ਵਿਚ ਉਹਨਾਂ ਵਲੋਂ ਬਣਾਏ ਹੋਏ ਕੈਥੀਡਰਲ ਚਰਚ ਨੂੰ ਢਾਹ ਢੇਰੀ ਕਰ ਦਿਤਾ। ਇਸ ਤੋਂ ਛੁਟ ਉਹਨਾਂ ਦੀਆਂ ਕਿਲਾ-ਬੰਦੀਆਂ ਅਤੇ ਹੋਰ ਵੀ ਪੂਜਾ ਅਸਥਾਨ ਵੀ ਬਰਬਾਦ ਕਰ ਦਿਤੇ। ਇਹ ਸਭ ਕੈਦੀ ਆਗਰੇ ਪੁਚਾ ਦਿਤੇ ਗਏ ਜਿਥੇ ਕਈਆਂ ਨੂੰ ਸੁਨਤੀ ਬਹਾ ਕੇ ਮੁਸਲਮਾਨ ਬਣਾ ਲਿਆ। ਜਿਨ੍ਹਾਂ ਨੇ ਮੁਸਲਮਾਨ ਬਣਨਾ ਕਬੂਲ ਨਾ ਕੀਤਾ ਉਹ ਸਭ ਜਾਨੋਂ ਮਾਰ ਦਿਤੇ ਗਏ। ਕਈ ਪੁਰਤਗਾਲੀ ਤ੍ਰੀਵੀਆਂ ਬਾਦਸ਼ਾਹ ਨੇ ਆਪਣੇ ਹਰਮ ਵਿਚ ਵੀ ਦਾਖਲ ਕਰ ਲਈਆਂ, ਜਿਹੜੀਆਂ ਬਚ ਗਈਆਂ ਉਹ ਦਰਬਾਰੀਆਂ ਦੇ ਹਰਮਾਂ ਵਿਚ ਦਾਖਲ ਕੀਤੀਆਂ ਗਈਆਂ।

## ਸ਼ਹਿਨਸ਼ਾਹ ਦਾ ਜਜ਼ਬਾ ਸ਼ਾਨ ਸ਼ੌਕਤ

ਆਪਣੀ ਫੌਜੀ ਯੋਗਤਾ ਦੇ ਨਾਲ ਹੀ ਸ਼ਾਹਜਹਾਨ ਨੇ ਸ਼ੁਕਾ ਸ਼ਾਕੀ ਤੇ ਅਡੰਬਰ ਦੇ ਨਾਲ ਹੀ ਸ਼ਾਨਦਾਰ ਇਮਾਰਤਾਂ ਦੀ ਉਸਾਰੀ ਦੇ ਸ਼ੌਕ ਦਾ ਵੀ ਸਬੂਤ ਦਿਤਾ। ਉਸ ਦੀਆਂ ਸ਼ਾਨਦਾਰ ਦਾਅਵਤਾਂ ਤੇ ਵਡ-ਮੁਲਾ ਫਰਨੀਚਰ ਉਸ ਦੇ ਉਸ ਬੇਅੰਤ ਧਨ ਦਾ ਸਬੂਤ ਸੀ ਜਿਸ ਦੀ

---

*ਤੁਜ਼ਕੇ ਜਹਾਂਗੀਰੀ

Sri Satguru Jagjit Singh Ji eLibrary NamdhariElibrary@gmail.com

ਸਰਦੀਆਂ ਨੂੰ ਲਾਹੌਰ ਵਿਚ ਲਗਦਾ ਸੀ।

## ਹੁਗਲੀ ਦੇ ਫਾਦਰ ਮੈਨਰੀਕ ਦੀ ਲਾਹੌਰ ਯਾਤਰਾ

ਠੀਕ ਇਸ ਸਮੇਂ ਫਾਦਰ ਮੈਨਰੀਕ, ਪੁਰਤਗੀ ਪਾਦਰੀ ਲਾਹੌਰ ਆਇਆ। ਉਸ ਨੇ ਸੰਨ ੧੬੫੨ ਵਿਚ ਆਪਣੀ ਯਾਤਰਾ ਦੇ ਹਾਲ ਰੋਮ ਵਿਚ ਪ੍ਰਕਾਸ਼ਤ ਕਰਾਏ ਸਨ ਜਿਸ ਵਿਚ ਉਹਨੇ ਮੁਗਲ ਦਰਬਾਰ ਦੇ ਸਵਿਸਥਾਰ ਹਾਲ ਲਿਖੇ ਹਨ ਤੇ ਇਹ ਵੀ ਲਿਖਿਆ ਹੈ ਕਿ ਉਦੋਂ ਲੋਕਾਂ ਦੀ ਰਹਿਣੀ ਬਹਿਣੀ ਕਿਹੋ ਜਿਹੀ ਸੀ। ਜੈਸੂਅਸਟ ਪਾਦਰੀ ਫਾਦਰ ਜੋਜ਼ਫ ਡਾਕਾਸਟਰੋ ਦੀ ਸਫਾਰਸ਼ ਨਾਲ ਉਸ ਨੂੰ ਪ੍ਰਧਾਨ ਮੰਤਰੀ ਆਸਫ ਖਾਂ ਨਾਲ ਮੁਲਾਕਾਤ ਦੀ ਆਗਿਆ ਮਿਲ ਗਈ। ਇਹ ਮੁਲਾਕਾਤ ਲਾਹੌਰ ਵਿਚ ਉਸ ਦੇ ਸ਼ਾਨਦਾਰ ਮਹਲ ਵਿਚ ਹੋਈ। ਉਹ ਲਿਖਦਾ ਹੈ ਇਹ ਮਹਲ ਸ਼ਾਨਦਾਰ ਢੰਗ ਨਾਲ ਤੇ ਚਿਤਰਾਂ ਨਾਲ ਸਜਿਆ ਹੋਇਆ ਸੀ।

## ਲਾਹੌਰ ਦੇ ਮਹਲ ਵਿਚ ਵਜ਼ੀਰ ਆਜ਼ਮ ਵਲੋਂ ਉਸ ਨੂੰ ਦਾਅਵਤ

ਵਜ਼ੀਰ ਆਜ਼ਮ ਨੇ ਇਸਾਈ ਪਾਦਰੀ ਦਾ ਬੜਾ ਸਤਕਾਰ ਕੀਤਾ ਅਤੇ ਉਸ ਨੂੰ ਸ਼ਾਨਦਾਰ ਦਾਅਵਤ ਦਿਤੀ। ਇਸ ਦਾਵਤ ਵਿਚ ਇਸਾਈ ਪਾਦਰੀ ਤੇ ਵਜ਼ੀਰ ਆਜ਼ਮ ਨੇ ਮਿਲ ਕੇ ਖਾਣਾ ਖਾਧਾ। ਇਸ ਅਵਸਰ ਉਤੇ ਸ਼ਹਿਨਸ਼ਾਹ ਅਤੇ ਸ਼ਾਹੀ ਮਹਲ ਦੀਆਂ ਕੁਛ ਬੇਗਮਾਂ ਵੀ ਹਾਜ਼ਰ ਸਨ। ਦਾਅਵਤ ਬੇਹਦ ਸ਼ਾਨਦਾਰ ਸੀ ਤੇ ਇਸ ਵਿਚ ਹਰਮ ਦੀਆਂ ਕਈ ਬੇਗਮਾਂ ਸ਼ਰੀਕ ਸਨ ਜੋ ਉਥੇ ਬਿਨਾ ਬੁਰਕੇ ਦੇ ਆਈਆਂ ਸਨ। ਵਜ਼ੀਰ ਆਜ਼ਮ ਨੇ ਪਾਦਰੀ ਨੂੰ ਈਰਾਨੀ ਤਰਬੂਜ਼ ਅਤੇ ਰੁਪਇਆਂ ਦੀ ਥੈਲੀ ਸੁਗਾਤ ਵਜੋਂ ਪੇਸ਼ ਕੀਤੀ। ਇਸ ਦੇ ਮਗਰੋਂ ਇਕ ਸ਼ਾਹੀ ਐਲਾਨ ਪਰਕਾਸ਼ਤ ਕੀਤਾ ਗਿਆ ਜਿਸ ਵਿਚ ਈਸਾਈਆਂ ਦੇ ਕੁਝ ਉਹ ਪੂਜਾ ਅਸਥਾਨ ਮੁੜ ਬਹਾਲ ਕੀਤੇ ਗਏ ਜੋ ਪਿਛੇ ਜਿਹੇ ਬਰਬਾਦ ਕੀਤੇ ਗਏ ਸਨ। ਇਸ ਤੋਂ ਛੁਟ ਹੁਗਲੀ ਦੇ ਪਾਦਰੀ ਫਾਦਰ ਐਨਟੋਨੀਓ ਡਾ ਕਰਿਸਟੋ ਦੀ ਰਿਹਾਈ ਵੀ ਵਰਤੋਂ ਵਿਚ ਲਿਆਂਦੀ ਗਈ ਜੋ ਹੁਣ ਤੀਕ ਕੈਦ‡ ਵਿਚ ਸੀ।

## ਵਜ਼ੀਰ ਆਸਿਫ ਅਲੀ ਖਾਨ ਦੀ ਮੌਤ ੧੬੪੧

੧੦ ਨਵੰਬਰ ੧੬੪੧ (੧੭ ਸ਼ਬਾਨ ੧੦੫੧ ਹਿਜਰੀ) ਆਸਿਫ ਖਾਂ† ੭੨ ਸਾਲ ਦੀ ਉਮਰ ਵਿਚ ਲਾਹੌਰ ਵਿਚ ਚਲਾਣਾ ਕਰ ਗਿਆ। ਇਸਦੇ ੪ ਸਾਲ ਮਗਰੋਂ ਠੀਕ ਏਸੇ ਉਮਰ ਵਿਚ ਉਸ ਦੀ ਨਾਮਵਰ ਭੈਣ ਨੂਰ ਜਹਾਨ ਨੇ ਵੀ ਓਸੇ ਅਸਥਾਨ ਤੇ ਚਲਾਣਾ ਕੀਤਾ ਅਤੇ ਉਸ ਨੂੰ ਜਹਾਂਗੀਰ ਦੇ ਮਕਬਰ ਦੇ ਉਤ੍ਰ ਵਾਲੇ ਪਾਸੇ ਦਫ਼ਨਾਇਆ ਗਿਆ। ਆਸਫ ਅਲੀ ਖਾਨ ਸ਼ਾਹਜਹਾਨ ਦੀ ਚਾਹਤੀ ਬੇਗਮ ਮਮਤਾਜ਼ ਮਹਲ ਦਾ ਪਿਤਾ ਸੀ ਅਤੇ ਬਾਦਸ਼ਾਹ ਨੇ ਉਸ ਨੂੰ ਯਮੀਨ ਉਦ ਦੌਲਾ ਖਾਨਿ ਖਾਨਾਂ ਸਿਪਾਹ ਸਾਲਾਰ ਦਾ ਖਿਤਾਬ ਦੇ ਰਖਿਆ ਸੀ। ਉਹ ੯ ਹਜ਼ਾਰੀ ਕਮਾਂਡਰ ਸੀ। ਲਾਹੌਰ ਵਿਚ ਸ਼ਾਨਦਾਰ ਮਹਲ (ਜਿਥੇ ਉਸ ਨੇ ਜੈਸੂ ਆਫ ਫਾਦਰ ਮੈਨਰੀਕ ਨਾਲ ਮੁਲਾਕਾਤ ਕੀ) ਤੋਂ ਛੁਟ ਉਹ ਆਪਣੇ ਪਿਛੇ ਬਹੁਤ ਸਾਰੀ ਜਾਇਦਾਦ† ਵੀ ਛਡ ਗਿਆ ਸੀ।

‡ ਵੇਖੋ ਕੀਨ (Keene)

†ਆਸਿਫ ਖਾਂ ਦਾ ਅਸਲ ਨਾਮ ਮਿਰਜ਼ਾ ਅਬੁਲ ਹਸਨ ਸੀ। ਬਤੌਰ ਨੌ ਹਜ਼ਾਰੀ ਦੇ ਉਸ ਨੂੰ ੧੬ ਕਰੋੜ ੩੦ ਲਖ ਦਿਰਮ ਅਰਥਾਤ ੪੦ ਲਖ ਰੁਪਏ ਤਨਖਾਹ ਮਿਲਦੀ

(ਬਾਕੀ ਦੇਖੋ ਅਗਲਾ ਕਾਲਮ)

## ਬਲਖ਼ ਉਤੇ ਹਮਲਾ ੧੬੪੪

ਸੰਨ ੧੬੪੪ ਵਿਚ ਅਲੀ ਮਰਦਾਨ ਖਾਨ ਮੁਗਲ ਫੌਜਾਂ ਲੈ ਕੇ ਬਲਖ ਅਤੇ ਬਦਖਸ਼ਾਂ ਵਲ ਵਧਿਆ ਅਤੇ ਦੂਰ ਨੇੜੇ ਦਾ ਸਾਰਾ ਮੁਲਕ ਲੁਟ ਪੁਟ ਲਿਆ। ਅੰਤ ਸਰਦੀ ਦੀ ਰੁਤ ਦੇ ਕੜਾਕੇ ਨੇ ਉਸ ਨੂੰ ਵਾਪਸੀ ਲਈ ਮਜਬੂਰ ਕਰ ਦਿਤਾ। ਰਾਜਾ ਮਾਨ ਸਿੰਘ ਦੇ ਸਪੁਤਰ ਜਗਤ ਸਿੰਘ ਦੀ ਕਮਾਨ ਹੇਠ ੧੪ ਹਜ਼ਾਰ ਰਾਜਪੂਤ ਸੈਨਾ ਉਸ ਦੀ ਕੁਮਕ ਲਈ ਰਵਾਨਾ ਕੀਤੀ ਗਈ ਅਤੇ ਇਹ ਗਲ ਬੜੀ ਸੁਵਾਦਲੀ ਹੈ ਕਿ ਕਿਵੇਂ ਇਹਨਾਂ ਸੂਰਬੀਰ ਹਿੰਦੂ ਜੋਧਿਆਂ ਨੇ ਕਟੜਦਾਰ ਮੁਸਲਮਾਨ ਹਕੂਮਤ ਨਾਲ ਹਮਦਰਦੀ ਵਜੋਂ ਅਤੇ ਆਪਣੇ ਸਾਰੇ ਤਅਸਬ ਇਕ ਪਾਸੇ ਰਖ ਕੇ ਅਤੇ ਕਠਨ ਬਰਫਾਨੀ ਪਹਾੜੀ ਲਾਂਘਿਆਂ ਉਤੇ ਹਲੇ ਬੋਲੇ। ਆਰਜ਼ੀ ਕਿਲਾਬੰਦੀ ਨੂੰ ਬਣਾਉਣ ਲਈ ਖੁਦ ਰਾਜਾ ਆਪ ਦੂਜੇ ਰਾਜਪੂਤ ਸਿਪਾਹੀਆਂ ਵਾਂਗ ਕੁਹਾੜਾ ਤੇ ਕਹੀ ਚਲਾਉਂਦਾ ਅਤੇ ਉਹਨਾਂ ਬਰਫਾਨੀ ਇਲਾਕਿਆਂ ਦੇ ਖੌਫਨਾਕ ਉਜ਼ਬਕ ਵਿਰੁਧ ਆਪਣੇ ਦਲੇਰ ਸਿਪਾਹੀਆਂ ਨੂੰ ਦਰਿਆਮਗੀ ਭਰਪੂਰ ਕਾਰਨਾਮੇ ਕਰਨ ਲਈ ਹਲ ਸ਼ੇਰੀ ਦੇਂਦਾ ਰਿਹਾ। ਇਸ ਦੂਰ ਦੁਰਾਡੀ ਮੁਹਿੰਮ ਸਮੇਂ ਇਹਨਾਂ ਪੁਰਾਤਨ ਫੌਜੀ ਨਸਲ ਦੇ ਜੋਧਿਆਂ ਨੇ ਜੋ ਸੂਰਬੀਰਤਾ ਵਖਾਈ ਉਸ ਦੀ ਮਿਸਾਲ ਨਹੀਂ ਮਿਲਦੀ। ਪੌਣ ਪਾਣੀ ਦੀ ਕਰੜਾਈ ਦੇ ਬਾਵਜੂਦ ਕਈ ਸ਼ਾਨਦਾਰ ਜਿੱਤਾਂ ਇਹਨਾਂ ਨੇ ਪ੍ਰਾਪਤ ਕੀਤੀਆਂ। ਆਪਣੇ ਵਰਿਆਮ ਜਰਨੈਲਾਂ ਦੀ ਸਹਾਇਤਾ ਲਈ ਸ਼ਾਹਨਸ਼ਾਹ ਆਪ ਕਾਬਲ ਵਲ ਰਵਾਨਾ ਹੋਇਆ ਪਰ ਇਹੋ ਜਿਹੀਆਂ ਦੂਰ ਦੁਰਾਡੀਆਂ ਵਿਅੱਰਥ ਦੀਆਂ ਮੁਹਿੰਮਾਂ ਵਿਚ ਜਾਨ ਤੇ ਮਾਲ ਦਾ ਬੇਦਰੇਗ ਖਪਤ ਨੂੰ ਅਨੁਭਵ ਕਰ ਕੇ ਉਸ ਨੇ ਇਹ ਸੂਬਾ ਨਜ਼ਰ ਮੁਹੰਮਦ ਦੇ ਸਪੁਰਦ ਕਰ ਦਿਤਾ ਜਿਸ ਦੇ ਕਹਿਣ ਉਤੇ ਉਸ ਨੇ ਇਹ ਮੁਹਿੰਮਾਂ ਸ਼ੁਰੂ ਕੀਤੀਆਂ ਸਨ।

## ਔਰੰਗਜ਼ੇਬ ਦੀ ਹਾਨੀਕਾਰਕ ਪਸਪਾਈ

ਬਲਖ ਤੋਂ ਕਾਬਲ ਵਲ ਔਰੰਗਜ਼ੇਬ ਦੀ ਪਸਪਾਈ (ਭਾਜੜ) ਬੜੀ ਹੀ ਤਬਾਹੀ ਵਾਲੀ ਸਾਬਤ ਹੋਈ। ਹਿੰਦੀ ਫੌਜ ਦਾ ਬਹੁਤ ਵਡਾ ਭਾਗ ਬਰਫ ਵਿਚ ਤਬਾਹ ਤੇ ਬਰਬਾਦ ਹੋ ਗਿਆ।

## ਹਿੰਦੀ ਰਾਜ ਨਾਲੋਂ ਕੰਧਾਰ ਦੀ ਅਲਹਿਦਗੀ ੧੬੪੯

ਸੰਨ ੧੬੪੯ ਈ: ਦੇ ਅੰਤ ਵਿਚ ਥੋੜੀ ਮਹੀਨੇ ਦੇ ਘੇਰੇ ਮਗਰੋਂ ਈਰਾਨੀਆਂ ਨੇ ਕੰਧਾਰ ਉਤੇ ਮੁੜ ਕਬਜ਼ਾ ਕਰ ਲਿਆ। ਔਰੰਗਜ਼ੇਬ ਅਤੇ ਵਜ਼ੀਰ ਅਲਾਮੀ ਸਾਅਦੁਲਾ ਹਮਲਾ ਆਵਰਾਂ ਨੂੰ ਭਜੌਣ ਲਈ ਛੇਤੀ ਨਾਲ ਪੰਜਾਬ ਵਿਚੋਂ ਰਵਾਨਾ ਹੋਏ ਪਰ ਦੇਰ ਨਾਲ ਪੁਜਣ ਕਰਕੇ ਉਹ ਸ਼ਹਿਰ ਨੂੰ ਵੈਰੀ ਦੇ ਹਥ ਨ ਬਚਾ ਸਕੇ। ਇਸ ਦੇਰੀ ਦਾ ਕਾਰਨ ਇਹ ਸੀ ਕਿ ਮੌਸਮ ਬੜਾ ਕਰੜਾ ਸੀ ਅਤੇ ਪਰਬਤ ਲਾਂਘੇ ਸਭ ਬਰਫ ਨਾਲ

**ਪਿਛਲੇ ਕਾਲਮ ਦੀ ਬਾਕੀ**

ਸੀ। ਤਨਖਾਹ ਤੋਂ ਛੁਟ ਉਸ ਨੂੰ ਜਾਗੀਰਾਂ ਮਿਲੀਆਂ ਹੋਈਆਂ ਸਨ ਜਿਨ੍ਹਾਂ ਦੀ ਆਮਦਨ ੫੦ ਲਖ ਰੁਪਏ ਸੀ। ਉਸ ਦੀ ਮੌਤ ਉਤੇ ਉਸ ਦੀ ਜਾਇਦਾਦ ਦਾ ਅੰਦਾਜ਼ਾ ਦੋ ਕਰੋੜ ੫੨ ਲਖ ਰੁਪਏ ਲਾਇਆ ਗਿਆ ਜਿਸ ਵਿਚ ੩੦ ਲਖ ਦੇ ਹੀਰੇ ਜਵਾਹਰ ਤੇ ਸੋਨੇ ਦੀਆਂ ਮੁਹਰਾਂ ੪੨ ਲਖ ਦੀਆਂ, ਚਾਂਦੀ ੨੫ ਲਖ ਦੀ, ਚਾਂਦੀ ਦੇ ਬਰਤਨ ੩੦ ਲਖ ਦੇ ਅਤੇ ਹੋਰ ਜਾਇਦਾਦ ੨੫ ਲਖ ਦੀ ਸੀ। ਲਾਹੌਰ ਵਿਚ ਉਸ ਦਾ ਮਹਲ ਜੋ ੨੫ ਲਖ ਦੀ ਲਾਗਤ ਨਾਲ ਉਸਾਰਿਆ ਗਿਆ ਸੀ। ਸ਼ਹਜ਼ਾਦਾ ਦਾਰਾ ਸ਼ਿਕੋਹ ਨੂੰ ਦਿਤਾ ਗਿਆ। ੨੦ ਲਖ ਰੁਪਿਆ ਉਸ ਦੀ ਮੌਤ ਉਤੇ ਉਹਦੇ ਤਿੰਨਾਂ ਪੁਤਰਾਂ ਤੇ ਪੰਜ ਪੁਤਰੀਆਂ ਵਿਚਾਲੇ ਵੰਡਿਆ ਗਿਆ। ਬਾਕੀ ਦੀ ਜਾਇਦਾਦ ਬਹਕ ਸਰਕਾਰ ਜ਼ਬਤ ਹੋ ਗਈ।—ਬਲੋਚ ਮੈਨ ਦੀ ਆਇਨਿ ਅਕਬਰੀ।

ਵਿਚ ਚਲਾ ਆਇਆ ਅਤੇ ਏਥੇ ਆ ਕੇ ਉਸ ਨੇ ਬਹੁਤ ਸਾਰਾ ਧਨ ਕਮਾਇਆ । ਆਪਣੀ ਕਾਰੀਗਰੀ ਤੇ ਹਥ ਦੀ ਸਫਾਈ ਦਾ ਸਦਕਾ ਉਹ ਬਾਦਸ਼ਾਹ ਦੀਆਂ ਨਜ਼ਰਾਂ ਵਿਚ ਜਚ ਕੇ ਬਾਦਸ਼ਾਹ ਦੀ ਕਿਰਪਾ ਦਾ ਪਾਤਰ ਬਣ ਗਿਆ। ਟਰਨੀਅਰ ਨਾਮੀ ਇਕ ਫਰਾਂਸੀਸੀ ਪੇਸ਼ਾਵਰ ਜੌਹਰੀ ਨੇ ਆਪ ਇਸ ਤਖਤ ਤਾਊਸ ਨੂੰ ਡਿਠਾ ਸੀ। ਉਸ ਨੇ ਇਸੇ ਦੀ ਕੀਮਤ ੬੦ ਲਖ ਪੌਂਡ ਪਾਈ ਸੀ। ਮਹਾ ਮੁਗਲ ਦੇ ਦਰਬਾਰ ਦਾ ਇਹ ਚਮਕਦਾਰ ਜ਼ੇਵਰ ਪਿਛੋਂ ਈਰਾਨੀ ਵਿਜਈ ਨਾਦਰ ਸ਼ਾਹ ਦੇ ਟੇਟੇ ਚੜ੍ਹ ਗਿਆ ਜੋ ਇਸ ਨੂੰ ਈਰਾਨ ਲੈ ਗਿਆ।

## ਜਾਮਿਆ ਮਸੀਤ ਦੀ ਉਸਾਰੀ ੧੬੫੯

ਸੰਨ ੧੬੫੯ ਈਸਵੀ ਵਿਚ ਆਪਣੇ ਰਾਜ ਦੇ ਅੰਤਮ ਸਾਲ ਵਿਚ ਸ਼ਾਹਜਹਾਨ ਨੇ ਦਿਲੀ ਦੀ ਸਭ ਤੋਂ ਵਡੀ ਉਹ ਜਾਮਾ ਮਸੀਤ ਬਣਾਈ ਜੋ ਕਿ ਪੂਰਬ ਵਿਚ ਸਭ ਤੋਂ ਵਧੀਕ ਸੁੰਦਰ ਮਸੀਤ ਮੰਨੀ ਜਾਂਦੀ ਹੈ। ਇਹ ਇਕ ਟਿਲੇ ਉਪਰ ਖੜੀ ਬੜੀ ਸ਼ਾਨ ਨਾਲ ਸ਼ਹਿਰ ਨੂੰ ਤਕ ਰਹੀ ਹੈ। ਇਸ ਦਾ ਮੁਰੱਬਾ (ਚੌਕੂਰ) ਪਲੇਟ ਫਾਰਮ ੪੫੦ ਫੁਟ ਹੈ ਜਿਸ ਉਪਰ ਪੌੜੀਆਂ ਰਾਹੀਂ ਚੜ੍ਹ ਸਕੀਦਾ ਹੈ। ਇਸ ਦੇ ਇਰਦ ਗਿਰਦ ਖੁਲ੍ਹੇ ਮਿਹਰਾਬ ਦਾਰ ਮਾਰਗ ਹਨ। ਇਸ ਦੇ ਤਿੰਨ ਗੁੰਬਜ਼ ਖਾਲਸ ਸੰਗ ਮਰਮਰ ਦੇ ਬਣੇ ਹੋਏ ਹਨ ਅਤੇ ਇਸ ਦੇ ਦੋ ਮੁਨਾਰੇ ੧੩੮ ਫੁਟ ਉਚੇ ਹਨ। ਇਸੇ ਮਸੀਤ ਨੂੰ ਬਣਾਉਣ ਲਈ ੫੦੦੦ ਕਾਰੀਗਰ ੬ ਸਾਲ ਤੀਕ ਲਗੇ ਰਹੇ। ਇਸ ਦੇ ਖਰਚ ਦਾ ਅੰਦਾਜ਼ਾ ਇਕ ਲਖ ਪੌਂਡ ਲਾਇਆ ਗਿਆ ਸੀ।

## ਤਾਜ ਮਹੱਲ

ਸ਼ਾਹ ਜਹਾਨ ਦੇ ਸ਼ਿਲਪਕਾਰੀ ਦੇ ਕੰਮਾਂ ਵਿਚੋਂ ਸਭ ਤੋਂ ਵਧੀਆ ਉਸਾਰੀ ਆਗਰੇ ਵਿਚ ਉਸਦੀ ਮਲਕਾ ਦਾ ਪ੍ਰਸਿਧ ਰੌਜ਼ਾ ਸ਼ਾਹ ਦੀ ਪਿਆਰੀ ਮਲਕਾ ਮੁਮਤਾਜ਼ ਮਹਲ ਦੀ ਯਾਦ ਵਿਚ ਉਸਾਰਿਆ ਗਿਆ ਸੀ। ਮਲਕਾ ਦੀ ਮੌਤ ਸੰਨ ੧੬੨੯ ਵਿਚ ਉਦੋਂ ਹੋਈ ਜਦੋਂ ਉਹਦੇ ਘਰ ਅਠਵੇਂ ਬਾਲ ਨੇ ਬੁਰਹਾਨ ਪੁਰ ਵਿਚ ਜਨਮ ਲਿਆ ਉਥੇ ਉਹ ਆਪਣੇ ਬਾਦਸ਼ਾਹ ਪਤੀ ਨਾਲ ਗਈ ਸੀ ਜੋ ਕਿ ਉਦੋਂ ਖਾਨ ਜਹਾਨ ਲੋਧੀ ਵਿਰੁਧ ਦਖਣ ਦੀ ਮੁਹਿੰਮ ਵਿਚ ਰੁਝਾ ਹੋਇਆ ਸੀ। ਇੰਗਲੈਂਡ ਦੇ ਬਾਦਸ਼ਾਹ ਐਡਵਰਡ ਪਹਿਲੇ ਵਾਂਗ ਸ਼ਹਿਨਸ਼ਾਹ ਨੇ ਆਪਣੀ ਬੇਗਮ ਦਾ ਮ੍ਰਿਤਕ ਸਰੀਰ ਆਪਣੀ ਰਾਜਧਾਨੀ ਵਿਚ ਲਿਆਂਦਾ ਅਤੇ ਉਸ ਨੂੰ ਬਾਗ ਵਿਚ ਉਸ ਅਸਥਾਨ ਉਤੇ ਰਖਿਆ ਤੇ ਅਜ ਦੀ ਜਾਮਾ ਮਸੀਤ ਦੇ ਪਾਸ ਕਾਇਮ ਹੈ। ਉਸਦੀ ਲਾਸ਼ ਏਥੇ ੧੮ ਸਾਲ ਤੀਕ ਦਫਨ ਰਹੀ ਕਿਉਂਕਿ ਉਹ ਸ਼ਾਨਦਾਰ ਇਮਾਰਤ ਜਿਥੇ ਉਹਨੂੰ ਰਖਿਆ ਜਾਣਾ ਸੀ ਅਜੇ ਉਸਾਰੀ ਜਾ ਰਹੀ ਸੀ। ਇਹ ਰੌਜ਼ਾ ਇਕ ਉਚੇ ਥੜੇ ਉਤੇ ਖੜਾ ਹੈ। ਇਹ ਚਿਟੇ ਸੰਗ ਮਰਮਰ ਦਾ ਬਣਿਆ ਹੋਇਆ ਹੈ ਤੇ ਇਸ ਵਿਚ ਕੀਮਤੀ ਪਥਰ ਜੜੇ ਹੋਏ ਹਨ। ਇਸ ਦਾ ਬੜਾ ਵਡਾ ਅਤੇ ਉੱਚਾ ਗੁੰਬਦ ਚਿਟੇ ਸੰਗ ਮਰਮਰ ਦੇ ਬਹੁਤ ਸਾਰੇ ਮਹਿਰਾਬਾਂ ਨਾਲ ਘਿਰਿਆ ਹੋਇਆ ਹੈ। ਇਹ ਸਾਰੀ ਇਮਾਰਤ ਚਾਰ ਗੋਲ ਡਾਟਾਂ ਉਤੇ ਖੜੀ ਹੈ। ਇਸ ਦੇ ਸਰਿਆਂ ਵਿਚ ਅਰਬੀ ਦੇ ਹਰਫਾਂ ਵਿਚ ਕਾਲੇ ਪਥਰ ਨਾਲ ਲਿਖਤ ਲਿਖੀ ਹੋਈ ਹੈ। ਟਰੈਵਲਨੀਅਰ ਨੇ ਇਸ ਸ਼ਾਨਦਾਰ ਇਮਾਰਤ ਦਾ ਆਰੰਭ ਤੇ ਅੰਤ ਆਪਣੀਆਂ ਅੱਖਾਂ ਨਾਲ ਡਿਠਾ ਸੀ। ਉਹ ਲਿਖਦਾ ਹੈ ਕਿ ਇਸ ਇਮਾਰਤ ਨੂੰ ਸਿਰ ਚਾੜ੍ਹਨ ਲਈ ੨੦ ਹਜ਼ਾਰ ਕਾਰੀਗਰ ਬਾਈ ਸਾਲ ਤੀਕ ਰੋਜ਼ਾਨਾ ਕੰਮ ਕਰਦੇ ਰਹੇ। ਏਸ ਤੋਂ ਇਸ ਦੀ ਕਦਰ ਤੇ ਕੀਮਤ ਦਾ ਅੰਦਾਜ਼ਾ ਸਹਿਜੇ ਹੀ ਲਗ ਸਕਦਾ ਹੈ। ਕਿਹਾ ਜਾਂਦਾ ਹੈ ਇਸ ਇਮਾਰਤ ਉਤੇ ਸਤ ਲਖ ਪੰਜਾਹ ਹਜ਼ਾਰ ਪੌਂਡ ਖਰਚ ਆਏ ਸਨ ਏਸੇ ਲਿਖਾਰੀ ਦੇ ਕਥਨ ਅਨੁਸਾਰ ਸ਼ਹਿਨਸ਼ਾਹ ਨੇ ਆਪਣਾ ਰੌਜ਼ਾ ਦਰਿਆ ਦੇ ਦੂਜੇ ਪਾਸੇ ਉਸਾਰਨਾ ਸ਼ੁਰੂ ਕੀਤਾ। ਉਸਦਾ ਇਰਾਦਾ ਸੀ ਕਿ ਦੋਵਾਂ ਰੌਜ਼ਿਆਂ ਨੂੰ ਇਕ ਸ਼ਾਨਦਾਰ ਪੁਲ ਰਾਹੀਂ ਮਿਲਾਇਆ ਜਾਏ ਪਰ ਆਪਣੇ ਬੇਟੇ ਔਰੰਗਜ਼ੇਬ ਨਾਲ ਜੰਗ ਛਿੜ ਪੈਣ ਅਤੇ ਉਸਦੇ ਕੈਦ ਵਿਚ ਪੈ ਜਾਣ ਨਾਲ ਉਸਦੀਆਂ ਮਨ ਦੀਆਂ ਸੱਧਰਾਂ ਮਨ ਵਿਚ ਹੀ ਰਹਿ ਗਈਆਂ। ਜਿਸ ਸਮੇਂ ਉਸ ਦੀ ਮੌਤ ਹੋਈ ਉਸ ਦਾ ਮ੍ਰਿਤਕ ਸਰੀਰ ਉਸ ਦੀ ਪਿਆਰੀ ਬੇਗਮ ਦੇ ਪਾਸ ਹੀ ਦਫਨਾ ਦਿਤਾ ਗਿਆ।

## ਸ਼ਹਿਨਸ਼ਾਹ ਦਾ ਕਸ਼ਮੀਰ ਵਲ ਕੂਚ ੧੬੩੩

ਸੰਨ ੧੬੩੩ ਈਸਵੀ ਵਿਚ ਸ਼ਾਹ ਜਹਾਨ ਲਾਹੌਰ ਦੇ ਰਸਤੇ ਕਸ਼ਮੀਰ ਵਲ ਰਵਾਨਾ ਹੋਇਆ ਜਿਥੇ ਉਹ ਗਰਮੀ ਦਾ ਸਾਰਾ ਮੌਸਮ ਰਿਹਾ। ਸ਼ਾਹੀ ਕੂਚ ਦੇ ਕਾਰਨ ਰਸਤੇ ਵਿਚ ਫਸਲਾਂ ਦਾ ਜੋ ਨੁਕਸਾਨ ਹੋਇਆ ਉਹ ਸਰਕਾਰੀ ਖਜ਼ਾਨੇ ਵਿਚੋਂ ਲੋਕਾਂ ਨੂੰ ਦਿਤਾ ਗਿਆ।

## ਕੰਧਾਰ ਦੀ ਵਾਪਸੀ ੧੬੩੯

ਸੰਨ ੧੬੩੯ ਈਸਵੀ ਵਿਚ ਕੰਧਾਰ ਦਾ ਕਬਜ਼ਾ ਗਵਰਨਰ ਅਲੀ ਮਰਦਾਨ ਖਾਂ ਨੇ ਸ਼ਹਿਨਸ਼ਾਹ ਨੂੰ ਦੇ ਦਿਤਾ ਕਿਉਂਕਿ ਉਸ ਨੇ ਆਪਣੇ ਈਰਾਨੀ ਮਾਲਕ ਸ਼ਾਹ ਸਾਫੀ ਦੇ ਜ਼ੁਲਮਾਂ ਵਿਰੁਧ ਬਗਾਵਤ ਕਰ ਦਿਤੀ ਸੀ। ਉਸ ਨੇ ਇਹ ਸ਼ਹਿਰ ਸ਼ਾਹਜਹਾਨ ਦੇ ਹਵਾਲੇ ਕਰ ਦਿਤਾ ਅਤੇ ਲਾਹੌਰ ਦੇ ਸ਼ਾਹੀ ਦਰਬਾਰ ਵਿਚ ਆ ਸ਼ਾਮਲ ਹੋਇਆ। ਜਿਥੇ ਸ਼ਹਿਨਸ਼ਾਹ ਨੇ ਉਸ ਦਾ ਬੜਾ ਸੁਆਗਤ ਕੀਤਾ। ਇਸ ਸ਼ਹਿਰ ਨੂੰ ਸਭ ਤੋਂ ਪਹਿਲੇ ਬਾਬਰ ਨੇ ਫਤਹ ਕੀਤਾ ਸੀ ਅਤੇ ਉਦੋਂ ਤੋਂ ਹੀ ਇਹ ਮੁਗਲ ਬਾਦਸ਼ਾਹਾਂ ਦੇ ਕਬਜ਼ੇ ਵਿਚ ਚਲਾ ਆ ਰਿਹਾ ਸੀ। ਇਸ ਤੋਂ ਪਹਿਲੇ ਇਹ ਸ਼ਹਿਰ ਜਹਾਂਗੀਰ ਦੇ ਰਾਜ ਦੇ ੧੭ਵੇਂ ਸਾਲ ਤੀਕ ਈਰਾਨੀ ਕਬਜ਼ੇ ਵਿਚ ਰਹਿ ਕੇ ਜਹਾਂਗੀਰ ਦੇ ਅਧਿਕਾਰ ਵਿਚ ਆਇਆ।

## ਅਲੀ ਮਰਦਾਨ ਖਾਂ ਲਾਹੌਰ ਵਿਚ ਸ਼ਹਿਨਸ਼ਾਹ ਨਾਲ ਆਣ ਮਿਲਿਆ ੧੬੩੭

ਅਲੀ ਮਰਦਾਨ ਖਾਂ ਬੜਾ ਸੂਝਵਾਨ ਅਤੇ ਸਰਗਰਮ ਤੇ ਜੋਸ਼ੀਲਾ ਜਵਾਨ ਸੀ। ਨਵੇਂ ਬਾਦਸ਼ਾਹ ਦੇ ਮਾਤਹਿਤ ਉਸ ਨੇ ਕਈ ਕਾਰਨਾਮੇ ਕਰ ਕੇ ਬੜਾ ਜਸ ਖਟਿਆ ਜਿਸ ਤੇ ਬਾਦਸ਼ਾਹ ਨੇ ਉਸ ਨੂੰ ਅਮੀਰ-ਉਲ ਉਮਰਾ ਅਰਥਾਤ ਵੱਡਾ ਦਰਬਾਰੀ ਥਾਪ ਕੇ ਉਸ ਦੇ ਸਪੁਰਦ ਸਿੰਧ ਤੋਂ ਪਾਰਲੀ ਵਸ਼ੇਸ਼ ਫੌਜੀ ਕਮਾਨ ਕਰ ਦਿਤੀ। ਲੋਕ ਭਲਾਈ ਦੇ ਕੰਮਾਂ ਵਿਚ ਉਸ ਦੀ ਹੁਨਰਮੰਦੀ ਤੇ ਇਨਸਾਫ ਭਰੀ ਕਾਰਰਵਾਈ ਪ੍ਰਸਿਧ ਸੀ ਜਿਸ ਦਾ ਸਬੂਤ ਦਿਲੀ ਦੀ ਉਹ ਨਹਿਰ ਹੈ ਜੋ ਉਸ ਦੇ ਨਾਮ ਨਾਲ ਪ੍ਰਸਿਧ ਹੈ। ਇਸ ਤੋਂ ਜਾਪਦਾ ਹੈ ਕਿ ਉਸ ਨੂੰ ਸ਼ਾਨਦਾਰ ਕੰਮਾਂ ਦਾ ਬੜਾ ਸ਼ੌਕ ਸੀ ਅਤੇ ਲੋਕ ਤਿਉਹਾਰਾਂ ਅਤੇ ਨੁਮਾਇਸ਼ਾਂ ਸਮੇਂ ਉਸ ਦੀ ਸੂਝ ਤੇ ਅਕਲਮੰਦੀ ਦੀ ਹਰ ਪਾਸਿਉਂ ਪ੍ਰਸੰਸਾ ਹੁੰਦੀ ਸੀ।

## ਅਲੀ ਮਰਦਾਨ ਲਾਹੌਰ ਦਾ ਵਾਇਸਰਾਏ ੧੬੩੯ ਈ:

ਸੰਨ ੧੬੩੯ ਵਿਚ ਅਲੀ ਮਰਦਾਨ ਨੂੰ ਪੰਜਾਬ ਦਾ ਵਾਇਸਰਾਏ ਥਾਪਿਆ ਗਿਆ। ਇਸ ਖੁਸ਼ੀ ਵਿਚ ਉਸ ਨੇ ਇਕ ਨਹਿਰ ਬਣਵਾਈ ਜਿਸ ਰਾਹੀਂ ਦਰਿਆ ਰਾਵੀ ਦਾ ਪਾਣੀ ਲਾਹੌਰ ਲਿਆਂਦਾ ਗਿਆ। ਇਹ ਨਹਿਰ ਸ਼ਹਿਰ ਅਤੇ ਹਿਮਾਲਾ ਦੇ ਵਿਚਕਾਰਲੇ ਇਲਾਕੇ ਨੂੰ ਸਿੰਜਦੀ ਹੈ। ਇਸ ਦਾ ਦਰਬਾਰ ਗਰਮੀਆਂ ਨੂੰ ਕਸ਼ਮੀਰ ਵਿਚ ਤੇ

Sri Satguru Jagjit Singh Ji eLibrary NamdhariElibrary@gmail.com

ਵਿਦਵਾਨਾਂ ਨਾਲ ਆਪਣੇ ਧਰਮ ਦੇ ਮਸਲਿਆਂ ਉਤੇ ਵਿਚਾਰ ਕਰਦਾ। ਉਹ ਬਾਦਸ਼ਾਹ ਬਣਨ ਦੀ ਬਜਾਇ ਫਕੀਰ ਜਾਂ ਸੂਫੀ ਦੇ ਤੌਰ ਉਤੇ ਪ੍ਰਸਿਧਤਾ ਪ੍ਰਾਪਤ ਕਰਨ ਦਾ ਵਧੀਕ ਇਛਾਵੰਦ ਸੀ। ਉਸ ਦਾ ਅਧਿਕ ਸਮਾਂ ਨਿਮਾਜ਼ ਰੋਜ਼ਿਆ ਵਿਚ ਜਾਂ ਕੁਰਾਨ ਪੜ੍ਹਨ ਵਿਚ ਹੀ ਬਤੀਤ ਹੁੰਦਾ। ਉਹ ਇਹ ਜ਼ਾਹਰ ਕਰਨ ਦਾ ਵੀ ਜਤਨ ਕਰਦਾ ਕਿ ਉਹ ਦਸਾਂ ਨਹੁੰਆ ਦੀ ਕਮਾਈ ਨਾਲ ਆਪਣਾ ਗੁਜ਼ਾਰਾ ਕਰਦਾ ਹੈ। ਅਖੀਰ ਵਿਚ ਉਸ ਨੇ ਇਹ ਵੀ ਐਲਾਨ ਕਰ ਦਿਤਾ ਕਿ ਉਹਨੇ ਦੁਨੀਆ ਦਾ ਤਿਆਗ ਕਰ ਦਿਤੀ ਹੈ ਅਤੇ ਮਕੇ ਦੇ ਹਜ ਨੂੰ ਜਾਣ ਦਾ ਇਰਾਦਾ ਰਖਦਾ ਹੈ ਪਰ ਆਪਣੇ ਬਾਪ ਦੇ ਕਹੇ ਉਤੇ ਹਜ ਕਰਨੋਂ ਰੁਕ ਗਿਆ ਹੈ। ਉਸ ਦੇ ਬਾਪ ਨੂੰ ਕੀ ਪਤਾ ਕਿ ਉਸ ਦਾ ਉਹ ਮੱਕਾਰ ਬੇਟਾ ਹੀ ਪਿਛੋਂ ਇਕ ਖਤਰਨਾਕ ਵੈਰੀ ਸਾਬਤ ਹੋਵੇਗਾ। ਔਰੰਗਜ਼ੇਬ ਨੇ ਆਪਣੇ ਦਿਲੀ ਇਰਾਦਿਆਂ ਨੂੰ ਬੜੀ ਹੁਸ਼ਿਆਰੀ ਨਾਲ ਮਜ਼੍ਹਬ ਦੇ ਪਰਦੇ ਵਿਚ ਲੁਕਾਈ ਰਖਿਆ।

## ਮੁਰਾਦ

ਸ਼ਾਹਜਹਾਨ ਦਾ ਚੋਥਾ ਬੇਟਾ ਮੁਰਾਦ ਗੁਜਰਾਤ ਦਾ ਵਾਇਸਰਾਏ ਸੀ। ਉਹ ਬੜਾ ਹੰਕਾਰੀ ; ਸੂਰਬੀਰ ; ਸਖੀ ਅਤੇ ਪ੍ਰਤਾਪੀ ਸੀ। ਇਹ ਵੀ ਬਾਕੀ ਦੇ ਤਿੰਨਾਂ ਭਰਾਵਾਂ ਵਾਂਗ ਮਮਤਾਜ਼ ਮਹਲ ਦੇ ਪੇਟੋਂ ਸੀ।

## ਸ਼ਹਿਨਸ਼ਾਹ ਦੀਆਂ ਦੋ ਬੇਟੀਆਂ

ਇਹਨਾਂ ਤੋਂ ਛੁੱਟ ਸ਼ਹਿਨਸ਼ਾਹ ਦੀਆਂ ਦੋ ਸਪੁਤਰੀਆਂ ਸਨ ਤੇ ਦੋਵੇਂ ਹੀ ਕਵਾਰੀਆਂ। ਜਿਸ ਸਮੇਂ ਅਤਾਲਵੀ ਹਕੀਮ ਮਨੂਚੀ ਉਹ ਦੇ ਦਰਬਾਰ ਵਿਚ ਆਇਆ ਉਸ ਵੇਲੇ ਇਹ ਦੋਵੇਂ ਸਪੁਤਰੀਆਂ ਬਾਦਸ਼ਾਹ ਦੇ ਨਾਲ ਹੀ ਰਹਿੰਦੀਆਂ ਸਨ।

## ਜਹਾਨਆਰਾ

ਸਭ ਤੋਂ ਵੱਡੀ ਸਪੁਤਰੀ ਜਹਾਨਆਰਾ ਸੀ ਜੋ ਸ਼ਾਹ ਬਗਮ ਦੇ ਨਾਮ ਨਾਲ ਪ੍ਰਸਿਧ ਸੀ। ਉਹ ਤਨੋਂ ਮਨੋਂ ਹੋ ਕੇ ਸ਼ਹਿਨਸ਼ਾਹ ਦੀ ਸੇਵਾ ਵਿਚ ਜੁਟੀ ਰਹਿੰਦੀ। ਉਸ ਦੀ ਉਮਰ ੩੦ ਸਾਲ ਤੋਂ ਅਧਿਕ ਬਿਆਨ ਕੀਤੀ ਜਾਂਦੀ ਸੀ। ਉਹ ਸੁਹਪਣ ਤੇ ਸਲੀਕੇ ਵਾਲੀ ਵੀ ਸੀ। ਇਹ ਆਪਣੇ ਭਾਈ ਦਾਰਾ ਸ਼ਿਕੋਹ ਦੀ ਹਮਾਇਤੀ ਸੀ।

## ਰੌਸ਼ਨ ਆਰਾ

ਛੋਟੀ ਲੜਕੀ ਰੋਸ਼ਨਆਰਾ ਵੱਡੀ ਪੁਤ੍ਰੀ ਤੋਂ ਘਟ ਸੁੰਦਰ ਸੀ। ਉਸ ਨੂੰ ਹਰਮ ਦੇ ਸਾਰੇ ਭੇਦ ਮਲੂਮ ਸਨ। ਇਹ ਬੜੀ ਚਲਾਕ ਤੇ ਮੱਕਾਰ ਸੀ। ਇਹ ਸ਼ਾਹੀ ਮਹਲਾਂ ਦੇ ਸਾਰੇ ਭਦ ਔਰੰਗਜ਼ੇਬ ਨੂੰ ਦਸ ਦਿੰਦੀ ਸੀ ਤੇ ਔਰੰਗਜ਼ੇਬ ਲਈ ਬੜੀ ਲਾਭਵੰਦ ਸੀ।

## ਅਲਾਮੀ ਸਾਅਦੁਲਾ ਖਾਨ ਦੀ ਮੌਤ ੧੬੫੬

੯ ਅਪ੍ਰੈਲ ੧੬੫੬ ਈ: ਨੂੰ ਅਲਾਮੀ ਸਾਅਦੁਲਾ ਖਾਨ ਦੀ ਮੌਤ ਨਾਲ ਸ਼ਾਹ ਜਹਾਨ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ। ਹਰਮਨ ਪਿਆਰੇ ਅਕਬਰ ਦੇ ਸਮੇਂ ਤੋਂ ਪਿਛੋਂ ਹਿੰਦੁਸਤਾਨ ਨੇ ਜਿਹੜੇ ਵਜ਼ੀਰ ਪੈਦਾ ਕੀਤ ਉਹਨਾਂ ਸਭਨਾਂ ਵਿਚੋਂ ਉਹ ਅਧਿਕ ਯੋਗ ਅਤੇ ਖਰਾ ਵਜ਼ੀਰ ਸੀ। ਮੌਤ ਸਮੇਂ ਉਸ ਦੇ ਪੁਤਰ ਦੀ ਆਯੂ ਕੇਵਲ ੧੧ ਸਾਲ ਦੀ ਸੀ। ਫੇਰ ਵੀ ਸ਼ਹਿਨਸ਼ਾਹ ਨੇ ਉਸ ਦੇ ਗੁਜ਼ਾਰੇ ਦਾ ਚੰਗਾ ਪ੍ਰਬੰਧ ਕਰ ਦਿਤਾ। ਖਾਫੀ ਖਾਨ ਦਾ ਕਥਨ ਹੈ ਕਿ ਉਸ ਦੇ ਜਾਨ ਨਸ਼ੀਨਾਂ ਨੂੰ ਇਤਬਾਰੀ ਅਤ ਮਾਨ ਵਾਲੇ ਔਹਦਿਆਂ ਉਤੇ ਉਸ ਨੇ ਆਪ ਡਿਠਾ। ਹਾਲਾਂ ਕਿ ਇਹ ਇਕ ਸੌ ਸਾਲ ਮਗਰੋਂ ਦੀ ਗਲ ਹੈ।

## ਅਲੀ ਮਰਦਾਨ ਖਾਨ ਦੀ ਮੌਤ ੧੬੫੭

੧੬ ਅਪ੍ਰੈਲ ੧੬੫੭ ਵਿਚ ਸ਼ਹਿਨਸ਼ਾਹ ਦਾ ਇਕ ਹੋਰ ਲਾਇਕ ਅਤ ਵਫਾਦਾਰ ਖਾਦਮ, ਅਲੀ ਮਰਦਾਨ ਖਾਨ ਚਲਾਣਾ ਕਰ ਗਿਆ। ਸਭ ਮੰਨਦੇ ਹਨ ਕਿ ਉਹ ਦਰਬਾਰ ਵਿਚ ਵੀ ਅਤੇ ਮੈਦਾਨਿ ਜੰਗ ਵਿਚ ਵੀ ਸਭ ਤੋਂ ਵਧੀਕ ਸੂਝਵਾਨ ਅਫਸਰ ਸੀ। ਉਹ ਕਸ਼ਮੀਰ ਜਾਂਦਾ ਹੋਇਆ ਰਸਤੇ ਵਿਚ ਹੀ ਚਲਾਣਾ ਕਰ ਗਿਆ। ਉਸ ਨੂੰ ਲਾਹੌਰ ਦੇ ਆਸ ਪਾਸ ਲਿਆ ਕੇ ਦਫਨਾਇਆ ਗਿਆ।

## ਸ਼ਾਹ ਜਹਾਨ ਦੀਆਂ ਹਿੰਦੂ ਰੁਚੀਆਂ

ਇਸਲਾਮੀ ਝੁਕਾਓ ਦੇ ਬਾਵਜੂਦ ਸ਼ਾਹ ਜਹਾਨ ਅੰਦਰ ਕਈ ਢੰਗ ਨਾਲ ਹਿੰਦੂ ਰੁਚੀਆਂ ਦਾ ਵੀ ਸਬੂਤ ਮਿਲਦਾ ਹੈ। ਉਹਦੇ ਅੰਦਰ ਘਟ ਚੁਗਤਾਈ ਲਹੂ ਸੀ ਕਿਉਂਕਿ ਉਸ ਦੀ ਮਾਤਾ ਅਤੇ ਦਾਦੀ ਦੋਵੇਂ ਹੀ ਹਿੰਦੂ ਸਨ।

## ਝਰੋਖਾ ਖਿੜਕੀ

ਹਰ ਰੋਜ਼ ਸਵੇਰੇ ਉਹ ਉਸ ਝਰੋਖਾ ਖਿੜਕੀ ਵਿਚ ਖਲੋ ਕੇ ਦਰਸ਼ਨ ਦਿੰਦਾ ਜੋ ਮੈਦਾਨ ਦੇ ਐਨ ਸਾਹਮਣ ਸੀ। ਏਥੇ ਖੜੋਕੇ ਹੀ ਉਹ ਚੜ੍ਹਦੇ ਸੂਰਜ ਦੀ ਪੂਜਾ ਕਰਦਾ ਸੀ। ਝਰੋਖੇ ਵੇਲੇ ਸਭ ਸ਼ਰੇਣੀਆਂ ਤ ਦਰਜਿਆ ਦ ਲੋਕ ਜੋ ਮੈਦਾਨ ਵਿਚ ਖੜੇ ਹੁੰਦੇ ਬਾਦਸ਼ਾਹ ਦੇ ਦਰਸ਼ਨ ਕਰਦੇ। ਇਸ ਢੰਗ ਨੂੰ ਦੇਸ਼ ਵਿਚ ਦਰਸ਼ਨ ਆਖਦੇ ਹਨ ਅਤੇ ਇਹ ਪੁਰਾਤਨ ਹੁੰਦੇ ਰਾਜਿਆਂ ਦੇ ਢੰਗ ਦੀ ਹੀ ਨਕਲ ਸੀ।

## ਨੌਰੋਜ਼ ਦਾ ਤਿਹਾਰ

ਈਰਾਨ ਦੇ ਜਮਸ਼ੇਦ ਬਾਦਸ਼ਾਹਾਂ ਦੇ ਰਿਵਾਜ ਦੇ ਮੁਤਾਬਕ ਸ਼ਹਿਨਸ਼ਾਹ ਨੌਰੋਜ਼ ਅਰਥਾਤ ਸਾਲ ਦੇ ਨਵੇ ਦਿਨ ਬੜੀ ਸ਼ਾਨਦਾਰ ਜ਼ਿਆਫਤ ਦਿੰਦਾ ਸੀ। ਇਸ ਅਵਸਰ ਉਤੇ ਸ਼ਹਿਨਸ਼ਾਹ ਨੂੰ ਸੋਨ, ਚਾਂਦੀ ਤੇ ਹੀਰੇ ਮੋਤੀਆਂ ਨਾਲ ਤੋਲਿਆ ਜਾਂਦਾ ਜੋ ਦਰਬਾਰੀਆਂ ਵਿਚਾਲੇ ਬੜੀ ਖੁਲ੍ਹ ਦਿਲੀ ਨਾਲ ਵੰਡ ਦਿਤੇ ਜਾਂਦੇ। ਇਸ ਮੌਕੇ ਉਤੇ ਬਾਦਸ਼ਾਹ ਦੇ ਸਿਰ ਉਪਰੋਂ ਮੋਤੀਆਂ ਤੇ ਸੋਨੇ ਦੀਆਂ ਰਕਾਬੀਆਂ ਵਾਰੀਆਂ ਜਾਂਦੀਆਂ। ਇਹ ਰਕਾਬੀਆਂ ਧਰਤੀ ਉਤੇ ਉਲਟਾ ਦਿਤੀਆਂ ਜਾਂਦੀਆਂ ਜਿਨ੍ਹਾਂ ਨੂੰ ਦਰਬਾਰੀ ਖੋਹ ਮਾਰੀ ਨਾਲ ਲੁਟ ਲਿਜਾਂਦੇ। ਇਸ ਮੌਕੇ ਉਤੇ ਸਭ ਲੋਕ ਆਪਣੀ ਪਦਵੀ ਤੇ ਆਪਣੀ ਸ਼ਾਨ ਨੂੰ ਭੁਲ ਜਾਂਦੇ ਸਨ। ਅਕਬਰ ਨੇ ਆਪਣੇ ਸ਼ਾਹੀ ਤਖਤ ਉਤੇ ਹੀਰੇ ਮੋਤੀਆਂ ਜੜਤ ਸੁਨਹਿਰੀ ਸੂਰਜ ਬਾਦਸ਼ਾਹਤ ਦਾ ਨਿਸ਼ਾਨ ਲਾ ਰਖਿਆ ਸੀ। ਸ਼ਾਹ ਜਹਾਨ ਨੇ ਸੋਨੇ ਤੇ ਮੋਤੀਆਂ ਜੜਤ ਤਾਊਸ (ਮੋਰ) ਬਾਦਸ਼ਾਹਤ ਦਾ ਚਿੰਨ੍ਹ ਕਾਇਮ ਕੀਤਾ।

## ਰਾਜ-ਚਿੰਨ੍ਹ

ਇਹ ਸ਼ਾਹੀ ਚਿੰਨ੍ਹ ਪੁਰਾਤਨ ਬੋਧੀ, ਬ੍ਰਾਹਮਣ ਅਤੇ ਰਾਜਪੂਤ ਰਾਜਿਆਂ ਦਾ ਸੀ। ਹਿੰਦੂ ਰਾਜਿਆ ਦੇ ਰਿਵਾਜ ਦੀ ਦੇਖਾ ਦੇਖੀ ਸ਼ਾਹਜਹਾਨ ਨੇ ਸਰਕਾਰੀ ਇਮਾਰਤਾਂ ਦੀ ਨੀਂਹ ਵਿਚ ਇਨਸਾਨੀ ਲਹੂ ਦੇਣ ਦਾ ਰਿਵਾਜ ਤੋਰਿਆ। ਜਿਸ ਸਮੇਂ ਦਿਲੀ ਵਿਚ ਨਵਾਂ ਮਹਲ ਅਤੇ ਨਵੇਂ ਸ਼ਹਿਰ ਦੀ ਨੀਂਹ ਧਰੀ ਗਈ ਤਦ ਕਈ ਕੈਦੀਆਂ ਨੂੰ ਕਤਲ ਕਰਕ ਉਹਨਾਂ ਦਾ ਲਹੂ ਨੀਹਾਂ ਵਿਚ ਛਿੜਕਿਆ ਗਿਆ।

Sri Satguru Jagjit Singh Ji eLibrary NamdhariElibrary@gmail.com

ਰੁਕੇ ਹੋਏ ਸਨ। ਸ਼ਾਹ ਜਹਾਨ ਵੀ ਔਰੰਗਜ਼ੇਬ ਦੇ ਪਿਛੇ ਪਿਛੇ ਕਾਬਲ ਗਿਆ। ਸ਼ਾਹਜ਼ਾਦੇ ਅਤੇ ਵਜ਼ੀਰ ਨੇ ੬੦ ਹਜ਼ਾਰ ਘੁੜਸਵਾਰ ਤੇ ੧੦ ਹਜ਼ਾਰ ਪੈਦਲ ਫੌਜ ਨਾਲ ੪ ਮਹੀਨੇ ਤੀਕ ਲੜਾਈ ਜਾਰੀ ਰਖੀ ਪਰ ਉਹ ਸ਼ਹਿਰ ਉਤੇ ਮੁੜ ਕਬਜ਼ਾ ਕਰਨ ਵਿਚ ਸਫਲ ਨ ਹੋ ਸਕੇ। ਉਹਨਾਂ ਦੇ ਸਾਰੇ ਜਤਨ ਵਿਅਰਥ ਗਏ। ਘੇਰਾ ਚੁਕ ਲੈਣ ਮਗਰੋਂ ਸ਼ਾਹਜਹਾਨ ਕਾਬਲ ਤੋਂ ਲਾਹੌਰ ਵਾਪਸ ਆ ਗਿਆ।

## ਤਿਬਤ ਵਲ ਮੁਹਿੰਮ ੧੬੫੦

ਸੰਨ ੧੬੫੦ ਈਸਵੀ ਵਿਚ ਸ਼ਾਹੀ ਦਰਬਾਰ ਲਾਹੌਰ ਵਿਚ ਹੀ ਲਗਦਾ ਰਿਹਾ। ਇਸ ਦੌਰਾਨ ਵਿਚ ਤਿਬਤ ਵਲ ਇਕ ਨਵੀਂ ਮੁਹਿੰਮ ਭੇਜੀ ਗਈ ਜਿਸ ਨੇ ਅਸਕਰਦੂ ਉਤੇ ਜਾ ਕਬਜ਼ਾ ਕੀਤਾ। ਸੰਨ ੧੬੫੧ ਵਿਚ ਸ਼ਾਹੀ ਦਰਬਾਰ ਕਾਬਲ ਵਿਚ ਵਾਪਸ ਆ ਗਿਆ ਅਤੇ ਉਸ ਦੇ ਅਗਲੇ ਸਾਲ ਸ਼ਾਹਜ਼ਾਦਾ ਔਰੰਗਜ਼ੇਬ ਅਤੇ ਵਜ਼ੀਰ ਅਲਾਮੀ ਸ਼ਾਅਦੁਲਾ ਨੇ ਮੁੜ ਕੰਧਾਰ ਦਾ ਘੇਰਾ ਸ਼ੁਰੂ ਕਰ ਦਿਤਾ।

## ਕੰਧਾਰ ਉਤੇ ਦੂਜਾ ਹਮਲਾ ੧੬੫੨

ਇਸ ਵਾਰ ਘੇਰੇ ਲਈ ਬਹੁਤ ਸਾਰੀ ਫੌਜ ਵਰਤੀ ਗਈ। ਇਹ ਫੌਜ ਪੂਰੀ ਤਰ੍ਹਾਂ ਕੀਲ ਕਾਂਟੇ ਨਾਲ ਲੈਸ ਸੀ ਅਤੇ ਇਸ ਨਾਲ ਦੂਰ ਮਾਰ ਵਾਲੀਆਂ ਤੋਪਾਂ ਵੀ ਸਨ।

## ਮੁੜ ਪਸਪਾਈ

ਬਥੇਰੇ ਜਤਨ ਕਰਨ ਮਗਰੋਂ ਕੋਈ ਚਾਰਾ ਚਲਦਾ ਨਾ ਵੇਖ ਕੇ ਸ਼ਾਹਜ਼ਾਦੇ ਨੂੰ ਇਕ ਵਾਰ ਮੁੜ ਕਾਬਲ ਵਲ ਪਸਪਾ ਹੋਣਾ ਪਿਆ। ਇਸ ਸ਼ਾਹਜ਼ਾਦੇ ਨੂੰ ਵਾਇਸਰਾਇ ਬਣਾ ਕੇ ਦਖਣ ਵਲ ਭੇਜ ਦਿਤਾ ਗਿਆ।

## ਦਾਰੇ ਦੇ ਮਾਤਹਿਤ ਵਡੀ ਮੁਹਿੰਮ

ਹੁਣ ਸ਼ਹਿਨਸ਼ਾਹ ਦੇ ਸਭ ਤੋਂ ਵਡੇ ਸ਼ਾਹਜ਼ਾਦੇ ਦਾਰਾ (ਸ਼ਿਕੋਹ) ਨੇ ਕੰਧਾਰ ਦੀ ਨਵੀਂ ਮੁਹਿੰਮ ਲਈ ਆਪਣੀ ਸੇਵਾ ਪੇਸ਼ ਕੀਤੀ। ਇਸ ਤੇ ਇਕ ਬੜੀ ਸ਼ਾਨਦਾਰ ਫੌਜ ਜੋ ਪਹਿਲੀਆਂ ਨਾਲੋਂ ਕਿਤੇ ਵਡੀ ਸੀ, ਦੀ ਕਮਾਨ ਉਸ ਨੂੰ ਸਪੁਰਦ ਕੀਤੀ ਗਈ। ਸੰਨ ੧੬੫੨ ਦੀਆਂ ਸ਼ਰਦੀਆਂ ਵਿਚ ਇਹ ਫੌਜਾਂ ਲਾਹੌਰ ਵਿਚ ਇਕਤਰ ਹੋਈਆਂ ਅਤੇ ਅਗਲ ਸਾਲ ਦੀ ਬਹਾਰ ਰੁਤ ਵਿਚ ਇਹਨਾਂ ਦਾ ਮਾਰਚ ਸ਼ੁਰੂ ਹੋਇਆ। ਸ਼ਹਿਨਸ਼ਾਹ ਆਪ ਵੀ ਇਹਨਾਂ ਫੌਜਾਂ ਦੇ ਮਗਰੇ ਮਗਰ ਕਾਬਲ ਤੀਕ ਗਿਆ। ਫੌਜੀ ਕਾਰਵਾਈ ਠੀਕ ਉਸ ਸਮੇਂ ਸ਼ੁਰੂ ਹੋਈ ਜਿਸ ਸਮੇਂ ਨੂੰ ਨਜੂਮੀਆਂ (ਜੋਤਸ਼ੀਆਂ) ਨੇ ਸ਼ੁਭ ਦਸਿਆ ਸੀ।

## ਕੰਧਾਰ ਦਾ ਘੇਰਾ ੧੬੫੨

ਕੰਧਾਰ ਦਾ ਘੇਰਾ ਬੜੀ ਸਰਗਰਮੀ ਨਾਲ ਪੰਜ ਮਹੀਨੇ ਜਾਰੀ ਰਿਹਾ ਇਸ ਫੌਜੀ ਕਾਰਵਾਈ ਦਾ ਫਲ ਵੀ ਉਵੇਂ ਨਿਰਾਸਤਾ ਜਣਕ ਨਿਕਲਿਆ ਜਿਵੇਂ ਕਿ ਪਹਿਲੀਆਂ ਦੋ ਮੁਹਿੰਮਾਂ ਦਾ ਨਿਕਲ ਚੁਕਾ ਸੀ।

## ਦਾਰਾ ਸ਼ਿਕੋਹ ਦੀ ਅਸਫਲਤਾ ਤੋਂ ਪਸਪਾਈ

ਆਪਣੀਆਂ ਬਿਹਤਰੀਨ ਫੌਜਾਂ ਮਰਵਾ ਚੁਕਣ ਮਗਰੋਂ ਦਾਰਾ ਸ਼ਿਕੋਹ ਉਵੇਂ ਹੀ ਅਸਫਲ ਹੋ ਕੇ ਵਾਪਸੀ ਲਈ ਮਜਬੂਰ ਹੋਇਆ ਜਿਵੇਂ ਕਿ ਉਸ ਦਾ ਛੋਟਾ ਭਾਈ ਹੋਇਆ ਸੀ। ਕੰਧਾਰ ਨੂੰ ਵਾਪਸ ਲੈਣ ਲਈ ਮੁਗਲਾਂ ਦਾ ਇਹ ਅੰਤਮ ਜਤਨ ਸੀ। ਇਸ ਦੇ ਮਗਰੋਂ ਕੰਧਾਰ ਦਾ ਸੰਬੰਧ ਦਿਲੀ ਦੇ ਦਰਬਾਰ ਨਾਲੋਂ ਸਦਾ ਟੁਟ ਗਿਆ।

## ਅਤਾਲਵੀ ਹਕੀਮ ਮਨੂਰੀ ਦੀ ਹਿੰਦ ਵਿਚ ਫੇਰੀ

ਇਸ ਸਮੇਂ ਸ਼ਾਹਜਹਾਨ ਦੇ ਦਰਬਾਰ ਵਿਚ ਅਤਾਲਵੀ ਹਕੀਮ ਮਨੂਰੀ ਆਇਆ।

## ਬਾਦਸ਼ਾਹ ਬਾਰੇ ਬਿਆਨ

ਉਹਨੇ ਲਿਖਿਆ ਹੈ ਕਿ ਸ਼ਹਿਨਸ਼ਾਹ ਸ਼ਾਹਜਹਾਨ ਲਗ ਪਗ ੬੦ ਸਾਲ ਦੀ ਉਮਰ ਦਾ ਹੈ ਜਿਸ ਨੂੰ ਸੁੰਦਰ ਸੁੰਦਰ ਚੀਜ਼ਾਂ ਦਾ ਬੜਾ ਸ਼ੌਕ ਹੈ। ਬਾਦਸ਼ਾਹ ਦੇ ਵਿਚਾਰ ਬੜੇ ਉਚੇ ਤੇ ਸ਼ਾਹੀ ਹਨ। ਉਸ ਦੀ ਸ਼ਖਸੀਅਤ ਬੜੀ ਸ਼ਾਨਦਾਰ ਤੇ ਪਰਤਾਪ ਸ਼ਾਲੀ ਹੈ।

ਤਖਤਿ ਤਾਊਸ ਦੇ ਇਰਦ ਗਿਰਦ ਅਜੇ ਤੀਕ ਸ਼ਾਹੀ ਖਾਨਦਾਨ ਦੇ ਮੈਂਬਰਾਂ ਦਾ ਝੁਰਮਟ ਅਤੇ ਇਹਨਾਂ ਸ਼ਾਹੀ ਮੈਂਬਰਾਂ ਅਤੇ ਸ਼ਹਿਨਸ਼ਾਹ ਵਿਚਾਲ ਪੂਰਨ ਸਹਿਯੋਗ ਸੀ। ਬਾਦਸ਼ਾਹ ਆਪਣੇ ਸਬੰਧੀ ਵਜ਼ੀਰਾਂ ਆਸਿਫਖਾਨ ਅਤੇ ਮਹਾਬਤ ਖਾਂ ਤੋਂ ਵਾਂਜਿਆ ਗਿਆ ਸੀ ਸੁ ਇਸ ਘਾਟੇ ਨੂੰ ਪੂਰਾ ਕਰਨ ਲਈ ਉਹ ਸਰਕਾਰੀ ਕੰਮ ਕਾਰ ਵਿਚ ਵਧੀਕ ਚੁਸਤ ਤੇ ਚੌਕੰਨਾ ਹੋ ਗਿਆ।

## ਸ਼ਾਹਜਹਾਨ ਦੇ ਚਾਰ ਬੇਟੇ

ਸ਼ਾਹ ਜਹਾਨ ਦੇ ਚਾਰ ਬੇਟੇ ਸਨ। ਇਹ ਚਾਰੇ ਹੀ ਬੜੇ ਸੁਰਿਖਿਅਤ ਅਤੇ ਵਡੀ ਤੋਂ ਵੱਡੀ ਸਲਤਨਤ ਦੇ ਤਖਤ ਨੂੰ ਸ਼ਸ਼ੋਭਤ ਕਰਨ ਦੇ ਯੋਗ ਸਨ।

## ਦਾਰਾ

ਸਭ ਤੋਂ ਵਡਾ ਸਪੁਤਰ ਦਾਰਾ, ਬਾਦਸ਼ਾਹ ਦੀਆਂ ਅਖਾਂ ਦਾ ਤਾਰਾ ਸੀ। ਉਹ ਬਹੁਤ ਕਰਕੇ ਸ਼ਹਿਨਸ਼ਾਹ ਦੇ ਨਾਲ ਹੀ ਰਹਿੰਦਾ ਅਤੇ ਕਿਸ ਹਦ ਤੀਕ ਗੌਰਮਿੰਟ ਦੇ ਕੰਮਾਂ ਵਿਚ ਵੀ ਸ਼ਾਮਲ ਹੁੰਦਾ ਸੀ। ਉਹ ਬੜਾ ਉਚ ਹੌਸਲਾ ਤੇ ਖੁਲ੍ਹ ਦਿਲਾ ਸ਼ਾਹਜ਼ਾਦਾ ਸੀ। ਆਪਣ ਬਾਬੇ ਵਰਗਾ ਹੀ ਆਜ਼ਾਦ ਖਿਆਲ, ਹਿੰਦੂ ਸਭਿਅਤਾ ਦਾ ਸ਼ੌਕੀਨ ਤੇ ਯੂਰਪੀਨ ਰੰਗ ਢੰਗ ਦਾ ਪਰੇਮੀ।

## ਸ਼ੁਜਾਹ

ਸ਼ੁਜਾਹ ਦੂਜਾ ਬੇਟਾ ਅਤੇ ਬੰਗਾਲ ਦਾ ਗਵਰਨਰ ਸੀ। ਉਹ ਸ਼ੀਈਆ ਮਤ ਦਾ ਪਿਛਲਗ ਬਹੁਤ ਹਦ ਤੀਕ ਅਯਾਸ਼ ਤੇ ਨਰਮ ਸੁਭਾ ਦਾ ਨੌਜਵਾਨ ਬੜਾ ਨਿਡਰ ਤੇ ਦਲੇਰ ਸੀ ਅਤੇ ਛੋਟੇ ਹੁੰਦਿਆਂ ਤੋਂ ਹੀ ਸਿਵਲ ਤੇ ਫੌਜੀ ਮਾਮਲੀਆਂ ਵਿਚ ਦਿਲਚਸਪੀ ਲੈਂਦਾ ਰਿਹਾ ਸੀ। ਉਹਦੀ ਸ਼ਾਹ ਈਰਾਨ ਨਾਲ ਖਤ ਪਤਰ ਜਾਰੀ ਰਹਿੰਦਾ ਸੀ ਤੇ ਉਸ ਨ ਮਿਰਕਢ ਹਿੰਦੂ ਰਾਜਿਆਂ ਨਾਲ ਵੀ ਖੁਫੀਆ ਸਮਝੌਤੇ ਕਰ ਰਖੇ ਸਨ।

## ਔਰੰਗਜ਼ੇਬ

ਤੀਜਾ ਬੇਟਾ ਔਰੰਗਜ਼ੇਬ ਦਖਣ ਦਾ ਵਾਇਸਰਾਏ ਸੀ। ਉਹਦਾ ਚਲਨ ਆਪਣੇ ਤਿੰਨਾ ਹੀ ਭਰਾਵਾਂ ਤੋਂ ਅਡਰਾ ਸੀ। ਉਹ ਬੜਾ ਸੁਯੋਗ, ਚੌਕੰਨਾ, ਲਾਲਚੀ, ਅਤੇ ਸਾਜ਼ਸ਼ੀ ਸੁਭਾ ਦਾ ਸੀ। ਉਹ ਬਹੁਤ ਘਟ ਬੋਲਦਾ ਅਤੇ ਸੰਸਾਰਕ ਖੁਸ਼ੀਆਂ ਤੇ ਐਸ਼ ਤੋਂ ਦੂਰ ਰਹਿੰਦਾ। ਬਹੁਤ ਸਮਾ ਆਪਣੇ ਕੰਮਾਂ ਵਿਚ ਰੁਝਾ ਰਹਿੰਦਾ। ਉਹ ਧਾਰਮਕ ਮਨੁਖ ਤੇ

Sri Satguru Jagjit Singh Ji eLibrary NamdhariElibrary@gmail.com

ਤਖਤ ਤੋਂ ਦਸਤ ਬਰਦਾਰ (ਤਿਆਗੀ) ਹੋ ਗਿਆ ਹੈ। ਉਸ ਨੇ ਮੁਰਾਦ ਨੂੰ ਆਪਣੇ ਖਤ ਵਿਚ ਲਿਖਿਆ:—ਇਸ ਫਰੇਬੀ ਤੇ ਅਨਿਸ਼ਚਿਤ ਦੁਨੀਆਂ ਦੀ ਗੌਰਮਿੰਟ ਵਿਚ ਭਾਗ ਲੈਣ ਦੀ ਮੇਰੀ ਰਤਾ ਜਿੰਨੀ ਵੀ ਇਛਾ ਨਹੀਂ ਮੇਰੀ ਇਕੋ ਇਕ ਮਨੋ ਕਾਮਨਾ ਇਹ ਹੈ ਕਿ ਮੈਂ ਹਜ ਲਈ ਮਕੇ ਚਲਾ ਜਾਵਾਂ।" ਇਹੋ ਜਿਹੀਆਂ ਮੋਮੋਠਗਣੀਆਂ ਗਲਾਂ ਨੇ ਮੁਰਾਦ ਨੂੰ ਆਪਣੀਆਂ ਫੌਜਾਂ ਇਸ ਬਗਲੇ ਭਗਤ ਦੀਆਂ ਫੌਜਾਂ ਨਾਲ ਸ਼ਾਮਲ ਕਰਨ ਲਈ ਮਜਬੂਰ ਕਰ ਦਿਤਾ ਅਤੇ ਦੋਵਾਂ ਦੀ ਸਾਂਝੀ ਫੌਜ ਨੇ ਦਾਰਾ ਅਤੇ ਸ਼ੁਜਾਹ ਨੂੰ ਮੈਦਾਨੋਂ ਵਿਚੋਂ ਨਸਾ ਦਿਤਾ। ਇਸ ਦੇ ਮਗਰੋਂ ਔਰੰਗਜ਼ੇਬ ਨੇ ਧੋਖੇ ਤੇ ਫਰੇਬ ਨਾਲ ਮੁਰਾਦ ਨੂੰ ਕੈਦ ਕਰ ਲਿਆ ਅਤੇ ਉਸ ਨੂੰ ਗਵਾਲੀਅਰ ਦੇ ਕਿਲੇ ਵਿਚ ਨਜ਼ਰ ਬੰਦ ਕਰ ਦਿਤਾ ਜਿਥੇ ਉਸ ਨੂੰ ਫਾਂਸੀ ਚਾੜ੍ਹ ਦਿਤਾ ਗਿਆ। ਏਨੇ ਨੂੰ ਸ਼ਾਹ ਜਹਾਨ ਰਾਜ਼ੀ ਹੋ ਗਿਆ।

## ਖਾਨਾ ਜੰਗੀ ਦੀ ਅਗ ੧੬੫੭—੫੮

ਅਜੇ ਉਹ ਰਾਜ ਪਰਬੰਧ ਕਰਨ ਦੇ ਯੋਗ ਹੋ ਰਿਹਾ ਸੀ ਕਿ ਖਾਨਾ ਜੰਗੀ ਦੀ ਐਸੀ ਅਗ ਭੜਕ ਉਠੀ ਜੋ ਹੁਣ ਬਾਦਸ਼ਾਹ ਦੇ ਦਬਾਇਆਂ ਨਹੀਂ ਸੀ ਦਬ ਸਕਦੀ। ਸ਼ਹਿਨਸ਼ਾਹ ਨੇ ਸ਼ੁਜਾਹ ਨੂੰ ਆਪਣੇ ਹਥ ਨਾਲ ਖਤ ਲਿਖਿਆ ਜਿਸ ਵਿਚ ਉਸ ਨੂੰ ਹੁਕਮ ਦਿਤਾ ਗਿਆ ਕਿ ਉਹ ਆਪਣੀ ਗੌਰਮਿੰਟ ਵਲ ਵਾਪਸ ਮੁੜ ਜਾਏ ਪਰ ਉਸ ਸ਼ਾਹਜ਼ਾਦੇ ਨੇ ਇਸ ਖਤ ਦੇ ਬਾਵਜੂਦ ਆਗਰੇ ਵਲ ਆਪਣਾ ਕੂਚ ਜਾਰੀ ਰਖਿਆ। ਇਥੋਂ ਤੀਕ ਕਿ ਉਸ ਦਾ ਸਾਹਮਣਾ ਦਾਰਾ ਸ਼ਿਕੋਹ ਦੇ ਪੁਤਰ ਸੁਲੇਮਾਨ ਸ਼ਿਕੋਹ ਨਾਲ ਦਰਿਆ ਗੰਗਾ ਦੇ ਕਿਨਾਰੇ ਹੋਇਆ। ਇਸ ਲੜਾਈ ਵਿਚ ਸ਼ੁਜਾਹ ਨੂੰ ਹਾਰ ਹੋਈ ਅਤੇ ਉਹ ਬੰਗਾਲ ਵਲ ਪਸਪਾਈ ਲਈ ਮਜਬੂਰ ਹੋ ਗਿਆ। ਸ਼ੁਰੂ ਜੂਨ ੧੬੫੮ ਈਸਵੀ ਵਿਚ ਦਾਰਾ ਸ਼ਿਕੋਹ ਨੇ ਆਪਣੇ ਭਾਈਆਂ ਦਾ ਟਾਕਰਾ ਕਰਨ ਲਈ ਆਗਰੇ ਤੋਂ ਕੂਚ ਬੋਲਿਆ ਪਰ ਚੰਬਲ ਦੇ ਅਸਥਾਨ ਉਤੇ ਉਸ ਨੂੰ ਪੂਰਨ ਹਾਰ ਖਾਣੀ ਪਈ ਜਿਸ ਤੇ ਉਹ ਦਿਲੀ ਵਲ ਨਸਣ ਲਈ ਮਜਬੂਰ ਹੋ ਗਿਆ। ਪਸਪਾਈ ਸਮੇਂ ਉਸ ਦੇ ਨਾਲ ਮੁਠੀ ਭਰ ਫੌਜ ਰਹਿ ਗਈ ਸੀ।

## ਔਰੰਗਜ਼ੇਬ ਦਾ ਆਗਰੇ ਵਿਚ ਦਾਖਲਾ

ਬਿਰਧ ਸ਼ਹਿਨਸ਼ਾਹ ਦਾਰਾ ਸ਼ਿਕੋਹ ਨੂੰ ਗਦੀ ਨਸ਼ੀਨ ਕਰਨ ਉਤੇ ਤੁਲਿਆ ਹੋਇਆ ਸੀ ਪਰ ਦਾਰੇ ਦੀ ਦਿਲੀ ਨੂੰ ਫਰਾਰੀ ਮਗਰੋਂ ਔਰੰਗਜ਼ੇਬ ਨੇ ਆਗਰੇ ਉਤੇ ਤੁਰਤ ਕਬਜ਼ਾ ਜਮਾ ਲਿਆ।

## ਸ਼ਾਹ ਜਹਾਨ ਨੂੰ ਮਹਿਲ ਵਿਚ ਕੈਦ ਕੀਤਾ ਗਿਆ ੧੬੫੮

ਆਗਰੇ ਉਤੇ ਕਬਜ਼ੇ ਮਗਰੋਂ ਔਰੰਗਜ਼ੇਬ ਨੇ ਸ਼ਹਿਨਸ਼ਾਹ ਸ਼ਾਹ ਜਹਾਨ ਨੂੰ ਉਸ ਦੇ ਮਹਿਲ ਵਿਚ ਹੀ ਕੈਦ ਕਰ ਦਿਤਾ। ਦਿਲੀ ਦੇ ਗਵਰਨਰ ਨੇ ਭਗੌੜੇ ਦਾਰਾ ਸ਼ਿਕੋਹ ਲਈ ਦਿਲੀ ਦੇ ਕਿਲੇ ਦੇ ਬੂਹੇ ਬੰਦ ਕਰ ਲਏ ਜਿਸ ਕਰ ਕੇ ਉਹ ਲਾਹੌਰ ਵਲ ਨਸ ਤੁਰਿਆ। ਲਾਹੌਰ ਪੁਜ ਕੇ ਉਸ ਨੇ ਸਰਕਾਰੀ ਖਜ਼ਾਨੇ ਉਤੇ ਜਾ ਕਬਜ਼ਾ ਕੀਤਾ। ਖਜ਼ਾਨੇ ਵਿਚ ਉਦੋਂ ਬਹੁਤ ਸਾਰਾ ਧਨ ਸੀ। ਸ਼ਾਹ ਜਹਾਨ ਨੇ ਵੀ ਉਸ ਨੂੰ ਚਾਂਦੀ ਤੇ ਸੋਨੇ ਦੇ ਸਿਕਿਆਂ ਦੇ ਲਦੇ ਹੋਏ ਦਸ ਊਠ ਭੇਜ ਦਿਤੇ। ਇਸ ਧਨ ਦੀ ਸਹਾਇਤਾ ਨਾਲ ਦਾਰੇ ਨੇ ਆਪਣੀ ਖਿਲਰੀ ਪੁਲਰੀ ਫੌਜ ਨੂੰ ਮੁੜ ਇਕਤਰ ਕਰਨਾ ਸ਼ੁਰੂ ਕੀਤਾ। ਉਸ ਨੇ ਨਵੀਂ ਫੌਜ ਵੀ ਭਰਤੀ ਕਰ ਲਈ।

## ਦਾਰਾ ਸ਼ਿਕੋਹ ਦੀ ਲਾਹੌਰ ਵਲ ਫਰਾਰੀ

ਉਧਰ ਔਰੰਗਜ਼ੇਬ ਵੀ ਉਸ ਦੀ ਟੋਹ ਵਿਚ ਸੀ। ਦਿਲੀ ਵਿਚ ਮਾਮਲੇ ਨੂੰ ਨਿਪਟਾਉਣ ਮਗਰੋਂ ਉਹਨੇ ਲਾਹੌਰ ਵਲ ਕੂਚ ਬੋਲ ਦਿਤਾ। ਦਾਰਾ ਸ਼ਿਕੋਹ ਨੂੰ ਜਦ ਪਤਾ ਲਗਾ ਕਿ ਔਰੰਗਜ਼ੇਬ ਉਸ ਦਾ ਪਿਛਾ ਕਰਦਾ ਲਾਹੌਰ ਪਾਸ ਆਣ ਪੁਜਾ ਹੈ ਤਦ ਉਹ ੩ ਜਾਂ ੪ ਹਜ਼ਾਰ ਘੁੜ ਸਵਾਰ ਫੌਜ ਸਮੇਤ ਉਥੋਂ ਨਸ ਗਿਆ ਅਤੇ ਮੁਲਤਾਨ ਦੇ ਰਸਤੇ ਸਿੰਧ ਦਾ ਰਾਹ ਫੜਿਆ। ਇਸ ਦੌਰਾਨ ਵਿਚ ਸ਼ੁਜਾਹ ਬੰਗਾਲ ਤੋਂ ੨੫ ਹਜ਼ਾਰ ਘੁੜ ਸਵਾਰ ਫੌਜ ਅਤੇ ਭਾਰਾ ਤੋਪ ਖਾਨਾ ਲੈ ਕੇ ਬਨਾਰਸ ਵਲ ਵਧਿਆ ਆ ਰਿਹਾ ਸੀ।

## ਸ਼ੁਜਾਹ ਦੀ ਹਾਰ

ਔਰੰਗਜ਼ੇਬ ਨੇ ਅਲਾਹਾਬਾਦ ਤੇ ਅਟਾਨਾ ਦੇ ਵਿਚਕਾਰ ਕਾਜਵਾ ਦੇ ਅਸਥਾਨ ਉਤੇ ਉਸ ਦੀਆਂ ਫੌਜਾਂ ਨੂੰ ਲਕ ਤੋੜ ਹਾਰ ਦਿਤੀ ਤੇ ਉਹਨੂੰ ਨਸਾ ਦਿਤਾ। ਦਾਰਾ ਆਪਣਾ ਸਾਰਾ ਸਾਮਾਨ ਸਿੰਧ ਉਤੇ ਭਖਰ ਵਿਚ ਛਡ ਕੇ ਆਪ ਗੁਜਰਾਤ (ਦਖਣ) ਵਲ ਨਸ ਗਿਆ। ਉਥੇ ਉਸ ਨੂੰ ਗਵਰਨਰ ਸ਼ਾਹ ਨਵਾਜ਼ ਖਾਂ ਦਾ ਮਿਲਵਰਤਨ ਪਰਾਪਤ ਹੋ ਗਿਆ ਜਿਸ ਤੇ ਉਹ ਉਥੋਂ ਦੇ ਸਾਰ ਸੂਬੇ ਦਾ ਜਿਸ ਵਿਚ ਸੂਰਤ ਤੇ ਬੜੋਚ ਵੀ ਸ਼ਾਮਲ ਸੀ ਮਾਲਕ ਮੰਨ ਲਿਆ ਗਿਆ।

## ਦਾਰੇ ਦੀ ਸਿੰਧ ਨੂੰ ਫਰਾਰੀ

ਜਿਸ ਸਮੇਂ ਔਰੰਗਜ਼ੇਬ ਜੈ ਪੁਰ ਵਿਚ ਸੀ ਕਿ ਉਸ ਨੂੰ ਦਾਰੇ ਦੇ ਗੁਜਰਾਤ ਵਲ ਜਾਣ ਦਾ ਪਤਾ ਲਗਾ। ਇਸ ਤੇ ਉਸ ਨੇ ਗੁਜਰਾਤ ਵਲ ਕੂਚ ਬੋਲ ਦਿਤਾ। ਉਥੇ ਪਹੁੰਚ ਕੇ ਉਸ ਨੇ ਦਾਰਾ ਸ਼ਿਕੋਹ ਉਤੇ ਹਲਾ ਬੋਲਿਆ ਅਤੇ ਉਸ ਨੂੰ ਕਰੜੀ ਹਾਰ ਦਿਤੀ। ਦਾਰਾ ਸਖਤ ਮੁਸੀਬਤ ਦੀ ਹਾਲਤ ਵਿਚ ਸਿੰਧ ਵਲ ਨਸ ਗਿਆ। ਦਾਰੇ ਨੇ ਆਪਣਾ ਮਾਰਚ ਕੰਧਾਰ ਵਲ ਜਾਰੀ ਰਖਿਆ ਪਰ ਸਿੰਧ ਦੀ ਸੀਮਾ ਉਤੇ ਜੂਨ ਦੇ ਇਲਾਕੇ ਵਿਚ ਉਸ ਦੀ ਵਫਾਦਾਰ ਪਤਨੀ ਚਲਾਣਾ ਕਰ ਗਈ। ਦਾਰੇ ਨੇ ਉਸ ਦਾ ਮ੍ਰਿਤਕ ਸਰੀਰ ਆਪਣੇ ਦੋ ਮੁਹਤਬਰ ਨੌਕਰਾਂ ਹਥ ਲਾਹੌਰ ਰਵਾਨਾ ਕਰ ਦਿਤਾ ਤਾਂ ਜੁ ਉਸ ਨੂੰ ਉਥੇ ਦਫਨਾਇਆ ਜਾਏ। ਮਾਤਮੀ ਸਮਾ ਬੀਤਣ ਮਗਰੋਂ ਉਸ ਨੇ ਮੁੜ ਸਿੰਧ ਵਲ ਕੂਚ ਬੋਲ ਦਿਤਾ।

## ਜੂਨ ਦੇ ਹਾਕਮ ਦੀ ਗਦਾਰੀ—ਦਾਰਾ ਔਰੰਗਜ਼ੇਬ ਦੇ ਹਵਾਲੇ

ਜੂਨ ਦੇ ਹਾਕਮ ਨੇ ਦਾਰਾ ਸ਼ਿਕੋਹ ਨਾਲ ਗਦਾਰੀ ਕੀਤੀ ਅਤੇ ਉਸ ਨੂੰ ਫੜ ਕੇ ਔਰੰਗਜ਼ੇਬ ਦੇ ਹਵਾਲੇ ਕਰ ਦਿਤਾ ਜਿਸ ਨੇ ਉਹਨੂੰ ਜ਼ੰਜੀਰਾਂ ਵਿਚ ਜਕੜ ਕੇ ਦਿਲੀ ਭੇਜ ਦਿਤਾ। ਉਥੇ ਉਸ ਨੂੰ ਇਕ ਬਿਨਾ ਹੌਦੇ ਦੇ ਹਾਥੀ ਉਤੇ ਬਿਠਾ ਕੇ ਵਡੇ ਵਡੇ ਬਾਜ਼ਾਰਾਂ ਵਿਚ ਫਰਾਇਆ ਗਿਆ। ਇਸ ਦੇ ਮਗਰੋਂ ਇਕ ਹਥ ਠੋਕਾ ਅਦਾਲਤ ਵਿਚ ਉਹਦੇ ਉਤੇ ਮੁਕਦਮਾ ਚਲਿਆ, ਜਿਸ ਨੇ ਉਸ ਵਿਰੁਧ ਕਾਫਰ ਹੋਣ ਦਾ ਫਤਵਾ ਲਾ ਦਿਤਾ। ਪੁਰਾਣੀ ਦਿਲੀ ਦੇ ਪੁਰਾਤਨ ਕਿਲੇ ਵਿਚ ਪਿਓ ਅਤੇ ਪੁਤ ਦੋਵੇਂ ਕੈਦ ਕੀਤੇ ਗਏ। ਇਹਨਾਂ ਦੋਵਾਂ ਉਤੇ ਪਹਿਰਾ ਉਹਨਾਂ ਅਫਗਾਨਾਂ ਦਾ ਲਾਇਆ ਗਿਆ। ਜਿਨ੍ਹਾਂ ਨੇ ਦਾਰਾ ਸ਼ਿਕੋਹ ਨਾਲ ਗਦਾਰੀ ਕੀਤੀ ਸੀ। ਕਾਜ਼ੀਆਂ ਨੇ ਦਾਰਾ ਸ਼ਿਕੋਹ ਨੂੰ ਮੌਤ ਦੀ ਸਜ਼ਾ ਦਿਤੀ ਅਤੇ ਔਰੰਗਜ਼ੇਬ ਨੇ ਕੁਛ ਹਿਚਕਚਾਹਟ ਮਗਰੋਂ ਇਸ ਫੈਸਲੇ ਦੀ ਪਰੋੜਤਾ ਕਰ ਦਿਤੀ। ਇਸ ਫੈਸਲੇ ਦੀ ਪੂਰਨਤਾ ਲਈ ਦਾਰੇ ਦੇ ਇਕ ਜ਼ਾਤੀ ਵੈਰੀ ਨੂੰ ਨੀਯਤ ਕੀਤਾ ਗਿਆ।

## ਦਾਰਾ ਸ਼ਿਕੋਹ ਦਾ ਕਤਲ ੧੬੫੯

ਦਾਰਾ ਸ਼ਿਕੋਹ ਅਤੇ ਉਸ ਦਾ ਪੁਤਰ ਮਸਰਾਂ ਦੀ ਦਾਲ ਬਣਾ ਰਹੇ ਸਨ ਕਿ ਜਲਾਦ ਪੁਜ ਗਏ। ਜਲਾਦਾਂ ਨੂੰ ਵੇਖ ਕੇ ਦਾਰੇ ਨੇ ਉਸੇ ਚਾਕੂ

Sri Satguru Jagjit Singh Ji eLibrary NamdhariElibrary@gmail.com

## ਪਥਰ ਦਾ ਹਾਥੀ

ਦੋ ਪਥਰ ਦੇ ਹਾਥੀਆਂ ਉਤੇ ਦੋ ਰਾਜਪੂਤਾਂ ਦੀਆਂ ਪਥਰ ਦੀਆਂ ਮੂਰਤੀਆਂ ਉਸ ਸਦਰ ਦਰਵਾਜ਼ੇ ਮੂਹਰੇ ਰਖੀਆਂ ਗਈਆਂ ਜੋ ਮਹਿਲ ਦੇ ਮਹਾਨ ਵਡੇ ਵਿਹੜੇ ਦੇ ਸਾਹਮਣੇ ਹੈ। ਇਹ ਵੀ ਪੁਰਾਤਨ ਹਿੰਦੂ ਰਾਜਿਆਂ ਦੇ ਉਸ ਰਿਵਾਜ ਦੀ ਹੀ ਨਕਲ ਸੀ ਜਿਸ ਰਾਹੀਂ ਉਹ ਹਿੰਦੂ ਰਾਜੇ ਆਪਣੇ ਮਹਲਾਂ ਅਤੇ ਮੰਦਰਾਂ ਦੇ ਦਰਵਾਜ਼ਿਆ ਮੂਹਰੇ ਹਾਥੀਆਂ ਦੀਆਂ ਵਡੀਆਂ ਵਡੀਆਂ ਮੂਰਤੀਆਂ ਰਖਦੇ ਸਨ ਤੇ ਇਹਨਾਂ ਨੂੰ ਸਲਾਮਤੀ ਦੇ ਦੇਵਤੇ ਸਮਝਦੇ ਸਨ। ਮਹਲ ਦੀ ਰਾਖੀ ਦਾ ਕੰਮ ਰਾਜਪੂਤਾਂ ਦੇ ਸਪੁਰਦ ਸੀ! ਉਹ ਸਰਦੀ ਦਾ ਮੌਸਮ ਆਗਰੇ ਵਿਚ ਅਤੇ ਗਰਮੀਆਂ ਦੀ ਰੁਤ ਕਸ਼ਮੀਰ ਦੀ ਸੁੰਦਰ ਵਾਦੀ ਵਿਚ ਗੁਜ਼ਾਰਦਾ ਜਿਥੇ ਉਹ ਵਖ ਵਖ ਕਿਸਮ ਦੇ ਮਨ ਪਰਚਾਵਿਆਂ ਵਿਚ ਖਚਤ ਰਹਿੰਦਾ ਸੀ।

## ਸ਼ਾਹ ਜਹਾਨ ਦੇ ਦਿਲ ਵਿਚ ਲਾਹੌਰ ਦਾ ਪਿਆਰ

ਲਾਹੌਰ ਹੁਣ ਭਾਵੇਂ ਰਾਜ ਦੀ ਰਾਜਧਾਨੀ ਨਹੀਂ ਸੀ ਰਹਿ ਗਿਆ ਫੇਰ ਵੀ ਉਹ ਅਜੇ ਤੀਕ ਬੜੀ ਵਿਸ਼ੇਸ਼ਤਾ ਵਾਲਾ ਸ਼ਹਿਰ ਸੀ। ਜਨਮ ਭੂਮੀ ਹੋਣ ਕਰ ਕੇ ਸ਼ਾਹ ਜਹਾਨ ਦਾ ਇਸ ਅਸਥਾਨ ਨਾਲ ਬਹੁਤ ਹਿੱਤ ਸੀ। ਉਹ ਜਦੋਂ ਵੀ ਕਸ਼ਮੀਰ ਨੂੰ ਜਾਂਦਾ ਜਾਂ ਕਸ਼ਮੀਰ ਤੋਂ ਵਾਪਸ ਮੁੜਦਾ ਤਦ ਲਾਹੌਰ ਵਿਚ ਦਰਬਾਰ ਜ਼ਰੂਰ ਲਾਉਂਦਾ। ਇਹ ਅਸਥਾਨ ਉਹਨਾਂ ਫੌਜਾਂ ਦਾ ਜੋ ਸਿੰਧ ਤੋਂ ਪਰਲੇ ਪਾਸੇ ਕੂਚ ਕਰਦੀਆਂ, ਅਸਲ੍ਹਾ-ਘਰ ਅਤੇ ਮਿੱਥੀ ਹੋਈ ਮਿਲਣ-ਥਾਂ ਸੀ। ਇਸ ਦੀ ਵਸੋਂ; ਧਨ ਧਾਨ ਅਤੇ ਸ਼ਾਨ ਵਿਚ ਵਾਧਾ ਹੀ ਹੁੰਦਾ ਰਿਹਾ।

## ਲਾਹੌਰ ਮਹਲ ਵਿਚ ਵਾਧਾ

ਸ਼ਾਹ ਜਹਾਨ ਨੇ ਆਸਿਫ ਖਾਂ ਦੀ ਨਿਗਰਾਨੀ ਵਿਚ ਲਾਹੌਰ ਦੇ ਸ਼ਾਹੀ ਮਹਲ ਵਿਚ ਹੋਰ ਵਾਧਾ ਕਰਾਇਆ ਤੇ ਇਸ ਨੂੰ ਵਧੀਕ ਸੁਹਣੀ ਸ਼ਕਲ ਦਿਤੀ, ਸੰਮਣ ਬੁਰਜ (ਸ਼ੀਸ਼ ਮਹਲ) ਦੀ ਉਸਾਰੀ ਕੀਤੀ ਗਈ ਏਥੇ ਖਲੋ ਕੇ ਸ਼ਹਿਨਸ਼ਾਹ ਹਰ ਰੋਜ਼ ਸਵੇਰੇ ਝਰੋਖੇ ਥਾਣੀ ਉਹਨਾਂ ਲਖਾਂ ਲੋਕਾਂ ਨੂੰ ਦਰਸ਼ਨ ਦਿੰਦਾ ਜੋ ਥਲੇ ਮੈਦਾਨ ਵਿਚ ਇਕਤਰ ਹੋਏ ਹੁੰਦੇ। ਜਿਹੜੇ ਦਰਬਾਰੀ ਸ਼ਾਹੀ ਹੁਕਮ ਹੁਕਾਮ ਪਰਾਪਤ ਕਰਨ ਲਈ ਆਉਂਦੇ ਉਹਨਾਂ ਨੂੰ ਵੀ ਇਥੋਂ ਹੀ ਹੁਕਮ ਸੁਣਾਏ ਜਾਂਦੇ ਸਨ।

## ਮੀਨਾ ਬਾਜ਼ਾਰ

ਨਵੇਂ ਸਾਲ (ਨੌਰੋਜ਼) ਦੇ ਸਮੇਂ ਮਹਲ ਅੰਦਰ ਇਕ ਮੀਨਾ ਬਾਜ਼ਾਰ ਲਗਦਾ, ਜਿਸ ਵਿਚ ਅਮੀਰਾਂ ਵਜ਼ੀਰਾਂ ਦੀਆਂ ਬੀਵੀਆਂ ਤੇ ਲੜਕੀਆਂ ਦੁਕਾਨਾਂ ਲਾਉਂਦੀਆਂ ਜਿਨ੍ਹਾਂ ਵਿਚ ਸੂਈ ਸਿਲਾਈ ਦੇ ਵਧੀਆ ਕੰਮ ਅਤੇ ਆਪਣੇ ਸੁਹਣੇ ਸੁਹਣੇ ਸਾਮਾਨ ਦੀ ਵਿਕਰੀ ਲਈ ਨੁਮਾਇਸ਼ ਕਰਦੀਆਂ। ਬੇਗਮਾਂ ਅਤੇ ਸ਼ਾਹੀ ਘਰਾਣੇ ਦੀਆਂ ਇਸਤਰੀਆਂ ਇਸ ਮੀਨਾ ਬਾਜ਼ਾਰ ਵਿਚ ਜਾਂਦੀਆਂ ਅਤੇ ਬਾਦਸ਼ਾਹ ਤੇ ਉਸ ਦੇ ਹਰਮ ਮੇਲੇ ਵਿਚ ਜਾ ਕੇ ਚੀਜ਼ਾਂ ਦੀ ਖਰੀਦ ਕਰਦੇ।

## ਸ਼ਹਿਨਸ਼ਾਹ ਦਾ ਹਰਮ

ਬਾਦਸ਼ਾਹ ਦਾ ਹਰਮ ਜਾਂ ਮਹਲ ਜੋ ਤੰਬੂਆਂ, ਸ਼ਾਮਿਆਨਿਆਂ ਅਤੇ ਬਗੀਚਿਆਂ ਦਾ ਸੁਵੱਰਗ ਸੀ, ਸ਼ਾਹੀ ਹਮਾਮ ਅਤੇ ਝਰੋਖਾ ਖਿੜਕੀ ਦੇ ਵਿਚਕਾਰ ਇਕ ਬਹੁਤ ਵਡਾ ਤੇ ਵਿਸ਼ਾਲ ਧਰਤੀ ਦੇ ਟੁਕੜੇ ਉਤੇ ਫੈਲਿਆ ਹੋਇਆ ਸੀ। ਇਸ ਵਿਚ ਅਣ-ਗਿਣਤ ਹਾਲ ਅਤੇ ਮਹਿਰਾਬਦਾਰ ਕਮਰੇ ਹੁੰਦੇ ਜਿਨ੍ਹਾਂ ਦੇ ਦਰਵਾਜ਼ੇ ਬਗੀਚਿਆਂ ਤੇ ਫੁਹਾਰਿਆਂ ਵਲ ਖੁਲ੍ਹਦੇ ਸਨ। ਸੁਹਣੀਆਂ ਸੁਹਣੀਆਂ ਤੀਵੀਆਂ ਦੀ ਇਕ ਫੌਜ ਬਾਦਸ਼ਾਹ ਦੀ ਰਖਿਅਕ ਸੀ। ਇਸ ਜ਼ਨਾਨਾ ਫੌਜ ਵਿਚ ਇਕ ਸੌ ਤਾਤਾਰੀ ਕੁੜੀਆਂ ਸਨ। ਸ਼ਹਿਨਸ਼ਾਹ ਦੀ ਜ਼ਾਤ ਦੀ ਇਸ ਕੋਮਲ ਰਖਿਅਕ ਫੌਜ ਦੀ ਕਮਾਂਡਰ ਵੀ ਤੀਵੀਂ ਹੁੰਦੀ ਸੀ, ਜਿਸ ਨੂੰ ਰਾਜ ਦੇ ਅਮੀਰ ਜਿੰਨੀ ਤਨਖਾਹ ਮਿਲਦੀ ਸੀ।

## ਸ਼ਾਹਜ਼ਾਦੀਆਂ ਦਾ ਅਮਲਾ

ਹਰ ਇਕ ਮਲਕਾ ਅਤੇ ਸ਼ਾਹਜ਼ਾਦੀਆਂ ਦਾ ਆਪੋ ਆਪਣਾ ਵਖੋ ਵਖਰਾ ਅਮਲਾ ਫੈਲਾ ਹੁੰਦਾ ਸੀ ਜਿਸ ਵਿਚ ਸੁੰਦਰੀਆਂ ਦੀ ਫੌਜ ਅਤੇ ਲੌਂਡੀਆਂ ਹੁੰਦੀਆਂ ਸਨ। ਸੁੰਦਰੀਆਂ ਬੀਨ ਜਾਂ ਦੂਜੇ ਵਾਜੇ ਵਜਾਉਂਦੀਆਂ ਹਰਮ ਦੀਆਂ ਬੇਗਮਾਂ ਤੇ ਬਾਦਸ਼ਾਹ ਦੇ ਰੂਬਰੂ ਗਾਣੇ ਗਾਉਂਦੀਆਂ ਅਤੇ ਨਾਚ ਕਰਦੀਆਂ ਸਨ। ਹਰਮ ਵਿਚ ਲਗ ਪਗ ਦੋ ਹਜ਼ਾਰ ਤੀਵੀਆਂ ਸਨ ਅਤੇ ਕਿਸੇ ਨੂੰ ਵੀ ਉਹਨਾਂ ਬਾਰੇ ਕੋਈ ਜਾਣਕਾਰੀ ਨਹੀਂ ਸੀ ਹੁੰਦੀ ਸਵਾਏ ਖ੍ਵਾਜਾ ਸਰਾਵਾਂ (ਹਿਜੜਿਆਂ), ਜ਼ਨਾਨਾ ਚਿਕਿਟਰਾਂ ਜਾਂ ਬਾਦਸ਼ਾਹ ਦੇ।

## ਹਰਮ ਵਿਚ ਸਾਜ਼ਸ਼ਾਂ ਦਾ ਜਾਲ

ਹਰਮ ਕੀ ਸੀ ਸਾਜ਼ਸ਼ਾਂ ਦਾ ਇਕ ਜਾਲ ਸੀ। ਏਥੇ ਦਰਬਾਰੀਆਂ ਅਤੇ ਵਾਇਸਰਾਇਆਂ ਵਲੋਂ ਤੁਹਫੇ ਤੇ ਸੁਗਾਤਾਂ ਪਹੁੰਚਦੀਆਂ ਰਹਿੰਦੀਆਂ ਇਸ ਸੰਬੰਧ ਵਿਚ ਟੈਵਰਨੀਅਰ ਨੇ ਸਿੰਧ ਦੇ ਵਾਇਸਰਾਇ ਦਾ ਜ਼ਿਕਰ ਕੀਤਾ ਹੈ ਜਿਸ ਦੇ ਜ਼ੁਲਮ ਜ਼ਬਰ ਤੇ ਰਿਸ਼ਵਤ ਬਾਰੇ ਸ਼ਕਾਇਤਾਂ ਦਰਬਾਰ ਵਿਚ ਪੁਜੀਆਂ ਸਨ। ਉਸ ਨੂੰ ਆਗਰੇ ਵਾਪਸ ਬੁਲਾਇਆ ਗਿਆ। ਲੋਕਾਂ ਨੂੰ ਆਸ ਸੀ ਕਿ ਉਸ ਦੇ ਜ਼ੁਲਮਾਂ ਦੀ ਸਜ਼ਾ ਵਜੋਂ ਉਸ ਨੂੰ ਫਾਂਸੀ ਲਟਕਾਇਆ ਜਾਏਗਾ। ਉਸ ਨੇ ਬਾਦਸ਼ਾਹ ਦੀ ਵਡੀ ਲੜਕੀ ਬੇਗਮ ਸਾਹਿਬਾ ਨੂੰ ੨੦ ਹਜ਼ਾਰ ਅਤੇ ਬਾਦਸ਼ਾਹ ਨੂੰ ੫੦ ਹਜ਼ਾਰ ਸੋਨੇ ਦੀਆਂ ਮੁਹਰਾਂ ਭੇਟ ਕੀਤੀਆਂ। ਇਸ ਉਤੇ ਨਾ ਕੇਵਲ ਉਸ ਦਾ ਕਸੂਰ ਹੀ ਮਾਫ ਕੀਤਾ ਸਗੋਂ ਉਸ ਨੂੰ ਅਲ੍ਹਾਬਾਦ ਦਾ ਗਵਰਨਰ ਬਣਾ ਦਿਤਾ ਗਿਆ ਜੋ ਕਿ ਪਹਿਲੇ ਤੋਂ ਵੀ ਵਧੀਕ ਮਾਲਦਾਰ ਸੂਬਾ ਸੀ।

## ਸ਼ਹਿਨਸ਼ਾਹ ਦਾ ਖਤਰਨਾਕ ਰੋਗ ੧੬੫੭

ਅਗਸਤ ੧੬੫੭ ਈਸਵੀ ਵਿਚ ਬਾਦਸ਼ਾਹ ਦਿਲੀ ਵਿਚ ਅਚਾਨਕ ਖਤਰਨਾਕ ਤੌਰ ਉਤੇ ਬੀਮਾਰ ਹੋ ਗਿਆ। ਕਈ ਦਿਨਾਂ ਤੀਕ ਉਹ ਬੇਸੁਧ ਪਿਆ ਰਿਹਾ ਅਤੇ ਉਸ ਦੀ ਜ਼ਿੰਦਗੀ ਦੀ ਕੋਈ ਆਸ ਬਾਕੀ ਨਾ ਰਹੀ।

## ਪੁਤਰਾਂ ਦਾ ਵਰਤਾਓ

ਇਹ ਹਾਲਤ ਵੇਖ ਕੇ ਦਾਰਾ ਸ਼ਿਕੋਹ ਨੇ ਜੋ ਰਾਜ ਦਾ ਰੀਜੰਟ ਸੀ ਰਾਜ ਪ੍ਰਬੰਧ ਆਪਣੇ ਹਥ ਲੈ ਲਿਆ ਜਿਸ ਤੇ ਦੂਜੇ ਭਰਾਵਾਂ ਅੰਦਰ ਈਰਖਾ ਦੀ ਅਗ ਧੁਖ ਪਈ। ਇਸ ਸੰਬੰਧ ਵਿਚ ਸ਼ੁਜਾਹ ਸਭ ਤੋਂ ਪਹਿਲੇ ਮੈਦਾਨ ਵਿਚ ਕੁਦਿਆ। ਉਹਨੇ ਬੰਗਾਲ ਵਿਚੋਂ ਵਡੀ ਭਾਰੀ ਫੌਜ ਲੈ ਕੇ ਰਾਜਧਾਨੀ ਵਲ ਕੂਚ ਬੋਲ ਦਿਤਾ। ਗੁਜਰਾਤ ਦੇ ਵਾਇਸਰਾਏ ਮੁਰਾਦ ਨੇ ਸਰਕਾਰੀ ਖਜ਼ਾਨਾ ਆਪਣੇ ਕਬਜ਼ੇ ਵਿਚ ਕਰ ਲਿਆ ਅਤੇ ਆਪਣੇ ਆਪ ਨੂੰ ਸ਼ਹਿਨਸ਼ਾਹ ਹਿੰਦ ਹੋਣ ਦਾ ਐਲਾਨ ਕਰ ਦਿਤਾ।

## ਔਰੰਗਜ਼ੇਬ ਦੀ ਚਲਾਕੀ

ਸਾਜ਼ਸ਼ ਦੀ ਕਲਾ ਦਾ ਵਡਾ ਖਿਡਾਰੀ ਔਰੰਗਜ਼ੇਬ ਮੌਕੇ ਦੀ ਤਾਕ ਵਿਚ ਰਿਹਾ। ਉਸ ਨੇ ਬਹਾਨਾ ਇਹ ਬਣਾਇਆ ਕਿ ਉਹ ਮੁਰਾਦ ਦੇ ਹਕ ਵਿਚ

Sri Satguru Jagjit Singh Ji eLibrary NamdhariElibrary@gmail.com

ਵਿਚ ਸ਼ਾਨਦਾਰ ਸ਼ਾਲਾਮਾਰ ਬਾਗ ਲਵਾਏ, ਜੋ ਮੂਰ ਦੇ ਲਾਲਾ ਰੁਖ ਵਿਚ ਦਿਖਾਏ ਗਏ ਹਨ। ਸ਼ਾਹਜਹਾਨ ਹੀ ਨਵੀਨ ਦਿੱਲੀ ਦਾ ਮੋਢੀ ਸੀ ਅਤੇ ਉਸੇ ਨੇ ਇਸ ਵਿਚ ਕਿਲਾ ਨੁਮਾ ਸ਼ਾਹੀ ਮਹਲ ਅਤੇ ਸ਼ਾਨਦਾਰ ਮਸੀਤ ਵੀ ਬਣਵਾਈ ਜੋ ਆਪਣੀ ਸ਼ਾਨ ਦੀ ਸਾਰੇ ਏਸ਼ੀਆ ਵਿਚ ਇਕੋ ਇਕ ਚੀਜ਼ ਹੈ। ਇਤਿਹਾਸਕ ਵਿਸ਼ੇਸ਼ਤਾ ਵਾਲੀ ਸ਼ਾਨਦਾਰ ਯਾਦਗਾਰ ਤਾਜ ਮਹਲ ਆਗਰਾ ਦੀ ਦੇਣ ਤੇ ਵੀ ਭਾਰਤ ਉਸ ਦਾ ਰਿਣੀ ਹੈ। ਇਸ ਯਾਦਗਾਰ ਦਾ ਜੋੜ ਸਾਰੇ ਸੰਸਾਰ ਵਿਚ ਕਿਧਰੇ ਨਹੀਂ ਲਭਦਾ। ਸਾਰੀ ਦੁਨੀਆਂ ਇਸ ਦੀ ਪ੍ਰਸ਼ੰਸਕ ਹੈ ਅਤੇ ਇਹ ਹੈ ਵੀ ਹਿੰਦੁਸਤਾਨ ਦੀ ਫਖਰ ਯੋਗ ਇਮਾਰਤ।

### ਖਰਚਾਂ ਵਿਚ ਸੰਜਮ

ਸ਼ਾਹ ਜਹਾਨ ਬਾਰੇ ਕਿਹਾ ਜਾਂਦਾ ਹੈ ਕਿ ਉਹ ਆਪਣੇ ਐਡੇ ਵਡੇ ਅਮਲੇ ਦਾ ਪ੍ਰਬੰਧ ਬੜੇ ਸੰਜਮ (ਘਟ ਖਰਚ) ਨਾਲ ਕਰਦਾ ਸੀ। ਉਹਨਾਂ ਖਰਚੀਲੀਆਂ ਮੁਹਿੰਮਾਂ ਦੇ ਜੋ ਕਰਨਾਟਕ ਦੀਆਂ ਸਰਹਦਾਂ ਤੋਂ ਲੈ ਕੇ ਬਲਖ ਤੇ ਤਿਬਤ ਦੀਆਂ ਸੀਮਾ ਤੀਕ ਭੇਜੀਆਂ ਗਈਆਂ, ਅਤੇ ਉਸਦੇ ਸ਼ਾਨਦਾਰ ਵਖਾਵੇ ਤੇ ਵਿਸ਼ਾਲ ਵਿਲਾਸਾਂ ਦੇ; ਉਹਨਾਂ ਬੇਨਜ਼ੀਰ ਸਰਕਾਰੀ ਵਡੀਆਂ ਵਡੀਆਂ ਇਮਾਰਤਾਂ ਦੇ ਖਰਚਾਂ ਦੇ, ਉਸਦੇ ਸਮੇਂ ਸਮੇਂ ਕਸ਼ਮੀਰ ਵਲ ਮੁਹਿੰਮਾਂ ਭਜਣ ਦੇ ਅਤੇ ਦੋ ਲਖ ਘੁੜ ਸਵਾਰ ਫੌਜ ਰਖਣ ਦੇ ਬਾਵਜੂਦ ਉਹ ਮਰਦੇ ਸਮੇਂ ਆਪਣੇ ਖਜ਼ਾਨੇ ਵਿਚ ਜੋ ਦੌਲਤ ਛਡ ਗਿਆ ਉਸ ਦਾ ਅੰਦਾਜ਼ਾ ੨੪ ਕਰੋੜ ਰੁਪਏ ਲਾਇਆ ਗਿਆ। ਸੋਨੇ, ਚਾਂਦੀ ਅਤੇ ਹੀਰਿਆਂ ਦੇ ਰੂਪ ਵਿਚ ਜੋ ਧਨ ਜਮਾ ਸੀ ਉਹ ਇਸ ਤੋਂ ਵਖਰਾ ਸੀ।

### ਯੂਰਪੀਨ ਸੈਲਾਨੀਆਂ ਦੀ ਗਵਾਹੀ

ਫਰਾਂਸੀਸੀ ਸੈਲਾਨੀ ਟੈਵਰਨੀਅਰ ਸ਼ਾਹ ਜਹਾਨ ਦੇ ਰਾਜ ਸਮੇਂ ਹਿੰਦੁਸਤਾਨ ਦੇ ਵਖ ਵਖ ਇਲਾਕਿਆਂ ਵਿਚ ਫਿਰਿਆ ਸੀ। ਉਹ ਸ਼ਹਿਨਸ਼ਾਹ ਬਾਰੇ ਲਿਖਦਾ ਹੈ—"ਉਹ ਆਪਣੀ ਪਰਜ਼ਾ ਉਤੇ ਬਾਦਸ਼ਾਹ ਵਾਂਗ ਰਾਜ ਨਹੀਂ ਸੀ ਕਰਦਾ ਸਗੋਂ ਉਹਦਾ ਸਲੂਕ ਇਕ ਪਿਤਾ ਦੀ ਨਿਆਈਂ ਸੀ ਜੋ ਆਪਣੇ ਪਰਿਵਾਰ ਤੇ ਬਾਲ ਬਚਿਆਂ ਦੀ ਪਾਲਨਾਂ ਕਰਦਾ ਹੈ।" ਉਸ ਦੇ ਰਾਜ ਵਿਚਲੀ ਖੁਸ਼ਹਾਲੀ ਤੇ ਸੁਰਖਿਤਾਂ ਬਾਰੇ ਟੈਵਰਨੀਅਰ ਲਿਖਦਾ ਹੈ—"ਉਹ ਮਹਾਨ ਵੱਡਾ ਬਾਦਸ਼ਾਹ ਸੀ ਜਿਸਦੇ ਰਾਜ ਵਿਚ ਸਿਵਲ ਗੌਰਮਿੰਟ ਅੰਦਰ ਵਸ਼ੇਸ਼ ਕਰਕੇ ਸੜਕਾਂ ਦੀ ਰਖਿਆ ਸੰਬੰਧੀ ਐਨੀ ਕਰੜਾਈ ਸੀ ਕਿ ਕਦੇ ਕਿਸੇ ਲੁਟੇਰੇ ਨੂੰ ਮਾਲ ਲੁਟਣ ਲਈ ਕਿਸੇ ਮਨੁਖ ਦੇ ਕਤਲ ਕਰਨ ਦਾ ਹੌਸਲਾ ਹੀ ਨਹੀਂ ਪਿਆ। ਯੂਰਪੀਨ †ਸੈਲਾਨੀਆਂ ਦੇ ਆਧਾਰ ਉਤੇ ਐਲਫਿਨਸਟਨ ਲਿਖਦਾ ਹੈ "ਇਹ ਖ਼ੁਸ਼ਹਾਲੀ ਕੇਵਲ ਸ਼ਾਹੀ ਮਹਲਾਂ ਤੀਕ ਹੀ ਸੀਮਤ ਨਹੀਂ ਸੀ। ਸਾਰੇ ਉਹ ਸੈਲਾਨੀ ਉਸ ਸਮੇਂ ਦੇ ਸ਼ਹਿਰਾਂ ਦੀ ਸ਼ਾਨ ਸ਼ੌਕਤ ਦੀ ਗਵਾਹੀ ਭਰਦੇ ਹਨ ਜੋ ਦੂਰ ਦਰਾਡੇ ਸੂਬਿਆਂ ਵਿਚ ਪਾਏ ਜਾਂਦੇ ਸਨ। ਉਹ ਹਰੀਆਂ ਭਰੀਆਂ ਤੇ ਉਪਜਾਊ ਧਰਤੀਆਂ ਦੀ ਵੀ ਜੋ ਉਹਨਾਂ ਵੇਖੀਆਂ ਬੜੀ ਸ਼ਲਾਘਾ ਕਰਦੇ ਹਨ।" ਅਤਾਲਵੀ ਹਕੀਮ ਮਨੂਚੀ [Manucci] ਜੋ ਸੰਨ ੧੬੪੯ ਈਸਵੀ ਵਿਚ ਹਿੰਦੁਸਤਾਨ ਆਇਆ ਅਤੇ ਏਥੇ ੪੮ ਸਾਲ ਦਾ ਲੰਮਾ ਸਮਾਂ ਰਿਹਾ ਇਸ ਗਲ ਦੀ ਗਵਾਹੀ ਭਰਦਾ ਹੈ। ਉਸਦੀਆਂ ਲਿਖਤਾਂ ਵਿਚ ਸ਼ਾਹ ਜਹਾਨ ਦੇ ਪਰਿਵਾਰ ਤੇ ਦਰਬਾਰ ਦੀ ਜੋ ਉਸਨੇ ਆਪਣੀਆਂ ਅੱਖਾਂ ਨਾਲ ਡਿਠਾ ਵਿਸਥਾਰ ਸਹਿਤ ਵਰਨਣ ਹੈ। ਜੋਹਨ ਐਲਬਰਟ ਡੀ ਮੈਂਡਲਸਲੋ ਜੋ ਡਯੂਕ ਆਫ ਹੋਲਸਟਨ ਦਾ ਸੇਵਕ ਰਹਿ ਚੁਕਾ ਸੀ ੧੬੩੮ ਈ: ਵਿਚ ਹਿੰਦੁਸਤਾਨ ਆਇਆ, ਜੋ ਕਿ ਸ਼ਾਹ ਜਹਾਨ ਦੀ ਤਖਤ ਨਸ਼ੀਨੀ ਦਾ ਦਸਵਾਂ ਸਾਲ ਸੀ। ਉਹ ਹਿੰਦੁਸਤਾਨ ਦੀ ਖੁਸ਼ਹਾਲ ਦਸ਼ਾ ਦੀ ਬੜੀ ਸ਼ਲਾਘਾ ਕਰਦਾ ਹੈ। ਵਡੇ ਵਡੇ ਸ਼ਹਿਰਾਂ ਦੀਆਂ ਖਿਚ ਪਾਊ ਚੀਜ਼ਾਂ ਤੇ ਉਹਨਾਂ ਦੇ ਵੈਭਵ ਤੇ ਸ਼ਾਨ ਬਾਰੇ ਵੀ ਉਹਨੇ ਖੋਹਲ ਕੇ ਲਿਖਿਆ ਹੈ। ਉਸ ਨੇ ਸ਼ਾਹੀ ਮਹਲਾਂ ਅਤੇ ਉਸ ਵਿਚਲੀ ਜ਼ਿੰਦਗੀ ਬਾਰੇ ਸਭ ਕੁਝ ਵਿਸਥਾਰ ਸਹਿਤ ਵਰਨਣ ਕੀਤਾ ਹੈ। ਫਰਾਂਸਿਸ ਬਰਨੀਅਰ ਨੇ ਸੰਨ ੧੬੫੫–੬੭ ਵਿਚਾਲੇ ਰਾਜਸੀ ਦਰਿਸ਼ਟੀ ਨਾਲ ਹਿੰਦੁਸਤਾਨ ਦਾ ਦੌਰਾ ਕੀਤਾ। ਉਸ ਨੇ ਆਪਣੇ ਸਫਰਨਾਮੇ ਵਿਚ ਹਿੰਦੁਸਤਾਨ ਦੀ ਉਸ ਸਮੇਂ ਦੀ ਹਾਲਤ ਅਤੇ ਸ਼ਾਹਜਹਾਨ ਦੇ ਰਾਜ ਦਾ ਬੜਾ ਸੁਵਾਦਲਾ ਵਿਸਥਾਰ ਲਿਖਿਆ ਹੈ। ਰਾਏ ਬਹਾਰਾ ਮਲ ਦਰਾਬ ਅਕੌਂਟੈਂਟ ਅਤੇ ਔਰੰਗਜ਼ੇਬ ਦੇ ਸਮੇਂ ਦਾ ਇਤਿਹਾਸਕਾਰ ਖਾਫੀ ਖਾਨ ਦੋਵੇਂ ਹੀ ਇਨਸਾਫ ਤੇ ਲੋਕਾਂ ਦੀ ਸੁਰਖਿਅਤਾ ਲਈ ਸ਼ਾਹਜਹਾਨ ਦੀ ਮੁਕਤ ਕੰਠ ਨਾਲ ਪ੍ਰਸ਼ੰਸਾ ਕਰਦੇ ਹਨ।

†ਮੈਂਡਲਸਲੋ ਗੁਜਰਾਤ ਬਾਰੇ; ਗਰਾਫ ਅਤੇ ਬਰਟਨ ਬੰਗਾਲ, ਬਿਹਾਰ ਤੇ ਉੜੀਸਾ ਬਾਰੇ ਅਤੇ ਟੈਵਰਨੀਆਰ ਹਿੰਦੁਸਤਾਨ ਦੇ ਬਹੁਤ ਸਾਰੇ ਇਲਾਕਿਆਂ ਬਾਰੇ। ਪੀਟਰੋ ਡੇਲਾ ਵਾਲੇ ਜਹਾਂਗੀਰ ਦੇ ਰਾਜ ਦੇ ਅੰਤਮ ਸਾਲ ੧੬੨੩ ਵਿਚ ਲਿਖਦਾ ਹੋਇਆ ਦਸਦਾ ਹੈ—"ਏਥੇ ਸਭ ਲੋਕ ਸਾਊਆਂ ਵਾਂਗ ਨਿਸੰਗ ਹੋ ਕੇ ਰਹਿੰਦੇ ਹਨ ਕਿਉਂਕਿ ਬਾਦਸ਼ਾਹ ਅਪਣੀ ਪਰਜਾ ਨੂੰ ਝੂਠੇ ਦੋਸ ਲਾਕੇ ਸਜ਼ਾ ਨਹੀਂ ਦਿੰਦਾ ਨ ਹੀ ਇਹਨਾਂ ਦੀ ਦੌਲਤਬੰਦੀ ਤੇ ਸ਼ਾਨ ਸ਼ੌਕਤ ਨੂੰ ਵੇਖਕੇ ਉਹਨਾਂ ਪਾਸੋਂ ਖੋਹ ਖਿੰਜ ਕਰਦਾ ਹੈ।"

# ਪਰਕਰਨ—੧੬

## ਮਹੀ-ਉਦ-ਦੀਨ ਔਰੰਗਜ਼ੇਬ

### ਔਰੰਗਜ਼ੇਬ ਦੀ ਗੱਦੀ ਨਸ਼ੀਨੀ ਸੰਨ ੧੬੫੮ ਈ:

ਔਰੰਗਜ਼ੇਬ ਨੇ ਆਪਣੀ ਉਮਰ ਦੇ ਚਾਲੀਵੇਂ ਸਾਲ ਆਪਣੇ ਪਿਤਾ ਨੂੰ ਗੱਦੀ ਤੋਂ ਉਤਾਰਿਆ ਅਤੇ ਸੰਨ ੧੬੫੮ ਈਸਵੀ ਵਿਚ ਆਪ ਦਿੱਲੀ ਦੇ ਤਖਤ ਉਤੇ ਬੈਠਾ। ਗੱਦੀ ਉਤੇ ਬੈਠਣ ਦੇ ਬਾਵਜੂਦ ਅਕਤੂਬਰ ੧੬੬੦ ਈਸਵੀ ਅਰਥਾਤ ਦੋ ਸਾਲ ਤੀਕ ਉਸ ਨੇ ਸ਼ਹਿਨਸ਼ਾਹੀ ਪਦਵੀ ਧਾਰਨ ਨ ਕੀਤੀ।

### ਆਲਮਗੀਰ ਨਾਮ ਰਖਿਆ

ਗੱਦੀ ਨਸ਼ੀਨੀ ਤੋਂ ਪੂਰੇ ਦੋ ਸਾਲ ਮਗਰੋਂ ਉਸ ਦੇ ਨਾਮ ਦਾ ਖੁਤਬਾ ਪੜ੍ਹਿਆ ਗਿਆ ਅਤੇ ਉਸ ਦੇ ਨਾਮ ਦਾ ਸਿੱਕਾ ਵੀ ਚਾਲੂ ਹੋਇਆ। ਇਸ ਮੌਕੇ ਉਤੇ ਉਸ ਨੇ ਆਪਣੇ ਨਾਮ ਦੇ ਨਾਲ "ਆਲਮ ਗੀਰ" ਅਰਥਾਤ ਸੰਸਾਰ ਵਿਜਈ ਉਪਨਾਮ ਧਾਰਨ ਕੀਤਾ। ਇਹ ਉਹੋ ਨਾਮ ਸੀ ਜੋ ਉਸ ਤਲਵਾਰ ਉਤੇ ਉਕਰਿਆ ਹੋਇਆ ਸੀ ਜੋ ਸ਼ਾਹਜਹਾਨ

Sri Satguru Jagjit Singh Ji eLibrary NamdhariElibrary@gmail.com

ਨਾਲ ਜੋ ਉਸ ਸਮੇਂ ਉਸ ਦੇ ਹਥ ਵਿਚ ਸੀ ਜਲਾਦਾਂ ਦਾ ਸਖਤ ਟਾਕਰਾ ਕੀਤਾ ਪਰ ਜਲਾਦਾਂ ਦੀ ਗਿਣਤੀ ਅਧਿਕ ਹੋਣ ਕਰ ਕੇ ਉਹਨਾਂ ਦਾਰੇ ਨੂੰ ਕਾਬੂ ਕਰ ਕੇ ਥਲੇ ਡੇਗ ਲਿਆ ਅਤੇ ਉਸ ਦਾ ਸਿਰ ਧੜ ਤੋਂ ਵਖ ਕਰ ਦਿਤਾ । ਦਾਰੇ ਦੀ ਲਾਸ਼ ਇਕ ਹਾਥੀ ਉਤੇ ਰਖ ਕੇ ਉਸ ਨੂੰ ਬਜ਼ਾਰਾਂ ਵਿਚ ਫੇਰਿਆ ਗਿਆ ਜਦ ਕਿ ਉਸ ਦਾ ਸਿਰ ਔਰੰਗਜ਼ੇਬ ਪਾਸ ਲਿਆਂਦਾ ਗਿਆ । ਔਰੰਗਜ਼ੇਬ ਨੇ ਆਪਣੇ ਸਾਹਮਣੇ ਉਸ ਸਿਰ ਨੂੰ ਧੁਆ ਕੇ ਤੇ ਵੇਖ ਕੇ ਨਿਸ਼ਚਾ ਕਰ ਲਿਆ ਕਿ ਠੀਕ ਹੀ ਦਾਰੇ ਦਾ ਸਿਰ ਹੈ। ਫਰ ਉਸ ਨੇ ਆਪਣੀਆਂ ਅਖਾਂ ਵਿਚੋਂ ਹੰਜੂ ਕੇਰੇ । ਫੇਰ ਉਸ ਨੂੰ ਹਮਾਯੂੰ ਦੇ ਮਕਬਰੇ ਵਿਚ ਦਫਨਾ ਦਿਤਾ। ਸਿਪਰ ਸ਼ਿਕੋਹ ਨੂੰ ਗਵਾਲੀਅਰ ਭੇਜ ਕੇ ਨਜ਼ਰ ਬੰਦ ਕਰ ਦਿਤਾ ।

## ਸ਼ੁਜਾਹ ਦੀ ਅਰਾਕਾਨ ਨੂੰ ਫਰਾਰੀ

ਮੀਰ ਜੁਮਲਾ ਦੇ ਹਥੋਂ ਹਾਰ ਖਾਣ ਮਗਰੋਂ ਸ਼ੁਜਾਹ ਢਾਕੇ ਵਲ ਨਸ ਗਿਆ। ਏਥੋਂ ਉਹ ਆਪਣੀ ਬੀਵੀ ਦੋ ਬੇਟ ਤੇ ਤਿੰਨ ਬੇਟੀਆਂ ਸਮੇਤ ਅਰਾਕਾਨ ਵਲ ਚਲਾ ਗਿਆ । ਅਰਾਕਾਨ ਦੇ ਰਾਜੇ ਨੇ ਬਦਕਿਸਮਤ ਸ਼ਾਹਜ਼ਾਦੇ ਦਾ ਸਵਾਗਤ ਕੀਤਾ ਪਰ ਉਸ ਦੀ ਇਕ ਲੜਕੀ ਨਾਲ ਵਿਆਹ ਕਰਨ ਦੀ ਮੰਗ ਪੇਸ਼ ਕਰ ਦਿਤੀ। ਇਸ ਦਰਖਾਸਤ ਤੋਂ ਸ਼ੁਜਾਹ ਚਿੜ ਗਿਆ ਅਤੇ ਉਸ ਨ ਅਰਕਾਨ ਦੇ ਤਖਤ ਉਤੇ ਕਬਜ਼ਾ ਕਰ ਲੈਣ ਦੀ ਸਾਜ਼ਸ਼ ਘੜੀ ਤੇ ਇਸ ਮਤਲਬ ਲਈ ਉਸ ਦੀ ਮੁਸਲਮਾਨ ਪਰਜਾ ਤੋਂ ਸਹਾਇਤਾ ਮੰਗੀ ਪਰ ਇਸ ਦਾ ਪਤਾ ਚਲ ਗਿਆ ਜਿਸ ਕਰ ਕੇ ਸ਼ੁਜਾਹ ਨੂੰ ਉਥੋਂ ਪਹਾੜਾਂ ਵਲ ਨਸਣਾ ਪੈ ਗਿਆ।

## ਅਨਿਸ਼ਚਿਤ ਅੰਤ

ਪਹਾੜਾਂ ਵਲ ਨਸ ਜਾਣ ਮਗਰੋਂ ਉਸ ਦਾ ਕੀ ਅੰਤ ਹੋਇਆ, ਇਸ ਬਾਰੇ ਪਿਛੋਂ ਕੁਛ ਪਤਾ ਨਹੀਂ ਲਗਾ । ਉਸ ਦੇ ਸ਼ਾਹਜ਼ਾਦਿਆਂ ਦੀਆਂ ਧੌਣਾਂ ਰਾਜੇ ਨੇ ਕੁਹਾੜੇ ਨਾਲ ਅੱਡ ਕਰ ਦਿਤੀਆਂ ਅਤੇ ਸ਼ਹਿਜ਼ਾਦੀਆਂ ਭਖ ਦ ਦੁਖੋਂ ਰੁਲ ਕੇ ਮਰ ਗਈਆਂ। ਇਹ ਸੀ ਦਾਰਾ ਅਤੇ ਸ਼ੁਜਾਹ ਦਾ ਦੁਖਦਾਈ ਅੰਤ।

## ਸ਼ਾਹਜਹਾਨ ਕੈਦ ਵਿਚ

ਆਪਣੇ ਬੇਟੇ ਔਰੰਗਜ਼ੇਬ ਦੇ ਹਥੋਂ ਤਖਤੋਂ ਲਥਣ ਮਗਰੋਂ ਸ਼ਾਹਜਹਾਨ ਅਠ ਸਾਲ ਤੀਕ ਜੀਉਂਦਾ ਰਿਹਾ ਕਿਉਂਕਿ ਉਹ ੨੩ ਜਨਵਰੀ ੧੬੬੬ ਈਸਵੀ ਨਹੀਂ ਸੀ ਮੋਇਆ। ਆਗਰੇ ਵਿਚ ਉਸ ਦੀ ਰਿਹਾਇਸ਼ ਲਈ ਇਕ ਮਹਲ ਰਾਖਵਾਂ ਕਰ ਦਿਤਾ ਗਿਆ ਜਿਸ ਦੀ ਹਿਫ਼ਾਜ਼ਤ ਤੇ ਨਿਗਰਾਨੀ ਲਈ ਇਕ ਜ਼ਬਰਦਸਤ ਰਖਿਅਕ ਦਸਤਾ ਨਿਯਤ ਸੀ । ਬਾਕੀ ਦੇ ਜੀਵਨ ਵਿਚ ਉਸ ਨਾਲ ਅਤਿ ਨਰਮੀ ਵਾਲਾ ਵਰਤਾਰਾ ਰਖਿਆ ਗਿਆ। ਮਹਲ ਦੇ ਅੰਦਰ ਉਸ ਦਾ ਪੂਰਾ ਪੂਰਾ ਹੁਕਮ ਚਲਦਾ ਸੀ ਅਤੇ ਉਸ ਨੂੰ ਕਾਫੀ ਅਮਲਾ ਫੈਲਾ ਰਖਣ ਦੀ ਖੁਲ੍ਹ ਸੀ । ਉਸ ਨੇ ਆਪਣੇ ਨਾਖਲਫ ਬੇਟੇ ਪਾਸੋਂ ਸ਼ਾਹੀ ਜਵਾਹਾਰਾਤ ਬਚਾ ਕੇ ਰਖ ਹੋਏ ਸਨ। ਜਦ ਔਰੰਗਜ਼ੇਬ ਨੇ ਇਹਨਾਂ ਹੀਰਿਆਂ ਦੀ ਮੰਗ ਕੀਤੀ ਤਦ ਉਸ ਨੇ ਇਹ ਧਮਕੀ ਦਿਤੀ ਕਿ ਜੇ ਉਸ ਦੇ ਬੇਟੇ ਨੇ ਇਹਨਾਂ ਦੀ ਵਾਪਸੀ ਲਈ ਜ਼ੋਰ ਦਿਤਾ ਤਦ ਇਹ ਸਭ ਕੀਮਤੀ ਹੀਰੇ ਹਥੌੜੇ ਨਾਲ ਚਿਕਨਾ ਚੂਰ ਕਰ ਦਿਤੇ ਜਾਣਗੇ। ਔਰੰਗਜ਼ੇਬ ਨੇ ਆਪਣੀ ਮੰਗ ਵਾਪਸ ਕਰ ਲਈ। ਇਕ ਹੋਰ ਅਵਸਰ ਉਤੇ ਔਰੰਗਜ਼ੇਬ ਨੇ ਬੇਨਤੀ ਕੀਤੀ ਕਿ ਦਾਰੇ ਦੀ ਬੇਟੀ ਦੀ ਮੰਗਣੀ ਉਸ ਦੇ ਬੇਟੇ ਅਕਬਰ ਨਾਲ ਕੀਤੀ ਜਾਏ । ਪਰ ਸ਼ਾਹਜਹਾਨ ਨੇ ਦਾਰੇ ਦੀ ਪੁਤਰੀ ਨੂੰ ਆਪਣੇ ਤੋਂ ਵਖ ਕਰਨ ਤੋਂ ਇਨਕਾਰ ਕਰ ਦਿਤਾ। ਕਿਉਂਕਿ ਦਾਰੇ ਦੀ ਪੁਤਰੀ ਨੇ ਐਲਾਨ ਕਰ ਰਖਿਆ ਸੀ ਕਿ ਉਹ ਆਪਣੇ ਬਾਪ ਦੇ ਕਾਤਲ ਦੇ ਪੁਤਰ ਨਾਲ ਸ਼ਾਦੀ ਕਰਨ ਨਾਲੋਂ ਇਕ ਖੰਜਰ ਨਾਲ ਆਪਣਾ ਪੇਟ ਚੀਰ ਲੈਣਾ ਚੰਗਾ ਸਮਝੇਗੀ। ਇਸ ਮੰਤਵ ਲਈ ਉਹ ਹਰ ਸਮੇਂ ਆਪਣੇ ਪਾਸ ਇਕ ਖੰਜਰ (ਛੁਰਾ) ਛੁਪਾਈ ਰਖਦੀ ਸੀ। ਇਸ ਦੇ ਮਗਰੋਂ ਉਸ ਦੀ ਦ੍ਰਿੜ੍ਹਤਾ ਦੇਖ ਕੇ ਔਰੰਗਜ਼ੇਬ ਨੇ ਮੁੜ ਇਸ ਮੰਗ ਤੇ ਜ਼ੋਰ ਨਾ ਦਿਤਾ । ਤਖਤੋਂ ਲਥੇ ਸ਼ਹਿਨਸ਼ਾਹ ਦੀ ਏਕਾਂਤ ਵਿਚ ਦਿਲਜੋਈ ਉਸ ਦੀ ਪਿਆਰੀ ਪੁਤਰੀ ਜਹਾਨ ਆਰਾ ਕਰਦੀ ਸੀ । ਆਪਣੇ ਜੀਵਨ ਦੀਆਂ ਅੰਤਮ ਘੜੀਆਂ ਉਹ ਆਪਣੇ ਸੌਣ ਕਮਰੇ ਦੀ ਖਿੜਕੀ ਵਿਚੋਂ ਆਪਣੀ ਬੇਗਮ ਦੇ ਰੌਜ਼ੇ ਨੂੰ ਤਕ ਕੇ ਸੁਖਾਲੀਆਂ ਕਰ ਲੈਂਦਾ ਸੀ।

ਉਸ ਦੀ ਮੌਤ ਤੋਂ ਕੁਛ ਸਮਾਂ ਪਹਿਲੇ ਔਰੰਗਜ਼ੇਬ ਨੇ ਸ਼ਾਹ ਜਹਾਨ ਨੂੰ ਬੜੀਆਂ ਪ੍ਰੇਮ ਵਫਾਦਾਰੀ ਤੇ ਸਨੇਹ ਭਰਪੂਰ ਚਿਠੀਆਂ ਲਿਖੀਆਂ ਕਿਉਂਕਿ ਹੁਣ ਉਸ ਨੇ ਕੁਛ ਹੀਰੇ ਤੇ ਜਵਾਹਾਰਾਤ ਆਪਣੇ ਬੇਟੇ ਨੂੰ ਭੇਜ ਦਿਤੇ ਸਨ। ਇਸ ਮਿਹਰਬਾਨੀ ਲਈ ਧੰਨਵਾਦ ਵਜੋਂ ਔਰੰਗਜ਼ੇਬ ਨੇ ਬਾਦਸ਼ਾਹ ਦੇ ਇਲਾਜ ਲਈ ਇਕ ਯੂਰਪੀਨ ਹਕੀਮ ਭੇਜਿਆ ।

## ਸ਼ਾਹਜਹਾਨ ਦੀ ਮੌਤ

ਇਸ ਹਕੀਮ ਦਾ ਨਾਮ ਨਹੀਂ ਦਸਿਆ ਗਿਆ ਪਰ ਇਹ ਉਹੋ ਹਕੀਮ ਸੀ ਜਿਸ ਨੂੰ ਕਈ ਵਾਰ ਜ਼ਹਿਰ ਦੇਣ ਲਈ ਵਰਤਿਆ ਜਾ ਚੁਕਾ ਸੀ ਅਤੇ ਇਸ ਸੇਵਾ ਬਦਲੇ ਉਸ ਨੂੰ ਇਕ ਵਡਾ ਔਹਦਾ ਦਿਤਾ ਗਿਆ ਸੀ। ਇਸ ਦੇ ਥੋੜਾ ਹੀ ਚਿਰ ਮਗਰੋਂ ਸ਼ਾਹਜਹਾਨ ਦੀ ਮੌਤ ਦਾ ਐਲਾਨ ਹੋ ਗਿਆ। ਇਹ ਮੌਤ ਓਸੇ ਰਾਤ ਹੋਈ ਜਦੋਂ ਕਿ ਔਰੰਗਜ਼ੇਬ ਨ-ਚਿੰਤ ਦਿਲ ਨਾਲ ਕਸ਼ਮੀਰ ਵਲ ਕੂਚ ਕਰਨ ਲਈ ਤਿਆਰ ਹੋ ਚੁਕਾ ਸੀ!

## ਔਰੰਗਜ਼ੇਬ ਉਤੇ ਪਿਓ ਨੂੰ ਜ਼ਹਿਰ ਦੇਣ ਦਾ ਸ਼ਕ

ਲੋਕਾਂ ਦਾ ਇਹ ਸ਼ਕ, ਕਿ ਬ੍ਰਿਧ ਬਾਦਸ਼ਾਹ ਨੂੰ ਜ਼ਹਿਰ ਦੇ ਕੇ ਖਤਮ ਕੀਤਾ ਗਿਆ, ਕਦੇ ਦੂਰ ਕਰਨ ਦਾ ਜਤਨ ਹੀ ਨਹੀਂ ਕੀਤਾ ਗਿਆ। ਔਰੰਗਜ਼ੇਬ ਦੀ ਸਭ ਤੋਂ ਵਡੀ ਬੇਟੀ ਫਰੁਖ-ਉਲ-ਨਿਸਾ ਨੇ ਇਸ ਮੌਕੇ ਉਤੇ ਔਰੰਗਜ਼ੇਬ ਨੂੰ ਮੁਬਾਰਕ ਦਿਤੀ ਸੀ।

## ਕਫਨ ਦਫਨ

ਸ਼ਾਹਜਹਾਨ ਦੀਆਂ ਮਾਤਮੀ ਰਸਮਾਂ ਬੜੀ ਧੂਮ ਧਾਮ ਨਾਲ ਕੀਤੀਆਂ ਗਈਆਂ । ਆਗਰੇ ਵਿਚਲੀ ਸਾਰੀ ਫੌਜ ਨੇ ਮਾਤਮੀ ਲਿਬਾਸ ਵਿਚ ਜਲੂਸ ਕਢਿਆ। ਔਰੰਗਜ਼ੇਬ ਰੋਣੀ ਸ਼ਕਲ ਬਣਾਈ ਇਸ ਜਲੂਸ ਦੇ ਨਾਲ ਸੀ। ਉਸ ਦੀਆਂ ਅੱਖਾਂ ਵਿਚੋਂ ਹੰਝੂ ਕਿਰ ਰਹੇ ਸਨ। ਮ੍ਰਿਤਕ ਸਰੀਰ ਨੂੰ ਉਸ ਦੀ ਪਿਆਰੀ ਬੇਗਮ ਦੇ ਰੋਜ਼ੇ ਦੇ ਨਾਲ ਹੀ ਦਫਨਾਇਆ ਗਿਆ। ਇਸ ਤਰ੍ਹਾਂ ਹੋਈ ਸੀ ਸ਼ਾਹਜਹਾਨ ਦੀ ਮੌਤ, ਜੋ ਹਿੰਦੀ ਰਾਜ ਦੀਆਂ ਕਿਸਮਤਾਂ ਉਤੇ ਰਾਜ ਕਰਨ ਵਾਲੇ ਬਾਦਸ਼ਾਹ ਵਿਚੋਂ ਸਭ ਤੋਂ ਅਧਿਕ ਸ਼ਾਨਦਾਰ ਸ਼ਹਿਨਸ਼ਾਹ ਸੀ। ਮੌਤ ਸਮੇਂ ਉਸ ਦੀ ਉਮਰ ੭੪ ਸਾਲ ਦੀ ਸੀ। ਉਸ ਨੇ ਪੂਰੇ ਤੀਹ ਸਾਲ ਤੀਕ ਰਾਜ ਕੀਤਾ ਸੀ।

## ਸ਼ਾਹਜਹਾਨ ਦੇ ਰਾਜ ਵਿਚ ਹਿੰਦੁਸਤਾਨ ਦੀ ਖੁਸ਼ਹਾਲੀ

ਸਾਰੇ ਇਤਿਹਾਸਕਾਰ ਸਪਸ਼ਟ ਸ਼ਬਦਾਂ ਵਿਚ ਮੰਨਦੇ ਹਨ ਕਿ ਸ਼ਾਹਜਹਾਨ ਦੇ ਰਾਜ ਸਮੇਂ ਹਿੰਦੁਸਤਾਨ ਬੜਾ ਖੁਸ਼ਹਾਲ ਸੀ। ਲਾਹੌਰ ਦੇ ਐਨ ਵਿਚਕਾਰ ਵਜ਼ੀਰ ਖਾਂ ਦੀ ਮਸੀਤ ਵਰਗੀ ਸ਼ਾਨਦਾਰ ਇਮਾਰਤ ਦੀ ਹੋਂਦ ਇਸ ਗਲ ਦਾ ਸਬੂਤ ਹੈ ਕਿ ਸੂਬੇ ਵਿਚ ਸਰਕਾਰੀ ਤੇ ਪ੍ਰਾਈਵੇਟ ਦੌਲਤ ਬੇਅੰਤ ਸੀ। ਸ਼ਾਹਜਹਾਨ ਨੇ ਲਾਹੌਰ ਦੇ ਸ਼ਾਹੀ ਮਹਲ ਵਿਚ ਬੜੀਆਂ ਕੀਮਤੀ ਅਦਲਾ ਬਦਲੀਆਂ ਕੀਤੀਆਂ ਅਤੇ ਲਾਹੌਰ ਤੇ ਕਸ਼ਮੀਰ

Sri Satguru Jagjit Singh Ji eLibrary NamdhariElibrary@gmail.com

ਚੁੱਬੀ ਸਨ ਕਿ ਉਹ ਆਗਰੇ ਤੋਂ ਸਾਫ ਸਾਫ ਦਿਖਾਈ ਦੇਂਦੇ ਸਨ। ਇਸ ਤਬਾਹ ਕੀਤੇ ਗਏ ਮੰਦਰ ਦੀ ਥਾਂ ਉਤੇ ਉਸ ਨੇ ਭਾਰੀ ਰਕਮ ਖਰਚ ਕਰ ਕੇ ਇਕ ਬੜੀ ਵਡੀ ਮਸੀਤ ਬਣਾਈ। ਮੰਦਰ ਦੀਆਂ ਕੀਮਤੀ ਮੂਰਤੀਆਂ ਆਗਰੇ ਭੇਜ ਦਿਤੀਆਂ ਗਈਆਂ। ਮਥਰਾ ਦਾ ਨਾਮ ਬਦਲ ਕੇ ਇਸਲਾਮਾਬਾਦ ਰਖ ਦਿਤਾ। ਖਤ ਪਤਰ ਵਿਚ ਤੇ ਬੋਲ ਚਾਲ ਵਿਚ ਇਹੋ ਨਾਮ ਚਾਲੂ ਹੋ ਗਿਆ। ਔਰੰਗਜ਼ੇਬ ਨੇ ਇਹ ਦਰਿੜ ਨਿਸ਼ਚਾ ਧਾਰ ਲਿਆ ਸੀ ਕਿ ਕੇਵਲ ਖੁਦਾ ਤੇ ਰਸੂਲ ਉਤੇ ਨਿਸ਼ਚਾ ਰਖਣ ਵਾਲਾ ਹੀ ਇਕੋ ਇਕੋ ਧਰਮ ਹਿੰਦੁਸਤਾਨ ਵਿਚ ਰਹੇਗਾ। ਉਸ ਨੇ ਸੂਬਿਆਂ ਦੇ ਵਾਇਸਰਾਇਆਂ ਅਤੇ ਗਵਰਨਰਾਂ ਦੇ ਨਾਮ ਖਾਸ ਹੁਕਮਨਾਮੇ ਜਾਰੀ ਕੀਤੇ ਕਿ ਉਸ ਦੇ ਸਾਰੇ ਰਾਜ ਵਿਚਲੇ ਮੰਦਰ ਤੇ ਮੂਰਤੀਆਂ ਢਾਹ ਦਿਤੀਆਂ ਜਾਣ। ਉਸ ਸੰਬੰਧ ਵਿਚ ਰਾਜਪੂਤਾਨੇ ਦੇ ਵਖ ਵਖ ਇਲਾਕਿਆਂ ਵਿਚ ੩੦੦ ਮੰਦਰ ਤਬਾਹ ਤੇ ਬਰਬਾਦ ਕਰ ਦਿਤੇ ਗਏ ਅਤੇ ਉਹਨਾਂ ਦੀਆਂ ਮੂਰਤੀਆਂ ਤੋੜ ਭੰਨ ਦਿਤੀਆਂ ਗਈਆਂ।

## ਹਰ ਕਿਸਮ ਦੀ ਮੂਰਤੀ ਪੂਜਾ ਬੰਦ

ਔਰੰਗਜ਼ੇਬ ਨੇ ਮੁਲਾਂ ਨਿਯਤ ਕਰ ਦਿਤੇ ਤੇ ਉਹਨਾਂ ਨੂੰ ਘੁੜ ਸਵਾਰਾਂ ਦੀਆਂ ਪਾਰਟੀਆਂ ਦੇ ਦਿਤੀਆਂ ਤਾਂ ਜੁ ਉਹ ਹਰ ਕਿਸਮ ਦੀ ਮੂਰਤੀ ਪੂਜਾ ਨੂੰ ਜਿਥੇ ਵੇਖਣ ਬੰਦ ਕਰਾ ਦੇਣ।

## ਹਿੰਦੂ ਤੀਰਥ ਤੇ ਮੇਲੇ ਬੰਦ

ਇਸ ਦੇ ਕੁਛ ਸਮਾਂ ਮਗਰੋਂ ਉਸ ਨੇ ਹਿੰਦੂ ਤਿਹਾਰ ਤੇ ਮੇਲੇ ਬੰਦ ਕਰ ਦਿਤੇ ਅਤੇ ਗਵਰਨਰਾਂ ਤੇ ਸਰਕਾਰੀ ਹਾਕਿਆਂ ਦੇ ਨਾਮ ਸਰਕੂਲਰ ਜਾਰੀ ਕਰ ਦਿਤੇ ਕਿ ਅਗੋਂ ਤੋਂ ਸਰਕਾਰੀ ਨੌਕਰੀਆਂ ਵਿਚ ਕੋਈ ਹਿੰਦੂ ਭਰਤੀ ਨਾ ਕੀਤਾ ਜਾਏ।

## ਹਿੰਦੂਆਂ ਨੂੰ ਸਰਕਾਰੀ ਨੌਕਰੀਆਂ ਤੋਂ ਜਵਾਬ

ਉਹਨਾਂ ਨੂੰ ਇਹ ਵੀ ਹੁਕਮ ਦਿਤਾ ਕਿ ਅਗੋਂ ਤੋਂ ਸਭ ਸਰਕਾਰੀ ਔਹੁਦੇ ਕੇਵਲ ਮੁਸਲਮਾਨਾਂ ਨਾਲ ਪੁਰ ਕੀਤੇ ਜਾਣ।

## ਹਿੰਦੂ ਸਰਕਾਰੀ ਹੱਕਾਂ ਤੋਂ ਵੰਚਿਤ

ਸੰਨ ੧੬੯੦ ਈਸਵੀ ਵਿਚ ਸ਼ਹਿਨਸ਼ਾਹ ਨੇ ਸ਼ਾਹੀ ਐਲਾਨ ਜਾਰੀ ਕੀਤਾ ਜਿਸ ਰਾਹੀਂ ਹਿੰਦੂਆਂ ਨੂੰ ਪਾਲਕੀਆਂ ਉਤੇ ਸਵਾਰ ਹੋਣ ਅਤੇ ਅਰਬੀ ਘੋੜਿਆਂ ਉਤੇ ਚੜ੍ਹਨ ਦੀ ਮਨਾਹੀ ਕੀਤੀ ਗਈ। ਜਿੰਨੇ ਹਿੰਦੂ ਸਰਕਾਰੀ ਨੌਕਰ ਸਨ ਸਭ ਨੂੰ ਹੁਕਮ ਦਿਤਾ ਗਿਆ ਕਿ ਉਹ ਮੁਸਲਮਾਨੀ ਧਰਮ ਧਾਰਨ ਕਰ ਲੈਣ ਵਰਨਾ ਉਹਨਾਂ ਨੂੰ ਨੌਕਰੀ ਤੋਂ ਜਵਾਬ ਦਿਤਾ ਜਾਏਗਾ। ਜਿਹਨਾਂ ਨੇ ਮੁਸਲਮਾਨ ਬਣਨਾ ਪਰਵਾਨ ਨ ਕੀਤਾ ਉਹਨਾਂ ਨੂੰ ਸਰਕਾਰੀ ਨੌਕਰੀ ਤੋਂ ਬਰਖਾਸਤ ਕੀਤਾ ਗਿਆ।

## ਹਿੰਦੂ ਸੰਨਿਆਸੀਆਂ ਦੀ ਜਲਾਵਤਨੀ

ਜੋਗੀਆਂ, ਸੰਨਿਆਸੀਆਂ ਅਤੇ ਦੂਜੇ ਧਾਰਮਕ ਲੋਕਾਂ (ਹਿੰਦੂਆਂ) ਦੀ ਭਾਰੀ ਗਿਣਤੀ ਨੂੰ ਔਰੰਗਜ਼ੇਬ ਨੇ ਆਪਣ ਰਾਜ ਵਿਚੋਂ ਦੇਸ-ਨਿਕਾਲਾ ਦੇ ਦਿਤਾ। ਸ਼ਹਿਨਸ਼ਾਹ ਨੇ ਸੌਦਾਗਰੀ ਮਾਲ ਦਾ ਮਹੂਲ ਮੁਸਲਮਾਨਾਂ ਲਈ ਹਿੰਦੂਆਂ ਨਾਲੋਂ ਅੱਧਾ ਕਰ ਦਿਤਾ ਅਤੇ ਕਈ ਹੋਰ ਘ੍ਰਿਣਤ ਟੈਕਸ* ਵੀ ਮਾਫ ਕਰ ਦਿਤੇ। ਆਪਣੇ ਖਾਨਦਾਨ ਦੀ ਰਿਵਾਇਤ ਦੀ ਪੈਰਵੀ ਵਿਚ ਉਸ ਨੇ ਸੰਨ ੧੬੬੧ ਈਸਵੀ ਵਿਚ ਆਪਣੇ ਬੇਟੇ ਮੁਅਜ਼ਮ ਦੀ ਸ਼ਾਦੀ ਰਾਜਾ ਰੂਪ ਸਿੰਘ ਦੀ ਪੁਤਰੀ ਨਾਲ ਕਰ ਦਿਤੀ।

*ਵੇਖੋ ਖਾਫੀ ਖਾਨ ਦਾ ਮੁੰਤਖਿਬੁਲ-ਲੁਬਾਹ।

## ਜਜ਼ੀਆ ਮੁੜ ਚਾਲੂ

ਆਪਣੇ ਰਾਜ ਦੇ ੨੨ਵੇਂ ਸਾਲ ਵਿਚ ਉਸ ਨੇ ਆਪਣੇ ਸਾਰੇ ਰਾਜ ਵਿਚ ਜਜ਼ੀਆ ਅਰਥਾਤ ਹਿੰਦੂਆਂ ਉਪਰ ਹਿੰਦੂ ਹੋਣ ਦਾ ਟੈਕਸ ਨਵੇਂ ਸਿਰੇ ਜਾਰੀ ਕਰ ਦਿਤਾ। ਦਿਲੀ ਦੇ ਹਿੰਦੂ ਭਾਰੀ ਗਿਣਤੀ ਵਿਚ ਝਰੋਖੇ ਦੇ ਹੇਠ ਜਮਾਂ ਹੋ ਗਏ ਅਤੇ ਬਾਦਸ਼ਾਹ ਪਾਸ ਬੇਨਤੀ ਕੀਤੀ ਕਿ ਘ੍ਰਿਣਤ ਟੈਕਸ ਮਾਫ ਕੀਤਾ ਜਾਏ ਪਰ ਬਾਦਸ਼ਾਹ ਆਪਣੇ ਹਠ ਤੋਂ ਬਾਜ਼ ਨਾ ਆਇਆ। ਇਸ ਤੇ ਹਿੰਦੂਆਂ ਨੇ ਸ਼ਹਿਰ ਵਿਚ ਆਪਣੀਆਂ ਦੁਕਾਨਾਂ ਬੰਦ ਕਰ ਦਿਤੀਆਂ ਅਤੇ ਸਾਰਾ ਕਾਰੋਬਾਰ ਬੰਦ ਹੋ ਗਿਆ। ਸ਼ੁਕਰ ਵਾਰ ਵਾਲੇ ਦਿਨ ਉਹ ਮਹਲ ਤੋਂ ਲੈ ਕੇ ਜਾਮਾ ਮਸੀਤ ਦੇ ਸਾਰੇ ਰਸਤ ਉਤੇ ਜਮਾਂ ਹੋ ਗਏ ਤਾਂ ਜੁ ਬਾਦਸ਼ਾਹ ਪਾਸ ਫਰਿਆਦੀ ਹੋਣ। ਇਹ ਇਕੱਠ ਪਲ ਪਲ ਵਿਚ ਵਧਦਾ ਗਿਆ ਅਤੇ ਕਦਮ ਕਦਮ ਉਤੇ ਬਾਦਸ਼ਾਹ ਦੀ ਸਵਾਰੀ ਨੂੰ ਰੁਕਣਾ ਪਿਆ। ਇਹ ਹਾਲਤ ਵੇਖ ਕੇ ਉਹ ਉਹਨਾਂ ਦੀ ਸ਼ਕਾਇਤ ਸੁਣਨ ਲਈ ਖੜਾ ਹੋ ਗਿਆ ਪਰ ਲੋਕ ਫੇਰ ਵੀ ਓਥੋਂ ਨਾ ਹਿਲੇ। ਇਸ ਤੇ ਬਾਦਸ਼ਾਹ ਦੇ ਹੁਕਮ ਨਾਲ ਜੰਗੀ ਹਾਥੀ ਉਸ ਇਕੱਠ ਉਤੇ ਛਡੇ ਗਏ ਅਤੇ ਸ਼ਾਹੀ ਅਮਲਾ ਫੈਲਾ ਅਗੇ ਵਧਿਆ। ਘੋੜਿਆਂ ਅਤੇ ਹਾਥੀਆਂ ਦੇ ਪੈਰਾਂ ਹੇਠ ਬਹੁਤ ਸਾਰੇ ਲੋਕ ਮਿਧੇ ਗਏ ਤੇ ਮਾਰੇ ਗਏ। ਇਹ ਹਾਲਤ ਵੇਖ ਕੇ ਹਿੰਦੂਆਂ ਨੇ ਜ਼ਿਦ ਛਡ ਦਿਤੀ।

## ਝਰੋਖੇ ਦੇ ਦਰਸ਼ਨ ਖਤਮ

ਔਰੰਗਜ਼ੇਬ ਨੇ ਸਲਾਮ ਦੇ ਢੰਗਾਂ ਵਿਚ ਵੀ ਤਬਦੀਲੀ ਕਰ ਦਿਤੀ ਅਤੇ ਉਸ ਨੇ ਝਰੋਖੇ ਵਿਚ ਖਲੋ ਕੇ ਦਰਸ਼ਨ ਦੇਣ ਦਾ ਪੁਰਾਣਾ ਚਲਿਆ ਆ ਰਿਹਾ ਰਿਵਾਜ ਵੀ ਬੰਦ ਕਰ ਦਿਤਾ। ਇਉਂ ਲੋਕ ਨਿਰਦੋਸ਼ ਜਿਹੇ ਮਨ ਪਰਚਾਵੇ ਤੋਂ ਵੀ ਵੰਚਿਤ ਹੋ ਗਏ।

## ਸ਼ਹਿਨਸ਼ਾਹ ਦੀਆਂ ਦੱਖਣ ਵਿਚ ਜਿੱਤਾਂ

ਔਰੰਗਜ਼ੇਬ ਦੇ ਰਾਜ ਦੀ ਇਕ ਲੰਮੀ ਮੁਦਤ ਦਖਣ ਨੂੰ ਫਤਹ ਕਰਨ ਵਿਚ ਖਰਚ ਹੋਈ। ਉਸ ਨੇ ਗੋਲਕੰਡਾ ਅਤੇ ਬਿਜੇ ਪੁਰ ਦੀਆਂ ਰਿਆਸਤਾਂ ਫਤਹ ਕਰ ਲਈਆਂ। ਇਉਂ ਉਸ ਦੇ ਰਾਜ ਦੀਆਂ ਹੱਦਾਂ ਕਰਨਾਟਕ ਤੀਕ ਦੇ ਦੂਰ ਦੁਰਾਡੇ ਇਲਾਕੇ ਤੀਕ ਫੈਲ ਗਈਆਂ। ਜਿਸ ਸਮੇਂ ਸ਼ਾਹਜਹਾਨ ਦੀ ਮੌਤ ਹੋਈ ਉਹ ਸਮਾਂ ਉਸ ਦੇ ਲੰਮੇ ਰਾਜ ਦਾ ਅਤਿਅੰਤ ਖੁਸ਼ਹਾਲੀ ਦਾ ਸਮਾਂ ਸੀ। ਉਸ ਦੇ ਕਸ਼ਮੀਰ ਦੇ ਗਵਰਨਰ ਨੇ ਛੋਟੇ ਤਿਬਤ ਨੂੰ ਵੀ ਜਿੱਤ ਲਿਆ ਸੀ ਅਤੇ ਬੰਗਾਲ ਦੇ ਵਾਇਸਰਾਏ ਨੇ ਖਾੜੀ ਬੰਗਾਲ ਦੇ ਪੂਰਬੀ ਕੰਢੇ ਦੇ ਚਿਟਾਗਾਂਗ ਦੇ ਇਲਾਕੇ ਨੂੰ ਉਹਦੇ ਰਾਜ ਵਿਚ ਸ਼ਾਮਲ ਕਰ ਦਿਤਾ ਸੀ।

## ਮੁਸਲਮ ਜਗਤ ਵਿਚ ਬਾਦਸ਼ਾਹ ਦੀ ਇਜ਼ਤ

ਸਾਰੇ ਮੁਸਲਮਾਨ ਜਗਤ ਵਿਚ ਸ਼ਹਿਨਸ਼ਾਹ ਨੂੰ ਬੜੀ ਇਜ਼ਤ ਦੀ ਨਿਗਾਹ ਨਾਲ ਵੇਖਿਆ ਜਾਂਦਾ ਸੀ। ਉਸ ਦੀ ਰਾਜਧਾਨੀ ਵਿਚ ਮੱਕੇ ਦੇ ਸ਼ਰੀਫ, ਅਰਬੀ ਦੇਸ਼ਾਂ ਦੇ ਬਾਦਸ਼ਾਹਾਂ; ਉਜ਼ਬੇਕਾਂ ਦੇ ਖਾਨ ਅਤੇ ਸ਼ਾਹ ਐਬੇਸੀਨੀਆ ਵਲੋਂ ਰਾਜਦੂਤ ਮੌਜੂਦ ਰਹਿੰਦੇ ਸਨ। ਇਥੋਂ ਤੀਕ ਕਿ ਸ਼ਾਹ ਈਰਾਨ ਨੇ ਵੀ ਔਰੰਗਜ਼ੇਬ ਦੇ ਦਰਬਾਰ ਵਿਚ ਆਪਣਾ ਰਾਜ ਦੂਤ ਭੇਜ ਦਿਤਾ। ਇਸ ਦੇ ਉਤਰ ਵਿਚ ਹਿੰਦੁਸਤਾਨ ਵਲੋਂ ਵੀ ਈਰਾਨ ਵਿਚ ਸਫਾਰਤ ਭੇਜੀ ਗਈ। ਪਰ ਦੋਵੇਂ ਦੇਸਾਂ ਵਿਚਾਲੇ ਅਦਾਬ ਸੰਬੰਧੀ ਕੁਛ ਇਤਰਾਜ ਉਠ ਖੜੇ ਹੋਏ ਜਿਸ ਕਰਕੇ ਦਿਲੀ ਦੇ ਸ਼ਹਿਨਸ਼ਾਹ ਅਤੇ

Sri Satguru Jagjit Singh Ji eLibrary NamdhariElibrary@gmail.com

ਨੂੰ ਪਿਛਲੇਰੇ ਸਾਲ ਆਪਣੇ ਹਸਤਾਖੁਰ ਸਮੇਤ ਆਗਰੇ ਭੇਜੀ ਸੀ।

## ਔਰੰਗਜ਼ੇਬ ਦੇ ਸਿਕੇ

ਸ਼ਾਹੀ ਸਿਕੇ ਦੇ ਇਕ ਪਾਸੇ ਦੀ ਲਿਖਤ ਵਿਚ ੪ ਖਲੀਫਿਆਂ ਦੇ ਨਾਮ ਤੇ ਉਹਨਾਂ ਦੇ ਮਜ਼ਬ ਲਿਖੇ ਸਨ ਉਹ ਔਰੰਗਜ਼ੇਬ ਨੇ ਇਸ ਲਈ ਮਿਟਾ ਦਿਤੇ ਕਿ ਇਹ ਸਿਕੇ ਕਾਫਰਾਂ ਦੇ ਹਥਾਂ ਵਿਚ ਜਾਣੇ ਹਨ ਤੇ ਨਾਪਾਕ ਥਾਵਾਂ ਉਤੇ ਵੀ ਰਖੇ ਜਾਣੇ ਹਨ। ਲਿਖਤ ਵਿਚ ਹੇਠ ਲਿਖੀ ਅਦਲਾ ਬਦਲੀ ਕੀਤੀ ਗਈ ਤੇ ਸ਼ਹਿਨਸ਼ਾਹ ਦੇ ਨਾਮ ਦਾ ਵਾਧਾ ਕੀਤਾ ਗਿਆ ਸੀ—

سکہ زد در جہاں چو بدر منیر شاہ اورنگ زیب عالمگیر

ਅਰਥਾਤ—ਸ਼ਹਿਨਸ਼ਾਹ ਔਰੰਗਜ਼ੇਬ ਨੇ ਸੰਸਾਰ ਵਿਚ ਲਿਸ਼ਕਦੇ ਚੰਦਰਮਾ ਵਾਂਗ ਸਿੱਕਾ ਚਾਲੂ ਕੀਤਾ। ਉਪਰੋਕਤ ਲਿਖਤ ਚਾਂਦੀ ਦੇ ਸਿਕੇ ਉਤੇ ਉਕਰੀ ਹੋਈ ਸੀ। ਜਿਥੋਂ ਸੋਨੇ ਦੇ ਸਿਕੇ ਦਾ ਸੰਬੰਧ ਹੈ ਲਫਜ਼ ਬਦਰ ਮੁਨੀਰ ਨੂੰ ਮਿਹਰ ਮੁਨੀਰ (ਚਮਕਦੇ ਸੂਰਜ) ਵਿਚ ਤਬਦੀਲ ਕਰ ਦਿਤਾ ਸੀ।

## ਉਸ ਦਾ ਪਹਿਲਾ ਕਾਰਨਾਮਾ

ਉਸ ਨੇ ਅਗ ਪੂਜਕਾਂ ਦੀ ਨਿਸ਼ਾਨੀ ਨਵੇਂ ਸਾਲ (ਨਰੋਜ਼) ਦਾ ਤਿਹਾਰ ਖਤਮ ਕਰ ਦਿਤਾ ਅਤੇ ਉਸ ਦੀ ਬਜਾਇ ਅਰਬੀ ਚੰਦ ਦੇ ਮਹੀਨੇ ਜਾਰੀ ਕਰ ਦਿਤੇ ਜੋ ਕਿ ਮੁਸਲਮਾਨੀ ਰਿਵਾਜ ਦੇ ਐਨ ਅਨਕੂਲ ਸਨ। ਉਸ ਨੇ ਹੁਕਮ ਜਾਰੀ ਕਰ ਕੇ ਸ਼ਰਾਬ ਦੀ ਵਰਤੋਂ ਦੀ ਮਨਾਹੀ ਕਰ ਦਿਤੀ। ਜਿਹੜਾ ਮੁਸਲਮਾਨ ਇਸ ਹੁਕਮ ਦੀ ਉਲੰਘਣਾ ਕਰਦਾ ਉਸ ਦਾ ਸ਼ਰਾਬ ਪਿਆਉਣ ਵਾਲਾ ਹੱਥ ਜਾਂ ਸ਼ਰਾਬ ਲਿਆਉਣ ਵਾਲੀਆਂ ਲਤਾਂ ਕਟ ਦਿੰਦਾ ਸੀ।

## ਜੂਏ ਘਰਾਂ ਦੀ ਬੰਦਸ਼

ਉਸ ਨੇ ਸਭ ਜੂਏ ਘਰ ਹੁਕਮਨ ਬੰਦ ਕਰ ਦਿਤੇ ਅਤੇ ਸ਼ਾਹੀ ਮਹਲਾਂ ਵਿਚ ਜਿੰਨੇ ਰਾਗੀ ਤੇ ਨਾਚ ਨਾਚੀਆਂ ਸਨ ਉਹਨਾਂ ਸਭਨਾਂ ਨੂੰ ਛੁਟੀ ਦੇ ਦਿਤੀ। ਇਸ ਮਤਲਬ ਲਈ ਵਸ਼ੇਸ਼ ਅਫਸਰ ਨਿਯਤ ਕੀਤੇ ਗਏ ਜਿਨ੍ਹਾਂ ਨੂੰ ਅਧਿਕਾਰ ਸੀ ਕਿ ਜਿਥੇ ਰਾਗ ਰੰਗ ਹੁੰਦਾ ਹੋਵੇ ਉਥੇ ਦਾਖਲ ਹੋ ਕੇ ਸਾਰੇ ਸਾਜ਼ਾਂ ਨੂੰ ਹੀ ਅਗ ਲਾ ਦਿਤੀ ਜਾਏ। ਸਾਜ਼ ਜਮਾਂ ਕਰ ਕੇ ਉਹਨਾਂ ਦੇ ਢੇਰ ਲਾਏ ਜਾਂਦੇ ਅਤੇ ਉਹਨਾਂ ਨੂੰ ਲੋਕਾਂ ਦੇ ਸਾਹਮਣੇ ਅਗ ਲਾ ਦਿਤੀ ਜਾਂਦੀ।

## ਰਾਗੀਆਂ ਦਾ ਖਾਤਮਾ

ਇਸ ਕਾਰਰਵਾਈ ਨਾਲ ਸੈਂਕੜੇ ਰਾਗੀ ਭੁਖੇ() ਮਰਨ ਲਗੇ।

()ਸ਼ੁਕਰ ਵਾਰ ਦੇ ਦਿਨ ਜਿਸ ਦਿਨ ਬਾਦਸ਼ਾਹ ਜੁਮੇ ਦੀ ਨਮਾਜ਼ ਲਈ ਬਹੁਤੀ ਗਾਰਦ ਸਮੇਤ ਮਸੀਤ ਵਲ ਜਾ ਰਿਹਾ ਸੀ ਤਦ ਉਸ ਨੇ ਇਕ ਅਰਥੀ ਜਾਂਦੀ ਡਿਠੀ ਜਿਸ ਦੇ ਮਗਰ ਬਹੁਤ ਸਾਰੇ ਲੋਕ ਜਾ ਰਹੇ ਸਨ। ਇਹ ਲੋਕ ਬੜੇ ਰੋਂਦੇ ਤੇ ਕੁਰਲਾਂਦੇ ਸਨ। ਬਾਦਸ਼ਾਹ ਦੇ ਪੁਛਣ ਉਤੇ ਉਸ ਨੂੰ ਦਸਿਆ ਗਿਆ ਕਿ ਰਾਗ ਦੀ ਲਾਸ਼ ਉਸ ਦੇ ਬੇਟੇ ਰਾਗੀ ਕਬਰਸਤਾਨ ਵਿਚ ਦਬਾਉਣ ਲਈ ਲਿਜਾ ਰਹੇ ਹਨ। ਇਹ ਸੁਣ ਕੇ ਬਾਦਸ਼ਾਹ ਨੇ ਫਰਮਾਇਆ | 'ਇਸ ਨੂੰ ਜ਼ਰਾ ਡੂੰਘੀ ਕਬਰ ਵਿਚ ਦਬਾਉਣਾ ਤਾਂ ਜੋ ਮੁੜ ਕੇ ਨਾ ਨਿਕਲ ਆਏ ਜੇ. ਟਾਲਬਾਇਜ਼ ਵੀਹਲਰ ਮਨੂਚੀ ਦੇ ਆਧਾਰ ਤੇ ਹੋਰ ਵੇਖੋ ਖਾਫੀ ਖਾਨ।

ਸਾਰੀਆਂ ਨਾਚੀਆਂ ਕੁੜੀਆਂ ਦੇ ਜਾਂ ਤੇ ਨਿਕਾਹ ਕਰ ਦਿਤੇ ਗਏ ਜਾਂ ਉਹਨਾਂ ਨੂੰ ਦੇਸ਼ ਨਿਕਾਲਾ ਦਿਤਾ ਗਿਆ।

## ਸ਼ਾਹੀ ਨਜੂਮੀਆਂ ਤੇ ਕਵੀਆਂ ਨੂੰ ਛੁਟੀ

ਨਜੂਮ ਤੇ ਜੋਤਸ਼ ਦੀ ਵੀ ਮਨਾਹੀ ਕੀਤੀ ਗਈ। ਜਿੰਨੇ ਸ਼ਾਹੀ ਨਜੂਮੀ ਜਾਂ ਜੋਤਸ਼ੀ ਸਨ ਉਹਨਾਂ ਸਭਨਾ ਨੂੰ ਨੌਕਰੀ ਤੋਂ ਜਵਾਬ ਦੇ ਦਿਤਾ। ਰਾਜ ਕਵੀ ਦਾ ਔਹਦਾ ਵੀ ਉਡਾ ਦਿਤਾ ਗਿਆ। ਕਵੀਆਂ ਦੇ ਸਰਕਾਰ ਵਲੋਂ ਜਿਹੜੇ ਵਜ਼ੀਫੇ ਲਗੇ ਹੋਏ ਸਨ ਉਹ ਵੀ ਸਭ ਬੰਦ ਕਰ ਦਿਤੇ ਗਏ।

## ਸਰਫੇ ਦੀ ਸਕੀਮ ਉਤੇ ਵਰਤੋਂ

ਬਾਦਸ਼ਾਹ ਨੇ ਬਚਤ ਦੀ ਸਕੀਮ ਉਤੇ ਸਖਤੀ ਨਾਲ ਵਰਤੋਂ ਸ਼ੁਰੂ ਕਰ ਦਿਤੀ ਅਤੇ ਇਸ ਲਈ ਸਖਤ ਨਿਗਰਾਨੀ ਦਾ ਪ੍ਰਬੰਧ ਕੀਤਾ ਗਿਆ। ਇਥੋਂ ਤੀਕ ਕਿ ਉਹ ਆਪਣੀ ਰੋਜ਼ੀ ਉਹਨਾਂ ਟੋਪੀਆਂ ਦੀ ਕਢਾਈ ਨਾਲ ਕਮਾਉਂਦਾ ਸੀ ਜਿਹੜੀਆਂ ਉਹ ਆਪਣੇ ਹਥ ਨਾਲ ਕਢਦਾ ਸੀ।

## ਮਹਿਕਮਾ ਜਾਸੂਸੀ

ਉਸਨੇ ਜਾਸੂਸੀ ਦਾ ਮਹਿਕਮਾ ਵੀ ਚਾਲੂ ਕੀਤਾ। ਇਸ ਮਹਿਕਮੇ ਨੂੰ ਐਨੀ ਪੂਰਨਤਾ ਦਿਤੀ ਗਈ ਕਿ ਰਾਜ ਦੇ ਲੰਮ ਚੁੜਾ ਦੀ ਸਾਰੀ ਖਬਰ ਉਸ ਨੂੰ ਪਹੁੰਚਦੀ ਰਹਿੰਦੀ ਤੇ ਲੋਕ ਉਸ ਦੀ ਜਾਣ ਕਾਰੀ ਨੂੰ ਉਸਦੀ ਕਰਾਮਤ ਸਮਝਣ ਲਗ ਪਏ। ਉਹ ਕਟੜ ਸੁੰਨੀ ਸੀ। ਉਸ ਨੇ ਸ਼ੀਆ ਦਰਬਾਰੀਆਂ ਦੀਆਂ ਜਾਗੀਰਾਂ ਉਹਨਾਂ ਪਾਸੋਂ ਖੋਹ ਲਈਆਂ ਅਤੇ ਉਹਨਾਂ ਨੂੰ ਮੁਨਾਸਬ ਪੈਨਸ਼ਨਾਂ ਦੇ ਕੇ ਕਸ਼ਮੀਰ ਵਾਪਸ ਭੇਜ ਦਿਤਾ।

## ਸ਼ੀਆਂ ਵਿਰੁਧ ਸਖ਼ਤ ਕਾਰਰਵਾਈ

ਸ਼ੀਆ ਲੋਕਾਂ ਬਾਰੇ ਉਹ ਆਖ਼ਦਾ ਸੀ—"ਕੁਰਾਨ ਮੰਨਣ ਕਾਰਨ ਉਹਨਾਂ ਦਾ ਸਾਡੇ ਨਾਲ ਸੰਬੰਧ ਹੈ ਪਰ ਖਲੀਫਿਆਂ ਦੀ ਜਾਨਸ਼ੀਨੀ ਦੇ ਮਾਮਲੇ ਵਿਚ ਉਹਨਾਂ ਨੇ ਭੁਲ ਨਾਲ ਆਪਣ ਆਪ ਨੂੰ ਵਖ ਕਰ ਲਿਆ ਹੈ, ਉਸ ਲਈ ਉਹਨਾਂ ਨੂੰ ਵਖ ਹੀ ਕਰ ਦੇਣਾ ਚਾਹੀਦਾ ਹੈ।"

## ਮੁੱਛਾਂ ਬਾਰੇ ਸ਼ਾਹੀ ਐਲਾਨ

ਉਸ ਨੇ ਸ਼ਾਹੀ ਐਲਾਨ ਦੁਆਰਾ ਸ਼ੀਆਂ ਨੂੰ ਲੰਮੀਆਂ ਮੁੱਛਾਂ ਰਖਣ ਦੀ ਮਨਾਹੀ ਕਰ ਦਿਤੀ ਅਤੇ ਐਸੇ ਅਫਸਰ ਨਿਯਤ ਕਰ ਦਿਤੇ ਜੋ ਉਹਨਾਂ ਦੀਆਂ ਮੁੱਛਾਂ ਦੀ ਮਿਣਤੀ ਕਰਦੇ ਰਹਿੰਦੇ ਤੇ ਜੋ ਉਹ ਨਿਯਤ ਲੰਬਾਈ ਤੋਂ ਵਧ ਹੁੰਦੀਆਂ ਤਦ ਉਹਨਾਂ ਦਾ ਵਾਧੂ ਹਿੱਸਾ ਕਟ ਦਿੰਦੇ ਸਨ।

## ਹਿੰਦੂ ਮੰਦਰਾਂ ਦੀ ਬਰਬਾਦੀ

ਉਸ ਨੇ ਹਿੰਦੂ ਮਤ ਦੇ ਪਰਚਾਰ ਦੀ ਮਨਾਹੀ ਕਰ ਦਿਤੀ। ਦਿੱਲੀ ਦੇ ਪਾਸ ਉਹਨਾਂ ਦਾ ਜਿਹੜਾ ਬਹੁਤ ਵਡਾ ਮੰਦਰ ਸੀ ਉਹ ਢਾਹ ਢੇਰੀ ਕਰ ਦਿਤਾ। ਬਨਾਰਸ ਦੇ ਵਿਸ਼ਵਾ ਨਾਥ ਮੰਦਰ ਨੂੰ ਅਤੇ ਮਥਰਾ ਵਿਚ ਡੇਰਾ ਕੇਸ਼ਵ ਰਾਏ ਦੇ ਸ਼ਾਨਦਾਰ ਮੰਦਰ ਨੂੰ, ਜਿਸ ਨੂੰ ਰਾਜਾ ਨਰਸਿੰਘ ਦਿਓ ਨੇ ਤੇਤੀ ਲਖ* ਰੁਪਏ ਦੀ ਲਾਗਤ ਨਾਲ ਬਣਾਇਆ ਸੀ, ਧਰਤੀ ਨਾਲ ਪਧਰ ਕਰ ਦਿਤਾ। ਇਸ ਮੰਦਰ ਦੇ ਸੁਨਹਿਰੀ ਕਲਸ ਐਨੇ ਗਗਨ

*ਮਾਅਸਰਿ ਆਲਮਗੀਰੀ.

Sri Satguru Jagjit Singh Ji eLibrary NamdhariElibrary@gmail.com

ਸਨ। ਕੈਂਪ ਦੇ ਨਾਲ ਹੀ ਖੁਰਾਕ ਆਦ ਕਾਫੀ ਹੁੰਦੀ ਸੀ। ਦਰਿਆ ਗੰਗਾ ਦਾ ਪੀਣ ਵਾਲਾ ਪਾਣੀ ਊਠਾਂ ਉਤੇ ਲਦਿਆ ਰਹਿੰਦਾ ਸੀ। ਸ਼ਾਹੀ ਖਜ਼ਾਨਾ ਹਾਥੀਆਂ ਅਤੇ ਗਡੀਆਂ ਉਤੇ ਲਦਿਆ ਹੋਇਆ ਨਾਲ ਜਾਂਦਾ ਸੀ। ਬਾਦਸ਼ਾਹ ਦੇ ਤੰਬੂ ਵਿਚ ਸ਼ਾਨਦਾਰ ਦਰਬਾਰ, ਹਾਲ ਕਮਰੇ ਤੇ ਦੂਜੇ ਕਮਰੇ ਹੁੰਦੇ ਸਨ ਤੇ ਹਰ ਰਸਤੇ ਉਤੇ ਤੋਪਾਂ ਦਾ ਪਹਿਰਾ ਰਹਿੰਦਾ ਸੀ। ਘੁੜ ਸਵਾਰ ਤੇ ਪੈਦਲ ਫੌਜੀ, ਨੌਕਰ ਚਾਕਰ ਤੇ ਡੰਗਰਾਂ ਲਈ ਘਾਹ ਪਠੇ ਵਾਲੇ ਵੀ ਨਾਲ ਹੁੰਦੇ ਸਨ। ਸਾਮਾਨ, ਤੰਬੂ ਅਤੇ ਘੋੜੇ ਇਸ ਤੋਂ ਅਡਰੇ ਹੁੰਦੇ ਸਨ।

## ਔਰੰਗਜ਼ੇਬ ਦੀ ਮੌਤ ੧੭੦੭

ਸੰਨ ੧੭੦੭ ਈਸਵੀ ਨੂੰ ਅਹਿਮਦ ਨਗਰ ਦੇ ਅਸਥਾਨ ਉਤੇ ਸ਼ਾਹੀ ਕੈਂਪ ਵਿਚ ਹੀ ਔਰੰਗਜ਼ੇਬ ਦੀ ਮੌਤ ਹੋਈ। ਮਰਨ ਵੇਲੇ ਉਸ ਦੀ ਉਮਰ ੮੯ ਬਰਸ ਦੀ ਸੀ ਤੇ ਉਸ ਨੂੰ ਗੱਦੀ ਉਤੇ ਬੈਠਿਆਂ ੫੦ ਸਾਲ ਹੋ ਚੁਕੇ ਸਨ। ਆਪਣੇ ਇਰਦ ਗਿਰਦ ਵਲੋਂ ਸਦਾ ਸ਼ਕੀ ਹੋਣ ਕਰਕੇ ਉਹਨੇ ਆਪਣੇ ਬੇਟਿਆਂ ਨੂੰ ਦੂਰ ਦੂਰ ਭੇਜ ਰਖਿਆ ਸੀ ਤਾਂ ਜੁ ਉਹ ਕੋਈ ਸਾਜਸ਼ ਖੜੀ ਨ ਕਰ ਸਕਣ। ਆਪਣੀ ਮੌਤ ਤੋਂ ਪਹਿਲੇ ਉਸ ਨੇ ਇਹ ਮਹਿਸੂਸ ਕੀਤਾ ਜਾਪਦਾ ਹੈ ਕਿ ਉਸ ਦੀ ਮੌਤ ਨੇੜੇ ਹੈ।

## ਬੇਟਿਆਂ ਨੂੰ ਖਤ

ਆਪਣੀ ਜ਼ਿੰਦਗੀ ਦੇ ਅੰਤਮ ਦਿਨਾਂ ਵਿਚ ਉਸ ਨੇ ਆਪਣੇ ਬੇਟਿਆਂ ਨੂੰ ਜੋ ਖਤ ਲਿਖਵਾਏ ਉਹਨਾਂ ਤੋਂ ਸਿਧ ਹੁੰਦਾ ਹੈ ਕਿ ਜੀਵਨ ਦੀਆਂ ਅੰਤਮ ਘੜੀਆਂ ਵਿਚ ਉਸ ਨੂੰ ਆਪਣੇ ਕੀਤੇ ਕਰਮਾਂ ਦਾ ਬੜਾ ਪਛਤਾਵਾ ਸੀ। ਉਹ ਲਿਖਦਾ ਹੈ:—“ਮੈਂ ਮੁਸਾਫਰ ਬਣ ਕੇ ਹੀ ਇਸ ਦੁਨੀਆਂ ਵਿਚ ਆਇਆ ਅਤੇ ਮੁਸਾਫਰ ਬਣ ਕੇ ਹੀ ਇਥੋਂ ਜਾ ਰਿਹਾ ਹਾਂ। ਮੈਨੂੰ ਆਪਣੇ ਆਪ ਦਾ ਵੀ ਕੁਛ ਪਤਾ ਨਹੀਂ ਕਿ ਮੈਂ ਕੀ ਚੀਜ਼ ਹਾਂ ਅਤੇ ਕਿਸ ਕੰਮ ਲਈ ਦੁਨੀਆਂ ਉਤੇ ਆਇਆ ਸਾਂ। ਨਿਰਬਲਤਾ ਨਾਲ ਮੇਰੀ ਕਮਰ (ਲਕ) ਝੁਕ ਗਈ ਹੈ ਅਤੇ ਮੇਰੇ ਪੈਰਾਂ ਨੇ ਚਲਣੋਂ ਜਵਾਬ ਦੇ ਦਿਤਾ ਹੈ। ਮੇਰਾ ਸਾਹ ਵੀ ਕੋਈ ਕੋਈ ਔਂਦਾ ਹੈ ਤੇ ਹੁਣ ਉਸ ਦੇ ਹੋਰ ਆਉਣ ਦੀ ਆਸ ਵੀ ਖਤਮ ਹੋ ਗਈ ਹੈ। ਮੈਂ ਤੁਹਾਨੂੰ, ਤੁਹਾਡੀ ਮਾਂ ਨੂੰ ਤੇ ਤੁਹਾਡੇ ਬੇਟੇ ਨੂੰ ਖੁਦਾ ਦੇ ਹਵਾਲੇ ਕਰਦਾ ਹਾਂ, ਕਿਉਂਕਿ ਮੈਂ ਹੁਣ ਸੰਸਾਰ ਤੋਂ ਜਾ ਰਿਹਾ ਹਾਂ। ਮੌਤ ਦਾ ਪਰਛਾਵਾਂ ਤੇਜ਼ੀ ਨਾਲ ਨੇੜੇ ਢੁਕ ਰਿਹਾ ਹੈ। ਤੁਹਾਡੀ ਮਾਤਾ ਉਦੈਪੁਰੀ ਨੇ ਬੀਮਾਰੀ ਵਿਚ ਮੇਰੀ ਬੜੀ ਸੇਵਾ ਕੀਤੀ ਹੈ ਤੇ ਉਹ ਮੇਰ ਨਾਲ ਹੀ ਮਰਨਾ ਵੀ ਚਾਹੁੰਦੀ ਹੈ। ਪਰ ਹਰ ਗਲ ਆਪਣੇ ਸਮੇਂ ਸਿਰ ਹੀ ਹੋ ਸਕਦੀ ਹੈ। “ਲਓ ਮੈਂ ਚਲਿਆ! ਨੇਕ ਜਾਂ ਬਦੀ ਜੋ ਕੁਛ ਵੀ ਮੈਂ ਕੀਤਾ ਉਹ ਸਭ ਤੁਹਾਡੀ ਖਾਤਰ ਸੀ; ਵਿਦਾਅ! ਵਿਦਾਅ!! ਵਿਦਾਅ!!!”

## ਉਸ ਦੀ ਵਸੀਅਤ

ਆਪਣੀ ਮੌਤ ਤੋਂ ਥੋੜਾ ਸਮਾਂ ਪਹਿਲੇ ਉਸ ਨੇ ਆਪਣੀ ਵਸੀਅਤ ਲਿਖੀ ਜਿਸ ਦਵਾਰਾ ਉਸਨੇ ਆਪਣੇ ਰਾਜ ਦੇ ਉਤਰੀ ਜ਼ਿਲੇ ਮੁਆਜ਼ਮ ਲਈ, ਦਖਣੀ ਆਜ਼ਮ ਲਈ; ਅਤੇ ਗੋਲ ਕੰਡਾ ਅਤੇ ਬਿਜਾਪੁਰ ਸਭ ਤੋਂ ਛੋਟੇ ਬੇਟ ਕਾਮ ਬਖਸ਼ ਲਈ ਰਾਖਵੇਂ ਕਰ ਦਿਤੇ ਸਨ। ਇਉਂ ਮੌਤ ਹੋਈ ਔਰੰਗਜ਼ੇਬ ਦੀ ਜੋ ਸਭ ਤੋਂ ਵਡੇ ਪਰ ਸਭ ਤੋਂ ਵਧੀਕ ਨਾਖੁਸ਼ ਤਾਤਾਰੀ ਬਾਦਸ਼ਾਹ ਸੀ ਜਿਸਨੇ ਪੂਰਬੀ ਸਲਤਨਤ ਉਤੇ ਰਾਜ ਕੀਤਾ। ਆਪਣੇ ਪੇਸ਼ਰੋ ਬਜ਼ੁਰਗ ਬਾਬਰ ਆਦਿ ਦੇ ਟਾਕਰੇ ਉਤੇ ਉਹ ਪ੍ਰਹੇਜ਼ਗਾਰ ਅਤੇ ਨਸ਼ੇ ਵਿਰੋਧੀ ਬਾਦਸ਼ਾਹ ਸੀ। ਉਸ ਦੇ ਰਾਜ ਵਿਚ ਮੁਗਲ ਹਕੂਮਤ ਆਪਣੇ ਅਸ਼ਵਰਜ ਦੀ ਟੀਸੀ ਉਤੇ ਪੁਜ ਚੁਕੀ ਸੀ। ਉਹ ਆਪਣੇ ਦੇਸ਼ ਦੇ ਰਾਜ ਪ੍ਰਬਧ ਵਿਚ ਬੜੀ ਸਰਗਰਮੀ ਨਾਲ ਜੁਟਿਆ ਰਹਿੰਦਾ ਸੀ।

## ਉਸ ਦੀ ਜ਼ਾਤ

ਉਸ ਦਾ ਕਦ ਛੋਟਾ, ਨਕ ਲੰਮਾ, ਗੋਲ ਦਾੜ੍ਹੀ, ਤੇ ਚਮੜੀ ਚਿਕਣੀ ਸੀ। ਉਹ ਆਮ ਤੌਰ ਉਤੇ ਸਾਦਾ ਚਿੱਟੀ ਮਲਮਲ ਪਹਿਣਦਾ। ਉਸ ਦੀ ਪਗੜੀ ਵਿਚ ਇਕ ਵਡਾ ਸਾਰਾ ਜ਼ਮੁਰਦ ਲਗਾ ਰਹਿੰਦਾ। ਗਾਮੇਲੀ ਕਾਰੇਰੀ ਨੇ ਔਰੰਗਜ਼ੇਬ ਨੂੰ ਉਸਦੇ ੭੮ ਵੇਂ ਸਾਲ ਵਿਚ ਡਿੱਠਾ ਸੀ, ਉਹ ਲਿਖਦਾ ਹੈ:—ਸ਼ਹਿਨਸ਼ਾਹ ਆਪਣੀ ਛੜ੍ਹੀ ਦੇ ਸਹਾਰੇ ਆਪਣੇ ਦਰਬਾਰੀਆਂ ਵਿਚਾਲੇ ਖੜਾ ਸੀ, ਉਹ ਆਪ ਅਰਜ਼ੀਆਂ ਵਸੂਲ ਕਰਦਾ, ਉਹਨਾਂ ਨੂੰ ਬਿਨਾਂ ਐਨਕਾਂ ਦੇ ਖੁਦ ਪੜ੍ਹਦਾ ਅਤੇ ਉਸ ਉਤੇ ਆਪਣੇ ਹੱਥਾਂ ਨਾਲ ਹੁਕਮ ਹੁਕਾਮ ਲਿਖਦਾ ਸੀ। ਉਹ ਇਹ ਸਾਰਾ ਕੰਮ ਖੁਸ਼ੀ ਖੁਸ਼ੀ ਤੇ ਹਸੂੰ ਹਸੂੰ ਕਰਦੇ ਚਿਹਰੇ ਨਾਲ ਕਰਦਾ ਅਤੇ ਆਪਣਾ ਫਰਜ਼ ਪੂਰਾ ਕਰਨ ਵਿਚ ਪ੍ਰਸੰਨਤਾ ਅਨੁਭਵ ਕਰਦਾ ਸੀ।”

## ਹਿੰਦੂਆਂ ਵਿਰੁੱਧ ਤਅਸਬ

ਮੁਸਲਮਾਨੀ ਧਰਮ ਲਈ ਉਸ ਦਾ ਜਜ਼ਬਾ ਸੱਚਾ ਮਲੂਮ ਹੁੰਦਾ ਹੈ। ਪਰ ਹਿੰਦੂਆਂ ਵਿਰੁਧ ਉਸਦੇ ਤਅਸਬ ਤੇ ਪਖਪਾਤ ਨੇ ਵਖ ਵਖ ਵਸੋਂ ਵਿਚ ਧਾਰਮਕ ਵੈਰ ਨੂੰ ਜਨਮ ਦਿਤਾ।

## ਰਾਜ ਲਈ ਮਾਰੂ ਸਿੱਟਾ

ਉਸ ਦੇ ਫਰੇਬ ਨਾਲ ਵਖ ਵਖ ਕੌਮਾਂ ਵਿਚ ਜੋ ਘ੍ਰਿਣਾ ਉਤਪਨ ਹੋਈ ਉਸ ਨੇ ਹਿੰਦੁਸਤਾਨ ਵਿਚਲੀ ਸ਼ਾਨਦਾਰ ਮੁਗਲ ਬਾਦਸ਼ਾਹਤ ਦਾ ਅੰਤ ਬਹੁਤ ਛੇਤੀ ਨੇੜੇ ਲੈ ਆਂਦਾ।

Sri Satguru Jagjit Singh Ji eLibrary NamdhariElibrary@gmail.com

ਸ਼ਾਹ ਆਬਾਸ ਵਿਚਾਲੇ ਮਤਭੇਦ ਪੈਦਾ ਹੋ ਗਿਆ। ਸ਼ਾਹ ਈਰਾਨ ਦੇ ਹੁਕਮ ਨਾਲ ਹਿੰਦੁਸਤਾਨੀ ਰਾਜ ਦੂਤ ਦੀ ਦਾੜੀ ਇਕ ਸਰਕਾਰੀ ਨੌਕਰ ਨੇ ਅਗ ਨਾਲ ਸਾੜ ਦਿਤੀ। ਜਿਸ ਵੇਲੇ ਵਾਪਸੀ ਉਤੇ ਸ਼ਹਿਨਸ਼ਾਹ ਨੇ ਆਪਣੇ ਰਾਜਦੂਤ ਨੂੰ ਬਿਨਾ ਦਾੜ੍ਹੀ ਦੇ ਡਿਠਾ, ਤਦ ਉਹਨੂੰ ਬੇਹਦ ਕ੍ਰੋਧ ਆਇਆ। ਉਸ ਨੇ ਰਾਜਦੂਤ ਨੂੰ ਇਸ ਗਲ ਲਈ ਲਾਹਨਤ ਮੁਲਾਮਤ ਕੀਤੀ ਕਿ ਉਸ ਨੇ ਓਸੇ ਸਮੇਂ ਸ਼ਾਹ ਦੇ ਪੇਟ ਵਿਚ ਛੁਰਾ ਕਿਉਂ ਨਾ ਘੋਪ ਦਿਤਾ। ਬਾਦਸ਼ਾਹ ਨੇ ਆਪਣੇ ਰਾਜਦੂਤ ਦੀ ਇਸ ਕਰਤੂਤ ਉਤੇ ਉਸ ਨੂੰ ਸੱਪ ਪਾਸੋਂ ਡਸਵਾ ਕੇ() ਫਾਂਸੀ ਚਾੜ੍ਹ ਦਿਤਾ।

## ਗਰਮੀਆਂ ਦਾ ਦੌਰਾ ਕਸ਼ਮੀਰ

ਕਸ਼ਮੀਰ ਵਿਚ ਗਰਮਾਈ ਦੌਰੇ ਸਮੇਂ ਔਰੰਗਜ਼ੇਬ ਦਿਲੀ ਦੇ ਗਰਮ ਮਹਲ ਨਾਲੋਂ ਬਿਲਕੁਲ ਹੀ ਬਦਲਿਆ ਹੋਇਆ ਜਾਪਦਾ ਸੀ। ਖੁਸ਼ਗਵਾਰ ਵਾਦੀ ਠੰਡੀ ਹਵਾ ਵਿਚ ਉਹ ਸ਼ਾਹੀ ਬੇਗਮਾਂ ਨਾਲ ਚੋਹਲ ਵਿਚ ਰੁਝ ਜਾਂਦਾ ਤੇ ਬੇਗਮਾਂ ਵੀ ਉਸ ਨੂੰ ਚਾਪਲੂਸੀ ਤੇ ਮੋਮੋ ਠਗਣੀਆਂ ਗਲਾਂ ਨਾਲ ਰੀਝਾਉਂਦੀਆਂ ਸਨ।

## ਉਦੇ ਪੁਰੀ ਬੇਗਮ

ਉਸਨੂੰ ਈਸਾਈ ਇਸਤ੍ਰੀ ਨਾਲ ਜੋ ਜਾਰਜੀਆਂ ਦੀ ਵਸਨੀਕ ਸੀ, ਬਹੁਤ ਪਿਆਰ ਸੀ। ਉਹ ਉਦੇ ਪੁਰੀ ਬੇਗਮ ਦੇ ਨਾਮ ਨਾਲ ਪ੍ਰਸਿਧ ਸੀ। ਇਹ ਇਸਤ੍ਰੀ ਅਜੇ ਬਚੀ ਹੀ ਸੀ ਕਿ ਇਸ ਨੂੰ ਗੁਲਾਮਾਂ ਦੇ ਸੌਦਾਗਰ ਨੇ ਦਾਰਾ ਦੇ ਹਥ ਵੇਚ ਦਿਤਾ ਜੋ ਔਰੰਗਜ਼ੇਬ ਦਾ ਵਡਾ ਭਾਈ ਸੀ। ਵਡੀ ਹੋ ਕੇ ਇਹ ਬੜੀ ਹੁਸੀਨ ਬਣ ਗਈ। ਦਾਰਾ ਸ਼ਿਕੋਹ ਦੀ ਮੌਤ ਉਤੇ ਉਹ ਔਰੰਗਜ਼ੇਬ ਦੀਆਂ ਨਜ਼ਰਾਂ ਵਿਚ ਖੁਭ ਗਈ ਅਤੇ ਉਸ ਦੀ ਚਾਹਤੀ ਮਲਕਾ ਬਣ ਗਈ। ਇਹ ਕਾਮ ਬਖਸ਼ ਦੀ ਮਾਂ ਸੀ ਜੋ ਕਿ ਸ਼ਹਿਨਸ਼ਾਹ ਦਾ ਸਭ ਤੋਂ ਛੋਟਾ ਪੁਤਰ ਸੀ।

## ਖੈਬਰ ਦੇ ਅਫਗਾਨਾਂ ਵਿਰੁੱਧ ਮੁਹਿੰਮ ੧੬੭੨

ਸੰਨ ੧੬੭੨ ਈਸਵੀ ਵਿਚ ਖੈਬਰ ਦੇ ਪਰਲੇ ਪਾਰ ਦੇ ਅਫਗਾਨਾਂ ਨੇ ਬਗਾਵਤ ਕਰ ਦਿਤੀ, ਇਹ ਬਾਦਸ਼ਾਹ ਦੀ ਸਭ ਤੋਂ ਵਧ ਫਸਾਦੀ ਪਰਜਾ ਸਨ। ਮੀਰ ਜੁਮਲਾ ਦਾ ਬੇਟਾ ਅਮੀਨ ਖਾਨ ਅਤੇ ਗਵਰਨਰ ਕਾਬਲ ਜੋ ਪਸ਼ਾਵਰ ਵਿਚ ਰਹਿੰਦਾ ਸੀ ਕਾਬਲ ਦੇ ਮੈਦਾਨਾਂ ਵਿਚ ਇਕ ਭਾਰੀ ਫੌਜ ਸਮੇਤ ਜਾ ਦਾਖਲ ਹੋਇਆ ਤਾਂ ਜੁ ਬਾਗੀਆਂ ਨੂੰ ਸਜ਼ਾ ਦੇਵੇ ਪਰ ਉਸ ਦੀ ਸਾਰੀ ਦੀ ਸਾਰੀ ਫੌਜ ਟੁਕੜੇ ਟੁਕੜੇ ਕਰਕੇ ਮਾਰ ਦਿਤੀ ਗਈ। ਉਸ ਦੀ ਬੀਵੀ ਕਤਲ ਹੋ ਗਈ ਅਤੇ ਉਸ ਦੀ ਮਾਂ, ਭੈਣ ਅਤੇ ਲੜਕੀ ਨੂੰ ਗੁਲਾਮ ਬਣਾ ਕੇ ਬਾਗੀ ਲੈ ਗਏ।

## ਹਾਰ

ਅਗਲੇ ਸਾਲ ਸਹਿਨਸ਼ਾਹ ਆਪ ਮੈਦਾਨ ਜੰਗ ਵਿਚ ਗਿਆ ਅਤੇ ਉਸ ਦੇ ਆਉਣ ਤੇ ਕੁਛ ਕੁਛ ਸਫਲਤਾ ਵੀ ਹੋਈ ਪਰ ਰਾਜਧਾਨੀ ਦੇ ਆਸ ਪਾਸ ਫਸਾਦਾਂ ਦੀ ਖਬਰ ਨੇ ਉਸ ਨੂੰ ਦਿਲੀ ਵਾਪਸ ਜਾਣ ਲਈ ਮਜਬੂਰ ਕਰ ਦਿਤਾ।

()ਮੁਗਲ ਗੌਰਮਿੰਟ ਵਿਚ ਮੌਤ ਦੀ ਸੱਜ਼ਾ ਦਾ ਇਹੋ ਢੰਗ ਪ੍ਰਚੱਲਤ ਸੀ। ਇਕ ਵਾਰੀ ਸ਼ਾਹਜਹਾਨ ਨੂੰ ਦਸਿਆ ਗਿਆ ਸੀ ਕਿ ਕੁਤਵਾਲ ਅਰਥਾਤ ਦਿਲੀ ਦੇ ਪੁਲੀਸ ਮੈਜਿਸਟਰੇਟ ਨੇ ਰਿਸ਼ਵਤ ਲਈ ਹੈ। ਉਸ ਨੇ ਦੋਸ਼ੀ ਨੂੰ ਜ਼ਹਿਰੀ ਨਾਗਾਂ ਪਾਸੋਂ ਕਟਵਾਇਆ ਜਿਸ ਨਾਲ ਉਹ ਥੋੜੇ ਜਿਹੇ ਪਲਾਂ ਅੰਦਰ ਹੀ ਮਰ ਗਿਆ।

## ਸੱਤਾ ਰਾਮੀਆਂ ਦੀ ਬਗਾਵਤ

ਹਿੰਦੂ ਭਗਤਾਂ ਦੇ ਫਿਰਕੇ ਸੱਤਾ ਰਾਮੀਆਂ (ਸਤਨਾਮੀਆਂ) ਨੇ ਬਗਾਵਤ ਦਾ ਝੰਡਾ ਖੜਾ ਕਰ ਦਿਤਾ ਅਤੇ ਬੜਾ ਖੌਰੂ ਮਚਾਇਆ ਸੀ। ਸ਼ਾਹੀ ਫੌਜਾਂ ਨੇ ਪੁਜ ਕੇ ਬਾਗੀਆਂ ਨੂੰ ਹਾਰ ਦਿਤੀ ਅਤੇ ਉਸ ਇਲਾਕੇ ਦੀ ਜਿਥੋਂ ਬਗਾਵਤ ਸ਼ੁਰੂ ਹੋਈ ਸੀ ਮਰਦਾਨਾ ਵਸੋਂ ਨੂੰ ਬੜੀ ਨਿਰਦੈਤਾ ਨਾਲ ਕਤਲ ਕਰ ਦਿਤਾ। ਤੀਵੀਆਂ ਤੇ ਬਚੇ ਗ੍ਰਿਫਤਾਰ ਕਰ ਲਏ ਗਏ ਤੇ ਉਹ ਗੁਲਾਮ ਬਣਾ ਕੇ ਵੇਚ ਦਿਤੇ। ਇਸ ਦੌਰਾਨ ਵਿਚ ਸਹਿਨਸ਼ਾਹ ਨੇ ਅਮੀਨ ਖਾਂ ਨੂੰ ਵਾਪਸ ਬੁਲਾ ਲਿਆ ਅਤੇ ਉਸ ਦੀ ਥਾਂ ਇਕ ਕਾਸਮ ਨਾਮੀ ਨੂੰ ਨਿਯਤ ਕਰ ਦਿਤਾ।

## ਦੁਖਦਾਈ ਘਟਨਾ

ਕਾਸਮ ਖਾਂ ਤਜਰਬੇਕਾਰ ਸਰਦਾਰ ਸੀ। ਉਸ ਨੇ ਆਪਣੀ ਸਾਊ ਦਾਰਤਾ ਅਤੇ ਹਮਦਰਦੀ ਭਰੀ ਮਿਤਰਤਾ ਨਾਲ ਅਫਗਾਨਾਂ ਦੇ ਦਿਲ ਜਿਤ ਲਏ। ਉਸ ਨੇ ਪਸ਼ੌਰ ਵਿਚ ਆਪਣੇ ਬੇਟੇ ਦਾ ਖਿਤਨਾ ਕੀਤਾ ਅਤੇ ਇਸ ਮੌਕੇ ਉਤੇ ਇਕ ਸ਼ਾਹਾਨਾ ਜ਼ਿਆਫਤ ਦਿਤੀ ਜਿਸ ਵਿਚ ਅਫਗਾਨ ਸਰਦਾਰ ਵੀ ਸਦੇ ਗਏ। ਉਸ ਨੇ ਸ਼ਹਿਰ ਦੇ ਚੌਕ ਵਿਚ ਉਹਨਾਂ ਨੂੰ ਵਖਰੀ ਜ਼ਿਆਫਤ ਵੀ ਦਿਤੀ। ਇਸ ਦਿਨ ਉਤੇ ਘੁੜ ਦੌੜ, ਹਾਥੀਆਂ ਦੀ ਲੜਾਈ, ਖੇਲਾਂ ਤੇ ਨੁਮਾਇਸ਼ਾਂ ਵੀ ਹੋਈਆਂ। ਇਹੋ ਜਿਹੇ ਜਸ਼ਨ ਦੇ ਸਮੇਂ ਕਾਸਮ ਖਾਂ ਅਚਾਨਕ ਪਾਰਟੀ ਨੂੰ ਛਡ ਕੇ ਕਿਸੇ ਪਾਸੇ ਚਲਾ ਗਿਆ। ਉਸ ਦਾ ਪਾਰਟੀ ਵਿਚੋਂ ਚਲੇ ਜਾਣਾ ਹੀ ਕਤਲਿ ਆਮ ਲਈ ਇਕ ਕਿਸਮ ਦਾ ਸਿਗਨਲ (ਇਸ਼ਾਰਾ) ਸੀ। ਇਸ ਮੰਤਵ ਲਈ ਆਸ ਪਾਸ ਦੇ ਮਕਾਨਾਂ ਵਿਚ ਹਥਿਆਰਬੰਦ ਦਸਤੇ ਲੁਕਾਏ ਹੋਏ ਸਨ। ਉਹ ਇਸ਼ਾਰਾ ਮਿਲਣ ਤੇ ਬਾਹਰ ਨਿਕਲ ਆਏ ਅਤੇ ਅਫਗਾਨ ਪ੍ਰਾਹੁਣਿਆਂ ਉਤੇ ਗੋਲੀਆਂ ਦੀ ਵਾਛੜ ਸ਼ੁਰੂ ਕਰ ਦਿਤੀ। ਵਿਚਾਰੇ ਅਫਗਾਨਾਂ ਨੂੰ ਇਸ ਗਦਾਰੀ ਤੇ ਫਰੇਬ ਦਾ ਰਤਾ ਭਰ ਵੀ ਸ਼ਕ ਨਹੀਂ ਸੀ ਤੇ ਉਹ ਬੇਫਿਕਰ ਬੈਠੇ ਦਾਅਵਤ ਖਾ ਰਹੇ ਸਨ।

## ਪਸ਼ੌਰ ਵਿਚ ਅਫਗਾਨਾਂ ਦੀ ਕਤਲਿ ਆਮ

ਪਸ਼ੌਰ ਦੇ ਚੌਕ ਵਿਚ ਅਫਗਾਨਾਂ ਦਾ ਕਤਲਿਆਮ ਸ਼ੁਰੂ ਹੋ ਗਿਆ। ਜਿਸ ਨਾਲ ਸਾਰੇ ਕਾਬਲ ਵਿਚ ਦਹਿਸ਼ਤ ਤੇ ਜੋਸ਼ ਫੈਲ ਗਿਆ। ਇਸ ਘਟਣਾ ਨਾਲ ਅਫਗਾਨਾਂ ਦਾ ਲੱਕ ਟੁੱਟ ਗਿਆ ਅਤੇ ਔਰੰਗਜ਼ੇਬ ਦੀ ਬਾਕੀ ਜ਼ਿੰਦਗੀ ਵਿਚ ਉਹਨਾਂ ਵਲੋਂ ਮੁੜ ਕੋਈ ਛੇੜ ਖਾਨੀ ਨ ਹੋਈ।

## ਸ਼ਾਹੀ ਕੈਂਪ

ਔਰੰਗਜ਼ੇਬ ਦਾ ਸ਼ਾਹੀ ਕੈਂਪ ਇਕ ਕਿਸਮ ਦਾ ਚਲਦਾ ਫਿਰਦਾ ਸ਼ਹਿਰ ਹੁੰਦਾ ਸੀ। ਉਹ ਐਡਾ ਵਡਾ ਅਤੇ ਗੁੰਜਾਨ ਆਬਾਦ ਹੁੰਦਾ ਸੀ ਜਿੰਨੀ ਕਿ ਦਿਲੀ। ਸ਼ਹਿਨਸ਼ਾਹ ਨੂੰ ਕੈਂਪ ਦਾ ਜੀਵਨ ਬਹੁਤ ਪਸੰਦ ਸੀ ਇਸ ਲਈ ਸ਼ਹਿਰਾਂ ਦੇ ਮਹਲਾਂ ਵਿਚ ਬਹੁਤ ਘਟ ਰਹਿੰਦਾ ਸੀ। ਹਰਮ ਦੀਆਂ ਬੇਗਮਾਂ, ਚਮਕਦੇ ਹੋਏ ਹੌਦਿਆਂ ਉਤੇ ਬੈਠੀਆਂ, ਬੁਰਕੇ ਪਾਈ ਉਸ ਦੇ ਨਾਲ ਹੁੰਦੀਆਂ ਸਨ। ਇਹਨਾਂ ਦੀ ਹਾਜ਼ਰੀ ਵਿਚ ਅਨੇਕਾਂ ਤੀਵੀਆਂ ਘੋੜ ਸਵਾਰ ਸਿਰ ਤੋਂ ਪੈਰਾਂ ਤਕ ਬੁਰਕਿਆਂ ਵਿਚ ਲਪੇਟੀਆਂ ਹੁੰਦੀਆ ਸਨ। ਬਾਦਸ਼ਾਹ ਦੇ ਅਮਲ ਵਿਚ ਬਾਵਰਚੀ; ਐਬੇਸੀਨੀ ਗੁਲਾਮ; ਗੁਰਜ ਬਰਦਾਰ ਅਤੇ ਬਹੁਤ ਸਾਰੇ ਢੰਡੋਰਚੀ ਹੁੰਦੇ

Sri Satguru Jagjit Singh Ji eLibrary NamdhariElibrary@gmail.com

## ਸ਼ਾਹਜ਼ਾਦਾ ਕਾਮ ਬਖਸ਼ ਦੀ ਬਗਾਵਤ

ਸ਼ਾਹਜ਼ਾਦਾ ਕਾਮ ਬਖਸ਼ ਨੇ ਆਪਣੇ ਭਾਈ ਆਜ਼ਮ ਤੇ ਭਤੀਜਿਆਂ ਦੀ ਮੌਤ ਦੀ ਖਬਰ ਸੁਣ ਕੇ ਜੰਗ ਲਈ ਤਿਆਰੀ ਸ਼ੁਰੂ ਕਰ ਦਿਤੀ। ਤਰਸਵਾਨ ਸ਼ਹਿਨਸ਼ਾਹ ਨੇ ਉਸ ਨੂੰ ਸ਼ਾਂਤ ਕਰਨ ਲਈ ਵਿਰਥਾ ਜਤਨ ਕੀਤਾ ਕਿਉਂਕਿ ਸ਼ਹਿਨਸ਼ਾਹ ਨੇ ਜਿਨੀਆਂ ਉਸਨੂੰ ਪੇਸ਼ਕਸ਼ ਕੀਤੀਆਂ, ਉਹਨਾਂ ਹੀ ਉਹ ਜੰਗ ਲਈ ਵਧੀਕ ਦਰਿੜ ਹੁੰਦਾ ਗਿਆ। ਉਸ ਦੇ ਹੰਕਾਰੀ ਰਵਈਏ ਨੂੰ ਮੁਖ ਰਖਕੇ ਸ਼ਹਿਨਸ਼ਾਹ ਨੂੰ ਉਸ ਦੇ ਵਿਰੁੱਧ ਜੰਗ ਵਿਚ ਕੁਦਨਾ ਪਿਆ।

## ਉਸਦੀ ਹਾਰ

ਅੰਤ ਹੈਦਰਾਬਾਦ ਦੇ ਆਸ ਪਾਸ ਦੋਵਾਂ ਦੀਆਂ ਫੌਜਾਂ ਵਿਚਾਲੇ ਜੰਗ ਹੋਈ। ਜੰਗ ਵਿਚ ਬਾਗੀ ਸ਼ਾਹਜ਼ਾਦੇ ਦੀਆਂ ਫੌਜਾਂ ਨੂੰ ਕਮਰ ਤੋੜ ਹਾਰ ਹੋਈ। ਉਹ ਆਪ ਵੀ ਜੰਗ ਵਿਚ ਮਾਰੂ ਤੌਰ ਉਤੇ ਫਟੜ ਹੋਇਆ। ਸਖੀ ਦਿਲ ਬਾਦਸ਼ਾਹ ਨੇ ਹੁਕਮ ਦਿਤਾ ਕਿ ਉਸ ਦੇ ਫਟੜ ਭਾਈ ਨੂੰ ਉਸ ਦੇ ਕੈਂਪ ਵਿਚ ਲਿਆਂਦਾ ਜਾਏ ਜਿਥੇ ਯੂਰਪੀਨ ਸਰਜਨਾਂ ਨੂੰ ਉਸ ਦੇ ਇਲਾਜ ਲਈ ਨਿਯਤ ਕੀਤਾ ਗਿਆ। ਸ਼ਾਮ ਵੇਲੇ ਬਹਾਦਰ ਸ਼ਾਹ ਆਪ ਪੈਦਲ ਚਲਕੇ ਆਪਣੇ ਭਰਾ ਦੇ ਕੈਂਪ ਵਿਚ ਉਸਦੀ ਖਬਰ ਸੁਰਤ ਲੈਣ ਗਿਆ ਅਤੇ ਆਪਣੇ ਦੁਪਟੇ ਨਾਲ ਉਸਦੇ ਸਿਰ ਨੂੰ ਢਕ ਕੇ ਆਖਣ ਲਗਾ—"ਅਫਸੋਸ! ਮੈਂ ਕਦੇ ਨਹੀਂ ਸੀ ਚਾਹੁੰਦਾ ਕਿ ਆਪਣੇ ਭਾਈ ਨੂੰ ਇਸ ਦਸ਼ਾ ਵਿਚ ਵੇਖਾਂ।" ਮਰਨ ਵਾਲੇ ਮਗਰੂਰ ਮਨੁੱਖ ਨੇ ਉਤਰ ਵਿਚ ਆਖਿਆ—"ਨਾ ਹੀ ਕਦੇ ਮੇਰੀ ਇਹ ਇੱਛਾ ਸੀ ਕਿ ਤੁਹਾਨੂੰ ਇਸ ਹਾਲਤ ਵਿਚ ਵੇਖਾਂ ਜਿਸ ਵਿਚ ਵੇਖ ਰਿਹਾ ਹਾਂ।"

## ਉਸਦੀ ਮੌਤ

ਕਰੋਧੀ ਸ਼ਾਹਜ਼ਾਦੇ ਨੇ ਕਿਸੇ ਕਿਸਮ ਦੀ ਖੁਰਾਕ ਆਦ ਖਾਣ ਤੋਂ ਇਨਕਾਰ ਕਰ ਦਿਤਾ, ਅਤੇ ਉਸੇ ਰਾਤ ਉਸਦੀ ਮੌਤ ਹੋ ਗਈ। ਉਸਦੀ ਲਾਸ਼ ਦਿਲੀ ਪੁਚਾਈ ਗਈ ਜਿਥੇ ਉਸ ਨੂੰ ਖਾਨਦਾਨੀ ਕਬਰਸਤਾਨ ਵਿਚ ਦਫਨਾਇਆ ਗਿਆ।

## ਸਿੱਖਾਂ ਦਾ ਉਥਾਨ

ਸ਼ਾਹਜ਼ਾਦਾ ਕਾਮ ਬਖਸ਼ ਉਤੇ ਵਿਜੈ ਅਤੇ ਉਸ ਦੇ ਅੰਤ ਨੇ ਹਿੰਦੁਸਤਾਨ ਵਿਚ ਤਾਜ ਤਖਤ ਦੇ ਸਾਰੇ ਝਗੜੇ ਤੇ ਟੰਟੇ ਖਤਮ ਕਰ ਦਿਤੇ। ਠੀਕ ਇਸ ਸਮੇਂ (੧੭੦੯-੧੦) ਵਿਚ ਸਿਖਾਂ ਨੇ ਜੋ ਪੰਜਾਬ ਵਿਚ ਜ਼ੋਰ ਫੜ ਚੁਕੇ ਸਨ। ਸਰਹਿਦ, ਸਹਾਰਨ ਪੁਰ ਅਤੇ ਮੁਜ਼ਫਰ ਨਗਰ ਦੇ ਕੁਛ ਭਾਗ ਉਤੇ ਕਬਜ਼ਾ ਜਮਾ ਲਿਆ ਅਤੇ ਉਥੋਂ ਦੇ ਲੋਕਾਂ ਉਤੇ ਬਹੁਤ ਸਖਤੀਆਂ ਕੀਤੀਆਂ। ਸ਼ਾਹੀ ਫੌਜਾਂ ਹਥੋਂ ਜਮਨਾ ਪਾਰ ਧਕੇਲੇ ਜਾ ਕੇ ਉਹ ਜਾਲੰਧਰ ਦੁਆਬੇ ਉਤੇ ਜਾ ਪਏ। ਇਸ ਸਮੇਂ ਉਹਨਾਂ ਦੀ ਫੌਜ ਦੀ ਗਿਣਤੀ ੭੦ ਹਜ਼ਾਰ ਤੋਂ ਵਧੀਕ ਹੋ ਚੁਕੀ ਸੀ।

## ਰਾਹੋਂ ਦੇ ਮੁਕਾਮ ਉਤੇ ਸਿਖਾਂ ਦੀ ਹਾਰ

ਜਾਲੰਧਰ ਦੇ ਮੁਗਲ ਗਵਰਨਰ ਸ਼ਮਸ਼ ਉਦ ਦੀਨ ਖਾਂ ਨੇ, ਆਪਣੀਆਂ ਸਭ ਫੌਜਾਂ ਨੂੰ ਇਕਤਰ ਕਰਕ ਰਾਹੋਂ ਦੇ ਅਸਥਾਨ ਉਤੇ ਸਿਖਾਂ ਨਾਲ ਜੰਗ ਛੇੜ ਦਿਤੀ। ਇਸ ਜੰਗ ਵਿਚ ਸਿਖਾਂ ਦਾ ਭਾਰੀ ਨੁਕਸਾਨ ਹੋਇਆ ਅਤੇ ਉਹ ਪਸਪਾ ਹੋ ਗਏ।

## ਮੁਗਲ ਰਾਜਧਾਨੀ ਲਾਹੌਰ ਵਿਚ ੧੭੧੦

ਪੰਜਾਬ ਵਿਚ ਸਿਖਾਂ ਨੇ ਜੋ ਜ਼ੁਲਮ ਕੀਤੇ ਉਸ ਨੂੰ ਮੁਖ ਰਖ ਕੇ ਬਹਾਦਰ ਸ਼ਾਹ ਆਪਣੀ ਰਾਜਧਾਨੀ ਦਿਲੀ ਤੋਂ ਲਾਹੌਰ ਲੈ ਆਉਣ ਲਈ ਮਜਬੂਰ ਹੋ ਗਿਆ। ਲੈਫਟੀਨੈਂਟ ਜਨਰਲ ਅਸਦ ਖਾਂ ਜੋ ਸਿਖਾਂ ਨੂੰ ਡਕਣ ਲਈ ਪਹਾੜਾਂ ਵਿਚ ਦਾਖਲ ਹੋਇਆ ਸੀ ਲਾਹੌਰ ਆ ਕੇ ਮਰ ਗਿਆ। ਉਸ ਦੀ ਥਾਂ ਇਨਾਇਤ ਉਦੀਨ ਖਾਂ ਦੇ ਬੇਟੇ ਹਦਾਇਤ ਉਲਾ ਖਾਨ ਨੂੰ ਨਿਯਤ ਕੀਤਾ ਗਿਆ ਅਤੇ ਰੁਸਤਮ ਦਿਲ ਖਾਨ ਨੂੰ ਸਿਖਾਂ ਦੇ ਦਬਾਉਣ ਲਈ ਪਹਾੜਾਂ ਵਲ ਰਵਾਨਾ ਕੀਤਾ।

## ਸਿਖਾਂ ਨੂੰ ਸਜ਼ਾ

ਇਸ ਦੌਰਾਨ ਵਿਚ ਸ਼ਹਿਨਸ਼ਾਹ ਨੇ ਆਪਣਾ ਕੈਂਪ ਦਰਿਆ ਰਾਵੀ ਉਤੇ ਲਾਈ ਰਖਿਆ। ਇਸ ਦੇ ਥੋੜਾ ਸਮਾ ਮਗਰੋਂ ਰੁਸਤਮ ਦਿਲ ਖਾਨ ਨੇ ਪਹਾੜਾਂ ਵਾਲੀ ਆਪਣੀ ਕਮਾਨ ਤਿਆਗ ਦਿਤੀ ਅਤੇ ਲਾਹੌਰ ਚਲ ਆਇਆ। ਉਸ ਦੀ ਜਾਗੀਰ ਅਤੇ ਕਮਾਨ ਜ਼ਬਤ ਹੋ ਗਈ ਅਤੇ ਉਸ ਨੂੰ ਲਾਹੌਰ ਦੇ ਕਿਲੇ ਵਿਚ ਨਜ਼ਰ ਬੰਦ ਕਰ ਦਿਤਾ। ਉਸ ਦੀ ਥਾਂ ਪਹਾੜਾਂ ਵਿਚ ਸ਼ਾਹੀ ਫੌਜ ਦੀ ਕਮਾਨ ਸੰਭਾਲਣ ਲਈ ਮੁਹੀਮ ਅਮੀਨ ਖਾਨ ਨੂੰ ਭੇਜਿਆ ਗਿਆ।

## ਉਹਨਾਂ ਦਾ ਲਾਹੌਰ ਵਿਚ ਦਾਖਲਾ ਬੰਦ

ਸਿਖਾਂ ਦਾ ਲਾਹੌਰ ਸ਼ਹਿਰ ਵਿਚ ਦਾਖਲਾ ਸਰਕਾਰ ਵਲੋਂ ਬੰਦ ਕਰ ਦਿਤਾ ਗਿਆ। ਉਹ ਹੁਣ ਰਾਤ ਸਮੇਂ ਸ਼ਹਿਰ ਦੇ ਆਸ ਪਾਸ ਦਰਿਆ ਰਾਵੀ ਤਰਕੇ ਆ ਜਾਂਦੇ ਅਤੇ ਦਿਨ ਚੜ੍ਹਦੇ ਨੂੰ ਮੁੜ ਜੰਗਲਾਂ ਵਿਚ ਚਲੇ ਜਾਂਦੇ ਸਨ।

## ਬਹਾਦਰ ਸ਼ਾਹ ਸ਼ਈਆ

ਬਹਾਦਰ ਸ਼ਾਹ ਨੂੰ ਆਲਮਾਂ ਤੇ ਵਿਦਵਾਨਾਂ ਦੀ ਸੰਗਤ ਦਾ ਬੜਾ ਸ਼ੌਕ ਸੀ। ਸ਼ਰਾਹ ਅਤੇ ਰਬ ਸੰਬੰਧੀ ਵਿਸ਼ਿਆਂ ਉਤੇ ਬਹਿਸ ਸੁਣ ਕੇ ਉਹ ਬੜਾ ਪ੍ਰਸੰਨ ਹੁੰਦਾ ਸੀ।

## ਲਾਹੌਰ ਦੇ ਉਲਮਾਵਾਂ ਦੇ ਮਜ਼ਬੀ ਮੁਨਾਜਰੇ

ਉਹ ਮੁਸਲਮਾਨਾਂ ਦੇ ਸ਼ਈਆ ਧਰਮ ਦਾ ਪਿਛਲਗ ਸੀ। ਲਾਹੌਰ ਪੁਜ ਕੇ ਉਸ ਨੇ ਸ਼ਹਿਰ ਦੇ ਵਿਦਵਾਨਾਂ ਤੇ ਉਲਮਾਵਾਂ ਨੂੰ ਸਦਿਆ। ਇਹਨਾਂ ਵਿਚ ਬਹੁਤ ਸਾਰੇ ਪਕੇ ਸੁੰਨੀ ਸਨ। ਉਹ ਚਾਹੁੰਦਾ ਸੀ ਕਿ ਦਲੀਲ ਦੇ ਜ਼ੋਰ ਨਾਲ ਉਹਨਾਂ ਨੂੰ ਪਹਿਲੇ ਤਿੰਨਾਂ ਖਲੀਫਿਆਂ ਦੀ ਬਜਾਇ ਅਲੀ ਦੀ ਖਿਲਾਫਤ ਸੰਬੰਧੀ ਜਾਂ ਨਸ਼ੀਨੀ ਦਾ ਨਿਸ਼ਚਾ ਕਰਾ ਦੇਵੇ।

## ਨਮਾਜ਼ ਵਿਚ ਇਖਤਰਾਹ

ਵਿਦਵਾਨ ਅਤੇ ਉਲਮਾ ਬਹਿਸ ਵਿਚ ਹਾਰ ਖਾ ਗਏ ਇਸ ਲਈ ਸ਼ਹਿਨਸ਼ਾਹ ਨੇ ਹੁਕਮ ਦਿਤਾ ਕਿ ਨਿਮਾਜ਼ ਅਤੇ ਖੁਤਬੇ ਵਿਚ ਅਲੀ ਦੇ ਗੁਣਾਂ ਨਾਲ ਲਫਜ਼ ਵਸੀ (ਵਾਰਿਸ) ਵਧਾ ਦਿਤਾ ਜਾਏ। ਸੁੰਨੀਆਂ ਨੇ ਇਸ ਇਖਤਰਾਹ (ਨਵੀਂ ਗਲ) ਵਿਰੁਧ ਸਖਤ ਨਾਰਾਜ਼ਗੀ ਪ੍ਰਗਟ ਕੀਤੀ। ਜਾਨ ਮੁਹੰਮਦ ਅਤੇ ਹਾਜੀ ਯਾਰ ਮੁਹੰਮਦ ਜੋ ਲਾਹੌਰ ਦੇ ਪ੍ਰਸਿਧ ਆਲਮ ਤੇ ਵਿਦਵਾਨ ਸਨ ਦੂਜੇ ਵਿਦਵਾਨਾਂ ਤੇ ਆਮ ਲੋਕਾਂ ਸਮੇਤ ਕਾਜ਼ੀ ਅਤੇ ਸਦਰ ਨੂੰ ਮਿਲੇ ਅਤੇ ਨਮਾਜ਼ ਅਤੇ ਖੁਤਬੇ ਵਿਚ

Sri Satguru Jagjit Singh Ji eLibrary NamdhariElibrary@gmail.com

# ਪ੍ਰਕਰਨ ੧੭

## ਕੁਤਬ ਉਦ ਦੀਨ ਮੁਹੰਮਦ ਮੁਅਜ਼ਮ, ਸ਼ਾਹ ਆਲਮ ਬਹਾਦਰ ਸ਼ਾਹ

### ਸੁਰਗਵਾਸੀ ਸ਼ਹਿਨਸ਼ਾਹ ਦੇ ਬੇਟਿਆਂ ਵਿਚਾਲੇ ਤਾਜ ਤਖ਼ਤ ਲਈ ਟੱਕਰ

ਔਰੰਗਜ਼ੇਬ ਨੇ ਆਪਣੀ ਜਾ ਨਸ਼ੀਨੀ ਲਈ ਜੋ ਹਦਾਇਤਾਂ ਜਾਰੀ ਕੀਤੀਆਂ ਉਹਨਾਂ ਉਪਰ ਉਸ ਦੇ ਬੇਟਿਆਂ ਨੇ ਕੋਈ ਧਿਆਨ ਨ ਦਿਤਾ। ਉਸ ਦੀ ਮੌਤ ਸਮੇਂ ਸਭ ਤੋਂ ਵੱਡਾ ਪੁਤਰ ਮੁਅਜ਼ਮ ਕਾਬਲ ਦਾ ਵਾਇਸਰਾਏ ਸੀ। ਆਜ਼ਮ ਉਸ ਦੇ ਨੇੜੇ ਹੀ ਕੈਂਪ ਵਿਚ ਸੀ ਅਤੇ ਕਾਮ ਬਖਸ਼ ਸਭ ਤੋਂ ਛੋਟਾ ਪੁਤ੍ਰ ਜੋ ਸੁਵਰਗੀ ਸ਼ਹਿਨਸ਼ਾਹ ਦਾ ਵਿਸ਼ਿਸ਼ ਤੌਰ ਉਤੇ ਅੱਖਾਂ ਦਾ ਤਾਰਾ ਸੀ ਆਪਣੀ ਬਾਦਸ਼ਾਹਤ ਬਿਜੇ ਪੁਰ ਵਿਚ ਸੀ।

### ਮੁਅਜ਼ਮ ਦਾ ਤਾਜ ਧਾਰਨ ਕਰਨਾ

ਆਪਣੇ ਬਾਪ ਦੀ ਬੀਮਾਰੀ ਦੀ ਖਬਰ ਸੁਣ ਕੇ ਮੁਅਜ਼ਮ ਨੇ ਆਪਣੇ ਦੋ ਪੁਤਰਾਂ ਖਜਸਤਾ ਅਖਤਰ ਅਤੇ ਰਫੀ ਉਲ ਕਦਰ ਸਮੇਤ ਕਾਬਲ ਤੋਂ ਕੂਚ ਬੋਲ ਦਿਤਾ। ਅਜੇ ਉਹ ਰਸਤੇ ਵਿਚ ਹੀ ਸੀ ਕਿ ਉਸ ਦੇ ਬਾਪ ਦੇ ਚਲਾਣੇ ਦੀ ਖਬਰ ਉਸ ਨੂੰ ਪੁਜੀ। ਉਸ ਨ ਤੁਰਤ ਸ਼ਾਹੀ ਤਾਜ ਆਪਣੇ ਸਿਰ ਉਤੇ ਧਾਰਨ ਕਰ ਲਿਆ ਅਤੇ ਗਦੀ ਨਸ਼ੀਨ ਹੋ ਗਿਆ। ਤਾਜ ਪੋਸ਼ੀ ਦੀ ਰਸਮ ਮੁਹਰਮ ਦੇ ਪਹਿਲੇ ਬੁਧਵਾਰ ਸੰਨ ੧੧੧੯ ਹਿਜਰੀ (ਮਾਰਚ ੧੭੦੭ ਈ:) ਨੂੰ ਠੀਕ ਅਧੀ ਰਾਤ ਵੇਲੇ ਹੋਈ ਕਿਉਂਕਿ ਜੋਤਸ਼ੀਆਂ ਨੇ ਇਹ ਸਮਾਂ ਬੜਾ ਸ਼ੁਭ ਦਸਿਆ ਸੀ। ਆਜ਼ਮ ਨੇ ਆਪਣੇ ਕੈਂਪ ਵਿਚ ਹੀ ਸ਼ਹਿਨਸ਼ਾਹ* ਹੋਣ ਦਾ ਐਲਾਨ ਕਰ ਦਿਤਾ ਅਤੇ ਸ਼ਾਹੀ ਰਾਗ ਦਾ ਹੁਕਮ ਦੇ ਕੇ ਫੌਜ ਦੀ ਕਮਾਨ ਆਪਣੇ ਹਥ ਵਿਚ ਲੈ ਲਈ।

### ਮੁਨੀਮ ਖਾਂ ਵਾਇਸਰਾਏ ਪੰਜਾਬ

ਉਸ ਸਮੇਂ ਮੁਨੀਮ ਖਾਂ ਪੰਜਾਬ ਦਾ ਵਾਇਸਰਾਏ ਸੀ। ਉਹ ਤੁਰਕਮਾਨ ਸਰਦਾਰ ਸੁਲਤਾਨ ਬੇਗ ਬਿਰਲਸ ਦਾ ਪੁਤਰ ਅਤੇ ਬੜਾ ਸਯੋਗ ਤੇ ਨੇਕ ਦਿਲ ਅਫਸਰ ਸੀ। ਮੁਅਜ਼ਮ ਅਜੇ ਸ਼ਹਿਜ਼ਾਦਾ ਹੀ ਸੀ ਕਿ ਔਰੰਗਜ਼ੇਬ ਨ ਮੁਨੀਮ ਖਾਂ ਨੂੰ ਆਪਣਾ ਦੀਵਾਨ ਥਾਪ ਲਿਆ ਅਤੇ ਉਸ ਨੇ ਲਾਹੌਰ ਦੇ ਸੂਬੇ ਵਿਚ ਸ਼ਹਿਜ਼ਾਦੇ ਦੀ ਜਾਗੀਰ ਦਾ ਬੜਾ ਸੋਹਣਾ ਪ੍ਰਬੰਧ ਕੀਤਾ ਸੀ। ਇਸੇ ਯੋਗਤਾ ਅਤੇ ਉਸ ਦੀਆਂ ਵਜ਼ਾਰਤ ਵਿਚ ਸਰਗਰਮੀਆਂ ਨੂੰ ਮੁਖ ਰਖ ਕੇ ਮੁਅਜ਼ਮ ਦੇ ਦਿਲ ਵਿਚ ਉਹਦੀ ਬੜੀ ਇਜ਼ਤ ਸੀ। ਇਸ ਨਾਜ਼ਕ ਮੌਕੇ ਉਤੇ ਉਸ ਨੇ ਵਖ ਵਖ ਦਰਿਆਵਾਂ ਉਪਰ ਪੁਲ ਬਣਾਉਣ ਅਤੇ ਲਾਹੌਰ ਵਿਚ ਸਾਮਾਨ ਰਸਦ ਇਕਤਰ ਕਰਨ ਲਈ ਬੜੀ ਸਰਗਰਮੀ ਵਿਖਾਈ।

### ਮੁਅਜ਼ਮ ਦਾ ਲਾਹੌਰ ਆ ਕੇ ਮੁਨੀਮ ਖਾਂ ਨੂੰ ਮਿਲਨਾ

ਮੁਅਜ਼ਮ ਕਾਬਲ ਤੋਂ ਆ ਕੇ ਲਾਹੌਰ ਵਿਚ ਮੁਨੀਮ ਖਾਂ ਨੂੰ ਮਿਲਿਆ ਜਦ ਕਿ ਉਸ ਦਾ ਪੁਤਰ ਮੌਜ਼ਉਦੀਨ, ਜੋ ਮੁਲਤਾਨ ਦਾ ਵਾਇਸਰਾਏ ਸੀ ਵੀ ਆ ਕੇ ਉਹਦੇ ਨਾਲ ਸ਼ਾਮਲ ਹੋ ਗਿਆ। ਉਹ ਆਪਣੇ ਨਾਲ ਬਹੁਤ ਸਾਰੀ ਫੌਜ ਅਤੇ ਤੋਪ ਖਾਨਾ ਵੀ ਲੈ ਆਇਆ। ਸ਼ਹਜ਼ਾਦੇ ਨੇ ਅਪਰੈਲ ਵਿਚ ਆਪਣਾ ਕੈਂਪ ਲਾਹੌਰ ਵਿਚ ਆਣ ਗਡਿਆ ਅਤੇ ਇਸ ਦੇ ਅਮਲੇ ਵਿਚ ਜਿਹੜੇ ਸਰਦਾਰ ਸਨ ਉਹਨਾਂ ਨੇ ਨਜ਼ਰਾਨੇ ਪੇਸ਼ ਕੀਤੇ ਅਤੇ ਆਪਣੀ ਸ਼ਰਧਾ ਪ੍ਰਗਟ ਕੀਤੀ।

### ਮੁਅਜ਼ਮ ਤੇ ਆਜ਼ਮ ਦੀ ਜੰਗ

ਲਾਹੌਰ ਵਿਚ ਉਸਦੇ ਨਾਮ ਦਾ ਸਿੱਕਾ ਚਾਲੂ ਹੋਇਆ ਤੇ ਖੁਤਬਾ ਪੜ੍ਹਿਆ ਗਿਆ। ਨਵੇਂ ਰੁਪਏ ਵਿਚ ਅਧੇ ਮਾਸ਼ ਦਾ ਵਾਧਾ ਕੀਤਾ ਗਿਆ। ਇਉਂ ਮੁਅਜ਼ਮ ਨੇ ਲਾਹੌਰ ਵਿਚੋਂ ਸਾਫਰ ਦੇ ਨਵੇਂ ਦਿਨ ਮਗਰੋਂ ਆਪਣੀਆਂ ਮਿਲਵੀਆਂ ਫੌਜਾਂ ਨਾਲ ਆਗਰੇ ਵਲ ਕੂਚ ਕੀਤਾ। ਤਾਜੋ ਦੇ ਅਸਥਾਨ ਉਤੇ ਮੁਅਜ਼ਮ ਅਤੇ ਆਜ਼ਮ ਦੀਆਂ ਫੌਜਾਂ ਵਿਚਾਲੇ ਦਿਲੀ ਦੇ ਤਖਤ ਲਈ ਲੜਾਈ ਹੋਈ। ਇਸ ਲੜਾਈ ਵਿਚ ਆਜ਼ਮ ਨੂੰ ਹਾਰ ਖਾਣੀ ਪਈ। ਨਾ ਕੇਵਲ ਆਜ਼ਮ ਹੀ ਸਗੋਂ ਉਸਦੇ ਦੋਵੇਂ ਪੁਤਰ ਵੀ ਜੰਗ ਵਿਚ ਮਾਰੇ ਗਏ।

### ਮੁਅਜ਼ਮ ਦੀ ਜਿਤ ਜੋ ਹੁਣ ਬਹਾਦਰ ਸ਼ਾਹ ਬਣਿਆ

ਉਹਨਾਂ ਦੀਆਂ ਮੁਰਦਾ ਲਾਸ਼ਾਂ ਦਿਲੀ ਲਿਆਂਦੀਆਂ ਗਈਆਂ ਜਿਨ੍ਹਾਂ ਨੂੰ ਹਮਾਯੂੰ ਦੇ ਮਕਬਰੇ ਦੇ ਵਿਹੜੇ ਵਿਚ ਦਫਨ ਕੀਤਾ ਗਿਆ। ਫਤਹ ਦੇ ਮਗਰੋਂ ਸ਼ਹਿਨਸ਼ਾਹ ਮੁਨੀਮ ਖਾਂ ਨਾਲ ਗਲਵਕੜੀ ਹੋਇਆ ਤੇ ਉਸ ਦੀ ਮੈਦਾਨਿ ਜੰਗ ਵਿਚ ਸੂਰਬੀਰਤਾ ਲਈ ਉਸ ਨੂੰ ਕਰੋੜ ਰੁਪਏ ਦੀ ਬਖਸ਼ੀਸ਼ ਦਿਤੀ ਅਤੇ ਉਸ ਨੂੰ ਜੁਮਲਾਤ ਉਲ ਮੁਲਕ ਦਾ ਖਤਾਬ ਦੇ ਕੇ ਵਜ਼ੀਰ ਥਾਪ ਲਿਆ।

ਸ਼ਾਹ ਆਲਮ (ਮੁਅਜ਼ਮ) ਨੇ ਦਿਲੀ ਦੇ ਤਖਤ ਉਤੇ ਬੈਠ ਕੇ ਬਹਾਦਰ ਸ਼ਾਹ ਦਾ ਲਕਬ ਧਾਰਨ ਕਰ ਲਿਆ। ਈਰਾਨ ਅਤੇ ਤੁਰਾਨ ਦੇ ਅਮੀਰਾਂ ਨੇ ਵੀ ਉਸ ਦੀ ਸਰਦਾਰੀ ਪਰਵਾਨ ਕਰ ਲਈ। ਈਰਾਨ ਦੇ ਸਰਦਾਰਾਂ ਵਲੋਂ ਅਸਦ ਖਾਂ ਅਤੇ ਉਸ ਦਾ ਬੇਟਾ ਜ਼ੁਲਫਿਕਾਰ ਖਾਂ ਅਤੇ ਤੁਰਾਨ ਦੇ ਸਰਦਾਰਾਂ ਵਲੋਂ ਨਾਬੀਨਾ ਬਜ਼ੁਰਗ ਗਾਜ਼ੀ ਉਦੀਨ ਫਿਰੋਜ਼ ਜੰਗ ਅਤੇ ਉਸਦਾ ਤਾਕਤ ਵਰ ਬੇਟਾ ਚਿਨ ਕਲੀਚ ਖਾਨ ਜਿਸ ਨੂੰ ਮੁਅਜ਼ਮ ਨੇ ਖਾਨਿ ਦੌਰਾਂ ਬਣਾਇਆ, ਅਤੇ ਜੋ ਪਿਛੋਂ ਦਖਣ ਵਿਚ ਨਜ਼ਾਮ ਖਾਨਦਾਨ ਦਾ ਮੋਢੀ ਬਣਿਆ, ਹਾਜ਼ਰ ਹੋਏ ਸਨ।

### ਰਾਜ ਦੇ ਦਰਬਾਰੀ

ਚਿਨ ਕਲੀਚ ਖਾਂ ਨੂੰ ਵਕੀਲ ਦਾ ਖਤਾਬ ਦਿਤਾ ਗਿਆ।

---

*ਆਜ਼ਮ ਸ਼ਾਹ ਨੇ ਗਦੀ ਨਸ਼ੀਨ ਹੋ ਕੇ ਆਪਣਾ ਸਿੱਕਾ ਚਾਲੂ ਕੀਤਾ ਜਿਸ ਉਤੇ ਇਹ ਇਬਾਰਤ ਦਰਜ ਸੀ:—

سکہ زد دو جہاں بدست وجاہ
بادشاہ ممالک اعظم شاہ

ਅਰਥਾਤ – ਰਾਜ ਦੇ ਬਾਦਸ਼ਾਹ ਆਜ਼ਮ ਸ਼ਾਹ ਨੇ ਖੁਸ਼ਹਾਲੀ ਤੇ ਸ਼ਾਨ ਨਾਲ ਦੁਨੀਆਂ ਵਿਚ ਸਿੱਕਾ ਚਾਲੂ ਕੀਤਾ।

Sri Satguru Jagjit Singh Ji eLibrary NamdhariElibrary@gmail.com

### ਉਸ ਦਾ ਦਰਬਾਰ

ਸ਼ਾਨ ਸ਼ੌਕਤ ਅਤੇ ਐਸ਼ ਵਰਜ ਦੇ ਲਿਹਾਜ ਨਾਲ ਉਸ ਦਾ ਦਰਬਾਰ ਸ਼ਾਹ ਜਹਾਨ ਦੇ ਦਰਬਾਰ ਦਾ ਟਾਕਰਾ ਕਰਦਾ ਸੀ। ਤਖਤਿ ਤਾਊਸ ਦੇ ਚੁਗਿਰਦੇ ਸ਼ਾਹੀ ਖਾਨਦਾਨ ਦੇ ੧੪ ਸ਼ਾਹਜ਼ਾਦੇ ਨਜ਼ਰ ਆਉਂਦੇ ਸਨ।

### ਉਸਦਾ ਪਰਵਾਰ

ਜਹਾਨ ਦਾਰ ਸ਼ਾਹ ਉਸਦਾ ਸਭ ਤੋਂ ਵਡਾ ਪੁਤਰ ਅਤੇ ਉਸਦੇ ਤਿੰਨ ਬੇਟੇ, ਉਸ ਦਾ ਤੀਜਾ ਲੜਕਾ ਰਫੀ ਉਸ਼ ਸ਼ਾਨ ਅਤੇ ਉਸਦੇ ਤਿੰਨ ਬੇਟੇ; ਉਸ ਦੇ ਭਤੀਜੇ ਦਾ ਬੇਟਾ ਬੇਦਰ ਦਿਲ; ਬੇਦਾਰ ਬਖਤ ਜੋ ਤਖਤ ਦੇ ਸਜੇ ਪਾਸੇ ਬੈਠਦਾ ਸੀ ਅਤੇ ਉਸ ਦਾ ਦੂਜਾ ਬੇਟਾ ਅਜ਼ੀਮ ਉਸ਼ ਸ਼ਾਨ ਆਪਣੇ ਦੋ ਬੇਟਿਆਂ ਸਮੇਤ; ਜਹਾਨ ਸ਼ਾਹ ਉਸਦਾ ਚੌਥਾ ਪੁਤਰ ਆਪਣੇ ਬੇਟੇ ਸਮੇਤ, ਅਲੀ ਤਬਰ ਆਜ਼ਮ ਸ਼ਾਹ ਦਾ ਇਕੋ ਇਕ ਬਚਿਆ ਬੇਟਾ ਅਤੇ ਕਾਮ ਬਖਸ਼ ਦੇ ਦੋ ਬੇਟੇ ਤਖਤ ਦੇ ਖਬੇ ਪਾਸੇ ਬੈਠਦੇ ਸਨ। ਇਹਨਾਂ ਸ਼ਾਹਜ਼ਾਦਿਆਂ ਦੇ ਪਿਛਲੇ ਪਾਸੇ ਸਜੇ ਪਾਸੇ ਫਤਹ ਕੀਤੇ ਹੋਏ ਰਾਜਿਆਂ ਦੇ ਸ਼ਾਹਜ਼ਾਦੇ ਖੜੇ ਰਹਿੰਦੇ ਸਨ ਜਿਹਾ ਕਿ ਸਿਕੰਦਰ ਅਲੀਸ਼ਾਹ ਬਿਜਾਪੁਰ, ਕੁਤਬ ਸ਼ਾਹ ਬਾਦਸ਼ਾਹ ਗੋਲਕੰਡਾ। ਛਤ ਤੋਂ ਤਿੰਨ ਹਜ਼ਾਰੀਆਂ ਨੂੰ ਉਸ ਪਲੇਟ ਫਾਰਮ ਉਤੇ ਥਾਂ ਦਿਤੀ ਗਈ ਸੀ ਜਿਸ ਦੇ ਚੁਗਿਰਦੇ ਚਾਂਦੀ‡ ਦਾ ਜੰਗਲਾ ਸੀ। ਰਿਵਾਜ ਅਨੁਸਾਰ ਸ਼ਹਿਨਸ਼ਾਹ ਈਦ ਦੇ ਅਵਸਰ ਉਤੇ ਅਤੇ ਦੂਜੇ ਤਿਹਾਰਾਂ ਉਪਰ ਆਪਣੇ ਦਰਬਾਰੀਆਂ ਨੂੰ ਪਦਵੀ ਅਨੁਸਾਰ ਆਪਣ ਹਥ ਨਾਲ ਪਾਨ ਤੇ ਇਤਰ ਵੰਡਦਾ ਸੀ ਜੋ ਝੁਕ ਕੇ ਅਤੇ ਸਲਾਮ ਕਰਕੇ ਇਸ ਸ਼ਾਹੀ ਨਜ਼ਰਾਨੇ ਨੂੰ ਕਬੂਲਦੇ ਸਨ।

‡ ਮਿਮਾਇਰਜ਼ ਆਫ ਮੁਗਲ ਐਂਪਾਇਰ ਲਿਖਤ ਇਰਾਦਤ ਖਾਨ।

### ਉਸ ਦੀਆਂ ਸੁਗਾਤਾਂ ਦਾ ਦਾਨ

ਉਸ ਦੇ ਇਤਿਹਾਸਕਾਰਾਂ ਦੇ ਕਥਨ ਅਨੁਸਾਰ ਉਹ ਹੀਰਿਆਂ ਅਤੇ ਕੀਮਤੀ ਪੁਸ਼ਾਕਾਂ ਦੇ ਰੂਪ ਵਿਚ ਜੋ ਸੁਗਾਤਾਂ ਦਿੰਦਾ ਸੀ ਉਹ ਸਚੇ ਭਾਵ ਵਿਚ ਸ਼ਾਹਾਨਾ ਹੁੰਦੀਆਂ ਸਨ। ਦਰਬਾਰ ਤੋਂ ਬਾਹਰ ਉਸ ਦੀ ਪੁਸ਼ਾਕ ਸਾਦਾ ਅਤੇ ਮਜ਼ਬੀ ਮੁਲਾਣਿਆਂ ਵਰਗੀ ਹੁੰਦੀ। ਉਹ ਹਮੇਸ਼ਾਂ ਜਮਾਤ ਵਿਚ ਖੜਕੇ ਨਮਾਜ਼ ਪੜ੍ਹਦਾ ਸੀ।

### ਬਹਾਦਰ ਸ਼ਾਹ ਧਰਮੀ ਦੇ ਰੂਪ ਵਿਚ

ਉਹ ਜੁੰਮੇ ਦੇ ਖਤਨੇ ਦੀ ਪ੍ਰਧਾਨਗੀ ਨਮਾਜ਼ੀਆਂ ਦੇ ਵਡੇ ਤੰਬੂ ਵਿਚ ਬੜੀ ਤਨ ਦੇਹੀ ਨਾਲ ਕਰਦਾ ਅਤੇ ਕੁਰਾਨ ਖਵਾਨੀ ਐਨੀ ਮਧੁਰ ਆਵਾਜ਼ ਨਾਲ ਕਰਦਾ ਕਿ ਵਡੇ ਵਡੇ ਅਰਬੀ ਵਿਦਵਾਨ ਵੀ ਚਕ੍ਰਿਤ ਰਹਿ ਜਾਂਦੇ।

### ਪੰਜਾਬ ਵਿਚ ਸ਼ੁਹਰਤ

ਲਾਹੌਰ ਵਿਚ ਮਜ਼ਹਬੀ ਇਖਤਲਾਫ ਦੇ ਬਾਵਜੂਦ, ਜਿਸਦੇ ਕਾਰਨ ਉਸ ਨੇ ਕਿਸੇ ਉਤੇ ਵੀ ਸਖਤੀ ਨਹੀਂ ਸੀ ਕੀਤੀ ਉਹ ਪੰਜਾਬ ਵਿਚ ਬੜਾ ਹਰਮਨ ਪਿਆਰਾ ਸੀ ਅਤੇ ਲਾਹੌਰ ਦਾ ਇਕ ਦਰਵਾਜ਼ਾ‡ ਸ਼ਾਹ ਆਲਮੀ ਦਰਵਾਜਾ ਉਸੇ ਦੇ ਨਾਮ ਨਾਲ ਪ੍ਰਸਿਧ ਹੈ। ਬਾਰੰਟਨ ਲਿਖਦਾ ਹੈ ਕਿ "ਇਹ ਗਲ ਉਸ ਬਾਦਸ਼ਾਹ ਦੇ ਹਰਮਨ ਪਿਆਰੇ ਹੋਣ ਦਾ ਇਕ ਸਬੂਤ ਹੈ" ਇਹ ਸਚ ਹੀ ਆਖਿਆ ਜਾਂਦਾ ਹੈ ਕਿ ਜੇ ਔਰੰਗਜ਼ੇਬ ਦੀ ਬਜਾਇ ਸ਼ਾਹ ਜਹਾਨ ਦਾ ਜਾ ਨਸ਼ੀਨ ਬਹਾਦਰ ਸ਼ਾਹ ਮੁਗ਼ਲ ਦੇ ਤਖਤ ਉਤੇ ਬੈਠ ਜਾਂਦਾ ਤਦ ਇਸ ਜਾਤੀ ਦਾ ਖਾਨਦਾਨ ਐਨੀ ਛੇਤੀ ਖਤਮ ਨ ਹੋ ਜਾਂਦਾ ਜਿੰਨੀ ਛੇਤੀ ਕਿ ਉਹ ਹੋਇਆ।

‡ ਪਹਿਲੇ ਇਹ ਭੇੜ ਵਾਲਾ ਦਰਵਾਜ਼ਾ ਪ੍ਰਸਿਧ ਸੀ।

---

# ਪਰਕਰਨ ੧੯

## ਮੁਹੰਮਦ ਮੌਜ਼ ਉਦ ਦੀਨ ਜਹਾਨ ਦਾਰ ਸ਼ਾਹ

### ਰਾਜ ਲਈ ਖੜਯੰਤਰ

ਬਹਾਦਰ ਸ਼ਾਹ ਦੀ ਮੌਤ ਮਗਰੋਂ ਤਾਜ ਤਖਤ ਲਈ ਉਸ ਦ ਚਾਰੇ ਬੇਟਿਆਂ ਵਿਚਾਲੇ ਖੜਯੰਤਰ ਆਰੰਭ ਹੋ ਗਿਆ। ਪਹਿਲੇ ਅਤੇ ਦੂਜੇ ਪੁਤਰ ਨੇ ਸ਼ਹਿਨਸ਼ਾਹ ਦੀ ਜ਼ਿੰਦਗੀ ਵਿਚ ਹੀ ਇਕ ਦੂਜੇ ਉਤੇ ਡੂੰਘਾ ਸ਼ਕ ਕਰਨਾ ਸ਼ੁਰੂ ਕਰ ਦਿਤਾ ਸੀ। ਇਕ ਦਿਨ ਜਦ ਉਹ ਆਪਣੇ ਬਾਦਸ਼ਾਹ-ਪਿਤਾ ਦੀ ਹਾਜ਼ਰੀ ਵਿਚ ਉਸ ਦੇ ਬਿਸਤਰ ਦੇ ਪਾਸ ਬੈਠੇ ਸਨ ਅਜ਼ੀਮ ਉਸ਼ ਸ਼ਾਨ ਨੇ, ਜੋ ਆਪਣੀ ਜੰਗੀ ਯੋਗਤਾ ਲਈ ਬੜਾ ਸਤਕਾਰਿਆ ਜਾਂਦਾ ਸੀ। ਸਿਰਹਾਣੇ ਦੇ ਥਲੇ ਇਕ ਬੜਾ ਹੀ ਨਫੀਸ ਤੇ ਸੁਹਣਾ ਖੰਜਰ ਡਿਠਾ। ਉਸ ਨੇ ਉਹ ਖੰਜਰ ਚੁਕ ਲਿਆ ਅਤੇ ਉਸ ਨੂੰ ਮਿਆਨ ਵਿਚੋਂ ਕਢਕੇ ਉਸ ਦੇ ਬਣਾਉਣ ਵਾਲੇ ਦੀ ਕਾਰੀਗਰੀ ਅਤੇ ਉਸ ਵਿਚ ਲਗੇ ਹੀਰੇ ਜਵਾਹਰਾਂ ਦੀ ਬੜੀ ਪ੍ਰਸੰਸਾ ਕਰਨ ਲਗ ਪਿਆ; ਉਸ ਨੇ ਫਲ ਉਤੇ ਚਾੜ੍ਹੀ ਗਈ ਝਾਲ ਦੀ ਵੀ ਬੜੀ ਤਾਰੀਫ ਕੀਤੀ।

### ਮੌਜ਼ ਉਦ ਦੀਨ ਦਾ ਕਮਜ਼ੋਰ ਚਲਨ

ਇਸ ਪ੍ਰਸੰਸਾ ਦਾ ਭਾਵ ਕਿਸੇ ਕਿਸਮ ਦੀ ਹਾਨੀ ਪੁਚੌਣਾ ਨਹੀਂ ਸੀ ਪਰ ਭਰਾਕਲ ਸ਼ਾਹਜ਼ਾਦਾ ਮੌਜ਼ ਉਦ ਦੀਨ ਨੂੰ ਇਸ ਤੋਂ ਐਨਾ ਡਰ ਲਗਾ ਕਿ ਆਪਣੀ ਥਾਂ ਤੋਂ ਤ੍ਰਬਕ ਕੇ ਉਠ ਬੈਠਾ; ਹੜਬੜੀ ਵਿਚ

ਲਫਜ਼ ਵਸੀ ਦੀ ਵਰਤੋਂ ਵਿਰੁਧ ਆਪਣੀ ਨਾਰਾਜ਼ਗੀ ਪਰਗਟ ਕੀਤੀ। ਸ਼ਹਿਨਸ਼ਾਹ ਦੇ ਵਡੇ ਸਪੁਤਰ ਅਜ਼ੀਮ ਉਸ਼ ਸ਼ਾਨ ਅਤੇ ਖਜਸਤਾ ਅਖਤਰ ਦੋਵੇਂ ਹੀ ਸਰਗਰਮ ਸੁੰਨੀ ਸਨ ਉਹਨਾਂ ਨੇ ਉਸ ਸ਼ਈਆ ਮੁਲਾਂ ਦੀ ਗਤ ਬਣਾਈ ਜੋ ਜਾਮਾ ਮਸੀਤ ਵਿਚ ਸ਼ਈਆ ਮਤ ਦੇ ਇਹ ਲਫਜ਼ ਕਿ "ਅਲੀ ਖੁਦਾ ਦਾ ਵਲੀ ਹੈ" ਦੁਹਰਾਉਨ ਲਈ ਭੇਜਿਆ ਗਿਆ ਸੀ।

## ਲਾਹੌਰ ਦੀ ਜਾਮਾ ਮਸੀਤ ਵਿਚ ਸ਼ਈਆ ਮੁਲਾਂ ਦਾ ਕਤਲ

ਮਸੀਤ ਵਿਚ ਜਮਾ ਹੋਏ ਨਿਮਾਜ਼ੀਆਂ ਨੇ ਉਸ ਸ਼ਈਆ ਮੁਲਾਂ ਨੂੰ ਉਪ੍ਰੋਕਤ ਲਫਜ਼ ਖੁਤਬੇ ਵਿਚ ਦੁਹਰਾਉਨ ਤੋਂ ਪਹਿਲੇ ਹੀ ਮਿੰਬਰ ਤੋਂ ਘਸੀਟਕੇ ਥਲੇ ਲਾਹ ਲਿਆ ਅਤੇ ਉਸ ਦੀ ਬੋਟੀ ਬੋਟੀ ਨੋਚ ਲਈ। ਹਾਜੀ ਯਾਰ ਮੁਹੰਮਦ, ਮੁਹੰਮਦ ਮੁਰਾਦ ਖਾਨ ਅਤੇ ਕੁਛ ਹੋਰ ਆਲਮ ਫਾਜ਼ਲ ਸ਼ਹਿਨਸ਼ਾਹ ਨੂੰ ਇਕਾਂਤ ਵਿਚ ਮਿਲੇ। ਬਹੁਤ ਸਾਰੀ ਬਹਿਸ ਮਗਰੋਂ ਗਰਮਾ ਗਰਮ ਲਫਜ਼ਾਂ ਦੀ ਵਰਤੋਂ ਸ਼ਹਿਨਸ਼ਾਹ ਦੇ ਹਮਾਇਤੀਆਂ ਅਤੇ ਹਾਜੀ ਯਾਰ ਮੁਹੰਮਦ ਵਿਚਾਲੇ ਹੋਈ। ਬਾਦਸ਼ਾਹ ਨੇ ਉਸ ਨੂੰ ਜੋਸ਼ ਵਿਚ ਆਇਆ ਵੇਖ ਕੇ ਪੁਛ ਕੀਤੀ ਕਿ ਉਸ ਨੂੰ ਕੋਈ ਡਰ ਨਹੀਂ ਕਿ ਓਹ ਐਨਾ ਉਚੀ ਉਚੀ ਬਾਦਸ਼ਾਹ ਦੇ ਹਜ਼ੂਰ ਬੋਲ ਰਿਹਾ ਹੈ। ਹਾਜੀ ਨੇ ਉਤਰ ਦਿਤਾ—"ਮੈਂ ਆਪਣੇ ਪੈਦਾ ਕਰਨ ਵਾਲੇ ਪਾਸੋਂ ਚਾਰ ਚੀਜ਼ਾਂ ਮੰਗੀਆਂ ਹਨ-ਇਲਮ ਦੀ ਪ੍ਰਾਪਤੀ, ਦੂਜੇ ਮਜ਼ਹਬ ਦੀ ਪਕਿਆਈ ਤੀਜੇ ਹਜ ਅਤੇ ਚੌਥਾ ਸ਼ਹਾਦਤ। ਅਲ੍ਹਾ ਦਾ ਸ਼ੁਕਰ ਹੈ ਕਿ ਪਹਿਲੀਆਂ ਤਿੰਨੇ ਮਨੋਕਾਮਨਾਵਾਂ ਪੂਰੀਆਂ ਹੋ ਚੁਕੀਆਂ ਹਨ। ਹੁਣ ਸ਼ਹਾਦਤ ਬਾਕੀ ਰਹਿ ਗਈ ਹੈ ਅਤੇ ਉਹ ਵੀ ਮੈਨੂੰ ਨਿਸ਼ਚਾ ਹੈ ਕਿ ਹਜ਼ੂਰ ਦੀ ਮਿਹਰ ਸਦਕਾ ਹੁਣ ਪ੍ਰਾਪਤ ਹੋ ਕੇ ਰਹੇਗੀ।" ਸ਼ਹਿਰ ਦੇ ਸਾਰੇ ਵਸਨੀਕ (ਮੁਸਲਮਾਨ) ਅਤੇ ਅਫਗਾਨਾਂ ਦੀ ਇਕ ਪਾਰਟੀ ਇਸ ਗਲ ਉਤੇ ਤੁਲੇ ਹੋਏ ਸਨ ਕਿ ਭਾਵੇਂ ਕੁਛ ਹੋ ਜਾਏ ਉਹ ਇਸ ਇਖਤਰਾਹ ਨੂੰ ਵਰਤੋਂ ਵਿਚ ਨਹੀਂ ਆਉਣ ਦੇਣਗੇ। ਇਸ ਦੇ ਛੇਤੀ ਹੀ ਮਗਰੋਂ ਸਦਰ ਨੇ ਬਾਦਸ਼ਾਹ ਦੇ ਹਜ਼ੂਰ ਇਕ ਦਰਖਾਸਤ ਪੇਸ਼ ਕੀਤੀ ਜਿਸ ਵਿਚ ਸ਼ਹਿਨਸ਼ਾਹ ਨੂੰ ਸਦਾ ਦਿਤਾ ਗਿਆ ਸੀ ਕਿ ਉਹ ਉਹਨਾਂ ਦੇ ਅਸੂਲਾਂ ਨੂੰ ਪਰਵਾਨ ਕਰੇ।

## ਸੁੰਨੀ ਖੁਤਬੇ ਦੀ ਬਹਾਲੀ

ਇਸ ਦਰਖਾਸਤ ਉਤੇ ਸ਼ਹਿਨਸ਼ਾਹ ਨੇ ਆਪਣੀ ਕਲਮ ਨਾਲ ਲਿਖਿਆ ਕਿ ਖੁਤਬਾ ਉਸੇ ਹੀ ਸ਼ਕਲ ਵਿਚ ਪੜ੍ਹਿਆ ਜਾਏ ਜਿਸ ਸ਼ਕਲ ਵਿਚ ਕਿ ਖੁਲਦਮਕਾਨੀ ਔਰੰਗਜ਼ੇਬ ਦੇ ਸਮੇਂ ਪੜ੍ਹਿਆ ਜਾਂਦਾ ਸੀ। ਇਹ ਰਿਆਇਤ ਪ੍ਰਾਪਤ ਹੋ ਜਾਣ ਤੇ ਸਾਰੀ ਐਜੀਟੇਸ਼ਨ ਠੰਡੀ ਪੈ ਗਈ।

## ਸ਼ਹਿਨਸ਼ਾਹ ਦੇ ਸੁਭਾਓ ਵਿਚ ਤਬਦੀਲੀ ੧੭੧੨

ਉਮਰ ਦਾ ਸਤਰ੍ਹਵਾਂ ਸਾਲ ਬੀਤ ਜਾਣ ਮਗਰੋਂ ਸ਼ਹਿਨਸ਼ਾਹ ਦੇ ਸੁਭਾਓ ਵਿਚ ਕੁਛ ਤਬਦੀਲੀ ਨਜ਼ਰ ਆਉਣ ਲਗੀ। ਉਸ ਸਮੇਂ ਉਹ ਲਾਹੌਰ ਦੇ ਪਾਸ ਦਰਿਆ ਰਾਵੀ ਦੇ ਕੰਢੇ ਕੈਂਪ ਵਿਚ ਸੀ। ਸੰਨ ੧੭੧੨ ਦੇ ਫਰਵਰੀ ਮਹੀਨੇ ਦੇ ਆਰੰਭ ਵਿਚ ਉਸਦੇ ਦਿਮਾਗ ਵਿਚ ਇਹ ਸਨਕ ਸਮਾਈ ਕਿ ਲਾਹੌਰ ਵਿਚ ਤੇ ਉਸ ਦੇ ਕੈਂਪ ਵਿਚ ਜਿੰਨੇ ਵੀ ਕੁਤੇ ਹਨ ਉਹਨਾਂ ਸਭਨਾਂ ਨੂੰ ਮਾਰ ਦੇਣ ਦਾ ਹੁਕਮ ਜਾਰੀ ਕਰੇ ਅਜੇ ਉਹ ਸੋਚ ਹੀ ਰਿਹਾ ਸੀ ਕਿ ਅਚਨਚੇਤ ਉਸ ਨੂੰ ਬੇਹੋਸ਼ੀ ਦੇ ਦੌਰੇ ਪੈਣੇ ਸ਼ੁਰੂ ਹੋ ਗਏ ਜੋ ੨੧ ਮੁਹਰਮ ੧੧੨੪ ਹਿਜ਼ਰੀ (੧੯ ਫਰਵਰੀ ੧੭੧੨ ਈ:) ਤੀਕ ਜਾਰੀ ਰਹੇ।

## ਉਸਦੀ ਮੌਤ

੧੯ ਫਰਵਰੀ ਨੂੰ ਰਾਤ ਤੋਂ ਦੋ ਘੰਟੇ ਪਹਿਲੇ ਉਸ ਦੀ ਮੌਤ ਹੋ ਗਈ। ਇਸ ਤੇ ਸ਼ਾਹਜ਼ਾਦਿਆਂ ਅਤੇ ਹਰਮ ਦੀਆਂ ਬੇਗਮਾਂ ਨੇ ਉਸਦੇ ਪਲੰਘ† ਉਦਾਲੇ ਉੱਚੀ ਉੱਚੀ ਵਾਵੇਲਾ ਸ਼ੁਰੂ ਕਰ ਦਿਤਾ।

## ਅਫਰਾ ਦਫਰੀ

ਸਾਰੇ ਉਮਰਾ ਰਾਤ ਦੇ ਹਨੇਰੇ ਵਿਚ ਸ਼ਾਹੀ ਕੈਂਪ ਵਿਚੋਂ ਨਿਕਲ ਆਏ ਤਾਂ ਜੋ ਆਪੋ ਆਪਣੇ ਸ਼ਾਹਜ਼ਾਦਿਆਂ ਦੀਆਂ ਪਾਰਟੀਆਂ ਵਿਚ ਜਾ ਸ਼ਾਮਲ ਹੋਣ। ਇਸ ਦੌਰਾਨ ਵਿਚ ਕੈਂਪ ਦੇ ਬਹੁਤ ਸਾਰੇ ਲੋਕ ਆਪੋ ਆਪਣੇ ਪਰਵਾਰਾਂ ਨੂੰ ਲੈ ਕੇ ਸ਼ਹਿਰ ਵਿਚ ਜਾ ਵੜੇ। ਅਗਲੇ ਦਿਨ ਸ਼ਹਿਰ ਵਿਚ ਬੜਾ ਜੋਸ਼ ਫੈਲ ਗਿਆ। ਗਲੀਆਂ ਤੇ ਬਾਜ਼ਾਰਾਂ ਵਿਚ ਭੀੜ ਇਕੱਠੀ ਹੋ ਗਈ ਤੇ ਸ਼ੋਰ ਜਿਹਾ ਮਚ ਗਿਆ। ਸਾਰੇ ਲੋਕ ਨਵੇਂ ਬਾਦਸ਼ਾਹ ਦੀ ਚੋਣ ਬਾਰੇ ਆਪੋ ਆਪਣੀ ਸੰਮਤੀ ਪਰਗਟ ਕਰ ਰਹੇ ਸਨ। ਸੁਵਰਗੀ ਸ਼ਹਿਨਸ਼ਾਹ ਦੀ ਲਾਸ਼ ਦਿਲੀ ਲਿਜਾਈ ਗਈ ਜਿਥੇ ਉਸਨੂੰ ਵਲੀ ਕੁਤਬ ਉਦ ਦੀਨ ਦੇ ਰੌਜ਼ ਦੇ ਹਾਤੇ ਵਿਚ ਦਫਨ ਕੀਤਾ ਗਿਆ। ਉਹ ਆਪਣੀ ਉਮਰ ਦੇ ੭੧ ਵੇਂ ਮਹਿਤਾਬੀ ਸਾਲ ਅਤੇ ਗਦੀ ਨਸ਼ੀਨੀ ਦੇ ਪੰਜਵੇਂ ਸਾਲ ਚਲਾਣਾ ਕਰ ਗਿਆ।

## ਬਹਾਦਰ ਸ਼ਾਹ ਦਾ ਚਲਨ

ਬਹਾਦਰ ਸ਼ਾਹ ਸਖੀ, ਦਾਨੀ ਤੇ ਪਰਲੇ ਦਰਜੇ ਦਾ ਨੇਕ ਦਿਲ ਬਾਦਸ਼ਾਹ ਸੀ ਆਪਣੇ ਪੂਰਵਜ ਦੇ ਤਅਸਬ ਤੇ ਮਕਾਰ ਦੇ ਟਾਕਰੇ ਉਤੇ ਉਸ ਵਿਚ ਸਹਿਨ ਸ਼ੀਲਤਾ ਅਤੇ ਹਮਦਰਦੀ ਕੁਟ ਕੁਟ ਕੇ ਭਰੀ ਸੀ। ਦੁੱਖਾਂ ਤੇ ਮੁਸੀਬਤਾਂ ਦੇ‡ ਸਕੂਲ ਵਿਚ ਪੜ੍ਹਕੇ ਉਹ ਐਥੋਂ ਤੀਕ ਨਰਮ ਮਿਜਾਜ਼ ਤੇ ਹਮਦਰਦ ਬਣ ਚੁਕਾ ਸੀ ਕਿ ਲੋਕ ਉਸ ਨੂੰ ਸੰਤ ਬਾਦਸ਼ਾਹ ਕਹਿਣ ਲਗ ਪਏ ਸਨ। ਆਪਣੇ ਭਾਈ ਸੁਲਤਾਨ ਮੁਹੰਮਦ ਆਜ਼ਮ ਵਿਰੁਧ ਲੜਾਈ ਕਰਨ ਤੋਂ ਪਹਿਲੇ ਉਸ ਨੇ ਉਸਨੂੰ ਲਿਖਿਆ ਸੀ ਕਿ ਜੇ ਉਹ ਦਖਣ ਦੀ ਬਾਦਸ਼ਾਹੀ ਨਾਲ ਸੰਤੁਸ਼ਟ ਹੋ ਜਿਹਾ ਕਿ ਸੁਵਰਗੀ ਸ਼ਹਿਨਸ਼ਾਹ ਨੇ ਉਹਦਾ ਗੁਣਾ ਪਾਇਆ ਸੀ ਤਦ ਉਹ ਉਹਦੇ ਵਿਰੁਧ ਜੰਗੀ ਕਾਰਰਵਾਈ ਤੋਂ ਸੰਕੋਚ ਕਰੇਗਾ। ਪਰ ਮੁਹੰਮਦ ਆਜ਼ਮ ਨੇ ਇਸ ਪੇਸ਼ਕਸ਼ ਦੀ ਕੋਈ ਪਰਵਾਹ ਨ ਕੀਤੀ ਅਤੇ ਸ਼ਹਿਨਸ਼ਾਹ ਨੂੰ ਮਜਬੂਰ ਹੋ ਕੇ ਜੰਗ ਲੜਨੀ ਪਈ ਜੋ ਉਸ ਦੇ ਵਿਰੋਧੀ ਭਾਈ ਲਈ ਤਬਾਹੀ ਕੁਨ ਸਾਬਤ ਹੋਈ। ਜਦ ਸ਼ਾਹ ਆਲਮ ਦੀ ਗਾਰਦ ਦੇ ਕਮਾਂਡਰ ਰੁਸਤਮ ਦਿਲ ਖਾਨ ਨੇ ਮੈਦਾਨਿ ਜੰਗ ਵਿਚ ਨਾਕਾਰਾ ਹੋ ਚੁਕੇ ਮੁਹੰਮਦ ਆਜ਼ਮ ਦੇ ਹਾਥੀ ਉਤੇ ਚੜ੍ਹਕੇ ਉਸ ਸ਼ਾਹਜ਼ਾਦੇ ਦਾ ਸਿਰ ਆਪਣੀ ਤਲਵਾਰ ਨਾਲ ਵਢਿਆ ਅਤੇ ਸਿਰ ਨੂੰ ਲੈ ਕੇ ਛੇਤੀ ਛੇਤੀ ਆਪਣੇ ਮਾਲਕ ਦੇ ਕੈਂਪ ਵਿਚ ਇਸ ਆਸ ਉਤੇ ਪੁਜਾ ਕਿ ਉਸਨੂੰ ਇਸ ਕਾਰਨਾਮੇ ਉਤੇ ਚੋਖਾ ਇਨਾਮ ਮਿਲੇਗਾ ਪਰ ਜਦ ਦਰਦਵੰਦ ਸ਼ਾਹ ਆਲਮ ਨੇ ਆਪਣੇ ਕਤਲ ਹੋਏ ਭਾਈ ਦਾ ਸਿਰ ਡਿਠਾ ਤਦ ਉਸਦੇ ਪਿਆਰ-ਹੰਝੂ ਵਗ ਤੁਰੇ ਅਤੇ ਉਸ ਪਾਸੋਂ ਸਵਾਏ ਲਾਹਨਤ ਮੁਲਾਮਤ ਦੇ ਰੁਸਤਮ ਦਿਲ ਖਾਂ ਨੂੰ ਕੁਛ ਵੀ ਪਰਾਪਤ ਨ ਹੋਇਆ। ਉਸ ਨੇ ਵਿਜਈ ਕੂਚ ਦੀ ਮਨਾਹੀ ਕਰ ਦਿਤੀ ਅਤੇ ਹਰਮ ਦੀਆਂ ਬੇਗਮਾਂ ਅਤੇ ਛੋਟੇ ਸ਼ਾਹਜ਼ਾਦਿਆਂ ਨਾਲ ਬੜੀ ਨਰਮਾਈ ਤੇ ਇਜ਼ਤ ਵਾਲਾ ਵਰਤਾ ਕੀਤਾ।

---

† ਇਰਾਦਤ ਖਾਨ ਲਿਖਤ ਮੈਮਾਇਰਜ਼।

‡ ਉਸਦੇ ਬਾਪ ਔਰੰਗਜ਼ੇਬ ਨੇ ਉਸ ਨੂੰ ਪੂਰੇ ਸਤ ਸਾਲ ਤੀਕ ਕੈਦ ਵਿਚ ਰਖਿਆ ਸੀ।

Sri Satguru Jagjit Singh Ji eLibrary NamdhariElibrary@gmail.com

## ਖਜਸਤਾ ਅਖਤਰ ਦੀ ਹਾਰ ਤੇ ਮੌਤ

ਇਸ ਕਾਰਰਵਾਈ ਨਾਲ ਖਜਸਤਾ ਅਖਤਰ ਬਹੁਤ ਜੋਸ਼ ਵਿਚ ਆ ਗਿਆ ਜਿਸ ਨੇ ਜਹਾਨ ਸ਼ਾਹ ਦੇ ਨਾਮ ਨਾਲ ਅਗੋਂ ਤੋਂ ਬਾਦਸ਼ਾਹ ਹੋਣ ਦਾ ਐਲਾਨ ਕਰ ਦਿਤਾ। ਉਹਦੇ ਨਾਲ ਫੌਜ ਦੇ ਕਈ ਅਫਸਰ ਵੀ ਸ਼ਾਮਲ ਹੋ ਗਏ। ਉਸ ਨੇ ਇਕ ਬਹੁਤ ਵਡੀ ਫੌਜ ਇਕੱਠੀ ਕਰਕੇ ਜਹਾਨਦਾਰ ਸ਼ਾਹ ਨਾਲ ਲੜਾਈ ਛੇੜ ਦਿਤੀ ਪਰ ਉਸ ਨੂੰ ਲੜਾਈ ਵਿਚ ਹਾਰ ਹੋਈ ਅਤੇ ਉਹ ਕਤਲ ਕੀਤਾ ਗਿਆ। ਉਸਦਾ ਬੇਟਾ ਫਰਖੰਦਾ ਅਖਤਰ, ਜੋ ਬੜਾ ਹੋਣ ਹਾਰ ਸ਼ਾਹਜ਼ਾਦਾ ਸੀ ਅਤੇ ਜੋ ਅਪਣੇ ਬਾਪ ਦੇ ਪਿਛੇ ਉਸੇ ਹਾਥੀ ਉਤੇ ਸਵਾਰ ਸੀ ਹੇਠਾਂ ਉਤਰ ਆਇਆ ਅਤੇ ਹਥ ਵਿਚ ਤਲਵਾਰ ਲੈ ਕੇ ਲੜਦਾ ਲੜਦਾ ਕਈ ਫਟ ਖਾ ਕੇ ਉਥੇ ਹੀ ਖੇਤ ਰਿਹਾ।

## ਮੌਜ਼ ਉਦੀਨ ਅਤੇ ਰਫੀ ਉਸ਼ ਸ਼ਾਨ ਵਿਚਾਲੇ ਝਗੜਾ

ਹੁਣ ਤਾਜ ਤਖਤ ਦੇ ਦਾਵੇਦਾਰ ਕੇਵਲ ਦੋ ਸ਼ਾਹਜ਼ਾਦੇ ਮੌਜ਼ ਉਦੀਨ ਅਤੇ ਰਫੀ ਉਸ਼ ਸ਼ਾਹ ਰਹਿ ਗਏ ਰਫੀ ਉਸ਼ ਸ਼ਾਨ ਨੇ ਅਮੀਰ ਉਲ ਉਮਰਾ ਜ਼ੁਲ ਫਿਕਾਰ ਖਾਂ ਦੀ ਕਸਮ ਤੇ ਦਿਆਨਤਦਾਰੀ ਉਤੇ ਪੂਰਾ ਭਰੋਸਾ ਰਖਿਆ ਕਿਉਂਕਿ ਸੁਵਰਗੀ ਸ਼ਹਿਨਸ਼ਾਹ ਦੀ ਜ਼ਿੰਦਗੀ ਵਿਚ ਉਹਨੇ ਸਦਾ ਖਾਨਿਖਨਾ ਦੇ ਟਾਕਰੇ ਉਤੇ ਉਸੇ ਦੀ ਹਮਾਇਤ ਕੀਤੀ ਸੀ। ਸ਼ਾਹਜ਼ਾਦੇ ਤੇ ਅਮੀਰ ਉਲ ਉਮਰਾ ਨੇ ਪਗਾਂ ਵੀ ਵਟਾਈਆਂ ਹੋਈਆਂ ਸਨ। ਸ਼ਾਹਜ਼ਾਦਾ ਉਸ ਨੂੰ ਚਾਚਾ ਕਹਿ ਕੇ ਬੁਲਾਉਂਦਾ ਸੀ। ਅਮੀਰ ਉਲ ਉਮਰਾ ਦੀ ਮਿਤਰਤਾ ਉਪਰ ਪਰਾ ਪੂਰਾ ਭਰੋਸਾ ਰਖਕੇ ਰਫੀ ਉਸ਼ ਸ਼ਾਹ ਨੇ ਉਸ ਸਮੇਂ ਤੀਕ ਨਿਰਪਖ ਰਹਿਣ ਦਾ ਨਿਸ਼ਚਾ ਧਾਰ ਲਿਆ ਸੀ ਜਦ ਤੀਕ ਕਿ ਦੋਵਾਂ ਵਿਚੋਂ ਇਕ ਦੀ ਹਾਰ ਨਹੀਂ ਹੋ ਜਾਂਦੀ। ਫੇਰ ਉਹ ਆਪਣੇ ਹਮਾਇਤੀ ਦੀ ਸਹਾਇਤਾ ਨਾਲ ਵਿਜਈ ਉਤੇ ਝਪਟ ਪਏਗਾ ਅਤੇ ਉਸ ਦਾ ਖਾਤਮਾ ਕਰ ਦਏਗਾ। ਉਸ ਨੇ ਆਪਣੇ ਮਨ ਦੀ ਇਛਾ ਆਪਣੇ ਪਿਛਲਗਾਂ ਨੂੰ ਦਸ ਦਿਤੀ। ਫੇਰ ਨਗਾਰੇ ਉਤੇ ਚੋਟ ਲਾਉਣ ਦਾ ਹੁਕਮ ਦੇ ਕੇ ਮੌਜ਼ ਉਦ ਦੀਨ ਵਿਰੁਧ ਮੈਦਾਨ ਵਿਚ ਅਗੇ ਵਧਿਆ।

## ਵਜ਼ੀਰ ਆਜ਼ਮ ਜ਼ੁਲਫਿਕਾਰ ਖਾਂ ਦੀ ਫਰੇਬੀ ਚਾਲ

ਰਫੀ ਉਸ਼ ਸ਼ਾਹ ਵੀ ਜੰਗ ਲਈ ਤਿਆਰ ਸੀ ਪਰ ਉਹਦੀ ਹੈਰਾਨੀ ਦੀ ਹਦ ਨਾ ਰਹੀ ਜਦ ਉਸ ਨੇ ਵੇਖਿਆ ਕਿ ਉਸ ਦਾ ਭਰੋਸੇ ਯੋਗ ਮਿਤਰ ਅਮੀਰ ਉਲ ਉਮਰਾ ਉਸੇ ਦੇ ਵਿਰੋਧੀ ਦੀ ਫੌਜ ਨੂੰ ਸਫ ਬੰਦ ਕਰ ਰਿਹਾ ਹੈ ਅਤੇ ਲੜਾਈ ਦਾ ਸਾਰਾ ਪਰਬੰਧ ਆਪ ਕਰ ਰਿਹਾ ਹੈ।

## ਅਜ਼ੀਮ ਉਸ਼ ਸ਼ਾਹ ਦੀ ਹਾਰ ਤੇ ਮੌਤ

ਸ਼ਾਹਜ਼ਾਦਾ ਪੂਰੀ ਤੇਜ਼ੀ ਨਾਲ ਅਗੇ ਵਧਿਆ ਅਤੇ ਬਹਾਦਰੀ ਨਾਲ ਵੈਰੀ ਉਤੇ ਹਲਾ ਬੋਲ ਦਿਤਾ। ਪਰ ਐਨ ਲੜਾਈ ਦੇ ਵਿਚਕਾਰ ਬਦਖਸ਼ੀ ਨੇ ਉਸ ਨਾਲ ਗਦਾਰੀ ਕੀਤੀ ਜਿਸ ਨੇ ਅਮੀਰ ਉਲ ਉਮਰਾ ਨਾਲ ਪ੍ਰਾਈਵੇਟ ਪ੍ਰਬੰਧ ਅਨੁਸਾਰ ਆਪਣੇ ਹਥਿਆਰਾਂ ਦਾ ਰੁਖ ਆਪਣੇ ਹੀ ਮਾਲਕ ਵਿਰੁਧ ਫੇਰ ਦਿਤਾ। ਇਹ ਹਾਲਤ ਦੇਖ ਕੇ ਦਲੇਰ ਸ਼ਾਹਜ਼ਾਦਾ ਹਾਥੀ ਉਤੋਂ ਥਲੇ ਉਤਰ ਆਇਆ ਅਤੇ ਤਲਵਾਰ ਕਢ ਕੇ ਦੂਬਦੂ ਹੋਣ ਲਈ ਘੁਮਸਾਨ ਦੀ ਜੰਗ ਦੇ ਵਿਚਕਾਰ ਧਸ ਗਿਆ। ਉਸ ਬਹਾਦਰੀ ਦੇ ਬੜੇ ਹਥ ਵਖਾਏ ਪਰ ਛਿਲਣੀ ਛਿਲਣੀ ਹੋ ਕੇ ਧਰਤੀ ਉਤੇ ਡਿਗ ਪਿਆ। ਉਸ ਦੇ ਤਿੰਨ ਬੇਟੇ ਮੁਹੰਮਦ ਇਬਰਾਹੀਮ ਰਫੀ ਉਦ ਦੌਲਾ ਅਤੇ ਰਫੀ ਉਦ ਦਰਜਾਤ ਵੀ ਫਟੜ ਹੋਏ ਪਰ ਜ਼ਿੰਦਗੀ ਲੈ ਕੇ ਨਸ ਗਏ। ਆਪਣੇ ਇਕੋ ਇਕ ਵਿਰੋਧੀ ਉਪਰ ਜਿਤ ਨੂੰ ਵੇਖ ਕੇ ਮੌਜ਼ ਉਦੀਨ ਨੇ ਹੁਕਮ ਦੇ ਦਿਤਾ ਕਿ ਵਿਜਈ ਕੂਚ ਦਾ ਬਿਗਲ ਵਜਾ ਦਿਤਾ ਜਾਏ। ਉਸ ਨੇ ਆਗਿਆ ਦਿਤੀ ਕਿ ਉਸ ਦੇ ਭਾਈਆਂ ਦੀਆਂ ਮੁਰਦਾ ਲਾਸ਼ਾਂ ਤਿੰਨ ਦਿਨ ਤੀਕ ਮੈਦਾਨਿ ਜੰਗ ਵਿਚ ਪਈਆਂ ਰਹਿਣ ਤਾਂ ਜੁ ਲੋਕ ਆਕੇ ਉਹਨਾਂ ਨੂੰ ਵੇਖਣ। ਤਿੰਨਾ ਦਿਨਾਂ ਮਗਰੋਂ ਇਹ ਲਾਸ਼ਾਂ ਦਿਲੀ ਲਿਆਂਦੀਆਂ ਗਈਆਂ ਅਤੇ ਬਿਨਾ ਕਿਸੀ ਰਸਮ ਰਸੂਮ ਦੇ ਸ਼ਹਿਨਸ਼ਾਹ ਹਮਾਯੂੰ ਦੇ ਮਕਬਰੇ ਵਿਚ ਦਫਨਾਈਆਂ ਗਈਆਂ ਜੋ ਕਿ ਕਤਲ ਹੋਏ ਸ਼ਾਹਜ਼ਾਦਿਆਂ ਦਾ ਜਦੀ ਕਬਰਸਤਾਨ() ਸੀ।

## ਮੌਜ਼ ਉਦੀਨ ਦੀ ਜਹਾਨਦਾਰ ਸ਼ਾਹ ਦੇ ਨਾਮ ਨਾਲ ਗਦੀ ਨਸ਼ੀਨੀ ੧੭੧੨

ਮੌਜ਼ ਉਦ ਦੀਨ ਹੁਣ ਤਾਜ ਤਖਤ ਦਾ ਇਕੋ ਇਕ ਮਾਲਕ ਸੀ। ਉਹ ਜਹਾਨਦਾਰ ਸ਼ਾਹ ਦੇ ਨਾਮ ਨਾਲ ਗਦੀ ਨਸ਼ੀਨ ਹੋਇਆ। ਨਵੇਂ ਬਣੇ ਸ਼ਹਿਨਸ਼ਾਹ ਦਾ ਪਹਿਲਾ ਕੰਮ ਜੋ ਉਸ ਨੇ ਕੀਤਾ ਇਹ ਸੀ ਕਿ ਉਹਨੇ ਸ਼ਾਹੀ ਸ਼ਾਹਜ਼ਾਦਿਆਂ ਦੇ ਲਹੂ ਨਾਲ ਆਪਣ ਹਥ ਅਪਵਿਤਰ ਕੀਤੇ। ਇਹ ਉਹ ਜੁਰਮ (ਪਾਪ) ਸੀ ਜੋ ਜਹਾਂਗੀਰ ਦੇ ਸਮੇਂ ਤੋਂ ਹੀ ਰਾਜ ਪਰਬੰਧ ਹਥ ਵਿਚ ਲੈਣ ਸਮੇਂ ਤੈਮੂਰ ਦੀ ਨਸਲ ਦਾ ਵਸ਼ੇਸ਼ ਖਾਸਾ (ਸੁਭਾ) ਬਣ ਚੁਕਾ ਸੀ। ਅਜ਼ੀਮ ਉਸ਼ ਸ਼ਾਹ ਦੇ ਸਭ ਤੋਂ ਵਡੇ ਬੇਟੇ ਸੁਲਤਾਨ ਕਰੀਮ ਉਦ ਦੀਨ ਨੂੰ ਹਦਾਇਤ ਕੇਸ਼ ਖਾਨ ਦੀ ਮਾਰਫਤ ਲਾਹੌਰ ਵਿਚੋਂ ਪਕੜ ਮੰਗਾਇਆ ਅਤੇ ਸ਼ਹਿਨਸ਼ਾਹ ਦੇ ਰੂਬਰੂ ਉਸਦਾ ਸਿਰ ਧੜ ਤੋਂ ਵਖ ਕੀਤਾ ਗਿਆ। ਅਲੀ ਤਬਰ ਪੁਤਰ ਅਜ਼ੀਮ ਸ਼ਾਹ, ਫਿਰੋਜ਼ ਮੰਦ ਕਾਮ ਬਖਸ਼ ਦੇ ਦੋਵੇਂ ਬੇਟੇ ਅਤੇ ਸ਼ਾਹੀ ਖਾਨਦਾਨ ਦੇ ਦੂਜੇ ਸ਼ਾਹਜ਼ਾਦੇ ਸਭ ਦੇ ਸਭ ਇਕ ਇਕ ਕਰ ਕੇ ਕਤਲ ਕਰ ਦਿਤੇ ਗਏ। ਇਹ ਕਾਰਰਵਾਈ ਕਰ ਕੇ ਸ਼ਹਿਨਸ਼ਾਹ ਨੇ ਲਾਹੌਰੋਂ ਕੂਚ ਕੀਤਾ ਅਤੇ ਵਿਜਈ ਦੀ ਸ਼ਾਨ ਨਾਲ ਦਿਲੀ ਵਿਚ ਦਾਖਲ ਹੋਇਆ।

## ਜਹਾਨਦਾਰ ਸ਼ਾਹ ਦੀ ਅਯੋਗਤਾ

ਜਹਾਨਦਾਰ ਸ਼ਾਹ ਨਿਰਬਲ ਅਤੇ ਆਲਸੀ ਸ਼ਾਹਜ਼ਾਦਾ ਸੀ ਬਿਲਕੁਲ ਡਰਪੋਕ, ਅਯਾਸ਼ ਅਤੇ ਆਰਾਮ ਪਸੰਦ। ਉਹ ਭੈੜੀਆਂ ਅਤੇ ਨੀਚ ਕਿਸਮ ਦੀਆਂ ਬੁਰਾਈਆਂ ਦਾ ਸ਼ਿਕਾਰ ਸੀ ਜੋ ਸ਼ਾਹੀ ਖਾਨਦਾਨ ਲਈ ਕਲੰਕ ਸਨ। ਉਸ ਨੇ ਆਪਣੇ, ਆਪ ਨੂੰ ਬਾਜ਼ਾਰੀ ਤੀਵੀਂ ਦਾ ਗੁਲਾਮ ਬਣਾ ਰਖਿਆ ਸੀ।

## ਨਾਚੀ ਤੀਵੀਂ ਦਾ ਗੁਲਾਮ

ਇਹ ਤੀਵੀਂ ਲਾਲ ਕੌਰ ਸੀ ਜਿਸ ਨੇ ਬਾਦਸ਼ਾਹ ਦੀ ਜ਼ਾਤ ਉਪਰ ਐਨਾ ਕਾਬੂ ਪਾ ਰਖਿਆ ਸੀ ਕਿ ਉਹ ਉਹਦੀ ਕਠ ਪੁਤਲੀ ਬਣ ਕੇ ਰਹਿ ਗਿਆ। ਉਹ ਆਪਣੇ ਰੁਤਬੇ ਤੇ ਸ਼ਾਨ ਨੂੰ ਭੁਲ ਗਿਆ ਅਤੇ ਪੂਰਨ ਤੌਰ ਉਤੇ ਉਸ ਦਾ ਬਣ ਕੇ ਸਦਾ ਉਹਦੇ ਨਾਲ ਰੰਗ ਰਲੀਆਂ ਵਿਚ ਰੁਝਾ ਰਹਿੰਦਾ। ਉਸ ਨਾਚੀ ਨੂੰ ਇਮਤਿਆਜ਼ ਮਹਲ ਬੇਗਮ ਦਾ ਖਿਤਾਬ ਦਿਤਾ ਅਤੇ ਉਸਦੇ ਘਰ ਦੇ ਖਰਚ ਲਈ ਦੋ ਕਰੋੜ ਰੁਪਏ ਦਾ ਸਾਲਾਨਾ ਅਲਾਊਂਸ ਨਿਯਤ ਕਰ ਦਿਤਾ। ਉਸ ਦੀਆਂ ਪੁਸ਼ਾਕਾਂ ਤੇ ਜ਼ੇਵਰਾਤ ਦਾ ਖਰਚ ਇਸ ਵਿਚ ਸ਼ਾਮਲ ਨਹੀਂ ਸੀ। ਉਸ ਨੂੰ ਇਹ ਅਧਿਕਾਰ ਵੀ ਦੇ ਰਖਿਆ ਸੀ ਕਿ ਉਹ ਹਾਥੀ ਉਪਰ ਬਾਦਸ਼ਾਹ ਦੇ ਨਾਲ ਹੌਦੇ ਉਪਰ ਸਵਾਰ ਹੋਵੇ ਜਿਥੇ ਉਸ ਲਈ ਵਖਰਾ ਚੰਦੋਆ ਲਾਇਆ ਜਾਂਦਾ। ਹਾਲਾਂਕਿ ਇਹ ਅਧਿਕਾਰ ਕੇਵਲ ਸ਼ਾਹੀ ਖਾਨਦਾਨ ਦੇ ਸ਼ਾਹਜ਼ਾਦਿਆਂ ਨੂੰ ਪਰਾਪਤ ਸੀ। ਸ਼ਹਿਨਸ਼ਾਹ ਦੇ ਧਰਮ

() ਮੈਮਾਇਰਜ਼ ਆਫ ਇਰਾਦਤ ਖਾਨ

Sri Satguru Jagjit Singh Ji eLibrary NamdhariElibrary@gmail.com

ਉਸ ਦੀ ਪਗ ਡਿਗ ਪਈ ਤੇ ਉਹ ਨੰਗੇ ਸਿਰ ਹੀ ਆਪਣੇ ਖੇਮੇ ਦੇ ਦਰਵਜ਼ੇ ਵਲ ਵਾਹੋ ਦਾਹੀ ਨਸ ਤੁਰਿਆ। ਉਸ ਨੂੰ ਆਪਣੀ ਜੁਤੀ ਪਾਉਣੀ ਵੀ ਭੁਲ ਗਈ; ਉਹ ਰਸੇ ਨਾਲ ਅੜ ਕੇ ਡਿਗ ਪਿਆ। ਨੌਕਰਾਂ ਨੇ ਉਸ ਨੂੰ ਆਸਰਾ ਦੇ ਕੇ ਚੁਕਿਆ ਤਾਂ ਉਸ ਨੇ ਆਪਣੇ ਕਪੜੇ ਝਾੜੇ ਅਤੇ ਸਵਾਰ ਹੋ ਕੇ ਕਾਹਲੀ ਕਾਹਲੀ ਆਪਣੇ ਕੈਂਪ ਵਲ ਤੁਰ ਗਿਆ।

## ਲਾਹੌਰ ਵਿਚ ਘਰੋਗੀ ਜੰਗ ੧੭੧੨

ਆਪਣੇ ਬਾਪ ਦਾ ਨੂਰਿ ਨਜ਼ਰ ਅਜ਼ੀਮ ਉਸ਼-ਸ਼ਾਨ ਨੂੰ, ਜੋ ਸਭ ਸ਼ਾਹਜ਼ਾਦਿਆਂ ਵਿਚੋਂ ਅਧਿਕ ਯੋਗ ਮੰਨਿਆ ਜਾਂਦਾ ਸੀ ਅਤੇ ਜੋ ਸ਼ਾਹ ਦੇ ਲੈਫਟੀਨੈਂਟ ਦੇ ਤੌਰ ਤੇ ਕੰਮ ਕਰ ਚੁਕਾ ਸੀ, ਮਹਲਾਂ ਦੀ ਕਮਾਨ ਸਪੁਰਦ ਸੀ। ਸ਼ਾਹੀ ਕੈਂਪ, ਖਜ਼ਾਨਾ ਅਤੇ ਹੀਰੇ ਜਵਾਹਰ ਸਭ ਉਸੇ ਦੇ ਕਬਜ਼ੇ ਵਿਚ ਸਨ। ਉਸਦੇ ਪਾਸ ਆਪਣੀ ਇਕ ਤਕੜੀ ਫੌਜ ਸੀ। ਉਸ ਨੇ ਸ਼ਾਹੀ ਤਾਜ ਚੁਕ ਕੇ ਆਪਣੇ ਸਿਰ ਉਤੇ ਧਰ ਲਿਆ ਅਤੇ ਰਾਜ ਦੇ ਵਜ਼ੀਰਾਂ ਅਮੀਰਾਂ ਪਾਸੋਂ ਨਜ਼ਰਾਨੇ ਵਸੂਲ ਕੀਤੇ। ਅਮੀਰ ਉਲ ਉਮਰਾ ਜ਼ੁਲ ਫਿਕਾਰ ਖਾਂ ਮੋਜ਼ ਉਦ ਦੀਨ ਦੀ ਹਮ ਇਤ ਲਈ ਡਟ ਗਿਆ। ਦੂਜੇ ਦੋ ਭਰਾ ਅਰਥਾਤ ਰਫੀ ਉਸ਼ ਸ਼ਾਨ ਅਤੇ ਖਜਸਤਾ ਅਖਤਰ ਵੀ ਇਸੇ ਨਾਲ ਇਸ ਸ਼ਰਤ ਉਤੇ ਆਨ ਮਿਲੇ ਕਿ ਉਹਨਾਂ ਨੂੰ ਫਤਹ ਮਗਰੋਂ ਰਾਜ ਤੇ ਖਜ਼ਾਨੇ ਵਿਚ ਬਰਾਬਰ ਦਾ ਸਾਂਝੀਵਾਲ ਬਣਾਇਆ ਜਾਏਗਾ। ਇਹਨਾਂ ਤਿੰਨਾਂ ਇਤਿਹਾਦੀ ਸ਼ਾਹਜ਼ਾਦਿਆਂ ਨੇ ਲਾਹੌਰ ਸ਼ਹਿਰ ਦੇ ਨੇੜੇ ਆਨ ਡੇਰਾ ਲਾਏ ਪਰ ਮੋਜ਼ ਉਦ ਦੀਨ ਦਾ ਕੈਂਪ ਤਾਂ ਐਨ ਸ਼ਹਿਰ ਦੀ ਕੰਧ ਦੇ ਨਾਲ ਸੀ ਅਤੇ ਇਸ ਦੀ ਫੌਜ ਦੇ ਬਹੁਤ ਬੜੇ ਭਾਗ ਨੇ ਸ਼ਹਿਰ ਦੀਆਂ ਗਲੀਆਂ ਉਤੇ ਕਬਜ਼ਾ ਕਰ ਰਖਿਆ ਸੀ। ਅਜ਼ੀਮ ਉਸ਼ ਸ਼ਾਨ ਨੇ ਆਪਣਾ ਕੈਂਪ (ਡੇਰਾ) ਮੈਦਾਨ ਵਿਚ ਲਾ ਦਿਤਾ। ਉਸਦੇ ਪਿਛਲੇ ਪਾਸੇ ਵਲ ਦਰਿਆ ਸੀ। ਇਸ ਦੇ ਇਤਿਹਾਦੀਆਂ ਨੇ ਅਮੀਰ ਉਲ ਉਮਰਾ ਦੀ ਸਲਾਹ ਮੰਨ ਕੇ ਕਿਲੇ ਵਿਚੋਂ ਸਾਰਾ ਤੋਪ ਖਾਨਾ ਕਢ ਲਿਆ ਅਤੇ ਉਸ ਨੂੰ ਇਕ ਉਚੀ ਜਿਹੀ ਥਾਂ ਉਤੇ ਗਡ ਦਿਤਾ। ਉਹਨਾਂ ਨੇ ਆਪਣੀਆਂ ਸਭ ਮਿਲਵੀਆਂ ਫੌਜਾਂ ਨੂੰ ਇਕ ਕਤਾਰ ਵਿਚ ਖੜ੍ਹਿਆਂ ਕਰ ਦਿਤਾ। ਉਹਨਾਂ ਦੀ ਪਿਛਾੜੀ ਸ਼ਹਿਰ ਦੇ ਨਾਲ ਲਗਦੀ ਸੀ। ਲਗਾਤਾਰ ਚਾਰ ਦਿਨਾਂ ਤੀਕ ਦੋਵਾਂ ਧਿਰਾਂ ਵਲੋਂ ਗੋਲਾਬਾਰੀ ਜਾਰੀ ਰਹੀ। ਪੰਜਵੇਂ ਦਿਨ ਅਜ਼ੀਮ ਉਸ਼ ਸ਼ਾਨ ਲੜਾਈ ਕਰਨ ਲਈ ਆਪਣੇ ਕੈਂਪ ਵਿਚੋਂ ਬਾਹਰ ਨਿਕਲ ਆਇਆ। ਖਜਸਤਾ ਅਖਤਰ ਪਕਿਆਈ ਨਾਲ ਹੌਲੀ ਹੌਲੀ ਅਗੇ ਵਧਿਆ ਤਾਂ ਜੁ ਵੈਰੀ ਦਾ ਟਾਕਰਾ ਕਰੇ। ਇਉਂ ਤਿੰਨ ਦਿਨ ਤੀਕ ਲੜਾਈ ਜਾਰੀ ਰਹੀ ਜਿਸ ਵਿਚ ਕਦੇ ਕਿਸੇ ਨੂੰ ਸਫਲਤਾ ਹੁੰਦੀ ਕਦੇ ਕਿਸੇ ਨੂੰ। ਅਠਵੇਂ ਦਿਨ ਜ਼ੁਲ ਫਿਕਾਰ ਖਾਨ ਅਤੇ ਰੁਸਤਮ ਦਿਲ ਖਾਨ ਨੇ ਮਿਲਕੇ ਵੈਰੀ ਦੀਆਂ ਮੋਰਚੇ ਬੰਦ ਪੁਜੀਸ਼ਨਾਂ ਉਤੇ ਜ਼ੋਰਦਾਰ ਹਮਲਾ ਕਰ ਦਿਤਾ। ਅਜੀਮ ਉਸ਼ ਸ਼ਾਨ ਦੀਆਂ ਫੌਜਾਂ ਨੇ ਉਸ ਦਾ ਗਰਮਾ ਗਰਮ ਜਵਾਬ ਦਿਤਾ ਪਰ ਉਹਨਾਂ ਨੂੰ ਹਾਰ ਖਾਣੀ ਪਈ ਅਤੇ ਉਹ ਪਿਛੇ ਹਟ ਆਈਆਂ।

## ਦੋ ਹਿੰਦੂ ਰਾਜੇ ਮਾਰੇ ਗਏ

ਦੋ ਹਿੰਦੂ ਰਾਜੇ ਮਖਣ ਚੰਦ ਖਤਰੀ ਅਤੇ ਰਾਜ ਸਿੰਘ ਜਾਟ ਹਾਰ ਖਾਣ ਵਾਲੀ ਫੌਜ ਦਾ ਪਖ ਲੈਂਦੇ ਹੋਏ ਮਾਰੇ ਗਏ ਪਰ ਉਹਨਾਂ ਨੇ ਲੜਾਈ ਵਿਚ ਬੜੀ ਸੂਰਬੀਰਤਾ ਦਿਖਾਈ। ਠੀਕ ਇਸ ਸਮੇਂ ਸੁਲੇਮਾਨ ਖਾਨ ਮੇਨੀ ਘੁੜ ਸਵਾਰ ਫੌਜ ਦੀ ਤਾਜ਼ਾਦਮ ਕੁਮਕ ਲੈ ਕੇ ਅਜ਼ੀਮ ਉਸ਼ ਸ਼ਾਨ ਦੀਆਂ ਫੌਜਾਂ ਨਾਲ ਆ ਸ਼ਾਮਲ ਹੋਇਆ ਪਰ ਉਸ ਦਾ ਸੂਰਬੀਰ ਲੀਡਰ ਬੰਦੂਕ ਦੀ ਗੋਲੀ ਨਾਲ ਮਾਰਿਆ ਗਿਆ। ਵਜ਼ਈਆਂ ਨੇ ਉਸ ਦੀ ਸੂਰਬੀਰਤਾ ਦੀ ਕਦਰ ਕਰਦੇ ਹੋਏ ਉਸ ਦੀ ਮਰਦਾ ਲਾਸ਼ ਨੂੰ ਸ਼ਹਿਰ ਵਿਚ ਭੇਜ ਦਿਤਾ। ਅਜ਼ੀਮ ਉਸ਼ ਸ਼ਾਨ ਦੀ ਫੌਜ ਦੇ ੬੦ ਜਾਂ ੭੦ ਹਜ਼ਾਰ ਜਵਾਨਾਂ ਵਿਚੋਂ ਕੇਵਲ ੧੦--੧੨ ਹਜ਼ਾਰ ਜਵਾਨ ਜ਼ਿੰਦਾ ਬਚੇ ਅਤੇ ਉਹ ਵੀ ਸ਼ਾਮ ਵੇਲੇ ਬੜੀ ਅਫਰਾ ਤਫਰੀ ਵਿਚਾਲੇ ਲਾਹੌਰ ਸ਼ਹਿਰ ਅੰਦਰ ਵਾਪਸ ਮੁੜ ਆਏ।

ਅਗਲੀ ਭਲਕ ਅਜ਼ੀਮ ਉਸ਼ ਸ਼ਾਨ ਦੀ ਫੌਜ ਦੀ ਗਿਣਤੀ ਕੇਵਲ ੨--੩ ਹਜ਼ਾਰ ਹੀ ਰਹਿ ਗਈ। ਬਾਕੀ ਦੀ ਸਾਰੀ ਫੌਜ ਉਸਦਾ ਸਾਥ ਛਡ ਗਈ ਜਾਂ ਨਸ ਗਈ। ਇਸ ਗਲ ਤੋਂ ਵੀ ਨਿਰਾਸ਼ ਨ ਹੋ ਕੇ ਅਜ਼ੀਮ ਉਸ਼ ਸ਼ਾਨ ਨੇ ਅਗੇ ਵਧਣ ਦਾ ਦ੍ਰਿੜ ਨਿਸ਼ਚਾ ਕਰ ਲਿਆ ਅਤੇ ਆਪਣਾ ਉਹ ਹਾਥੀ ਮੰਗਾ ਲਿਆ ਜਿਸ ਉਤੇ ਉਹ ਸਦਾ ਸਵਾਰ ਹੋਇਆ ਕਰਦਾ ਸੀ। ਪਰ ਹਾਥੀ ਨੇ ਥਲੇ ਬੈਠਣ ਤੋਂ ਇਨਕਾਰ ਕਰ ਦਿਤਾ। ਹਾਥੀਵਾਨ ਵਲੋਂ ਉਸ ਨੂੰ ਬਿਠਾਉਣ ਦੇ ਸਾਰੇ ਜਤਨ ਨਿਸਫਲ ਗਏ। ਸ਼ਾਹਜ਼ਾਦੇ ਨੇ ਦੂਜਾ ਹਾਥੀ ਮੰਗਾ ਭੇਜਿਆ ਪਰ ਇਸ ਵੇਲੇ ਤੀਕ ਉਸ ਦੀ ਫੌਜ ਦੀ ਗਿਣਤੀ ਹੋਰ ਵੀ ਘਟ ਹੋ ਗਈ ਏਨੇ ਚਿਰ ਨੂੰ ਇਕ ਹਜ਼ਾਰ ਤੋਂ ਕੁਛ ਵਧੀਕ ਰਸਾਲਾ ਫੌਜ ਲੈ ਕੇ ਰਾਜਾ ਜੈ ਸਿੰਘ ਉਸ ਨਾਲ ਆਨ ਸ਼ਾਮਲ ਹੋਇਆ ਪਰ ਅਜੇ ਲੜਾਈ ਸ਼ੁਰੂ ਹੋਈ ਸੀ ਕਿ ਹਵਾ ਦਾ ਸਖਤ ਤੂਫਾਨ ਝੁਲ ਪਿਆ ਜਿਸ ਨਾਲ ਦਰਿਆ ਰਾਵੀ ਦੀ ਸਾਰੀ ਰੇਤ ਉਛਲ ਪਈ। ਘਟੇ ਦੇ ਬਦਲ ਉਠੇ ਜਿਸ ਨੇ ਤੋਪਾਂ ਦੇ ਬਾਰੂਦ ਦੇ ਧੂਏਂ ਨਾਲ ਮਿਲ ਕੇ ਵੈਰੀ ਦੀਆਂ ਕਤਾਰਾਂ ਵਿਚ ਹਫੜਾਦਫੜੀ ਮਚਾ ਦਿਤੀ। ਤੋਪ ਦਾ ਇਕ ਗੋਲਾ ਅਜ਼ੀਮ ਉਸ ਸ਼ਾਨ ਦੇ ਹਾਥੀ ਨੂੰ ਲਗਾ ਜਿਸ ਨਾਲ ਉਹ ਜਾਨਵਰ ਗ਼ਜ਼ਬਨਾਕ ਹੋ ਉਠਿਆ। ਸ਼ਾਹਜ਼ਾਦੇ ਨੂੰ ਵੀ ਤੀਰਾਂ ਤੇ ਬੰਦੂਕਾਂ ਦੀਆਂ ਗੋਲੀਆਂ ਦੇ ਕਈ ਫਟ ਲਗੇ ਅਤੇ ਉਹ ਬੇਸੁਧ ਹੋ ਕੇ ਹੌਦੇ ਵਿਚ ਡਿਗ ਪਿਆ। ਹਾਥੀ ਭਿਆਨਕ ਤੇਜ਼ੀ ਨਾਲ ਪਿਛਲੇ ਪੈਰੀਂ ਨਸ ਉਠਿਆ ਅਤੇ ਪਾਣੀ ਵਲ ਭਜਾ। ਉਸ ਦਾ ਮਹਾਵਤ ਆਪਣੀ ਥਾਂ ਤੋਂ ਭੁੜਕ ਕੇ ਧਰਤੀ ਉਤੇ ਆਨ ਡਿਗਾ।

## ਅਜ਼ੀਮ ਉਸ਼ ਸ਼ਾਨ ਦੀ ਹਾਰ

ਜਲਾਲ ਖਾਂ ਲੋਧੀ ਸ਼ਾਹਜ਼ਾਦੇ ਦੇ ਮਗਰ ਬੈਠਾ ਸੀ ਉਹ ਰਸੇ ਨਾਲ ਉਤਰ ਕੇ ਨਸ ਗਿਆ।

## ਸ਼ਾਹਜ਼ਾਦਾ ਰਾਵੀ ਵਿਚ ਡੁੱਬਾ

ਅਮੀਨ ਉਦ ਦੌਲਾ ਅਤੇ ਕੁਛ ਹੋਰ ਅਮੀਰਾਂ ਨੇ ਹਾਥੀ ਖੜਾ ਕਰਨ ਦੇ ਜਤਨ ਕੀਤੇ ਪਰ ਉਹ ਗ਼ਜ਼ਬਨਾਕ ਹੋਇਆ ਹੋਇਆ ਫਟੜ ਸ਼ਾਹਜ਼ਾਦੇ ਅਜ਼ੀਮ ਉਸ਼ ਸ਼ਾਨ ਨੂੰ ਲਈ ਦਰਿਆ ਵਿਚ ਜਾ ਵੜਿਆ ਅਤੇ ਦਰਿਆ ਦੇ ਪਾਣੀ ਵਿਚ ਐਸਾ ਗਰਕ ਹੋਇਆ ਕਿ ਮੁੜ ਉਪਰ ਨਾ ਆਇਆ। ਉਸ ਦਾ ਲੜਕਾ ਮੁਹੰਮਦ ਕਰੀਮ ਹਾਥੀ ਤੋਂ ਉਤਰ ਕੇ ਘੋੜੇ ਉਤੇ ਸਵਾਰ ਹੋ ਕੇ ਨਸ ਗਿਆ ਪਰ ਵਜ਼ਈ ਫੌਜ ਨੇ ਉਸਦਾ ਪਿਛਾ ਕਰਕੇ ਉਸ ਨੂੰ ਕਤਲ ਕਰ ਦਿਤਾ।

ਜਿਤ ਮਗਰੋਂ ਤਿੰਨਾ ਇਤਿਹਾਦੀ ਭਾਈਆਂ ਵਿਚਾਲੇ ਮਤ ਭੇਦ ਉਠ ਖੜਾ ਹੋਇਆ। ਨਤੀਜੇ ਵਜੋਂ ਉਹਨਾਂ ਵਿਚਾਲੇ ਲੜਾਈ ਝਗੜਾ ਤੇ ਖੂਨ ਖਰਾਬਾ ਸ਼ੁਰੂ ਹੋ ਗਿਆ। ਖਜਸਤਾ ਅਖਤਰ ਕੀਤੇ ਸੰਧੀ ਦੇ ਅਨੁਸਾਰ ਚਾਹੁੰਦਾ ਸੀ ਕਿ ਸ਼ਾਹੀ ਖਜ਼ਾਨਾ ਜਿਸ ਵਿਚ ਅਸੀ ਛਕੜੇ ਸੋਨੇ ਦੀਆਂ ਮੋਹਰਾਂ (ਅਸ਼ਰਫੀਆਂ) ਅਤੇ ਸੌ ਗਡੇ ਰੁਪਇਆਂ ਦੇ ਸਨ ਤਿੰਨਾਂ ਵਿਚਾਲੇ ਬਰਾਬਰ ਬਰਾਬਰ ਵੰਡੇ ਜਾਣ। ਇਸ ਵਿਚੋਂ ਜਹਾਨਦਾਰ ਸ਼ਾਹ ਨੂੰ ਇਕ ਹਿਸਾ ਮਿਲਣਾ ਸੀ ਪਰ ਜ਼ੁਲ ਫਿਕਾਰ ਖਾਂ ਦੀ ਸਾਜ਼ਸ਼ ਨਾਲ ਦੋ ਭਰਾਵਾਂ ਨੂੰ ਪੰਜ ਦਵੰਜੀ ੨/੫) ਦਿਤਾ ਗਿਆ ਜਦ ਕਿ ਇਸ ਦਾ ਤਿੰਨ ਦਵੰਜੀ (੩/੫) ਭਾਗ ਜਹਾਨ ਦਾਰ ਸ਼ਾਹ ਨੇ ਹੜਪ ਕਰ ਲਿਆ।

Sri Satguru Jagjit Singh Ji eLibrary NamdhariElibrary@gmail.com

ਦੀ ਫੌਜ ਵਿਚ ਖਿਲਬਿਲੀ ਮਚਾ ਦਿਤੀ ਅਤੇ ਉਸ ਦੇ ਅਤਿ ਚੰਗੇ ਜਰਨੈਲ ਮਾਰੇ ਗਏ ਜਿਨ੍ਹਾਂ ਵਿਚ ਉਸ ਦਾ ਧਰਮ ਭਾਈ ਕੋਕਲਤਾਸ਼ ਖਾਨ ਵੀ ਸੀ। ਇਸ ਤੇ ਬੁਜ਼ਦਿਲ ਸ਼ਹਿਨਸ਼ਾਹ ਦਾ ਖਿਆਲ ਲਾਲ ਕੌਰ ਵਲ ਗਿਆ ਅਤੇ ਸ਼ਾਮ ਦੇ ਧੁੰਦਲਕੇ ਵਿਚ ਉਹ ਲਾਲ ਕੌਰ ਦੇ ਹਾਥੀ ਉਪਰ ਸਵਾਰ ਹੋ ਕੇ ਆਗਰੇ ਵਲ ਨਸ ਗਿਆ। ਜ਼ੁਲਫਿਕਾਰ ਖਾਨ ਰਾਤ ਦਾ ਪਹਿਲਾ ਪਹਿਰ ਤਾਂ ਮੈਦਾਨ ਵਿਚ ਡਟਿਆ ਰਿਹਾ ਪਰ ਫੇਰ ਜਦ ਉਸ ਨੇ ਡਿਠਾ ਕਿ ਮਾਮਲਾ ਹਥੋਂ ਨਿਕਲ ਚੁਕਾ ਹੈ ਉਹ ਵੀ ਆਪਣੀ ਫੌਜ ਨੂੰ ਲੈ ਕੇ ਮੈਦਾਨ ਖਾਲੀ ਕਰ ਗਿਆ। ਪਸ਼ਪਾਈ ਵੇਲੇ ਉਸ ਨੇ ਬੜੀ ਸਿਆਣਪ ਤੋਂ ਕੰਮ ਲਿਆ ਤੇ ਆਪਣੀ ਫੌਜ ਵਿਚ ਬੇਤਰਤੀਬੀ ਨਾ ਫੈਲਣ ਦਿਤੀ।

### ਫੌਜ ਦੀ ਦਿਲੀ ਨੂੰ ਫਰਾਰੀ

ਸ਼ਹਿਨਸ਼ਾਹ ਨੇ ਹਿੰਦੂਆਂ ਵਾਂਗ ਆਪਣੀ ਦਾੜੀ ਤੇ ਮੁਛਾਂ ਕਟਵਾ ਦਿਤੀਆਂ। ਆਪਣੇ ਭੇਸ ਬਦਲ ਕੇ ਤੇ ਆਪਣੀ ਪਰੇਮਣ, ਨਾਚੀਆਂ, ਗਾਉਣ ਵਾਲੀਆਂ ਅਤੇ ਨੌਕਰਾਂ ਚਾਕਰਾਂ ਨੂੰ ਨਾਲ ਲੈ ਕੇ ਰਾਜਧਾਨੀ ਵਲ ਨਸ ਤੁਰਿਆ। ਦਿਲੀ ਪਹੁੰਚ ਕੇ ਕਿਲੇ ਵਿਚ ਜਾਣ ਦੀ ਬਜਾਇ ਉਹ ਬੁਢੇ ਵਜ਼ੀਰ ਅਸਦ ਉਦ ਦੌਲਾ ਦੇ ਮਕਾਨ ਉਤੇ ਗਿਆ, ਜਿਸ ਨੇ ਉਸ ਨੂੰ ਫੜ ਕੇ ਕੈਦ ਵਿਚ ਸੁਟ ਦਿਤਾ। ਫਰਖਸੀਅਰ ਨੇ ਵਜ਼ੀਰ ਦੀ ਇਸ ਕਾਰਰਵਾਈ ਦੀ ਬੜੀ ਸ਼ਲਾਘਾ ਕੀਤੀ। ਜਹਾਨਦਾਰ ਸ਼ਾਹ ਨੂੰ ਸਯਦ ਅਬਦੁਲਾ ਖਾਨ ਦੀ ਸਪੁਰਦਗੀ ਵਿਚ ਦੇ ਦਿਤਾ।

### ਸਲੇਮ ਗੜ੍ਹ ਵਿਚ ਨਜ਼ਰਬੰਦੀ

ਉਸ ਨੇ ਕੈਦੀ ਸ਼ਹਿਨਸ਼ਾਹ ਨੂੰ ਸਲੇਮ ਗੜ੍ਹ ਦੇ ਮਹਿਲ ਵਿਚ ਨਜ਼ਰ ਬੰਦ ਕਰ ਦਿਤਾ। ਇਉਂ ਕੇਵਲ ੧੧ ਮਹੀਨਿਆਂ ਦੇ ਰਾਜ ਮਗਰੋਂ ਕਮਜ਼ੋਰ ਦਿਲ ਜਹਾਨਦਾਰ ਸ਼ਾਹ‡ ਦਾ ਰਾਜ ਖਤਮ ਹੋਇਆ। ਜਹਾਨਦਾਰ ਸ਼ਾਹ ਦੇ ਮਗਰੇ ਮਗਰ ਜ਼ੁਲਫਿਕਾਰ ਖਾਂ ਵੀ ਦਿਲੀ ਵਿਚ ਆਪਣੇ ਬਾਪ ਦੇ ਮਹਲ ਵਿਚ ਪਹੁੰਚ ਗਿਆ।

---

‡ਮਿਸਟਰ ਗਜਰਸ ਬੰਗਾਲ ਏਸ਼ਿਆਟਿਕ ਸੁਸਾਇਟੀ ਦੇ ਜਰਨਲ ਵਿਚ ਜਹਾਨਦਾਰ ਸ਼ਾਹ ਦੇ ਸਿਕੇ ਦੀ ਹੇਠ ਲਿਖੀ ਲਿਖਤ ਦਾ ਵਰਨਣ ਕਰਦਾ ਹੈ:—

در آفاق زد سکہ بر مہر وماہ    ابوالفتح غازی جہاندار شاہ

ਅਰਥਾਤ—ਅਬੁਲ ਫਤਹ ਜਹਾਂਦਾਰ ਸ਼ਾਹ ਗਾਜ਼ੀ ਨੇ ਆਪਣੀ ਛਾਪ ਸਾਰੇ ਜਹਾਨਅੰਦਰ ਸੂਰਜ ਤੇ ਚੰਦ ਉਪਰ ਲਾਈ।

بزد سکہ بزد چو صاحب قران    جہاندار شاہ بادشاہ جہاں

ਅਰਥਾਤ ਵਿਜਈ ਸ਼ਹਿਨਸ਼ਾਹ ਜਹਾਨਦਾਰ ਸ਼ਾਹ ਨੇ ਰਾਜ ਵਿਚ ਸੂਰਜ ਤੇ ਚੰਦ ਵਾਂਗ ਸਿਕਾ ਚਲਾਇਆ। ਮਿਫਤਾਹ ਉਲ ਤਵਾਰੀਖ਼ ਨੇ ਹੇਠ ਲਿਖੀ ਇਬਾਰਤ ਦਰਜ ਕੀਤੀ ਹੈ:—

بزد سکہ در ملک چون صاحب قران

ਅਰਥਾਤ—ਵਿਜਈ ਸ਼ਹਿਨਸ਼ਾਹ ਜਹਾਨਦਾਰ ਸ਼ਾਹ ਨੇ ਸੂਰਜ ਤੇ ਚੰਨ ਵਾਂਗ ਜਗ ਵਿਚ ਸਿਕਾ ਚਾਲੂ ਕੀਤਾ।

---

# ਪਰਕਰਨ—੧੯

## ਮੁਹੰਮਦ ਫਰਖ਼ਸੀਅਰ

### ਫਰਖ਼ਸੀਅਰ ਦੀ ਤਖਤ ਨਸ਼ੀਨੀ ੧੭੧੩

ਫਰਖ਼ਸੀਅਰ ਮੈਦਾਨਿ ਜੰਗ ਵਿਚ ਹੀ ੧ ਜਨਵਰੀ ੧੭੧੩ ਈ: ਨੂੰ ਸਵੇਰ ਸਾਰ ਤਖ਼ਤ ਨਸ਼ੀਨ ਹੋਇਆ ਅਤੇ ਸਰਕਾਰੀ ਤੌਰ ਉਤੇ ਦਰਬਾਰ ਲਾਇਆ। ਉਸੇ ਮਹੀਨੇ ਦੀ ੯ ਤਰੀਖ ਨੂੰ ਦਿਲੀ ਵਿਚ ਪੁਜ ਕੇ ਉਸ ਨੇ ਆਪਣਾ ਕਹਿਰੀ ਰਾਜ ਸ਼ੁਰੂ ਕੀਤਾ।

### ਅਬਦੁਲਾ ਤੇ ਹੁਸੈਨ ਅਲੀ ਖਾਨ ਸਯਦ ਭਾਈਆਂ ਦੀ ਉਥਾਨ

ਸਯਦ ਅਬਦੁਲਾ ਖਾਨ ਨੂੰ ਵਜ਼ੀਰ ਥਾਪਿਆ ਅਤੇ ਸਤ ਹਜ਼ਾਰੀ ਦਾ ਦਰਜਾ ਦੇ ਕੇ ਉਸ ਨੂੰ ਕੁਤਬ ਉਲ ਮੁਲਕ ਬਾਰੀ ਵਫਾਦਾਰ ਜ਼ਫਰ ਜੰਗ ਦਾ ਖਿਤਾਬ ਦਿਤਾ। ਉਸ ਦੇ ਛੋਟੇ ਭਾਈ ਹੁਸੈਨ ਅਲੀ ਖਾਨ ਨੂੰ ਕਮਾਂਡਰ ਇਨਚੀਫ ਥਾਪ ਕੇ ਸਤ ਹਜ਼ਾਰੀ ਦਾ ਦਰਜਾ ਦੇ ਕੇ ਉਸ ਨੂੰ 'ਇਤਮਾਦ ਉਦ ਦੌਲਾ' ਦਾ ਖਿਤਾਬ ਦਿਤਾ। ਚਿਨ ਖਿਲਚੀ ਖਾਂ ਨੂੰ ਨਿਜ਼ਾਮ ਉਲ ਮੁਲਕ ਬਹਾਦਰ ਫਤਹ ਜੰਗ ਦਾ ਖਿਤਾਬ ਪਰਾਪਤ ਹੋਇਆ ਅਤੇ ਨਾਲ ਹੀ ਉਸ ਨੂੰ ਦਖਣ ਦੀ ਵਾਇਸਰਾਇਲਟੀ ਵੀ ਬਖਸ਼ੀ ਗਈ।

### ਜ਼ੁਲਫਿਕਾਰ ਖਾਂ ਦਾ ਅਪਮਾਨ

ਜ਼ੁਲਫਿਕਾਰ ਖਾਂ ਨੇ ਆਪਣੇ ਦੋਵੇਂ ਹਥ ਆਪਣੀ ਪਗ ਨਾਲ ਬੰਨ੍ਹਵਾ ਕੇ ਆਪਣੇ ਆਪ ਨੂੰ ਸ਼ਹਿਨਸ਼ਾਹ ਦੇ ਰੂਬਰੂ ਪੇਸ਼ ਕੀਤਾ। ਉਸ ਦੇ ਨਾਲ ਉਹਦਾ ਬਿਰਧ ਬਾਪ ਅਸਦ ਖਾਨ ਵੀ ਆਇਆ ਅਤੇ ਮਾਫੀ ਲਈ ਬੇਨਤੀ ਕੀਤੀ। ਬਾਦਸ਼ਾਹ ਨੇ ਹਮਦਰਦੀ ਭਰੇ ਚਿਹਰੇ ਨਾਲ ਹੁਕਮ ਦਿਤਾ ਕਿ ਜ਼ੁਲਫਿਕਾਰ ਖਾਨ ਦੇ ਹਥ ਖੋਹਲੇ ਜਾਣ ਅਤੇ ਉਸ ਨੂੰ ਸ਼ਾਹੀ ਪੁਸ਼ਾਕ ਤੇ ਜ਼ੇਵਰਾਂ ਨਾਲ ਪੇਸ਼ ਕੀਤਾ ਜਾਏ। ਇਸ ਦੇ ਮਗਰੋਂ ਉਸ ਨੇ ਅਸਦ ਖਾਨ ਨੂੰ ਹੁਕਮ ਦਿਤਾ ਕਿ ਉਹ ਘਰ ਨੂੰ ਮੁੜ ਜਾਏ ਅਤੇ ਇਛਾ ਪਰਗਟ ਕੀਤੀ ਕਿ ਜ਼ੁਲਫਿਕਾਰ ਖਾਨ ਬਾਹਰਲੇ ਖੈਮੇ ਵਿਚ ਉਸ ਦੀ ਉਡੀਕ ਕਰੇ। ਏਥੇ ਸਾਬਕ ਵਜ਼ੀਰ ਨੂੰ ਬਹੁਤ ਸਾਰੇ ਸਰਦਾਰਾਂ ਅਤੇ ਉਹਨਾਂ ਦੇ ਨੌਕਰਾਂ ਨੇ ਘੇਰ ਲਿਆ ਜਿਨ੍ਹਾਂ ਨੇ ਉਸ ਨੂੰ ਸ਼ਹਿਨਸ਼ਾਹ ਦੇ ਬਾਪ ਅਜ਼ੀਮ ਉਸ਼ ਸ਼ਾਨ ਤੇ ਮੁਹੰਮਦ ਕਰੀਮ ਦੇ ਮਰਵਾਉਣ ਲਈ ਲਾਹਨਤਾਂ ਪਾਈਆਂ ਪਰ ਉਸ ਨੇ ਅਗੋਂ ਕਰੜੇ ਤੇ ਮੂੰਹ ਤੋੜਵੇਂ ਉਤਰ ਦਿਤੇ।

### ਉਸ ਦੀ ਦਰਦਨਾਕ ਮੌਤ

ਉਸ ਦੀ ਗਰਦਨ ਵਿਚ ਚਮੜੇ ਦਾ ਪਟਾ ਪਾ ਕੇ ਜ਼ੋਰ ਦੀ ਕੱਸ

Sri Satguru Jagjit Singh Ji eLibrary NamdhariElibrary@gmail.com

ਭਾਈ ਕੋਕਲਤਾਸ਼ ਖਾਨ ਨੂੰ ਅਮੀਰ ਉਲਉਮਰਾ ਦਾ ਔਹਦਾ ਅਤੇ ਖ਼ਾਨ ਜਹਾਨ ਬਹਾਦਰ ਦਾ ਖਿਤਾਬ ਦਿਤਾ ਗਿਆ। ਨਾਚੀ ਦੇ ਭਾਈ ਖੁਸ਼ਹਾਲ ਨੂੰ ਸਤ ਹਜ਼ਾਰ ਸਵਾਰਾਂ ਦਾ ਕਮਾਂਡਰ ਤੇ ਉਸ ਦੇ ਚਾਚੇ ਨਿਆਮਤ ਨੂੰ ਪੰਜ ਹਜ਼ਾਰ ਫੌਜ ਦੀ ਕਮਾਨ ਸਪੁਰਦ ਕੀਤੀ ਗਈ।

## ਜ਼ੁਹਰਾ ਕੁੰਜੜੀ

ਇਕ ਕੁੰਜੜੀ (ਸਬਜ਼ੀ ਫਰੋਸ਼) ਤੀਵੀਂ ਜ਼ੁਹਰਾ ਨੂੰ, ਜੋ ਲਾਲ ਕੌਰ ਦੀ ਸਹੇਲੀ ਸੀ, ਉਚਾ ਔਹਦਾ ਦੇ ਕੇ ਉਸਦੇ ਨਾਮ ਚੋਖੀ ਸਾਰੀ ਜਾਗੀਰ ਲਾ ਦਿਤੀ। ਆਪਣੀ ਸਹੇਲੀ ਦੀ ਤਰੱਕੀ ਵਿਚ ਉਹ ਵੀ ਹਿਸੇਦਾਰ ਬਣੀ ਅਤੇ ਇਕ ਐਸੇ ਹਾਥੀ ਉਤੇ ਸਵਾਰ ਹੋ ਕੇ ਬਾਜ਼ਾਰ ਵਿਚ ਦੀ ਲੰਘੀ ਜਿਸ ਉਤੇ ਵਡਮੁਲਾ ਝੁਲ ਪਿਆ ਹੋਇਆ ਸੀ ਤੇ ਜਿਸ ਨਾਲ ਉਨਾ ਹੀ ਲਾਉ ਲਸ਼ਕ ਤੇ ਨੌਕਰ ਚਾਕਰ ਸਨ ਜਿੰਨੇ ਕਿਸੇ ਅਵਲ ਦਰਜੇ ਦੇ ਦਰਬਾਰੀ ਨਾਲ ਹੁੰਦੇ ਸਨ। ਉਹਨੂੰ ਸ਼ਾਹੀ ਬੇਗਮਾਂ ਦੇ ਕਮਰੇ ਦੇ ਨਾਲ ਹ. ਰਿਹਾਇਸ਼ੀ ਕਮਰਾ ਮਿਲਿਆ ਹੋਇਆ ਸੀ। ਦਰਬਾਰੀ ਤੇ ਉਮਰਾ ਜਿਨ੍ਹਾਂ ਨੇ ਬਾਦਸ਼ਾਹ ਪਾਸੋਂ ਕੋਈ ਸਵਾਰਥ ਸਿਧ ਕਰਨਾ ਹੁੰਦਾ ਉਹ ਜ਼ੁਹਰਾ ਦੀ ਮਾਰਫਤ ਬਾਦਸ਼ਾਹ ਦੀ ਰਖੇਲ ਨੂੰ ਸੁਗਾਤਾਂ ਤੇ ਤੋਹਫੇ ਭੇਜਦੇ ਸਨ। ਬਾਦਸ਼ਾਹ ਜਦ ਵੀ ਰਥ ਵਿਚ ਬੈਠ ਕੇ ਬਾਜ਼ਾਰ ਵਿਚ ਨਿਕਲਦਾ। ਲਾਲ ਕੌਰ ਉਹਦੇ ਨਾਲ ਹੁੰਦੀ।

## ਸ਼ਹਿਨਸ਼ਾਹ ਪੂਰਾ ਬਦਕਾਰ

ਇਸ ਤਰ੍ਹਾਂ ਉਹ ਬਾਜ਼ਾਰ ਵਿਚ ਜਾ ਕੇ ਹੀਰੇ, ਜ਼ੇਵਰ, ਸੋਨਾ ਤੇ ਸਿਲਕ ਆਦਿ ਖਰੀਦਦੇ। ਏਸੇ ਤਰ੍ਹਾਂ ਫਲ, ਮੇਵੇ ਤੇ ਸਬਜ਼ੀਆਂ ਆਦਕ ਮਾਮੂਲੀ ਮਾਮੂਲੀ ਚੀਜ਼ਾਂ ਵੀ ਖਰੀਦ ਕੀਤੀਆਂ ਜਾਂਦੀਆਂ। ਸ਼ਹਿਨਸ਼ਾਹ ਅਤੇ ਉਸਦੀ ਰਖੇਲੀ ਦੇ ਇਹ ਘ੍ਰਿਣਤ ਸੈਰ ਸਪਾਟੇ ਅੰਤ ਉਸ ਹਦ ਤੀਕ ਜਾ ਪੁਜੇ ਕਿ ਇਕ ਰਾਤ ਸਾਰਾ ਦਿਨ ਰੰਗ ਰਲੀਆਂ ਮਾਨਣ ਅਤੇ ਰਾਜਧਾਨੀ ਦੇ ਪਾਸ ਵਖ ਵਖ ਬਾਗਾਂ ਵਿਚ ਸੈਰ ਸਪਾਟਾ ਕਰਨ ਮਗਰੋਂ ਉਹ ਇਕ ਸਰਾਂ ਖਾਨੇ ਵਿਚ ਜਾ ਵੜੇ ਅਤੇ ਜਾਂਦੇ ਹੀ ਬੇਸੁਧ ਹੋ ਕੇ ਪੈ ਗਏ। ਸਰਾਂ ਦੇ ਮਾਲਕ ਨੂੰ ਚੋਖੀ ਰਕਮ ਇਨਾਮ ਦੇਣ ਦੇ ਨਾਲ ਹੀ ਪੰਜ ਪਿੰਡਾਂ ਦੀ ਜਾਗੀਰ ਨਾਮ ਲਾ ਦਿਤੀ ਤੇ ਸ਼ਰਾਬੀ ਹਾਲਤ ਵਿਚ ਹੀ ਮਹਲਾਂ ਵਿਚ ਵਾਪਸ ਮੁੜੇ। ਪਰ ਕਮਰੇ ਵਿਚ ਕੇਵਲ ਨਾਚੀ ਹੀ ਦਾਖਲ ਹੋਈ ਤੇ ਬਾਦਸ਼ਾਹ ਦੀ ਕੋਈ ਪਰਵਾਹ ਨ ਕਰਕੇ ਉਹ ਜਾ ਕੇ ਘੂਕ ਸੌਂ ਗਈ।

ਗਡੀ ਵਾਨ ਵੀ ਬਾਦਸ਼ਾਹ ਦੇ ਨਾਲ ਹੀ ਸ਼ਰਾਬ ਵਿਚ ਗੁਟ ਹੋ ਕੇ ਆਇਆ ਸੀ ਉਸਨੇ ਗਡੀ ਦੇ ਅੰਦਰ ਦੇਖੇ ਭਾਲੇ ਬਿਨਾਂ ਹੀ ਗਡੀ ਨੂੰ ਤਬੇਲੇ ਵਿਚ ਲੈ ਗਿਆ। ਅਗਲੀ ਭਲਕ ਮਹਲ ਦੇ ਅਫਸਰਾਂ ਨੇ ਬਾਦਸ਼ਾਹ ਨੂੰ ਮੌਜੂਦ ਨ ਤਕ ਕੇ ਤਲਾਸ਼ ਸ਼ੁਰੂ ਕਰ ਦਿਤੀ। ਢੂੰਡਣ ਵਾਲੇ ਅਫਸਰ ਇਹ ਵੇਖ ਕੇ ਹੈਰਾਨ ਹੋ ਗਏ ਕਿ ਬਾਦਸ਼ਾਹ ਸਲਾਮਤ ਜੂਹਤਾਂ ਨਾਲ ਗਲਵਕੜੀ ਹੋਏ ਘੂਕ ਸੁਤੇ ਪਏ ਹਨ। ਇਹ ਜ਼ੁਹਰਾ ਵੀ ਉਸ ਰਾਤ ਬਾਦਸ਼ਾਹ ਦੇ ਨਾਲ ਹੀ ਗਡੀ ਵਿਚ ਸੈਰ ਸਪਾਟਾ ਕਰਦੀ ਰਹੀ ਸੀ। ਇਸ ਬਦਮਾਸ਼ੀ ਨੂੰ ਤਕ ਕੇ ਦਰਬਾਰੀ ਅਮੀਰਾਂ ਨੂੰ ਬੜੀ ਘ੍ਰਿਣਾ ਆਈ ਪਰ ਬਾਦਸ਼ਾਹ ਜਹਾਨਦਾਰ ਸ਼ਾਹ ਅਤੇ ਉਸ ਦੇ ਰਾਤ ਦੇ ਸਾਥੀਆਂ ਨੇ ਇਸ ਗਲ ਨੂੰ ਹਾਸੇ ਵਿਚ ਉਡਾ ਛਡਿਆ। ਸ਼ਰਮ ਅਤੇ ਇਜ਼ਤ ਦੇ ਜਜ਼ਬਾਤ ਤੋਂ ਸ਼ਹਿਨਸ਼ਾਹ ਐਨਾ ਆਦੀ ਹੋ ਚੁਕਾ ਸੀ ਕਿ ਗਲੀਆਂ ਬਾਜ਼ਾਰਾਂ ਵਿਚੋਂ ਲੰਘਦੇ ਸਮੇਂ ਉਹ ਛੋਟੇ ਛੋਟੇ ਦੁਕਾਨਦਾਰਾਂ ਦੀਆਂ ਬੇਬਸ ਪਤਨੀਆਂ ਤੇ ਬੇਟੀਆਂ ਨੂੰ ਵੀ ਹਥ ਪਾਉਣੋਂ ਸ਼ਰਮ ਨ ਖਾਂਦਾ। ਇਕ ਵਾਰ ਵਹਿਮ ਵਿਚ ਫਸ ਕੇ ਉਹ ਆਪਣੀ ਪ੍ਰੇਮਣ ਨੂੰ ਲੈ ਕੇ ਚਰਾਗੀ ਦਿਲੀ ਦੇ ਤਲਾ ਵਿਚ ਨਹਾਉਣ ਗਿਆ ਇਸ ਆਸ ਉਤੇ ਕਿ ਇਓਂ ਕਰਨ ਨਾਲ ਉਹਦੀ ਪ੍ਰੇਮਣ ਗਰਭਵਤੀ ਹੋ ਜਾਏਗੀ।

## ਔਰੰਗਜ਼ੇਬ ਦੀ ਵਿਦਵਾਨ ਪੁਤਰੀ ਜ਼ੇਬ ਉਲ ਨਿਸਾ ਦੀ ਬੇਇਜ਼ਤੀ

ਸ਼ਹਿਨਸ਼ਾਹ ਦੀ ਪ੍ਰੇਮਣ ਐਨੀ ਗੁਸਤਾਖ ਹੋ ਗਈ ਸੀ ਕਿ ਉਸ ਨੇ ਔਰੰਗਜ਼ੇਬ ਦੀ ਵਿਦਵਾਨ ਪੁਤਰੀ ਜ਼ੇਬ ਉਲ ਨਿਸਾ ਦਾ ਵੀ ਅਪਮਾਨ ਕਰ ਮਾਰਿਆ। ਇਹ ਬੇਇਜ਼ਤੀ ਇਸ ਲਈ ਕੀਤੀ ਗਈ ਕਿਉਂਕਿ ਜ਼ੇਬ ਉਲ ਨਿਸਾ ਨੇ ਉਸ ਨੂੰ ਸਲਾਮ ਨਹੀਂ ਸੀ ਕੀਤਾ। ਨ ਕੇਵਲ ਇਹੋ ਸਗੋਂ ਉਸਦੀ ਪ੍ਰੇਮਣ ਨੇ ਬਾਦਸ਼ਾਹ ਪਾਸ ਵੀ ਸ਼ਕਾਇਤ ਕੀਤੀ ਪਰ ਜ਼ੇਬ ਉਲ ਨਿਸਾ ਨੇ ਕਮੀਨੇ ਬਾਦਸ਼ਾਹ ਦੀ ਤਜਵੀਜ਼ ਨੂੰ ਘ੍ਰਿਣਾ ਨਾਲ ਠਕਰਾ ਦਿਤਾ ਅਤੇ ਆਪਣੀ ਆਣ ਨੂੰ ਬੜੀ ਦ੍ਰਿੜਤਾ ਨਾਲ ਕਾਇਮ ਰਖਿਆ।

## ਜ਼ੁਲਫਿਕਾਰ ਖਾਂ ਦੀ ਅਧਿਕਤਾ ਤਾਕਤ

ਬਾਦਸ਼ਾਹ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਬਦਮਾਸ਼ੀ ਤੇ ਅਯਾਸ਼ੀ ਵਿਚ ਗਰਕ ਕਰ ਲਿਆ ਅਤੇ ਅਤਿਅੰਤ ਘਿਰਣਤ ਕਿਸਮ ਦੀਆਂ ਬੁਰਾਈਆਂ ਵਿਚ ਹਰ ਵੇਲੇ ਫਸਿਆ ਰਹਿੰਦਾ। ਸਾਰੀ ਸ਼ਾਹੀ ਤਾਕਤ ਜ਼ੁਲ ਫਿਕਾਰ ਖਾਂ ਦੇ ਹਥ ਵਿਚ ਆ ਗਈ। ਹਕੂਮਤ ਦੀ ਸਾਰੀ ਵਾਗ ਡੋਰ ਪੂਰਨ ਤੌਰ ਉਤੇ ਉਸੇ ਦੇ ਹਥ ਵਿਚ ਸੀ। ਦਸ਼ ਦੇ ਰਾਜ ਪਰਬੰਧ ਦੇ ਹਰ ਮਾਮਲੇ ਵਿਚ ਉਸ ਦੀ ਮਰਜ਼ੀ ਚਲਦੀ ਸੀ ਅਤੇ ਇਰਾਦਤ ਖਾਂ ਦੇ ਕਥਨ ਅਨੁਸਾਰ ਉਸ ਦੇ ਹੰਕਾਰ ਦਾ ਇਹ ਹਾਲ ਸੀ ਕਿ ਫਿਰਾਊਨ ਅਤੇ ਸ਼ਦਾਦ ਵਰਗਿਆਂ ਨੂੰ ਵੀ ਉਸ ਦੇ ਕਮਰੇ ਵਿਚ ਪੈਰ ਰਖਣ ਦੀ ਆਗਿਆ ਨਹੀਂ ਸੀ ਮਿਲ ਸਕਦੀ।

## ਫਰਖ਼ਸੀਅਰ ਦੀ ਬਗਾਵਤ

ਇਸ ਆਪਾ ਧਾਪੀ ਅਤੇ ਨਿਪੁੰਨਸਕਤਾ ਦੇ ਦੌਰ ਦੌਰੇ ਵਿਚ ਰਪੋਰਟ ਪੁਜੀ ਕਿ ਬਹਾਦਰ ਸ਼ਾਹ ਦੇ ਚਾਹਤੇ ਬੇਟੇ ਅਜ਼ੀਮ ਉਸ਼ ਸ਼ਾਹ ਦੇ ਪੁਤਰ ਫਰਖ਼ ਸੀਅਰ, ਦੋ ਸਯਦ ਭਰਾਵਾਂ ਅਬਦੁਲਾ ਖਾਨ ਗਵਰਨਰ ਬਿਹਾਰ ਅਤੇ ਹੁਸੈਨ ਅਲੀ ਖਾਂ ਗਵਰਨਰ ਅਲਾਹਾਬਾਦ ਦੀ ਸਹਾਇਤਾ ਨਾਲ ਪਟਨੇ ਵਿਚ ਜੰਗ ਦੀ ਤਿਆਰੀ ਕਰ ਰਿਹਾ ਹੈ ਜਿਥੇ ਕਿ ਮਸੀਤਾਂ ਵਿਚ ਉਸ ਦੇ ਨਾਮ ਦਾ ਖੁਤਬਾ ਪੜ੍ਹਿਆ ਜਾ ਰਿਹਾ ਹੈ ਤੇ ਉਸੇ ਦੇ ਨਾਮ ਦਾ ਸਿਕਾ ਚਾਲੂ ਹੋ ਚੁਕਾ ਹੈ। ਸ਼ਹਿਨਸ਼ਾਹ ਦੇ ਬੇਟੇ ਅਜ਼ਾਉਦ ਦੀਨ ਅਤੇ ਖਵਾਜਾ ਅਹਿਸਾਨ ਖਾਨ ਖਾਨਿਦੌਰਾਂ ਬਰਾਦਰ ਕੋਕਲ ਤਾਸ਼ ਖਾਨ ਦੀ ਕਮਾਨ ਹਠ ਇਕ ਬਹੁਤ ਭਾਰੀ ਲਸ਼ਕਰ ਉਸ ਦੇ ਟਾਕਰੇ ਲਈ ਘਲਿਆ ਗਿਆ ਪਰ ਇਸ ਲਸ਼ਕਰ ਨੂੰ ਹਾਰ ਖਾਣੀ ਪਈ। ਆਪਣੀ ਫੌਜ ਦੀ ਹਾਰ ਦੀ ਖਬਰ ਸੁਣ ਕੇ ਸ਼ਹਿਨਸ਼ਾਹ ੭੦ ਹਜ਼ਾਰ ਘੁੜ ਸਵਾਰ ਫੌਜ ਲੈ ਕੇ ਰਾਜਧਾਨੀ ਤੋਂ ਰਵਾਨਾ ਹੋਇਆ। ਇਸ ਫੌਜ ਤੋਂ ਛੁਟ ਬਹੁਤ ਸਾਰੀ ਪੈਦਲ ਫੌਜ ਅਤੇ ਤੋਪ ਖਾਨਾ ਵੀ ਅਮੀਰ ਉਲ ਉਮਰਾ ਜ਼ੁਲਫਿਕਾਰ ਖਾਂ ਦੀ ਕਮਾਨ ਹੇਠ ਰਵਾਨਾ ਹੋਇਆ।

## ਜੰਗ ਆਗਰਾ ੧੭੧੨

੩੦ ਦਸੰਬਰ ੧੭੧੨ ਈਸਵੀ ਨੂੰ ਦੋਵੇਂ ਫੌਜਾਂ ਦੀ ਟਕਰ ਆਗਰੇ ਦੇ ਮੈਦਾਨ ਵਿਚ ਹੋਈ!

## ਸ਼ਹਿਨਸ਼ਾਹ ਦੀ ਹਾਰ

ਸਯਦਾਂ ਨੇ ਬੜਾ ਸਖਤ ਹਲਾ ਬੋਲਿਆ ਇਸ ਹਲੇ ਨੇ ਜਹਾਨਦਾਰ

Sri Satguru Jagjit Singh Ji eLibrary NamdhariElibrary@gmail.com

ਦੀ ਉਮਰ ਵਿਚ ਚਲਾਣਾ ਕਰ ਗਿਆ । ਉਹ ਮੀਰ ਜਹਾਨ ਦੇ ਖਾਨਦਾਨ ਵਿਚੋਂ ਸੀ । ਉਹ ਉਚੇਰੇ ਹੌਸਲੇ ਅਤੇ ਅਬੁਕ ਦਲੇਰੀ ਵਾਲਾ ਸੂਰਬੀਰ ਸੀ । ਇਹਨਾਂ ਗਲਾਂ ਦੇ ਬਾਵਜੂਦ ਉਹ ਬੜਾ ਸ਼ਾਂਤ ਸੁਭਾ ਅਤੇ ਦਿਲ ਦਾ ਸਖੀ ਸੀ । ਉਹ ਨਵੇਂ ਦਰਬਾਰ ਦੇ ਅਮੀਰਾਂ ਵਜ਼ੀਰਾਂ ਅਗੇ ਕਦੇ ਨਹੀਂ ਝੁਕਿਆ ਸਗੋਂ ਆਪਣੀ ਪੂਰੀ ਸ਼ਾਨ ਤੇ ਵਫ਼ਾਦਾਰੀ ਨੂੰ ਕਾਇਮ ਰਖ ਕੇ ਆਖਰੀ ਦਮ ਤੀਕ ਆਪਣਾ ਅਸਰ ਤੇ ਜਬ੍ਹਾ ਕਾਇਮ ਰਖਿਆ ।

## ਤੈਮੂਰੀ ਖਾਨਦਾਨ ਦੇ ਪਤਨ ਦੀ ਪੇਸ਼ੀਨਗੋਈ ਕੀਤੀ

ਆਪਣੇਂ ਮੌਤ ਬਿਸਤਰ ਉਤੇ ਇਸ ਬਿਰਧ ਹਸਤੀ ਨੇ ਭਵਿਖ ਬਾਣੀ ਆਖੀ ਕਿ ਦਿਲੀ ਦਾ ਰਾਜ ਹੁਣ ਕੋਈ ਦਿਨ ਦਾ ਪਰਾਹੁਣਾ ਹੈ । ਸ਼ਹਿਨਸ਼ਾਹ ਨੇ ਉਸ ਦੀ ਰਾਜ਼ੀ ਖੁਸ਼ੀ ਪੁਛਣ ਲਈ ਜਿਸ ਦੂਤ ਨੂੰ ਭੇਜਿਆ ਉਸ ਨੂੰ ਬਿਰਧ ਨੇ ਇਹ ਲਫਜ਼ ਕਹੇ:—"ਹੁਣ ਸਜ਼ਾ ਦਾ ਦਿਨ ਨੇੜੇ ਆਣ ਢੁਕਾ ਜਾਪਦਾ ਹੈ । ਸ਼ਹਿਨਸ਼ਾਹ ਦਾ ਇਕਬਾਲ ਆਪਣੇ ਸਿਖਰ ਉਤੇ ਪੁਜ ਚੁਕਾ ਹੈ । ਸਾਰੇ ਰਾਜ ਵਿਚ ਫੈਲੀ ਹੋਈ ਬੇਚੈਨੀ ਨੂੰ ਤਕ ਕੇ ਮੈਨੂੰ ਡਰ ਲਗਦਾ ਹੈ ਕਿ ਤੈਮੂਰ ਦੇ ਤਖਤ ਦੇ ਪਾਵਿਆਂ ਥਲੇ ਤਬਾਹੀ ਬੈਠੀ ਹੋਈ ਹੈ ।" ਇਹ ਲਫਜ਼ ਸਚੇ ਸਨ ਜਿਹਾ ਕਿ ਪਿਛੋਂ ਦੇ ਵਾਕਿਆ ਨੇ ਸਾਬਤ ਕਰ ਦਿਤਾ । ਸਚ ਮੁਚ ਹੀ ਮੁਗਲ ਰਾਜ ਦਾ ਅੰਤ ਨੇੜੇ ਸੀ ।

## ਸ਼ਹਿਨਸ਼ਾਹ ਅਤੇ ਸਯਦ ਭਾਈਆਂ ਵਿਚਾਲੇ ਦੁਫੇੜ

ਸ਼ਹਿਨਸ਼ਾਹ ਸਮਝਦਾ ਸੀ ਕਿ ਸਯਦ ਭਾਈਆਂ ਦਾ ਜੂਆ ਬੋਝਲ ਹੈ । ਉਹ ਚਾਹੁੰਦਾ ਸੀ ਉਹਨਾਂ ਦੇ ਸਾਰ ਅਧਿਕਾਰ ਉਹਨਾਂ ਪਾਸੋਂ ਖੋਹ ਲਏ । ਇਕ ਭਾਈ ਹੁਸੈਨ ਅਲੀਖਾਨ ਨੂੰ ਮਰਹਟਿਆਂ ਵਿਰੁਧ ਇਕ ਜੰਗ ਵਿਚ ਭੇਜ ਦਿਤਾ । ਉਸ ਦੇ ਮਾਤਹਿਤ ਜਿਹੜੀਆਂ ਸ਼ਾਹੀ ਫੌਜਾਂ ਸਨ ਉਹ ਉਹਦੇ ਵਿਰੁਧ ਹੋ ਗਈਆਂ ਜਿਸ ਕਰ ਕੇ ਉਹਨੇ ਰਾਜਾ ਸਾਹੂਬੀ ਮਰਹਟਾ ਨਾਲ ਸਮਝੌਤਾ ਕਰ ਲਿਆ । ਇਸ ਸੰਧੀ ਅਨੁਸਾਰ ਮਰਹਟੇ ਰਾਜੇ ਦੀ ਖੁਦ ਮੁਖਤਿਆਰੀ ਦੇ ਹਕ ਨੂੰ ਪਰਵਾਨ ਕਰ ਲਿਆ ਗਿਆ ਸੀ । ਇਸ ਤੋਂ ਛੁਟ ਕੁਝ ਹੋਰ ਰਿਆਇਤਾਂ ਮਰਹਟਿਆਂ ਨੂੰ ਦਿਤੀਆਂ ਗਈਆਂ ਸਨ । ਸ਼ਹਿਨਸ਼ਾਹ ਨੇ ਇਸ ਸ਼ਰਮਨਾਕ ਸੰਧੀ ਦੀ ਪਕੇੜਤਾ ਕਰਨ ਤੋਂ ਇਨਕਾਰ ਕਰ ਦਿਤਾ ਜਿਸ ਕਰਕੇ ਸ਼ਹਿਨਸ਼ਾਹ ਅਤੇ ਸਯਦ ਭਾਈਆਂ ਵਿਚਾਲੇ ਹੋਰ ਵੀ ਮਾੜਾ ਪੈ ਗਿਆ ।

## ਹੁਸੈਨ ਅਲੀ ਦਾ ਮਰਹਟਿਆਂ ਦੀ ਸਹਾਇਤਾ ਨਾਲ ਦਿੱਲੀ ਉਤੇ ਕਬਜ਼ਾ ੧੭੧੮

ਵਜ਼ੀਰ ਹੁਸੈਨ ਅਲੀ ਖਾਨ ਨੇ ਮਰਹਟਿਆਂ ਨੂੰ ਆਪਣੇ ਨਾਲ ਸ਼ਾਮਲ ਕਰ ਲਿਆ ਅਤੇ ਆਪਣੀ ਫੌਜ ਲੈ ਕੇ ਦਿਲੀ ਵਲ ਵਧਿਆ ਉਹਦੇ ਨਾਲ ੧੦ ਹਜ਼ਾਰ ਮਰਹਟਿਆਂ ਦੀ ਮਦਦਗਾਰ ਫੌਜ ਵੀ ਸੀ । ਥੋੜੀ ਜਿਹੀ ਵਿਰੋਧਤਾ ਮਗਰੋਂ ਉਸ ਨੇ ਦਿਲੀ ਉਤੇ ਕਬਜ਼ਾ ਕਰ ਲਿਆ । ਦਿੱਲੀ ਦੇ ਸ਼ਹਿਰੀਆਂ ਨੇ ਇਸ ਮੌਕੇ ਉਤੇ ਸ਼ਹਿਨਸ਼ਾਹ ਨਾਲ ਬਹੁਤ ਸਾਰੀ ਹਮਦਰਦੀ ਪਰਗਟ ਕੀਤੀ ਕਿਉਂਕਿ ਦਿਲੀ ਦੇ ਵਸਨੀਕਾਂ ਵਿਚ ਉਹ ਹਰਮਨ ਭਾਉਨਾ ਸੀ । ਕੁਝ ਤੁਰਕੀ ਸਰਦਾਰਾਂ ਦੇ ਦਰਬਾਰੀਆਂ ਨੇ ਜਤਨ ਵੀ ਕੀਤਾ ਕਿ ਆਪਣੇ ਸ਼ਹਿਨਸ਼ਾਹ ਦੇ ਬਚਾਓ ਲਈ ਇਕ ਆਖਰੀ ਸੱਟ ਲਾਈ ਜਾਏ । ਇਹ ਲੋਕ ਸ਼ਹਿਰ ਦੇ ਦਰਵਾਜ਼ਿਆਂ ਦੀ ਮਰਹਟਾ ਗਾਰਦ ਨੂੰ ਸ਼ਹਿਰੋਂ ਬਾਹਰ ਕਢ ਦੇਣ ਅਤੇ ਵੈਰੀ ਦੀ ੧੫ ਹਜ਼ਾਰ ਫੌਜ ਨੂੰ ਮਾਰ ਦੇਣ ਵਿਚ ਸਫਲ ਵੀ ਹੋ ਗਏ ਪਰ ਸ਼ਹਿਨਸ਼ਾਹ ਦੀ ਢਿਲ ਮਠ ਨੇ ਉਸ ਦੇ ਹਮਾਇਤੀਆਂ ਦੇ ਹੌਸਲੇ ਢਾਹ ਦਿਤੇ ਅਤੇ ਉਹ ਆਪਣੇ ਆਪ ਨੂੰ ਹਰਮ ਵਿਚ ਲੁਕੋਣ ਲਈ ਮਜਬੂਰ ਹੋ ਗਿਆ । ਹਬਸ਼ੀਆਂ, ਹਥਿਆਰ ਬੰਦ ਐਬੇਸੀਨੀਅਨਾਂ, ਜਾਰਜੀਅਨਾਂ ਆਦਿ ਦਾ ਇਕ ਜ਼ਨਾਨਾ ਦਸਤਾ ਬਾਦਸ਼ਾਹ ਦੇ ਸੌਣ ਵਾਲੇ ਕਮਰੇ ਦੀ ਰਾਖੀ ਕਰਦਾ ਸੀ । ਉਹਨਾਂ ਨੇ ਟਾਕਰਾ ਕੀਤਾ ਪਰ ਉਹਨਾਂ ਉਤੇ ਕਾਬੂ ਪਾ ਲਿਆ ਗਿਆ ਅਤੇ ਸਿਪਾਹੀ ਉਹਨਾਂ ਨੂੰ ਪਰੇ ਹਟਾ ਕੇ ਦਰਵਾਜ਼ੇ ਵਿਚ ਜਾ ਦਾਖਲ ਹੋਏ । ਕਮਰੇ ਦੀ ਨੁਕਰ ਨੁਕਰ ਛਾਣ ਮਾਰੀ ਤਾਂ ਜੁ ਬਾਦਸ਼ਾਹ ਨੂੰ ਗ੍ਰਿਫਤਾਰ ਕੀਤਾ ਜਾਏ । ਜ਼ਨਾਨਾ ਗਾਰਦ ਦੀ ਤੀਵੀਆਂ ਨੂੰ ਤਸੀਹੇ ਦੇ ਕੇ ਪੁਛਿਆ ਕਿ ਉਹ ਬਾਦਸ਼ਾਹ ਦੀ ਲੁਕਣ ਥਾਂ ਦਾ ਪਤਾ ਦਸਣ । ਅੰਤ ਉਹ ਲੁਕੇ ਹੋਏ ਬਾਦਸ਼ਾਹ ਨੂੰ ਢੂੰਡਣ ਵਿਚ ਸਫਲ ਹੋ ਗਏ ਤੇ ਉਹਨਾਂ ਨੇ ਛਿਪੇ ਹੋਏ ਬਾਦਸ਼ਾਹ ਨੂੰ ਲੁਕਣ-ਥਾਂ ਤੋਂ ਘਸੀਟ ਕੇ ਬਾਹਰ ਕਢ ਲਿਆ । ਇਹ ਨਜ਼ਾਰਾ ਵੇਖ ਕੇ ਮਹਲ ਦੀਆਂ ਬੇਗਮਾਂ ਅਤੇ ਸ਼ਹਿਜ਼ਾਦੀਆਂ, ਜਿਨ੍ਹਾਂ ਵਿਚ ਸ਼ਹਿਨਸ਼ਾਹ ਦੀ ਮਾਤਾ, ਬੇਗਮ ਅਤੇ ਸ਼ਾਹਜ਼ਾਦੀ ਵੀ ਸ਼ਾਮਲ ਸੀ ਉਸ ਦੀ ਸਹਾਇਤਾ ਲਈ ਬਾਹਰ ਨਿਕਲ ਆਈਆਂ । ਉਹਨਾਂ ਨੇ ਰੋਣਾ; ਕੁਰਲਾਣਾ ਸ਼ੁਰੂ ਕਰ ਦਿਤਾ ਅਤੇ ਬਾਦਸ਼ਾਹ ਦੇ ਉਦਾਲੇ ਘੇਰਾ ਘਤ ਲਿਆ । ਉਹਨਾਂ ਨੇ ਅਫਗਾਨ ਸਿਪਾਹੀਆਂ ਪਾਸ ਹਾੜੇ ਕਢੇ ਕਿ ਉਹ ਬਾਦਸ਼ਾਹ ਨੂੰ ਛਡ ਦੇਣ ।

## ਬਾਦਸ਼ਾਹ ਗ੍ਰਿਫਤਾਰ ਕਰਕੇ ਅੰਨ੍ਹਾ ਕੀਤਾ ਗਿਆ ੧੭੧੮

ਸਿਪਾਹੀਆਂ ਨੇ ਜ਼ਨਾਨੀਆਂ ਨੂੰ ਪਰ੍ਹੇ ਹਟਾਕੇ ਬਾਦਸ਼ਾਹ ਨੂੰ ਫੜ ਲਿਆ ਅਤੇ ਉਸ ਨੂੰ ਕੈਦ ਖਾਨੇ ਵਿਚ ਬੰਦ ਕਰ ਦਿਤਾ । ਉਥੇ ਕੈਦ ਵਿਚ ਹੀ ਉਸ ਨੂੰ ਅੰਨ੍ਹਾਂ ਕਰ ਦਿਤਾ ਗਿਆ । ਇਸ ਘਟਨਾ ਨੂੰ ਯਾਦ ਕਰਾਉਣ ਵਾਲੀ ਦਾਸਤਾਨ ਹੇਠ ਲਿਖੀ ਪੰਗਤੀ ਵਿਚੋਂ ਮਿਲਦੀ ਹੈ :—

فاعتبرو یا اولی الا بصاز

ਅਰਥਾਤ—ਐ ਅੱਖਾਂ ਵਾਲਿਓ । ਇਸ ਤੋਂ ਇਬਰਤ ਹਾਸਲ ਕਰੋ ।

## ਰਫੀ-ਉਲ-ਦਰਜਾਤ ਦੀ ਗੱਦੀ ਨਸ਼ੀਨੀ ੧੭੧੯

ਅਚਾਨਕ ਹੀ ਸ਼ਹਿਰ ਵਾਸੀਆਂ ਦੇ ਕੰਨਾਂ ਵਿਚ ਇਹ ਐਲਾਨ ਪਿਆ ਕਿ ਸ਼ਮਸ-ਉਦ-ਦੀਨ ਰਫੀ-ਉਲ-ਦਰਜਾਤ ਨੇ, ਜੋ ਰਫੀ-ਉਲ-ਕਦਰ ਦਾ ਛੋਟਾ ਭਾਈ ਅਤੇ ਬਹਾਦਰ ਸ਼ਾਹ ਦਾ ਪੋਤਾ ਸੀ, ਰਾਜ ਦੀ ਵਾਗ ਡੋਰ ਸੰਭਾਲ ਲਈ ਹੈ ਅਤੇ ਫਰਖਸੀਅਰ ਨੂੰ ਰਾਜ ਗਦੀ ਤੋਂ ਲਾਹ ਦਿਤਾ ਗਿਆ ਹੈ । ਸ਼ਾਹੀ ਮਹਲਾਂ ਦੇ ਦਰਵਾਜ਼ਿਆਂ ਮੂਹਰ ਨਗਾਰੇ ਵਜਣੇ ਸ਼ੁਰੂ ਹੋ ਗਏ, ਦਰਬਾਰ ਹਾਲ ਦੇ ਸਿਹਨ ਤੋਂ ਢੰਡੋਰੇ ਪਿਟੇ ਜਾਣ ਲਗ ਅਤੇ ਸਵੇਰ ਸਾਰ ਤੋਪਾਂ ਨੇ ਸਲਾਮੀ ਦੇਣੀ ਸ਼ੁਰੂ ਕਰ ਦਿਤੀ । ਨੌਜਵਾਨ ਸ਼ਾਹਜ਼ਾਦੇ ਨੂੰ, ਜੋ ਅਜੇ ਮੁਸ਼ਕਲ ਨਾਲ ੨੦ ਕੁ ਸਾਲ ਦਾ ਗਭਰੂ ਸੀ, ਛੇਤੀ ਛੇਤੀ ਸਲੇਮ ਗੜ੍ਹ ਦੇ ਸ਼ਾਹੀ ਕੈਦਖ ਨੇ ਵਿਚੋਂ ਬਾਹਰ ਲਿਆ ਕੇ ਤਖਤ ਉਤੇ ਬਿਠਾ ਦਿਤਾ । ਇਹ ਕੰਮ ਐਡੀ ਫੁਰਤੀ ਨਾਲ ਕੀਤਾ ਕਿ ਸ਼ਾਹਜ਼ਾਦੇ ਨੂੰ ਅਸ਼ਨਾਨ ਕਰਨ, ਹਜਾਮਤ ਬਣਾਉਣ ਤੇ ਕਪੜੇ ਬਦਲਣ ਦੀ ਵੀ ਵਿਹਲ ਨਾ ਮਿਲੀ । ਉਸ ਨੂੰ ਉਹਨਾਂ ਕਪੜਿਆਂ ਨਾਲ ਹੀ ਤਖਤ ਉਤੇ ਚੁਕ ਬਿਠਾਇਆ, ਜੋ ਉਸ ਨੇ ਪਾਏ ਹੋਏ ਸਨ । ਅਬਦੁੱਲਾ ਖਾਂ ਨੇ ਛੇਤੀ ਛੇਤੀ ਆਪਣੇ ਗਲੋਂ ਵਡੇ ਵਡੇ ਮੋਤੀਆਂ ਦੀ ਮਾਲਾ ਲਾਹ ਕੇ ਸ਼ਾਹਜ਼ਾਦੇ ਦੇ ਗਲ ਵਿਚ ਪਾ ਦਿਤੀ ।

## ਫਰਖਸੀਅਰ ਦੀ ਦਰਦਨਾਕ ਮੌਤ ੧੭੧੯

ਫਰਖਸੀਅਰ ਨੂੰ ਤਸੀਹੇ ਤੇ ਕਸ਼ਟਾਂ ਮਗਰੋਂ ਤਿਨਹਾਈ ਦੀ ਕਾਲ ਕੋਠੜੀ ਵਿਚ ਬੰਦ ਕਰ ਦਿਤਾ । ਉਸ ਦੀ ਗਰਦਨ ਵਿਚ ਇਕ ਪੱਟਾ ਪਾ ਦਿਤਾ । ਫਰਖਸੀਅਰ ਨੇ ਆਪਣੇ ਹੱਥਾਂ ਤੇ ਪੈਰਾਂ ਦੀ ਸਹਾਇਤਾ ਨਾਲ ਇਸ ਪਟੇ ਨੂੰ ਗਰਦਨ ਤੋਂ ਪਰ੍ਹੇ ਰਖਣ ਦਾ ਬਹੁਤ ਜਤਨ ਕੀਤਾ । ਉਸ ਨੇ ਗੁੱਸੇ ਤੇ ਨਿਰਾਸ਼ਤਾ ਵਿਚ ਗ਼ਦਾਰ ਵਜ਼ੀਰਾਂ ਨੂੰ ਲਾਹਨਤਾਂ

ਪਾਈਆਂ ਅਤੇ ਉਸ ਰੱਬੀ ਇਨਸਾਫ ਨੂੰ ਵੀ ਬੁਰਾ ਭਲਾ ਆਖਿਆ ਜੋ ਇਹੋ ਜਿਹੇ ਭੈੜੇ ਤੇ ਪਾਪੀ ਮਨੁਖਾਂ ਨੂੰ ਸਜ਼ਾ ਨਹੀਂ ਦੇਂਦਾ। ਪਰ ਹੁਣ ਉਹ ਆਪਣੇ ਗੁਨਾਹਾਂ ਦੀ ਸਜ਼ਾ ਤੋਂ ਬਚ ਨਹੀਂ ਸੀ ਸਕਦਾ। ਸ਼ਾਹੀ ਕੈਦੀ ਨੂੰ ਪਹਿਲੇ ਤਾਂ ਮਾਰ ਮਾਰ ਕੇ ਅਧਮੋਇਆ ਕੀਤਾ ਤੇ ਫਰ ਖੰਜਰ ਨਾਲ ਉਸ ਦਾ ਪੇਟ ਚਾਕ ਕਰ ਦਿਤਾ ਗਿਆ। ਇਹ ਘਟਨਾ ੧੬ ਮਈ ੧੭੧੯ ਈਸਵੀ ਨੂੰ ਹੋਈ। ਉਸ ਦੀ ਲਾਸ਼ ਸ਼ਹਿਨਸ਼ਾਹ ਹਮਾਯੂੰ ਦੇ ਮਕਬਰੇ ਵਿਚ ਬੜੇ ਸਮਾਰੋਹ ਨਾਲ ਦਫਨਾਈ ਗਈ* । ਉਸ ਨੇ ਛੇ ਸਾਲ ਤੇ ਚਾਰ ਮਹੀਨੇ ਰਾਜ ਕੀਤਾ।

*ਉਸ ਦੇ ਜਨਾਜ਼ੇ ਨਾਲ ਸ਼ਹਿਰੀਆਂ ਦਾ ਭਾਰੀ ਇਕੱਠ ਸੀ, ਪਰ ਮਾਤਮੀ ਜਲੂਸ ਦੇ ਸ਼ਹਿਰੋਂ ਨਿਕਲਣ ਸਾਰ ਮਾਤਮ ਮਨੌਣ ਵਾਲਿਆਂ ਉਤੇ ਪੱਥਰ ਰੋੜੇ ਸੁਟੇ

(ਬਾਕੀ ਦੇਖੋ ਅਗਲਾ ਕਾਲਮ)

(ਪਿਛਲੇ ਕਾਲਮ ਦੀ ਬਾਕੀ)

ਗਏ ਤੇ ਆਵਾਜ਼ੇ ਕਸੇ ਗਏ, ਨਾਲੇ ਘਟਾ ਮਿਟੀ ਉਡਾ ਕੇ ਉਹਨਾਂ ਦੇ ਸਿਰ ਪਾਈ।

—ਸੀਅਰੁਲ ਮਤਾਖਰੀਨ।

ਇਸ ਬਾਦਸ਼ਾਹ ਦੇ ਸਿਕੇ ਉਤੇ ਇਹ ਲਫਜ਼ ਦਰਜ ਸਨ :—

سکہ زد از فضل حق بر سیم و زر - بادشاہ بحروبر فرخ سیر

ਅਰਥਾਤ—ਫਰਖਸੀਅਰ ਸ਼ਾਹ ਧਰਤੀ ਤੇ ਸਾਗਰ ਨੇ ਆਪਣੀ ਮੋਹਰ ਸੋਨੇ ਤੇ ਚਾਂਦੀ ਉਤੇ ਰਬ ਦੇ ਫਜ਼ਲ ਨਾਲ ਲਾਈ।

ਸ਼ਹਿਰ ਦੇ ਬਚਿਆਂ ਨੇ ਇਸ ਦਾ ਐਓਂ ਮਖੌਲ ਉਡਾਇਆ :—

سکہ زد بر گندم و موٹھ و مٹر - بادشاہ دانہ کش فرخ سیر

ਅਰਥਾਤ—ਲਾਲਚੀ ਸ਼ਾਹ ਫਰਖਸੀਅਰ ਨੇ ਕਣਕ, ਮੋਠ ਅਤੇ ਮਟਰ ਦੇ ਦਾਣਿਆ ਉਤੇ ਮੋਹਰ ਲਾਈ।

# ਪਰਕਰਨ—੨੦

## ਸ਼ਮਸ ਉਦ ਦੀਨ ਅਬੁਲ ਬਰਕਤ ਰਫੀ-ਉਲ-ਦਰਜਾਤ

ਰਫੀ ਉਲ ਦਰਜਾਤ ਦੀ ਗੱਦੀ ਨਸ਼ੀਨੀ ਸਮੇਂ ਕੈਦੀਆਂ ਨੂੰ ਆਮ ਮਾਫੀ ਦਿਤੀ ਗਈ। ਕੁਤਬ ਉਲ ਮੁਲਕ ਸਯਦ ਅਬਦੁਲਾ ਅਤੇ ਦੂਜੇ ਦਰਬਾਰੀਆਂ ਨੇ ਉਸ ਨੂੰ ਵਧਾਈ ਦਿਤੀ। ਹਿੰਦੂਆਂ ਉਤੇ ਲਗਾ ਹੋਇਆ ਜਜ਼ੀਆ ਮਨਸੂਖ ਕੀਤਾ ਗਿਆ। ਇਹ ਟੈਕਸ ਸੁਵਰਗੀ ਸ਼ਹਿਨਸ਼ਾਹ ਨੇ ਆਪਣੇ ਸਕੱਤਰ ਅਨਾਇਤ ਉੱਲਾ ਦੇ ਕਹਿਣ ਉਤੇ ਲਾਇਆ ਸੀ। ਨਵੇਂ ਬਾਦਸ਼ਾਹ ਨੇ ਸਾਰੇ ਦੇਸ ਵਾਸੀਆਂ ਨੂੰ ਰਖਿਆ ਅਤੇ ਅਮਨ ਦਾ ਭਰੋਸਾ ਦਵਾਇਆ। ਦੋਵੇਂ ਸਜਣ ਭਾਈ ਕੁਤਬ ਉਲ ਮੁਲਕ ਅਬਦੁਲ ਅਤੇ ਅਮੀਰ ਉਲ ਉਮਰਾ ਹੁਸੈਨ ਅਲੀ ਸਾਰੇ ਦੇਸ ਉਤੇ ਰਾਜ ਕਰਦੇ ਸਨ। ਇਹ ਕਠ ਪੁਤਲੀ ਬਾਦਸ਼ਾਹ ਗੱਦੀ ਨਸ਼ੀਨੀ† ਦੇ ਤਿੰਨ ਮਹੀਨੇ ਦੇ ਅੰਦਰ ਹੀ ਅੰਦਰ ਤਪਦਿਕ ਨਾਲ ਚਲਾਣਾ ਕਰ ਗਿਆ।

### ਰਫੀ-ਉਦ-ਦੌਲਾ ਸ਼ਾਹ ਜਹਾਨ ਦੂਜਾ

ਰਫੀ ਉਲ ਦਰਜਾਤ ਦੀ ਮੌਤ ਉਤੇ ਸਯਦ ਭਾਈਆਂ ਨੇ ਜੋ ਇਕ ਪਰਕਾਰ ਦੇ ਬਾਦਸ਼ਾਹ ਗਰ ਸਨ ਉਸ ਦੇ ਛੋਟੇ ਭਾਈ ਰਫੀ ਉਦ ਦੌਲਾ ਨੂੰ ਸ਼ਾਹ ਜਹਾਨ ਦੂਜੇ ਦੇ ਖਤਾਬ ਨਾਲ ਤਖਤ ਨਸ਼ੀਨ ਕੀਤਾ। ਆਪਣੇ ਸੁਵਰਗੀ ਭਾਈ ਦੀ ਤਰ੍ਹਾਂ ਦੇਸ ਦੇ ਰਾਜ ਕਾਜ ਵਿਚ ਉਸ ਦਾ ਕੋਈ ਹੱਥ ਨਹੀਂ ਸੀ। ਉਸ ਨੂੰ ਇਕ ਅਮੀਰ ਹਿੰਮਤ ਖਾਂ ਦੇ ਇਸ਼ਾਰੇ ਉਤੇ ਚਲਾਣਾ ਪੈਂਦਾ ਸੀ। ਉਸਦੇ ਸਾਰੇ ਫਰਜ਼ ਉਹ ਅਮੀਰ ਹੀ ਪੂਰੇ ਕਰਦਾ ਇਥੋਂ ਤੀਕ ਕਿ ਬਾਦਸ਼ਾਹ ਦੀ ਖੁਰਾਕ ਤੇ ਪੁਸ਼ਾਕ ਦੀ ਜ਼ਿੰਮੇਵਾਰੀ ਵੀ ਉਸੇ ਅਮੀਰ ਦੀ ਸੀ। ਉਸ ਨੂੰ ਨ ਤੇ ਜੁਮੇ ਵਾਲੇ ਦਿਨ ਮਸੀਤ ਵਿਚ ਨਿਮਾਜ਼ ਲਈ ਜਾਣ ਦੀ ਆਗਿਆ ਸੀ ਤੇ ਨ ਹੀ ਉਹ ਸ਼ਿਕਾਰ ਖੇਲਣ ਜਾ ਸਕਦਾ ਸੀ। ਇਥੋਂ ਤੀਕ ਕਿ ਉਹ ਸਯਦਾਂ ਦੀ ਯਾ ਆਪਣੇ ਸਰਪ੍ਰਸਤ ਦੀ ਮੌਜੂਦਗੀ ਦੇ ਬਗੈਰ ਦਰਬਾਰ ਦੇ ਕਿਸੇ ਦਰਬਾਰੀ ਨਾਲ ਵੀ ਗਲ ਬਾਤ ਨਹੀਂ ਸੀ ਕਰ ਸਕਦਾ।

†ਮਿਸਟਰ ਰਾਜਰਸ ਦੀ ਲਿਖਤ ਅਨੁਸਾਰ ਇਸ ਬਾਦਸ਼ਾਹ ਦੇ ਸਿੱਕੇ ਉਤੇ ਇਹ ਲਫਜ਼ ਦਰਜ਼ ਸਨ—

زد سکہ مبہند با ہزاراں برکات

شہنشاہ بحر و بر رفیع الدرجات

ਅਰਥਾਤ—ਸਮੁੰਦਰ ਅਤੇ ਖੁਸ਼ਕੀ ਦੇ ਬਾਦਸ਼ਾਹ ਰਫੀ ਉਲ ਦਰਜਾਤ ਨੇ ਹਜ਼ਾਰਾਂ ਬਰਕਤਾਂ ਨਾਲ ਹਿੰਦ ਵਿਚ ਸਿੱਕਾ ਚਾਲੂ ਕੀਤਾ।

### ਆਗਰੇ ਵਿਚ ਬਗ਼ਾਵਤ

ਸ਼ਾਹਜ਼ਾਦਾ ਅਕਬਰ ਦਾ ਨਿਕਾ ਬੇਟਾ ਨੇਕੋ ਸੀਰ, ਜੋ ਔਰੰਗਜ਼ੇਬ ਦਾ ਪੋਤਾ ਸੀ, ਆਗਰੇ ਦੇ ਅਫਸਰਾਂ ਅਤੇ ਮਲੇਸ਼ੀਆ ਦੀ ਸਹਾਇਤਾ ਨਾਲ ਆਜ਼ਾਦ ਹੋ ਗਿਆ। ਉਸ ਨੇ ਆਪਣੇ ਬਾਦਸ਼ਾਹ ਹੋਣ ਦਾ ਵੀ ਐਲਾਨ ਕਰ ਦਿਤਾ। ਅਮੀਰ-ਉਲ-ਉਮਰਾ ਹੁਸੈਨ ਅਲੀ ਨੇ ਉਸ ਨਾਲ ਜੰਗ ਕਰ ਕੇ ਉਹਨੂੰ ਕੈਦ ਕਰ ਲਿਆ। ਆਗਰੇ ਦੇ ਕਿਲ੍ਹੇ ਵਿਚੋਂ ਬੇਅੰਤ ਖਜ਼ਾਨਾ ਜਿਸ ਵਿਚ ਹੀਰੇ ਜਵਾਹਰ ਤੇ ਹੋਰ ਕੀਮਤੀ ਜ਼ੇਵਰ ਸਨ, ਵਿਜਈ ਦੇ ਹਥ ਲਗਾ।

### ਨੂਰਜਹਾਨ ਬੇਗਮ ਤੇ ਮਮਤਾਜ਼ ਮਹਲ ਦਾ ਮਾਲ ਮਤਾਹ

ਬਾਕੀ ਸਾਮਾਨ ਵਿਚ ਨੂਰਜਹਾਨ ਬੇਗਮ ਅਤੇ ਮਮਤਾਜ਼ ਮਹਲ ਦਾ

Sri Satguru Jagjit Singh Ji eLibrary NamdhariElibrary@gmail.com

ਸਾਮਾਨ ਵੀ ਦੋ ਜਾਂ ਤਿੰਨ ਕਰੋੜ ਰੁਪਏ ਦੀ ਮਾਲੀਅਤ ਦਾ ਸੀ। ਸ਼ਾਹ ਜਹਾਨ ਨੇ ਆਪਣੀ ਪਿਆਰੀ ਬੇਗਮ ਮਮਤਾਜ਼ ਮਹਲ ਲਈ ਮੋਤੀਆਂ ਦੀ ਇਕ ਮਾਲਾ ਤਿਆਰ ਕਰਾਈ ਸੀ ਜੋ ਉਸ ਦੀ ਸ਼ਾਦੀ ਦੇ ਦਿਨ ਅਤੇ ਸ਼ੁਕਰਵਾਰ ਦੀ ਰਾਤ ਨੂੰ ਉਹਦੇ (ਸ਼ਾਹਜਹਾਨ ਦ) ਮਕਬਰੇ ਉਪਰ ਰਖੀ ਜਾਂਦੀ ਸੀ। ਇਸ ਤੋਂ ਛੁਟ ਨੂਰਜਹਾਨ ਦਾ ਲੱਟਾ ਅਤੇ ਤਿਲੇ ਤੇ ਮੋਤੀਆਂ ਜੜੀ ਗੱਦੀ ਸੀ, ਜਿਸ ਦੇ ਬਾਰਡਰ ਨਾਲ ਵਡਮੁਲੇ ਜ਼ਮੁਰਦ ਤੇ ਲਾਲ ਜੜੇ ਹੋਏ ਸਨ। ਇਸ ਲੁਟ ਦੇ ਮਾਲ ਦੀ ਵੰਡ ਉਤੇ ਦੋਵਾਂ ਸਯਦ ਭਾਈਆਂ ਵਿਚਾਲੇ ਮਤ ਭੇਦ ਉਠ ਖੜਾ ਹੋਇਆ ਪਰ ਅਬਦੁਲਾ ਦੇ ਵਜ਼ੀਰ ਰਤਨ ਚੰਦ ਨੇ ਦਖਲ ਦੇ ਕੇ ਨਬੇੜਾ ਕਰ ਦਿਤਾ ਅਤੇ ਪੂਰੇ ਚਾਰ ਮਹੀਨੇ ਮਗਰੋਂ ਹੁਸੈਨ ਅਲੀ ਨੇ ੨੦ ਲਖ ਰੁਪਇਆ ਆਪਣੇ ਭਾਈ ਨੂੰ ਮਾਲ ਗਨੀਮਤ ਦ ਹਿਸੇ ਵਜੋਂ ਦਿਤਾ।

ਤਿੰਨ ਮਹੀਨੇ ਅਤੇ ਕੁਛ ਦਿਨਾਂ ਦੇ ਰਾਜ ਮਗਰੋਂ ਰਫੀ-ਉਦ-ਦੌਲਾ ਅਤੀਸਾਰ ਅਤੇ ਦਿਮਾਗੀ ਖਰਾਬੀ ਨਾਲ ਚਲਾਣਾ ਕਰ ਗਿਆ। ਆਪਣੇ ਭਾਈ ਵਾਂਗ ਉਸ ਨੂੰ ਖਵਾਜਾ ਕੁਤਬ-ਉਦ-ਦੀਨ ਦੇ ਮਕਬਰੇ ਦੇ ਹਾਤੇ ਵਿਚ ਦਫਨਾਇਆ ਗਿਆ।

# ਪਰਕਰਨ ੨੧

## ਅਬੁਲ ਫਤਹ ਰੌਸ਼ਨ ਅਖਤਰ ਨਸੀਰ ਉਦ ਦੀਨ ਮੁਹੰਮਦ ਸ਼ਾਹ

### ਸ਼ਾਹਜ਼ਾਦੀ ਮਰੀਅਮ ਮਕਾਨੀ

ਰਫੀ ਉਦ ਦੌਲਾ ਦੀ ਮੌਤ ਉਪਰ ਸਯਦ ਵਜ਼ੀਰਾਂ ਨੇ ਬਹਾਦਰ ਸ਼ਾਹ ਦੇ ਇਕ ਬੇਟੇ ਖਜਸਤਾ ਅਖਤਰ ਜਹਾਨਸ਼ਾਹ ਦੇ ਬੇਟੇ ਰੌਸ਼ਨ ਅਖਤਰ ਨੂੰ ਤਖਤ ਉਤੇ ਬਿਠਾ ਦਿਤਾ। ਇਹ ਸ਼ਾਹਜ਼ਾਦਾ ਉਸ ਸਮੇਂ ਨਜ਼ਰ ਬੰਦ ਸੀ। ਆਪਣੇ ਚਾਚੇ ਜਹਾਨਦਾਰ ਸ਼ਾਹ ਦੀ ਮੌਤ ਤੋਂ ਲੈ ਕੇ ਇਹ ਸ਼ਾਹਜ਼ਾਦਾ ਤੇ ਇਸ ਦੀ ਮਾਤਾ ਮਰੀਅਮ ਮਕਾਨੀ ਜੋ ਵਿਸ਼ੇਸ਼ ਹੌਸਲੇ ਤੇ ਸਿਆਣਪ ਦੀ ਮਾਲਕ ਸ਼ਾਹਜ਼ਾਦੀ ਸੀ ਦਿਲੀ ਦੇ ਕਿਲ੍ਹੇ ਵਿਚ ਲੋਕਾਂ ਦੀਆਂ ਨਜ਼ਰਾਂ ਤੋਂ ਉਹਲੇ ਨਜ਼ਰਬੰਦੀ ਵਿਚ ਦਿਨ ਕਟੀ ਕਰ ਰਹ ਸਨ।

### ਰੌਸ਼ਨ ਅਖਤਰ ਦਾ ਜਨਮ

ਰੌਸ਼ਨ ਅਖਤਰ ਦਾ ਜਨਮ ਸ਼ੁਕਰਵਾਰ ੨੩ ਰਬੀ ਉਲ ਅਵਲ ੧੧੧੪ ਹਿਜਰੀ ਮੁਤਾਬਕ ੫ ਅਗਸਤ ੧੭੦੨ ਈਸਵੀ ਨੂੰ ਗਜ਼ਨੀ ਦੇ ਪਾਸ ਹੋਇਆ ਸੀ। ਜਦ ਉਸਨੂੰ ਤਖਤ ਉਤੇ ਬਿਠਾਉਣ ਲਈ ਸਦਿਆ ਗਿਆ ਤਦ ਉਹ ੧੮ ਸਾਲ ਦਾ ਨੌਜਵਾਨ ਸੁੰਦਰ ਸ਼ਾਹਜ਼ਾਦਾ ਸੀ। ਉਸ ਦੀ ਸਿਖਲਾਈ ਬੜੇ ਧਿਆਨ ਨਾਲ ਹੋਈ ਉਸ ਦੇ ਚਿਹਰੇ ਦੇ ਭਾਵਾਂ ਤੋਂ ਸਪਸ਼ਟ ਜਾਪਦਾ ਸੀ ਕਿ ਕਿਸੇ ਦਿਨ ਉਹ ਕੋਈ ਨਾਮੀ ਹਸਤੀ ਹੋਵੇਗਾ।

### ਉਸਦੀ ਤਖਤ ਨਸ਼ੀਨੀ ੧੭੧੯

ਇਸ ਸ਼ੁਭ ਘੜੀ ਤੋਂ ਲਾਭ ਉਠਾ ਕੇ ੧੫ ਜ਼ਿਕਾਦ ੧੧੩੧ ਹਿ: (ਅਕਤੂਬਰ ੧੭੧੯ ਈ:) ਨੂੰ ਉਹ ਤਖਤ ਨਸ਼ੀਨ ਹੋਇਆ ਅਤੇ ਆਪਣਾ ਖਤਾਬ ਅਬੁਲ ਫਤਹ ਨਸੀਰ ਉਦ ਦੀਨ ਮੁਹੰਮਦ ਸ਼ਾਹ ਬਾਦਸ਼ਾਹ ਗਾਜ਼ੀ* ਧਾਰਨ ਕੀਤਾ। ਬਿਖੜੇ ਸਮੇਂ ਵਿਚੋਂ ਦੀ ਲੰਘਿਆ ਹੋਇਆ ਅਤੇ ਆਪਣੀ ਪੁਜ਼ੀਸ਼ਨ ਦੀ ਨਜ਼ਾਕਤ ਤੋਂ ਭਲੀ ਪਰਕਾਰ ਜਾਣੂੰ ਨੌਜਵਾਨ ਸ਼ਹਿਨਸ਼ਾਹ ਉਹਨਾਂ ਦੋਵਾਂ ਵਿਰੋਧੀ ਨੀਤੀਵਾਨਾਂ ਦੀ ਅਗਵਾਈ ਤੋਂ ਬੜੇ ਸਬਰ ਤੇ ਸ਼ਾਂਤੀ ਨਾਲ ਅਗਵਾਈ ਪਰਾਪਤ ਕਰਦਾ ਰਿਹਾ ਜਿਨ੍ਹਾਂ ਦੀ ਕ੍ਰਿਪਾ ਸਦਕਾ ਉਸ ਨੂੰ ਇਹ ਉਚ ਪਦਵੀ ਮਿਲੀ ਸੀ।

### ਨਵਾਂ ਸ਼ਹਿਨਸ਼ਾਹ ਸਯਦ ਭਾਈਆਂ ਦੇ ਜੂਏ ਦਾ ਬੋਝ ਅਨੁਭਵ ਕਰਦਾ ਹੈ

ਪਰ ਛੇਤੀ ਹੀ ਮਗਰੋਂ ਉਸ ਨੇ ਉਹਨਾਂ ਦੇ ਜੂਏ ਨੂੰ ਆਪਣੇ ਲਈ ਵਾਧੂ ਬੋਝ ਅਨੁਭਵ ਕਰਨਾ ਸ਼ੁਰੂ ਕੀਤਾ। ਉਸ ਨੇ ਉਹਨਾਂ ਦਾ ਜੂਆ ਉਤਾਰ ਸੁਟਣ ਲਈ ਸਾਜ਼ਸ਼ ਆਰੰਭੀ। ਹੁਸੈਨ ਅਲੀ ਇਕ ਬਾਗੀ ਸਰਦਾਰ ਦੀ ਬਗਾਵਤ ਨੂੰ ਦਬਾਉਣ ਲਈ ਦਖਣ ਵਲ ਜਾਣ ਲਈ

---

*ਇਸਦਾ ਭਾਵ ਹੈ ਵਿਜੇ ਦਾ ਦੇਵਤਾ ਅਤੇ ਦੀਨ ਦਾ ਵਡਾ ਰਾਖਾ ਅਰਥਾਤ ਕਾਫਰਾਂ ਨਾਲ ਲੜਨ ਵਾਲਾ ਬਾਦਸ਼ਾਹ ਤਖਤ ਨਸ਼ੀਨੀ ਸਮੇਂ ਮੁਹੰਮਦ ਸ਼ਾਹ ਅਤਿ ਸੁਹਣਾ ਹੋਣ ਕਰਕੇ ਇਕ ਕਵੀ ਨੇ ਉਹਦੀ ਪਰਸੰਸਾ ਵਿਚ ਹੇਠ ਲਿਖੀ ਕਵਿਤਾ ਲਿਖੀ ਸੀ:—

روشن اختر بود اکنوں ماہ شد
یوسف از زندان برآمد ماہ شد

ਅਰਥਾਤ ਇਹ ਚਮਕਦਾਰ ਸਿਤਾਰਾ ਹੁਣ ਚੰਦ ਬਣ ਗਿਆ ਹੈ, ਯੂਸਫ ਕੈਦ ਵਿਚੋਂ ਬਾਹਰ ਨਿਕਲ ਕੇ ਬਾਦਸ਼ਾਹ ਹੋ ਗਿਆ।

ਪੂਰਬੀ ਕਵੀ ਯੂਸਫ ਨੂੰ ਮਿਸਰ ਦਾ ਚੰਨ ਕਰਕੇ ਸਦਦੇ ਹਨ। ਇਸੇ ਕਵਿਤਾ ਵਿਚ ਮੁਹੰਮਦ ਸ਼ਾਹ ਨੂੰ ਯੂਸਫ ਨਾਲ ਤੁਲਨਾ ਦਿਤੀ ਹੈ ਤੇ ਕੈਦ ਖਾਨੇ ਦਾ ਇਸ਼ਾਰਾ ਬਾਦਸ਼ਾਹ ਦੀ ਉਸ ਨਜ਼ਰ ਬੰਦੀ ਵਲ ਹੈ ਜਿਥੋਂ ਕਢ ਕੇ ਉਸ ਨੂੰ ਤਖਤ ਨਸ਼ੀਨ ਕੀਤਾ ਗਿਆ ਸੀ।

Sri Satguru Jagjit Singh Ji eLibrary NamdhariElibrary@gmail.com

ਫ਼ੌਜ ਲੈ ਕੇ ਕੂਚ ਕਰ ਰਿਹਾ ਸੀ ਕਿ ਭਾੜੇ ਦਾ ਕਾਤਲ ਮੀਰ ਹੈਦਰ ਉਸ ਦੀ ਪਾਲਕੀ ਪਾਸ ਪੁਜ ਗਿਆ। ਇਕ ਹੱਥ ਵਿਚ ਅਰਜ਼ੀ ਵਾਲੇ ਕਾਗਜ਼ ਲੈ ਕੇ ਉਸ ਨੇ ਉਹਦਾ ਧਿਆਨ ਆਪਣੀ ਵਲ ਖਿਚਿਆ। ਇਸ ਸਮੇਂ ਵਜ਼ੀਰ ਆਪਣੇ ਤੰਬੂ ਵਲ ਜਾ ਰਿਹਾ ਸੀ। ਉਸ ਨੇ ਨੌਕਰਾਂ ਨੂੰ ਇਸ਼ਾਰਾ ਕੀਤਾ ਕਿ ਉਸ ਆਦਮੀ ਨੂੰ ਉਹਦੇ ਪਾਸ ਆਉਣ ਦਿਤਾ ਜਾਏ। ਉਸ ਦੇ ਹਥੋਂ ਦਰਖਾਸਤ ਲੈ ਕੇ ਉਸ ਨੇ ਪੜ੍ਹਨੀ ਸ਼ੁਰੂ ਕੀਤੀ। ਅਜੇ ਉਹ ਦਰਖਾਸਤ ਪੜ੍ਹ ਹੀ ਰਿਹਾ ਸੀ ਕਿ ਹੈਦਰ ਨੇ ਬੜੀ ਫੁਰਤੀ ਨਾਲ ਆਪਣਾ ਖੰਜਰ ਉਹਦੇ ਪੇਟ ਵਿਚ ਖੋਭ ਦਿਤਾ।

## ਹੁਸੈਨ ਅਲੀ ਦਾ ਕਤਲ ਅਕਤੂਬਰ ੧੭੨੦

ਖੰਜਰ ਦਾ ਫਟ ਬੜਾ ਕਾਰੀ ਲਗਾ। ਵਜ਼ੀਰ ਲੋਟਣੀਆਂ ਖਾਂਦਾ ਹੋਇਆ ਫਰਸ਼ ਉਤੇ ਢਹਿ ਪਿਆ*। ਮਰਨ ਵੇਲੇ ਵਜ਼ੀਰ ਕੇਵਲ ਇਨਾਂ ਹੀ ਆਖ ਸਕਿਆ— "ਸ਼ਹਿਨਸ਼ਾਹ ਨੂੰ ਮਾਰ ਦਿਓ।" ਇਸ ਤੋਂ ਜਾਪਦਾ ਹੈ ਕਿ ਉਸ ਨੂੰ ਸ਼ਕ ਸੀ ਕਿ ਇਸ ਸਾਜ਼ਸ਼ ਵਿਚ ਬਾਦਸ਼ਾਹ ਦਾ ਹੱਥ ਹੈ। ਉਸ ਦੇ ਭਤੀਜੇ ਨੇ ਆਪਣੀਆਂ ਫੌਜਾਂ ਨਾਲ ਸ਼ਹਿਨਸ਼ਾਹ ਉਤੇ ਜ਼ੋਰ ਦਾ ਹਲਾ ਬੋਲ ਦਿਤਾ ਜਿਹਾ ਕਿ ਉਸ ਦੇ ਚਾਚੇ ਨੇ ਮਰਨ ਵਲੇ ਹੁਕਮ ਦਿਤਾ ਸੀ। ਇਹ ਭਤੀਜਾ ਬਾਦਸ਼ਾਹ ਦੇ ਖੇਮੇ ਵਿਚ ਦਾਖਲ ਹੋਣ ਦਾ ਜਤਨ ਕਰ ਰਿਹਾ ਸੀ ਕਿ ਉਸ ਨੂੰ ਗੋਲੀ ਲਗੀ ਤੇ ਉਥੇ ਹੀ ਢੇਰੀ ਹੋ ਗਿਆ। ਇਹ ਵੇਖ ਕੇ ਉਹਦੇ ਪਿਛਲਗ ਵੀ ਖਿਸਕ ਗਏ। ਆਪਣੇ ਭਾਈ ਦਾ ਅੰਤ ਸੁਣ ਕੇ ਅਬਦੁਲਾ ਨੇ ਬੜੀ ਵਡੀ ਫੌਜ ਇਕੱਠੀ ਕਰ ਲਈ ਤੇ ਸ਼ਹਿਨਸ਼ਾਹ ਵਿਰੁਧ ਕੂਚ ਬੋਲ ਦਿਤਾ।

## ਅਬਦੁਲਾ ਕੈਦੀ ੧੭੨੦

ਪਰ ਜੰਗ ਵਿਚ ਉਸ ਨੂੰ ਹਾਰ ਖਾਣੀ ਪਈ ਤੇ ਉਹ ਕੈਦ ਹੋ ਗਿਆ। ਮੁਹੰਮਦ ਸ਼ਾਹ ਹੁਣ ਆਜ਼ਾਦ ਬਾਦਸ਼ਾਹ ਸੀ। ਜਦ ਉਹ ਰਾਜਧਾਨੀ ਵਿਚ ਦਾਖਲ ਹੋਇਆ ਤਦ ਲੋਕਾਂ ਨੇ ਖੁਸ਼ੀ ਦੇ ਨਾਅਰੇ ਲਾਏ।

## ਸਯਦ ਅਬਦੁਲਾ ਦੀ ਮੌਤ ੧੭੨੩

ਆਪਣੇ ਪਤਨ ਦੇ ਤਿੰਨ ਸਾਲ ਮਗਰੋਂ ਸਯਦ ਅਬਦੁਲਾ ੧੯ ਸਤੰਬਰ ੧੭੨੩ ਈ: ਨੂੰ ਗੁਮਨਾਮੀ ਦੀ ਦਸ਼ਾ ਵਿਚ ਮਰ ਗਿਆ।

## ਬਾਦਸ਼ਾਹ ਬੇਗਮ ਦੀ ਮੌਤ ੧੭੨੧

ਜ਼ੀਲਹਿਜ਼ ੧੧੩੩ ਦੇ ਮਹੀਨੇ (ਸਤੰਬਰ ੧੭੨੧) ਨੂੰ ਔਰੰਗਜ਼ੇਬ ਦੀ ਬੇਟੀ ਜੋ ਜ਼ੀਨਤ-ਉਲ-ਨਿਸਾ ਦੇ ਨਾਮ ਨਾਲ ਪ੍ਰਸਿੱਧ ਸੀ, ਮਰ ਗਈ।

## ਕਸੂਰ ਦੇ ਅਫਗਾਨ ਹਾਕਮ ਹੁਸੈਨ ਖਾਨ ਦੀ ਬਗ਼ਾਵਤ

ਪੰਜਾਬ ਦੇ ਵਾਇਸਰਾਏ ਨਵਾਬ ਅਬਦੁਲ ਸਮਦ ਖਾਨ ਦਲੇਰ ਜੰਗ ਨੇ ਸਿਖਾਂ ਨੂੰ ਚੰਗੀ ਤਰ੍ਹਾਂ ਆਪਣੇ ਕਾਬੂ ਵਿਚ ਰਖਿਆ ਸੀ। ਉਸ ਨੂੰ ਬਾਦਸ਼ਾਹ ਨੇ ਲਾਹੌਰ ਦੇ ਦਖਣ ਵਲ ਦੇ ਸ਼ਹਿਰ ਕਸੂਰ ਦੇ ਪਠਾਣਾਂ ਵਿਰੁਧ ਜੰਗ ਲਈ ਸਦਿਆ ਕਿਉਂਕਿ ਕਸੂਰ ਦੇ ਪਠਾਨਾਂ ਨੇ ਹੁਸੈਨ ਖਾਂ ਦੀ ਸਰਦਾਰੀ ਹੇਠ ਬਗਾਵਤ ਦਾ ਝੰਡਾ ਖੜਾ ਕਰ ਦਿਤਾ ਸੀ। ਇਹਨਾਂ ਬਾਗੀਆਂ ਨੇ ਕਸੂਰ ਤੇ ਲਾਹੌਰ ਦੇ ਆਸ ਪਾਸ ਦੇ ਕਈ ਉਪਜਾਊ ਖਿਤਿਆਂ ਉਤੇ ਆਪਣਾ ਕਬਜ਼ਾ ਜਮਾ ਲਿਆ। ਅਫਗਾਨ ਕਮਾਂਡਰ ਨੇ ਸ਼ਾਹੀ ਕਲੈਕਟਰਾਂ ਤੇ ਅਫਸਰਾਂ ਨੂੰ ਇਲਾਕਿਆਂ ਵਿਚੋਂ ਬਾਹਰ ਕਢ ਕੇ ਆਪ ਫੌਜਾਂ ਇਕਤਰ ਕਰ ਲਈਆਂ। ਲਾਹੌਰ ਦੇ ਵਾਇਸਰਾਏ ਨੇ ਬਾਗ਼ੀਆਂ ਦੀ ਸੁਧਾਈ ਲਈ ਕੁਤਬ ਉਦੀਨ ਨਾਮੀ ਜਰਨੈਲ ਨੂੰ ਭੇਜਿਆ। ਦੋਵਾਂ ਫੌਜਾਂ ਵਿਚਾਲੇ ਜੰਗ ਹੋਈ। ਹਸੈਨ ਖਾਨ ਨੇ ਜਰਨੈਲ ਦੀ ਘੁੜ ਸਵਾਰ ਫੌਜ ਨੂੰ ਨਸਾ ਦਿਤਾ; ਉਹਨਾਂ ਦੇ ਕਮਾਂਡਰ ਨੂੰ ਕਤਲ ਕਰ ਦਿਤਾ ਅਤੇ ਉਹਨਾਂ ਦੇ ਸਾਰੇ ਸਾਮਾਨ ਉਤੇ ਕਬਜ਼ਾ ਕਰ ਲਿਆ। ਹੁਣ ਹੁਸੈਨ ਖਾਨ ਪਾਸ ਸਤ ਅਠ ਹਜ਼ਾਰ ਘੁੜ ਸਵਾਰ ਫੌਜ ਹੋ ਗਈ, ਜਿਸ ਦੀ ਸਹਾਇਤਾ ਨਾਲ ਉਸ ਨੇ ਆਸ ਪਾਸ ਦੇ ਇਲਾਕੇ ਪਾਸੋਂ ਖਿਰਾਜ ਵਸਲਨਾ ਸ਼ੁਰੂ ਕਰ ਦਿਤਾ।

## ਚੂਣੀਆਂ ਦੀ ਜੰਗ

ਇਹ ਹਾਲਤ ਵੇਖ ਕੇ ਪੰਜਾਬ ਦੇ ਵਾਇਸਰਾਏ ਨੇ ੭—੮ ਹਜ਼ਾਰ ਸਵਾਰ ਫੌਜ ਲੈ ਕੇ ਉਸ ਦੇ ਵਿਰੁੱਧ ਕੂਚ ਬੋਲ ਦਿਤਾ। ਦੋਵਾਂ ਫੌਜਾਂ ਦਾ ਟਾਕਰਾ ਚੂਣੀਆਂ ਦੇ ਅਸਥਾਨ ਉਤੇ ਹੋਇਆ। ਲਾਹੌਰੀ ਫੌਜ ਦੇ ਕੇਂਦਰੀ ਭਾਗ ਦੀ ਕਮਾਨ ਕਰੀਮ ਕੁਲੀ ਖਾਨ ਦੇ ਹਥ ਵਿਚ ਸੀ। ਦਾਇਆਂ ਬਾਜ਼ੂ ਜਾਨੀ ਖਾਨ ਅਤੇ ਖਵਾਜਾ ਰਹਿਮਤ-ਉਲਾ ਦੇ ਮਾਤਹਿਤ ਸੀ। ਇਹ ਦੋਵੇਂ ਵਾਇਸਰਾਇ ਦੇ ਸੰਬੰਧੀ ਸਨ। ਬਾਇਆਂ ਬਾਜ਼ੂ ਉਸ ਦੇ ਲੈਫਟੀਨੈਂਟ ਆਰਿਫ ਖਾਂ ਤੇ ਅਸਗਰ ਖਾਂ ਦੇ ਮਾਤਹਿਤ ਸੀ। ਇਹ ਸਾਰੀ ਫੌਜ ਖਾਨ ਮਿਰਜ਼ਾ ਦੇ ਭਾਈ ਹਾਫਜ਼ ਖਾਨ ਦੀ ਕਮਾਨ ਥਲੇ ਸੀ। ਹਰਾਵਲ ਫੌਜ ਵਿਚ ਇਕ ਹਜ਼ਾਰ ਰੁਹੇਲੇ ਅਫਗਾਨ ਸਨ। ਵਾਇਸਰਾਏ ਆਪ ਬਾਏਂ ਬਾਜ਼ੂ ਦੇ ਸਾਹਮਣੇ ਮੋਰਚੇ ਬੰਦ ਹੋ ਗਿਆ। ਵੈਰੀ ਦੇ ਪਾਸ ਹੁਸੈਨ ਖਾਨ ਦਾ ਆਪਣਾ ਭਤੀਜਾ ਮੁਸਤਫਾ ਖਾਨ ਸਮੇਤ ਰਹਿਮਤ ਖਾਨ, ਸਯਦ ਖਾਨ ਅਤੇ ਦੂਜੇ ਪਠਾਨ ਕਮਾਂਡਰਾਂ ਦੇ ਸੀ, ਜੋ ਸਭ ਹਾਥੀਆਂ ਉਤੇ ਸਵਾਰ ਸਨ। ਏਥੇ ਬੜੀ ਲਹੂ ਡੋਲ੍ਹਵੀਂ ਜੰਗ ਲੜੀ ਗਈ। ਜਿਸ ਵਿਚ ਲਾਹੌਰ ਦਾ ਵਾਇਸਰਾਏ ਹਾਰ ਖਾਣ ਹੀ ਲਗਾ ਸੀ ਕਿ ਅਸਗਰ ਖਾਨ ਦੁਰਾਣੀਆਂ ਦੀ ਫੌਜ ਲੈ ਕੇ ਵੈਰੀ ਉਤੇ ਟੁਟ ਪਿਆ। ਉਸ ਨੇ ਇਸ ਮੌਕੇ ਉਤੇ ਦਲੇਰੀ ਤੇ ਬਹਾਦਰੀ ਦੀ ਜੋ ਮਿਸਾਲ ਪੇਸ਼ ਕੀਤੀ। ਉਸ ਨੇ ਹਾਲਾਤ ਦੇ ਰੁਖ ਨੂੰ ਪਲਟ ਕੇ ਰਖ ਦਿਤਾ। ਹੁਸੈਨ ਖਾਨ ਦੀ ਫੌਜ ਵਿਚ ਖਲਬਲੀ ਮਚ ਗਈ। ਉਸ ਦੇ ਹਾਥੀ ਦਾ ਹਥਵਾਨ ਮਾਰਿਆ ਗਿਆ ਤੇ ਉਹ ਹਾਥੀ ਉਤੋਂ ਥਲੇ ਡਿਗ ਪਿਆ। ਉਸ ਦਾ ਮਜ਼ਹਬੀ ਉਸਤਾਦ ਸ਼ਾਹਬਾਜ਼ ਖਾਨ ਜੋ ਸਦਾ ਉਸ ਦੇ ਸਜੇ ਪਾਸੇ ਦੀ ਸੀਟ ਉਤੇ ਬੈਠਦਾ ਸੀ, ਉਹ ਵੀ ਮਾਰਿਆ ਗਿਆ। ਜਦ ਕਿ ਹਾਫਜ਼ ਅਲੀ ਖਾਂ ਦੀ ਬੰਦੂਕ ਦੀ ਗੋਲੀ ਹੁਸੈਨ ਖਾਨ ਦੇ ਮਥੇ ਵਿਚ ਲਗੀ ਅਤੇ ਉਹ ਵੀ ਥਲੇ ਡਿਗ ਪਿਆ। ਦਲੇਰ ਅਫਗਾਨ ਸਿਪਾਹੀਆਂ ਨੇ ਡਿਗਦੇ ਸਾਰ ਆਪਣੀਆਂ ਤਲਵਾਰਾਂ ਨਾਲ ਉਸ ਦੇ ਟੁਕੜੇ ਕਰ ਦਿਤੇ।

## ਪਠਾਨਾਂ ਦੀ ਹਾਰ

ਪਠਾਨ ਫੌਜ ਹੁਣ ਬਹੁਤ ਸਾਰੀ ਘਟ ਹੋ ਗਈ ਅਤੇ ਉਹ ਹਫੜਾ-ਦਫੜੀ ਵਿਚ ਨਸ ਉਠੀ। ਸ਼ਾਹੀ ਫੌਜ ਵਿਚ ਫਤਹ ਦੇ ਨਗਾਰੇ ਵਜ ਗਏ। ਇਹ ਲੜਾਈ ਸਯਦ ਵਜ਼ੀਰਾਂ ਦੇ ਸਮੇਂ ਲੜੀ ਗਈ ਸੀ ਜਿਨ੍ਹਾਂ ਨੇ ਅਬਦੁਲ ਸਮਦ ਖਾਂ ਨੂੰ ਵਧਾਈ ਦੇ ਖਤ ਲਿਖੇ ਅਤੇ ਉਸ ਨੂੰ ਇਕ ਹੋਰ ਵਧੂ ਖਿਤਾਬ ਸੈਫ-ਉਦ-ਦੌਲਾ ਅਰਥਾਤ ਰਾਜ ਦੀ ਸ਼ਮਸ਼ੀਰ ਵੀ ਦਿਤਾ।

## ਕਸ਼ਮੀਰ ਵਿਚ ਫ਼ਸਾਦ

ਪੰਜਾਬ ਵਿਚ ਅਜੇ ਮੁਸ਼ਕਲ ਨਾਲ ਅਮਨ ਕਾਇਮ ਹੋਇਆ ਸੀ ਕਿ ਕਸ਼ਮੀਰ ਦੇ ਆਸ ਪਾਸ ਦੇ ਇਲਾਕੇ ਵਿਚ ਭਿਆਨਕ ਕਿਸਮ ਦੇ

*ਇਸ ਸਮੇਂ ਹਾਜ਼ਰ ਨੌਕਰਾਂ ਨੇ ਗੁਸੇ ਵਿਚ ਆ ਕੇ ਕਾਤਲ ਨੂੰ ਮੌਕੇ ਉਤੇ ਹੀ ਟੁਕੜੇ ਟੁਕੜੇ ਕਰ ਦਿਤਾ।

Sri Satguru Jagjit Singh Ji eLibrary NamdhariElibrary@gmail.com

ਮਜ਼ਬੀ ਫਸਾਦ ਉਠ ਖੜੇ ਹੋਏ ।

## ਅਬਦੁਲ ਨਬੀ ਕਸ਼ਮੀਰੀ ਉਰਫ ਮੋਹਤਵੀ ਖਾਨ

ਕਸ਼ਮੀਰੀ ਮੁੱਲਾਂ ਅਬਦੁਲ ਨਬੀ, ਉਪ-ਨਾਮ ਮੋਹਤਵੀ ਖਾਨ ਨੇ ਬਹੁਤ ਸਾਰੇ ਫਸਾਦੀ ਮੁਸਲਮਾਨਾਂ ਨੂੰ ਜਮਾਂ ਕਰ ਕੇ ਮੰਗ ਕੀਤੀ ਕਿ ਅਗੋਂ ਤੋਂ ਹਿੰਦੂਆਂ ਨੂੰ ਘੋੜੇ ਦੀ ਸਵਾਰੀ ਤੇ ਚਿਟੀ ਪੁਸ਼ਾਕ ਪਾਉਣੋ (ਜਾਮਾ) ਪਗੜੀ ਬੰਨ੍ਹਣ ਤੇ ਹਥਿਆਰ ਪਹਿਨਣ ਤੋਂ ਨਿਯਤ ਸਮੇਂ ਤੋਂ ਪਿਛੋਂ ਖੇਤਾਂ ਤੇ ਬਾਗਾਂ ਵਿਚ ਸੈਰ ਕਰਨੋਂ ਅਤੇ ਖਾਸ ਖਾਸ ਦਿਨਾਂ ਉਤੇ ਇਸ਼ਨਾਨ ਕਰਨ ਤੋਂ ਹੁਕਮਨ ਰੋਕ ਦਿਤਾ ਜਾਏ ।

## ਕਸ਼ਮੀਰ ਵਿਚ ਹਿੰਦੂਆਂ ਨਾਲ ਭੈੜਾ ਵਰਤਾਓ

ਸ਼ਹਿਰ ਦੇ ਸਾਰੇ ਹਿੰਦੂ ਮਹਲੇ ਲੁਟ ਪੁਟ ਕੇ ਅਗ ਦੀ ਭੇਟਾ ਕਰ ਦਿਤੇ । ਬਹੁਤ ਸਾਰੇ ਹਿੰਦੂਆਂ ਨੂੰ ਨਿਰਦਈ-ਪਣੇ ਨਾਲ ਕਤਲ ਕਰ ਦਿਤਾ । ਕਸ਼ਮੀਰ ਦੇ ਵਾਇਸਰਾਏ ਮੀਰ ਅਹਿਮਦ ਖਾਨ ਉਤੇ ਤਅਸਬੀ ਮੁਲਾਂਵਾਂ ਨੇ ਇਟਾਂ ਵਟੇ ਮਾਰ ਤੇ ਉਹਦੇ ਘਰ ਉਤੇ ਹਮਲਾ ਕਰ ਦਿਤਾ । ਕਾਰਨ ਇਹ ਕਿ ਉਸ ਨੇ ਤਅਸਬੀ ਮੌਲਾਣਿਆਂ ਦੀਆਂ ਤਜਵੀਜ਼ਾਂ ਨੂੰ ਪਰਵਾਨ ਕਰਨ ਤੋਂ ਇਨਕਾਰ ਕਰ ਦਿਤਾ ਸੀ । ਭੜਕੇ ਹੋਏ ਇਕੱਠ ਨੇ ਗਵਰਨਰ ਦੇ ਭਤੀਜੇ ਸਯਦ ਵਲੀ ਅਤੇ ਕੋਤਵਾਲ ਦੇ ਡਿਪਟੀ ਜ਼ੁਲ-ਫਿਕਾਰ ਬੇਗ ਨੂੰ ਕਤਲ ਕਰ ਦਿਤਾ । ਗਵਰਨਰ ਨੇ ਫੌਜ ਮੰਗਾ ਕੇ ਬਾਗੀਆਂ ਦਾ ਟਾਕਰਾ ਕੀਤਾ ਪਰ ਉਹਨੂੰ ਲੜਾਈ ਵਿਚ ਹਾਰ ਖਾਣੀ ਪਈ ।

## ਹਿੰਦੂਆਂ ਉਤੇ ਭਿਆਨਕ ਅਤਿਆਚਾਰ

ਇਸ ਸਫਲਤਾ ਉਤੇ ਫੂਏ ਹੋਏ ਹੋਏ ਮੋਹਤਵੀ ਖਾਨ ਨੇ ਹਿੰਦੂਆਂ ਤੇ ਅਤਿ ਭਿਆਨਕ ਜ਼ੁਲਮ ਤੇ ਅਤਿਆਚਾਰ ਕੀਤੇ । ਬਹੁਤ ਸਾਰੇ ਹਿੰਦੂਆਂ ਦੇ ਨਕ ਤੇ ਕੰਨ ਕਟ ਦਿਤੇ, ਕਈਆਂ ਨੂੰ ਜਬਰਨ ਸੁਨਤੀ ਕਿਤਾ ਦਿਤਾ ਅਤੇ ਕਈ ਹਾਲਤਾਂ ਵਿਚ ਉਹਨਾ ਨੂੰ ਤਸੀਹ ਦੇ ਦੇ ਕੇ ਜਾਨੋਂ ਮਾਰਿਆ ਗਿਆ । ਇਹਨਾ ਵਹਿਸ਼ਿਆਨਾਂ ਅਤਿਆਚਾਰਾਂ ਦੇ ਮਗਰੋਂ ਮੋਹਤਵੀ ਖਾਨ ਇਕੱਠ ਨੂੰ ਲੈ ਕੇ ਜਾਮਾ ਮਸੀਤ ਵਿਚ ਚਲਾ ਗਿਆ । ਸ਼ਾਹੀ ਗਵਰਨਰ ਨੂੰ ਤਖਤੋਂ ਤਲੇ ਲਾਹ ਦਿਤਾ ।

## ਦੀਨਦਾਰ ਕਸ਼ਮੀਰ ਦਾ ਹਾਕਮ ਬਣ ਬੈਠਾ

ਦੀਨਦਾਰ ਖਾਨ ਦੇ ਨਾਮ ਨਾਲ ਆਪਣੇ ਆਪ ਨੂੰ ਕਸ਼ਮੀਰ ਦੇ ਹੁਕਮਰਾਨ (ਬਾਦਸ਼ਾਹ) ਹੋਣ ਦਾ ਐਲਾਨ ਕਰ ਦਿਤਾ । ਕਸ਼ਮੀਰ ਵਿਚ ਫਸਾਦ ਫੁਟ ਪੈਣ ਦੀ ਖਬਰ ਦਿਲੀ ਪੁਜੀ । ਤਦ ਬਾਦਸ਼ਾਹ ਨੇ ਮੋਮਨ ਖਾਨ ਨੂੰ ਫੌਜ ਦੇ ਕੇ ਅਮਨ ਕਾਇਮ ਕਰਨ ਲਈ ਰਵਾਨਾ ਕੀਤਾ । ਮੋਹਤਵੀ ਖਾਨ ਨੇ ਆਪਣੀਆਂ ਕਰਤੂਤਾਂ ਲਈ ਪਛਤਾਵਾ ਕੀਤਾ ਪਰ ਹੁਣ ਵੇਲਾ ਨਿਕਲ ਚੁਕਾ ਸੀ ।

## ਉਸ ਦੀ ਹਾਰ ਤੇ ਉਹਦਾ ਕਤਲ

ਉਸ ਦੀਆਂ ਅੱਖਾਂ ਸਾਹਵੇਂ ਉਸ ਦੇ ਦੋਹਾਂ ਛੋਟੇ ਬਚਿਆਂ ਦੇ ਪੇਟ ਚਾਕ ਕੀਤੇ ਗਏ । ਇਸ ਦੇ ਮਗਰੋਂ ਉਸ ਨੂੰ ਤਸੀਹੇ ਦੇ ਕੇ ਬੁਰੀ ਮੌਤੇ ਮਾਰ ਦਿਤਾ ਗਿਆ ।

## ਉਸ ਦੀ ਮੌਤ ਦਾ ਬਦਲਾ

ਮੋਹਤਵੀ ਖਾਨ ਦੇ ਪਿਛਲਗਾਂ ਨੇ ਆਪਣੇ ਲੀਡਰ ਦੀ ਮੌਤ ਦਾ ਬਦਲਾ ਬਹੁਤ ਬੁਰੀ ਤਰ੍ਹਾਂ ਲਿਆ । ਉਹਨਾਂ ਨੇ ਸ਼ਹਿਰ ਦੇ ਸ਼ਈਆ ਮੁਹੱਲੇ ਵਿਚ ਦਾਖਲ ਹੋ ਕੇ ਓਥੋਂ ਦੇ ਤਿੰਨ ਹਜ਼ਾਰ ਵਸਨੀਕ ਕਤਲ ਕਰ ਦਿਤੇ । ਬਹੁਤ ਸਾਰੇ ਅੰਨ੍ਹੇ ਕੀਤੇ ਗਏ । ਬਹੁਤ ਸਾਰੀਆਂ ਤੀਵੀਆਂ ਤੇ ਬੱਚਿਆਂ ਨੂੰ ਅਤੇ ਲੁਟ ਦਾ ਮਾਲ ਜੋ ਕਈ ਲਖ ਦਾ ਸੀ, ਲੈ ਕੇ ਚਲਦੇ ਬਣੇ । ਇਹਨਾਂ ਫਸਾਦੀਆਂ ਦੇ ਹਥੋਂ ਕਤਲ ਹੋਣ ਵਾਲਿਆਂ ਵਿਚ ਕਈ ਮੁਗਲ ਸੈਲਾਨੀ, ਜੋ ਆਪਣੀਆਂ ਤੀਵੀਆਂ ਤੇ ਬਚਿਆਂ ਸਮੇਤ ਮਾਰੇ ਗਏ । ਇਹ ਕਾਰਾ ਵਰਤਾ ਕੇ ਫਸਾਦੀ ਟੋਲਾ ਕਾਜ਼ੀ, ਸ਼ਾਹ ਨਵਾਜ਼ ਖਾਨ ਤੇ ਮੁਗਲ ਫੌਜ ਦੇ ਬਖਸ਼ੀ ਮਕਾਨ ਵਲ ਅਗੇ ਵਧਿਆ । ਬਖਸ਼ੀ ਆਪਣੇ ਮਕਾਨ ਵਿਚ ਲੁਕਿਆ ਰਿਹਾ, ਪਰ ਕਾਜ਼ੀ ਆਪਣੀ ਪੁਸ਼ਾਕ ਤਬਦੀਲ ਕਰ ਕੇ ਓਥੋਂ ਬਚ ਕੇ ਨਿਕਲ ਗਿਆ । ਜੋਸ਼ ਵਿਚ ਆਏ ਹੋਏ ਇਕੱਠ ਨੇ ਕਾਜ਼ੀ ਦਾ ਮਕਾਨ ਢਾਹ ਕੇ ਪਧਰਾ ਕਰ ਦਿਤਾ । ਇਥੋਂ ਤੀਕ ਕਿ ਉਸ ਦੀ ਇਕ ਇਟ ਵੀ ਬਾਕੀ ਨਾ ਛਡੀ ।

## ਕਸ਼ਮੀਰ ਵਿਚ ਅਮਨ ਦੀ ਬਹਾਲੀ

ਬੜੀ ਮੁਸ਼ਕਲ ਨਾਲ ਕਸ਼ਮੀਰ ਵਿਚ ਅਮਨ ਬਹਾਲ ਕੀਤਾ ਗਿਆ ਪਰ ਸ਼ਾਹੀ ਫੌਜਾਂ ਉਦੋਂ ਅਮਨ ਬਹਾਲ ਕਰਨ ਵਿਚ ਸਫਲ ਹੋਈਆਂ, ਜਦ ਬਹੁਤ ਸਾਰਾ ਖੂਨ ਖਰਾਬਾ ਹੋ ਚੁਕਾ ਸੀ ।

## ਅਬਦੁਲ ਸਮਦ ਖਾਨ ਦੀ ਮੌਤ ੧੭੩੭

ਅਬਦੁਲ ਸਮਦ ਖਾਨ ਲਾਹੌਰ ਵਿਚ ਜੂਨ ੧੭੩੭ ਨੂੰ ਮਰ ਗਿਆ । ਉਸ ਦੀ ਮੌਤ ਦੀ ਖਬਰ ਸੁਣ ਕੇ ਸ਼ਹਿਨਸ਼ਾਹ ਨੇ ਉਸ ਦੇ ਭਰਾ ਵਜ਼ੀਰ ਕਮਰ-ਉਦ-ਦੀਨ ਖਾਨ ਨੂੰ ਮਾਤਮੀ ਖਿਲਅਤ ਭੇਜਿਆ । ਮਰਨ ਵਾਲੇ ਦੇ ਪਰਿਵਾਰ ਨੂੰ ਲਾਹੌਰ ਵਿਚ ਬਾਦਸ਼ਾਹ ਵਲੋਂ ਹੋਰ ਮਾਤਮੀ ਪੁਸ਼ਾਕਾਂ ਪੁਜੀਆਂ । ਅਬਦੁਲ ਸਮਦ ਖਾਂ ਦਾ ਵਡਾ ਲੜਕਾ ਜ਼ਕਰੀਆ ਖਾਨ ਨੂੰ ਖਾਨ ਬਹਾਦਰ ਦੇ ਖਤਾਬ ਨਾਲ ਲਾਹੌਰ ਅਤੇ ਮੁਲਤਾਨ ਦਾ ਗਵਰਨਰ ਥਾਪਿਆ ।

## ਜ਼ਕਰੀਆ ਖਾਨ, ਖਾਨ ਬਹਾਦਰ ਲਾਹੌਰ ਤੇ ਮੁਲਤਾਨ ਦਾ ਗਵਰਨਰ

ਨਵੇਂ ਗਵਰਨਰ ਨੇ ਪੰਜਾਬ ਉਤੇ ਕਰੜੇ ਹੱਥਾਂ ਨਾਲ ਹਕੂਮਤ ਕੀਤੀ ਅਤੇ ਲਾਹੌਰ ਦੇ ਖਤਰੀ ਲਖਪਤ ਰਾਏ ਨੂੰ ਆਪਣਾ ਮਹਾਂ-ਮੰਤਰੀ (ਵਜ਼ੀਰਿ-ਆਜ਼ਮ) ਥਾਪਿਆ । ਇਹ ਖਤਰੀ ਉਹਦੇ ਬਾਪ ਦਾ ਮੋਹਤਬਿਰ ਦੀਵਾਨ ਸੀ ।

## ਲਖਪਤ ਰਾਏ ਤੇ ਜਸਪਤ ਰਾਏ ਖਤਰੀ ਭਰਾ

ਉਸ ਦਾ ਭਾਈ ਜਸਪਤ ਰਾਏ ਉਹਦਾ ਸੈਕ੍ਰਟਰੀ ਤੇ ਮਸ਼ੀਰ ਬਣਿਆ । ਦੋਹਾਂ ਭਾਈਆਂ ਨੂੰ ਰਾਜੇ ਦੇ ਖਤਾਬ ਨਾਲ ਨਿਵਾਜਿਆ ਗਿਆ । ਪਰ ਉਹਨਾਂ ਨੇ ਆਪਣੀ ਮਰਜ਼ੀ ਨਾਲ ਇਸ ਖਤਾਬ ਦੀ ਕਦੇ ਵਰਤੋਂ ਨਾ ਕੀਤੀ ।

## ਜ਼ਕਰੀਆ ਖਾਨ ਦੀਆਂ ਸਰਗਰਮੀਆਂ

ਸਿਖਾਂ ਦੀਆਂ ਤਬਾਹ ਕਾਰੀਆਂ ਤੇ ਹਮਲਿਆਂ ਨਾਲ ਜਿਹੜੇ ਪਿੰਡ ਤੇ ਨਗਰ ਉਜੜ ਗਏ ਸਨ ਉਹਨਾਂ ਨੂੰ ਮੁੜ ਵਸਾਉਣ ਲਈ ਜ਼ਕਰੀਆ ਖਾਨ ਨੇ ਸਰਗਰਮ ਜਤਨ ਆਰੰਭ ਦਿਤੇ । ਜ਼ਮੀਨਾਂ ਵਿਚ ਨਵੇਂ ਸਿਰੇ ਕਾਸ਼ਤਕਾਰੀ ਆਰੰਭ ਕਰਨ ਲਈ ਉਸ ਨੇ ਕਾਸ਼ਤਕਾਰਾਂ ਨੂੰ ਤਕਾਵੀ ਕਰਜ਼ੇ ਦਿਤੇ । ਉਸ ਨੇ ਸੜਕਾਂ ਉਤੇ ਫੌਜੀ ਪਹਿਰੇ ਲਾ ਦਿਤੇ ਤੇ ਉਹਨਾਂ

Sri Satguru Jagjit Singh Ji eLibrary NamdhariElibrary@gmail.com

ਦੇ ਜ਼ਿੰਮੇ ਇਹ ਕੰਮ ਲਾਇਆ ਕਿ ਉਹ ਸਿਖਾਂ ਦੇ ਹਮਲਿਆਂ ਤੋਂ ਰਾਹੀਆਂ ਤੇ ਮੁਸਾਫਰਾਂ ਦੀ ਰਖਿਆ ਕਰਨ। ਨਾਮੀ ਸਿਖ ਲੁਟੇਰਿਆਂ ਤੇ ਰਾਹਜ਼ਨਾਂ ਦੀ ਗ੍ਰਿਫਤਾਰੀ ਲਈ ਵਡੇ ਵਡੇ ਇਨਾਮ ਰਖੇ ਗਏ। ਸਿਖਾਂ ਨੂੰ ਫੜ ਕੇ ਤੇ ਹਥਕੜੀਆਂ ਵਿਚ ਜਕੜ ਕੇ ਨੌਖ਼ਾਨਾ ਸ਼ਹਿਰ ਲਾਹੌਰ ਵਿਚ ਲਿਆਂਦਾ ਜਾਂਦਾ ਤੇ ਉਹਨਾਂ ਦੀ ਬਾਜ਼ਾਰ ਵਿਚ ਕਤਲਿ-ਆਮ ਕੀਤੀ ਜਾਂਦੀ। ਇਹਨਾਂ ਸਖਤ ਕਾਰਰਵਾਈਆਂ ਦਾ ਮਨ-ਇਛਤ ਫਲ ਹੋਇਆ। ਪੰਜਾਬ ਵਿਚ ਅਮਨ ਤੇ ਸ਼ਾਂਤੀ ਕਾਇਮ ਹੋ ਗਈ, ਸਿਖ ਪੂਰਨ ਤੌਰ ਤੇ ਹਾਰ ਖਾ ਗਏ। ਉਹ ਹੁਣ ਮਾਝੇ ਵਿਚ ਵੀ ਕਿਧਰੇ ਨਜ਼ਰ ਨਹੀਂ ਸਨ ਆਉਂਦੇ, ਜੋ ਕਿ ਉਹਨਾਂ ਦੀ ਜੰਮਣ-ਭੋਂ ਸੀ।

## ਪੰਜਾਬ ਵਿਚ ਅਮਨ

ਹੁਣ ਪੰਜਾਬ ਵਿਚ ੨੧ ਸਾਲ ਤੀਕ ਅਮਨ ਰਿਹਾ। ਇਹ ਹਾਲਤ ਹਿੰਦ ਉਪਰ ਨਾਦਰ ਸ਼ਾਹ ਦੇ ਉਸ ਹਮਲੇ ਤੋਂ ਪਹਿਲੇ ਦੀ ਹੈ ਜੋ ਸੰਨ ੧੭੩੯ ਈ: ਵਿਚ ਹੋਇਆ।

## ਪੰਜਾਬ ਦੇ ਵਾਇਸਰਾਏ ਦੀ ਪੁਜੀਸ਼ਨ ਖੁਦਮੁਖਤਾਰ ਗਵਰਨਰ ਵਰਗੀ

ਖਾਨ ਬਹਾਦਰ ਨੇ ਪੰਜਾਬ ਵਿਚ ਅਧਿਕਾਰਾਂ ਦੀ ਪੂਰਨ ਵਰਤੋਂ ਕੀਤੀ ਅਤੇ ਦਰਬਾਰ ਦਿਲੀ ਦੀ ਕਮਜ਼ੋਰੀ ਨੇ ਉਸ ਨੂੰ ਖੁਦ ਮੁਖਤਾਰ ਗਵਰਨਰ ਦੀ ਪੁਜੀਸ਼ਨ ਦੇ ਰਖੀ ਸੀ। ਉਸ ਨੇ ਆਪਣੀ ਰਿਹਾਇਸ਼ ਲਈ ਵਡੇ ਵਡੇ ਮਹਲ ਉਸਾਰੇ ਅਤੇ ਬੇਗਮਪੁਰ ਵਿਚ ਇਕ ਵਧੀਆ ਤੇ ਸੁੰਦਰ ਮਸੀਤ ਬਣਾਈ। ਇਹ ਨਗਰ ਅਜ ਕਲ ਦੇ ਲਾਹੌਰ ਤੋਂ ਤਿੰਨ ਮੀਲ ਦੂਰ ਹੈ। ਏਥੇ ਉਹ ਆਪਣੇ ਦਿਨ ਬੜੇ ਸੁਖ ਚੈਨ ਨਾਲ ਗੁਜ਼ਾਰਦਾ ਅਤੇ ਦਿਲੀ ਦਰਬਾਰ ਦੀਆਂ ਕਾਰਰਵਾਈਆਂ ਅਤੇ ਮਰਹਟਿਆਂ ਦੀ ਉਨਤੀ ਤੇ ਉਥਾਨ ਨੂੰ ਬੜੇ ਗਹੁ ਨਾਲ ਵੇਖਦਾ ਸੀ।

## ਦਿਲੀ ਦਰਬਾਰ ਵਿਚ ਧੜੇ ਬਾਜ਼ੀ

ਦਰਬਾਰ ਵਿਚ ਇਸ ਸਮੇਂ ਸਭ ਤੋਂ ਵਡੇਰੇ ਦਰਬਾਰੀ ਸਨ ਈਰਾਨੀ ਵਰਿਆਮ ਸਾਅਦਤ ਖਾਨ ਵਾਇਸਰਾਇ ਅਵਧ ਅਤੇ ਚਿਨ ਕਲਿਚ ਖਾਨ ਤੁਰਕੀ ਸਰਦਾਰ ਵਾਇਸਰਾਏ ਦਖਣ ਜਿਨ੍ਹਾਂ ਨੇ ਪਿਛੋਂ ਆਪੋ ਆਪਣੇ ਇਲਾਕਿਆਂ ਵਿਚ ਖੁਦ ਮੁਖਤਿਆਰ ਬਾਦਸ਼ਾਹਤਾਂ ਦੀ ਨੀਂਹ ਰਖੀ। ਇਹ ਇਸ ਸਮੇਂ ਦਰਬਾਰ ਵਿਚ ਰਹਿੰਦੇ ਸਨ। ਸਾਅਦਤ ਖਾਂ ਸ਼ੀਆ ਸੀ ਅਤੇ ਚਿਨ ਕਲਿਚ ਖਾਨ ਸੁੰਨੀ। ਇਹਨਾਂ ਦੋਵਾਂ ਦੀ ਆਪੋ ਵਿਚਲੇ ਵੈਰ ਨੇ ਦਰਬਾਰ ਦੇ ਉਮਰਾ ਵਿਚ ਧੜ ਬਾਜ਼ੀ ਦੀ ਸਪਿਰਟ ਨੂੰ ਜਨਮ ਦਿਤਾ ਅਤੇ ਇਸ ਧੜੇ ਬੰਦੀ ਦਾ ਅਸਰ ਮਮੂਲ ਤੌਰ ਉਤੇ ਦੇਸ ਦੀ ਸਰਕਾਰ ਉਤੇ ਵੀ ਪਿਆ, ਜਿਸ ਵਿਚ ਪਹਿਲ ਹੀ ਪਤਨ ਦੇ ਚਿੰਨ੍ਹ ਪਰਗਟ ਹੋਣੇ ਸ਼ੁਰੂ ਹੋ ਗਏ ਸਨ।

## ਰਾਜ ਦੇ ਦਰਬਾਰੀ

ਅਮੀਰ ਖਾਨ ਤੁਰਾਨੀ ਸਰਦਾਰ ਨੂੰ ਵਜ਼ੀਰ ਥਾਪਿਆ ਗਿਆ; ਕਮਰ ਉਦ ਦੀਨ ਨੂੰ ਸ਼ਾਹੀ ਮਹਲਾਂ ਦਾ ਪਰਬੰਧ ਮਿਲਿਆ ਅਤੇ ਮੀਰ ਹੈਦਰਖਾਨ, ਜੋ ਚੁਗ਼ਤਾਈ ਨਸਲ ਦਾ ਫੌਜੀ ਸੂਰਬੀਰ ਸੀ ਅਤੇ ਹੈਦਰ ਕੁਲੀ ਖਾਨ ਨੂੰ ਫੌਜੀ ਕਮਾਂਡਰਾਂ ਦੇ ਜ਼ਿੰਮੇਵਾਰ ਔਹਦੇ ਦਿਤੇ ਗਏ।

## ਸ਼ਹਿਨਸ਼ਾਹ ਦੀ ਐਸ਼ ਪ੍ਰਸਤੀ

ਸਯਦ ਭਾਈਆਂ ਦੀ ਗੁਲਾਮੀ ਤੋਂ ਆਜ਼ਾਦ ਹੋ ਕੇ ਸ਼ਹਿਨਸ਼ਾਹ ਸੁਖ ਅਤੇ ਐਸ਼ ਇਸ਼ਰਤ ਵਿਚ ਪੈ ਗਿਆ। ਉਸ ਦੇ ਹਥ ਮੂੰਹ ਲਗਣ ਵਾਲੇ ਸਲਾਹਕਾਰ ਵੀ ਅਮੀਰ ਖਾਨ ਵਰਗੇ ਬਦਕਾਰ ਨੌਜਵਾਨ ਹੀ ਸਨ। ਉਸ ਨੇ ਅਮੀਰ ਖਾਨ ਨੂੰ ਉਮਦ ਤੁਲ ਮਲਕ ਅਤੇ ਦੂਜੇ ਸਲਾਹਕਾਰਾਂ ਨੂੰ ਜੋ ਬੇਫਿਕਰੇ ਤੇ ਚਾਪਲੂਸ ਸਨ ਆਪਣਾ ਸਾਥੀ ਬਣਾ ਲਿਆ। ਉਸ ਦੀ ਪਿਆਰੀ ਕਾਊਕੀ ਨਾਮੀ ਦਰਵੇਸ਼ ਸ਼ਾਹਜਹਾਨ ਮੁਹੰਮਦ ਦੀ ਲੜਕੀ ਸੀ। ਉਸ ਤੀਵੀਂ ਨੇ ਉਸ ਦੀ ਜ਼ਾਤ ਉਤੇ ਐਥੋਂ ਤੀਕ ਕਾਬੂ ਪਾ ਲਿਆ ਸੀ ਕਿ ਉਸ ਦੇ ਸਪੁਰਦ ਉਸ ਨੇ ਆਪਣੀ ਛਾਪ (ਮੁਹਰ) ਕਰ ਰਖੀ ਸੀ ਤੇ ਉਹ ਆਪਣੀ ਮਰਜ਼ੀ ਨਾਲ ਉਸ ਸ਼ਾਹੀ ਮੁਹਰ ਦੀ ਵਰਤੋਂ ਕਰਦੀ ਸੀ। ਉਹ ਆਪਣੇ ਮਹਲ ਵਿਚ ਹੀ ਰਾਜ ਕਾਜ ਦਾ ਕੰਮ ਚਲਾਉਂਦਾ ਅਤੇ ਦਰਖਾਸਤਾਂ ਤੇ ਸਰਕਾਰੀ ਕਾਗਜ਼ਾਂ ਉਤੇ ਆਪਣੇ ਨਾਮ ਨਾਲ ਹੁਕਮ ਲਿਖਦੀ ਤੇ ਜਾਰੀ ਕਰਦੀ ਸੀ।

## ਰਾਜ ਵਿਚ ਬੇਚੈਨੀ

ਇਹਨਾਂ ਕਾਰਰਵਾਈਆਂ ਤੋਂ ਤੰਗ ਪੈ ਕੇ ਅਤੇ ਆਪਣੀ ਕੋਈ ਪੁਛ ਪਰਤੀਤ ਨ ਹੁੰਦੀ ਵਖ ਕੇ ਆਸਫ ਜਾਹ (ਨਜ਼ਾਮ) ਨੇ, ਜੋ ਅਮੀਰ ਖਾਨ ਦੇ ਮਰਨ ਪਿਛੋਂ ਵਜ਼ੀਰ ਨਿਯਤ ਹੋਇਆ ਸੀ ਦਰਬਾਰ ਵਿਚ ਆਉਣਾ ਛਡ ਦਿਤਾ। ਈਰਾਨੀ ਜਲਾਵਤਨ ਸਾਅਦਤ ਖਾਂ ਨੇ ਦਰਬਾਰ ਦੀ ਹਾਜ਼ਰੀ ਬੰਦ ਕਰ ਦਿਤੀ। ਸਰਕਾਰੀ ਕੰਮ ਵਲੋਂ ਅਣਗਹਿਲੀ ਤੇ ਲੋਕਾਂ ਵਿਚ ਬੇਚੈਨੀ ਫੈਲਣੀ ਸ਼ੁਰੂ ਹੋ ਗਈ। ਅਜਮੇਰ ਅਤੇ ਗਵਾਲੀਅਰ ਦੇ ਦਰਮਿਆਨੀ ਦੇਸ਼ ਉਤੇ ਮਰਹਟੇ ਕਾਬਜ਼ ਹੋ ਗਏ ਅਤੇ ਉਹਨਾ ਦੇ ਹੌਸਲੇ ਐਨੇ ਵਧ ਗਏ ਕਿ ਉਹ ਆਗਰੇ ਦੇ ਦਰਵਾਜ਼ਿਆਂ ਤੀਕ ਲੁਟ ਮਾਰ ਕਰਨ ਲਗ ਪਏ ਜਿਸ ਕਰਕੇ ਲੋਕਾਂ ਦੇ ਦਿਲਾਂ ਵਿਚ ਉਹਨਾਂ ਦੀ ਦਹਿਸ਼ਤ (ਡਰ) ਪੈਦਾ ਹੋ ਗਈ। ਇਹਨਾਂ ਹੀ ਦਿਨਾਂ ਅੰਦਰ ਸ਼ਾਹੀ ਰਾਜਧਾਨੀ ਵਿਚ ਇਕ ਕਰੜਾ ਫਸਾਦ ਉਠ ਖੜਾ ਹੋਇਆ। ਇਹ ਫਸਾਦ ਉਦੋਂ ਤੀਕ ਮਠਾ ਨ ਹੋਇਆ ਜਦ ਤੀਕ ਵਜ਼ੀਰ ਕਮਰ ਉਦ ਦੀਨ ਖਾਨ ਨੇ ਫਸਾਦੀ ਹਿੰਦੂਆਂ ਵਿਰੁਧ ਹਵਾਈ ਗੋਲੇ ਵਰਤ ਕੇ ਉਹਨਾਂ ਨੂੰ ਉਸ ਗਿਰਜੇ ਦੀ ਮਸੀਤ ਵਿਚੋਂ ਬਾਹਰ ਨ ਕਢ ਦਿਤਾ ਜਿਸ ਉਤੇ ਉਹਨਾਂ ਨੇ ਕਬਜ਼ਾ ਕਰ ਲਿਆ ਸੀ। ਇਸ ਦੇ ਮਗਰੋਂ ਇਕ ਸਖਤ ਵਬਾ ਫੈਲ ਗਈ ਇਸ ਵਬਾ ਨੇ ਪਟਨੇ ਤੋਂ ਲਾਹੌਰ ਤੀਕ ਦਾ ਦੇਸ਼ ਵਿਰਾਨ ਕਰ ਦਿਤਾ। ਇਹੋ ਜਿਹੀ ਬੇਚੈਨੀ ਦੇ ਸਮੇਂ ਵਿਚ ਇਕ ਹੋਰ ਐਸੀ ਹਨੇਰੀ ਝੁਲ ਪਈ ਜੋ ਤਿਮਰਲਿੰਗ ਤੇ ਬਾਬਰ ਦੇ ਸਮੇਂ ਤੋਂ ਮਗਰੋਂ ਭਾਰਤ ਵਿਚ ਕਦੀ ਨਹੀਂ ਸੀ ਝੁਲੀ।

## ਨਾਦਰ ਸ਼ਾਹ ਦਾ ਉਥਾਨ

ਇਸ ਹਨੇਰੀ ਨੇ ਝੁਲ ਕੇ ਦੇਸ਼ ਨੂੰ ਤਬਾਹ ਤੇ ਬਰਬਾਦ ਕਰ ਦਿਤਾ। ਈਰਾਨੀ ਵਿਜਈ ਨਾਦਰ ਸ਼ਾਹ, ਜੋ ਤਾਤਾਰੀ ਚੰਗੇਜ਼ ਖਾਂ ਅਥਵਾ ਚੁਗਤੇ ਤੈਮੂਰ ਵਰਗਾ ਹੀ ਬਲੀ ਸੀ, ਦਜਲੇ ਤੋਂ ਲੈ ਕੇ ਸਿੰਧ ਤੀਕ ਦੇ ਮੁਲਕ ਦਾ ਮਾਲਕ ਬਣ ਗਿਆ। ਇਸ ਇਲਾਕੇ ਨੂੰ ਆਪਣੇ ਕਾਬੂ ਕਰਨ ਮਗਰੋਂ ਉਸਨੇ ਹਿੰਦੁਸਤਾਨ ਉਤੇ ਚੜ੍ਹਾਈ ਕਰ ਦਿਤੀ। ਇਹ ਚੜ੍ਹਾਈ ਇਸ ਕਿਸਮ ਦੇ ਹਾਲਾਤ ਵਿਚਾਲੇ ਸ਼ੁਰੂ ਹੋਈ ਜਿਸ ਦਾ ਵਰਨਣ ਇਕ ਅਡਰੇ ਪਰਕਰਨ ਵਿਚ ਕੀਤਾ ਜਾਇਗਾ।

Sri Satguru Jagjit Singh Ji eLibrary NamdhariElibrary@gmail.com

# ਪਰਕਰਨ ੨੨

## ਨਾਦਰ ਸ਼ਾਹ ਦਾ ਹਮਲਾ

ਇਸ ਮਹਾਨ ਵਡੇ ਏਸ਼ਆਈ ਵਿਜਈ ਦੇ ਹਿੰਦੁਸਤਾਨ ਉਤੇ ਹਮਲੇ ਸੰਬੰਧੀ ਵਾਰਤਾ ਨੂੰ ਲਿਖਤ ਵਿਚ ਲਿਆਉਣ ਤੋਂ ਪਹਿਲਾਂ ਉਸ ਦੇ ਸੰਖੇਪ ਜਿਹੇ ਜੀਵਨ ਸਮਾਚਾਰ ਦਰਜ ਕਰਨ ਜ਼ਰੂਰੀ ਹਨ।

### ਨਾਦਰ ਕੁਲੀ ਜੋ ਪਿਛੋਂ ਨਾਦਰ ਸ਼ਾਹ ਅਖਵਾਇਆ, ਦਾ ਜਨਮ ਤੇ ਪਰਵਾਰ

ਨਾਦਰ ਕੁਲੀ ਦਾ ਸੰਬੰਧ ਇਕ ਤੁਰਕਮਾਨੀ ਕੌਮ ਅਫਸ਼ਰ* ਸੀ। ਉਹ ਦਸੰਬਰ ੧੬੮੮ ਵਿਚ ਦਸਤ ਗੜ੍ਹ ਦੇ ਕਿਲ੍ਹੇ ਵਿਚ ਪੈਦਾ ਹੋਇਆ, ਜੋ ਖੁਰਾਸਾਨ ਦੀ ਰਾਜਧਾਨੀ ਮਸ਼ਹਦ ਤੋਂ ੫੦ ਮੀਲ ਦੀ ਵਿਥ ਉਤੇ ਹੈ। ਇਕ ਸਾਧਾਰਨ ਚੋਰ ਤੇ ਮਾਮੂਲੀ ਲੁਟੇਰੇ ਤੋਂ ਤਰੱਕੀ ਕਰਕੇ ਉਹ ਇਕ ਸਭ ਤੋਂ ਵੱਡਾ ਜੋਧਾ ਬਣ ਗਿਆ ਜਿਹੋ ਜਿਹਾ ਈਰਾਨ ਨੇ ਅਜ ਤਾਈਂ ਪੈਦਾ ਨਹੀਂ ਕੀਤਾ। ਇਹ ਜੋਧਾ ਆਪਣੇ ਦੇਸ਼ ਦਾ ਮੁਕਤੀ ਦਾਤਾ ਅਤੇ ਸੰਪੂਰਨ ਏਸ਼ੀਆ ਦਾ ਹਊਆ ਸੀ। ਉਸ ਦਾ ਪਿਤਾ ਇਮਾਮ ਕੁਲੀ ਅਫਸ਼ਰ ਕਬੀਲੇ ਦਾ ਸਰਦਾਰ ਅਤੇ ਦਸਤ ਗੜ੍ਹ ਕਿਲ੍ਹੇ ਦਾ ਗਵਰਨਰ ਸੀ। ਇਸ ਕਿਲ੍ਹੇ ਵਿਚ ਸਦਾ ਇਕ ਗਾਰਦ ਰਖੀ ਜਾਂਦੀ ਸੀ ਜਿਸਦੇ ਜ਼ਿੰਮੇ ਇਹ ਫਰਜ਼ ਸੀ ਕਿ ਉਹ ਉਜ਼ਬਕ ਤਾਤਾਰੀਆਂ ਨੂੰ ਖੁਰਾਸਾਨ ਵਿਚ ਹਮਲੇ ਕਰਨ ਤੋਂ ਰੋਕੀ ਰਖੇ। ਨਾਦਰ ਕੁਲੀ ਅਜੇ ਨਾਬਾਲਗ (ਛੋਟੀ ਉਮਰ ਦਾ) ਹੀ ਸੀ ਕਿ ਉਸ ਦੇ ਪਿਤਾ ਦਾ ਚਲਾਣਾ ਹੋ ਗਿਆ। ਇਸ ਲਈ ਕਿਲ੍ਹੇ ਦੀ ਕਮਾਨ ਉਸਦੇ ਚਾਚੇ ਨੇ ਸੰਭਾਲ ਲਈ। ਐਉਂ ਸਮਝ ਲਉ ਕਿ ਇਹ ਪਦਵੀ ਉਹਨਾਂ ਦੇ ਪਰਵਾਰ ਵਿਚ ਜੱਦੀ ਸੀ। ਇਸ ਲਈ ਨਾਦਰ ਕੁਲੀ ਵਲੋਂ ਉਹਦੇ ਚਾਚੇ ਨੂੰ ਕਮਾਨ ਪਰਾਪਤ ਹੋਈ। ਜਦ ਨਾਦਰ ਕੁਲੀ ਜਵਾਨ (ਬਾਲਗ) ਹੋ ਗਿਆ ਤਦ ਉਸਦੇ ਚਾਚੇ ਨੇ ਇਹ ਪਦਵੀ ਉਸ ਨੂੰ ਸੌਂਪ ਲਣ ਤੋਂ ਨਾਂਹ ਕਰ ਦਿਤੀ। ਨੌਜਵਾਨ ਨਾਦਰ ਆਪਣੇ ਜਮਾਂਦਰੂ ਹਕ ਤੋਂ ਐਉਂ ਵਿਰਵਾ ਹੋ ਕੇ ਮਸ਼ਹਦ ਚਲਾ ਗਿਆ। ਇਹ ਸ਼ਹਿਰ ਅਮਾਮ ਅਲੀ ਰਜ਼ਾ ਦੇ ਰੌਜ਼ੇ (ਸਮਾਧ) ਲਈ ਪਰਸਿਧ ਹੈ।

### ਮਸ਼ਹਦ ਦੇ ਹਾਕਮ ਪਾਸ ਨੌਕਰੀ

ਏਥੇ ਨਾਦਰ ਬੇਗਲਰ ਬੇਗ‡ ਪਾਸ ਬਤੌਰ ਨਾਇਬ ਦੇ ਨੌਕਰ ਹੋ ਗਿਆ। ਏਥੇ ਉਸ ਨੇ ਆਪਣਾ ਕੰਮ ਬੜੀ ਯੋਗਤਾ ਨਾਲ ਕੀਤਾ ਅਤੇ ਮਸ਼ਹਦ ਦੇ ਬਗਲਰ ਬੇਗ (ਹਾਕਮ) ਨੇ ਉਸ ਦੀ ਯੋਗਤਾ ਨੂੰ ਮੁਖ ਰਖਕੇ ਉਹਦੇ ਸਪੁਰਦ ਘੁੜ ਸਵਾਰ ਦਸਤੇ ਦੀ ਕਮਾਨ ਕਰ ਦਿਤੀ।

### ਉਜ਼ਬਕ ਤਾਤਾਰੀਆਂ ਦੀ ਕੈਦ ਵਿਚ

ਅਜੇ ਉਹਦੀ ਉਮਰ ਕੇਵਲ ੧੭ ਸਾਲ ਦੀ ਸੀ ਕਿ ਉਜ਼ਬਕ ਤਾਤਾਰੀ ਉਸ ਨੂੰ ਕੈਦ ਕਰਕੇ ਲੈ ਗਏ ਜਿਨ੍ਹਾਂ ਨਾਲ ਕਿ ਉਸ ਦੀਆਂ ਝੜਪਾਂ ਹੁੰਦੀਆਂ ਰਹਿੰਦੀਆਂ ਸਨ। ਚਾਰ ਸਾਲ ਤੀਕ ਤਾਤਾਰੀਆਂ ਦੀ ਗੁਲਾਮੀ ਵਿਚ ਰਹਿਣ ਮਗਰੋਂ ਉਹ ਕਿਸੇ ਨ ਕਿਸੇ ਤਰ੍ਹਾਂ ਉਹਨਾਂ ਦੀ ਕੈਦ ਵਿਚੋਂ ਨਿਕਲ ਕੇ ਨਸ ਆਇਆ। ਹੁਣ ਉਹ ਬਹੁਤ ਹੀ ਗਰੀਬ ਹੋ ਚੁਕਾ ਸੀ ਇਸ ਲਈ ਉਹ ਹਰ ਉਸ ਮਨੁਖ ਪਾਸੋਂ ਕੁਛ ਰੁਪਇਆ ਕਰਜ਼ ਲੈਣ ਲਈ ਤਿਆਰ ਸੀ ਜੋ ਉਸ ਨੂੰ ਕਰਜ਼ਾ ਦੇਣਾ ਚਾਹੇ। ਤੰਗ ਦਸਤੀ ਐਨੀ ਸੀ ਕਿ ਉਹਦੇ ਪਾਸ ਤੀਵੀਂ ਦੀਆਂ ਲੋੜਾਂ ਖਰੀਦਨ ਲਈ ਵੀ ਪੈਸਾ ਨਹੀਂ ਸੀ ਤੇ ਉਹ ਪੈਸੇ ਪੈਸੇ ਦਾ ਮੁਤਾਜ ਸੀ। ਕੁਛ ਸਾਲ ਤੀਕ ਉਹ ਮਾਰ ਧਾੜ ਕਰਦਾ ਰਿਹਾ। ਇਸ ਦੌਰਾਨ ਵਿਚ ਉਸ ਨੇ ਆਪਣੇ ਗਿਰਦ ਕੁਛ ਲੁਟੇਰਿਆਂ ਦਾ ਟੋਲਾ ਇਕੱਠਾ ਕਰ ਲਿਆ। ਹੁੰਦੇ ਹੁੰਦੇ ਉਸ ਨੇ ਆਪਣੇ ਸੂਬੇ ਵਿਚ ਆਪਣੇ ਪਿਛਲਗਾਂ ਦਾ ਇਕ ਤਕੜਾ ਜਥਾ ਕਾਇਮ ਕਰ ਲਿਆ।

ਕੰਧਾਰ ਦੇ ਇਰਦ ਗਿਰਦ ਵਸਣ ਵਾਲੇ ਸ਼ਕਤੀ ਸ਼ਾਲੀ ਅਫਗਾਨ ਖਿਲਜੀਆਂ ਨੇ ਸ਼ਾਹ ਹੁਸੈਨ ਨੂੰ ਕਢ ਕੇ ਬਾਹਰ ਮਾਰਿਆ। ਇਹ ਉਹਨਾਂ ਸ਼ਕਤੀ ਸ਼ਾਲੀ ਸਫਵੀ ਬਾਦਸ਼ਾਹਾਂ ਦੇ ਖਾਨਦਾਨ ਦਾ ਅੰਤਮ ਬਾਦਸ਼ਾਹ ਸੀ ਜੋ ਦੋ ਸੌ ਸਾਲ ਤੀਕ ਈਰਾਨ ਦੀ ਕਿਸਮਤ ਦੇ ਮਾਲਕ ਬਣੇ ਰਹੇ। ਮੀਰ ਵਾਇਜ਼ ਖਿਲਜੀ ਦੇ ਪੁਤਰ ਮਹਿਮੂਦ ਨੇ ਹੁਸੈਨ ਨੂੰ ਉਸ ਦੇ ਪਰਿਵਾਰ ਸਮੇਤ ਸਵਾਏ ਇਕ ਬੇਟੇ ਤਹਿਮਾਸਪ ਦੇ ਕਤਲ ਕਰ ਦਿਤਾ ਅਤੇ ਅਕਤੂਬਰ ੧੭੨੨ ਈਸਵੀ ਵਿਚ ਈਰਾਨ ਦਾ ਹਾਕਮ ਬਣ ਬੈਠਾ। ਇਸ ਦੇ ਰਾਜ ਸਮੇਂ ਤੁਰਕਾਂ ਅਤੇ ਰੂਸੀਆਂ ਨੇ ਮਿਲਕੇ ਈਰਾਨ ਉਤੇ ਹਲਾ ਬੋਲਿਆ। ਇਹਨਾਂ ਦੋਵਾਂ ਨੇ ਆਪੋ ਵਿਚ ਇਹ ਫੈਸਲਾ ਕੀਤਾ ਸੀ ਕਿ ਦੋਵੇਂ ਈਰਾਨ ਨੂੰ ਆਪੋ ਵਿਚ ਵੰਡ ਲਵਾਂਗੇ। ਈਰਾਨ ਦੇ ਪਛਮੀ ਸੂਬਿਆਂ ਨੂੰ ਉਸਮਾਨੀਆਂ ਨੇ ਅਤੇ ਉਤਰੀ ਈਰਾਨ ਨੂੰ, ਜਿਸ ਵਿਚ ਗਿਲਾਨ (ਪੁਰਾਤਨ ਹਿਰਕਾਨੀਆ) ਅਤੇ ਕੈਸਪੀਅਨ ਸਾਗਰ ਦੀ ਸਰਹਦ ਦੇ ਦੂਜੇ ਅਸਥਾਨ ਸ਼ਾਮਲ ਸਨ। ਜ਼ਾਰ ਪੀਟਰ ਦੇ ਜਰਨੈਲ ਮੁਸਕੋਵਾਈਟ (Muscovites) ਨੇ ਫਤਹ ਕਰ ਲਿਆ। ਹਾਰ ਹੋਏ ਈਰਾਨ ਦੇ ਬਾਦਸ਼ਾਹ ਦਾ ਬੇਟਾ ਤਹਿਮਾਸਪ ਕੈਸਪੀਅਨ ਵਲ ਨਸ ਗਿਆ ਅਤੇ ਉਥੇ ਚਰਵਾਹਿਆਂ ਦੇ ਕਬੀਲੇ ਕਾਜ਼ਾਰ ਪਾਸ ਜਾ ਸ਼ਰਨ ਲਈ। ਇਹ ਕਬੀਲਾ ਉਹਨਾਂ ਉਚੇ ਮੈਦਾਨਾਂ ਦਾ ਮਾਲਕ ਸੀ ਜੋ ਇਰਾਨ ਦੇ ਵਿਸ਼ਾਲ ਇਲਾਕੇ ਵਿਚ ਫੈਲ ਹੋਏ ਹਨ।

### ਨਾਦਰ ਕੁਲੀ ਦਾ ਈਰਾਨੀ ਸ਼ਾਹਜ਼ਾਦੇ ਤਹਿਮਾਸਪ ਨਾਲ ਗਠ ਜੋੜ

ਉਥੇ ਉਹਦਾ ਮੇਲ ਨਾਦਰ ਕੁਲੀ ਨਾਲ ਹੋ ਗਿਆ ਜੋ ਉਸ ਸਮੇਂ

---

* ਅਫਸ਼ਰ, ਤਾਤਾਰੀ ਕੌਮ ਦਾ ਹੀ ਇਕ ਕਬੀਲਾ ਹੈ ਜੋ ਪਹਿਲੇ ਸਮਿਆਂ ਵਿਚ ਫਰਾਂਸ ਔਕਸਸ ਸੂਬਿਆਂ ਵਿਚੋਂ ਇਸ ਲਈ ਕਢੇ ਗਏ ਸਨ ਤਾਂ ਜੁ ਮੁਗਲਾਂ ਦੇ ਅਤਿਆਚਾਰਾਂ ਤੋਂ ਬਚੇ ਰਹਿਣ। ਇਹਨਾਂ ਦੇ ਕਰਨ ਲਈ ਦੋ ਹੀ ਕੰਮ ਸਨ ਜੰਗ ਜਾਂ ਡੰਗਰ ਚਾਰਨਾ। ਖਾਨਾ ਬਦੋਸ਼ ਅਰਬਾਂ ਵਾਂਗ ਉਹ ਆਪਣੇ ਟਿਕਾਣੇ ਲੋੜ ਨੂੰ ਮੁਖ ਰਖ ਕੇ ਸਦਾ ਬਦਲਦੇ ਰਹਿੰਦੇ ਸਨ। ਨਾਦਰ ਦਾ ਜਨਮ ਇਕ ਗਰੀਬ ਵਿਅਕਤੀ ਦੇ ਘਰ ਹੋਇਆ ਸੀ। ਉਸ ਦਾ ਪਰਾਈਵੇਟ ਸੈਕ੍ਰੇਟਰੀ ਤੇ ਇਤਿਹਾਸਕਾਰ ਉਸ ਦੀ ਗੁੰਮਨਾਮੀ ਨੂੰ ਇਹ ਆਖ ਕੇ ਲੁਕਾਉਂਦਾ ਹੈ ਕਿ—"ਉਹ ਵਡਮੁਲਾ ਹੀਰਾ ਸੀ ਜੋ ਆਪਣੀ ਹੀ ਚਮਕ ਦਮਕ ਨਾਲ ਹਰ ਥਾਂ ਕਦਰ ਤੇ ਮੁਲ ਪਾਉਂਦਾ ਹੈ ਤੇ ਇਸ ਮੋਤੀ ਦੀ ਕਦਰ ਉਸ ਦਰਿਆ ਕਰਕੇ ਨਹੀਂ ਹੁੰਦੀ ਜਿਥੋਂ ਕਿ ਉਹ ਪਰਾਪਤ ਹੁੰਦਾ ਹੈ।"

‡ਉਹ ਇਕ ਪਦਵੀ ਹੈ ਜਿਸ ਦਾ ਭਾਵ ਤੁਰਕੀ ਬੋਲੀ ਵਿਚ "ਸ਼ਾਹਾਂ ਦਾ ਸ਼ਾਹ" ਹੈ।

Sri Satguru Jagjit Singh Ji eLibrary NamdhariElibrary@gmail.com

ਭਰ ਜਵਾਨੀ ਵਿਚ ਸੀ ਅਤੇ ਜਿਸ ਦੇ ਪਾਸ ਜੰਗ ਜੂ ਚਰਵਾਹਿਆਂ ਦਾ ਜ਼ਬਰਦਸਤ ਟੋਲਾ ਸੀ ਜਿਨ੍ਹਾਂ ਅੰਦਰ ਦੇਸ਼ ਭਗਤੀ ਦਾ ਜਜ਼ਬਾ ਠਾਠਾਂ ਮਾਰ ਰਿਹਾ ਸੀ। ਨਾਦਰ ਨੇ ਆਪਣੀ ਪਹਿਲੀ ਇਕ ਮੁਹਿੰਮ ਵਿਚ ਮਸ਼ਹਦ ਉਤੇ ਕਬਜ਼ਾ ਕਰਨ ਉਪਰੰਤ ਅਬਦਾਲੀਆਂ ਪਾਸੋਂ ਖੁਰਾਸਾਨ ਹਥਿਆ ਲਿਆ। ਮਹਿਮੂਦ ਖਿਲਜੀ ਦੇ ਬੇਟੇ ਅਸ਼ਰਫ ਦੇ ਮਾਤਹਿਤ ਅਫਗਾਨਾਂ ਦੀ ਹਕੂਮਤ ਨਵੇਂ ਬਾਦਸ਼ਾਹ ਦੇ ਜ਼ੁਲਮ ਤੇ ਅਤਿਆਚਾਰ ਦੇ ਕਾਰਨ ਅਸਹਿ ਬਣ ਗਈ। ਹਰ ਇਕ ਈਰਾਨੀ ਦੇ ਦਿਲ ਅੰਦਰ ਅਫਗਾਨ ਨਾਮ ਨਾਲ ਹੀ ਘ੍ਰਿਣਾ ਦਾ ਜਜ਼ਬਾ ਪੈਦਾ ਹੋ ਜਾਂਦਾ ਸੀ ਤੇ ਅਫਗਾਨਾਂ ਵਿਰੁਧ ਈਰਾਨੀਆਂ ਦੀ ਘ੍ਰਿਣਾ ਅਜ ਤੱਕ ਕਾਇਮ ਹੈ।

## ਖਿਲਜੀਆਂ ਵਿਰੁਧ ਜਹਾਦ

ਉਸ ਨੇ ਖਿਲਜੀਆਂ ਵਿਰੁਧ ਜੋ ਅਸ਼ਰਫ ਦੀ ਕਮਾਨ ਹੇਠ ਸਨ, ਜਹਾਦ ਖੜਾ ਕਰ ਦਿਤਾ ਅਤੇ ਅਫਗਾਨਾਂ ਨੂੰ ਪੂਰੀ ਤਰ੍ਹਾਂ ਹਾਰ ਦਿਤੀ। ਜੰਗ ਵਿਚ ਬਹੁਤ ਸਾਰੇ ਅਫਗਾਨ ਮਾਰੇ ਗਏ ਤੇ ਜੋ ਬਾਕੀ ਬਚ ਗਏ ਉਹ ਘਰ ਨੂੰ ਵਾਪਸ ਜਾਂਦੇ ਹੋਏ (੧੮੨੯) ਮਾਰੂ ਥਲ ਵਿਚ ਖਤਮ ਹੋ ਗਏ।

## ਅਸ਼ਰਫ ਦਾ ਕਤਲ

ਕਿਰਮਾਨ ਤੋਂ ਕੰਧਾਰ ਜਾਂਦਾ ਹੋਇਆ ਅਸ਼ਰਫ ਸੰਨ ੧੭੨੯ ਈਸਵੀ ਵਿਚ ਬਲੋਚ ਦੇ ਹਥੋਂ ਕਤਲ ਹੋਇਆ।

ਸ਼ੇਰ ਦਿਲੀ ਨਾਦਰ ਕੁਲੀ ਨੇ ਈਰਾਨ ਦਾ ਤਾਜ ਅਸਲ ਵਾਰਸ਼ ਤਹਿਮਾਸਪ ਦੇ ਸਿਰ ਉਤੇ ਰਖਿਆ ਅਤੇ ਨਵੇਂ ਬਾਦਸ਼ਾਹ ਨੇ ਨਾਦਰ ਦੀ ਸੇਵਾ ਨੂੰ ਮੁਖ ਰਖ ਕੇ ਉਸ ਨੂੰ ਖੁਰਾਸਾਨ, ਮਜ਼ਿੰਦਰਾਨ, ਸੰਸਤਾਨ ਅਤੇ ਕਿਰਮਾਨ ਦੀ ਵਾਇਸਰਾਇਲਟੀ ਬਖਸ਼ ਦਿਤੀ। ਨਾਦਰ ਨੇ ਅਜੇ ਤੀਕ ਹੁਕਮਰਾਨੀ ਦਾ ਕੋਈ ਵਿਖਾਵਾ ਨਹੀਂ ਸੀ ਕੀਤਾ ਪਰ ਹੁਣ ਉਸ ਨੇ ਤਹਿਮਾਸਪ ਕੁਲੀ (ਤਹਿਮਾਸਪ ਦਾ ਗ਼ੁਲਾਮ) ਦਾ ਖਤਾਬ ਧਾਰਨ ਕਰ ਲਿਆ ਤੇ ਨਾਲ ਆਪਣੇ ਆਪ ਨੂੰ ਖਾਨ ਵੀ ਅਖਵਾਉਣਾ ਸ਼ੁਰੂ ਕਰ ਦਿਤਾ।

## ਤੁਰਕਾਂ ਤੇ ਅਬਦਾਲੀਆਂ ਵਿਰੁੱਧ ਜੰਗ

ਇਸਦੇ ਮਗਰੋਂ ਉਸ ਨੇ ਤੁਰਕਾਂ ਵਿਰੁਧ ਕੂਚ ਬੋਲਿਆ ਅਤੇ ਉਹਨਾ ਪਾਸੋਂ ਤਬਰੇਜ਼ ਦਾ ਸੂਬਾ ਹਥਿਆ ਲਿਆ।

ਇਸ ਦੌਰਾਨ ਵਿਚ ਅਬਦਾਲੀਆਂ ਦੀ ਇਕ ਪਾਰਟੀ ਨੇ ਖੁਰਾਸਾਨ ਉਤੇ ਕਬਜ਼ਾ ਕਰ ਲਿਆ ਅਤੇ ਮਸ਼ਹਦ ਦਾ ਘੇਰਾ ਘਤ ਲਿਆ ਜਿਸ ਉਤੇ ਉਦੋਂ ਨਾਦਰ ਦੇ ਭਾਈ ਇਬਰਾਹੀਮ ਦੀ ਹਕੂਮਤ ਸੀ। ਅਬਦਾਲੀਆਂ ਨੇ ਇਬਰਾਹੀਮ ਨੂੰ ਡਟਵੀਂ ਲੜਾਈ ਵਿਚ ਹਾਰ ਦਿਤੀ। ਇਸ ਤੇ ਨਾਦਰ ਨੇ ਅਬਦਾਲੀਆਂ ਵਿਰੁਧ ਜੰਗ ਛੇੜੀ ਅਤੇ ਉਹਨਾਂ ਨੂੰ ਕਮਰਤੋੜ ਹਾਰ ਦੇ ਕੇ ਖੁਸੇ ਹੋਏ ਇਲਾਕੇ ਉਹਨਾਂ ਪਾਸੋਂ ਵਾਪਸ ਲੈ ਲਏ। ਅਬਦਾਲੀ ਨੂੰ, ਜੋ ਅਹਿਮਦ ਸ਼ਾਹ ਦੇ ਭਾਈ ਜ਼ੁਲਫਿਕਾਰ ਖਾਂ ਅਤੇ ਜ਼ੋਨ ਖਾਨ ਦੇ ਪੁਤਰ ਦੇ ਮਾਤਹਿਤ ਸਨ, ਭਾਰੀ ਕਤਲਾਮ ਮਚਾ ਕੇ ਉਹਨਾਂ ਦੇ ਇਲਾਕੇ ਵਿਚ ਧਕੇਲ ਦਿਤਾ।

## ਹਰਾਤ ਦਾ ਘੇਰਾ ੧੭੩੧

ਸੰਨ ੧੭੩੧ ਈਸਵੀ ਦੇ ਆਰੰਭ ਵਿਚ ਨਾਦਰ ਨੇ ਹਰਾਤ ਦਾ ਘੇਰਾ ਘਤ ਲਿਆ। ਇਹ ਕੰਮ ਅਬਦਾਲੀਆਂ ਨੂੰ ਹਾਰ ਦੇਣ ਤੋਂ ਵੀ ਵਧ ਕੇ ਸਖਤ ਤੇ ਜੋਖਮ ਵਾਲਾ ਸੀ। ਦਸ ਮਹੀਨੇ ਦੇ ਅਤਿ ਕਠਿਨ ਟਾਕਰੇ ਮਗਰੋਂ ਨਾਦਰ ਨੇ ਹਰਾਤ ਉਤੇ ਕਬਜ਼ਾ ਕਰ ਲਿਆ। ਇਸ ਮੌਕੇ ਉਤੇ ਅਬਦਾਲੀਆਂ ਅਤੇ ਖਿਲਜੀਆਂ ਨੇ ਹਮਲਾ ਆਵਰ ਵਿਰੁਧ ਗਠ ਜੋੜ ਕਰ ਲਿਆ। ਹਰਾਤ ਦੀ ਫਤਹ ਮਗਰੋਂ ਵਿਜਈ ਨਾਦਰ ਨੇ ਸਿਰਕਢ ਸਦੋਜ਼ਈਆਂ ਨੂੰ ਮੁਲਤਾਨ ਵਿਚ ਜਲਾਵਤਨ ਕਰ ਦਿਤਾ ਅਤੇ ਅਬਦਾਲੀਆਂ ਦੇ ਬਹੁਤ ਸਾਰੇ ਫੌਜੀਆਂ ਨੂੰ ਫੌਜ ਵਿਚ ਭਰਤੀ ਹੋਣ ਤੇ ਮਜਬੂਰ ਕਰ ਦਿਤਾ।

## ਸ਼ਈਏ ਤੋਂ ਸੁੰਨੀ ਬਣ ਗਿਆ

ਲਗ ਪਗ ਇਸੇ ਸਮੇਂ ਨਾਦਰ ਨੇ ਆਪਣੇ ਵਡਿਆਂ ਦੇ ਸ਼ਈਆ ਮਤ ਨੂੰ ਤਿਆਗ ਕੇ ਸੁੰਨੀ ਮਤ ਧਾਰਨ ਕਰ ਲਿਆ ਅਤੇ ਇਉਂ ਕਰਕੇ ਉਸ ਨੇ ਅਬਦਾਲੀਆਂ ਦੀ ਹਮਦਰਦੀ ਪਰਾਪਤ ਕਰ ਲਈ; ਜੋ ਪਿਛੋਂ ਉਸ ਦੇ ਜ਼ਬਰਦਸਤ ਇਤਿਹਾਦੀ ਤੇ ਸ਼ਰਧਾਲੂ ਪਿਛਲਗ ਬਣ ਗਏ।

## ਆਪਣੇ ਹੀ ਬਾਦਸ਼ਾਹ ਨੂੰ ਤਖਤੋਂ ਲਾਹ ਕੇ ਅੰਨ੍ਹਾ ਕਰਨਾ

ਸੰਨ ੧੭੩੧ ਵਿਚ ਨਾਦਰ ਨੇ ਹਮਦਾਨ ਵਿਚਲੇ ਤੁਰਕਾਂ ਨੂੰ ਹਾਰ ਦਿਤੀ ਅਤੇ ਅਰਮਨੀ ਸੂਬੇ ਮੁੜ ਪਰਾਪਤ ਕਰ ਲਏ। ਇਹ ਸੂਬੇ ਤੁਰਕਾਂ ਨੇ ਅਸ਼ਰਫ ਦੇ ਰਾਜ ਸਮੇਂ ਖੋਹ ਲਏ ਸਨ। ਨਾਦਰ ਜਦ ਵਾਪਸ ਆਇਆ ਤਦ ਉਸ ਨੂੰ ਇਹ ਵਖ ਕੇ ਸਖਤ ਦੁੱਖ ਹੋਇਆ ਕਿ ਉਸ ਦੇ ਬਾਦਸ਼ਾਹ ਨੇ ਤੁਰਕਾਂ ਨਾਲ ਇਕ ਹਾਨੀਕਾਰਕ ਸੰਧੀ ਕਰ ਲਈ ਹੈ। ਉਸ ਨੇ ਬਾਦਸ਼ਾਹ ਨੂੰ ਗੱਦੀ ਉਤੋਂ ਲਾਹ ਕੇ ਉਸ ਨੂੰ ਅੰਨ੍ਹਾ ਕਰ ਦਿਤਾ। ਸੂਝੇ ਜਰਨੈਲ ਨੂੰ ਅਜ ਵੀ ਹੌਸਲਾ ਨਹੀਂ ਸੀ ਪੈਂਦਾ ਕਿ ਖਾਲੀ ਤਖਤ ਉਤੇ ਆਪ ਬੈਠ ਜਾਏ। ਉਸ ਨੇ ਹੁਕਮ ਦਿਤਾ ਕਿ ਬਾਦਸ਼ਾਹ ਦਾ ਨਿਕਾ ਜਿਹਾ ਪੁਤਰ, ਜੋ ਅਜੇ ਤੀਕ ਮਹਲਾਂ ਦੇ ਪੰਘੂੜੇ ਵਿਚ ਹੀ ਸੀ, ਮਹਲਾਂ ਤੋਂ ਬਾਹਰ ਲਿਆਂਦਾ ਜਾਏ। ਫੇਰ ਉਸ ਦੇ ਸਿਰ ਉਤੇ ਤਾਜ ਸ਼ਾਹੀ ਰਖਕੇ ਉਸ ਦੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿਤਾ। ਇਹ ਨਾਬਾਲਗ ਬਾਦਸ਼ਾਹ ਅਬਾਸ ਤੀਜ ਦੇ ਨਾਮ ਨਾਲ ੧੭੩੨ ਈਸਵੀ ਵਿਚ ਗਦੀ ਨਸ਼ੀਨ ਹੋਇਆ। ਇਹ ਕਠ ਪੁਤਲੀ ੧੭੩੬ ਈਸਵੀ ਵਿਚ ਮਰ ਗਿਆ। ਹੁਣ ਤਾਜ ਤਖਤ ਪਰਾਪਤ ਕਰਨ ਦਾ ਨਾਦਰ ਲਈ ਰਸਤਾ ਖੁਲ੍ਹ ਗਿਆ। ਹਣ ਤੀਕ ਉਸ ਨੇ ਫੌਜ ਦੇ ਦਿਲਾਂ ਉਤ ਪੂਰਾ ਪੂਰਾ ਅਧਿਕਾਰ ਪਰਾਪਤ ਕਰ ਲਿਆ ਸੀ ਅਤੇ ਕੌਮ ਲਈ ਉਹ ਹਊਆ ਬਣ ਚੁਕਾ ਸੀ। ਇਸ ਵਲੋਂ ਵੀ ਇਹ ਸਿਆਣਾ ਤੇ ਦੂਰਦਰਸ਼ੀ ਨੀਤੀਵੇਤਾ ਵਿਸ਼ੇਸ਼ ਪਰਕਾਰ ਦੀ ਚੌਕਸਤਾਈ ਤੋਂ ਨ ਖੁੰਝਿਆ। ਉਸ ਨੇ ਮੁਰਘਾਬ ਦੇ ਮੁਕਾਮ ਉਤੇ ਸਾਰੇ ਦਰਬਾਰੀਆਂ ਨੂੰ, ਸਿਵਲ ਤੇ ਫੌਜੀ ਕਰਮਚਾਰੀਆਂ ਨੂੰ, ਸੂਬਿਆਂ ਦੇ ਗਵਰਨਰਾਂ ਨੂੰ ਅਤੇ ਮੈਜਿਸਟਰੇਟਾਂ ਨੂੰ ਇਕੱਤਰ ਕੀਤਾ।

## ਨਾਦਰ ਸ਼ਾਹ ਦੇ ਨਾਮ ਨਾਲ ਈਰਾਨ ਦਾ ਬਾਦਸ਼ਾਹ ਥਾਪਿਆ ਗਿਆ ੧੭੩੬

ਇਸ ਤਰ੍ਹਾਂ ਸਾਰੇ ਦੇਸ ਦੇ ੧ ਲਖ ਲੋਕਾਂ ਦੇ ਭਾਰੇ ਇਕਠ ਵਿਚ ਸਭ ਨੇ ਉਸ ਨੂੰ ਈਰਾਨ ਦੇ ਬਾਦਸ਼ਾਹ ਵਜੋਂ ਸਲਾਮੀ ਦਿਤੀ ਅਤੇ ਉਹ ਨਾਦਰ ਸ਼ਾਹ ਦੇ ਨਾਮ ਨਾਲ ਤਖਤ ਉਤੇ ਬੈਠਾ। ਕੈਸਰ ਵਾਂਗ ਉਸ ਨੇ ਵੀ ਦੂਜੇ ਦੇ ਹਥੋਂ ਸਿਰ ਉਤੇ ਤਾਜ ਰਖਾਉਣ ਤੋਂ ਇਨਕਾਰ ਕਰ ਦਿਤਾ। ਉਸ ਨੇ ਸਭ ਲੋਕਾਂ ਦਾ ਧੰਨਵਾਦ ਕੀਤਾ ਕਿ ਉਹਨਾਂ ਨੇ ਉਸ ਨੂੰ ਉਹ ਮਾਨ ਦਿਤਾ ਹੈ ਜਿਸ ਦੀ ਉਸ ਨੇ ਕਦੇ ਮੰਗ ਨਹੀਂ ਕੀਤੀ। ਪਰ ਫੇਰ ਵੀ ਉਹ ਲੋਕਾਂ ਦੀ ਜ਼ਬਾਨ ਨੂੰ ਖਾਲਕ ਦੀ ਆਵਾਜ਼ ਸਮਝਦਾ ਹੈ ਇਸ ਲਈ ਮੈਂ ਇਸ ਸ਼ਰਤ ਤੇ ਇਹ ਜ਼ਿੰਮੇਵਾਰੀ ਸੰਭਾਲਦਾ ਹਾਂ ਕਿ ਸ਼ਈਆ ਮਤ ਤਿਆਗ ਦਿਤਾ ਜਾਏ ਅਤੇ ਉਸ ਦੀ ਬਜਾਏ ਸਾਰੀ ਸਲਤਨਤ ਵਿਚ ਸੁੰਨੀ ਧਰਮ ਚਾਲੂ ਕੀਤੀ ਜਾਏ। ਇਸ ਸ਼ਰਤ ਨਾਲ ਉਹਨੇ ਬਾਦਸ਼ਾਹ ਬਣਨਾ ਕਬੂਲ ਕਰ ਲਿਆ ਅਤੇ ਉਹ ਗਦੀ ਨਸ਼ੀਨ ਕੀਤਾ ਗਿਆ। ਇਹਦੀ ਤਖਤ ਨਸ਼ੀਨੀ ਦੀ ਰਸਮ ੨੬ ਫਰਵਰੀ

Sri Satguru Jagjit Singh Ji eLibrary NamdhariElibrary@gmail.com

੧੭੩੯‡ ਈਸਵੀ ਨੂੰ ਹੋਈ ।

## ਸੈਫਵੀ ਖਾਨਦਾਨ ਨਾਲ ਸੰਬੰਧ

ਉਸ ਨੇ ਆਪਣੇ ਸਭ ਤੋਂ ਵਡੇ ਲੜਕੇ ਦੀ ਸ਼ਾਦੀ ਸ਼ਾਹ ਤਹਿਮਾਸਪ ਦੀ ਭੈਣ ਨਾਲ ਕੀਤੀ। ਇਉਂ ਉਸਦੇ ਪਰਿਵਾਰ ਦਾ ਸੰਬੰਧ ਉਹਨਾਂ ਸੈਫਵੀ ਬਾਦਸ਼ਾਹਾਂ ਨਾਲ ਕਾਇਮ ਹੋ ਗਿਆ, ਜਿਨ੍ਹਾ ਲਈ ਅਜੇ ਵੀ ਲੋਕਾਂ ਦੇ ਦਿਲਾਂ ਵਿਚ ਇਜ਼ਤ ਕਾਇਮ ਸੀ। ਉਸ ਦੀ ਇਹ ਪਾਲਿਸੀ ਸੀ ਕਿ ਦੂਜੇ ਬਾਦਸ਼ਾਹਾਂ ਦੇ ਇਲਾਕੇ ਕਬਜ਼ੇ ਵਿਚ ਕਰਨ ਮਗਰੋਂ ਵਿਆਹ ਸ਼ਾਦੀ ਰਾਹੀਂ ਆਪਣੇ ਖਾਨਦਾਨ ਦਾ ਸੰਬੰਧ ਉਹਨਾਂ ਨਾਲ ਜੋੜ ਦੇਂਦਾ। ਇਸਦੇ ਮਗਰੋਂ ਵੀ ਉਸ ਨੇ ਇਹੋ ਜਿਹਾ ਨਾਤਾ ਸ਼ਹਿਨਸ਼ਾਹ ਬੁਖ਼ਾਰਾ ਨਾਲ ਜੋ ਕਿ ਚੰਗੇਜ਼ ਖਾਨ ਦਾ ਜਾਨਸ਼ੀਨ ਸੀ ਅਤੇ ਮੁਹੰਮਦ ਸ਼ਾਹ, ਸ਼ਹਿਨਸ਼ਾਹ ਦਿਲੀ ਨਾਲ ਜੋੜਿਆ।

## ਮੁੱਲਾ ਬਾਸ਼ੀ ਦੀ ਸ਼ੋਖੀ

ਉਹ ਲੋਕਾਂ ਪਾਸੋਂ ਮੰਗ ਕਰਦਾ ਸੀ ਕਿ ਉਹ ਵਫਾਦਾਰੀ ਦੀ ਸੁਗੰਧ ਚੁਕਣ। ਲੋਕ ਉਸ ਦੀ ਆਗਿਆ ਬਿਨਾਂ ਚੂੰ ਚਰਾਂ ਮੰਨ ਲੈਂਦੇ ਸਨ। ਮੁੱਲਾਂ ਬਖਸ਼ੀ ਜੋ ਸਭ ਤੋਂ ਵਡਾ ਮੌਲਾਣਾ ਸੀ ਬਾਦਸ਼ਾਹ ਨੂੰ ਐਉਂ ਸੰਬੋਧਨ ਕਰਦਾ ਸੀ—ਜਿਥੋਂ ਤੀਕ ਮਜ਼ਬੀ ਮਾਮਲਿਆਂ ਦਾ ਸੰਬੰਧ ਹੈ ਸਾਡੇ ਲਈ ਇਲਾਹੀ ਕਾਨੂੰਨ ਹੈ ਅਤੇ ਉਸਦੇ ਪੈਗੰਬਰ ਮੁਹੰਮਦ ਦੀਆਂ ਰਵਾਇਤਾਂ ਸਾਡੀ ਅਗਵਾਈ ਕਰਦੀਆਂ ਹਨ। ਕੋਈ ਬਾਦਸ਼ਾਹ ਉਹਨਾਂ ਵਿਚ ਇਖਤਰਾਹ (ਨਵੀਨਤਾ) ਨਹੀਂ ਕਰ ਸਕਦਾ ਇਸ ਲਈ ਮੈਨੂੰ ਆਸ ਹੈ ਹਜ਼ੂਰ ਮਾਬਦੌਲਤ ਵੀ ਆਪਣੇ ਰਾਜ ਦਾ ਆਰੰਭ ਪੁਰਾਣੇ ਤੇ ਚਲੇ ਆ ਰਹੇ ਮਜ਼ਬ ਨੂੰ ਮਨਸੂਖ ਕਰਕੇ ਨਹੀਂ ਕਰਨਗੇ। ਇਹ ਦਲੇਰੀ ਭਰੇ ਬੋਲ ਨਾਦਰ ਲਈ ਸਹਾਰਨੇ ਮੁਸ਼ਕਲ ਸਨ। ਉਸ ਨੇ ਇਸ ਗੁਸਤਾਖੀ ਤੋਂ ਚਿੜ ਕੇ ਹੁਕਮ ਦਿਤਾ ਕਿ ਮੁੱਲਾਂ ਨੂੰ ਫਾਂਸੀ ਦਿਤੀ ਜਾਏ। ਉਸ ਨੇ ਮੁਸਲਮਾਨ ਮੁਲਾਣੇ ਸਦ ਲਏ ਅਤੇ ਉਹਨਾਂ ਤੋਂ ਪੁਛ ਕੀਤੀ ਕਿ ਰਾਜ ਵਲੋਂ ਉਹਨਾਂ ਨੂੰ ਵਡੇ ਵਡੇ ਵਜ਼ੀਫੇ ਦਿਤੇ ਜਾਂਦੇ ਹਨ ਉਹਨਾਂ ਨੂੰ ਵੀ ਉਹ ਕਿਵੇਂ ਖਰਚ ਕਰਦੇ ਹਨ।

## ਮੁਲਾਣਿਆਂ ਦੇ ਵਜ਼ੀਫੇ ਬੰਦ

ਮੁਲਾਣਿਆਂ ਨੇ ਬਾਦਸ਼ਾਹ ਨੂੰ ਉਤਰ ਦਿਤਾ ਕਿ ਇਹ ਵਜ਼ੀਫੇ ਮਜ਼ਬੀ ਕੰਮਾਂ ਉਤੇ ਖਰਚ ਕੀਤੇ ਜਾਂਦੇ ਹਨ ਜਿਹਾ ਕਿ ਮਦਰਸੇ ਦੇ ਖਰਚ, ਮੁਲਾਣਿਆਂ ਦੀਆਂ ਅਤੇ ਉਹਨਾਂ ਮਸੀਤਾਂ ਦੇ ਨੌਕਰਾਂ ਚਾਕਰਾਂ ਦੀਆਂ ਤਨਖਾਹਾਂ ਜਿਨ੍ਹਾਂ ਵਿਚ ਹਰ ਘੜੀ ਬਾਦਸ਼ਾਹ ਦੀ ਫਤਹ ਦੀਆਂ ਅਤੇ ਈਰਾਨ ਦੀ ਬਾਦਸ਼ਾਹਤ ਵਿਚ ਖੁਸ਼ਹਾਲੀ ਦੀਆਂ ਦੁਆਵਾਂ ਮੰਗੀਆਂ ਜਾਂਦੀਆਂ ਹਨ। ਬਾਦਸ਼ਾਹ ਨੇ ਮੁਲਾਣਿਆਂ ਨੂੰ ਆਖਿਆ ਮੈਨੂੰ ਇਹ ਤਜਰਬਾ ਹੋਇਆ ਹੈ ਕਿ ਤੁਹਾਡੀਆਂ ਦੁਆਵਾਂ ਦਰਗਾਹੇ ਨਹੀਂ ਸੁਣੀਆਂ ਜਾਂਦੀਆਂ ਕਿਉਂਕਿ ਪਿਛਲੇ ਪੰਜਾਹ ਸਾਲ ਤੋਂ ਸਲਨਤ ਨਿਘਰਦੀ ਜਾਂਦੀ ਹੈ। ਇਹ ਰਾਜ ਜਿਸ ਲਈ ਤੁਸੀਂ ਦੁਆਵਾਂ ਮੰਗਦੇ ਰਹੇ, ਹਮਲਿਆਂ ਨਾਲ ਅਤੇ ਬਗਾਵਤਾਂ ਨਾਲ ਉਦੋਂ ਤੀਕ ਬਰਬਾਦ ਹੁੰਦੀ ਰਹੀ ਜਦ ਤੀਕ ਅਲ੍ਹਾ ਦੇ ਹੁਕਮ ਨਾਲ ਉਹਦੀਆਂ ਜਫਰਵੰਦ ਫੌਜਾਂ ਲੋਕਾਂ ਦੀ ਜਾਨ ਮਾਲ ਦੀ ਰਾਖੀ ਲਈ ਨ ਨਿਤਰੀਆਂ। ਸੁ ਬਾਦਸ਼ਾਹ ਦੀ ਖੁਸ਼ੀ ਏਸੇ ਵਿਚ ਹੈ ਕਿ ਇਹਨਾਂ ਗਰੀਬ ਮੁਲਾਣਿਆਂ (ਭਾਵ ਉਸ ਦੇ ਫੌਜੀਆਂ) ਦਾ ਸਭ ਤੋਂ ਪਹਿਲੇ ਖਿਆਲ ਰਖਿਆ ਜਾਏ ਕਿਉਂਕਿ ਇਹੋ ਸੂਰਬੀਰ ਹਨ ਜਿਨਾਂ ਨੇ ਉਸ ਦੇ ਝੰਡੇ ਤਲੇ ਈਰਾਨੀਆਂ ਨੂੰ ਆਜ਼ਾਦੀ ਦਲਾਈ। ਇਸ ਲਈ ਇਹ ਜ਼ਰੂਰੀ ਹੈ ਕਿ ਮਜ਼ਬੀ ਫੰਡ ਤੇ ਵਜ਼ੀਫੇ ਜ਼ਬਤ ਕੀਤੇ ਜਾਣ ਤੇ ਇਹ ਰਕਮ ਫੌਜਾਂ ਉਤੇ ਖਰਚ ਕੀਤੀ ਜਾਏ। ਉਸ ਦੇ ਇਸ ਹੁਕਮ ਦੀ ਪੂਰਤੀ ਕੀਤੀ ਗਈ ਅਤੇ ਗਿਣਤੀ ਕਰਨ ਤੇ ਪਤਾ ਲਗਾ ਕਿ ਇਸ ਇਕ ਕਾਰਰਵਾਈ ਨਾਲ ਰਾਜ ਨੂੰ ੧੦ ਲਖ ਤੁਮਾਨ ਅਰਥਾਤ ੩੦ ਲਖ ਪੌਂਡ ਸਾਲਾਨਾ ਦੀ ਬਚਤ ਹੋਈ। ਇਹਨਾਂ ਮੁਲਾਣਿਆ ਨੂੰ ਹੁਕਮ ਦਿਤਾ ਗਿਆ ਕਿ ਉਹ ਆਪਣੇ ਗੁਜ਼ਾਰੇ ਲਈ ਕੋਈ ਹੋਰ ਕੰਮ ਕਾਰ ਕਰ ਲੈਣ।

## ਸ਼ਈਆਂ ਦੇ ਕਲਮੇ ਦੀ ਬੰਦਸ਼ ਦਾ ਹੁਕਮ

ਇਸ ਦੇ ਮਗਰੋਂ ਨਾਦਰ ਸ਼ਾਹ ਨੇ ਪਰਜਾ ਦੇ ਨਾਮ ਹੁਕਮ ਜਾਰੀ ਕੀਤਾ ਕਿ ਉਹ ਸੁੰਨੀ ਧਰਮ ਧਾਰਨ ਕਰ ਲੈਣ, ਜਿਹੜਾ ਇਸ ਆਗਿਆ ਦੀ ਪਾਲਣਾ ਨਹੀਂ ਕਰੇਗਾ ਉਸ ਉਤੇ ਬਾਦਸ਼ਾਹ ਦੀ ਕਰੋਪੀ ਹੋਵੇਗੀ। ਇਸ ਹੁਕਮ ਰਾਹੀਂ ਹਿਦਾਇਤ ਕੀਤੀ ਗਈ ਸੀ ਕਿ ਨਮਾਜ਼ ਪੜ੍ਹਨ ਸਮੇਂ ਅਤੇ ਨਮਾਜ਼ ਲਈ ਖੜੇ ਹੋਣ ਸਮੇਂ ਲਫਜ਼ "ਅਲੀ ਵਲੀ ਉੱਲਾ" علی ولی الله ਅਰਥਾਤ ਅਲੀ ਅਲ੍ਹਾ ਦਾ ਵਲੀ, ਜੋ ਸ਼ਈਆਂ ਵਲੋਂ ਕਲਮੇ ਨਾਲ ਜੋੜੇ ਜਾਂਦੇ ਸਨ ਉਡਾ* ਦਿਤੇ ਜਾਣ। ਗਵਰਨਰਾਂ ਲਈ ਇਹ ਵੀ ਲਾਜ਼ਮੀ ਸੀ ਕਿ ਉਹ ਇਕੱਠਾਂ ਵਿਚ ਫਾਤਿਆ ਤੇ ਤਕਬੀਰ† ਮਗਰੋਂ ਇਹ ਦੁਆ ਮੰਗਿਆ ਕਰਨ ਕਿ

---

‡ਨਾਦਰ ਸ਼ਾਹ ਨੇ ਬਾਦਸ਼ਾਹ ਬਣਨ ਮਗਰੋਂ ਜੋ ਸਿਕਾ ਚਾਲੂ ਕੀਤਾ ਉਸ ਉਤੇ ਲਿਖਤ ਦਰਜ ਸੀ—

سکہ بزد کر و تام سلطنت اندر جہاں
نادر ایران زمین و خسرو گیتی پناہ

ਅਰਥਾਤ ਈਰਾਨ ਦੇ ਨਾਦਰ ਜਹਾਨ ਰਖਿਆ ਦੇ ਸਿਕੇ ਰਾਹੀਂ ਸੰਸਾਰ ਵਿਚ ਆਪਣੇ ਰਾਜ ਦਾ ਐਲਾਨ ਕੀਤਾ ਹੈ। ਉਲਟੇ ਪਾਸੇ ਗੁਲਾਈ ਵਿਚ ਇਹ ਲਫਜ਼ ਦਰਜ ਸਨ الخیرجی فاوقع ਅਰਥਾਤ "ਜੋ ਲੰਘਿਆ ਸੁ ਚੰਗਾ" ਇਹਨਾਂ ਲਫਜ਼ਾਂ ਦੀ ਗਿਣਤੀ ੧੧੪੯ ਹੁੰਦੀ ਹੈ ਜੋ ਉਹਦੀ ਤਖਤ ਨਸ਼ੀਨੀ ਦਾ ਸੰਨ ਹੈ।

ਕੰਧਾਰ ਵਿਚ ਉਸ ਨੇ ਜਿਹੜਾ ਸਿੱਕਾ ਚਾਲੂ ਕੀਤਾ ਉਸ ਉਤੇ ਲਫਜ਼ السلطان نادر ਇਕ ਪਾਸੇ ਅਤੇ ਲਫਜ਼

خلاالله ملکه - ضرب محیی قندهار

ਅਰਥਾਤ "ਰਬ ਉਸਦੇ ਰਾਜ ਨੂੰ ਅਮਰ ਕਰੇ" ਦਰਜ ਹਨ। ਕਰਨਾਲ ਵਿਚ ਫਤਹ ਪਾਉਣ ਮਗਰੋਂ ਜੋ ਸਿਕਾ ਚਾਲੂ ਕੀਤਾ ਉਸ ਤੇ ਦਰਜ ਸੀ—

شهت شلطان بر شلاطین جهان
شاه شاهان نادر صاحب قران

ਅਰਥਾਤ—ਸੰਸਾਰ ਉਤੇ ਸ਼ਾਹਾਂ ਦਾ ਸ਼ਾਹ ਤੇ ਹਾਕਮਾਂ ਦਾ ਹਾਕਮ ਨਾਦਰ ਵਰੋਸਾਇਆ ਗਿਆ। ਉਲਟੇ ਪਾਸੇ ਉਤੇ ਦਰਜ ਸੀ—

خلا الیه ملکه ضرف دارالخلافه شاه جهان آباد ۱۱۵۳

ਅਰਥਾਤ--ਰਬ ਉਸ ਦਾ ਰਾਜ ਲੰਮਾ ਕਰੇ : ਸ਼ਾਹਜਹਾਨ ਆਬਾਦ ਰਾਜਧਾਨੀ ਤੋਂ ਚਾਲੂ ਹੋਇਆ ੧੧੫੨।

*ਸ਼ਈਏ ਕਲਮੇ ਨੂੰ ਐਉਂ ਪੜ੍ਹਦੇ ਹਨ—

لااله الا الیله محمد الرشول الله وعلی ولی الله

ਇਕ ਰਬ ਤੋਂ ਛੁਟ ਹੋਰ ਕੋਈ ਰਬ ਨਹੀਂ ਅਤੇ ਮੁਹੰਮ ਰਬ ਦਾ ਪੈਗੰਬਰ ਅਤੇ ਅਲੀ ਰਬ ਦਾ ਮਿਤਰ ਹੈ। ਨਾਦਰ ਸ਼ਾਹ ਨੇ ਹੁਕਮ ਦਿਤਾ ਸੀ ਕਿ ਉਪਰੋਕਤ ਕਲਮੇ ਵਿਚੋਂ ਲਫਜ਼ علی ولی الله ਕਟ ਦਿਤੇ ਜਾਣ।

†ਫਾਤਿਆ ਉਹ ਆਰੰਭਕ ਨਿਮਾਜ਼ ਹੈ ਜੋ ਆਮ ਤੌਰ ਉਤੇ ਪਹਿਲਾ ਸੂਰਾ ਅਥਵਾ ਕੁਰਾਨ ਦਾ ਪਹਿਲਾ ਪਰਕਰਨ ਹੈ। ਤਕਬੀਰ ਕਲਮੇ ਤੋਂ ਪਹਿਲਾਂ ਲਫਜ਼ ਅਲਾਹ ਅਕਬਰ ਨੂੰ ਤਿੰਨ ਵਾਰ ਦੁਹਰਾਉਣ ਨੂੰ ਆਖਦੇ ਹਨ। ਕਲਮਾ ਇਹ ਹੈ—

لا اله الا الیله محمدالرشول الله

Sri Satguru Jagjit Singh Ji eLibrary NamdhariElibrary@gmail.com

"ਬਾਦਸ਼ਾਹ ਜੋ ਸਾਡਾ ਸਭ ਦਾ ਰਾਜ਼ਕ ਹੈ ਸਦਾ ਸਲਾਮਤ ਰਹੇ।" ਨਾਦਰ ਸ਼ਾਹ ਨੇ ਹੁਕਮ ਦਿਤਾ ਕਿ ਨਮਾਜ਼ ਸਮੇਂ ਇਹੋ ਜਿਹੀਆਂ ਦੁਆਵਾਂ ਮੰਗਣ ਦਾ ਰਿਵਾਜ ਅਗੇ ਤੋਂ ਬੰਦ ਕੀਤਾ ਜਾਏ।

## ਬਾਦਸ਼ਾਹ ਦੀ ਲੰਮੀ ਉਮਰ ਦੀ ਬੇਨਤੀ ਬੰਦ

ਉਸ ਨੇ ਆਖਿਆ:—ਬਤੌਰ ਤਕਬੀਰ ਦੇ ਕਿਸੇ ਫਾਨੀ ਬੰਦੇ ਦੀ ਲੰਮੇਰੀ ਉਮਰ ਦੀ ਯਾਚਨਾ ਵਿਅਰਥ ਤੇ ਬੇਅਸਰ ਹੈ ਇਸ ਲਈ ਮੈਂ ਹੁਕਮ ਦਿੰਦਾ ਹਾਂ ਕਿ ਹਰ ਇਕ ਖਾਨ ਜੋ ਤਬਲ‡ ਅਤੇ ਝੰਡੇ ਦਾ ਮਾਲਕ ਹੈ ਉਹ ਇਉਂ ਆਖਿਆ ਕਰੇ:—"ਸਭ ਨਿਹਮਤਾਂ ਲਈ ਸੱਚੇ ਸਾਹਿਬ ਦਾ ਧੰਨਵਾਦ।" ਇਸ ਹੁਕਮ ਦੇ ਅੰਤ ਵਿਚ ਇਹ ਦਰਜ ਸੀ:—"ਅਗੋਂ ਤੋਂ ਸਾਰੇ ਲੋਕ ਇਹਨਾਂ ਕਤਈ ਨਿਯਮਾਂ ਤੇ ਲਿਖਤੀ ਹੁਕਮਾਂ ਦੀ ਪਾਲਣਾ ਕਰਨ; ਜਿਹੜਾ ਮਨੁਖ ਇਹਨਾਂ ਦੀ ਉਲੰਘਣਾ ਕਰੇਗਾ ਉਹ ਬਾਦਸ਼ਾਹਾਂ ਦੇ ਬਾਦਸ਼ਾਹ ਦੇ ਕਹਿਰ (ਗਜ਼ਬ) ਦਾ ਸ਼ਿਕਾਰ ਹੋਵੇਗਾ। ਲਿਖਤ-ਸ਼ਾਹ ਮਹਲ ਅਸਫਹਾਨ, ਮਹੀਨਾ ਸਫਰ ੧੧੪੯" (ਜੂਨ ੧੭੩੬ ਈ:) ਬਹੁਤ ਸਾਰੀ ਪਰਜਾ ਨੇ ਇਸ ਸ਼ਾਹੀ ਹੁਕਮ ਉਤੇ ਬੜੀ ਖੁਸ਼ੀ ਮਨਾਈ ਵਿਸ਼ੇਸ਼ ਕਰਕੇ ਉਸ ਦੇ ਸਿਪਾਹੀਆਂ ਨੇ, ਜੋ ਸਭ ਦੇ ਸਭ ਸੁੰਨੀ ਹੋਣ ਦੇ ਕਾਰਨ ਜਾਤੀ ਤੌਰ ਉਤੇ ਉਸ ਦੇ ਸ਼ਰਧਾਲੂ ਬਣ ਗਏ।

## ਤੁਰਕਾਂ ਨਾਲ ਮੁੜ ਜੰਗ

ਉਸ ਨੇ ਤੁਰਕਾਂ ਨਾਲ ਮੁੜ ਜੰਗ ਛੇੜ ਦਿਤਾ ਅਤੇ ਉਹ ਸਾਰੇ ਦਾ ਸਾਰਾ ਇਲਾਕਾ ਮੁੜ ਆਪਣੇ ਅਧਿਕਾਰ ਵਿਚ ਕਰ ਲਿਆ ਜੋ ਪੋਰਟੀ ਅਤੇ ਰੂਸੀਆਂ ਨੇ ਹਥਿਆ ਰਖਿਆ ਸੀ। ਇਹ ਇਲਾਕੇ ਫਤਹ ਕਰਨ ਮਗਰੋਂ ਉਸ ਨੇ ਦੋਵਾਂ ਹਕੂਮਤਾਂ ਨਾਲ ਸੁਲਾਹ ਕਰ ਲਈ।

## ਕੰਧਾਰ ਅਤੇ ਬਲਖ਼ ਦੀ ਫਤਹ

ਹੁਣ ਨਾਦਰ ਸ਼ਾਹ ਨੇ ਖਿਲਜੀਆਂ ਨੂੰ ਹਾਰ ਦੇਣ ਅਤੇ ਕੰਧਾਰ ਨੂੰ ਈਰਾਨ ਰਾਜ ਵਿਚ ਮੁੜ ਸ਼ਾਮਲ ਕਰਨ ਦੀ ਵਡੀ ਮੁਹਿੰਮ ਸ਼ੁਰੂ ਕਰ ਦਿਤੀ। ਉਹਨੇ ੮੦ ਹਜ਼ਾਰ ਜਵਾਨਾਂ ਦੀ ਫੌਜ ਲੈ ਕੇ ਚੜ੍ਹਾਈ ਕੀਤੀ ਅਤੇ ਆਪਣੇ ਨਾਲ ਉਹਨਾਂ ਅਬਦਾਲੀਆਂ ਨੂੰ ਸ਼ਾਮਲ ਕਰ ਲਿਆ ਜੋ ਹੁਣ ਉਸ ਦੇ ਪੱਕੇ ਸਾਥੀ ਤੇ ਇਤਿਹਾਦੀ ਬਣ ਚੁਕੇ ਸਨ। ਹੁਸੈਨ ਖਾਨ ਗਵਰਨਰ ਕੰਧਾਰ ਦੀ ਕਮਾਨ ਹੇਠ ਖਿਲਜੀਆਂ ਨੇ ਜਾਨ ਤੋੜ ਟਾਕਰਾ ਕੀਤਾ ਪਰ ੧੮ ਮਹੀਨਿਆਂ ਦੇ ਲੰਮੇ ਘੇਰੇ ਮਗਰੋਂ ਕੰਧਾਰ ਸੰਨ ੧੭੩੮ ਈਸਵੀ ਵਿਚ ਈਰਾਨੀਆਂ ਦੇ ਕਬਜ਼ੇ ਵਿਚ ਚਲਾ ਗਿਆ। ਕੰਧਾਰ ਦੇ ਇਰਦ ਗਿਰਦ ਦਾ ਸਾਰਾ ਇਲਾਕਾ ਈਰਾਨ ਰਾਜ ਦੇ ਨਾਲ ਸ਼ਾਮਲ ਕਰ ਲਿਆ ਗਿਆ। ਜ਼ੁਲਫਿਕਾਰ ਖਾਨ ਅਤੇ ਉਸ ਦਾ ਭਾਈ ਅਹਿਮਦ ਸ਼ਾਹ ਦੋਵੇਂ ਹੀ ਕੰਧਾਰ ਦੇ ਘੇਰੇ ਸਮੇਂ ਕੈਦ ਕੀਤੇ ਗਏ ਸਨ। ਨਾਦਰ ਸ਼ਾਹ ਨੇ ਦੋਵਾਂ ਨੂੰ ਰਿਹਾ ਕਰਕੇ ਮਜ਼ਿੰਦਰਾਨ ਭੇਜ ਦਿਤਾ ਤੇ ਉਹਨਾਂ ਦੇ ਸਪੁਰਦ ਉਹਨਾਂ ਦੀ ਕੌਮ ਦੀ ਫੌਜ ਦੀ ਕਮਾਨ ਦੇ ਦਿਤੀ।

## ਬੁਖਾਰੇ ਦੇ ਬਾਦਸ਼ਾਹ ਉਤੇ ਵਿਜੇ

ਜਿਸ ਸਮੇਂ ਕੰਧਾਰ ਦਾ ਘੇਰਾ ਜਾਰੀ ਸੀ ਉਸ ਸਮੇਂ ਸ਼ਾਹ ਦੇ ਬੇਟੇ ਰਜ਼ਾ ਕੁਲੀ ਮਿਰਜ਼ਾ ਨੇ ਬਲਖ ਫਤਹ ਕਰ ਲਿਆ ਅਤੇ ਬੁਖਾਰਾ ਦੇ ਬਾਦਸ਼ਾਹ ਉਪਰ ਦਰਿਆ ਔਕਸਸ ਦੇ ਸਾਹਿਲ ਉਤੇ ਸ਼ਾਨਦਾਰ ਜਿਤ ਪ੍ਰਾਪਤ ਕੀਤੀ।

## ਮੁਹੰਮਦ ਸ਼ਾਹ ਦੇ ਦਰਬਾਰ ਵਿਚ ਸਫਾਰਤ

ਕੰਧਾਰ ਦੇ ਘੇਰੇ ਸਮੇਂ ਬਹੁਤ ਸਾਰੇ ਅਫਗਾਨ ਹਿੰਦੀ ਬਾਦਸ਼ਾਹ ਦੇ ਇਲਾਕੇ ਵਿਚ ਨਸ ਗਏ ਸਨ ਅਤੇ ਉਥੇ ਹੀ ਜਾ ਪਨਾਹ ਲਈ ਸੀ। ਨਾਦਰ ਸ਼ਾਹ ਨੇ ਅਫਗਾਨਾਂ ਦੀ ਸਾਰੀ ਨਸਲ ਨੂੰ ਜੜੋਂ ਉਖੇੜਨ ਦਾ ਦ੍ਰਿੜ ਸੰਕਲਪ ਕਰ ਰਖਿਆ ਸੀ। ਉਸ ਨੇ ਆਪਣੇ ਮੋਤਬਿਰ ਏਜੰਟ ਅਲੀ ਮਰਦਾਨ ਖਾਨ ਨੂੰ ਸਫੀਰ ਬਣਾ ਕੇ ਮੁਹੰਮਦ ਸ਼ਾਹ ਸ਼ਹਿਨਸ਼ਾਹ ਹਿੰਦੁਸਤਾਨ ਦੇ ਦਰਬਾਰ ਵਿਚ ਭੇਜਿਆ ਤਾਂ ਜੁ ਉਹ ਜਤਨ ਕਰ ਕੇ ਅਫਗਾਨ ਸ਼ਰਨਾਰਥੀਆਂ ਦੇ ਗਜ਼ਨੀ ਪਾਸ ਦੇ ਇਲਾਕੇ ਵਿਚ ਦਾਖਲੇ ਨੂੰ ਰੋਕੇ ਅਤੇ ਉਹਨਾਂ ਨੂੰ ਬਾਹਰ ਕਢਾਏ ਜੋ ਪਹਿਲੇ ਹੀ ਉਸ ਦੇ ਵਿਚ ਜਾ ਵੜੇ ਸਨ। ਸ਼ਹਿਨਸ਼ਾਹ ਨੇ ਸਫੀਰ ਦੀ ਬੜੀ ਆਉ ਭਗਤ ਕੀਤੀ ਅਤੇ ਉਸ ਨੂੰ ਭਰੋਸਾ ਦਵਾਇਆ ਕਿ ਅਫਗਾਨ ਬਾਗੀਆਂ ਨੂੰ ਨਜ਼ਰ ਬੰਦ ਕਰਨ ਲਈ ਅਸਰਦਾਰ ਕਾਰਰਵਾਈ ਕੀਤੀ ਜਾਏਗੀ ਅਤੇ ਈਰਾਨੀ ਸਰਹਦਾਂ ਉਪਰ ਨਵੀਆਂ ਫੌਜਾਂ ਭੇਜੀਆਂ ਜਾਣਗੀਆਂ।

## ਮੁਹੰਮਦ ਸ਼ਾਹ ਦੀ ਬੇਈਮਾਨੀ

ਸ਼ਹਿਨਸ਼ਾਹ ਹਿੰਦ ਨੇ ਜੋ ਇਕਰਾਰ ਕੀਤੇ ਸਨ ਉਹ ਪੂਰੇ ਨ ਕੀਤੇ। ਇਸ ਲਈ ਮੁਹੰਮਦ ਖਾਨ ਤੁਰਕਮਾਨ ਦੀ ਸਰਦਾਰੀ ਹੇਠ ਦੂਜੀ ਸਿਫਾਰਤ ਉਸੇ ਮੰਤਵ ਲਈ ਹਿੰਦ ਭੇਜੀ ਗਈ। ਇਹ ਸਿਫਾਰਤ ਵੀ ਹਿੰਦੀ ਬਾਦਸ਼ਾਹ ਪਾਸੋਂ ਨਵੇਂ ਸਿਰੇ ਸਹਾਇਤਾ ਦਾ ਭਰੋਸਾ ਲੈ ਕੇ ਵਾਪਸ ਮੁੜ ਆਈ। ਇਸ ਗਲ ਬਾਤ ਦੇ ਥੋੜਾ ਹੀ ਸਮਾ ਮਗਰੋਂ ਅਫਗਾਨ ਦਸਤੇ ਨਵੇਂ ਜਿਤੇ ਸੂਬੇ ਕੰਧਾਰ ਵਿਚੋਂ ਨਸ ਕੇ ਕਾਬਲ ਅਤੇ ਗਜ਼ਨੀ ਵਿਚ ਜਾ ਵਸੇ ਪਰ ਅਜੇ ਵੀ ਹਿੰਦੁਸਤਾਨ ਦੇ ਬਾਦਸ਼ਾਹ ਨੇ ਪਨਾਹੀਆਂ ਨੂੰ ਨਜ਼ਰ ਬੰਦ ਕਰਨ ਲਈ ਕੋਈ ਕਾਰਰਵਾਈ ਨ ਕੀਤੀ। ਨਾਦਰ ਸ਼ਾਹ ਆਪਣੇ ਮਿਤਰ ਸਾਥੀ ਦੀ ਇਸ ਕਾਰਰਵਾਈ ਉਪਰ ਬੜਾ ਜੋਸ਼ ਵਿਚ ਆਇਆ। ਕਿਉਂਕਿ ਉਸ ਨੇ ਈਰਾਨੀ ਸ਼ਹਿਨਸ਼ਾਹ ਦੇ ਅਤਿਅੰਤ ਖਤਰਨਾਕ ਵੈਰੀਆਂ ਨੂੰ ਆਪਣੇ ਰਾਜ ਵਿਚ ਪਨਾਹ ਦੇ ਰਖੀ ਸੀ। ਅੰਤ ਉਸ ਨੇ ਤੀਜੀ ਸਫਾਰਤ ਇਕ ਈਰਾਨੀ ਸਰਦਾਰ ਦੀ ਸਰਦਾਰੀ ਹੇਠ ਭੇਜੀ ਅਤੇ ਉਸ ਨੂੰ ਹਦਾਇਤ ਕੀਤੀ ਕਿ ਉਹ ਦਿਲੀ ਵਿਚ ੪੦ ਦਿਨਾਂ ਤੋਂ ਵਧੀਕ ਸਮੇਂ ਲਈ ਹਰਗਿਜ਼ ਨ ਠਹਿਰੇ।

## ਈਰਾਨੀ ਸਫਾਰਤ ਨੂੰ ਰੋਕੀ ਰਖਣਾ

ਪਰ ਬਾਦਸ਼ਾਹ ਨੇ ਈਰਾਨੀ ਸਿਫਾਰਤ ਨੂੰ ਇਕ ਸਾਲ ਤੀਕ ਰੋਕੀ ਰਖਿਆ ਅਤੇ ਉਸ ਨੂੰ ਕੋਈ ਕਤਈ ਉਤਰ ਨ ਦਿਤਾ। ਇਸ ਤੇ ਸ਼ਾਹ ਈਰਾਨ ਨੇ ਆਪਣੇ ਸਫੀਰ ਨੂੰ ਸਖਤ ਤਾਕੀਦੀ ਹੁਕਮ ਭੇਜਿਆ ਕਿ ਉਹ ਫੌਰਨ ਮੁਗਲ ਬਾਦਸ਼ਾਹ ਦੀ ਰਾਜਧਾਨੀ ਵਿਚੋਂ ਚਲਾ ਆਵੇ। ਇਸ ਤੇ ਸਫੀਰ ਉਥੋਂ ਰਵਾਨਾ ਹੋ ਗਿਆ ਅਤੇ ਉਸ ਨੇ ਬਾਦਸ਼ਾਹ ਯਾਂ ਉਸਦੇ ਵਜ਼ੀਰਾਂ ਦੇ ਉਤਰ ਦੀ ਵੀ ਉਡੀਕ ਨ ਕੀਤੀ।

## ਮੁਗਲ ਬਾਦਸ਼ਾਹ ਦੀ ਮਰਹਟਿਆਂ ਵਿਰੁਧ ਮੁਹਿੰਮ

ਇਸ ਸਮੇਂ ਮੁਗਲ ਬਾਦਸ਼ਾਹ ਮਰਹਟਿਆਂ ਨਾਲ ਜੰਗ ਵਿਚ ਰੁਝਾ ਹੋਇਆ ਸੀ ਅਤੇ ਉਸ ਦੇ ਦਰਬਾਰ ਵਿਚ ਫੁਟ ਪਈ ਹੋਈ ਸੀ।

‡ਤਬਲ ਇਕ ਛੋਟਾ ਜਿਹਾ ਢੋਲ ਹੁੰਦਾ ਹੈ ਜੋ ਵਡੇ ਅਫਸਰ ਆਪਣੀ ਜ਼ੀਨ ਨਾਲ ਰਖਦੇ ਹਨ। ਇਹ ਉਹਨਾਂ ਦੀ ਪਦਵੀ ਦਾ ਚਿੰਨ੍ਹ ਸਮਝਿਆ ਜਾਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਇਕ ਧਿਰ ਦਾ ਸਰਦਾਰ ਖਾਨਿ ਦੌਰਾਨ ਖਾਨ ਹਿੰਦੀ ਫੌਜਾਂ ਦਾ ਕਮਾਂਡਰ-ਇਨ-ਚੀਫ ਤੇ ਬਾਦਸ਼ਾਹ ਦਾ ਕ੍ਰਿਪਾ ਪਾਤਰ ਸੀ ਜਦ ਕਿ ਦੂਜੇ ਧੜੇ ਦਾ ਸਰਦਾਰ ਚਿਨ ਕਲਿਚ ਖਾਨ ਉਰਫ ਆਸਫ ਜਾਹ ਸੂਬੇਦਾਰ ਦਖਣ ਸੀ। ਐਉਂ ਜਾਪਦਾ ਹੈ ਕਿ ਹਿੰਦੀ ਸ਼ਹਿਨਸ਼ਾਹ ਨੇ ਨਾਦਰ ਸ਼ਾਹ ਦੀ ਮੰਗ ਨੂੰ ਕੋਈ ਵਿਸ਼ੇਸ਼ਤਾ ਨਹੀਂ ਸੀ ਦਿਤੀ ਅਤੇ ਮੁਗ਼ਲ ਬਾਦਸ਼ਾਹ, ਨਾਦਰ ਨੂੰ ਈਰਾਨ ਦਾ ਜਾਇਜ਼ ਹੁਕਮਰਾਨ ਮੰਨਣ ਵਿਚ ਆਰ (ਸ਼ਰਮ) ਸਮਝਦਾ ਸੀ। ਮੁਗਲ ਬਾਦਸ਼ਾਹ ਦਾ ਸਾਰਾ ਧਿਆਨ ਤੇ ਜ਼ੋਰ ਉਹਨਾਂ ਕਠਨਾਈਆਂ ਨੂੰ ਹਲ ਕਰਨ ਵਿਚ ਲਗਾ ਹੋਇਆ ਸੀ ਜੋ ਮਰਹਟਿਆਂ ਦੇ ਹਮਲਿਆਂ ਕਰਕੇ ਉਤਪਨ ਹੋ ਗਈਆਂ ਸਨ ਅਤੇ ਗਜ਼ਨੀ ਤੇ ਕਾਬਲ ਤੀਕ ਫੈਲੀਆਂ ਹੋਈਆਂ ਸਨ। ਹਿੰਦੀ ਹਦਾਂ ਦੀ ਰਖਿਆ ਲਈ ਉਹਦੇ ਪਾਸ ਕਾਫੀ ਫੌਜ ਮੌਜੂਦ ਨਹੀਂ ਸੀ।

## ਨਾਦਰ ਸ਼ਾਹ ਦੀ ਨਾਰਾਜ਼ਗੀ

ਜੋ ਕੁਛ ਵੀ ਹੋਵੇ ਈਰਾਨੀ ਸ਼ਹਿਨਸ਼ਾਹ ਹਿੰਦੁਸਤਾਨੀ ਸ਼ਹਿਨਸ਼ਾਹ ਦੀ ਇਸ ਬੇਰੁਖੀ ਉਪਰ ਬੜਾ ਲੋਹਾ ਲਾਖਾ ਹੋਇਆ। ਉਸ ਨੇ ਇਸ ਬੇਪਰਵਾਹੀ ਨੂੰ ਆਪਣੇ ਸ਼ਾਹੀ ਅਧਿਕਾਰੀ ਦਾ ਅਪਮਾਨ ਜਾਤਾ।

## ਹਿੰਦ ਉਤੇ ਹਮਲੇ ਲਈ ਨਾਦਰ ਨੂੰ ਸਦਾ

ਠੀਕ ਏਸੇ ਸਮੇਂ ਸ਼ਾਹ ਈਰਾਨ ਨੂੰ ਮੁਗਲ ਦਰਬਾਰ ਦੇ ਅਸੰਤੁਸ਼ਟ ਉਮਰਾ ਨਿਜ਼ਾਮ ਉਲ ਮੁਲਕ ਅਤੇ ਸਾਅਦਤ ਖਾਨ ਵਲੋਂ ਖਤ ਮਿਲੇ ਜਿਨ੍ਹਾਂ ਵਿਚ ਉਸ ਨੂੰ ਹਿੰਦ ਉਤੇ ਚੜ੍ਹਾਈ ਕਰਨ ਅਤੇ ਤੈਮੂਰੀ ਖਾਨਦਾਨ ਨੂੰ ਖਤਮ ਕਰਕੇ ਗੌਰਮਿੰਟ ਦੀ ਵਾਗ ਡੋਰ ਆਪਣੇ ਹੱਥਾਂ ਵਿਚ ਲੈਣ ਲਈ ਬੇਨਤੀ ਕੀਤੀ ਹੋਈ ਸੀ। ਆਪਣੇ ਰਾਜ ਦੇ ਵਕਾਰ ਨੂੰ ਬਹਾਲ ਕਰਨ ਲਈ ਅਤੇ ਹਿੰਦ ਵਿਚੋਂ ਆਏ ਸਦਾ ਪਤ੍ਰਰ ਤੋਂ ਹੌਸਲਾ ਪਾ ਕੇ ਨਾਦਰ ਸ਼ਾਹ ਨੇ ਹਿੰਦ ਉਤੇ ਚੜ੍ਹਾਈ ਕਰਨ ਦਾ ਦਰਿੜ ਨਿਸ਼ਚਾ ਧਾਰ ਲਿਆ।

## ਕੰਧਾਰ ਤੋਂ ਰਾਵਾਨਗੀ

ਅੰਤ ਸਵਾ ਲਖ ਘੁੜ ਸਵਾਰ ਕਾਜ਼ਲ ਬਾਸ਼ੀ, ਜਾਰਜੀਅਨ, ਤੁਰਕ, ਖੁਰਾਸਾਨੀ ਅਤੇ ਬਲਕਾਨੀ ਫੌਜ ਲੈ ਕੇ ਮਈ ੧੭੩੮ ਈ: (ਲਗ ਪਗ ੧੧੪੯ ਹਿਜਰੀ) ਵਿਚ ਰਵਾਨਾ ਹੋਇਆ। ਉਸ ਦੀ ਫ਼ੌਜ ਦੇ ਸਾਰੇ ਜਵਾਨ ਐਸੇ ਸਨ ਜੋ ਥਕਾਨ ਤੇ ਕਠਨਾਈਆਂ ਨੂੰ ਕੁਛ ਨਹੀਂ ਸਨ ਸਮਝਦੇ। ਈਰਾਨ ਅਤੇ ਹਿੰਦੁਸਤਾਨੀ ਰਾਜ ਦੀ ਸਰਹਦ ਮਾਖੂਰ ਨਦੀ ਪਾਰ ਕਰਕੇ ਨਾਦਰ ਗਜ਼ਨੀ ਵਾਲੀ ਸੜਕੇ ਪੈ ਗਿਆ। ਗਜ਼ਨੀ ਉਦੋਂ ਜ਼ਬੂਲਸਤਾਨ ਦੀ ਰਾਜਧਾਨੀ ਸੀ।

## ਗਜ਼ਨੀ ਦੀ ਹਾਰ

ਉਸ ਸ਼ਹਿਰ ਦਾ ਗਵਰਨਰ ਅਤੇ ਸ਼ਹਿਰ ਦੇ ਚੋਣਵੇਂ ਸ਼ਹਿਰੀ ਬਾਦਸ਼ਾਹ ਨੂੰ ਮਿਲਣ ਲਈ ਬਾਹਰ ਨਿਕਲ ਆਏ ਅਤੇ ਨਜ਼ਰਾਂ ਭੇਟ ਕਰਕੇ ਆਪਣੀ ਵਫਾਦਾਰੀ ਦਾ ਭਰੋਸਾ ਦਵਾ ਦਿਤਾ। ਈਰਾਨੀ ਫੌਜਾਂ ਦਾ ਲਸ਼ਕਰ ਠਾਠਾਂ ਮਾਰਦੇ ਸਮੁੰਦਰ ਵਾਂਗ ਅਗੇ ਵਧਿਆ ਆ ਰਿਹਾ ਸੀ ਜਿਸਨੂੰ ਠਲ੍ਹਣਾ ਗਵਰਨਰ ਦੇ ਵਸ ਦਾ ਰੋਗ ਨਹੀਂ ਸੀ ਇਸ ਲਈ ਉਸ ਨੇ ਸ਼ਹਿਰ ਦੇ ਦਰਵਾਜ਼ੇ ਈਰਾਨੀ ਬਾਦਸ਼ਾਹ ਲਈ ਖੋਹਲ ਦਿਤੇ। ਨਾਦਰ ਸ਼ਾਹ ਨੇ ਏਥੇ ਆਪਣੀ ਫੌਜ ਬਿਠਾ ਦਿਤੀ ਅਤੇ ਕਾਬਲ ਵਲ ਆਪਣਾ ਕੂਚ ਜਾਰੀ ਰਖਿਆ। ਉਸ ਸਮੇਂ ਕਾਬਲ ਦਾ ਗਵਰਨਰ ਇਕ ਸਤਰ ਸਾਲ਼ ਦਾ ਬੁੱਢਾ ਅਮੀਰ ਸ਼ੇਰ ਦਿਲ ਖਾਨ ਨਾਮੀ ਸੀ।

## ਕਾਬਲ ਵਲ ਯਲਗਾਰ

ਉਸ ਦਾ ਨਾਇਬ ਨਸੀਰ ਖਾਨ; ਨਾਦਰ ਖਾਨ ਦੇ ਅਪੜਨ ਤੋਂ ਪਹਿਲੇ ਹੀ ਪਸ਼ੌਰ ਰਵਾਨਾ ਹੋ ਗਿਆ। ਕਾਬਲ ਦੇ ਸਿਰਕਢ ਵਸਨੀਕ ਜਥਾ ਬਣਾ ਕੇ ਬਾਦਸ਼ਾਹ ਨੂੰ ਸਲਾਮ ਕਰਨ ਲਈ ਬਾਹਰ ਨਿਕਲ ਆਏ ਅਤੇ ਉਸ ਦਾ ਯਥਾ ਯੋਗ ਸੁਵਾਗਤ ਕੀਤਾ। ਪਰ ਗਵਰਨਰ ਸ਼ੇਰ ਦਿਲ ਨੇ ਬਾਦਸ਼ਾਹ ਦਾ ਸਖਤ ਟਾਕਰਾ ਕੀਤਾ ਅਤੇ ਸ਼ਹਿਰ ਦੇ ਦਰਵਾਜ਼ੇ ਬੰਦ ਕਰ ਲਏ।

## ਗਵਰਨਰ ਦਾ ਟਾਕਰਾ

ਨਾਦਰ ਦੇ ਵਾਇਦੇ ਅਤੇ ਧਮਕੀਆਂ ਦਾ ਉਸ ਖੁਰਾਂਟ ਦਲੇਰ ਉਤੇ ਕੋਈ ਅਸਰ ਨਾ ਹੋਇਆ ਅਤੇ ਉਸ ਨੇ ਸ਼ਹਿਰ ਦੇ ਦਰਵਾਜ਼ੇ ਖੋਹਲਣ ਤੋਂ ਇਨਕਾਰ ਕਰ ਦਿਤਾ। ਈਰਾਨੀ ਫੌਜ ਨੇ ਸ਼ਹਿਰ ਦਾ ਘੇਰਾ ਘਤ ਲਿਆ ਅਤੇ ਇਹ ਘੇਰਾ ਛੀ ਹਫਤੇ ਜਾਰੀ ਰਿਹਾ। ਘਿਰੇ ਹੋਏ ਲੋਕਾਂ ਨੇ ਬੜੀ ਸੂਰਬੀਰਤਾ ਤੇ ਦਰਿਆਮਗੀ ਨਾਲ ਸ਼ਹਿਰ ਨੂੰ ਵੈਰੀ ਹਥੋਂ ਬਚਾਈ ਰਖਿਆ। ਬ੍ਰਿਧ ਸ਼ੇਰ ਦਿਲ ਆਪਣੇ ਦੋਵਾਂ ਪੁਤਰਾਂ ਸਮੇਤ ਆਪਣੀ ਪੁਜੀਸ਼ਨ ਉਤੇ ਪੱਕੀ ਤਰ੍ਹਾਂ ਡਟਿਆ ਰਿਹਾ।

## ਅਸਫਲ ਹੱਲਾ

ਈਰਾਨੀਆਂ ਨੇ ਇਹ ਵੇਖਕੇ ਆਮ ਹੱਲਾ ਬੋਲ ਦਿਤਾ ਪਰ ਉਹ ਸਫਲ ਨ ਹੋਏ। ਇਉਂ ਕੰਮ ਸਰਦਾ ਨ ਵੇਖ ਕੇ ਉਹਨਾਂ ਨੇ ਚਾਲਾਕੀ ਤੋਂ ਕੰਮ ਲਿਆ ਤੇ ਉਹਨਾਂ ਦੀ ਇਹ ਚਾਲਾਕੀ ਕਾਮਯਾਬ ਹੋ ਗਈ। ਸ਼ੇਰ ਦਿਲ ਸ਼ਹਿਰੋਂ ਬਾਹਰ ਨਿਕਲ ਆਇਆ ਤਾਂ ਜੋ ਫਰਜ਼ੀ ਮਿਤਰ ਨਾਲ ਸੰਧੀ ਕਰੇ ਕਿਉਂਕਿ ਉਸ ਨੇ ਉਸ ਨੂੰ ਭਰੋਸਾ ਦਵਾਇਆ ਸੀ ਕਿ ਉਹਦੇ ਪਾਸ ਤਕੜੀ ਫੌਜ ਹੈ ਤੇ ਉਹ ਨਾਦਰ ਦੇ ਵਿਰੁਧ ਹੈ।

## ਫਰੇਬ ਨਾਲ ਗਵਰਨਰ ਦੀ ਗ੍ਰਿਫਤਾਰੀ

ਉਸ ਦਗੇ ਬਾਜ਼ ਨੇ ਸ਼ੇਰ ਦਿਲ ਨੂੰ ਗ੍ਰਿਫਤਾਰ ਕਰ ਲਿਆ ਅਤੇ ਉਸ ਨੂੰ ਕੈਦ ਵਿਚ ਪਾ ਦਿਤਾ। ਪਰ ਉਸ ਦੇ ਦੋਵੇਂ ਪੁਤਰ ਅਜੇ ਵੀ ਬੜੀ ਬਹਾਦਰੀ ਨਾਲ ਸ਼ਹਿਰ ਨੂੰ ਬਚਾਉਣ ਤੇ ਤੁਲੇ ਹੋਏ ਸਨ। ਪਰ ਘਿਰੀ ਹੋਈ ਫੌਜ ਵਿਚ ਦਹਿਸ਼ਤ ਤੇ ਤਫਰਾ ਤਫਰੀ ਮਚ ਗਈ ਅਤੇ ਉਹ ਸ਼ਹਿਰ ਦੀ ਚਾਰ ਦੀਵਾਰੀ ਦਾ ਪਹਿਰਾ ਛਡ ਗਈ।

## ਸ਼ਹਿਰ ਉਤੇ ਕਬਜ਼ਾ

ਨਾਦਰ ਸ਼ਾਹ ਨੇ ਇਸ ਅਫਰਾ ਤਫਰੀ ਤੋਂ ਲਾਭ ਉਠਾ ਕੇ ਸ਼ਹਿਰ ਦੇ ਦਰਵਾਜ਼ੇ ਖੋਹਲ ਲਏ ਅਤੇ ਸ਼ਹਿਰ ਉਤੇ ਆਪਣਾ ਕਬਜ਼ਾ ਜਮਾ ਲਿਆ ਤੇ ਸ਼ਹਿਰ ਦੇ ਵਸਨੀਕਾਂ ਨੂੰ ਕਤਲ ਕਰ ਦਿਤਾ। ਸ਼ੇਰ ਦਿਲ ਦਾ ਇਕ ਬੇਟਾ ਦਰਵਾਜ਼ਿਆਂ ਦੀ ਰਖਿਆ ਕਰਦਾ ਮਾਰਿਆ ਗਿਆ। ਜਦ ਕਿ ਦੂਜਾ ਬਚਿਆ ਹੋਇਆ ਬੇਟਾ ਅਤੇ ਉਸ ਦੇ ਸੂਰਮਾ ਬ੍ਰਿਧ ਪਿਤਾ ਨੂੰ ਨਾਦਰ ਨੇ ਬੜੀ ਨਿਰਦੈਤਾ ਨਾਲ ਜਾਨੋਂ ਮਾਰ ਮੁਕਾਇਆ।

## ਕਾਬਲ ਵਿਚੋਂ ਖਜ਼ਾਨੇ ਦੀ ਪ੍ਰਾਪਤੀ

ਵਿਜਈ ਦੇ ਹਥ ਖਜ਼ਾਨਾ ਲਗਾ ਜਿਸ ਵਿਚ ੨੦ ਲਖ ੫੦ ਹਜ਼ਾਰ ਰੁਪਏ ਅਤੇ ੨੦ ਲਖ ਦਾ ਹੋਰ ਮਾਲ ਸੀ ਜਿਸ ਵਿਚ ੪ ਹਜ਼ਾਰ ਸੋਨੇ ਵਾਲਾ ਜ਼ਿਰਾ ਬਕਤਰ ੪ ਹਜ਼ਾਰ ਪਾਲਸ਼ ਸਟੀਲ ਦੀਆਂ ਤਲਵਾਰਾਂ

Sri Satguru Jagjit Singh Ji eLibrary NamdhariElibrary@gmail.com

੪ ਹਜ਼ਾਰ ਘੋੜਿਆਂ ਦੇ ਫੌਲਾਦੀ ਝੁਲ ਅਤੇ ਬੇਅੰਤ ਨਫੀਸ ਕਪੜਾ ਤੇ ਪੁਸ਼ਾਕਾਂ ਸਨ। ਇਹ ਸਾਰਾ ਸਾਮਾਨ ਉਥੇ ਸ਼ਹਿਨਸ਼ਾਹ ਸ਼ਾਹ ਜਾਹਨ ਨੇ ਜਮਾ ਕਰ ਰਖਿਆ ਸੀ।

## ਬਾਦਸ਼ਾਹ ੭ ਮਹੀਨੇ ਕਾਬਲ ਰਿਹਾ

ਬਾਦਸ਼ਾਹ ੭ ਮਹੀਨੇ ਤੀਕ ਕਾਬਲ ਟਿਕਿਆ ਰਿਹਾ ਅਤੇ ਇਹ ਸਾਰਾ ਸਮਾ ਉਸ ਨੇ ਹਿੰਦੁਸਤਾਨ ਉਤੇ ਹਮਲੇ ਦੀਆਂ ਵਿਉਂਤਾ ਸੋਚਣ ਵਿਚ ਖਰਚ ਕੀਤਾ। ਹਮਲੇ ਦੀ ਸਕੀਮ ਦਾ ਦਾਰੋਮਦਾਰ ਉਹ ਖੁਫੀਆ ਵਾਕਫੀਅਤ ਸੀ ਜੋ ਮੁਗਲ ਦਰਬਾਰ ਦੇ ਗਦਾਰਾਂ ਉਮਰਾਵਾਂ ਤੇ ਉਸ ਦੇ ਝੂਜੇ ਏਲਚੀਆਂ ਨੇ ਜੋ ਜਮਨਾ ਦੇ ਪਛਮੀ ਹਿੰਦੁਸਤਾਨ ਦੀ ਵਖ ਵਖ ਸ਼ਹਿਰਾਂ ਵਿਚ ਸਨ ਨੇ ਉਸ ਨੂੰ ਪੁਚਾਈ।

## ਗਵਰਨਰ ਜਲਾਲਬਾਦ ਹਥੋਂ ਸਫੀਰ ਦਾ ਕਤਲ

ਇਸ ਦੌਰਾਨ ਵਿਚ ਉਹ ਸਫੀਰ ਜਿਹੜਾ ਕੁਛ ਕਾਬਲੀ ਸਰਦਾਰਾਂ ਨਾਲ ਮੁਗਲ ਆਜ਼ਮ ਨੂੰ ਅਲਟੀਮੇਟਮ ਦੇਣ ਲਈ ਭੇਜਿਆ ਸੀ ਰਸਤੇ ਵਿਚ ਮੀਰ ਅਬਾਸ ਗਵਰਨਰ ਜਲਾਲਾਬਾਦ ਹਥੋਂ ਮਾਰਿਆ ਗਿਆ ਅਤੇ ਸਰਦਾਰ ਕਾਬਲ ਮਜਬੂਰ ਹੋ ਕੇ ਕਾਬਲ ਵਾਪਸ ਮੁੜ ਆਏ। ਇਹ ਸੁਣ ਕੇ ਨਾਦਰ ਨੂੰ ਬੜਾ ਰੋਹ ਚੜ੍ਹਿਆ ਅਤੇ ਉਸ ਨੇ ਜਲਾਲਾਬਾਦ ਵਲ ਕੂਚ ਬੋਲ ਦਿਤਾ।

## ਜਲਾਲਾਬਾਦ ਉਤੇ ਕਬਜ਼ਾ

ਜਲਾਲਾਬਾਦ ਉਤੇ ਹਲਾ ਬੋਲਣ ਮਗਰੋਂ ਕਿਲੇ ਉਤੇ ਕਬਜ਼ਾ ਕਰ ਲਿਆ ਅਤੇ ਮੀਰ ਅਬਾਸ ਤੇ ਉਹਨਾਂ ਸਭ ਹਿੰਦੀਆਂ ਨੂੰ ਕਤਲ ਕਰ ਦਿਤਾ ਜਿਨ੍ਹਾਂ ਨੇ ਉਹਦਾ ਪਖ ਲਿਆ ਸੀ। ਉਸ ਦੇ ਪਰਿਵਾਰ ਨੂੰ ਹਥਕੜੀਆਂ ਲਾ ਕੇ ਸ਼ਾਹੀ ਕੈਂਪ‡ ਵਲ ਤੋਰ ਦਿਤਾ।

## ਪਸ਼ਾਵਰ ਵਲ ਪੇਸ਼ ਕਦਮੀ

ਹਿੰਦ ਰਾਜ ਦੇ ਮਾਤਹਿਤ ਅਫਗਾਨਸਤਾਨ ਦੇ ਸੂਬੇ ਬਾਹਮੀਆਂ, ਘੋੜ ਬੰਦ ਆਦਕ ਫਤਹ ਕਰਨ ਮਗਰੋਂ ਵਿਜਈ ਨੇ ਆਪਣੀਆਂ ਫੌਜਾਂ ਨੂੰ ਕੂਚ ਦਾ ਹੁਕਮ ਦਿਤਾ।

‡ਜਲਾਲਾ ਬਾਦ ਵਿਚ ਨਾਦਰ ਸ਼ਾਹ ਦੇ ਕੈਂਪ ਵਿਚ ਇਕ ਕਜ਼ਲ ਬਾਸ਼ ਸਰਦਾਰ ਸੀ। ਉਸ ਨੇ ਦਿਲੀ ਵਿਚ ਆਪਣੇ ਇਕ ਮਿਤਰ ਨੂੰ ਚਿਠੀ ਲਿਖੀ ਸੀ ਜਿਸ ਵਿਚ ਉਸ ਨੇ ਨਾਦਰ ਸ਼ਾਹ ਸੰਬੰਧੀ ਐਉਂ ਲਿਖਿਆ ਹੈ:—

"ਫਜ਼ਰ ਦੀ ਨਿਮਾਜ਼ ਮਗਰੋਂ ਉਹ ਤਖਤ ਨਸ਼ੀਨ ਹੁੰਦਾ ਹੈ। ਓਸ ਤਖਤ ਦਾ ਛਤਰ ਸੁਨਿਹਰੀ ਗੁੰਬਜ਼ ਦਾ ਬਣਿਆ ਹੋਇਆ ਹੈ। ਇਕ ਹਜ਼ਾਰ ਨੌਜਵਾਨ ਜਿਨ੍ਹਾਂ ਪਾਸ ਲਾਲ ਸਿਲਕ ਦੇ ਸ਼ਾਹੀ ਝੰਡੇ ਅਤੇ ਐਸੇ ਨੇਜ਼ੇ ਹੁੰਦੇ ਹਨ ਜਿਨ੍ਹਾਂ ਉਪਰ ਤਿਲਾਈ ਫੁੰਮਣ (ਛਬੇ) ਲਗੇ ਹੁੰਦੇ ਹਨ। ਬਾਕਾਇਦਾ ਨਿਯਤ ਫਾਸਲੇ ਉਤੇ ਕਤਾਰ ਵਿਚ ਖੜੇ ਰਹਿੰਦੇ ਹਨ। ੧੨ ਤੋਂ ੨੦ ਸਾਲ ਦੇ ਸੁੰਦਰ ਸੁਹਣੇ ਗੁਲਾਮ, ਅਧੇ ਉਸ ਦੇ ਸਜੇ ਪਾਸੇ ਅਤੇ ਅਧੇ ਉਸ ਦੇ ਖਬੇ ਪਾਸੇ ਖੜੇ ਰਖੇ ਜਾਂਦੇ ਹਨ। ਸਾਰੇ ਵਡੇ ਵਡੇ ਪਤਵੰਤੇ ਉਸ ਦੇ ਸਾਹਮਣੇ ਦਰਜੇ ਵਾਰ ਖੜੇ ਰਹਿੰਦੇ ਹਨ। ਇਹਨਾਂ ਦੇ ਵਿਚਕਾਰ ਅਰਜਬੇਗੀ ਹਰ ਵੇਲੇ ਤਿਆਰ ਖੜੇ ਰਹਿੰਦੇ ਹਨ ਤਾਂ ਜੁ ਸ਼ਾਹੀ ਹੁਕਮ ਦੀ ਤਾਮੀਲ ਫੌਰਨ ਹੋ ਸਕੇ। ਹਰ ਇਕ ਦੀ ਸ਼ਕਾਇਤ ਸੁਣ ਕੇ ਫੌਰਨ ਫੈਸਲਾ ਸੁਣਾ ਦਿਤਾ ਜਾਂਦਾ ਹੈ। ਰਿਸ਼ਵਤ ਐਨੀ ਨਹੀਂ ਚਲਦੀ ਜਿੰਨੀ ਕਿ ਏਥੇ ਮਸ਼ਹੂਰ ਹੈ। ਜੋ ਕੁਛ ਉਸ ਦੇ ਰਾਜ ਵਿਚ ਹੋ ਰਿਹਾ ਹੋਵੇ ਉਸ ਦੀਆਂ ਉਸ ਨੂੰ ਖਬਰਾਂ ਪੁਜਦੀਆਂ ਰਹਿੰਦੀਆਂ ਹਨ। ਸਭ ਦੋਸ਼ੀ ਭਾਵੇਂ ਉਹ ਨਿਕੇ ਹੋਣ ਜਾਂ ਵਡੇ, ਅਮੀਰ ਹੋਣ ਜਾਂ ਗਰੀਬ ਸਭ ਨੂੰ ਤੁਰਤ ਫਾਂਸੀ ਦਿਤੀ ਜਾਂਦੀ ਹੈ। ਬਾਦਸ਼ਾਹ ਦੁਪਹਿਰ ਤੀਕ ਬੈਠਦਾ ਹੈ। ਫੇਰ ਖਾਣਾ ਖਾ ਕੇ ਥੋੜਾ ਚਿਰ ਆਰਾਮ ਕਰਦਾ ਹੈ। ਜਦ ਦੁਪਹਿਰ ਦੀ ਨਿਮਾਜ਼ ਹੋ ਚੁਕਦੀ ਹੈ ਤਦ ਉਦ ਫੇਰ ਸ਼ਾਮ ਦੀ ਨਿਮਾਜ਼ ਤੀਕ ਬੈਠਦਾ ਹੈ। ਇਸ ਦੇ ਮਗਰੋਂ ਖਾਕ ਦੇ ਤੋਦੇ (ਢੇਰ) ਉਤੇ ਪੰਜ ਤੀਰ ਛਡਦਾ ਹੈ। ਫੇਰ ਉਹ ਆਪਣੇ ਮਹਿਲਾਂ ਵਿਚ ਜਾ ਵੜਦਾ ਹ। ਫਰੇਜ਼ਰ

ਉਹ ਦਸ ਹਜ਼ਾਰ ਚੋਣਵੇਂ ਕਜ਼ਲ ਬਾਸ਼ੀ† ਘੁੜ ਸਵਾਰਾਂ ਦੀ ਫੌਜ ਲੈ ਕੇ ਪਸ਼ੌਰ ਵਲ ਅਗੇ ਵਧਿਆ। ਪਸ਼ੌਰ ਦਾ ਗਵਰਨਰ ਇਕ ਤਰਸ ਵਾਨ ਵਿਯਕਤੀ ਨਾਸਰ ਖਾਨ ਸੀ, ਜੋ ਆਪਣਾ ਬਹੁਤਾ ਸਮਾਂ ਜਾਂ ਤੇ ਸ਼ਿਕਾਰ ਖੇਡਣ ਵਿਚ ਖਰਚ ਕਰਦਾ ਜਾਂ ਫੇਰ ਨਿਮਾਜ਼ਾਂ ਪੜ੍ਹਨ ਅਤੇ ਕੁਰਾਨ ਖਵਾਨੀ ਕਰਨ ਵਿਚ ਲਾਉਂਦਾ। ਉਸ ਨੇ ਬਾਰ ਬਾਰ ਮੁਗਲ ਗੌਰਮਿੰਟ ਨੂੰ ਅਧਿਕ ਫੌਜ ਭੇਜਣ ਲਈ ਲਿਖਿਆ ਪਰ ਵਿਅਰਥ। ਉਸ ਨੇ ਸ਼ਹਿਨਸ਼ਾਹ ਨੂੰ ਇਹ ਗਲ ਵੀ ਚੇਤੇ ਕਰਾਈ ਕਿ ਉਹ ਆਪ "ਸਵਾਏ ਗੁਲਾਬ ਦੀ ਉਸ ਝਾੜੀ ਦੇ ਕੁਛ ਵੀ ਨਹੀਂ ਜੋ ਪਤ ਝੜ ਦੀ ਗਰਮੀ ਨਾਲ ਮੁਰਝਾਈ ਹੋਵੇ ਅਤੇ ਉਸ ਦੀ ਫੌਜ ਕੀ ਹੈ ਇਕ ਮੁਕ ਚੁਕਾ ਤਮਾਸ਼ਾ।"

## ਖੈਬਰ ਦਾ ਲਾਂਘਾ

ਦਿਲੀ ਦਰਬਾਰ ਵਿਚ ਚਲ ਰਹੀਆਂ ਸਾਜ਼ਸ਼ਾਂ ਦੇ ਕਾਰਨ ਉਧਰੋਂ ਕਿਸੇ ਕਿਸਮ ਦੀ ਸਹਾਇਤਾ ਦੀ ਆਸ ਨਹੀਂ ਸੀ; ਫੇਰ ਵੀ ਗਵਰਨਰ ਨੇ ਹਮਲਾ ਆਵਰ ਲਈ ਖੈਬਰ ਲਾਂਘਾ ਬੰਦ ਕਰ ਦਿਤਾ ਅਤੇ ਆਪਣੀ ੭ ਹਜ਼ਾਰ ਅਫਗਾਨ ਅਤੇ ਹਿੰਦੀ ਫੌਜ ਨਾਲ ਵੈਰੀ ਦਾ ਡਟਕੇ ਟਾਕਰਾ ਕੀਤਾ। ਸਰਵਰ ਖਾਨ ਨਾਮੀ ਬਾਰਕ ਜ਼ਈ ਨੇ ਇਸ ਮੌਕੇ ਉਤੇ ਨਾਦਰ ਸ਼ਾਹ ਦੀ ਬੜੀ ਸਹਾਇਤਾ ਕੀਤੀ ਕਿਉਂਕਿ ਉਸ ਦੀ ਸਹਾਇਤਾ ਨਾਲ ਉਸ ਨੇ ਖੈਬਰ ਲਾਂਘੇ ਨੂੰ ਉਸ ਰਸਤੇ ਰਾਹੀਂ ਪਾਰ ਕਰ ਲਿਆ ਜਿਸ ਰਸਤੇ ਰਾਹੀਂ ਤੈਮੂਰ ਨੇ ਹਿੰਦੁਸਤਾਨ ਉਤੇ ਹਮਲਾ ਕੀਤਾ ਸੀ।

## ਗਵਰਨਰ ਪਸ਼ੌਰ ਨਾਸਰ ਖਾਨ ਦੀ ਹਾਰ ੧੭੩੮

ਨਾਸਰ ਖਾਂ ਨੇ ਜੋ ਫੌਜ ਟਾਕਰੇ ਲਈ ਇਕਠੀ ਕੀਤੀ ਸੀ ਈਰਾਨੀ ਫੌਜ ਅਚਾਨਕ ਉਸ ਉਤੇ ਅਛੋਪਲ ਜਾ ਪਈ। ਥੋੜੀ ਜਿਹੀ ਲੜਾਈ ਮਗਰੋਂ ਹਿੰਦੀਆਂ ਦੀ ਦਲੇਰੀ ਤੇ ਦਰਿੜਤਾ ਜਵਾਬ ਦੇ ਗਏ; ਉਹਨਾਂ ਦੀ ਸਫ ਬੰਦੀ ਟੁਟ ਗਈ। ਵਿਜਈ ਦੀ ਤਲਵਾਰ ਪਾਸੋਂ ਕੇਵਲ ਉਹੋ ਲੋਕ ਬਚ ਸਕੇ ਜੋ ਮੈਦਾਨ ਵਿਚੋਂ ਪਸਪਾ ਹੋ ਕੇ ਨਸ ਗਏ। ਨਾਸਰ ਖਾਨ ਨੇ ਇਹ ਵੇਖਕੇ ਕਿ ਉਸਦੀ ਸਾਰੀ ਫੌਜ ਜਾਂ ਤੇ ਤਲਵਾਰ ਦੇ ਘਾਟ ਉਤਾਰੀ ਗਈ ਹੈ ਜਾਂ ਡਰਦੀ ਮਾਰੀ ਨਸ ਗਈ ਹੈ ਹੋਰ ਵਧੇਰੇ ਚਿਰ ਲਈ ਲੜਾਈ ਜਾਰੀ ਰਖਣੀ ਯੋਗ ਨਾ ਸਮਝੀ। ਉਸ ਨੇ ਆਪਣੀ ਹਾਰ ਮੰਨ ਲਈ ਅਤੇ ਕੈਦੀ ਬਣ ਕੇ ੨੦ ਨਵੰਬਰ ੧੭੩੮ ਨੂੰ ਈਰਾਨੀ ਬਾਦਸ਼ਾਹ ਦੇ ਰੂਬਰੂ ਪੇਸ਼ ਹੋ ਗਿਆ। ਕੁਛ ਹੋਰ ਹਿੰਦੀ ਰਾਜੇ ਵੀ ਕੈਦੀ ਬਣਾ ਲਏ ਗਏ ਅਤੇ ਉਹਨਾਂ ਦੇ ਕੈਂਪ ਲੁਟ ਲਏ। ਨਦਰ ਸ਼ਾਹ ਨੇ ਛੇਤੀ ਹੀ ਨਾਸਰ ਖਾਨ ਨੂੰ ਆਪਣੇ ਭਰੋਸੇ ਵਿਚ ਲੈ ਲਿਆ ਅਤੇ ਉਸ ਨੂੰ ਆਪਣਾ ਦਰਬਾਰੀ ਨਿਯਤ ਕਰ ਲਿਆ।

ਅਟਕ ਪਾਰ ਕਰਨ ਤੋਂ ਪਹਿਲੇ ਨਾਦਰ ਸ਼ਾਹ ਨੇ ਹਿੰਦੁਸਤਾਨ ਦੇ ਸ਼ਹਿਨਸ਼ਾਹ ਨੂੰ ਹੇਠ ਲਿਖੀ ਪਤਰਕਾ ਲਿਖੀ ਜੋ ਦਿਲੀ ਵਿਚ ਜਮਾਦੀ ਉਲ ਅਵਲ ੧੧੫੧ ਹਿਜਰੀ ਨੂੰ ਪੁਜੀ:—

## ਨਾਦਰ ਦੀ ਚਿਠੀ ਮੁਗਲ ਸ਼ਹਿਨਸ਼ਾਹ ਦੇ ਨਾਲ

### ਬਾਦਸ਼ਾਹ ਸਲਾਮਤ ਦੇ ਮੁਨਵਰ ਦਿਲ ਨੂੰ ਸਪਸ਼ਟ ਹੋਣਾ ਚਾਹੀਦਾ

†ਜਿਵੇਂ ਤੁਰਕਾਂ ਵਿਚ ਫੌਨੀ ਜ਼ਾਰੀ ਹੁੰਦੇ ਹਨ ਉਵੇਂ ਈਰਾਨੀਆਂ ਵਿਚ ਕਜ਼ਲ ਬਾਸ਼ੀ ਵੀ ਇਕ ਫੌਜੀ ਕਬੀਲਾ ਹਨ। ਲਫ਼ਜ਼ ਦਾ ਤੁਰਕੀ ਵਿਚ ਭਾਵ ਹੈ ਲਾਲ ਸਿਰ ਵਾਲੇ। ਜਦ ਇਹ ਪਹਿਲੇ ਪਹਿਲੇ ਸਫਵੀ ਖਾਨਦਾਨ ਦੇ ਪਹਿਲੇ ਬਾਦਸ਼ਾਹ ਸ਼ਾਹ ਇਸਮਾਈਲ ਦੇ ਬਾਪ ਸ਼ੇਖ ਹੈਦਰ ਨੇ ਪਹਿਲੇ ਪਹਿਲ ਇਹਨਾਂ ਨੂੰ ਜਥੇਬੰਦ ਕੀਤਾ ਤਦ ਇਹਨਾਂ ਨੂੰ ਲਾਲ ਟੋਪੀਆਂ ਪਵਾਈਆਂ ਸਨ। ਜਿਸ ਕਰਕੇ ਇਹਨਾਂ ਦਾ ਇਹ ਨਾਮ ਪੈ ਗਿਆਂ।

ਹੈ ਕਿ ਮੇਰਾ ਕਬਲਾ ਵਿਚ ਆਉਣਾ ਅਤੇ ਉਸ ਉਤੇ ਕਬਜ਼ਾ ਕਰਨਾ ਕੇਵਲ ਇਸਲਾਮ ਲਈ ਪਿਆਰ ਤੇ ਆਪ ਨਾਲ ਮਿਤਰਾਚਾਰੀ ਲਈ ਸੀ। ਮੈਨੂੰ ਇਹ ਗਲ ਚਿਤ ਚੇਤੇ ਵੀ ਨਹੀਂ ਸੀ ਕਿ ਦਖਣ ਦੇ ਲਾਹਨਤੀ ਮੁਸਲਮਾਨਾਂ ਦੇ ਦੇਸਾਂ ਤੋਂ ਖਰਾਜ ਲੈ ਸਕਦੇ ਹਨ। ਅਟਕ ਦੇ ਇਸ ਪਾਸੇ ਮੇਰਾ ਕਿਆਮ ਇਸ ਗਰਜ਼ ਲਈ ਹੈ ਕਿ ਜਦ ਇਹ ਕਾਫਰ ਹਿੰਦੁਸਤਾਨ ਵਲ ਵਧਣ ਤਦ ਮੈਂ ਵਿਜਈ ਕਜ਼ਲ ਬਾਸ਼ੀਆਂ ਦੀ ਫੌਜ ਉਹਨਾਂ ਨੂੰ ਜਹਨਮ ਵਾਸਲ ਕਰਨ ਲਈ ਭੇਜ ਸਕਾਂ। ਬਾਦਸ਼ਾਹ ਸਲਾਮਤ ਦੇ ਬਜ਼ੁਰਗਾਂ ਅਤੇ ਸਾਡੇ ਬਾਦਸ਼ਾਹਾਂ ਵਿਚਾਲੇ ਜੋ ਮਿਤਰਾਚਾਰੀ ਸੀ ਉਸ ਨਾਲ ਇਤਿਹਾਸ ਭਰਿਆ ਪਿਆ ਹੈ। ਮੈਂ ਅਲੀ ਮੁਰਤਜ਼ਾ ਦੀ ਸੁਗੰਧ ਖਾ ਕੇ ਆਖਦਾ ਹਾਂ ਕਿ ਮੇਰ ਅੰਦਰ ਮਿਤਰਾਚਾਰੀ ਅਤੇ ਇਸਲਾਮ ਦੀ ਦੋਸਤੀ ਤੋਂ ਛੁਟ ਹੋਰ ਹੋਈ ਖਿਆਲ ਨਹੀਂ। ਜੇ ਆਪ ਨੂੰ ਮੇਰੇ ਕਥਨ ਵਿਚ ਕੋਈ ਸ਼ਕ ਹੋਵੇ ਤਾਂ ਭਾਵੇਂ ਹੋਵੇ ਪਰ ਮੈਂ ਸਦਾ ਹੀ ਆਪ ਦੇ ਖਾਨਦਾਨ ਦਾ ਮਿਤਰ ਰਿਹਾ ਹਾਂ ਤੇ ਅਗੋਂ ਵੀ ਰਹਾਂਗਾ।

ਅਟਕ ਦੇ ਸਥਾਨ ਉਤੇ ਨਾਦਰ ਸ਼ਾਹ ਨੇ ਹਿੰਦੀ ਪੁਸ਼ਾਕ ਧਾਰਨ ਕਰ ਲਈ ਅਤੇ ਤਖਤ ਉਤੇ ਵੀ ਹਿੰਦੀ ਸ਼ਹਿਨਸ਼ਾਹਾਂ ਵਾਂਗ ਹੀ ਬੈਠਣਾ ਸ਼ੁਰੂ ਕਰ ਦਿਤਾ।

## ਨਾਦਰ ਸ਼ਾਹ ਦਾ ਪੰਜਾਬ ਵਿਚ ਦਾਖਲਾ

ਨਾਦਰ ਸ਼ਾਹ ਨੇ ਹੁਣ ਦਰਿਆ ਸਿੰਧ ਨੂੰ ਵੀ ਪਾਰ ਕਰ ਲਿਆ ਹਾਲਾਂਕਿ ਇਹ ਦਰਿਆ ਉਸ ਮੌਸਮ ਵਿਚ ਬਰਸਾਤ ਦੇ ਕਾਰਨ ਉਛਾਲ ਖਾ ਰਿਹਾ ਅਤੇ ਬੜੀ ਤੇਜ਼ੀ ਨਾਲ ਵਗ ਰਿਹਾ ਸੀ। ਪੰਜਾਬ ਵਿਚ ਦਾਖਲ ਹੋ ਕੇ ਉਸ ਨੇ ਆਪਣੀ ਫੌਜ ਨੂੰ ਹੁਕਮ ਦਿਤਾ ਕਿ ਉਹ ਦੇਸ ਨੂੰ ਲੁਟ ਲਏ ਅਤੇ ਹਰ ਥਾਂ ਉਤੇ ਅਗ ਅਤੇ ਤਲਵਾਰ ਦੀ ਅਜ਼ਾਦਾਨਾ ਵਰਤੋਂ ਕਰੇ। ਨਾਦਰ ਸ਼ਾਹੀ ਫੌਜਾਂ ਦੀ ਲੁਟ ਮਾਰ ਤੇ ਸਾੜ ਫੂਕ ਨਾਲ ਸਾਰੇ ਪੰਜਾਬ ਵਿਚ ਹਾਹਾਕਾਰ ਮਚ ਗਈ। ਨਾਦਰ ਸ਼ਾਹੀ ਤਬਾਹੀ ਤੇ ਬਰਬਾਦੀ ਜੋ ਪੰਜਾਬ ਵਿਚ ਸ਼ੁਰੂ ਹੋਈ ਉਹ ਬਾਕੀ ਦੇ ਹਿੰਦੁਸਤਾਨ ਵਿਚ ਵੀ ਫੈਲ ਗਈ। ਸਾਰੇ ਦੇਸ ਦੇ ਵਿਚ ਦਹਿਸ਼ਤ ਤੇ ਡਰ ਫੈਲ ਗਿਆ ਅਤੇ ਉਸ ਦੀਆਂ ਜਿੱਤਾਂ ਤੇ ਜ਼ੁਲਮਾਂ ਦੀ ਚਰਚਾ ਘਰ ਘਰ ਸ਼ੁਰੂ ਹੋ ਗਈ।

## ਚਨਾਬ ਤੇ ਜਿਹਲਮ ਪਾਰ ਕਰਨਾ

ਇਸ ਦੇ ਮਗਰੋਂ ਨਾਦਰ ਸ਼ਾਹ ਨੇ ਤੁਰਕਮਾਨੀ ਫੌਜ ਲੈ ਕੇ ਦਰਿਆ ਜਿਹਲਮ ਪਾਰ ਕੀਤਾ। ਇਸ ਤੋਂ ਪਿਛੋਂ ਬਿਨਾਂ ਕਿਸ਼ਤੀਆਂ ਦੇ ਹੀ ਸ਼ਾਹ ਦੌਲਾ ਦੇ ਅਸਥਾਨ ਤੋਂ ਚਨਾਬ ਨੂੰ ਵੀ ਪਾਰ ਕਰ ਲਿਆ। ਮਿਰਜ਼ਾ ਮਹਿਦੀ ਦੇ ਲਫਜ਼ਾਂ ਵਿਚ ਇਹ ਦਰਿਆ "ਸਾਗਰ ਵਾਂਗ ਤੁੰਦ ਤੇ ਸਮੁੰਦਰ ਦੀ ਤਬਾਹੀ ਮਚਾਊ ਬਾਂਹ ਹੈ। ਮੁਗਲ ਬਾਦਸ਼ਾਹ ਦਾ ਮੁਲਾਜ਼ਮ ਕਲੰਦਰ ਖਾਨ, ਲਾਹੌਰ ਦੇ ਵਾਇਸਰਾਏ ਦਾ ਨਾਇਬ ਐਮਨਾਬਾਦ ਦਾ ਇਨਚਾਰਜ ਸੀ ਜੋ ਕਿ ਲਾਹੌਰ ਦਾ ਮਾਤਹਿਤ ਸੀ। ਉਹਦੇ ਪਾਸ ਦਸ ਹਜ਼ਾਰ ਘੁੜ ਸਵਾਰ ਫੌਜ ਸੀ।

## ਅਮੀਰ ਖਾਨ ਦਾ ਐਮਨਾਬਾਦ ਉਤੇ ਕਬਜ਼ਾ

ਨਾਸਰ ਖਾਂ ਦੇ ਇਕ ਬਾਜਗੁਜ਼ਾਰ ਸਰਦਾਰ ਅਮੀਰ ਖਾਂ, ਜਿਸ ਨੇ ਹੁਣ ਨਾਦਰ ਸ਼ਾਹ ਦੀ ਈਨ ਮੰਨ ਲਈ ਸੀ, ਆਪਣੇ ਆਦਮੀਆਂ ਅਤੇ ਕਜ਼ਲ ਬਾਸ਼ੀਆਂ ਦੀ ਤਕੜੀ ਫੌਜ ਲੈ ਕੇ ਐਮਨਾਬਾਦ ਉਤੇ ਸ਼ਬ ਖੂਨ (ਰਾਤ ਦਾ ਹਮਲਾ) ਮਾਰਿਆ। ਕਲੰਦਰ ਖਾਨ ਜੰਗ ਵਿਚ ਮਾਰਿਆ ਗਿਆ ਤੇ ਅਮੀਰ ਖਾਨ ਨੇ ਆਪਣੇ ਆਦਮੀਆਂ ਦਾ ਫੌਜ ਉਥੇ ਬਿਠਾ ਦਿਤੀ। ਪੰਜਾਬ ਦਾ ਵਾਇਸਰਾਏ ਜ਼ਕਰੀਆ ਖਾਨ ੨੦ ਹਜ਼ਾਰ ਘੁੜ ਸਵਾਰ ਫੌਜ ਲੈ ਕੇ ਲਾਹੌਰ ਤੋਂ ੧੦ ਕੋਹ ਤੇ ਪਹੁੰਚਾ ਸੀ ਕਿ ਉਸ ਨੂੰ ਐਮਨਾਬਾਦ ਉਤੇ ਕਬਜ਼ੇ ਦੀ ਖਬਰ ਪੁਜ ਗਈ। ਇਹ ਸੁਣਕੇ ਉਹ ਰਾਜਧਾਨੀ ਨੂੰ ਵਾਪਸ ਮੁੜ ਆਇਆ। ਈਰਾਨੀ ਫੌਜ ਨੇ ਉਹ ਸਭ ਨਗਰ ਤੇ ਪਿੰਡ ਜੋ ਰਸਤੇ ਵਿਚ ਆਏ ਲੁਟ ਪੁਟ ਲਏ ਅਤੇ ਉਥੋਂ ਦੇ ਵਸਨੀਕਾਂ ਦਾ ਕਤਲਿਆਮ ਕੀਤਾ। ਸ਼ਵਾਲ ਦੀ ਪਹਿਲੀ ਤਾਰੀਖ ਨੂੰ ਈਰਾਨੀ ਬਾਦਸ਼ਾਹ ਦਰਿਆ ਰਾਵੀ ਦੇ ਕਿਨਾਰੇ ਆਨ ਪੁਜਾ। ਉਸ ਨੇ ਦਰਿਆ ਨੂੰ ਪੈਦਲ ਪਾਰ ਕਰ ਲਿਆ। ਉਸ ਦੀ ਫੌਜ ਤੇ ਲਾਹੌਰ ਦੀ ਫੌਜ ਦੇ ਆਮ੍ਹੋ ਸਾਮ੍ਹਣੇ ਹੁੰਦ ਹੀ ਲੜਾਈ ਛਿੜ ਗਈ।

## ਲਾਹੌਰ ਦੇ ਗਵਰਨਰ ਦੀ ਹਾਰ

ਇਸ ਲੜਾਈ ਵਿਚ ਲਾਹੌਰ ਦੇ ਗਵਰਨਰ ਨੂੰ ਲਕ ਤੋੜ ਹਾਰ ਹੋਈ ਅਤੇ ਉਸ ਦੀ ਫੌਜ ਦੀ ਬੜੀ ਕਟਾ ਵਢੀ ਹੋਈ ਜਿਸ ਕਰਕੇ ਉਸਨੂੰ ਪਸਪਾ ਹੋਣਾ ਪਿਆ। ਪਰ ਵਿਜਈ ਫੌਜਾਂ ਨੇ ਭਜਦੀ ਹੋਈ ਫੌਜ ਦਾ ਦੂਰ ਤੀਕ ਪਿੱਛਾ ਕੀਤਾ ਅਤੇ ਸ਼ਾਹ ਉਦੋਂ ਗਿਆ ਜਦ ਲਾਹੌਰ ਦੇ ਦਰਵਾਜ਼ਿਆਂ ਉਤੇ ਆਪਣਾ ਅਧਿਕਾਰ ਜਮਾ ਲਿਆ। ਜ਼ਕਰੀਆ ਖਾਨ ਨਸ ਕੇ ਕਿਲੇ ਵਿਚ ਆਣ ਵੜਿਆ ਅਤੇ ਇਥੋਂ ਬਚਾਊ ਜੰਗ ਲੜਨ ਲਗਾ। ਕਿਲੇ ਦੀਆਂ ਕੰਧਾਂ ਉਤੇ ਤੋਪਾਂ ਬੀੜ ਦਿਤੀਆਂ ਅਤੇ ਆਪਣੀ ਪੁਜ਼ੀਸ਼ਨ ਨੂੰ ਹਰ ਸੰਭਵ ਤਰੀਕੇ ਨਾਲ ਪਕਿਆਂ ਕਰ ਲਿਆ।

## ਸ਼ਾਹ ਈਰਾਨ ਸ਼ਾਲਾਮਾਰ ਬਾਗ ਵਿਚ

ਸ਼ਾਹ ਈਰਾਨ ਨੇ ਚੌਥੇ ਦਿਨ ਰਾਵੀ ਪਾਰ ਕੀਤੀ ਅਤੇ ਆਪਣਾ ਕੈਂਪ ਸ਼ਾਲਾਮਾਰ ਬਾਗ ਵਿਚ ਜਾ ਲਾਇਆ।

ਲਾਹੌਰ ਦੇ ਵਾਇਸਰਾਏ ਅਜ਼ੁਦ ਦੌਲ ਨਵਾਬ ਜ਼ਕਰੀਆ ਖਾਨ ਉਪਨਾਮ ਖਾਨ ਬਹਾਦਰ ਆਪਣੇ ਇਕ ਸਿਰਕਢ ਕਰਮਚਾਰੀ ਨੂੰ ਸ਼ਾਹ ਪਾਸ ਮਾਫੀ ਲੈਣ ਲਈ ਤੇ ਮੁਕੰਮਲ ਮਾਤਹਿਤੀ ਦਾ ਭਰੋਸਾ ਦੇਣ ਲਈ ਰਵਾਨਾ ਕੀਤਾ। ਸ਼ਾਹ ਈਰਾਨ ਨੇ ਆਪਣੀ ਵਲੋਂ ਆਪਣੇ ਦਰਬਾਰੀ ਅਮੀਰ ਕਫਾਇਤ ਖਾਨ ਨੂੰ ਸ਼ਰਤਾਂ ਤਹਿ ਕਰਨ ਲਈ ਨਿਯਤ ਕੀਤਾ।

## ਬਾਜ਼ ਅਦਾ ਕਰਨ ਤੇ ਸ਼ਹਿਰ ਲੁਟ ਮਾਰ ਤੋਂ ਬਚ ਗਿਆ

੧੨ ਸ਼ਿਵਾਲੀ ਨੂੰ ਵਾਇਸਰਾਏ ਨਾਲ ਵਜ਼ੀਰ ਅਬਦੁਲ ਬਾਕੀ ਨੇ ਮੁਲਾਕਾਤ ਕੀਤੀ ਅਤੇ ਉਸ ਨੂੰ ਆਪਣੇ ਨਾਲ ਸ਼ਾਹ ਦੇ ਹਜ਼ੂਰ ਲੈ ਗਿਆ। ਬਾਦਸ਼ਾਹ ਨੇ ਵਾਇਸਰਾਏ ਦਾ ਬੜੇ ਆਦਰ ਤੇ ਮਾਨ ਨਾਲ ਸਵਾਗਤ ਕੀਤਾ ਅਤੇ ਉਸ ਨੂੰ ਸੁਨਹਿਰੀ ਝਾਲਰ ਵਾਲੀ ਚਪਕਨ, ਹੀਰੇ ਜੜਤ ਖੰਜਰ ਅਤੇ ਇਕ ਘੋੜਾ ਪੇਸ਼ ਕੀਤਾ। ੧੪ ਤਰੀਕ ਨੂੰ ਵਾਇਸਰਾਏ ਦੀ ਮੁੜ ਬਾਦਸ਼ਾਹ ਨਾਲ ਮੁਲਾਕਾਤ ਸ਼ਾਲਾਮਾਰ ਬਾਗ ਦੇ ਸ਼ਾਹੀ ਕੈਂਪ ਵਿਚ ਹੋਈ। ਵਾਇਸਰਾਏ ਨੇ ਤਹਿ ਹੋਈਆਂ ਸ਼ਰਤਾਂ ਅਨੁਸਾਰ ਵਿਜਈ ਦੇ ਤਖਤ ਅਗੇ ੨੦ ਲਖ ਰੁਪਇਆ ਧਰ ਦਿਤਾ ਜਿਸ ਦਾ ਇਕ ਭਾਗ ਸ਼ਾਹੀ ਖਜ਼ਾਨੇ ਵਿਚੋਂ ਲਿਆ ਸੀ ਤੇ ਬਾਕੀ ਅਮੀਰ ਸ਼ਹਿਰੀਆਂ ਪਾਸੋਂ ਚੰਦਾ ਇਕਤਰ ਕਰਕੇ ਜਮਾ ਕੀਤਾ ਸੀ।

---

†"ਤਜ਼ਕਰਾ" ਦੇ ਲੇਖਕ ਅਨੰਦ ਰਾਮ ਮੁਖਲਿਸ ਦੇ ਕਥਨ ਅਨੁਸਾਰ ਲੜਾਈ ਅਗਲੇ ਦਿਨ ਮੁੜ ਸ਼ੁਰੂ ਹੋਈ ਅਤੇ ਮੈਦਾਨ ਜੰਗ ਲਾਸ਼ਾਂ ਨਾਲ ਭਰ ਗਿਆ। ਨਾਦਰ ਸ਼ਾਹ ਦੇ ਹਿੰਦ ਵਿਚ ਕਿ ਆਮ ਸਮੇਂ ਜੋ ਕੁਛ ਬੀਤਿਆ ਆਨੰਦ ਰਾਮ ਨੇ ਉਹ ਸਭ ਅੱਖੀਂ ਡਿਠਾ ਸੀ ਸਗੋਂ ਆਪ ਵੀ ਨੁਕਸਾਨ ਉਠਾਇਆ ਸੀ। ਉਸ ਪਾਸੋਂ ਪੰਜ ਲਖ ਰੁਪਇਆ ਖਸ ਲਿਆ ਗਿਆ।

Sri Satguru Jagjit Singh Ji eLibrary NamdhariElibrary@gmail.com

ਇਸ ਰਕਮ ਤੋਂ ਛੁਟ ਕੁਛ ਹਾਥੀ ਵੀ ਵਿਜਈ ਦੀ ਨਜ਼ਰ ਕੀਤੇ ਗਏ। ਈਰਾਨੀ ਬਾਦਸ਼ਾਹ ਨੇ ਇਹ ਭੇਟਾ ਪਰਵਾਨ ਕਰ ਲਈ ਜਿਸ ਕਰਕੇ ਲਾਹੌਰ ਲੁਟ ਮਾਰ ਤੇ ਕਤਲਿਆਮ ਤੋਂ ਬਚ ਗਿਆ।

ਬਾਦਸ਼ਾਹ ਨੇ ਜ਼ਕਰੀਆ ਖਾਨ ਨੂੰ ਆਪਣੀ ਵਲੋਂ ਲਾਹੌਰ ਦੀ ਸਰਕਾਰ ਬਖਸ਼ ਦਿਤੀ ਅਤੇ ਉਸ ਨੂੰ ਇਜ਼ਤ ਨਾਲ ਵਾਪਸ ਮੋੜਿਆ। ਸ਼ਾਹ ਨੇ ਜ਼ਕਰੀਆ ਖਾਨ ਦੇ ਦੂਜੇ ਭਾਈ ਹਯਾਤ ਉਲਾ ਖਾਨ ਨੂੰ ਆਪਣੇ ਪਾਸ ਮੁਲਾਜ਼ਮ ਰਖ ਲਿਆ ਅਤੇ ਉਸਦੇ ਸਪੁਰਦ ਪੰਜ ਸੌ ਘੁੜ ਸਵਾਰ ਫੌਜ ਦੀ ਕਮਾਨ ਕਰ ਦਿਤੀ। ਇਸਦੇ ਨਾਲ ਹੀ ਫਖ਼ਰ ਉਦ ਦੌਲਾ ਅਮੀਨ ਉਲ ਦੀਨ ਖਾਨ ਨੂੰ ਕਸ਼ਮੀਰ ਦਾ ਸੂਬੇਦਾਰ ਥਾਪ ਕੇ ਤੇ ਬਹੁਤ ਸਾਰੀ ਫੌਜ ਦੇ ਕੇ ਉਧਰ ਭੇਜ ਦਿਤਾ।

## ਨਾਦਰ ਦੀ ਦਿਲੀ ਵਲ ਰਵਾਨਗੀ

ਇਉਂ ਪੰਜਾਬ ਦੇ ਮਾਮਲੇ ਨਜਿਠਣ ਮਗਰੋਂ ੨੯ ਦਸੰਬਰ ਨੂੰ ਸ਼ਾਹ ਲਾਹੌਰ ਤੋਂ ਦਿਲੀ ਵਲ ਰਵਾਨਾ ਹੋਇਆ।

## ਲਾਹੌਰ ਵਿਚ ਸਿੱਕਾ ਚਾਲੂ ਕੀਤਾ

ਉਸ ਨੇ ਲਾਹੌਰ ਵਿਚ ਸੋਨੇ ਦਾ ਸਿੱਕਾ ਚਾਲੂ ਕੀਤਾ ਜਿਸਦੇ ਪੁੱਠੇ ਪਾਸੇ ਵਲ ਨਾਦਰ ਉਲ ਸੁਲਤਾਨ ਉਕਰਿਆ ਹੋਇਆ ਸੀ ਅਤੇ ਉਸ ਦੇ ਸਾਹਮਣੇ ਪਾਸੇ ਲਫਜ਼ 'ਜਰਬ ਦਾਰੁਲ ਸਲਤਨਤ ਲਾਹੌਰ ੧੧੫੧ ਖੁਲਦ ਅਲਾ ਮਲਕਾ ਅਰਥਾਤ ਲਾਹੌਰ ਰਾਜਧਾਨੀ ਵਿਚੋਂ ਚਾਲੂ ਕੀਤਾ ੧੧੫੧ ਰਬ ਉਸ ਦੇ ਰਾਜ ਨੂੰ ਕਾਇਮ ਰਖੇ ਦਰਜ ਸਨ। ਦਰਿਆ ਬਿਆਸ ਦੇ ਕੰਢੇ ਪੁਜ ਕੇ ਉਸ ਜ਼ਾਲਮ ਨੇ ਹੁਕਮ ਦਿਤਾ ਕਿ ਇਕ ਹਜ਼ਾਰ ਸਤ ਸ਼ਾਹੀ ਕੈਦੀਆਂ ਨੂੰ, ਜਿਨ੍ਹਾਂ ਨੂੰ ਉਹ ਪਸ਼ੌਰ ਤੋਂ ਲਾਹੌਰ ਤੀਕ ਦੇ ਸਫਰ ਵਿਚ ਕੈਦ ਕਰਕੇ ਲਿਆਇਆ ਹੈ, ਨਿਰਦੈਤਾ ਨਾਲ ਕਤਲ ਕਰ ਦਿਤਾ ਜਾਏ। ਇਸ ਹੁਕਮ ਦੀ ਤੁਰਤ ਪਾਲਣਾ ਕੀਤੀ ਗਈ।

ਇਸ ਦੇ ਮਗਰੋਂ ਨਾਦਰ ਸ਼ਾਹ ਨੇ ਦਿਲੀ ਵਲ ਆਪਣਾ ਕੂਚ ਬਰਾਬਰ ਜਾਰੀ ਰਖਿਆ। ੧੪ ਫਰਵਰੀ ਨੂੰ ਉਹ ਕਰਨਾਲ ਦੇ ਮੈਦਾਨੀ ਇਲਾਕੇ ਵਿਚ ਪੁਜ ਗਿਆ। ਸ਼ਹਿਨਸ਼ਾਹ ਦਿਲੀ ਫੌਜਾਂ ਲੈ ਕੇ ਉਥੇ ਦੋ ਦਿਨ ਪਹਿਲੇ ਹੀ ਪਹੁੰਚ ਚੁਕਾ ਸੀ। ਏਥੇ ਉਸ ਨੂੰ ਬੁਰਹਾਨ ਉਲ ਮੁਲਕ ਸਾਅਦਤ ਖਾਨ ਵਾਇਸਰਾਇ ਅਵਧ; ਖਾਨਿ ਦੌਰਾਨ ਖਾਨ, ਕਮਾਂਡਰ-ਇਨ ਚੀਫ ਆਸਫ ਜਾਹ, ਨਿਜ਼ਾਮ ਉਲ ਮੁਲਕ ਵਾਇਸਰਾਏ ਦਖਣ, ਅਤੇ ਕਮਰ ਉਦ ਦੀਨ ਖਾਨ ਵਜ਼ੀਰ ਆਜ਼ਮ ਵੀ ਆ ਮਿਲੇ। ਮੁਗਲ ਅਤੇ ਈਰਾਨੀ ਫੌਜਾਂ ਨਹਿਰ ਅਲੀ ਮਰਦਾਨ ਖਾਨ ਦੇ ਦੋਹੀਂ ਪਾਸੀਂ ਡਟ ਗਈਆਂ। ਮੁਗਲ ਫੌਜਾਂ ਨੇ ਆਪਣੇ ਪਾਸੇ ਵਲ ਮੋਰਚੇ ਤਿਆਰ ਕਰ ਰਖੇ ਸਨ ਅਤੇ ਉਚੇ ਟਿਲਿਆਂ ਉਤੇ ੫੮੦ ਤੋਪਾਂ ਬੀੜ ਲਈਆਂ ਸਨ। ਹਿੰਦੀ ਫੌਜ ਡੇਢ ਲਖ ਘੁੜ ਸਵਾਰ ਫੌਜ ਸੀ। ਬੇਕਾਇਦਾ ਘੁੜ ਸਵਾਰ ਫੌਜ ਇਸ ਤੋਂ ਅਡ ਸੀ। ਇਹ ਫੌਜ ਤਿੰਨਾਂ ਡਵੀਜ਼ਨਾਂ ਵਿਚ ਵੰਡੀ ਗਈ ਜੋ ਬਹੁਤ ਸਾਰੇ ਇਲਾਕੇ ਵਿਚ ਫੈਲੇ ਹੋਏ ਸਨ। ਹਿੰਦੀ ਫੌਜ ਨਾਲ ਬਹੁਤ ਸਾਰੇ ਹਾਥੀ ਵੀ ਸਨ ਤਾਂ ਜੋ ਈਰਾਨੀ ਹਮਲਾ ਆਵਰਾਂ ਨੂੰ ਇਨ੍ਹਾਂ ਦਾ ਡਰਾਵਾ ਦਿਤਾ ਜਾਏ। ਉਹ ਇਸ ਗਲ ਨੂੰ ਭੁਲ ਗਏ ਸਨ ਕਿ ਇਹ ਕਦ ਆਵਰ ਜਾਨਵਰ ਅਤੇ ਬੇਗਿਣਤ ਤੋਪ ਖਾਨਾ ਫੌਜੀ ਨਕਲ ਹਰਕਤ ਵਿਚ ਰੋਕ ਸਾਬਤ ਹੋਣਗੇ।

## ਕਰਨਾਲ ਵਿਚ ਮੁਗਲ ਫੌਜ ਦੀ ਹਾਰ

ਈਰਾਨੀ ਸਿਪਾਹੀ ਭਾਵੇਂ ਗਿਣਤੀ ਦੇ ਲਿਹਾਜ਼ ਨਾਲ ਬਹੁਤ ਹੀ ਘਟੀਆ ਸਨ ਪਰ ਉਹ ਹਥਿਆਰ ਚਲਾਉਣ ਵਿਚ ਬੜੇ ਮਾਹਰ ਤੇ ਪੂਰੇ ਜ਼ਬਤਬੰਦ ਸਨ। ਉਹ ਆਪਣੀ ਸਖਤ ਜਾਨ ਲੀਡਰ ਦੇ ਮਾਤਹਿਤ ਰਹਿ ਕੇ ਸਖਤ ਮੁਸੀਬਤਾਂ ਸਹਾਰਨ ਦੇ ਆਦੀ ਹੋ ਚੁਕੇ ਸਨ। ਸਾਅਦਤ ਨੇ ਈਰਾਨੀ ਸ਼ਾਹ ਦੀਆਂ ਫੌਜਾਂ ਨਾਲ ਮੈਦਾਨ ਵਿਚ ਦੋ ਦੋ ਹਥ ਕਰਨ ਦਾ ਫੈਸਲਾ ਕਰ ਕੇ ਲੜਾਈ ਛੇੜ ਦਿਤੀ। ਈਰਾਨੀ ਫੌਜਾਂ ਬਚਾਉ ਕਰਦੀਆਂ ਰਹੀਆਂ। ਹਮਲਾ ਆਵਰ ਫੌਜ ਵਿਰੁਧ ਜਾਰਹਾਨਾ ਕਾਰਰਵਾਈ ਸ਼ੁਰੂ ਕਰ ਦੇਣਾ ਵਡੀ ਮੂਰਖਤਾ ਹੈ। ਨਿਕਮੀ ਤੇ ਨਮਰਦ ਹਿੰਦੀ ਫੌਜ ਸਖਤ ਜਾਨ ਤੁਰਕਮਾਨਾਂ ਦੀ ਵਰਿਆਮਗੀ ਅਗੇ ਠਹਿਰ ਨ ਸਕੀ। ਚਾਰ ਘੰਟਿਆਂ ਦੀ ਭਿਆਨਕ ਕਟਾਵਢ ਤੇ ਅਫਰਾਤਫਰੀ ਮਗਰੋਂ ਸਭ ਤੋਂ ਪਹਿਲੇ ਸਾਅਦਤ ਨੇ ਹਾਰ ਖਾਧੀ। ਲੜਾਈ ਵਿਚ ਖਾਨਿ ਦੌਰਾਨ ਵੀ ਉਸ ਨਾਲ ਆਨ ਸ਼ਾਮਲ ਹੋਇਆ ਤੇ ਉਸ ਨੇ ਬੜੀ ਦਰਿੜਤਾ ਦਾ ਸਬੂਤ ਦਿਤਾ। ਅੰਤ ਨੂੰ ਹਿੰਦੀ ਫੌਜ ਨੇ ਜੀ ਛਡ ਦਿਤਾ। ਈਰਾਨੀਆਂ ਨੇ ਸਾਅਦਤ ਨੂੰ ਕੈਦ ਕਰ ਲਿਆ ਅਤੇ ਮੈਦਾਨ ਜੰਗ ਵਿਚ ਫਟੜ ਹੋ ਚੁਕੇ ਦੌਰਾਨ ਨੂੰ ਉਹਦੇ ਕੈਂਪ ਵਿਚ ਪੁਚਾ ਦਿਤਾ ਜਿਥੇ ਉਹ ਮਰ ਗਿਆ। ਦੌਰਾਨ ਦੇ ਮਨਚਲੇ ਭਾਈ ਮੁਜ਼ਫਰ ਨੇ ਈਰਾਨੀ ਫੌਜ ਉਤੇ ਨਵੇਂ ਸਿਰੇ ਹਮਲਾ ਕੀਤਾ। ਉਸ ਦੇ ਮਾਤਹਿਤ ਲੜਨ ਵਾਲਿਆਂ ਵਿਚ ਅਲੀ, ਉਸ ਦਾ ਪੁਤਰ, ਰਾਜਾ ਗਜਰਾਰ ਮਲ ਅਤੇ ਕਈ ਹੋਰ ਕਰਮਚਾਰੀ ਵੀ ਸਨ। ਮੁਜ਼ਫਰ ਨੇ ਜੰਗ ਵਿਚ ਬੜੀ ਬਹਾਦਰੀ ਦਾ ਸਬੂਤ ਦਿਤਾ ਅਤੇ ਦੇਰ ਚਿਰ ਮੈਦਾਨ ਵਿਚ ਡਟਿਆ ਰਿਹਾ। ਬੜੀ ਲਹੂ ਡੋਲ੍ਹਵੀਂ ਲੜਾਈ ਹੋਈ ਜਿਸ ਵਿਚ ਦਸ ਹਜ਼ਾਰ ਹਿੰਦੀ ਫੌਜ ਮਾਰੀ ਗਈ। ਇਸ ਮਹਾ ਭਿਆਣਕ ਜੰਗ ਮਗਰੋਂ ਬਾਕੀ ਬਚੀ ਹਿੰਦੀ ਫੌਜ ਵਾਪਸ ਆਪਣੀਆਂ ਖੰਦਕਾਂ ਵਿਚ ਆ ਗਈ। ਇਸ ਜੰਗ ਵਿਚ ਦਸ ਹਿੰਦੀ ਰਾਜੇ ਤੇ ਨਵਾਬ ਵਡੇ ਵਡੇ ਔਹਦਿਆਂ ਵਾਲੇ ਇਕ ਇਕ ਸਰਦਾਰ ਤੇ ਸਿਰਕਢ ਅਫਸਰ ਅਤੇ ਤੀਹ ਹਜ਼ਾਰ ਸਿਪਾਹੀ ਮੈਦਾਨਿ ਜੰਗ ਵਿਚ ਮਾਰੇ ਗਏ।

## ਸ਼ਹਿਨਸ਼ਾਹ ਦਾ ਕੈਂਪ ਘੇਰੇ ਵਿਚ

ਦਿਲੀ ਦੇ ਸ਼ਹਿਨਸ਼ਾਹ ਦੇ ਕੈਂਪ ਦੇ ਉਦਾਲੇ ਜਿਤਨੀਆਂ ਵੀ ਵਡੀਆਂ ਚੌਕੀਆਂ ਸਨ। ਉਹਨਾਂ ਸਭਨਾ ਉਤੇ ਵਿਜਈ ਨੇ ਕਬਜ਼ਾ ਕਰ ਲਿਆ। ਵਿਜਈ ਨੇ ਸ਼ਾਹੀ ਕੈਂਪ ਨੂੰ ਘੇਰ ਲਿਆ ਅਤੇ ਰਸਦ ਰਸਾਨੀ ਨੂੰ ਅੰਦਰ ਜਾਣੋਂ ਰੋਕ ਦਿਤਾ।

## ਮੁਹੰਮਦ ਸ਼ਾਹ ਦੀ ਤਾਗ ਛਡਣ ਲਈ ਤਿਆਰੀ

ਮੁਗਲ ਫੌਜਾਂ ਦੀ ਭਾਜੜ ਤੇ ਹਾਰ ਮਗਰੋਂ ਤੀਜੇ ਦਿਨ ਮੁਹੰਮਦ ਸ਼ਾਹ ਨੇ ਦਰਿੜ ਫੈਸਲਾ ਕਰ ਲਿਆ ਕਿ ਵਜਈ ਪਾਸੋਂ ਰਹਿਨ ਪਰਾਪਤ ਕਰਨ ਲਈ ਆਪਣੇ ਤਾਜ ਤਖਤ ਤੋਂ ਦਸਤਬਰਦਾਰ ਹੋ ਜਾਏ। ਉਸ ਨੇ ਆਪਣੇ ਇਸ ਇਰਾਦੇ ਤੋਂ ਪਹਿਲੇ ਹੀ ਨਾਦਰ ਸ਼ਾਹ ਨੂੰ ਇਤਲਾਹ ਦੇ ਦਿਤੀ ਅਤੇ ੨੦ ਤਾਰੀਖ ਦੀ ਸਵੇਰ ਨੂੰ ਆਪਣੇ ਗਸ਼ਤੀ ਤਖਤ ਉਤੇ ਈਰਾਨੀ ਕੈਂਪ ਵਲ ਤੁਰ ਪਿਆ। ਬਾਦਸ਼ਾਹ ਦੇ ਨਾਲ ਦਖਣ ਦਾ ਵਾਇਸਰਾਏ, ਮਹਾਂ ਮੰਤਰੀ, ਅਤੇ ਦੂਜੇ ਕਈ ਦਰਬਾਰੀ ਅਤੇ ਅਮਲਾ ਫੈਲਾ ਵੀ ਸੀ।

## ਨਾਦਰ ਨਾਲ ਮੁਲਾਕਾਤ

ਸ਼ਾਹ ਈਰਾਨ ਨੇ, ਇਹ ਸੁਣ ਕੇ ਕਿ ਦਿਲੀ ਦਾ ਸ਼ਹਿਨਸ਼ਾਹ ਚਲ ਕੇ ਆ ਰਿਹਾ ਹੈ ਆਪਣੇ ਬੇਟੇ ਨਸਰੁਲਾ ਮਿਰਜ਼ਾ ਨੂੰ ਬਾਦਸ਼ਾਹ ਨੂੰ ਕੈਂਪ ਵਿਚ ਲੈ ਆਉਣ ਲਈ ਰਵਾਨਾ ਕੀਤਾ। ਸ਼ਾਹਜ਼ਾਦਾ ਨੇ ਬਾਦਸ਼ਾਹ ਨਾਲ ਕੈਂਪ ਦੀ ਹਦ ਉਤੇ ਮੁਲਾਕਾਤ ਕੀਤੀ। ਮੁਹੰਮਦ ਸ਼ਾਹ ਆਪਣੇ ਗਸ਼ਤੀ ਤਖਤ ਉਤੋਂ ਉਤਰ ਆਇਆ, ਸ਼ਾਹਜ਼ਾਦੇ ਨਾਲ ਬਗਲ ਗੀਰ ਹੋਇਆ, ਅਤੇ ਉਸ ਨੂੰ ਆਪਣੇ ਨਾਲ ਬਿਠਾ ਲਿਆ। ਜਦ ਇਹ

ਪਾਰਟੀ ਸ਼ਾਹੀ ਖੈਮੇ ਪਾਸ ਪੁਜੀ ਤਦ ਨਾਦਰ ਸ਼ਾਹ ਨੇ ਅਗੇ ਵਧਕੇ ਸ਼ਹਿਨਸ਼ਾਹ ਦਾ ਸੁਵਾਗਤ ਕੀਤਾ। ਦੋਵੇਂ ਬਾਦਸ਼ਾਹ ਇਕ ਦੂਜੇ ਨਾਲ ਗਲਵਕੜੀ ਹੋਏ ਅਤੇ ਦੋਵੇਂ ਹਥ ਵਿਚ ਹਥ ਦੇ ਕੇ ਸ਼ਾਹੀ ਮੁਲਾਕਾਤੀ ਖੈਮੇ ਅੰਦਰ ਦਾਖਲ ਹੋਏ, ਜਿਥੇ ਉਹ ਦੋਵੇਂ ਹੀ ਜਾ ਕੇ ਇਕ ਮਸਨਦ ਉਤ ਬੈਠ ਗਏ। ਏਨੇ ਨੂੰ ਭੋਜਨ ਤਿਆਰ ਹੋ ਗਿਆ। ਬਹਿਰੇ ਨੇ ਚਾਹ ਦੀ ਪਿਆਲੀ ਲਿਆ ਕੇ ਪਹਿਲੇ ਨਾਦਰ ਸ਼ਾਹ ਨੂੰ ਫੜਾਈ ਅਤੇ ਉਸ ਨੇ ਆਪਣੇ ਹਥਾਂ ਨਾਲ ਚਾਹ ਦੀ ਇਹ ਪਿਆਲੀ ਮੁਹੰਮਦ ਸ਼ਾਹ ਨੂੰ ਇਹ ਕਹਿਕੇ ਪੇਸ਼ ਕਰ ਦਿਤੀ ਕਿ—"ਬਾਦਸ਼ਾਹ ਸਲਾਮਤ ਨੇ ਆਪ ਦਰਸ਼ਨ ਦੇ ਕ ਮੇਰਾ ਮਾਨ ਵਧਾਇਆ ਹੈ, ਹੁਣ ਅਸੀਂ ਭਰਾ ਭਰਾ ਹਾਂ, ਦੁਆ ਹੈ, ਆਪ ਹਿੰਦੁਸਤਾਨ ਦੀ ਸਲਤਨਤ ਵਿਚ ਪ੍ਰਸੰਨ ਰਹੋ।" ਵਰਿਆ ਹੋਇਆ ਭੋਜਨ ਉਮਦਤ ਉਲ ਮੁਲਕ, ਅਮੀਰ ਖਾਨ ਬਹਾਦਰ, ਮੋਹਤਮਿਦ ਉਦ ਦੌਲਾ, ਮੁਹੰਮਦ ਇਸਹਾਕ ਖਾਨ ਬਹਾਦਰ, ਬਹਿਰਾਜ਼ ਖਾਨ ਅਤੇ ਦੂਜੇ ਸਰਦਾਰਾਂ ਵਿਚਾਲੇ ਜੋ ਮੁਹੰਮਦ ਸ਼ਾਹ ਨਾਲ ਆਏ ਸਨ, ਵੰਡ ਦਿਤਾ ਗਿਆ।

## ਨਾਦਰ ਸ਼ਾਹ ਦੀ ਮਿਲਨਸਾਰੀ

ਦੋਵਾਂ ਦੀ ਮਿਲਣੀ ਕੁਛ ਘੰਟੇ ਤੀਕ ਜਾਰੀ ਰਹੀ, ਨਾਦਰ ਸ਼ਾਹ ਨੇ ਇਸ ਸਮੇਂ ਵਧ ਤੋਂ ਵਧ ਮਿਲਨ ਸਾਰੀ ਤੇ ਮਿਤਰਾਚਾਰੀ ਦਾ ਵਖਾਵਾ ਪਾਇਆ। ਉਸ ਨੇ ਸ਼ਹਿਨਸ਼ਾਹ, ਦਿਲੀ ਦੀ ਉਸ ਕਾਰਰਵਾਈ ਤੇ ਅਫਸੋਸ ਪਰਗਟ ਕੀਤਾ ਜੋ ਉਸ ਨੇ ਮਰਹਟਿਆਂ ਨੂੰ ਚੌਥ ਦੀ ਆਗਿਆ ਦੇ ਕੇ ਕੀਤੀ ਅਤੇ ਗੈਰ ਮੁਲਕੀਆਂ ਨੂੰ ਆਪਣੇ ਰਾਜ ਉਤੇ ਹਮਲਾ ਕਰਨ ਦੀ ਖੁਲ੍ਹ ਦਿਤੀ। ਇਸ ਅਤਮ ਗਲ ਬਾਰੇ ਦਿਲੀ ਦੇ ਸ਼ਹਿਨਸ਼ਾਹ ਨੇ ਵਿਜਈ ਸਾਥੀ ਨੂੰ ਆਖਿਆ—"ਜੇ ਮੈਂ ਹਜ਼ੂਰ ਦੀ ਦਰਖਾਸਤ ਨੂੰ ਪਰਵਾਨ ਕਰਨ ਵਿਚ ਢਿਲ ਮਠ ਨ ਕਰਦਾ ਤਦ ਮੈਂ ਹਜ਼ੂਰ ਦੇ ਅਜ ਕਿਵੇਂ ਦਰਸ਼ਨ ਕਰ ਸਕਦਾ?" ਦਿਲੀ ਦੇ ਬਾਦਸ਼ਾਹ ਦੇ ਇਹ ਬਚਨ ਸੁਣ ਕੇ ਜੋਸ਼ੀਲੇ ਨਾਦਰ ਦੇ ਬੁਲ੍ਹਾਂ ਉਤੇ ਮੁਸਕਾਨ ਆ ਗਈ।

## ਸ਼ਹਿਨਸ਼ਾਹ ਦੀ ਈਰਾਨੀ ਕੈਂਪ ਵਿਚ ਪ੍ਰਾਹੁਣਾਚਾਰੀ

ਈਰਾਨੀ ਕੈਂਪ ਵਿਚ ਦਿਲੀ ਦੇ ਸ਼ਹਿਨਸ਼ਾਹ ਨਾਲ ਪ੍ਰਾਹੁਣੇ ਵਰਗਾ ਵਰਤਾ ਕੀਤਾ ਗਿਆ ਅਤੇ ਉਸ ਪ੍ਰਤੀ ਹਰ ਪਰਕਾਰ ਨਾਲ ਇਜ਼ਤ ਰਵਾ ਰਖੀ ਗਈ। ਇਕ ਹੋਰ ਤੰਬੂ ਵਿਚ ਜਾ ਕੇ ਨਾਦਰ ਸ਼ਾਹ ਨੇ ਆਪਣੇ ਵਜ਼ੀਰ ਨਾਲ ਫੇਰ ਸਲਾਹ ਮਸ਼ਵਰਾ ਕੀਤਾ ਕਿ ਅਗੋਂ ਲਈ ਕੀ ਪਾਲਿਸੀ ਧਾਰਨ ਕੀਤੀ ਜਾਏ। ਇਸ ਦੇ ਮਗਰੋਂ ਉਹ ਸ਼ਾਹੀ ਖੈਮੇ ਵਿਚ ਮੁੜ ਆਇਆ ਅਤੇ ਮੁਹੰਮਦ ਸ਼ਾਹ ਨੂੰ ਜਣੂੰ ਕੀਤਾ ਕਿ ਤੈਮੂਰ ਦੇ ਸ਼ਾਹੀ ਘਰਾਣੇ ਨੇ ਈਰਾਨੀ ਬਾਦਸ਼ਾਹਤ ਨਾਲ ਕੋਈ ਅਨੁਚਿਤ ਵਿਹਾਰ ਨਹੀਂ ਕੀਤਾ ਇਸ ਲਈ ਉਹਦੀ ਇਛਾ ਹੈ ਕਿ ਹਿੰਦੁਸਤਾਨ ਨੂੰ ਆਪਣੀ ਸਲਤਨਤ ਦਾ ਭਾਗ ਨ ਬਣਾਇਆ ਜਾਏ। ਪਰ ਸ਼ਰਤ ਇਹ ਹੈ ਕਿ ਸ਼ਹਿਨਸ਼ਾਹ ਉਸ ਨੂੰ ਜੰਗ ਦਾ ਹਰਜਾਨਾ ਅਦਾ ਕਰ ਦੇਵੇ।

## ਹਰਜਾਨਾ ਦੇਣਾ ਪਰਵਾਨ ਕੀਤਾ

ਮੁਹੰਮਦ ਸ਼ਾਹ ਨੇ ਇਹ ਸ਼ਰਤ ਪਰਵਾਨ ਕਰ ਲਈ ਨਾਲੇ ਇਹ ਵੀ ਮੰਨ ਲਿਆ ਕਿ ਨਾਦਰ ਦੀਆਂ ਫੌਜਾਂ ਕੁਛ ਸਮਾਂ ਰਾਜਧਾਨੀ ਵਿਚ ਰਹਿ ਕੇ ਸਫਰ ਦੀ ਥਕਾਨ ਦੂਰ ਕਰ ਲੈਣ ਅਤੇ ਫੇਰ ਰੁਪਇਆ ਲੈ ਕੇ ਰਵਾਨਾ ਹੋ ਜਾਣ।

## ਈਰਾਨੀ ਕੈਂਪ ਵਿਚ ਨਜ਼ਰ ਬੰਦੀ

ਸ਼ਹਿਨਸ਼ਾਹ ਨੂੰ ਖੁਲ੍ਹ ਕੀਤੀ ਗਈ ਕਿ ਉਹ ਆਪਣੇ ਹਰਮ ਉਥੇ ਹੀ ਬੁਲਾ ਲਏ ਅਤੇ ਉਹ ਆਪਣੇ ਸਾਰੇ ਪਰਿਵਾਰ ਦੇ ਮੈਂਬਰਾਂ ਤੇ ਉਮਰਾਵਾਂ ਨਾਲ ਨਜ਼ਰ ਬੰਦੀ ਵਿਚ ਰਹਿਣ। ਉਹਨਾਂ ਦੇ ਖੈਮੇ ਦੀ ਰਖਵਾਲੀ ਲਈ ਈਰਾਨੀ ਘੁੜ ਸਵਾਰ ਫੌਜ ਦਾ ਦਸਤਾ ਨਿਯਤ ਕੀਤਾ ਗਿਆ। ਹਿੰਦੀ ਫੌਜ ਬਿਨਾਂ ਅਫਸਰਾਂ ਦੇ ਹੀ ਰਹੀ ਅਤੇ ਈਰਾਨੀਆਂ ਨੇ ਅਸਤ੍ਰ ਖਾਨਾ, ਤੋਪਖਾਨਾ, ਗੋਲਾਬਾਰੂਦ, ਫੌਜੀ ਖਜ਼ਾਨਾ, ਜਵਾਹਰੀ ਦਫਤਰ ਤੇ ਸ਼ਾਹੀ ਪੁਸ਼ਾਕ ਘਰ ਉਤੇ ਕਬਜ਼ਾ ਕਰ ਲਿਆ। ਦਿਲੀ ਦੇ ਕਿਲੇ ਦੀ ਦਫਤਰਾਂ ਦੀਆਂ ਚਾਬੀਆਂ ਸ਼ਾਹ ਨੇ ਬੜੀ ਅਧੀਨਗੀ ਨਾਲ ਮੰਗ ਲਈਆਂ ਕਿਲੇ ਦੀਆਂ ਕੁੰਜੀਆਂ ਦੀ ਹਵਾਲਗੀ ਸ਼ਹਿਨਸ਼ਾਹ ਨੇ ਦਿਲੀ ਕਿਲੇ ਦੀਆਂ ਸਭ ਕੁੰਜੀਆਂ ਤਹਿਮਾਸਮ ਖਾਨ ਦੇ ਹਥ ਲੁਤਫ ਉਲਖਾਨ ਦਿਲੀ ਕਿਲੇਦਾਰ ਅਰਥਾਤ ਕਿਲੇ ਦੇ ਕਮਾਂਡਰ ਦੇ ਹਵਾਲੇ ਕਰ ਦਿਤੀਆਂ। ਇਉਂ ਈਰਾਨ ਬਾਦਸ਼ਾਹ ਦੇ ਅਫਸਰ ਕਿਲੇ ਉਤੇ ਅਤੇ ਕਿਲੇ ਵਿਚਲੀ ਸਭ ਦੌਲਤ ਉਤੇ ਕਾਬਜ਼ ਹੋ ਗਏ।

## ਨਾਦਰ ਦਾ ਦਿਲੀ ਵਿਚ ਦਾਖਲਾ

ਇਸ ਦੇ ਮਗਰੋਂ ਦੋਵੇਂ ਬਾਦਸ਼ਾਹ ਦਿਲੀ ਵਲ ਰਵਾਨਾ ਹੋਏ। ਸ਼ਹਿਨਸ਼ਾਹ ਦੇ ਪਿਛੇ ਪਿਛੇ ਦਸ ਹਜ਼ਾਰ ਈਰਾਨੀ ਘੁੜ ਸਵਾਰਾਂ ਦੀ ਗਾਰਦ ਸੀ। ਉਸ ਦੀ ਫੌਜ ਦੇ ਦੋ ਬੇਮਿਸਮੇ ਦਸਤੇ ਬਣਾਏ ਗਏ ਜੋ ਈਰਾਨੀਆਂ ਦੇ ਦਾਏਂ ਬਾਏਂ ਚਲ ਰਹੇ ਸਨ। ਦਿਲੀ ਪੁਜ ਕੇ ਨਾਦਰ ਸ਼ਾਹ ਨੇ ਆਪਣਾ ਕੈਂਪ ਸ਼ਾਲਾ ਮਾਰ ਬਾਗ ਵਿਚ ਲਾਇਆ।

## ਨਾਦਰ ਦਾ ਦਿਲੀ ਵਿਚ ਦਾਖਲਾ

ਮੁਹੰਮਦ ਸ਼ਾਹ ਨੇ ਦਿਲੀ ਵਿਚ ਜਾਣ ਦੀ ਆਗਿਆ ਮੰਗੀ ਤਾਂ ਜੁ ਵਿਜਈ ਦੇ ਸਵਾਗਤ ਲਈ ਮਹਿਲਾਂ ਵਿਚ ਜਾ ਕੇ ਤਿਆਰਾ ਕਰੇ। ਦੂਜੇ ਦਿਨ ਨਾਦਰ ਸ਼ਾਹ ਨੇ ੧੨ ਹਜ਼ਾਰ ਘੁੜ ਸਵਾਰ ਫੌਜ ਨਾਲ ਦਿਲੀ ਵਿਚ ਵਿਜਈ ਪਰਵੇਸ਼ ਕੀਤਾ।

## ਉਸਦੀ ਫੌਜ ਸ਼ਹਿਰ ਵਿਚ ਵੰਡੀ ਗਈ

ਉਸ ਨੇ ਆਪਣੀ ਫੌਜ ਨੂੰ ਸ਼ਹਿਰ ਤੇ ਕਿਲੇ ਦੇ ਸਭ ਵਡੇ ਵਡੇ ਇਲਾਕਿਆਂ ਵਿਚ ਵੰਡ ਦਿਤਾ। ਸ਼ਹਿਰ ਦੇ ਦਰਵਾਜ਼ਿਆਂ ਅਤੇ ਕਿਲੇ ਉਪਰ ਉਸ ਨੇ ਆਪਣੀ ਗਾਰਦ ਦੇ ਪਹਿਰੇ ਲਾ ਦਿਤ। ਉਸ ਨੇ ਹੁਕਮ ਦਿਤਾ ਕਿ ਉਹਦੀ ਫੌਜ ਸ਼ਹਿਨਸ਼ਾਹ ਦੀ ਪਰਜਾ ਨੂੰ ਕਿਸੇ ਪਰਕਾਰ ਨਾਲ ਜਿਚ ਨ ਕਰੇ, ਜਿਹੜਾ ਇਸ ਹੁਕਮ ਦੀ ਉਲੰਘਣਾ ਕਰੇਗਾ ਉਸਦੇ ਕੰਨ ਕਟ ਦਿਤੇ ਜਾਣਗੇ।

## ਨਾਦਰ ਵਲੋਂ ੨੫ ਕਰੋੜ ਤਾਵਾਨ ਦੀ ਮੰਗ

ਮੁਹੰਮਦ ਸ਼ਾਹ ਵਿਜਈ ਨੂੰ ਸ਼ਾਹੀ ਮਹਲ ਵਿਚਲੇ ਸ਼ਾਨਦਾਰ ਕਮਰੇ ਵਿਚ ਲੈ ਗਿਆ ਜੋ ਏਸੇ ਸਮੇਂ ਲਈ ਖੂਬ ਸਜਾਇਆ ਗਿਆ ਸੀ। ਏਥੇ ਨਾਦਰ ਸ਼ਾਹ ਨੇ ਮੰਗ ਕੀਤੀ ਕਿ ਉਸ ਨੂੰ ਜੰਗ ਦੇ ਤਾਵਾਨ ਵਜੋਂ ੨੫ ਕਰੋੜ ਰੁਪਇਆ ਤਾਰਿਆ ਜਾਏ। ਮੁਹੰਮਦ ਸ਼ਾਹ ਨੇ ਸ਼ਾਹੀ ਖਜ਼ਾਨਾ ਖੋਹਲਿਆ ਅਤੇ ਉਸ ਵਿਚੋਂ ਵਡਮੁਲੇ ਹੀਰੇ ਜਵਾਹਰਾਤ ਤੇ ਉਹ ਨਾਦਰ ਵਸਤਾਂ ਕਢੀਆਂ ਜੋ ਸਦੀਆਂ ਤੋਂ ਜਮਾ ਹੁੰਦੇ ਰਹੇ ਹਨ। ਇਹ ਚੀਜ਼ਾਂ ਲਿਆ ਕੇ ਉਸ ਨੇ ਬਾਦਸ਼ਾਹ ਦੀ ਭੇਟਾ ਕੀਤੀਆਂ।

## ਖਜ਼ਾਨੇ ਦੀਆਂ ਵਡਮੁਲੀਆਂ ਵਸਤਾਂ

ਉਸ ਨੇ ਵਿਜਈ ਦੇ ਕਦਮਾਂ ਵਿਚ ਸੋਨੇ ਚਾਂਦੀ ਦੇ ਵਿਸ਼ਾਲ ਢੇਰ,

ਨਕਦੀ ਤੇ ਸਲਾਖਾਂ ਦੇ ਰੂਪ ਵਿਚ, ਕੀਮਤੀ ਬਰਤਨ, ਹੀਰੇ ਜੜਤ, ਲਾਲ, ਜਵਾਹਰ ਕੀਮਤੀ ਸਾਮਾਨ, ਹੀਰੇ ਤੇ ਤਖਤ ਜਿਨਾਂ ਵਿਚ ਹੀਰੇ ਜਵਾਹਾਰਾਤ ਨਾਲ ਜੜਤ ਤਖਤ ਤਾਊਸ ਵੀ ਸ਼ਾਮਲ ਸੀ।

ਇਹ ਤਖਤ ਤਾਊਸ ਸ਼ਾਹਜਹਾਨ ਨੇ ਟੈਵਰਨੀਅਰ ਦੇ ਕਥਨ ਅਨੁਸਾਰ ੬੫ ਲਖ ਪੌਂਡ ਦੀ ਲਾਗਤ ਨਾਲ ਤਿਆਰ ਕਰਵਾਇਆ ਸੀ। ਦਰਬਾਰ ਦੇ ਉਮਰਾ ਤੇ ਦਰਬਾਰੀਆਂ ਨੇ ਵੀ ਆਪਣੇ ਸ਼ਹਿਨਸ਼ਾਹ ਦੀ ਪੈਰਵੀ ਕੀਤੀ ਅਤੇ ਵਜ਼ੀਰ ਨੂੰ ਲਖਾਂ ਰੁਪਏ ਨਜ਼ਰ ਭੇਟ ਕੀਤੇ। ਹੁਣ ਨਾਦਰ ਅਣਗਿਣਤ ਦੌਲਤ ਦਾ ਮਾਲਕ ਬਣ ਚੁਕਾ ਸੀ। ਉਸ ਨੇ ਆਪਣੀ ਫੌਜ ਦੀ ਬਕਾਇਆ ਸਾਰੀ ਤਨਖਾਹ ਵੰਡ ਦਿਤੀ। ਜੋਨਜ਼ ਹੈਨਵ ਦਾ ਕਥਨ ਹੈ ਕਿ ਇਹ ਤਨਖਾਹਾਂ ਉਸ ਨੇ ਉਸ ਸਿਕ ਨਾਲ ਤਾਰੀਆਂ ਜੋ ਉਸ ਨੇ ਇਸ ਮੌਕੇ§ ਉਤੇ ਚਾਲੂ ਕੀਤਾ।

## ਨਾਦਰ ਦੇ ਨਾਮ ਦਾ ਖੁਤਬਾ

ਠੀਕ ਐਸੇ ਸਮੇਂ ਈਦ ਵੀ ਆ ਗਈ। ਦਿਲੀ ਦੀ ਜਾਮਾ ਮਸੀਤ ਵਿਚ ਸ਼ਾਹ ਈਰਾਨ ਨਾਦਰ ਸ਼ਾਹ ਦੇ ਨਾਮ ਦਾ ਖੁਤਬਾ ਪੜ੍ਹਿਆ ਗਿਆ।

## ਨਰਮ ਦਿਲੀ

ਬਾਦਸ਼ਾਹ ਨੇ ਦਿਲੀ ਦੀ ਪਰਜਾ ਨਾਲ ਬੜੀ ਨਰਮੀ ਵਾਲਾ ਸਲੂਕ ਕੀਤਾ ਅਤੇ ਐਸੇ ਪਰਬੰਧ ਕਰ ਦਿਤੇ ਜਿਸ ਨਾਲ ਉਹਨਾਂ ਉਤੇ ਕੋਈ ਜਬਰ ਨਾ ਕਰ ਸਕੇ। ਇਸ ਮਾਮਲੇ ਵਿਚ ਉਸ ਨੇ ਕਰੜੇ ਜ਼ਬਤ ਤੋਂ ਕੰਮ ਲਿਆ।

## ਦੁਖਦਾਈ ਘਟਨਾ

ਸਭ ਕੁਛ ਠੀਕ ਠਾਕ ਚਲ ਰਿਹਾ ਸੀ ਕਿ ਅਚਾਨਕ ਇਕ ਦੁਖਦਾਈ ਘਟਨਾ ਸ਼ਹਿਰ ਵਿਚ ਹੋ ਗਈ ਜਿਸ ਨੇ ਨਾਦਰ ਸ਼ਾਹ ਨੂੰ ਮਜਬੂਰ ਕਰ ਦਿਤਾ ਕਿ ਉਹ ਖੂਨ ਖਰਾਬਾ ਕਤਲਿਆਮ ਕਰੇ ਤੇ ਲੁਟ ਮਾਰ ਮਚਾਵੇ ਜਿਸ ਨਾਲ ਹੁਣ ਤੀਕ ਲੋਕ ਉਸ ਨੂੰ ਜ਼ਾਲਮ ਸਮਝ ਰਹੇ ਹਨ। ਈਦ ਤੋਂ ਠੀਕ ਅਗਲੇ ਦਿਨ ਸ਼ਹਿਰ ਦੇ ਬਾਜ਼ਾਰਾਂ ਵਿਚ ਬੜਾ ਜੋਸ਼ ਫੈਲ ਗਿਆ ਕਿ ਇਕ ਦਿਨ ਇਕ ਈਰਾਨੀ ਸਿਪਾਹੀ ਨੇ ਉਹ ਕਬੂਤਰ ਜਬਰਨ ਫੜ ਲਏ ਜੋ ਇਕ ਆਦਮੀ ਬਾਜ਼ਾਰ ਵਿਚ ਵੇਚ ਰਿਹਾ ਸੀ। ਕਬੂਤਰਾਂ ਦਾ ਮਾਲਕ ਗੁਸੇ ਤੇ ਰੰਜ ਨਾਲ ਚਿਲਾਉਣ ਲਗਾ ਕਿ ਨਾਦਰ ਸ਼ਾਹ ਨੇ ਲੁਟ ਮਚਾਉਣ ਦੀ ਖੁਲ੍ਹ ਕਰ ਦਿਤੀ ਹੈ। ਇਹ ਸੁਣ ਕੇ ਬਾਜ਼ਾਰ ਵਿਚ ਇਕਠੇ ਹੋਏ ਲੋਕਾਂ ਵਿਚ ਬੜਾ ਜੋਸ਼ ਫੈਲ ਗਿਆ। ਉਹ ਲੋਕ ਗੁਸੇ ਨਾਲ ਪਾਗਲ ਹੋ ਉਠੇ ਅਤੇ ਉਹਨਾਂ ਨੇ ਉਹਨਾਂ ਈਰਾਨੀ ਸਿਪਾਹੀਆਂ ਉਤੇ ਹਲਾ ਬੋਲ ਦਿਤਾ ਜਿਹੜੇ ਸ਼ਹਿਰ ਦੇ ਵਖ ਹਿਸਿਆਂ ਵਿਚ ਨਿਯਤ ਸਨ। ਇਹਨਾਂ ਈਰਾਨੀ ਪਹਿਰੇਦਾਰਾਂ ਵਿਚੋਂ ਬਹੁਤਿਆਂ ਨੂੰ ਜੋਸ਼ ਵਿਚ ਆਏ ਇਕਠ ਨੇ ਕਤਲ ਕਰ ਦਿਤਾ।

## ਈਰਾਨੀਆਂ ਵਿਰੁਧ ਲੋਕਾਂ ਦੀ ਬਗਾਵਤ

ਇਸ ਬਲਦੀ ਉਤੇ ਹੋਰ ਤੇਲ ਉਦੋਂ ਪਿਆ ਜਦ ਕੁਛ ਲੋਕਾਂ ਨੇ ਇਹ ਨਾਹਰੇ ਲਾਉਣੇ ਸ਼ੁਰੂ ਕਰ ਦਿਤੇ ਕਿ ਨਾਦਰ ਸ਼ਾਹ ਮਰ ਗਿਆ ਹੈ। ਇਸ ਤੇ ਲੋਕਾਂ ਦੇ ਅੰਦਰ ਦਬੀ ਹੋਈ ਨਾਰਾਜ਼ਗੀ ਭੜਕ ਉਠੀ। ਇਹ ਖਬਰ ਸਾਰੇ ਸ਼ਹਿਰ ਵਿਚ ਬਿਜਲੀ ਦੀ ਤੇਜ਼ੀ ਨਾਲ ਫੈਲ ਗਈ। ਇਸ ਤੇ ਸਾਰੇ ਸ਼ਹਿਰ ਵਿਚ ਬੜਾ ਜੋਸ਼ ਫੈਲ ਗਿਆ ਅਤੇ ਲੋਕ ਈਰਾਨੀਆਂ ਉਤੇ ਟੁਟ ਕੇ ਪੈ ਗਏ। ਜਿਹੜਾ ਵੀ ਈਰਾਨੀ ਉਹਨਾਂ ਦੀ ਚਹਿ ਚੜ੍ਹਿਆ ਉਸ ਨੂੰ ਫੀਤੀ ਫੀਤੀ ਕਰ ਦਿਤਾ।

---

§ਹਿਸਟਰੀ ਆਫ ਨਾਦਰ ਸ਼ਾਹ।

## ਤਿੰਨ ਹਜ਼ਾਰ ਈਰਾਨੀ ਮਾਰੇ ਗਏ

ਰਾਤ ਹਨੇਰੀ ਸੀ, ਭੜਕਿਆ ਹੋਇਆ ਹਜੂਮ ਸ਼ਾਹੀ ਤਬੇਲੇ ਵਿਚ ਜਾ ਦਾਖਲ ਹੋਇਆ ਅਤੇ ਉਥੇ ਸ਼ਾਹੀ ਰਖਵਾਲਿਆਂ ਨੂੰ ਕਤਲ ਕਰ ਦਿਤਾ। ਸ਼ਹਿਰ ਵਿਚ ਤਿੰਨ ਹਜ਼ਾਰ ਈਰਾਨੀ ਕਤਲ ਕੀਤੇ ਗਏ ਬਾਕੀ ਦੇ ਨਸ ਕੇ ਕਿਲੇ ਵਿਚ ਜਾ ਵੜੇ। ਅਧੀ ਰਾਤ ਦੇ ਸਮੇਂ ਇਹ ਸਾਰਾ ਮਾਮਲਾ ਬਾਦਸ਼ਾਹ ਦੇ ਰੂਬਰੂ ਪੇਸ਼ ਕੀਤਾ। ਜਦ ਸ਼ਾਹ ਨੂੰ ਨੀਂਦ ਤੋਂ ਜਗਾਇਆ ਗਿਆ ਤਦ ਉਸ ਨੇ ਗੁਸੇ ਹੋ ਕੇ ਆਖਿਆ "ਮੇਰੇ ਆਦਮੀ ਸ਼ਰਾਰਤ ਨਾਲ ਦਿਲੀ ਦੇ ਲੋਕਾਂ ਉਤੇ ਦੋਸ਼ ਥਪਦੇ ਹਨ ਅਤੇ ਚਾਹੁੰਦੇ ਹਨ ਕਿ ਮੈਂ ਉਹਨਾਂ ਨੂੰ ਕਤਲਿਆਮ ਅਤੇ ਲੁਟ ਮਾਰ ਦੀ ਖੁਲ੍ਹ ਕਰ ਦਿਆਂ" ਅਫਸਰਾਂ ਨੇ ਵੇਲੇ ਦੀ ਨਜ਼ਾਕਤ ਤੋਂ ਫੇਰ ਸ਼ਾਹ ਨੂੰ ਹੁਸ਼ਿਆਰ ਕੀਤਾ ਤਦ ਉਸ ਨੇ ਹੁਕਮ ਦਿਤਾ ਕਿ ਮੇਰੇ ਆਦਮੀ ਬਾਕੀ ਦੀ ਰਾਤ ਦਾ ਸਮਾਂ ਕੇਵਲ ਆਪਣੇ ਬਚਾਉ ਲਈ ਮੁਨਾਸਬ ਕਾਰਰਵਾਈ ਕਰਨ।

## ਜੋਸ਼ ਮਠਾ ਕਰਨ ਦਾ ਨਾਦਰ ਦਾ ਵਿਅਰਥ ਜਤਨ

ਦਿਨ ਚੜ੍ਹਨ ਸਾਰ ਨਾਦਰ ਸ਼ਾਹ ਮਹਲ ਵਿਚੋਂ ਨਿਕਲਿਆ ਅਤੇ ਘੋੜੇ ਉਤੇ ਸਵਾਰ ਹੋ ਕੇ ਚਾਂਦਨੀ ਚੌਕ ਪੁਜ ਗਿਆ। ਉਸ ਨੂੰ ਆਸ ਸੀ ਕਿ ਉਸ ਨੂੰ ਵੇਖ ਕੇ ਲੋਕ ਡਰ ਜਾਣਗੇ ਅਤੇ ਇਹ ਸਾਰਾ ਜੋਸ਼ ਖਰੋਸ਼ ਮਠਾ ਹੋ ਜਾਇਗਾ। ਪਰ ਬਾਜ਼ਾਰਾਂ ਵਿਚ ਉਸ ਨੇ ਸਭ ਤੋਂ ਪਹਿਲੀ ਗਲ ਜੋ ਡਿਠੀ ਉਹ ਸੀ ਉਹਨਾਂ ਈਰਾਨੀਆਂ ਦੀਆਂ ਮੁਰਦਾ ਲਾਸ਼ਾਂ ਜਿਨ੍ਹਾਂ ਨੂੰ ਰਾਤ ਦੇ ਸਮੇਂ ਲੋਕਾਂ ਨੇ ਕਤਲ ਕੀਤਾ ਸੀ। ਉਸ ਨੇ ਫੌਜ ਦਾ ਇਕ ਜ਼ਬਰਦਸਤ ਦਸਤਾ ਫਸਾਦ ਰੋਕਣ ਲਈ ਰਵਾਨਾ ਕੀਤਾ। ਭੜਕਿਆ ਹੋਇਆ ਇਕਠ ਸ਼ਾਂਤ ਹੋਣ ਦੀ ਬਜਾਇ ਸਗੋਂ ਜੋਸ਼ ਵਿਚ ਆ ਗਿਆ। ਉਸ ਨੇ ਨਿਡਰ ਹੋ ਕੇ ਈਰਾਨੀਆਂ ਵਿਰੁਧ ਤੀਰਾਂ ਤੇ ਗੋਲੀਆਂ ਦੀ ਵਰਤੋਂ ਸ਼ੁਰੂ ਕਰ ਦਿਤੀ। ਨਾਦਰ ਸ਼ਾਹ ਇਹ ਵੇਖ ਕੇ ਤੁਰਤ ਰੋਸ਼ਨ ਉਦ ਦੌਲਾ ਦੀ ਮਸੀਤ ਵਿਚ ਗਿਆ ਇਹ ਮਸੀਤ ਅਜੇ ਨਵੀਂ ਨਵੀਂ ਬਣੀ ਸੀ। ਉਸ ਨੇ ਨਿਜ਼ਾਮ ਉਲ ਮੁਲਕ ਸਰ ਬੁਲੰਦ ਖਾਨ ਅਤੇ ਮਹਾਂ ਮੰਤਰੀ ਕਮਰ ਉਦੀਨ ਖਾਨ ਨੂੰ ਆਪਣੇ ਪਾਸ ਬੁਲਾ ਕੇ ਧਮਕੀ ਦਿਤੀ ਕਿ ਉਹਨਾਂ ਨੇ ਹੀ ਇਹ ਬਗਾਵਤ ਫੈਲਾਈ ਹੈ ਇਸ ਲਈ ਉਹਨਾਂ ਨੂੰ ਤੁਰਤ ਹੀ ਮੌਤ ਦੀ ਸਜ਼ਾ ਦਿਤੀ ਜਾਵੇਗੀ। ਉਮਰਾ ਨੇ ਕੁਰਾਨ ਹਥ ਵਿਚ ਲੈ ਕੇ ਸੁਗੰਧ ਖਾਧੀ ਕਿ ਇਸ ਮਾਮਲੇ ਵਿਚ ਉਹ ਉਕਾ ਹੀ ਨਿਰਦੋਸ਼ ਹਨ ਜਿਸ ਤੇ ਨਾਦਰ ਨੇ ਉਹਨਾਂ ਨੂੰ ਮਾਫ ਕਰ ਦਿਤਾ। ਹੁਣ ਉਹ ਮਾਰੂ ਘੜੀ ਆਨ ਪੁਜੀ ਜਿਸ ਸਮੇਂ ਉਸ ਵਿਸ਼ਾਲ ਨਗਰੀ ਨੂੰ ਜੋ ਲੰਮੇ ਸਮੇਂ ਤੋਂ ਹਿੰਦ ਦੀ ਮਲਕਾ ਤੇ ਪੂਰਬ ਦੀ ਰਾਣੀ ਬਣੀ ਬੈਠੀ ਸੀ ਉਕਾ ਹੀ ਤਬਾਹੀ ਤੇ ਬਰਬਾਦੀ ਦਾ ਭਿਆਨਕ ਦਰਿਸ਼ ਵਖਣਾ ਪਿਆ।

## ਸ਼ਾਹ ਉਤੇ ਗੋਲੀ ਚਲਾ ਦਿਤੀ

ਦਿਨ ਚੜ੍ਹੇ ਨੇੜੇ ਦੀ ਛਤ ਉਤੋਂ ਕਿਸੇ ਨੇ ਜਾਣ ਬੁਝ ਕੇ ਸ਼ਾਹ ਈਰਾਨ ਉਤੇ ਗੋਲੀ ਚਲਾ ਦਿਤੀ। ਬਾਦਸ਼ਾਹ ਤੇ ਵਾਲ ਵਾਲ ਬਚ ਗਿਆ ਪਰ ਗੋਲੀ ਪਾਸ ਖੜੇ ਉਸ ਦੇ ਮੁਲਾਜ਼ਮ ਨੂੰ ਲਗੀ ਜੋ ਉਥੇ ਹੀ ਸ਼ਾਹ ਦੇ ਸਾਹਮਣੇ ਲਾਸ਼ ਬਣ ਕੇ ਡਿਗ ਪਿਆ। ਇਹ ਵੇਖ ਕੇ ਬਾਦਸ਼ਾਹ ਦਾ ਭਿਆਨਕ ਕਰੋਧ ਪੂਰੀ ਤਰ੍ਹਾਂ ਜੋਸ਼ ਵਿਚ ਆ ਗਿਆ।

## ਲੋਕਾਂ ਦੀ ਕਤਲਿਆਮ ਦਾ ਹੁਕਮ

ਉਸ ਨੇ ਮਿਆਨ ਵਿਚੋਂ ਤਲਵਾਰ ਕਢ ਲਈ ਅਤੇ ਮੰਦ ਭਾਗੀ ਸ਼ਹਿਰ ਦੇ ਵਸਨੀਕਾਂ ਦੇ ਕਤਲਿਆਮ ਦਾ ਹੁਕਮ ਦੇ ਦਿਤਾ। ਭਾਵੇਂ ਉਸ ਸਮੇਂ ਤੀਕ ਜੋਸ਼ ਬਹੁਤ ਮਠਾ ਪੈ ਚੁਕਾ ਸੀ ਪਰ ਨਾਦਰ ਸ਼ਾਹ ਦੀ ਹੁਕਮ

Sri Satguru Jagjit Singh Ji eLibrary NamdhariElibrary@gmail.com

ਦੀ ਪਾਲਣਾ ਐਨੀ ਕਰੜਾਈ ਨਾਲ ਕੀਤੀ ਗਈ ਕਿ ਦੁਪਹਿਰ ਤਕ ਦਿਲੀ ਦੀਆਂ ਗਲੀਆਂ ਵਿਚ ਲਹੂ ਦੇ ਪਰਨਾਲੇ ਚਲਣ ਲਗ ਪਏ। ਨਾਦਰ ਦੇ ਹੁਕਮ ਨਾਲ ਤੋਪਾਂ ਬੀੜੀਆਂ ਗਈਆਂ ਅਤੇ ਬਾਜ਼ਾਰ ਤੋਪਾਂ ਦੇ ਗੋਲਿਆਂ ਨਾਲ ਭਰ ਗਏ। ਰੋਹ ਵਿਚ ਆਏ ਹੋਏ ਈਰਾਨੀਆਂ ਦੇ ਸਾਹਮਣੇ ਜਿਹੜਾ ਵੀ ਆ ਗਿਆ ਫਨਾਹ ਕਰ ਦਿਤਾ ਗਿਆ ਜਿਧਰ ਵੀ ਗਏ ਮਕਾਨਾਂ ਨੂੰ ਮਲੀਆ ਮੇਟ ਕਰ ਕੇ ਪਧਰਾ ਕਰ ਦਿਤਾ, ਹਿੰਦੀ ਰਾਜ ਦੀਆਂ ਸ਼ਾਨਦਾਰ ਯਾਦਗਾਰਾਂ ਤੇ ਉਚੀਆਂ ਉਚੀਆਂ ਅਟਾਰੀਆਂ ਤੇ ਚੌਬਾਰੇ ਧਰਤੀ ਨਾਲ ਪਧਰ ਕਰ ਦਿਤੇ। ਮੌਤ ਅਤੇ ਬਰਬਾਦੀ ਦੇ ਇਸ ਹੌਲਨਾਕ ਕਾਰੇ ਵਿਚਕਾਰ ਲਹੂ ਦਾ ਪਿਆਸਾ ਨਾਦਰ ਰੌਸ਼ਨ ਉਦ ਦੌਲਾ ਮਸੀਤ ਵਿਚ ਚੁਪ ਚਾਪ ਬੈਠਾ ਸੀ ਅਤੇ ਉਸ ਤਬਾਹੀ ਤੇ ਬਰਬਾਦੀ ਦੇ ਕੰਮ ਨੂੰ ਵੇਖ ਕੇ ਜੋ ਉਸ ਦੀਆਂ ਨਜ਼ਰਾਂ ਦੇ ਸਾਹਵੇਂ ਜਾਰੀ ਸੀ ਖੁਸ਼ ਹੋ ਰਿਹਾ ਸੀ।

## ਹੌਲਨਾਕ ਖੂਨਰੇਜ਼ੀ

ਇਹ ਖੂਨੀ ਸਾਕਾ ਕਿਲੇ ਦੇ ਸਾਹਮਣੇ ਸਰਾਫਾ ਅਰਦੂਈ ਤੋਂ ਲੈ ਕੇ ਤਿੰਨ ਕੋਹ ਦੂਰ ਈਦਗਾਹ ਤੀਕ ਅਤੇ ਚੌਤਲੀ ਕਬਰ ਤੋਂ ਲੈ ਕੇ ਤਮਾਕੂ ਮਾਰਕਿਟ ਅਤੇ ਪੁਲ ਮਿਠਾਈ† ਤੀਕ ਵਰਤ ਰਿਹਾ ਸੀ। ਸਾਰੇ ਦਾ ਸਾਰਾ ਦਰੀਬਾ ਬਾਜ਼ਾਰ ਸ਼ਾਹੂਕਾਰਾਂ ਅਤੇ ਸੌਦਾਗਰਾਂ ਦੇ ਲਹੂ ਨਾਲ ਲਾਲ ਸੁਰਖ ਹੋ ਗਿਆ। ਕਤਲਿਆਮ ਵੇਲੇ ਨਾ ਕੋਈ ਮਰਦ ਬਚਿਆ ਨਾ ਤੀਵੀਂ ਨਾ ਬਾਲ ਬਚਿਆ ਨਾ ਬੁਢਾ। ਬਾਦ ਦੁਪਹਿਰ ਦੋ ਵਜੇ ਤੋਂ ਪਹਿਲੇ ਪਹਿਲੇ ਅੰਦਾਜ਼ਾ ਲਾਇਆ ਗਿਆ ਸੀ ਕਿ ੧ ਲਖ ੨੦ ਹਜ਼ਾਰ ਤੋਂ ਲੈ ਕੇ ਡੇਢ ਲਖ ਲੋਕ ਕਤਲ ਹੋਏ। ਅਜੇ ਵਸੋਂ ਦਾ ਤਿਹਾਈ ਭਾਗ ਐਸਾ ਸੀ ਜਿਥੇ ਬਦਲਾ ਲਊ ਈਰਾਨੀਆਂ ਦੀ ਤਲਵਾਰ ਨਹੀਂ ਸੀ ਪਹੁੰਚੀ। ਈਰਾਨੀਆਂ ਦੀ ਏਨੀ ਦਹਿਸ਼ਤ ਛਾਈ ਕਿ ਕੰਬਖਤ ਹਿੰਦੁਸਤਾਨੀ ਭੇਡਾਂ ਬਕਰੀਆਂ ਵਾਂਗ ਉਹਨਾਂ ਦੇ ਸਾਹਮਣੇ ਕਤਲ ਹੋਣ ਲਈ ਸਿਰ ਨੀਵੇਂ ਕਰ ਦਿੰਦੇ। ਕਿਹਾ ਜਾਂਦਾ ਹੈ ਕਿ ਇਕ ਇਕ ਈਰਾਨੀ ਨੇ ਦਸ ਜਾਨਾਂ ਨੂੰ ਨਿਰਦੈਤਾ ਨਾਲ ਜ਼ਿਬਾਹ ਕੀਤਾ ਪਰ ਕਿਸੇ ਨੇ ਉਹਨਾਂ ਦਾ ਟਾਕਰਾ ਕਰਨ ਦਾ ਹੌਸਲਾ ਨਾ ਕੀਤਾ। ਹਜ਼ਾਰਾਂ ਹਿੰਦੂ ਆਪਣੀਆਂ ਪਤਨੀਆਂ ਅਤੇ ਬਾਲ ਬਚਿਆਂ ਸਮੇਤ ਜੀਉਂਦੇ ਸੜ ਮਏ ਅਤੇ ਹਜ਼ਾਰਾਂ ਖੂਹਾਂ ਵਿਚ ਛਾਲ ਮਾਰ ਕੇ ਮਰ ਗਏ। ਬੜੀ ਨਿਰਦੈਤਾ ਨਾਲ ਤਬਾਹੀ ਤੇ ਬਰਬਾਦੀ ਦਾ ਹੌਲਨਾਕ ਕਾਰਾ ਜਾਰੀ ਸੀ।

## ਬਾਜ਼ਾਰ ਅਗ ਦੀ ਭੇਟਾ

ਚਾਂਦਨੀ ਚੌਕ, ਮੇਵਾ ਮੰਡੀ, ਦਰੀਬਾ ਬਾਜ਼ਾਰ ਅਤੇ ਜਾਮਾ ਮਸੀਤ ਦੇ ਇਰਦ ਗਿਰਦ ਦੀਆਂ ਇਮਾਰਤਾਂ ਨੂੰ ਵੀ ਅਗ ਲਾ ਦਿਤੀ ਗਈ ਤੇ ਉਹ ਸੜ ਕੇ ਸੁਵਾਹ ਹੋ ਗਈਆਂ। ਸੜਦੇ ਹੋਏ ਮਕਾਨਾਂ ਦੇ ਲੰਬੂ ਅਕਾਸ਼ ਤੀਕ ਉਠ ਰਹੇ ਸਨ ਅਤੇ ਸੜ ਕੇ ਡਿਗਣ ਵਾਲੀਆਂ ਅਟਾਰੀਆਂ ਦੇ ਪਟਾਕੇ ਕੰਨ ਬੋਲੇ ਕਰ ਰਹੇ ਸਨ। ਬਾਜ਼ਾਰਾਂ ਦੇ ਬਾਜ਼ਾਰ ਮਲਬੇ ਦੇ ਢੇਰਾਂ ਨਾਲ ਭਰ ਗਏ। ਗਲੀਆਂ ਤੇ ਮਹਲੇ ਲਾਸ਼ਾਂ ਨਾਲ ਭਰ ਗਏ ਲਾਸ਼ਾਂ, ਤੂਫਾਨ ਮਗਰੋਂ ਡਿਗੇ ਹੋਏ ਬਿਰਛਾਂ ਦੇ ਪਤਿਆਂ ਵਾਂਗ ਏਧਰ ਔਧਰ ਪਈਆਂ ਸਨ। ਜਿਸ ਸਮੇਂ ਇਹ ਭਿਆਨਕ ਕਾਰਾ ਵਰਤ ਰਿਹਾ ਸੀ ਇਸ ਕਤਲਿਆਮ ਦਾ ਹੁਕਮ ਦੇਣ ਵਾਲਾ ਨਾਦਰ ਬੜੀ ਸ਼ਾਂਤੀ ਨਾਲ ਮਸੀਤ ਵਿਚ ਬੈਠਾ ਰਿਹਾ। ਉਸ ਦਾ ਚਿਹਰਾ ਭਿਆਨਕ ਤੇ ਖੌਫਨਾਕ ਸੀ। ਉਸ ਦੀਆਂ ਅਖਾਂ ਵਿਚੋਂ ਅਗ ਵਰ੍ਹ ਰਹੀ ਸੀ ਸਿਵਾਏ ਉਸ ਦੇ ਗੁਲਾਮ ਨੌਕਰਾਂ ਦੇ ਹੋਰ ਕਿਸੇ ਨੂੰ ਉਸ ਪਾਸ ਜਾਣ ਦਾ ਹੀਆ ਨਹੀਂ ਸੀ ਪੈਂਦਾ।

† ਏਥੇ ਮਿਠਾਈ ਦੀਆਂ ਦੁਕਾਨਾਂ ਹੋਣ ਕਰ ਕੇ ਇਸ ਬਾਜ਼ਾਰ ਦਾ ਇਹ ਨਾਮ ਪੈ ਗਿਆ।

## ਸ਼ਹਿਨਸ਼ਾਹ ਤੇ ਉਮਰਾ ਦੀ ਰਹਿਮ ਲਈ ਬੇਨਤੀ

ਅੰਤ ਨੂੰ ਮੰਦ ਭਾਗਾ ਸ਼ਹਿਨਸ਼ਾਹ ਆਪਣੇ ਸਰਦਾਰਾਂ ਤੇ ਦਰਬਾਰੀਆਂ ਸਮੇਤ ਸ਼ਾਹ ਦੀ ਸੇਵਾ ਵਿਚ ਹਾਜ਼ਰ ਹੋਇਆ। ਉਹ ਬੁਤ ਬਣਿਆ ਖੜਾ ਰਿਹਾ, ਉਹਦੀਆਂ ਨਜ਼ਰਾਂ ਨੀਵੀਆਂ ਸਨ ਤੇ ਉਹਦਿਆਂ ਨੇਤਰਾਂ ਵਿਚੋਂ ਛਮ ਛਮ ਹੰਝੂ ਕਿਰ ਰਹੇ ਸਨ। ਜਿਹੜੇ ਦਰਬਾਰੀ ਉਹਦੇ ਨੇੜੇ ਜਾਂਦੇ ਉਹ ਉਹਦੇ ਸਾਹਮਣੇ ਜਾ ਕੇ ਧਰਤੀ ਉਤੇ ਮਥਾ ਟੇਕਦੇ। ਨਾਦਰ ਨੇ ਰੋਹ ਵਿਚ ਭਰ ਕੇ ਪੁਛਿਆ ਉਹ ਕੀ ਚਾਹੁੰਦੇ ਹਨ। ਸਭ ਨੇ ਘਿਗਿਆਕੇ ਬੇਨਤੀ† ਕੀਤੀ "ਸ਼ਹਿਰ ਉਤੇ ਤਰਸ ਖਾਓ"।

## ਕਤਲਿਆਮ ਬੰਦ ਹੋਇਆ

ਨਾਦਰ ਸ਼ਾਹ ਨੇ ਉਹਨਾਂ ਦੀ ਬੇਨਤੀ ਪਰਵਾਨ ਕਰ ਲਈ ਅਤੇ ਆਪਣੀ ਤਲਵਾਰ ਮਿਆਨ ਵਿਚ ਕਰ ਕੇ ਹੁਕਮ ਦਿਤਾ ਕਿ ਕਤਲਿਆਮ ਫੌਰਨ ਬੰਦ ਕਰ ਦਿਓ। ਉਸ ਦੇ ਮੂੰਹੋਂ ਇਹ ਲਫਜ਼ ਨਿਕਲਨ ਦੀ ਦੇਰ ਸੀ ਕਿ ਹੁਕਮ ਦੀ ਪੂਰਤੀ ਤੁਰਤ ਸ਼ੁਰੂ ਹੋ ਗਈ। ਕਤਲਿਆਮ ਬੰਦ ਹੋ ਗਿਆ ਅਤੇ ਸਭ ਤਲਵਾਰਾਂ ਮਿਆਨਾਂ ਅੰਦਰ ਜਾ ਵੜੀਆਂ। ਈਰਾਨੀ ਢੰਡੋਰਚੀਆਂ ਨੇ ਸਾਰੇ ਸ਼ਹਿਰ ਵਿਚ ਅਮਨ ਦੇ ਢੰਡੋਰੇ ਫੇਰ ਦਿਤੇ। ਇਸ ਦੇ ਮਗਰੋਂ ਨਾਦਰ ਸ਼ਾਹ ਕਿਲੇ ਵਿਚ ਵਾਪਸ ਆਇਆ, ਜਿਥੇ ਉਸ ਦੇ ਹੁਕਮ ਨਾਲ ਉਹ ਉਮਰਾ ਬੁਲਾਏ ਗਏ ਜਿਨ੍ਹਾਂ ਸੰਬੰਧੀ ਸ਼ਕ ਕੀਤਾ ਜਾਂਦਾ ਸੀ ਕਿ ਉਹਨਾਂ ਨੇ ਗਦਾਰੀ ਕੀਤੀ ਹੈ। ਨਾਦਰ ਨੇ ਉਹਨਾਂ ਦੇ ਸਿਰ ਧੜ ਤੋਂ ਵਖ ਕਰਾ ਦਿਤੇ।

## ਰਾਜਧਾਨੀ ਦੀਆਂ ਬਸਤੀਆਂ ਦੇ ਲੋਕਾਂ ਦਾ ਕਤਲਿਆਮ

ਜ਼ਾਲਮ ਦੀ ਲਹੂ ਦੀ ਪਿਆਸ ਅਜੇ ਵੀ ਮਠੀ ਨਹੀਂ ਸੀ ਹੋਈ। ਇਕ ਸਾਧਾਰਨ ਜਿਹੇ ਕਸੂਰ ਬਦਲੇ ਉਸ ਨੇ ਮੁਗਲ ਪੁਰ ਦੇ ੬ ਹਜ਼ਾਰ ਵਸਨੀਕਾਂ ਨੂੰ ਤਲਵਾਰ ਦੇ ਘਾਟ ਉਤਾਰ ਦਿਤਾ। ਇਥੇ ਹੀ ਬਸ ਨਹੀਂ ਦਿਲੀ ਦੇ ਆਸ ਪਾਸ ਵਸਣ ਵਾਲੇ ਹਜ਼ਾਰਾਂ ਲੋਕ ਕਤਲ ਕਰਵਾ ਦਿਤੇ। ਸ਼ਾਹੀ ਮੰਡੀ ਵਿਚ, ਜਿਥੋਂ ਕਿ ਪਹਿਲਾਂ ਫਸਾਦ ਖੜਾ ਹੋਇਆ, ਅੰਧਾ ਧੁੰਦ ਗਿਰਫਤਾਰੀਆਂ ਕਰਕੇ ਉਸ ਨੇ ਸਤ ਸੌ ਆਦਮੀਆਂ ਦੇ ਨੱਕ ਤੇ ਕੰਨ ਕਟਵਾ ਦਿਤੇ।

## ਨਾਦਰ ਦਾ ਮੁਗਲ ਰਾਜ ਦੇ ਤਾਜ ਉਤੇ ਕਬਜ਼ਾ

ਮਨੁਖਾ ਲਹੂ ਨਾਲ ਰਜ ਕੇ ਨਹਾਉਣ ਮਗਰੋਂ ਨਾਦਰ ਸ਼ਾਹ ਨੇ ਸ਼ਹਿਰ ਦੀ ਸਾਰੀ ਦੌਲਤ ਉਤੇ ਕਬਜ਼ਾ ਕਰਨ ਦਾ ਪ੍ਰਬੰਧ ਕੀਤਾ ਜੋ ਕਿ ਇਸ ਸਮੇਂ ਤੀਕ ਬਹੁਤ ਹਦ ਤੀਕ ਬਰਬਾਦ ਹੋ ਚੁਕੀ ਸੀ। ਉਸ ਨੇ ਮੁਗਲ ਸ਼ਹਿਨਸ਼ਾਹ ਦਾ ਤਾਜ ਆਪਣੇ ਕਬਜ਼ੇ ਵਿਚ ਕਰ ਲਿਆ। ਇਸ ਤੋਂ ਛੁਟ ਉਸ ਸਰਕਾਰੀ ਖਜ਼ਾਨੇ ਉਤੇ ਵੀ ਕਬਜ਼ਾ ਕਰ ਲਿਆ ਜਿਸ ਵਿਚ ਜਵਾਹਰਾਤ, ਵੱਡਮੁਲੇ ਹੀਰੇ, ਕੀਮਤੀ ਪੁਸ਼ਾਕਾਂ ਅਤੇ ਸਦੀਆਂ ਦਾ ਜਮਾ ਹੋਇਆ ਉਹ ਧਨ ਸੀ ਜਿਸ ਨੂੰ ਮੁਗਲ ਸ਼ਹਿਨਸ਼ਾਹਾਂ ਨੇ ਬੜੇ ਜਤਨਾਂ ਨਾਲ ਪ੍ਰਾਪਤ ਕੀਤਾ ਸੀ। ਇਹਨਾਂ ਵਿਚੋਂ ਕਈ ਸ਼ੈਆਂ ਤੇ ਅਦੁਤੀ ਸੁੰਦਰਤਾ ਵਾਲੀਆਂ

† ਰਹਿਮ ਮੰਗਣ ਵਾਲਿਆਂ ਨੇ ਜ਼ਾਲਮ ਨਾਦਰ ਸ਼ਾਹ ਨੂੰ ਸੰਬੋਧਨ ਕਰ ਕੇ ਡਰਦੇ ਡਰਦੇ ਤੇ ਕੰਬਦੇ ਕੰਬਦੇ ਆਖਿਆ—

دکیسی نماز کۂ دیگر بۂ تیغ نازکشی- مگر کۂ زندہ کنی خلق
او باز کشی

ਅਰਥਾਤ—ਆਪ ਦੀ ਬਦਲਾ ਲਊ ਤਲਵਾਰ ਤੋਂ ਤੇ ਜੀਵ ਵੀ ਨਹੀਂ ਬਚ ਸਕਿਆ ਜੇ ਅਜੇ ਵੀ ਹਜ਼ੂਰ ਦੀ ਇਛਾ ਇਹ ਕਤਲਿਆਮ ਜਾਰੀ ਰਖਣ ਦੀ ਹੈ ਤਦ ਮੁਰਦਿਆਂ ਵਿਚ ਜਾਨ ਪਾ ਕੇ ਫੇਰ ਕਤਲਿਆਮ ਸ਼ੁਰ ਕਰ ਦੇਓ।

Sri Satguru Jagjit Singh Ji eLibrary NamdhariElibrary@gmail.com

ਸਨ । ਇਹਨਾਂ ਤੋਂ ਛੁਟ ਹਾਥੀ, ਘੋੜੇ ਅਤੇ ਹਰ ਉਹ ਕੀਮਤੀ ਸਾਮਾਨ ਜੋ ਤੈਮੂਰ ਦੇ ਸ਼ਾਹੀ ਘਰਾਣੇ ਨਾਲ ਸੰਬੰਧ ਰਖਦਾ ਸੀ ਕਬਜ਼ੇ ਵਿਚ ਕਰ ਲਿਆ ਗਿਆ ।

## ਸ਼ਹਿਰੀਆਂ ਪਾਸੋਂ ਖਰਾਜ

ਇਸ ਦੇ ਮਗਰੋਂ ਸਰਦਾਰਾਂ ਅਤੇ ਧਨੀ ਸ਼ਹਿਰੀਆਂ ਦੀ ਵਾਰੀ ਆਈ ਜਿਨ੍ਹਾਂ ਨੂੰ ਉਸ ਨੇ ਚੰਗੀ ਤਰਾਂ ਲੁਟਿਆ । ਧਮਕੀਆਂ ਦੇ ਕੇ ਤਸੀਹੇ ਦੇ ਕੇ ਅਤੇ ਅਤਿਆਚਾਰ ਕਰ ਕੇ ਉਹਨਾਂ ਨੂੰ ਮਜਬੂਰ ਕੀਤਾ ਕਿ ਉਹ ਆਪਣੇ ਲੁਕਵੇਂ ਖਜ਼ਾਨੇ ਤੇ ਕੀਮਤੀ ਜ਼ੇਵਰ ਬਾਹਰ ਕਢਣ । ਇਸ ਦੇ ਮਗਰੋਂ ਸ਼ਹਿਰੀਆਂ ਉਤੇ ਤਾਵਾਨ ਲਾਇਆ ।

## ਭਿਆਨਕ ਤਸੀਹੇ

ਸ਼ਹਿਰ ਦੇ ਸਾਰੇ ਦਰਵਾਜ਼ੇ ਬੰਦ ਕਰ ਦਿਤੇ ਤੇ ਲੋਕਾਂ ਪਾਸੋਂ ਮਾਲ ਧਨ ਕਢਾਉਣ ਲਈ ਭਾਂਤ ਭਾਂਤ ਦੇ ਜ਼ੁਲਮ ਤੇ ਅਤਿਆਚਾਰ ਕੀਤੇ ਗਏ । ਇਹਨਾਂ ਤਸੀਹਾਂ ਤੇ ਜ਼ੁਲਮਾਂ ਨਾਲ ਬਹੁਤ ਸਾਰੇ ਵਸਨੀਕ ਮਰ ਗਏ ਜਦ ਕਿ ਬਹੁਤ ਸਾਰੇ ਅਣਖੀ ਲੋਕਾਂ ਨੇ ਜ਼ੁਲਮ, ਸ਼ਰਮ ਤੇ ਗਰੀਬੀ ਤੋਂ ਬਚਣ ਲਈ ਆਤਮ ਘਾਤ ਕਰ ਲਏ । ਲੋਕਾਂ ਦੀ ਨੀਂਦੇ ਤੇ ਆਰਾਮ ਹਰਾਮ ਹੋ ਗਏ । ਹਰ ਘਰ ਵਿਚੋਂ ਰੋਣ ਪਿਟਣ ਦੀ ਆਵਾਜ਼ ਸੁਣਾਈ ਦੇਂਦੀ ਸੀ । ਲੋਕ ਮੌਤ ਤੋਂ ਬਚਦੇ ਨਹੀਂ ਸਗੋਂ ਮੌਤ ਨੂੰ ਸਦਾ ਦਿੰਦੇ ਸਨ ।

## ਧਨ ਦੌਲਤ ਜੋ ਨਾਦਰ ਲੈ ਗਿਆ

ਸੂਬਿਆਂ ਦੇ ਗਵਰਨਰਾਂ ਪਾਸੋਂ ਵੀ ਭਾਰੀਆਂ ਭਾਰੀਆਂ ਰਕਮਾਂ ਵਸੂਲ ਕੀਤੀਆਂ ਗਈਆਂ । ਇਉਂ ਸਾਰਾ ਇਕੱਠਾ ਕੀਤਾ ਹੋਇਆ ਧਨ, ਜੋ ਨਾਦਰ ਇਥੋਂ ਲੈ ਗਿਆ ਇਤਿਹਾਸਕਾਰਾਂ ਦੇ ਕਥਨ ਅਨੁਸਾਰ ੮ ਅਤੇ ੩੦ ਕਰੋੜ (੮੦ ਲਖ ਪੌਂਡ ਅਤੇ ੩ ਕਰੋੜ ਪੌਂਡ) ਦੇ ਵਿਚਕਾਰ ਸੀ । ਹੀਰੇ, ਜਵਾਹਰਾਤ ਤੇ ਦੂਜਾ ਕੀਮਤੀ ਧਨ ਇਸ ਤੋਂ ਵਖਰਾ ਸੀ ਅਤੇ ਉਸ ਵਿਚ ਉਹ ਕੋਹਿਨੂਰ ਹੀਰਾ ਵੀ ਸ਼ਾਮਲ ਸੀ ਜੋ ਅਜ ਕਲ ਬ੍ਰਿਟਿਸ਼ ਤਾਜ ਦਾ ਸ਼ਿੰਗਾਰ ਹੈ । ਇਸ ਤੋਂ ਛੁਟ ਉਹ ਬਹੁਤ ਸਾਰੇ ਹਾਥੀ, ਘੋੜੇ, ਊਠ ਅਤੇ ਵਡਮੁਲਾ ਫਰਨੀਚਰ ਅਤੇ ਹੁਨਰਵੰਦ ਕਾਰੀਗਰ ਵੀ ਸੈਂਕੜਿਆਂ‡ ਦੀ ਗਿਣਤੀ ਵਿਚ ਲੈ ਗਿਆ ।

## ਤੈਮੂਰ ਖਾਨਦਾਨ ਦੀ ਸ਼ਾਹਜ਼ਾਦੀ ਨਾਲ ਬੇਟੇ ਦੀ ਸ਼ਾਦੀ

ਉਸ ਨੇ ਆਪਣੇ ਬੇਟੇ ਨਸਰੁਲਾ ਦੀ ਸ਼ਾਦੀ ਔਰੰਗਜ਼ੇਬ ਦੇ ਪੋਤੇ ਤੇ ਕਾਮ ਬਖਸ਼ ਦੇ ਪੁਤਰ ਅਜ਼ੀਜ਼ ਉਦ ਦੀਨ ਦੀ ਬੇਟੀ ਨਾਲ ਕਰ ਦਿਤੀ । ਸ਼ਾਹ ਦੀ ਆਪਣੀ ਤੀਬਰ ਇੱਛਾ ਸੀ ਕਿ ਖਾਨ ਦੌਰਾਨ ਦੇ ਭਾਈ ਮੁਜ਼ਫਰ ਦੀ ਅਤਿ ਸੁੰਦਰ ਬੇਟੀ ਨਾਲ ਸ਼ਾਦੀ ਕਰਕੇ ਉਸ ਨੂੰ ਮਲਕਾ ਬਣਾਵੇ ਪਰ ਉਸ ਦੀ ਇਕ ਪਤਨੀ ਨੇ ਜਿਸ ਨੂੰ ਉਸ ਦੇ ਸੁਭਾ ਉਤੇ ਕਾਬੂ ਪਾਉਣ ਦਾ ਹੁਨਰ ਆਉਂਦਾ ਸੀ ਉਸ ਨੂੰ ਇਸ ਇਰਾਦੇ ਤੋਂ ਬਾਜ਼ ਰਖਿਆ ।

## ਦਾਅਵਤਾਂ

ਨਸਰੁਲਾ ਦੀ ਸ਼ਾਦੀ ਤੋਂ ਮਗਰੋਂ ਦਾ ਹਫਤਾ ਸਰਕਾਰੀ ਦਾਅਵਤਾਂ ਜ਼ਿਆਫਤਾਂ, ਨੁਮਾਇਸ਼ਾਂ, ਤਮਾਸ਼ਿਆਂ ਤੇ ਹੋਰ ਮਨ ਪਰਚਾਵਿਆਂ ਵਿਚ ਲੰਘਿਆ । ਇਸ ਅਵਸਰ ਉਤੇ ਜੰਗਲੀ ਜਾਨਵਰਾਂ ਦੀਆਂ ਲੜਾਈਆਂ ਵੀ ਕਰਾਈਆਂ ਗਈਆਂ । ਇਸ ਦੇ ਮਗਰੋਂ ਨਾਦਰ ਨੇ ਆਪਣੀਆਂ ਫੌਜਾਂ ਨੂੰ ਉਹਨਾਂ ਦੀ ਵਫਾਦਾਰੀ ਤੇ ਸਖਤ ਸੇਵਾ ਲਈ ਦਿਲ ਖੋਹਲ ਕੇ ਇਨਾਮ ਵੰਡੇ । ਹਰ ਸਿਪਾਹੀ ਨੂੰ ੧੨ ਪੌਂਡ ਤੋਂ ਵਧੀਕ ਮੁਲ ਦੀਆਂ ਸੁਗਾਤਾਂ ਤੇ ਤੋਹਫੇ ਪਰਾਪਤ ਹੋਏ ।

## ਮੁਹੰਮਦ ਸ਼ਾਹ ਦੀ ਬਹਾਲੀ

ਨਾਦਰ ਦਾ ਸਭ ਤੋਂ ਅੰਤਲਾ ਕੰਮ ਇਹ ਸੀ ਕਿ ਉਸ ਨੇ ਸਭ ਉਮਰਾ ਤੇ ਰਾਜ ਦੇ ਸਰਦਾਰਾਂ ਦੀ ਇਕ ਇਕਤਰਤਾ ਬੁਲਾਈ ਜਿਸ ਵਿਚ ਉਸ ਨੇ ਸ਼ਾਹੀਤਾਜ ਮੁਹੰਮਦ ਸ਼ਾਹ ਦੇ ਸਿਰ ਉਤੇ ਆਪਣੇ ਹੱਥਾਂ ਨਾਲ ਧਰਿਆ ਅਤੇ ਉਸ ਨੂੰ ਆਸਰਾ ਦੇ ਕੇ ਉਹਦੇ ਵੱਡਿਆਂ ਦੇ ਤਖ਼ਤ ਉਤੇ ਬਿਠਾਇਆ ।

## ਸਿੰਧ ਦੇ ਪੱਛਮ ਦਾ ਸਾਰਾ ਦੇਸ ਨਾਦਰ ਸ਼ਾਹ ਦੇ ਹਵਾਲੇ

ਇਸ ਦੇ ਮਗਰੋਂ ਬਾਦਸ਼ਾਹ ਨਾਲ ਇਕ ਸੰਧੀ ਕੀਤੀ ਗਈ ਜਿਸ ਦੀ ਰੂ ਨਾਲ ਸਿੰਧ ਦੇ ਉੱਤਰ ਪੱਛਮ ਵਲ ਦਾ ਸਾਰਾ ਦੇਸ, ਸਿੰਧ ਅਤੇ ਠਟੇ ਸਮੇਤ ਸ਼ਾਹ ਈਰਾਨ ਦੇ ਹਵਾਲੇ ਕੀਤਾ ਗਿਆ । ਇਸ ਦੇ ਮਗਰੋਂ ਸ਼ਾਹ ਨੇ ਮੁਗਲ ਸ਼ਹਿਨਸ਼ਾਹ ਨੂੰ ਆਪਣੀ ਅਗਲੀ ਪਾਲਿਸੀ ਤੋਂ ਜਾਣੂ ਕੀਤਾ ਅਤੇ ਉਸ ਦੇ ਉਮਰਾ ਨੂੰ ਤਾੜਨਾ ਕੀਤੀ ਕਿ ਉਹ ਆਪਣੇ ਬਾਦਸ਼ਾਹ ਤਈਂ ਵਫਾਦਾਰ ਰਹਿਣ ਅਤੇ ਉਹਦੀ ਬਿਹਤ੍ਰੀ ਦਾ ਖਿਆਲ ਰਖਣ ।

## ਵਿਜਈ ਦੀ ਵਤਨ ਵਿਚ ਵਾਪਸੀ

ਉਹ ਕਾਰਰਵਾਈ ਕਰ ਚੁਕਣ ਮਗਰੋਂ ਸ਼ਾਹ ਈਰਾਨ ਦਿਲੀ ਤੋਂ ਆਪਣੇ ਦੇਸ ਵਲ ਰਵਾਨਾ ਹੋਇਆ । ਆਪਣੇ ਸ਼ਾਹੀ ਮਾਲਕ ਦੀ ਰਿਹਾਇਸ਼ ਦੇ ਦਰਵਾਜ਼ੇ ਵਿਚ ਖੜ ਹੋ ਕੇ ਮੁੱਲਾ ਬਾਸ਼ੀ ਨੇ ਉਚੀ ਆਵਾਜ਼ ਨਾਲ ਇਹ ਐਲਾਨ ਕੀਤਾ :—

"ਸਿਪਾਹੀਓ ! ਸ਼ਾਹਾਂ ਦੇ ਸ਼ਾਹ, ਸਖੀਆਂ ਦੇ ਸੁਲਤਾਨ, ਸਾਡੇ ਆਕਾ (ਮਾਲਕ) ਜਹਾਨ ਪਨਾਹ ਨੇ ਹਿੰਦੁਸਤਾਨ ਦਾ ਦੇਸ ਫਤਹ ਕੀਤਾ ਅਤੇ ਇਸਨੂੰ ਮੁੜ ਵਾਪਸ ਮੋੜ ਦਿਤਾ । ਕਲ ਸਾਡੇ ਵਿਜਈ ਝੰਡੇ ਇਰਾਕ ਵਲ ਚਾਲੇ ਪਾਉਣਗੇ । ਸਭ ਲੋਕ ਤਿਆਰ ਹੋ ਜਾਓ ।" ਰਾਜਧਾਨੀ ਛਡਣ ਤੋਂ ਪਹਿਲੇ ਸ਼ਾਹ ਨੇ ਹਾਜੀ ਫੌਲਾਦ ਖਾਨ ਕੋਤਵਾਲ ਨੂੰ ਹੁਕਮ ਦਿਤਾ ਕਿ ਇਸ ਗਲ ਦਾ ਖਾਸ ਖਿਆਲ ਰਖੇ ਕਿ ਕੋਈ ਵੀ ਈਰਾਨੀ ਬੰਦਾ ਕਿਸੇ ਹਾਲਤ ਵਿਚ ਵੀ ਸਾਡੇ ਮਗਰੋਂ ਏਥੇ ਨ ਰਹਿ ਜਾਏ । ਦਿੱਲੀ ਨੂੰ ਵੀ ਨਾਦਰ ਸ਼ਾਹ ਦੇ ਹਥੋਂ ਨਿਨੂਵਾਹ ਅਤੇ ਥੈਬੀ ਲੋਨ ਵਾਂਗ ਹੀ ਨੁਕਸਾਨ ਉਠਾਉਣਾ ਪਿਆ ਭਾਵੇਂ ਇਸ ਦੇ ਵਸਨੀਕਾਂ ਨੂੰ ਗੁਲਾਮ ਬਣਾ ਕੇ ਉਹ ਨਾਲ ਨਹੀਂ ਸੀ ਲੈ ਗਿਆ । ਪਿਛੋਂ ਸਿਥਲਤਾ ਤੋਂ ਜਾਗਣ ਅਤੇ ਮੁੜ ਕਾਰੋਬਾਰ ਸ਼ੁਰੂ ਕਰਨ ਵਿਚ ਦਿੱਲੀ ਨੂੰ ਕੁਛ ਨ ਕੁਛ ਸਮਾਂ ਲਗ ਹੀ ਗਿਆ ।

## ਲਾਹੌਰ ਪਾਸੋਂ ਤਾਵਾਨ ਦੀ ਵਸੂਲੀ

ਦਿੱਲੀ ਤੋਂ ਰਵਾਨਗੀ ਦਾ ਸਮਾਂ ਨੇੜੇ ਪੁਜਣ ਤੇ ਨਾਦਰ ਸ਼ਾਹ ਨੇ ਆਪਣੇ ਵਜ਼ੀਰ ਨਵਾਬ ਅਬਦੁਲ ਬਾਕੀ ਖਾਨ ਤੇ ਹਦਾਇਤਉਲ ਖਾਨ ਪੁਤਰ ਆਜ਼ਾਦ ਉਦ ਦੌਲਾ ਨਵਾਬ ਜ਼ਕਰੀਆ ਖਾਨ ਨੂੰ ਲਾਹੌਰ ਰਵਾਨਾ

‡ਨਾਦਰ ਸ਼ਾਹ ਨੇ ਹਿੰਦ ਵਿਚੋਂ ਜੋ ਧਨ ਖੜਿਆ ਫਰੇਜ਼ਰ ਨੇ ਉਸ ਦੀ ਇਕ ਲੰਮੇਰੀ ਫਹਿਰਿਸਤ ਦਿਤੀ ਹੈ । ਕਿਹਾ ਜਾਂਦਾ ਹੈ ਉਸ ਨੇ ਸ਼ਹਿਨਸ਼ਾਹ ਤੇ ਉਮਰਾ ਪਾਸੋਂ ਹੀਰੇ ਮੋਤੀ, ਖਜ਼ਾਨੇ, ਮਾਲ ਤੇ ਦੀ ਆਦਿ ਸ਼ਕਲ ਵਿਚ ੭੦ ਕਰੋੜ ਦਾ ਮਾਲ ਖੜਿਆ । ਉਸ ਦੇ ਅਫਸਰ ਤੇ ਸਿਪਾਹੀਆਂ ਨੇ ਵੀ ੧੦ ਕਰੋੜ ਦਾ ਸਾਮਾਨ ਨਾਲ ਖੜਿਆ ਅਤੇ ਹਿੰਦੁਸਤਾਨ ਵਿਚ ਫੌਜ ਉਪਰ ੨੦ ਕਰੋੜ ਰੁਪਏ ਖਰਚ ਕੀਤਾ । ਉਹਨਾਂ ਨੂੰ ਪਿਛਲੀ ਬਕਾਇਆ ਤਨਖਾਹ ਦੇਣ ਤੋਂ ਛੁਟ ਇਨਾਮ ਵੀ ਦਿਤਾ । ਜਾਂਦਾ ਹੋਇਆ ਉਹ ਆਪਣੇ ਨਾਲ ਇਕ ਹਜ਼ਾਰ ਹਾਥੀ ੭ ਹਜ਼ਾਰ ਘੋੜੇ, ੧੦ ਹਜ਼ਾਰ ਊਠ, ੧੦੦ ਹਿਜੜੇ, ੧੩੦ ਲਿਖਾਰੀ ੨੦੦ ਲੁਹਾਰ ੩੦੦ ਰਾਜ ਮਿਸਤਰੀ, ੧੦੦ ਪਥਰ ਘਾੜੇ ਅਤੇ ੨੦੦ ਤਰਖਾਣ ਵੀ ਲੈ ਗਿਆ ।

Sri Satguru Jagjit Singh Ji eLibrary NamdhariElibrary@gmail.com

ਕੀਤਾ। ਇਹਨਾਂ ਨੂੰ ਨਾਦਰ ਨੇ ਇਹ ਹੁਕਮ ਦਿਤਾ ਕਿ ਉਹ ਜਾ ਕੇ ਈਰਾਨ ਦੇ ਖਜ਼ਾਨੇ ਲਈ ਇਕ ਕਰੋੜ ਰੁਪਇਆ ਪੰਜਾਬ ਵਿਚੋਂ ਇਕੱਠਾ ਕਰਨ। ਸ਼ਾਹੀ ਪ੍ਰਤੀਨਿਧਾਂ ਨੇ ਨਵਾਬ ਨਾਲ ਸ਼ਾਲਾਮਾਰ ਬਾਗ ਵਿਚ ਮੁਲਾਕਾਤ ਕੀਤੀ ਨਵਾਬ ਨੇ ਉਸਦਾ ਯਥਾ ਯੋਗ ਸਨਮਾਨ ਕੀਤਾ ਇਸ ਦੇ ਮਗਰੋਂ ਜ਼ਕਰੀਆ ਖਾਨ ਨੇ ਸ਼ਹਿਰ ਵਿਚ ਵਾਪਸ ਆ ਕੇ ਸਭ ਵਡੇ ਵਡੇ ਤੇ ਸਿਰਕਢ ਸ਼ਹਿਰੀਆਂ, ਸੌਦਾਗਰਾਂ, ਸ਼ਾਹੂਕਾਰਾਂ, ਅਤੇ ਧਨਵਾਨ ਲੋਕਾਂ ਦੀ ਇਕਤਰਤਾ ਬੁਲਾਈ ਅਤੇ ਉਹਨਾਂ ਨੂੰ ਦਸਿਆ ਕਿ ਸ਼ਾਹ ਚਾਹੁੰਦਾ ਹੈ ਕਿ ਲਾਹੌਰ ਨੂੰ ਤਬਾਹੀ ਤੇ ਬਰਬਾਦੀ ਤੋਂ ਬਚਾਇਆ ਜਾਏ। ਇਸ ਤੇ ਇਕ ਕਰੋੜ ਰੁਪਇਆ ਜਮਾ ਕੀਤਾ ਗਿਆ। ਸ਼ਾਹੀ ਕਾਸਦ ਇਹ ਰਕਮ ਲੈ ਕੇ ਰਵਾਨਾ ਹੋ ਗਿਆ ਅਤੇ ਨਾਦਰ ਸ਼ਾਹ ਦੀ ਵਡੀ ਫੌਜ ਨਾਲ ਜਾ ਸ਼ਾਮਲ ਹੋਇਆ ਜੋ ਇਸ ਵੇਲੇ ਤੀਕ ਆਪਣਾ ਕੂਚ ਜਾਰੀ ਕਰ ਚੁਕੀ ਸੀ।

## ਵਾਪਸੀ ਸਮੇਂ ਚਨਾਬ ਦੇ ਕਿਨਾਰੇ ਈਰਾਨੀ ਕੈਂਪ

ਕਿਉਂਕਿ ਦਿਲੀ ਨੂੰ ਮਾਰਚ ਸਮੇਂ ਲਾਹੌਰ ਦੀ ਸੜਕ ਦੇ ਨਾਲ ਲਗਦਾ ਸਾਰਾ ਦੇਸ ਈਰਾਨੀ ਫੌਜ ਨੇ ਬਰਬਾਦ ਕਰ ਦਿਤਾ ਸੀ ਇਸ ਲਈ ਨਾਦਰ ਸ਼ਾਹ ਨੇ ਹੁਣ ਸਿਆਲ ਕੋਟ ਦੇ ਰਸਤੇ ਕੂਚ ਬੋਲਿਆ। ੯ ਰਬੀ ਉਲ ਅਵਲ (ਮਈ ੧੭੩੯ ਈ:) ਉਸ ਦਾ ਕੈਂਪ ਦਰਿਆ ਚਨਾਬ ਦੇ ਕਿਨਾਰੇ ਕਾਲੂਵਾਲ ਪੁਜਾ। ਨਾਦਰੀ ਲਸ਼ਕਰ ਦੇ ਪੁਜਣ ਤੋਂ ਇਕ ਰਾਤ ਪਹਿਲੇ ਬਾਰਸ਼ ਦੇ ਜ਼ੋਰ ਨਾਲ ਬੇੜੀਆਂ ਦਾ ਪੁਲ ਟੁਟ ਗਿਆ। ਨਾਦਰੀ ਫੌਜ ਨੇ ਪਿੰਡ ਅਖਨੂਰ ਦੇ ਪਾਸ ਇਕ ਢੰਗ ਥਾਂ ਵੇਖਕੇ ਉਥੇ ਫੌਲਾਦੀ ਜ਼ੰਜੀਰ ਦਾ ਛੋਟਾ ਜਿਹਾ ਪੁਲ ਬਣਾ ਲਿਆ! ੧੪ ਤਰੀਕ ਨੂੰ ਕਾਲੂਵਾਲ ਦਾ ਈਰਾਨੀ ਕੈਂਪ ਪੁਟਿਆ ਗਿਆ ਅਤੇ ਫੌਜਾਂ ਨੇ ਅਖਨੂਰ ਵਾਲੇ ਬਣੇ ਪੁਲ ਰਾਹੀਂ ਦਰਿਆ ਪਾਰ ਕਰਨਾ ਸ਼ੁਰੂ ਕੀਤਾ। ਅਜੇ ਨਾਦਰ ਦੀ ਫੌਜ ਦਾ ਇਕ ਹਿਸਾ ਹੀ ਪੁਲ ਤੋਂ ਪਾਰ ਹੋਇਆ ਸੀ ਕਿ ਤੇਜ਼ ਬਹਾਓ ਨਾਲ ਪੁਲ ਰੁੜ੍ਹ ਗਿਆ ਜਿਸ ਕਰਕੇ ਦੋ ਹਜ਼ਾਰ ਕਜ਼ਲ ਬਾਸ਼ੀ ਦਰਿਆ ਵਿਚ ਡੁਬ ਮੋਏ। ਸ਼ਾਹ ਨੇ ਜ਼ਕਰੀਆ ਖਾਨ ਨੂੰ ਦਿਤੇ ਹੋਏ ਤਾਕਤਵਰ ਹਾਥੀ 'ਮਹਾ ਸੁੰਦਰ' ਉਤੇ ਸਵਾਰ ਹੋ ਕੇ ਪਤਨ ਦੀ ਢੂੰਡ ਕੀਤੀ ਪਰ ਕੋਈ ਲਾਂਘਾ ਨ ਮਿਲਣ ਕਰਕੇ ਇਹੋ ਫੈਸਲਾ ਕੀਤਾ ਗਿਆ ਕਿ ਫੌਜ ਬੇੜੀਆਂ ਰਾਹੀਂ ਦਰਿਆ ਪਾਰ ਕਰੇ। ਜਦ ਸਾਰੀ ਫੌਜ ਤੇ ਫੌਜ ਦਾ ਸਾਮਾਨ ਦਰਿਆ ਦੇ ਪਾਰ ਹੋ ਗਿਆ ਤਦ ਜ਼ਕਰੀਆ ਖਾਨ ਨੂੰ, ਜੋ ਸ਼ਾਹੀ ਕੈਂਪ ਦੇ ਨਾਲ ਸੀ ਵਾਪਸ ਮੁੜ ਜਾਣ ਦੀ ਆਗਿਆ ਦਿਤੀ ਗਈ।

## ਪੰਜਾਬ ਦੇ ਕੁਛ ਇਲਾਕੇ ਉਤੇ ਕਬਜ਼ਾ

ਗੁਜਰਾਤ, ਸਿਆਲ ਕੋਟ, ਪਸਰੂਰ, ਮੁਲਤਾਨ ਦੇ ਖੁਦਾ ਯਾਰ ਖਾਨ ਅਬਾਸੀ ਦੇ ਕੁਛ ਇਲਾਕੇ ਜ਼ਕਰੀਆ ਖਾਨ ਦੇ ਹਵਾਲੇ ਇਸ ਸ਼ਰਤ ਉਤੇ ਕੀਤੇ ਗਏ ਕਿ ਉਹ ੨੦ ਲਖ ਰੁਪਇਆ ਮਾਲੀਆ ਹਰ ਸਾਲ ਈਰਾਨੀ ਖਜ਼ਾਨੇ ਵਿਚ ਦਾਖਲ ਕਰੇ।

## ਈਰਾਨੀ ਸਿਪਾਹੀਆਂ ਦੀ ਢੂੰਡ ਦਾ ਹੁਕਮ

ਚਨਾਬ ਦੇ ਅਸਥਾਨ ਉਤੇ ਸ਼ਾਹ ਈਰਾਨ ਨੇ ਅਬੁਲ ਹੁਸੈਨ ਬੇਗ, ਯਾਕਾਹ ਬਾਸ਼ੀ ਨੂੰ ਹੁਕਮ ਦਿਤਾ ਕਿ ਭਰੋਸੇ ਯੋਗ ਹਾਕਮਾਂ ਨੂੰ ਕਿਸ਼ਤੀ ਵਿਚ ਬਠਾ ਕੇ ਉਹਨਾਂ ਦੇ ਜ਼ਿੰਮੇ ਇਹ ਕੰਮ ਲਾਇਆ ਜਾਏ ਕਿ ਉਹ ਸਭ ਆਦਮੀਆਂ ਦੀ ਪੜਤਾਲ ਕਰਕੇ ਉਹਨਾਂ ਨੂੰ ਦਰਿਆ ਪਾਰ ਕਰਨ ਦੇਣ। ਉਹਨਾਂ ਪਾਸ ਜੋ ਵੀ ਕੀਮਤੀ ਸ਼ੈ ਹੋਵੇ ਉਹ ਸਭ ਉਹਨਾਂ ਪਾਸੋਂ ਪਰਾਪਤ ਕਰਕੇ ਸ਼ਾਹੀ ਖਜ਼ਾਨੇ ਵਿਚ ਜਮਾ ਕਰਾਈ ਜਾਏ। ਇਹ ਹੁਕਮ ਸੁਣਦੇ ਸਾਰ ਬਹੁਤ ਸਾਰੇ ਸਿਪਾਹੀਆਂ ਨੇ ਆਪਣੇ ਆਪ ਹੀ ਜੋ ਜੋ ਜ਼ੇਵਰ ਜਾਂ ਜਵਾਹਰਾਤ ਉਹਨਾਂ ਪਾਸ ਸਨ ਸਰਕਾਰੀ ਕਰਮਚਾਰੀਆਂ ਦੇ ਹਵਾਲੇ ਕਰ ਦਿਤੇ। ਬਾਦਸ਼ਾਹ ਨੇ ਉਹਨਾਂ ਨੂੰ ਚੋਖਾ ਇਨਾਮ ਦਿਤਾ। ਜਿਨ੍ਹਾਂ ਲੋਕਾਂ ਨੇ ਲੁਟ ਦਾ ਮਾਲ ਆਪਣੇ ਅਸਬਾਬ ਤੇ ਘੋੜਿਆਂ ਖਚਰਾਂ ਤੇ ਊਠਾਂ ਦੀਆਂ ਕਾਠੀਆਂ ਵਿਚ ਲੁਕਾ ਰਖਿਆ ਸੀ ਉਹਨਾਂ ਨੂੰ ਮਜਬੂਰ ਕਰ ਕੇ ਸਾਰਾ ਕਢਵਾ ਲਿਆ ਗਿਆ। ਕੁਛ ਲੋਕਾਂ ਨੇ ਕੀਮਤੀ ਚੀਜ਼ਾਂ ਧਰਤੀ ਵਿਚ ਲੁਕਾ ਦਿਤੀਆਂ ਸਨ। ਇਸ ਆਸ ਉਤੇ ਕਿ ਉਹ ਪਿਛੋਂ ਤੇਜ਼ੀ ਕਢ ਕੇ ਲੈ ਜਾਣਗੇ ਉਹ ਸਭ ਧਰਤੀ ਦੇ ਢਿਡ ਵਿਚ ਹੀ ਰਹਿ ਗਈਆਂ ਕਿਉਂਕਿ ਕਿਸੇ ਵੀ ਮਨੁਖ ਨੂੰ ਮੁੜ ਦਰਿਆ ਪਾਰ ਕਰਨ ਦੀ ਆਗਿਆ ਨਹੀਂ ਸੀ ਦਿਤੀ ਗਈ। ਕੁਛ ਲੋਕਾਂ ਨੇ ਆਪਣਾ ਮਾਲ ਗੁਸੇ ਵਿਚ ਆ ਕੇ ਦਰਿਆ ਵਿਚ ਸੁਟ ਪਾਇਆ।

## ਹਿੰਦੁਸਤਾਨੀ ਕੈਦੀਆਂ ਦੀ ਰਿਹਾਈ

ਸ਼ਾਹ ਦੇ ਕੈਂਪ ਵਿਚ ਜਿਹੜੇ ਹਿੰਦੁਸਤਾਨੀ ਕੈਦੀ ਸਨ ਉਹ ਸਭ ਰਿਹਾ ਕਰ ਦਿਤੇ ਗਏ। ਉਹ ਕੈਦੀ ਜ਼ਕਰੀਆ ਖਾਨ ਦੇ ਹਵਾਲੇ ਕੀਤੇ ਗਏ ਤਾਂ ਜੁ ਉਹਨਾਂ ਨੂੰ ਆਪੋ ਆਪਣੇ ਇਲਾਕੇ ਵਿਚ ਪੁਚਾ ਦਿਤਾ ਜਾਏ।

## ਸ਼ਾਹ ਜਿਹਲਮ ਦੇ ਕਿਨਾਰੇ

ਭਾਵੇਂ ਲਗਾਤਾਰ ਭਾਰੀ ਬਾਰਸ਼ ਹੋ ਰਹੀ ਸੀ ਫੇਰ ਵੀ ਸ਼ਾਹ ਤੇਜ਼ੀ ਨਾਲ ਕੂਚ ਕਰਦਾ ਹੋਇਆ ਦਰਿਆ ਜਿਹਲਮ ਦੇ ਕਿਨਾਰੇ ਜਾ ਪੁਜਾ। ਦਰਿਆ ਵਿਚ ਹੜ ਆਇਆ ਹੋਇਆ ਸੀ ਅਤੇ ਇਕ ਊਠ ਜਿਸ ਉਤੇ ਸੋਨੇ ਦੀਆਂ ਸਲਾਖਾਂ ਲਦੀਆਂ ਹੋਈਆਂ ਸਨ ਅਧਿਕ ਭੀੜ ਦੇ ਕਾਰਨ ਬੇੜੀਆਂ ਦੇ ਪੁਲ ਉਤੋਂ ਡਿਗ ਕੇ ਦਰਿਆ ਵਿਚ ਹੀ ਗਰਕ ਹੋ ਗਿਆ। ਈਰਾਨੀ ਬਾਦਸ਼ਾਹ ਨੇ ਇਥੋਂ ਮੁਹੰਮਦ ਸ਼ਾਹ ਦੇ ਤੋਪ ਖਾਨੇ ਨੂੰ ਵਾਪਸ ਮੋੜ ਦਿਤਾ ਅਤੇ ਤੋਪਚੀਆਂ ਨੂੰ ਸੋਨੇ ਦੀਆਂ ਉਹ ਸਲਾਖਾਂ ਇਨਾਮ ਵਜੋਂ ਦੇ ਗਿਆ ਜੋ ਦਰਿਆ ਵਿਚ ਡੁਬ ਗਈਆਂ ਸਨ। ਇਹਨਾਂ ਲੋਕਾਂ ਨੇ ਗੁਆਚੀ ਹੋਈ ਦੌਲਤ ਨੂੰ ਲਭਣ ਲਈ ਪੂਰਾ ਪੂਰਾ ਤਾਣ ਲਾਇਆ ਪਰ ਉਹਨਾਂ ਦੇ ਹਥ ਕੁਛ ਨਾ ਲਗਾ। ਸਾਰਾ ਸਮਾਂ ਤੇ ਸ਼ਕਤੀ ਵਿਅਰਥ ਗੁਵਾ ਕੇ ਉਹਨਾਂ ਦੇ ਹਥ ਇਕ ਪਿਤਲ ਦਾ ਬਰਤਨ ਤੇ ਲੋਟਾ ਹੀ ਆਇਆ।

ਰਾਵਲਪਿੰਡੀ ਦੀਆਂ ਸਰਹਦਾਂ ਦੇ ਨਾਲ ਨਾਲ ਕੂਚ ਕਰਕੇ ਬਾਦਸ਼ਾਹ ਹਸਨ ਅਬਦਾਲ ਵਿਚਦੀ ਲੰਘਿਆ ਅਤੇ ਯੂਸਫ ਜ਼ਈ ਅਫਗਾਨਾਂ ਨੂੰ ਫਤਹ ਕਰਨ ਮਗਰੋਂ ਤੇਜ਼ੀ ਨਾਲ ਕੂਚ ਕਰਦਾ ਹੋਇਆ ਜਲਾਲ ਬਾਦ ਹੋ ਕੇ ੨੦ ਨਵੰਬਰ ੧੭੩੯ ਨੂੰ ਕਾਬਲ ਪਹੁੰਚ ਗਿਆ।

## ਸਿੰਧ ਵਲ ਕੂਚ ੧੭੩੯ ਈ:

ਇਸੇ ਹੀ ਸਾਲ ਉਹ ਆਪਣੀਆਂ ਫੌਜਾਂ ਲੈ ਕੇ ਸਿੰਧ ਵਲ ਵਧਿਆ ਅਤੇ ਸਿੰਧ ਨੂੰ ਫਤਹ ਕਰਕੇ ਖੁਦਾ ਯਾਰ ਖਾਨ ਗਵਰਨਰ ਨੂੰ ਬੜੀ ਮੁਸੀਬਤ ਵਿਚ ਪਾਇਆ।

## ਲਾਹੌਰੀ ਵਾਇਸਰਾਏ ਜ਼ਕਰੀਆ ਖਾਨ ਨੂੰ ਸੱਦਾ

ਸਿੰਧ ਵਿਚ ਹੀ ਉਸਨੇ ਲਾਹੌਰ ਦੇ ਗਵਰਨਰ ਨਵਾਬ ਜ਼ਕਰੀਆ ਖਾਨ ਨੂੰ ਸਦ ਭੇਜਿਆ ਤਾਂ ਜੁ ਉਹ ਬਲੋਚੀਆਂ ਵਿਰੁਧ ਮੁਹਿੰਮ ਵਿਚ ਉਸ ਦੀ ਸਹਾਇਤਾ ਕਰੇ। ਉਸ ਨੇ ਸਿੰਧ ਦੇ ਸ਼ਹਿਰ ਲਾੜਕਾਨਾ ਵਿਚ ਨਵੇਂ ਸਾਲ ਦਾ ਜਸ਼ਨ ਬੜੀ ਸ਼ਾਨ ਨਾਲ ਮਨਾਇਆ ਅਤੇ ਆਪਣੀ ਫੌਜ ਨੂੰ ਇਨਾਮ ਨਾਲ ਮਾਲਾ ਮਾਲ ਕੀਤਾ।

---

†ਫਰੇਜ਼ਰ

## ਸ਼ਾਹ ਵਲੋਂ ਫੌਜ ਨੂੰ ਇਨਾਮ

ਅੱਵਲ ਦਰਜੇ ਦੇ ਅਫਸਰਾਂ ਨੂੰ ਉਸ ਨੇ ੫੦੦ ਮੁਹਰ ਫੀ ਅਫਸਰ ਦਿਤੀ ਅਤੇ ਦੂਜਿਆਂ ਨੂੰ ਇਕ ਸੌ ਤੋਂ ਲੈ ਕੇ ਤਿੰਨ ਸੌ ਮੁਹਰ ਤੀਕ ਇਨਾਮ ਵਜੋਂ ਦਿਤੀ। ਹਰ ਇਕ ਪਰਾਈਵੇਟ ਸਿਪਾਹੀ ਨੂੰ ਦੋ ਦੋ ਮੁਹਰਾਂ* ਦਿਤੀਆਂ।

## ਕੰਧਾਰ ਵਲ ਰਵਾਨਗੀ

ਇਹਨਾਂ ਕਾਰਰਵਾਈਆਂ ਮਗਰੋਂ ਜ਼ਕਰੀਆ ਖਾਨ ਨੂੰ ਵਾਪਸ ਲਾਹੌਰ ਭਜ ਦਿਤਾ ਅਤੇ ਨਾਦਰ ਸ਼ਾਹ ਆਪ ਫੌਜ ਲੈ ਕੇ ਕੰਧਾਰ ਵਲ ਵਧਿਆ।

ਸਿੰਧ ਵਿਚੋਂ ਰਵਾਨਗੀ ਮਗਰੋਂ ਨਾਦਰ ਨੇ ਤਾਤਾਰੀਆਂ ਵਿਰੁਧ ਜੰਗ ਛੇੜ ਦਿਤੀ ਅਤੇ ਉਹਨਾਂ ਨੂੰ ਪੂਰਨ ਤੌਰ ਉਤੇ ਆਪਣੇ ਅਧੀਨ ਕਰ ਲਿਆ। ਇਸ ਤੋਂ ਛੁਟ ਕੁਛ ਹੋਰ ਪੂਰਬੀ ਦੇਸਾਂ ਉਤੇ ਵੀ ਉਸ ਨੇ ਵਿਜੇ ਪਾਈ। ਦਿੱਲੀ ਵਿਚੋਂ ਉਹ ਆਪਣ ਨਾਲ ਰਾਗੀਆਂ ਤੇ ਨਾਚੀਆਂ ਦਾ ਇਕ ਟੋਲਾ ਲੈ ਗਿਆ ਸੀ ਜਿਸ ਦੀ ਉਸ ਨੇ ਬੜੀ ਪਰਸੰਸਾ ਕੀਤੀ ਸੀ। ਇਨਾਮ ਦੇਣ ਵਲ ਉਹ ਬੜਾ ਦਰਿਆ ਦਿਲ ਸੀ। ਉਸ ਨੇ ਈਰਾਨ ਦੇ ਸਭ ਸੂਬਿਆਂ ਅੰਦਰ ਇਹ ਐਲਾਨ ਕਰ ਦਿਤਾ ਸੀ ਕਿ ਅਗਲੇ ਤਿੰਨ ਸਾਲ ਲਈ ਲੋਕਾਂ ਪਾਸੋਂ ਕਿਸੇ ਕਿਸਮ ਦਾ ਟੈਕਸ ਨਹੀਂ ਲਿਆ ਜਾਏਗਾ।

## ਹਰਾਤ ਵਿਚ ਨੁਮਾਇਸ਼

ਹਿੰਦੁਸਤਾਨ ਵਿਚੋਂ ਜਿਹੜੀਆਂ ਚੀਜ਼ਾਂ ਨਾਦਰ ਲੈ ਗਿਆ ਉਸ ਦੀ ਉਸ ਨੇ ਹਰਾਤ ਵਿਚ ਨੁਮਾਇਸ਼ ਕੀਤੀ ਅਤੇ ਖੇਲ ਤਮਾਸ਼ਿਆਂ ਤੋਂ ਛੁੱਟ ਕਈ ਦਿਨ ਦਾਹਵਤਾਂ ਤੇ ਜ਼ਿਆਫਤਾਂ ਉਡਦੀਆਂ ਰਹੀਆਂ। ਸ਼ਾਹ ਜਹਾਨ ਦੇ ਤਖਤ ਤਾਊਸ ਨੂੰ ਵੇਖ ਵੇਖ ਕੇ ਉਹ ਬੜਾ ਖ਼ੁਸ਼ ਹੁੰਦਾ ਸੀ। ਉਸ ਨੇ ਆਪਣੇ ਜੌਹਰੀਆਂ ਨੂੰ ਹੁਕਮ ਦਿਤਾ ਕਿ ਉਹ ਇਹੋ ਜਿਹਾ ਇਕ ਹੋਰ ਤਖਤ ਤਿਆਰ ਕਰਨ। ਬਣਨ ਵਾਲਾ ਤਖਤ ਉਸੇ ਕਿਸਮ ਦਾ ਉਨਾ ਹੀ ਸ਼ਾਨਦਾਰ ਤੇ ਉਡੇ ਹੀ ਸਾਈਜ਼ ਤੇ ਡੀਜ਼ਾਇਨ ਦਾ ਹੋਵੇ।

## ਤਖਤਿ ਨਾਦਰੀ

ਉਸ ਨੇ ਇਸ ਨਵੇਂ ਤਖਤ ਦਾ ਨਾਮ ਤਖਤਿ ਨਾਦਰੀ ਰਖਿਆ ਅਤੇ ਉਸ ਨੂੰ ਆਪਣੇ ਦੀਵਾਨ ਖਾਨੇ ਵਿਚ ਟਿਕਾ ਦਿਤਾ। ਹਰਾਤ ਵਿਚ ਤਖਤਿ ਨਾਦਰੀ ਅਤੇ ਦਿਲੀ ਤੋਂ ਲਿਆਂਦਾ ਤਖਤ ਤਾਊਸ ਨਾਲੋਂ ਨਾਲ ਰਖੇ ਗਏ। ਇਹਨਾਂ ਦੋਵਾਂ ਦੇ ਨਾਲ ਕਈ ਹੋਰ ਰਾਜਿਆਂ ਦੇ ਤਖਤ ਵੀ ਟਕਾਏ ਗਏ ਜੋ ਉਸ ਨੇ ਉਹਨਾਂ ਨੂੰ ਜਿਤ ਕੇ ਪਰਾਪਤ ਕੀਤੇ ਸਨ। ਹੀਰੇ ਜਵਾਹਰਾਂ ਦੀ ਦੌਲਤ ਨਾਲ ਉਸ ਨੇ ਹਰ ਕਿਸਮ ਦਾ ਅਸਲ੍ਹਾ ਤਿਆਰ ਕਰਵਾਇਆ ਜਿਨ੍ਹਾਂ ਵਿਚ ਕੀਮਤੀ ਪਥਰ ਲਗੇ ਹੋਏ ਸਨ। ਉਸ ਨੇ ਕਾਠੀਆਂ, ਕੁਰਸੀਆਂ ਅਤੇ ਦੂਜਾ ਸਾਮਾਨ ਵੀ ਹੀਰਿਆਂ ਜੜਤ ਬਣਾਇਆ ਸੀ।

## ਸ਼ਾਹੀ ਤੰਬੂ ਦੀ ਸਜਾਵਟ

ਸ਼ਾਹ ਦੇ ਵਿਸ਼ੇਸ਼ ਹੁਕਮ ਨਾਲ ਉਸ ਦੇ ਮੁਆਬੀਰ ਬਾਸ਼ੀ (ਕੁਆਰਟਰ ਮਾਸਟਰ ਜਨਰਲ) ਨੇ ਉਸ ਸਮੇਂ ਦੇ ਬਿਹਤਰੀਨ ਕਾਰੀਗਰਾਂ ਪਾਸੋਂ ਇਕ ਬੜਾ ਹੀ ਸ਼ਾਨਦਾਰ ਸ਼ਾਹੀ ਤੰਬੂ ਤਿਆਰ ਕਰਵਾਇਆ। ਇਸ ਵਿਚ ਸਬਜ਼ ਸਾਟਨ ਦੀਆਂ ਧਾਰੀਆਂ ਸਨ ਪਰ ਇਸ ਵਿਚ ਜਿਹੜੇ ਹੀਰੇ ਜੜੇ ਗਏ ਉਹ ਚੰਗੀ ਦਿਖ ਨਹੀਂ ਸਨ ਦੇਂਦੇ। ਇਸ ਲਈ ਬਾਦਸ਼ਾਹ ਦੀ ਆਗਿਆ ਅਨੁਸਾਰ ਇਸ ਦੇ ਛੋਟੇ ਛੋਟੇ ਟੁਕੜੇ ਕਰ ਦਿਤੇ ਅਤੇ ਇਕ ਨਵਾਂ ਤੰਬੂ ਤਿਆਰ ਕਰਵਾਇਆ। ਇਸ ਤੰਬੂ ਦੀ ਛਤ ਵਖਰੀ ਹੀ ਬਣਾਈ ਗਈ ਤਾਂ ਜੁ ਇਸ ਨੂੰ ਲਿਜਾਣ ਤੇ ਲਿਆਣ ਵਿਚ ਸੌਖ ਰਹੇ। ਤੁਰਾਨ ਦੀ ਮੁਹਿੰਮ ਤੋਂ ਵਾਪਸੀ ਸਮੇਂ ਇਹ ਨਵਾਂ ਤੰਬੂ ਨਾਦਰ ਸ਼ਾਹ ਨੂੰ ਵਿਖਾਇਆ ਗਿਆ। ਇਸ ਦਾ ਬਾਹਰਲਾ ਪਾਸਾ ਨਫੀਸ ਲਾਲ ਰੰਗ ਦਾ ਸੀ। ਧਾਰੀਆਂ ਜੰਮੂ ਰੰਗ ਦੀ ਸਾਟਨ ਦੀਆਂ ਸਨ, ਜਿਨ੍ਹਾਂ ਵਿਚ ਦਰਿੰਦ, ਪਰਿੰਦ, ਬਿਰਛ ਤੇ ਫੁਲਾਂ ਦੇ ਚਿਤਰ ਕਢੇ ਗਏ ਸਨ। ਤੰਬੂ ਦੀ ਸਜਾਵਟ ਲਈ ਮੋਤੀ, ਹੀਰੇ, ਨੀਲਮ ਤੇ ਹੋਰ ਕੀਮਤੀ ਪੱਥਰ ਵੀ ਲਾਏ ਗਏ। ਤੰਬੂ ਦੇ ਪੋਲ (ਖੰਬੇ) ਵੀ ਇਸ ਤਰ੍ਹਾਂ ਸ਼ਿੰਗਾਰੇ ਗਏ ਸਨ। ਤੰਬੂ ਦੇ ਚੌਹੀਂ ਪਾਸੀਂ ਇਕ ਪਰਦਾ ਲਾਇਆ ਗਿਆ ਜਿਨ੍ਹਾਂ ਉਤੇ ਦੋ ਫਰਿਸ਼ਤੇ ਸਨ। ਤੰਬੂ ਦੀਆਂ ਕਿਲੀਆਂ ਨਿਗਰ ਸੋਨੇ ਦੀਆਂ ਸਨ। ਸਾਰਾ ਤੰਬੂ ਇਸ ਦੀਆਂ ਕਨਾਤਾਂ ਤੇ ਖੰਭੇ ਸਭ ਮਿਲ ਕੇ ਸਤ ਹਾਥੀਆਂ ਦਾ ਭਾਰ ਹੋ ਜਾਂਦਾ ਸੀ। ਪੂਰਬੀ ਸ਼ਾਨ ਦੇ ਇਸ ਸ਼ਾਨਦਾਰ ਨਮੂਨੇ ਦੀ ਨੁਮਾਇਸ਼ ਹਰਾਤ ਦੇ ਦੀਵਾਨ ਖਾਨੇ ਵਿਚ ਵਡੇ ਵਡੇ ਤਿਹਾਰਾਂ ਉਤੇ ਕੀਤੀ ਜਾਂਦੀ ਸੀ। ਨਾਦਰ ਸ਼ਾਹ ਦੀ ਬਾਕੀ *ਜ਼ਿੰਦਗੀ ਵਿਚ ਵੀ ਇਸ ਨੁਮਾਇਸ਼ ਦਾ ਰਵਾਜ ਜਾਰੀ ਰਿਹਾ। ਸ਼ਾਨ ਅਤੇ ਸਜ ਧਜ ਪਸੰਦ ਹੋਣ ਦੇ ਕਾਰਨ ਉਸ ਨੇ ਇਹਨਾਂ ਸ਼ਾਨਦਾਰ ਚੀਜ਼ਾਂ ਨੂੰ ਉਚੇਰੇ ਆਰਟ ਦੇ ਨਮੂਨੇ ਬਣਾ ਦਿਤਾ। ਇਸਨੂੰ ਇਕ ਨਜ਼ਰ ਵੇਖਣ ਨਾਲ ਉਹ ਸਭ ਤੋਂ ਵਡਮੁਲੇ ਤੇ ਅਤਿ ਨਫੀਸ ਮੋਤੀ ਤੇ ਕੀਮਤੀ ਪੱਥਰ ਸਪਸ਼ਟ ਦਿਸ ਪੈਂਦੇ ਸਨ ਜਿਨ੍ਹਾਂ ਉਤੇ ਕਦੇ ਮਹਾ ਮੁਗਲ ਨੂੰ ਬੜਾ ਮਾਣ ਹੁੰਦਾ ਸੀ।

ਨਾਦਰ ਸ਼ਾਹ ਨੇ ਆਪਣਾ ਰਾਜ ਉੱਤਰ ਵਿਚ ਦਰਿਆ ਔਕਸਸ ਤੀਕ ਅਤੇ ਦਖਣ ਵਿਚ ਦਰਿਆ ਸਿੰਧ ਤੀਕ ਫੈਲਾ ਲਿਆ ਸੀ। ਉਸ ਨੇ ਇਕ ਇਕ ਕਰਕੇ ਕਈ ਸੂਬੇ ਫਤਹ ਕੀਤੇ ਅਤੇ ਕਈ ਜੰਗਜੂ ਕੌਮਾਂ ਨੂੰ ਆਪਣੇ ਅਧੀਨ ਕੀਤਾ। ਹੁਣ ਉਹ ਬੁਢਾ ਹੋ ਚੁਕਾ ਸੀ ਇਸ ਲਈ ਉਸ ਦੀ ਦਿਲੀ ਇੱਛਾ ਸੀ ਕਿ ਤਾਜ ਤਖਤ ਆਪਣੇ ਬੇਟੇ ਨਸਰਉੱਲਾ ਨੂੰ ਸੌਂਪ ਕੇ ਆਪ ਆਰਾਮ ਦੀ ਜ਼ਿੰਦਗੀ ਬਤੀਤ ਕਰੇ। ਉਹ ਕੇਵਲ ਜਾਰੀ ਕੀਤੀਆਂ ਹੋਈਆਂ ਮੁਹਿੰਮਾਂ ਤੇ ਕੰਮਾਂ ਦੇ ਖਾਤਮੇ ਦੀ ਉਡੀਕ ਵਿਚ ਸੀ।

## ਏਕਾਂਤ ਜੀਵਨ ਲਈ ਕਲਾਤ ਦੀ ਚੋਣ

ਨਾਦਰ ਨੇ ਆਪਣੇ ਏਕਾਂਤ ਜੀਵਨ ਲਈ ਕਲਾਤ ਦਾ ਕਿਲਾ ਨੀਯਤ ਕੀਤਾ। ਉਥੇ ਆਪਣੀ ਰਿਹਾਇਸ਼ ਲਈ ਸ਼ਾਨਦਾਰ ਮਹਲ ਤਿਆਰ ਕਰਾਇਆ ਜਿਸ ਵਿਚ ਵਡੇ ਵਡੇ ਅਸ਼ਨਾਨ ਘਰ, ਬਗੀਚੇ ਅਤੇ ਉਮਰਾ ਲਈ ਵਿਸ਼ਾਲ ਕੋਠੀਆਂ ਦਾ ਪ੍ਰਬੰਧ ਵੀ ਕੀਤਾ।

## ਮਤ ਮਾਰੀ ਗਈ

ਜਿਵੇਂ ਜਿਵੇਂ ਉਹ ਬਿਰਧ ਹੁੰਦਾ ਗਿਆ ਉਸ ਦਾ ਆਪਣੇ ਮਨ ਉਤੇ ਕਾਬੂ ਢਿਲਾ ਹੁੰਦਾ ਗਿਆ। ਉਸ ਦਾ ਦਿਲ ਕਮਜ਼ੋਰ ਹੋ ਗਿਆ ਤੇ ਮਤ ਮਾਰੀ ਗਈ। ਇਕ ਵਾਰ ਉਹਨੇ ਬਗਦਾਦ ਦੇ ਮੁਲਾਣਿਆਂ ਨਾਲ ਧਾਰਮਕ ਚਰਚਾ ਛੇੜ ਦਿਤੀ ਅਤੇ ਕਈ ਦਿਨਾਂ ਤੀਕ ਫਜ਼ੂਲ ਬਹਿਸ ਵਿਚ ਹੀ ਰੁਝਾ ਰਿਹਾ। ਇਹ ਉਹਦੇ ਵਰਗੇ ਸਰਗਰਮ ਮਨੁਖ ਲਈ ਇਕ ਵਚਿਤਰ ਗਲ ਸੀ।

*ਮੁਹਰ ਹਿੰਦੁਸਤਾਨੀ ਸਿੱਕਾ ਸੀ ਜੋ ੨੪) ਦੇ ਬਰਾਬਰ ਹੁੰਦਾ ਸੀ ਮੈਮਾਇਰਜ਼ ਆਫ ਖਵਾਜਾ ਅਬਦੁਲ ਕਰੀਮ।

*ਗਲੈਡਵਿਨਜ਼ "ਮਮਾਇਰਜ਼ ਆਫ ਖਵਾਜਾ ਅਬਦੁਲ ਕਰੀਮ"। ਲੇਖਕ ਸਾਨੂੰ ਦਸਦਾ ਹੈ ਕਿ ਨਾਦਰ ਸ਼ਾਹ ਦੀ ਮੌਤ ਮਗਰੋਂ ਉਸ ਦੇ ਭਤੀਜੇ ਆਦਲ ਸ਼ਾਹ ਅਤੇ ਉਸਦੇ ਪੋਤੇ ਸ਼ਾਹ ਰੁਖ਼ ਨੇ ਇਸ ਤੰਬੂ ਨੂੰ ਟੁਕੜੇ ਟੁਕੜੇ ਕਰ ਦਿਤਾ ਅਤੇ ਉਸ ਦੀਆਂ ਸਭ ਕੀਮਤੀ ਚੀਜ਼ਾਂ ਵੀ ਵਖ ਵਖ ਕਰ ਦਿਤੀਆਂ।

Sri Satguru Jagjit Singh Ji eLibrary NamdhariElibrary@gmail.com

## ਆਪਣੇ ਪੁਤੱਰ ਦੀਆਂ ਅੱਖਾਂ ਕਢ ਦਿਤੀਆਂ

ਇਕ ਹੋਰ ਮੌਕੇ ਉਪਰ ਗੁੱਸੇ ਵਿਚ ਆ ਕੇ ਉਸਨੇ ਆਪਣੇ ਬੇਟੇ ਰਜ਼ਾ ਕੁਲੀ ਦੀਆਂ ਅੱਖਾਂ ਕਢ ਦਿਤੀਆਂ ਭਾਂਵੇਂ ਪਿਛੋਂ ਉਹੋ ਆਪਣੇ ਗੁਸੇ ਭਰੇ ਕਾਰੇ ਉਤੇ ਬੜਾ ਪਛਤਾਇਆ। ਇਸ ਦਾ ਉਸਦੇ ਦਿਲ ਉਤੇ ਐਨਾਂ ਦੁੱਖ ਹੋਇਆ ਕਿ ਉਸ ਦਾ ਦਿਲ ਹਿਲ ਗਿਆ।

## ਜ਼ਾਲਮ ਬਣ ਗਿਆ

ਉਹ ਸੁਦਾਈ ਹੋ ਗਿਆ। ਉਸਦਾ ਇਹ ਪਾਗਲਪਨ ਵਧਦਾ ਗਿਆ ਅਤੇ ਨਾਲ ਹੀ ਉਸਦੇ ਜ਼ਖਮਾਂ ਵਿਚ ਵਾਧਾ ਹੁੰਦਾ ਗਿਆ। ਸ਼ਾਹੀ ਹਕੀਮ ਅਲਵੀ ਖਾਨ ਜਿਥੇ ਉਸ ਨੂੰ ਦਵਾਈ ਦੇਂਦਾ ਸੀ, ਉਥੇ ਨਾਲ ਹੀ ਉਸ ਨੂੰ ਚੰਗੇਰੀ ਸਲਾਹ ਦੇਣ ਦਾ ਵੀ ਹੌਸਲਾ ਕਰਦਾ ਸੀ। ਹਕੀਮ ਬਾਸ਼ੀ ਵੀ ਲੋਕਾਂ ਦੀ ਭਲਾਈ ਲਈ ਉਸਦੇ ਜ਼ੁਲਮੀ ਸੁਭਾ ਨੂੰ ਬਦਲਾਉਣ ਦਾ ਜਤਨ ਕਰਦਾ ਰਿਹਾ। ਇਸ ਢੰਗ ਨਾਲ ਉਸ ਨੂੰ ਕੁਛ ਅਫਾਕਾ ਹੋਇਆ ਅਤੇ ਦੋ ਹਫਤੇ ਤੀਕ ਉਸਦੇ ਦਿਲ ਵਿਚ ਕਿਸੇ ਦੀ ਜਾਨ ਜਾਂ ਅੱਖਾਂ ਲੈਣ ਦਾ ਕੋਈ ਖਿਆਲ ਨ ਆਇਆ। ਪਰ ਅਲਵੀ ਖਾਨ ਦੇ ਜਾਣ ਸਾਰ ਉਸਦਾ ਪਾਗਲਪਨ ਫੇਰ ਜ਼ੋਰ ਫੜ ਗਿਆ ਅਤੇ ਉਸ ਨੇ ਮੁੜ ਪਹਿਲੀਆਂ ਕਰਤੂਤਾਂ ਕਰਨੀਆਂ ਆਰੰਭ ਦਿਤੀਆਂ। ਨਿਕੇ ਨਿਕੇ ਕਸੂਰ ਬਦਲੇ ਉਹ ਕਿਸੇ ਦੀਆਂ ਅੱਖਾਂ ਕਢਵਾ ਦੇਂਦਾ ਤੇ ਕਿਸੇ ਨੂੰ ਜਾਨੋਂ ਮਰਵਾ ਦੇਂਦਾ।

## ਸੂਬਿਆਂ ਦੀ ਬਗਾਵਤ

ਇਹੋ ਜਿਹੀ ਦਸ਼ਾ ਵਿਚ ਫਰਾਂਸ ਦੇ ਗਵਰਨਰ ਨੇ ਬਗਾਵਤ ਕਰ ਦਿਤੀ। ਉਸ ਦੀ ਵੇਖਾ ਵੇਖੀ ਕੁਝ ਦੂਜੇ ਸੂਬਿਆਂ ਦੇ ਗਵਰਨਰ ਵੀ ਆਕੀ ਹੋ ਬੈਠੇ। ਇਹ ਵੇਖ ਕੇ ਨਾਦਰਸ਼ਾਹ ਦੇ ਅੰਦਰ ਜੋਸ਼ ਤੇ ਗੁੱਸੇ ਦਾ ਐਨਾ ਭਾਂਬੜ ਮਚ ਉਠਿਆ ਜਿਸ ਦਾ ਕਿ ਅੰਦਾਜ਼ਾ ਨਹੀਂ ਲਾਇਆ ਜਾ ਸਕ ਦਾ ਹੈ। ਉਸ ਨੇ ਬਹੁਤ ਸਾਰੇ ਗਵਰਨਰ ਤੇ ਉਮਰਾ ਨੂੰ ਜ਼ਰਾ ਜ਼ਰਾ ਸ਼ਕ ਉਤੇ ਜਾਨੋਂ ਮਰਵਾ ਦਿਤਾ। ਬਗ਼ਾਵਤਾਂ ਦੇ ਲੀਡਰਾਂ ਦੀਆਂ ਜਾਨਾਂ ਲੈਣ ਉਤੇ ਹੀ ਬਸ ਨ ਕਰਕੇ ਉਸਨੇ ਸ਼ਹਿਰਾਂ ਦੇ ਸ਼ਹਿਰ ਉਜਾੜ ਦਿਤੇ। ਸ਼ਹਿਰਾਂ ਦੀ ਦੁਖੀ ਪਰਜਾ ਉਸਦੇ ਜ਼ੁਲਮਾਂ ਤੋਂ ਡਰਦੀ ਮਾਰੀ ਪਹਾੜਾਂ ਤੇ ਥਲਾਂ ਵਿਚ ਚਲੀ ਗਈ। ਉਸਨੇ ਦਰਿੜ੍ਹ ਨਿਸ਼ਚਾ ਧਾਰ ਲਿਆ ਕਿ ਅਪਣੀਆਂ ਈਰਾਨੀ ਫੌਜਾਂ ਦਾ ਅਫਗਾਨਾਂ ਅਤੇ ਉਜ਼ਬੇਕਾਂ ਪਾਸੋਂ ਕਤਲੇ ਆਮ ਕਰਾਇਆ ਜਾਏ ਕਿਉਂਕਿ ਉਸ ਨੂੰ ਅਫਗਾਨਾਂ ਤੇ ਉਜ਼ਬੇਕਾਂ ਉਤੇ ਪੂਰਾ ਪੂਰਾ ਭਰੋਸਾ ਸੀ। ਪਰ ਰਬ ਨੂੰ ਕੁਛ ਹੋਰ ਹੀ ਮੰਜ਼ੂਰ ਸੀ, ਇਸ ਜ਼ਾਲਮ ਦਾ ਆਪਣਾ ਅੰਤ ਵੀ ਨੇੜੇ ਢੁਕ ਚੁਕਾ ਸੀ। ਜਿਸ ਰੋਜ਼ ਉਸਨੇ ਆਪਣੀ ਖ਼ੂਨੀ ਸਕੀਮ ਨੂੰ ਸਿਰੇ ਚਾੜ੍ਹਨ ਦਾ ਫੈਸਲਾ ਕੀਤਾ ਉਸਤੋਂ ਠੀਕ ਇਕ ਰਾਤ ਪਹਿਲੋਂ ਹੀ ਉਹ ਆਪ ਕਤਲ ਕਰ ਦਿਤਾ ਗਿਆ।

## ਜ਼ਾਲਿਮ ਨੂੰ ਕਤਲ ਕਰਨ ਦੀ ਸਾਜ਼ਸ਼

ਉਸ ਦੇ ਭਤੀਜੇ ਅਲੀ ਕੁਲੀ ਖਾਨ ਨੇ, ਜੋ ਤਾਜ ਤਖ਼ਤ ਦਾ ਦਾਵੇਦਾਰ ਸੀ ਅਤੇ ਆਪਣੇ ਚਾਚੇ ਦੇ ਕੀਮਤੀ ਖਜ਼ਾਨਿਆਂ ਵਲ ਲਲਚਾਈਆਂ ਨਜ਼ਰਾਂ ਨਾਲ ਤਕ ਰਿਹਾ ਸੀ, ਉਸ ਨੂੰ ਜਾਨੋਂ ਮਾਰ ਦੇਣ ਦੀ ਸਾਜ਼ਸ਼ ਘੜੀ। ਉਸ ਸਮੇਂ ਨਾਦਰ ਸ਼ਾਹ ਆਪਣੀਆਂ ਸਕੀਮਾਂ ਨੂੰ ਸਿਰੇ ਚਾੜ੍ਹਨ ਲਈ ਮਸ਼ਹਦ ਦੇ ਆਸ ਪਾਸ ਫਤਹ ਆਬਾਦ ਦੇ ਅਸਥਾਨ ਉਤੇ ਕੈਂਪ ਲਾਈ ਬੈਠਾ ਸੀ। ਉਸ ਦਿਨ ਲੰਮੇ ਕੂਚ ਤੋਂ ਥਕ ਕੇ ਤੇ ਚੂਰ ਚੂਰ ਹੋਕੇ ਉਹ ਸਵਖਤੇ ਹੀ ਆਪਣੇ ਤੰਬੂ ਵਿਚ ਚਲਾ ਗਿਆ ਅਤੇ ੮ ਜੂਨ ੧੭੪੭ ਦੀ ਅਧੀ ਰਾਤ ਤੀਕ ਘੂਕ ਸੁਤਾ ਰਿਹਾ। ਉਸ ਦੇ ਭਤੀਜੇ ਦੀ ਸਾਜ਼ਸ਼ ਨਾਲ, ਮੁਹੰਮਦ ਕੁਲੀ ਖਾਨ ਅਰਦੇਮੀ, ਸ਼ਾਹ ਦੇ ਸੰਬੰਧੀ ਅਤੇ ਖ਼ੁਸ਼ੇਕੀ ਬਾਸ਼ੀ (ਕਮਾਂਡਿੰਗ ਅਫ਼ਸਰ ਬਾਡੀ ਗਾਰਡ) ਨੇ ੭੦ ਖ਼ੁਸ਼ੇਕ ਅਰਥਾਤ ਪਹਿਰੇਦਾਰਾਂ ਸਮੇਤ ਬਾਦਸ਼ਾਹ ਨੂੰ ਓਸ ਰਾਤ ਕਤਲ ਕਰ ਦੇਣ ਦੀ ਸੁਗੰਧ ਖਾਧੀ ਸੀ। ਨਿਯਤ ਸਮੇਂ ਉਪਰ ਉਹਨਾ ਵਿਚੋਂ ੫੭ ਸਾਜ਼ਸ਼ੀ ਐਨੇ ਡਰ ਗਏ ਕਿ ਉਹਨਾ ਨੇ ਸਾਜ਼ਸ਼ ਨੂੰ ਸਿਰੇ ਚਾੜ੍ਹਨ ਤੋਂ ਇਨਕਾਰ ਕਰ ਦਿਤਾ। ਇਸ ਤੇ ਬਾਕੀ ਦੇ ੧੩ ਮੈਂਬਰ ਸੇਰਾ ਪੜਦਾ* ਪਾੜ ਕੇ ਹਰਮ ਵਿਚ ਦਾਖਲ ਹੋ ਗਏ। ਪਹਿਰੇਦਾਰ ਖਵਾਜਾ ਸਰਾ (ਹਿਜੜੇ) ਨੇ ਉਹਨਾ ਨੂੰ ਰੋਕਣ ਦਾ ਜਤਨ ਕੀਤਾ ਪਰ ਉਹਨੂੰ ਮਾਰ ਕੇ ਪਰ੍ਹੇ ਸੁਟ ਦਿਤਾ ਗਿਆ। ਕਾਤਲ ਪਹਿਲੇ ਤਾਂ ਬੁਢੇ ਬਾਦਸ਼ਾਹ ਦੀ ਡਬਕ ਸੁਣ ਕੇ ਪਿਛੇ ਹਟ ਗਏ ਕਿਉਂਕਿ ਉਸਦੀ ਡਬਕ ਸੁਣ ਕੇ ਭਿਆਨਕ ਤੋਂ ਭਿਆਨਕ ਮਨੁੱਖ ਵੀ ਕੰਬ ਉਠਦਾ ਸੀ, ਪਰ ਫੇਰ ਛੇਤੀ ਹੀ ਉਹਨਾਂ ਹੌਸਲਾ ਫੜਿਆ।

## ਨਾਦਰ ਸ਼ਾਹ ਦਾ ਕਤਲ ੮ ਜੂਨ ੧੭੪੭

ਇਕ ਕਾਤਲ ਨੇ ਆਪਣੀ ਤਲਵਾਰ ਚੁਕ ਕੇ ਬਾਦਸ਼ਾਹ ਉਤੇ ਭਰਪੂਰ ਵਾਰ ਕੀਤਾ। ਬਾਦਸ਼ਾਹ ਫਟ ਖਾ ਕੇ ਡਿਗ ਪਿਆ। ਅਜੇ ਉਹ ਉਪਰ ਉਠਣ ਲਈ ਜਤਨ ਹੀ ਕਰ ਰਿਹਾ ਸੀ ਕਿ ਬਾਕੀ ਦੇ ਕਾਤਲ ਉਸ ਉਤੇ ਇਕੋ ਵਾਰ ਜਾ ਪਏ ਅਤੇ ਉਸ ਨੂੰ ਸਦਾ ਦੀ ਨੀਂਦ ਸਵਾ ਦਿਤਾ। ਉਹ ਲੋਕ ਇਕ ਐਸੇ ਜ਼ਾਲਮ ਦੀ ਜਾਨ ਖ਼ਤਮ ਕਰਨ ਵਿਚ ਸਫਲ ਹੋ ਗਏ ਜੋ ਦੂਜੇ ਲੋਕਾਂ ਦੀਆਂ ਜਾਨਾਂ ਲੈਕੇ ਖੁਸ਼ ਹੁੰਦਾ ਸੀ। ਇਹ ਸੀ ਹਸ਼ਰ ੬੦ ਸਾਲ ਦੀ ਉਮਰ ਵਿਚ ਉਸ ਨਾਦਰ ਸ਼ਾਹ ਦਾ ਜੋ ਏਸ਼ੀਆ ਦਾ ਹਊਆ, ਆਪਣੇ ਦੇਸ਼ ਦਾ ਮਾਣ ਤੇ ਮੁਕਤੀ ਦਾਤਾ, ਆਜ਼ਾਦੀ ਬਹਾਲ ਕਰਨ ਵਾਲਾ ਤੇ ਹਿੰਦ ਦਾ ਵਿਜਈ ਸੀ। ਅਤੇ ਜਿਸਨੇ ਜ਼ਿੰਦਗੀ ਦੀ ਸਾਧਾਰਨ ਜਿਹੀ ਪੱਧਰ ਤੋਂ ਉਠ ਕੇ ਆਪ ਨੂੰ ਉਸ ਉਚੇ ਸਿਖਰ ਤੀਕ ਪੁਚਾ ਦਿਤਾ ਸੀ ਜਿਸ ਤੀਕ ਕਿ ਬਹੁਤ ਹੀ ਘਟ ਜਮਾਂਦਰੂ ਬਾਦਸ਼ਾਹ ਪਹੁੰਚੇ ਹਨ।

ਦਿਨ ਚੜ੍ਹਨ ਤੇ ਉਮਰਾ ਨੇ ਡਿੱਠਾ ਕਿ ਨਾਦਰ ਸ਼ਾਹ ਦਾ ਸਿਰ ਰਹਿਤ ਧੜ ਧਰਤੀ ਤੇ ਪਿਆ ਹੈ। ਹਰਮ ਦੀਆਂ ਬੇਗਮਾਂ ਇਕ ਦਿਨ ਪਹਿਲੇ ਹੀ ਨਸਰੁਲਾ ਮਿਰਜ਼ਾ ਦੀ ਸੁਪੁਰਦਗੀ ਵਿਚ ਕਲਾਤ ਵਲ ਰਵਾਨਾ ਹੋ ਚੁਕੀਆਂ ਸਨ। ਕੇਵਲ ਇਕ ਬਿਰਧ ਤੀਂਵੀ ਪਿਛੋਂ ਰਹਿ ਗਈ ਸੀ ਜੋ ਸ਼ਾਹੀ ਮਾਲਕ ਦੇ ਉਸ ਸਿਰ ਉਪਰ ਰੋਂਦੀ ਵੇਖੀ ਗਈ, ਜੋ ਧੜ ਨਾਲੋਂ ਦੂਰ ਪਰ੍ਹੇ ਪਿਆ ਸੀ।

## ਮ੍ਰਿਤਕ ਸ਼ਰੀਰ ਮਸ਼ਹਦ ਵਿਚ ਦਫ਼ਨਾਇਆ ਗਿਆ

ਕਤਲ ਤੋਂ ਨੌਵੇਂ ਦਿਨ ਪਿਛੋਂ ਅਲੀ ਕੁਲੀ ਖਾਨ ਨੇ ਹੁਕਮ ਦਿਤਾ ਕਿ ਮ੍ਰਿਤਕ ਸ਼ਰੀਰ ਨੂੰ ਮਸ਼ਹਦ ਪੁਚਾਇਆ ਜਾਏ ਜਿਥੇ ਕੇ ਉਸ ਨੂੰ ਉਸ ਰੋਜ਼ੇ ਵਿਚ ਦਫ਼ਨਾਇਆ ਗਿਆ ਜੋ ਨਾਦਰ ਸ਼ਾਹ ਨੇ ਆਪ ਹੀ ਆਪਣੇ ਲਈ() ਤਿਆਰ ਕਰਵਾ ਰਖਿਆ ਸੀ।

*ਤੰਬੂ ਦਾ ਕਪੜਾ

() ਇਸ ਮਹਾਨ ਏਸ਼ਿਆਈ ਵਿਜਈ ਦਾ ਜੀਵਨ ਉਸ ਦੀ ਕਬਰ ਤੀਕ ਲਿਖ ਚੁਕਣ ਮਗਰੋਂ ਹੁਣ ਅਸੀਂ ਉਸ ਸਵਾਦਲੇ ਲੇਖ ਦੀਆਂ ਕੁਛ ਟੂਕਾਂ ਏਥੇ ਦਿੰਦੇ ਹਾਂ ਜੋ ਇਕ ਐਸੇ ਅੰਗ੍ਰੇਜ਼ ਜਨਟਲਮੈਨ ਨੇ ਉਸ ਸ਼ਹਿਨਸ਼ਾਹ ਦੇ ਚਲਾਣੇ ਤੇ ਉਸ ਦੇ ਵਿਯਕਤੀ-ਗਤ ਗੁਣਾਂ ਸੰਬੰਧੀ ਲਿਖੀਆ ਸਨ। ਇਹ ਅੰਗ੍ਰੇਜ਼ ਨਾਦਰ ਸ਼ਾਹ ਨੂੰ ਜ਼ਾਤੀ ਤੌਰ ਉਤੇ ਜਾਣਦਾ ਅਤੇ ਉਸ ਦੀਆਂ ਮਹਿੰਮਾ ਵਿਚ ਕਈ ਸਾਲ ਤੀਕ ਉਸਦੇ ਨਾਲ ਰਿਹਾ ਸੀ।

Sri Satguru Jagjit Singh Ji eLibrary NamdhariElibrary@gmail.com

## ਨਾਦਰ ਸ਼ਾਹ ਦਾ ਚਲਨ

ਫ਼ਰੇਜ਼ਰ ਦੇ ਕਥਨ ਅਨੁਸਾਰ ਇਹ ਅੰਗ੍ਰੇਜ਼ ਸਾਲਹਾ ਸਾਲ ਤੀਕ ਈਰਾਨ ਵਿਚ ਰਿਹਾ। ਉਥੋਂ ਦੀ ਬੋਲੀ ਬੋਲਦਾ ਅਤੇ ਬਹੁਤ ਕਰ ਕੇ ਨਾਦਰ ਸ਼ਾਹ ਦੇ ਨਾਲ ਨਾਲ ਹੀ ਰਹਿੰਦਾ ਸੀ।

ਨਾਦਰ ਸ਼ਾਹ 55 ਬਰਸ ਦੀ ਆਯੂ ਦਾ ਸੀ। ਉਸ ਦਾ ਕਦ ੬ ਫੁੱਟ ਤੋਂ ਉੱਚਾ ਸ਼ਰੀਰ ਗੁੰਦਿਆ ਹੋਇਆ ਕਰੜਾ ਤੇ ਮਜ਼ਬੂਤ। ਉਸ ਦੀ ਚਮੜੀ ਤੇ ਰੋਗ ਦੀ ਤਹਿ ਕੁਛ ਕੁਛ ਮੋਟੀ, ਉਸ ਦੇ ਮੁਟਾਪੇ ਨੂੰ ਉਹ ਥਕਾਨ ਰੋਕੀ ਰਖਦੀ ਸੀ ਜੋ ਉਸ ਨੂੰ ਝਲਣੀ ਪੈਂਦੀ। ਉਸ ਦੇ ਨੇਤਰ ਅਤੇ ਭਰਵਟੇ ਨਫੀਸ ਤੇ ਕਾਲੇ ਕਾਲੇ ਸਨ। ਸੰਬੰਧ ਵਿਚ ਉਹ ਬੜਾ ਹੀ ਸ਼ਕੀਲ ਸੁੰਦਰ ਜਵਾਨ ਸੀ ਜੋ ਮੇਰੇ ਦੇਖਣ ਵਿਚ ਆਇਆ। ਧੁੱਪ, ਗਰਮੀ ਤੇ ਨਾ ਮੁਆਫਕ ਮੌਸਮ ਨੇ ਉਸ ਦੇ ਸ਼ਰੀਰ ਨੂੰ ਜੋ ਹਾਨੀ ਪੁੰਚਾਈ ਉਸ ਨਾਲ ਉਸ ਦੇ ਮਰਦਾਨੇ ਗੁਣਾਂ ਹੋਰ ਵੀ ਉਜਾਗਰ ਹੋ ਆਏ ਸਨ। ਉਸ ਦੀ ਆਵਾਜ਼ ਵਿਸ਼ੇਸ਼ ਕਰਕੇ ਉੱਚੀ ਤੇ ਜ਼ੋਰਦਾਰ ਸੀ। ਉਹ ਬਾਰ ਬਾਰ ਤੇ ਬੇਥਕਾਨ ਇਕ ਸੌ ਕਦਮ ਦੀ ਵਿਥ ਤੋਂ ਹੀ ਖੜਾ ਖੜਾ ਆਪਣੇ ਆਦਮੀਆਂ ਨੂੰ ਹੁਕਮ ਦੇਂਦਾ। ਉਹ ਸ਼ਰਾਬ ਪੀਂਦਾ ਸੀ ਪਰ ਲੋੜ ਅਨੁਸਾਰ ਤੇ ਓਨੀ ਜਿਸ ਨਾਲ ਉਹਦੇ ਹੋਸ਼ ਹਵਾਸ ਠੀਕ ਰਹਿਣ, ਉਹ ਤੀਵੀਆ ਨਾਲ ਬਹੁਤ ਹੀ ਰੰਗ ਰਲਿਆਂ ਮਨਾਉਂਦਾ ਤੇ ਇਸ ਮਤਲਬ ਲਈ ਉਹਦੇ ਪਾਸ ਅਨੇਕਾਂ ਤੀਵੀਆਂ ਸਨ। ਇਨ੍ਹਾਂ ਔਰਤਾਂ ਦੇ ਬਾਵਜੂਦ ਉਹ ਆਪਣੇ ਨਿਤ ਦੇ ਕੰਮਾਂ ਵਿਚ ਕਿਸੇ ਕਿਸਮ ਦੀ ਅਣ-ਗਹਿਲੀ ਨਹੀਂ ਸੀ ਆਉਣ ਦੇਂਦਾ। ਜ਼ਨਾਨੀਆਂ ਵਿਚ ਮਨ ਪਰਚਾਵੇਂ ਦਾ ਸਮਾ ਥੋੜੇ ਜਿਹੇ ਘੰਟੇ ਦਾ ਹੀ ਹੁੰਦਾ। ਉਹ ਰਾਤ ਦੇ ਯਾਰਾਂ ਜਾਂ ਬਾਰਾਂ ਵਜੇ ਤੋਂ ਪਹਿਲੇ ਕਦੇ ਕਦਾਈਂ ਹੀ ਮਹਲਾਂ ਵਿਚ ਦਾਖਲ ਹੁੰਦਾ ਅਤੇ ਸਵੇਰੇ ਪੰਜ ਵਜੇ ਹੀ ਉਠ ਬੈਠਦਾ ਤੇ ਕੰਮ ਧੰਦੇ ਲਗ ਜਾਂਦਾ ਸੀ। ਉਸ ਦਾ ਭੋਜਨ ਅਤਿਅੰਤ ਸਾਦਾ ਹੁੰਦਾ ਤੇ ਉਹ ਬਹੁਤ ਕਰਕੇ ਪੁਲਾਓ ਹੀ ਹੁੰਦਾ ਜਾਂ ਸਾਦਾ ਰੋਟੀ; ਅਤੇ ਜੇ ਸਰਕਾਰੀ ਕੰਮ ਜਰੂਰੀ ਆ ਪਏ ਤਦ ਓਹ ਭੋਜਨ ਵੀ ਨ ਖਾਕੇ ਕੇਵਲ ਭੁੰਨੇ ਹੋਏ ਲਪ ਕੁ ਮਟਰ ਚਬ ਕੇ ਤੇ ਪਾਣੀ ਦਾ ਘੁਟ ਪੀਕੇ ਹੀ ਗੁਜ਼ਾਰਾ ਕਰ ਲੈਂਦਾ। ਇਹ ਮਟਰ ਆਮ ਕਰਕੇ ਉਸ ਦੀ ਜੇਬ ਵਿਚ ਹਰ ਸਮੇਂ ਪਏ ਰਹਿੰਦੇ ਸਨ। ਉਹ ਕੈਂਪ ਵਿਚ ਹੋਏ ਜਾਂ ਸ਼ਹਿਰ ਵਿਚ ਸਦਾ ਹਰ ਮਨੁਖ ਨਾਲ ਗਲ ਬਾਤ ਕਰਨ ਲਈ ਤਿਆਰ ਰਹਿੰਦਾ। ਹਰ ਮਨੁਖ ਉਸ ਨੂੰ ਜਦ ਚਾਹੇ ਮਿਲ ਸਕਦਾ ਸੀ। ਉਹ ਆਪਣੀ ਫੌਜ ਨੂੰ ਆਪ ਭਰਤੀ ਕਰਦਾ, ਆਪ ਤਨਖਾਹ ਦੇਂਦਾ ਅਤੇ ਆਪ ਵਰਦੀ ਵੰਡਦਾ ਸੀ। ਉਹ ਇਸ ਗਲ ਨੂੰ ਸਹਾਰ ਨਹੀਂ ਸੀ ਸਕਦਾ ਕਿ ਉਸ ਦੀ ਫੌਜ ਦਾ ਕੋਈ ਵੀ ਅਫਸਰ ਸਿਪਾਹੀ ਪਾਸੋਂ ਕਿਸੇ ਬਹਾਨੇ ਕਿਸੇ ਕਿਸਮ ਦੀ ਰਿਸ਼ਵਤ ਪ੍ਰਾਪਤ ਕਰੇ। ਉਸ ਦੇ ਰਾਜ ਦੇ ਸਭ ਭਾਗਾਂ ਵਿਚਲੀ ਦਿਸ਼ਾ ਬਾਰੇ ਉਸ ਨੂੰ ਹਰ ਮਹੀਨੇ ਵਿਸਥਾਰ ਪੁਜਦਾ ਅਤੇ ਉਹ ਆਪਣੇ ਉਹਨਾਂ ਖੁਫ਼ੀਆ ਦੂਤਾਂ ਨਾਲ ਖਤ ਪਤਰ ਕਰਦਾ ਰਹਿੰਦਾ ਜੋ ਉਸ ਨੇ ਹਰ ਥਾਂ ਨਿਯਤ ਕਰ ਰਖੇ ਸਨ। ਇਹਨਾਂ ਤੋਂ ਛੁੱਟ ਹਰ ਸ਼ਹਿਰ ਅਤੇ ਹਰ ਸੂਬੇ ਵਿਚ ਉਸ ਨੇ ਇਕ ਇਕ ਵਸ਼ੇਸ਼ ਮਨੁਖ ਨਿਯਤ ਕਰ ਰਖਿਆ ਸੀ ਜਿਸ ਨੂੰ ਉਹ 'ਹਮਕਲਾਮ' ਆਖਦਾ ਅਤੇ ਜਿਸ ਦੇ ਸਪੁਰਦ ਇਹ ਕੰਮ ਸੀ ਕਿ ਉਹ ਉਥੋਂ ਦੇ ਗਵਰਨਰਾਂ ਦੇ ਕੰਮਾਂ ਦੀ ਨਿਗਰਾਨੀ ਰਖੇ ਅਤੇ ਉਹਨਾਂ ਦਾ ਬਾਕਾਇਦਾ ਰਜਿਸਟਰ ਰਖੇ। ਕੋਈ ਵੀ ਮਹਤਵ ਵਾਲਾ ਮਾਮਲਾ ਉਸ ਦੀ ਗੈਰ ਹਾਜ਼ਰੀ ਵਿਚ ਨਹੀਂ ਸੀ ਹੋ ਸਕਦਾ। ਉਸ ਨੂੰ ਹੁਕਮ ਸੀ ਕਿ ਉਹ ਗਵਰਨਰ ਦੇ ਰੋਜ਼ਨਾਮਚੇ ਤੋਂ ਅਲਗ ਰੋਜ਼ਨਾਮਚਾ ਹਰ ਮਹੀਨੇ ਆਪਣੇ ਹੀ ਅਡਰੇ ਪ੍ਰਬੰਧ ਰਾਹੀਂ ਬਾਦਸ਼ਾਹ ਨੂੰ ਜਦ ਚਾਹੇ ਭੇਜਿਆ ਕਰੇ ਅਤੇ ਉਸਦਾ ਇਹ ਰੋਜ਼ਨਾਮਚਾ ਗਵਰਨਰ ਨੂੰ ਵੀ ਪੜ੍ਹਨ ਦੀ ਆਗਿਆ ਨਹੀਂ ਸੀ। ਉਸ ਅਫਸਰ ਦੀ ਕੋਈ ਤਨਖਾਹ ਜਾਂ ਮੁਆਵਜ਼ਾ ਨਿਯਤ ਨਹੀਂ ਸੀ। ਸਗੋਂ ਨਾਦਰ ਸ਼ਾਹ ਆਪ ਹੀ ਉਸ ਨੂੰ ਇਨਾਮ ਜਾਂ ਡੰਨ ਦਿੰਦਾ ਜਿਸ ਦਾ ਕਿ ਉਹ ਹਕਦਾਰ ਹੁੰਦਾ। ਉਸ ਵਿਸ਼ੇਸ਼ ਪ੍ਰਬੰਧ ਦੇ ਕਾਰਨ ਕੋਈ ਗਵਰਨਰ ਪਰਜਾ ਤੇ ਜ਼ੁਲਮ ਨਹੀਂ ਸੀ ਕਰ ਸਕਦਾ; ਨਾ ਹੀ ਉਹ ਸਾਜ਼ਸ਼ਾਂ ਵਿਚ ਸ਼ਾਮਲ ਹੋ ਸਕਦਾ ਜਾਂ ਬਾਦਸ਼ਾਹ ਵਿਰੁਧ ਬਗਾਵਤ ਖੜੀ ਕਰ ਸਕਦਾ ਸੀ। ਉਹ ਦਿਲ ਦਾ ਬੜਾ ਹੀ ਸਖੀ ਸੀ। ਵਸ਼ੇਸ਼ ਕਰਕੇ ਆਪਣੇ ਫੌਜੀ ਜਵਾਨਾਂ ਬਾਰੇ; ਜਿਨ੍ਹਾਂ ਨੂੰ ਉਹ ਚੰਗੀ ਕਾਰਗੁਜ਼ਾਰੀ ਲਈ ਦਿਲ ਖੋਹਲ ਕੇ ਇਨਾਮ ਵੰਡਦਾ ਸੀ। ਜਿਥੋਂ ਤੀਕ ਸੰਗਠਣ ਦਾ ਸੰਬੰਧ ਹੈ ਉਹ ਬੜਾ ਸਖਤ ਤੇ ਨਿਰਦਈ ਸੀ। ਜਿਹੜੇ ਲੋਕ ਕੋਈ ਬੜਾ ਅਤਿਆਚਾਰ ਜਾਂ ਪਾਪ ਕਰਦੇ ਉਹਨਾਂ ਨੂੰ ਮੌਤ ਦੀ ਸਜ਼ਾ ਮਿਲਦੀ ਤੇ ਜਿਹੜੇ ਇਸ ਤੋਂ ਜ਼ਰਾ ਘਟ ਦੋਸ਼ ਦੇ ਭਾਗੀ ਹੁੰਦੇ ਉਹਨਾਂ ਦੇ ਕੰਨ ਵਢ ਦੇਂਦਾ। ਭਾਵੇਂ ਕਿਡਾ ਹੀ ਵਡਾ ਉਚ ਕਰਮਚਾਰੀ ਕਸੂਰਵਾਰ ਹੋਵੇ ਉਹ ਕਿਸੇ ਨੂੰ ਵੀ ਮਾਫ ਨਹੀਂ ਸੀ ਕਰਦਾ। ਜਦ ਉਹ ਕਸੂਰ ਦੀ ਚੰਗੀ ਤਰ੍ਹਾਂ ਪੜਤਾਲ ਕਰ ਲੈਂਦਾ ਤਦ ਫੇਰ ਵੀ ਜੇ ਕੋਈ ਕਰਮਚਾਰੀ ਉਹਦੀ ਸਫਾਰਸ਼ ਕਰਨ ਦਾ ਹੌਸਲਾ ਕਰਦਾ ਤਦ ਉਹ ਸਖਤ ਨਰਾਜ ਹੁੰਦਾ। ਉਸ ਨੇ ਹਰ ਇਕ ਕਰਮਚਾਰੀ ਨੂ ਆਪਣੇ ਵਿਚਾਰ ਪੂਰੀ ਆਜ਼ਾਦੀ ਨਾਲ ਉਸ ਦੇ ਸਾਹਮਣੇ ਪੇਸ਼ ਕਰਨ ਦੀ ਖੁਲ੍ਹ ਦੇ ਰਖੀ ਸੀ।

ਕੂਚ ਸਮੇਂ ਜਾਂ ਰਣ ਮੈਦਾਨ ਵਿਚ ਉਹ ਸਾਧਾਰਨ ਸਿਪਾਹੀ ਵਾਂਗ, ਖਾਂਦਾ ਪੀਂਦਾ ਤੇ ਸੌਂ ਜਾਂਦਾ ਸੀ। ਆਪਣੇ ਅਫਸਰਾਂ ਨੂੰ ਵੀ ਏਸੇ ਪਰਕਾਰ ਦੇ ਜ਼ਬਤ ਲਈ ਪਾਬੰਦ ਕਰਦਾ ਸੀ। ਉਹ ਐਡਾ ਸਖਤ ਜਾਨ ਸੀ ਕਿ ਕੁਹਰੇ ਦੇ ਸਖਤ ਜਾੜੇ ਵਿਚ ਵੀ ਉਹ ਖੁਲੇ ਮੈਦਾਨ ਵਿਚ ਧਰਤੀ ਉਤੇ ਆਪਣੇ ਚੁਗੇ ਵਿਚ ਲਿਪਟਿਆ ਸੁਤਾ ਵੇਖਿਆ ਗਿਆ। ਐਸੀ ਦਸ਼ਾ ਵਿਚ ਉਹ ਘੋੜੇ ਦੀ ਕਾਠੀ ਨੂੰ ਹੀ ਸਰਹਾਣਾ ਬਣਾ ਲੈਂਦਾ। ਵਿਸ਼ੇਸ਼ ਕਰ ਕੇ ਕਿਸੇ ਖਤਰਨਾਕ ਕਾਰਨਾਮੇ ਸਮੇਂ ਜਦ ਤੁਰਤ ਕਾਰਵਾਈ ਦੀ ਲੋੜ ਹੁੰਦੀ ਉਹ ਆਪਣੇ ਮਾਲ ਅਸਬਾਬ ਨੂੰ ਵੀ ਪਿਛੇ ਛਡਕੇ ਅਗੇ ਨਿਕਲ ਜਾਂਦਾ। ਇਸਦਾ ਭਾਵ ਇਹ ਸੀ ਕਿ ਉਹ ਵੈਰੀ ਉਤੇ ਐਸੇ ਸਮੇਂ ਜਾ ਝਪਟਦਾ ਜਦ ਕਿ ਕਿਸੇ ਨੂੰ ਆਸ ਹੀ ਨਹੀਂ ਹੁੰਦੀ। ਉਹ ਰੜੇ ਮੈਦਾਨ ਤੋਂ ਛੁਟ ਕਿਸੇ ਥਾਂ ਪ੍ਰਸੰਨ ਨਹੀਂ ਸੀ ਹੁੰਦਾ ਸਗੋਂ ਜਦ ਕਦੇ ਫ਼ੌਜ ਨੂੰ ਆਰਾਮ ਤੇ ਸਾਹ ਲੈਣ ਲਈ ਉਸ ਨੂੰ ਕਿਸੇ ਸ਼ਹਿਰ ਵਿਚ ਠਹਿਰਨਾ ਪੈ ਜਾਂਦਾ ਤਦ ਉਹਨੂੰ ਸਮੇਂ ਦੇ ਨਸ਼ਟ ਹੋਣ ਦਾ ਬੜਾ ਦੁਖ ਹੁੰਦਾ ਸੀ। ਇਸ ਸਮੇਂ ਉਹ ਵਧ ਤੋਂ ਵਧ ਖਤ ਪਤਰ ਕਰ ਲੈਂਦਾ ਸੀ। ਉਹ ਭੋਜਨ ਕਰਨ ਵਿਚ ਅਧ ਘੰਟੇ ਤੋਂ ਘਟ ਸਮਾਂ ਖਰਚ ਕਰਦਾ ਅਤੇ ਭੋਜਨ ਕਰਨ ਮਗਰੋਂ ਤੁਰਤ ਆਪਣੇ ਕੰਮ ਕਾਰ ਵਿਚ ਰੁਝ ਜਾਂਦਾ। ਇਹੋ ਕਾਰਨ ਹੈ ਕਿ ਜਿਹੜੇ ਨੌਕਰ ਉਹਦੀ ਸੇਵਾ ਵਿਚ ਹਾਜ਼ਰ ਰਹਿੰਦੇ ਉਹ ਦਿਨ ਵਿਚ ਤਿੰਨ ਚਾਰ ਵਾਰ ਬਦਲਣੇ ਪੈਂਦੇ ਸਨ। ਦਿਨ ਵੇਲੇ ਉਹ ਕਿਸੇ ਕਿਸਮ ਦੇ ਮਨ ਪਰਚਾਵੇ ਵਿਚ ਗਲਤਾਨ ਨਾ ਹੁੰਦਾ ਸਗੋਂ ਸੂਰਜ ਛਪਣ ਸਮੇਂ ਉਹ ਸਦਾ ਆਪਣੇ ਪ੍ਰਾਈਵੇਟ ਕਮਰੇ ਵਿਚ ਦਾਖਲ ਹੁੰਦਾ ਅਤੇ ਕਪੜੇ ਆਦਿ ਉਤਾਰ ਕੇ ਤਿੰਨ ਚਾਰ ਕਿਸਮ ਦੇ ਮਨ ਭਾਉਂਦੇ ਸ਼ੋਰਬੇ ਪੀਣ ਮਗਰੋਂ ਇਕ ਅਧ ਪਿਆਲਾ ਸ਼ਰਾਬ ਦਾ ਪੀਂਦਾ। ਇਹ ਸਾਰਾ ਸਮਾਂ ਉਹ ਪੂਰੀ ਪੂਰੀ ਖੁਲ੍ਹ ਤੇ ਖੁਸ਼ ਦਿਲੀ ਵਿਚ ਖਰਚ ਕਰਦਾ। ਨਿਜੀ ਗਲ ਬਾਤ ਸਮੇਂ ਕਿਸੇ ਆਦਮੀ ਨੂੰ ਉਸਦੇ ਸਰਕਾਰੀ ਕੰਮ ਬਾਰੇ ਜ਼ਿਕਰ ਕਰਨ ਦੀ ਖੁਲ੍ਹ ਨਹੀਂ ਦਿਤੀ ਜਾਂਦੀ। ਹੋਰ ਸਮਿਆਂ ਉਤੇ ਵੀ ਉਹ ਕਿਸੇ ਨੂੰ ਆਪਣੀ ਜਾਣ ਕਾਰੀ ਤੇ ਸੁਵਾਰਥ ਸੰਧੀ ਦਾ ਕੋਈ ਅਵਸਰ ਨਾ ਦੇਂਦਾ। ਇਕ ਵਾਰ ਉਸ ਦੇ ਮੰਧਿਆ ਦੇ ਦੋ ਸਾਥੀਆਂ ਨੇ ਇਸ ਨਿਯਮ ਨੂੰ ਭੰਗ ਕੀਤਾ ਤੇ ਉਹਨਾਂ ਨੇ ਉਸ ਨੂੰ ਸਰਕਾਰੀ ਕੰਮ ਬਾਰੇ ਕੋਈ ਸਲਾਹ ਦਿਤੀ। ਉਸ ਨੇ ਉਸੇ ਵੇਲੇ ਉਹਨਾਂ ਨੂੰ ਇਹ ਕਹਿਕੇ ਫਾਹੇ ਲਾ ਦਿਤਾ ਕਿ -"ਇਹ ਮੂਰਖ ਜੀਉਂਦੇ ਰਹਿਣ ਦੇ ਹਕਦਾਰ ਨਹੀਂ ਜੋ ਨਾਦਰ ਸ਼ਾਹ ਤੇ ਨਾਦਰ ਕੁਲੀ ਵਿਚਾਲੇ ਕੋਈ ਫਰਕ ਨਹੀਂ ਸਮਝਦੇ।" ਉਹ ਉਹਨਾਂ ਲੋਕਾਂ ਉਤੇ ਅਤਿਅੰਤ ਮਿਹਰਬਾਨ ਹੁੰਦਾ ਜਿਹੜੇ ਉਸਨੂੰ ਨਿਜੀ ਗਲਬਾਤ ਵਿਚ ਖੁਸ਼ ਕਰਦੇ ਅਤੇ ਸਰਕਾਰੀ ਕੰਮ ਵਿਚ ਬੜੇ ਸੰਜਮ ਤੇ ਜ਼ਬਤ ਦਾ ਸਬੂਤ ਦੇਂਦੇ ਕਿਉਂਕਿ ਉਸ ਸਮੇਂ ਉਹ ਉਹਨਾਂ ਨੂੰ ਉਸੇ ਹੀ ਸਲੂਕ ਤੇ ਵਰਤਾ ਦਾ ਹਕਦਾਰ ਸਮਝਦਾ ਸੀ ਜਿਵੇਂ ਕਿ ਦੂਜੇ ਲੋਕ ਹੁੰਦੇ ਸਨ।

ਉਸ ਦੀ ਮਾਤਾ ਨੇ ਜੋ ੧੭੩੭ ਸੰਨ ਵਿਚ ਜੀਉਂਦੀ ਸੀ (ਸ਼ਾਹੀ ਪਰਿਵਾਰ ਨਾਲ ਸੰਬੰਧ ਰਖਣ ਵਾਲੇ ਕੁਛ ਲੋਕਾਂ ਦੇ ਕਹਿਣ ਸੁਣਨ ਤੇ) ਨਾਦਰ ਸ਼ਾਹ ਪਾਸ ਬੇਨਤੀ ਕੀਤੀ ਕਿ ਉਹ ਇਕ ਫੜੇ ਹੋਏ ਬਾਦਸ਼ਾਹ ਨੂੰ ਬਹਾਲ ਕਰ ਦੇਵੇ। ਉਸ ਦੀ ਮਾਤਾ ਨੂੰ ਨਿਸ਼ਚਾ ਸੀ ਕਿ ਬਾਦਸ਼ਾਹ ਉਸ ਨੂੰ ਬਾਕੀ ਦੇ ਜੀਵਨ ਲਈ ਵਡਾ ਜਰਨੈਲ ਬਣਾ

Sri Satguru Jagjit Singh Ji eLibrary NamdhariElibrary@gmail.com

ਦੇਵੇਗਾ। ਨਾਦਰ ਸ਼ਾਹ ਨੇ ਮਾਤਾ ਨੂੰ ਪੁਛਿਆ ਕਿ ਉਸ ਨੂੰ ਸਚ ਮੁਚ ਇਸ ਗਲ ਦਾ ਨਿਸਚਾ ਹੈ ? ਉਸ ਦੀ ਮਾਤਾ ਨੇ ਉਤਰ ਦਿਤਾ ਹਾਂ ਮੈਨੂੰ ਪੂਰਾ ਪੂਰਾ ਨਿਸਚਾ ਹੈ। ਇਸ ਤੇ ਨਾਦਰ ਸ਼ਾਹ ਮੁਸਕਰਾਇਆ ਅਤੇ ਬੋਲਿਆ-"ਜੇ ਮੈਂ ਕਿਤੇ ਬਿਰਧ ਤੀਵੀਂ ਹੁੰਦਾ ਤਦ ਸ਼ਾਇਦ ਮੈਂ ਵੀ ਇਉਂ ਹੀ ਸੋਚਦਾ" ਫੇਰ ਉਸ ਨੇ ਆਪਣੀ ਮਾਤਾ ਨੂੰ ਆਖਿਆ ਕਿ ਉਹ ਰਾਜਸੀ ਮਾਮਲਿਆਂ ਵਿਚ ਆਪਣਾ ਸਿਰ ਨਾ ਖਪਾਵੇ।

ਉਸ ਦੀ ਸ਼ਾਦੀ ਸ਼ਾਹ ਤਹਿਮਾਸਪ ਦੀ ਭੂਆ ਨਾਲ ਹੋਈ ਜੋ ਸ਼ਾਹ ਸੁਲਤਾਨ ਹੁਸੈਨ ਦੀ ਛੋਟੀ ਭੈਣ ਸੀ। ਇਸ ਦੇ ਪੇਟੋਂ ਇਕ ਲੜਕੀ ਉਤਪਨ ਹੋਈ। ਉਸ ਦੀਆਂ ਰਖੇਲੀਆਂ ਦੇ ਵੀ ਕਈ ਛੋਟੇ ਛੋਟੇ ਬੱਚੇ ਹਨ। ਦੋ ਬੱਚੇ ਉਸ ਤੀਵੀਂ ਦੇ ਪੇਟੋਂ ਹਨ ਜਿਸ ਨਾਲ ਉਸ ਨੇ ਗੁੰਮਨਾਮੀ ਵਿਚ ਸ਼ਾਦੀ ਕੀਤੀ ਸੀ। ਸਭ ਤੋਂ ਵੱਡਾ ਰਜ਼ਾਕੁਲੀ ਇਸ ਸਮੇਂ ੨੫ ਬਰਸ ਦੀ ਆਯੂ ਦਾ ਸੀ। ਉਸ ਨੂੰ ਮੁਢ ਤੋਂ ਜੰਗੀ ਸਿਖਿਆ ਦਿਤੀ ਗਈ ਸੀ। ਫ਼ੌਜ ਵਿਚ ਇਕ ਮਾਤਹਿਤ ਅਫ਼ਸਰ ਦੇ ਦਰਜੇ ਤੋਂ ਤਰਕੀ ਕਰਕੇ ਉਹ ਜਰਨੈਲ ਦੀ ਪਦਵੀ ਤੀਕ ਅਪੜ ਕੇ ਈਰਾਨ ਦਾ ਵਾਇਸਰਾਏ ਉਦੋਂ ਨਿਯਤ ਹੋਇਆ ਜਦ ਉਸ ਦਾ ਪਿਤਾ ਇਕ ਮੁਹਿੰਮ ਨਾਲ ਹਿੰਦੁਸਤਾਨ ਗਿਆ ਸੀ। ਦੂਜਾ ਬੇਟਾ ਨਸਰੁਲਾ ਮਿਰਜ਼ਾ ਜਿਸਦੀ ਆਯੂ ਲਗ ਪਗ ੨੧ ਸਾਲ ਹੈ ਮਸ਼ਹਦ ਤੇ ਖੁਰਾਸਾਨ ਸੂਬੇ ਦਾ ਨਾਮ ਮਾਤਰ ਗਵਰਨਰ ਹੈ ਕਿਉਂਕਿ ਉਸ ਦੇ ਨਾਮ ਉਪਰ ਇਕ ਹੋਰ ਆਦਮੀ ਸਾਰਾ ਰਾਜ ਕਾਜ ਸੰਭਾਲਦਾ ਹੈ।

ਉਸ ਦਾ ਸਭ ਤੋਂ ਵੱਡਾ ਬੇਟਾ ਲੈਫਟੀਨੈਂਟ ਬਣਿਆ ਤਦ ਉਸ ਨੂੰ ਗੁਜ਼ਾਰੇ ਲਈ ਉਸੇ ਰੈਂਕ ਦੀ ਤਨਖਾਹ ਮਿਲਦੀ ਸੀ ਅਤੇ ਬਾਹਰ ਅੰਦਰ ਜਾਣ ਸਮੇਂ ਵੀ ਉਸ ਨੂੰ ਉਹੋ ਅਲਾਉਂਸ ਮਿਲਦੇ ਸਨ ਜਿਸਦਾ ਉਹ ਹਕਦਾਰ ਸੀ। ਉਸ ਦਾ ਪਿਤਾ ਉਸ ਨਾਲ ਵੀ ਉਹੋ ਵਰਤਾ ਕਰਦਾ ਜੋ ਉਸ ਪਦਵੀ ਦੇ ਦੂਜੇ ਕਰਮਚਾਰੀਆਂ ਨਾਲ ਕਰਦਾ ਸੀ। ਉਸ ਨੇ ਉਸ ਨੂੰ ਉਹਨਾਂ ਨਾਲ ਸੰਬੰਧ ਕਾਇਮ ਕਰਨ ਦੀ ਆਗਿਆ ਦੇ ਰਖੀ ਸੀ ਤਾਂ ਜੁ ਉਹ ਸਮਝ ਰਖੇ ਕਿ ਜੇ ਉਸਨੇ ਕੋਈ ਕਸੂਰ ਕੀਤਾ ਤਦ ਉਸਨੂੰ ਦੂਜੇ ਕਰਮਚਾਰੀਆਂ ਵਾਂਗ ਹੀ ਕਰੜੀ ਸਜ਼ਾ ਮਿਲੇਗੀ। ਜਦ ਉਸ ਨੇ ਆਪਣੇ ਫ਼ਰਜ਼ ਦੀ ਪੂਰਤੀ ਤੇ ਯੋਗਤਾ ਦਾ ਸਬੂਤ ਦਿਤਾ ਤਦ ਉਸ ਨੂੰ ਨ ਕੇਵਲ ਤਰੱਕੀ ਹੀ ਦਿਤੀ ਸਗੋਂ ਉਸ ਨਾਲ ਪਿਤਰੀ ਸਨੇਹ ਵਿਚ ਵੀ ਵਾਧਾ ਕਰ ਦਿਤਾ।

ਨਾਦਰ ਸ਼ਾਹ ਦੀਆਂ ਵਸ਼ੇਸ਼ ਯੋਗਤਾਵਾਂ ਤੇ ਗੁਣਾਂ ਵਿਚ ਉਸ ਦੀ ਸਮਰਣ ਸ਼ਕਤੀ ਵੀ ਘਟ ਮਹਤਵ ਨਹੀਂ ਸੀ ਰਖਦੀ! ਉਹ ਬਹੁਤ ਘਟ ਆਖਦਾ ਜਾਂ ਕਰਦਾ ਪਰ ਜੋ ਕੁਛ ਕਹਿੰਦਾ ਜਾਂ ਕਰਦਾ ਉਹ ਸਭ ਉਸ ਨੂੰ ਚੇਤੇ ਹੁੰਦਾ ਸੀ। ਆਪਣੀ ਅਣਗਿਣਤ ਫ਼ੌਜ ਵਿਚਲੇ ਵਡੇ ਵਡੇ ਕਰਮਚਾਰੀਆਂ ਦੇ ਨਾਮ ਉਸ ਨੂੰ ਜ਼ਬਾਨੀ ਯਾਦ ਸਨ। ਤੇ ਉਹਨਾਂ ਨੂੰ ਉਹ ਨਾਮ ਲੈ ਕੇ ਹੀ ਬੁਲਾਉਂਦਾ ਸੀ। ਪ੍ਰਾਈਵੇਟ ਜਵਾਨਾਂ ਤੋਂ ਵੀ ਵਾਕਫ ਸੀ ਜਿਨਾਂ ਨੇ ਉਹਦੇ ਮਾਤਹਿਤ ਕਦੇ ਸੇਵਾ ਕੀਤੀ ਹੋਵੇ ਜਾਂ ਜਿਨਾਂ ਨੂੰ ਉਸ ਨੇ ਕਦੇ ਇਨਾਮ ਜਾਂ ਸਜ਼ਾ ਦਿਤੀ ਹੋਵੇ।

ਮੈਨੂੰ ਦਸਿਆ ਗਿਆ ਹੈ ਕਿ ਰਣ ਤੱਤੇ ਵਿਚ ਵੀ ਉਹ ਚਕਰਤ ਕਰਨ ਵਾਲੀਆਂ ਗਲਾਂ ਕਰਦਾ ਸੀ। ਉਹ ਦੋਵਾਂ ਪਾਸਿਆਂ ਦੀ ਫ਼ੌਜ ਨੂੰ ਵੇਖਕੇ ਝਟ ਫੈਸਲਾ ਕਰ ਲੈਂਦਾ ਸੀ ਕਿ ਆਪਣੀ ਫ਼ੌਜ ਨੂੰ ਕਿਸ ਕਿਸਮ ਦੀ ਤੇ ਕਿਵੇਂ ਸਹਾਇਤਾ ਪੁਚਾਈ ਜਾਏ। ਇਸਦੇ ਮਗਰੋਂ ਉਹ ਆਪਣੀ ਵਿਉਂਤ ਉਤੇ ਤੁਰਤ ਵਰਤੋਂ ਸ਼ੁਰੂ ਕਰ ਦੇਂਦਾ ਸੀ।

ਜੇ ਉਸਦਾ ਕੋਈ ਜਰਨੈਲ, ਜਦ ਤੀਕ ਕਿ ਉਹ ਉਕਾ ਹੀ ਮਜ਼ਬੂਰ ਨ ਹੋ ਜਾਏ ਮੈਦਾਨ ਜੰਗ ਵਿਚ ਜ਼ਰਾ ਵੀ ਪਿਛੇ ਹਟਦਾ ਤਦ ਉਹ ਆਪ ਘੋੜੇ ਉਤੇ ਓਥੇ ਅਪੜਦਾ ਉਸ ਜੰਗੀ ਕੁਹਾੜੇ ਨਾਲ (ਜੋ ਉਹ ਸਦਾ ਆਪਣੇ ਹਥ ਵਿਚ ਫੜੀ ਰਖਦਾ) ਉਸ ਨੂੰ ਕਤਲ ਕਰ ਦੇਂਦਾ ਅਤੇ ਉਸਦੇ ਮਾਤਹਿਤ ਨੂੰ ਉਸਦੀ ਕਮਾਨ ਸਪੁਰਦ ਕਰ ਦੇਂਦਾ! ਸਭ ਜੰਗਾਂ, ਯੁਧਾਂ ਲੜਾਈਆਂ ਜਾਂ ਘੇਰਿਆਂ ਵਿਚ, ਜਿਨ੍ਹਾਂ ਵਿਚ ਉਹ ਸ਼ਾਮਲ ਹੋਇਆ (ਭਾਵੇਂ ਉਹ ਆਪਣੀ ਫੌਜ ਦੇ ਮੂਹਰੇ ਹੋਕੇ ਹਮਲਾ ਕਰਦਾ ਸੀ, ਇਸ ਦੇ ਬਾਵਜੂਦ) ਉਸ ਨੂੰ ਛੋਟੀ ਤੋਂ ਛੋਟੀ ਝਰੀਟ ਵੀ ਨਹੀਂ ਸੀ ਆਈ ਹਾਲਾਂਕਿ ਕਈ ਉਹ ਘੋੜੇ ਜਿਨ੍ਹਾਂ ਉਤੇ ਉਹ ਸਵਾਰ ਹੁੰਦਾ ਸੀ ਮਾਰੇ ਗਏ ਤੇ ਉਸ ਦਾ ਜ਼ਿਰਾ ਬਕਤਰ ਛੇਕੋ ਛੇਕ ਹੋ ਚੁਕਾ ਸੀ!

ਇਕ ਹੋਰ ਅਖੀਂ ਡਿਠਾ ਗਵਾਹ ਜਿਸ ਨੇ ਨਾਦਰ ਸ਼ਾਹ ਨੂੰ ਪਿਛੋਂ ਡਿਠਾ ਉਸ ਦੀ ਉਮਰ ਤੇ ਰੂਪ ਰੇਖਾ ਬਾਰੇ ਇਓਂ ਲਿਖਦਾ ਹੈ। ਚਿਹਰੇ ਤੋਂ, ਡੌਲਿਆਂ ਦੀ ਸ਼ਕਤੀ ਤੋਂ ਅਤੇ ਜ਼ਬਰਦਸਤ ਦਿਮਾਗੀ ਨੁਕਤੇ ਤੋਂ ਉਹ ਪੰਜਾਹ ਸਾਲ ਦੀ ਆਯੂ ਤੋਂ ਅਧਿਕ ਉਮਰ ਦਾ ਦਖਾਈ ਨਹੀਂ ਸੀ ਦੇਂਦਾ ਪਰ ਉਸ ਦੀ ਮੌਤ ਸਮੇਂ ਉਹ ਲਗ ਭਗ 90 ਸਾਲ ਦਾ ਸੀ ਕਿਉਂਕਿ ਉਹੋ ਵਿਯਕਤੀ ਅਗੇ ਚਲ ਕੇ ਦਸਦਾ ਹੈ। "ਉਸ ਦੀ ਦਾੜ੍ਹੀ ਬਿਲਕੁਲ ਚਿੱਟੀ ਸੀ, ਜਿਸ ਨੂੰ ਉਹ ਖਜ਼ਾਬ ਨਾਲ ਹਫਤੇ ਵਿਚ ਦੋ ਵਾਰੀ ਕਾਲੀ ਰੰਗਣ ਦਾ ਆਦੀ ਸੀ। ਉਸ ਦੀਆਂ ਸਭ ਦਾੜ੍ਹਾਂ ਨਿਕਲ ਚੁਕੀਆਂ ਸਨ ਇਸ ਲਈ ਉਹ ਐਸੀ ਖੁਰਾਕ ਕਦੇ ਕਦਾਈ ਹੀ ਖਾਂਦਾ ਸੀ ਜਿਸ ਨੂੰ ਚਬਾਉਣ ਦੀ ਲੋੜ ਨਾ ਪੈਂਦੀ ਜੇ ਇਹੋ ਜਿਹੀ ਖ਼ੁਰਾਕ ਖਾਣੀ ਹੀ ਪੈ ਜਾਂਦੀ ਤਦ ਉਹ ਉਸ ਨੂੰ ਸਬੂਤ ਹੀ ਲੰਘਾ ਲੈਂਦਾ। ਉਸ ਦੇ ਸਾਹਮਣੇ ਦੇ ਦੰਦ ਪੱਕੇ ਤੇ ਮਜ਼ਬੂਤ ਉਸ ਦੇ ਸਿਰ ਵਿਚ ਗਡੇ ਹੋਏ ਸਨ।" ਮੈਮਾਇਰਜ਼ ਆਫ ਖਵਾਜਾ ਅਬਦੁਲ ਕਰੀਮ।

Sri Satguru Jagjit Singh Ji eLibrary NamdhariElibrary@gmail.com

# ਪਰਕਰਨ—੨੩.

## ਮੁਹੰਮਦ ਸ਼ਾਹ ਦਾ ਰਾਜ

(ਨਾਦਰ ਸ਼ਾਹ ਦੇ ਹਮਲੇ ਦੇ ਪਿਛੋਂ ਦਾ ਸਮਾਂ)

## ਸਿੱਖ ਮਿਸਲਾਂ ਦੀ ਬਣਤਰ

### ਸਿੱਖਾਂ ਦੀਆਂ ਨਵੇਂ ਸਿਰੇ ਸਰਗਰਮੀਆਂ

ਨਾਦਰ ਸ਼ਾਹ ਦੇ ਹਮਲੇ ਪਿਛੋਂ ਜਿਹੜਾ ਜੋਸ਼ ਤੇ ਹਫੜਾ ਦਫੜੀ ਸੂਬਾ ਲਾਹੌਰ ਅੰਦਰ ਮਚੀ ਉਹ ਉਹਨਾਂ ਸਿੱਖਾਂ ਲਈ ਬੜੀ ਲਾਭ-ਦਾਇਕ ਸਾਬਤ ਹੋਈ ਜਿਨ੍ਹਾਂ ਨੇ ਲੰਮੇਰੀ ਜਲਾਵਤਨੀ ਮਗਰੋਂ ਹੁਣ ਫੇਰ ਮਾਰ ਧਾੜ ਤੇ ਲੁਟ ਮਾਰ ਸ਼ੁਰੂ ਕਰ ਦਿਤੀ। ਉਹਨਾਂ ਨੇ ਪੰਜਾਬ ਦੇ ਸ਼ਾਂਤ ਮਈ ਲੋਕਾਂ ਉਤੇ ਛਾਪੇ ਮਾਰਨੇ ਸ਼ੁਰੂ ਕਰ ਦਿਤੇ। ਉਹਨਾਂ ਨੇ ਉਹ ਮਾਲ ਅਸਬਾਬ ਲੁਟ ਲਿਆ ਜਿਹੜਾ ਲੋਕ ਈਰਾਨੀ ਵਿਜਈ ਤੋਂ ਬਚਾ ਕੇ ਪਹਾੜਾਂ ਵਲ ਲੈ ਗਏ ਸਨ। ਇਹ ਸਿਖ ਰਾਵੀ ਤੇ ਬਿਆਸ ਵਿਚਾਲੇ ਅਤੇ ਮਾਝੇ ਦੇ ਜੰਗਲਾਂ ਵਿਚ ਭਰੇ ਪਏ ਸਨ ਅਤੇ ਸੜਕਾਂ ਉਤੇ ਲੁਟ ਮਾਰ ਕਰਦੇ ਰਹਿੰਦੇ ਸਨ। ਇਹ ਲੋਕ ਛੋਟੇ ਛੋਟੇ ਜਥੇ ਬਣਾਕੇ ਟਕਰ ਲਾਉਂਦੇ ਅਤੇ ਪਿੰਡਾਂ ਨੂੰ ਲੁਟਦੇ ਰਹਿੰਦੇ। ਪਹਿਲੇ ਪਹਿਲ ਉਹਨਾਂ ਨੇ ਖੁਫੀਆ ਪਾਰਟੀਆਂ ਕਾਇਮ ਕੀਤੀਆਂ ਅਤੇ ਛੋਟੇ ਮੋਟੇ ਹਮਲੇ ਕਰਕੇ ਗੁਜ਼ਾਰਾ ਕਰਦੇ ਕਿਉਂਕਿ ਇਹਨਾਂ ਕਾਰ-ਵਾਈਆਂ ਲਈ ਉਹਨਾਂ ਨੂੰ ਕੋਈ ਪੁਛਣ ਵਾਲਾ ਨਹੀਂ ਸੀ। ਇਸ ਲਈ ਹੁਣ ਉਹ ਖੁਲ੍ਹੀ ਤਰ੍ਹਾਂ ਆ ਕੇ ਅੰਮਿਰਤਸਰ ਦੇ ਪਵਿਤਰ ਸਰੋਵਰ ਵਿਚ ਅਸ਼ਨਾਨ ਕਰਦੇ ਅਤੇ ਉਥੇ ਬੈਠ ਕੇ ਆਪੋ ਵਿਚ ਜੰਗੀ ਕੌਂਸਲਾਂ ਕਰਦੇ ਸਨ।

### ਉਹਨਾਂ ਦੀ ਗਿਣਤੀ ਤੇ ਦਲੇਰੀ ਵਿਚ ਵਾਧਾ

ਉਹਨਾਂ ਦੀ ਗਿਣਤੀ ਵਿਚ ਦਿਨੋਦਿਨ ਵਾਧਾ ਹੁੰਦਾ ਗਿਆ। ਜਿਹੜੇ ਸਿੱਖ ਪਹਾੜਾਂ ਵਿਚ ਜਾ ਛੁਪੇ ਸਨ ਉਹ ਵੀ ਤੇਜ਼ੀ ਨਾਲ ਪਹਾੜਾਂ ਤੋਂ ਥਲੇ ਉਤਰ ਆਏ। ਹੋਰ ਵੀ ਅਨੇਕਾਂ ਲੋਕ ਲੁਟ ਮਾਰ ਤੇ ਮਾਰ ਧਾੜ ਲਈ ਉਹਨਾਂ ਨਾਲ ਸ਼ਾਮਲ ਹੋ ਗਏ ਕਿਉਂਕਿ ਉਸ ਸਮੇਂ ਮਾਰ ਧਾੜ ਜਾਇਜ਼ ਸਮਝੀ ਜਾਂਦੀ ਸੀ। ਸਿਖ ਘੋੜ ਚੜ੍ਹੇ ਪੂਰੀ ਆਜ਼ਾਦੀ ਨਾਲ ਘੋੜੇ ਦੁੜਉਂਦੇ ਹੋਏ ਆਪਣੇ ਪਵਿਤਰ ਧਰਮ ਅਸਥਾਨ ਅੰਮ੍ਰਿਤਸਰ ਵਲ ਜਾਂਦੇ ਨਜ਼ਰ ਆਉਂਦੇ ਸਨ। ਹੁਣ ਉਹ ਪਵਿਤਰ ਧਰਮ ਅਸਥਾਨ ਦੀ ਯਾਤਰਾ ਅਗੇ ਵਾਂਗ ਲਕ ਛਿਪ ਕੇ ਜਾਂ ਭੇਸ ਬਦਲ ਕੇ ਨਹੀਂ ਸਨ ਕਰਦੇ। ਮਾਲਦਾਰ ਸਿਖਾਂ ਨੇ ਘੋੜੇ ਖ਼ਰੀਦ ਲਏ ਅਤੇ ਆਪਣੇ ਪਿਛਲਗਾਂ ਨੂੰ ਵੀ ਘੋੜਸਵਾਰ ਬਣਾ ਲਿਆ ਜਿਹੜੇ ਸਿਖ ਵਧੀਕ ਆ ਰਲੇ ਸਨ। ਉਹਨਾਂ ਨੇ ਦਰਿਆਦਿਲੀ ਭਰੇ ਕਾਰਨਾਮਿਆਂ ਨਾਲ ਨਾਮਵਰੀ ਖਟੀ ਅਤੇ ਫੌਜੀ ਇਜ਼ਤ ਦੇ ਹਕਦਾਰ ਬਣੇ।

### ਨਾਦਰਸ਼ਾਹ ਨੇ ਸਿੱਖਾਂ ਬਾਰੇ ਪੁੱਛ ਕੀਤੀ

ਦਿਲੀ ਤੋਂ ਵਾਪਸ ਜਾਂਦਾ ਹੋਇਆ ਨਾਦਰ ਸ਼ਾਹ ਜਦ ਪੰਜਾਬ ਵਿਚ ਦੀ ਲੰਘਿਆ ਤਦ ਉਸ ਨੇ ਪੰਜਾਬ ਦੇ ਗਵਰਨਰ ਜ਼ਕਰੀਆ ਖਾਨ ਤੋਂ ਪੁੱਛ ਕੀਤੀ ਕਿ ਸਿਖ ਕਿਸ ਕਿਸਮ ਦੇ ਲੋਕ ਹਨ ਜਿਨ੍ਹਾਂ ਨੇ ਮੇਰੀ ਉਸ ਫੌਜ ਦੇ ਪਿਛਲੇ ਭਾਗ ਨੂੰ ਲੁਟਿਆ। ਜੋ ਲੁਟ ਦਾ ਮਾਲ ਲਈ ਜਾ ਰਹੀ ਸੀ ਤੇ ਜਿਹੜੀ ਵੈਰੀਆਂ ਨੂੰ ਤੁਛ ਸਮਝਦੀ ਹੋਈ ਬਿਨਾ ਜਥੇਬੰਦੀ ਦੇ ਸਫਰ ਕਰ ਰਹੀ ਸੀ। ਜ਼ਕਰੀਆ ਖਾਨ ਨੇ ਉਤਰ ਦਿਤਾ ਕਿ ਇਹ ਲੋਕ ਫਸਾਦੀ ਫਕੀਰ ਹਨ ਜੋ ਹਰ ਛੇ ਮਹੀਨੇ ਮਗਰੋਂ ਅੰਮ੍ਰਤਸਰ ਦੇ ਸਰੋਵਰ ਵਿਚ ਅਸ਼ਨਾਨ ਕਰਨ ਆਉਂਦੇ ਹਨ। ਨਾਦਰ ਨੇ ਪੁਛਿਆ ਕਿ ਇਨ੍ਹਾਂ ਦਾ ਘਰ ਘਾਟ ਕਿਥੇ ਹੈ? ਗਵਰਨਰ ਨੇ ਇਸਦਾ ਇਹ ਉਤੱਰ ਦਿਤਾ—"ਇਨ੍ਹਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ ਹਨ" ਇਸ ਲਈ ਨਾਦਰ ਮੁਸਕਰਾਇਆ ਅਤੇ ਉਸਨੇ ਆਖਿਆ—"ਤਦ ਤੇ ਨਿਸ਼ਚੇ ਇਨ੍ਹਾਂ ਨੂੰ ਕੁਚਲ ਦੇਓ। ਤੇ ਇਨ੍ਹਾਂ ਦੇ ਦੇਸ਼ ਉਤੇ ਕਬਜ਼ਾ ਕਰ ਲੈਣਾ ਚਾਹੀਦਾ ਹੈ।"

### ਉਨ੍ਹਾਂ ਨੇ ਦਾਲੀਵਾਲੀ ਦਾ ਕਿਲ੍ਹਾ ਉਸਾਰਿਆ

ਹੁਣ ਸਿਖ ਜਥੇਬੰਦੀ ਤੇ ਫੌਜੀ ਰੂਪ ਵਿਚ ਪਰਗਟ ਹੋਏ ਅਤੇ ਉਨ੍ਹਾਂ ਨੇ ਰਾਵੀ ਦੇ ਕਿਨਾਰੇ ਦਾਲੀਵਾਲ ਦੇ ਅਸਥਾਨ ਉਤੇ ਨਿਕਾ ਜਿਹਾ ਕਿਲਾ ਉਸਾਰ ਲਿਆ ਉਹਨਾਂ ਦੀਆਂ ਮਿਸਲਾਂ ਦੀ ਗਿਣਤੀ ਤੇ ਸ਼ਕਤੀ ਵੀ ਵਧ ਗਈ ਅਤੇ ਉਹਨਾਂ ਦੀਆਂ ਲੁਟਾਂ ਮਾਰਾਂ ਖੁਲ੍ਹੇ ਦੇਸ਼ ਤੀਕ ਹੀ ਸੀਮਤ ਨ ਰਹੀਆਂ ਸਗੋਂ ਉਹ ਲਾਹੌਰ ਦੀਆਂ ਕੰਧਾਂ ਤੀਕ ਅਪੜ ਕੇ ਮਾਰ ਧਾੜ ਕਰ ਜਾਂਦੇ।

### ਨਵਾਬ ਜ਼ਕਰੀਆ ਖ਼ਾਨ ਗਵਰਨਰ ਲਾਹੌਰ ਦੀ ਮੌਤ।

ਨਾਦਰ ਸ਼ਾਹ ਦੇ ਮਗਰੋਂ ਹੀ ਨਵਾਬ ਜ਼ਕਰੀਆ ਖਾਨ ਵਾਈਸ-ਰਾਏ ਪੰਜਾਬ ਵੀ ਲਾਹੌਰ ਵਿਚ ਮਰ ਗਿਆ। ਉਸਦੇ ਖਾਨਦਾਨ ਦਾ ਕੁਰਸੀਨਾਮਾ (ਪਰਿਵਾਰ ਪਰਨਾਲੀ) ਇਉਂ ਹੈ।



Sri Satguru Jagjit Singh Ji eLibrary NamdhariElibrary@gmail.com

- ਮੁਹੰਮਦ ਆਮੀਨ ਖਾਨ ਇਤਮਾਦ ਉਦਦੌਲਾ
  - ਨਵਾਬ ਆਬੁਲ ਸਮਦ ਖਾਨ ਦਲੇਰ ਜੰਗ
    - ਆਜ਼ਾਦਉਦਦੌਲਾ ਨਵਾਬ ਜ਼ਕਰੀਆ ਖਾਨ, ਖਾਨਬਹਾਦਰ
      - ਯਾਹੀਆ ਖਾਨ
      - ਹਦਾਇਤਉਲਾ ਖਾਨ ਉਪਨਾਮ-ਸ਼ਾਹ ਨਵਾਜ਼ ਖਾਨ
    - ਖਨੇਜਾ ਅਬਦੁਲਾ
  - ਨਵਾਬ ਕਮਰਉਦਦੀਨ ਖਾਨ ਇਤਮਾਦਉਦਦੌਲਾ-ਨਸਰਤ ਜੰਗ
    - ਮੀਰ ਮੁਈਨ-ਉਲਮੁਲਕ, ਉਪਨਾਮ ਮੀਰ ਮਨੂੰ. ਉਸਦੀ ਪਤਨੀ ਮੁਰਾਦ ਬੇਗਮ
      - ਅਮੀਨ ਉਦੀਨ ਖਾਨ ਨਾਬਾਲਗ ਮਰ ਗਿਆ
    - ਇੰਤਜ਼ਾਮ ਉਦ ਦੌਲਤ, ਖਾਨਿ ਖਾਨਾਂ

## ਲਾਹੌਰ ਵਿਚ ਉਸ ਦੀ ਸ਼ਹਰਤ

ਨਵਾਬ ਜ਼ਕਰੀਆ ਖਾਨ ਕਈ ਸਾਲ ਤੀਕ ਲਾਹੌਰ ਦਾ ਗਵਰਨਰ ਰਿਹਾ। ਉਸ ਨੇ ਆਪਣੇ ਚਾਚੇ ਨਵਾਬ ਕਮਰ ਉਦਦੀਨ ਖਾਨ ਦੀ ਪੁਤਰੀ ਨਾਲ ਵਿਆਹ ਕਰਾ ਲਿਆ। ਉਹ ਆਪਣੀ ਦਿਆਨਤਦਾਰੀ ਤੇ ਸਚਾਈ ਤੇ ਉਚੇ ਚਲਨ ਲਈ ਪ੍ਰਸਿਧ ਸੀ ਅਤੇ ਉਸਦਾ ਇਨਸਾਫ ਅਖੌਤ ਬਣ ਚੁਕਾ ਸੀ। ਉਹ ਕੌਮ ਦੀਆਂ ਸਭ ਸ਼੍ਰੇਣੀਆਂ ਵਿਚ ਬੜਾ ਹਰਮਨ ਪਿਆਰਾ ਸੀ। ਉਹ ਲਾਹੌਰ ਦੇ ਲੋਕਾਂ ਨੂੰ ਪਿਆਰਦਾ ਸੀ ਤੇ ਲਾਹੌਰ ਦੇ ਲੋਕ ਵੀ ਉਸ ਨੂੰ ਓਵੇਂ ਹੀ ਪਿਆਰਦੇ ਸਨ। ਉਹਨਾਂ ਦਿਨਾਂ ਵਿਚ ਲਾਹੌਰ ਦੇ ਤਅਸਬੀ ਮੁਲਾਂ ਧਾਰਮਕ ਮਾਮਲਿਆਂ ਵਿਚ ਹਿੰਦੂਆਂ ਨਾਲ ਛੇੜਖਾਨੀ ਕਰਨ ਦੇ ਆਦੀ ਬਣ ਚੁਕੇ ਸਨ। ਸਗੋਂ ਉਹ ਹਿੰਦੂਆਂ ਨੂੰ ਬਹੁਤ ਤੰਗ ਕਰਦੇ ਸਨ। ਖਾਨ ਦਾ ਸਦਾ ਇਹ ਯਤਨ ਹੁੰਦਾ ਸੀ ਕਿ ਇਹ ਝਗੜੇ ਦਾ ਆਪੋ ਵਿਚ ਫੈਸਲਾ ਕਰਾ ਦਿੰਦਾ ਅਤੇ ਕਿਸੇ ਵਿਸ਼ੇਸ਼ ਕੌਮ ਦੀ ਰਿਆਇਤ ਨ ਕਰਦਾ।

## ਉਸਦੇ ਇਨਸਾਫ ਦੀ ਇਕ ਵਾਰਤਾ

ਉਸ ਦੇ ਨਿਆ ਸੰਬੰਧੀ ਲਾਹੌਰ ਦੇ ਇਕ ਸਮਕਾਲੀ ਇਤਹਾਸਕਾਰ ਨੇ ਇਹ ਵਾਰਤਾ ਉਸਦੇ ਲੋਕ ਚਲਨ ਬਾਰੇ ਲਿਖੀ ਹੈ—ਲਾਹੌਰ ਦੇ ਇਕ ਹਿੰਦੂ ਦੇ ਸੋਭਾਗ ਕਿ ਉਸਦੀ ਇਸਤਰੀ ਅਤਿਅੰਤ ਸੋਹਣੀ ਸੀ। ਉਸ ਮੁਹਲੇ ਦਾ ਇਕ ਮੁਗਲ ਵਸਨੀਕ ਉਸਦੀ ਤੀਵੀਂ ਉਤੇ ਲੱਟੂ ਹੋ ਗਿਆ ਅਤੇ ਉਸਦੇ ਪ੍ਰੇਮ ਨੂੰ ਜਿਤਨ ਲਈ ਜਤਨ ਕਰਨ ਲਗਾ ਪਰ ਹਯਾਦਾਰ ਇਸਤਰੀ ਆਪਣੇ ਪਤੀ ਦੀ ਵਫਾਦਾਰ ਬਣੀ ਰਹੀ। ਉਸ ਨੇ ਮੁਗਲ ਦੇ ਪਿਆਰ ਨੂੰ ਘ੍ਰਿਣਾ ਨਾਲ ਠੁਕਰਾ ਦਿਤਾ। ਇਸ ਮੰਤਵ ਨੂੰ ਉਹ ਮੁਗਲ ਲਾਲਚ ਨਾਲ ਪ੍ਰਾਪਤ ਨ ਕਰ ਸਕਿਆ। ਉਸ ਨੂੰ ਉਹਨੇ ਫਰੇਬ ਨਾਲ ਪ੍ਰਾਪਤ ਕਰਨ ਦਾ ਨਿਸਚਾ ਧਾਰ ਲਿਆ। ਉਸਨੇ ਇਹੋ ਜਿਹੇ ਭੂਸ਼ਨ ਤਿਆਰ ਕਰਵਾਏ ਜਿਹੋ ਜਿਹੇ ਮੁਸਲਮਾਨ ਦੁਲਹਨਾਂ ਪਾਉਂਦੀਆਂ ਹਨ। ਇਹ ਕਪੜੇ ਉਸ ਲੁਕਵੇਂ ਢੰਗ ਨਾਲ ਉਸ ਹਿੰਦੂ ਤੀਵੀਂ ਦੇ ਕਮਰੇ ਵਿਚ ਰਖਵਾ ਦਿਤੇ ਫੇਰ ਉਸਨੇ ਇਹਨਾਂ ਕਪੜਿਆਂ ਦੇ ਗੁਵਾਚਨ ਦੀ ਇਤਲਾਹ ਦੇਕੇ ਉਸਦੇ ਮਕਾਨ ਦੀ ਤਲਾਸ਼ੀ ਕਰਵਾਈ। ਉਸ ਨੇ ਇਹ ਬਿਆਨ ਵੀ ਦਿਤਾ ਕਿ ਮੇਰਾ ਉਸ ਤੀਵੀਂ ਨਾਲ ਅਯੋਗ ਸੰਬੰਧ ਹੈ। ਉਸ ਦੀ ਇਹ ਸ਼ਰਾਰਤ ਦਾ ਭਾਂਡਾ ਗਵਰਨਰ ਨੇ ਉਦੋਂ ਭੰਨ ਦਿਤਾ ਜਦ ਉਸ ਨੇ ਫਕੀਰ ਦਾ ਭੇਸ ਬਦਲਕੇ ਇਸ ਮਾਮਲੇ ਦੀ ਸਚਾਈ ਦਾ ਪਤਾ ਲਾਇਆ ਅਤੇ ਮੁਗਲ ਨੂੰ ਫਾਂਸੀ ਦਾ ਹੁਕਮ ਸੁਣਾਇਆ। ਨਵਾਬ ਜ਼ਕਰੀਆ ਖਾਨ ਦੇ ਇਨਸਾਫ ਦੀਆਂ ਕਈ ਹੋਰ ਕਥਾਵਾਂ ਵੀ ਲੋਕਾਂ ਵਿਚ ਪ੍ਰਚਲਤ ਹਨ।

## ਯਾਹੀਆ ਖਾਨ ਲਾਹੌਰ ਦਾ ਗਵਰਨਰ ਨੀਯਤ ਹੋਇਆ

ਜ਼ਕਰੀਆ ਖਾਨ ਦੀ ਮੌਤ ਮਗਰੋਂ ਲਾਹੌਰ ਦੀ ਸੂਬੇਦਾਰੀ ਮੀਰ ਮੋਮਨ ਖਾਨ ਦੇ ਸਪੁਰਦ ਹੋਈ ਪਰ ਛੇਤੀ ਹੀ ਮਗਰੋਂ ਜ਼ਕਰੀਆ ਖਾਨ ਦੇ ਸਭ ਤੋਂ ਵਡੇ ਪੁਤਰ ਯਾਹੀਆ ਖਾਨ ਨੂੰ ਵਜ਼ੀਰ ਕਮਰ ਉਦ ਦੀਨ ਦੇ ਜਤਨ ਨਾਲ ਲਾਹੌਰ ਦੀ ਗਵਰਨਰੀ ਦਾ ਤਾਜ ਪ੍ਰਾਪਤ ਹੋ ਗਿਆ।

## ਸਿੱਖਾਂ ਦਾ ਐਮਨਾਬਾਦ ਤੋਂ ਖਰਾਜ ਵਸੂਲਣਾ

ਸਿਖ ਧਾੜਵੀ ਹੁਣ ਐਨੇ ਦਲੇਰ ਹੋ ਗਏ ਸਨ ਕਿ ਉਹਨਾਂ ਨੇ ਉਹ ਧੋਬੀ ਵੀ ਲੁਟ ਲਏ ਜਿਹੜੇ ਦਰਿਆ ਰਾਵੀ ਉਤੇ ਕਪੜੇ ਧੋਣ ਜਾਂਦੇ ਸਨ। ਇਹਨਾਂ ਦੇ ਇਕ ਹਥਿਆਰ ਬੰਦ ਜਥੇ ਨੇ ਤਾਂ ਐਮਨਾਬਾਦ ਪਾਸੋਂ ਖਰਾਜ ਲੈਣ ਲਈ ਵੀ ਚਾਲੇ ਪਾ ਦਿਤੇ। ਇਹ ਸ਼ਹਿਰ ਲਾਹੌਰ ਦੇ ਉਤਰ ਵਲ ਹੈ। ਸਿਖ ਜਥੇ ਨੇ ਇਸ ਨਗਰ ਦੇ ਆਸ ਪਾਸ ਤੋਂ ਬਹੁਤ ਸਾਰੇ ਮਾਲ ਡੰਗਰ ਦੀ ਧਾੜ ਆਪਣੇ ਕਬਜ਼ੇ ਵਿਚ ਕਰ ਲਈ। ਇਹ ਖਬਰ ਸੁਣਕੇ ਯਾਹੀਆ ਖਾਨ ਨੇ ਦੀਵਾਨ ਜਸਪਤ ਰਾਏ ਨੂੰ ਫ਼ੌਜ ਦਾ ਦਸਤਾ ਦੇ ਕੇ ਰਵਾਨਾ ਕੀਤਾ ਤਾਂ ਜੁ ਉਹ ਬਾਗੀਆਂ ਨੂੰ ਨਸਾ ਦੇਵੇ ਪਰ ਇਹਨਾਂ ਸਿਖ ਬਾਗੀਆਂ ਨੇ ਸਰਕਾਰੀ ਫ਼ੌਜਾਂ ਉਤੇ ਬੜਾ ਸਖਤ ਹਮਲਾ ਕਰ ਕੇ ਉਹਨਾਂ ਨੂੰ ਮੈਦਾਨ ਵਿਚੋਂ ਨਸਾ ਦਿਤਾ। ਇਸ ਲੜਾਈ ਵਿਚ ਸਰਕਾਰੀ ਫ਼ੌਜ ਦਾ ਕਮਾਂਡਰ ਦੀਵਾਨ ਜਸਪਤ ਰਾਏ ਮਾਰਿਆ ਗਿਆ।

## ਲਖਪਤ ਰਾਏ ਦੀਵਾਨ ਨੇ ਸਿਖਾਂ ਨੂੰ ਹਾਰ ਦੇਣੀ

ਇਸ ਮੁਹਿੰਮ ਦੀ ਤਬਾਹੀ ਨਾਲ ਵਾਇਸਰਾਏ ਨੂੰ ਬੜਾ ਜੋਸ਼ ਆਇਆ ਤੇ ਉਸ ਨੇ ਆਪਣੇ ਮਹਾ ਮੰਤਰੀ ਦੀਵਾਨ ਲਖਪਤ ਰਾਏ ਦੀ ਕਮਾਨ ਹੇਠ ਇਕ ਬੜੀ ਵਡੀ ਫ਼ੌਜ ਸਿਖਾਂ ਵਿਰੁਧ ਭੇਜੀ। ਦੀਵਾਨ ਲਖਪਤ ਨੇ ਸਿਖਾਂ ਨੂੰ ਲੜਾਈ ਵਿਚ ਹਾਰ ਦੇ ਕੇ ਉਹਨਾਂ ਦੀ ਬੜੀ ਕਟਾ ਵੱਢ ਮਚਾਈ ਤੇ ਇਉਂ ਆਪਣੇ ਮਾਰੇ ਗਏ ਭਰਾ (ਜਸਪਤ ਰਾਏ) ਦਾ ਖੂਨੀ ਬਦਲਾ ਲਿਆ। ਸਿਖ ਪਸਪਾਂ ਹੋ ਕੇ ਪੰਜਾਬ ਦੇ ਉਤਰ ਪੂਰਬੀ ਕਿਨਾਰੇ ਵਲ ਚਾਲੇ ਪਾ ਗਏ। ਭਰਾ ਦੇ ਬਦਲੇ ਨੂੰ ਪੂਰਨ ਕਰਨ ਵਾਸਤੇ ਉਹ ਬਹੁਤ ਸਾਰੇ ਸਿਖਾਂ ਨੂੰ ਹਥ ਕੜੀਆਂ ਤੇ ਬੇੜੀਆਂ ਵਿਚ ਜਕੜ ਕੇ ਲਾਹੌਰ ਲੈ ਆਇਆ। ਕੈਦ ਸਿਖਾਂ ਨੂੰ ਖੋਤਿਆਂ ਉਤੇ ਸਵਾਰ ਕਰਕੇ ਲਾਹੌਰ ਦੇ ਬਾਜ਼ਾਰਾਂ ਵਿਚ ਫਰਾਇਆ। ਇਸ ਦੇ ਮਗਰੋਂ ਇਹ ਸਿਖ ਨਖਾਸ ਖਾਂਨਾ ਅਰਥਾਤ ਘੋੜ ਮੰਡੀ ਵਿਚ ਪੁਚਾਏ ਗਏ ਜੋ ਸ਼ਹਿਰ ਦੇ ਬਾਹਰ ਦਿਲੀ ਦਰਵਾਜ਼ੇ ਪਾਸ ਹੁੰਦੀ ਸੀ।

## ਸ਼ਹੀਦ ਗੰਜ ਵਿਚ ਸਿਖਾਂ ਦੀ ਕਤਿਲ ਆਮ : ੧੭੪੬ ਈ :

ਏਥੇ ਇਹਨਾ ਸਿਖਾਂ ਨੂੰ ਬੜੀ ਨਿਰਦਾਇਤਾ ਨਾਲ ਇਕ ਇਕ ਕਰਕੇ ਕਤਲ ਕੀਤਾ ਗਿਆ। ਉਸ ਸਮੇਂ ਤੋਂ ਸਿਖ ਇਸ ਅਸਥਾਨ

Sri Satguru Jagjit Singh Ji eLibrary NamdhariElibrary@gmail.com

ਨੂੰ ਸ਼ਹੀਦ ਗੰਜ* ਦੇ ਨਾਮ ਨਾਲ ਸਦਣ ਲਗ ਪਏ, ਜੋ ਕਿ ਇਕ ਘਟਣਾਂ ਦੀ ਯਾਦ ਵਿਚ ਕਾਇਮ ਕੀਤਾ ਗਿਆ ਸੀ। ਉਸ ਅਸਥਾਨ ਉਤੇ ਉਹਨਾਂ ਸਿਖਾਂ ਨੂੰ ਕਤਲ (ਸ਼ਹੀਦ) ਕੀਤਾ ਗਿਆ। ਉਥੇ ਉਸ ਸ਼੍ਰੋਮਣੀ ਸ਼ਹੀਦ ਭਾਈ ਤਾਰੂ ਸਿੰਘ ਦੀ ਸਮਾਧੀ ਉਸਾਰੀ ਗਈ, ਜੋ (ਸ੍ਰੀ ਗੁਰੂ) ਗੋਬਿੰਦ ਸਿੰਘ ਦਾ ਪੁਰਾਣਾਂ ਸਾਥੀ (ਸਿਖ) ਸੀ। ਭਾਈ ਤਾਰੂ ਸਿੰਘ ਨੂੰ ਸਮੇਂ ਦੀ ਸਰਕਾਰ ਵਲੋਂ ਇਹ ਲੋਭ ਦਿਤਾ ਗਿਆ ਕਿ ਜੇ ਉਹ ਸਿਖ ਧਰਮ ਨੂੰ ਤਿਆਗ ਕੇ ਆਪਣੇ ਕੇਸ ਕਤਲ ਕਰਵਾ ਦੇਵੇ ਤਦ ਉਸ ਨੂੰ ਮਾਫੀ ਮਿਲ ਸਕਦੀ ਹੈ ਪਰ ਭਾਈ ਤਾਰੂ ਸਿੰਘ ਨੂੰ ਜਿੰਨੀ ਵਾਰ ਵੀ ਇਹ ਪੇਸ਼ਕਸ਼ ਕੀਤੀ ਗਈ ਉਹਨੇ ਉਨੀ ਵਾਰ ਹੀ ਇਸ ਪੇਸ਼ਕਸ਼ ਨੂੰ ਠੁਕਰਾ ਦਿਤਾ। ਇਸ ਤੇ ਸੰਨ ੧੭੪੬ ਈਸਵੀ ਵਿਚ ਉਸ ਦਾ ਸਿਰ† ਕਲਮ ਕਰ ਦਿਤਾ ਗਿਆ।

## ਪੰਜਾਬ ਵਿਚਲੇ ਸਭ ਸਿੱਖਾਂ ਨੂੰ ਕਤਲ ਕਰ ਦੇਣ ਦਾ ਸਰਕਾਰੀ ਐਲਾਨ

ਯਾਹੀਆ ਖਾਨ ਨੇ ਹੁਣ ਤਕ ਸਰਕਾਰੀ ਤੌਰ ਉਤੇ ਇਹ ਐਲਾਨ ਕਰ ਦਿਤਾ ਕਿ ਪੰਜਾਬ ਵਿਚ ਜਿਥੇ ਵੀ ਕੋਈ ਸਿਖ ਮਿਲੇ ਉਥੇ ਹੀ ਉਸ ਨੂੰ ਜਾਨੋਂ ਮਾਰ ਦਿਤਾ ਜਾਵੇ।

## ਸਿੱਖਾਂ ਦੇ ਸਿਰਾਂ ਦਾ ਇਨਾਮ

ਉਸ ਜ਼ਮਾਨੇ ਵਿਚ ਜਿਹੜਾ ਵੀ ਮਨੁੱਖ ਗੁਰੂ ਗੋਬਿੰਦ ਸਿੰਘ ਦਾ ਨਾਮ ਲੈ ਲੈਂਦਾ। ਉਸ ਨੂੰ ਮੌਤ ਦੀ ਸਜ਼ਾ ਦਿਤੀ ਜਾਂਦੀ ਸੀ ਏਥੇ ਹੀ ਬਸ ਨਹੀਂ ਸਗੋਂ ਸਿਖਾਂ ਦੇ ਸਿਰਾਂ ਲਈ ਇਨਾਮ ਰਖਿਆ ਗਿਆ। ਇਉਂ ਹਰ ਰੋਜ਼ ਹਜ਼ਾਰਾਂ ਹੀ ਮਾਰੇ ਜਾਂਦੇ ਅਤੇ ਉਹਨਾਂ ਦੇ ਕਟੇ ਹੋਏ ਸਿਰ ਸੂਬੇਦਾਰ ਲਾਹੌਰ ਨੂੰ ਪੇਸ਼ ਕਰਕੇ ਇਨਾਮ ਪ੍ਰਾਪਤ ਕੀਤੇ ਜਾਂਦੇ। ਇਹੋ ਜਿਹੇ ਬਿਖੜੇ ਸਮੇਂ ਬਹੁਤ ਸਾਰੇ ਗੁਰੂ ਦੇ ਨਾਮ ਲੇਵਿਆਂ ਨੇ ਲੰਮੇ ਕੇਸ ਕਟਵਾ ਦਿਤੇ() ਦਾੜ੍ਹੀਆਂ ਕੁਤਰਵਾ ਲਈਆਂ ਤਾਂ ਜੁ ਉਹਨਾਂ ਨੂੰ ਸ਼ਕ ਵਿਚ ਫੜ ਕੇ ਕਤਲ ਨਾ ਕਰ ਦਿਤਾ ਜਾਏ। ਜਿਹੜੇ ਬਾਕੀ ਸਿੱਖ ਰਹਿ ਗਏ ਉਹ ਜੰਗਲਾਂ ਵਿਚ ਜਾ ਛੁਪੇ ਜਾਂ ਸਤਲੁਜ ਪਾਰ ਕਰ ਗਏ।

---

*ਸ਼ਹੀਦ ਗੰਜ ਦਾ ਭਾਵ ਹੈ ਸ਼ਹੀਦਾਂ ਦਾ ਖਜ਼ਾਨਾ ਅਰਥਾਤ ਓਹ ਅਸਥਾਨ ਜਿਥੇ ਬਹੁਤ ਸਾਰੇ ਲੋਕ ਸ਼ਹੀਦ ਹੋਏ ਹੋਣ ਜਾਂ ਦਬੇ ਹੋਣ। ਪੰਜਾਬ ਵਿਚ ਸਿਖਾਂ ਦੇ ਕਈ ਸ਼ਹੀਦ ਗੰਜ ਹਨ। ਜਿਥੇ ਜਿਥੇ ਵੀ ਸਿਖ ਸ਼ਹੀਦ ਕੀਤੇ ਗਏ ਉਥੇ ਹੀ ਸਿਖਾਂ ਨੇ ਉਹਨਾਂ ਦੀ ਯਾਦ ਨਮਿਤ ਸ਼ਹੀਦ ਗੰਜ ਕਾਇਮ ਕਰ ਦਿਤੇ। ਪਰ ਲਾਹੌਰ ਦਾ ਇਹ ਸ਼ਹੀਦ ਗੰਜ ਸਭ ਤੋਂ ਵਡਾ ਹੈ ਤੇ ਹੈ ਵੀ ਸਚ ਮੁਚ ਸ਼ਹੀਦਾਂ ਦਾ ਗੰਜ। ਇਹ ਅਸਥਾਨ ਲਾਹੌਰ ਰੇਲਵੇ ਸਟੇਸ਼ਨ ਤੋਂ ਅਧ ਕੁ ਫਰਲਾਂਗ ਦੂਰ ਦਿਲੀ ਦਰਵਾਜ਼ੇ ਨੂੰ ਜਾਣ ਵਾਲੀਆਂ ਸੜਕਾਂ ਦੇ ਸੰਗਮ ਉਤੇ ਓਸ ਥਾਂ ਹੈ ਜਿਥੋਂ ਲੰਡਾਂ ਬਾਜ਼ਾਰ ਅਤੇ ਸੁਲਤਾਨ ਦਾ ਬਾਗ (ਸਬੰਧਤ ਸਰਾਂ ਸੁਲਤਾਨ) ਸ਼ੁਰੂ ਹੁੰਦਾ ਹੈ ਇਹ ਬਾਗ ਹੁਣ ਉਜੜ ਚੁਕਾ ਹੈ ਤੇ ਇਥੇ ਹੁਣ ਵਸੋਂ ਹੋ ਗਈ ਹੈ। ਇਹ ਓਹੋ ਬਾਗ ਹੈ ਜਿਸ ਵਿਚ ਉਹ ਠੰਡੀ ਖੂਹੀ ਵਾਕਿਆ ਸੀ ਜਿਥੇ ਪੁਰਾਣੇ ਸਮੇਂ ਦੇ ਲੋਕ ਦੂਰੋਂ ਦੂਰੋਂ ਆ ਕੇ ਪਾਣੀ ਪੀਂਦੇ ਹੁੰਦੇ ਸਨ ਕਿਉਂਕਿ ਉਹਨਾਂ ਜ਼ਮਾਨਿਆਂ ਵਿਚ ਬਰਫ ਨ ਹੋਣ ਕਰਕੇ ਇਸ ਖੂਹੀ ਦਾ ਪਾਣੀ ਬਰਫ ਵਰਗਾ ਠੰਡਾ ਹੁੰਦਾ ਸੀ।

ਏਥੇ ਪ੍ਰਸਿਧ ਗੁਰਦਵਾਰਾ ਸ਼ਹੀਦ ਗੰਜ ਉਸ ਥਾਂ ਤੇ ਹੈ ਜਿਥੇ ਕਦੇ ਦਾਰਾ ਸ਼ਿਕੋਹ ਦਾ ਨਖਾਸ ਅਰਥਾਤ ਘੋੜਿਆਂ ਦਾ ਤਬੇਲਾ ਹੁੰਦਾ ਸੀ। ਨੌਲਖਾ ਬਾਜ਼ਾਰ ਵਾਲਾ ਬਾਜ਼ਾਰ ਬਣਨ ਨਾਲ ਇਹ ਵਡਾ ਗੁਰਦਵਾਰਾ ਦੋ ਭਾਗਾਂ ਵਿਚ ਵੰਡਿਆ ਗਿਆ। ਸੜਕ ਦੇ ਇਕ ਪਾਸੇ ਨਖਾਸ ਵਲ ਭਾਈ ਤਾਰੂ ਸਿੰਘ ਦੀ ਸਮਾਧ, ਸਰਦਾਰ ਧਨਾ ਸਿੰਘ ਦੀ ਸਮਾਧ ਜੋ ਹੁਣ ਵੀ ਵਿਦਮਾਨ ਹਨ। ਅਤੇ ਬਹੁਤ ਸਾਰੀਆਂ ਨਾਲ ਲਗਦੀਆਂ ਸਿਖਾਂ ਦੀਆਂ ਸਮਾਧਾਂ ਸਨ ਅਤੇ ਸੜਕ ਦੇ ਦੂਜੇ ਪਾਸੇ ਉਹ ਗੁਰਦਵਾਰਾ ਸਿੰਘਣੀਆਂ ਹੈ ਜਿਸ ਦੇ ਹਾਤੇ ਵਿਚ ਪਹਿਲੇ ਉਹ ਪੁਰਾਤਨ ਮਸੀਤ ਵੀ ਸੀ ਜਿਥੇ ਬੈਠ ਕੇ ਕਾਜ਼ੀ ਤੇ ਮੁਲਾਂ ਨੇ ਸਿਖਾਂ ਦੇ ਕਤਲ ਦੇ ਫਤਵੇ ਦਿੱਤੇ ਸਨ ਜਿਸ ਤੇ ਪਿਛੋਂ ਸਿਖਾਂ ਨੇ ਕਬਜ਼ਾ ਕਰਕੇ ਸ਼ਹੀਦ ਗੰਜ ਦਾ ਹੀ ਭਾਗ ਬਣਾ ਲਈ ਸੀ। ਇਹ ਮਸੀਤ ਤੇ ਗੁਰਦਵਾਰਾ ਭਾਈ ਹਰਨਾਮ ਸਿੰਘ ਮਹੰਤ ਦੇ ਕਬਜ਼ੇ ਵਿਚ ਸੀ ਤੇ ਇਸ ਲਈ ਮਹੰਤ (ਸਿਖਾਂ) ਤੇ ਮੁਸਲਮਾਨਾਂ ਵਿਚਾਲੇ ਕਈ ਸਾਲ ਤੀਕ ਮੁਕਦਮੇ ਬਾਜ਼ੀ ਜਾਰੀ ਰਹੀ। ਅੰਤ ਪ੍ਰੀਵੀ ਕੌਂਸਲ ਦੇ ਅੰਤਮ ਫੈਸਲੇ ਅਨੁਸਾਰ ਇਹ ਮਸੀਤ ਸਿਖਾਂ ਨੂੰ ਮਿਲ ਗਈ ਤੇ ਉਹਨਾਂ ਨੇ ਉਥੇ ਸ਼ਹੀਦ ਗੰਜ ਦੀ ਇਮਾਰਤ ਬਣਾਉਣ ਲਈ ਉਸ ਨੂੰ ਢਾਹ ਦਿਤਾ। ਇਸ ਦੇ ਢਾਹੁਣ ਸਮੇਂ ਮੁਸਲਮਾਨਾਂ ਨੇ ਬੜਾ ਖੌਰੂ ਪਾਇਆ ਪਰ ਉਦੋਂ ਦੇ ਪੰਜਾਬ ਦੇ ਮਹਾਂ ਮੰਤਰੀ ਸਰ ਸਿਕੰਦਰ ਹਿਯਾਤ ਨੇ ਇਸ ਗੜ ਬੜ ਨੂੰ ਕਰੜੇ ਹਥਾਂ ਨਾਲ ਦਬਾ ਦਿਤਾ। ਸਿਖਾਂ ਨੇ ਬਾਬਾ ਖੜਕ ਸਿੰਘ ਦੀ ਪ੍ਰਧਾਨਗੀ ਹੇਠ ਇਕਠ ਕਰਕੇ ਸ਼ਹੀਦ ਗੰਜ ਦੀ ਨਵੀਂ ਇਮਾਰਤ ਦੀ ਨੀਂਹ ਰਖ ਦਿਤੀ। ਇਹਨਾਂ ਹੀ ਦਿਨਾਂ ਵਿਚ ਪੰਜਾਬ ਦੀਆਂ ਵੰਡੀਆਂ ਪੈ ਗਈਆਂ ਤੇ ਲਾਹੌਰ ਪਾਕਿਸਤਾਨ ਨੂੰ ਮਿਲ ਗਿਆ ਇਸ ਗੁਰਦਵਾਰੇ ਦੀ ਇਮਾਰਤ ਦੀ ਸਕੀਮ ਵਿਚੇ ਹੀ ਰਹੀ ਗਈ।

ਮੇਰਾ ਜੰਮਪਲ ਵੀ ਸ਼ਹੀਦ ਗੰਜ ਦੇ ਇਕ ਮਕਾਨ ਵਿਚ ਹੀ ਹੋਣ ਕਰਕੇ ਤੇ ਉਮਰ ਦਾ ਬਹੁਤਾ ਭਾਗ (ਲਗ ਪਗ ੫੦ ਸਾਲ) ਏਥੇ ਲਾਹੌਰ ਵਿਚ ਰਹਿਣ ਕਰਕੇ ਇਥੋਂ ਦੇ ਸਭ ਵਾਕਿਆਤ ਮੇਰੇ ਅੱਖੀਂ ਡਿਠੇ ਹਨ। ਜਦ ਸਿਖਾਂ ਨੇ ਸ਼ਹੀਦ ਗੰਜ ਸਿੰਘਣੀਆਂ ਦੇ ਖੂਹ ਨੂੰ ਸਾਫ ਕੀਤਾ ਤਦ ਉਸ ਵਿਚੋਂ ਅਨੇਕ ਮਨੁਖਾ ਖੋਪਰੀਆਂ ਨਿਕਲੀਆਂ ਸਨ ਜੋ ਇਸ ਗਲ ਦਾ ਸਬੂਤ ਹਨ ਕਿ ਉਹ ਖੂਹ ਵੀ ਸਿਖਾਂ ਦੀਆਂ ਖੋਪਰੀਆਂ ਨਾਲ ਪੂਰਿਆ ਗਿਆ ਸੀ।

ਪਹਿਲੇ ਕਾਲਮ ਦੀ ਬਾਕੀ

ਛੋਟੇ ਹੁੰਦਿਆਂ ਮੈਂ ਜਿਸ ਮੁਢਲੇ ਰੂਪ ਵਿਚ ਗੁਰਦਵਾਰਾ ਸ਼ਹੀਦ ਗੰਜ ਡਿਠਾ ਉਸ ਸ਼ਹੀਦ ਗੰਜ ਦੀ ਰੂਪ ਰੇਖਾ ਵਰਤਮਾਨ ਨਾਲੋਂ ਕੁਛ ਅਡਰੀ ਹੀ ਸੀ। ਸਮਾਧ ਭਾਈ ਤਾਰੂ ਸਿੰਘ ਸ਼ਹੀਦ ਸਮਾਧ ਸਰਦਾਰ ਧੰਨਾ ਸਿੰਘ ਮਲਵੀ ਅਤੇ ਮਸੀਤ ਪੁਰਾਣੇ ਮੁਗਲਈ ਜ਼ਮਾਨੇ ਦੀਆਂ ਇਮਾਰਤਾਂ ਦਾ ਨਮੂਨਾ ਸਨ। ਪਕੀਆਂ ਚੂਨੇ ਗਚ ਦੀਆਂ ਬਣੀਆਂ ਹੋਈਆਂ ਜਿਨਾਂ ਦਾ ਰੰਗ ਰੋਗਨ ਸੈਂਕੜੇ ਸਾਲ ਦੇ ਮਗਰੋਂ ਵੀ ਉਵੇਂ ਦਾ ਉਵੇਂ ਸੀ। ਸਮਾਧ ਭਾਈ ਤਾਰੂ ਸਿੰਘ ਦੇ ਅਹਾਤੇ ਵਿਚ ਚਪੇ ਚਪੇ ਉਤੇ ਉਹਨਾਂ ਸ਼ਹੀਦਾਂ ਦੀਆਂ ਨਿਕੀਆਂ ਨਿਕੀਆਂ ਸਮਾਧਾਂ ਸਨ, ਖਾਨ ਬਹਾਦਰ ਜ਼ਕਰੀਆ ਖਾਂ ਤੇ ਮੀਰ ਮਨੂੰ ਦੇ ਸਮੇਂ ਨਿਰਦੈਤਾ ਨਾਲ ਸ਼ਹੀਦ ਕੀਤੇ ਗਏ ਸਨ। ਇਹ ਉਹ ਅਸਥਾਨ ਹੈ ਜਿਥੇ ਸ਼ਹੀਦ ਭਾਈ ਤਾਰੂ ਸਿੰਘ ਦੀ ਖੋਪਰੀ ਉਤਰਵਾਈ ਗਈ ਸੀ ਇਸ ਦਰਦਨਾਕ ਨਜ਼ਾਰੇ ਦੀ ਇਕ ਰੰਗੀਨ ਤਸਵੀਰ ਤੇ ਇਕ ਉਸ ਦੀ ਸੋਨੇ ਦੀ ਨਕਲ ਮਹੰਤ ਪਾਸ ਸ਼ਾਇਦ ਅਜੇ ਵੀ ਹੋਣਗੀਆਂ। ਕਿਹਾ ਜਾਂਦਾ ਹੈ ਏਥੇ ਸਿਖਾਂ ਦੇ ਸਿਰਾਂ ਦੇ ਮੁਨਾਰੇ ਬਣਾਕੇ ਅੰਦਰ ਢੇਰ ਲਾਇਆ ਜਾਂਦਾ ਸੀ ਕਿ ਕਿੰਨੇ ਸਿਖ ਖਤਮ ਕੀਤੇ ਗਏ ਹਨ—ਅਨੁਵਾਦਕ।

†ਗੁਰੂ ਗੋਬਿੰਦ ਸਿੰਘ ਦੇ ਇਹ ਸਿਦਕੀ ਸਿਖ ਨੇ ਆਖਿਆ —ਕੇਸਾਂ, ਸਵਾਸਾਂ ਤੇ ਸਿਰ ਦਾ ਆਪੋ ਵਿਚ ਅਟੁਟ ਸੰਬੰਧ ਹੈ ਸਿਰ ਦਾ ਸੰਬੰਧ ਜੀਵਨ ਨਾਲ ਹੈ ਤੇ ਮੈਂ ਬੜੀ ਖੁਸ਼ੀ ਨਾਲ ਆਪਣੀ ਜ਼ਿੰਦਗੀ ਦੇਣ ਲਈ ਤਿਆਰ ਹਾਂ।"

()ਪੁਸਤਕ ਦੇ ਲੇਖਕ ਸਜਣ ਸਾਹਿਬ ਨੇ ਏਥੇ ਭੁਲੇਖਾ ਖਾਧਾ ਹੈ। ਸਾਰੇ ਇਤਿਹਾਸ ਇਸ ਗਲ ਦੀ ਹਾਮੀ ਭਰਦੇ ਹਨ ਕਿ ਮੁਗਲ ਰਾਜ ਸਮੇਂ ਕਿਸੇ ਸਿਖ ਨੇ ਵੀ ਕੇਸ ਕਤਲ ਕਰਵਾਉਣਾ ਜਾਂ ਦਾੜ੍ਹੀ ਕਤਰਵਾਉਣਾ ਪਰਵਾਨ ਨ ਕੀਤਾ ਸਗੋਂ ਇਸ ਦੀ ਬਜਾਇ ਖੁਸ਼ੀ ਖੁਸ਼ੀ ਜਾਨਾਂ ਵਾਰ ਦਿਤੀਆਂ। ਭਾਈ ਤਾਰੂ ਸਿੰਘ, ਭਾਈ ਮਨੀ

## ਯਾਹੀਆ ਖਾਨ ਤੇ ਸ਼ਾਹਨਿਵਾਜ਼ ਖਾਨ ਵਿਚਾਲੇ ਫਰਕ

ਇਹ ਉਹ ਸਮਾਂ ਸੀ ਜਦੋਂ ਲਾਹੌਰ ਦੀ ਵਾਇਸਰਾਏਲਟੀ ਲਈ ਯਾਹੀਆ ਖਾਨ ਅਤੇ ਉਸ ਦੇ ਛੋਟੇ ਭਰਾ ਹਦਾਇਤ ਉਲਾ ਖਾਨ ਵਿਚਾਲੇ ਸਖਤ ਟਾਕਰਾ ਹੋ ਰਿਹਾ ਸੀ। ਅਫਗਾਨ ਨੂਰ ਮੁਹੰਮਦ ਖਾਨ ਲੇਲੀ ਵਿਰੁੱਧ ਮੁਹਿਮ ਵਿਚ ਸੇਵਾ ਕਰਨ ਬਦਲੇ ਨਾਦਰ ਸ਼ਾਹ ਨੇ ਹਿਦਾਇਤਉਲਾ ਖਾਨ ਨੂੰ ਸ਼ਾਹ ਨਿਵਾਜ਼ ਖਾਨ ਦਾ ਉਪਨਾਮ ਦਿਤਾ ਸੀ। ਸ਼ਾਹ ਨਵਾਜ਼ ਖਾਨ ਦਲੇਰੀ ਤੇ ਅਕਲਮੰਦੀ ਵਿਚ ਸਭ ਤੋਂ ਬਾਜ਼ੀ ਲੈ ਗਿਆ ਸੀ। ਨਾਦਰ ਸ਼ਾਹ ਦੇ ਇਥੋਂ ਜਾਣ ਮਗਰੋਂ ਉਸਨੇ ਪੰਜਾਬ ਵਿਚ ਅਮਨ ਕਾਇਮ ਕਰਕੇ ਇਥੋਂ ਦੇ ਮਾਲੀਏ ਵਿਚ ਬਹੁਤ ਵਾਧਾ ਕਰਕੇ ਦਖਾਇਆ ਸੀ। ਜ਼ਕਰੀਆ ਖਾਨ ਆਪਣੇ ਪਿਛੇ ਜੋ ਵੱਡੀ ਸਾਰੀ ਜਾਇਦਾਦ ਛੱਡ ਗਿਆ ਉਸ ਵਿਚੋਂ ਸ਼ਾਹ ਨਿਵਾਜ਼ ਖਾਨ ਨੇ ਆਪਣੇ ਵੱਡੇ ਭਾਈ ਯਾਹੀਆ ਖਾਨ ਨੂੰ ਹਿੱਸਾ ਦੇਣ ਤੋਂ ਨਾਂਹ ਕਰ ਦਿਤੀ।

## ਸ਼ਾਹ ਨਿਵਾਜ਼ ਦਾ ਫ਼ੌਜ ਲੈ ਕੇ ਲਾਹੌਰ ਵਲ ਕੂਚ

ਸ਼ਾਹ ਨਿਵਾਜ਼ ਖਾਨ ਨੇ ਜੋ ਉਸ ਸਮੇਂ ਮੁਲਤਾਨ ਦਾ ਗਵਰਨਰ ਸੀ ਬੜੀ ਵੱਡੀ ਫ਼ੌਜ ਲੇ ਕੇ ਲਾਹੌਰ ਵਲ ਕੂਚ ਬੋਲ ਦਿਤਾ। ਲਾਹੌਰ ਦੇ ਪਾਸ ਪੁਜ ਕੇ ਉਸ ਨੇ ਸ਼ਾਲਾਮਾਰ ਬਾਗ ਪਾਸ ਉਸ ਥਾਂ ਤੇ ਆਣ ਕੈਂਪ ਲਾਇਆ ਜਿਥੇ ਹੁਣ ਉਸ ਦੇ ਪਿਤਾ ਦੀ ਕਬਰ ਹੈ। ਦੀਵਾਨ ਸੂਰਤ ਸਿੰਘ ਦੀ ਮਾਰਫਤ ਗਲ ਬਾਤ ਸ਼ੁਰੂ ਹੋਈ। ਈਦ ਵਾਲੇ ਦਿਨ ਦੋਵੇਂ ਨਮਾਜ਼ ਲਈ ਈਦ ਗਾਹ ਵਿਚ ਪਹੁੰਚੇ। ਨਮਾਜ਼ ਹੋ ਚੁਕਣ ਮਗਰੋਂ ਦੋਵਾਂ ਵਿਚਾਲੇ ਤਕਰਾਰ ਸ਼ੁਰੂ ਹੋ ਗਈ।

## ਯਹੀਆ ਖਾਨ ਦੀ ਹਾਰ ਤੇ ਕੈਦ

ਤੂੰ ਤੂੰ ਮੈਂ ਮੈਂ ਮਗਰੋਂ ਹਥੋ ਪਾਈ ਸ਼ੁਰੂ ਹੋ ਗਈ। ਇਸ ਝਗੜੇ ਵਿਚ ਯਾਹੀਆ ਖਾਨ ਦੇ ਕਈ ਪਿਛਲਗ ਮਾਰੇ ਗਏ। ਸ਼ਾਹ ਨਵਾਜ਼ ਨੇ ਯਾਹੀਆ ਖਾਨ ਨੂੰ ਕੈਦ ਕਰ ਲਿਆ ਅਤੇ ਫੇਰ ਲਾਹੌਰ ਵਿਚ ਪੁਜ ਕੇ ਆਪਣੇ ਮ੍ਰਿਤ ਪਿਤਾ ਦੀ ਸਾਰੀ ਜਾਇਦਾਦ ਉਤੇ ਵੀ ਕਬਜ਼ਾ ਕਰ ਲਿਆ। ਨ ਕੇਵਲ ਉਹ ਸਗੋਂ ਉਸ ਨੇ ਸ਼ਾਹੀ ਗੌਰਮਿੰਟ ਦੇ ਹੁਕਮ ਦੀ ਉਡੀਕ ਕੀਤੇ ਬਿਨਾਂ ਹੀ ਆਪਣੇ ਆਪ ਨੂੰ ਲਾਹੌਰ ਦਾ ਵਾਇਸਰਾਏ ਹੋਣ ਦਾ ਐਲਾਨ ਕਰ ਦਿਤਾ। ਉਸ ਸਮੇਂ ਦਿਲੀ ਦੀ ਸ਼ਾਹੀ ਗੌਰਮਿੰਟ ਅਸਲ ਵਿਚ ਐਨੀ ਕਮਜ਼ੋਰ ਸੀ ਕਿ ਉਹ ਇਸ ਮਾਮਲੇ ਵਿਚ ਦਖਲ ਦੇ ਹੀ ਨਹੀਂ ਸੀ ਸਕਦੀ। ਸ਼ਾਹ ਨਵਾਜ਼ ਖਾਨ ਨੇ ਨ ਕੇਵਲ ਯਾਹੀਆ ਖਾਨ ਨੂੰ ਹੀ ਨਹੀਂ ਸਗੋਂ ਉਸ ਦੇ ਸਭ ਵਡੇ ਵੱਡੇ ਕਰਮਚਾਰੀਆਂ ਨੂੰ ਹਥ ਕੜੀਆਂ ਲਵਾ ਦਿਤੀਆਂ। ਇਹਨਾਂ ਵਿਚ ਪੁਰਾਣਾ ਦੀਵਾਨ ਲਖਪਤ ਰਾਏ ਭੀ ਸ਼ਾਮਲ ਸੀ।

## ਸ਼ਾਹ ਨਵਾਜ਼ ਖਾਨ ਦਾ ਲਾਹੌਰ ਦੀ ਗਵਰਨਰੀ ਉਤੇ ਅਧਿਕਾਰ

ਸ਼ਾਹ ਨਵਾਜ਼ ਖਾਨ ਨੇ ਲਾਹੌਰ ਦੀ ਗਵਰਨਰੀ ਉਤੇ ਅਧਿਕਾਰ ਜਮਾ ਕੇ ਆਪਣੀ ਮੁਹਰਵਿਚੋਂ فدوی جان نثار احمد شاہ ਅਰਥਾਤ ਮੁਹੰਮਦ ਸ਼ਾਹ ਦਾ ਜਾਂਨਿਸਾਰ ਸੇਵਕ ਦੇ ਸ਼ਬਦ ਬਾਹਰ ਕਢ ਦਿਤੇ ਅਤੇ ਉਹਨਾਂ ਦੀ ਥਾਂ ਇਹ ਇਕ ਕਲਾਮ ਉਕਰ ਲਿਆ।

"ਐ ਖ਼ੁਦਾ ! ਤੂੰ ਮੇਰੇ ਦਿਲੀ ਵਿਚਾਰਾਂ ਦਾ ਗੁਵਾਹ ਹੈਂ ਕਿਉਂਕਿ ਮੇਰਾ ਮਨ ਨੇਕ ਹੈ ਇਸ ਲਈ ਮੈਨੂੰ ਨੇਕੀ ਦੀ ਦਾਤ ਬਖਸ਼" ਪੁਰਾਣੀ ਮੁਹਰ ਦੇ ਹਾਸ਼ੀਏ ਉਪਰ ਸ਼ਹਿਨ ਸ਼ਾਹ ਦੇ ਵਡੇਰਿਆਂ ਦੇ ਨਾਮ ਤੈਮੂਰ ਤੋਂ ਸ਼ੁਰੂ ਹੋ ਕੇ ਦਰਜ ਸਨ ਨਵੀਂ ਮੁਹਰ ਵਿਚ ਉਸ ਨੇ ੧੨ ਅਮਾਮਾਂ ਦੇ ਨਾਮ ਉਕਰੇ ਅਤੇ ਸੁੰਨੀ ਦੀ ਥਾਂ ਤੇ ਸ਼ਈਆ ਧਰਮ ਧਾਰਨ ਕਰ ਲਿਆ !

## ਕੌੜਾ ਮਲ ਨੂੰ ਮਹਾਂ ਮੰਤਰੀ ਥਾਪਿਆ

ਨਵੇਂ ਗਵਰਨਰ ਨੇ ਆਪਣੇ ਦੀਵਾਨ* ਕੌੜਾ ਮਲ ਨੂੰ ਆਪਣਾ ਪ੍ਰਧਾਨ ਮੰਤਰੀ ਥਾਪਿਆ। ਦੀਵਾਨ ਨੂੰ ਮੁਲਤਾਨੋਂ ਸਦ ਕੇ ਵਜ਼ਾਰਤ ਦਾ ਕਲਮ ਦਾਨ ਉਹਦੇ ਸਪੁਰਦ ਕੀਤਾ।

## ਜਾਲੰਧਰ ਦੁਆਬੇ ਦਾ ਇਨਚਾਰਜ ਅਦੀਨਾ ਬੇਗ

ਉਸ ਨੇ ਅਦੀਨਾ ਬੇਗ ਖਾਨ () ਨੂੰ ਜਾਲੰਧਰ ਦੁਆਬੇ ਦਾ ਗਵਰਨਰ

---

**ਪਿਛਲੇ ਸਫੇ ਦੇ ਦੂਜੇ ਕਾਲਮ ਦੀ ਬਾਕੀ**

ਸਿੰਘ, ਭਾਈ ਸ਼ਾਹਬਾਜ਼ ਸਿੰਘ, ਸੁਬੇਗ ਸਿੰਘ ਅਦਿਕ ਹਜ਼ਾਰਾਂ ਨਹੀਂ ਲਖਾਂ ਸ਼ਹੀਦ ਸਿੰਘਾਂ ਦੀ ਸ਼ਹੀਦੀ ਦਸਦੀ ਹੈ ਕਿ ਉਹਨਾਂ ਸਭ ਸ਼ਹੀਦਾਂ ਨੇ ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾਈ ਸੀ। ਅਸਲ ਵਿਚ ਗਲ ਇਹ ਸੀ ਕਿ ਬਹੁਤ ਸਾਰੇ ਉਹ ਹਿੰਦੂ ਤੇ ਮੁਸਲਮਾਨ ਜਿਨਾਂ ਦੇ ਸਿਰ ਤੇ ਕੇਸ ਸਨ ਯਾ ਜਿਨਾਂ ਦੀਆਂ ਦਾੜੀਆਂ ਲੰਮੀਆਂ ਸਨ ਉਹ ਸਿਖ ਹੋਣ ਦੇ ਸ਼ਕ ਵਿਚ ਹੀ ਇਨਾਮ ਦੇ ਲਾਲਚੀ ਮੁਸਲਮਾਨਾਂ ਹਥੋਂ ਕਤਲ ਹੋ ਗਏ। ਇਸ ਲਈ ਬਹੁਤ ਸਾਰੇ ਹਿੰਦੂਆਂ ਤੇ ਮੁਸਲਮਾਨਾਂ ਨੇ ਲੰਮੇ ਕੇਸ ਤੇ ਦਾੜੀਆਂ ਕਟਵਾ ਦਿਤੀਆਂ ਤੇ ਮੁਸਲਮਾਨ ਹਾਕਮਾਂ ਨੇ ਇਹਨਾਂ ਦੀ ਕਰਤੂਤ ਨੂੰ ਸਿਖਾਂ ਦੇ ਮਥੇ ਮੜ੍ਹਕੇ ਬਦਨਾਮ ਕਰਨ ਦਾ ਸਾਧਨ ਬਣਾ ਲਿਆ। ਇਹ ਉਕਾਈ ਵੀ ਉਸ ਨੂੰ ਸਰਕਾਰੀ ਪ੍ਰਾਪੇਗੰਡੇ ਦੇ ਅਸਰ ਹੇਠ ਹੀ ਹੋਈ ਜਾਪਦੀ ਹੈ। ਜੋ ਸਿਖ ਇਹ ਕਰ ਸਕਦੇ ਹਨ ਉਹਨਾਂ ਨੂੰ ਹਜ਼ਾਰਾਂ ਤੇ ਲਖਾਂ ਦੀ ਗਿਣਤੀ ਵਿਚ ਸ਼ਹੀ- ਦੀਆਂ ਪਾਉਣ ਦੀ ਲੋੜ ਨ ਰਹਿੰਦੀ। ਲੇਖਕ ਦਾ ਅਗਲਾ ਫਿਕਰਾ ਵੀ ਇਸ ਗਲ ਨੂੰ ਸਪਸ਼ਟ ਕਰਦਾ ਹੈ। ਮੁਗਲ ਹਾਕਮ ਤੇ ਇਸ ਟੋਹ ਵਿਚ ਸਨ ਕਿ ਕੋਈ ਸਿਖ ਇਹ ਕਰਤੂਤ ਕਰੇ ਤਦ ਉਹ ਸਿਖਾਂ ਨੂੰ ਬਦਨਾਮ ਕਰਨ ਪਰ ਉਹਨਾਂ ਨੂੰ ਕੋਈ ਇਕ ਸਿਖ ਵੀ ਇਹੋ ਜਿਹਾ ਨਾ ਮਿਲ ਸਕਿਆ ਜਿਸ ਨੇ ਕੇਸ ਦਾੜੀ ਨੂੰ ਕਤਲ ਕਰਾਉਣਾ ਪਰਵਾਨ ਕੀਤਾ ਹੋਵੇ। ਲਖਪਤ ਨੇ ਜਿਹੜੇ ਇਕ ਹਜ਼ਾਰ ਸਿਖ ਲਿਆ ਕੇ ਨਖਾਸ ਕਤਲ ਕੀਤੇ ਉਹਨਾਂ ਹਜ਼ਾਰ ਸਿਖਾਂ ਵਿਚ ਵੀ ਕਿਸੇ ਨੇ ਇਹ ਗਲ ਨ ਮੰਨੀ, ਹਾਲਾਂਕਿ ਮੌਤ ਉਹਨਾਂ ਨੂੰ ਸਾਹਮਣੇ ਨਜ਼ਰ ਆ ਰਹੀ ਸੀ। ਮੁਸਲਮਾਨ ਹਾਕਮ ਸਿਖਾਂ ਦੇ ਸਿਰਾਂ ਦੇ ਮੁਨਾਰੇ ਉਸਾਰ ਕੇ ਵੀ ਇਹ ਗਲ ਨਾਂ ਕਰਾ ਸਕੇ—ਉਲਥਾਕਾਰ

---

*ਕੌੜਾ ਮਲ ਪਹਿਲੇ ਇਕ ਬਾਣੀਆ ਸੀ ਜੋ ਬੜੀ ਮੁਸ਼ਕਲ ਨਾਲ ਗੁਜ਼ਾਰਾ ਕਰਦਾ ਸੀ ਪਰ ਹੁਣ ਉਹਦੇ ਪਾਸ ਬੜਾ ਧਨ ਇਕਠਾ ਹੋ ਗਿਆ। ਉਹ ਹੁਣ ਐਨਾ ਮਾਲਦਾਰ ਹੋ ਗਿਆ ਕਿ ਉਸ ਨੂੰ ਨਗਾਰਾ ਤੇ ਝੰਡਾ ਰਖਣ ਦਾ ਅਧਿਕਾਰ ਪ੍ਰਾਪਤ ਸੀ। ਉਸ ਸਮੇਂ ਉਹ ਮੁਲਤਾਨ ਦਾ ਗਵਰਨਰ ਸੀ। ਮੁਹੰਮਦ ਅਸਲਾਮ ਦਾ ਫਰਗਾਤੂਨ ਨਜ਼ੀਰਨ।

()ਅਦੀਨਾ ਬੇਗਖਾਨ ਦਾ ਨਾਮ ਇਹਨਾਂ ਪੰਨਿਆਂ ਵਿਚ ਵਾਰ ਵਾਰ ਆਏਗਾ। ਉਹ ਸ਼ਰਕ ਪੁਰ ਤਸੀਲ ਲਾਹੌਰ ਦੇ ਅਥਾਮ ਚਨੂੰ ਦਾ ਪੁਤਰ ਸੀ। ਉਸ ਦੀ ਸਿਖਿਆ ਇਕ ਮੁਗਲ ਪਰਿਵਾਰ ਵਿਚ ਹੋਈ ਅਤੇ ਕੁਛ ਚਿਰ ਬਜਵਾੜਾ ਜ਼ਿਲਾ ਹੁਸ਼ਿਆਰਪੁਰ ਵਿਚ ਰਹਿਣ ਮਗਰੋਂ ਉਹ ਅਲ੍ਹਾਬਾਦ ਚਲਾ ਗਿਆ, ਜਿਥੇ ਉਸ ਨੇ ਸਾਧਾਰਨ ਫੌਜੀ ਸਿਪਾਹੀ ਵਾਂਗ ਨੌਕਰੀ ਕਰ ਲਈ। ਉਸ ਨੇ ਮਾਲੀਏ ਸੰਬੰਧੀ ਸਿਖਿਆ ਜਾਰੀ ਰਖੀ। ਮਾਲੀਆਜ ਸੰਬੰਧੀ ਉਸ ਦੀ ਯੋਗਤਾ ਨੇ ਉਸ ਨੂੰ ਫੌਜੀ ਸੇਵਾ ਛਡ ਕੇ ਪੰਜਾਬ ਵਾਪਸ ਮੁੜ ਆਉਣ ਲਈ ਮਜਬੂਰ ਕੀਤਾ: ਪੰਜਾਬ ਵਿਚ ਉਸ ਨੂੰ ਕੁਲੈਕਟਰ (ਇਹ ਪਦਵੀ ਅਜ ਕਲ ਦੇ ਪਟਵਾਰੀ ਦੇ ਬਰਾਬਰ ਹੁੰਦੀ ਸੀ) ਦੀ ਪਦਵੀ ਮਿਲੀ ਤੇ ਉਹ ਲੁਧਿਆਣੇ ਜ਼ਿਲੇ ਦੇ ਪਿੰਡ ਕਣਕ ਵਿਚ ਨੀਯਤ ਕੀਤਾ ਗਿਆ। ਮਾਲ ਗੁਜ਼ਾਰੀ ਦੇ ਮਾਮਲੇ ਵਿਚ ਉਸ ਨੇ ਜਿਸ ਯੋਗਤਾ ਦਾ ਸਬੂਤ ਦਿਤਾ ! ਉਸ ਦੇ ਕਾਰਨ ਉਸ ਨੂੰ ਸੁਲਤਾਨ ਪੁਰ ਦੀ ਗਵਰਨਰੀ ਮਿਲ ਗਈ ਜੋ ਕਿ ਪੰਜਾਬ ਦੇ ਵਾਇਸਰਾਏ ਦੇ ਮਾਤਹਿਤ ਇਕ ਉਚਾ ਅਹੁਦਾ ਸੀ। ਨਾਦਰ ਸ਼ਾਹ ਦੇ ਹਮਲੇ ਦੇ ਸਮੇਂ ਉਹ ਏਸੇ ਪਦਵੀ ਉਤੇ ਕੰਮ ਕਰ ਰਿਆ ਸੀ—ਅਹਿਵਾਲਿ ਅਦੀਨਾ ਬੇਗ ਖਾਨ।

Sri Satguru Jagjit Singh Ji eLibrary NamdhariElibrary@gmail.com

ਹੀ ਰਹਿਣ ਦਿਤਾ ਜੋ ਉਸ ਦੇ ਪਿਤਾ ਖਾਨ ਬਹਾਦਰ ਦੇ ਸਮੇਂ ਤ੍ਰਕੀ ਕਰ ਕੇ ਇਸ ਪਦਵੀ ਤੀਕ ਪੁਜਾ ਸੀ ਅਤੇ ਜਿਸ ਨੇ ਦੇਸ ਦੇ ਉਸ ਭਾਗ ਦਾ ਰਾਜ ਪ੍ਰਬੰਧ ਬੜੇ ਕਰੜੇ ਹਥਾਂ ਅਤੇ ਯੋਗਤਾ ਨਾਲ ਕੀਤਾ ਸੀ।

ਉਸ ਨੇ ਦੇਸ ਦੇ ਮਾਲੀਏ ਦਾ ਚੰਗਾ ਪ੍ਰਬੰਧ ਕੀਤਾ ਅਤੇ ਆਪਣੇ ਪਿਤਾ ਦੇ ਕਰਮਚਾਰੀਆਂ ਪਾਸੋਂ ਵਡੀਆਂ ਵਡੀਆਂ ਰਕਮਾਂ ਵਸੂਲ ਕੀਤੀਆਂ। ਦਿਲੀ ਦੇ ਵਜ਼ੀਰ ਨਵਾਬ ਕਮਰ ਉਦ ਦੀਨ ਨੇ ਧਮਕੀਆਂ ਤੇ ਨਰਮੀ ਰਾਹੀਂ ਸ਼ਾਹ ਨਵਾਬ ਨੂੰ ਆਪਣੇ ਭਾਈ ਯਾਹੀਆਂ ਖਾਨ ਦੀ ਰਿਹਾਈ ਲਈ ਜ਼ੋਰ ਪਾਇਆ ਪਰ ਉਸ ਦੀ ਕੋਈ ਪੇਸ਼ ਨਾ ਗਈ। ਇਸ ਦੇ ਥੋੜਾ ਸਮਾ ਮਗਰੋਂ ਯਾਹੀਆ ਖਾਨ ਕਿਸੇ ਨਾ ਕਿਸੇ ਢੰਗ ਨਾਲ ਕੈਦ ਵਿਚੋਂ ਨਿਕਲ ਗਿਆ ਇਸ ਕੰਮ ਵਿਚ ਉਸ ਦੀ ਭੂਆ ਤੇ ਹਰਮ ਦੀਆਂ ਦੂਜੀਆਂ ਬੇਗਮਾਂ ਨੇ ਬੜੀ ਸਹਾਇਤਾ ਕੀਤੀ!

## ਯਾਹੀਆ ਖਾਨ ਬਚ ਕੇ ਦਿਲੀ ਪੁਜਾ

ਯਾਹੀਆ ਖਾਨ ਨੂੰ ਇਕ ਟੋਕਰੇ ਵਿਚ ਬੰਦ ਕਰਕੇ ਉਪਰੋਂ ਕਪੜੇ ਨਾਲ ਢਕ ਦਿਤਾ ਤੇ ਉਸ ਨੂੰ ਇਕ ਵਡੇ ਸਾਰੇ ਥਾਲ ਵਿਚ ਰਖਕੇ ਇਕ ਨੌਕਰ ਦੇ ਸਿਰ ਤੇ ਬਾਹਰ ਭੇਜ ਦਿਤਾ ਗਿਆ। ਇਸ ਤਰ੍ਹਾਂ ਕੈਦ ਵਿਚੋਂ ਖਲਾਸੀ ਪਾਕੇ ਯਾਹੀਆ ਖਾਨ ਕਸੂਰ ਦੇ ਤਾਕਤਵਰ ਪਠਾਨ ਅਹਿਮਦ ਯਾਰ ਖਾਨ ਦੀ ਸਹਾਇਤਾ ਨਾਲ ਦਿੱਲੀ ਜਾ ਪਹੁੰਚਾ। ਸ਼ਾਹ ਨਵਾਜ਼ ਖਾਨ ਨੂੰ ਜਦ ਇਸ ਫਰੇਬ ਦਾ ਪਤਾ ਲਗਾ ਤਦ ਉਸ ਨੇ ਉਹਨਾਂ ਸਭ ਲੋਕਾਂ ਨੂੰ ਸਜ਼ਾ ਦਿਤੀ ਜੋ ਉਸ ਸਾਜ਼ਸ਼ ਵਿਚ ਭਾਈਵਾਲ ਸਨ। ਉਸ ਨੇ ਜਦ ਆਪਣਾ ਗੁੱਸਾ ਆਪਣੀ ਭੂਆ ਉਤੇ ਕਢਿਆ ਤਦ ਉਸ ਬ੍ਰਿਧ ਤੀਵੀਂ ਨੇ ਸਨੇਹ ਪੂਰਬਕ ਆਖਿਆ—"ਬਰਖੁਰਦਾਰ ਜੇ ਖੁਦਾ ਨ ਕਰੇ ਯਾਹੀਆ ਖਾਨ ਦੀ ਥਾਂ ਤੂੰ ਭੀ ਕੈਦ ਵਿਚ ਹੁੰਦਾ ਤਦ ਮੈਂ ਤੈਨੂੰ ਵੀ ਰਿਹਾ ਕਰਾਉਣ ਲਈ ਇਉਂ ਹੀ ਜਤਨ ਕਰਦੀ। ਕਿਉਂਕਿ ਮਾਪਿਆਂ ਦੇ ਦਿਲ ਔਲਾਦ ਨੂੰ ਬਿਪਤਾ ਵਿਚ ਵੇਖ ਕੇ ਜਰ ਨਹੀਂ ਸਕਦੇ। ਹੁਣ ਮੈਂ ਤੇਰੇ ਵਸ ਵਿਚ ਹਾਂ ਜਿਵੇਂ ਤੇਰਾ ਜੀ ਚਾਹੇ ਮੇਰੇ ਨਾਲ ਸਲੂਕ ਕਰ" ਉਸ ਨੇਕ ਤੀਵੀਂ ਦੇ ਸਨੇਹ ਪੂਰਤ ਨੇਕ ਵਿਚਾਰਾਂ ਦਾ ਸ਼ਾਹ ਨਿਵਾਜ਼ ਉਤੇ ਬੜਾ ਚੰਗਾ ਅਸਰ ਹੋਇਆ ਅਤੇ ਉਸ ਨੇ ਬ੍ਰਿਧ ਤੀਵੀਂ ਨੂੰ ਕੋਈ ਸਜ਼ਾ ਨ ਦਿਤੀ। ਯਾਹੀਆ ਖਾਨ ਦਿਲੀ ਪੁਜ ਕੇ ਸ਼ਹਿਨਸ਼ਾਹ ਦੇ ਹਜ਼ੂਰ ਪੇਸ਼ ਹੋਇਆ ਅਤੇ ਆਪਣੀਆਂ ਸ਼ਕਾਇਤਾਂ ਆਪਣੇ ਚਾਚੇ ਕਮਰ ਉਦ ਦੀਨ ਦੀ ਮਾਰਫਤ ਸਹਿਨਸ਼ਾਹ ਨੂੰ ਪੇਸ਼ ਕਰ ਦਿਤੀਆਂ।

## ਸ਼ਾਹ ਨਵਾਜ਼ ਖਾਨ ਦਾ ਅਹਿਮਦ ਸ਼ਾਹ ਅਬਦਾਲੀ ਨਾਲ ਖੁਫੀਆ ਖਤ ਪਤਰ

ਆਪਣੀਆਂ ਕਰਤੂਤਾਂ ਅਤੇ ਰਾਜਧਾਨੀ ਵਿਚ ਆਪਣੇ ਸਤਾਏ ਹੋਏ ਭਾਈ ਦੀ ਹੋਂਦ ਨੂੰ ਮੁਖ ਰਖਕੇ ਤੇ ਇਹਨਾਂ ਦੇ ਨਤੀਜੇ ਤੋਂ ਡਰਦੇ ਮਾਰੇ ਸ਼ਾਹ ਨਵਾਜ਼ ਖਾਨ ਨੇ ਅਹਿਮਦ ਸ਼ਾਹ ਅਬਦਾਲੀ ਨਾਲ ਖੁਫੀਆ ਖਤ ਪਤਰ ਆਰੰਭ ਦਿਤਾ ਜੋ ਜੂਨ ੧੭੪੭ ਵਿਚ ਨਾਦਰ ਸ਼ਾਹ ਦੇ ਕਤਲ ਹੋ ਜਾਣ ਮਗਰੋਂ ਅਫਗਾਨਿਸਤਾਨ ਦਾ ਮਾਲਕ ਬਣ ਬੈਠਾ ਸੀ।

## ਅਹਿਮਦ ਸ਼ਾਹ ਅਬਦਾਲੀ ਦਾ ਮੁਢਲਾ ਇਤਿਹਾਸ

ਅਹਿਮਦ ਖਾਨ (ਪਿਛੋਂ ਅਹਿਮਦ ਸ਼ਾਹ) ਪੁਤਰ ਜ਼ਮਾਨ ਖਾਨ ਤੇ ਪੋਤਾ ਦੌਲਤ ਖਾਨ ਅਬਦਾਲੀਆਂ ਦੇ ਸਦੋਜ਼ਈ ਕਬੀਲੇ ਨਾਲ ਸੰਬੰਧ ਰਖਦਾ ਸੀ। ਉਹਦਾ ਪਰਿਵਾਰ ਪਹਿਲੇ ਮੁਲਤਾਨ ਵਿਚ ਵਸਦਾ ਸੀ ਪਰ ਉਸਦੇ ਵਡੇਰੇ ਹਾਜਤ ਸੁਲਤਾਨ ਦਾ ਪੁਤਰ ਅਬਦੁਲਾ ਖਾਨ ੧੯੨੯ ਹਿਜਰੀ ਵਿਚ ਹਰਾਤ ਦੇ ਨੇੜੇ ਜਾ ਵਸਿਆ ਜਿਥੇ ਉਹ ਅਬਦਾਲੀਆਂ ਦਾ ਸਰਦਾਰ ਬਣ ਗਿਆ। ਅਬਦਾਲੀ ਕੌਮ ਦੇ ਲੋਕ ਉਦੋਂ ਹਰਾਤ ਦੇ ਆਸ ਪਾਸ ਦੀਆਂ ਪਹਾੜੀਆਂ ਵਿਚ ਵਸਦੇ ਸਨ। ਸਦੋਜ਼ਈ ਉਸ ਇਲਾਕੇ ਵਿਚ ਧਾਰਮਕ ਤੌਰ ਉਤੇ ਬਹੁਤ ਸਤਕਾਰੇ ਜਾਂਦੇ ਸਨ। ਇਸ ਗਲ ਨੇ ਅਤੇ ਨੌਜਵਾਨ ਅਬਦੁਲਾ ਦੀਆਂ ਸਰਗਰਮੀਆਂ ਤੇ ਉਸ ਦੀ ਦਰਿਆਦਿਲੀ ਨੇ ਉਸ ਨੂੰ ਉਨਤੀ ਤੇ ਸਿਧੇ ਰਾਹ ਪਾ ਦਿਤਾ। ਉਸ ਦੀ ਤਾਜ ਤਖਤ ਦੀ ਹਵਸ ਨੂੰ ਵੇਖ ਕੇ ਸ਼ਾਹ ਹੁਸੈਨੀ ਸਫਰੀ ਸ਼ਾਹ ਈਰਾਨ ਦੇ ਗਵਰਨਰ ਹਰਾਤ ਅਬਾਸ ਕੁਲੀ ਖਾਨ ਸ਼ਾਮਲੂ ਨੇ ਉਸ ਨੂੰ ਕੈਦ ਵਿਚ ਪਾ ਦਿਤਾ। ਜਦੋਂ ਕਜ਼ਲ ਬਾਸ਼ੀਆਂ ਨੇ ਹਰਾਤ ਵਿਚੋਂ ਅਬਾਸ ਨੂੰ ਬਾਹਰ ਕਢ ਦਿਤਾ ਤਦ ਮੌਕਾ ਤਾੜਕੇ ਅਬਦੁਲਾ ਵੀ ਕੈਦ ਵਿਚੋਂ ਬਚ ਨਿਕਲਿਆ ਕੈਦ ਵਿਚੋਂ ਰਿਹਾ ਹੋ ਕੇ ਉਸ ਨੇ ਆਪਣੀ ਕੌਮ ਦੇ ਲੋਕਾਂ ਨੂੰ ਇਕਤਰ ਕੀਤਾ ਅਤੇ ਉਹਨਾਂ ਦੀ ਸਹਾਇਤਾ ਨਾਲ ਉਸ ਨੇ ਜਾਫਰ ਖਾਨ ਨੂੰ ਕੈਦ ਕਰ ਲਿਆ ਜੋ ਹਰਾਤ ਦਾ ਗਵਰਨਰ ਬਣ ਬੈਠਾ ਸੀ। ਅਬਦੁਲਾ ਨੇ ਹਰਾਤ ਅਤੇ ਉਸ ਦੇ ਮਾਤਹਿਤ ਜਿਨ੍ਹਾਂ ਅਲਾਕਾ ਸੀ ਉਸ ਨੂੰ ਆਪਣੇ ਅਧਿਕਾਰ ਵਿਚ ਕਰ ਲਿਆ। ਜਦ ਨਾਦਰ ਸ਼ਾਹ ਨੇ ਰਾਜ ਗਦੀ ਉਤੇ ਬੈਠ ਕੇ ਹਰਾਤ ਨੂੰ ਆਪਣਾ ਬਾਜਗੁਜ਼ਾਰ ਬਣਾਇਆ ਤਦ ਉਸਨੇ ਡਿਠਾ ਕਿ ਜ਼ੁਲ ਫਿਕਾਰ ਖਾਨ ਅਬਦਾਲੀ ਅਤੇ ਉਸ ਦੇ ਭਾਈ ਅਹਿਮਦ ਖਾਨ (ਜੋ ਪਿਛੋਂ ਅਹਿਮਦਸ਼ਾਹ ਦੇ ਨਾਮ ਨਾਲ ਪ੍ਰਸਿਧ ਹੋਇਆ) ਗਿਲਜ਼ਈਆਂ ਦੀ ਕੈਦ ਵਿਚ ਸਨ! ਇਹਨਾਂ ਭਾਈਆਂ ਨੂੰ ਰਿਹਾ ਕਰਨ ਮਗਰੋਂ ਉਸ ਨੇ ਉਹਨਾਂ ਨੂੰ ਮਾਣ ਤੇ ਵਡਿਆਈ ਦਿਤੀ ਅਤੇ ਉਹਨਾਂ ਨੂੰ ਸ਼ਾਤਮਈ ਜੀਵਨ* ਦੇ ਬਤੀਤ ਕਰਨ ਲਈ ਮਜਿੰਦਰਾਨ ਭੇਜ ਦਿਤਾ ਪਰ ਉਹਨਾਂ ਉਤੇ ਨਿਗਰਾਨੀ ਫੇਰ ਵੀ ਕਾਇਮ ਰਖੀ।

## ਨਾਦਰ ਸ਼ਾਹ ਨਾਲ ਹਿੰਦ ਆਉਣਾ

ਨਾਦਰ ਸ਼ਾਹ ਦੇ ਦਿਲ ਵਿਚ ਅਹਿਮਦ ਖਾਨ ਲਈ ਬੜਾ ਸਤਕਾਰ ਸੀ। ਹਿੰਦੁਸਤਾਨ ਵਿਰੁਧ ਮੁਹਿੰਮ ਸਮੇਂ ਉਹ ਉਸ ਨੂੰ ਆਪਣੇ ਨਾਲ ਹੀ ਹਿੰਦੁਸਤਾਨ ਲੈ ਗਿਆ। ਅਹਿਮਦ ਖਾਨ ਦੇ ਹਥ ਜਦੋਂ ਰਾਜ ਪ੍ਰਬੰਧ ਆਇਆ ਉਸ ਨੇ ਵਹਿਮਵਸ ਆਪਣੀ ਕੌਮ ਦਾ ਨਾਮ ਬਦਲ ਕੇ ਅਬਦਾਲੀ ਤੋਂ ਦੁੱਰਾਨੀ ਰਖ ਲਿਆ ਅਤੇ ਫੇਰ ਉਹ ਏਸੇ ਹੀ ਨਾਮ ਨਾਲ ਪ੍ਰਸਿਧ ਹੋ ਗਈ।

## ਉਸ ਦੀਆਂ ਜਿੱਤਾਂ

ਜੰਗ ਰਾਹੀਂ ਉਸ ਨੇ ਖਰਾਸਾਨ ਦਾ ਬਹੁਤ ਵੱਡਾ ਭਾਗ ਆਪਣੇ ਅਧੀਨ ਕਰ ਲਿਆ। ਫੇਰ ਉਹਨੇ ਕੰਧਾਰ ਦੇ ਨਾਲ ਲਗਦੇ ਇਲਾਕੇ ਵੀ ਆਪਣੇ ਕਬਜ਼ੇ ਵਿਚ ਕਰ ਲਏ। ਕੰਧਾਰ ਵਿਚ ੩੦ ਲਖ ਰੁਪਿਆ ਖਜ਼ਾਨੇ ਵਿਚ ਪੁਰਾਇਆ ਜਾ ਰਿਹਾ, ਉਹ ਵੀ ਉਸ ਦੇ ਕਾਬੂ ਆ ਗਿਆ।

---

*ਡੋ ਅਤੇ ਪ੍ਰਿੰਸਿਪ (Dow & Princep) ਦੇ ਇਸ ਬਿਆਨ ਦਾ ਕੋਈ ਆਧਾਰ ਨਹੀਂ ਜਾਪਦਾ ਕਿ ਦੁਰਾਨੀ ਬਾਦਸ਼ਾਹ ਅਸਲ ਵਿਚ ਨਾਦਰ ਸ਼ਾਹ ਦਾ ਗੁਰਜ ਬਰਦਾਰ ਸੀ। ਉਹ ਆਪਣੇ ਹੀ ਕਬੀਲੇ ਸਦੋਜ਼ਈ ਦਾ ਸਰਦਾਰ ਸੀ ਅਤੇ ਨਾਦਰ ਸ਼ਾਹ ਨੇ ਕੰਧਾਰ ਦੀ ਜਿਤ ਮਗਰੋਂ ਉਸ ਨੂੰ ਸ਼ਾਂਤੀ ਪੂਰਬਕ ਜੀਵਨ ਬਤੀਤ ਕਰਨ ਲਈ ਬੜੇ ਆਦਰ ਤੇ ਸਤਕਾਰ ਨਾਲ ਮਜਿੰਦਰ ਭੇਜ ਦਿਤਾ ਸੀ। ਉਸ ਦਾ ਮੰਤਵ ਇਹ ਸੀ ਕਿ ਇਸ ਦਲੇਰ ਨੌਜਵਾਨ ਨੂੰ ਆਪਣੇ ਤੋਂ ਦੂਰ ਹੀ ਰਖੇ। ਪਰ ਸਾਰੇ ਇਤਿਹਾਸਕਾਰ ਇਹ ਗਲ ਮੰਨਦੇ ਹਨ ਕਿ ਅਹਿਮਦ ਸ਼ਾਹ ਨਾਦਰ ਸ਼ਾਹ ਦੇ ਨਾਲ ਹਿੰਦੁਸਤਾਨ ਆਇਆ ਸੀ।

Sri Satguru Jagjit Singh Ji eLibrary NamdhariElibrary@gmail.com

## ਕੰਧਾਰ ਦੀ ਰਾਜ ਗਦੀ ਉਤੇ–੧੭੪੭

ਸੰਨ ੧੭੪੭ ਵਿਚ ੨੩ ਸਾਲ ਦੀ ਆਯੂ ਵਿਚ ਉਹ ਕੰਧਾਰ ਦੇ ਰਾਜ ਸਿੰਘਾਸਨ ਉਤੇ ਅਹਿਮਦ ਸ਼ਾਹ ਦੇ ਨਾਮ ਨਾਲ ਬੈਠਾ। ਇਸ ਕੰਮ ਵਿਚ ਉਸ ਨੂੰ ਦੁਰਾਨੀਆਂ ਕਜ਼ਲ ਵਾਸੀ ਬਲੋਚ ਅਤੇ ਹਜ਼ਾਰੇ ਦੇ ਸਰਦਾਰਾਂ* ਨੇ ਪੂਰਾ ਪੂਰਾ ਮਿਲਵਰਤਨ ਦਿਤਾ।

ਜਿਤੇ ਹੋਏ ਮਾਮਲਿਆਂ ਦੇ ਮਾਮਲੇ ਦਰੁਸਤ ਕਰਨ ਅਤੇ ਅਗੋਂ ਲਈ ਮੁਹਿੰਮਾਂ ਦਾ ਪਬੰਧ ਕਰਨ ਵਿਚ ਉਸ ਨੇ ਕੰਧਾਰ ਅੰਦਰ ਸਾਰੀਆਂ ਸਰਦੀਆਂ ਬਤਾਈਆਂ। ਇਸ ਦੇ ਮਗਰੋਂ ਉਹ ਸੰਨ ੧੭੪੮ ਦੀ ਬਸੰਤ ਰੁਤ ਵਿਚ ੧੨ ਹਜ਼ਾਰ ਦੁਰਾਨੀ ਜਵਾਨਾਂ ਦੀ ਫੌਜ ਨੂੰ ਨਾਲ ਲੈ ਕੇ ਕੰਧਾਰ ਤੋਂ ਰਵਾਨਾ ਹੋਇਆ।

*ਅਹਿਮਦ ਸ਼ਾਹ ਨੇ ਰਾਜ ਗੱਦੀ ਉਤੇ ਬੈਠ ਕੇ ਆਪਣੇ ਨਾਮ ਦੀ ਮਦਰਾ ਚਾਲੂ ਕੀਤੀ ਜਿਸ ਉਤੇ ਹੇਠ ਲਿਖੀ ਲਿਖਤ ਸੀ :—

حکمشاہ از قادر بیچون با حمد بادشاہ
سکہ زن برھیم وزیر از موج ھی تا بماہ

ਅਰਥਾਤ :—ਪਰਮਾਤਮਾ ਨੇ ਅਹਿਮਦ ਸ਼ਾਹ ਬਾਦਸ਼ਾਹ ਨੂੰ ਹੁਕਮ ਦਿਤਾ ਕਿ ਸਾਗਰ ਦੀ ਤਹਿ ਤੋਂ ਲੈ ਕੇ ਚੰਦ ਤੀਕ ਸੋਨੇ ਤੇ ਚਾਂਦੀ ਉਤੇ ਆਪਣੀ ਮੁਹਰ ਲਾਏ।

ਕਸ਼ਮੀਰ ਵਿਚ ਜਿਹੜੀ ਮਦਰਾ ਢਾਲੀ ਗਈ ਉਸ ਉਤੇ ਇਹ ਲਿਖਤ ਸੀ :—

سکہ بروزر بزد بفضل الہہ
شاہ عالم پناہ احمد شاہ

ਅਰਥਾਤ:—ਈਸ਼ਵਰ ਦੀ ਕਿਰਪਾ ਨਾਲ ਅਹਿਮਦ ਸ਼ਾਹ ਬਾਦਸ਼ਾਹ ਸੰਸਾਰ ਦੇ ਸਹਾਰ ਨੇ ਸੋਨੇ ਦੀ ਮੁਦਰਾ ਚਾਲੂ ਕੀਤੀ।

ਮਿ. ਰਾਜਰਸ ਦੇ ਕਥਨ ਅਨੁਸਾਰ ਉਸ ਨੇ ਲਾਹੌਰ ਵਿਚ ਜਿਹੜੀ ਮੁਦਰਾ ਚਲਾਈ ਉਸ ਉਤੇ ਦਰਜ ਸੀ—

در دران احمد شاہ بادشاہ
ضرب دادا سلطنت لاھور
جلوس میمنت مانوس احمد

ਅਰਥਾਤ—ਬਾਦਸ਼ਾਹ ਅਹਿਮਦ ਸ਼ਾਹ ਦੁੱਰਾਨੀ ਹੀਰੇ ਨੇ ਲਾਹੌਰ ਰਾਜਧਾਨੀ ਵਿਚ ਰਾਜ ਦੇ ਪਹਿਲੇ ਸਾਲ ਮੁਦਰਾ ਚਾਲੂ ਕੀਤੀ —ਜਰਨਲ ਬੰਗਾਲ ਏਸ਼ਿਆਟਕ ਸੁਸਾਇਟੀ।

ਉਸਦੀ ਮੁਹਰ ਮੋਰ ਦੀ ਸ਼ਕਲ ਦੀ ਸੀ ਜਿਸ ਤੇ ਇਹ ਲਿਖਤ ਦਰਜ ਸੀ—

الحکم للہہ یا فتاح— احمد شاہ در دران

ਇਸ਼ਵਰ ਦੇ ਹੁਕਮ ਨਾਲ ਜੋ ਵਡਾ ਬਖਸ਼ਣਹਾਰ ਹੈ, ਅਹਿਮਦ ਸ਼ਾਹ ਬਾਦਸ਼ਾਹ ਦੁਰਾਨੀਆਂ ਦਾ ਹੀਰਾ ਬਣ ਗਿਆ। ਅਹਿਮਦ ਸ਼ਾਹ ਦੇ ਦਿਲ ਵਿਚ ਸਾਬਰ ਸ਼ਾਹ ਲਾਹੌਰ ਲਈ ਬੜੀ ਸ਼ਰਧਾ ਸੀ ਤੇ ਉਹ ਉਸ ਨੂੰ ਆਤਮਕ ਆਗੂ ਮੰਨਦਾ ਸੀ। ਕਈ ਵਾਰ ਉਹ ਨੱਸਾ। ਉਹ ਬਾਦਸ਼ਾਹ ਦੇ ਤਖਤ ਪਾਸ ਲੇਟਿਆ ਰਹਿੰਦਾ ਤੇ ਬਾਦਸ਼ਾਹ ਦੇ ਕੰਨ ਨੂੰ ਮਲਦਾ ਰਹਿੰਦਾ। ਇਸ ਤੇ ਹੀ ਬਾਦਸ਼ਾਹ ਉਸ ਨੂੰ ਕੁਛ ਨਹੀਂ ਸੀ ਆਖਦਾ ਕਿਹਾ ਜਾਂਦਾ ਹੈ ਕਿ ਨਾਦਰ ਸ਼ਾਹ ਦੀ ਮੌਤ ਉਪਰ ਫਕੀਰ ਨੇ ਅਹਿਮਦ ਸ਼ਾਹ ਦੇ ਸਿਰ ਉਤੇ ਘਾਹ ਦਾ ਤਾਜ ਰਖ ਕੇ ਉਸ ਨੂੰ ਬਾਦਸ਼ਾਹ ਵਾਂਗ ਸਲਾਮ ਕੀਤਾ—ਮੈਮਾਇਰਜ਼ ਆਫ ਅਬਦੁਲ ਕਰੀਮ ਉਲਵੀ।

ਨਾਦਰ ਸ਼ਾਹ ਦੀ ਔਲਾਦ ਲਈ ਬਾਦਸ਼ਾਹ ਦੇ ਦਿਲ ਵਿਚ ਬੜੀ ਇਜ਼ਤ ਸੀ। ਇਉਂ ਉਸ ਨੇ ਰਜ਼ਾਕੁਲ ਦੇ ਪੁਤ੍ਰ ਸ਼ਾਹ ਰੁਖ ਮਿਰਜਾ ਅਤੇ ਸ਼ਾਹ ਹੁਸੈਨ ਸਫਵੀ ਦੀ ਬੇਟੀ ਫਾਤਮਾ ਸੁਲਤਾਨ ਬੇਗਮ ਦੇ ਪੇਟੋਂ ਨਾਦਰ ਸ਼ਾਹ ਦੇ ਪੋਤੇ ਨੂੰ ਮਸ਼ਹਦ ਦੀ ਸਰਕਾਰ ਸਪੁਰਦ ਕਰ ਰਖੀ ਸੀ ਅਤੇ ਆਪਣੇ ਬੇਟੇ ਤੈਮੂਰ ਸ਼ਾਹ ਦੀ ਸ਼ਾਦੀ ਵੀ ਸ਼ਾਹ ਰੁਖ ਮਿਰਜ਼ਾ ਦੀ ਪੁਤਰੀ ਨਾਲ ਕਰ ਦਿਤੀ ਸੀ।

## ਹਿੰਦੁਸਤਾਨ ਉਪਰ ਨਜ਼ਰਾਂ

ਉਸ ਨੇ ਖਿਲਜੀਆਂ ਨੂੰ ਫਤਹ ਕਰਨ ਮਗਰੋਂ ਗਜ਼ਨੀ ਵਿਚਲੇ ਨਾਦਰ ਸ਼ਾਹ ਦੇ ਗਵਰਨਰ ਨੂੰ ਨਸਾ ਦਿਤਾ। ਅਸਲ ਵਿਚ ਉਸ ਦੀਆਂ ਨਜ਼ਰਾਂ ਹਿੰਦੁਸਤਾਨ ਉਤੇ ਲਗੀਆਂ ਹੋਈਆਂ ਸਨ। ਜਿਸ ਨੂੰ ਉਹ ਦੌਲਤ ਦਾ ਖਜ਼ਾਨਾ ਅਤੇ ਆਪਣੀਆਂ ਜਿਤਾਂ ਤੇ ਵੈਭਵ ਦਾ ਸ਼ਾਨਦਾਰ ਮੈਦਾਨ ਸਮਝਦਾ ਸੀ। ਕਾਬਲ ਅਤੇ ਪਸ਼ਾਵਰ ਨੂੰ ਆਪਣੇ ਅਧੀਨ ਕਰ ਕੇ ਉਸ ਨੇ ਏਥੋਂ ਨਸੀਰ ਖਾਨ * ਦੇ ਗਵਰਨਰ ਨੂੰ ਨਸਾ ਦਿਤਾ ਕਿਉਂਕਿ ਉਸ ਨੇ ਮੁਗਲ ਆਜ਼ਮ ਦੀ ਵਫਾਦਾਰੀ ਦਾ ਦਮ ਭਰਿਆ ਸੀ।

## ਸਿੰਧ ਪਾਰ ਕੀਤਾ

ਇਸ ਦੇ ਮਗਰੋਂ ਉਸ ਨੇ ਤੂਫਾਨ ਵਰਗੀ ਤੇਜ਼ੀ ਨਾਲ ਦਰਿਆ ਸਿੰਧ ਪਾਰ ਕੀਤਾ ਅਤੇ ਅਟਕ ਤੇ ਛਡ ਦੇ ਸ਼ਾਹੀ ਕਰਮਚਾਰੀਆਂ ਨੂੰ ਉਥੋਂ ਨਸਾ ਦਿਤਾ ਅਤੇ ਉਹਨਾਂ ਦੀ ਮਾੜੀ ਮੋਟੀ ਵਿਰੋਧਤਾ ਲਈ ਉਹਨਾਂ ਦੇ ਚੰਗੇ ਕੰਨ ਖਿਚੇ।

## ਸ਼ਾਹ ਨਵਾਜ਼ ਖਾਨ ਦੀ ਅਬਦਾਲੀ ਤੋਂ ਬੇਰੁਖੀ

ਇਸ ਸਮੇਂ ਲਾਹੌਰ ਦੇ ਸੀਨਾਜ਼ੋਰ ਵਾਇਸਰਾਏ ਨੂੰ ਉਸ ਦੇ ਚਾਚੇ ਤੇ ਦਿਲੀ ਦੇ ਮਹਾਮੰਤਰੀ ਨੇ ਉਸ ਨੂੰ ਗਦਾਰੀ ਲਈ ਸਖਤ ਝਾੜ ਪਾਈ ਅਤੇ ਉਸ ਨੇ ਆਪਣੇ ਭਤੀਜੇ ਨੂੰ ਅਪੀਲ ਕੀਤੀ ਕਿ ਉਹ ਆਪਣੇ ਤੇ ਦੇਸ ਦੇ ਖਾਨਦਾਨੀ ਸ਼ਹਿਨਸ਼ਾਹ ਦੀ ਵਫਾਦਾਰੀ ਵਿਚ ਪਹਿਲੇ ਵਾਂਗ ਹੀ ਦਰਿੜ ਰਹੇ। ਇਸ ਅਪੀਲ ਨੇ ਨੌਜਵਾਨ ਦੀ ਅਣਖ ਨੂੰ ਉਛਾਲਾ ਦਿਤਾ ਅਤੇ ਪਾਲਿਸੀ ਉਤੇ ਖੁਲ੍ਹ ਦਿਲੀ ਨੇ ਜਿਤ ਪਾਈ। ਉਸ ਨੇ ਹਮਲਾ ਆਵਰ ਦੁਰਾਨੀਆਂ ਨਾਲ ਲੋਹਾ ਲੈਣ ਦਾ ਦਰਿੜ ਨਿਸ਼ਚਾ ਧਾਰ ਲਿਆ। ਦੁਰਾਨੀ ਨਾਦਰ ਸ਼ਾਹ ਦਾ ਅਮੀਰ ਉਜ਼ਾ ਖਾਨ ਜਿਸ ਨੂੰ ਉਸ ਦੇ ਮਾਲਕ ਨੇ ਡਿਪਟੀ ਥਾਪ ਕੇ ਇਸ ਲਈ ਲਾਹੌਰ ਭੇਜਿਆ ਸੀ ਕਿ ਉਹ ਲਾਹੌਰ ਦੇ ਗਵਰਨਰ ਨਾਲ ਸ਼ਰਤਾਂ ਤੇ ਕਰੇ ਇਹ ਵੇਖ ਕੇ ਕਿ ਉਥੋਂ ਦਾ ਰੰਗ ਢੰਗ ਉਕਾ ਹੀ ਬਦਲਿਆ ਹੋਇਆ ਹੈ। ਨਿਰਾਸ ਹੋ ਅਟਕ ਨੂੰ ਵਾਪਸ ਮੁੜ ਗਿਆ ਅਤੇ ਉਸ ਨੇ ਆਪਣੇ ਬਾਦਸ਼ਾਹ ਦੀਆਂ ਹਦਾਇਤਾਂ ਦੀ ਵੀ ਉਡੀਕ ਨਾ ਕੀਤੀ।

## ਅਹਿਮਦ ਸ਼ਾਹ ਦਾ ਖਾਨਦਾਨੀ ਪੀਰ ਸਾਬਿਰ ਸ਼ਾਹ

ਲਾਹੌਰ ਦੇ ਗਵਰਨਰ ਨਾਲ ਆਪਣੀ ਪਹਿਲੀ ਗਲ ਬਾਤ ਸਿਰੇ ਨਾ ਚੜ੍ਹਨ ਤੇ ਵੀ ਨਿਰਾਸ ਹੋ ਕੇ ਅਹਿਮਦ ਸ਼ਾਹ ਨੇ ਆਪਣ ਖਾਨਦਾਨੀ ਪੀਰ ਬਾਬਾ ਸਾਬਿਰ ਸ਼ਾਹ ਨੂੰ ਲਾਹੌਰ ਭੇਜਿਆ। ਉਸ ਨੂੰ ਆਸ ਸੀ ਕਿ ਇਹ ਪੀਰ ਆਪਣੀ ਪੀਰੀ ਮੁਰੀਦੀ ਦੇ ਪਰਭਾਵ ਨਾਲ ਲਾਹੌਰ ਦੇ ਗਵਰਨਰ ਨੂੰ ਉਹਦੇ ਹਕ ਵਿਚ ਕਰ ਲਏਗਾ।

* ਇਸ ਮੌਕੇ ਉਤੇ ਅਫ਼ਗਾਨਾਂ ਦੇ ਕਮਾਂਡਰ ਇਨ–ਚੀਫ ਜਹਾਨ ਖਾਨ ਨਾਲ ਅਬਦੁਲ ਸਮਦ ਖਾਨ ਮੁਹੰਮਦ ਜ਼ਈ ਇਸਕੀ ਨਗਰ ਦੇ ਅਸਥਾਨ ਤੇ ਪਸ਼ਾਵਰ ਦੇ ੧੬ ਕੋਹ ਉਤਰ ਵਲ ਆਨ ਸ਼ਾਮਲ ਹੋਇਆ। ਨਸੀਰ ਖਾਨ ਨੇ ਆਪਣੇ ਆਪ ਨੂੰ ਸ਼ਾਹ ਦੀ ਫੌਜ ਦਾ ਟਾਕਰਾ ਕਰਨ ਦੇ ਅਸਮਰਥ ਵੇਖ ਕੇ ਅਟਕ ਪਾਰ ਕੀਤੀ ਤੇ ਛਛ ਹਜ਼ਾਰਾ ਵਲ ਨਸ ਗਿਆ। ਸਰਦਾਰ ਜਹਾਨ ਖਾਨ ਨੂੰ ਉਸ ਦਾ ਪਿਛਾ ਕਰਨ ਲਈ ਰਵਾਨਾ ਕੀਤਾ ਗਿਆ ਤੇ ਉਸ ਨੇ ਉਹਨੂੰ ਹਜ਼ਾਰੇ ਤੋਂ ਵੀ ਪਰ੍ਹੇ ਨਸਾ ਦਿਤਾ। ਨਸੀਰ ਲਾਹੌਰ ਵਲ ਨਸ ਗਿਆ ਤੇ ਉਸ ਦਾ ਜੰਗੀ ਸਾਮਾਨ ਅਫਗਾਨ ਕਮਾਂਡਰ ਦੇ ਹਥ ਆਇਆ-ਮਮਾਇਰਜ਼ ਆਫ ਅਬਦੁਲ ਕਰੀਮ ਉਲਵੀ !

## ਲਾਹੌਰ ਦਰਬਾਰ ਵਿਚ ਅਹਿਮਦ ਸ਼ਾਹ ਦਾ ਰਾਜ ਦੂਤ

ਸਾਬਿਰ ਸ਼ਾਹ ਨੇ ਲਾਹੌਰ ਪਹੁੰਚ ਕੇ ਗਵਰਨਰ ਨੂੰ ਈਨ ਮੰਨ ਲੈਣ ਲਈ ਧਮਕਾਇਆ ਪਰ ਇਸ ਹੰਕਾਰ ਦੇ ਕਾਰਨ ਉਸ ਨੂੰ ਆਪਣੀ ਜਾਨ ਤੋਂ ਹਥ ਧੋਣੇ ਪਏ। ਅਹਿਮਦ ਸ਼ਾਹ ਦੇ ਵਜ਼ੀਰ ਮੁਹੰਮਦ ਯਾਰ ਖਾਨ ਨੇ ਜੋ ਦਰਵੇਸ਼* ਦਾ ਨਿਕਟ ਵਰਤੀ ਸੀ, ਇਸ ਨੇ ਘਟਨਾ ਦਾ ਵੇਰਵਾ ਖਵਾਜਾ ਅਬਦੁਲ ਕਰੀਮ ਨੂੰ ਦਸਿਆ ਸੀ।

## ਫਕੀਰ ਦੇ ਰੂਪ ਵਿਚ ਓਸਦੀ ਪ੍ਰਸਿਧੀ

ਅਤਿ ਸੁੰਦਰ ਗਭਰੂ ਬਾਬਾ ਸਾਬਿਰ ਲਾਹੌਰ ਦੇ ਮਲਾਹ ਦਾ ਪੁਤਰ ਸੀ। ਬਚਪਨ ਤੋਂ ਹੀ ਉਸਦੀ ਰੁਚੀ ਸੰਸਾਰ ਦੇ ਤਿਆਗ ਵਲ ਸੀ ਜਿਸ ਕਰਕੇ ਛੋਟੀ ਉਮਰ ਵਿਚ ਹੀ ਉਹ ਆਪਣਾ ਵਤਨ ਛਡਕੇ ਕਾਬਲ, ਕੰਧਾਰ ਅਤੇ ਹਰਾਤ ਵਿਚ ਫਿਰਦਾ ਫਿਰਾਂਦਾ ਰਿਹਾ।

## ਉਸਦੀ ਭਵਿੱਖ ਬਾਣੀ

ਨਾਦਰ ਸ਼ਾਹ ਦੇ ਕਤਲ ਤੋਂ ਥੋੜਾ ਹੀ ਸਮਾਂ ਪਹਿਲੇ ਲੋਕਾਂ ਨੇ ਡਿਠਾ ਕਿ ਨੌਜਵਾਨ ਦਰਵੇਸ਼ ਇਕ ਖਾਲੀ ਥਾਂ ਉਤੇ ਤੰਬੂ ਗੱਡ ਰਿਹਾ ਹੈ। ਲੋਕਾਂ ਨੇ ਉਸ ਤੋਂ ਪੁਛਿਆ —"ਫਕੀਰ ਸਾਈਂ ! ਇਹ ਤੰਬੂ ਕਿਸ ਲਈ ਗਡ ਰਹੇ ਹੋ ?" ਫਕੀਰ ਨੇ ਉੱਤਰ ਦਿਤਾ—ਹੁਣ ਨਾਦਰ ਸ਼ਾਹ ਦਾ ਰਾਜ ਖਤਮ ਹੋ ਚੁਕਾ ਹੈ ਮੈਂ ਅਹਿਮਦ ਸ਼ਾਹ ਦਾ ਤੰਬੂ ਗਡ ਰਿਹਾ ਹਾਂ। ਜਿਹਾ ਕਿ ਉਸ ਨੇ ਭਵਿਖ ਬਾਣੀ ਉਚਰੀ ਸੀ ਸਚ ਮੁਚ ਹੀ ਅਹਿਮਦ ਸ਼ਾਹ ਬਾਦਸ਼ਾਹ ਬਣ ਗਿਆ। ਇਸ ਗਲ ਨੂੰ ਮੁਖ ਰਖ ਕੇ ਅਬਦਾਲੀ ਬਾਦਸ਼ਾਹ ਦੀ ਸਾਬਿਰ ਸ਼ਾਹ ਉਤੇ ਬਹੁਤ ਸ਼ਰਧਾ ਵਧ ਗਈ ਸੀ। ਸਾਬਿਰੀ ਸ਼ਾਹ ਦੇ ਕਹਿਣ ਉਤੇ ਹੀ ਅਹਿਮਦ ਸ਼ਾਹ ਨੇ ਤਾਜ ਤਖਤ ਦੀ ਪ੍ਰਾਪਤੀ ਮਗਰੋਂ ਆਪਣਾ ਉਪਨਾਮ ਦੁਰਿ ਦੁੱਰਾਨੀ ਅਰਥਾਤ ਸਮੇਂ ਦਾ ਮੋਤੀ ਰਖਿਆ। ਏਸੇ ਸਮੇਂ ਤੋਂ ਹੀ ਉਹ ਉਸ ਦੀ ਔਲਾਦ ਦੁਰਾਨੀ ਅਖਵਾਉਣ ਲਗ ਪਏ। ਜਦ ਉਹ ਫਕੀਰ ਲਾਹੌਰ ਆਇਆ ਤਦ ਸ਼ਾਹ ਨਵਾਜ ਖਾਨ ਦੇ ਜਾਸੂਸਾਂ ਨੇ ਉਸ ਨੂੰ ਖਬਰ ਦਿਤੀ ਕਿ ਅਹਿਮਦ ਸ਼ਾਹ ਦਾ ਜਾਦੂਗਰ ਇਸ ਮੰਤਵ ਲਈ ਆਇਆ ਹੈ ਕਿ ਉਹ ਸਭ ਤੋਪਾਂ ਉਤੇ ਜਾਦੂ ਕਰ ਦੇਵੇ। ਉਸ ਨੂੰ ਗ੍ਰਿਫਤਾਰ ਕਰ ਕੇ ਸ਼ਾਹ ਨਵਾਜ ਦੇ ਰੂਬਰੂ ਪੇਸ਼ ਕੀਤਾ, ਜਿਸਨੇ ਅਦੀਨਾ ਬੇਗ ਦੇ ਕਹਿਣ ਕੁਹਾਣ ਅਤੇ ਇਹ ਜਾਣ ਕੇ ਕਿ ਉਸ ਨੂੰ ਅਬਦਾਲੀ ਬਾਦਸ਼ਾਹ ਨੇ ਆਪਣਾ ਏਜੰਟ ਬਣਾਕੇ ਭੇਜਿਆ ਹੈ ਉਸ ਨਾਲ ਦਰਬਾਰ ਵਿਚ ਮੁਲਾਕਾਤ ਕੀਤੀ ਅਤੇ ਉਸ ਨਾਲ ਰਾਜਦੂਤ ਵਰਗਾ ਹੀ ਸਲੂਕ ਰਵਾ ਰਖਿਆ।

## ਫਕੀਰ ਦੀ ਲਾਹੌਰ ਗਵਰਨਰ ਨਾਲ ਗੁਸਤਾਖੀ

ਪਰ ਇਸ ਪੀਰ ਨੂੰ ਆਪਣੀ ਧਾਰਮਕ ਵਡਿਆਈ ਦਾ ਬੜਾ ਹੰਕਾਰ ਸੀ। ਉਸਨੇ ਦੁਰਾਨੀ ਬਾਦਸ਼ਾਹ ਦੇ ਰਾਜ ਦੂਤ ਹੋਣ ਦੀ ਹੈਂਕੜ ਵਿਚ ਆਪਣੇ ਇਰਦ ਗਿਰਦ ਦੇ ਲੋਕਾਂ ਵਲ ਘ੍ਰਿਣਾ ਭਰਪੂਰ ਤਕਣੀ ਨਾਲ ਤਕਿਆ ਅਤੇ ਸ਼ਾਹ ਨਵਾਜ਼ ਖਾਨ ਨੂੰ ਐਉਂ ਸੰਬੋਧਨ ਕੀਤਾ ਜਿਵੇਂ ਕਿਸੇ ਮਾਤਹਿਤ ਨੂੰ ਕਹਿੰਦਾ ਹੈ। ਉਸ ਨੇ ਇਸ ਗਲ ਲਈ ਵੀ ਸ਼ਾਹ ਨਵਾਜ਼ ਨੂੰ ਮੁਲਾਮਤ ਕੀਤੀ ਕਿ ਪਹਿਲੇ ਉਸ ਨੇ ਦੁਰਾਨੀ ਬਾਦਸ਼ਾਹ ਨੂੰ ਪੰਜਾਬ ਵਿਚ ਸਦ ਭੇਜਿਆ ਅਤੇ ਫੇਰ ਉਸ ਦੀ ਵਫਾਦਾਰੀ ਤੋਂ ਮੂੰਹ ਮੋੜਨ ਦਾ ਠੀਕ ਕੰਮ ਨਹੀਂ ਕੀਤਾ। ਏਥੇ ਹੀ ਬਸ ਨਹੀਂ ਉਸ ਨੇ ਇਹ ਧਮਕੀ ਵੀ ਦਿਤੀ ਕਿ ਜੇ ਉਸ ਨੇ ਸ਼ਾਹ ਦੀ ਵਫਾਦਾਰੀ ਨੂੰ ਹੁਣ ਵੀ ਪਰਵਾਨ ਨਾ ਕੀਤਾ ਤਦ ਉਸ ਨੂੰ ਇਸ ਗਦਾਰੀ ਦੀ ਕਰੜੀ ਸਜ਼ਾ ਦਿਤੀ ਜਾਏਗੀ। ਜਦ ਉਸ ਨੇ ਇਹ ਸ਼ਬਦ ਭਰੇ ਦਰਬਾਰ ਵਿਚ ਆਖੇ ਤਦ ਨੌਜਵਾਨ ਗਵਰਨਰ ਨੂੰ ਉਸ ਉਤੇ ਬੜਾ ਕਰੋਧ ਆਇਆ। ਉਸ ਨੇ ਉਸੇ ਵੇਲੇ ਹੁਕਮ ਦਿਤਾ ਕਿ ਇਸ ਗੁਸਤਾਖ ਫਕੀਰ ਨੂੰ ਤੇ ਉਸ ਦੇ ਸਾਥੀ ਮੁਹੰਮਦ ਯਾਰ ਨੂੰ ਕੈਦ ਕਰ ਲਓ।

## ਸਾਬਿਰ ਸ਼ਾਹ ਦਾ ਕਤਲ

ਦੂਜੇ ਦਿਨ ਸ਼ਾਹ ਨਵਾਜ਼ ਖਾਨ ਦੇ ਦਰਬਾਰੀਆਂ ਨੇ ਆਖਿਆ ਜੇ ਉਸ ਨੇ ਸਾਬਿਰ ਸ਼ਾਹ ਜਾਦੂਗਰ ਨੂੰ ਜੀਉਂਦਾ ਰਹਿਣ ਦਿਤਾ ਤਦ ਨਾ ਕੇਵਲ ਉਸ ਉਤੇ ਹੀ ਸਗੋਂ ਸਾਰੀ ਹਿੰਦੁਸਤਾਨੀ ਕੌਮ ਉਤੇ ਸਖਤ ਬਲਾ ਨਾਜ਼ਲ ਹੋਵੇਗੀ। ਇਸ ਤੇ ਗਵਰਨਰ ਨੇ ਹੁਕਮ ਦੇ ਦਿਤਾ ਕਿ ਫਕੀਰ ਦਾ ਸਿਰ ਹੁਣੇ ਹੀ ਕਲਮ ਕੀਤਾ ਜਾਏ। ਉਸ ਵੇਲੇ ਜਲਾਦ ਦੀ ਤਲਵਾਰ ਨੇ ਇਸ ਰਾਜਦੂਤ ਦਾ ਸਿਰ ਧੜ ਤੋਂ ਵਖ ਕਰਕੇ ਰਖ ਦਿਤਾ। ਉਮਰਾ ਦੇ ਕਹਿਣ ਸੁਣਨ ਉਤੇ ਮੁਹੰਮਦ ਯਾਰ ਖਾਨ ਨੂੰ ਰਿਹਾ ਕਰ ਦਿਤਾ ਗਿਆ। ਇਸ ਤੋਂ ਮਗਰੋਂ ਸ਼ਾਹ ਨਿਵਾਜ਼ ਖਾਨ ਨੇ ਹਮਲਾ ਆਵਰ ਫੌਜ ਦਾ ਟਾਕਰਾ ਕਰਨ ਲਈ ਜ਼ਬਰਦਸਤ ਤਿਆਰੀਆਂ ਸ਼ੁਰੂ ਕਰ ਕਰ ਦਿਤੀਆਂ।

## ਲਾਹੌਰੀ ਗਵਰਨਰ ਦੀਆਂ ਜੰਗੀ ਤਿਆਰੀਆਂ

ਸ਼ਾਹ ਨਵਾਜ਼ ਖਾਨ ਗਵਰਨਰ ਨੇ ਆਸ ਪਾਸ ਦੇ ਜ਼ਿਲਿਆਂ ਦੀ ਸਾਰੀ ਫੌਜ ਇਕਠੀ ਕਰ ਲਈ ਅਤੇ ਸ਼ਹਿਰ ਤੇ ਕਿਲੇ ਨੂੰ ਵੀ ਰਖਿਆ ਹਿਤ ਤਿਆਰ ਕਰ ਲਿਆ। ਸ਼ਹਿਰ ਦੇ ਦਰਵਾਜ਼ੇ ਪੱਕੇ ਕਰ ਲਏ ਅਤੇ ਵਡੇ ਵਡੇ ਚੌਕਾਂ ਵਿਚ ਰਸਾਲੇ ਨਿਯਤ ਕਰ ਦਿਤੇ ਤੇ ਕਿਲੇ ਦੀਆਂ ਕੰਧਾਂ ਉਤੇ ਤੋਪਾਂ ਬੀੜ ਦਿਤੀਆਂ।

## ਅਹਿਮਦ ਸ਼ਾਹ ਦਾ ਪਹਿਲਾ ਹਮਲਾ ਜਨਵਰੀ–੧੭੪੭ ਈ:

ਆਪਣੇ ਪੀਰ ਤੇ ਰਾਜਦੂਤ ਦੇ ਕਤਲ ਦੀ ਖਬਰ ਸੁਣਕੇ ਅਹਿਮਦ ਸ਼ਾਹ ਨੂੰ ਬੜਾ ਤੈਸ਼ ਆਇਆ। ਉਸ ਨੇ ਤੁਰਤ ਰਾਵੀ ਨੂੰ ਪਾਰ ਕਰ ਲਿਆ। ਲਾਹੌਰ ਦੇ ਗਵਰਨਰ ਨੇ ਕਸੂਰ ਦੇ ਪਠਾਨ ਜਿਲਾ ਖਾਨ ਦੇ ਮਾਤਹਿਤ ਟਾਕਰੇ ਲਈ ਫੌਜ ਭੇਜੀ ਪਰ ਉਹ ਪਠਾਨ ਵੈਰੀ ਨਾਲ ਜਾ ਮਿਲਿਆ ਅਤੇ ਨਾਲ ਹੀ ਫੌਜਾਂ ਨੂੰ ਵੀ ਵੈਰੀ ਦੇ ਕੈਂਪ ਵਿਚ ਲੈ ਗਿਆ। ਇਸ ਦੇ ਮਗਰੋਂ ਅਹਿਮਦ ਸ਼ਾਹ ਨੇ ਲਾਹੌਰ ਦੀਆ ਕੰਧਾਂ ਹੇਠ ਪੁਜਕੇ ਗਵਰਨਰ ਉਤੇ ਹਲਾ ਬੋਲਿਆ। ਏਥੇ ਗਵਰਨਰ ਦੀਆਂ ਫੌਜਾਂ ਨੇ ਵੈਰੀ ਦਾ ਟਾਕਰਾ ਕੀਤਾ। ਹਿੰਦੀ ਫੌਜਾਂ ਨੇ ਬਹੁਤ ਚਿਰ ਟਾਕਰਾ ਕਰਨ ਤੋਂ ਪਹਿਲੇ ਹੀ ਦਿਲ ਛਡ ਦਿਤਾ ਅਤੇ ਹਫੜਾ ਦਫੜੀ ਦੀ ਦਸ਼ਾ ਵਿਚ ਮੈਦਾਨ ਛਡਕੇ ਨਸ ਗਈਆਂ। ਦੁਰਾਨੀਆਂ ਨੇ ਉਹਨਾਂ ਦੇ ਹਾਥੀਆਂ ਦੇ ਸਾਰੇ ਮੋਰਚੇ ਤੋੜ ਦਿਤੇ।

## ਲਾਹੌਰੀ ਗਵਰਨਰ ਦੀ ਹਾਰ

ਸ਼ਾਹ ਨਵਾਜ਼ ਖਾਨ ਦਿਲੀ ਨੂੰ ਨਸ ਗਿਆ ਅਤੇ ਜਾਂਦਾ ਹੋਇਆ ਆਪਣਾ ਸਾਰਾ ਜ਼ਰ ਤੇ ਜਵਾਹਰਾਤ ਵੀ ਨਾਲ ਲੈ ਗਿਆ। ਇਹ ਘਟਣਾ ਮੁਹਰਮ ੧੧੬੧ ਹਿਜਰੀ (ਜਨਵਰੀ ੧੭੪੭) ਦੀ ਹੈ। ਉਸ ਦੇ ਪਹਿਲੇ ਰਵਈਏ ਉਤੇ ਵਜ਼ੀਰ ਕਮਰੁ ਦੀਨ ਨੂੰ ਉਸ ਉਤੇ ਐਨਾ ਗੁਸਾ ਆਇਆ ਕਿ ਉਸ ਨੂੰ ਕੈਦ ਵਿਚ ਪਾ ਦਿਤਾ।

*ਮਮਾਇਰਜ਼ ਆਫ ਖਵਾਜਾ ਅਬਦੁਲ ਕਰੀਮ

Sri Satguru Jagjit Singh Ji eLibrary NamdhariElibrary@gmail.com

## ਲਾਹੌਰ ਦੇ ਅਤਿਅੰਤ ਮਾਲਦਾਰ ਮਹੱਲੇ ਮੁਗਲ ਪੁਰੇ ਦੀ ਤਬਾਹੀ

ਅਜ ਕਲ ਦੇ ਲਾਹੌਰ ਦੀ ਚਾਰ ਦੀਵਾਰੀ ਦੇ ਬਾਹਰ ਮੁਗਲ ਪੁਰਾ ਨਾਮੀ ਮਹਲਾ ਸ਼ਹਿਰ ਦਾ ਸਭ ਤੋਂ ਅਮੀਰ ਇਲਾਕਾ ਸੀ। ਹਮਲਾ ਆਵਰ ਨੇ ਇਸ ਮਹਲੇ ਨੂੰ ਦਿਲ ਖੋਹਲ ਕੇ ਲੁਟਿਆ। ਉਥੇ ਰਹਿਣ ਵਾਲੇ ਉਮਰਾ ਵੀ ਲੁਟ ਮਾਰ ਤੋਂ ਨ ਬਚ ਸਕੇ।

## ਅਹਿਮਦ ਸ਼ਾਹ ਦਾ ਲਾਹੌਰ ਵਿਚ ਦਾਖਲਾ

ਇਸਦੇ ਮਗਰੋਂ ਅਬਦਾਲੀ ਵਿਜਈ ਸ਼ਹਿਰ ਵਿਚ ਦਾਖਲ ਹੋਇਆ। ਇਸ ਸ਼ਹਿਰ ਦੇ ਸਾਰੇ ਵਸੀਲੇ ਹੁਣ ਉਸ ਦੇ ਕਬਜ਼ੇ ਵਿਚ ਆ ਗਏ ਤੇ ਉਹਨਾਂ ਨਾਲ ਉਸ ਨੇ ਆਪਣੀਆ ਫ਼ੌਜਾਂ ਨੂੰ ਹੋਰ ਵੀ ਮਜ਼ਬੂਤ ਬਣਾ ਲਿਆ। ਉਸ ਨੂੰ ਸ਼ਹਿਰ ਵਿਚੋਂ ਤੋਪ ਖਾਨੇ ਦਾ ਸਾਮਾਨ ਤੇ ਨਿਕਾ ਮੋਟਾ ਅਸਲਾ ਭਾਰੀ ਗਿਣਤੀ ਵਿਚ ਹਥ ਲਗਾ।

## ਸ਼ਹਿਰ ਉਤੇ ਭਾਰੀ ਤਾਵਾਨ

ਵਿਜਈ ਨੇ ਸ਼ਹਿਰ ਉਤੇ ਭਾਰੀ ਤਾਵਾਨ ਪਾਇਆ। ਕਸੂਰ ਦੇ ਅਫਗਾਨ ਮੋਮਨ ਖਾਨ ਤੇ ਲਖਪਤ ਰਾਏ ਦੀਵਾਨ ਨੇ ਆਪਣੇ ਹਿਸੇ ਦਾ ਤਾਵਾਨ ਤਾਰਿਆ ਤਦ ਜਾਕੇ ਉਹਨਾਂ ਦੀ ਖਲਾਸੀ ਹੋਈ। ਪੰਜਾਬ ਦੇ ਜਿਮੀਂਦਾਰਾਂ ਨੇ ਵਿਜਈ ਨੂੰ ਆ ਕੇ ਆਪਣਾ ਖਿਰਾਜ ਦੇ ਦਿਤਾ ਅਤੇ ਪਹਾੜੀ ਰਾਜਿਆਂ ਨੇ ਸੁਗਾਤਾਂ ਦੇ ਕੇ ਆਪਣੇ ਵਕੀਲ ਭੇਜ ਜਿਨਾਂ ਰਾਹੀਂ ਉਹਨਾਂ ਨੇ ਆਪਣੀ ਵਫ਼ਾਦਾਰੀ ਤੇ ਤਾਬੇਦਾਰੀ ਦਾ ਭਰੋਸਾ ਦਵਾਇਆ। ਦੁਰਾਨੀ ਬਾਦਸ਼ਾਹ ਲਾਹੌਰ ਵਿਚ ਇਕ ਮਹੀਨੇ ਤੋਂ ਵਧੀਕ ਸਮੇਂ ਤੀਕ ਠਹਿਰਿਆ। ਇਸ ਸਮੇਂ ਵਿਚਕਾਰ ਉਸ ਨੇ ਪੰਜਾਬ ਦੇ ਮਾਮਲਿਆਂ ਨੂੰ ਨਜਿਠਿਆ ਅਤੇ ਉਸ ਵਡੀ ਮੁਹਿੰਮ ਲਈ ਤਿਆਰੀ ਵੀ ਕੀਤੀ। ਕਿਉਂ ਕਿ ਏਥੇ ਆਉਣ ਦਾ ਉਹਦਾ ਮੰਤਵ ਵੀ ਇਹੋ ਸੀ।

## ਸਤਲੁਜ ਵਲ ਚਾਲੇ

ਏਨੇ ਚਿਰ ਨੂੰ ਅਹਿਮਦ ਸ਼ਾਹ ਪਾਸ ਕਾਬਲੋਂ ਤਾਜ਼ਾ ਦਮ ਫੌਜਾਂ ਵੀ ਪੁਜ ਗਈਆਂ ਉਸਨੇ ਲਾਹੌਰ ਦੀ ਗਵਰਨਰੀ ਦੀਵਾਨ ਲਖਪਤ ਰਾਏ ਦੇ ਸਪੁਰਦ ਕੀਤੀ ਅਤੇ ਦੀਵਾਨੀ ਮੋਮਨ ਖਾਨ ਕਸੂਰੀਏ ਦੇ ਹਿਸੇ ਆਈ। ਇਹ ਪ੍ਰਬੰਧ ਕਰ ਕੇ ਉਸਨੇ ਸਤਲੁਜ ਵਲ ਕਚ ਬੋਲ ਦਿਤਾ।

## ਅਹਿਮਦ ਸ਼ਾਹ ਦੀਆਂ ਫ਼ੌਜਾਂ ਦੇ ਟਾਕਰੇ ਲਈ ਸ਼ਹਿਨਸ਼ਾਹ ਵਲੀ ਅਹਿਮਦ ਨੂੰ ਭੇਜਣਾ

ਮੁਹੰਮਦ ਸ਼ਾਹ ਨੇ ਉਸਦੇ ਕੂਚ ਦੀ ਖਬਰ ਸੁਣਕੇ ਆਪਣੇ ਬੇਟੇ ਨੂੰ ਸ਼ਦਿਆ, ਉਸਨੂੰ ਦਰਬਾਰ ਵਿਚ ਚੁੰਮਿਆ ਅਤੇ ਕੁਰਾਨ ਹਥ ਵਿਚ ਦਿਤਾ। ਫੇਰ ਉਸਨੂੰ ਇਹ ਹੁਕਮ ਦੇ ਕੇ ਵਿਦਾਅ ਕੀਤਾ ਕਿ ਉਹ ਹਮਲਾ ਆਵਰ ਦੀਆਂ ਫੌਜਾਂ ਨੂੰ ਦਿਲੀ ਵਲ ਵਧਨ ਤੋਂ ਰੋਕ ਦੇਵੇ। ਇਸ ਮਤਲਬ ਲਈ ਸ਼ਹਿਜ਼ਾਦੇ ਨੂੰ ਜ਼ਬਰਦਸਤ ਲਸ਼ਕਰ ਦਿਤਾ ਜਿਸ ਵਿਚ ੮੦ ਹਜ਼ਾਰ ਘੁੜ ਸਵਾਰ ਫੌਜ ਸੀ। ਉਸਦੀ ਸਹਾਇਤਾ ਲਈ ਮਹਾਂ ਮੰਤਰੀ ਕਮਰ ਉਦੀਨ ਅਬੁਲ ਮਨਸੂਰ ਖਾਨ, ਸਫਦਰ ਜੰਗ ਅਤੇ ਸਯਦ ਸਲਾਬਤ ਨੂੰ ਵੀ ਨਾਲ ਭੇਜ ਦਿਤਾ। ਮਹਾਂ ਮੰਤਰੀ ਨੇ ਆਪਣੇ ਨਾਲ ਅਬਦੁਲਾ ਖਾਨ ਤੇ ਫ਼ੈਜ਼ ਉਲਾ ਖਾਨ ਨੂੰ ਵੀ ਲੈ ਲਿਆ ਜੋ ਰੁਹੇਲਾ ਸਰਦਾਰ ਅਲੀ ਮੁਹੰਮਦ ਖਾਨ ਦੇ ਪੁਤਰ ਸਨ ਤੇ ਜਿਹੜੇ ਆਪਣੀਆਂ ਫ਼ੌਜਾਂ ਸਮੇਤ ਦਿਲੀ ਵਿਚ ਆ ਕੇ ਠਹਿਰੇ ਹੋਏ ਸਨ। ਦੁਰਾਨੀ ਦੀ ਫੌਜ ੧੨ ਹਜ਼ਾਰ ਜਵਾਨਾਂ ਤੋਂ ਵਧੀਕ ਨਹੀਂ ਸੀ। ਸਰਹਿੰਦ ਤੋਂ ੯ ਮੀਲ ਦੇ ਫਾਸਲੇ ਉਤੇ ਮਨੋਰਾ ਦੇ ਅਸਥਾਨ ਉਤੇ ਮੁਗਲ ਫੌਜ ਮੋਰਚੇਬੰਦ ਹੋ ਕੇ ਬੈਠ ਗਈ। ਉਹਨਾਂ ਵਿਚ ਜੈਪੁਰ ਦੇ ਰਾਜਾ ਜੈ ਸਿੰਘ ਦਾ ਪੁਤਰ ਈਸਰ ਸਿੰਘ ਵੀ ਆਣ ਸ਼ਾਮਲ ਹੋਇਆ। ਉਸਤੋਂ ਛੁਟ ਰਾਜਪੁਤਾਨੇ ਦੇ ਦੂਜੇ ਰਾਜੇ ਵੀ ਆਪਣੀਆਂ ਫੌਜਾਂ ਲੈ ਕੇ ਆਏ। ਅਬਦਾਲੀ ਨੇ ਦਰਿਆ ਨੂੰ ਪਤਨ ਤੋਂ ਪਾਰ ਕੀਤਾ।

## ਸਰਹਿੰਦ ਉਤੇ ਅਬਦਾਲੀ ਦਾ ਕਬਜ਼ਾ

ਅਬਦਾਲੀ ਨੇ ਹਿੰਦੀ ਫ਼ੌਜਾਂ ਨੂੰ ਪਿਛੇ ਛਡ ਦਿਤਾ ਅਤੇ ਅਗੇਵਾਲੀ ਹੋ ਕੇ ਸਰਹਿੰਦ ਉਤੇ ਜਾ ਕਬਜ਼ਾ ਕੀਤਾ। ਸਰਹਿੰਦ ਵਿਚੋਂ ਉਸ ਨੂੰ ਬਹੁਤ ਸਾਰਾ ਮਾਲ ਅਸਬਾਬ, ਗੋਲਾ ਬਰੂਦ ਅਤੇ ਬਹੁਤ ਸਾਰੀਆਂ ਤੋਪਾਂ ਵੀ ਮਿਲ ਗਈਆਂ। ਜਿਨ੍ਹਾਂ ਦਾ ਅਬਦਾਲੀ ਪਾਸ ਅਭਾਵ ਸੀ। ਸਰਹਿੰਦ ਉਤੇ ਕਬਜ਼ਾ ਕਰਨ ਮਗਰੋਂ ਉਸ ਨੇ ਨ ਕੇਵਲ ਦਿਲੀ ਦੀ ਫੌਜ ਆਉਣ ਵਾਲੇ ਸਮਾਨ ਦੀਆਂ ਕਾਰਵਾਈਆਂ ਨੂੰ ਹੀ ਰੋਕਿਆ ਸਗੋਂ ਸ਼ਾਹੀ ਫੌਜਾਂ ਅਤੇ ਰਾਜਧਾਨੀ ਵਿਚਾਲੇ ਹੋਣ ਵਾਲਾ ਖਤ ਪਤਰ ਵੀ ਰੋਕ ਲਿਆ। ਇਸ ਮੌਕੇ ਉਤੇ ਦੁਰਾਨੀਆਂ ਨੇ ਆਪਣੀ ਤਾਕਤ ਤੇ ਸਰਗਰਮੀਆਂ ਦਾ ਜੋ ਵਖਾਵਾ ਪਾਇਆ ਉਸ ਨਾਲ ਦਿਲੀ ਵਾਲਿਆਂ ਦੇ ਦਿਲਾਂ ਉਤੇ ਸਹਿਮ ਤੇ ਡਰ ਛਾ ਗਿਆ।

## ਛੋਟੀਆਂ ਛੋਟੀਆਂ ਝੜਪਾਂ

ਦੋਵਾਂ ਧਿਰਾਂ ਦੀਆਂ ਉਹਨਾਂ ਫੋਜਾਂ ਵਿਚਾਲੇ ਜੋ ਵਖ ਵਖ ਥਾਵਾਂ ਉਤੇ ਨਿਯਤ ਸਨ ਛੋਟੀਆਂ ਮੋਟੀਆਂ ਝੜਪਾਂ ਹੋਈਆਂ ਪਰ ਇਕ ਮਹੀਨੇ ਤੀਕ ਕੋਈ ਫੈਸਲਾ ਕਰੂ ਜੰਗ ਨ ਹੋਇਆ। ਇਸ ਸਮੇਂ ਵਿਚਕਾਰ ਦੁਰਾਨੀ ਬਾਦਸ਼ਾਹ ਆਪਣਾ ਤੋਪਖਾਨਾ ਵੀ ਅਗੇ ਲੈ ਆਇਆ ਅਤੇ ਸ਼ਾਹੀ ਫੌਜ ਇਕ ਬਾਜ਼ੂ ਉਪਰ ਕਈ ਘੰਟੇ ਤੀਕ ਭਾਰੀ ਤੋਪਾਂ ਨਾਲ ਗੋਲਾਬਾਰੀ ਵੀ ਕੀਤੀ।

## ਤੋਪ ਦੇ ਗੋਲੇ ਨਾਲ ਵਜ਼ੀਰ ਕਮਰ ਉਦਦੀਨ ਦੀ ਮੌਤ

ਸ਼ਾਮ ਵੇਲੇ ਬਿਧ ਵਜ਼ੀਰ ਕਮਰ ਉਦਦੀਨ ਨਮਾਜ਼ ਪੜ੍ਹ ਰਹਿਆ ਸੀ ਕਿ ਦੁਰਾਨੀ ਤੋਪਾਂ ਦਾ ਇਕ ਗੋਲਾ ਉਸਦੇ ਗੋਡੇ ਉਤੇ ਆਕ ਲਗਾ। ਗੋਲੇ ਦਾ ਫਟ ਐਡਾ ਭਾਰੀ ਸੀ ਕਿ ਵਜ਼ੀਰ ਉਸ ਰਾਤ ਹੀ ਚਲਾਣਾ ਕਰ ਗਿਆ ਸਾਰੀ ਫੌਜ ਵਜ਼ੀਰ ਨੂੰ ਤਨੋ, ਮਨੋ ਪਿਆਰਦੀ ਸੀ ਕਿਉਂਕਿ ਉਸਦਾ ਸੂਝ ਬੂਝ ਤੇ ਸੂਰਬੀਰਤਾ ਉਤੇ ਸਭ ਨੂੰ ਬੜਾ ਭਰੋਸਾ ਸੀ। ਗੱਦੀ ਦੇ ਵਾਰਸ ਮਿਰਜ਼ਾ ਅਹਿਮਦ ਅਤੇ ਸਵਰਗੀ ਦੇ ਸਪੁਤਰ ਮੀਰ ਮਨੂੰ* ਨੇ, ਜੋ ਆਪ ਵੀ ਬਹਾਦਰ ਤੇ ਮਨਚਲਾ ਜੋਧਾ ਸੀ, ਉਸਦੀ ਮੌਤ ਦੀ ਖਬਰ ਲੁਕਾਈ ਰਖੀ ਸਹਿਜ਼ਾਦੇ ਨੇ ਆਪਣ ਕੁਛ ਵਡੇ ਵਡੇ ਸਰਦਾਰਾਂ ਨੂੰ ਸਦ ਕੇ ਮੀਟਿੰਗ ਕੀਤੀ। ਇਸ ਜੰਗੀ ਕੌਂਸਲ ਵਿਚ ਫੈਸਲਾ ਹੋਇਆ ਕਿ ਵਜ਼ੀਰ ਦੇ ਮ੍ਰਿਤਕ ਸਰੀਰ ਨੂੰ ਉਸੇ ਦੇ ਹਾਥੀ ਦੇ ਹੌਦੇ ਵਿਚ ਬਠਾ ਕੇ ਤੇ ਸ਼ਿਰਹਾਨਿਆਂ ਦਾ ਸਹਾਰਾ ਦੇ ਕੇ ਫਿਰਾਇਆ ਜਾਏ ਅਤੇ ਦੂਜੇ ਹੀ ਦਿਨ ਲੜਾਈ ਸ਼ੁਰੂ ਕਰ ਦਿਤੀ ਜਾਏ। ਇਸ ਫੈਸਲੇ ਅਨੁਸਾਰ ਦੂਜੇ ਦਿਨ ਸਵੇਰੇ ਹੀ ਨੌਜਵਾਨ ਸਹਿਜ਼ਾਦੇ ਨੇ ਬੜੀ ਬਹਾਦਰੀ ਨਾਲ ਹਮਲਾ ਸ਼ੁਰੂ ਕਰ ਦਿਤਾ। ਇਸ ਹਮਲੇ ਵਿਚ ਨੌਜਵਾਨ ਮੀਰ ਮਨੂੰ ਉਸਦੀ ਸਹਾਇਤਾ ਕਰ ਰਿਹਾ ਸੀ।

*ਸੂਰਮੇ ਮੀਰ ਮਨੂੰ ਨੇ ਆਪਣੇ ਬਾਪ ਨੂੰ ਮਰਿਆ ਤਕ ਕੇ ਆਪਣੇ ਕਪੜੇ ਪਾੜ ਦਿਤੇ ਤੇ ਉਚੀ ਉਚੀ ਰੋਣਾ ਸ਼ੁਰੂ ਕਰ ਦਿਤਾ ਪਰ ਅਹਿਮਦ ਖਾਨ ਨੇ ਜੋ ਸ਼ਾਹੀ ਫੌਜ ਵਿਚ ੫ ਹਜ਼ਾਰ ਫੌਜ ਦੀ ਕਮਾਨ ਕਰ ਰਹਿਆ ਸੀ ਉਸ ਨੂੰ ਢਾਰਸ ਦੇਕੇ ਆਖਿਆ "ਇਹ ਵੇਲਾ ਬਚਿਆਂ ਵਾਂਗ ਰੋਣ ਦਾ ਨਹੀਂ। ਸਗੋਂ ਮਰਦ ਬਣ ਕੇ ਪਰਦੇਸ਼ੀ ਹਮਲਾ ਆਵਰਾਂ ਨੂੰ ਦੇਸ਼ ਵਿਚੋਂ ਬਾਹਰ ਕਢਣ ਦਾ ਹੈ"।

Sri Satguru Jagjit Singh Ji eLibrary NamdhariElibrary@gmail.com

ਮਨੂੰ ਨੇ ਇਸ ਲੜਾਈ ਵਿਚ ਆਪਣੀ ਸੂਰਮਤਾ ਦੇ ਕਈ ਕਾਰਨਾਮੇ ਕਰਕੇ ਦਿਖਾਏ । ਇਹ ਲੜਾਈ ਬੜੀ ਲਹੂ ਡੋਲ੍ਹਵੀਂ ਸੀ ਪਰ ਦੁਰਾਨੀਆਂ ਨੇ ਬੜੀ ਦਰਿੜ੍ਹਤਾ ਨਾਲ ਮੈਦਾਨ ਵਿਚ ਆਪਣੇ ਪੈਰ ਜਮਾਈ ਰਖੇ। ਉਹਨਾਂ ਦੇ ਟਾਕਰੇ ਉਤੇ ਸ਼ਾਹੀ ਫੌਜਾਂ ਗਿਣਤੀ ਵਿਚ ਬਹੁਤ ਵਧੀਕ ਸਨ । ਜਿਸ ਕਰਕੇ ਦੁਰਾਨੀਆਂ ਨੂੰ ਦਬਾ ਲਿਆ । ਦੁਰਾਨੀ ਫੌਜ ਨਸ ਜਾਣ ਦੀ ਤਿਆਰੀ ਵਿਚ ਹੀ ਸੀ ਕਿ ਇਕ ਅਸ਼ੁਭ ਦੁਰਘਟਣਾ ਵਾਪਰੀ।

## ਰਾਜਪੂਤਾਂ ਦੀ ਸ਼ਾਹੀ ਫੌਜ ਨੂੰ ਪਿੱਠ

ਜੈਪੁਰਿਆ ਰਾਜਾ ਈਸ਼ਰ ਸਿੰਘ (ਈਸਵੀ ?) ਜੋ ੨੦ ਹਜ਼ਾਰ ਘੁੜਸਵਾਰ ਫੌਜ ਦੀ ਕਮਾਨ ਕਰ ਰਿਹਾ ਸੀ ਵਜ਼ੀਰ ਦੇ ਹਾਥੀ ਪਾਸ ਹੁਕਮ ਹਕਾਮ ਲੈਣ ਲਈ ਆਇਆ ਤੇ ਉਸ ਨੂੰ ਪਤਾ ਲਗਾ ਕਿ ਵਜ਼ੀਰ ਤੇ ਮਰਿਆ ਹੋਇਆ ਹੈ । ਉਸ ਨੂੰ ਐਨੀ ਭੌਂਚਲੀ ਪਈ ਕਿ ਉਹ ਰਣ ਮੈਦਾਨਿ() ਵਿਚੋਂ ਆਪਣੀਆਂ ਫੌਜਾਂ ਲੈਕੇ ਨਿਕਲ ਤੁਰਿਆ । ਉਸਦੀ ਵੇਖਾ ਵੇਖੀ ਸ਼ਾਹੀ ਫੌਜ ਵੀ ਮੈਦਾਨ ਛਡ ਕੇ ਨਸ ਉੱਠੀ। ਇਸ ਹਫੜਾ ਦਫੜੀ ਤੋਂ ਲਾਭ ਉਠਾ ਕੇ ਅਬਦਾਲੀ ਨੇ ਸ਼ਾਹੀ ਫੌਜ ਉਤੇ ਵਧੀਕ ਜ਼ੋਰ ਸ਼ੋਰ ਨਾਲ ਹੱਲਾ ਬੋਲਿਆ ਤੇ ਉਸ ਨੂੰ ਹੋਰ ਵੀ ਪੈਰੋਂ ਕਢ ਦਿਤਾ ।

## ਵਜ਼ੀਰ ਦੇ ਪੁਤ੍ਰ ਮੀਰ ਮਨੂੰ ਦੀ ਵਰਿਆਮਗੀ

ਪਰ ਮਨੂੰ ਰਣ ਤੱਤੇ ਵਿਚ ਪੂਰੀ ਦਰਿੜਤਾ ਨਾਲ ਡਟਿਆ ਰਿਹਾ । ਉਸਨੇ ਆਪਣੀ ਵਰਿਆਮਗੀ ਤੇ ਦਲੇਰੀ ਨਾਲ ਸਫਦਰ ਜੰਗ ਦੀ ਫੌਜ ਨੂੰ ਤੇ ਇਤਿਹਾਦੀ ਫੌਜਾਂ ਨੂੰ ਮੁੜ ਜਥੇਬੰਦ ਕੀਤਾ । ਇਹਨਾਂ ਦੀ ਸਹਾਇਤਾ ਨਾਲ ਉਸ ਨੇ ਮੁੜ ਐਨੇ ਜ਼ੋਰ ਦਾ ਹੱਲਾ ਬੋਲਿਆ ਕਿ ਦੁਰਾਨੀ ਫ਼ੌਜਾਂ ਦਾ ਕੇਂਦਰ ਟੁਟ ਗਿਆ । ਅਤੇ ਉਹਨਾਂ ਦੀ ਫੌਜ ਵਿਚ ਹਫੜਾ ਦਫੜੀ ਪੈ ਗਈ । ਠੀਕ ਇਸ ਸਮੇਂ ਦੁਰਾਨੀਆਂ ਨੇ ਵਰਤੋਂ ਨਾ ਜਾਣਦੇ ਹੋਏ ਵੀ ਉਹ ਹਿੰਦੀ ਹਵਾਈਆਂ ਚਲਾ ਦਿਤੀਆਂ, ਜੋ ਉਹਨਾਂ ਨੇ ਸ਼ਾਹ ਨਵਾਜ਼ ਦੇ ਸ਼ਸਤਰ ਘਰ ਲਾਹੌਰ ਵਿਚੋਂ ਭਾਰੀ ਗਿਣਤੀ ਵਿਚ ਪ੍ਰਾਪਤ ਕੀਤੀਆਂ ਸਨ । ਇਹਨਾਂ ਦੀ ਵਰਤੋਂ ਉਹਨਾਂ ਨੇ ਐਸੇ ਢੰਗ ਨਾਲ ਕੀਤੀ ਕਿ ਉਹਨਾਂ ਦੇ ਆਪਣੇ ਆਦਮੀ ਹੀ ਇਹਨਾਂ ਦਾ ਬੁਰੀ ਤਰ੍ਹਾਂ ਸ਼ਿਕਾਰ ਬਣ ਗਏ।

## ਅਬਦਾਲੀ ਬਾਦਸ਼ਾਹ ਦੀ ਹਾਰ

ਉਹਨਾਂ ਦੇ ਬਾਜ਼ੂ ਧੂੰ ਨਾਲ ਢਕੇ ਗਏ ਇਸ ਕਰਕੇ ਉਹਨਾਂ ਦੀ ਫ਼ੌਜ ਵਿਚ ਪਈ ਹੋਈ ਹਫੜਾ ਦਫੜੀ ਦਾ ਮੀਰ ਮਨੂੰ ਨੇ ਪੂਰਾ ਪੂਰਾ ਲਾਭ ਉਠਾਇਆ ਅਤੇ ਇਕ ਵੱਡਾ ਹੱਲਾ ਬੋਲ ਕੇ ਜੰਗ ਦੇ ਮਦਾਨ ਦਾ ਮਾਲਕ ਆਪ ਬਣ ਗਿਆ । ਮੈਦਾਨਿ ਜੰਗ ਦੁਰਾਨੀ ਮੁਰਦਿਆਂ ਤੇ ਫਟੜਾਂ ਨਾਲ ਭਰ ਗਿਆ । ਦੁੱਰਾਨੀ ਸਿਰ ਤੇ ਪੈਰ ਰਖਕ ਨਸ ਤੁਰੇ ਅਤੇ ਪੂਰੇ ਦਸ ਮੀਲ ਤੀਕ ਹਿੰਦੀ ਫੌਜਾਂ ਨੇ ਉਹਨਾਂ ਦਾ ਪਿੱਛਾ ਕੀਤਾ । ਸ਼ਾਹੀ ਹਾਥੀਆਂ ਨੇ ਉਹਨਾਂ ਦੇ ਸਾਰੇ ਮੋਰਚੇ ਤੋੜ ਕੇ ਰਖ ਦਿਤੇ । ਜੰਗ ਵਿਚ ਦੋਵਾਂ ਧਿਰਾਂ ਦਾ ਬੜਾ ਭਾਰੀ ਅਤੇ ਇਕੋ ਜਿਹਾ ਨੁਕਸਾਨ ਹੋਇਆ ਪਰ ਇਸ ਮੌਕੇ ਉਤੇ ਮਨੂੰ ਨੇ ਵਰਿਆਮਗੀ ਭਰਪੂਰ ਕਾਰਨਾਮਿਆਂ ਨੇ ਧਾਕ ਪਾ ਦਿਤੀ ਤੇ ਮੈਦਾਨ ਮੁਗਲਾਂ ਦੇ ਹਥ ਰਿਹਾ ।

## ਦੁੱਰਾਨੀ ਦੀ ਵਤਨ ਨੂੰ ਵਾਪਸੀ ੧੭੪੯ ਈ:

ਬਹਾਦਰ ਮਨੂੰ ਨੇ ਦੁਰਾਨੀਆਂ ਨੂੰ ਇਸ ਲੜਾਈ ਵਿਚ ਉਹ ਕਰੜੀ ਸੱਟ ਲਾਈ ਕਿ ਦੁੱਰਾਨੀ ਬਾਦਸ਼ਾਹ ਨੇ ਹਿੰਦੀ ਰਾਜ ਨੂੰ ਜਿਤਨ ਦੇ ਸਭ ਇਰਾਦੇ ਦਿਮਾਗ ਵਿਚੋਂ ਬਾਹਰ ਕੱਢ ਦਿਤੇ । ਉਸਨੇ ਹਾਰ ਖਾਕੇ ਦਰਿਆ ਅਟਕ ਪਾਰ ਕੀਤਾ ਤੇ ਫੇਰ ਮੁੜਕੇ ਕਦੇ ਹਿੰਦ ਉਤ ਹਮਲਾ ਕਰਨ ਦਾ ਨਾਮ ਨਾ ਲਿਆ ।

()ਰਾਜਪਤ ਇਸ ਮੌਕੇ ਉਤੇ ਕੇਸਰੀ ਬਾਣਾ ਪਾਕੇ ਆਏ ਹੋਏ ਸਨ । ਜਦ ਕਿਸੇ ਰਾਜਪੂਤ ਨੂੰ ਰਣ ਤਤੇ ਵਿਚ ਇਹੋ ਜਿਹੀ ਪੁਸ਼ਾਕ ਧਾਰਨ ਕੀਤੀ ਹੋਵੇ ਉਸਦਾ ਮਤਲਬ ਇਹ ਹੁੰਦਾ ਸੀ ਕਿ ਉਸਨੇ ਮਦਾਨ ਜੰਗ ਵਿਚ ਹੀ ਜੂਜਣ ਦਾ ਪ੍ਰਣ ਧਾਰਿਆ ਹੋਇਆ ਹੈ । ਇਸ ਗਲ ਦੇ ਬਾਵਜਦ ਈਸ਼ਰ ਸਿੰਘ ਦੇ ਮਾਤਹਿਤ ਫੌਜ ਸਿਰ ਤੇ ਪੈਰ ਰਖ ਕੇ ਨਸੀ ਤੇ ਉਸਨੇ ਜੇਪੁਰ ਪਹੁਚ ਕੇ ਹੀ ਸਾਹ ਲਿਆ ।

## ਸਿੱਖਾਂ ਨੇ ਅਬਦਾਲੀ ਦੀ ਫੌਜ ਨੂੰ ਲੁਟਣਾ

ਸਿਖ ਵੀ ਇਸ ਕਾਰਵਾਈ ਨੂੰ ਗਹੁ ਨਾਲ ਵੇਖ ਰਹੇ ਸਨ । ਉਹਨਾਂ ਨੇ ਨਸੀ ਜਾਂਦੀ ਦੁਰਾਨੀ ਫੌਜ ਦੇ ਪਿਛਲੇ ਭਾਗ ਉਤੇ ਹਮਲੇ ਕਰਕੇ ਉਹਨਾਂ ਦਾ ਮਾਲ ਅਸਬਾਬ ਲੁਟ ਲਿਆ । ਇਉਂ ਪੰਜਾਬ ਮੁੜ ਮੁਗਲਾਂ ਦੇ ਕਾਬੂ ਆ ਗਿਆ ।

## ਮੀਰ ਮਨੂੰ ਪੰਜਾਬ ਦਾ ਗਵਰਨਰ

ਸੁਵਰਗੀ ਵਜ਼ੀਰ ਦੇ ਪੁਤਰ ਮੀਰ ਮਨੂੰ ਨੂੰ ਜੰਗ ਵਿਚ ਅਦੁਤੀ ਬਹਾਦਰੀ ਤੇ ਸੂਰਬੀਰਤਾ ਦਖੌਣ ਬਦਲੇ ਦਿਲੀ ਦੀ ਸ਼ਾਹੀ ਗੌਰਮਿੰਟ ਨੇ ਲਾਹੌਰ ਤੇ ਮੁਲਤਾਨ ਦੀ ਗਵਰਨਰੀ ਸਪੁਰਦ ਕਰ ਦਿਤੀ ਤੇ ਉਹ ਮੁਈਨ ਉਲ ਮੁਲਕ ਦੇ ਉਪਨਾਮ ਨਾਲ ਗਵਰਨਰੀ ਕਰਨ ਲਗਾ

## ਵਜ਼ੀਰ ਦੀ ਮੌਤ ਉਤੇ ਸ਼ਹਨਸ਼ਾਹ ਦਾ ਰੰਜ

ਸ਼ਹਿਨਸ਼ਾਹ ਨੂੰ ਆਪਣੇ ਵਜ਼ੀਰ ਕਮਰ ਉਦ ਦੀਨ ਨਾਲ ਦਿਲੀ ਪਿਆਰ ਸੀ ਕਿਉਂਕਿ ਉਸੇ ਦੀਆਂ ਸਲਾਹਾਂ ਨਾਲ ਉਹ ਰਾਜ ਪ੍ਰਬੰਧ ਚਲਾਉਂਦਾ ਸੀ । ਬਾਦਸ਼ਾਹ ਨੂੰ ਆਪਣੇ ਵਜ਼ੀਰ ਉਤੇ ਪੂਰਾ ਪੂਰਾ ਭਰੋਸਾ ਸੀ । ਵਜ਼ੀਰ ਦੀ ਮੌਤ ਦੀ ਖਬਰ ਸੁਣ ਕੇ ਸ਼ਹਨਸ਼ਾਹ ਭੁਬਾਂ ਮਾਰ ਕੇ ਰੋਇਆ । ਉਹਨੂੰ ਇਸ ਮੌਤ ਦਾ ਐਨਾ ਗਮ ਸੀ ਕਿ ਉਹ ਕੋਈ ਕੰਮ ਨ ਕਰ ਸਕਿਆ । ਆਪਣੇ ਇਕਾਂਤ ਕਮਰੇ ਵਿਚ ਜਾ ਕੇ ਸਾਰੀ ਰਾਤ ਬੇਚੈਨੀ ਨਾਲ ਕੱਟੀ । ਦੂਜੇ ਭਲਕ ਸਵੇਰੇ ਜਦ ਉਹ ਸਦਾ ਵਾਂਗ ਰਾਜ ਗੱਦੀ ਉਤੇ ਬੈਠਾ ਤਾਂ ਰਾਜ ਦੇ ਉਮਰਾ ਮਾਤਮ ਪੁਰਸੀ ਲਈ ਆਏ। ਉਹਨਾਂ ਨੇ ਸੁਵਰਗੀ ਵਜ਼ੀਰ ਦੇ ਗੁਣਾਂ ਦੀ ਬੜੀ ਪ੍ਰਸੰਸਾ ਕੀਤੀ । ਇਸ ਚਾਪਲੂਸੀ ਤੇ ਬਾਦਸ਼ਾਹ ਦਾ ਗਮ ਫੇਰ ਤਾਜਾ ਹੋ ਗਿਆ । ਉਹ ਆਖਣ ਲਗਾ—ਜ਼ਾਲਮ ਕਿਸਮਤ ਨੇ ਇਸ ਬ੍ਰਿਧ ਅਵਸਥਾ ਵਿਚ ਮੇਰਾ ਲੱਕ ਤੋੜ ਦਿਤਾ ਹੈ । ਇਹੋ ਜਿਹਾ ਵਫਦਾਰ* ਵਜ਼ੀਰ ਹੁਣ ਮੈਨੂੰ ਕਿਥੋਂ ਮਿਲਣਾ ਹੈ ।

*ਦੀਵਾਨ ਅਮਰ ਨਾਥ ਨੇ "ਤਾਰੀਖ ਖਾਲਸਾ" ਲਿਖੀ ਜਿਸਦਾ ਅਸਲ ਖਰੜਾ ਮੈਨੂੰ ਉਸਦੇ ਸਪੁਤ੍ਰ ਦੀਵਾਨ ਰਾਮ ਨਾਥ ਨੇ ਦਖਾਇਆ ਸੀ । ਉਸ ਵਿਚ ਨਵਾਬ ਕਮਰ ਉਦ ਦੀਨ ਦੀ ਮੌਤ ਬਾਰੇ ਹੇਠ ਲਿਖੀ ਸੁਵਾਦਲੀ ਲਿਖਤ ਦਰਜ ਸੀ ਜੋ ਮੈਂ ਉਸ ਪੁਸਤਕ ਵਿਚੋਂ ਨਕਲ ਕਰਦਾ ਹਾਂ :—

نواب قمر الدین خان دوران زمانیکہ بوظائف یار حق
1141
مواظبت داشت بضرب
1141
گلولہ جان بحق سپرد - آہ وزیر الممالک بہادر
1141 1141
شہید گردید - دھلی ذاب شدہ
و قمر عالم رخت- زهی نواب قمر الدین خانؒ- تاریخ
وفاتش یافتند - و محمد شاہ
چنیکہ این خبر شنید این بیت هندی بدلیہ بر
زبان آورد -

بن جلکے ہم کو نیند نہ آتی تھی سوگئے
جو دیکھ ہم کو ھنستے تھے سو آخر کو رو گئے

ਅਰਥਾਤ-ਨਵਾਬ ਕਮਰ ਉਦ ਦੀਨ ਨੂੰ ਤੋਪ ਦਾ ਗੋਲਾ ਉਦੋਂ ਲਗਾ ਜਦ ਉਹ ਨਮਾਜ਼ ਪੜ੍ਹ ਰਿਹਾ ਸੀ ਅਤੇ ਉਹ ਉਥੇ ਹੀ ਸ਼ਹੀਦ ਹੋ ਗਿਆ । ਉਸਦੀ ਮੌਤ ਦਾ ਸੰਨ ਇਹਨਾਂ ਲਫ਼ਜ਼ਾਂ ਤੋਂ ਬਣਦਾ ਹੈ-"ਆਹ ! ਨਵਾਬ ਕਮਰ ਉਦ ਦੀਨ" ਬਾਦਸ਼ਾਹ ਮੁਹੰਮਦ ਸ਼ਾਹ ਨੇ ਜਦ ਉਸਦੀ ਮੌਤ ਦੀ ਖਬਰ ਸੁਣੀ ਤਦ ਉਸਦੇ ਮੂੰਹੋਂ ਸੁਤੇ ਸੁਧ ਕਵਿਤਾ ਨਿਕਲ ਗਈ :-

"ਬਿਨ ਜਿਣਕੇ ਹਮ ਕੋ ਨੀਂਦ ਨ ਆਤੀ ਥੀ ਸੋ ਗਏ—ਜੋ ਦੇਖ ਹਮਕੋ ਹੰਸਤੇ ਥੇ ਸੋ ਆਖਿਰ ਕੋ ਰੋ ਗਏ"

## ਸ਼ਹਿਨਸ਼ਾਹ ਮੁਹੰਮਦ ਸ਼ਾਹ ਦੀ ਮੌਤ ੧੭੪੮

ਉਪ੍ਰੋਕਤ ਲਫ਼ਜ਼ ਉਸ ਦੇ ਮੂੰਹੋ ਉਦੋਂ ਨਿਕਲੇ ਜਦ ਉਸ ਨੇ ੧੪ ਅਪ੍ਰੈਲ ੧੭੪੯ ਈਸਵੀ ਨੂੰ ਸਵੇਰ ਵੇਲੇ ੨੫ ਸਾਲ ਰਾਜ ਕਰਨ ਮਗਰੋਂ ਆਪਣੀ ਅੰਤਮ ਹਿਚਕੀ ਲਈ।

## ਉਸ ਦੀ ਜ਼ਾਤ ਤੇ ਚਲਨ

ਮੁਹੰਮਦ ਸ਼ਾਹ ਆਪਣੀ ਜਵਾਨੀ ਦੇ ਸਮੇਂ ਪੀਡੇ ਸਰੀਰ ਤੇ ਚੰਗੀ ਸੋਝੀ ਵਾਲਾ ਗਭਰੂ ਸੀ। ਉਹ ਸ਼ਿਕਾਰ ਅਤੇ ਪੋਲੋ ਖੇਲਣ ਦਾ ਬੜਾ ਸ਼ੌਕੀ ਸੀ ਪਰ ਉਸ ਨੂੰ ਦਿਲ ਦੀ ਬੀਮਾਰੀ ਲੱਗੀ ਹੋਈ ਸੀ। ਆਪਣੇ ਅੰਤਲੇ ਦਿਨਾਂ ਵਿਚ ਅਫੀਮ ਤੇ ਹੋਰ ਨਸ਼ੀਆਂ ਦੀ ਵਰਤੋਂ ਵੀ ਸ਼ੁਰੂ ਕਰ ਦਿਤੀ ਜਿਨ੍ਹਾਂ ਨੇ ਉਸ ਦੇ ਸ਼ਰੀਰ ਨੂੰ ਨਿਰਬਲ ਬਣਾ ਦਿਤਾ।

ਮੁਹੰਮਦ ਸ਼ਾਹ ਦੀ ਮੌਤ ਸਮੇਂ ਉਸਦਾ ਵਲੀ ਅਹਿਦ ਸ਼ਾਹਜ਼ਾਦਾ ਅਹਿਮਦ ਸਰਹਿੰਦ ਵਿਚ ਆਪਣੀ ਫੌਜ ਵਿਚ ਸੀ। ਸ਼ਹਿਨਸ਼ਾਹ ਦੀ ਇਕ ਬੇਵਾ ਮਲਕਾ ਜ਼ਮਾਨੀਨੇ ਜੋ ਫਰਖਸੀਅਰ ਦੀ ਧੀ ਸੀ ਜੋਸ਼ ਨੂੰ ਮੱਠਿਆਂ ਕਰਨ ਲਈ ਗਾਜ਼ੀ ਉਦਦੀਨ ਅਤੇ ਦੂਜੇ ਉਮਰਾ ਨੂੰ ਜ਼ੋਰ ਦਿਤਾ ਕਿ ਜਦ ਤੀਕ ਸ਼ਾਹਜ਼ਾਦਾ ਏਥੇ ਨਹੀਂ ਪੁਜ ਜਾਂਦਾ ਓਨਾਂ ਚਿਰ ਬਾਦਸ਼ਾਹ ਦੀ ਮੌਤ ਦੀ ਖਬਰ ਨੂੰ ਬਾਹਿਰ ਕਢਿਆ ਜਾਏ। ਮ੍ਰਿਤ ਸ਼ਹਿਨਸ਼ਾਹ ਦੀ ਲਾਸ਼ ਇਕ ਲੰਮੇ ਲਕੜੀ ਦੇ ਬਕਸੇ ਵਿਚ ਰਖੀ ਗਈ। ਫੇਰ ਉਹ ਇਕ ਕਪੜੇ ਵਿਚ ਲਪੇਟ ਕੇ ਥੋੜੇ ਸਮੇਂ ਲਈ ਹਯਾਤ ਬਖਸ਼ ਦੇ ਬਾਗ* ਵਿਚ ਦਫਨ ਕੀਤੀ ਗਈ।

## ਉਸਦੀ ਔਲਾਦ

ਸ਼ਹਿਨਸ਼ਾਹ ਆਪਣੇ ਪਿਛੇ ਇਕ ਸਪੁਤ੍ਰ ਮਿਰਜ਼ਾ ਸੁਲਤਾਨ ਅਹਿਮਦ ਅਤੇ ਇਕ ਪੁਤਰੀ ਹਜ਼ਰਤ ਬੇਗਮ ਛਡ ਗਿਆ। ਸ਼ਾਹਜ਼ਾਦਾ ਸੁਲਤਾਨ ਅਹਿਮਦ, ਨੇ ਆਪਣੇ ਪਿਤਾ ਦੀ ਮੌਤ ਦੀ ਖਬਰ ਸੁਣਕੇ ਤੁਰਤ ਦਿਲੀ ਵਲ ਤੁਰ ਪਿਆ ਅਤੇ ਪੰਜਾਬ ਦਾ ਰਾਜਪ੍ਰਬੰਧ ਨਿਜ਼ਾਮ ਉਲ ਮੁਲਕ ਦੇ ਹੱਥ ਸੌਂਪ ਆਇਆ।

---

# ਪਰਕਰਨ—੨੪

# ਮਜਾਹਦ ਉਦ ਦੀਨ ਅਬੁਲ ਨਾਸਿਰ ਅਹਿਮਦ ਸ਼ਾਹ

## ਅਹਮਦ ਸ਼ਾਹ ਦੇ ਬਾਦਸ਼ਾਹ ਬਣਨ ਦਾ ਐਲਾਨ ੧੭੪੮ ਈ:

ਆਪਣੇ ਪਿਤਾ ਦੀ ਮੌਤ ਦੇ ਇਕ ਹਫਤਾ ਪਿਛੋਂ ਹੀ ਅਹਿਮਦ ਸ਼ਾਹ ਦੇ ਸਿਰ ਉਤੇ ਸ਼ਾਹੀ ਛਤਰ ਰਖਿਆ ਗਯਾ ਤੇ ਉਸ ਦੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿਤਾ ਗਿਆ। ਤਖਤ ਉਤੇ ਬੈਠ ਕੇ ਅਹਿਮਦ ਸ਼ਾਹ ਨੇ ਆਪਣਾ ਉਪਨਾਮ ਰਖਿਆ—ਮਜਾਹਦ ਉਦਦੀਨ ਅਬੁਲ ਨਾਸਿਰ ਅਹਿਮਦ ਸ਼ਾਹ ਗਾਜ਼ੀ। ਗਦੀ ਨਸ਼ੀਨੀ ਦੀ ਰਸਮ ਪਾਣੀਪਤ ਦੇ ਅਸਥਾਨ ਤੇ ੨ ਜਮਾਦੀ ਉਲ ਅਵਲ ੧੧੬੧ ਹਿਜਰੀ (ਜਾਂ ੧੮ ਅਪਰੈਲ ੧੭੪੮ ਈ:) ਨੂੰ ਹੋਈ।

## ਸਫਦਰ ਜੰਗ ਵਜ਼ੀਰ ਲਾਇਆ ਗਿਆ

ਅਬੁਲ ਮਨਸੂਰ ਖਾਨ ਸਫਦਰ ਜੰਗ, ਜੋ ਸੁਆਦਤ ਖਾਨ ਵਾਇਸਰਾਏ ਅਵਧ ਦਾ ਭਤੀਜਾ ਤੇ ਜਵਾਈ ਸੀ ਵਜ਼ੀਰ ਥਾਪਿਆ ਗਿਆ, ਭਾਵੇਂ ਵਜ਼ੀਰ ਦੇ ਬਹੁਤ ਸਾਰੇ ਅਧਿਕਾਰਾਂ ਦੀ ਵਰਤੋਂ ਰਾਜਮਾਤਾ ਹੀ ਕਰਦੀ ਸੀ।

## ਰਾਜ ਮਾਤਾ

ਰਾਜ ਮਾਤਾ ਅਸਲ ਵਿਚ ਹਿੰਦੂ ਨਾਚੀ ਸੀ ਓਹ ਅਹਿਮਦ ਸ਼ਾਹ ਦੇ ਹਰਮ ਵਿਚ ਉਸਦੇ ਰਾਜ ਦੇ ਅਰੰਭ ਵਿਚ ਹੀ ਦਾਖਿਲ ਹੋਈ ਤੇ ਉਸ

---

*ਪਿਛੋਂ ਮੁਹੰਮਦ ਸ਼ਾਹ ਦੀ ਲਾਸ਼ ਹਯਾਤਬਖਸ਼ ਦੇ ਬਾਗ ਵਿਚੋਂ ਕਢ ਕੇ ਨਿਜ਼ਾਮ ਉਦਦੀਨ ਦੇ ਹੌਜ਼ ਦੇ ਅਹਾਤੇ ਵਿਚ ਦਫਨਾਈ ਗਈ। ਸ਼ਾਹਜ਼ਾਦਾ ਅਹਿਮਦ ਨੇ ਰਾਜ ਗੱਦੀ ਉਤੇ ਬੈਠ ਕੇ ਆਪਣੇ ਮਾਪਿਆਂ ਨੂੰ 'ਹਜ਼ਰਤ ਫਿਰਦੌਸ ਅਰਾਮਗਾਹ' ਦਾ ਉਪਨਾਮ ਦਿਤਾ।

Sri Satguru Jagjit Singh Ji eLibrary NamdhariElibrary@gmail.com

ਨੂੰ ਉਮਦ ਬਾਈ ਦਾ ਉਪਨਾਮ ਦਿਤਾ ਗਿਆ। ਪਿਛੋਂ ਉਹ ਬਾਈ ਜੀਆਂ ਸਾਹਿਬਾਂ ਦੇ ਨਾਮ ਨਾਲ ਪ੍ਰਸਿੱਧ ਹੋਈ ਤੇ ਫੇਰ ਉਸਦਾ ਨਾਮ ਸਾਹਿਬ ਜੀ ਸਾਹਿਬਾਂ ਹੋ ਗਿਆ। ਵਲੀ ਅਹਿਮਦ ਦੀ ਮਾਤਾ ਬਣ ਜਾਣ ਤ ਉਸਨੇ ਅਪਣਾ ਉਪਨਾਮ ਨਵਾਬ ਕੁਦਸੀਆ ਬੇਗਮ ਰਖ ਲਿਆ।

## ਜਾਵੇਦ ਖਾਨ ਖਵਾਜਾ ਸਰਾ ਦਾ ਪਰਭਾਵ

ਉਸ ਤੀਵੀਂ ਉਤੇ ਵੱਡੇ ਖਵਾਜਾ ਸਰਾ ਜਾਵੇਦ ਖਾਨ ਦਾ ਬੜਾ ਪਰਭਾਵ ਸੀ। ਜਾਵੇਦ ਖਾਂ ਦੀ ਉਮਰ ਪੰਜਾਹ ਸਾਲ ਦੇ ਲਗ ਪਗ ਸੀ ਪਰ ਪੜ੍ਹਨ ਲਿਖਣ ਵਿਚ ਇਲ ਦਾ ਨਾਂ ਕੋਕੋ ਵੀ ਨਹੀਂ ਸੀ ਜਾਣਦਾ। ਉਸ ਨੂੰ ਨਵਾਬ ਬਹਾਦਰ ਦਾ ਖਤਾਬ ਦੇਕੇ ੨ ਹਜ਼ਾਰ ਦੇ ਮਨਸਬ ਉਤੇ ਬਿਠਾ ਦਿਤਾ। ਉਸ ਨੇ ਅਹਿਮਦ ਸ਼ਾਹ ਦੀ ਮਾਤਾ ਦੀ ਸਲਾਹ ਨਾਲ ਰਾਜ ਕਾਜ ਦਾ ਕੰਮ ਵੀ ਸੰਭਾਲ ਲਿਆ। ਨਵਾਂ ਸ਼ਹਿਨਸ਼ਾਹ ਹਰਮ ਦੀ ਸੁਖ ਰਹਿਣੇ ਜੀਵਨ ਵਿਚ ਪਲਕੇ ਜਵਾਨ ਹੋਇਆ। ਉਸ ਨੂੰ ਸਰਕਾਰੀ ਕੰਮ ਦਾ ਕੋਈ ਤਜਰਬਾ ਨਹੀਂ ਸੀ ਇਸ ਲਈ ਉਹ ਰੰਗ ਰਲੀਆਂ ਵਿਚ ਪੈ ਗਿਆ।

## ਨਵੇਂ ਸ਼ਹਿਨਸ਼ਾਹ ਦੀਆਂ ਰੰਗ ਰਲੀਆਂ

ਉਹ ਆਪਣਾ ਸਾਰਾ ਸਮਾਂ ਖੇਲ ਕੁਦ, ਸ਼ਿਕਾਰ, ਭੋਗ ਬਿਲਾਸ ਤੇ ਰੰਗ ਰਲੀਆਂ ਵਿਚ ਨਾਸ਼ ਕਰਨ ਲਗ ਪਿਆ, ਇਹ ਭੈੜੀਆਂ ਵਾਦੀਆਂ ਉਸ ਨੂੰ ਮਾਪਿਆਂ ਵਲੋਂ ਹੀ ਵਿਰਸੇ ਵਿਚ ਪ੍ਰਾਪਤ ਹੋਈਆਂ ਸਨ। ਉਸ ਨੇ ਆਪਣੇ ਜ਼ਨਾਨੇ ਵਿਚ ਇਕ ਮੀਲ ਦਾ ਹੋਰ ਵਾਧਾ ਕਰ ਲਿਆ। ਉਹ ਮਹੀਨਾ ਮਹੀਨਾ ਤੇ ਦੋ ਦੋ ਮਹੀਨੇ ਤੀਕ ਬਾਗਾਂ ਵਿਚ ਹੀ ਰਹਿਕੇ ਗੁਜ਼ਾਰ ਦੇਂਦਾ ਤੇ ਹਫਤਿਆਂ ਬੱਧੀ ਕਿਸੇ ਮਨੁਖ ਦੇ ਮੱਥੇ ਨ ਲਗਦਾ।

## ਮੀਰ ਮਨੂੰ ਦਾ ਪੰਜਾਬ ਉਤੇ ਫੁਲਾਦੀ ਰਾਜ

ਅਹਿਮਦ ਸ਼ਾਹ ਦੇ ਰਾਜ ਦੇ ਆਰੰਭਕ ਸਮੇਂ ਵਿਚ ਪੰਜਾਬ ਅੰਦਰ ਅਮਨ ਤੇ ਖੁਸ਼ਹਾਲੀ ਦਾ ਦੌਰ ਜਾਰੀ ਰਿਹਾ। ਸੂਬੇ ਦਾ ਨਵਾਂ ਗਵਰਨਰ ਮੀਰ ਮੁਈਨ ਉਲ ਮੁਲਕ ਬੜਾ ਜੋਸ਼ੀਲਾ ਹਾਕਮ ਸੀ। ਉਸ ਨੇ ਕੌੜਾ ਮਲ ਨੂੰ ਆਪਣਾ ਜੁਡੀਸ਼ਲ ਦੀਵਾਨ ਤੇ ਡਿਪਟੀ ਬਣਾਈ ਰਖਿਆ ਅਤੇ ਤਜਰਬੇਕਾਰ ਅਦੀਨਾਬੇਗ ਖਾਨ ਦੀ ਮੁਲਾਜ਼ਮਤ ਵੀ ਜਾਰੀ ਰਖੀ ਜਿਸ ਨੇ ਜਾਲੰਧਰ ਦੁਆਬਾ ਦਾ ਪ੍ਰਬੰਧ ਬੜੀ ਸੂਝ ਤੇ ਨਿਆਂ ਨਾਲ ਕੀਤਾ। ਠੀਕ ਇਸ ਸਮੇਂ ਸਿੱਖਾਂ ਨੇ ਫੇਰ ਖਰੂਦ ਮਚਾਇਆ। ਅਬਦਾਲੀ ਦੇ ਹਮਲੇ ਵਲ ਸਾਰੇ ਰਾਜ ਦੀਆਂ ਅੱਖਾਂ ਲਗੀਆਂ ਹੋਈਆਂ ਸਨ।

## ਸਿੱਖ ਵਧੇਰੀ ਤਾਕਤ ਨਾਲ ਮੁੜ ਪ੍ਰਗਟ ਹੋਏ

ਸਿੱਖ ਤੇ ਇਹੋ ਜਿਹੇ ਸਮੇਂ ਦੀ ਤਾੜ ਵਿਚ ਸਨ। ਉਹਨਾਂ ਨੇ ਆਪਣੀ ਗਿਣਤੀ ਵਿਚ ਹੋਰ ਵੀ ਵਾਧਾਂ ਕਰ ਲਿਆ ਅਤੇ ਨਵੇਂ ਸਿਰੇ ਸਰਕਾਰੀ ਇਲਾਕੇ ਉਤੇ ਛਾਪੇ ਮਾਰਨੇ ਆਰੰਭ ਦਿਤੇ। ਉਹਨਾਂ ਨੇ ਇਕ ਵਾਰ ਫੇਰ ਅੰਮ੍ਰਿਤਸਰ ਦੇ ਪਵਿਤਰ ਸਰੋਵਰ ਤੇ ਹਰਿ ਮੰਦਰ ਦੀ ਯਾਤਰਾ ਕਰਨੀ ਆਰੰਭ ਕਰ ਦਿਤੀ। ਉਹਨਾਂ ਦੇ ਹੌਸਲੇ ਇਥੋਂ ਤੀਕ ਵਧ ਗਏ ਕਿ ਉਹਨਾ ਨੇ ਇਕ ਕੱਚਾ ਕਿਲਾ ਵੀ ਉਸਾਰ ਲਿਆ ਜਿਸ ਨੂੰ ਉਹਨਾਂ ਰਾਮ ਰਾਉਣੀ ਦਾ ਨਾਮ ਦਿਤਾ। ਇਹੋ ਕੱਚਾ ਕਿਲਾ ਹੁਣ ਅੰਮ੍ਰਿਤਸਰ ਦੇ ਪਾਸ ਰਾਮਗੜ੍ਹ ਦੇ ਨਾਮ ਨਾਲ ਪ੍ਰਸਿਧ ਹੈ।

## ਰਾਜ ਵਿਚ ਇਕ ਨਵੇਂ ਰਾਜ ਦਾ ਐਲਾਨ

ਉਹਨਾਂ ਸਿੱਖਾਂ ਵਿਚੋਂ ਜੱਸਾ ਸਿੰਘ ਕਲਾਲ (ਆਹਲੂਵਾਲੀਆ) ਨੇ ਬਹੁਤ ਸਾਰੀ ਤਾਕਤ ਇਕਠੀ ਕਰ ਕੇ ਐਲਾਨ ਕਰ ਦਿਤਾ ਕਿ 'ਖਾਲਸੇ' ਦਾ 'ਦਲ' ਅਰਥਾਤ ਸਿੰਘਾਂ ਦੀ ਫੌਜ ਉਹ ਨਵੀਂ ਸਰਕਾਰ ਹੋਵੇਗੀ ਜਿਹੜੀ ਏਥੇ ਰਾਜ ਕਰੇਗੀ। ਸਿੱਖਾਂ ਦੇ ਜਨੂਨੀ ਜਥੇ ਸਭ ਪਾਸੇ ਹਰਲ ਹਰਲ ਕਰਦੇ ਵਿਖਾਈ ਦੇਣ, ਦੇਸ ਨੂੰ ਲੁਟਣ ਅਤੇ ਲਾਹੌਰ ਦੇ ਆਸ ਪਾਸ ਤੀਕ ਤਬਾਹੀ ਮਚਾਉਣ ਲਗ ਪਏ।

## ਮਨੂੰ ਵਲੋਂ ਉਹਨਾਂ ਦੀ ਸੋਧ

ਪੰਜਾਬ ਵਿਚ ਆਪਣੇ ਪੈਰ ਪੱਕੀ ਤਰ੍ਹਾਂ ਜਮਾ ਕੇ ਮੀਰ ਮਨੂੰ ਨੇ ਸਿੱਖਾਂ ਨੂੰ ਕਰੜੀ ਸਜ਼ਾ ਦੇਣ ਦੇ ਢੰਗ ਸੋਚਣੇ ਸ਼ੁਰੂ ਕੀਤੇ। ਸਭ ਤੋਂ ਪਹਿਲੀ ਕਾਰਵਾਈ ਜੋ ਉਸ ਨੇ ਕੀਤੀ ਉਹ ਸੀ ਰਾਮ ਰਾਉਣੀ ਦੇ ਕਿਲੇ ਉਤੇ ਤੂਫਾਨੀ ਹੱਲਾ। ਸਿੱਖਾਂ ਦੇ ਉਸ ਕਿਲ ਉਤੇ ਕਬਜ਼ਾ ਕਰਨ ਮਗਰੋਂ ਉਸ ਨੂੰ ਢਾਹ ਢੇਰੀ ਕਰ ਦਿਤਾ। ਇਸ ਦੇ ਮਗਰੋਂ ਉਸ ਨੇ ਉਹਨਾਂ ਸਭ ਇਲਾਕਿਆਂ ਵਿਚ ਫੌਜੀ ਚੌਕੀਆਂ ਬਠਾ ਦਿਤੀਆਂ। ਜਿਥੇ ਕਿ ਸਿਖ ਲੁਕ ਛਿਪ ਕੇ ਰਹਿੰਦੇ ਸਨ। ਉਸ ਨੇ ਇਹ ਹੁਕਮ ਜਾਰੀ ਕਰ ਰਖਿਆ ਸੀ ਕਿ ਜਿਥੇ ਵੀ ਕੋਈ ਮਿਲ ਜਾਏ ਉਸ ਨੂੰ ਗ੍ਰਿਫਤਾਰ ਕਰਕੇ ਉਸ ਦੀ ਦਾੜ੍ਹੀ ਤੇ ਕੇਸ ਕਤਲ ਕਰ ਦਿਤੇ ਜਾਣ। ਇਹਨਾਂ ਹੁਕਮਾਂ ਉਤੇ ਬੜੀ ਸਖਤੀ ਨਾਲ ਵਰਤੋਂ ਹੋਣ ਲਗ ਪਈ ਜਿਸ ਕਰਕੇ ਲੋਕਾਂ ਦੇ ਦਿਲਾਂ ਵਿਚ ਫੇਰ ਭਰੋਸਾ ਪੈਦਾ ਹੋ ਗਿਆ, ਸਿਖਾਂ ਦੀ ਤਰੱਕੀ ਰੁਕ ਗਈ। ਗੁਰੂ ਦੇ ਨਾਮ ਲੇਵਾ ਫੇਰ ਜੰਗਲਾਂ ਵਿਚ ਲੁਕ ਛਿਪ ਜਾਣ ਲਈ ਮਜਬੂਰ ਹੋ ਗਏ।

## ਸਿੱਖ ਗ੍ਰਿਫਤਾਰੀ ਹੋ ਗਏ

ਮੀਰ ਮਨੂੰ ਨੇ ਪਹਾੜੀ ਰਾਜਿਆਂ ਦੇ ਨਾਮ ਤਾਕੀਦੀ ਹੁਕਮ ਜਾਰੀ ਕਰ ਦਿਤੇ ਕਿ ਉਹ ਸਿਖਾਂ ਨੂੰ ਗ੍ਰਿਫਤਾਰ ਕਰਕੇ ਤੇ ਹਥਕੜੀਆਂ ਬੇੜੀਆਂ ਵਿਚ ਜਕੜ ਕ ਲਾਹੌਰ ਭੇਜ ਦੇਣ। ਇਹਨਾਂ ਹੁਕਮਾਂ ਦੀ ਪਾਲਨਾ ਕੀਤੀ ਗਈ ਅਤੇ ਸਿਖ ਸੈਂਕੜਿਆਂ ਦੀ ਗਿਣਤੀ ਵਿਚ ਫੜੇ ਹਏ ਹਰ ਰੋਜ਼ ਲਾਹੌਰ ਜਾਣ ਲਗ ਪਏ।

## ਸ਼ਹੀਦ ਗੰਜ ਵਿਚ ਸਿਖਾਂ ਦਾ ਕਤਲ

ਲਾਹੌਰ ਆਉਣ ਵਾਲੇ ਸਿਖਾਂ ਨੂੰ ਨਖਾਸ ਅਰਥਾਤ ਸ਼ਹੀਦ ਗੰਜ ਦੇ ਅਸਥਾਨ ਉਤੇ ਬੜੀ ਨਿਰਦਾਇਤਾ ਨਾਲ ਜ਼ਿਬਾ (ਕਤਲ) ਕੀਤਾ ਜਾਂਦਾ ਸ਼ਹੀਦ ਗੰਜ ਦਿਲੀ ਦਰਵਾਜ਼ੇ ਬਾਹਰ ਹੈ ਸਿਖਾਂ ਦਾ ਇਹ ਬਧ ਬੇਅੰਤ ਲੋਕ ਵੇਖਣ ਆਉਂਦ। ਨੌਜਵਾਨ ਮਨੂੰ ਸਿਖਾਂ ਦਾ ਜਾਨੀ ਵੈਰੀ ਬਣ ਗਿਆ ਅਤੇ ਉਸ ਨੇ ਇਹ ਪ੍ਰਣ ਧਾਰ ਲਿਆ ਕਿ ਉਹ ਸਿਖਾਂ ਦੀ ਕੌਮ ਨੂੰ ਖਤਮ ਕਰਕੇ ਹੀ ਦਮ ਲਵੇਗਾ। ਪਰ ਉਸ ਦੇ ਵਜ਼ੀਰ ਕੌੜਾਂ ਮਲ ਦੀਵਾਨ ਨੇ ਜੋ ਆਪ ਵੀ ਸਿਖ ਸੀ ਉਸ ਨੂੰ ਇਸ ਇਰਾਦੇ ਤੋਂ ਹੋੜ ਦਿਤਾ। ਅਦੀਨਾ ਬੇਗ ਗਵਰਨਰ ਜਾਲੰਧਰ ਦੁਆਬ ਦੀਆਂ ਚਾਲ ਭਰਪੂਰ ਤਦ-ਬੀਰਾਂ ਵੀ ਉਸ ਦੀਆਂ ਸਭ ਵਿਉਂਤਾਂ ਨੂੰ ਅਫਲ ਬਣਾ ਦੇਂਦੀਆਂ ਰਹੀਆਂ। ਅਦੀਨਾ ਬੇਗ ਨੇ ਪਹਿਲੇ ਹੀ ਤਾੜ ਲਿਆ ਸੀ ਕਿ ਇਸ ਲੜਾਕੀ ਕੌਮ ਰਾਹੀਂ ਹੀ ਉਹ ਆਪਣੇ ਲਾਭਾਂ ਦੀ ਸਿਧੀ ਪ੍ਰਾਪਤ ਕਰ ਸਕਦਾ ਹੈ। ਇਸ ਲਈ ਉਸਦਾ ਸਦਾ ਇਹੋ ਜਤਨ ਹੁੰਦਾ ਕਿ ਸਿੱਖ ਉਕਾ ਹੀ ਖਤਮ ਨ ਹੋ ਜਾਣ। ਉਹ ਉਹਨਾਂ ਦੇ ਹਮਲਿਆ ਨੂੰ ਉਸ ਹਦ ਤੀਕ ਹੀ ਸੀਮਤ ਰਖਦਾ ਸੀ ਜਿਥ ਉਹਨਾਂ ਦੀ ਅੰਦਰਲੀ ਹਸਤੀ ਨੂੰ ਖਤਰਾ ਨ ਉਪਜੇ ਅਤੇ ਸਿੱਧੇ ਸਰਕਾਰੀ ਹਾਕਮਾਂ ਨਾਲ ਟਕਰ ਲੈਣ ਦੀ ਨੌਬਤ ਹੀ ਨ ਪੁਜੇ।

ਅਬਦਾਲੀ ਅਹਿਮਦ ਸ਼ਾਹ ਦਰਿਆ ਸਿੰਧ ਪਾਰ ਕਰ ਚੁਕਾ ਸੀ ਅਤੇ ਹਿੰਦੁਸਤਾਨ ਬਾਰੇ ਉਸਨ ਜੋ ਸੁਪਨੇ ਵੇਖੇ ਸਨ ਉਹ ਸਭ ਉਸ ਦੇ ਦਿਮਾਗ ਵਿਚੋਂ ਅਜੇ ਨਿਕਲ ਨਹੀਂ ਸਨ। ਉਹ ਜਦ ਪਹਿਲੇ ਨਾਦਰ ਸ਼ਾਹ ਦੇ ਨਾਲ ਹਿੰਦ ਵਿਚ ਆਇਆ ਤਦ ਇਥੋਂ ਦੇ ਜ਼ਰ ਜਵਾਹਰ ਤੇ ਸੋਨ ਚਾਂਦੀ ਨੂੰ ਵੇਖਕੇ ਉਸ ਦੀਆਂ ਅੱਖਾਂ ਚੁੰਧਿਆਂ ਗਈਆਂ। ਅਤੇ ਉਸ

Sri Satguru Jagjit Singh Ji eLibrary NamdhariElibrary@gmail.com

ਸਮੇਂ ਉਸ ਨੇ ਹਿੰਦ ਉਤੇ ਕਬਜ਼ਾ ਜਮਾਉਣ ਦੇ ਸੁਨਹਿਰੀ ਸੁਪਨੇ ਵੇਖਣੇ ਸ਼ੁਰੂ ਕਰ ਦਿਤੇ। ਉਸ ਸਮੇਂ ਉਸਨੇ ਹਿੰਦੁਸਤਾਨ ਦੇ ਅਖੁਟ ਵਸੀਲਿਆਂ ਨੂੰ ਗਹੁ ਨਾਲ ਵੇਖ ਲਿਆ ਸੀ, ਇਹੋ ਕਾਰਨ ਹੈ ਕਿ ਕੇਵਲ ਇਕੋ ਹਾਰ ਨਾਲ ਉਹ ਆਪਣੇ ਜਿੱਤ ਦੇ ਮਨਸੂਬੇ ਛਡਣ ਲਈ ਤਿਆਰ ਨਹੀਂ ਸੀ।

## ਅਹਿਮਦ ਸ਼ਾਹ ਦਾ ਦੂਜਾ ਹਮਲਾ—੧੭੪੯

ਸੰਨ ੧੭੪੯ ਦੀਆਂ ਬਰਸਾਤਾਂ ਦੇ ਅੰਤ ਵਿਚ ਉਹਨੇ ਫੇਰ ਇਕ ਵਡੀ ਸਾਰੀ ਫ਼ੌਜ ਲੈ ਕੇ ਦਰਿਆ ਸਿੰਧ ਪਾਰ ਕੀਤਾ। ਮਨੂੰ ਦੇ ਰਾਜ ਦੀ ਵਾਗ ਡੋਰ ਸੰਭਾਲਣ ਮਗਰੋਂ ਪੰਜਾਬ ਅੰਦਰ ਜੋ ਸ਼ਾਂਤੀ ਤੇ ਅਮਨ ਦਾ ਦੌਰ ਦਲਾ ਆ ਰਿਹਾ ਸੀ ਇਸ ਨਵੀਂ ਅਫਾਤ ਕਾਰਨ ਉਹ ਤੰਗ ਹੋ ਗਿਆ। ਨੌਜਵਾਨ ਗਵਰਨਰ (ਮਨੂੰ) ਨੇ ਦਿਲੀ ਦਰਬਾਰ ਪਾਸੋਂ ਸਹਾਇਤਾ ਮੰਗੀ ਪਰ ਉਸ ਨੂੰ ਉਥੋਂ ਕੋਈ ਕੁਮਕ ਨ ਪੁਜੀ।

## ਹਮਲਾ ਰੋਕਣ ਲਈ ਮਨੂੰ ਦਾ ਲਾਹੌਰ ਤੋਂ ਕੂਚ

ਮਨੂੰ ਨੇ ਸੋਚਿਆ ਹੁਣ ਵਧੀਕ ਦੇਰੀ ਕਰਨੀ ਖਤਰਨਾਕ ਹੋਵੇਗਾ। ਇਹ ਸੋਚਕੇ ਮਨੂੰ ਜਿੰਨੀ ਫ਼ੌਜ ਮਿਲ ਸਕੀ ਉਸਨੂੰ ਤਿਆਰ ਕਰਕੇ ਲਾਹੌਰ ਇਸ ਮੰਤਵ ਨਾਲ ਅਗੇ ਵਧਿਆ ਤਾਂ ਜੁ ਵੈਰੀ ਨੂੰ ਰਸਤੇ ਵਿਚ ਹੀ ਰੋਕ ਲਏ। ਦਰਿਆ ਚਨਾਬ ਦੇ ਦਖਣੀ ਕੰਢੇ ਉਤੇ ਅਪੜਕੇ ਉਸਨੇ ਸੋਧਰਾ ਦੇ ਅਸਥਾਨ ਉਤੇ ਕੈਂਪ ਲਾ ਲਏ। ਇਥੇ ਉਸ ਨੇ ਤਿੰਨ ਮੋਰਚੇ ਵੀ ਪੁਟ ਲਏ। ਅਹਿਮਦ ਸ਼ਾਹ ਵੀ ਮਾਰੋ ਮਾਰ ਕਰਦਾ ਹੋਇਆ ਆ ਪੁਜਾ। ਜਿਹਲਮ ਅਤੇ ਚਨਾਬ ਨੂੰ ਵੀ ਪਾਰ ਕਰ ਲਿਆ ਅਤੇ ਮਨੂੰ ਦੇ ਕੈਂਪ ਤੋਂ ਕੇਵਲ ਛੀ ਮੀਲ ਰਹਿ ਗਿਆ।

## ਲਾਹੌਰ ਦੇ ਚੁਗਿਰਦ ਦੇ ਵਿਚ ਤਬਾਹੀ

ਜਦ ਫ਼ੌਜਾਂ ਦੋਹ ਨੇੜੇ ਪੁਜੀਆਂ ਤਦ ਉਹਨਾਂ ਵਿਚਾਲੇ ਝੜਪਾਂ ਸ਼ੁਰੂ ਹੋ ਗਈਆਂ। ਮੀਰ ਮਨੂੰ ਨੇ ਆਪਣੇ ਵੈਰੀ ਦੀ ਵਧੇਰੀ ਸ਼ਕਤੀ ਨੂੰ ਤਾੜ ਕੇ ਵਡੀ ਲੜਾਈ ਛੇੜਨ ਤੋਂ ਸੰਕੋਚ ਕਰਨਾ ਹੀ ਯੋਗ ਜਾਤਾ। ਦੁਰਾਨੀਆਂ ਨੇ ਲਾਹੌਰ ਦੇ ਇਰਦ ਗਿਰਦ ਦੇ ਇਲਾਕੇ ਵਿਚ ਲੁਟ ਮਚਾ ਦਿਤੀ।

## ਮਨੂੰ ਨੇ ਦੁਰਾਨੀ ਬਾਦਸ਼ਾਹ ਤੋਂ ਅਮਾਨ ਮੰਗੀ

ਅੰਤ ਮੁਈਨੁ ਉਲ ਮੁਲਕ ਨੇ ਆਪਣੇ ਵਕੀਲ ਦੁਰਾਨੀ ਕੈਂਪ ਵਿਚ ਭੇਜ ਕਿ ਉਹ ਉਥੇ ਪੁਜ ਕੇ ਸੁਲਾਹ ਦੀਆਂ ਸ਼ਰਤਾਂ ਦਾ ਫੈਸਲਾ ਕਰਨ। ਅਹਿਮਦ ਸ਼ਾਹ ਦੁਰਾਨੀ ਦੀ ਇਹ ਹਾਲਤ ਸੀ ਕਿ ਦਰਿਆ ਸਿੰਧ ਦੇ ਦੂਜੇ ਬੰਨੇ ਅਜੇ ਉਸ ਦੀ ਆਪਣੀ ਹਕੂਮਤ ਵੀ ਪੱਕੇ ਪੈਰਾਂ ਉਤੇ ਖੜੀ ਨਹੀਂ ਸੀ ਹੋਈ; ਫੇਰ ਮੀਰ ਮਨੂੰ ਨੇ ਦਲੇਰਾਨਾ ਟਾਕਰਾ ਕਰਕੇ ਸਰਹਿੰਦ ਵਿਚ ਉਸਦੀ ਪੇਸ਼ ਕਦਮੀ ਨੂੰ ਰੋਕਕੇ ਉਸ ਦੇ ਦਿਲ ਉਤੇ ਜੋ ਪ੍ਰਭਾਵ ਪਾਇਆ ਸੀ ਉਸ ਨੂੰ ਮੁਖ ਰਖਕੇ ਅਬਦਾਲੀ ਬਾਦਸ਼ਾਹ ਨੇ ਇਹੋ ਯੋਗ ਸਮਝਿਆ ਕਿ ਉਹ ਇਸ ਸ਼ਰਤ ਨਾਲ ਵਾਪਸ ਮੁੜ ਜਾਏ ਕਿ ਪਸਰੂਰ, ਗੁਜਰਾਤ, ਸਿਆਲਕੋਟ ਅਤੇ ਔਰੰਗਾਬਾਦ ਦੇ ਚਾਰ ਜ਼ਿਲਿਆਂ ਦਾ ਮਾਲੀਆ ਉਸਦੇ ਸਪੁਰਦ ਕੀਤਾ ਜਾਏ।

## ਸੁਲਹ ਦੀਆਂ ਸ਼ਰਤਾਂ

ਇਹ ਇਲਾਕੇ ਜੋ ਪੰਜਾਬ ਦੇ ਉਪਜਾਊ ਖਿਤੇ ਸਨ ਉਸ ਨੂੰ ਉਵੇਂ ਹੀ ਦੇ ਦਿਤੇ ਜਾਣ ਜਿਵੇਂ ਕਿ ਨਾਦਰ ਸ਼ਾਹ ਨੂੰ ਪ੍ਰਾਪਤ ਸਨ ਕਿਉਂਕਿ ਹੁਣ ਨਾਦਰ ਸ਼ਾਹ ਦਾ ਉਹੋ ਵਾਰਸ ਸੀ।

## ਅਹਿਮਦ ਸ਼ਾਹ ਦੀ ਵਾਪਸੀ

ਇਸ ਸ਼ਰਤ ਤੋਂ ਛੁਟ ਗਵਰਨਰ ਨੇ ਇਹ ਗਲ ਵੀ ਪਰਵਾਨ ਕਰ ਲਈ ਕਿ ਉਹ ਅਗੋਂ ਤੋਂ ਹਮਲਾ ਆਵਰ ਦੇ ਨਾਮ ਉਤੇ ਪੰਜਾਬ ਦੀ ਗਵਰਨਰੀ ਕਰੇਗਾ ਅਤੇ ਉਪ੍ਰੋਕਤ ਖਰਾਜ ਸ਼ਾਹ ਨੂੰ ਨਿਯਮ ਅਨੁਸਾਰ ਭੇਜਦਾ ਰਹੇਗਾ।

## ਦਖਣੀ ਅਫਗਾਨ ਕਬੀਲਿਆਂ ਦਾ ਉਸ ਨੂੰ ਬਾਦਸ਼ਾਹ ਮੰਨਣਾ

ਪੰਜਾਬ ਦੇ ਮਾਮਲੇ ਨੂੰ ਇਉਂ ਮਨ ਮਰਜ਼ੀ ਨਾਲ ਨਜਿਠਕੇ ਅਬਦਾਲੀ ਬਾਦਸ਼ਾਹ ਕੰਧਾਰ ਵਲ ਮੋੜੇ ਪਾ ਗਿਆ। ਰਸਤੇ ਵਿਚ ਜਾਂਦਾ ਹੋਇਆ ਡੇਰਾ ਇਸਮਾਇਲ ਖਾਨ, ਡੇਰਾ ਗਾਜ਼ੀ ਖਾਂ ਅਤੇ ਸ਼ਿਕਾਰ ਪੁਰ ਨੂੰ ਵੀ ਸੋਧਦਾ ਗਿਆ। ਹੁਣ ਸਾਰੇ ਦਖਣੀ ਅਫਗਾਨ ਕਬੀਲਿਆਂ ਨੇ ਉਸ ਨੂੰ ਆਪਣਾ ਬਾਦਸ਼ਾਹ ਮੰਨ ਲਿਆ ਸੀ।

## ਦਿਲੀ ਦਰਬਾਰ ਵਿਚ ਮਨੂੰ ਵਿਰੁੱਧ ਸਾਜ਼ਸ਼

ਆਉਣ ਵਾਲੀ ਤੂਫਾਨੀ ਬਲਾ ਨੂੰ ਟਾਲਣ ਕਰਕੇ ਨੌਜਵਾਨ ਮਨੂੰ ਦੀ ਜੋ ਪ੍ਰਸੰਸਾ ਹੋਈ ਉਸ ਨੇ ਦੂਜੇ ਉਮਰਾ ਦੇ ਦਿਲਾਂ ਵਿਚ ਈਰਖਾ ਦੀ ਅਗ ਭੜਕਾ ਦਿਤੀ ਤੇ ਦਿਲੀ ਦੇ ਸ਼ਾਹੀ ਦਰਬਾਰ ਵਿਚ ਉਸ ਵਿਰੁੱਧ ਸਾਜ਼ਸ਼ਾਂ ਸ਼ੁਰੂ ਹੋ ਗਈਆਂ। ਦਰਬਾਰ ਦੇ ਉਮਰਾ ਨੇ ਮੰਨੂੰ ਨੂੰ ਬਦਨਾਮ ਕਰਨਾ ਅਤੇ ਕਠਪੁਤਲੀ ਬਾਦਸ਼ਾਹ ਨੂੰ ਸਲਾਹਵਾਂ ਦੇਣੀਆਂ ਸ਼ੁਰੂ ਕੀਤੀਆਂ ਕਿ ਮੁਲਤਾਨ ਦੀ ਗਵਰਨਰੀ ਸ਼ਾਹ ਨਵਾਜ਼ ਖਾਨ ਦੇ ਸਪੁਰਦ ਕੀਤੀ ਜਾਏ।

## ਮੁਲਤਾਨ ਦੀ ਗਵਰਨਰੀ ਖੁੱਸ ਗਈ

ਜਿਨ੍ਹਾਂ ਉਮਰਾ ਦੇ ਦਿਲਾਂ ਅੰਦਰ ਮਨੂੰ ਦਾ ਡਰ ਸੀ ਉਹਨਾਂ ਵਿਚ ਵਜ਼ੀਰ ਸਫਦਰ ਜੰਗ ਵੀ ਸੀ ਜਿਹੜਾ ਇਸ ਜਤਨ ਵਿਚ ਸੀ ਕਿ ਅਵਧ ਵਿਚ ਆਪਣੀ ਖੁਦ ਮੁਖਤਾਰੀ ਦੀ ਵਿਉਂਤ ਕਢੇ।

## ਸ਼ਾਹ ਨਵਾਜ਼ ਖਾਂ ਮੁਲਤਾਨ ਦਾ ਗਵਰਨਰ

ਇਹਨਾਂ ਸਾਜ਼ਸ਼ਾਂ ਦਾ ਫਲ ਇਹ ਹੋਇਆ ਕਿ ਮੀਰ ਮਨੂੰ ਪਾਸੋਂ ਮੁਲਤਾਨ ਦੀ ਗਵਰਨਰੀ ਖੁਸ ਗਈ ਤੇ ਸ਼ਾਹ ਨਵਾਜ਼ ਖਾਨ ਮੁਲਤਾਨ ਦਾ ਗਵਰਨਰ ਨਿਯਤ ਹੋਇਆ।

## ਮਨੂੰ ਵਲੋਂ ਵਿਰੋਧਤਾ

ਮਨੂੰ ਵੀ ਐਸਾ ਕੱਚਾ ਨਹੀਂ ਸੀ ਜੋ ਸਹਿਜੇ ਹੀ ਆਪਣੇ ਭਤੀਜੇ ਨੂੰ ਆਪਣਾ ਜਾਨਸ਼ੀਨ ਪਰਵਾਨ ਕਰ ਲਏ ਜਿਸ ਨੂੰ ਉਸ ਨੇ ਆਪ ਲਾਹੌਰ ਤੋਂ ਦੂਰ ਪਰੇ ਹਟਾਇਆ ਸੀ। ਆਪਣੇ ਵਸੀਲਿਆਂ ਉਤੇ ਭਰੋਸਾ ਰਖਕੇ ਅਤੇ ਦਿਲੀ ਦੇ ਸ਼ਹਿਨਸ਼ਾਹ ਦੀ ਅਸਮਰਥਾ ਦਾ ਜਾਣੂੰ ਹੋਣ ਕਰਕੇ ਉਸ ਨੇ ਨਵੇਂ ਗਵਰਨਰ ਨਾਲ ਲੋਹਾ ਲੈਣ ਦਾ ਨਿਸਚਾ ਧਾਰ ਲਿਆ ਤੇ ਆਪਣੇ ਵਜ਼ੀਰ ਕੌੜਾ ਮਲ ਨੂੰ ਉਸਦੇ ਟਾਕਰੇ ਲਈ ਫ਼ੌਜ ਦੇਕੇ ਭੇਜ ਦਿਤਾ। ਸ਼ਾਹ ਨਵਾਜ਼ ਵੀ ਆਪਣੀਆਂ ਫ਼ੌਜਾਂ ਇਕਤਰ ਕਰਕੇ ਮੁਲਤਾਨ ਦੀਆਂ ਹਦਾਂ ਵਲ ਵਧਿਆ ਤਾਂ ਜੁ ਦੀਵਾਨ ਕੌੜਾ ਮਲ ਨਾਲ ਦੋ ਦੋ ਹਥ ਕਰ ਵੇਖੇ। ਦੋਵਾਂ ਦੀਆਂ ਫੌਜਾਂ ਵਿਚਾਲੇ ਕਈ ਝੜਪਾਂ ਹੋਈਆਂ ਜਿਨ੍ਹਾਂ ਵਿਚ ਕਦੀ ਇਕ ਧਿਰ ਦੀ ਤੇ ਕਦੇ ਦੂਜੇ ਧਿਰ ਦੀ ਜਿਤ ਹੋ ਜਾਂਦੀ। ਛੀ ਮਹੀਨੇ ਲੜਾਈ ਲਗੀ ਰਹੀ ਅਤੇ ਨਵਾਂ ਗਵਰਨਰ ਪਰੀ ਤਰ੍ਹਾਂ ਡਟਿਆ ਰਿਹਾ।

Sri Satguru Jagjit Singh Ji eLibrary NamdhariElibrary@gmail.com

## ਸ਼ਾਹ ਨਵਾਜ਼ ਨੂੰ ਹਾਰ

ਛੀ ਮਹੀਨੇ ਦੇ ਮਗਰੋਂ ਦੋਵਾਂ ਫੌਜਾਂ ਵਿਚ ਇਕ ਫੈਸਲਾ ਕਰੂ ਲੜਾਈ ਹੋਈ ਜਿਸ ਨੇ ਗਵਰਨਰੀ ਦਾ ਫੈਸਲਾ ਕਰ ਦਿਤਾ। ਇਸ ਲੜਾਈ ਵਿਚ ਨ ਕੇਵਲ ਸ਼ਾਹ ਨਵਾਜ਼ ਹੀ ਕਤਲ ਹੋ ਗਿਆ ਸਗੋਂ ਉਸਦੀ ਸਾਰੀ ਫੌਜ ਵੀ ਖਿੰਡ ਗਈ।

## ਕੌੜਾ ਮਲ ਨੂੰ ਰਾਜਾ ਬਣਾਕੇ ਮੁਲਤਾਨ ਦਾ ਸੂਬੇਦਾਰ ਬਣਾ ਦਿਤਾ ਗਿਆ

ਆਪਣੇ ਪਿਠੂ ਦੀਆਂ ਫ਼ੌਜਾਂ ਨੂੰ ਜੋ ਜਿਤ ਪ੍ਰਾਪਤ ਹੋਈ ਉਸ ਤੋਂ ਹੌਸਲਾ ਪਾਕੇ ਲਾਹੌਰ ਦੇ ਵਾਇਸਰਾਏ ਨੇ ਕੌੜਾ ਮਲ ਨੂੰ ਰਾਜੇ ਦਾ ਖਤਾਬ ਦੇ ਦਿਤਾ ਅਤੇ ਨਾਲ ਹੀ ਉਸ ਨੂੰ ਮੁਲਤਾਨ ਦੇ ਸੂਬੇ ਦੀ ਸੂਬੇਦਾਰੀ ਵੀ ਬਖਸ਼ ਦਿਤੀ।

ਮੀਰ ਮੰਨੂੰ ਦਾ ਤੇਜ਼ ਪ੍ਰਤਾਪ ਸਿੱਖਰ ਤੇ ਪੁਜ ਚੁਕਾ ਸੀ। ਉਹ ਦਿਲੀ ਦੇ ਦਰਬਾਰ ਤੋਂ ਜਿਸਦੇ ਅਧਿਕਾਰ ਨੂੰ ਉਹ ਸਫਲਤਾ ਨਾਲ ਦੂਰ ਕਰ ਚੁਕਾ ਸੀ, ਤੋਂ ਵੀ ਐਨਾ ਹੀ ਸੁਤੰਤਰ ਸੀ ਜਿੰਨਾ ਕਿ ਅਬਦਾਲੀ ਬਾਦਸ਼ਾਹ ਤੋਂ ਜਿਸਨੂੰ ਉਸਦੀ ਡਿਪਲੋਮੇਸੀ ਤੇ ਤੇਜ ਨੇ ਰੋਕੀ ਰਖਿਆ ਸੀ। ਉਸਨੇ ਫਸਾਦੀ ਸਿਖਾਂ ਨੂੰ ਵੀ ਹਾਰ ਦਿਤੀ ਅਤੇ ਮਾਝੇ ਦੁਆਬੇ ਦੇ ਇਲਾਕਿਆਂ ਨੂੰ ਇਹਨਾਂ ਦੇ ਹਮਲਿਆਂ ਤੋਂ ਸੁਰਖਿਅਤ ਕਰ ਦਿਤਾ।

## ਮੰਨੂੰ ਨੇ ਅਹਿਮਦ ਸ਼ਾਹ ਦਾ ਖਰਾਜ ਰੋਕ ਲਿਆ

ਹੁਣ ਉਸਨੇ ਅਬਦਾਲੀ ਬਾਦਸ਼ਾਹ ਨੂੰ ਉਹਨਾਂ ਚਾਰ ਜ਼ਿਲਿਆਂ ਦਾ ਮਾਲੀਆ ਭੇਜਣਾ ਵੀ ਬੰਦ ਕਰ ਦਿਤਾ ਜਿਸਦਾ ਉਸਨੇ ਇਕਰਾਰ ਕਰ ਰਖਿਆ ਸੀ।

## ਅਹਿਮਦ ਸ਼ਾਹ ਦਾ ਤੀਜਾ ਹਮਲਾ ੧੭੫੧-੫੨

ਖਰਾਜ ਦੇਣ ਤੋਂ ਇਨਕਾਰ ਦੇ ਕਾਰਨ ਅਬਦਾਲੀ ਬਾਦਸ਼ਾਹ ਨੂੰ ਫੇਰ ਬਹਾਨਾ ਹਥ ਲਗ ਗਿਆ ਅਤੇ ਉਸਨ ਸੰਨ ੧੭੫੧-੫੨ ਦੇ ਮੌਸਮ ਵਿਚ ਤੀਜੀ ਵਾਰ ਦਰਿਆ ਸਿੰਧ ਪਾਰ ਕੀਤਾ। ਚਨਾਬ ਦੇ ਸਜੇ ਕਿਨਾਰੇ ਪੁਜਕੇ ਉਸਨੇ ਆਪਣੇ ਵਕੀਲ (ਏਜੰਟ) ਦੀਵਾਨ ਸੁਖ ਜੀਵਨ ਮਲ ਨੂੰ ਲਾਹੌਰ ਦੇ ਗਵਰਨਰ ਪਾਸ ਭੇਜਿਆ ਤਾਂ ਜੁ ਉਸ ਪਾਸੋਂ ਬਾਕੀ ਮਾਲੀਏ ਦੀ ਮੰਗ ਕਰੇ। ਮੀਰ ਮਨੂੰ ਨੇ ਉਤਰ ਦਿਤਾ ਕਿ ਉਹ ਖਰਾਜ ਵਜੋਂ ਕੋਈ ਰਕਮ ਅਬਦਾਲੀ ਬਾਦਸ਼ਾਹ ਨੂੰ ਦੇਣ ਦੇ ਅਸਮਰਥ ਹੈ। ਉਸ ਨੇ ਇਹ ਵੀ ਆਖਿਆ ਕਿ ਪਹਿਲੇ ਉਸਨ ਦਬਾਓ ਹੇਠ ਆ ਕੇ ਹੀ ਇਹ ਖਰਾਜ ਦੇਣਾ ਮੰਨਿਆ ਸੀ ਆਪਣੀ ਮਰਜ਼ੀ ਨਾਲ ਨਹੀਂ ਸੀ ਮੰਨਿਆ ਇਸ ਲਈ ਉਹ ਸ਼ਰਤਾਂ ਮੰਨਣ ਯੋਗ ਨਹੀਂ। ਇਸ ਲਈ ਹਰ ਧਿਰ ਨੂੰ ਖੁਲ੍ਹ ਹੋਵੇ ਕਿ ਓਹ ਜਿਵੇਂ ਮੁਨਾਸਬ ਸਮਝੇ ਕਾਰਵਾਈ ਕਰੇ। ਹੁਣ ਕਿਉਂਕਿ ਸ਼ਾਹ ਨੇ ਪੰਜਾਬ ਆਉਣ ਦੀ ਤਕਲੀਫ ਉਠਾਈ ਹੈ ਇਸ ਲਈ ਓਹ ਓਸਨੂੰ ਪਿਛਲਾ ਮਾਲੀਆ ਦੇ ਦੇਵੇਗਾ ਪਰ ਸ਼ਰਤ ਇਹ ਹੈ ਕਿ ਸ਼ਾਹ ਵਾਪਸ ਕਾਬਲ ਨੂੰ ਮੋੜੇ ਪਾ ਲਵੇ ਕਿਉਂਕਿ ਅਬਦਾਲੀ ਦੀ ਪਹੁੰਚ ਸੁਣ ਕੇ ਸਾਰੇ ਜ਼ਿਮੀਂਦਾਰ ਡਰਦੇ ਮਾਰੇ ਨਸ ਗਏ ਹਨ ਅਤੇ ਜੇ ਦੁਰਾਨੀ ਫ਼ੌਜਾਂ ਇਥੇ ਟਿਕੀਆਂ ਰਹੀਆਂ ਤਦ ਇਥੋਂ ਦੇ ਲੋਕਾਂ ਪਾਸੋਂ ਇਕ ਪੈਸਾ ਵੀ ਵਸੂਲ ਹੋਣਾ ਮੁਸ਼ਕਲ ਹੈ।

## ਹਮਲਾ ਆਵਰ ਨੂੰ ਰੋਕਣ ਲਈ ਮੀਰ ਮਨੂੰ ਦਾ ਚਨਾਬ ਤੀਕ ਕੂਚ

ਮਨੂੰ ਨੂੰ ਆਪ ਵੀ ਨਿਸ਼ਚਾ ਸੀ ਕਿ ਓਸਨੇ ਅਬਦਾਲੀ ਬਾਦਸ਼ਾਹ ਨੂੰ ਜੋ ਉਤਰ ਦਿਤਾ ਹੈ ਉਹ ਤਸਲੀ ਵਾਲਾ ਨਹੀਂ ਇਸ ਲਈ ਓਹ ਇਕ ਵੱਡੀ ਸਾਰੀ ਫ਼ੌਜ ਲੈਕੇ ਸੁਖ ਜੀਵਨ ਮਲ ਦੇ ਮਗਰੇ ਮਗਰ ਚਨਾਬ ਤੀਕ ਗਿਆ ਤਾਂ ਜੋ ਲੋੜ ਪੈਣ ਤੇ ਵੈਰੀ ਦਾ ਡਟਕੇ ਟਾਕਰਾ ਕਰੇ ਅਤੇ ਇਓਂ ਹਮਲਾ ਆਵਰ ਨੂੰ ਵਾਪਸੀ ਲਈ ਮਜਬੂਰ ਕਰ ਦੇਵੇ। ਉਸ ਨੇ ਨਾਜ਼ਮ ਮੁਲਤਾਨ ਰਾਜਾ ਕੌੜਾ ਮਲ ਅਤੇ ਅਦੀਨਾ ਬੇਗ ਖਾਨ ਬਹਿਰਾਮ ਜੰਗ ਗਵਰਨਰ ਜਾਲੰਧਰ ਦੁਆਬ ਨੂੰ ਵੀ ਲਿਖ ਭੇਜਿਆ ਕਿ ਆਪੋ ਆਪਣੀਆਂ ਫ਼ੌਜਾਂ ਲੈਕੇ ਉਸ ਨੂੰ ਚਨਾਬ ਉਤੇ ਆ ਮਿਲਣਾ। ਉਸਨੇ ਆਪਣੀ ਮਾਤਾ ਤੇ ਹੋਰ ਪਰਿਵਾਰ ਨੂੰ ਜੰਮੂ ਭੇਜ ਦਿਤਾ ਜਿਥੇ ਕਿ ਉਹ ਸੁਰਖਿਅਤ ਤੇ ਹਰ ਕਿਸਮ ਵਿਚ ਪਿਛੇ ਤੋਂ ਬਚੀਆਂ ਰਹਿਣ। ਪਰ ਅਹਿਮਦ ਸ਼ਾਹ ਬਿਨਾ ਲੜਾਈ ਲੜ ਹੀ ਚਨਾਬ ਪਾਰ ਕਰ ਗਿਆ ਅਤੇ ਉਸਨੇ ਆਪਣਾ ਕੈਂਪ ਸੋਦਰਾ ਤੇ ਵਜੀਰਾਬਾਦ ਦੇ ਵਿਚਕਾਰ ਜਾ ਗਡਿਆ।

## ਅਹਿਮਦ ਸ਼ਾਹ ਦਾ ਲੜਾਈ ਤੋਂ ਬਿਨਾ ਹੀ ਲਾਹੌਰ ਵਲ ਧਾਵਾ

ਇਸਦੇ ਮਗਰੋਂ ਅਹਿਮਦ ਸ਼ਾਹ ਨੇ ਰਾਵੀ ਵਲ ਕੂਚ ਬੋਲ ਦਿਤਾ ਅਤੇ ਸ਼ਾਹਦਰੇ ਦੇ ਆਸ ਪਾਸ ਥੋੜੇ ਫਾਸਲੇ ਉਤੇ ਡੇਰਾ ਲਾ ਲਿਆ। ਮੀਰ ਮਨੂੰ ਨੇ ਬਹੁਤ ਸਾਰੀ ਫ਼ੌਜ ਸਮੇਤ ਰਾਵੀ ਦਰਿਆ ਪਾਰ ਕੀਤਾ ਅਤੇ ਹਮਲਾ ਆਵਰ ਦੇ ਡੇਰੇ ਦੇ ਸਨਮੁਖ ਆਪਣਾ ਕੈਂਪ ਲਾ ਦਿਤਾ। ਏਥੇ ਉਸਨੇ ਮੋਰਚੇ ਬੰਦੀ ਕਰ ਲਈ ਅਤੇ ਕਈ ਦਿਨ ਤੀਕ ਦੋਵਾਂ ਧਿਰਾਂ ਵਲੋਂ ਠਾਹ ਠਾਹ ਹੁੰਦੀ ਰਹੀ ਪਰ ਇਸ ਵਿਚ ਹਾਰ ਜਿਤ ਕਿਸੇ ਦੀ ਨ ਹੋਈ। ਇਸ ਸਮੇਂ ਵਿਚਕਾਰ ਦੁਰਾਨੀਆਂ ਨੇ ਰਾਵੀ ਤੇ ਚਨਾਬ ਵਿਚਕਾਰਲਾ ਦੇਸ਼ ਸਾਰਾ ਬਰਬਾਦ ਕਰ ਦਿਤਾ।

## ਲਾਹੌਰ ਦਾ ਘੇਰਾ

ਅੰਤ ਹਮਲਾ ਆਵਰ ਨੇ ਅਚਾਨਕ ਆਪਣਾ ਕੈਂਪ ਤੋੜ ਦਿਤਾ ਅਤੇ ਲਾਹੌਰ ਉਤੇ ਹੱਲਾ ਬੋਲਣ ਲਈ ਅਗੇ ਵਧਿਆ। ਦਰਿਆ ਨੂੰ ਉਸ ਨੇ ਪੂਰਬ ਵਲੋਂ ਪਾਰ ਕੀਤਾ। ਅਹਿਮਦ ਸ਼ਾਹ ਨੇ ਆਪਣਾ ਕੈਂਪ ਸ਼ਾਲਾਮਾਰ ਬਾਗ ਵਿਚ ਲਾਇਆ ਜੋ ਕਿ ਸਦਾ ਹੀ ਬਾਦਸ਼ਾਹਾਂ ਤੇ ਵਿਜਈਆਂ ਲਈ ਮਨ ਪਸੰਦ ਅਸਥਾਨ ਰਿਹਾ ਹੈ। ਇਹ ਵੇਖਕੇ ਮੀਰ ਮਨੂੰ ਨੂੰ ਬੜਾ ਫਿਕਰ ਲਗਾ। ਉਹ ਵਾਪਸ ਸ਼ਹਿਰ ਵਿਚ ਆਣ ਦਾਖਲ ਹੋਇਆ। ਉਸ ਨੇ ਸਭ ਗਲੀ ਮਹਲੇ ਮੋਰਚੇਬੰਦ ਕਰ ਲਏ ਅਤੇ ਸ਼ਹਿਰ ਅੰਦਰ ਦੀਆਂ ਪੁਜੀਸ਼ਨਾਂ ਨੂੰ ਪਕਿਆਂ ਕਰਕੇ ਸ਼ਹਿਰ ਦੀਆਂ ਕੰਧਾਂ ਅੰਦਰ ਮੋਰਚੇਬੰਦ ਹੋ ਬੈਠਾ। ਐਉਂ ਤਿਆਰੀ ਕਰਕੇ ਉਸਨੇ ਕੇਵਲ ਰਖਿਆ ਦਾ ਪਖ ਹੀ ਲਿਆ।

## ਲੜਾਈ ਲੰਮੇਰੀ ਹੋ ਗਈ

ਹਰ ਰੋਜ਼ ਦੋਵਾਂ ਧਿਰਾਂ ਦੀਆਂ ਫੌਜਾਂ ਵਿਚਾਲੇ ਛੋਟੀਆਂ ਛੋਟੀਆਂ ਝੜਪਾਂ ਹੋ ਜਾਂਦੀਆਂ। ਪੂਰੇ ਚਾਰ ਮਹੀਨੇ ਤੀਕ ਮੀਰ ਮਨੂੰ ਬੜੀ ਸੂਰਬੀਰਤਾ ਨਾਲ ਆਪਣੀ ਪੁਜੀਸ਼ਨ ਉਤੇ ਡਟਿਆ ਰਿਹਾ। ਇਸ ਸਮੇਂ ਵਿਚਕਾਰ ਹਮਲਾ ਆਵਰਾਂ ਨੇ ਸ਼ਹਿਰ ਨੂੰ ਫਤਹ ਕਰਨ ਦੇ ਜਿੰਨੇ ਵੀ ਹੀਲੇ ਕੀਤੇ ਉਹ ਸਭ ਅਸਫਲ ਬਣਾ ਦਿਤੇ ਗਏ। ਮਨੂੰ ਦੀਆਂ ਮੋਰਚਾ ਬੰਦ ਫ਼ੌਜਾਂ ਲਈ ਸਾਮਾਨ ਰਸਦ ਬਾਹਰੋਂ ਜਾਣਾ ਹਮਲਾ ਆਵਰਾਂ ਨੇ ਉਕਾ ਹੀ ਬੰਦ ਕਰ ਦਿਤਾ।

## ਲਾਹੌਰ ਕੈਂਪ ਦੀ ਬਿਪਤਾ

ਬਾਹਰੋਂ ਸਭ ਚੀਜ਼ਾਂ ਦੀ ਆਵਾਜਾਈ ਬੰਦ ਹੋ ਜਾਣ ਨਾਲ ਲਾਹੌਰ ਦੇ ਕੈਂਪ ਵਿਚ ਚੀਜ਼ਾਂ ਦਾ ਕਾਲ ਪੈ ਗਿਆ। ਕੁਛ ਸਮਾਂ ਮਗਰੋਂ ਇਹ ਕਾਲ ਐਨਾ ਭਿਆਨਕ ਹੋ ਗਿਆ ਕਿ ਘੋੜਿਆਂ ਨੂੰ ਮਕਾਨਾਂ ਦੀਆਂ ਛਤਾਂ ਦੇ ਛਪਰ ਦਾ ਘਾਹ ਫੂਸ ਕਟ ਕਟਕੇ ਚਾਰੇ ਵਜੋਂ ਪਾਇਆ। ਮਰਦਾਂ ਲਈ ਵੀ ਖਾਣਾ ਦਾਣਾ ਅੰਦਰ ਉੱਕਾ ਹੀ ਖ਼ਤਮ ਹੋ ਚੁਕਾ ਸੀ।

Sri Satguru Jagjit Singh Ji eLibrary NamdhariElibrary@gmail.com

## ਜੰਗੀ ਕੌਂਸਲ ਬੁਲਾਈ ਗਈ

ਇਹ ਦਸ਼ਾ ਵੇਖਕੇ ਇਕ ਜੰਗੀ ਕੌਂਸਲ ਬੁਲਾਈ ਗਈ ਜਿਸ ਵਿਚ ਰਾਜਾ ਕੌੜਾ ਮਲ, ਅਦੀਨਾ ਬੇਗ ਖਾਨ ਅਤੇ ਦੂਜੇ ਉਮਰਾ ਸਦੇ ਗਏ। ਸਭ ਨੇ ਸਰਬ ਸੰਮਤੀ ਨਾਲ ਫੈਸਲਾ ਕੀਤਾ ਕਿ ਹੁਣ ਘਿਰੇ ਹੋਏ ਅਸਥਾਨ ਤੋਂ ਧਾਵਾ ਬੋਲਣਾ ਅਤਿ ਅਵਸ਼ਕ ਹੈ ਕਿਉਂਕਿ ਹੁਣ ਫ਼ੌਜਾਂ ਲਈ ਅਸੰਭਵ ਹੈ ਕਿ ਉਹ ਵਧੀਕ ਸਮੇਂ ਲਈ ਭੁਖੇ ਰਹਿ ਸਕਣ। ਪਰ ਰਾਜਾ ਕੌੜਾ ਮਲ ਦਾ ਇਸ ਗਲੇ ਮਤਭੇਦ ਸੀ ਕਾਰਨ ਇਹ ਸੀ ਕਿ ਉਸ ਦੀ ਸੰਮਤੀ ਵਿਚ ਖੁਲੇ ਮੈਦਾਨ ਵਿਚ ਹਿੰਦੀ ਫ਼ੌਜ ਸਖਤ ਜਾਨ ਅਫਗਾਨਾਂ ਦਾ ਟਾਕਰਾ ਨਹੀਂ ਸੀ ਕਰ ਸਕਦੀ ਇਸ ਲਈ ਇਹੋ ਜਿਹੀ ਨ ਬਰੋਬਰ ਦੀ ਲੜਾਈ ਕਰਨੀ ਪਾਗਲ ਪਨ ਸੀ। ਉਸ ਨੇ ਆਖਿਆ ਹੁਣ ਗਰਮੀ ਦੀ ਰੁਤ ਆ ਰਹੀ ਹੈ ਅਤੇ ਥੋੜ੍ਹੇ ਦਿਨਾਂ ਤੀਕ ਸ਼ਾਹ ਦੇ ਇਹ ਪਹਾੜੀ ਰਾਸ਼ੇ ਇਥੋਂ ਦੀ ਸਖਤ ਗਰਮੀ ਨੂੰ ਸਹਾਰਨੋਂ ਅਸਮਰਥ ਹੋ ਜਾਣਗੇ। ਐਸੀ ਦਸ਼ਾ ਵਿਚ ਜਾਂ ਤੇ ਉਹ ਘੇਰਾ ਚੁਕ ਲੈਣ ਗੇ ਜਾਂ ਫੇਰ ਮੋਰਚੇ ਬੰਦ ਫੌਜ ਉਤੇ ਹਮਲਾ ਕਰਨ ਲਈ ਮਜਬੂਰ ਹੋਣਗੇ ਤੇ ਇਸ ਵਿਚ ਉਹਨਾਂ ਨੂੰ ਸਰਾਸਰ ਘਾਟਾ ਰਹੇਗਾ। ਇਰਦ ਗਿਰਦ ਦਾ ਦੇਸ ਤਬਾਹ ਤੇ ਬਰਬਾਦ ਹੋ ਚੁਕਾ ਸੀ ਇਸ ਲਈ ਚਾਰੇ ਤੇ ਅਨਾਜ ਦੀ ਤੰਗੀ ਹਥੋਂ ਦੁਰਾਨੀ ਕੈਂਪ ਨੂੰ ਵੀ ਉਨੀ ਹੀ ਬਿਪਤਾ ਸਹਾਰਨੀ ਪਏਗੀ ਜਿੰਨੀ ਕਿ ਹਿੰਦੀ ਸਹਾਰ ਰਹੇ ਹਨ। ਅੰਤ ਰਾਜੇ ਨੇ ਆਖਿਆ ਸਮੁਚੇ ਤੌਰ ਤੇ ਪਰਦੇਸੀ ਵੈਰੀ ਨੂੰ ਬੜੀ ਹਾਨੀ ਪੁਜੇਗੀ ਜੇ ਘੇਰੇ ਵਿਚ ਆਈ ਹੋਈ ਫੌਜ ਮੌਜੂਦਾ ਔਕੜ ਵਿਚ ਵੀ ਏਸੇ ਤਰ੍ਹਾਂ ਕੁਛ ਸਮਾਂ ਹੋਰ ਕਢ ਗਈ। ਉਸ ਸਮੇਂ ਦੇ ਅਨੁਸਾਰ ਇਹ ਬਿਹਤ੍ਰੀਨ ਪਾਲਿਸੀ ਸੀ ਪਰ ਕਠਨਾਈ ਇਹ ਸੀ ਕਿ ਸਭ ਲੋਕਾਂ ਦੇ ਸਬਰ ਦਾ ਕਟੋਰਾ ਉਛਲ ਰਿਹਾ ਸੀ ਜਿਸ ਕਰਕੇ ਇਸ ਤਜਰਬੇਕਾਰ ਹਿੰਦੂ ਦੀ ਸੂਝ ਭਰੀ ਸਲਾਹ ਉਤੇ ਕਿਸੇ ਨੇ ਧਿਆਨ ਨ ਦਿਤਾ।

## ਮਨੂੰ ਮੋਰਚਾ ਬੰਦੀ ਤੋਂ ਬਾਹਰ ਨਿਕਲ ਆਇਆ

ਹੁਣ ਵੈਰੀ ਉਤੇ ਹਮਲਾ ਕਰਨ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ; ਅਤੇ ੧੨ ਅਪ੍ਰੈਲ ੧੭੯੨ ਈਸਵੀ ਦੀ ਸਵੇਰ ਨੂੰ ਬਸਬਰੇ ਮਨੂੰ ਨੇ ਆਪਣੇ ਦਾਏਂ ਤੇ ਬਾਏਂ ਬਾਜ਼ੂ ਨੂੰ ਨਾਲ ਲੈ ਕੇ ਪਿੰਡ ਮਹਿਮੂਦ ਬੂਟੀ ਦੇ ਇਕ ਪੁਰਾਣੇ ਇਟਾਂ ਦੇ ਭਠੇ ਦੀ ਉਚਾਨ ਉਤੇ ਆਪਣੀ ਪੁਜ਼ੀਸ਼ਨ ਕਾਇਮ ਕਰ ਲਈ। ਅਬਦਾਲੀ ਬਾਦਸ਼ਾਹ ਆਪਣੀ ਘੁੜ ਸਵਾਰ ਫ਼ੌਜ ਲੈ ਕੇ ਤੁਰਤ ਅਗੇ ਵਧ ਆਇਆ। ਉਸ ਦੇ ਰਿਸਾਲੇ ਨੇ ਗੋਲਾਬਾਰੀ ਸ਼ੁਰੂ ਕਰ ਦਿਤੀ। ਦੁਪਹਿਰ ਤੀਕ ਦੋਵਾਂ ਧਿਰਾਂ ਵਲੋਂ ਗੋਲਾਬਾਰੀ ਲਗਾਤਾਰ ਜਾਰੀ ਰਹੀ। ਬੜਾ ਘਮਸਾਨ ਦਾ ਰਣ ਮਚਿਆ। ਪਹਿਲੇ ਤੇ ਇਹ ਗੱਲ ਸ਼ੱਕੀ ਸੀ ਕਿ ਕੌਣ ਜਿਤਦਾ ਹੈ ਪਰ ਜਦ ਹਿੰਦੀ ਫੌਜਾਂ ਵਿਚ ਕੁਛ ਅਫੜਾ ਦਫੜੀ ਪਈ ਤਦ ਸ਼ਾਹ ਨੇ ਆਪਣੀ ਦੁਰਾਨੀ ਘੁੜ ਸਵਾਰ ਫੌਜ ਨੂੰ ਤੁਰਤ ਹਮਲੇ ਦਾ ਹੁਕਮ ਦੇ ਦਿਤਾ।

## ਮਨੂੰ ਦੀ ਹਾਰ ਤੇ ਪਸਪਾਈ

ਦੁਰਾਨੀਆਂ ਦਾ ਇਹ ਹਮਲਾ ਐਨਾ ਕਰੜਾ ਸੀ ਕਿ ਹਿੰਦੀ ਫੌਜ ਦੇ ਪੈਰ ਉਖੜ ਗਏ ਜੰਗ ਦਾ ਪਾਸਾ ਅਫਗਾਨਾਂ ਦੇ ਹਕ ਵਿਚ ਪਲਟ ਗਿਆ। ਮੀਰ ਮੰਨੂੰ ਨੂੰ ਮਜਬੂਰ ਹੋ ਕੇ ਆਪਣੀਆਂ ਮੋਰਚੇ ਬੰਦੀਆਂ ਵਲ ਪਸਪਾ ਹੋਣਾ ਪੈ ਗਿਆ। ਇਸ ਬਿਖੜੇ ਸਮੇਂ ਰਾਜਾ ਕੌੜਾ ਮਲ ਆਪਣੇ ਚੋਣਵੇਂ ਰਸਾਲੇ ਨੂੰ ਨਾਲ ਲੈ ਕੇ ਆਪਣੇ ਮਾਲਕ ਦੀ ਸਹਾਇਤਾ ਲਈ ਪੁੱਜਾ। ਉਸਦੀ ਫੌਜ ਐਨਾ ਜਾਨ ਤੋੜਕੇ ਲੜੀ ਕਿ ਲੜਾਈ ਦਾ ਪਾਸਾ ਇਕ ਵਾਰ ਫੇਰ ਪਲਟਦਾ ਨਜ਼ਰ ਆਇਆ ਪਰ ਠੀਕ ਮੌਕੇ ਉਤੇ ਇਕ ਐਸੀ ਦੁਰਘਟਣਾ ਵਾਪਰੀ ਜਿਸ ਦੇ ਕਾਰਨ ਰਾਜੇ ਨੂੰ ਆਪਣੀ ਜਾਨ ਤੋਂ ਹਥ ਧੋਣੇ ਪੈ ਗਏ। ਉਹ ਜਿਸ ਹਾਥੀ ਉਤੇ ਸਵਾਰ ਸੀ ਉਸ ਹਾਥੀ ਦਾ ਪੈਰ ਇਕ ਪੁਰਾਣੀ ਕਬਰ ਦੇ ਅੰਦਰ ਧਸ ਗਿਆ ਤੇ ਹਾਥੀ ਸਵਾਰ ਸਮੇਤ ਡਿਗ ਪਿਆ। ਡਰਾਈਵਰ ਅਜੇ ਹਾਥੀ ਨੂੰ ਬਾਹਰ ਕਢ ਵੀ ਨਹੀਂ ਸੀ ਸਕਿਆ ਕਿ ਇਕ ਦੁਰਾਨੀ ਘੁੜ ਸਵਾਰ ਰਾਜੇ ਦੇ ਸਿਰ ਉਤੇ ਪਹੁੰਚ ਗਿਆ।

## ਰਾਜਾ ਕੌੜਾ ਮਲ ਦੀ ਮੌਤ

ਇਸ ਦੁਰਾਨੀ ਸਵਾਰ ਨੇ ਆਉਂਦੇ ਹੀ ਤੁਰਤ ਫੁਰਤ ਰਾਜੇ ਦਾ ਸਿਰ ਧੜ ਤੋਂ ਵਖ ਕਰ ਦਿਤਾ ਅਤੇ ਸਿਰ ਨੂੰ ਜਿਤ ਦੇ ਨਸ਼ਾਨ ਵਜੋਂ ਲੈ ਕੇ ਅਬਦਾਲੀ ਸ਼ਾਹ ਪਾਸ ਜਾ ਪੁਜਾ। ਇਸ ਸੂਰਮੇ ਜਰਨੈਲ ਦੀ ਮੌਤ ਦੀ ਖਬਰ ਸੁਣ ਕੇ ਉਸ ਦੀਆਂ ਫੌਜਾਂ ਅੰਦਰ ਹਲ ਚਲ ਮਚ ਗਈ ਅਤੇ ਉਹ ਨਿਰਾਸ ਹੋ ਕੇ ਮੈਦਾਨ ਵਿਚੋਂ ਨਸ ਉਠੀਆਂ। ਇਹ ਵੇਖਕੇ ਅਦੀਨਾ ਬੇਗ ਖਾਨ ਵੀ ਮੈਦਾਨ ਛਡ ਗਿਆ। ਮਨੂੰ ਦੀ ਫ਼ੌਜ ਵਿਚ ਐਨੀ ਦਹਿਸ਼ਤ ਫੈਲ ਗਈ ਕਿ ਵਾਇਸਰਾਏ ਇਹ ਵੇਖਕੇ ਕਿ ਹੁਣ ਜੰਗ ਨੂੰ ਹੋਰ ਲੰਮਾ ਕਰਨਾ ਤਬਾਹੀ ਨੂੰ ਸਦਾ ਦੇਣਾ ਹੈ ਆਪਣੀ ਫੌਜ ਸਮੇਤ ਕਿਲੇ ਅੰਦਰ ਜਾ ਵੜਿਆ।

ਸ਼ਹਿਰੋ ਬਚਾਉ ਦੀਆਂ ਕਿਲੇ ਬੰਦੀਆਂ ਵੀ ਹਮਲੇ ਅਗੇ ਦੇਰ ਤੀਕ ਨ ਠਹਿਰ ਸਕੀਆਂ, ਉਹ ਬਚਾਉ ਕਰਨ ਦੇ ਅਸਮਰਥ ਸਨ ਇਹੋ ਜਿਹੀ ਦਸ਼ਾ ਵਿਚ ਫੌਜਾਂ ਨੂੰ ਇਕ ਐਸੀ ਸੱਟ ਵਜੀ ਜਿਸ ਨਾਲ ਉਹ ਹੋਰ ਵੀ ਬੇਦਿਲ ਹੋ ਗਈਆਂ। ਦਿਲੀ ਵਲੋਂ ਕਿਸੇ ਕਿਸਮ ਦੀ ਸਹਾਇਤਾ ਜਾਂ ਕੁਮਕ ਦੀ ਉੱਕਾ ਹੀ ਆਸ ਨ ਰਹੀ। ਸ਼ਹਿਰ ਵਾਸੀ ਲੰਮੇਰੇ ਘੇਰੇ ਹਥੋਂ ਸਖਤ ਤੰਗ ਆ ਚੁਕੇ ਸਨ। ਇਹੋ ਜਿਹੀ ਦੁਰ ਦਸ਼ਾ ਵੇਖਕੇ ਮੰਨੂੰ ਨੇ ਸੋਚਿਆ ਕਿ ਹੁਣ ਭਲਾਈ ਏਸੇ ਵਿਚ ਹੈ ਕਿ ਵਿਜਈ ਦੀ ਈਨ ਮੰਨ ਲਈਏ।

## ਮਨੂੰ ਨੇ ਸ਼ਾਹ ਦੀ ਤਾਬਿਦਾਰੀ ਮੰਨੀ

ਉਸ ਨੇ ਈਨ ਮੰਨ ਲੈਣ ਦੀ ਇਛਾ ਸ਼ਾਹ ਤੀਕ ਪੁਚਾਈ ਅਤੇ ਆਪਣੇ ਦਰਬਾਰ ਦੇ ਕੁਛ ਕੁ ਮੋਹਤਬਿਰ ਉਮਰਾ ਉਹਦੇ ਪਾਸ ਸ਼ਾਲਾ-ਮਾਰ ਬਾਗ ਵਿਚ ਭੇਜੇ। ਸੁਲਾਹ ਦੀ ਗਲ ਬਾਤ ਮਹਾ ਮੰਤਰੀ ਸ਼ਾਹ ਵਲੀ ਖਾਨ ਰਾਹੀਂ ਹੋਈ।

## ਅਬਦਾਲੀ ਵਲੋਂ ਸੁਵਾਗਤ

ਅਬਦਾਲੀ ਵੀ ਇਸ ਮੁਹਿੰਮ ਨੂੰ ਬੰਦ ਕਰਨ ਲਈ ਤਿਆਰ ਹੋ ਗਿਆ। ਉਸ ਨੇ ਆਪਣੇ ਵੱਡੇ ਕਰਮਚਾਰੀ ਜਹਾਨ ਖਾਨ ਨੂੰ ਸ਼ਹਿਰ ਭੇਜਿਆ ਤਾਂ ਜੁ ਵਾਇਸਰਾਏ ਨੂੰ ਕੈਂਪ ਵਿਚ ਲੈ ਆਵੇ। ਅਬਦਾਲੀ ਨੇ ਮਨੂੰ ਦਾ ਉਸਦੀ ਸ਼ਾਨ ਤੇ ਪਦਵੀ ਦੇ ਅਨੁਸਾਰ ਸੁਵਾਗਤ ਕੀਤਾ ਅਤੇ ਉਸ ਦੀ ਇਸ ਦਲੇਰੀ ਤੇ ਬਹਾਦਰੀ ਦੀ ਬੜੀ ਪ੍ਰਸੰਸਾ ਕੀਤੀ ਜੋ ਉਸਨੇ ਹਰ ਸਮੇਂ ਪਰਗਟ ਕੀਤੀ। ਜੰਗ ਨੂੰ ਸਿਪਾਹੀ ਦੇ ਤੌਰ ਉਤੇ ਉਸਦੇ ਕਮਾਲ ਤੇ ਦਰਿੜ੍ਹਤਾ ਦੀ ਅਤੇ ਸਲਾਹਕਾਰ *ਦੇ ਰੂਪ ਵਿਚ ਉਸ ਦੀ ਸੂਝ ਬੂਝ ਦੀ ਵੀ ਸ਼ਲਾਘਾ ਕੀਤੀ।

*ਅਹਿਮਦ ਸ਼ਾਹ ਦੇ ਇਤਿਹਾਸਕਾਰ ਅਬਦੁਲ ਕਰੀਮ ਉਲਦੀਨ ਨੇ ਇਸ ਸੰਬੰਧੀ ਇਕ ਸੁਵਾਦਲੀ ਵਾਰਤਾ ਲਿਖੀ ਹੈ। "ਕਿ ਹਾਲ ਜਦ ਮੀਰ ਮਨੂੰ ਵਿਜਈ ਅਬਦਾਲੀ ਦੇ ਰੁਬਰੂ ਪੇਸ਼ ਹੋਇਆ ਤਦ ਸ਼ਾਹ ਨੇ ਮਿਹਣੇ ਨਾਲ ਉਸ ਨੂੰ ਪੁਛਿਆ— "ਕੀ ਗੱਲ ਹੈ ਤੁਸਾਂ ਇਸ ਤੋਂ ਪਹਿਲੋਂ ਆਪਣੇ ਮਾਲਕ ਦੀ ਕਦਮ ਬੋਸੀ ਹਾਸਲ ਕਰਨ ਹਾਜ਼ਰ ਨਹੀਂ ਹੋਏ?" ਮੀਰ ਮਨੂੰ ਨੇ ਉੱਤਰ ਦਿਤਾ—ਕਿਉਂਕਿ ਮੈਨੂੰ ਇਕ ਹੋਰ

ਬਾਕੀ ਦੇਖੋ ਅਗਲੇ ਸਫੇ ਦੇ ਪਹਿਲੇ ਕਾਲਮ ਦੇ ਅਖੀਰ ਤੇ

Sri Satguru Jagjit Singh Ji eLibrary NamdhariElibrary@gmail.com

ਵਾਇਸਰਾਏ ਨੇ ਇਸ ਸਮੇਂ ਵਿਜਈ ਦੇ ਚਰਨਾਂ ਵਿਚ ਪੇਸ਼ ਕੀਤੇ ੫੦ ਲਖ ਰੁਪਏ, ੧੧ ਘੋੜੇ ਸਮੇਤ ਸੋਨੇ ਤੇ ਚਾਂਦੀ ਦੇ ਸਾਜ਼ ਸਾਮਾਨ ਦੇ, ਅਤੇ ਦੋ ਹਾਥੀ ਹੌਦਿਆਂ ਸਮੇਤ ਜੋ ਚਾਂਦੀ ਅਤੇ ਸੋਨੇ ਨਾਲ ਮੜ੍ਹੇ ਹੋਏ ਸਨ। ਸ਼ਾਹ ਨੇ ਵੀ ਉਸ ਨੂੰ ਇਕ ਵੱਡਮੁੱਲਾ ਖਿਲਅਤ, ਹੀਰੇ ਜੜਤ ਤਲਵਾਰ ਅਤੇ ਇਕ ਘੋੜਾ ਦਿਤਾ ਅਤੇ ਉਸਨੇ ਆਪਣੇ ਵਲੋਂ ਪੰਜਾਬ ਦਾ ਵਾਈਸਰਾਏ ਥਾਪ ਦਿਤਾ।

## ਕਸ਼ਮੀਰ ਦੀ ਜਿੱਤ

ਸ਼ਾਹ ਨੇ ਮੁੜ ਦਰਿਆ ਰਾਵੀ ਪਾਰ ਕੀਤੀ ਅਤੇ ਜਹਾਂਗੀਰ ਦੇ ਮਕਬਰੇ ਵਿਚ ਜਾ ਕੈਂਪ ਜਾ ਲਾਇਆ ਇਸ ਥਾਂ ਤੋਂ ਉਸ ਨੇ ਦੁਰਾਨੀ ਅਮੀਰ ਮਰਬਦੁੱਲਾ ਖਾਨ ਨੂੰ ਫੌਜ ਦੇਕੇ ਕਸ਼ਮੀਰ ਉਤੇ ਕਬਜ਼ਾ ਕਰਨ ਤੇ ਉਥੋਂ ਦੇ ਮੁਗਲ ਗਵਰਨਰ ਨੂੰ ਬਾਹਰ ਕਢ ਦੇਣ ਲਈ ਰਵਾਨਾ ਕੀਤਾ। ਸ਼ਾਹ ਦਾ ਇਹ ਦਾ ਇਹ ਕਮਾਂਡਰ ਛੇਤੀ ਹੀ ਕਸ਼ਮੀਰ ਦੀ ਵਾਦੀ ਵਿਚ ਜਾ ਦਾਖਲ ਹੋਇਆ ਅਤੇ ਉਸ ਸੂਬੇ ਉਤੇ ਉਸਨੇ ਬਿਨਾ ਕਿਸੇ ਝਾਕਰੇ ਦੇ ਹੀ ਜਾ ਕਬਜ਼ਾ ਕੀਤਾ। ਇਸ ਤੇ ਕਾਬਲ ਦਾ ਖਤਰੀ ਸੁਖ ਜੀਵਨ ਲਾਲ ਕਸ਼ਮੀਰ ਵਿਚ ਸ਼ਾਹ ਦਾ ਗਵਰਨਰ ਨਿਯਤ ਕੀਤਾ ਗਿਆ।

## ਸਰਹੰਦ ਤੀਕ ਦੇ ਦੇਸ ਉਤੇ ਅਬਦਾਲੀ ਦਾ ਕਬਜ਼ਾ

ਉਸੇ ਮੁਹਿੰਮ ਦੇ ਸਮੇਂ ਸ਼ਾਹ ਨੇ ਖਤ ਪੱਤਰ ਰਾਹੀਂ ਦਿਲੀ ਦੇ ਸ਼ਹਿਨਸ਼ਾਹ ਪਾਸੋਂ ਸਰਹਿੰਦ ਤੀਕ ਦਾ ਦੇਸ ਆਪਣੇ ਕਬਜ਼ੇ ਵਿਚ ਲੈ ਲਿਆ। ਏਨੇ ਨੂੰ ਅਬਦੁਲਾ ਖਾਨ ਵੀ ਸ਼ਾਹ ਨੂੰ ਸ਼ਾਹਦਰੇ ਆਨ ਮਿਲਿਆ ਹੁਣ ਕਿਉਂਕਿ ਬਰਸਾਤ ਲਗਣ ਵਾਲੀ ਸੀ ਸ਼ਾਹ ਨੇ ਮੁੜ ਦਰਿਆ ਸਿੰਧ ਪਾਰ ਕਰ ਲਿਆ ਅਤੇ ਆਪਣੀਆਂ ਫੌਜਾਂ ਨੂੰ ਲੈ ਕੇ ਕਾਬਲ* ਮੁੜ ਗਿਆ।

## ਪੰਜਾਬ ਦੀ ਛੁਟੜ ਦਸ਼ਾ

ਹਮਲਾ ਆਵਰ ਅਬਦਾਲੀ ਦੀ ਰਵਾਨਗੀ ਮਗਰੋਂ ਪੰਜਾਬ ਦੀ ਦਸ਼ਾ ਛੁਟੜ ਦੇਸ ਵਰਗੀ ਹੋ ਗਈ। ਸੂਬੇ ਦੇ ਕੇਂਦਰ ਵਿਚ ਪਰਦੇਸੀ ਵਲੋਂ ਛੀ ਮਹੀਨੇ ਤੀਕ ਜੰਗ ਜਾਰੀ ਰਖਣ ਕਰਕੇ ਉਥੋਂ ਦਾ ਰਾਜ ਪ੍ਰਬੰਧ ਬਿਲਕੁਲ ਢਿਲਾ ਤੇ ਕਮਜ਼ੋਰ ਪੈ ਗਿਆ।

## ਸਿੱਖ ਮੁੜ ਮੈਦਾਨ ਵਿਚ

ਦੇਸ ਦੀ ਇਹੋ ਜਿਹੀ ਦੁਰਦਸ਼ਾ ਤੋਂ ਲਾਭ ਉਠਾਉਣ ਵਿਚ ਸਿੱਖਾਂ ਨੇ ਰਤਾ ਵੀ ਢਿਲ ਮਠ ਨ ਕੀਤੀ। ਉਹਨਾਂ ਨੇ ਹਰ ਪਾਸੇ ਛਾਪੇ ਮਾਰਨੇ ਸ਼ੁਰੂ ਕਰ ਦਿਤੇ। ਅਮ੍ਰਿਤਸਰ ਅਤੇ ਪਹਾੜਾਂ ਵਿਚਕਾਰਲੇ ਸਾਰੇ ਦੇਸ ਨੂੰ ਉਹਨਾਂ ਨੇ ਲੁਟ ਪੁਟ ਕੇ ਉਜਾੜ ਕਰ ਦਿਤਾ। ਲਾਹੌਰ ਦੇ ਵਾਇਸਰਾਏ ਨੇ ਅਦੀਨਾ ਬੇਗ ਖਾਨ ਨੂੰ ਜਿਸ ਦੀ ਲਾਹੌਰ ਵਲੋਂ ਬੇਰੁਖੀ ਸ਼ਕ ਰਹਿਤ ਨਹੀਂ ਸੀ, ਹੁਕਮ ਦਿਤਾ ਕਿ ਉਹ ਬਾਗੀ ਸਿੱਖਾਂ ਨੂੰ ਕਰੜੀ ਸਜ਼ਾ ਦੇਵੇ। ਅਦੀਨਾ ਬੇਗ ਸਿਖਾਂ ਦੀ ਸ਼ਕਤੀ ਨੂੰ ਮਲੀਆਮੇਟ ਕਰਨ ਤੇ ਉਹਨਾਂ ਨੂੰ ਸਿਧੇ ਰਾਹ ਪਾਉਣ ਲਈ ਮੌਕੇ ਦੀ ਤਾੜ ਕਰਨ ਲਗਾ।

## ਅਦੀਨਾ ਬੇਗ ਹਥੋਂ ਸਿਖਾਂ ਦੀ ਹਾਰ ੧੭੫੨

ਮਾਖੋਵਾਲ ਵਿਚ ਸਿਖ ਇਕ ਤਿਹਾਰ ਉੱਪਰ ਲੱਖਾਂ ਦੀ ਗਿਣਤੀ ਵਿਚ ਇਕਤਰ ਹੋਏ ਇਸ ਮੌਕੇ ਨੂੰ ਤਾੜਕੇ ਅਦੀਨਾ ਬੇਗ ਖਾਨ ਅਚਾਨਕ ਉਹਨਾਂ ਉਤੇ ਜਾ ਪਿਆ ਅਤੇ ਉਹਨਾਂ ਨੂੰ ਲੜਾਈ ਵਿਚ ਹਾਰ ਦਿਤੀ। ਉਸ ਨੇ ਇਸ ਗਲ ਦਾ ਪੂਰਾ ਪੂਰਾ ਖਿਆਲ ਰਖਿਆ ਕਿ ਸਿਖ ਛੇਤੀ ਹੀ ਖਤਮ ਨ ਹੋ ਜਾਣ ਕਿਉਂਕਿ ਉਹ ਜਾਣਦਾ ਸੀ ਸਿੱਖਾਂ ਦੀ ਤਬਾਹੀ ਮਗਰੋਂ ਉਸਦੀ ਆਪਣੀ ਉਹ ਵਿਸ਼ੇਸ਼ਤ ਵੀ ਖਤਮ ਹੋ ਜਾਏ ਗੀ ਜੋ ਉਸਨੂੰ ਫਸਾਦੀ ਸੂਬੇ ਦੇ ਪ੍ਰਬੰਧਕ ਦੇ ਰੂਪ ਵਿਚ ਪ੍ਰਾਪਤ ਹੈ।

## ਉਸ ਨੇ ਆਪਣੇ ਸੁਆਰਥ ਲਈ ਸਿਖਾਂ ਦੀ ਪੂਰਨ ਤਬਾਹੀ ਨਾ ਹੋਣ ਦਿਤੀ

ਉਸ ਨੇ ਸਿਖਾਂ ਨਾਲ ਇਹ ਸਮਝੌਤਾ ਕਰ ਲਿਆ ਕਿ ਉਹ ਸਿਖਾਂ ਵਿਰੁਧ ਸਖਤੀ ਤੇ ਅਤਿਆਚਾਰਾਂ ਵਿਚ ਕਮੀ ਕਰ ਦੇਵੇਗਾ ਤੇ ਉਹਨਾਂ ਪਾਸੋਂ ਸਰਕਾਰੀ ਖਜ਼ਾਨੇ ਲਈ ਵਸੂਲੀ ਵੀ ਘਟ ਕਰ ਦੇਵਗਾ। ਏਥੇ ਹੀ ਬਸ ਨਹੀਂ ਉਸਨੇ ਕਈ ਚੋਣਵੇਂ ਲੜਾਕ ਸਿਖਾਂ ਨੂੰ ਆਪਣੀ ਫੌਜ ਵਿਚ ਵੀ ਭਰਤੀ ਕਰ ਲਿਆ; ਇਉਂ ਉਹਨਾਂ ਦੀਆਂ ਲੁਟਾਂ ਮਾਰਾਂ ਵੀ ਰੁਕ ਗਈਆਂ ਅਤੇ ਉਸਨੇ ਉਹਨਾਂ ਦੀ ਵਰਤੋਂ ਤੋਂ ਲਾਭ ਵੀ ਉਠਾਇਆ।

## ਜੱਸਾ ਸਿੰਘ ਰਾਮਗੜ੍ਹੀਆ

ਜਿਨ੍ਹਾਂ ਸਿੱਖਾਂ ਨੂੰ ਉਸਨੇ ਭਰਤੀ ਕੀਤਾ ਉਹਨਾਂ ਵਿਚ ਇਕ ਜੱਸਾ ਸਿੰਘ ਤਰਖਾਨ ਵੀ ਸੀ ਜੋ ਪਿਛੋਂ ਸਿੱਖਾਂ ਦਾ ਪ੍ਰਸਿਧ ਜਥੇਦਾਰ (ਲੀਡਰ) ਹੋਇਆ। ਇਉਂ ਜਾਲੰਧਰ ਦੁਆਬੇ ਦੇ ਸਿਆਣੇ ਗਵਰਨਰ ਨੇ ਨਿੱਚਲੇ ਤੇ ਸਾਹਸੀ ਫਿਰਕੇ ਦੇ ਹਮਲਿਆਂ ਨੂੰ ਕੁਛ ਸਮੇਂ ਲਈ ਰੋਕ ਦਿਤਾ।

## ਦਿਲੀ ਦਰਬਾਰ ਦੇ ਮਾਮਲੇ

ਦਿੱਲੀ ਵਿਚ ਚਿਨਕਲਿਚ ਖਾਨ ਦਾ ਪੋਤਾ ਗ਼ਾਜ਼ੀ ਉਦ ਦੀਨ ਅਮੀਰਉਲ ਉਮਰਾ ਬਣ ਗਿਆ। ਸੰਨ ੧੭੫੨ ਈਸਵੀ ਵਿਚ ਉਸਦੀ ਮੌਤ ਹੋ ਗਈ ਅਤੇ ਉਸਦਾ ਬੇਟਾ ਸ਼ਹਾਬ ਉਦ ਦੀਨ ਆਪਣੇ ਬਾਪ ਦੇ ਉਪਨਾਮ ਨਾਲ ਹੀ ਉਸ ਦੀ ਪਦਵੀ ਤੇ ਨਿਯਤ ਹੋਇਆ।

---

ਪਿਛਲੇ ਸਫੇ ਦੇ ਦੂਜੇ ਕਾਲਮ ਥੀ ਬਾਕੀ

ਮਾਲਕ ਦੀ ਵੀ ਸੇਵਾ ਕਰਨੀ ਸੀ। ਦੁਰਾਨੀ ਨੇ ਮੁੜ ਤਾਹਨਾ ਮਾਰਿਆ ਅਤੇ ਤੇਰੇ ਮਾਲਕ ਨੇ ਤੈਨੂੰ ਕਿਉਂ ਇਸ ਬਿਪਤਾ ਵਿਚ ਸਹਾਇਤਾ ਨਾ ਪਹੁੰਚਾਈ ?" ਨੌਜਵਾਨ ਮਨੂੰ ਨੇ ਬੜੀ ਦਲੇਰੀ ਨਾਲ ਉੱਤਰ ਦਿਤਾ— "ਕਿਉਂਕਿ ਉਸ ਨੂੰ ਇਸ ਗੱਲ ਦਾ ਨਿਸ਼ਚਾ ਸੀ ਕਿ ਉਸਦਾ ਨੌਕਰ ਆਪ ਹੀ ਨਜਿਠ ਲਏਗਾ"। ਸ਼ਾਹ ਨੇ ਫੇਰ ਪੁਛਿਆ —ਫਰਜ਼ ਕਰੋ ਜੇ ਮੈਂ ਤੇਰੇ ਕਾਬੂ ਆ ਜਾਂਦਾ ਤਾਂ ਤੂੰ ਮੇਰੇ ਨਾਲ ਕੀ ਵਰਤਾਓ ਕਰਦਾ ? ਉਸ ਨੇ ਉੱਤਰ ਦਿਤਾ – ਮੈਂ ਹਜ਼ੂਰ ਦਾ ਸਿਰ ਧੜ ਨਾਲੋਂ ਵਖ ਕਰ ਦੇਂਦਾ ਤੇ ਉਸ ਨੂੰ ਆਪਣੇ ਬਾਦਸ਼ਾਹ ਪਾਸ ਭੇਜ ਦੇਂਦਾ। ਅਤੇ ਜਦ ਤੂੰ ਮੇਰੇ ਰਹਿਮ ਉੱਤੇ ਹੈਂ ਤੂੰ ਮੈਥੋਂ ਕਿਸ ਕਿਸਮ ਦੇ ਦੰਡ ਦੀ ਆਸ ਰਖਦਾ ਹੈਂ ?" ਮਨੂੰ ਨੇ ਉੱਤਰ ਦਿਤਾ ਜੇ ਤੇ ਆਪ ਸੁਦਾਗਰ ਹੋ ਤਦ ਮੈਨੂੰ ਵੇਚ ਦਿਓ, ਜੇ ਜਲਾਦ ਤੇ ਜ਼ਾਲਮ ਹੋ ਤਦ ਮੇਰਾ ਸਿਰ ਕਲਮ ਕਰ ਦੇਓ, ਪਰ ਜੇ ਆਪ ਬਾਦਸ਼ਾਹ ਹੋ ਤਦ ਸ਼ਾਹਾਨਾ ਸਖਾਵਤ ਤੋਂ ਕੰਮ ਲੈਕੇ ਮੈਨੂੰ ਜੀਵਨ ਬਖਸ਼ ਦੇਓ।" ਸ਼ਾਹ ਇਸ ਨੌਜਵਾਨ ਵੈਰੀ ਦੀ ਬੇਬਾਕ ਦਲੇਰੀ ਵੇਖਕੇ ਹੈਰਾਨ ਰਹਿ ਗਿਆ ਅਤੇ ਉਸ ਨੂੰ "ਫਰਜ਼ੰਦ ਖਾਨ ਬਹਾਦਰ ਰੁਸਤਮਿ ਹਿੰਦ" ਦਾ ਉਪਨਾਮ ਦਿਤਾ।

*ਕੰਧਾਰ ਵਿਚ ਵਾਪਸੀ ਉਤੇ ਸ਼ਾਹ ਨੇ ਇਕ ਵਡੇ ਸ਼ਹਿਰ ਦੀ ਨੀਂਹ ਰਖੀ ਜਿਸਦਾ ਨਾਮ ਉਸਨੇ ਆਪਣੇ ਨਾਮ ਉਤੇ ਅਹਿਮਦ ਸ਼ਾਹੀ ਰਖਿਆ।

## ਵਜ਼ੀਰ ਸਫਦਰ ਜੰਗ ਦੀ ਈਰਖਾ

ਵਜ਼ੀਰ ਸਫਦਰ ਜੰਗ ਦਰਬਾਰ ਵਿਚ ਖਵਾਜਾ ਸਰਾ ਜਾਵੇਦ ਦੇ ਵਧਦੇ ਹੋਏ ਅਸਰ ਰਸੂਖ ਨੂੰ ਵੇਖਕੇ ਉਸ ਨਾਲ ਈਰਖਾ ਕਰਨ ਲਗਾ। ਸ਼ਹਿਨਸ਼ਾਹ ਅਤੇ ਉਸਦੀ ਮਾਤਾ ਵਲੋਂ ਜਾਵੇਦ ਨੂੰ ਜੋ ਰਿਆਇਤਾਂ ਪ੍ਰਾਪਤ ਹੋਈਆਂ ਉਹਨਾਂ ਬਲਦੀ ਉਤੇ ਤੇਲ ਪਾਇਆ।

## ਸ਼ਹਿਨਸ਼ਾਹ ਦੇ ਕਿਰਪਾ ਪਾਤਰ ਜਾਵੇਦ ਦਾ ਕਤਲ

ਇਕ ਬਾਅਦਤ ਵਿਚ ਖਵਾਜਾ ਸਰਾ ਜਾਵੇਦ ਨੂੰ ਸ਼ਾਮਲ ਹੋਣ ਲਈ ਸਦਿਆ ਗਿਆ ਤੇ ਵਜ਼ੀਰ ਨੇ ਇਸ ਮੌਕੇ ਤੋਂ ਲਾਭ ਉਠਾਕੇ ਉਸ ਨੂੰ ਓਥੇ ਹੀ ਕਤਲ ਕਰਵਾ ਦਿਤਾ। ਇਸ ਕਾਰਰਵਾਈ ਨੂੰ ਵੇਖ ਕੇ ਸ਼ਹਿਨਸ਼ਾਹ ਬੜੇ ਤੈਸ਼ ਵਿਚ ਆਇਆ। ਉਸ ਨੇ ਸਫਦਰ ਜੰਗ ਪਾਸੋਂ ਵਜ਼ਾਰਤ ਦਾ ਕਲਮਦਾਨ ਖੋਹ ਲਿਆ ਸ਼ਹਿਨਸ਼ਾਹ ਨੇ ਇਹ ਪਦਵੀ ਖਨਿ ਖਾਨਾ ਇੰਤਜ਼ਾਮ ਉਦ ਦੌਲਾ ਸਪੁਤਰ ਸਵਰਗੀ ਕਮਰ ਉਦ ਦੀਨ ਨੂੰ ਬਖਸ਼ ਦਿਤੀ! ਇਹ ਘਟਣਾ ਸੰਨ ੧੭੫੩ ਈਸਵੀ ਦੀ ਹੈ।

## ਗਾਜ਼ੀ ਉਦ ਦੀਨ ਛੋਟਾ

ਸਫਦਰ ਜੰਗ ਦੀ ਕੱਚੀਆਂ ਗੋਲੀਆਂ ਨਹੀਂ ਸੀ ਖੇਡਿਆ। ਉਸ ਨੇ ਬਗਾਵਤ ਦਾ ਝੰਡਾ ਖੜਾ ਕਰ ਦਿਤਾ। ਗਾਜ਼ੀ ਉਦੀਨ ਛੋਟਾ ਨੇ ਉਸ ਦਾ ਟਾਕਰਾ ਕੀਤਾ। ਮੀਰ ਮੁਈਨ ਉਲ ਮੁਲਕ ਗਵਰਨਰ ਪੰਜਾਬ ਨੇ ਇਸ ਨਾਜ਼ਕ ਸਮੇਂ ਅਫਗਾਨਾਂ ਦੀ ਪਾਰਟੀ ਦੁਰਾਨੀ ਧੜੇ ਦੇ ਰਿਸ਼ਤੇ ਦਾਰਾਂ ਦੀ ਸਹਾਇਤਾ ਲਈ ਰਾਜਧਾਨੀ ਵਿਚ ਭੇਜੀ। ਫਲ ਇਹ ਹੋਇਆ ਕਿ ਛੀ ਮਹੀਨੇ ਲਈ ਖਾਨਾ ਜੰਗੀ ਜਾਰੀ ਰਹੀ।

## ਉਸ ਨੇ ਮਰਹਟੇ ਸਦਕੇ ਸਫਦਰ ਜੰਗ ਨੂੰ ਬਾਹਰ ਕਢਿਆ

ਗਾਜ਼ੀ ਉਦ ਦੀਨ ਨੇ ਆਪਣੀ ਸਹਾਇਤਾ ਲਈ ਮਰਹਟੇ ਬੁਲਾ ਲਏ ਅਤੇ ਉਹਨਾਂ ਦੀ ਸਹਾਇਤਾ ਨਾਲ ਉਸਨੇ ਸਫਦਰ ਜੰਗ ਨੂੰ ਕਢ ਬਾਹਰ ਕੀਤਾ। ਉਹ ਆਪਣੀ ਜਾਗੀਰ ਅਲਾਹਾਬਾਦ ਤੇ ਅਵਧ ਵਲ ਨਸ ਗਿਆ।

## ਸ਼ਹਿਨਸ਼ਾਹ ਦੀ ਗਾਜ਼ੀ ਉਦੀਨ ਵਿਰੁਧ ਨਰਾਜ਼ਗੀ ਤੇ ਜੰਗ

ਢਿਲ ਮਿਲ ਯਕੀਨ ਸ਼ਹਿਨਸ਼ਾਹ ਗਾਜ਼ੀ ਉਦ ਦੀਨ ਹਥੋਂ ਬੜਾ ਤੰਗ ਆ ਗਿਆ ਕਿਉਂਕਿ ਉਹ ਸਫਦਰ ਜੰਗ ਨਾਲੋਂ ਵੀ ਬਹੁਤਾ ਹੰਕਾਰੀ ਹੋ ਗਿਆ ਸੀ। ਬਾਦਸ਼ਾਹ ਨੇ ਬਹੁਤ ਸਾਰੀ ਫ਼ੌਜ ਇਕਠੀ ਕਰਕੇ ਸ਼ਹਿਰ ਤੋਂ ਬਾਹਰ ਕੂਚ ਬੋਲਿਆ ਤਾਂ ਜੁ ਗਾਜ਼ੀ ਉਦ ਦੀਨ ਨਾਲ ਜੰਗ ਕਰੇ ਤੇ ਤਾਕਤ ਦੇ ਬਲ ਨਾਲ ਉਸ ਦਾ ਹੰਕਾਰ ਤੋੜੇ। ਗਾਜ਼ੀ ਉਦ ਦੀਨ ਨੇ ਸ਼ਹਿਨਸ਼ਾਹ ਵਿਰੁਧ ਜੰਗ ਕਰਨ ਲਈ ਆਪਣੇ ਮਰਹਟਾ ਇਤਿਹਾਦੀ ਨੂੰ ਅਗੇ ਕਰ ਦਿਤਾ! ਉਸ ਦੀਆਂ ਫ਼ੌਜਾਂ ਸਿਕੰਦਰਾ ਦੇ ਅਸਥਾਨ ਉਤੇ ਅਚਾਨਕ ਸ਼ਾਹੀ ਫੌਜਾਂ ਉਤੇ ਜਾ ਪਈਆਂ ਅਤੇ ਸ਼ਾਹੀ ਕੈਂਪ ਉਤੇ ਕਬਜ਼ਾ ਕਰ ਲਿਆ। ਨਪੁੰਨਸਕ ਬਾਦਸ਼ਾਹ ਆਪਣੀ ਹਰਮ ਦੀਆਂ ਬੇਗਮਾਂ ਨੂੰ ਵੈਰੀ ਰਹਿਮ ਉਤੇ ਛਡ ਕੇ ਆਪ ਦਿਲੀ ਵਲ ਨਸ ਗਿਆ, ਜਿਥੇ ਉਹ ਮਹਲ ਵਿਚ ਜਾ ਲੁਕਿਆ। ਪਿਛੋਂ ਵਿਰੋਧੀ ਫੌਜਾਂ ਨੇ ਬੇਗਮਾਂ ਦੇ ਕੀਮਤੀ ਗਹਿਣੇ ਉਤਰਵਾ ਲਏ ਅਤੇ ਉਹਨਾਂ ਨੂੰ ਛਕੜਿਆਂ ਵਿਚ ਸਵਾਰ ਕਰਕੇ ਦਿਲੀ ਭੇਜ ਦਿਤਾ।

## ਸ਼ਾਹ ਨੂੰ ਅੰਨ੍ਹਿਆਂ ਕਰਕੇ ਗਦੀ ਤੋਂ ਧਕਾ

ਇਸ ਜਿਤ ਦੇ ਮਗਰੋਂ ਗਾਜ਼ੀ ਉਦੀਨ ਦਿੱਲੀ ਪੁਜਾ ਅਤੇ ਓਥੇ ਸਰਕਾਰੀ ਤੌਰ ਉਤੇ ਵਜ਼ੀਰ ਦਾ ਜਾਮਾ ਪਾਕੇ ਉਸਨੇ ਬਾਦਸ਼ਾਹ ਨੂੰ ਤਖਤੋਂ ਥਲੇ ਲਾਹ ਦਿਤਾ। ਬਾਦਸ਼ਾਹ ਤੇ ਉਸਦੀ ਮਾਂ ਦੀਆਂ ਅੱਖਾਂ ਕਢਵਾ ਦਿਤੀਆਂ। ਇਹ ਘਟਣਾ ੫ ਜੂਨ ੧੭੫੪ ਨੂੰ ਹੋਈ। ਇੰਤਜ਼ਾਮ ਉਦ ਦੌਲਾ ਦੀ ਪਦਵੀ ਤੇ ਉਸਦਾ ਸਾਰਾ ਧਨ ਖੋਹ ਲਿਆ ਤੇ ਅੰਤ ਉਸਨੂੰ ਜਾਨੋਂ ਮਰਵਾ ਦਿਤਾ। ਇਸ ਦੇ ਥੋੜਾ ਚਿਰ ਮਗਰੋਂ ਹੀ ਸਫਦਰ ਜੰਗ ਮਰ ਗਿਆ। ਅਤੇ ਉਸਦਾ ਪੁਤਰ ਜਲਾਲ ਉਦ ਦੀਨ ਹੈਦਰ ਉਪਨਾਮ ਸ਼ੁਜਾਹ ਉਦ ਦੌਲਾ ਬਹਾਦਰ ਉਸਦੇ ਸੂਬਿਆਂ ਵਿਚ ਉਹ ਦਾ ਜਾਨਸ਼ੀਨ ਬਣਿਆ।

## ਅਹਿਮਦ ਸ਼ਾਹ ਦੀ ਮੌਤ

ਮੰਦ ਭਾਗੇ ਅਹਿਮਦ ਸ਼ਾਹ ਨੂੰ ਫੇਰ ਕੋਈ ਤਸੀਹਾ ਨ ਦਿਤਾ ਗਿਆ ਪਰ ਉਹ ਸਲੇਮ ਗੜ ਦੇ ਕਿਲੇ ਵਿਚ ਸ਼ਾਹੀ ਕੈਦੀ ਬਣਾਕੇ ਰਖਿਆ ਗਿਆ ਜਿਥੇ ਉਹ ੧੭੭੯ ਈਸਵੀ ਵਿਚ ੬ ਸਾਲ ਰਾਜ ਕਰਨ ਮਗਰੋਂ ਕੁਦਰਤੀ ਮੌਤ ਮੋਇਆ।

—:o:—

Sri Satguru Jagjit Singh Ji eLibrary NamdhariElibrary@gmail.com

# ਪਰਕਰਨ—੨੫

## ਅਜ਼ ਉਦ ਦੀਨ ਆਲਮਗੀਰ ਦੂਜਾ

ਸਿਕੰਦਰ ਦੀ ਲੜਾਈ ਮਗਰੋਂ ਨਵਾਬ ਮਲਕਾ ਜ਼ਮਾਨੀ (ਰਾਜ ਮਾਤਾ) ਨਾਜ਼ਿਰ ਰੋਜ਼ਅਫਜ਼ੂਨ ਖਾਨ ਅਤੇ ਦਰਬਾਰ ਦੇ ਹੋਰ ਦੂਜੇ ਉਮਰਾ ਨੇ ਮੰਗ ਕੀਤੀ ਕਿ ਮੁਹੰਮਦ ਅਜ਼ ਉਦ ਦੀਨ ਸਪੁਤਰ ਮੋਜ ਉਦ ਦੀਨ ਜਹਾਨਦਾਰ ਸ਼ਾਹ ਨੂੰ ਰਾਜ ਸਿੰਘਾਸਨ ਉੱਤੇ ਬਠਾਇਆ ਜਾਏ।

### ਆਲਮਗੀਰ ਸ਼ਹਿਨਸ਼ਾਹ ਬਣਿਆ ੧੭੫੦

ਨਿਜ਼ਾਮ ਉਲ ਮੁਲਕ ਆਸਫ਼ ਜਾਹ ਗਾਜ਼ੀ ਉਦ ਦੀਨ ਖਾਨ ਨੇ ਵੀ ਇਹਨਾਂ ਨਾਲ ਸੰਮਤੀ ਪ੍ਰਗਟ ਕੀਤੀ ਜਿਸ ਕਰਕੇ ਅਜ਼ ਉਦ ਦੀਨ ਨੂੰ ਦਿਵਾਨਿ ਆਮ ਵਿਚ ਸੱਦਿਆ ਗਿਆ। ਉਸ ਨੂੰ ਅਬੁਲ ਅਦਲ ਆਜ਼ ਉਦ ਦੀਨ ਮੁਹੰਮਦ ਆਲਮਗੀਰ ਸਾਨੀ ਬਾਦਸ਼ਾਹ ਗਾਜ਼ੀ ਦੇ ਉਪਨਾਮ ਨਾਲ ਤਖਤ ਉਤੇ ਬਿਠਾਇਆ ਗਿਆ। ਨਵੇਂ ਸ਼ਹਨਸ਼ਾਹ ਦੀ ਉਮਰ ਵਡੇਰੀ ਅਰਥਾਤ ਪਪ ਬਰਸ ਦੀ ਸੀ। ਉਹ ਨੇ ਸੰਨ ੧੬੯੯ ਈਸਵੀ ਅਰਥਾਤ ਔਰੰਗਜ਼ੇਬ ਦੇ ਰਾਜ ਦੇ ਖੜਵੇਂ ਸਾਲ ਜਨਮ ਲਿਆ ਸੀ ਉਸ ਦੇ ਪੰਜ ਬੇਟੇ ਸਨ। ਜਿਨ੍ਹਾਂ ਵਿਚੋਂ ਸਭ ਤੋਂ ਵਡੇ ਪੁਤਰ ਦੀ ਆਯੂ ੨੮ ਸਾਲ ਦੀ ਸੀ।

### ਨਵਾਂ ਸ਼ਹਿਨਸ਼ਾਹ ਨਮਾਜ਼ੀ

ਬਾਦਸ਼ਾਹ ਆਪਣਾ ਬਹੁਤਾ ਸਮਾਂ ਮਜ਼ਹਬ ਤੇ ਇਤਿਹਾਸ ਪੜ੍ਹਨ ਵਿਚ ਖਰਚ ਕਰਦਾ। ਉਹ ਹਰ ਪਰਕਾਰ ਦੀਆਂ ਰੰਗ ਰਲਿਆਂ ਤੋਂ ਉਪਰਾਮ ਰਹਿੰਦਾ। ਉਹ ਪੰਜੇ ਵੇਲੇ ਹੀ ਨਿਮਾਜ਼ ਤੋਂ ਕਦੇ ਨਾ ਖੁੰਜਦਾ ਉਹ ਜ਼ਮਾਤ ਵਿਚ ਖੜ੍ਹਕੇ ਨਮਾਜ਼ ਪੜ੍ਹਦਾ ਅਤੇ ਜੁੰਮੇ ਵਾਲੇ ਦਿਨ ਜਾਮਾ ਮਸੀਤ ਵਿਚ ਹਾਜਰੀ ਜਰੂਰ ਭਰਦਾ, ਜੇ ਉਥੇ ਨ ਪਹੁੰਚ ਸਕਦਾ ਤਦ ਮਹਲ ਦੀ ਲਕੜੀ ਦੀ ਮਸੀਤ ਵਿਚ ਹੀ ਜੁਮੇ ਦੀ ਨਿਮਾਜ਼ ਪੜ੍ਹ ਲੈਂਦਾ। ਇਹੋ ਜਿਹਾ ਨਿਮਾਜ਼ੀ ਬਾਦਸ਼ਾਹ ਦੇਸ਼ ਦੇ ਰਾਜ ਵਿਚ ਭਲਾ ਕੀ ਦਿਲਚਸਪੀ ਲੈ ਸਕਦਾ ਸੀ। ਨੌਜਵਾਨ ਬਾਦਸ਼ਾਹ ਦੀ ਥਾਂ ਹਾਜੀ ਉਦ ਦੀਨ ਹੀ ਰਾਜ ਕਾਜ ਦਾ ਸਭ ਕਾਰ ਵਿਹਾਰ ਚਲਾਉਂਦੇ ਤੇ ਉਸੇ ਦਾ ਹੁਕਮ ਹੀ ਹਰ ਥਾਂ ਚਲਦਾ ਸੀ। ਇਸ ਸਮੇਂ ਸਾਰੇ ਦੇਸ਼ ਵਿਚ ਜੋ ਬੇਚੈਨੀ ਤੇ ਬਦਅਮਨੀ ਫੈਲੀ ਹੋਈ ਸੀ ਉਸ ਮੰਗ ਮੁਗਲ ਦੇ ਵਕਾਰ ਲਈ ਮੌਤ-ਸਟ ਸਾਬਤ ਹੋਈ, ਅਕਬਰ ਦੇ ਰਾਜ ਦੀ ਦਸ਼ਾ ਅਤਿ ਅਤਿ ਤਰਸ ਯੋਗ ਹੋ ਚੁਕੀ ਸੀ।

### ਮੁਗਲ ਰਾਜ ਦੀ ਨਿਰਬਲਤਾ

ਮਰਹਟਿਆਂ ਦਾ ਨਾਮ ਸਾਰੇ ਦਖਣੀ ਹਿੰਦ ਵਿਚ ਹਊਆ ਬਣ ਚੁਕਾ ਸੀ। ਅਵਧ ਅਤੇ ਅਲਾਹਾਬਾਦ ਉਤੇ ਸ਼ੁਜਾਹ ਉਦ ਦੌਲਾ ਦਾ ਕਬਜ਼ਾ ਸੀ। ਆਗਰੇ ਤੋਂ ਦਖਣ ਵਲ ਦੇ ਦੇਸ਼ ਉਤੇ ਜਾਟ ਕਬਜ਼ਾ ਕਰੀ ਬੈਠੇ ਸਨ, ਬੰਗਾਲ, ਬਿਹਾਰ ਤੇ ਉੜੀਸੇ ਉਪਰ ਅਲੀ ਵਰਦੀ ਖਾਨ ਦੇ ਪਰਿਵਾਰ ਦਾ ਹੁਕਮ ਚਲਦਾ ਮਾਲਵੇ ਤੇ ਰਾਜਪੂਤਾਨੇ ਨੇ ਸ਼ਾਹੀ ਖਰਾਜ ਦੇਣਾ ਬੰਦ ਕਰ ਦਿਤਾ ਅਤੇ ਪੰਜਾਬ ਉਸ ਨਵੀਂ ਦੁਰਾਨੀ ਰਾਜ ਅਫਗਾਨਸਤਾਨ ਦਾ ਬਾਜ਼ਗੁਜ਼ਾਰ ਬਣ ਗਿਆ ਜੋ ਅਬਦਾਲੀ ਅਹਿਮਦ ਸ਼ਾਹ ਨੇ ਕਾਇਮ ਕਰ ਲਈ ਸੀ ਕੇਵਲ ਦਿਲੀ ਦੇ ਇਰਦ ਗਿਰਦ ਦੇ ਦੇਸ਼ ਤੇ ਸਤਲੁਜ ਦੇ ਕੁਛਕੁ ਉਤਰੀ ਜ਼ਿਲੇ ਹੀ ਤੈਮੂਰ ਦੀ ਔਲਾਦ ਦੇ ਸਿਧੇ ਕਬਜ਼ੇ ਹੇਠ ਰਹਿ ਗਏ ਸਨ।

### ਮੀਰ ਮਨੂ ਵਾਇਸਰਾਏ ਪੰਜਾਬ ਦੀ ਮੌਤ ੧੭੫੬

ਮੀਰ ਮੰਨੂ ਅਰਥਾਤ ਮੁਈਨ ਉਲ ਮੁਲਕ ਵਾਇਸਰਾਏ ਪੰਜਾਬ ਨਵੇਂ ਬਾਦਸ਼ਾਹ ਦਾ ਵਾਇਸਰਾਏ ਬਣਕੇ ਨਵੇਂ ਸਿਰੇ ਆਪਣਾ ਅਧਿਕਾਰ ਜਮਾਉਣ ਤੀਕ ਜੀਉਂਦਾ ਨ ਰਿਹਾ। ਉਹ ਸ਼ਿਕਾਰ ਖੇਡਦਾ ਹੋਇਆ ਸੰਨ ੧੭੫੬ ਈਸਵੀ ਵਿਚ ਆਪਣੇ ਘੋੜੇ ਉਤੋਂ ਡਿਗ ਕੇ ਚਲਾਣਾ ਕਰ ਗਿਆ। ਉਸਦੀ ਵਿਧਵਾ ਮਰਾਦ ਬੇਗਮ* ਨੇ ਜੋ ਬੜੀ ਚਲਦੀ ਪੁਰਜ਼ੀ ਤੇ ਸ਼ਕਤੀ ਸ਼ਾਲੀ ਤੀਵੀਂ ਸੀ, ਆਪਣੇ ਨਾਬਾਲਗ ਬੇਟੇ ਅਮੀਨ ਉਦ ਦੀਨ ਨੂੰ ਜੋ ਉਦੋਂ ਕੇਵਲ ਤਿੰਨ ਸਾਲ ਦਾ ਬਚਾ ਸੀ ਅਪਣੀ ਸਰਪਰਸਤੀ ਹੇਠ ਪੰਜਾਬ ਦਾ ਵਾਇਸਰਾਏ ਘੋਸ਼ਤ ਕਰ ਦਿਤਾ ਉਸ ਨੇ ਦਿੱਲੀ ਦਰਬਾਰ ਦੀ ਈਨ ਵੀ ਮੰਨ ਲਈ ਅਤੇ ਅਬਦਾਲੀ ਬਾਦਸ਼ਾਹ ਦੀ ਤਾਜ ਗੁਜਾਰੀ ਵੀ ਪਰਵਾਨ ਕਰ ਲਈ ਅਤੇ ਮਜ਼ੇ ਦੀ ਗਲ ਇਹ ਕਿ ਦੋਵਾਂ ਨੇ ਹੀ ਉਸਨੂੰ ਬਾਲਕ ਵਾਇਸਰਾਏ ਦੀ ਰੀਜੰਟ† ਮੰਨ ਲਿਆ।

### ਮੀਰ ਮਨੂੰ ਦੀ ਬੇਵਾ ਮੁਰਾਦ ਬੇਗਮ ਨਾਬਾਲਗ ਪੁਤ੍ਰ ਦੇ ਨਾਮ ਉਤੇ ਪੰਜਾਬ ਦਾ ਰਾਜ ਕਰਨ ਲਗੀ

ਮੁਰਾਦ ਬੇਗਮ ਨੇ ਰਾਜ ਸੱਤਾ ਆਪਣੇ ਹਥ ਵਿਚ ਲੈ ਕੇ ਆਪਣੀ ਸੁਰਗੀ ਪਤੀ ਦੇ ਵਜ਼ੀਰਾਂ ਤੇ ਦਰਬਾਰੀਆਂ ਨੂੰ ਸਨਮਾਨ ਦਿਤਾ ਅਤੇ ਰਾਜ ਦੇ ਸਭ ਮਾਮਲਿਆਂ ਨੂੰ ਉਹਨਾਂ ਦੀ ਸਲਾਹ ਤੇ ਮਸ਼ਵਰੇ ਨਾਲ ਨਿਪਰਾਉਣ ਲਗੀ। ਹੁਣ ਤੀਕ ਉਸ ਨੇ ਆਪਣੇ ਅਧਿਕਾਰ ਨੂੰ ਵੀ ਪਕਿਆਂ ਤਾਂ ਕਰ ਲਿਆ ਪਰ ਹੁਣ ਉਸ ਉਤੇ ਇਕ ਨਵੀਂ ਬਿਪਤਾ ਆ ਪਈ। ਜਿਸ ਬੱਚੇ ਦੇ ਨਾਮ ਉਤੇ ਉਹ ਰਾਜ ਕਰ ਰਹੀ ਸੀ ਉਹ ਦਸ ਮਹੀਨੇ ਮਗਰੋਂ ਚੇਚਕ ਦੇ ਰੋਗ ਨਾਲ ਚਲਾਣਾ ਕਰ ਗਿਆ।

---

*ਇਸ ਨੂੰ ਮੁਗਲਾਨੀ ਬੇਗਮ ਵੀ ਆਖਦੇ ਹਨ—ਤਾਰੀਖਿ ਅਹਿਮਦੀ

†ਵੇਖੋ ਕਨਿੰਘਮ ਦੀ ਰਚਨਾ—ਹਿਸਟਰੀ ਆਫ ਦੀ ਸਿਖਸ ਸਫਾ 104 (ਇਸਦਾ ਵੀ ਪੰਜਾਬੀ ਅਨੁਵਾਦ ਹੋ ਚੁਕਾ ਹੈ ਜੋ ਲਾਹੌਰ ਬੁਕ ਸ਼ਾਪ ਲੁਧਿਆਣਾ ਤੋਂ ਮਿਲਦਾ ਹੈ—ਅਨੁਵਾਦਕ)

Sri Satguru Jagjit Singh Ji eLibrary NamdhariElibrary@gmail.com

## ਮੁਰਾਦ ਬੇਗਮ ਦੇ ਵਾਇਸਰਾਏ ਪੰਜਾਬ ਹੋਣ ਦਾ ਐਲਾਨ

ਉਸ ਦਲੇਰ ਬੇਗਮ ਨੇ ਰਾਜ ਕਾਜ ਦਾ ਸਾਰਾ ਕੰਮ ਆਪਣੇ ਹਥ ਵਿਚ ਲੈ ਲਿਆ। ਅਤੇ ਆਪਣੇ ਆਪ ਨੂੰ ਪੰਜਾਬ ਦੀ ਵਾਇਸਰਾਨੀ ਘੋਸ਼ਤ ਕਰ ਦਿਤਾ। ਲਾਹੌਰ ਦਰਬਾਰ ਦੇ ਉਮਰਾ ਨੇ ਜਿਨਾਂ ਦੇ ਦਿਲ ਵਿਚ ਉਸਦੇ ਸੁਵਰਗੀ ਪਤੀ ਲਈ ਬੜੀ ਸ਼ਰਧਾ ਸੀ, ਉਸ ਤੀਵੀਂ ਦੀ ਹਕੂਮਤ ਪਰਵਾਨ ਕਰ ਲਈ। ਦਿੱਲੀ ਅਤੇ ਕਾਬਲ ਦੇ ਦਰਬਾਰਾਂ ਵਿਚ ਏਜੰਟ ਭੇਜੇ ਗਏ ਤੇ ਉਹਨਾਂ ਰਾਹੀਂ ਸ਼ਾਹੀ ਫਰਮਾਨ ਪ੍ਰਾਪਤ ਕੀਤੇ ਗਏ ਜਿਨ੍ਹਾਂ ਵਿਚ ਬੇਗਮ ਨੂੰ ਪੰਜਾਬ ਦਾ ਵਾਇਸਰਾਏ ਹੋਣਾ ਪਰਵਾਨ ਕੀਤਾ ਗਿਆ।

ਆਪਣੀ ਗੌਰਮਿੰਟ ਨੂੰ ਪਕਿਆਂ ਕਰਨ ਮਗਰੋਂ ਮੁਰਾਦ ਤੀਵੀਂ ਜਾਤੀ ਦੀ ਕਮਜ਼ੋਰੀ ਦਾ ਸ਼ਿਕਾਰ ਹੋ ਗਈ। ਉਸ ਨੇ ਆਪਣੇ ਪਤੀ ਦੇ ਦਰਬਾਰੀ ਉਹਨਾਂ ਹੀ ਦੇ ਉਮਰਾ ਵਿਰੁਧ ਬੇਭਰੋਸਗੀ ਪਗਟ ਕਰਨੀ ਸ਼ੁਰੂ ਕਰ ਦਿਤੀ ਜਿਨ੍ਹਾਂ ਦੇ ਸਦਕੇ ਉਸ ਨੂੰ ਇਹ ਉੱਚੀ ਸ਼ਾਨ ਅਤੇ ਰਾਜ ਸਤਾ ਪਰਾਪਤ ਹੋਈ ਸੀ।

## ਮੀਰ ਭਿਖਾਰੀ ਖਾਨ

ਮੀਰ ਭਿਖਾਰੀ ਖਾਨ ਸਪੁਤਰ ਰੌਸ਼ਨ ਉਦ ਦੌਲਾ ਤੁੱਰੇ ਬਾਜ਼ ਖਾਨ ਮਹਾਂ ਮੰਤਰੀ ਸੁਵਰਗੀ ਵਾਇਸਰਾਏ* ਅਤੇ ਚੀਫ ਸੈਕ੍ਰੇਟਰੀ ਦਰਬਾਰੀ ਬੇਗਮ, ਕਦੇ ਬੇਗਮ ਦੇ ਚੰਰਾ ਮੂੰਹ ਮਥੇ ਲਗਦਾ ਸੀ। ਇਕ ਦਿਨ ਉਸ ਨੂੰ ਮਹਲਾਂ ਦੇ ਜ਼ਨਾਨੇ ਵਿਚ ਫੜ ਲਿਆ ਗਿਆ ਅਤੇ ਬੇਗਮ ਦੇ ਹੁਕਮ ਨਾਲ ਉਸਦੀ ਜੁਤੀਆਂ ਤੇ ਸੋਟਿਆਂ ਨਾਲ ਐਨੀ ਭੁਗਤ ਸੁਵਾਰੀ ਗਈ ਕਿ ਉਹ ਮਾਰ ਖਾਂਦਾ ਖਾਂਦਾ ਉਥੇ ਹੀ ਮਰ ਗਿਆ। ਮੀਰ ਦਾ ਕਸੂਰ ਕੇਵਲ ਐਤਨਾ ਹੀ ਸੀ ਕਿ ਉਸਨੇ ਬੇਗਮ ਨੂੰ ਜ਼ਾਤੀ ਤੌਰ ਉਤੇ ਕਿਸੇ ਐਸੀ ਗੱਲੋਂ ਨਿਰਾਸ਼ ਕੀਤਾ ਸੀ ਜਿਸ ਨੂੰ ਕਿ ਔਰਤ ਜ਼ਾਤ ਕਦੇ ਖਿਮਾ ਨਹੀਂ ਕਰ ਸਕਦੀ। ਬੇਗਮ ਦੇ ਇਸ ਜ਼ਾਤੀ ਵੈਰ ਦੇ ਜਜ਼ਬੇ ਹੇਠ ਕੀਤੇ ਗਏ ਇਸ ਅਤਿਆਚਾਰ ਨੇ ਸਾਰੇ ਪੁਰਾਣੇ ਦਰਬਾਰੀਆਂ ਵਿਚ ਨਰਾਜ਼ਗੀ ਦੀ ਲਹਿਰ ਉਤਪਨ ਕਰ ਦਿਤੀ। ਲਗ ਪਗ ਸਭ ਦਰਬਾਰੀਆ ਨੇ ਐਸੇ ਦਰਬਾਰ ਵਿਚ ਅਉਣਾ ਹੀ ਬੰਦ ਕਰ ਦਿਤਾ ਜਿਥੇ ਕਿ ਉਹਨਾਂ ਦੀ ਨ ਕੇਵਲ ਇਜ਼ਤ ਹੀ ਸਗੋਂ ਜਾਨ ਵੀ ਸੁਰਖਿਅਤ ਨਹੀਂ ਸੀ। ਉਹਨਾਂ ਦਰਬਾਰੀਆਂ ਵਲੋਂ ਦਿਲੀ ਨੂੰ ਬਿਨੇ ਖਤਰ ਭੇਜੇ ਗਏ ਜਿਨ੍ਹਾਂ ਵਿਚ ਬੇਗਮ ਦੇ ਚਲਨ ਦੀ ਸ਼ਕਾਇਤ ਕੀਤੀ ਗਈ।

## ਸਿੱਖਾਂ ਨੇ ਪੰਜਾਬ ਵਿਚ ਫੇਰ ਧਾਵੇ ਬੋਲਣੇ ਆਰੰਭੇ

ਇਸ ਸਮੇਂ ਲਾਹੌਰ ਦੀ ਗੌਰਮਿੰਟ ਦੀ ਕਮਜ਼ੋਰੀ ਤੇ ਕਰਮਚਾਰੀਆਂ ਵਿਚਲੀ ਬੇਚੈਨੀ ਨੂੰ ਮੁਖ ਰਖਕੇ ਸਿਖਾਂ ਨੇ ਮੁੜ ਲੁਟ ਮਾਰ ਸ਼ੁਰੂ ਕਰ ਦਿਤੀ। ਦਾੜ੍ਹੀਆਂ ਵਾਲੇ ਧਾੜਵੀ ਸਾਰੇ ਸੂਬੇ ਉਤੇ ਛਾ ਗਏ ਦੇਸ ਵਿਚ ਹੂੰਜਾ ਫੇਰ ਦਿਤਾ। ਪਿੰਡਾਂ ਤੇ ਨਗਰਾਂ ਨੂੰ ਵੀਰਾਨ ਕਰ ਦਿਤਾ ਅਤੇ ਡੰਗਰਾਂ ਦੀਆਂ ਧਾੜਾਂ ਹਿਕ ਕੇ ਲੈ ਗਏ। ਸ਼ਹਿਰੀ ਅਤੇ ਫੌਜੀ ਅਮਨ ਦੇਸ਼ ਵਿਚੋਂ ਖਤਮ ਹੋ ਗਿਆ। ਜ਼ਿਮੀਦਾਰਾਂ ਪਾਸੋਂ ਮਾਲੀਏ ਦਾ ਇਕ ਪੈਸਾ ਵੀ ਉਗ੍ਰਾਹੁਣਾ ਅਸੰਭਵ ਹੋ ਗਿਆ ਸਾਰੇ ਦੇਸ ਵਿਚ ਬਦ ਅਮਨੀ ਸੀਨਾਜ਼ੋਰੀ ਤੇ ਗੜ ਬੜ ਫੈਲ ਗਈ।

## ਸਯਦ ਜਮੀਲ ਨੂੰ ਡਿਪਟੀ ਗਵਰਨਰ ਬਣਾ ਕੇ ਲਾਹੌਰ ਭੇਜਿਆ

ਦਿਲੀ ਦੇ ਵਜ਼ੀਰ ਗਾਜ਼ੀ ਉਦ ਦੀਨ ਜਿਸ ਨੂੰ ਆਪਣੀ ਹੋਣ ਵਾਲੀ*† ਸਸ ਦਾ ਲਿਹਾਜ਼ ਸੀ, ਨੇ ਸਯਦ ਜਮੀਲ ਨੂੰ ਲਾਹੌਰ ਦੇ ਰਾਜ ਪ੍ਰਬੰਧ ਵਿਚ ਸਹਾਇਤਾ ਦੇਣ ਲਈ ਲਾਹੌਰ ਭੇਜ ਦਿਤਾ ਅਤੇ ਸਯਦ ਨੇ ਲਾਹੌਰ ਪੁਜ ਕੇ ਰਾਜ ਪ੍ਰਬੰਧ ਵਿਚ ਕੁਛ ਸੁਧਾਰ ਵੀ ਕੀਤਾ ਪਰ ਬੇਗਮ ਨੂੰ ਉਸ ਨਾਲ ਈਰਖਾ ਉਪਜ ਪਈ ਇਸ ਲਈ ਉਸ ਨੇ ਗਾਜ਼ੀ ਉਦ ਦੀਨ ਨੂੰ ਲਿਖ ਭੇਜਿਆ ਕਿ ਸਯਦ ਜਮਾਲ ਨੂੰ ਵਾਪਸ ਬੁਲਾ ਲਵੇ। ਨੌਜਵਾਨ ਵਜ਼ੀਰ ਨੇ ਉਸ ਦੀ ਇਹ ਗਲ ਪਰਵਾਨ ਨ ਕੀਤਾ। ਇਸ ਤੇ ਬੇਗਮ ਨੂੰ ਬੜਾ ਕਰੋਧ ਆਇਆ। ਉਹ ਰਾਜ ਸਤਾ ਲਈ ਪਾਗਲ ਹੋ ਚੁਕੀ ਸੀ। ਉਸ ਨੇ ਆਪਣ ਵਕੀਲ (ਏਜੰਟ) ਅਬਦਾਲੀ ਬਾਦਸ਼ਾਹ ਵਲ ਭੇਜੇ ਤੇ ਉਹਨਾਂ ਰਾਹੀਂ ਇਹ ਸ਼ਕਾਇਤ ਕੀਤ ਕਿ ਦਿਲੀ ਦਰਬਾਰ ਉਸ ਦੇ ਹੱਕ ਉਤੇ ਛਾਪਾ ਮਾਰ ਰਿਹਾ ਹੈ ਤੇ ਸ਼ਾਹੀ ਅਫਸਰ ਉਸ ਦੇ ਕੰਮ ਵਿਚ ਰੋਕ ਪਾਉਂਦੇ ਹਨ।

## ਸ਼ਾਹਜ਼ਾਦੇ ਅਲੀ ਗੌਹਰ ਦਾ ਲਾਹੌਰ ਵਲ ਕੂਚ

ਬੇਗਮ ਦੀ ਇਸ ਸਾਜ਼ਸ਼ ਦਾ ਦਿੱਲੀ ਦਰਬਾਰ ਨੂੰ ਵੀ ਪਤਾ ਲਗ ਗਿਆ ਇਸ ਲਈ ਗਾਜ਼ੀ ਉਦ ਦੀਨ ਨੇ ਆਲਮ ਗੀਰ ਦੇ ਸਭ ਤੋਂ ਵੱਡੇ ਬੇਟੇ ਮਿਰਜ਼ਾ ਅਲੀ ਗੌਹਰ ਨੂੰ ਨਾਲ ਲੈ ਕੇ ਦਿਲੀ ਤੋਂ ਭਾਰੀ ਫੌਜ ਸਮੇਤ ੧੧੬੯ ਹਿਜਰੀ ਨੂੰ ਲਾਹੌਰ ਵਲ ਕੂਚ ਬੋਲ ਦਿਤਾ। ਸ਼ਾਹੀ ਫੌਜ ਸਰਹਿੰਦ ਤੋਂ ੭੦ ਕੋਹ ਦੇ ਫ਼ਾਸਲੇ ਉਪਰ ਮਾਛੀਵਾੜੇ ਦੇ ਅਸਥਾਨ ਉਤੇ ਪੁਜ ਗਈ। ਤਦ ਵਜ਼ੀਰ ਨੇ ਆਪਣੀ ਸ਼ਾਦੀ ਲਈ ਗਲ ਬਾਤ ਸ਼ੁਰੂ ਕਰ ਦਿਤੀ। ਉਹ ਥੋੜੀ ਜਿਹੀ ਫੌਜ ਲੈ ਕੇ ਆਪ ਲਾਹੌਰ ਵਲ ਵਧਿਆ ਜਿਵੇਂ ਕਿ ਉਹ ਸ਼ਾਦੀ ਕਰਾਉਣ ਜਾ ਰਿਹਾ ਹੈ! ਜਦ ਸਭ ਲੋਕਾਂ ਨੂੰ ਨਿਸਚਾ ਹੋ ਗਿਆ ਕਿ ਠੀਕ ਸ਼ਾਦੀ ਦਾ ਧੂਮ ਧੜਾਕਾ ਹੈ ਤਦ ਉਸ ਨੇ ਅਚਾਨਕ ਹੀ ਬੇਗਮ ਦੇ ਘਰ ਨੂੰ ਘੇਰ ਲਿਆ ਤੇ ਉਸ ਨੂੰ ਉਸ ਦੇ ਆਪਣੇ ਕਮਰੇ ਵਿਚ ਕੈਦ ਕਰ ਦਿਤਾ।

## ਗਾਜ਼ੀ ਉਦ ਦੀਨ ਵਲੋਂ ਫਰੇਬ ਨਾਲ ਮੁਰਾਦ ਬੇਗਮ ਦੀ ਗ੍ਰਿਫਤਾਰੀ

ਜਦ ਗਾਜ਼ੀ ਉਦ ਦੀਨ ਨੇ ਡਿਠਾ ਕਿ ਨਿਕਾਹ ਲਈ ਉਸ ਦੀਆਂ ਸਭ ਬੇਨਤੀਆਂ ਅਕਾਰਥ ਗਈਆਂ ਹਨ ਤਦ ਉਸ ਨੇ ਇਹ ਹਥਕੰਡਾ ਕੀਤਾ ਕਿ ਮੁਰਾਦ ਬੇਗਮ ਨੂੰ ਫੜਕ ਕੈਦ ਕਰ ਲਿਆ, ਉਸਦੇ ਸਭ ਅਧਿਕਾਰ ਖੋਹ ਲਏ ਤੇ ਉਸ ਨੂੰ ਸ਼ਾਹੀ ਕੈਦਨ ਬਣਾ ਕੇ ਦਿਲੀ ਲੈ ਗਿਆ। ਵਜ਼ੀਰ ਨੇ ਵਾਪਸੀ ਅਦੀਨਾ ਬੇਗ ਪਾਸੋਂ ੩੦ ਲਖ ਖਰਾਜ ਲੈਕੇ ਲਾਹੌਰ ਦੀ ਗੌਰਮਿੰਟ ਉਸ ਦੇ ਹਵਾਲੇ ਕਰ ਦਿਤਾ।

## ਅਦੀਨਾ ਬੇਗ ਲਾਹੌਰ ਦਾ ਵਾਇਸਰਾਏ

ਸ਼ਾਹਜ਼ਾਦਾ ਅਲੀ ਗੌਹਰ ਨੂੰ ਮੁਰਾਦ ਬੇਗਮ ਦੀਆਂ ਸ਼ਕਾਇਤਾਂ ਸੁਣਕੇ ਬੜਾ ਦੁੱਖ ਹੋਇਆ। ਉਸਨੇ ਗਾਜ਼ੀ ਉਦ ਦੀਨ ਉਤੇ ਜ਼ੋਰ ਪਾਇਆ ਕਿ ਉਹ ਮੁਰਾਦ ਬੇਗਮ ਨੂੰ ਮੁੜ ਰਾਣੀ ਉਤੇ ਬਹਾਲ ਕਰ ਦੇਵੇ ਪਰ ਨੌਜਵਾਨ ਵਜ਼ੀਰ ਨੇ ਸ਼ਹਜ਼ਾਦੇ ਦੀ ਮੰਗ ਦੀ ਕੋਈ ਪ੍ਰਵਾਹ ਨ ਕੀਤੀ ਸਗੋਂ ਉਸ ਨੇ ਬੇਗਮ ਨੂੰ ਹਰ ਸੰਭਵ ਢੰਗ ਨਾਲ ਦੁੱਖੀ ਕੀਤਾ। ਦਿਲੀ ਨੂੰ ਜਾਂਦੀ ਹੋਈ ਗੁੱਸੇ ਜੋਸ਼ ਵਿਚ ਭਰੀ ਹੋਈ ਸਸ ਨੇ ਗਾਜ਼ੀ ਉਦ ਦੀਨ ਨੂੰ ਉਸ ਦੇ ਫਰੇਬ ਤੇ ਧੋਖੇ ਲਈ ਸਖਤ ਝਾੜ

*ਇਹੋ ਉਹ ਹੀ ਸਜਨ ਸੀ ਜਿਸ ਨੇ ਲਾਹੌਰ ਦੀ ਸੁਨਹਿਰੀ ਮਸੀਤ ਬਣਵਾਈ ਸੀ।

†ਮਾਲੂਮ ਹੁੰਦਾ ਹੈ ਮੀਰ ਮਨੂੰ ਨੇ ਦਿਲੀ ਦਰਬਾਰ ਵਿਚ ਆਪਣੇ ਲਾਭ ਹਿਤ, ਮਰਨ ਤੋਂ ਪਹਿਲੇ ਗਾਜ਼ੀ ਉਦ ਦੀਨ ਨਾਲ ਆਪਣੀ ਲੜਕੀ ਦੇ ਵਿਆਹ ਦਾ ਇਕਰਾਰ ਕੀਤਾ ਸੀ ਤੇ ਗਾਜ਼ੀ ਉਦ ਦੀਨ ਨੂੰ ਅਜੇ ਵੀ ਆਸ ਸੀ ਕਿ ਉਹਦੀ ਸ਼ਾਦੀ ਉਥੇ ਹੋ ਜਾਏਗੀ ਭਾਵੇਂ ਵਾਇਸਰਾਏ ਦੀ ਮੌਤ ਪਿਛੋਂ ਬੇਗਮ ਅਤੇ ਉਸਦੀ ਧੀ ਦੋਵੇਂ ਵਿਆਹ ਦੇ ਵਿਰੁਧ ਸਨ।

Sri Satguru Jagjit Singh Ji eLibrary NamdhariElibrary@gmail.com

ਝੂੰਬੇ ਕੀਤੀ ਅਤੇ ਨਾਲ ਹੀ ਇਹ ਵੀ ਆਖਿਆ ਕਿ ਹਿੰਦ ਦਾ ਰਾਜ ਵੀ ਜਾਏਗਾ, ਤਬਾਹੀ ਵੀ ਮਚੇਗੀ ਤੇ ਦੇਸ ਤੇ ਬਿਪਤਾ ਵੀ ਪਏਗੀ। ਉਸ ਨੇ ਤਾੜਨਾ ਕਰਦੇ ਹੋਏ ਆਖਿਆ ਉਤਰੀ ਹਮਲਾਆਵਰ ਹਥੋਂ ਦੇਸ ਦੇ ਲੋਕਾਂ ਦਾ ਕਤਲਿਆਮ ਹੋਵੇਗਾ ਅਬਦਾਲੀ ਕਦੇ ਵੀ ਸ਼ਾਹੀ ਹਾਕਮਾਂ ਦੀ ਇਸ ਬੁਜ਼ਦਿਲੀ ਵਾਲੀ ਕਾਰਰਵਾਈ ਤੇ ਉਸ ਦੇ ਅਪਮਾਨ ਨੂੰ ਮਾਫ ਨਹੀਂ ਕਰੇਗਾ। ਪਰ ਬੇ ਹਯਾ ਵਜ਼ੀਰ ਨੇ ਮੁਰਾਦ ਬੇਗਮ ਦੀ ਲੜਕੀ ਨਾਲ ਸ਼ਾਦੀ ਕਰ ਲਈ ਅਤੇ ਆਪਣੀ ਸਸ ਦੇ ਗੁਸੇ ਤੇ ਨਰਾਜ਼ਗੀ ਦੀ ਕਖ ਪਰਵਾਹ ਨ ਕੀਤੀ।

## ਮਦ ਸ਼ਾਹ ਅਬਦਾਲੀ ਦਾ ਚੌਥਾ ਹਮਲਾ ੧੭੫੫-੫੬

ਬ੍ਰਿਧ ਤੀਵੀਂ ਦੀ ਭਵਿਖ ਬਾਣੀ ਛੇਤੀ ਹੀ ਸੱਚੀ ਸਾਬਤ ਹੋਈ ਕਿਉਂਕਿ ਅਹਿਮਦ ਸ਼ਾਹ ਨੇ ਲਾਹੌਰ ਉਤੇ ਦਿਲੀ ਸਰਕਾਰ ਦੇ ਕਬਜ਼ੇ ਦੀ ਖਬਰ ਅਤੇ ਰੀਜੰਟ ਉਤੇ ਕੀਤੇ ਗਏ ਅਤਿਆਚਾਰ ਦੀ ਖਬਰ ਸੁਣੀ ਉਹ ਝਟ ੧੭੭੫-੭੬ ਵਿਚ ਕੰਧਾਰ ਤੋਂ ਹਿੰਦ ਵਲ ਚਲ ਪਿਆ।

ਅਹਿਮਦ ਸ਼ਾਹ ਅਬਦਾਲੀ ਨੇ ਦਰਿਆ ਸਿੰਧ ਪਾਰ ਕਰਕੇ ਅਦੀਨਾ ਬੇਗ ਖਾਨ ਗਵਰਨਰ ਲਾਹੌਰ ਨੂੰ ਉਥੋਂ ਕਢ ਬਾਹਰ ਕੀਤਾ ਅਤੇ ਲਾਹੌਰ ਵਿਚ ਆਪਣੀਆਂ ਫੌਜਾਂ ਦੀ ਛਾਉਣੀ ਪਾ ਦਿਤੀ।

## ਅਦੀਨਾ ਬੇਗ ਖਾਨ ਦੀ ਭਾਜੜ

ਅਦੀਨਾਬੇਗ ਖਾਨ ਅਬਦਾਲੀ ਦੀਆਂ ਫੌਜਾਂ ਦਾ ਟਾਕਰਾ ਨ ਕਰ ਸਕਿਆ। ਇਸ ਲਈ ਉਹ ਲਾਹੌਰੋਂ ਦੀ ਉਤਰ ਵਲ ਭਜ ਗਿਆ ਤੇ ਪਹਾੜੀ ਰਾਜਿਆਂ ਦੀ ਜਾ ਸਰਨ ਲਈ।

ਪੰਜਾਬ ਦੇ ਮਗਰੋਂ ਅਹਿਮਦ ਸ਼ਾਹ ਨੇ ਛੇਤੀ ਹੀ ਸਰਹਿੰਦ ਦੇ ਰਸਤੇ ਦਿਲੀ ਵਲ ਕੂਚ ਬੋਲ ਦਿਤਾ ਤੇ ਉਹ ਬਿਨਾਂ ਰੋਕ ਟੋਕ ਦੇ ਦਿਲੀ ਦੇ ਬੂਹਿਆਂ ਤੀਕ ਜਾ ਪੁਜਾ। ਨਵਾਬ ਨਜੀਬ ਉਦ ਦੋਲਾ, ਜਿਸ ਬਾਰੇ ਕਿਹਾ ਜਾਂਦਾ ਸੀ ਕਿ ਉਹ ਅੰਦਰ ਖਾਤੇ ਅਹਿਮਦ ਸ਼ਾਹ ਨਾਲ ਮਿਲਿਆ ਹੋਇਆ ਸੀ ਤੇ ਉਸ ਨਾਲ ਲੁਕ ਛਿਪਕੇ ਖਤ ਪਤ੍ਰ ਵੀ ਕਰਦਾ ਰਹਿੰਦਾ ਸੀ। ਉਸ ਨੂੰ ਕਰਨਾਲ ਜਾ ਮਿਲਿਆ ਅਤੇ ਅਬਦਾਲੀ ਬਾਦਸ਼ਾਹ ਨੂੰ ਆਪਣੀ ਵਫਾਦਾਰੀ ਜਾ ਜਤਾਈ। ਏਨ ਨੂੰ ਸ਼ਹਿਨਸ਼ਾਹ ਆਲਮਗੀਰ ਦੂਜਾ ਵੀ ਇਮਾਦ ਉਲ ਮੁਲਕ ਗਾਜ਼ੀ ਉਦ ਦੀਨ ਖਾਨ ਵਜ਼ੀਰ ਸਹਿਤ ਉਸ ਨੂੰ ਦਿਲੀ ਤੋਂ ਦਸ ਕੋਹ ਉਰੇ ਸਰਹਿੰਦ ਰੋਡ ਉੱਪਰ ਨਾਰੇਲਾ ਦੇ ਅਸਥਾਨ ਉਤੇ ਆ ਮਿਲਿਆ।

## ਅਹਿਮਦ ਸ਼ਾਹ ਦਾ ਦਿੱਲੀ ਵਿਚ ਦਾਖਲਾ

ਅਹਿਮਦ ਸ਼ਾਹ ਨੇ ਬਾਦਸ਼ਾਹ ਦਾ ਬੜੇ ਆਦਰ ਨਾਲ ਸੁਵਾਗਤ ਕੀਤਾ ਅਤੇ ਦੋਵੇਂ ਬਾਦਸ਼ਾਹ ਇਕਠੇ ਦਿਲੀ ਵਿਚ ਦਾਖਲ ਹੋਏ। ਆਲਮ ਗੀਰ ਨੇ ਆਪਣੇ ਆਉਣ ਵਾਲੇ ਪ੍ਰਾਹੁਣੇ ਲਈ ਮੁਗਲ ਮਹਲ ਨੂੰ ਪਹਿਲੇ ਹੀ ਸਜਾ ਰਖਿਆ ਸੀ। ਅਬਦਾਲੀ ਬਾਦਸ਼ਾਹ ਦੇ ਰਾਜ ਧਾਨੀ ਵਿਚ ਆਉਣ ਤੇ ਗਾਜ਼ੀ ਉਦ ਦੀਨ ਦਿਲ ਵਿਚ ਬਹੁਤ ਡਰਿਆ ਇਸ ਲਈ ਉਹਨੇ ਸ਼ਾਹਜ਼ਾਦਾ ਅਲੀ ਗੌਹਰ ਰਾਹੀਂ ਉਸ ਨੇ ਮੁਈਨ ਉਲ ਮਲਕ ਦੀ ਵਿਧਵਾ ਬੇਗਮ ਨਾਲ ਮਨ ਮਨੌਤੀ ਕਰ ਲਈ। ਇਸ ਦਾ ਫਲ ਇਹ ਹੋਇਆ ਕਿ ਬੇਗਮ ਨੇ ਵਜ਼ੀਰ ਦੀ ਅਬਦਾਲੀ ਪਾਸ ਸਿਫਾਰਸ਼ ਕਰ ਦਿਤੀ ਜਿਸ ਤੇ ਅਬਦਾਲੀ ਨੇ ਖੁਸ਼ ਹੋਕੇ ਉਸ ਨੂੰ ਉਸ ਦੀ ਪਦਵੀ ਉਤੇ ਬਹਾਲ ਰਹਿਣ ਦਿਤਾ ਪਰ ਉਸਨੂੰ ਭਾਰੀ ਰਕਮ ਦੀ ਚੱਟੀ ਪਾ ਦਿਤੀ। ਇਸਦੇ ਮਗਰੋਂ ਅਬਦਾਲੀ ਨੇ ਰਾਜ ਧਾਨੀ ਦੇ ਦਰਬਾਰੀਆਂ ਉਪਰ ਵੀ ਭਾਰਾ ਤਾਵਾਨ ਪਾ ਦਿਤਾ। ਉਸ ਨੇ ਨਵਾਬ ਇੰਤਜ਼ਾਮ ਉਦ ਦੌਲਾ ਖਾਨਿ ਖਾਨਾ ਸਪੁਤਰ ਕਮਰ ਉਦ ਪਾਸੋਂ ੬੦ ਲਖ ਰੁਪਏ ਦੀ ਮੰਗ ਕੀਤੀ ਅਤੇ ਇਸ ਰਕਮ ਦੀ ਵਸੂਲੀ ਲਈ ਉਸਨੇ ਜਹਾਨ ਖਾਨ ਨੂੰ ਨਿਯਤ ਕੀਤਾ। ਨਵਾਬ ਨੇ ਆਖਿਆ ਐਡੀ ਵਡੀ ਰਕਮ ਉਹ ਨਹੀਂ ਦੇ ਸਕਦਾ।

## ਵਸੂਲੀ

ਮਹਿਰਮ ਖਾਨ ਖ੍ਵਾਜਾ ਸਰਾ ਨੂੰ ਅਬਦਾਲੀ ਨੇ ਹੁਕਮ ਦਿਤਾ ਕਿ ਉਹ ਨਵਾਬ ਦੀ ਤਲਾਸ਼ੀ ਲੈਕੇ ਨਕਦੀ ਤੇ ਕੀਮਤੀ ਜ਼ੇਵਰ ਕਬਜ਼ੇ ਵਿਚ ਕਰੇ। ਇਸ ਆਗਿਆ ਦਾ ਪਾਲਨ ਕੀਤਾ ਗਿਆ। ਉਸਨੇ ਤਲਾਸ਼ੀ ਰਾਹੀਂ ਜ਼ਮੀਨ ਵਿਚ ਦਬਿਆ ਹੋਇਆ, ਖਜ਼ਾਨੇ ਵਿਚ ਤੇ ਘਰ ਅਦਰੋਂ ਮੰਗੀ ਹੋਈ ਰਕਮ ਤੋਂ ਤਿੰਨ ਗੁਣਾ ਵਧੀਕ ਧਨ ਕਢ ਲਿਆ। ਦਿਲੀ ਦੇ ਦੂਜੇ ਉਮਰਾ ਤੇ ਨਵਾਬਾਂ ਦੇ ਘਰ ਦੀਆਂ ਵੀ ਏਸੇ ਤਰ੍ਹਾਂ ਤਲਾਸ਼ੀਆਂ ਲਈਆਂ ਗਈਆਂ ਤੇ ਓਥੋਂ ਵੀ ਅਣ ਗਿਣਤ ਧਨ ਦੌਲਤ ਅਬਦਾਲੀ ਬਾਦਸ਼ਾਹ ਦੇ ਹਥ ਲਗਾ। ਮੀਰ ਮੱਨੂੰ ਦੀ ਬੇਵਾ ਮੁਰਾਦ ਬੇਗਮ ਪਾਸੋਂ ਪਤਾ ਲਗਣ ਤੇ ਕਮਰ ਓਦ ਦੀਨ ਖਾਨ ਦੀ ਪਤਨੀ ਸ਼ੋਲਾਪੁਰੀ ਬੇਗਮ ਦੇ ਮਕਾਨ ਦੀ ਵੀ ਤਲਾਸ਼ੀ ਲਈ ਗਈ, ਓਥੋਂ ਵੀ ਕਈ ਲਖ ਰਪਏ ਦੀ ਨਕਦੀ ਗਹਿਣੇ ਤੇ ਹੀਰੇ ਮੋਤੀ ਆਦ ਪਰਾਪਤ ਹੋਏ। ਪਰ ਲਾਲਚੀ ਸ਼ਾਹ ਦੀ ਧਨ ਦੀ ਪਿਆਸ ਅਜੇ ਵੀ ਮੱਠੀ ਨ ਹੋਈ। ਦਿਲੀ ਦੇ ਬੰਦਕਾਰਾਂ ਲੋਕਾਂ ਲਈ ਅਜੇ ਹੋਰ ਬਿਪਤਾ ਪੈਣ ਵਾਲੀ ਸੀ।

## ਲੁਟ ਮਾਰ

ਰਾਜ ਦਰਬਾਰੀਆਂ ਤੇ ਓਮਰਾਂ ਪਾਸੋਂ ਜਿੰਨਾ ਧਨ ਮਿਲ ਸਕਿਆ ਓਹ ਸਭ ਪ੍ਰਾਪਤ ਕਰ ਲੈਣ ਮਗਰੋਂ ਓਸ ਨੇ ਸ਼ਹਿਰ ਨੂੰ ਲੁਟਨ ਦਾ ਹੁਕਮ ਦੇ ਦਿਤਾ। ਨਾਦਰ ਸ਼ਾਹ ਦੇ ਹਮਲੇ ਸਮੇਂ ਲੋਕਾਂ ਉਤੇ ਜੋ ਜੋ ਅਤਿਆਚਾਰ ਹੋਏ ਸਨ ਲਗ ਪਗ ਓਹ ਸਾਰੇ ਹੀ ਜ਼ੁਲਮ ਹੁਣ ਫੇਰ ਦਿਲੀ ਦੇ ਲੋਕਾਂ ਨੂੰ ਸਹਿਣੇ ਪਏ। ਅਬਦਾਲੀ ਦਿਲੀ ਵਿਚ ਦੋ ਮਹੀਨੇ ਟਿਕਿਆ ਰਿਹਾ ਅਤੇ ਇਸ ਸਮੇਂ ਵਿਚ ਸ਼ਹਿਰ ਦਾ ਕੋਨਾ ਕੋਨਾ ਲੁਟਿਆ ਗਿਆ। ਉਸ ਨੇ ਆਪਣੇ ਬੇਟੇ ਤੈਮੂਰ ਸ਼ਾਹ ਦੀ ਸ਼ਾਦੀ ਮੁਹੰਮਦ ਸ਼ਾਹ ਦੇ ਬੇਟੇ ਅਹਿਮਦ ਸ਼ਾਹ ਦੀ ਪੁਤਰੀ ਨਾਲ ਕਰਕੇ ਦਿਲੀ ਦੇ ਸ਼ਹਿਨਸ਼ਾਹ ਨਾਲ ਵੀ ਸੰਬੰਧ ਜੋੜ ਲਿਆ।

## ਕਤਲਿਆਮ

ਇਸਦੇ ਮਗਰੋਂ ਉਸ ਨੇ ਬਾਲਮ ਗੜ੍ਹ ਦੇ ਕਿਲੇ ਦਾ ਘੇਰਾ ਘਤ ਕੇ ਓਥੋਂ ਦੀ ਸਾਰੀ ਫੌਜ ਨੂੰ ਕਤਲ ਕਰ ਦਿਤਾ। ਓਥੋਂ ਓਹ ਮਥਰਾ ਵਲ ਵਧਿਆ ਅਤੇ ਠੀਕ ਓਸ ਵੇਲੇ ਓਥੇ ਪੁਜਾ ਜਦ ਕਿ ਲੋਕ ਆਪਣਾ ਇਕ ਧਾਰਮਿਕ ਤਿਹਾਰ ਮਨਾ ਰਹੇ ਸਨ। ਓਸਨੇ ਸਭ ਯਾਤਰੀਆਂ ਦਾ ਬੇਦਰੇਗ ਕਤਲਿਆਮ ਸ਼ੁਰੂ ਕਰ ਦਿਤਾ। ਸ਼ਹਿਰ ਵਾਸੀਆਂ ਨੂੰ ਇਸ ਲਈ ਕਤਲ ਕਰ ਦਿਤਾ ਕਿਉਂਕਿ ਓਹਨਾਂ ਨੇ ਆਪਣੇ ਧਰਮ ਤੇ ਇਜ਼ਤ ਨੂੰ ਬਚਾਓਣ ਦਾ ਵਡਾ ਅਪ੍ਰਾਧ ਕੀਤਾ ਸੀ।

## ਗੁਲਾਮ ਬਣਾ ਲਏ

ਅਬਦਾਲੀ ਨੇ ਵਡੇ ਵਡੇ ਤੇ ਸ਼ਾਨਦਾਰ ਮੰਦਰਾਂ ਨੂੰ ਢਾਹ ਕੇ ਢੇਰੀ ਕਰ ਦਿਤਾ ਅਤੇ ਸੈਂਕੜੇ ਹੀ ਹਿੰਦੂਆਂ ਨੂੰ ਗੁਲਾਮ (ਦਾਸ) ਬਣਾਕੇ ਲੈ ਗਿਆ। ਮਥਰਾ ਤੋਂ ਇਹ ਅਤਿਆਚਾਰੀ ਆਗਰੇ ਵਲ ਵਧਿਆ ਤੇ ਜਾਂਦੇ ਹੀ ਸ਼ਹਿਰ ਦਾ ਘੇਰਾ ਘਤ ਲਿਆ। ਕਿਉਂਕਿ ਏਥੋਂ ਦੇ ਮੁਗਲ ਗਵਰਨਰ ਫ਼ਾਜ਼ਲ ਖਾਨ ਹਥੋਂ ਦੁਰਾਨੀ ਫੌਜਾਂ ਨੂੰ ਪਹਿਲੇ ਪਸਪਾਈ ਨਸੀਬ ਹੋਈ ਸੀ ਲਈ ਸ਼ਾਹ ਨੇ ਕਰੋਧ ਵਿਚ ਆਕੇ ਸਾਰਾ

Sri Satguru Jagjit Singh Ji eLibrary NamdhariElibrary@gmail.com

ਦੇ ਇਸ ਇਲਾਕੇ ਵਿਚ ਮੌਤਾਂ ਤਬਾਹੀ ਤੇ ਬਰਬਾਦੀ ਦਾ ਹੂੰਜਾ ਫੇਰ ਦਿਤਾ।

ਇਹਨਾਂ ਸਭ ਕਿਸਮਾਂ ਦੇ ਕਤਲਾਂ ਅਤੇ ਅਤਿਆਚਾਰਾਂ ਮਗਰੋਂ ਅਹਿਮਦ ਸ਼ਾਹ ਨੂੰ ਜਦ ਗਰਮੀ ਨੇ ਸਤਾਇਆ ਤਦ ਉਹ ਦਿਲੀ ਵਾਪਸ ਮੁੜ ਆਇਆ। ਏਥੇ ਆ ਕੇ ਉਸਨੇ ਆਪ ਹਜ਼ਰਤ ਬੇਗਮ ਨਾਲ ਵਿਆਹ ਰਚਾਇਆ, ਜੋ ਮੁਹੰਮਦ ਸ਼ਾਹ ਦੀ ਛੋਟੀ ਬੇਟੀ ਉਸਦੀ ਬੇਗਮ ਸਾਹਿਬ ਮਹਲ ਦੇ ਪੇਟੋਂ ਸੀ।

## ਦਿਲੀ ਦੇ ਤਖਤ ਤੇ ਆਲਮਗੀਰ ਦੀ ਬਹਾਲੀ

ਅਬਦਾਲੀ ਬਾਦਸ਼ਾਹ ਨੇ ਸ਼ਹਿਨਸ਼ਾਹ ਆਲਮਗੀਰ ਪਾਸੋਂ ਵੀ ਭਾਰੀ ਤਾਵਾਨ ਵਸੂਲ ਕਰਕੇ ਉਸਨੂੰ ਉਹਦੇ ਵਡਿਆਂ ਦੇ ਤਖਤ ਉਤੇ ਬਹਾਲ ਰਹਿਣ ਦਿਤਾ। ਉਸ ਨੇ ਇੰਤਜ਼ਾਮ ਉਦ ਦੌਲਾ ਖਾਨਿ ਖਾਨਾ ਪੁਤਰ ਕਮਰ ਉਦ ਦੀਨ ਨੂੰ ਮਹਾਂ ਮੰਤਰੀ ਨਿਯਤ ਕੀਤਾ। ਅਤੇ ਨਜੀਬ ਉਦ ਦੌਲਾ ਨੂੰ ਅਮੀਰ ਉਲ ਉਮਰਾ ਬਖਸ਼ੀ ਅਰਥਾਤ ਰਾਜ ਦਾ ਸੈਨਾ ਪਤੀ। ਇਹ ਸਾਰਾ ਪ੍ਰਬੰਧ ਕਰਨ ਮਗਰੋਂ ਉਹ ੧੭੫੭ ਈਸਵੀ ਨੂੰ ਕੰਧਾਰ ਵਲ ਵਾਪਸ ਮੁੜ ਗਿਆ।

## ਪੰਜਾਬ ਅਤੇ ਸਿੰਧ ਸ਼ਾਹਜ਼ਾਦਾ ਤੈਮੂਰ ਸ਼ਾਹ ਦੇ ਹਵਾਲੇ

ਸ਼ਹਿਨਸ਼ਾਹ ਦਿਲੀ ਨੂੰ ਮਜਬੂਰ ਕੀਤਾ ਗਿਆ ਕਿ ਉਹ ਪੰਜਾਬ ਅਤੇ ਸਿੰਧ ਦੇ ਸੂਬੇ ਤੈਮੂਰ ਸ਼ਾਹ ਨੂੰ ਦੇ ਦੇਵੇ। ਇਉਂ ਉਹ ਤਬਾਹੀ ਬਰਬਾਦੀ ਜਿਸਦਾ ਆਰੰਭ ਨਾਦਰ ਸ਼ਾਹ ਨੇ ਕੀਤਾ ਅਹਿਮਦ ਸ਼ਾਹ ਦੇ ਹਥੋਂ ਪੂਰਨਤਾ ਨੂੰ ਪੁਜੀ। ਲਾਹੌਰ ਨੂੰ ਜਾਂਦੇ ਹੋਏ ਅਹਿਮਦ ਸ਼ਾਹ ਅਬਦਾਲੀ ਦਾ ਮਾਲ ਅਸਬਾਬ ਸਿੱਖਾਂ ਨੇ ਲੁਟ ਲਿਆ ਅਤੇ ਮਗਰਲੀ ਫੌਜ ਦੇ ਪਿਛਲੇ ਭਾਗ ਨੂੰ ਵੀ ਉਸ ਦੀ ਫ਼ੌਜ ਨਾਲੋਂ ਵਿਛੋੜ ਲਿਆ। ਸਿੱਖਾਂ ਦੀ ਲੁਟ ਮਾਰ ਦੇ ਇਸ ਦਲੇਰੀ ਭਰੇ ਕਾਰਿਆਂ ਨੂੰ ਸੁਣਕੇ ਅਹਿਮਦ ਸ਼ਾਹ ਬੜਾ ਜੋਸ਼ ਵਿਚ ਆਇਆ ਅਤੇ ਧਮਕੀ ਦਿਤੀ ਕਿ ਉਹ ਬਾਗੀਆਂ ਨੂੰ ਕਰੜੀ ਸਜ਼ਾ ਦੇਵੇਗਾ ਪਰ ਇਸ ਧਮਕੀ ਉਤੇ ਵਰਤੋਂ ਕਰਨ ਤੋਂ ਪਹਿਲਾਂ ਹੀ ਉਸ ਨੂੰ ਤੁਰਕਿਸਤਾਨ ਜਾਣਾ ਪੈ ਗਿਆ ਕਿਉਂਕਿ ਉਥੇ ਬਗਾਵਤ ਫੈਲ ਗਈ ਸੀ। ਉਸ ਨੇ ਆਪਣੇ ਪੁਤਰ ਤੈਮੂਰ ਸ਼ਾਹ ਨੂੰ ਹੁਕਮ ਦਿਤਾ ਕਿ ਉਹ ਸਿੱਖਾਂ ਨੂੰ ਉਹਨਾਂ ਜ਼ੁਲਮਾਂ ਦੀ ਸਜ਼ਾ ਦੇਵੇ ਜੋ ਉਹਨਾਂ ਵਲੋਂ ਲੋਕਾਂ ਉਤੇ ਹੋਏ ਹਨ।

## ਦੇਸ ਦੀ ਗੌਰਮਿੰਟ ਦਾ ਪ੍ਰਬੰਧ

ਵਿਜਈ ਨੇ ਦਰਿਆ ਸਿੰਧ ਦੇ ਖਬੇ ਪਾਸੇ ਦੇ ਸੂਬਿਆਂ ਦਾ, ਜਿਨ੍ਹਾਂ ਵਿਚ ਲਾਹੌਰ ਤੇ ਮੁਲਤਾਨ ਦੇ ਇਲਾਕੇ ਵੀ ਸ਼ਾਮਲ ਸਨ, ਪ੍ਰਬੰਧ ਆਪਣੇ ਬੇਟੇ ਤੈਮੂਰ ਸ਼ਾਹ ਨੂੰ ਸੌਂਪਿਆ। ਤੈਮੂਰ ਦੀ ਸਹਾਇਤਾ ਤੇ ਨਿਗਰਾਨੀ ਲਈ ਆਪਣੇ ਯੋਗ ਜਰਨੈਲ ਤੇ ਇਤਬਾਰੀ ਕਰਮਚਾਰੀ ਜਹਾਨ ਖਾਨ ਨੂੰ ਵੀ ਉਹਦੇ ਨਾਲ ਕਰ ਦਿਤਾ। ਸ਼ਾਹਜ਼ਾਦੇ ਨੂੰ ਜੋ ਫੌਜ ਦਿਤੀ ਗਈ ਉਹ ਬਹੁਤ ਵਡੀ ਨਹੀਂ ਸੀ ਇਸ ਫੌਜ ਵਿਚ ਥੋੜੇ ਜਿਹੇ ਦੁਰਾਨੀ ਅਤੇ ਈਰਾਨੀ ਗਾਰਡਸ ਅਤੇ ਇਕ ਦਸਤਾ ਉਸ ਫੌਜ ਦਾ ਸੀ ਜੋ ਏਸੇ ਦੇਸ ਵਿਚੋਂ ਭਰਤੀ ਕੀਤੀ ਗਈ ਸੀ। ਅਬਦੁਲ ਸਮੱਦ ਖਾਨ ਮੁਹੰਮਦ ਜ਼ਿਆਈ ਸਰਹਿੰਦ ਦਾ ਗਵਰਨਰ ਨਿਯਤ ਕੀਤਾ ਗਿਆ; ਸਰ ਫਰਾਜ ਖਾਨ ਅਫਗਾਨ ਦਵਾਬਾ ਅਰਥਾਤ ਸਤਲੁਜ ਤੇ ਬਿਆਸ ਵਿਚਲਾ ਦੇਸ ਦਾ ਫੌਜਦਾਰ ਅਤੇ ਮੁਲਤਾਨ ਦੇ ਸਦੋਜ਼ਈ ਬੁਲੰਦ ਖਾਨ ਨੂੰ ਕਸ਼ਮੀਰ ਦਾ ਸੂਬੇਦਾਰ ਥਾਪਿਆ ਗਿਆ।

## ਸ਼ਾਹਜ਼ਾਦਾ ਤੈਮੂਰ ਦਾ ਸ਼ਲਾਘਾ ਯੋਗ ਪ੍ਰਬੰਧ

ਅਹਿਮਦ ਸ਼ਾਹ ਦੀ ਰਵਾਨਗੀ ਮਗਰੋਂ ਸ਼ਾਹਜ਼ਾਦਾ ਤੈਮੂਰ ਨੇ ਪੰਜਾਬ ਉਪਰ ਕਰੜੇ ਹਥਾਂ ਤੇ ਯੋਗਤਾ ਨਾਲ ਰਾਜ ਕੀਤਾ ਜਿਸ ਕਰਕੇ ਇਕ ਸਾਲ ਤੀਕ ਪੰਜਾਬ ਵਿਚ ਅਮਨ ਅਤੇ ਸ਼ਾਂਤੀ ਕਾਇਮ ਰਹੀ। ਬਾਗੀ ਸਿੱਖਾਂ ਨੂੰ ਸੋਧਿਆ ਗਿਆ; ਉਹਨਾਂ ਦੇ ਹਥਿਆਰ ਬੰਦ ਜਥੇ ਖਿੰਡਾਰੇ ਗਏ ਅਤੇ ਉਹਨਾਂ ਉਤੇ ਪੂਰਾ ਪੂਰਾ ਕਾਬੂ ਪਾ ਲਿਆ ਗਿਆ।

## ਸਿੱਖਾਂ ਨੇ ਫੇਰ ਸਿਰ ਚੁਕਿਆ

ਅਦੀਨਾ ਬੇਗ ਖਾਨ ਨੇ ਲਾਹੌਰ ਦੀ ਪ੍ਰਾਪਤੀ ਵਿਚ ਦਿਲੀ ਦੇ ਵਜ਼ੀਰ ਨੂੰ ਸਹਾਇਤਾ ਪੁਚਾਈ ਸੀ ਉਹ ਅਹਿਮਦ ਸ਼ਾਹ ਦੇ ਆਉਣ ਉਤੇ ਪਹਾੜਾਂ ਵਲ ਨਸ ਗਿਆ ਸੀ। ਹੁਣ ਮੌਕਾ ਪਾ ਕੇ ਉਹ ਮੁੜ ਮੈਦਾਨ ਵਚ ਨਿਕਲ ਆਇਆ। ਅਫਗਾਨੀ ਲਾਭ ਨੂੰ ਲਾਂਭੇ ਰਖ ਕੇ ਉਸਨੇ ਜਾਲੰਧਰ ਦੁਆਬ ਉਤੇ ਕਬਜ਼ਾ ਜਮਾ ਲਿਆ ਅਤੇ ਆਪਣੀ ਫੌਜ ਵਿਚ ਸਿਖਾਂ ਦੀ ਭਰਤੀ ਸ਼ੁਰੂ ਕਰ ਦਿਤੀ। ਉਸ ਦੀ ਬੁਰਦਬਾਰੀ ਅਤੇ ਮਿਲਵਰਤਨ ਤੋਂ ਹੌਸਲਾ ਪਾ ਕੇ ਸਿਖਾਂ ਨੇ ਨਵੇਂ ਸਿਰੇ ਫਸਾਦ ਖੜਾ ਕਰ ਦਿਤਾ ਅਤੇ ਲੋਕਾਂ ਨੂੰ ਦੁਖ ਦੇਣ ਲਗ ਪਏ। ਉਹ ਬਿਆਸ ਅਤੇ ਸਤਲੁਜ ਦੇ ਵਿਚਕਾਰਲੇ ਦੇਸ ਉਤੇ ਛਾ ਗਏ। ਉਹਨਾਂ ਦੇ ਹੌਸਲੇ ਐਨੇ ਵਧ ਗਏ ਕਿ ਉਹ ਅਮ੍ਰਿਤਸਰ ਤੀਕ ਮਾਰ ਧਾੜ ਕਰਨ ਲਗ ਪਏ। ਅਮ੍ਰਿਤਸਰ ਵਿਚ ਜਸਾ ਸਿੰਘ ਰਾਮਗੜ੍ਹੀਏ ਨੇ ਕਿਲਾ ਰਾਮ ਰਾਉਣੀ ਨੂੰ ਨਵੇਂ ਸਿਰੇ ਉਸਾਰ ਲਿਆ। ਸਿਖ ਜੱਥੇ ਕਲਾਨੌਰ ਅਤੇ ਵਟਾਲੇ ਦੇ ਇਰਦ ਗਿਰਦ ਦੇ ਦੇਸ ਨੂੰ ਵੀ ਲੁਟਦੇ ਵੇਖੇ ਗਏ।

## ਉਸਨੂੰ ਲਾਹੌਰੋਂ ਬੁਲਾਵਾ

ਸ਼ਾਹਜ਼ਾਦਾ ਤੈਮੂਰ ਨੇ ਅਦੀਨਾ ਬੇਗ ਖਾਨ ਨੂੰ ਆਪਣੀ ਗੌਰਮਿੰਟ ਦੇ ਅਧੀਨ ਹੋਣ ਦੇ ਨਾਤੇ ਆਪਣੇ ਪਾਸ ਬੁਲਾਇਆ। ਸਾਵਧਾਨ ਤੇ ਤਜਰਬੇਕਾਰ ਕਰਮਚਾਰੀ ਇਸ ਹੁਕਮ ਨੂੰ ਟਾਲਣਾ ਚਾਹੁੰਦਾ ਸੀ। ਉਸਨੇ ਹਾਜ਼ਰ ਨ ਹੋਣ ਲਈ ਇਹ ਬਹਾਨਾ ਬਣਾਇਆ ਕਿ ਬਾਗੀ ਸਿਖ ਮੌਕੇ ਦੀ ਤਾੜ ਵਿਚ ਹਨ ਅਤੇ ਜੇ ਮੈਂ ਜ਼ਰਾ ਵੀ ਇਧਰੋਂ ਗੈਰ ਹਾਜ਼ਰ ਹੋਇਆ ਤਦ ਉਹ ਦੇਸ ਉਤੇ ਕਬਜ਼ਾ ਕਰ ਲੈਣਗੇ ਤੇ ਸਦਾ ਲਈ ਉਸ ਇਲਾਕੇ ਉਤੇ ਕਾਬਜ਼ ਹੋ ਜਾਣਗੇ।

## ਅਦੀਨਾ ਬੇਗ ਵਿਰੁੱਧ ਫੌਜ ਦੀ ਚੜ੍ਹਾਈ

ਇਸ ਉਤਰ ਨਾਲ ਅਬਦਾਲੀ ਸ਼ਾਹਜ਼ਾਦੇ ਦੀ ਤਸੱਲੀ ਨ ਹੋਈ। ਉਸਨੇ ਮੁਰਾਦ ਖਾਨ ਨੂੰ ਫੌਜ ਦੇਕੇ ਭੇਜਿਆ ਕਿ ਉਹ ਅਦੀਨਾ ਬੇਗ ਨੂੰ ਹੁਕਮ ਅਦੂਲੀ ਦੀ ਸਜ਼ਾ ਦੇਵੇ ਅਤੇ ਦੁਆਬੇ ਦੇਸ ਦਾ ਕਬਜ਼ਾ ਉਸ ਪਾਸੋਂ ਲੈ ਲਵੇ। ਸਰ ਬੁਲੰਦ ਖਾਨ ਅਤੇ ਸਰ ਫਰਾਜ਼ ਖਾਨ ਅਫਗਾਨ ਵੀ ਇਸ ਮੁਹਿੰਮ ਵਿਚ ਜਰਨੈਲ ਦੇ ਨਾਲ ਹੀ ਭੇਜੇ ਗਏ। ਮੁਰਾਦ ਖਾਨ ਨੇ ਬਿਆਸ ਪਾਰ ਕਰ ਲਿਆ ਤੇ ਉਹਨਾਂ ਫੌਜਾਂ ਵੀ ਪਾਰ ਉਤਾਰ ਲਈਆਂ।

## ਮੁਰਾਦ ਖਾਨ ਦੀ ਹਾਰ

ਅਦੀਨਾ ਬੇਗ ਖਾਨ ਵੀ ਆਪਣੇ ਸਿਖ ਸਿਪਾਹੀ ਇਕਠੇ ਕਰਕੇ ਮੁਰਾਦ ਖਾਨ ਨਾਲ ਜੰਗ ਕਰਨ ਲਈ ਅਗੇ ਵਧਿਆ। ਦੋਵਾਂ ਧਿਰਾਂ

Sri Satguru Jagjit Singh Ji eLibrary NamdhariElibrary@gmail.com

ਵਿਚਾਲੇ ਲੜਾਈ ਸ਼ੁਰੂ ਹੋ ਗਈ। ਇਸ ਲੜਾਈ ਵਿਚ ਲਾਹੌਰ ਦੀ ਫ਼ੌਜ ਨੂੰ ਲਕ ਤੋੜ ਹਾਰ ਹੋਈ। ਅਫਗਾਨ ਜਰਨੈਲ ਸਰ ਬਲੰਦ ਖਾਨ ਵੀ ਲੜਾਈ ਵਿਚ ਮਾਰਿਆ ਗਿਆ। ਮੁਰਾਦ ਖਾਨ ਤੇ ਸਰ ਫਰਾਜ਼ ਖਾਨ ਲਈ ਹੁਣ ਸਵਾਏ ਹਰਨ ਹੋਣ ਦੇ ਕੋਈ ਚਾਰਾ ਬਾਕੀ ਨ ਰਿਹਾ ਜਿਸ ਲਈ ਉਹ ਬਚੀ ਖੁਚੀ ਫੌਜ ਲੈਕੇ ਲਾਹੌਰ ਵਲ ਨਸ ਗਏ।

## ਵਜ਼ੀਰ ਜਹਾਨ ਖਾਨ ਦੀ ਅਦੀਨਾ ਬੇਗ ਵਿਰੁਧ ਚੜ੍ਹਾਈ

ਵਜ਼ੀਰ ਜਹਾਨ ਖਾਨ ਨੇ ਆਪ ਲਾਹੌਰੋਂ ਬਹੁਤ ਸਾਰੀ ਫੌਜ ਲੈਕੇ ਕੂਚ ਬੋਲ ਦਿਤਾ ਤਾਂ ਜਾਲੰਧਰ ਦੇ ਬਾਗੀ ਗਵਰਨਰ ਨੂੰ ਸੋਧੇ। ਬਟਾਲੇ ਪੁਜ ਕੇ ਉਸ ਨੂੰ ਮੁਰਾਦ ਖਾਨ ਵੀ ਮਿਲ ਪਿਆ। ਬੁੱਢੇ ਵਜ਼ੀਰ ਨੂੰ ਸ਼ਕ ਸੀ ਕਿ ਉਹਵੀ ਵੈਰੀ ਨਾਲ ਮਿਲਿਆ ਹੋਇਆ ਹੈ ਤੇ ਉਸ ਨੇ ਦਗਾ ਬਾਜ਼ੀ ਕੀਤੀ ਹੈ। ਉਸ ਦੇ ਹੁਕਮ ਨਾਲ ਉਸ ਨੂੰ ਵਟਾਲੇ ਦੇ ਸ਼ਮਸ਼ੇਰ ਖਾਨ ਦੇ ਤਲਾ ਉਤੇ ਫਾਂਸੀ ਲਾ ਦਿਤਾ ਗਿਆ।

## ਅਦੀਨਾ ਵੇਗ ਦੀ ਪਹਾੜਾਂ ਵਲ ਭਾਜੜ

ਅਦੀਨਾ ਬੇਗ ਖਾਨ ਨੇ ਸੁਣਿਆ ਕਿ ਬਹੁਤ ਸਾਰੀ ਅਫਗਾਨ ਫੌਜ ਨਾਲ ਵਜ਼ੀਰ ਚੜ੍ਹਾਈ ਕਰਕੇ ਆ ਰਿਹਾ ਹੈ। ਉਹ ਮੁੜ ਉਤਰੀ ਪਹਾੜਾਂ ਵਲ ਨਸ ਗਿਆ ਜੋ ਕਿ ਉਸ ਦੀ ਸਦਾ ਤੋਂ ਪਨਾਹ ਗਾਹ ਸਨ।

## ਤੈਮੂਰ ਦਾ ਸਿਖਾਂ ਨੂੰ ਅੰਮ੍ਰਿਤਸਰੋਂ ਬਾਹਰ ਕਢਣਾ

ਨੌਜਵਾਨ ਅਫਗਾਨ ਸ਼ਾਹਜ਼ਾਦੇ ਅਤੇ ਵਜ਼ੀਰ ਜਹਾਨ ਖਾਨ ਨੇ ਹੁਣ ਆਪਣਾ ਧਿਆਨ ਸਿਖਾਂ ਦੀ ਦਿਨੋ ਦਿਨ ਵਧ ਰਹੀ ਦਲੇਰੀ ਵਲ ਦੇਣਾ ਸ਼ੁਰੂ ਕੀਤਾ। ਉਹਨਾਂ ਨੇ ਸਿਖਾਂ ਨੂੰ ਮਾਰ ਧਾੜ ਲਈ ਡੰਨ ਦੇਣ ਦਾ ਨਿਸਚਾ ਧਾਰਿਆ। ਅਫਗਾਨ ਫੌਜ ਨੇ ਅਮ੍ਰਿਤਸਰ ਵਿਚ ਜੋ ਰਾਮ ਰਾਉਣੀ ਦਾ ਕਿਲਾ ਸੀ ਉਸ ਤੇ ਹਲਾ ਬੋਲਿਆ ਤੇ ਉਸ ਨੂੰ ਢਾਹ ਢੇਰੀ ਕਰ ਦਿਤਾ। ਪਵਿਤਰ ਸਰੋਵਰ ਨੂੰ ਮਿਟੀ ਨਾਲ ਪੂਰ ਦਿਤਾ ਅਤੇ ਸਾਰੇ ਪਵਿਤਰ ਗੁਰਦਵਾਰਿਆਂ ਦਾ ਅਪਮਾਨ ਕੀਤਾ। ਖਾਲਸੇ ਦੇ ਪਵਿਤਰ ਸ਼ਹਿਰ ਉਤੇ ਹੋਏ ਇਸ ਹਮਲੇ ਨੇ ਸਾਰੀ ਸਿਖ ਕੌਮ ਵਿਚ ਐਨਾ ਜੋਸ਼ ਭਰ ਦਿਤਾ ਕਿ ਉਹਨਾਂ ਨੇ ਭਾਰੀ ਇਕਠ ਕਰ ਕੇ ਤਲਵਾਰ ਦੇ ਬਲ ਨਾਲ ਆਪਣੇ ਆਪਣੇ ਪਵਿਤਰ ਧਰਮ ਅਸਥਾਨ ਦੇ ਬਚਾਉ ਦਾ ਫੈਸਲਾ ਕਰ ਲਿਆ।

## ਸਿੱਖਾਂ ਨੇ ਜਥੇਬੰਦ ਹੋ ਕੇ ਉਸਨੂੰ ਹਾਰ ਦਿਤੀ

ਸਿਖ ਘੁੜਸਵਾਰਾਂ ਦੇ ਜਥੇ ਸਾਰੇ ਪੰਜਾਬ ਉਤੇ ਛਾ ਗਏ ਤੇ ਉਹਨਾਂ ਲਾਹੌਰ ਦੇ ਇਰਦ ਗਿਰਦ ਦਾ ਸਾਰਾ ਦੇਸ ਲੁਟ ਪੁਟ ਲਿਆ। ਜਹਾਨ ਖਾਨ ਉਹਨਾਂ ਦੇ ਟਾਕਰੇ ਲਈ ਮੈਦਾਨ ਵਿਚ ਨਿਕਲਿਆ। ਪਹਿਲੇ ਪਹਿਲ ਉਹ ਕਿਸੇ ਹਦ ਤੀਕ ਸਿੱਖਾਂ ਨੂੰ ਨਸਾ ਦੇਣ ਵਿਚ ਸਫਲ ਵੀ ਹੋਇਆ ਪਰ ਉਹ ਮੁੜ ਵਧੀਕ ਗਿਣਤੀ ਵਿਚ ਇਕਠੇ ਹੋ ਕੇ ਆ ਗਏ। ਹੁਣ ਉਹਨਾਂ ਦੀ ਤਾਕਤ ਐਨੀ ਵਧ ਗਈ ਕਿ ਨ ਕੇਵਲ ਉਹਨਾਂ ਨੇ ਕਿਲੇ ਤੇ ਸ਼ਹਿਰ ਵਿਚਾਲੇ ਦੀ ਆਵਾਜਾਈ ਹੀ ਕਟ ਦਿਤੀ ਸਗੋਂ ਲਾਹੌਰ ਦੇ ਇਰਦ ਗਿਰਦ ਦੇ ਇਲਾਕੇ ਦਾ ਮਾਮਲਾ ਵੀ ਵਸੂਲ ਕਰਨਾ ਸ਼ੁਰੂ ਕਰ ਦਿਤਾ। ਉਹ ਵਸੂਲ ਕੀਤੇ ਹੋਏ ਮਾਲੀਏ ਨੂੰ ਆਪਣੀ ਮਰਜ਼ੀ ਅਨੁਸਾਰ ਖਰਚ ਕਰਦੇ। ਅਫਗਾਨ ਸ਼ਾਹਜ਼ਾਦੇ ਨੇ ਕਈ ਥਾਈਂ ਉਹਨਾਂ ਦਾ ਟਾਕਰਾ ਕੀਤਾ ਪਰ ਸਿਖ ਬਹੁ ਗਿਣਤੀ ਵਿਚ ਹੋਣ ਕਰਕੇ ਉਸ ਨੂੰ ਸਦਾ ਹਾਰ ਦਾ ਮੂੰਹ ਵੇਖਣਾ ਪਿਆ! ਪਠਾਣਾਂ ਅਤੇ ਸਿਖਾਂ ਦੇ ਇਕ ਵਡੇ ਭਾਰੀ ਘਮਸਾਨ ਵਿਚਾਲੇ ਸਿਖਾਂ ਨੇ ਜੋ ਵੀ ਗੋਲੀਆਂ ਚਲਾਈਆਂ ਉਹਨਾਂ ਵਿਚੋਂ ਇਕ ਵੀ ਗੋਲੀ ਖਾਲੀ ਨ ਗਈ। ਇਸਦਾ ਫਲ ਇਹ ਹੋਇਆ ਕਿ ਬਹੁਤ ਸਾਰੇ ਪਠਾਣ ਮਾਰੇ ਗਏ ਅਤੇ ਬਾਕੀ ਜੋ ਬਚੇ ਉਹਨਾਂ ਨੇ ਨਸਕੇ ਜਾਨ ਬਚਾਈ! ਸਿਖਾਂ ਨੇ ਤਾਬੜ ਤੋੜ ਗੋਲੀਆਂ ਦਾ ਮੀਂਹ ਵਰ੍ਹਾਉਣਾ ਜਾਰੀ ਰਖਿਆ। ਮੱਚੇ ਹੋਏ ਘਮਸਾਨ ਵਿਚ ਜਹਾਨ ਖਾਨ ਦਾ ਘੋੜਾ ਫਟੜ ਹੋ ਜਾਣ ਕਰਕੇ ਆਪਣੇ ਸਵਾਰ ਸਮੇਤ ਧਰਤੀ ਉਤੇ ਆਨ ਡਿੱਗਾ। ਸਿੱਖ ਉਸ ਨੂੰ ਮਾਰ ਦੇਣ ਲਈ ਆਪਣਾ ਜੰਗੀ ਜੈਕਾਰਾ "ਵਾਹਿਗੁਰੂ ਜੀ ਕੀ ਫਤਹ" ਗਜਾਉਂਦੇ ਹੋਏ ਅਗੇ ਵਧੇ। ਖਾਨ ਇਹ ਵੇਖ ਸਿਰ ਉਤੇ ਪੈਰ ਰਖਕੇ ਨਸ ਉਠਿਆ। ਇਹ ਅਫਗਾਨਾਂ ਉਤੇ ਸਿਖਾਂ ਦੀ ਪਹਿਲੀ ਫੈਸਲਾ ਕਰੂ ਜਿਤ ਸੀ ਜੋ ਲਿਖਤ ਵਿਚ ਆਈ।

## ਜਾਲੰਧਰ ਦੁਆਬ ਵਿਚ ਗੜ ਬੜੀ

ਠੀਕ ਏਸੇ ਸਮੇਂ ਜਾਲੰਧਰ ਦੁਆਬ ਵਿਚ ਖਤਰਨਾਕ ਫਸਾਦ ਸ਼ੁਰੂ ਹੋ ਗਏ। ਇਹ ਗੜ ਬੜ ਅਦੀਨਾ ਬੇਗ ਖਾਨ ਦੀ ਸ਼ਹਿ ਨਾਲ ਹੋਈ ਜੋ ਸ਼ਾਹਜ਼ਾਦੇ ਦੇ ਪੁਜਣ ਉਤੇ ਨਸ ਗਿਆ ਸੀ। ਹੁਣ ਉਸ ਨੇ ਸਰਦਾਰਾਂ ਨੂੰ ਅਫਗਾਨਾਂ ਵਿਰੁੱਧ ਭੜਕਾਇਆ ਅਤੇ ਉਹਨਾਂ ਦੀ ਸਹਾਇਤਾ ਨਾਲ ਅਫਗਾਨ ਫੌਜਾਂ ਦੇ ਉਸ ਡਵੀਜਨ ਨੂੰ ਜਾਲੰਧਰ ਵਿਚ ਹਾਰ ਦਿਤੀ ਜੋ ਸਰ ਫਰਾਜ ਖਾਨ ਦੀ ਕਮਾਨ ਹੇਠ ਸੀ। ਇਹ ਹਲ ਚਲ ਸਾਰੇ ਪੰਜਾਬ ਵਿਚ ਫੈਲ ਗਈ। ਅਫਗਾਨ ਸ਼ਾਹਜ਼ਾਦਾ ਤੇ ਉਸ ਦੇ ਸਰਪ੍ਰਸਤ ਨੇ ਇਹ ਵੇਖ ਲਿਆ ਕਿ ਸਿੱਖਾਂ ਨੂੰ ਨਸਾ ਦੇਣ ਦੇ ਉਹਨਾਂ ਦੇ ਕੇਵਲ ਸਾਰੇ ਜਤਨ ਹੀ ਨਿਸਫਲ ਰਹੇ ਹਨ ਸਗੋਂ ਬਾਗੀਆਂ ਦੀ ਗਿਣਤੀ ਵਧਦੀ ਜਾ ਰਹੀ ਹੈ ਅਤੇ ਉਹਨਾਂ ਦੀਆਂ ਫੌਜਾਂ ਭਾਵੇਂ ਕਿਨੀਆਂ ਹੀ ਜਥੇਬੰਦ ਤੇ ਜ਼ਬਤ ਵਾਲੀਆਂ ਹੋਣ ਸਿਖਾਂ ਦੇ ਟਾਕਰੇ ਉਤੇ ਉਹਨਾਂ ਦੀ ਗਿਣਤੀ ਘਟ ਹੋਣ ਕਰਕੇ ਓਹ ਸਿਖਾਂ ਅਗੇ ਠਹਿਰ ਨਹੀਂ ਸਕਦੀਆਂ। ਉਹਨਾਂ ਨੇ ਏਸੇ ਵਿਚ ਸਲਾਮਤੀ ਜਾਤੀ ਕਿ ਹੁਣ ਬਿਨਾਂ ਹੀਲ ਹੁਜਤ ਦੇ ਲਾਹੌਰ ਖਾਲੀ ਕਰ ਦਿਤਾ ਜਾਏ।

## ਅਫਗਾਨਾਂ ਦੀ ਪਸਪਾਈ

ਅਫਗਾਨਾਂ ਨੇ ਲਾਹੌਰ ਖਾਲੀ ਕਰ ਦਿਤਾ ਤੇ ਆਪਣੀਆਂ ਫੌਜਾਂ ਲੈ ਕੇ ਚਨਾਬ ਵਲ ਪਸਪਾ ਹੋ ਗਏ। ਓਹਨਾਂ ਦੀ ਪਸਪਾਈ ਰਾਤ ਦੇ ਹਨੇਰੇ ਵਿਚ ਐਨੀ ਚੁਪ ਚਾਪ ਹੋਈ ਕਿ ਓਹਨਾਂ ਦੀਆਂ ਹਿੰਦੁਸਤਾਨੀ ਫੌਜਾਂ ਤੀਕ ਨੂੰ ਵੀ ਪਤਾ ਨ ਲਗਾ ਕਿ ਉਹ ਕਦੋਂ ਤੇ ਕਿਧਰ ਨੂੰ ਨਸ ਕੇ ਗਏ ਹਨ। ਇਹੋ ਨਹੀਂ ਸਗੋਂ ਇਹ ਐਨੀ ਅਫੜਾ ਦਫੜੀ ਵਿਚ ਨਸੇ ਕਿ ਸ਼ਾਹੀ ਪਰਿਵਾਰ ਦੀਆਂ ਬੇਗਮਾਂ ਵੀ ਸਿਖਾਂ ਦੇ ਕਬਜ਼ੇ ਵਿਚ ਹੀ ਛਡ ਗਏ ਜਿਨਾਂ ਨੂੰ ਓਹਨਾਂ ਨੇ ਪਿਛੋਂ ਰਿਹਾ ਕਰਕੇ ਜਾਣ ਦੀ ਆਗਿਆ ਦੇ ਦਿਤੀ। ਇਹ ਘਟਨਾ ਸੰਨ ੧੭੫੮ ਦੇ ਅਧ ਵਿਚਕਾਰ ਹੀ ਹੈ।

## ਸਿਖਾਂ ਦਾ ਲਾਹੌਰ ਉਤੇ ਅਧਿਕਾਰ

ਵਿਜਈ ਸਿਖਾਂ ਨੇ ਆਪਣੇ ਨਾਮਵਰ ਲੀਡਰ ਜੱਸਾ ਸਿੰਘ ਕਲਾਲ (ਆਹਲੂਵਾਲੀਏ) ਦੀ ਜਥੇਦਾਰੀ ਹੇਠ ਲਾਹੌਰ ਉਤੇ ਕਬਜ਼ਾ ਕਰ ਲਿਆ। ਜੱਸਾ ਸਿੰਘ ਨੇ ਹੁਣ ਖਾਲਸਾ ਰਾਜ ਦੀ ਸਥਾਪਨਾ ਦਾ

Sri Satguru Jagjit Singh Ji eLibrary NamdhariElibrary@gmail.com

ਐਲਾਨ ਕਰ ਦਿਤਾ ਜਿਸ ਨੇ ਦੇਸ ਦਾ ਪ੍ਰਬੰਧ ਆਪਣੇ ਹਥ ਫੜ ਲੈ ਲਿਆ। ਇਸ ਪਰਕਾਰ ਸਿੱਖ ਪਹਿਲੀ ਵਾਰ ਲਾਹੌਰ ਦੇ ਮਾਲਕ ਬਣੇ।

## ਖਾਲਸੇ ਦੇ ਨਾਮ ਦੀ ਮੁਦਰਾ ਚਾਲੂ ਕੀਤੀ ੧੭੫੮-੫੯

ਸਿੱਖਾਂ ਨੇ ਮੁਗਲਾਂ ਦੀ ਟਕਸਾਲ ਵਿਚ ਆਪਣਾ ਰੁਪਿਆ ਚਾਲੂ ਕੀਤਾ ਜਿਸ ਉਤੇ ਇਹ ਲਿਖਤ ਦਰਜ ਸੀ—

سکہ زد جہاں بفضل اکال ـ بر ملک احمد از جسا کلال

ਅਰਥਾਤ-ਅਹਿਮਦ ਸ਼ਾਹ ਦੇ ਦੇਸ ਅੰਦਰ ਅਕਾਲ ਪੁਰਖ ਦੀ ਮਿਹਰ ਨਾਲ ਜੱਸਾ ਸਿੰਘ ਕਲਾਲ (ਆਹਲੂਵਾਲੀਏ) ਨੇ ਸਿੱਕਾ ਚਾਲੂ ਕੀਤਾ।"

## ਅਦੀਨਾ ਬੇਗ ਖਾਨ ਤੇ ਸਿੱਖਾਂ ਵਿਚਾਲੇ ਮਤਭੇਦ

ਸਿੱਖਾਂ ਦੀ ਚੜ੍ਹਤ ਤੇ ਸੁਤੰਤਰਤਾ ਪ੍ਰਾਪਤੀ ਵਿਚ ਉਹਨਾਂ ਦੇ ਇਤਿਹਾਦੀ ਅਦੀਨਾ ਬੇਗ ਖਾਂ ਦਾ ਹਿੱਸਾ ਵੀ ਘਟ ਨਹੀਂ ਸੀ ਪਰ ਹੁਣ ਸਿਖ ਉਸਦਾ ਅਹਿਸਾਨ ਭੁਲ ਗਏ। ਉਹਨਾਂ ਨੇ ਅਦੀਨਾ ਬੇਗ ਖਾਨ ਦੇ ਏਜੰਟ ਖ੍ਵਾਜਾ ਮਿਰਜ਼ਾ ਜਾਨ ਨੂੰ ਅਪਮਾਨਤ ਕਰਕੇ ਲਾਹੌਰੋਂ ਕੱਢ ਬਾਹਰ ਕੀਤਾ ਪਰ ਉਹ ਚਲਾਕ ਤੇ ਚਾਲਾਕ ਸਰਦਾਰ ਵੀ ਕੱਚੀਆਂ ਗੋਲੀਆਂ ਨਹੀਂ ਸੀ ਖੇਡਿਆ। ਉਹ ਵੀ ਉਹਨਾਂ ਦੇ ਰਾਹ ਦਾ ਰੋੜਾ ਬਨਣਾ ਜਾਣਦਾ ਸੀ। ਸ਼ਹਾਬ ਉਦ ਦੀਨ ਉਪਨਾਮ ਗਾਜ਼ੀ ਉਦ ਦੀਨ ਨੇ ਰੁਹੇਲਾ ਸਰਦਾਰ ਨਜੀਬ ਉਦ ਦੌਲਾ ਵਿਰੁੱਧ ਆਪਣੇ ਅਧਿਕਾਰਾਂ ਦੀ ਰਖਿਆ ਲਈ ਮਰਹਟਿਆਂ ਪਾਸੋਂ ਸਹਾਇਤਾ ਦੀ ਮੰਗ ਕੀਤੀ ਸੀ। ਨਜੀਬ ਉਦ ਦੌਲਾ ਅਬਦਾਲੀ ਦਾ ਉਹੋ ਏਜੰਟ ਸੀ ਜੋ ਅਬਦਾਲੀ ਬਾਦਸ਼ਾਹ ਨੂੰ ਅਗੋਂ ਆਕੇ ਕਰਨਾਲ ਵਿਚ ਮਿਲਿਆ ਤੇ ਜਿਸ ਨੂੰ ਸ਼ਾਹ ਦਿਲੀ ਨਾਲ ਗਦਾਰੀ ਕਰਨ ਤੇ ਇਨਾਮ ਵਜੋਂ ਅਬਦਾਲੀ ਬਾਦਸ਼ਾਹ ਨੇ ਦਿੱਲੀ ਦਾ ਕਮਾਂਡਰ ਇਨ-ਚੀਫ ਨਿਯਤ ਕੀਤਾ ਸੀ। ਰਘੋਨਾਥ ਰਾਓ ਨੇ ਜੋ ਰਾਘੋਬਾ ਦੇ ਨਾਮ ਨਾਲ ਵਧੇਰੇ ਪ੍ਰਸਿਧ ਸੀ, ਦਿਲੀ ਦੇ ਸ਼ਾਹੀ ਕਿਲੇ ਦਾ ਘੇਰਾ ਘਤ ਲਿਆ। ਪੂਰਾ ਇਕ ਮਹੀਨਾ ਤੀਕ ਕਿਲੇ ਦਾ ਬਚਾਉ ਕਰਨ ਮਗਰੋਂ ਨਜੀਬ ਉਦ ਦੌਲਾ ਉਥੋਂ ਨਸ ਗਿਆ। ਬੇਸਹਾਰਾ ਸ਼ਹਿਨਸ਼ਾਹ ਨੂੰ ਇਕ ਵਾਰ ਮੁੜ ਗਾਜ਼ੀ ਉਦ ਦੀਨ ਦੇ ਅਸਰ ਰਸੂਖ ਥਲੇ ਆਉਣਾ ਪਿਆ।

## ਅਦੀਨਾ ਬੇਗ ਵਲੋਂ ਮਰਹਟਿਆਂ ਨੂੰ ਪੰਜਾਬ ਆਉਣ ਦਾ ਸੱਦਾ

ਠੀਕ ਇਸ ਸਮੇਂ ਅਦੀਨਾ ਬੇਗ ਖਾਨ ਨੇ ਮਰਹਟਾ ਸਰਦਾਰਾਂ ਨੂੰ ਸੱਦਾ ਦਿਤਾ ਕਿ ਉਹ ਪੰਜਾਬ ਆਉਣ ਅਤੇ ਸਿੰਧ ਤੀਕ ਦੇ ਇਲਾਕੇ ਨੂੰ ਆਪਣੇ ਕਬਜ਼ੇ ਵਿਚ ਕਰ ਲੈਣ। ਉਸ ਨੇ ਇਹ ਵੀ ਪੇਸ਼ਕਸ਼ ਕੀਤੀ ਕਿ ਹਮਲਾ ਆਵਰ ਮਰਹਟਾ ਫੌਜਾਂ ਦੇ ਖਰਚ ਲਈ ਉਹ ਉਹਨਾਂ ਨੂੰ ਮਾਰਚ ਦੇ ਦਿਨਾਂ ਦਾ ਰੋਜ਼ਾਨਾ* ਖਰਚ ਦੇਵੇਗਾ। ਨ ਕੇਵਲ ਇਹ ਸਗੋਂ ਉਸਨੇ ਮਰਹਟਿਆਂ ਨੂੰ ਇਹ ਲਾਲਚ ਵੀ ਦਿਤਾ ਕਿ ਉਹ ਇਥੋਂ ਦੇ ਇਲਾਕੇ ਨੂੰ ਲੁਟਕੇ ਮਾਲਾ ਮਾਲ ਹੋ ਜਾਣ ਗੇ।

## ਮਰਹਟਿਆਂ ਦਾ ਪੰਜਾਬ ਵਲ ਕੂਚ

ਮਰਹਟਿਆਂ ਨੇ ਪੰਜਾਬ ਵਲ ਦੀ ਮੁਹਿੰਮ ਦੇ ਪ੍ਰਬੰਧ ਬੜੀ ਤੇਜ਼ੀ ਨਾਲ ਕਰ ਲਏ। ਰਘੂਬਾ ਅਤੇ ਮਲਹਾਰ ਰਾਉ ਮਰਹਟਾ ਸਰਦਾਰਾਂ ਨੇ ਬਹੁਤ ਸਾਰੀ ਫੌਜ ਲੈਕੇ ਪੰਜਾਬ ਵਲ ਕੂਚ ਬੋਲ ਦਿਤਾ। ਸਤਲੁਜ ਪੁਜਣ ਉਤੇ ਮਰਹਟਾ ਫੌਜ ਨਾਲ ਅਦੀਨਾ ਬੇਗ ਖਾਨ ਵੀ ਆਣ ਸ਼ਾਮਲ ਹੋਇਆ। ਉਸ ਨੇ ਮਰਹਟਿਆਂ ਦੇ ਹਵਾਲੇ ਉਹ ਸਿਖ ਫੌਜ ਵੀ ਕਰ ਦਿਤੀ ਜੋ ਅਜੇ ਤੀਕ ਉਹਦੇ ਪਾਸ ਨੌਕਰ ਸੀ।

* ਇਕ ਲਖ ਰੁਪਇਆ ਕੂਚ ਦਾ ਅਤੇ ਪੰਜਾਹ ਹਜ਼ਾਰ ਪੜਾਉ ਦਾ—ਮੈਮਾਇਰਜ਼ ਆਫ ਮੌਲਵੀ ਦੀਨ ਮੁਹੰਮਦ ਆਫ ਬਟਾਲਾ।

## ਮਰਹਟਿਆਂ ਦਾ ਸਰਹਿੰਦ ਉਤੇ ਅਧਿਕਾਰ

ਮਰਹਟਾ ਫੌਜ ਮਾਰੋ ਮਾਰ ਕਰਦੀ ਹੋਈ ਸਰਹਿੰਦ ਵਿਚ ਆ ਦਾਖਲ ਹੋਈ ਅਤੇ ਦੁਰਾਨੀ ਜਰਨੈਲ ਅਬਦੁਲ ਸਮਦ ਖਾਨ ਨੂੰ ਹਾਰ ਦਿਤੀ ਜੋ ਉਥੇ ੨੦ ਹਜ਼ਾਰ ਰੁਹੇਲਾ ਸਵਾਰ ਤੇ ਪੈਦਲ ਫੌਜ ਨਾਲ ਠਹਿਰਿਆ ਸੀ। ਜਿਵੇਂ ਹੀ ਅਫਗਾਨਾਂ ਨੇ ਸ਼ਹਿਰ ਖਾਲੀ ਕੀਤਾ ਅਦੀਨਾ ਬੇਗ ਦੀਆਂ ਸਿਖ ਫੌਜਾਂ ਨੇ ਉਸ ਦੀ ਇੱਟ ਨਾਲ ਇੱਟ ਖੜਕਾ ਦਿਤੀ। ਇਸ ਤੇ ਵਜਦੀ ਮਰਹਟੇ ਬੜੇ ਜੋਸ਼ ਵਿਚ ਆਏ ਕਿਉਂਕਿ ਉਹ ਲੁਟ ਦੇ ਨਾਂ ਉਤੇ ਆਪਣਾ ਹੀ ਹੱਕ ਜਤਾਉਂਦੇ ਸਨ। ਉਹਨਾਂ ਨੂੰ ਸਿੱਖਾਂ ਨਾਲ ਬੜੀ ਈਰਖਾ ਸੀ ਇਸ ਲਈ ਉਹ ਸਿਖਾਂ ਨੂੰ ਉਸ ਹਮਲੇ ਦੀ ਸਜ਼ਾ ਦੇਣ ਉਤੇ ਤੁਲ ਗਏ। ਪਰ ਖਾਲਸੇ ਦੇ ਬਾਲਕੇ ਰਾਤ ਦੇ ਹਨੇਰੇ ਦੀ ਓਟ ਵਿਚ ਲੁਟ ਦਾ ਮਾਲ ਲੈਕੇ ਹਰਨ ਹੋ ਗਏ ਅਤੇ ਛੇਤੀ ਹੀ ਪਿੱਛਾ ਕਰ ਰਹੀ ਮਰਹਟਾ ਫੌਜ ਦੀ ਪਹੁੰਚ ਤੋਂ ਬਾਹਰ ਹੋ ਗਏ।

## ਕੱਚੀ ਸਰਾਏ ਵਿਚ ਅਫਗਾਨਾਂ ਦੀ ਹਾਰ

ਸਰਹਿੰਦ ਨੂੰ ਅਧਿਕਾਰ ਹੇਠ ਕਰਨ ਮਗਰੋਂ ਮਰਹਟੇ ਬੜੀ ਤੇਜ਼ੀ ਨਾਲ ਲਾਹੌਰ ਵਲ ਵਧੇ। ਉਹਨਾਂ ਦਾ ਪਿਠੂ ਅਦੀਨਾ ਬੇਗ ਖਾਨ ਵੀ ਉਹਨਾਂ ਦੇ ਨਾਲ ਸੀ। ਸਰਦਾਰ ਜਹਾਨ ਖਾਨ ਅਤੇ ਸ਼ਾਹਜ਼ਾਦਾ ਤੈਮੂਰ ਸ਼ਾਹ ਨੇ ਆਪਣਾ ਕੈਂਪ ਕੱਚੀ ਸਰਾਂ ਦੇ ਅਸਥਾਨ ਆ ਲਾਇਆ ਅਤੇ ਉਥੇ ਹੀ ਉਹਨਾਂ ਦੀ ਫੌਜ ਮੋਰਚੇ ਬੰਦ ਹੋ ਕੇ ਬੈਠ ਗਈ। ਉਹ ਜੰਗ ਲਈ ਤਿਆਰ ਹੋ ਚੁਕੇ ਸਨ। ਮਰਹਟਾ ਫੌਜ ਦੇ ਪੁਜਣ ਤੇ ਦੋਵਾਂ ਧਿਰਾਂ ਵਿਚਾਲੇ ਲੜਾਈ ਸ਼ੁਰੂ ਹੋ ਗਈ। ਇਸ ਲੜਾਈ ਵਿਚ ਦੁਰਾਨੀਆਂ ਨੂੰ ਹਾਰ ਖਾਣੀ ਪਈ ਤੇ ਜਹਾਨ ਖਾਨ ਦੋ ਸੌ ਘੁੜ ਸਵਾਰ ਲੈਕੇ ਅਟਕੋਂ ਪਾਰ ਹੋ ਗਿਆ ਅਤੇ ਆਪਣਾ ਮਾਲ ਅਸਬਾਬ ਤੇ ਖਜ਼ਾਨਾ ਹਮਲਾ ਆਵਰਾਂ ਦੀ ਲੁਟ ਲਈ ਪਿਛੇ ਛਡ ਗਿਆ।

## ਲਾਹੌਰ ਉਤੇ ਮਰਹਟਿਆਂ ਦਾ ਕਬਜ਼ਾ

ਅਗੇ ਵਧਕੇ ਮਰਹਟਿਆਂ ਨੇ ਲਾਹੌਰ ਉਤੇ ਵੀ ਕਬਜ਼ਾ ਕਰ ਲਿਆ। ਇਹ ਘਟਨਾ ਮਈ ੧੭੫੮ ਦੀ ਹੈ। ਅਦੀਨਾ ਬੇਗ ਨੇ ਇਸ ਫਤਹ ਦੀ ਖੁਸ਼ੀ ਲਾਹੌਰ ਵਿਚ ਢੰਡੋਰਾ ਪਿਟਕੇ ਅਤੇ ਜਸ਼ਨ ਕਰਕੇ ਮਨਾਈ।

## ਅਦੀਨਾ ਬੇਗ ਪੰਜਾਬ ਦਾ ਵਾਇਸਰਾਏ

ਅਦੀਨਾ ਬੇਗ ਦੀ ਸੇਵਾ ਨੂੰ ਮੁਖ ਰਖਕੇ ਮਰਹਟਿਆਂ ਨੇ ਉਸ ਨੂੰ ਪੰਜਾਬ ਦਾ ਵਾਇਸਰਾਏ ਅਤੇ ਖਵਾਜਾ ਮਿਰਜ਼ਾ ਨੂੰ ਲਾਹੌਰ ਵਿਚ ਉਸਦਾ ਡਿਪਟੀ ਥਾਪ ਦਿਤਾ। ਮਰਹਟਾ ਜਰਨੈਲ ਸਾਹਿਬ ਪਾਟਲ ਨੇ ਦਸ ਹਜ਼ਾਰ ਫੌਜ ਲੈਕੇ ਤੈਮੂਰ ਸ਼ਾਹ ਦਾ ਪਿੱਛਾ ਕਰਨ ਲਈ ਕਿਲਾ ਅਟਕ ਵਲ ਕੂਚ ਬੋਲਿਆ ਅਤੇ ਸਾਮਾ ਜੀ ਰਾਉ ਮੁਲਤਾਨ ਦਾ ਗਵਰਨਰ ਥਾਪਿਆ ਗਿਆ।

## ਮਰਹਟਾ ਐਸ਼ਵਰਜ ਸਿਖਰ ਤੇ

ਇਸ ਸਮੇਂ ਮਰਹਟਿਆਂ ਦਾ ਤੇਜ ਪ੍ਰਤਾਪ ਸਿਖਰ ਉਤੇ ਪੁਜ ਚੁਕਾ

Sri Satguru Jagjit Singh Ji eLibrary NamdhariElibrary@gmail.com

ਸੀ। ਇਉਂ ਉਹਨਾਂ ਦੇ ਰਾਜ ਦੇ ਮੋਢੀ ਸ਼ਿਵਾ ਜੀ ਦੀ ਉਹ ਭਵਿਖ ਬਾਣੀ ਸੱਚੀ ਸਾਬਤ ਹੋ ਗਈ ਕਿ ਉਹਨਾਂ ਦੇ ਘੋੜੇ ਸਿੰਧ ਤੇ ਹੁਗਲੀ ਦਾ ਪਾਣੀ ਪੀਣਗੇ। ਉਹਨਾਂ ਨੇ ਦਖਣ ਤੋਂ ਲੈਕੇ ਸਿੰਧ ਤੀਕ ਦਾ ਦੇਸ਼ ਪੈਰਾਂ ਥਲੇ ਮਧੋਲਿਆ ਅਤੇ ਰਾਜਧਾਨੀ ਵਾਲੇ ਸੂਬੇ ਦਿਲੀ ਤੇ ਆਗਰਾ ਵੀ ਉਹਨਾਂ ਦੀ ਲੁਟ ਮਾਰ ਤੋਂ ਨਾ ਬਚੇ, ਉਹ ਪੰਜਾਬ ਦੇ ਮਾਲਕ ਬਣ ਗਏ ਅਤੇ ਉਹਨਾਂ ਨੇ ਦਿਲੀ ਦੇ ਵਜੀਰ ਗਾਜੀ ਉਦ ਦੀਨ ਨੂੰ ਆਪਣੀਆਂ ਜਿਤਾਂ ਵਿਚ ਅਵਧ ਦੇ ਇਲਾਕੇ ਨੂੰ ਸ਼ਾਮਲ ਕਰ ਦੇਣ ਲਈ ਵੀ ਤਿਆਰ ਕਰ ਲਿਆ। ਹੁਣ ਉਹ ਖੁਲ੍ਹੇ ਡੁਲ੍ਹੇ ਸਾਰੇ ਹਿੰਦੁਸਤਾਨ ਉਤੇ ਆਪਣੇ ਰਾਜ ਦੇ ਸੁਪਨੇ ਲੈਣ ਲਗੇ। ਪਾਣੀਪਤ ਦੀ ਵੱਡੀ ਲੜਾਈ ਮਗਰੋਂ ਹੀ ਉਹਨਾਂ ਦੀ ਤਾਕਤ ਦਾ ਪਤਨ ਸ਼ੁਰੂ ਹੋਇਆ।

## ਅੰਤ ਮਰਹਟਿਆਂ ਨੇ ਪੰਜਾਬ ਖਾਲੀ ਕੀਤਾ ਤੇ ਅਦੀਨਾ ਬੇਗ ਨੂੰ ਲਾਹੌਰ ਦਾ ਗਵਰਨਰ ਥਾਪਿਆ

ਪੰਜਾਬ ਵਿਚ ਮਰਹਟਾ ਰਾਜ ਬਹੁਤ ਥੋੜਾ ਚਿਰ ਰਿਹਾ ਪਰ ਇਸ ਸਮੇਂ ਵੀ ਪੰਜਾਬ ਵਿਚ ਅਮਨ ਤੇ ਸ਼ਾਂਤੀ ਕਾਇਮ ਨ ਰਹਿ ਸਕੀ। ਸਿਖ ਸਾਰੇ ਦੇਸ ਵਿਚ ਮਾਰਾਂ ਮਾਰਦੇ ਸਨ। ਪਰਦੇਸੀ ਕਰਮਚਾਰੀ ਉਹਨਾਂ ਦੀ ਰੋਕ ਥਾਮ ਕਰਨੋਂ ਅਸਮਰਥ ਸਨ ਕਿਉਂਕਿ ਉਹ ਤੇ ਨਾਮ ਮਾਤਰ ਦੇ ਹੀ ਹੁਕਮਰਾਨ ਸਨ ਗੌਰਮਿੰਟ ਵਲੋਂ ਮਾਲੀਏ ਦੀ ਮੰਗ ਹੋਣ ਤੇ ਜਿਮੀਂਦਾਰ ਟਾਕਰੇ ਲਈ ਡਟ ਜਾਂਦੇ। ਹਿੰਦੁਸਤਾਨ ਦੇ ਦਖਣ ਵਿਚ ਏਨੇ ਚਿਰ ਨੂੰ ਬਗਾਵਤਾਂ ਤੇ ਫਸਾਦ ਉਠ ਖੜੇ ਹੋਏ ਜਿਸ ਕਰਕੇ ਮਰਹਟਿਆਂ ਨੂੰ ਮਜਬੂਰ ਹੋਕੇ ਪੰਜਾਬ ਦੇਸ ਖਾਲੀ ਕਰਨਾ ਪਿਆ। ਆਪਣੀ ਜਿਤ ਦੇ ਪਹਿਲੇ ਸਾਲ ਦੇ ਅੰਦਰ ਹੀ ਅੰਦਰ ਉਹ ਲਾਹੌਰ ਵਿਚ ਫੌਜ ਦਾ ਦਸਤਾ ਛਡਕੇ ਪੰਜਾਬ ਵਿਚੋਂ ਚਲਦੇ ਬਣੇ। ਮਰਹਟਿਆਂ ਨੇ ੭੫ ਲਖ ਰੁਪਏ ਖਰਾਜ ਦੇਣ ਦੀ ਸ਼ਰਤ ਉਤੇ ਅਦੀਨਾ ਬੇਗ ਨੂੰ ਆਪਣੀ ਵਲੋਂ ਪੰਜਾਬ ਦਾ ਗਵਰਨਰ ਥਾਪ ਦਿਤਾ।

## ਰੁਹੇਲੇ ਤੇ ਮਲੇਰ ਕੋਟਲੇ ਦੇ ਅਫਗਾਨਾਂ ਦੀ ਗੜ ਬੜ

ਰੁਹੇਲਿਆਂ ਨੇ ਕੁਤਬ ਸ਼ਾਹ ਦੀ ਸਰਦਾਰੀ ਹੇਠ ਬਗਾਵਤ ਬੜੀ ਕਰ ਦਿਤੀ ਅਤੇ ਮਲੇਰ ਕੋਟਲੇ ਦੇ ਅਫਗਾਨਾਂ ਨੇ ਵੀ ਆਪਣੇ ਸਰਦਾਰ ਜਮਾਲ ਖਾਨ ਦੀ ਲੀਡਰੀ ਥਲੇ ਬਗਾਵਤ ਦਾ ਝੰਡਾ ਖੜਾ ਕਰ ਦਿਤਾ। ਫਲੌਰ ਦੇ ਆਸ ਪਾਸ ਬਾਗੀ ਫੌਜਾਂ ਭਾਰੀ ਗਿਣਤੀ ਵਿਚ ਜਮਾ ਹੋ ਗਈਆਂ ਜਿਥੇ ਅਦੀਨਾ ਬੇਗ ਖਾਨ ਨੇ ਉਹਨਾਂ ਨਾਲ ਲੜਾਈ ਸ਼ੁਰੂ ਕੀਤੀ। ਇਹ ਲੜਾਈ ਬੜੀ ਭਿਆਨਕ ਤੇ ਲਹੂ ਡੋਲ੍ਹਵੀਂ ਸੀ। ਅਫਗਾਨ ਅਤੇ ਰੁਹੇਲਿਆਂ ਦੀ ਫੌਜ ਗਿਣਤੀ ਵਿਚ ਵਾਇਸਰਾਏ ਦੀ ਫੌਜ ਤੋਂ ਬਹੁਤ ਵਧੀਕ ਸੀ। ਲੜਾਈ ਵਿਚ ਵਾਇਸਰਾਏ ਦੀ ਫੌਜ ਵੀ ਭਾਰੀ ਗਿਣਤੀ ਵਿਚ ਮਾਰੀ ਗਈ ਤੇ ਫਟੜ ਹੋਈ। ਜਿਸ ਸਮੇਂ ਜਮਾਲ ਖਾਨ ਦਾ ਹਾਥੀ ਵਾਇਸਰਾਏ ਦੇ ਹਾਥੀ ਦੇ ਪਾਸ ਆਇਆ ਤਦ ਮੁਹੰਮਦ ਤੁਫੈਲ ਨੇ ਜੋ ਖਾਨ ਬਹਾਦਰ ਦਾ ਚੇਲਾ ਅਤੇ ਅਦੀਨਾ ਬੇਗ ਖਾਨ ਦੇ ਹਾਥੀ ਦਾ ਮਹਾਵਤ ਬਣਿਆ ਹੋਇਆ ਸੀ, ਆਪਣੀ ਬੰਦੂਕ ਨਾਲ ਉਸ ਉਤੇ ਗੋਲੀ ਚਲਾ ਦਿਤੀ। ਇਸ ਗੋਲੀ ਨਾਲ ਜਮਾਲ ਖਾਨ ਮਾਰਿਆ ਗਿਆ।

## ਅਦੀਨਾ ਬੇਗ ਹਥੋਂ ਉਹਨਾਂ ਦੀ ਹਾਰ

ਜਮਾਲ ਖਾਨ ਦੇ ਗੋਲੀ ਖਾਕੇ ਡਿਗਦੇ ਸਾਰ ਹੀ ਬਾਗੀ ਫੌਜਾਂ ਵਿਚ ਦਹਿਸ਼ਤ ਤੇ ਖਿਲਬਲੀ ਮਚ ਗਈ ਅਤੇ ਉਹ ਨਸ ਉਠੀਆਂ। ਲਾਹੌਰੀ ਵਾਇਸਰਾਏ ਦੀਆਂ ਫੌਜਾਂ ਨੇ ਨਸੇ ਜਾਂਦੇ ਬਾਗੀਆਂ ਦਾ ਦੂਰ ਤੀਕ ਪਿੱਛਾ ਕੀਤਾ ਤੇ ਉਹਨਾਂ ਦੀ ਭਾਰੀ ਗਿਣਤੀ ਨੂੰ ਥਾਂ ਰਖਿਆਂ।

## ਪੰਜਾਬ ਦਾ ਮਾਲਕ ਬਣਕੇ ਉਸਨੇ ਆਪਣਾ ਹੈਡ ਕੁਆਰਟਰ ਬਟਾਲੇ ਲੈ ਆਂਦਾ

ਬਾਗੀ ਕਬੀਲਿਆਂ ਉਤੇ ਇਸ ਭਾਰੀ ਜਿਤ ਨੇ ਪੰਜਾਬ ਵਿਚ ਅਦੀਨਾ ਬੇਗ ਦੀ ਪੁਜ਼ੀਸ਼ਨ ਪੱਕੀ ਕਰ ਦਿਤੀ। ਇਸ ਨਾਲ ਸਾਰੇ ਪੰਜਾਬ ਅੰਦਰ ਦਹਿਸ਼ਤ ਤੇ ਡਰ ਫੈਲ ਗਿਆ। ਉਸ ਨੇ ਆਪਣਾ ਹੈਡ ਕੁਆਰਟਰ ਵਟਾਲੇ ਲੈ ਆਂਦਾ ਅਤੇ ਸੂਬਾ ਮੁਲਤਾਨ, ਥੱਟਾ ਅਤੇ ਲਾਹੌਰ* ਲਈ ਆਪਣੇ ਹੀ ਗਵਰਨਰ ਨਿਯਤ ਕੀਤੇ। ਪਹਾੜੀ ਰਾਜਿਆਂ ਨੇ ਉਸ ਨੂੰ ਬਾਜ ਦੇਣੀ ਮੰਨ ਲਈ; ਜਿਮੀਂਦਾਰਾਂ ਨੇ ਵੀ ਉਸ ਦੀ ਈਨ ਮੰਨ ਲਈ। ਰਾਜਾ ਸੈਫ ਅਲੀ ਖਾਨ ਕਾਂਗੜਾ ਵੀ ਉਸ ਦੀ ਹਾਜ਼ਰੀ ਭਰਨ ਆਇਆ। ਦਿਲੀ ਦਰਬਾਰ ਵਲੋਂ ਉਸ ਨੂੰ ਜ਼ਫਰ ਜੰਗ ਬਹਾਦਰ ਦਾ ਖਿਤਾਬ ਮਿਲਿਆ ਤੇ ਉਸ ਦੀ ਸੁਤੰਤਰ ਸਰਦਾਰੀ ਮੰਨ ਲਈ ਗਈ।

## ਮਾਝੇ ਦੇ ਸਿਖਾਂ ਵਲੋਂ ਗੜਬੜ

ਹੁਣ ਮਾਝੇ ਦੇਸ਼ ਦੇ ਸਿਖਾਂ ਨੇ ਸਰਕਾਰ ਨੂੰ ਤੰਗ ਕਰਨਾ ਸ਼ੁਰੂ ਕੀਤਾ। ਉਹ ਭਾਰੀ ਗਿਣਤੀ ਵਿਚ ਇਕਠੇ ਹੋਕੇ ਇਰਦ ਗਿਰਦ ਦੇ ਜ਼ਿਲਿਆਂ ਵਿਚ ਲੁਟ ਮਾਰ ਕਰਨ ਲਗੇ। ਮੀਰ ਅਜ਼ੀਜ਼ ਬਖਸ਼ੀ ਨੂੰ ਉਹਨਾਂ ਦੀ ਸੋਧ ਲਈ ਭੇਜਿਆ ਗਿਆ। ਉਹ ੧੨ ਹਜ਼ਾਰ ਸਿਖਾਂ ਨੂੰ ਗ੍ਰਿਫਤਾਰ ਕਰਕੇ ਵਟਾਲੇ ਲੈ ਆਇਆ। ਜਿਥੇ ਕਿ ਵਾਇਸਰਾਏ ਰਹਿੰਦਾ ਸੀ। ਇਹਨਾਂ ਸਿਖਾਂ ਦਾ ਲੀਡਰ ਨਿਧਾਨ ਸਿੰਘ ਰੰਧਾਵਾ ਸੀ।

## ਹੋਰ ਸਿਖਾਂ ਦੀ ਬਗ਼ਾਵਤ

ਅਜੇ ਸਿਖਾਂ ਦੀ ਇਹ ਬਗਾਵਤ ਦਬੀ ਨਹੀਂ ਸੀ ਕਿ ਰਾਮਰਾੜ੍ਹ (ਓਦੋਂ ਰਾਮ ਰਾਉਣੀ) ਵਿਚ ਇਸਤੋਂ ਵਧੀਕ ਬਗਾਵਤ ਫੁਟ ਪਈ। ਇਸ ਬਗਾਵਤ ਦੇ ਲੀਡਰ ਸਨ ਜੈ ਸਿੰਘ ਘਨਈਆ ਅਤੇ ਜੱਸਾ ਸਿੰਘ ਰਾਮਗੜ੍ਹੀਆ। ਇਸ ਬਗ਼ਾਵਤ ਨੂੰ ਦਬਾਉਣ ਲਈ ਸਰਕਾਰੀ ਫੌਜ ਭੇਜੀ ਗਈ। ਪਰ ਪੰਜਾਬ ਵਿਚ ਪੂਰਨ ਸੁਤੰਤਰਤਾ ਪ੍ਰਾਪਤ ਕਰਨ ਦੀ ਇੱਛਾ ਰੱਖਣ ਵਾਲੇ ਵਾਇਸਰਾਇ ਦਾ ਅੰਤ ਨੇੜੇ ਆ ਚੁਕਾ ਸੀ।

## ਅਦੀਨਾ ਬੇਗ ਖਾਨ ਦੀ ਮੌਤ-੧੭੫੮

ਵਟਾਲੇ ਸ਼ਹਿਰ ਵਿਚ ਵਾਇਸਰਾਏ ਆਪਣੇ ਮਹਲ ਵਿਚ ਰਹਿੰਦਾ ਸੀ ਕਿ ਉਸ ਨੂੰ ਦਰਦਾਂ ਸ਼ੁਰੂ ਹੋ ਗਈਆਂ ਅਤੇ ਉਹ ਸੰਨ ੧੭੫੯ ਮੁਕਣ ਤੋਂ ਪਹਿਲੇ ੧੧ਵੀਂ ਮੁਹਰਮ ਨੂੰ ਕਬਰ ਵਿਚ ਜਾ ਪਿਆ। ਉਸ ਦੀ ਵਸੀਅਤ ਅਨੁਸਾਰ ਉਸਦਾ ਮ੍ਰਿਤਕ ਸਰੀਰ ਜਾਲੰਧਰ ਦੇ ਪਾਸ ਹੀ ਨਜ਼ਾਰ ਖਾਨ ਪੁਰ ਵਿਚ ਲਿਜਾਕੇ ਦਫਨਾਇਆ ਗਿਆ।

## ਉਸ ਦਾ ਪਹਿਲਾ ਇਤਿਹਾਸ ਤੇ ਚਲਨ

ਪੰਜਾਬ ਦੀ ਡਿਪਲੋਮੇਸੀ (ਰਾਜਨੀਤੀ) ਵਿਚ ਅਦੀਨਾ ਬੇਗ ਖਾਨ ਦਾ ਬੜਾ ਮਹਤਵ ਹੈ। ਜੀਵਨ ਦੀ ਹੇਠਲੀ ਪਧਰ ਤੋਂ ਉਠਕੇ ਉਹ ਸੁਲਤਾਨ ਪੁਰ ਦਾ ਕਾਰਦਾਰ ਬਣ ਗਿਆ ਅਤੇ ਲਾਹੌਰ ਦੇ ਵਾਇਸਰਾਏ ਨਵਾਬ ਜ਼ਕਰੀਆ ਖਾਨ ਨੇ ਉਸ ਨੂੰ ਗੁਰਦਾਸ ਪੁਰ ਦੇ ਜ਼ਿਲੇ ਵਿਚ ਬਹਿਰਾਮ ਪੁਰ ਦਾ ਗਵਰਨਰ ਨਿਯਤ ਕਰ ਦਿਤਾ। ਇਕ ਵਾਰ ਸਰਕਾਰੀ

*ਫਰਹਾਤੁਨ ਨਾਜ਼ੀਰਨ

Sri Satguru Jagjit Singh Ji eLibrary NamdhariElibrary@gmail.com

ਮਾਮਲੀਆ ਨਾ ਤਾਰਨ ਦੇ ਅਪ੍ਰਾਧ ਵਿਚ ਨਵਾਬ ਨੇ ਉਸ ਨੂੰ ਕੈਦ ਵਿਚ ਪਾ ਦਿਤਾ ਪਰ ਉਮਰਾ (ਦਰਬਾਰੀਆਂ) ਨੇ ਉਸ ਦੀ ਸਿਫਾਰਸ਼ ਕਰ ਦਿਤੀ ਤੇ ਉਹ ਮੁੜ ਆਪਣੀ ਪਦਵੀ ਉਤੇ ਬਹਾਲ ਕੀਤਾ ਗਿਆ। ਉਹ ਹਿੰਦੀ ਰਾਜਨੀਤੀ ਦਾ ਮਾਹਰ ਸੀ ਕਿਉਂਕਿ ਉਹ ਬਦਅਮਨੀ ਫਸਾਦ ਗੜ ਬੜ ਤੇ ਅਨਾਰਕੀ ਵਿਚ ਵੀ ਜੋ ਸਵਾਰਥੀ ਧਿਰਾਂ ਵਲੋਂ ਰਾਜਸੀ ਅਧਿਕਾਰ ਲਈ ਮਚਾਈ ਗਈ ਉਸਨੇ ਆਪਣੀ ਪੁਜੀਸ਼ਨ ਨੂੰ ਬਚਾਈ ਰਖਿਆ। ਆਪਣੀ ਸਿਆਣਪ, ਸੂਝ ਅਤੇ ਨਿਆਂ ਸਦਕਾ ਉਹ ਲਾਹੌਰ ਦੇ ਬਨਣ ਵਾਲੇ ਵਾਇਸਰਾਏ ਦੀਆਂ ਨਜ਼ਰਾਂ ਵਿਚ ਬੜੀ ਮਹਾਨਤਾ ਪ੍ਰਾਪਤ ਕਰ ਗਿਆ ਤੇ ਉਹ ਉਸ ਨੂੰ ਸ਼ਕਤੀ ਦਾ ਸੋਮਾਂ ਸਮਝਣ ਲਗ ਪਏ। ਉਸਨੇ ਜਾਲੰਧਰ ਦੁਆਬ ਦਾ ਜੋ ਪ੍ਰਬੰਧ ਕੀਤਾ ਉਹ ਸਫਲ ਰਿਹਾ। ਉਹ ਬੜਾ ਮੱਕਾਰ ਤੇ ਸੋਚ ਸਮਝਕੇ ਪੈਰ ਧਰਨ ਵਾਲਾ ਨੀਤੀਵਾਨ ਸੀ। ਸਿਖਾਂ ਨੂੰ ਉਹ ਖੁਸ਼ ਰਖਦਾ, ਦਿਲੀ ਦਰਬਾਰ ਤੋਂ ਉਹ ਘ੍ਰਿਣਾ ਕਰਦਾ, ਅਫਗਾਨਾਂ ਦੀਆਂ ਉਹ ਗੁਡੀਆਂ ਭਵਾਉਂਦਾ, ਸਿਖਾਂ ਤੇ ਅਫਗਾਨਾਂ ਦੀ ਤਾਕਤ ਨੂੰ ਕੁਚਲਣ ਤੇ ਆਪਣੀ ਸੁਤੰਤਰਤਾ ਪ੍ਰਾਪਤੀ ਲਈ ਉਹ ਮਰਹਟਿਆਂ ਨੂੰ ਮੁਠੀ ਵਿਚ ਰਖਦਾ ਸੀ। ਦੇਸ ਵਿਚ ਹੋਣ ਵਾਲੀ ਹਰ ਅਦਲਾ ਬਦਲੀ ਨੂੰ ਉਹ ਆਪਣੇ ਲਾਭ ਹਿਤ ਵਰਤਦਾ ਭਾਵੇਂ ਪੈਣ ਵਾਲੀ ਬਦਅਮਨੀ ਤੋਂ ਹਰ ਕਿਸੇ ਨੂੰ ਹਾਨੀ ਪੁਜਦੀ ਪਰ ਉਹ ਆਪਣੇ ਅਧਿਕਾਰ ਨੂੰ ਕਦੇ ਕੁਰਬਾਨ ਨ ਹੋਣ ਦੇਂਦਾ। ਉਹ ਬੜਾ ਬੇ ਪਰਵਾਹ ਤੇ ਕਦੇ ਕਦੇ ਜ਼ਾਲਮ ਵੀ ਬਣ ਜਾਂਦਾ ਸੀ। ਇਕ ਵਾਰ ਇਕ ਮਿਠਾਈ ਵਾਲੇ ਨੇ ਉਸ ਨੂੰ ਮੁਰਬਾ ਨ ਦਿਤਾ ਤਦ ਉਸ ਨੂੰ ਜੀਉਂਦਾ ਹੀ ਦੇਗ ਵਿਚ ਪਾਕੇ ਸਾੜ ਦਿਤਾ। ਪਰ ਕੁਛ ਰਾਹੀਆਂ* ਨੇ ਮਿਨਤ ਸਮਾਜਤ ਕਰਕੇ ਉਸ ਗਰੀਬ ਦੀ ਜਾਨ ਬਚਾਈ।

## ਅਦੀਨਾ ਬੇਗ ਖਾਨ ਦੇ ਮਾਤਹਿਤ ਲਾਹੌਰ ਦੀ ਦਸ਼ਾ

ਉਸ ਦੇ ਰਾਜ ਸਮੇਂ ਲਾਹੌਰ ਕਦੇ ਖੁਸ਼ਹਾਲ ਨਹੀਂ ਰਿਹਾ। ਅਨਾਜ ਦਾ ਆਮ ਤੌਰ ਉਤੇ ਤੋੜਾ ਹੀ ਰਹਿੰਦਾ ਕਿਉਂਕਿ ਉਸ ਦੀ ਆਗਿਆ ਤੋਂ ਬਗੈਰ ਕੋਈ ਖਾਣ ਪੀਣ ਦੀ ਸ਼ੈ ਸ਼ਹਿਰ ਵਿਚ ਦਰਾਮਦ ਨਹੀਂ ਸੀ ਹੋ ਸਕਦੀ। ਉਸਨੇ ਆਪਣੇ ਪਿਛੇ ਕੋਈ ਔਲਾਦ ਨਹੀਂ ਛਡੀ ਭਾਵੇਂ ਅਦੀਨਾ ਨਗਰ ਦਾ ਉਹ ਉਨੱਤ ਨਗਰ ਜੋ ਉਸਨੇ ਗੁਰਦਾਸ ਪੁਰ ਜ਼ਿਲੇ ਵਿਚ ਬਾਗਾਂ ਤੇ ਮਹਲਾਂ ਨਾਲ ਸਜਾਇਆ ਅਜੇ ਤੀਕ ਉਸਦੀ ਸਿਮਰਤੀ ਵਜੋਂ ਵਿਦਮਾਨ ਹੈ। ਸਿੱਖ ਤੇ ਮੁਸਲਮਾਨ ਦੋਵੇਂ ਹੀ ਲਾਹੌਰ ਦੇ ਅੰਤਮ ਮੁਗ਼ਲ ਦੀ ਇਸ ਯਾਦਗਾਰ ਦਾ ਆਦਰ ਕਰਦੇ ਹਨ।

## ਉਸ ਦੀ ਮੌਤ ਤੇ ਦੇਸ ਦਾ ਪ੍ਰਬੰਧ

ਅਦੀਨਾ ਬੇਗ ਖਾਨ ਦੇ ਚਲਾਣੇ ਉਤੇ ਜਾਨਕੂ ਰਾਉ ਮਰਹੱਟਾ ਸਰਦਾਰ ਨੇ ਜੋ ਇਕ ਤਕੜੀ ਫੌਜ ਸਮੇਤ ਰਾਜਧਾਨੀ ਦੇ ਆਸ ਪਾਸ ਠਹਿਰਿਆ ਹੋਇਆ ਸੀ ਲਾਹੌਰ ਦੀ ਗੌਰਮਿੰਟ ਮਰਹਟਾ ਸਰਦਾਰ ਸ਼ਾਮਾ ਜੀ ਦੇ ਸਪੁਰਦ ਕਰ ਦਿਤੀ ਅਤੇ ਉਸ ਨੂੰ ਲਾਹੌਰ ਭੇਜ ਦਿਤਾ। ਅਦੀਨਾ ਬੇਗ ਖਾਨ ਦੇ ਪਿਛਲਗ ਸਾਦਰ ਬੇਗ ਖਾਨ ਨੂੰ ਮਰਹਟਾ ਸਰਦਾਰ ਨੇ ਸਰਹਿੰਦ ਦਾ ਗਵਰਨਰ ਨਿਯਤ ਕੀਤਾ ਜਦ ਕਿ ਜਾਲੰਧਰ ਦੁਆਬ ਦਾ ਰਾਜ ਪ੍ਰਬੰਧ ਅਦੀਨਾ ਬੇਗ ਖਾਨ ਦੀ ਬਿਵਾ ਦੇ ਹਥ ਦੇ ਦਿਤਾ। ਸ਼ਾਮਾ ਜੀ ਨੇ ਲਾਹੌਰ ਪਹੁੰਚ ਕੇ ਬੜੀ ਸਿਆਣਪ ਤੇ ਮਿਹਨਤ ਨਾਲ ਗੌਰਮਿੰਟ ਦਾ ਕੰਮ ਸੰਭਾਲਿਆ। ਉਹ ਆਪਣੀ ਫੌਜ ਨੂੰ ਸਿੰਧ ਤੀਕ ਲੈ ਗਿਆ।

*ਮਾਲੂਮ ਹੁੰਦਾ ਹੈ ਉਬਾਲ ਕੇ ਤਸੀਹੇ ਦੇਣੇ ਉਸ ਸਮੇਂ ਦੀ ਆਮ ਵਰਤੋਂ ਸੀ।

## ਸਿਖਾਂ ਨੇ ਬੇਰੋਕ ਟੋਕ ਪੰਜਾਬ ਵਿਚ ਮਾਰ ਧਾੜ ਸ਼ੁਰੂ ਕਰ ਦਿਤੀ

ਅਦੀਨਾ ਬੇਗ ਖਾਨ ਨੇ ਆਪਣੀ ਯੋਗਤਾ ਨਾਲ ਸਿਖਾਂ ਨੂੰ ਲੁਟ ਮਾਰ ਤੋਂ ਬਾਜ਼ ਰਖਿਆ ਸੀ। ਹੁਣ ਉਹਨਾਂ ਨੇ ਬੇਰੋਕ ਟੋਕ ਹੋਕੇ ਪੰਜਾਬ ਅੰਦਰ ਲੁਟ ਮਾਰ ਸ਼ੁਰੂ ਕਰ ਦਿਤੀ। ਉਹਨਾਂ ਨੇ ਮੁਸਲਮਾਨਾਂ ਉਤੇ ਬੜੀਆਂ ਸਖਤੀਆਂ ਕੀਤੀਆਂ। ਅਮ੍ਰਿਤਸਰ ਦਾ ਪਵਿਤਰ ਸਰੋਵਰ ਜਿਸ ਨੂੰ ਤੈਮੂਰ ਸ਼ਾਹ ਨੇ ਪੂਰ ਦਿਤਾ ਸੀ ਨਵੇਂ ਸਿਰੇ ਸਾਫ ਕਰ ਲਿਆ। ਸਿਖਾਂ ਨੇ ਸਰੋਵਰ ਵਿਚੋਂ ਮਿਟੀ ਆਦਕ ਕਢਣ ਦਾ ਕੰਮ ਮੁਸਲਮਾਨਾਂ ਤੋਂ ਕਰਵਾਇਆ। ਕੰਮ ਨੂੰ ਛੇਤੀ ਛੇਤੀ ਖਤਮ ਕਰਨ ਲਈ ਮੁਸਲਮਾਨਾਂ ਨੂੰ ਬੰਦੂਕਾਂ ਦੀਆਂ ਹੁਜਾਂ ਮਾਰੀਆਂ ਜਾਂਦੀਆਂ। ਤੈਮੂਰ ਸ਼ਾਹ ਦੀ ਪੰਜਾਬ ਵਿਚੋਂ ਅਤਿ ਮੰਦੀ ਪਸਪਾਈ ਤੇ ਪੰਜਾਬ ਵਿਚ ਮਰਹਟਿਆਂ ਤੇ ਸਿਖਾਂ ਦੀਆਂ ਸਫਲਤਾਈਆਂ ਦੀਆਂ ਖਬਰਾਂ ਅਹਿਮਦ ਸ਼ਾਹ ਅਬਦਾਲੀ ਨੂੰ ਪੁਜ ਗਈਆਂ।

## ਅਹਿਮਦ ਸ਼ਾਹ ਅਬਦਾਲੀ ਦਾ ਜਰਨੈਲ ਨੂਰ ਉਦ ਦੀਨ

ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਜਰਨੈਲ ਨੂਰ ਉਦ ਦੀਨ ਖਾਨ, ਬਾਮੀ ਜ਼ਈ ਸਰਦਾਰ ਨੂੰ ਭਾਰੀ ਫੌਜ ਦੇਕੇ ਸਿੰਧ ਦੇ ਪਾਰ ਭੇਜਿਆ। ਉਹ ਜਿਹਲਮ ਵਲ ਅਗੇ ਵਧਿਆ ਅਤੇ ਬਿਨਾ ਰੋਕ ਟੋਕ ਦਰਿਆ ਜਿਹਲਮ ਅਤੇ ਦਰਿਆ ਸਿੰਧ ਦੇ ਦਰਮਿਆਨੀ ਇਲਾਕੇ ਦਾ ਮਾਲਕ ਬਣ ਗਿਆ। ਇਹ ਇਲਾਕਾ ਉਹਨਾਂ ਦਿਨਾਂ ਵਿਚ ਗਖੜ ਕੰਤਾਰ ਅਤੇ ਜੰਡ ਨਾਮੀ ਮੁਸਲਮਾਨੀ ਕਬੀਲਿਆਂ ਨਾਲ ਆਬਾਦ ਸੀ ਜੋ ਦੇਸ ਦੇ ਅਸਲੀ ਵਸਨੀਕ ਸਨ। ਇਹ ਲੋਕ ਅਫਗਾਨਾਂ ਦੇ ਹਿੱਤ ਚਿੰਤਕ ਸਨ। ਇਕੇ ਹੀ ਜਰਨੈਲ ਨੂਰ ਉਦ ਦੀਨ ਖਾਨ ਨੇ ਚਨਾਬ ਵਲ ਕੂਚ ਬੋਲਿਆ ਤੇ ਇਥੇ ਪਹੁੰਚਕੇ ਉਸ ਨੇ ਅਬਦਾਲੀ ਦੀ ਪਹੁੰਚ ਦੀ ਉਡੀਕ ਕਰਨ ਲਗਾ।

## ਅਹਿਮਦ ਸ਼ਾਹ ਅਬਦਾਲੀ ਦਾ ਪੰਜਵਾਂ ਹਮਲਾ ੧੭੫੯

ਬਲੋਚਿਸਤਾਨ ਦੇ ਆਜ਼ਾਦ ਸਰਦਾਰ ਨਸੀਰ ਖਾਨ ਨਾਲ ਨਿਪਟ ਕੇ ਅਹਿਮਦ ਸ਼ਾਹ ਨੇ ਬੇਅੰਤ ਫੌਜ ਸਮੇਤ ਕੂਚ ਬੋਲਿਆ ਅਤੇ ਸੰਨ ੧੭੫੯ ਦੀਆਂ ਸਰਦੀਆਂ ਵਿਚ ਸਿੰਧ ਪਾਰ ਕੀਤਾ। ਇਥੋਂ ਉਹ ਜਮੂੰ ਸੜਕ ਰਾਹੀਂ ਚਨਾਬ ਵਲ ਅਗੇ ਵਧਿਆ। ਉਸ ਨੇ ਆਪਣਾ ਕੂਚ ਉਤਰੀ ਪੰਜਾਬ ਰਾਹੀਂ ਜਾਰੀ ਰਖਿਆ ਤਾਂ ਜੁ ਹੜ ਆਏ ਹੋਏ ਦਰਿਆ ਤੋਂ ਬਚਿਆ ਰਹੇ।

## ਲਾਹੌਰ ਦੇ ਮਰਹਟਾ ਕਮਾਂਡਰ ਨੂੰ ਹਾਰ

ਲਾਹੌਰ ਪੁਜਕੇ ਉਸ ਨੇ ਮਰਹਟਾ ਕਮਾਂਡਰ ਨੂੰ ਹਾਰ ਦਿਤੀ ਤੇ ਲੜਾਈ ਵਿਚ ਉਸ ਨੂੰ ਬੜਾ ਨੁਕਸਾਨ ਪੁਚਾਇਆ। ਇਹ ਸਰਦਾਰ ਹਾਰ ਖਾ ਕੇ ਦਿਲੀ ਨੂੰ ਨਸ ਗਿਆ। ਸ਼ਾਹ ਨੇ ਆਪਣੀ ਜਿਤ ਮਗਰੋਂ ਕਰੀਮ ਦਾਦ ਖਾਨ ਅਫਗਾਨ ਨੂੰ ਲਾਹੌਰ ਸੂਬੇ ਦਾ ਅਤੇ ਜ਼ੈਨ ਖਾਨ ਗੁਜਰਾਤ ਦਾ ਗਵਰਨਰ ਬਣਾਇਆ।

## ਸ਼ਾਹ ਦਾ ਜਮੂੰ ਵਲ ਕੂਚ

ਨਜੀਬ ਉਦ ਦੌਲਾ ਨਾਲ ਮਿਲਕੇ ਉਸ ਪਾਸੋਂ ਸਮਾਨ ਰਸਦ ਦੀ ਸਹਾਇਤਾ ਲਈ ਅਤੇ ਫੇਰ ਜਮੂੰ ਵਲ ਕੂਚ ਬੋਲ ਦਿਤਾ।

## ਦਿਲੀ ਦੇ ਸਮਾਚਾਰ

ਇਸ ਸਮੇਂ ਵਿਚਕਾਰ ਦਿਲੀ ਦੇ ਮਕਾਰ ਵਜ਼ੀਰ ਗਾਜ਼ੀ ਉਦ ਦੀਨ

Sri Satguru Jagjit Singh Ji eLibrary NamdhariElibrary@gmail.com

ਨੂੰ ਇਹ ਭੈ ਲਗਾ ਕਿ ਅਬਦਾਲੀ ਹਾਨੀਰਹਿਤ ਬੁਢੇ ਸ਼ਹਿਨਸ਼ਾਹ ਨੂੰ ਗਦੀ ਉਤੋਂ ਬਹਾਲ ਕਰ ਦੇਵੇਗਾ ਅਤੇ ਆਪਣੇ ਚਾਚੇ ਇੰਤਜ਼ਾਮ ਉਦ ਦੌਲਾ ਸਾਬਕ ਖਾਨਿ ਖਾਨਾ ਉਪਰ ਵੀ ਉਸ ਨੂੰ ਸ਼ਕ ਸੀ ਕਿਉਂਕਿ ਉਹ ਵੀ ਸ਼ਹਿਨਸ਼ਾਹ ਦਾ ਹਮਾਇਤੀ ਹੈ ।

## ਇੰਤਜ਼ਾਮ ਉਦ ਦੌਲਾ ਦਾ ਖੂਨ

ਉਸ ਨੇ ਨਿਸਚਾ ਧਾਰ ਲਿਆ ਕਿ ਦੋਵਾਂ ਨੂੰ ਜਾਨੋਂ ਮਾਰ ਦਿਤਾ ਜਾਏ। ਉਸ ਨੇ ਇੰਤਜਾਮ ਉਦ ਦੌਲਾ ਨੂੰ ਮਰਵਾਉਣ ਦਾ ਪ੍ਰਬੰਧ ਕਰ ਲਿਆ ਜਦ ਉਹ ਨਮਾਜ਼ ਪੜ੍ਹ ਰਿਹਾ ਹੋਵੇ। ਸ਼ਹਿਨਸ਼ਾਹ ਮਜ਼ਬੀ ਆਲਮਾਂ ਤੇ ਦਰਵੇਸ਼ਾਂ ਦੀਆਂ ਜ਼ਿਆਰਤਾਂ ਦਾ ਬੜਾ ਪ੍ਰੇਮੀ ਸੀ। ਇਸ ਹਾਲ ਤੋਂ ਲਾਭ ਉਠਾਕੇ ਇਮਾਦ ਉਲ ਮੁਲਕ ਨੇ ਦੂਰ ਨੇੜੇ ਇਹ ਖਬਰ ਧੁਮਾ ਦਿਤੀ ਕਿ ਸ਼ਹਿਰ ਵਿਚ ਕੰਧਾਰ ਦਾ ਕਰਨੀ ਵਾਲਾ ਪੀਰ ਆਇਆ ਹੈ ਜੋ ਫਿਰੋਜ਼ ਸ਼ਾਹ ਦੇ ਟੁਟੇ ਭਜੇ ਕੋਟਲੇ ਵਿਚ ਠਹਿਰਿਆ ਹੋਇਆ ਹੈ । ਸ਼ਰਧਾਲੂ ਸ਼ਹਿਨਸ਼ਾਹ ਉਸਦੇ ਦਰਸ਼ਨਾਂ ਲਈ ਬਿਨਾਂ ਨੌਕਰ ਚਾਕਰਾਂ ਦੇ ਹੀ ਪਾਲਕੀ ਵਿਚ ਸਵਾਰ ਹੋਕੇ ਕੋਟਲੇ ਵਲ ਤੁਰ ਪਿਆ ਜਦ ਉਹ ਕੋਟਲੇ ਦੇ ਦਰਵਾਜ਼ੇ ਪਾਸ ਪੁਜਾ ਤਦ ਉਸਨੇ ਇਕ ਪੜਦਾ ਡਿਠਾ ਜੋ ਉਸਦੇ ਸੁਵਾਗਤ ਲਈ ਉਪਰ ਚੁਕਿਆ ਗਿਆ। ਉਸਦੇ ਕਮਰੇ ਅੰਦਰ ਦਾਖਲ ਹੁੰਦੇ ਹੀ ਬਚਾਓ ਬਚਾਓ ਦੀ ਆਵਾਜ਼ ਸੁਣਾਈ ਦਿਤੀ । ਸ਼ਹਿਨਸ਼ਾਹ ਦਾ ਜਵਾਈ ਮਿਰਜਾ ਬਾਬਰ ਜੋ ਬਾਹਰ ਹੀ ਠਹਿਰਿਆ ਸੀ ਨੂੰ ਸ਼ਰਾਰਤ ਦਾ ਸ਼ਕ ਹੋਇਆ। ਉਸਨੇ ਆਪਣੀ ਤਲਵਾਰ ਮਿਆਨ ਵਿਚੋਂ ਧੂਹ ਲਈ ਤੇ ਕਈ ਆਦਮੀਆਂ ਨੂੰ ਫਟੜ ਕਰ ਦਿਤਾ। ਪਰ ਮਹਿਦੀ ਅਲੀ ਖਾਨ ਕਸ਼ਮੀਰੀ ਦੀ ਸਰਦਾਰੀ ਹੇਠ ਸਾਜਸ਼ੀਆਂ ਨੇ ਉਸ ਨੂੰ ਪਾਲਕੀ ਵਿਚ ਬਿਠਾਕੇ ਸਖਤ ਪਹਿਰੇ ਵਿਚ ਸ਼ਹਿਰ ਵਲ ਵਾਪਸ ਮੋੜ ਦਿਤਾ।

## ਸ਼ਹਿਨਸ਼ਾਹ ਆਲਮਗੀਰ ਦੂਜੇ ਦਾ ਭਿਆਨਕ ਕਤਲ ੧੧ ਨਵੰਬਰ ੧੭੫੯

ਉਹ ਨਾਮ ਨਿਹਾਦ ਪੀਰ ਬਾਲਾਬਾਸ਼ ਖਾਨ ਨਾਮੀ ਖੂਨੀ ਉਜ਼ਬੇਕ ਸੀ। ਇਸ਼ਾਰਾ ਮਿਲਦੇ ਹੀ ਉਹ ਆਪਣੀ ਥਾਂ ਤੋਂ ਲਪਕਿਆ। ਅਤੇ ਤਿੰਨ ਹੋਰ ਸਾਥੀਆਂ ਦੀ ਸਹਾਇਤਾ ਨਾਲ ਸਹਿਨਸ਼ਾਹ ਉਤੇ ਵਾਰ ਕਰਨੇ ਸ਼ੁਰੂ ਕਰ ਦਿਤੇ। ਜਿਥੋਂ ਤੀਕ ਕਿ ਉਹ ਬ੍ਰਿਧ ਸ਼ਹਿਨਸ਼ਾਹ ਬੇਸੁਧ ਹੋਕੇ ਧਰਤੀ ਉਤੇ ਡਿਗ ਪਿਆ। ਕਾਤਲਾਂ ਨੇ ਉਸਦੇ ਸਰੀਰ ਉਤੋਂ ਕੀਮਤੀ ਪੁਸ਼ਾਕ ਲਾਹ ਲਈ ਅਤੇ ਮ੍ਰਿਤਕ ਸਰੀਰ ਨੂੰ ਕੰਧ ਉਪਰ ਚਾੜ੍ਹਕੇ ਕੋਟਲੀ ਦੀ ਅਥਾਹ ਰੇਤ ਵਿਚ ਸੁਟ ਪਾਇਆ । ਸ਼ਹਿਨਸ਼ਾਹ ਦੀ ਲਾਸ਼ ਉਥੇ ੧੮ ਘੰਟੇ ਤੀਕ ਪਈ ਰਹੀ। ਏਨੇ ਚਿਰ ਮਗਰੋਂ ਮਹਿਦੀ ਅਲੀ ਖਾਨ ਦੇ ਹੁਕਮ ਨਾਲ ਉਹ ਲਾਸ਼ ਚੁਕਕੇ ਸ਼ਹਿਨਸ਼ਾਹ ਹਮਾਯੂੰ ਦੇ ਮਕਬਰੇ ਦੇ ਵਿਹੜੇ ਵਿਚ ਦਫਨਾਈ ਗਈ। ਇਹ ਖੂਨੀ ਘਟਨਾ ੩੦ ਨਵੰਬਰ ੧੭੫੯ ਈਸਵੀ ਨੂੰ ਹੋਈ। ਆਲਮਗੀਰ ਦੂਜੇ* ਦੀ ਆਯੂ ਮੌਤ ਵੇਲੇ ੬੦ ਸਾਲ ਦੀ ਸੀ। ਉਹਨੇ ੬ ਸਾਲ ਤੀਕ ਰਾਜ ਕੀਤਾ।

---

# ਪਰਕਰਨ—੨੬

## ਅਲੀਗੌਹਰ ਸ਼ਾਹ ਆਲਮ ਦੂਜਾ

ਆਲਮ ਗੀਰ ਦੂਜੇ ਦੇ ਕਤਲ ਮਗਰੋਂ ਦਿੱਲੀ ਦੀ ਸ਼ਾਨਦਾਰ ਸਲਤਨਤ ਦਾ ਵੀ ਅੰਤ ਹੋ ਗਿਆ। ਵਜ਼ੀਰ ਇਮਾਦ ਉਲ ਮੁਲਕ ਨੇ ਨਾਮ ਮਾਤਰ ਰਾਜਗੱਦੀ ਉਤੇ ਮੁਹੀ ਉਲ ਮਿਲਤ ਨਾਮੀ ਸ਼ਾਹਜ਼ਾਦਾ ਕਾਮ ਬਖਸ਼ ਦੇ ਪੋਤੇ ਨੂੰ ਬਣਾ ਦਿਤਾ ਪਰ ਉਹ ਕਦੇ ਵੀ ਬਾਦਸ਼ਾਹ ਨ ਪਰਵਾਨਿਆ ਗਿਆ । ਇਸ ਦੇ ਮਗਰੋਂ ਸ਼ਾਹੀ ਸ਼ਾਹਜ਼ਾਦਾ ਅਲੀ ਗੌਹਰ ਜੋ ਬੰਗਾਲ ਵਿਚ ਭਗੌੜਾ ਹੋਕੇ ਚਲਾ ਗਿਆ ਸੀ ਗਦੀ ਨਸ਼ੀਨ ਹੋਇਆ।

### ਸ਼ਾਹ ਆਲਮ ਦੀ ਗਦੀ ਨਸ਼ੀਨੀ ੧੭੫੯

ਉਸਨੇ ਆਪਣਾ ਉਪ ਨਾਮ ਸ਼ਾਹ ਆਲਮ ਰਖਿਆ ਹਾਲਾਂਕਿ ਉਹ ਸਾਰਾ ਇਲਾਕਾ ਜਿਸ ਉਤੇ ਉਸਦਾ ਰਾਜ ਸੀ ਰਾਜਧਾਨੀ ਦੇ ਇਰਦ ਗਿਰਦ ਦੇ ਥੋੜੇ ਜਿਹੇ ਜ਼ਿਲਿਆ ਤੋਂ ਛੁਟ ਹੋਰ ਕੁਛ ਨਹੀਂ ਸੀ। ਬਾਕੀ ਦੇ ਸਭ ਸੂਬੇ ਤੇ ਇਲਾਕੇ ਰਾਜ ਨਾਲੋਂ ਟੁਟ ਚੁਕੇ ਸਨ। ਉਹਨਾਂ ਉਤੇ ਜਾਂ ਤੇ ਵਾਇਸਰਾਏ ਆਕੀ ਹੋ ਬੈਠੇ ਸਨ ਜਾਂ ਉਹ ਪਰਦੇਸੀ ਵਿਜਈਆਂ ਦੇ ਅਧਿਕਾਰ ਵਿਚ ਲੈ ਗਏ ਸਨ। ਇਮਾਦ ਉਲ ਮੁਲਕ ਨੇ ਆਪਣੀ ਪੁਜੀਸ਼ਨ ਵਿਗੜਦੀ ਵੇਖਕੇ ਜਾਟਾਂ ਨਾਲ ਗੰਢ ਤੁਪ ਕਰ ਲਈ। ਇਸ ਦੇ ਮਗਰੋਂ ਦਖਣ ਵਲ ਗਿਆ ਅਤੇ ਉਥੇ ਹੀ ਉਹ ਗੁੰਮਨਾਮੀ ਦੀ

---

*ਬਿਆਲੇ ਅਪਣੀ "ਮਿਫਤਾਹ ਉਲ ਤਵਾਰੀਖ ਵਿਚ ਇਸ ਬਾਦਸ਼ਾਹ ਦੀ ਮੁਦਰਾ ਉਪਰ ਹੇਠ ਲਿਖੀ ਲਿਖਤ ਦਸਦਾ ਹੈ-

بزد زد سکہ صاحب قرانی - عزیز الدین عالمگیر ثانی

ਅਰਥਾਤ ਅਜ਼ੀਜ ਉਦ ਦੀਨ ਆਲਮਗੀਰ ਦੂਜੇ ਨੇ ਸੋਨੇ ਦੀ ਮੁਦਰਾ ਉਵੇਂ ਹੀ ਜਾਰੀ ਕੀਤੀ ਜਿਵੇਂ ਸਾਹਿਬ ਮਿਕਰਾਨ ਨੇ ਕੀਤੀ ਸੀ।

ਇਕ ਹੋਰ ਸਿਕੇ ਉਤੇ ਇਹ ਲਿਖਤ ਦਰਜ ਸੀ ;—

سکہ زد بر هفت کشور همچو تابان مهرو ماه -

شه عزیزالدین عالمگیر غازی بادشاه

ਅਰਥਾਤ:—ਸੂਰਬੀਰ ਬਾਦਸ਼ਾਹ ਅਜੀਜ਼ ਉਦ ਦੀਨ ਆਲਮਗੀਰ ਨੇ ਚਮਕਦੇ ਹੋਏ ਸੂਰਜ ਤੇ ਚੰਦ ਵਾਂਗ ਸਤਾਂ ਬਾਦਸ਼ਾਹੀਆਂ ਉਤੇ ਛਾਪ ਲਾਈ।

ਦਸ਼ਾ ਵਿਚ ੧੯੦੦ ਈਸਵੀ ਵਿਚ ਮਰ ਗਿਆ।

## ਅਹਿਮਦ ਸ਼ਾਹ ਦਾ ਜਮਨਾ ਪਾਰ ਕਰਨਾ

ਦੁਰਾਨੀ ਅਹਿਮਦ ਸ਼ਾਹ ਨੇ ਦਰਿਆ ਜਮਨਾ ਸਹਾਰਨ ਪੁਰ ਦੇ ਸਾਹਮਣੀ ਵਲੋਂ ਪਾਰ ਕੀਤਾ ਅਤੇ ਉਹ ਖੂਨੀ ਲੜਾਈਆਂ ਲੜਿਆ ਜਿਨਾਂ ਦੀ ਕਤਲ ਤੇ ਤਬਾਹੀ ਦੀ ਮਿਸਾਲ ਹਿੰਦ ਵਿਚ ਨਹੀਂ ਮਿਲਦੀ। ਦੇਸਦੇ ਲੋਕ ਮਰਹਟਿਆਂ ਦੀ ਲੁਟ ਮਾਰ ਤੋਂ ਬੜੇ ਤੰਗ ਪੈ ਚੁਕੇ ਸਨ ਏਸੇ ਲਈ ਉਹਨਾਂ ਵਿਚੋਂ ਬਹੁਤਿਆਂ ਨੇ ਅਬਦਾਲੀ ਬਾਦਸ਼ਾਹ ਦੇ ਆਉਣ ਤੇ ਖੁਸ਼ੀ ਮਨਾਈ।

## ਲੋਕ ਮਰਹਟਿਆਂ ਤੋਂ ਤੰਗ ਆ ਗਏ

ਅਬਦਾਲੀ ਦੇ ਆਉਣ ਤੇ ਮਰਹਟਾ ਫ਼ੌਜਾਂ ਲਾਹੌਰ ਤੋਂ ਚਲਦੀਆਂ ਬਣੀਆਂ। ਅਬਦਾਲੀ ਬਾਦਸ਼ਾਹ ਨੂੰ ਪ੍ਰਸਿਧ ਨਜੀਬ ਉਦ ਦੌਲਾ ਹਾਫਜ ਰਹਿਮਤ ਖਾਨ ਰੁਹੇਲਾ ਸਰਦਾਰ ਅਤੇ ਕਈ ਹੋਰ ਮੁਸਲਮਾਨ ਪਰਿਵਾਰ ਵੀ ਆ ਮਿਲੇ।

## ਮੁਸਲਮਾਨ ਸਰਦਾਰਾਂ ਦੀ ਜਥੇਬੰਦੀ

ਦੁਰਾਨੀ ਫੌਜਾਂ ਅਤੇ ਮਰਹਟਿਆਂ ਵਿਚਾਲੇ ਕਈ ਛੋਟੀਆਂ ਮੋਟੀਆਂ ਝੜਪਾ ਹੋਈਆਂ। ਅੰਤ ਮਰਹਟੀ ਫੌਜਾਂ ਦਾਤਾ ਜੀ ਸਿੰਧੀਆ ਦੀ ਕਮਾਨ ਹੇਠ ਜਮਨਾ ਪਾਰ ਕਰ ਗਈਆਂ ਅਤੇ ਦਿਲੀ ਦੇ ਨੇੜੇ ਬਦਲੀ ਵਿਚ ਜਾ ਉਤਰੀਆਂ।

## ਬਦਲੀ ਦੀ ਲੜਾਈ

ਬਦਲੀ ਵਿਚ ਦੋਵੇਂ ਫੌਜਾਂ ਕਈ ਦਿਨ ਤੀਕ ਆਮੋ ਸਾਹਮਣੇ ਮੋਰਚੇ ਗਡੀ ਖੜੀਆਂ ਰਹੀਆਂ। ਸ਼ਾਹ ਅਬਦਾਲੀ ਨੇ ਵੈਰੀ ਦੇ ਸਾਮਾਨ ਰਸਦ ਦੀ ਆਵਾਜਾਈ ਬੰਦ ਕਰ ਦਿਤੀ ਜਿਸ ਕਰਕੇ ਮਰਹਟਾ ਫੌਜਾਂ ਦੀ ਦਸ਼ਾ ਵਿਗੜ ਗਈ ਇਸ ਲਈ ਉਹ ਮੈਦਾਨ ਵਿਚ ਲੜਾਈ ਕਰਨ ਲਈ ਬਾਹਰ ਨਿਕਲ ਆਏ। ਉਹ ਬੜੀ ਦਰਿੜਤਾ ਨਾਲ ਅਗੇ ਵਧੇ। ਏਥੇ ਬੜੀ ਲਹੂ ਡੋਹਲਵੀਂ ਜੰਗ ਲੜੀ ਗਈ ਜਿਸਦੀ ਪਹਿਲੀ ਕਰਾਰੀ ਸਟ ਸ਼ਾਹ ਦੀ ਰੁਹੇਲਾ ਫੌਜ ਨੂੰ ਸਹਾਰਨੀ ਪਈ। ਰੁਹੇਲਾ ਫੌਜ ਪੈਦਲ ਸੀ ਚੁਸਤ ਮਰਹਟਿਆਂ ਨੇ ਉਹਨਾਂ ਉਤੇ ਬੜਾ ਦਬਾ ਪਾਇਆ ਕਿਉਂਕਿ ਉਹ ਛੋਟੇ ਛੋਟੇ ਟਟੂਆਂ ਉਤੇ ਸਵਾਰ ਸਨ।

## ਮੁਹਿੰਮ ਦਾ ਸ਼ੱਕੀ ਸਵਾਲ

ਸ਼ਾਹ ਨੇ ਆਪਣੇ ਜੰਬੂਰਚੀਆਂ (ਤੋੜੇਦਾਰ ਬੰਦੂਕਚੀਆਂ) ਨੂੰ ਹੁਕਮ ਦਿਤਾ ਕਿ ਉਹਨਾਂ ਮਰਹਟੀ ਫੌਜਾਂ ਨੂੰ ਘੇਰ ਲੈਣ ਜਿਨਾਂ ਨੇ ਰੁਹੇਲਿਆਂ ਨਾਲ ਲੜਾਈ ਲੜੀ ਸੀ। ਉਹ ਜੰਬੂਰਚੀਏ ਊਠਾਂ ਉਤੇ ਸਵਾਰ ਸਨ। ਇਹਨਾਂ ਨੇ ਊਠਾਂ ਉਤੇ ਸਵਾਰ ਹੀ ਗੋਲੀਆਂ ਦੀ ਬੁਛਾੜ ਕੀਤੀ। ਫੌਰਨ ਇਹਨਾਂ ਦੀ ਸਹਾਇਤਾ ਲਈ ਸ਼ਾਹ ਦੀ ਤਨ ਰਖਿਅਕ ਫੌਜ ਵੀ ਪੁਜ ਗਈ ਜੋ ਇਸ ਸਮੇਂ ਤੀਕ ਜਮਨਾ ਪਾਰ ਕਰਕੇ ਰਣ ਵਿਚ ਪੁਜ ਚੁਕੀ ਸੀ।

## ਬਾਜ਼ੀ ਅਹਿਮਦ ਖਾਨ ਬੰਗਸ਼ ਦੇ ਹਥ

ਉਸ ਦਿਨ ਦੀ ਬਾਜ਼ੀ (ਜਿਤ) ਦੁਆਬੇ ਦੇ ਪਠਾਨ ਸਰਦਾਰ ਅਹਿਮਦ ਸ਼ਾਹ ਖਾਨ ਬੰਗਸ਼ ਦੇ ਫਰਖਾਬਾਦੀ ਹਥ ਰਹੀ ਜਿਸ ਨੇ ਦਸ ਹਜ਼ਾਰ ਘੁੜ ਸਵਾਰਾਂ ਦੀ ਸਹਾਇਤਾ ਨਾਲ ਐਨਾ ਜ਼ੋਰਦਾਰ ਹਮਲਾ ਕੀਤਾ ਕਿ ਜੰਗ ਦਾ ਪਾਸਾ ਦੁਰਾਨੀ ਸ਼ਾਹ ਦੇ ਹਕ ਵਿਚ ਪਲਟ ਗਿਆ।

## ਮਰਹਟਿਆਂ ਦੀ ਹਾਰ

ਮਰਹਟਿਆਂ ਦੀ ਕਤਲਿਆਮ ਕਰਕੇ ਉਸ ਨੇ ਉਹਨਾਂ ਨੂੰ ਰਣ ਵਿਚੋਂ ਨਸਾ ਦਿਤਾ। ਮਰਹਟਿਆਂ ਦੀ ੮੦ ਹਜ਼ਾਰ ਫੌਜ ਪੂਰਨ ਤੌਰ ਉਤੇ ਨਸ਼ਟ ਹੋ ਗਈ ਅਤੇ ਉਹਨਾਂ ਦਾ ਲੀਡਰ ਦਾਤਾ ਜੀ ਸਿੰਧਿਆ ਰਣ ਵਿਚ ਮਾਰਿਆ ਗਿਆ। ਸਵਾਏ ਮਲਹਾਰ ਰਾਉ ਹੁਲਕਰ ਦੇ ਜੋ ਪਹਿਲੇ ਹੀ ਹਲੇ ਵਿਚ ਨਸ ਗਿਆ ਸੀ ਸਾਰੇ ਦੇ ਸਾਰੇ ਜਰਨੈਲ ਅਧੀਨ ਕਰ ਲਏ ਗਏ।

## ਸਿਕੰਦਰਾ ਦੀ ਲੜਾਈ

ਇਧਰੋਂ ਵਿਹਲਾ ਹੋ ਕੇ ਅਹਿਮਦ ਸ਼ਾਹ ਸਿਕੰਦਰ ਦੇ ਪਾਸ ਮਲਹਾਰ ਰਾਉ ਦੇ ਡਵੀਜਨ ਉਤੇ ਟੁਟਕੇ ਜਾ ਪਿਆ ਅਤੇ ਉਸ ਨੂੰ ਐਨੀ ਲਕ ਤੋੜ ਹਾਰ ਦਿਤੀ ਕਿ ਮਰਹਟਾ ਸਰਦਾਰਾਂ ਨੇ ਆਪਣੀ ਗਿਣਤੀ ਦੇ ਸਾਥੀਆਂ ਨਾਲ ਉਥੋਂ ਨੰਗੇ ਪੈਰ ਨਸ ਕੇ ਮੁਸ਼ਕਲ ਨਾਲ ਜਾਨ ਬਚਾਈ।

## ਅਹਿਮਦ ਸ਼ਾਹ ਦਾ ਦਿਲੀ ਉਤੇ ਕਬਜ਼ਾ ਤੇ ਲੁਟ

ਇਸਦੇ ਮਗਰੋਂ ਅਬਦਾਲੀ ਦਿਲੀ ਵਿਚ ਦਾਖਲ ਹੋਇਆ। ਮੰਦ ਭਾਗੀ ਰਾਜਧਾਨੀ ਨੂੰ ਫੇਰ ਬੁਰੀ ਤਰਾਂ ਲੁਟਿਆ ਗਿਆ। ਸ਼ਾਹ ਅਬਦਾਲੀ ਕੁਛ ਦਿਨ ਤੀਕ ਦਿਲੀ ਵਿਚ ਹੀ ਟਿਕਿਆ ਰਿਹਾ ਜਿਥੇ ਉਸ ਨੇ ਜੈਪੁਰ, ਮਾਰਵਾੜ ਆਦਕ ਦੇ ਪ੍ਰਤੀਨਿਧਾਂ ਨਾਲ ਮੁਲਾਕਾਤ ਕੀਤੀ ਜੋ ਨਜ਼ਰਾਂ ਲੈਕੇ ਉਸ ਦੀ ਸੇਵਾ ਵਿਚ ਹਾਜ਼ਰ ਹੋਏ। ਉਸ ਨੇ ਬਰਸਾਤ ਦੇ ਸਮੇਂ ਤੀਕ ਅਨੂਪ ਸ਼ਹਿਰ ਵਿਚ ਹੀ ਛਾਉਣੀ ਪਾਈ ਰਖੀ ਜੋ ਅਵਧ ਦੀ ਸਰਹਦ ਉਪਰ ਸੀ। ਏਥੇ ਹੀ ਉਹ ਖਤ ਪਤਰ ਦਵਾਰਾ ਸ਼ਕਤੀ ਸ਼ਾਲੀ ਸ਼ੁਜਾਹ ਉਦ ਦੌਲਾ ਦੇ ਮਿਲਾਪ ਪ੍ਰਾਪਤ ਕਰਨ ਵਿਚ ਸਫਲ ਹੋਇਆ।

## ਮਰਹਟਿਆਂ ਦੀ ਫੈਸਲਾ ਕਰੂ ਜੰਗ ਲਈ ਤਿਆਰੀ

ਭਾਵੇਂ ਬਾਦਲੀ ਤੇ ਸਿਕੰਦਰਾ ਦੇ ਅਸਥਾਨਾਂ ਉਤੇ ਮਰਹਟਿਆਂ ਨੂੰ ਲਕ ਤੋੜ ਹਾਰ ਹੋ ਚੁਕੀ ਸੀ ਫੇਰ ਵੀ ਉਹਨਾਂ ਨੇ ਦਿਲ ਨ ਛਡਿਆ ਅਤੇ ਆਪਣੀ ਹੋ ਚੁਕੀ ਹਾਨੀ ਦੀ ਪੂਰਤੀ ਲਈ ਸਿਰ ਤੋੜ ਜਤਨ ਕੀਤੇ। ਤਿਆਰੀ ਪੂਰਨ ਹੋ ਚੁਕਣ ਤੇ ਉਹਨਾਂ ਨੇ ਹਿੰਦੁਸਤਾਨ ਵਿਚ ਆਪਣੀ ਉਚੀ ਹਸਤੀ ਨੂੰ ਬਰਕਰਾਰ ਰਖਣ ਲਈ ਇਕ ਵਡੀ ਤੇ ਫੈਸਲਾ ਕਰੂ ਜੰਗ ਲੜਨ ਦਾ ਸੰਕਲਪ ਧਾਰਿਆ। ਇਸ ਫੈਸਲੇ ਅਨੁਸਾਰ ਮਰਹਟਿਆਂ ਦੀ ਇਕ ਬਹੁਤ ਵੱਡੀ ਫੌਜ ਦਖਣ ਤੋਂ ਰਵਾਨਾ ਹੋਈ। ਇਸ ਫੌਜ ਦੀ ਕਮਾਨ ਪੇਸ਼ਵਾ ਦੇ ਜਾਂ ਨਸ਼ੀਨ ਵਿਸਵਾਸ ਰਾਉ ਸਦਾ ਸ਼ਿਵ ਰਾਉ, ਉਸਦੇ ਭਤੀਜੇ ਸਦਾਸ਼ਿਵ ਰਾਉ ਜੋ ਹਿੰਦੁਸਤਾਨ ਵਿਚ ਭਾਉ ਜਨਕੂ ਰਾਉ ਪ੍ਰਸਿਧ ਹੈ, ਮਲਹਾਰ ਰਾਉ ਅਤੇ ਸ਼ਮਸ਼ੇਰ*

---

*ਸ਼ਮਸ਼ੇਰ ਰਾਉ, ਪੇਸ਼ਵਾ ਦੀ ਮੁਸਲਮਾਨ ਪਤਨੀ ਦਾ ਪੁਤ੍ਰ ਹੋਣ ਕਰਕੇ ਮੁਸਲਮਾਨ ਸੀ। ਪੇਸ਼ਵਾ ਨੂੰ ਮੁਸਲਮਾਨ ਪਤਨੀ ਰਖਣ ਦੀ ਖੁਲ ਹੈ।

Sri Satguru Jagjit Singh Ji eLibrary NamdhariElibrary@gmail.com

ਬਹਾਦਰ ਪੇਸ਼ਵਾ ਦੇ ਦੂਜੇ ਲੜਕੇ ਦੇ ਹਥਾਂ ਵਿਚ ਸੀ। ਸਾਰੇ ਮਹਾਂ ਬ੍ਰਾਹਮਣ ਤੇ ਵਡੇ ਵਡੇ ਮਰਹਟੇ ਸਰਦਾਰ ਉਪ੍ਰੋਕਤ ਸ਼ਾਹਜ਼ਾਦਿਆਂ ਦੇ ਨਾਲ ਗਏ।

## ਸੂਰਜ ਮਲ ਤੇ ਰਾਜਪੂਤ ਰਾਜਿਆਂ ਦੀ ਕੁਮਕ

੩੦ ਹਜ਼ਾਰ ਜਾਟਾਂ ਦੀ ਫੌਜ ਲੈਕੇ ਸੂਰਜ ਮਲ ਵੀ ਇਸ ਫੌਜ ਨੂੰ ਆ ਮਿਲਿਆ। ਹੋਰ ਰਾਜਪੂਤ ਰਾਜੇ ਵੀ ਆਪੋ ਆਪਣੀ ਕੁਮਕ ਲੈ ਕੇ ਆ ਗਏ।

## ਦਿਲੀ ਅਤੇ ਕੁੰਜਪੁਰੇ ਦੀ ਦੁਰਾਨੀ ਫੌਜ ਦਾ ਕਤਲਿਆਮ

ਇਸ ਵੱਡੀ ਫੌਜ ਨੇ ਸਹਿਜੇ ਹੀ ਦਿਲੀ† ਉਤੇ ਜਾ ਅਧਿਕਾਰ ਜਮਾਇਆ ਜਿਥੇ ਥੋੜੀ ਜਿਹੀ ਦੁਰਾਨੀ ਫ਼ੌਜ ਸੀ। ਇਸ ਦੁਰਾਨੀ ਫੌਜ ਨੇ ਬੜੀ ਦਲੇਰੀ ਨਾਲ ਟਾਕਰਾ ਕੀਤਾ ਪਰ ਮਰਹਟਾ ਫੌਜਾਂ ਨੇ ਇਹਨਾਂ ਦੇ ਪੜਛੇ ਉਡਾ ਦਿਤੇ। ਕਿਲੇਦਾਰ ਯਕੂਬ ਅਲੀ ਖਾਨ ਬੜੀ ਮੁਸ਼ਕਲ ਨਾਲ ਜਾਨ ਬਚਾਕੇ ਨਸ ਗਿਆ। ਇਥੋਂ ਚਲਕੇ ਮਰਹਟਾ ਫੌਜ ਨੇ ਕੁੰਜਪੁਰੇ ਦਾ ਜਾ ਘੇਰਾ ਘਤਿਆ ਜੋ ਦਿਲੀ ਤੋਂ ੬੦ ਮੀਲ ਦੀ ਵਿਥ ਉਤੇ ਹੈ, ਇਥੋਂ ਦੀ ਸਾਰੀ ਦੁਰਾਨੀ ਫੌਜ ਨੂੰ ਤਲਵਾਰ ਦੇ ਘਾਟ ਉਤਾਰ ਦਿਤਾ। ਇਹਨਾਂ ਮਰਨ ਵਾਲਿਆਂ ਵਿਚ ਨਜਾਬਤ ਖਾਨ ਨਾਮੀ ਉਸ ਪਠਾਨ ਪਰਿਵਾਰ ਦਾ ਵਡੇਰਾ ਵੀ ਸੀ ਜਿਸਦੇ ਕਬਜ਼ੇ ਵਿਚ ਕਿ ਇਹ ਇਲਾਕਾ ਸੀ। ਅਹਿਮਦ ਸ਼ਾਹ ਦੁਰਾਨੀ ਜਮਨਾ ਦੇ ਉਪਰਲੇ ਪਾਰ ਕੈਂਪ ਲਾਈ ਬੈਠਾ ਸੀ। ਦਰਿਆ ਜਮਨਾ ਇਸ ਸਮੇਂ ਬਾਰਸ਼ਾਂ ਦੇ ਪਾਣੀ ਨਾਲ ਪੂਰੇ ਜੋਬਨ ਉਤੇ ਠਾਠਾਂ ਮਾਰ ਰਿਹਾ ਸੀ ਅਤੇ ਦੋਵਾਂ ਫੌਜਾਂ ਵਿਚਾਲੇ ਵੱਡੀ ਰੋਕ ਬਣਿਆ ਬੈਠਾ ਸੀ।

## ਸ਼ਾਹ ਦੀ ਜਮਨਾ ਪਾਰ ਕਰਨ ਦੀ ਦਲੇਰੀ ਭਰੀ ਕਾਰਵਾਈ

ਕੁੰਜਪੁਰੇ ਦੀ ਦੁਰਾਨੀ ਫੌਜ ਦਾ ਕਤਲਿਆਮ ਤੇ ਉਹ ਵੀ ਦੁਰਾਨੀ ਦੀਆਂ ਅੱਖਾਂ ਦੇ ਸਾਹਵੇਂ ਤਕਕੇ ਦੁਰਾਨੀ ਬਾਦਸ਼ਾਹ ਦਾ ਲਹੂ ਉਬਾਲੇ ਖਾਨ ਲਗ ਪਿਆ। ਅਤੇ ਉਹ ਐਨਾ ਤੈਸ਼ ਵਿਚ ਆ ਗਿਆ ਕਿ ਉਸ ਨੇ ਸਭ ਖਤਰਿਆਂ* ਦੇ ਬਾਵਜੂਦ ਆਪਣੀ ਫੌਜ ਨੂੰ ਦਰਿਆ ਪਾਰ ਕਰਨ ਦਾ ਹੁਕਮ ਦੇ ਦਿਤਾ।

ਬਹਾਦਰ ਦੁਰਾਨੀ ਫੌਜਾਂ ਜਮਨਾ ਦਰਿਆ ਵਿਚ ਠਿਲ ਪਈਆਂ। ਕੁਛ ਲੋਕਾਂ ਨੇ ਪਤਨ ਤੋਂ ਅਤੇ ਕੁਛ ਨੇ ਤਰਕੇ ਦਰਿਆ ਪਾਰ ਕਰ ਲਿਆ। ਇਹ ਘਟਣਾ ੨੩ ਅਕਤੂਬਰ ਦੀ ਹੈ। ਦਰਿਆ ਜਮਨਾ ਪਾਰ ਕਰਨ ਸਮੇਂ ਫੌਜ ਦੀ ਭਾਰੀ ਹਾਨੀ ਹੋਈ ਪਰ ਦੁਰਾਨੀ ਬਾਦਸ਼ਾਹ ਨੇ ਜਿਸ ਦਲੇਰੀ ਤੇ ਬੇਜਿਗਰੀ ਦਾ ਸਬੂਤ ਦਿਤਾ ਅਤੇ ਜਿਸ ਤੇਜ਼ੀ ਨਾਲ ਦੁਰਾਨੀ ਫੌਜ ਨੇ ਦਰਿਆ ਜਮਨਾ ਪਾਰ ਕੀਤਾ ਉਸ ਨੇ ਮਰਹਟਾ ਕੈਂਪ ਵਿਚ ਹੈਰਾਨੀ ਤੇ ਬਦ ਦਿਲੀ ਫੈਲਾ ਦਿਤੀ। ਉਹਨਾਂ ਨੂੰ ਨਿਸ਼ਚਾ ਹੋ ਗਿਆ ਕਿ ਖੁਲ੍ਹੇ ਮੈਦਾਨ ਵਿਚ ਉਹ ਸ਼ਾਹ ਦੇ ਸਖਤ ਜਾਨ ਸਿਪਾਹੀਆਂ ਦਾ ਟਾਕਰਾ ਨਹੀਂ ਕਰ ਸਕਣਗੇ।

## ਮਰਹਟਿਆਂ ਦੀ ਪਾਣੀਪਤ ਵਲ ਪਸਪਾਈ

ਏਸੇ ਖਿਆਲ ਨਾਲ ਉਹ ਪਾਣੀਪਤ ਵਲ ਪਰਤ ਆਏ ਅਤੇ ਏਥੇ ਆਕੇ ਉਹਨਾਂ ਨੇ ਆਪਣੇ ਆਪ ਨੂੰ ਮੋਰਚੇ ਬੰਦ ਕਰ ਲਿਆ। ਜਿੰਨਾਂ ਵੀ ਉਹਨਾਂ ਪਾਸ ਤੋਪਖਾਨਾ ਸੀ ਉਹ ਉਚੇ ਅਸਥਾਨ ਉਤੇ ਬੀੜ ਦਿਤਾ।

## ਮਰਹਟਾ ਫੌਜਾਂ ਦੀ ਗਿਣਤੀ

ਇਸ ਸਮੇਂ ਮਰਹਟਿਆਂ ਪਾਸ ਜੋ ਫੌਜ ਸੀ ਉਸਦੀ ਨਫਰੀ ੩ ਲਖ ਸੀ ਜਿਨ੍ਹਾਂ ਵਿਚ ਉਹਨਾਂ ਦੀ ਬਕਾਇਦਾ ਘੋੜਸਵਾਰ ਫੌਜ ਵੀ ਸ਼ਾਮਲ ਸੀ। ਇਹ ਘੁੜਸਵਾਰ ਤਨਖਾਹਦਾਰ ਸਨ ਤੇ ਇਹਨਾਂ ਦੀ ਗਿਣਤੀ ਪਪ ਹਜ਼ਾਰ ਸੀ। ਇਹਨਾਂ ਤੋਂ ਛੁਟ ਮਰਹਟਾ ਘੁੜ ਸਵਾਰ, ਪੈਦਲ ਫੌਜ ਅਤੇ ਸੰਮਲਿਤ ਰਾਜਾਂ ਦੀ ਵੀ ਫੌਜ ਸੀ।

## ਅਬਦਾਲੀ ਦੀ ਫੌਜ

ਅਬਦਾਲੀ ਦੀ ਫੌਜ ਵਿਚ ੪੦ ਹਜ਼ਾਰ ਅਫਗਾਨ ਤੇ ਈਰਾਨੀ ੧੩ ਹਜ਼ਾਰ ਹਿੰਦੀ ਘੋੜ ਸਵਾਰ ਅਤੇ ੩੮ ਹਜ਼ਾਰ ਹਿੰਦੀ ਪੈਦਲ ਫੌਜ ਸੀ। ਇਸ ਤੋਂ ਛੁਟ ਉਸਦੇ ਪਾਸ ੭੦ ਤੋਪਾਂ ਵੀ ਸਨ ਜੋ ਉਸ ਨੇ ਹਿੰਦੀ ਰਾਜਾਂ ਪਾਸੋਂ ਹੁਦਾਰ ਲਈਆਂ ਸਨ। ਸ਼ਾਹ ਨੇ ਵੈਰੀ ਦੇ ਸਾਮਾਨ ਤੇ ਰਸਦ ਨੂੰ ਰੋਕ ਦੇਣ ਲਈ ਬੜੀ ਕਰੜਾਈ ਤੋਂ ਕੰਮ ਲਿਆ ਅਤੇ ਉਹਨਾ ਦੀ ਮੋਰਚੇਬੰਦ ਪੁਜੀਸ਼ਨ ਉਤੇ ਵੀ ਕਰੜੀ ਨਿਗਰਾਨੀ ਰਖੀ। ਗੋਵਿੰਦਾ ਰਾਉ ਬੁੰਦੇਲਾ ਨੇ ਹੇਠਲੀ ਜਮਨਾ ਦੇ ਇਲਾਕੇ ਵਿਚੋਂ ੧੦ ਜਾਂ ੧੨ ਹਜ਼ਾਰ ਘੁੜ ਸਵਾਰ ਫੌਜ ਇਕਠੀ ਕਰਕੇ ਉਸ ਨੂੰ ਦੇਸ ਵਿਚ ਐਸੇ ਢੰਗ ਨਾਲ ਖਿਲਾਰ ਦਿਤਾ ਕਿ ਅਫਗਾਨ ਫੌਜਾਂ ਦੀ ਆਵਾਜਾਈ ਦੀ ਸਭ ਕੜੀ ਟੁਟ ਗਈ ਅਤੇ ਦਸ਼ਾ ਇਹੋ ਜਿਹੀ ਹੋ ਗਈ ਕਿ ਉਹਨਾਂ ਨੂੰ ਖਾਨ ਪੀਣ ਦੀਆਂ ਚੀਜ਼ਾਂ ਮਿਲਣੀਆਂ ਵੀ ਬੰਦ ਹੋ ਗਈਆਂ ਤੇ ਉਹਨਾਂ ਨੂੰ ਫਾਕੇ ਦੀ ਨੌਬਤ ਪੁਜ ਗਈ। ਇਹ ਵੇਖਕੇ ਮਹਾਂ ਮੰਤਰੀ ਦੇ ਭਤੀਜੇ ਅਤਾਈ ਖਾਨ ਪੋਪਲਜ਼ਈ ਤੇ ਹਾਜੀ ਕਰੀਮ ਦਾਦ ਖਾਨ ਦੁਰਾਨੀ ਅਚਾਨਕ ਗੋਬਿੰਦ ਰਾਉ ਦੇ ਕੈਂਪ ਉਤੇ ਜਾ ਪਏ ਅਤੇ ਦਿਨ ਦਿਹਾੜੇ ਨੂੰ ਉਹਦਾ ਕੈਂਪ ਤਬਾਹ ਕਰਕੇ ਰਖ ਦਿਤਾ। ਏਥੇ ਜੋ ਲੜਾਈ ਹੋਈ ਉਸ ਵਿਚ ਗੋਬਿੰਦਾ ਰਾਉ ਵੀ ਕਤਲ ਹੋ ਗਿਆ। ਮਰਹਟਾ ਫੌਜ ਲਈ ਜੋ ਰਸਦ ਤੇ ਖਜ਼ਾਨਾ ਉਹਨੇ ਜਮਾ ਕਰ ਰਖਿਆ ਸੀ ਉਹ ਸਭ ਵਿਜਈ ਅਫਗਾਨਾਂ ਦੇ ਹਥ ਆ ਗਿਆ। ਸ਼ੰਕਰ ਰਾਉ ਮਰਹਟਾ ਕਿਲੇਦਾਰ ਦਿਲੀ ਵੀ ਇਸ ਲੜਾਈ ਵਿਚ ਹੀ ਮਾਰਿਆ ਗਿਆ। ਇਸ ਫ਼ੌਜ ਨੂੰ ਟਿਕਾਣੇ ਲਾਕੇ ਦੁਰਾਨੀ ਆਸ ਪਾਸ ਦੇ ਸਾਰੇ ਦੇਸ ਦੇ ਮਾਲਕ ਬਣ ਗਏ। ਉਹਨਾਂ ਨੂੰ ਆਪਣੀ ਫੌਜ

---

†ਇਸ ਮੌਕੇ ਉਪਰ ਭਾਊ ਨੇ ਲੁਟ ਮਾਰ ਦੇ ਉਹ ਕੰਮ ਕਰਕੇ ਜੋ ਵਹਿਸ਼ੀਆਂ ਦਾ ਵਸ਼ੇਸ਼ ਚਿੰਨ੍ਹ ਹੈ, ਆਪਣੇ ਲੋਭ ਲਾਲਚ ਦਾ ਪੂਰਾ ਵਖਾਵਾ ਪਾਇਆ। ਉਸਨੇ ਸੋਹਣੇ ਸੋਹਣੇ ਮਕਬਰੇ ਤੇ ਮਸੀਤਾਂ ਢਾਹ ਦਿਤੀਆਂ ਤੇ ਉਹਨਾਂ ਦਾ ਸਭ ਮਾਲ ਮਤਾ ਲੁਟ ਲਿਆ। ਕੀਮਤੀ ਸਜਾਵਟ ਤੇ ਹੀਰੇ ਮੋਤੀਆਂ ਦੀ ਖਾਤਰ ਮਾਲਦਾਰ ਸ਼ਾਹੀ ਮਹਲਾਂ ਦਾ ਅਨਾਦਰ ਕੀਤਾ। ਸ਼ਹਿਨਸ਼ਾਹ ਜਹਾਂਗੀਰ ਦੇ ਦੀਵਾਨ ਆਮ ਦੀ ਸ਼ਾਨਦਾਰ ਚਾਂਦੀ ਦੀ ਛਤ ਵੀ ਲਾਹ ਲਈ ਅਤੇ ਉਸਦੀ ੧੭ ਲਖ ਦੀ ਚਾਂਦੀ ਨੂੰ ਪਿਘਲਾ ਲਿਆ। ਸ਼ਾਹੀ ਤਖਤ ਉਤੇ ਵੀ ਕਬਜ਼ਾ ਕਰ ਲਿਆ। ਸ਼ਾਹੀ ਮਹਲ ਦੇ ਕੀਮਤੀ ਜ਼ੇਵਰਾਤ ਵੀ ਉਸਤੋਂ ਨ ਬਚ ਸਕੇ ਜੋ ਭਾਂਵੇਂ ਪੁਰਾਣੇ ਹੋ ਚੁਕੇ ਸਨ ਪਰ ਜਿਸ ਵਿਚ ਬੇਅੰਤ ਧਨ ਅਜੇ ਵੀ ਮੌਜੂਦ ਸੀ ਬਹੁਤ ਥੋੜੇ ਪੂਰਬੀ ਰਾਜ ਉਸ ਦੀ ਸ਼ਾਨ ਨੂੰ ਪੁਜਦੇ ਸਨ।

---

*ਕਿਹਾ ਜਾਂਦਾ ਹੈ ਕਿ ਸ਼ਾਹ ਨੇ ਸਭ ਤੋਂ ਪਹਿਲੇ ਕੁਰਾਨ ਦੀਆਂ ਕੁਛ ਆਇਤਾਂ ਪੜ੍ਹੀਆਂ ਅਤੇ ਉਹਨਾਂ ਨੂੰ ਆਪਣੇ ਤੀਰ ਉਤੇ ਫੂਕਕੇ ਓਹ ਤੀਰ ਕਮਾਨ ਵਿਚ ਚੜ੍ਹਾਕੇ ਦਰਿਆ ਵਿਚ ਵਗਾਹ ਮਾਰਿਆ। ਇਸ ਮਗਰੋਂ ਉਹਨੇ "ਬਿਸਮਲਾਹ ਅਲਾਹ ਹੂ ਅਕਬਰ" ਦਾ ਨਾਹਰਾ ਲਾਇਆ ਅਤੇ ਆਪ ਦਰਿਆ ਵਿਚ ਠਿਲ ਪਿਆ। ਓਸਦੇ ਮਗਰੋਂ ਮਗਰ ਉਸਦੇ ਉਹ ਬਾਡੀ ਗਾਰਡ ਵੀ ਠਿਲ ਪਿਏ ਜਿਨਾ ਦੀ ਨਫਰੀ ਚਾਰ ਹਜ਼ਾਰ ਗੁਲਾਮਾਂ ਦੀ ਸੀ। ਇਸਦੇ ਪਿਛੋਂ ਸ਼ਾਹ ਦੀ ਦੂਜੀ ਫੌਜ ਵੀ ਦਰਿਆ ਵਿਚ ਦਾਖਲ ਹੋ ਗਈ — ਤਾਰੀਖਿ ਅਹਿਮਦੀ

Sri Satguru Jagjit Singh Ji eLibrary NamdhariElibrary@gmail.com

ਲਈ ਸਾਮਾਨ ਰਸਦ ਪ੍ਰਾਪਤ ਕਰਨ ਵਿਚ ਜਿਹੜੀ ਰੋਕ ਸੀ ਉਹ ਵੀ ਦੂਰ ਹੋ ਗਈ।

## ਹੋਰ ਝੜਪਾਂ

ਮਰਹਟਿਆਂ ਦੀ ਵੱਡੀ ਫ਼ੌਜ ਨੇ ਆਪਣੀ ਪੁਜੀਸ਼ਨ ਕਾਇਮ ਰਖੀ ਤੇ ਉਹ ਮੋਰਚੇ ਬੰਦੀਆਂ ਵਿਚ ਡਟੇ ਰਹੇ। ਇਸ ਦੌਰਾਨ ਵਿਚ ਇਕਾ ਦੁਕਾ ਹਮਲੇ ਤੇ ਛੋਟੀਆਂ ਛੋਟੀਆਂ ਝੜਪਾਂ* ਸਮੇਂ ਸਮੇਂ ਹੁੰਦੀਆਂ ਰਹੀਆਂ ਮਰਹਟੇ ਖੁਲ੍ਹੀ ਜੰਗ ਤੋਂ ਬਚਦੇ ਰਹੇ। ਇਹੋ ਜਿਹੀ ਦਸ਼ਾ ਤਿੰਨ ਚਾਰ ਮਹੀਨੇ ਤੀਕ ਜਾਰੀ ਰਹੀ। ਦੋਵੇਂ ਫ਼ੌਜਾਂ ਆਮੋ ਸਾਹਮਣੇ ਡਟੀਆਂ ਰਹੀਆਂ ਇਥੋਂ ਤੀਕ ਕਿ ਦੋਵਾਂ ਫ਼ੌਜਾਂ ਦਾ ਸਬਰ ਟੁਟਣ ਤੇ ਆ ਗਿਆ।

## ਜੰਗ ਲੰਮੀ ਹੋ ਗਈ

ਸ਼ਾਹ ਦੀਆਂ ਫੌਜਾਂ ਨੂੰ ਆਪਣੇ ਲੀਡਰ ਉਤੇ ਪੂਰਾ ਪੂਰਾ ਭਰੋਸਾ ਸੀ ਅਤੇ ਉਸਦੇ ਹਿੰਦੀ ਇਤਿਹਾਦੀ ਵੀ ਉਸ ਦੀ ਸੰਮਤੀ ਦੀ ਬੜੀ ਕਦਰ ਕਰਦੇ ਸਨ। ਇਸ ਲਈ ਉਹਨਾਂ ਨੇ ਹਰ ਔਕੜ ਦਾ ਦਲੇਰੀ ਤੇ ਹੌਸਲੇ ਨਾਲ ਟਾਕਰਾ ਕੀਤਾ। ਸ਼ਾਹ ਦਾ ਡਰ (ਹਉਆ) ਉਹਨਾਂ ਉਤੇ ਐਨਾ ਬੈਠਾ ਹੋਇਆ ਸੀ ਕਿ ਉਸ ਦੇ ਹੁਕਮ ਵਿਰੁਧ ਕੋਈ ਇਕ ਲਫ਼ਜ[] ਤੀਕ ਵੀ ਮੂੰਹੋ ਕਢਣ ਦਾ ਹੌਸਲਾ ਨਹੀਂ ਸੀ ਕਰਦਾ।

ਮਰਹਟਾ ਕੈਂਪ ਵਿਚ ਸਮਾਨ ਰਸਦ ਦੀ ਟੋਟ ਬਹੁਤ ਬੁਰੀ ਤਰ੍ਹਾਂ ਮਹਿਸੂਸ ਜਾਣ ਲਗੀ ਤੇ ਉਹ ਬੜੀ ਬਿਪਤਾ ਵਿਚ ਫਸ ਗਏ। ਪਾਣੀਪਤ ਦਾ ਸ਼ਹਿਰ ਉਹਨਾਂ ਦੀਆਂ ਹੱਦਾਂ (ਪਹੁੰਚ) ਵਿਚ ਸੀ। ਏਥੇ ਜਿੰਨੀ ਵੀ ਖੁਰਾਕ ਜਾਂ ਗਲਾ ਸੀ ਉਹ ਇਹ ਸਭ ਮੁਕਾ ਚੁਕੇ ਸਨ।

## ਮਰਹਟਾ ਕੈਂਪ ਦੀ ਬਿਪਤਾ

ਉਹਨਾਂ ਦੇ ਇਰਦ ਗਿਰਦ ਮੋਏ ਹੋਏ ਜਾਨਵਰਾਂ ਦੀਆਂ ਲਾਸ਼ਾਂ ਭੁਖ ਨਾਲ ਮਰ ਰਹੇ ਡੰਗਰ ਫਾਕਾ ਮਸਤ ਸਿਪਾਹੀ ਸਨ ਤੇ ਉਹ ਆਪਣੇ ਕੈਂਪ ਵਿਚ ਹੀ ਜਕੜੇ ਹੋਏ ਆਪਣੀ ਬਿਪਤਾ ਨੂੰ ਅਸਹਿ ਮਸੂਸ ਕਰਨ ਲਗੇ। ਇਕ ਮਜ਼ਬੂਤ ਗਾਰਦ ਦੀ ਰਖਿਆ ਵਿਚ ਉਹਨਾਂ ਨੇ ਇਕ ਲੁਟੇਰੀ ਪਾਰਟੀ ਖੁਰਾਕ ਲਿਆਉਣ ਲਈ ਬਾਹਰ ਭੇਜੀ। ਅਫਗਾਨਾਂ ਨੂੰ ਉਸ ਪਾਰਟੀ ਦਾ ਪਤਾ ਚਲ ਗਿਆ ਤੇ ਉਹਨਾਂ ਨੇ ਆਕੇ ਇਸ ਪਾਰਟੀ ਨੂੰ ਹੀ ਖਤਮ ਕਰ ਦਿਤਾ। ਅੰਤ ਵੱਡੇ ਵੱਡੇ ਮਰਹਟਾ ਸਰਦਾਰ ਇਸ ਮੁਸੀਬਤ ਹਥੋਂ ਸਖਤ ਤੰਗ ਆ ਗਏ। ਉਹਨਾਂ ਨੇ ਭਾਊ ਦ ਕੈਂਪ ਨੂੰ ਘੇਰ ਲਿਆ ਅਤੇ ਉਸ ਪਾਸ ਬੇਨਤੀ ਕੀਤੀ ਕਿ ਇਕੋ ਹਲਾ ਬੋਲਕੇ ਉਹਨਾਂ ਦੀਆਂ ਮੁਸੀਬਤਾਂ ਦਾ ਅੰਤ ਕੀਤਾ ਜਾਏ। ਇਸ ਅੰਤਮ ਦਸ਼ਾ ਸਮੇਂ ਭਾਊ ਨੇ ਆਪਣੇ ਹਥ ਨਾਲ ਕਾਂਸੀ ਰਾਉ ਵਲ ਇਕ ਸੰਖੇਪ ਜਿਹਾ ਨੋਟ ਲਿਖਿਆ ਅਤੇ ਆਪਣੇ ਭਰੋਸੇ ਯੋਗ ਮੁਲਾਜ਼ਮ ਦੇ ਹਥ ਇਸ ਨੂੰ ਦੁਰਾਨੀ ਕੈਂਪ ਵਿਚ ਭੇਜਿਆ। ਇਸ ਨੋਟ ਦੇ ਸ਼ਬਦ ਇਉਂ ਸਨ :--

## ਮਰਹਟਿਆਂ ਦੇ ਸਬਰ ਦਾ ਪਿਆਲਾ ਭਰਪੂਰ ਹੈ

"ਪਿਆਲਾ ਹੁਣ ਲਬੋ ਲਬ ਭਰ ਚੁਕਾ ਹੈ, ਇਸ ਵਿਚ ਹੁਣ ਹੋਰ ਇਕ ਤੁਬਕਾ ਵੀ ਨਹੀਂ ਸਮਾਂ ਸਕਦਾ; ਜੋ ਕੁਛ ਹੋ ਸਕਦਾ ਹੈ ਤਦ ਹੁਣ ਹੀਲਾ ਕਰ ਲਉ; ਵਰਨਾ ਮੈਨੂੰ ਸਾਫ ਉਤਰ ਦੇ ਦੇਓ। ਇਸ ਰੁਕੇ ਦੇ ਮਗਰੋਂ ਲਿਖਣ ਦਾ ਜਾਂ ਗਲ ਬਾਤ ਕਰਨ ਦਾ ਕੋਈ ਮੌਕਾ ਨਹੀਂ ਰਹਿ ਜਾਏਗਾ।"

## ਉਹ ਕੈਂਪ ਵਿਚੋਂ ਬਾਹਰ ਨਿਕਲ ਆਏ

ਕਾਂਸੀ ਰਾਓ ਨੇ ਇਹ ਰੁਕਾ ਸੁਜਾਹ ਉਦ ਦੌਲਾ ਦੇ ਹਵਾਲੇ ਸਵੇਰੇ ੩ ਬਜੇ (੭ ਜਨਵਰੀ ੧੭੬੧ ਈ) ਨੂੰ ਕੀਤਾ। ਨਵਾਬ ਨੂੰ ਇਹ ਖਬਰ ਵੀ ਤੁਰਤ ਪੁਜ ਗਈ ਕਿ ਮਰਹਟਿਆਂ ਦੀ ਸਾਰੀ ਫ਼ੌਜ ਦੁਰਾਨੀਆਂ ਉਤੇ ਹੱਲਾ ਬੋਲਣ ਲਈ ਆਪਣੀਆਂ ਲਾਈਨਾਂ ਵਿਚੋਂ ਬਾਹਰ ਨਿਕਲ ਆਈ ਹੈ। ਨਵਾਬ ਤੁਰਤ ਸ਼ਾਹ ਦੇ ਤੰਬੂ ਵਿਚ ਗਿਆ ਅਤੇ ਖਵਾਜਾ ਸਰਾਵਾਂ ਨੂੰ ਆਖਿਆ ਕਿ ਉਹ ਮਾਲਕ ਨੂੰ ਤੁਰਤ ਜਗਾ ਦੇਣ। ਇਹ ਸੁਣਕੇ ਸ਼ਾਹ ਤੁਰਤ ਬਾਹਰ ਆ ਗਿਆ ਅਤੇ ਬਿਨਾਂ ਆਪਣੇ ਕਪੜੇ ਬਦਲਾਏ ਹੀ ਘੋੜੇ ਉਤੇ ਸਵਾਰ ਹੋ ਗਿਆ। ਇਹ ਘੋੜੇ ਸਦਾ ਹੀ ਉਸਦੇ ਤੰਬੂ ਦੇ ਅਗੇ ਤਿਆਰ ਖੜੇ ਰਹਿੰਦੇ ਸਨ। ਉਸਨੇ ਫਿਰ ਕੇ ਸਭ ਨੂੰ ਹੁਕਮ ਸੁਣਾ ਦਿਤਾ। ਇਹ ਕਾਰਰਵਾਈ ਸੂਰਜ ਚੜ੍ਹਨ ਦੇ ਥੋੜਾ ਸਮਾਂ ਪਹਿਲੇ ਦੀ ਹੈ। ਦੁਰਾਨੀ ਫ਼ੌਜ ਅਜੇ ਡੇਢ ਕੋਸ

*ਇਹਨਾਂ ਵਿਚੋਂ ਅੰਤਮ ਲੜਾਈ ਵਿਚ ਮੁਸਲਮਾਨਾਂ ਨੂੰ ਲਕ ਤੋੜ ਹਾਰ ਹੋਈ। ਨਜੀਬ ਉਦ ਦੌਲਾ ਦੀ ਕਮਾਨ ਹੇਠਲੇ ਲਗ ਪਗ ਛੀ ਹਜ਼ਾਰ ਰੁਹੇਲੇ ਮਾਰੇ ਗਏ ਅਤੇ ਪੰਜ ਸੌ ਪੈਦਲ ਫ਼ੌਜ ਫਟੜ ਹੋਈ। ਇਸ ਜਿਤ ਨੇ ਮਾਲੂਮ ਹੁੰਦਾ ਹੈ ਮਰਹਟਿਆਂ ਦੇ ਹੌਸਲੇ ਵਧਾ ਦਿਤੇ ਤੇ ਉਹਨਾਂ ਨੇ ਖੁਲ੍ਹੇ ਮੈਦਾਨ ਵਿਚ ਲੋਹਾ ਲੈਣ ਦਾ ਖਤਰਾ ਸਹੇੜ ਲਿਆ।

[]ਸਮਕਾਲੀ ਇਤਿਹਾਸਕਾਰ ਕਾਂਸੀ ਰਾਉ ਨੇ ਇਸ ਸਮੇਂ ਦੇ ਵਾਕਿਆਤ ਦਾ ਸਵਿਸਥਾਰ ਲਿਖਿਆ ਹੈ। ਉਸਨੇ ਵਡੀਆਂ ਵਡੀਆਂ ਹਸਤੀਆਂ ਦਾ ਵੀ ਵਰਨਣ ਕੀਤਾ ਹੈ। ਦੁਰਾਨੀ ਬਾਦਸ਼ਾਹ ਅਹਿਮਦ ਸ਼ਾਹ ਨੇ ਆਪਣੇ ਲਈ ਕੈਂਪ ਤੋਂ ਡੇਢ ਮੀਲ ਦੂਰ ਆਪਣਾ ਵਖਰਾ ਹੀ ਲਾਲ ਤੰਬੂ ਲਾ ਰਖਿਆ ਸੀ। ਸਵੇਰ ਦੀ ਨਿਮਾਜ਼ ਮਗਰੋਂ ਉਹ ਹਰ ਰੋਜ਼ ਸਵੇਰੇ ਆਪਣੇ ਤੰਬੂ ਤੋਂ ਘੋੜੇ ਉਤੇ ਸਵਾਰ ਹੋਕੇ ਬਾਹਰ ਨਿਕਲਦਾ। ਉਸਦੇ ਨਾਲ ਉਸ ਦਾ ਪੁਤ੍ਰ ਤੈਮੂਰ ਸ਼ਾਹ ਅਤੇ ੪੦ ਜਾਂ ੫੦ ਘੁੜ ਸਵਾਰ ਵੀ ਹੁੰਦੇ। ਉਹ ਆਪ ਹੀ ਆਪਣੀਆਂ ਫੌਜੀ ਚੌਕੀਆਂ ਦੀ ਦੇਖ ਭਾਲ ਕਰਦਾ ਅਤੇ ਵੈਰੀ ਦੀ ਪੁਜੀਸ਼ਨ ਦੀ ਪਰਖ ਪੜਤਾਲ ਵੀ ਕਰਦਾ। ਉਹ ਹਰ ਰੋਜ਼ ੪੦ ਜਾਂ ੫੦ ਕੋਹ ਪੈਂਡਾ ਕਰਦਾ ਅਤੇ ਦੁਪਹਿਰ ਵੇਲੇ ਆਪਣੇ ਕੈਂਪ ਵਿਚ ਮੁੜਦਾ। ਇਸ ਸਮੇਂ ਉਹ ਜਾਂ ਤੇ ਲਾਲ ਤੰਬੂ ਵਿਚ ਜਾਂ ਸਫਾਂ ਵਿਚਲੇ ਸ਼ਾਹੀ ਕੈਂਪ ਵਿਚ ਦੁਪਹਿਰ ਦਾ ਭੋਜਨ ਕਰਦਾ ਰਾਤ ਦੇ ਸਮੇਂ ੫ ਹਜ਼ਾਰ ਦੁਰਾਨੀ ਤੇ ਹਿੰਦੁਸਤਾਨੀ ਘੁੜ ਸਵਾਰ ਉਹਦੇ ਕੈਂਪ ਉਪਰ ਪਹਿਰਾ ਦੇਂਦੇ ਅਤੇ ਸਾਰੀ ਰਾਤ ਹਥਿਆਰ ਬੰਦ ਹੋਕੇ ਤਿਆਰ ਬਰ ਤਿਆਰ ਰਹਿੰਦੇ ਸਨ। ਸ਼ਾਹ ਵੀ ਲਗਾਤਾਰ ਉਹਨਾਂ ਵਿਚ ਦਖਾਈ ਦੇਂਦਾ ਸੀ ਉਹ ਹਿੰਦੁਸਤਾਨੀ ਸਰਦਾਰਾਂ ਨੂੰ ਆਖਿਆ ਕਰਦਾ—"ਤੁਸੀਂ ਸੌਂ ਜਾਉ, ਮੈਂ ਖੜਕੇ ਪਹਿਰਾ ਦਿਆਂਗਾ ਕਿ ਤੁਹਾਨੂੰ ਕੋਈ ਵੈਰੀ ਹਾਨੀ ਨ ਪੁਚਾ ਸਕੇ।" ਹਰ ਰੋਜ਼ ਤੋਪਖਾਨਾ ਤੋਪਾਂ ਨਾਲ ਗੋਲਾਬਾਰੀ ਕਰਦਾ ਅਤੇ ਝੜਪਾਂ ਹੁੰਦੀਆਂ। ਸ਼ਾਮ ਵੇਲੇ ਲੜਾਈ ਵਿਚ ਭਾਗ ਲੈਣ ਵਾਲੀਆਂ ਧਿਰਾਂ ਆਪਣੇ ਕੁਆਰਟਰਾਂ ਵਿਚ ਵਾਪਸ ਆ ਜਾਂਦੀਆਂ। ਇਉਂ ਤਿੰਨ ਸਖਤ ਲੜਾਈਆਂ ਲੜੀਆਂ ਗਈਆਂ ਪਰ ਕੋਈ ਲੜਾਈ ਫੈਸਲਾ ਕਰ ਸਾਬਤ ਨ ਹੋਈ। ਇਹ ਦਸ਼ਾ ਤਿੰਨ ਮਹੀਨੇ ਜਾਰੀ ਰਹੀ। ਅੰਤ ਹਿੰਦੁਸਤਾਨੀ ਸਰਦਾਰਾਂ ਦੇ ਸਬਰ ਦਾ ਪਿਆਲਾ ਭਰ ਗਿਆ ਤੇ ਉਹਨਾਂ ਨੇ ਸ਼ਾਹ ਪਾਸ ਬੇਨਤੀ ਕੀਤੀ ਕਿ ਦੂ ਬਦੂ ਲੜਾਈ ਕਰਕੇ ਇਸ ਬਿਪਤਾ ਦਾ ਅੰਤ ਕੀਤਾ ਜਾਏ। ਇਸ ਦਾ ਸ਼ਾਹ ਨੇ ਇਹ ਉਤਰ ਦਿਤਾ :—

**ਪਹਿਲੇ ਕਾਲਮ ਦੀ ਬਾਕੀ**

"ਇਹ ਜੰਗ ਦੀ ਚਾਲ ਹੈ ਜਿਸਨੂੰ ਤੁਸੀਂ ਨਹੀਂ ਸਮਝਦੇ। ਦੂਜੇ ਮਾਮਲਿਆਂ ਵਿਚ ਤੁਸੀਂ ਜਿਵੇਂ ਮਰਜੀ ਆਵੇ ਕਰੋ ਪਰ ਇਹ ਮਾਮਲਾ ਮੇਰੇ ਉਤੇ ਛਡ ਦਿਓ। ਫ਼ੌਜੀ ਕਾਰਰਵਾਈਆਂ ਵਿਚ ਕਾਹਲ ਨਹੀਂ ਕਰਨੀ ਤੁਸੀਂ ਆਪ ਹੀ ਵੇਖੋਗੇ ਕਿ ਮੈਂ ਇਸ ਮਾਮਲੇ ਨੂੰ ਕਿਵੇਂ ਨਜਿਠਦਾ ਹਾਂ। ਯੋਗ ਸਮੇਂ ਤੇ ਮੈਂ ਇਸ ਲੜਾਈ ਨੂੰ ਸਫਲਤਾ ਤੀਕ ਪੁਚਾ ਦਿਆਂਗਾ।"

Sri Satguru Jagjit Singh Ji eLibrary NamdhariElibrary@gmail.com

ਹੀ ਅਗੇ ਵਧੀ ਹੀ ਸੀ ਕਿ ਉਹਨਾਂ ਨੇ ਮਰਹਟਿਆਂ ਦੀ ਲਾਈਨਾਂ ਵਿਚੋਂ ਤੋਪਾਂ ਦੇ ਚਲਨ ਦੀ ਅਵਾਜ ਸੁਣੀ। ਸ਼ਾਹ ਨੇ ਤੁਰਤ ਆਪਣੇ ਮਹਾਂ ਮੰਤਰੀ ਸ਼ਾਹ ਵਲੀ ਖਾਨ ਅਤੇ ਦੂਜੇ ਵਜ਼ੀਰਾਂ ਸ਼ਾਹ ਪਸੰਦ ਖਾਨ ਆਦਕ ਨੂੰ ਆਪਣੇ ਪਾਸ ਬੁਲਾਇਆ। ਉਸ ਨੇ ਆਪਣੀ ਈਰਾਨੀ ਕਲੀਆਨ (ਹੁੱਕਾ ਗੁੜਗੜੀ) ਜੋ ਉਹ ਘੋੜੇ ਉਤੇ ਚੜ੍ਹਿਆ ਪੀ ਰਿਹਾ ਸੀ ਆਪਣੇ ਖਵਾਜਾ ਸਰ ਨੂੰ ਫੜਾ ਦਿਤਾ ਅਤੇ ਆਪ ਪੂਰੀ ਤੇਜ਼ੀ ਨਾਲ ਘੋੜਾ ਦੌੜਾਉਂਦਾ ਹੋਇਆ ਵੈਰੀ ਵਲ ਉਠ ਨਸਾ।

## ਪਾਣੀ ਪਤ ਦਾ ਜੰਗ ੧੭੬੧ ਈ:

ਦੋਵਾਂ ਧਿਰਾਂ ਦੀਆਂ ਫੌਜਾਂ ਦੀ ਪਾਣੀ ਪਤ ਦੀ ਰਣ ਭੂਮੀ ਵਿਚ ਟੱਕਰ ਹੋਈ। ਸ਼ਾਹ ਦੇ ਕੇਂਦਰ ਵਿਚ ਟੂਹੇਲੇ ਅਤੇ ਦੁਰਾਨੀ ਮਹਾਂ ਮੰਤਰੀ ਦੀ ਕਮਾਨ ਹੇਠ ਸਨ। ਰੀਜ਼ਰਵ ਫੌਜ ਉਸਨੇ ਆਪਣੇ ਮਾਤਹਿਤ ਰਖੀ ਹੋਈ ਸੀ ਇਸ ਵਿਚ ਚੋਣਵੀਂ ਅਫਗਾਨ ਫੌਜ ਸੀ। ਮਰਹਟਿਆਂ ਦਾ ਤੋਪਖਾਨਾ ਫਰੰਟ ਵਿਚ ਅਤੇ ਉਸਦੇ ਪਿਛੇ ਉਹਨਾਂ ਦੀ ਪੈਦਲ ਫੌਜ ਸੀ। ਤੋਪਖਾਨੇ ਨੇ ਅਚਾਨਕ ਗੋਲਾਬਾਰੀ ਸ਼ੁਰੂ ਕਰ ਦਿਤੀ ਅਤੇ ਇਬਰਾਹੀਮ ਖਾਨ* ਗਾਰਡੀ ਨਾਮੀ ਫਰਾਂਸੀਸੀ ਫੌਜ ਦੇ ਇਕ ਮੁਸਲਮਾਨ ਭਗੌੜੇ ਨੇ ਆਪਣੇ ਭਾਈ ਫਤਹ ਖਾਂ ਸਮੇਤ ਬੜੀ ਬੇਜਿਗਰੀ ਅਤੇ ਸਫਲਤਾ ਪੂਰਬਕ ਸ਼ਾਹ ਦੀ ਫੌਜ ਦੇ ਬਾਜ਼ੂ ਉਪਰ ਗੋਲਾਬਾਰੀ ਕੀਤੀ। ਇਸ ਤਰ੍ਹਾਂ ਸ਼ਾਹ ਵਲੀ ਖਾਨ ਦਾ ਦਾਈਨਾ ਬਾਜ਼ੂ ਖਾਲੀ ਹੋ ਗਿਆ। ਇਹ ਗੋਲਾ ਬਾਰੀ ਅਤਿਅੰਤ ਸੰਘਣੀ ਤੇ ਮਹਾਂ ਭਿਆਣਕ ਸੀ। ਮਹਾਂ ਮੰਤਰੀ ਦਾ ਭਤੀਜਾ ਅਤਾਈ ਖਾਨ ਆਪਣੇ ਚਾਚੇ ਦੇ ਸਾਹਮਣੇ ਗੋਲੀ ਖਾਕੇ ਡਿਗ ਪਿਆ। ਦੁਰਾਨੀਆਂ ਉਤੇ ਮਰਹਟਿਆਂ ਦਾ ਦਬਾਉ ਬਹੁਤ ਵੱਧ ਗਿਆ ਅਤੇ ਉਹ ਪਿਛੇ ਹਟਣ ਲਈ ਮਜਬੂਰ ਹੋ ਗਏ। ਭਾਉ ਵਿਸਵਾਸ ਰਾਓ ਦੋਵੇਂ ਹੀ ਘੋੜੀਆਂ ਉਤੇ ਸਵਾਰ ਹੋਕੇ ਆਪਣੇ ਜਵਾਨਾਂ ਨੂੰ ਹੱਲਾ ਸ਼ੇਰੀ ਦੇ ਰਹੇ ਸਨ ਅਤੇ ਉਨ੍ਹਾਂ ਵਿਚ ਯੁਧ ਲਈ ਜੋਸ਼ ਵੀ ਪੈਦਾ ਕਰ ਰਹੇ ਸਨ। ਮਰਹਟਿਆਂ ਦਾ ਜੰਗੀ ਨਹਰਾ ਸੀ—"ਹਰ ਹਰ ਜੈ ਮਹਾਦੇਵ" ਉਹ ਨਾਹਰਾ ਅਕਾਸ਼ ਵਿਚ ਗੂੰਜ ਕੇ ਉਹਨਾਂ ਦੇ ਦਲਾਂ ਵਿਚ ਉਤਸ਼ਾਹ ਭਰ ਰਿਹਾ ਸੀ। ਚਿਹਨ ਚਕਰ ਤੋਂ ਮਰਹਟਿਆਂ ਦੀ ਜਿਤ ਹੁੰਦੀ ਨਜ਼ਰ ਆ ਰਹੀ ਸੀ। ਨਵਾਬ ਸ਼ੁਜਾਹ ਉਦ ਦੌਲਾ, ਜਿਸਦਾ ਡਵੀਜ਼ਨ ਨੇੜੇ ਹੀ ਸੀ, ਘਟੇ ਦੇ ਬਦਲਾਂ ਦੇ ਕਾਰਨ ਜਿਸ ਵਿਚ ਉਹ ਬੁਰੀ ਤਰ੍ਹਾਂ ਘਿਰਿਆ ਸੀ ਕਛ ਨ ਵੇਖ ਸਕਿਆ। ਮਹਾ ਮੰਤਰੀ ਜ਼ੱਰਾ ਬਕਤਰ ਪਾਈ ਆਪਣੀਆਂ ਨਸ ਰਹੀਆਂ ਫੌਜਾਂ ਵਿਚ ਘੋੜਾ ਦੁੜਾਕੇ ਪੁਜ ਗਿਆ ਅਤੇ ਬੜੇ ਕ੍ਰੋਧ ਤੇ ਨਿਰਾਸਤਾ ਨਾਲ ਓਹਨਾਂ ਨੂੰ ਪਾਸ ਛਡ ਜਾਣ ਉਤੇ ਮੁਲਾਮਤ ਕਰਨ ਲਗਾ। ਉਹਨੇ ਆਖਿਆ—"ਸਾਡਾ ਵਤਨ ਬਹੁਤ ਦੂਰ ਹੈ, ਮੇਰੇ ਮਿਤਰੋ ਤੁਸੀਂ ਕਿਧਰ ਨੂੰ ਨਸ ਕੇ ਜਾਉਗੇ?" ਸ਼ੁਜਾਹ ਮੈਦਾਨ ਵਿਚ ਡਟਿਆ ਰਿਹਾ ਪਰ ਉਹ ਵਜ਼ੀਰ ਦੀ ਸਹਾਇਤਾ ਲਈ ਅਗੇ ਨ ਵਧਿਆ।

ਸ਼ਾਹ ਵੀ ਇਸ ਦਸ਼ਾ ਤੋਂ ਅਣਜਾਣ ਨਹੀਂ ਸੀ ਉਹ ਮਸੂਸ ਕਰਕੇ ਕਿ ਹੁਣ ਆਪ ਅਗੇ ਵਧਣ ਦਾ ਮੌਕਾ ਆ ਗਿਆ ਹੈ ਉਹ ਆਪਣੀ ਰੀਜ਼ਰਵ ਫੌਜ ਨੂੰ ਲੈ ਕੇ ਅਗੇ ਵਧਿਆ ਅਤੇ ਵੱਡੇ ਹਮਲੇ ਦਾ ਹੁਕਮ ਚਾੜ੍ਹ ਦਿਤਾ। ਇਹ ਵੱਡਾ ਹਮਲਾ ਬੜਾ ਹੀ ਭਿਆਣਕ ਸੀ। ਮਰਹਟਿਆਂ ਦਾ ਬਾਜ਼ੂ ਘਿਰ ਗਿਆ ਅਤੇ ਹਥ ਪੜਥੀ ਲੜਾਈ ਸ਼ੁਰੂ ਹੋ ਗਈ। ਦੁਰਾਨੀਆਂ ਨੇ ਜਿਸ ਦਲੇਰੀ ਤੇ ਦਰਿੜਤਾ ਨਾਲ ਟਾਕਰਾ ਕੀਤਾ ਉਸ ਨਾਲ ਮਰਹਟਿਆਂ ਦੇ ਹੌਸਲੇ ਐਨੇ ਢਠ ਗਏ ਕਿ ਉਹਨਾਂ ਨੇ ਆਪਣੇ ਮੂੰਹ ਭਵਾ ਲਏ ਤੇ ਉਹ ਬੇਅੰਤ ਮੁਰਦਿਆਂ ਤੇ ਫਟੜਾਂ ਨਾਲ ਭਰਿਆ ਹੋਇਆ ਰਣ ਤੱਤਾ ਛੱਡ ਕੇ ਨਸ ਗਏ।

*ਦਖਣ ਵਿਚ ਉਸਨੇ ਆਪਣੀ ਬਹਾਦਰੀ ਲਈ ਬੜੀ ਨਾਮਵਰੀ ਖੱਟੀ ਸੀ ਅਤੇ ਉਸਦੀਆਂ ਫੌਜਾਂ ਨੂੰ ਯੂਰਪੀਨ ਢੰਗ ਦੇ ਜੰਗ ਲੜਨ ਦੀ ਸਿਖਿਆ ਦਿਤੀ ਗਈ ਸੀ।

## ਮਰਹਟਿਆਂ ਦੀ ਹਾਰ ਤੇ ਫੌਜਾਂ ਦੀ ਤਬਾਹੀ ਜਨਵਰੀ ੧੭੯੧ ਈ:

ਵਿਜਈ ਅਫਗਾਨਾਂ ਨੇ ਨਸਦੇ ਹੋਏ ਮਰਹਟਿਆਂ ਦਾ ਹਰ ਪਾਸੇ ਵਲੋਂ ਪਿਛਾ ਕੀਤਾ ਅਤੇ ਉਨ੍ਹਾਂ ਨੂੰ ਸਾਹ ਤੀਕ ਨ ਲੈਣ ਦਿਤਾ। ਨਸਦੇ ਹੋਏ ਮਰਹਟੇ ਭਾਰੀ ਗਿਣਤੀ ਵਿਚ ਮਾਰੇ ਗਏ। ਇਉਂ ਦੁਰਾਨੀ ਫੌਜਾਂ ਨੇ ਹਰ ਪਾਸੇ ੧੫ ੧੫ ; ੨੦-੨੦ ਮੀਲ ਤੀਕ ਪਿੱਛਾ ਕੀਤਾ। ਇਹ ਦਸਣ ਦੀ ਲੋੜ ਨਹੀਂ ਕਿ ਵਿਸ਼ਵਾਸ ਰਾਓ ਤੇ ਭਾਊ ਵੀ ਕਤਲ ਹੋਣ ਵਾਲਿਆਂ ਵਿਚ ਹੀ ਸਨ। ਲਗ ਪਗ ਸਾਰੇ ਤੇ ਵੱਡੇ ਵੱਡੇ ਮਰਹਟਾ ਸਰਦਾਰ ਜਾਂ ਤੇ ਮਾਰੇ ਜਾਂ ਫਟੜ ਹੋ ਚੁਕੇ ਸਨ। ਬਾਕੀ ਜਿਹੜੇ ਨੱਸੇ ਉਹਨਾਂ ਦੀਆਂ ਜਾਨਾਂ ਵੀ ਉਹਨਾਂ ਦੇ ਘੋੜਿਆਂ ਦੀ ਤੇਜ਼ ਰਫਤਾਰੀ ਦਾ ਸਦਕਾ ਹੀ ਬਚ ਸਕੀਆਂ। ਭਗੌੜਿਆਂ ਵਿਚ ਮਲਹਾਰ ਰਾਓ ਹੁਲਕਰ, ਮਾਧੋ ਜੀ ਸਿੰਧੀਆ, ਜੋ ਪਿੱਛੋਂ ਵੱਡੇ ਰਾਜ ਦਾ ਮੋਢੀ ਬਣਿਆ ਪਰ ਜੋ ਨਸਦਾ ਹੋਇਆ ਬੰਦੂਕ ਦੀ ਗੋਲੀ ਖਾਕੇ ਸਾਰੀ ਜ਼ਿੰਦਗੀ ਲਈ ਲੰਗੜਾ ਹੋ ਗਿਆ। ਸ਼ਮਸ਼ੇਰ ਬਹਾਦਰ ਨੇ ਵੀ ਨਸਕੇ ਜਾਨ ਬਚਾਈ ਪਰ ਛੇਤੀ ਹੀ ਪਿਛੋਂ ਜੰਗ ਵਿਚ ਲਗੇ ਧੌਣ ਵਿਚਲੇ ਫੱਟਾਂ ਨਾਲ ਮਰ ਗਿਆ। ਜਾਣ ਕਾਰ ਸਮਕਾਲੀਆਂ ਦੇ ਕਥਨ ਅਨੁਸਾਰ ਮਰਹਟਿਆਂ ਦੇ ਕਤਲ ਹੋਏ ਜਵਾਨਾਂ ਦੀ ਗਿਣਤੀ ੨ ਲਖ ਤੇ ਕੈਦੀਆਂ ਦੀ ਗਿਣਤੀ ੨੨ ਹਜ਼ਾਰ ਸੀ। ਇਸ ਤੋਂ ਛੁਟ ਵਿਜਈਆਂ ਦੇ ਹਥ ੫੦ ਹਜ਼ਾਰ ਘੋੜੇ ਅਤੇ ਬੇਅੰਤ ਲੁਟ ਦਾ ਜੋ ਮਾਲ ਲਗਾ ਉਹ ਵਖਰਾ ਸੀ।

## ਮਰਹਟਿਆਂ ਦੀ ਨਿਰਾਸਤਾ

ਇਸ ਮਹਾਨ ਵਡੀ ਜੰਗ ਨੇ, ਜੋ ਕਤਲ ਆਮ ਦੇ ਲਿਹਾਜ ਨਾਲ ਬੇਮਿਸਾਲ ਅਤੇ ਮਰਹਟਿਆਂ ਲਈ ਪੂਰਨ ਤੌਰ ਉਤੇ ਨਸ਼ਟ ਕਾਰੀ ਸੀ, ਉਸ ਹੌਸਲਾਮੰਦ ਕੌਮ ਦੀ ਕਿਸਮਤ ਦਾ ਸਦਾ ਲਈ ਫੈਸਲਾ ਕਰ ਦਿਤਾ। ਸਭ ਲੋਕਾਂ ਵਿਚ ਨਿਰਾਸਤਾ ਤੇ ਗਮੀ ਪਸਰ ਗਈ ਅਤੇ ਉਹਨਾਂ ਦਾ ਪੇਸ਼ਵਾ ਜਾਂ ਬਾਦਸ਼ਾਹ ਨਿਰਾਸਤਾ ਤੇ ਰੰਜ ਦੇ ਕਾਰਨ ਛੇਤੀ ਹੀ ਮੌਤ ਦਾ ਸ਼ਿਕਾਰ ਹੋ ਗਿਆ। ਉਹਨਾਂ ਨੇ ਹਿੰਦੁਸਤਾਨ ਵਿਚਾਲੇ ਆਪਣੇ ਸਭ ਇਲਾਕੇ ਖਾਲੀ ਕਰ ਦਿਤੇ ਅਤੇ ਨਰਬਦਾ ਦਰਿਆ ਤੋਂ ਪਾਰ ਲੰਘ ਗਏ ਜਿਥੇ ਉਹਨਾਂ ਦੀ ਸ਼ਕਤੀ ਮੁੜ ਕਦੇ ਬਹਾਲ ਨ ਹੋਈ।

## ਅਹਿਮਦ ਸ਼ਾਹ ਦੀ ਪੰਜਾਬ ਨੂੰ ਵਾਪਸੀ

ਪਾਣੀਪਤ ਦੀ ਫਤਹ ਮਗਰੋਂ ਸਾਰੇ ਦਾ ਸਾਰਾ ਹਿੰਦੁਸਤਾਨ ਅਬਦਾਲੀ ਵਿਜਈ ਦੇ ਰਹਿਮ ਉਤੇ ਸੀ। ਪਰ ਉਹ ਨਹੀਂ ਸੀ ਚਾਹੁੰਦਾ ਕਿ ਮੁਗਲਾਂ ਦੇ ਖਾਲੀ ਤਖਤ ਉਤੇ ਆਪ ਬੈਠੇ ਇਸ ਲਈ ਦਿਲੀ ਵਿਚ ਥੋੜੇ ਜਿਹੇ ਦਿਨ ਰਹਿਣ ਮਗਰੋਂ ਹਿੰਦੁਸਤਾਨ ਦੇ ਮਾਮਲਿਆਂ ਦਾ ਨਿਪਟਾਰਾ ਕਰਕੇ ਉਹ ਪੰਜਾਬ ਵਲ ਮੁੜ ਆਇਆ ਜੋ ਪਹਿਲੇ ਹੀ ਉਸ ਨੂੰ ਪ੍ਰਾਪਤ ਹੋ ਚੁਕਾ ਸੀ ਅਤੇ ਉਹ ਏਸੇ ਉਤੇ ਹੀ ਸੰਤੁਸ਼ਟ ਸੀ।

## ਸਿਖ ਜਥੇਬੰਦੀਆਂ

ਪਾਣੀਪਤ ਵਿਚ ਅਹਿਮਦ ਸ਼ਾਹ ਦੀ ਗੈਰ ਹਾਜ਼ਰੀ ਸਮੇਂ ਸਿੱਖਾਂ ਨੇ ਫੇਰ ਪੰਜਾਬ ਵਿਚ ਸਿਰ ਚੁਕਿਆ। ਦੁਰਾਨੀ ਬਾਦਸ਼ਾਹ ਨੇ ਸੂਬੇਦਾਰ ਲਾਹੌਰ ਕਰੀਮ ਦਾਦ ਖਾਨ ਅਤੇ ਗਵਰਨਰ ਪਸਰੂਰ ਫ਼ੌਜਦਾਰ ਖਾਨ ਨੂੰ ਜੰਗ ਵਿਚ ਸੇਵਾ ਕਰਨ ਲਈ ਪਾਣੀਪਤ ਬੁਲਾ ਲਿਆ ਸੀ। ਇਸ ਸਮੇਂ ਜਾਲੰਧਰ ਦੁਆਬ ਦਾ ਗਵਰਨਰ ਸਰ ਬਲੰਦ ਖਾਨ ਅਤੇ ਲਾਹੌਰ ਸੂਬੇ ਦਾ ਇਨਚਾਰਜ ਅਮੀਰ ਮੁਹੰਮਦ ਖਾਨ ਨਿਯਤ ਹੋਇਆ। ਜਿਸ

Sri Satguru Jagjit Singh Ji eLibrary NamdhariElibrary@gmail.com

ਸਮੇਂ ਕੁਲ ਮੁਸਲਮਾਨ ਸਰਦਾਰਾਂ ਤੇ ਹਾਕਮ ਦਾ ਸਾਰਾ ਧਿਆਨ ਹਿੰਦੁਸਤਾਨ ਵਲ ਲਗਾ ਹੋਇਆ ਸੀ। ਸਿਖਾਂ ਨੇ ਦੂਰ ਨੇੜੇ ਦਾ ਸਾਰਾ ਦੇਸ਼ ਲੁਟ ਲਿਆ। ਸਿਖ ਭਾਰੀ ਗਿਣਤੀ ਵਿਚ ਬਰਾਖੀਦ ਮੌਕੇ ਅਮ੍ਰਿਤਸਰ ਵਿਚ ਇਕਠੇ ਹੋਏ ਜਿਥੇ ਕਿ ਜਸਾ ਸਿੰਘ ਆਹਲੂਵਾਲੀਆ, ਚੇਤ ਸਿੰਘ ਕਹਨੀਆ ਸਿੰਘ ਹਰੀ ਸਿੰਘ ਭੰਗੀ, ਅਤੇ ਲਹਿਣਾ ਸਿੰਘ ਅਤੇ ਦੂਜੇ ਸਿਖ ਸਰਦਾਰਾਂ ਨੇ ਮਿਲਕੇ ਇਕੋ ਜਥੇਬੰਦੀ ਲਾਹੌਰ ਨੂੰ ਲੁਟਣ ਲਈ ਬਣਾਈ।

## ਸਿਖਾਂ ਦਾ ਲਾਹੌਰ ਦੇ ਨਵਾਹੀ ਇਲਾਕੇ ਨੂੰ ਲੁਟਣਾ

ਸਿੱਖ ਘੋੜ ਚੜ੍ਹਿਆਂ ਦਾ ਟਿਡੀਦਲ ਲਾਹੌਰ ਦੇ ਇਰਦ ਗਿਰਦ ਜਮਾ ਹੋ ਗਿਆ। ਇਹ ਸਿਖ ਸ਼ਹਿਰ ਦੀ ਚਾਰ ਦੀਵਾਰੀ ਤੋਂ ਬਾਹਰ ਰਹਿਣ ਵਾਲੇ ਵਸਨੀਕਾਂ ਨੂੰ ਲੁਟਦੇ ਅਤੇ ਓਹਨਾਂ ਦੇ ਘਰਾਂ ਨੂੰ ਅੱਗ ਲਾ ਦੇਂਦੇ ਸਨ। ਇਓਂ ਸੈਂਕੜੇ ਲੋਕ ਮਾਰੇ ਗਏ ਅਤੇ ਪ੍ਰਾਈਵੇਟ ਜਾਇਦਾਦ ਨੂੰ ਜੋ ਹਾਨੀ ਪੁਜੀ ਉਸਦਾ ਕੋਈ ਅਾਸ ਹਿਸਾਬ ਹੀ ਨਹੀ। ਅਮੀਰ ਮੁਹੰਮਦ ਖਾਨ, ਨਾਇਬ ਸੂਬੇਦਾਰ ਨੇ ਸ਼ਹਿਰ ਦੇ ਅੰਦਰ ਬੰਦ ਕਰ ਲਿਆ। ਸਿੱਖਾਂ ਨੇ ਸ਼ਹਿਰ ਨੂੰ ਸਭ ਪਾਸਿਆਂ ਤੋਂ ਘੇਰ ਲਿਆ। ਉਹ ਵਾਪਸ ਜਾਣ ਲਈ ਇਹ ਸ਼ਰਤ ਪੇਸ਼ ਕਰਦੇ ਸਨ ਕਿ ਉਹਨਾਂ ਨੂੰ *ਕੜਾ ਪ੍ਰਸਾਦ ਲਈ ਚੋਖੀ ਰਕਮ ਦਿਤੀ ਜਾਏ।

## ਸ਼ਹਿਰ ਤੋਂ ਬਾਜ ਵਸੂਲ ਕਰਨਾ

ਨਾਇਬ ਸੂਬੇਦਾਰ ਨੇ ਖਾਲਸੇ ਦੇ ਬਚਿਆਂ ਦੇ ਲਡੂਆਂ ਲਈ ੩੦ ਹਜ਼ਾਰ ਰੁਪਇਆ ਪੇਸ਼ ਕੀਤਾ ਜਿਸ ਨੂੰ ਵਸੂਲ ਕਰਕੇ ਉਹ ਚਲਦੇ ਬਣੇ। ਪਾਣੀਪਤ ਤੋਂ ਵਾਪਸੀ ਉੱਤੇ ਅਹਿਮਦ ਸ਼ਾਹ ਨੇ ਸਿੱਖਾਂ ਨੂੰ ਸੋਧਨ ਲਈ ਅਥਵਾ ਉਸ ਸਮੇ ਪੰਜਾਬ ਅੰਦਰ ਫੈਲ ਰਹੀ ਬੇਆਰਾਮੀ ਨੂੰ ਰੋਕਣ ਲਈ ਕੋਈ ਪ੍ਰਬੰਧ ਕੀਤਾ।

## ਅਹਿਮਦ ਸ਼ਾਹ ਦਾ ਕਾਬਲ ਨੂੰ ਮੋੜਾ ੧੭੬੧ ਈ:

ਦੁਰਾਨੀ ਬਾਦਸ਼ਾਹ ਨੂੰ ਖਵਾਜਾ ਉਬੇਦ ਖਾਨ ਨੂੰ ਲਾਹੌਰ ਦਾ ਗਵਰਨਰ, ਸਰ ਬੁਲੰਦ ਖਾਨ ਨੂੰ ਮੁਲਤਾਨ ਦਾ ਗਵਰਨਰ ਤੇ ਜ਼ੈਨ ਖਾਨ ਨੂੰ ਸਿਰਹੰਦ ਦਾ ਪ੍ਰਬੰਧਕ ਨਿਯਤ ਕੀਤਾ ਅਤੇ ਆਪ ਸੰਨ ੧੭੬੧ ਈਸਵੀ ਦੀ ਬਸੰਤ ਰੁਤ ਵਿਚ ਕਾਬਲ ਨੂੰ ਵਾਪਸ ਮੁੜ ਗਿਆ।

੧੨ ਅਗਸਤ ੧੭੬੫ ਨੂੰ ਸ਼ਹਿਨਸ਼ਾਹ ਸ਼ਾਹ ਆਲਮ ਨੇ ਬੰਗਾਲ, ਬਿਹਾਰ ਤੇ ਉੜੀਸਾ ਦੇ ਸੂਬਿਆਂ ਦੀ ਦੀਵਾਨੀ (ਮਾਲੀਏ ਦਾ ਪ੍ਰਬੰਧ) ਸਦਾ ਲਈ ਕਲਕਤੇ ਦੇ ਬ੍ਰਿਟਿਸ਼ ਗਵਰਨਰ ਜਨਰਲ ਲਾਰਡ ਕਲਾਈਵ ਦੇ ਸਪੁਰਦ ਕਰ ਦਿਤਾ ਇਹਨਾਂ ਸਭ ਸੂਬਿਆਂ ਦੀ ਵੱਸੋਂ ੨ ਕਰੋੜ ੫੦ ਲਖ ਅਤੇ ਮਾਲੀਆ ੪੦ ਲਖ ਪੌਂਡ ਸੀ।

## ਗੁਲਾਮਕਾਦਰ ਰੁਹੇਲੇ ਨੇ ਸਹਿਨਸ਼ਾਹ ਸ਼ਾਹ ਆਲਮ ਨੂੰ ਅੰਨ੍ਹਿਆਂ ਕਰਕੇ ਗੱਦੀ ਤੋਂ ਲਾਹੁਣਾ ੧੭੮੮ ਈ:

ਅਗਸਤ ੧੭੮੮ ਈਸਵੀ ਨੂੰ ਰੁਹੇਲਾ ਸਰਦਾਰ ਗੁਲਾਮ ਕਾਦਰ ਨੇ ਸ਼ਹਿਨਸ਼ਾਹ ਨੂੰ ਅੰਨ੍ਹਿਆਂ ਕਰ ਅਤੇ ਸਾਰੇ ਦੇ ਸਾਰੇ ਸ਼ਾਹੀ ਪਰਿਵਾਰ ਉੱਤੇ ਬੜੇ ਅਤਿਆਚਾਰ ਕੀਤੇ।

## ਮਰਹਟਿਆਂ ਨੇ ਸਹਿਨਸ਼ਾਹ ਨੂੰ ਬਹਾਲ ਕਰਨਾ

ਸ਼ਹਿਨਸ਼ਾਹ ਦੇ ਹਮਾਇਤੀ ਸਿੰਧੀਆ ਦੇ ਆ ਪੁਜਣ ਉੱਤੇ ਰੁਹੇਲਾ ਸਰਦਾਰ ਨਸ ਗਿਆ ਪਰ ਗਿਰਫਤਾਰ ਕਰਕੇ ਕਤਲ ਕਰ ਦਿਤਾ ਗਿਆ। ਅੰਨ੍ਹੇ ਸ਼ਹਿਨਸ਼ਾਹ ਨੂੰ ਮੁੜ ਤਾਕਤ ਉੱਤੇ ਬਹਾਲ ਕੀਤਾ ਗਿਆ। ਪਰ ਹਿੰਦੁਸਤਾਨ ਦਾ ਸਾਰਾ ਸ਼ਾਹੀ ਇਲਾਕਾ ਸਿੰਧ ਆਦ ਕਬਜ਼ੇ ਵਿਚ ਆ ਗਿਆ ਅਤੇ ਮੁਗਲ ਦੀ ਬਾਦਸ਼ਾਹਤ ਕੇਵਲ ਨਾਮ ਦੀ ਹੀ ਰਹਿ ਗਈ।

## ਉਸਦਾ ਚਲਾਣਾ

ਸ਼ਾਹ ਆਲਮ ਦੂਜਾ ੧੮੦੭ ਈਸਵੀ ਨੂੰ ੮੦ ਸਾਲ ਦੀ ਉਮਰ ਵਿ ਚਲਾਣਾ ਕਰ ਗਿਆ ਅਤੇ ਉਸ ਦੀ ਬਜਾਇ ਦਿਲੀ ਦੇ ਸਿੰਘਾਸਨ ਉਤੇ ਉਸਦਾ ਬੇਟਾ ਅਬੁਲ ਨਾਸਰ ਮੁਈਨ ਉਦ ਦੀਨ ਅਕਬਰ ਸ਼ਾਹ ਦੂਜਾ ਬੈਠਾ ਜੋ ੧੮੨ ਵਚ ਮਰ ਗਿਆ।

## ਮੁਗਲ ਰਾਜ ਦਾ ਕੀਰਤਨ ਸੋਹਲਾ

ਹਿੰਦੁਸਤਾਨ ਵਿਚ ਬਰਤਾਨਵੀ ਜਿਤਾਂ ਦਾ ਵਿਸਥਾਰ ਇਸ ਪੁਸਤਕ ਨਾਲ ਸੰਬੰਧ ਨਹੀ ਰਖਦਾ। ਇਸ ਸਮੇ ਮੁਗਲ ਰਾਜ ਦਾ ਕੀਰਤਨ ਸੋਹਲਾ ਪੜ੍ਹਿਆ ਜਾਣ ਕਰਕੇ ਅਸੀਂ ਇਸ ਆਪਣੀ ਪੁਸਤਕ, ਇਕ ਹੋਰ ਕੌਮ ਦੇ ਇਤਿਹਾਸ ਨਾਲ ਜਾਰੀ ਰਖਦੇ ਹਾਂ, ਜੋ ਪੰਜਾਬ ਵਿਚ ਰਾਜਸਤਾ ਪ੍ਰਾਪਤ ਕਰ ਜਥੇਬੰਦ ਹੀ ਨਹੀਂ ਸੀ। ਇਸ ਨੂੰ ਇਕ ਵਖਰੇ, ਭਾਗ ਦੇ ਸਪੁਰਦ ਕੀਤਾ ਜਾ ਹੈ।

---

سکه زد بر کشور سایه فضل الله
حامی دین محمد شاه عالم بادشاه

*ਕੜਾਹ ਪ੍ਰਸ਼ਾਦ ਚੀਨੀ, ਰਵੇ ਤੇ ਘੀ ਦੇ ਮੇਲ ਨਾਲ ਤਿਆਰ ਹੁੰਦਾ ਹੈ।
ਓਸ ਨੇ ਸਿੱਕਾ ਚਲਾਇਆ ਜਿਸ ਉਤੇ ਦਰਜ ਸੀ।
ਅਰਥਾਤ ਉਸ ਦੇ ਫੈਸਲੇ ਦੇ ਸਾਰੇ ਹਾਮੀ ਦੀਨ ਮੁਹੰਮਦ ਸ਼ਾਹ ਆਲਮ ਸ਼ਹਿਨਸ਼ਾਹ ਨੇ ਆਪਣੀ ਸਤਾਂ ਬਾਦਸ਼ਾਹੀਆਂ ਤੇ ਲਾਵੀ ਇਕ ਹੋਰ ਸਿਕੇ ਉੱਤੇ ਦਰਜ ਸੀ
ਅਰਥਾਤ—ਸ਼ਾਹਆਲਮ ਸ਼ਹਿਨਸ਼ਾਹ ਨੇ ਰਬ ਦੀ ਮਿਹਰ ਨਾਲ ਸਾਹਿਬ ਕੁਰਾਨ ਵਾਲਾ ਸਿੱਕਾ ਜਾਰੀ ਕੀਤਾ।

Sri Satguru Jagjit Singh Ji eLibrary NamdhariElibrary@gmail.com

ਮ

Sri Satguru Jagjit Singh Ji eLibrary NamdhariElibrary@gmail.com